ਸਿਧਾਂਤਕ - ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਟੀਕਾਕਾਰ

ਸਿੰਘ ਸਾਹਿਬ ਗਿ: ਮਨੀ ਸਿੰਘ

ਸਾਬਕਾ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

੧ਓ ਸਤਿਗੁਰ ਪ੍ਰਸਾਦਿ ॥

ਸਿਧਾਂਤਕ-ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਪ੍ਰਸ਼ਨ-ਉੱਤਰ ਵਿਕਾਸ

ਸਤਵੀਂ ਸੈਂਚੀ

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੧੦੯੯ ਤੋਂ ੧੨੫੩ ਤੱਕ]

ਟੀਕਾਕਾਰ :

ਸਿੰਘ ਸਾਹਿਬ ਗਿ: ਮਨੀ ਸਿੰਘ

ਸਾਬਕਾ ਹੈੱਡ ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਪ੍ਰਕਾਸ਼ਕ :

ਗੁਰਬਾਣੀ ਸਟੱਡੀ ਸੁਸਾਇਟੀ

12253–100-ਏ ਐਵੇਨਿਊ, ਸਰੀ, ਬੀ. ਸੀ., ਕੈਨੇਡਾ

SIDHANTAK STEEK SRI GURU GRANTH SAHIB JI, VOL. 7,
An annotation of the Sikh Scripture
by Singh Sahib Giani Mani Singh.

ਪਹਿਲੀ ਵਾਰ ਅਪ੍ਰੈਲ ੧੯੯੩
ਭੇਟਾ ੨੦੦-੦੦

ਮਿਲਣ ਦਾ ਪਤਾ :
ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪ੍ਰਕਾਸ਼ਕ :
ਗੁਰਬਾਣੀ ਸਟੱਡੀ ਸੁਸਾਇਟੀ
12253–100-ਏ ਐਵੇਨਿਊ, ਸਰੀ, ਬੀ. ਸੀ., ਕੈਨੇਡਾ

ਪ੍ਰਿੰਟਰ :
ਲਾਕਟ ਪ੍ਰਿੰਟਰਜ਼, ਚੌਂਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

ਅਰਪਨ—ਜਾਚਨਾ

ਇਹ ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਮੁਕਤੀ ਦਾਤਾ, ਅੰਮ੍ਰਿਤ ਮਈ ਰੂਹਾਨੀ ਬਾਣੀ ਦੀਆਂ ਸਮੂੰਹ ਸੈਂਚੀਆਂ :

ਸ਼ਾਹੇ ਆਲਮ, ਸੰਗੀਤ ਦੇ ਆਕਾ-ਏ-ਨਾਮਦਾਰ, ਪੀਰਾਨੇ ਪੀਰ, ਜਗਤ ਗੁਰੂ, ਮਨੁੱਖਤਾ ਦੇ ਪੁੰਜ, ਸਾਂਝੀਵਾਲਤਾ ਦੇ ਗੰਭੀਰ ਸਾਗਰ, ਵਿਧਾਨੀਅਤ ਦੇ ਰਾਜ਼ਦਾਂ, ਗਰੀਬ-ਉਲ-ਨਿਵਾਜ਼, ਸ਼ਾਹਾਨ ਸ਼ਾਹੇ ਆਲਮਗੀਰ, ਬਾਬੇ ਨਾਨਕ ਜੀ ਨੂੰ ਨਿਰਮਾਣ ਲਿਖਤ ਰਾਹੀਂ ਨਜ਼ਰਾਨੇ ਵਜੋਂ ਪੇਸ਼ ਕਰਨ ਵਿਚ ਹੀ, ਦਾਸ ਅਰੁੱਕ ਤੇ ਅਮੁੱਕ, ਅਨੰਤ ਖੁਸ਼ੀਆਂ ਦੀ ਸੰਘਣੀ ਤੇ ਗੜੁੱਚ ਮੁਸੱਰਤ ਨੂੰ ਅਨੁਭਵ ਕਰਨ ਵਿਚ ਹੀ ਆਪਣੀ ਖੁਸ਼ਨਸੀਬੀ ਸਮਝਦਾ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਵੀ ਅਣਡਿੱਠ, ਹਾਜ਼ਰ-ਨਾਜ਼ਰ, ਪੂਜਣ ਯੋਗ, ਸਰਵ ਉਤਮ ਸਨਮਾਨੀਆਂ ਹੋਈਆਂ ਹਸਤੀਆਂ ਬਿਰਾਜਮਾਨ ਹਨ, ਜੋ ਕਿ ਪ੍ਰਭੂ ਪ੍ਰਮਾਤਮਾ ਤੇ ਕੁਦਰਤ ਦੇ ਅਤੋਲਵੇਂ ਵਿਸ਼ਾਲ ਗੁਣਾਂ ਦੇ ਮਾਲਕ, ਸਰਵ-ਉਤਮ, ਸੰਗੀਤ ਦੇ ਅਨਿੰਨ ਤੇ ਗੰਭੀਰ ਕੀਰਤਨੀਏ, ਗੁਰੂ ਸਾਹਿਬਾਨ ਅਤੇ ਅਮਿਣਵੇਂ ਗੁਣਾਂ ਦੇ ਭੰਡਾਰ ਫ਼ਕੀਰ, ਮੁਰੀਦ, ਜ਼ਾਹਦ, ਸੰਤ ਮਹਾਤਮਾ, ਭਗਤ, ਰੂਹਾਨੀ ਸ਼ਾਇਰ, ਕਵੀ ਤੇ ਲੇਖਕ, ਫ਼ਿਲਾਸਫ਼ਰ, ਤਪੀਸ਼ੂਰ ਅਤੇ ਬ੍ਰਹਮ ਗਿਆਨੀਆਂ ਨੂੰ ਵੀ ਦਾਸ ਇਸ ਨਿਰਮਾਣ ਲਿਖਤ ਰਾਹੀਂ ਨਮਸਕਾਰਦਾ ਹੈ।

ਅੰਤ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਸਿਧਾਂਤਕ ਤੇ ਪ੍ਰਮਾਰਥਕ ਅਲੌਕਕ ਬਾਣੀ ਜੋ ਕਿ ਬੜੀ ਇੱਜ਼ਤ ਤੇ ਅਦਬ ਸਹਿਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬੀੜ ਵਿਚ ਅੰਕਤ ਹੈ, ਉਸੇ ਦੇ ਇਕ ਇਕ ਅੱਖਰ, ਹਰ ਇਕ ਤੁਕ ਤੇ ਲਾਸਾਨੀ ਭਾਵ ਰਚਨਾ ਦੇ ਸਮੁੱਚੇ ਸ਼ਬਦਾਂ ਤੋਂ ਘੋਲੀ ਘੋਲ ਘੁਮਾਉਂਦਾ ਤੇ ਵਾਰਨੇ ਜਾਂਦਾ ਹੋਇਆ ਅਨੇਕ ਵਾਰ ਨਿਗੁਣੀ ਸਨਮਾਨ ਸਹਿਤ ਡੰਡਉਤ ਪੇਸ਼ ਕਰਦਾ ਹੈ।

ਜਿਸ ਕਾ ਕਾਰਜੁ ਤਿਨ ਹੀ ਕੀਆ, ਮਾਣਸੁ ਕਿਆ ਵੇਚਾਰਾ ਰਾਮ॥

ਸੂਹੀ ਮਹਲਾ ੫ (੭੮੪)

ਸਿਧਾਂਤਕ ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸੈਂਚੀ ਸਤਵੀਂ

ਸ਼ਬਦਾਂ ਦਾ ਤਤਕਰਾ

ਰਾਗੁ ਸਾਰਗ

ੴ ਸਤਿਗੁਰ ਪ੍ਰਸਾਦਿ ॥

ਸਿਧਾਂਤਕ ਸਟੀਕ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
ਦੀ
ਸੱਤਵੀਂ ਸੈਂਚੀ

ਮਾਰੂ ਸੋਲਹੇ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

1. ਸਚਾ ਆਪਿ ਸਵਾਰਣਹਾਰਾ ॥
2. ਅਵਰ ਨ ਸੂਝਸਿ ਬੀਜੀ ਕਾਰਾ ॥
3. ਗੁਰਮੁਖਿ ਸਚੁ ਵਸੈ ਘਟ ਅੰਤਰਿ
ਸਹਜੇ ਸਚਿ ਸਮਾਈ ਹੇ ॥੧॥
4. ਸਭਨਾ ਸਚੁ ਵਸੈ ਮਨ ਮਾਹੀ ॥
5. ਗੁਰ ਪਰਸਾਦੀ ਸਹਜਿ ਸਮਾਹੀ ॥
6. ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ
ਗੁਰ ਚਰਣੀ ਚਿਤੁ ਲਾਈਹੇ ॥੨॥
7. ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥
8. ਸਤਿਗੁਰੁ ਸੇਵੀ ਅਵਰੁ ਨ ਦੂਜਾ ॥
9. ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ
ਸਤਿਗੁਰ ਕੀ ਸੇਵਾ ਭਾਈ ਹੇ ॥੩॥
10. ਬਿਨੁ ਸਤਿਗੁਰ ਜੋ ਦੂਜੈ ਲਾਗੇ ॥
11. ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥
12. ਨਾਨਕ ਤਿਨ ਕੀ ਫਿਰਿ ਗਤਿ ਹੋਵੈ
ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥

ਪਦ ਅਰਥ :—ਸਚਾ—ਸੱਚਾ, ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ । ਸਵਾਰਣਹਾਰਾ—ਜੀਵਨ ਸੋਹਣਾ ਬਨਾਣ ਦੀ ਸਮਰੱਥਾ ਵਾਲਾ । ਬੀਜੀ—ਦੂਜੀ । ਕਾਰਾ—ਕਾਰ, ਕੰਮ । ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ । ਘਟ ਅੰਤਰਿ—ਹਿਰਦੇ ਵਿਚ । ਸਹਜੇ—ਆਤਮਕ ਅਡੋਲਤਾ ਦੀ ਰਾਹੀਂ । ਸਚਿ—ਸਦਾ ਥਿਰ ਪ੍ਰਭੂ ਵਿਚ ।੧।

ਮਾਹੀ—ਮਾਹਿ, ਵਿਚ । ਪਰਸਾਦੀ—ਪਰਸਾਦਿ, ਕ੍ਰਿਪਾ ਨਾਲ । ਸਹਜਿ—ਆਤਮਕ ਅਡੋਲਤਾ ਦੀ ਰਾਹੀਂ । ਕਰਤ—ਕਰਦਿਆਂ ।੨।

ਗਿਆਨੁ—ਆਤਮਕ ਜੀਵਨ ਦੀ ਸੂਝ । ਸੇਵੀ—ਸੇਵੀਂ, ਮੈਂ ਸੇਵਾ ਕਰਦਾ ਹਾਂ । ਤੇ—ਤੋਂ । ਭਾਈ—ਚੰਗੀ ਲਗੀ ਹੈ ।੩।

ਦੂਜੈ—ਹੋਰ ਵਿਚ, ਮਾਇਆ ਵਿਚ । ਭ੍ਰਮਿ—ਭਟਕ ਭਟਕ ਕੇ ' ਅਭਾਗੇ—ਮੰਦ ਭਾਗੀ ਬੰਦੇ । ਗਤਿ—ਉਚੀ ਆਤਮਕ ਅਵਸਥ । ਜਿ—ਜਿਹੜੇ ।੪।

ਅਰਥ :—

ਪ੍ਰ:—ਸ੍ਰੀ ਜੀਉ ! ਮਨੁੱਖ ਦੇ ਜੀਵਨ ਨੂੰ ਸੰਵਾਰਨ ਵਾਲਾ ਅਸਲ ਸਾਧਨ ਕਿਹੜਾ ਹੈ ?

1. ਉ:—ਹੇ ਭਾਈ ! ਕਿਸੇ ਸਾਧਨ ਦੇ ਮਾਣ ਕਰ ਕੇ ਨਹੀਂ, ਪਰ, ਸਚਾ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ ਆਪ

ਹੀ (ਮਨੁੱਖ ਦਾ) ਜੀਵਨ ਸੋਹਣਾ ਬਨਾਣ ਦੀ ਸਮਰਥਾ ਰਖਦਾ ਹੈ।

ਪ੍ਰ:–ਕਿਉਂ ਜੀ ! ਉਸ ਦੀ ਪਛਾਣ ਕੀ ਹੈ ?

2. ਉ:–ਹੇ ਪਿਆਰੇ ! ਉਸ ਮਨੁੱਖ ਦੀ ਪਛਾਣ ਹੀ ਇਹੋ ਹੈ ਕਿ, (ਉਸ ਨੂੰ ਪ੍ਰਭੂ ਦੀ ਯਾਦ ਤੋਂ ਬਿਨਾ) ਹੋਰ ਕੋਈ ਦੂਜੀ ਕਾਰ (ਕਰਨੀ) ਹੀ ਨਹੀਂ ਸੁੱਝਦੀ।

3. ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸ ਦੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਮੇਸ਼ਰ ਜੀ ਆ ਵਸਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਉਹ ਸਦਾ ਥਿਰ ਪ੍ਰਭੂ ਵਿਚ (ਹੀ) ਲੀਨ ਰਹਿੰਦਾ ਹੈ।੧।

ਪ੍ਰ:–ਸ੍ਰੀ ਜੀਉ ! ਉਸ ਪ੍ਰਭੂ ਜੀ ਵਿਚ ਲੀਨਤਾ ਕਿਵੇਂ ਹੋ ਸਕਦੀ ਹੈ ?

4. ਉ:–ਹੇ ਭਾਈਓ ! (ਉਂਞ ਤਾਂ) ਸਦਾ ਥਿਰ ਪ੍ਰਭੂ ਸਭ ਜੀਵਾਂ ਦੇ ਮਨ ਵਿਚ (ਹੀ) ਵਸਦਾ ਹੈ।

5. ਪਰ, ਗੁਰੂ ਦੀ ਕ੍ਰਿਪਾ ਦੀ ਰਾਹੀਂ ਹੀ (ਜੀਵ) ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ ਵਿਚ ਲੀਨ ਹੁੰਦੇ ਹਨ।

6. ਹੇ ਪਿਆਰੇ ! ਗੁਰੂ ਨੂੰ ਹਰ ਵੇਲੇ ਯਾਦ ਕਰਦਿਆਂ ਮਨੁੱਖ ਆਤਮਕ ਅਨੰਦ ਮਾਣਦਾ ਹੈ, (ਅਤੇ) ਗੁਰੂ ਦੇ ਚਰਨਾਂ ਵਿਚ ਚਿਤ ਜੋੜੀ ਰਖਦਾ ਹੈ।੨।

ਪ੍ਰ:–ਸ੍ਰੀ ਜੀਉ ! ਆਪ ਜੀ ਗੁਰੂ ਵਿਚ ਕਿਹੜੀ ਕਿਹੜੀ ਵਿਸ਼ੇਸ਼ਤਾਈ ਵੇਖਦੇ ਹੋ ?

7. ਉ:–ਹੇ ਭਾਈਓ ! ਗੁਰੂ ਆਤਮਕ ਜੀਵਨ ਦੀ ਸੂਝ (ਦੇਣ ਵਾਲਾ) ਹੈ ਅਤੇ ਗੁਰੂ (ਪ੍ਰਮੇਸ਼ਰ ਦੀ) ਭਗਤੀ (ਸਿਖਾਣ ਵਾਲਾ) ਹੈ।

8. ਇਸ ਲਈ, ਐ ਪਿਆਰੇ ! ਮੈਂ ਤਾਂ ਗੁਰੂ ਦੀ ਹੀ ਸ਼ਰਨ ਪੈਂਦਾ ਹਾਂ, ਕੋਈ ਹੋਰ ਦੂਜਾ (ਮੈਂ ਆਪਣੇ ਮਨ ਵਿਚ) ਨਹੀਂ (ਲਿਆਉਂਦਾ)।

9. ਹੇ ਭਾਈ ! ਮੈਂ ਤਾਂ ਗੁਰੂ ਪਾਸੋਂ (ਹੀ) ਸ੍ਰੇਸ਼ਟ ਨਾਮ ਧਨ ਲਭਾ ਹੈ, (ਇਸੇ ਲਈ) ਮੈਨੂੰ ਗੁਰੂ ਦੀ (ਦਸੀ) ਸੇਵਾ ਹੀ ਪਿਆਰੀ ਲਗਦੀ ਹੈ।੩।

ਪ੍ਰ:–ਕਿਉਂ ਜੀ ! ਗੁਰੂ ਤੋਂ ਸਖਣੇ ਰਹਿਣ ਵਾਲਿਆਂ ਨੂੰ ਕੀ ਸਜ਼ਾ ਮਿਲਦੀ ਹੈ ?

10. ਉ:–ਹੇ ਭਾਈਓ ! ਜਿਹੜੇ ਮਨੁੱਖ ਗੁਰੂ ਨੂੰ ਛਡ ਕੇ ਹੋਰ ਪਾਸੇ ਲਗਦੇ ਹਨ।

11. ਉਹ ਮੰਦਭਾਗੀ ਮਨੁੱਖ ਭਟਕਣਾ ਵਿਚ ਪੈ ਕੇ ਆਤਮਕ ਮੌਤ (ਹੀ) ਸਹੇੜਦੇ ਹਨ ਅਤੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਪ੍ਰ:–ਕਿਉਂ ਜੀ ! ਕੀ, ਅਜਿਹੇ ਲੋਕਾਂ ਦੀ ਭੀ ਕਿਵੇਂ ਉਚੀ ਅਵਸਥਾ ਹੋ ਸਕਦੀ ਹੈ ?

12. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ (ਐ ਪਿਆਰੇ ! ਉਨ੍ਹਾਂ ਲੋਕਾਂ ਵਿਚੋਂ ਫਿਰ) ਉਨ੍ਹਾਂ ਮਨੁੱਖਾਂ ਦੀ ਹੀ ਉਚੀ ਆਤਮਕ ਅਵਸਥਾ ਬਣਦੀ ਹੈ ਜਿਹੜੇ ਮੁੜ ਗੁਰੂ ਦੀ ਸ਼ਰਨ ਪੈਂਦੇ ਹਨ।੪।

13. ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥
14. ਸਤਿਗੁਰ ਤੇ ਮਾਗਉ ਨਾਮੁ ਅਜਾਚੀ
15. ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਰਖਿ ਲੇਵਹੁ ਗੁਰ ਸਰਣਾਈ ਹੇ ॥੫॥
16. ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
17. ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
18. ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥੬॥
19. ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥
20. ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥
21. ਬਿਨੁ ਸਤਿਗੁਰ ਕੋ ਸੀਝੈ ਨਾਹੀ
ਗੁਰ ਚਰਣੀ ਚਿਤੁ ਲਾਈ ਹੇ ॥੭॥
22. ਜਿਸੁ ਭਾਵੈ ਤਿਸੁ ਆਪੇ ਦੇਇ ॥
23. ਗੁਰਮੁਖਿ ਨਾਮੁ ਪਦਾਰਥੁ ਲੇਇ ॥
24. ਆਪੇ ਕ੍ਰਿਪਾ ਕਰੇ ਨਾਮੁ ਦੇਵੈ
ਨਾਨਕ ਨਾਮਿ ਸਮਾਈ ਹੇ ॥੮॥

ਪਦ ਅਰਥ :–ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਸਾਚੀ–ਸਦਾ ਟਿਕੀ ਰਹਿਣ ਵਾਲੀ। ਤੇ–ਤੋਂ, ਪਾਸੋਂ। ਮਾਗਉ–ਮਾਗਉਂ, ਮੈਂ ਮੰਗਦਾ ਹਾਂ। ਅਜਾਚੀ–ਜਿਹੜਾ ਜਾਚਿਆ ਨਾ ਜਾ ਸਕੇ, ਜਿਸ ਦੀ ਕੀਮਤ ਦਾ ਅੰਦਾਜ਼ਾ ਨਾ ਲਗ ਸਕੇ, ਅਮੋਲਕ।੫।

ਅੰਮ੍ਰਿਤ ਰਸੁ–ਆਤਮਕ ਜੀਵਨ ਦੇਣ ਵਾਲਾ ਨਾਮ ਰਸ। ਚੁਆਇਆ–ਨਾਮ ਰਸ ਪੈਦਾ ਕਰਨ ਵਿਚ ਸਹਾਇਤਾ ਕੀਤੀ। ਦਸਵੈ ਦੁਆਰਿ–ਦਸਵੇਂ ਦੁਆਰ ਵਿਚ, ਦਿਮਾਗ ਵਿਚ, ਸੋਚ ਮੰਡਲ ਵਿਚ। ਤਹ–ਉਸ ਆਤਮਕ ਅਵਸਥਾ ਵਿਚ। ਅਨਹਦ–ਬਿਨਾ ਵਜਾਏ ਵਜਣ ਵਾਲਾ। ਸਬਦ ਵਜਹਿ–ਸ਼ਬਦ ਵਜਦੇ ਹਨ, ਪੰਜ ਸ਼ਬਦ ਵਜਦੇ ਹਨ, ਪੰਜ ਕਿਸਮਾਂ ਦੇ ਸਾਜ ਵਜਦੇ ਹਨ। ਧੁਨਿ–ਸੁਰ, ਆਤਮਕ ਸੁਰ, ਆਤਮਕ ਅਨੰਦ। ਧੁਨਿ ਬਾਣੀ–ਸਿਫਤ ਸਲਾਹ ਦੀ ਬਾਣੀ ਤੋਂ ਪੈਦਾ ਹੋਇਆ ਆਤਮਕ ਅਨੰਦ। ਸਹਜੇ ਸਹਜਿ–ਹਰ ਵੇਲੇ ਆਤਮਕ ਅਡੋਲਤਾ ਵਿਚ।੬।

ਕਰਤੈ–ਕਰਤਾਰ ਨੇ। ਧੁਰਿ–ਧੁਰ ਤੋਂ। ਲਿਖਿ–(ਕੀਤੇ ਕਰਮਾਂ ਅਨੁਸਾਰ) ਲਿਖ ਕੇ। ਅਨਦਿਨੁ–ਹਰ ਰੋਜ਼, ਹਰ ਵੇਲੇ। ਕਰਤ–ਕਰਦਿਆਂ, ਯਾਦ ਕਰਦਿਆਂ। ਵਿਹਾਈ–(ਉਮਰ) ਬੀਤਦੀ ਹੈ। ਕੋ–ਕੋਈ ਮਨੁੱਖ। ਸੀਝੈ–ਕਾਮਯਾਬ ਹੁੰਦਾ। ਲਾਈ–ਲਾਇ।੭।

ਜਿਸੁ ਭਾਵੈ—ਜਿਹੜਾ ਮਨੁੱਖ ਉਸ ਨੂੰ ਚੰਗਾ ਲਗਦਾ ਹੈ। ਦੇਇ—ਦੇਂਦਾ ਹੈ । ਲੇਇ—ਲੈਂਦਾ ਹੈ । ਨਾਮਿ—ਨਾਮ ਵਿਚ । ਸਮਾਈ—ਲੀਨ ਰਹਿੰਦਾ ਹੈ ।੮।

ਅਰਥ :—

ਪ੍ਰ:—ਗੁਰਦੇਵ ਜੀਉ ! ਦੁਨੀਆਂ ਦੇ ਹਰ ਮਨੁੱਖ ਦੀ ਪ੍ਰੀਤ, ਭਿੰਨ ਭਿੰਨ ਪਦਾਰਥਾਂ ਵਿਚ ਲਗੀ ਹੋਈ ਹੈ, ਪਰ, ਆਪ ਜੀ ਕਿਸ ਪ੍ਰੀਤ ਨੂੰ ਉਚੀ ਸਮਝਦੇ ਹੋ ?

13. ਉ:—ਹੇ ਭਾਈਓ ! ਅਸਲ ਵਿਚ ਤਾਂ ਮਾਇਕੀ ਪਦਾਰਥਾਂ ਦੀ ਪ੍ਰੀਤ ਸਦਾ ਹੀ ਨਾਲ ਨਿਭਣ ਵਾਲੀ ਨਹੀਂ ਹੈ, ਇਸ ਲਈ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸੇ ਦੀ ਪ੍ਰਭੂ ਨਾਲ ਪ੍ਰੀਤ ਪੱਕੀ ਹੁੰਦੀ ਹੈ ।

ਪ੍ਰ:—ਕਿਉਂ ਜੀ ! ਉਸ ਦੀ ਮੰਗ ਕੀ ਹੋਇਆ ਕਰਦੀ ਹੈ ?

14. ਉ:—ਹੇ ਭਾਈ ! ਉਹ (ਤਾਂ) ਹਰ ਵੇਲੇ ਹੀ ਇਉਂ ਅਰਦਾਸ ਕਰਦਾ ਰਹਿੰਦਾ ਹੈ ਕਿ, ਹੇ ਪ੍ਰਭੂ ਜੀਉ ! ਮੈਂ ਤਾਂ ਗੁਰੂ ਪਾਸੋਂ (ਤੇਰਾ) ਅਮੋਲਕ ਨਾਮ (ਹੀ) ਮੰਗਦਾ ਹਾਂ ।

15. ਹੇ ਹਰੀ ਜੀਉ ! (ਤੁਸੀਂ) ਦਇਆਵਾਨ ਹੋ, ਕਿਰਪਾ ਕਰੋ, ਮੈਨੂੰ ਸਦਾ ਗੁਰੂ ਦੀ ਸ਼ਰਨ ਵਿਚ ਰਖੋ ।੫।

ਪ੍ਰ—ਸ੍ਰੀ ਜੀਉ ! ਗੁਰੂ ਸਿਖ ਨੂੰ ਹੋਰ ਕੀ ਦਾਤ ਬਖਸ਼ਸ਼ ਕਰਦਾ ਹੈ ?

16-17. ਉ:—ਹੇ ਭਾਈਓ ! ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪੈਦਾ ਕਰ ਦੇਂਦਾ ਹੈ। (ਸਾਈਂ ਜੀ) ਉਸ ਦੇ ਸੋਚ ਮੰਡਲ ਵਿਚ ਪ੍ਰਗਟ ਹੋ ਜਾਂਦਾ ਹੈ ।

18. ਹੇ ਭਾਈ ! ਉਸ ਅਵਸਥਾ ਵਿਚ ਉਸ ਮਨੁੱਖ ਦੇ ਅੰਦਰ ਸਿਫਤ ਸਲਾਹ ਦੀ ਬਾਣੀ ਦੀ ਰਾਹੀਂ (ਇਤ੍ਰੋਂ) ਆਤਮਕ ਅਨੰਦ ਪੈਦਾ ਹੁੰਦਾ ਹੈ, ਜਿਵੇਂ ਮਾਨੋ, ਉਥੇ ਪੰਜ ਕਿਸਮਾਂ ਦੇ ਸਾਜ ਵਜ ਰਹੇ ਹਨ, ਉਹ ਮਨੁੱਖ ਹਰ ਵੇਲੇ (ਹੀ) ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ ।੬।

ਪ੍ਰ—ਗੁਰਦੇਵ ਜੀਉ ! ਇਹ ਆਤਮਕ ਅਨੰਦ ਦੀ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲ ਸਕਦੀ ?

19. ਉ:—ਐ ਪਿਆਰੇ ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਇਹ ਆਤਮਕ ਅਨੰਦ ਦੀ ਦਾਤ ਉਨ੍ਹਾਂ ਨੂੰ ਹੀ ਮਿਲਦੀ ਹੈ, ਜਿਨ੍ਹਾਂ ਦੇ ਭਾਗਾਂ ਵਿਚ ਕਰਤਾਰ ਨੇ ਧੁਰ ਦਰਗਾਹੋਂ ਲਿਖ ਕੇ ਰਖ ਦਿਤੀ ਹੈ ।

ਪ੍ਰ:—ਕਿਉਂ ਜੀ ! ਉਨ੍ਹਾਂ ਦੀ ਪਛਾਣ ਕੀ ਹੈ ?

20. ਉ:—ਹੇ ਭਾਈਓ ! ਉਨ੍ਹਾਂ ਦੀ (ਸਾਰੀ) ਉਮਰ ਸਦਾ ਗੁਰੂ ਨੂੰ ਯਾਦ ਕਰਦਿਆਂ (ਹੀ) ਬੀਤਦੀ ਹੈ ।

21. (ਕਿਉਂਕਿ) ਉਨ੍ਹਾਂ ਨੂੰ ਇਹ ਸੂਝ ਹੋ ਆਉਂਦੀ ਹੈ ਕਿ, ਗੁਰੂ ਦੀ ਸ਼ਰਣ ਪੈਣ ਤੋਂ ਬਿਨਾ ਕੋਈ (ਭੀ) ਮਨੁੱਖ (ਜਿੰਦਗੀ ਵਿਚ) ਕਾਮਯਾਬ ਨਹੀਂ ਹੁੰਦਾ, (ਇਸ ਲਈ, ਹੇ ਭਾਈ !) ਤੂੰ ਸਦਾ ਗੁਰੂ ਦੇ ਚਰਨਾਂ ਵਿਚ ਆਪਣਾ ਚਿਤ ਜੋੜੀ ਰਖ ।੭।

ਪ੍ਰ:—ਸ੍ਰੀ ਜੀਉ ! ਉਹ ਪ੍ਰਭੂ ਆਪਣੇ ਨਾਮ ਦੀ ਦਾਤ ਦੇਂਦਾ ਕਿਸ ਨੂੰ ਹੈ ?

22. ਉ:—ਹੇ ਭਾਈਓ ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ, ਜਿਹੜਾ ਜੀਵ ਉਸ ਪ੍ਰਮਾਤਮਾਂ ਨੂੰ ਪਿਆਰਾ ਲਗਦਾ ਹੈ, ਉਸ ਨੂੰ ਉਹ ਆਪ ਹੀ (ਨਾਮ ਦੀ ਦਾਤ) ਦੇਂਦਾ ਹੈ।

23. ਉਹ ਮਨੁੱਖ ਹੀ ਗੁਰੂ ਦੀ ਰਾਹੀਂ ਇਹ ਕੀਮਤੀ ਨਾਮ ਹਾਸਲ ਕਰਦਾ ਹੈ ।

24. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਉਤੇ ਉਹ ਪ੍ਰਭੂ ਕਿਰਪਾ ਕਰਦਾ ਹੈ ਉਸ ਨੂੰ ਆਪਣਾ ਨਾਮ ਦੇਂਦਾ ਹੈ, ਉਹ ਮਨੁੱਖ (ਫਿਰ ਸਦਾ) ਨਾਮ ਵਿਚ ਹੀ ਲੀਨ ਰਹਿੰਦਾ ਹੈ ।੮।

25. ਗਿਆਨ ਰਤਨੁ ਮਨਿ ਪਰਗਟੁ ਭਇਆ ॥
26. ਨਾਮੁ ਪਦਾਰਥੁ ਸਹਜੇ ਲਇਆ ॥
27. ਏਹ ਵਡਿਆਈ ਗੁਰ ਤੇ ਪਾਈ
ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥
28. ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥
29. ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥
30. ਸਤਿਗੁਰ ਗਿਆਨੁ ਰਤਨੁ ਅਤਿ ਭਾਰੀ
ਕਰਮਿ ਮਿਲੈ ਸੁਖੁ ਪਾਈ ਹੇ ॥੧੦॥
31. ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥
32. ਚਹੁ ਜੁਗਿ ਨਿਰਮਲੁ ਹਛਾ ਲੋਇ ॥
33. ਨਾਮੇ ਨਾਮਿ ਰਤੇ ਸੁਖੁ ਪਾਇਆ
ਨਾਮਿ ਰਹਿਆ ਲਿਵ ਲਾਈ ਹੇ ॥੧੧॥
34. ਗੁਰਮੁਖਿ ਨਾਮੁ ਪਰਾਪਤਿ ਹੋਵੈ ॥
35. ਸਹਜੇ ਜਾਗੈ ਸਹਜੇ ਸੋਵੈ ॥
36. ਗੁਰਮੁਖਿ ਨਾਮਿ ਸਮਾਇ ਸਮਾਵੈ
ਨਾਨਕ ਨਾਮੁ ਧਿਆਈ ਹੇ ॥੧੨॥

ਪਦ ਅਰਥ:—ਗਿਆਨ—ਆਤਮਕ ਜੀਵਨ ਦੀ ਸੂਝ। ਮਨਿ—ਮਨ ਵਿਚ । ਸਹਜੇ—ਆਤਮਕ ਅਡੋਲਤਾ ਵਿਚ । ਗੁਰ ਤੇ—ਗੁਰੂ ਪਾਸੋਂ । ਸਦ—ਸਦਾ । ਬਲਿ ਜਾਈ—ਬਲ ਜਾਈਂ ਮੈਂ ਸਦਕੇ ਜਾਂਦਾ ਹਾਂ ।੯।

ਸੂਰੁ—ਸੂਰਜ । ਨਿਸਿ ਅੰਧਿਆਰਾ—ਰਾਤ ਦਾ ਹਨ੍ਹੇਰਾ। ਗੁਰ ਰਤਨਿ ਅਪਾਰਾ—ਗੁਰੂ ਦੇ ਬੇਅੰਤ ਕੀਮਤੀ (ਗਿਆਨ) ਰਤਨ ਨਾਲ । ਅਤਿ ਭਾਰੀ—ਬਹੁਤ ਹੀ ਕੀਮਤੀ । ਕਰਮਿ—ਮਿਹਰ ਨਾਲ । ਮਿਲੈ—ਮਿਲਦਾ ਹੈ ।੧੦।

ਸੋਇ—ਸੋਭਾ । ਪ੍ਰਗਟੀ—ਖਿਲਰੀ । ਚਹੁ ਜੁਗਿ—ਚਾਰ ਜੁਗੀ ਸਮੇਂ ਵਿਚ, ਸਦਾ ਲਈ । ਲੋਇ—ਜਗਤ ਵਿਚ । ਨਾਮੇ ਨਾਮਿ—ਨਾਮ ਹੀ ਨਾਮਿ, ਹਰ ਵੇਲੇ ਨਾਮ ਵਿਚ । ਰਤੇ—ਰੰਗੇ

ਹੋਏ ਨੇ। ਲਿਵ–ਲਗਨ ।੧੧।

ਗੁਰਮੁਖਿ–ਗੁਰੂ ਦੀ ਰਾਹੀਂ '। ਸਹਜੇ–ਆਤਮਕ ਅਡੋਲਤਾ ਵਿਚ ਹੀ। ਨਾਮਿ–ਨਾਮ ਵਿਚ। ਸਮਾਇ–ਸਮਾ ਕੇ। ਸਮਾਵੈ–ਸਮਾਇਆ ਰਹਿੰਦਾ ਹੈ ।੧੨।

ਅਰਥ :–

ਪ੍ਰ:–ਹੇ ਗੁਰੋ ! ਨਾਮ ਪ੍ਰਾਪਤੀ ਦੇ ਖੋਜ ਕਰਨ ਵਾਲੇ ਤਾਂ ਬਹੁਤ ਵੇਖੀਦੇ ਹਨ, ਪਰ ਕੀ, ਨਾਮ ਇਨ੍ਹਾਂ ਸਭ ਖੋਜੀਆਂ ਨੂੰ ਹੀ ਮਿਲ ਜਾਂਦਾ ਹੈ ?

25. ਉ:–ਹੇ ਭਾਈ ! ਇਹ ਠੀਕ ਹੈ ਕਿ ਨਾਮ ਦੇ ਖੋਜੀ ਬਹੁਤ ਹਨ, ਪਰ, ਜਿਸ ਮਨੁੱਖ ਦੇ ਮਨ ਵਿਚ ਆਤਮਕ ਜੀਵਨ ਦੀ ਸ੍ਰੇਸ਼ਟ ਸੂਝ ਉਘੜ ਪਈ ਹੈ।

26. ਉਸ ਨੇ (ਹੀ) ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ ਦਾ ਕੀਮਤੀ ਨਾਮ ਲਭ ਲਿਆ ਹੈ।

27. ਪਰ, ਹੇ ਭਾਈਓ ! ਇਹ ਵਡਿਆਈ ਗੁਰੂ ਪਾਸੋਂ (ਹੀ) ਮਿਲਦੀ ਹੈ, (ਇਸ ਲਈ) ਮੈਂ ਗੁਰੂ ਤੋਂ ਸਦਾ (ਹੀ) ਸਦਕੇ ਜਾਂਦਾ ਹਾਂ।੯।

ਪ੍ਰ:–ਸ੍ਰੀ ਜੀਉ ! ਮਨੁੱਖ ਦੇ ਅੰਦਰ ਤਾਂ ਅਗਿਆਨਤਾ ਦਾ ਅੰਧੇਰਾ ਬੜਾ ਹੀ ਪ੍ਰਬਲ ਹੈ, ਇਹ ਕਿਵੇਂ ਮਿਟ ਸਕਦਾ ਹੈ ?

28. ਉ:–ਹੇ ਪਿਆਰੇ ! (ਵੇਖ ਜਿਵੇਂ ਜਦੋਂ) ਸੂਰਜ ਚੜ੍ਹਦਾ ਹੈ (ਤਦੋਂ) ਰਾਤ ਦਾ ਹਨੇਰਾ ਮਿਟ ਜਾਂਦਾ ਹੈ।

29. (ਇਸੇ ਤਰ੍ਹਾਂ) ਗੁਰੂ ਦੇ ਬੇਅੰਤ ਕੀਮਤੀ ਗਿਆਨ ਰਤਨ ਨਾਲ ਅਗਿਆਨ (ਦਾ) ਹਨੇਰਾ ਦੂਰ ਹੋ ਜਾਂਦਾ ਹੈ।

30. ਐ ਪਿਆਰੇ ! ਗੁਰੂ ਦਾ (ਦਿਤਾ ਹੋਇਆ) 'ਗਿਆਨ ਰਤਨ' ਬਹੁਤ ਹੀ ਕੀਮਤੀ ਹੈ, ਪ੍ਰਮਾਤਮਾਂ ਦੀ ਮਿਹਰ ਨਾਲ ਜਿਸ ਨੂੰ ਇਹ ਮਿਲਦਾ ਹੈ, ਉਹ ਮਨੁੱਖ ਆਤਮਕ ਆਨੰਦ (ਸਦਾ ਹੀ) ਮਾਣਦਾ ਹੈ ।੧੦।

ਪ੍ਰ:–ਕਿਉਂ ਜੀ ! ਨਾਮ ਪ੍ਰਾਪਤੀ ਵਾਲੇ ਦੀ ਪਛਾਣ ਕਿਵੇਂ ਹੋ ਸਕਦੀ ਹੈ ?

31. ਹੇ ਭਾਈ ! ਗੁਰੂ ਦੁਆਰੇ ਜਿਸ ਨੂੰ ਨਾਮ ਪ੍ਰਾਪਤ ਹੁੰਦਾ ਹੈ, ਉਸ ਦੀ ਸੋਭਾ (ਹਰ ਥਾਂ ਹੀ) ਖਿਲਰ ਜਾਂਦੀ ਹੈ।

32. ਉਹ ਪਵਿਤ੍ਰ ਜੀਵਨ ਵਾਲਾ ਬਣ ਜਾਂਦਾ ਹੈ ਅਤੇ ਉਹ ਸਾਰੇ ਜਗਤ ਵਿਚ (ਹੀ) ਚੰਗਾ ਮੰਨਿਆਂ ਜਾਂਦਾ ਹੈ।

33. ਹੇ ਭਾਈ ! ਉਹ ਹਰ ਵੇਲੇ ਹਰਿ ਨਾਮ ਰੰਗ ਵਿਚ ਰੰਗੇ ਰਹਿਣ ਕਰ ਕੇ (ਸਦੀਵੀ) ਸੁਖ ਹੀ ਮਾਣਦਾ ਹੈ, (ਕਿਉਂਕਿ) ਉਹ ਹਰ ਵੇਲੇ ਹਰਿ ਨਾਮ ਵਿਚ ਹੀ ਸੁਰਤਿ ਜੋੜੀ ਰਖਦਾ ਹੈ ।੧੧।

ਪ੍ਰ:–ਸ੍ਰੀ ਜੀਉ ! ਅਸੀਂ ਤਾਂ ਵੇਖਦੇ ਹਾਂ ਕਿ, ਸਾਡੀ ਮਾਨਸਕ ਅਵਸਥਾ ਸਦਾ ਹੀ ਡਾਵਾਂ ਡੋਲ ਰਹਿੰਦੀ ਹੈ, ਪਰ ਕੀ ਨਾਮ ਪ੍ਰਾਪਤੀ ਵਾਲਾ ਭੀ ਡਾਵਾਂ ਡੋਲਤਾ ਵਿਚ ਹੀ ਰਹਿੰਦਾ ਹੈ ?

34. ਉ:–ਹੇ ਪਿਆਰੇ ! ਜਿਸ ਮਨੁੱਖ ਨੂੰ ਗੁਰੂ ਦੁਆਰੇ ਹਰਿ ਨਾਮ ਹਾਸਲ ਹੋ ਜਾਂਦਾ ਹੈ।

35. ਉਹ ਮਨੁਖ ਜਾਗਦਾ ਸੁਤਾ ਹਰ ਵੇਲੇ (ਹੀ) ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ। (ਭਾਵ, ਉਹ ਆਤਮਕ ਅਡੋਲਤਾ ਵਿਚ ਜਾਗਦਾ ਹੈ ਅਤੇ ਆਤਮਕ ਅਡੋਲਤਾਵਿਚ ਹੀ ਸੌਂਦਾ ਹੈ)।

36. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਮਨੁੱਖ ਗੁਰੂ ਦੀ ਰਾਹੀਂ ਨਾਮ ਵਿਚ ਲੀਨ ਹੋ ਕੇ (ਪ੍ਰਮਾਤਮਾਂ ਵਿਚ) ਹੀ ਲੀਨ ਰਹਿੰਦਾ ਹੈ, ਉਹ ਹਰ ਵੇਲੇ ਹਰਿ ਨਾਮ ਹੀ ਸਿਮਰਦਾ ਹੈ ।੧੨।

37. ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥
38. ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥
39. ਹਰਿ ਹਰਿ ਕਰਤ ਸਦਾ ਮਨੁ ਬਿਗਸੈ
ਹਰਿ ਚਰਣੀ ਮਨੁ ਲਾਈ ਹੇ ॥੧੩॥
40. ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥
41. ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥
42. ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਸਤਿਗੁਰ ਕੀ ਸੇਵਾ ਲਾਈ ਹੇ ॥੧੪॥
43. ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥
44. ਸਰਬੇ ਰਵਿ ਰਹਿਆ ਸੁਖਦਾਤਾ ॥
45. ਆਤਮੁ ਚੀਨਿ ਪਰਮ ਪਦੁ ਪਾਇਆ
ਸੇਵਾ ਸੁਰਤਿ ਸਮਾਈ ਹੇ ॥੧੫॥
46. ਜਿਨ ਕਉ ਆਦਿ ਮਿਲੀ ਵਡਿਆਈ ॥
47. ਸਤਿਗੁਰੁ ਮਨਿ ਵਸਿਆ ਲਿਵ ਲਾਈ ॥
48. ਆਪਿ ਮਿਲਿਆ ਜਗਜੀਵਨੁ ਦਾਤਾ
ਨਾਨਕ ਅੰਕਿ ਸਮਾਈ ਹੇ ॥੧੬॥੧॥

ਪਦ ਅਰਥ :–ਮੁਖਿ–ਮੂੰਹ ਵਿਚ। ਅੰਮ੍ਰਿਤ ਬਾਣੀ–ਆਤਮਕ ਜੀਵਨ ਦੇਣ ਵਾਲੀ ਬਾਣੀ। ਗੁਰਮੁਖਿ–ਗੁਰੂ ਦੀ ਰਾਹੀਂ। ਆਖਿ–ਆਖ ਕੇ, ਉਚਾਰ ਕੇ। ਵਖਾਣੀ–ਵਿਆਖਿਆ ਕੀਤੀ ਹੈ। ਕਰਤ–ਕਰਦਿਆਂ। ਬਿਗਸੈ–ਖਿੜਿਆ ਰਹਿੰਦਾ ਹੈ ।੧੩।

ਹਮ–ਅਸੀਂ ਜੀਵ। ਅਗਿਆਨ–ਗਿਆਨ ਹੀਣ। ਗਿਆਨੁ–ਆਤਮਕ ਜੀਵਨ ਦੀ ਸੂਝ। ਤੇ–ਤੋਂ, ਪਾਸੋਂ। ਮਾਹੀ–ਮਾਹੀਂ, ਵਿਚ ।੧੪।

ਜਿਨਿ–ਜਿਸ (ਮਨੁੱਖ) ਨੇ। ਤਿਨਿ–ਉਸ (ਮਨੁੱਖ) ਨੇ। ਸਰਬੇ–ਸਭਨਾਂ ਵਿਚ। ਰਵਿ ਰਹਿਆ–ਵਿਆਪਕ ਹੈ। ਆਤਮੁ–ਆਪਣੇ ਆਪ ਨੂੰ, ਆਪਣੇ ਜੀਵਨ ਨੂੰ। ਚੀਨਿ–ਪੜਤਾਲ **ਕੇ**। ਪਰਮ ਪਦੁ–ਸਭ ਤੋਂ ਉਚਾ ਆਤਮਕ ਦਰਜਾ ।੧੫।

ਜਿਨ–(ਬਹੁ ਬਚਨ)। ਆਦਿ–ਧੁਰ ਤੋਂ। ਮਨਿ–

ਮਨ ਵਿਚ। ਲਿਵ–ਲਗਨ। ਜਗ ਜੀਵਨੁ–ਜਗਤ ਦਾ ਜੀਵਨ, ਜਗਤ ਦਾ ਆਸਰਾ। ਅੰਕਿ–ਅੰਕ ਵਿਚ, ਗੋਦ ਵਿਚ।੧੬।

ਅਰਥ :–

ਪ੍ਰ:–ਸ੍ਰੀ ਜੀਉ! ਅਸੀਂ ਸੰਸਾਰੀ ਲੋਕਾਂ ਦੇ ਮੂੰਹਾਂ ਵਿਚੋਂ ਤਾਂ ਨਿੰਦਾ, ਚੁਗਲੀ, ਈਰਖਾ ਭਰੇ ਫਿਕੇ ਬਚਨ ਹੀ ਨਿਕਲਦੇ ਰਹਿੰਦੇ ਹਨ, ਪਰ, ਕੀ ਭਗਤਾਂ ਦੇ ਮੁਖੋਂ ਨਿਕਲੇ ਬਚਨਾਂ ਵਿਚ ਭੀ ਕੋਈ ਵਿਸ਼ੇਸ਼ਤਾ ਹੁੰਦੀ ਹੈ?

37. ਉ:–ਹੇ ਭਾਈਓ! ਭਗਤ ਜਨ ਜਦੋਂ ਭੀ ਬੋਲਦੇ ਹਨ ਤਾਂ ਉਨ੍ਹਾਂ ਭਗਤਾਂ ਦੇ ਮੂੰਹ ਵਿਚੋਂ (ਗੁਰੂ ਦੀ ਬਾਣੀ ਜੋ ਕਿ ਆਤਮਕ ਜੀਵਨ ਦੇਣ ਵਾਲੀ ਹੈ ਉਹੀ ਹੀ ਨਿਕਲਦੀ ਹੈ) (ਕਿਉਂਕਿ) ਉਨ੍ਹਾਂ ਦੇ ਅੰਤਰ ਆਤਮੇਂ ਹਰ ਵਕਤ ਬਾਣੀ ਹੀ ਟਿਕੀ ਰਹਿੰਦੀ ਹੈ।

38. ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪ੍ਰਮਾਤਮਾਂ ਦਾ ਨਾਮ (ਆਪ) ਉਚਾਰ ਕੇ (ਹੋਰਨਾਂ ਨੂੰ ਭੀ) ਸੁਣਾਂਦਾ ਹੈ।

39. (ਇਸ ਤਰ੍ਹਾਂ) ਪ੍ਰਮਾਤਮਾਂ ਦਾ ਨਾਮ ਸਿਮਰਦਿਆਂ ਉਸ ਦਾ ਮਨ ਸਦਾ (ਹੀ) ਖਿੜਿਆ ਰਹਿੰਦਾ ਹੈ, ਉਹ ਮਨੁੱਖ ਆਪਣਾ ਮਨ ਪ੍ਰਮਾਤਮਾਂ ਦੇ ਚਰਨਾਂ ਵਿਚ ਹੀ ਸਦਾ ਜੋੜੀ ਰਖਦਾ ਹੈ।੧੩।

ਪ੍ਰ:–ਸ੍ਰੀ ਜੀਉ! ਸਾਈਂ ਜੀ ਦੇ ਸਨਮੁਖ ਹੋ ਜੋਦੜੀ ਕਰਦੇ ਰਹਿਣ ਦੀ ਕੋਈ ਸੁਖੈਨ ਜਾਚ ਦਸਣ ਦੀ ਮਿਹਰ ਕਰੋ?

40. ਉ:–ਹੇ ਭਾਈਓ! ਸਦਾ ਇਉਂ ਹੀ ਅਰਦਾਸ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ! ਅਸੀਂ ਜੀਵ ਮੂਰਖ ਹਾਂ, ਅੰਞਾਣ ਹਾਂ, ਸਾਨੂੰ ਆਤਮਕ ਜੀਵਨ ਦੀ ਕੁਝ ਭੀ ਸੋਝੀ ਨਹੀਂ ਹੈ।

41. ਪਰ, ਐ ਪਿਆਰੇ! (ਇਹ) ਸਮਝ ਭੀ ਮਨ ਵਿਚ ਗੁਰੂ ਪਾਸੋਂ ਹੀ ਪੈਂਦੀ ਹੈ।

42. ਹੇ ਪ੍ਰਭੂ ਜੀ! (ਤੁਸੀਂ) ਦਇਆਵਾਨ ਹੋ, ਮਿਹਰ ਕਰੋ, (ਸਾਨੂੰ) ਗੁਰੂ ਦੀ ਸੇਵਾ ਵਿਚ ਲਾਈ ਰਖੋ।੧੪।

ਪ੍ਰ:–ਸ੍ਰੀ ਜੀਉ! ਜਿਨ੍ਹਾਂ ਨੇ ਗੁਰੂ ਨਾਲ ਪੂਰਨ ਰੂਪ ਵਿਚ ਸਾਂਝ ਪਾ ਲਈ, ਉਨ੍ਹਾਂ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ?

43-44 ਉ:–ਹੇ ਭਾਈ! ਜਿਸ ਮਨੁੱਖ ਨੇ ਗੁਰੂ ਨਾਲ ਸਾਂਝ ਪਾ ਲਈ ਉਸ ਨੇ ਤਾਂ ਉਸ ਇਕ ਪ੍ਰਭੂ ਨੂੰ (ਇਉਂ) ਪਛਾਣ ਲਿਆ ਹੈ ਕਿ, ਉਹ ਸੁਖਦਾਤਾ ਪ੍ਰਭੂ ਸਭਨਾਂ ਵਿਚ ਹੀ ਵਸ ਰਿਹਾ ਹੈ।

45. ਐ ਪਿਆਰੇ! ਉਸ ਮਨੁੱਖ ਨੇ ਆਪਣੇ ਜੀਵਨ ਨੂੰ ਪੜਤਾਲ ਕੇ ਸਭ ਤੋਂ ਉਚਾ ਆਤਮਕ ਦਰਜਾ ਪ੍ਰਾਪਤ ਕਰ ਲਿਆ, ਉਸ ਦੀ ਸੁਰਤਿ ਪ੍ਰਮੇਸ਼ਰ ਦੀ ਸੇਵਾ ਭਗਤੀ ਵਿਚ ਟਿਕੀ ਰਹਿੰਦੀ ਹੈ।੧੫।

ਪ੍ਰ:–ਸ੍ਰੀ ਜੀਉ! ਜਤਨ ਤਾਂ ਸਾਰੇ ਹੀ ਲੋਕ ਕਰਦੇ ਵੇਖਣ ਵਿਚ ਆਉਂਦੇ ਹਨ, ਪਰ, ਗੁਰੂ ਕਿਸ ਦੇ ਮਨ ਵਿਚ ਨਿਵਾਸ ਕਰਦਾ ਹੈ?

46. ਉ:–ਹੇ ਭਾਈਓ! ਇਹ ਕਿਸੇ ਦੇ ਵਸ ਵਿਚ ਨਹੀਂ, ਇਹ ਤਾਂ ਜਿਨ੍ਹਾਂ ਨੂੰ ਧੁਰ ਦਰਗਾਹ ਤੋਂ (ਹੀ) ਇੱਜ਼ਤ ਮਿਲਦੀ ਹੈ।

47. ਉਨ੍ਹਾਂ ਦੇ ਮਨ ਵਿਚ (ਹੀ) ਗੁਰੂ ਵਸਿਆ ਰਹਿੰਦਾ ਹੈ, ਉਹ (ਸਦਾ ਹੀ) ਪ੍ਰਭੂ ਚਰਨਾਂ ਵਿਚ ਸੁਰਤਿ ਜੋੜੀ ਰਖਦੇ ਹਨ।

48. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਨ੍ਹਾਂ ਨੂੰ ਜਗਤ ਦਾ ਸਹਾਰਾ ਦਾਤਾਰ ਆਪ ਆ ਮਿਲਦਾ ਹੈ, ਉਹ ਪ੍ਰਭੂ ਦੀ ਗੋਦ ਵਿਚ (ਪ੍ਰਭੂ ਚਰਨਾਂ ਵਿਚ) ਸਮਾਏ ਰਹਿੰਦੇ ਹਨ।੧੬।੧।

ਭਾਵਾਰਥ :–ਉਹ ਸੱਚਾ ਪ੍ਰਮੇਸ਼ਰ ਹਰੀ ਵਸਦਾ ਤਾਂ ਸਾਰਿਆਂ ਥਾਵਾਂ ਵਿਚ ਹੀ ਹੈ, ਪਰ ਉਹ ਗੁਰੂ ਦੇ ਰਾਹੀਂ ਹੀ ਮਨੁੱਖ ਦੇ ਅੰਦਰ ਵਸਦਾ ਦਿਸਦਾ ਹੈ, ਇਸ ਲਈ, ਸਦਾ ਗੁਰੂ ਦੀ ਸ਼ਰਨ ਵਿਚ ਰਹਿਣਾ ਚਾਹੀਦਾ ਹੈ।

ਮਾਰੂ ਮਹਲਾ ੪ ॥

1. ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥
2. ਸਰਬੇ ਰਵਿ ਰਹਿਆ ਘਟ ਵਾਸੀ ॥
3. ਤਿਸੁ ਬਿਨੁ ਅਵਰੁ ਨ ਕੋਈ ਦਾਤਾ ਹਰਿ
ਤਿਸਹਿ ਸਰੇਵਹੁ ਪ੍ਰਾਣੀ ਹੇ ॥੧॥
4. ਜਾ ਕਉ ਰਾਖੈ ਹਰਿ ਰਾਖਣਹਾਰਾ ॥
5. ਤਾ ਕਉ ਕੋਇ ਨ ਸਾਕਸਿ ਮਾਰਾ ॥
6. ਸੋ ਐਸਾ ਹਰਿ ਸੇਵਹੁ ਸੰਤਹੁ
ਜਾ ਕੀ ਊਤਮ ਬਾਣੀ ਹੇ ॥੨॥
7. ਜਾ ਜਾਪੈ ਕਿਛੁ ਕਿਥਾਊ ਨਾਹੀ ॥
8. ਤਾ ਕਰਤਾ ਭਰਪੂਰਿ ਸਮਾਹੀ ॥
9. ਸੂਕੇ ਤੇ ਫੁਨਿ ਹਰਿਆ ਕੀਤੋਨੁ
ਹਰਿ ਧਿਆਵਹੁ ਚੋਜ ਵਿਡਾਣੀ ਹੇ ॥੩॥
10. ਜੋ ਜੀਆ ਕੀ ਵੇਦਨ ਜਾਣੈ ॥
11. ਤਿਸੁ ਸਾਹਿਬ ਕੈ ਹਉ ਕੁਰਬਾਣੈ ॥
12. ਤਿਸੁ ਆਗੈ ਜਨ ਕਰਿ ਬੇਨੰਤੀ
ਜੋ ਸਰਬ ਸੁਖਾ ਕਾ ਦਾਣੀ ਹੇ ॥੪॥

ਪਦ ਅਰਥ :–ਅਗਮ–ਅਪਹੁੰਚ। ਅਗੋਚਰੁ–(ਅ-ਗੋ-ਚਰੁ) ਗੋ–ਗਿਆਨ ਇੰਦ੍ਰੇ, ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੈ। ਅਬਿਨਾਸੀ–ਨਾਸ ਰਹਿਤ। ਸਰਬੇ–ਸਭਨਾਂ ਵਿਚ। ਘਟ ਵਾਸੀ–ਸਭ ਸਰੀਰਾਂ ਵਿਚ ਵਾਸਾ ਰਖਣ ਵਾਲਾ। ਸਰੇਵਹੁ–ਸਿਮਰੋ। ਪ੍ਰਾਣੀ–ਹੇ ਪ੍ਰਾਣੀ।੧।

ਰਾਖਣਹਾਰਾ–ਰਖਣ ਦੀ ਸਮਰੱਥਾ ਵਾਲਾ। ਸਾਕਸਿ ਮਾਰਾ–ਮਾਰ ਸਕਦਾ। ਸੰਤਹੁ–ਹੇ ਸੰਤ ਜਨੋ। ਊਤਮ–(ਜੀਵਨ ਨੂੰ) ਉਚਾ ਬਣਾ ਦੇਣ ਵਾਲੀ।੨।

ਜਾ-ਜਦੋਂ । ਜਾਪੈ-ਇਹ ਸਮਝ ਆਉਂਦੀ ਹੈ ਕਿ । ਕਿਥਾਊ-ਕਿਤੇ ਭੀ । ਕਰਤਾ-ਕਰਤਾਰ । ਫੁਨਿ-ਮੁੜ । ਕੀਤੋਨੁ-(ਉਸ) ਕਰਤਾਰ ਨੇ ਕਰ ਦਿਤਾ । ਚੋਜ-ਕੌਤਕ, ਖੇਲ । ਵਿਡਾਣੀ-ਅਸਚਰਜ ।੩।

ਵੇਦਨ-ਪੀੜਾ, ਦੁੱਖ । ਕੈ-ਤੋਂ । ਹਉ-ਹਉਂ, ਮੈਂ । ਜਨ -ਹੇ ਜਨ, ਹੇ ਭਾਈ । ਦਾਣੀ-ਦਾਨੀ, ਦਾਤਾ ।੪।

ਅਰਥ :-

ਪ੍ਰ:-ਸ੍ਰੀ ਜੀਉ ! ਉਸ ਪ੍ਰਮਾਤਮਾਂ ਦਾ ਸਰੂਪ ਬਿਆਨ ਕਰੋ ?

1. ਉ:-ਹੇ ਪਿਆਰੇ ! ਉਹ ਪ੍ਰਮੇਸ਼ਰ ਅਪਹੁੰਚ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਸਦਾ ਹੀ ਨਾਮ ਤੋਂ ਰਹਿਤ ਹੈ ।
2. ਸਾਰੇ ਸਰੀਰਾਂ ਵਿਚ ਵਸਣੇ ਵਾਲਾ ਹੈ, ਸਭਨਾਂ ਜੀਵਾਂ ਵਿਚ ਵਿਆਪਕ ਹੈ ।
3. ਹੇ ਭਾਈ ! ਉਸ ਤੋਂ ਬਿਨਾ ਹੋਰ ਕੋਈ ਦਾਤਾ ਨਹੀਂ ਹੈ, ਹੇ ਪ੍ਰਾਣੀ ! ਉਸੇ ਹੀ ਪ੍ਰਮਾਤਮਾਂ ਦਾ ਸਿਮਰਨ ਕਰਿਆ ਕਰੋ ।੧।

ਪ੍ਰ:-ਕਿਉਂ ਜੀ ! ਉਹ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ ?

4. ਉ:-ਹੇ ਪਿਆਰੇ ! ਉਹ ਬਚਾਣ ਦੀ ਸਮਰੱਥਾ ਵਾਲਾ ਪ੍ਰਮਾਤਮਾਂ ਜਿਸ (ਮਨੁੱਖ) ਦੀ ਰਖਿਆ ਕਰਦਾ ਹੈ ।
5. ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ ।
6. ਹੇ ਸੰਤ ਜਨੋ ! ਉਸੇ ਪ੍ਰਮੇਸ਼ਰ ਦੀ ਸੇਵਾ ਭਗਤੀ ਕਰਿਆ ਕਰੋ, ਉਸ ਦੀ ਸਿਫਤ ਸਲਾਹ ਦੀ ਬਾਣੀ ਜੀਵਨ ਨੂੰ ਉਚਾ ਕਰ ਦੇਂਦੀ ਹੈ ।੨।

ਪ੍ਰ:-ਕਿਉਂ ਜੀ ! ਕਰਤਾਰ ਨੂੰ ਹਰ ਥਾਂ ਕਿਵੇਂ ਵਿਆਪਕ ਸਮਝੀਏ ?

7. ਉ:-ਹੇ ਪਿਆਰੇ ! ਅਸਲ ਵਿਚ ਜਦੋਂ ਇਹ ਸਮਝ ਆ ਜਾਂਦੀ ਹੈ ਕਿ ਕਿਤੇ ਭੀ ਕੋਈ ਚੀਜ ਸਦਾ ਥਿਰ ਨਹੀਂ ਹੈ ।
8. ਹੇ ਭਾਈ ! ਤਦੋਂ ਕਰਤਾਰ ਨੂੰ ਹੀ ਹਰ ਥਾਂ ਵਿਆਪਕ ਸਮਝੋ, (ਜੋ ਸਦਾ ਕਾਇਮ ਰਹਿਣ ਵਾਲਾ ਹੈ) ।
9. ਹੇ ਭਾਈ ! ਉਹ ਕਰਤਾਰ ਸੁੱਕੇ ਤੋਂ ਹਰਾ ਕਰਨ ਵਾਲਾ ਹੈ, ਉਸੇ ਹਰੀ ਦਾ ਸਿਮਰਨ ਕਰਦੇ ਰਹੋ, ਉਹ ਅਸਚਰਜ ਕੌਤਕ ਕਰਨ ਵਾਲਾ ਹੈ ।੩।
10. ਹੇ ਭਾਈਓ ! ਜੋ ਸਭ ਜੀਵਾਂ ਦੇ ਦਿਲ ਦੀ ਪੀੜਾ ਨੂੰ ਜਾਣਦਾ ਹੈ ।
11. ਮੈਂ ਤਾਂ ਉਸ ਮਾਲਕ ਤੋਂ ਸਦਾ (ਹੀ) ਸਦਕੇ ਜਾਂਦਾ ਹਾਂ ।
12. ਹੇ ਪਿਆਰੇ ! ਤੂੰ ਭੀ ਉਸੇ ਪ੍ਰਮਾਤਮਾਂ ਦੀ ਹਜੂਰੀ ਵਿਚ ਅਰਦਾਸ ਕਰਿਆ ਕਰ, ਜਿਹੜਾ ਕਿ ਸਾਰੇ (ਹੀ) ਸੁਖਾਂ ਦੇ ਦੇਣ ਵਾਲਾ ਹੈ ।੪।

13. ਜੋ ਜੀਐ ਕੀ ਸਾਰ ਨ ਜਾਣੈ ॥
14. ਤਿਸੁ ਸਿਉ ਕਿਛੁ ਨ ਕਹੀਐ ਅਜਾਣੈ ॥
15. ਮੂਰਖ ਸਿਉ ਨਹ ਲੂਝੁ ਪਰਾਣੀ
ਹਰਿ ਜਪੀਐ ਪਦੁ ਨਿਰਬਾਣੀ ਹੇ ॥੫॥
16. ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥
17. ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
18. ਅਚਿੰਤ ਦਾਨੁ ਦੇਇ ਪ੍ਰਭੁ ਮੇਰਾ
ਵਿਚਿ ਪਾਥਰ ਕੀਟ ਪਖਾਣੀ ਹੇ ॥੬॥
19. ਨਾ ਕਰਿ ਆਸ ਮੀਤ ਸੁਤ ਭਾਈ ॥
20. ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ ॥
21. ਬਿਨੁ ਹਰਿ ਨਾਵੈ ਕੋ ਬੇਲੀ ਨਾਹੀ
ਹਰਿ ਜਪੀਐ ਸਾਰੰਗਪਾਣੀ ਹੇ ॥੭॥
22. ਅਨਦਿਨੁ ਨਾਮੁ ਜਪਹੁ ਬਨਵਾਰੀ ॥
23. ਸਭ ਆਸਾ ਮਨਸਾ ਪੂਰੈ ਥਾਰੀ ॥
24. ਜਨ ਨਾਨਕ ਨਾਮੁ ਜਪਹੁ ਭਵ ਖੰਡਨੁ
ਸੁਖਿ ਸਹਜੇ ਰੈਣਿ ਵਿਹਾਣੀ ਹੇ ॥੮॥

ਪਦ ਅਰਥ .-ਜੀਅ ਕੀ-ਜਿੰਦ ਦੀ । ਸਾਰ-ਕਦਰ (ਦੁੱਖ ਦਰਦ ਦੀ) ਸੂਝ । ਸਿਉ-ਨਾਲ । ਅਜਾਣ-ਅੰਞਾਣ, ਮੂਰਖ । ਲੂਝੁ-ਝਗੜਾ ਕਰ । ਪਰਾਣੀ-ਹੇ ਪ੍ਰਾਣੀ । ਜਪੀਐ-ਜਪਣਾ ਚਾਹੀਦਾ ਹੈ । ਪਦੁ-ਦਰਜਾ, ਆਤਮਕ ਅਵਸਥਾ । ਨਿਰਬਾਣੀ-ਵਾਸਨਾ ਰਹਿਤ ।੫।

ਚਿੰਤ-ਫਿਕਰ । ਕਰਤੇ-ਕਰਤਾਰ ਨੂੰ । ਜਲਿ-ਜਲ ਵਿਚ । ਥਲਿ-ਧਰਤੀ ਵਿਚ । ਸਭਤੈ-ਸਭਨਾਂ ਨੂੰ । ਅਚਿੰਤ-ਜਿਸ ਦਾ ਚਿੱਤ ਚੇਤਾ ਭੀ ਨਾ ਹੋਵੇ । ਦੇਇ-ਦੇਂਦਾ ਹੈ । ਕੀਟ-ਕੀੜੇ । ਪਖਾਣੀ-ਪੱਥਰਾਂ ਵਿਚ ਦੇ ।੬।

ਸੁਤ-ਪੁੱਤਰ । ਆਸ ਮੀਤ-ਮਿੱਤਰ ਦੀ ਆਸ । ਬੇਲੀ-ਮਦਦਗਾਰ । ਸਾਰੰਗ-ਪਾਣੀ-(ਸਾਰੰਗ-ਧਨਖ । ਪਾਣੀ-ਹੱਥ । ਜਿਸ ਦੇ ਹੱਥ ਵਿਚ ਧਨਖ ਹੈ) ਪ੍ਰਮੇਸ਼ਰ ।੭।

ਅਨਦਿਨੁ-ਹਰ ਰੋਜ਼, ਹਰ ਵੇਲੇ । ਬਨਵਾਰੀ ਨਾਮੁ-ਪ੍ਰਮੇਸ਼ਰ ਦਾ ਨਾਮ (ਬਨ ਹੈ ਮਾਲਾ ਜਿਸਦੀ) । ਮਨਸਾ-ਮਨ ਦਾ ਫੁਰਨਾ । ਪੂਰੈ-ਪੂਰੀ ਕਰਦਾ ਹੈ । ਥਾਰੀ-ਤੇਰੀ । ਭਵ ਖੰਡਨੁ-ਜਨਮ ਮਰਨ ਦੇ ਗੇੜ ਦਾ ਨਾਸ ਕਰਨ ਵਾਲਾ । ਸੁਖਿ-ਸੁਖ ਵਿਚ । ਸਹਜੇ-ਆਤਮਕ ਅਡੋਲਤਾ ਵਿਚ । ਰੈਣਿ-ਰਾਤ, ਜੀਵਨ ਰਾਤ । ਵਿਹਾਈ-ਬੀਤਦੀ ਹੈ ।੮।

ਅਰਥ :-

ਪ੍ਰ:-ਸ੍ਰੀ ਜੀਉ ! ਅਸੀਂ ਜਿਸ ਮਨੁੱਖ ਪਾਸ ਭੀ ਆਪਣਾ ਦੁੱਖ ਦਰਦ ਕਹਿੰਦੇ ਹਾਂ, ਉਹ ਸਾਡੇ ਦੁੱਖਾਂ ਨੂੰ ਤਾਂ ਉਕਾ ਹੀ ਨਹੀਂ ਸਮਝਦਾ, ਅਗੋਂ ਆਪਣੇ ਅਨੇਕਾਂ ਹੀ ਦੁੱਖਾਂ ਦੀਆਂ ਪੰਡਾਂ ਖੋਲ੍ਹ ਬੈਠਦਾ ਹੈ, ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ?

13. ਉ:-ਹੇ ਭਾਈਓ ! ਜਿਹੜਾ ਮਨੁੱਖ (ਕਿਸੇ ਹੋਰ ਦੀ) ਜਿੰਦ ਦਾ ਦੁੱਖ ਦਰਦ ਸਮਝ ਹੀ ਨਹੀਂ ਸਕਦਾ ।
14. ਉਸ ਮੂਰਖ ਨਾਲ (ਤਾਂ) (ਆਪਣੇ ਦੁੱਖ ਦਰਦ ਦੀ) ਕੋਈ ਗਲ (ਹੀ) ਨਹੀਂ ਕਰਨੀ ਚਾਹੀਦੀ ।

ਪ੍ਰ:–ਸ੍ਰੀ ਜੀਉ ! ਆਖਰ, ਕਰਨਾ ਕੀ ਚਾਹੀਦਾ ਹੈ ?

15. ਉ:–ਹੇ ਪ੍ਰਾਣੀ ! ਉਸ ਮੂਰਖ ਨਾਲ ਕੋਈ ਝਗੜਾ ਨਾ ਕਰ, ਸਿਰਫ ਪ੍ਰਮੇਸ਼ਰ ਜੀ ਦਾ ਨਾਮ ਹੀ ਜਪਣਾ ਚਹੀਦਾ ਹੈ, (ਕਿਉਂਕਿ) ਉਹੀ ਵਾਸਨਾ ਰਹਿਤ ਆਤਮਕ ਦਰਜਾ ਦੇਣ ਵਾਲਾ ਹੈ ।੫।

ਪ੍ਰ:–ਸ੍ਰੀ ਜੀਉ ! ਉਸ ਸਾਈਂ ਜੀ ਦਾ ਨਾਮ ਜਪਣਾ ਤਾਂ ਚਾਹੁੰਦੇ ਹਾਂ, ਪਰ, ਰੋਜ਼ੀ ਕਮਾਉਣ ਦੀ ਚਿੰਤਾ ਫਿਕਰ ਇਸ ਇੱਛਾ ਦੀ ਪੂਰਤੀ ਵਿਚ ਵਿਘਨ ਕਾਰੀ ਸਾਬਤ ਹੁੰਦੀ ਹੈ ?

16. ਉ:–ਹੇ ਭਾਈ ! (ਰੋਜ਼ੀ ਦੀ ਖਾਤਰ) ਚਿੰਤਾ ਫਿਕਰ ਨਾ ਕਰ, (ਕਿਉਂਕਿ) ਇਹ ਫਿਕਰ ਕਰਤਾਰ ਨੂੰ ਹੈ ।

17. ਹੇ ਭਾਈ ! ਵੇਖ, ਉਹ ਕਰਤਾਰ ਜਲ ਵਿਚ, ਧਰਤੀ ਵਿਚ (ਵਸਣ ਵਾਲੇ) ਸਭ ਜੀਵਾਂ ਨੂੰ (ਰਿਜ਼ਕ) ਦੇਂਦਾ ਹੈ ।

18. ਹੇ ਪਿਆਰੇ ! ਵੇਖ, ਮੇਰਾ ਪ੍ਰਭੂ ਉਹ ਉਹ ਦਾਤ ਦੇਂਦਾ ਹੈ, ਜਿਸਦਾ (ਕਿ) ਸਾਨੂੰ ਚਿਤ ਚੇਤਾ ਭੀ ਨਹੀਂ ਹੁੰਦਾ, (ਵੇਖੋ ਉਹ) ਮੇਰਾ ਪ੍ਰਭੂ ਪੱਥਰਾਂ ਵਿਚ ਵਸਣ ਵਾਲੇ ਕੀੜਿਆਂ ਨੂੰ (ਭੀ) (ਰਿਜ਼ਕ) ਦੇਂਦਾ ਹੈ ।੬।

ਪ੍ਰ:–ਗੁਰਦੇਵ ਜੀਉ ! ਮੈਂ ਤਾਂ ਜ਼ਿੰਦਗੀ ਵਿਚ ਆਪਣੇ ਨੇੜੇ ਤੋਂ ਨੇੜੇ ਦੇ ਸਾਕ ਸੰਬੰਧੀਆਂ ਦੀ ਆਸਾ ਕਰ ਕਰ ਥਕ ਗਿਆ ਹਾਂ, ਪਰ, ਅੰਤ ਨੂੰ ਨਿਰਾਸ਼ਤਾ ਹੀ ਵੇਖਣੀ ਪਈ ਹੈ, ਆਖਰ ਆਪ ਹੀ ਦਸੋ, ਮਨੁੱਖ ਨੂੰ ਕਿਸ ਦੀ ਆਸ ਰਖਣੀ ਚਾਹੀਦੀ ਹੈ, ਜੋ ਕਿ ਮਨੁੱਖ ਦਾ ਹਰ ਥਾਂ ਹਰ ਸ਼ਮੇਂ ਹੀ ਮਦਦਗਾਰ ਹੋ ਸਕੇ ?

19. ਉ:–ਹੇ ਭਾਈ ! ਤੂੰ, ਮਿੱਤ੍ਰ ਦੀ, ਪੁੱਤਰ ਦੀ, ਭਰਾ ਦੀ, ਕਿਸੇ ਦੀ ਭੀ ਆਸ ਨਾ ਕਰ ।

20. ਅਤੇ ਕਿਸੇ ਸ਼ਾਹ ਦੀ, ਕਿਸੇ ਵਿਹਾਰ ਦੀ, ਕੋਈ ਭੀ ਪਰਾਈ ਆਸ ਨਾ ਕਰ ।

21. (ਕਿਉਂਕਿ) ਤੂੰ ਇਹ ਯਕੀਨ ਕਰ ਲੈ ਕਿ, ਪ੍ਰਮੇਸ਼ਰ ਜੀ ਦੇ ਨਾਮ ਤੋਂ ਬਿਨਾ ਹੋਰ ਕੋਈ (ਭੀ) ਮਦਦਗਾਰ ਨਹੀਂ, (ਇਸ ਲਈ, ਐ ਪਿਆਰੇ ! ਕੇਵਲ) ਉਸ ਪ੍ਰਮਾਤਮਾਂ ਦਾ ਨਾਮ (ਹੀ) ਜਪਦੇ ਰਹਿਣਾ ਚਾਹੀਦਾ ਹੈ ।੭।

ਪ੍ਰ:–ਸ੍ਰੀ ਜੀਉ ! ਅਸੀਂ ਲੋਕ ਗ੍ਰਿਹਸਤੀ ਹਾਂ, ਹਰ ਗ੍ਰਿਹਸਤੀ ਦੇ ਮਨ ਵਿਚ ਕਈ ਕਈ ਫੁਰਨੇ ਉਪਜਦੇ ਹਨ, ਅਸੀਂ ਉਨ੍ਹਾਂ ਦੀ ਪੂਰਤੀ ਲਈ ਕੀ ਯਤਨ ਕਰੀਏ ?

22. ਉ:–ਹੇ ਭਾਈਓ ! ਹਰ ਵੇਲੇ ਪ੍ਰਮਾਤਮਾਂ ਦਾ ਹੀ ਨਾਮ ਜਪਦੇ ਰਹੋ ।

23. ਉਹੀ ਤੇਰੀ ਹਰੇਕ ਆਸ ਪੂਰੀ ਕਰਦਾ ਹੈ, ਤੇਰਾ ਹਰੇਕ ਫੁਰਨਾ ਪੂਰਾ ਕਰਦਾ ਹੈ ।

24. (ਇਸ ਲਈ, ਹੇ ਭਾਈ !) ਦਾਸ ਨਾਨਕ ਕਥਨ ਕਰਦਾ ਹੈ, ਸਦਾ (ਹੀ) ਹਰਿ ਨਾਮ ਜਪਦੇ ਰਹੋ, (ਕਿਉਂਕਿ) ਹਰਿ ਨਾਮ ਜਨਮ ਮਰਨ ਦੇ ਗੇੜ ਦਾ ਨਾਸ ਕਰਨ ਵਾਲਾ ਹੈ, ਜਿਹੜਾ ਮਨੁੱਖ ਜਪਦਾ ਹੈ ਉਸ ਦੀ ਉਮਰ ਰਾਤ ਸੁਖ ਵਿਚ, ਆਤਮਕ ਅਡੋਲਤਾ ਵਿਚ ਬੀਤਦੀ ਹੈ ।੮।

25. ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
26. ਸਹਜੇ ਹੀ ਹਰਿ ਨਾਮਿ ਸਮਾਇਆ ॥
27. ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ
ਜਾਇ ਪੂਛਹੁ ਵੇਦ ਪੁਰਾਣੀ ਹੇ ॥੯॥
28. ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥
29. ਗੁਰ ਕੈ ਸਬਦਿ ਭਰਮ ਭਉ ਭਾਗੈ ॥
30. ਵਿਚੇ ਗ੍ਰਿਹ ਸਦਾ ਰਹੈ ਉਦਾਸੀ
ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥
31. ਵਿਚਿ ਹਉਮੈ ਸੇਵਾ ਥਾਇ ਨ ਪਾਏ ॥
32. ਜਨਮਿ ਮਰੈ ਫਿਰਿ ਆਵੈ ਜਾਏ ॥
33. ਸੋ ਤਪੁ ਪੂਰਾ ਸਾਈ ਸੇਵਾ
ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥
34. ਹਉ ਕਿਆ ਗੁਣ ਤੇਰੇ ਆਖਾ ਸੁਆਮੀ ॥
35. ਤੂ ਸਰਬ ਜੀਆ ਕਾ ਅੰਤਰਜਾਮੀ ॥
36. ਹਉ ਮਾਗਉ ਦਾਨੁ ਤੁਝੈ ਪਹਿ ਕਰਤੇ
ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥

ਪਦ ਅਰਥ :–ਜਿਨਿ–ਜਿਸ (ਮਨੁੱਖ) ਨੇ । ਸਹਜੇ–ਬਿਨਾ ਕਿਸੇ (ਤਪ ਆਦਿਕ) ਜਤਨ ਦੇ । ਨਾਮਿ–ਨਾਮ ਵਿਚ । ਪਤਿ–ਇੱਜ਼ਤ । ਜਾਇ–ਜਾ ਕੇ ।੯।

ਲਾਗੈ–ਲਗਦਾ ਹੈ । ਕੈ ਸਬਦਿ–ਦੇ ਸ਼ਬਦ ਦੀ ਰਾਹੀਂ । ਭਰਮ–ਭਟਕਣਾ । ਭਉ–ਡਰ । ਭਾਗੈ–ਦੂਰ ਹੋ ਜਾਂਦਾ ਹੈ । ਗ੍ਰਿਹ–ਘਰ, ਗ੍ਰਿਹਸਤ ।੧੦।

ਥਾਇ–ਥਾਂ ਵਿਚ । ਥਾਇ ਨ ਪਾਏ–ਪ੍ਰਵਾਨ ਨਹੀਂ ਹੁੰਦੀ । ਜਨਮਿ–ਜੰਮ ਕੇ । ਆਵੈ ਜਾਇ–ਆਉਂਦਾ ਹੈ ਜਾਂਦਾ ਹੈ, ਜੰਮਦਾ ਮਰਦਾ ਰਹਿੰਦਾ ਹੈ । ਮਨਿ–ਮਨ ਵਿਚ । ਭਾਣੀ–ਚੰਗੀ ਲਗਦੀ ਹੈ ।੧੧।

ਹਉ–ਹਉਂ, ਮੈਂ । ਆਖਾ–ਆਖਾਂ,ਮੈਂ ਬਿਆਨ ਕਰਾਂ । ਸੁਆਮੀ–ਹੇ ਸੁਆਮੀ । ਅੰਤਰਜਾਮੀ–ਦਿਲ ਦੀ ਜਾਨਣ ਵਾਲਾ । ਮਾਗਉ–ਮਾਗਉਂ, ਮੰਗਦਾ ਹਾਂ । ਤੁਝੈ ਪਹਿ–ਤੇਰੇ ਹੀ ਪਾਸੋਂ । ਕਰਤੇ–ਹੇ ਕਰਤਾਰ । ਅਨਦਿਨੁ–ਹਰ ਰੋਜ਼, ਹਰ ਵੇਲੇ । ਵਖਾਣੀ–ਵਖਾਣੀਂ, ਮੈ ਉਚਰਦਾ ਰਹਾਂ ।੧੨।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਦਾ ਹਰ ਬੰਦਾ ਹੀ ਦੁੱਖੀ ਹੈ, ਆਖਰ ਕਿਸੇ ਨੇ ਸੁਖ ਭੀ ਪ੍ਰਾਪਤ ਕੀਤਾ ਹੈ ?

25. ਉ:–ਹੇ ਪਿਆਰੇ ! ਸੁਖ ਪ੍ਰਾਪਤੀ ਦਾ ਸਾਧਨ ਤਾਂ ਕੇਵਲ ਭਗਤੀ ਹੈ, ਸੋ, ਜਿਸ ਮਨੁੱਖ ਨੇ ਪ੍ਰਮਾਤਮਾਂ ਦੀ ਭਗਤੀ ਕੀਤੀ (ਹੈ) । ਉਸੇ ਨੇ ਹੀ ਸੁਖ ਪ੍ਰਾਪਤ ਕੀਤਾ ਹੈ ।

ਪ੍ਰ:–ਆਖਰ, ਉਸ ਨੂੰ ਫਲ ਪ੍ਰਾਪਤੀ ਕੀ ਹੁੰਦੀ ਹੈ ?

26. ਉ:—ਹੇ ਭਾਈ ! ਉਹ ਬਿਨਾ ਕਿਸੇ (ਤਪ ਆਦਿਕ) ਜਤਨ ਦੇ ਪ੍ਰਮਾਤਮਾਂ ਦੇ ਨਾਮ ਵਿਚ (ਹੀ) ਲੀਨ ਰਹਿੰਦਾ ਹੈ।

27, ਹੇ ਭਾਈਓ ! ਜੋ ਪ੍ਰਮਾਤਮਾਂ ਦਾ ਨਾਮ ਜਪਦਾ ਹੈ, ਪ੍ਰਮੇਸ਼ਰ ਉਸ ਮਨੁੱਖ ਦੀ ਲਾਜ ਰਖਦਾ ਹੈ, (ਇਹ ਗਲ) ਬੇਸ਼ਕ ਵੇਦਾਂ ਪੁਰਾਣਾਂ (ਦੇ ਪੜ੍ਹਨ ਵਾਲਿਆਂ) ਪਾਸੋਂ ਜਾ ਕੇ ਪੁੱਛ ਲਵੋ। (ਉਹ ਭੀ ਇਹੋ ਹੀ ਸਿਧਾਂਤ ਦਸਣਗੇ) ।੯।

ਪ੍ਰ:—ਸ੍ਰੀ ਜੀਓ ! ਜਦ ਮਨੁੱਖਕਿ ਨੂੰ ਭਰਤੀ ਦੁਆਰੇ ਹੀ ਸੁਖ ਮਿਲਦਾ ਹੈ, ਤਾਂ ਫਿਰ ਹਰ ਮਨੁੱਖ ਹੀ ਭਗਤੀ ਕਿਉਂ ਨਹੀਂ ਕਰਦਾ ?

28 ਉ:—ਹੇ ਪਿਆਰੇ ! ਚਾਹੁੰਦਾ ਤਾਂ ਹਰ ਬੰਦਾ ਹੀ ਹੈ, ਪਰ, ਭਗਤੀ ਵਿਚ ਉਹੀ ਬੰਦਾ ਹੀ ਲਗਦਾ ਹੈ, ਜਿਸ ਨੂੰ ਪ੍ਰਮੇਸ਼ਰ ਆਪ ਹੀ ਲਾਉਂਦਾ ਹੈ।

29. ਹੇ ਭਾਈਓ ! ਭਗਤੀ ਦਾ ਸਦਕਾ ਗੁਰੂ ਦੇ ਸ਼ਬਦ ਦੀ ਰਾਹੀਂ ਉਸ ਮਨੁੱਖ ਦੀ ਭਟਕਣਾ ਉਸ ਦਾ ਡਰ ਦੂਰ ਹੋ ਜਾਂਦਾ ਹੈ।

ਪ੍ਰ:—ਕਿਉਂ ਜੀ ! ਕੀ ਉਸ ਨੂੰ ਗ੍ਰਿਹਸਤ ਵਿਚ ਰਹਿ ਕੇ ਮਾਇਆ ਦਾ ਮੋਹ ਨਹੀਂ ਵਿਆਪਦਾ ?

30. ਉ:—ਹੇ ਭਾਈ ! ਉਸ ਮਨੁੱਖ ਦਾ ਜੀਵਨ ਤਾਂ ਇਉਂ ਹੀ ਗੁਜ਼ਰਦਾ ਹੈ, ਜਿਵੇਂ ਕੌਲ ਫੁੱਲ ਪਾਣੀ ਵਿਚ (ਰਹਿ ਕੇ ਭੀ ਪਾਣੀ ਤੋਂ) ਨਿਰਲੇਪ ਰਹਿੰਦਾ ਹੈ, ਤਿਵੇਂ ਉਹ ਮਨੁੱਖ ਗ੍ਰਿਹਸਤ ਦੇ ਵਿਚ ਹੀ (ਮਾਇਆ ਤੋਂ) ਸਦਾ ਉਪਰਾਮ ਰਹਿੰਦਾ ਹੈ ।੧੦।

ਪ੍ਰ:—ਹੇ ਗੁਰੋ ! ਸੇਵਾ ਭਗਤੀ ਤਾਂ ਬਹੁਤ ਲੋਕ ਕਰਦੇ ਹਨ, ਪਰ, ਉਨ੍ਹਾਂ ਦੇ ਅੰਦਰ ਹਉਮੈਂ ਤੇ ਹੰਕਾਰ ਕਿਉਂ ਵਧ ਜਾਂਦਾ ਹੈ, ਆਖਰ ਅਜਿਹੇ ਹੰਕਾਰੀਆਂ ਨੂੰ ਹਾਸਲ ਕੀ ਹੁੰਦਾ ਹੈ ?

31. ਉ:—ਹੇ ਪਿਆਰੇ ! ਅਸਲ ਵਿਚ ਉਹ ਸਹੀ ਰੂਪ ਵਿਚ ਸੇਵਾ ਭਗਤੀ ਕਰਦੇ ਹੀ ਨਹੀਂ ਉਹ ਕੇਵਲ ਲੋਕ ਦਿਖਾਵੇ ਮਾਤ੍ਰ ਹੀ ਕਰਦੇ ਹਨ, ਇਸ ਲਈ, ਹਉਮੈ ਅਹੰਕਾਰ ਵਿਚ ਕੀਤੀ ਹੋਈ (ਉਨ੍ਹਾਂ ਦੀ) ਸੇਵਾ ਭਗਤੀ ਪ੍ਰਵਾਨ ਨਹੀਂ ਹੁੰਦੀ।

32. ਹੇ ਭਾਈ ! ਉਹ ਮਨੁੱਖ (ਤਾਂ ਸਗੋਂ) ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਪ੍ਰ:-ਸ੍ਰੀ ਜੀਉ ! ਆਖਰ, ਆਪ ਸਹੀ ਰੂਪ ਵਿਚ ਸੇਵਾ ਭਗਤੀ ਕਿਸ ਨੂੰ ਮੰਨਦੇ ਹੋ ?

33. ਉ:—ਹੇ ਪਿਆਰੇ ! ਅਸਲ ਵਿਚ ਤਾਂ ਉਹੀ ਹੈ, ਪੂਰਾ ਤਪ, ਉਹੀ ਹੈ ਸੇਵਾ ਭਗਤੀ, ਜਿਹੜੀ ਮੇਰੇ ਪ੍ਰਭੂ ਦੇ ਮਨ ਵਿਚ ਪਿਆਰੀ ਲਗਦੀ ਹੈ,(ਇਸ ਲਈ,ਹੇ ਭਾਈਓ ! ਪ੍ਰਭੂ ਦੀ ਰਜ਼ਾ ਵਿਚ ਤੁਰਨਾ ਹੀ ਸੱਚਾ ਮਾਰਗ ਹੈ) ।੧੧।

ਪ੍ਰ:—(ਕਿਉਂ ਜੀ) ਆਖਰ ਅਸੀਂ ਸਾਈਂ ਜੀ ਤੋਂ ਮੰਗੀਏ ਕੀ ?

34. ਉ:—ਹੇ ਭਾਈਓ ! ਇਕ ਇਹੋ ਹੀ ਮੰਗ ਕਰੋ ਕਿ, ਹੇ ਮੇਰੇ ਮਾਲਕ, ਮੈਂ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ ?

35. ਤੂੰ ਸਾਰੇ ਜੀਵਾਂ ਦੇ ਦਿਲ ਦੀ ਜਾਨਣ ਵਾਲਾ ਹੈਂ।

36. ਹੇ ਕਰਤਾਰ ! ਮੈਂ ਤੇਰੇ ਹੀ ਪਾਸੋਂ ਇਹ ਦਾਨ ਮੰਗਦਾ ਹਾਂ, ਕਿ ਮੈਂ ਹਰ ਵੇਲੇ ਤੇਰਾ ਹੀ ਨਾਮ ਉਚਾਰਦਾ ਰਹਾਂ ।੧੨।

37. ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥
38. ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥
39. ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ
ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥
40. ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥
41. ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥
42. ਜਿਨ ਕਾ ਪਖੁ ਕਰਹਿ ਤੂ ਸੁਆਮੀ
ਤਿਨ ਕੀ ਊਪਰਿ ਗਲ ਤੁਧੁ ਆਣੀ ਹੇ ॥੧੪॥
43. ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ ॥
44. ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ ॥
45. ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ
ਬਿਨੁ ਸੇਵਾ ਪਛੋਤਾਣੀ ਹੇ ॥੧੫॥
46. ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥
47. ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥
48. ਹਰਿ ਕੀ ਸਰਣਿ ਪਇਆ ਹਰਿ ਜਾਪੀ
ਜਨੁ ਨਾਨਕੁ ਦਾਸੁ ਦਸਾਣੀ ਹੇ ॥੧੬॥੨॥

ਪਦ ਅਰਥ :—ਕਿਸ ਹੀ-ਕਿਸੇ ਦੇ। ਜੋਰੁ—ਤਾਣ, ਮਾਣ। ਦੀਬਾਨ—ਆਸਰਾ। ਧਰ—ਆਸਰਾ। ਕਾਈ—ਕੋਈ। ਕਰਤੇ—ਹੇ ਕਰਤਾਰ। ਮੈ—ਮੈਨੂੰ ।੧੩।

ਕਰਹਿ—ਤੂੰ ਕਰਦਾ ਹੈਂ। ਤੁਧੁ ਭਾਵੈ—ਤੈਨੂੰ ਚੰਗਾ ਲਗਦਾ ਹੈ। ਹੋਰ ਕੇਤੀ—ਹੋਰ ਕਿਤਨੀ ਹੀ ਲੁਕਾਈ। ਝਖਿ—ਖੁਆਰ ਹੋ ਕੇ। ਪਖੁ—ਮਦਦ। ਊਪਰਿ—ਸਭਨਾਂ ਦੇ ਉਤੇ। ਗਲ—ਗਲ। ਆਣੀ—ਲਿਆਂਦੀ ।੧੪।

ਜਿਨੀ—ਜਿਨ੍ਹਾਂ ਨੇ। ਪਰਸਾਦਿ—ਕਿਰਪਾ ਨਾਲ। ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ। ਜਿਨਿ—ਜਿਸ ਨੇ ।੧੫।

ਵਰਤਹਿ—ਵਿਆਪਕ ਹੈਂ। ਜਗੰਨਾਥੁ—ਜਗਤ ਦਾ ਨਾਥ। ਗੁਰ ਹਾਥੁ—ਗੁਰੂ ਦਾ ਹੱਥ। ਜਿਸ ਮਸਤਕਿ—ਜਿਸ ਦੇ ਮੱਥੇ ਉਤੇ। ਜਾਪੀ—ਜਾਪੀਂ, ਮੈਂ ਜਪਾਂ। ਦਾਸੁ ਦਸਾਣੀ—ਦਾਸਾਂ ਦਾ ਦਾਸ ।੧੬।

ਅਰਥ :—

ਪ੍ਰ:—ਗੁਰਦੇਵ ਜੀਉ,ਜਦੋਂ ਆਪ ਜੀ ਸਾਈਂ ਜੀ ਦੇ ਸਨਮੁਖ ਹੋ ਅਰਦਾਸ ਕਰਦੇ ਹੋ ਤਾਂ ਉਸ ਦੀ ਰੂਪ ਰੇਖਾ ਕਿਸ ਪ੍ਰਕਾਰ ਦੀ ਹੁੰਦੀ ਹੈ ?

37-38. ਉ:—ਹੇ ਭਾਈ ! ਮੇਰੇ ਵਲੋਂ ਤਾਂ ਸਦਾ ਇਉਂ ਹੀ ਜੋਦੜੀ ਕੀਤੀ ਜਾਂਦੀ ਹੈ ਕਿ, ਹੇ ਸਾਈਂ ਜੀਉ ! ਕਿਸੇ ਦੇ

ਅੰਦਰ (ਤਾਂ) ਚੰਗਾ ਬੋਲ ਸਕਣ ਦੇ ਅਹੰਕਾਰ ਦਾ ਤਾਣ ਹੈ, ਕਿਸੇ ਨੂੰ ਮਾਇਆ ਦੇ ਆਸਰੇ ਦਾ ਤਾਣ ਹੈ।

39. ਮੈਨੂੰ ਪ੍ਰਮਾਤਮਾਂ ਤੋਂ ਬਿਨਾ ਕੋਈ (ਭੀ) ਆਸਰਾ ਨਹੀਂ, ਕੋਈ ਸਹਾਰਾ ਨਹੀਂ। ਹੇ ਕਰਤਾਰ! ਮੇਰੀ ਨਿਮਾਣੀ ਦੀ ਰਖਿਆ ਤੂੰ ਹੀ ਕਰ।੧੩।

40. ਹੇ ਸੁਆਮੀ (ਜੀਓ! ਤੂੰ ਨਿਮਾਣੇ ਦਾ ਮਾਣ ਹੈਂ ਜੋ ਤੈਨੂੰ ਚੰਗਾ ਲਗਦਾ ਹੈ, ਉਹੀ ਤੂੰ ਕਰਦਾ ਹੈਂ।

41. ਹੇ ਸਾਈਆਂ ਜੀਉ! ਮੈਂ ਤਾਂ ਵੇਖਦਾ ਹਾਂ ਕਿ ਤੇਰੀ ਰਜ਼ਾ ਤੋਂ ਲਾਂਭੇ ਜਾਣ ਦਾ ਯਤਨ ਕਰ ਕੇ ਬੇਅੰਤ ਲੁਕਾਈ ਖੁਆਰ ਹੋ ਹੋ ਕੇ ਜਨਮ ਮਰਨ ਦੇ ਗੇੜ ਵਿਚ ਪੈਂਦੀ ਹੈ।

42. ਹੇ ਸੁਆਮੀ (ਜੀਉ)! ਤੂੰ ਜਿਨ੍ਹਾਂ ਦਾ ਪੱਖ ਕਰਦਾ ਹੈਂ, ਉਨ੍ਹਾਂ ਦੀ ਗਲ ਹਰ ਥਾਂ (ਹੀ) ਮੰਨੀ ਜਾਂਦੀ ਹੈ।੧੪।

43-44. ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਸਦਾ ਪ੍ਰਮਾਤਮਾਂ ਦਾ ਨਾਮ ਸਿਮਰਿਆ ਹੈ ਉਨ੍ਹਾਂ ਗੁਰੂ ਦੀ ਕ੍ਰਿਪਾ ਨਾਲ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲਿਆ।

45. ਹੇ ਭਾਈ! ਜਿਸ ਮਨੁੱਖ ਨੇ ਪ੍ਰਮਾਤਮਾਂ ਦੀ ਸੇਵਾ ਭਗਤੀ ਕੀਤੀ, ਉਸ ਨੇ ਸੁਖ ਮਾਣਿਆ ਹੈ, ਬਿਨਾ ਪ੍ਰਭੂ ਦੀ ਸੇਵਾ ਭਗਤੀ ਤੋਂ ਲੁਕਾਈ ਪਛੁਤਾਂਦੀ ਹੈ।੧੫।

46. ਹੇ ਹਰੀ! ਤੂੰ ਜਗਤ ਦਾ ਨਾਥ ਹੈਂ, ਤੂੰ ਸਭ ਵਿਚ ਵਿਆਪਕ ਹੈਂ।

47. ਹੇ ਭਾਈ! ਉਹੀ ਮਨੁੱਖ ਪ੍ਰਮਾਤਮਾਂ ਦਾ ਨਾਮ ਜਪਦਾ ਹੈ, ਜਿਸ ਦੇ ਮੱਥੇ ਉਤੇ ਗੁਰੂ ਦਾ ਹੱਥ ਹੁੰਦਾ ਹੈ।

48. ਹੇ ਭਾਈ! (ਮੈਂ ਭੀ) ਹਰੀ ਦੀ ਸ਼ਰਣ ਪਿਆ ਹਾਂ, ਮੈਂ ਭੀ ਹਰੀ ਦਾ ਨਾਮ ਜਪਦਾ ਹਾਂ, ਦਾਸ ਨਾਨਕ ਹਰੀ ਦੇ ਦਾਸਾਂ ਦਾ ਦਾਸ ਹੈ।੧੬।੨।

ਭਾਵਾਰਥ :–ਸਭ ਦਾ ਦਾਤਾ ਹਰੀ ਹੀ ਹੈ, ਉਸ ਜਿਹਾ ਹੋਰ ਕੋਈ ਸਾਕ-ਸੰਬੰਧੀ ਨਹੀਂ ਉਸ ਤੋਂ ਬਿਨਾ ਹੋਰ ਕਿਸੇ ਦਾ ਭੀ ਜ਼ੋਰ ਨਹੀਂ ਚਲਦਾ, ਇਸ ਲਈ ਉਸੇ ਦੇ ਨਾਮ ਦਾ ਆਸਰਾ ਢੂੰਢਣਾ ਚਾਹੀਦਾ, ਜੋ ਲੋਕ ਪ੍ਰਲੋਕ ਵਿਚ ਸਦਾ ਹੀ ਸਹਾਇਕ ਹੁੰਦਾ ਹੈ।

ਮਾਰੂ ਸੋਲਹੇ ਮਹਲਾ ੫

੧ ਓ ਸਤਿਗੁਰ ਪ੍ਰਸਾਦਿ॥

1. ਕਲਾ ਉਪਾਇ ਧਰੀ ਜਿਨਿ ਧਰਣਾ॥
2. ਗਗਨੁ ਰਹਾਇਆ ਹੁਕਮੇ ਚਰਣਾ॥
3. ਅਗਨਿ ਉਪਾਇ ਈਧਨ ਮਹਿ ਬਾਧੀ
ਸੋ ਪ੍ਰਭੁ ਰਾਖੈ ਭਾਈ ਹੇ॥੧॥
4. ਜੀਅ ਜੰਤ ਕਉ ਰਿਜਕੁ ਸੰਬਾਹੇ॥
5. ਕਰਣ ਕਾਰਣ ਸਮਰਥ ਆਪਾਹੇ॥
6. ਖਿਨ ਮਹਿ ਥਾਪਿ ਉਥਾਪਨਹਾਰਾ
ਸੋਈ ਤੇਰਾ ਸਹਾਈ ਹੇ॥੨॥
7. ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ॥
8. ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ॥
9. ਸਦਾ ਸਦਾ ਜਪੀਐ ਸੋ ਪ੍ਰੀਤਮੁ
ਵਡੀ ਜਿਸੁ ਵਡਿਆਈ ਹੇ॥੩॥
10. ਸੁਲਤਾਨ ਖਾਨ ਕਰੇ ਖਿਨ ਕੀਰੇ॥
11. ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ॥
12. ਗਰਬ ਨਿਵਾਰਣ ਸਰਬ ਸਧਾਰਣ
ਕਿਛੁ ਕੀਮਤਿ ਕਹੀ ਨ ਜਾਈ ਹੇ॥੪॥

ਪਦ ਅਰਥ :–ਕਲਾ–ਗੁਪਤ ਤਾਕਤ, ਸਤਿਆ, ਸ਼ਕਤੀ। ਉਪਾਇ–ਪੈਦਾ ਕਰ ਕੇ। ਜਿਨਿ–ਜਿਸ (ਪ੍ਰਮਾਤਮਾਂ) ਨੇ। ਧਰਣਾ–ਧਰਤੀ। ਗਗਨੁ–ਅਕਾਸ਼। ਰਹਾਇਆ–ਟਿਕਾਇਆ, ਥੰਮ੍ਹਿਆ। ਹੁਕਮੇ–ਹੁਕਮ ਦੀ ਰਾਹੀਂ ਹੀ। ਚਰਣਾ–ਆਸਰਾ (ਦੇ ਕੇ)। ਈਧਨ–ਲੱਕੜਾਂ। ਬਾਧੀ–ਬੰਨ੍ਹੀ ਹੋਈ ਹੈ। ਰਾਖੈ–ਰਖਿਆ ਕਰਦਾ ਹੈ।੧।

ਕਉ–ਨੂੰ। ਸੰਬਾਹੇ–ਅਪੜਾਂਦਾ ਹੈ। ਕਰਣ–ਸ੍ਰਿਸ਼ਟੀ। ਕਾਰਣ–ਮੂਲ। ਆਪਾਹੇ–ਮਾਇਆ ਦੀ ਪਾਹ ਤੋਂ ਰਹਿਤ, ਨਿਰਲੇਪ। ਥਾਪਿ–ਪੈਦਾ ਕਰ ਕੇ। ਉਥਾਪਨਹਾਰਾ–ਨਾਸ ਕਰ ਸਕਣ ਵਾਲਾ। ਸਹਾਈ–ਮਦਦਗਾਰ।੨।

ਜਿਨਿ–ਜਿਸ (ਪ੍ਰਭੂ) ਨੇ। ਪ੍ਰਤਿਪਾਲਿਆ–ਰਖਿਆ ਕੀਤੀ। ਸਾਸਿ–(ਹਰੇਕ) ਸਾਹ ਦੇ ਨਾਲ। ਗ੍ਰਾਸਿ–(ਹਰੇਕ) ਗ੍ਰਾਹੀ ਦੇ ਨਾਲ। ਸੰਗਿ–ਨਾਲ। ਸਮਾਲਿਆ–ਸੰਭਾਲ ਕਰਦਾ ਹੈ। ਜਪੀਐ–ਜਪਣਾ ਚਾਹੀਦਾ ਹੈ।੩।

ਸੁਲਤਾਨ–ਪਾਤਸ਼ਾਹ। ਖਾਨ–ਸਰਦਾਰ। ਕੀਰੇ–ਕੀੜੇ। ਨਿਵਾਜਿ–ਨਿਵਾਜ ਕੇ, ਉਚਾ ਕਰ ਕੇ। ਮੀਰੇ–ਅਮੀਰ। ਗਰਬ–ਅਹੰਕਾਰ। ਸਰਬ ਸਧਾਰਣ–ਸਭ ਨੂੰ ਆਸਰਾ ਦੇਣ ਵਾਲਾ।੪। **ਅਰਥ** :–

ਪ੍ਰ:- ਸ੍ਰੀ ਜੀਉ! ਉਹ ਕਿਹੜੀ ਗੁਪਤ ਸ਼ਕਤੀ ਹੈ, ਜਿਸ ਨੇ ਇਹ ਧਰਤੀ, ਅਕਾਸ਼ ਨੂੰ ਥੰਮ੍ਹ ਰਖਿਆ ਹੈ?

1. ਉ:–ਹੇ ਭਾਈ! ਦੇਖੋ, ਜਿਸ ਪ੍ਰਮਾਤਮਾਂ ਨੇ (ਆਪਣੇ ਹੀ ਅੰਦਰੋਂ) ਸ਼ਕਤੀ ਪੈਦਾ ਕਰ ਕੇ ਧਰਤੀ ਸਾਜੀ ਹੈ।

2. ਹੇ ਭਾਈ! ਜਿਸ ਨੇ ਆਪਣੇ ਹੁਕਮ ਦਾ ਹੀ ਆਸਰਾ ਦੇ ਕੇ ਅਕਾਸ਼ ਨੂੰ ਥੰਮ੍ਹ ਰਖਿਆ ਹੈ।

3. ਹੇ ਪਿਆਰੇ! ਇਥੇ ਹੀ ਬਸ ਨਹੀਂ, ਜਿਸ ਨੇ ਅੱਗ ਪੈਦਾ ਕਰ ਕੇ ਇਸ ਨੂੰ ਲੱਕੜਾਂ ਵਿਚ ਬੰਨ੍ਹ ਰਖਿਆ ਹੈ, ਉਹੀ ਪ੍ਰਮਾਤਮਾਂ ਸਭ ਜੀਵਾਂ ਦੀ ਰਖਿਆ ਕਰਦਾ ਹੈ।੧।

4-5. ਹੇ ਭਾਈ! ਜਿਹੜਾ ਪ੍ਰਮਾਤਮਾਂ ਸਾਰੇ ਜੀਵਾਂ ਨੂੰ ਰਿਜ਼ਕ ਅਪੜਾਂਦਾ ਹੈ ਅਤੇ ਜੋ ਸ੍ਰਿਸ਼ਟੀ ਦਾ ਮੂਲ ਹੈ, ਜੋ ਸਭ ਤਾਕਤਾਂ ਦਾ ਮਾਲਕ ਤੇ ਨਿਰਲੇਪ ਹੈ।

6. ਜੋ ਇਕ ਛਿਨ ਵਿਚ ਪੈਦਾ ਕਰ ਕੇ ਨਾਸ ਕਰਨ ਦੀ ਸਮਰੱਥਾ ਰਖਦਾ ਨੂੰ, ਉਹੀ ਪ੍ਰਮਾਤਮਾਂ (ਹਰ ਵੇਲੇ) ਤੇਰਾ ਭੀ ਮਦਦਗਾਰ ਹੈ ।੨।.

ਪ੍ਰ:–ਕਿਉਂ ਜੀ ! ਇਹ ਕਿਵੇਂ ਯਕੀਨ ਕੀਤਾ ਜਾਏ ਕਿ, ਉਹ ਪ੍ਰਭੂ ਜੀ ਹਰ ਥਾਂ ਹੀ ਪਾਲਨਾ ਕਰਦਾ ਹੈ, ਕੋਈ ਉਦਾਹਰਣ ਦੇ ਕੇ ਸਮਝਾਓ ?

7. ਉ:–ਹੇ ਭਾਈ ! ਵੇਖ, ਜਿਸ ਪ੍ਰਮਾਤਮਾਂ ਨੇ ਮਾਂ ਦੇ ਪੇਟ ਵਿਚ (ਤੇਰੀ) ਪਾਲਨਾ ਕੀਤੀ।

8. ਫਿਰ, ਤੇਰੇ ਹਰੇਕ ਸਾਹ ਦੇ ਨਾਲ ਤੇਰੀ ਹਰੇਕ ਗ੍ਰਾਹੀ ਦੇ ਨਾਲ ਤੇਰਾ ਸੰਗੀ ਬਣ ਕੇ. ਤੇਰੀ ਸੰਭਾਲ ਕੀਤੀ ।

9. ਹੇ ਪਿਆਰੇ ! ਜਿਸ ਪ੍ਰਮਾਤਮਾਂ ਦੀ ਇਤਨੀ ਵਡੀ ਵਡਿਆਈ ਹੈ, ਉਸ ਪ੍ਰੀਤਮ ਪ੍ਰਭੂ ਨੂੰ ਸਦਾ ਸਦਾ ਹੀ ਜਪਣਾ ਚਾਹੀਦਾ ਹੈ ।੩।

ਪ੍ਰ:–ਕਿਉਂ ਜੀ, ਉਸ ਪ੍ਰਭੂ ਜੀ ਵਿਚ ਕਿਤਨੀ ਕੁ ਸਮਰੱਥਾ ਹੈ ?

10. ਉ:–ਹੇ ਭਾਈ ! ਉਹ ਸਾਈਂ ਜੀ, ਇਤਨੀ ਸਮਰੱਥਾ ਰਖਦਾ ਹੈ ਕਿ, ਉਹ ਪਾਤਸ਼ਾਹਾਂ ਤੇ ਖਾਨਾਂ ਨੂੰ ਇਕ ਛਿਨ ਵਿਚ ਕੀੜੇ (ਕੰਗਾਲ) ਬਣਾ ਦੇਂਦਾ ਹੈ ।

11. ਹੇ ਪ੍ਰਭੂ ! ਗਰੀਬਾਂ ਨੂੰ ਉਚੇ ਕਰਕੇ ਅਮੀਰ ਬਣਾ ਦੇਂਦਾ ਹੈ ।

12. ਹੇ ਭਾਈ ! ਉਹ ਪ੍ਰਮਾਤਮਾਂ (ਅਹੰਕਾਰੀਆਂ ਦਾ) ਅਹੰਕਾਰ ਦੂਰ ਕਰਨ ਵਾਲਾ ਹੈ, ਉਹ ਪ੍ਰਮਾਤਮਾਂ ਸਭ ਦਾ ਆਸਰਾ ਹੈ, (ਹੇ ਪਿਆਰੇ !) ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ।੪।

13. ਸੋ ਪਤਿਵੰਤਾ ਸੋ ਧਨਵੰਤਾ ॥

14. ਜਿਸੁ ਮਨਿ ਵਸਿਆ ਹਰਿ ਭਗਵੰਤਾ ॥

15. ਮਾਤ ਪਿਤਾ ਸੁਤ ਬੰਧਪ ਭਾਈ
ਜਿਨਿ ਇਹ ਸ੍ਰਿਸਟਿ ਉਪਾਈ ਹੇ ॥੫॥

16. ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥

17. ਸਾਧਸੰਗਤਿ ਨਿਹਚਉ ਹੈ ਤਰਣਾ ॥

18. ਮਨ ਬਚ ਕਰਮ ਅਰਾਧੇ ਕਰਤਾ
ਤਿਸੁ ਨਾਹੀ ਕਦੇ ਸਜਾਈ ਹੇ ॥੬॥

19. ਗੁਣ ਨਿਧਾਨ ਮਨ ਤਨ ਮਹਿ ਰਵਿਆ ॥

20. ਜਨਮ ਮਰਣ ਕੀ ਜੋਨਿ ਨ ਭਵਿਆ ॥

21. ਦੂਖ ਬਿਨਾਸ ਕੀਆ ਸੁਖਿ ਡੇਰਾ
ਜਾ ਤ੍ਰਿਪਤਿ ਰਹੇ ਆਘਾਈ ਹੇ ॥੭॥

22. ਮੀਤੁ ਹਮਾਰਾ ਸੋਈ ਸੁਆਮੀ ॥

23. ਥਾਨ ਥਨੰਤਰਿ ਅੰਤਰਜਾਮੀ ॥

24. ਸਿਮਰਿ ਸਿਮਰਿ ਪੂਰਨ ਪਰਮੇਸੁਰ
ਚਿੰਤਾ ਗਣਤ ਮਿਟਾਈ ਹੇ ॥੮॥

ਪਦ ਅਰਥ :–ਪਤਿਵੰਤਾ–ਇੱਜ਼ਤ ਵਾਲਾ । ਜਿਸੁ ਮਨਿ–ਜਿਸਦੇ ਮਨ ਵਿਚ । ਸੁਤ–ਪੁੱਤਰ । ਬੰਧਪ–ਰਿਸ਼ਤੇਦਾਰ । ਜਿਨਿ–ਜਿਸ (ਕਰਤਾਰ) ਨੇ ।੫।

ਪ੍ਰਭ ਸਰਣਾ–ਪ੍ਰਭੂ ਦੀ ਸ਼ਰਨ ਵਿਚ । ਨਿਹਚਉ–ਜਰੂਰ । ਬਚ–ਬਚਨ । ਅਰਾਧੇ–ਸਿਮਰਦਾ ਹੈ । ਸਜਾਈ–ਸਜ਼ਾ, ਦੰਡ, ਕਸ਼ਟ ।੬।

ਗੁਣ ਨਿਧਾਨ–ਗੁਣਾਂ ਦਾ ਖਜ਼ਾਨਾ । ਰਵਿਆ–ਸਿਮਰਿਆ । ਸੁਖਿ–ਸੁਖ ਵਿਚ । ਤ੍ਰਿਪਤਿ ਰਹੇ ਅਘਾਈ–ਮਾਇਆ ਦੀ ਤ੍ਰਿਸ਼ਨਾ ਵਲੋਂ ਪੂਰਨ ਤੌਰ ਤੇ ਰੱਜ ਗਏ ।੭।

ਥਾਨ ਥਨੰਤਰਿ–ਥਾਨ ਥਾਨ ਅੰਤਰਿ, ਹਰੇਕ ਥਾਂ ਵਿਚ (ਅੰਤਰਿ-ਵਿਚ) ਸਿਮਰਿ–ਸਿਮਰ ਕੇ । ਗਣਤ–ਚਿੰਤਾ, ਫਿਕਰ ।੮।

ਅਰਥ :–

ਪ੍ਰ.–ਸ੍ਰੀ ਜੀਉ ! ਗੁਰਮਤਿ ਅਨੁਸਾਰ ਆਪ ਜੀ ਇੱਜ਼ਤਦਾਰ ਅਤੇ ਧਨਾਢ ਕਿਸ ਮਨੁੱਖ ਨੂੰ ਮੰਨਦੇ ਹੋ ?

13. ਉ:–ਹੇ ਭਾਈ ! ਅਸਲ ਵਿਚ ਤਾਂ ਜਿਸ ਮਨੁੱਖ ਦੇ ਮਨ ਵਿਚ ਹਰੀ ਭਗਵਾਨ ਆ ਵਸਦਾ ਹੈ ।

14. ਉਹੀ (ਅਸਲ) ਇੱਜਤਦਾਰ ਹੈ, ਉਹੀ (ਅਸਲ) ਧਨਾਢ ਹੈ ।

15. ਐ ਪਿਆਰੇ ! ਜਿਸ ਪ੍ਰਮਾਤਮਾਂ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹੋ ਹੈ ਮਾਂ, ਪਿਉ, ਉਹੀ ਹੈ ਪੁੱਤਰ, ਰਿਸ਼ਤੇਦਾਰ ਤੇ ਭਰਾ, (ਉਹੀ ਹੈ ਸਦਾ ਨਾਲ ਨਿਭਣ ਵਾਲਾ ਸਨਬੰਧੀ)।

16. ਹੇ ਭਾਈ ! ਪ੍ਰਭੂ ਦੀ ਸ਼ਰਨ ਪਿਆਂ, ਕਿਸੇ (ਭੀ) ਕਿਸਮ ਦਾ ਡਰ ਕਰਨ ਦੀ ਲੋੜ ਨਹੀਂ ।

17. ਹੇ ਪਿਆਰੇ ! ਗੁਰੂ ਦੀ ਸੰਗਤ ਵਿਚ ਰਿਹਾਂ ਜਰੂਰ (ਸਾਰੇ ਡਰਾਂ ਤੋਂ) ਪਾਰ ਉਤਾਰਾ ਹੋ ਜਾਂਦਾ ਹੈ ।

18. ਹੇ ਭਾਈ ! ਜਿਹੜਾ ਮਨੁੱਖ ਆਪਣੇ ਮਨ ਦੀ ਰਾਹੀਂ ਬਚਨਾਂ ਦੀ ਰਾਹੀਂ, ਕੰਮਾਂ ਦੀ ਰਾਹੀਂ, ਕਰਤਾਰ ਦਾ ਅਰਾਧਨ ਕਰਦਾ ਰਹਿੰਦਾ ਹੈ, ਉਸ ਨੂੰ ਕਦੇ ਕੋਈ ਕਸ਼ਟ ਨਹੀਂ ਪੋਹ ਸਕਦਾ ।੬।

ਪ੍ਰ:–ਸ੍ਰੀ ਜੀਉ ! ਇਸ ਜੰਮਣ ਮਰਨ ਦੇ ਚੱਕਰ ਵਿਚ ਭਟਕਣ ਤੋਂ ਬਚਣ ਦਾ ਕੋਈ ਸਾਧਨ ਦਸੋ ?

19. ਉ:–ਹੇ ਭਾਈਓ ! ਜਿਹੜਾ ਭੀ ਮਨੁੱਖ ਆਪਣੇ ਮਨ ਵਿਚ ਆਪਣੇ ਤਨ ਵਿਚ ਪ੍ਰਮੇਸ਼ਰ ਨੂੰ ਯਾਦ ਰਖਦਾ ਹੈ ।

20. ਉਹ ਮਨੁੱਖ ਜੰਮਣ ਮਰਣ ਦੇ ਗੇੜ ਵਿਚ ਨਹੀਂ ਭਟਕਦਾ ।

21. ਐ ਪਿਆਰੇ ! ਉਸ ਦੇ ਸਾਰੇ ਦੁੱਖ ਨਾਸ ਹੋ ਜਾਂਦੇ ਹਨ, ਉਹ ਸਦਾ ਲਈ ਆਤਮ ਅਨੰਦ ਵਿਚ ਟਿਕਾਣਾ ਬਣਾ ਲੈਂਦਾ ਹੈ, ਕਿਉਂਕਿ, ਉਹ ਤ੍ਰਿਸ਼ਨਾ ਵਲੋਂ ਪੂਰਨ ਤੌਰ ਤੇ ਰੱਜਿਆ ਰਹਿੰਦਾ ਹੈ ।੭।

22. ਹੇ ਭਾਈ ! ਉਹੀ ਮਾਲਕ ਪ੍ਰਭੂ ਅਸਾਂ ਜੀਵਾਂ ਦਾ (ਅਸਲ) ਮਿੱਤਰ ਹੈ ।

23. ਉਹ ਪੂਰਨ ਦਿਲ ਦੀ ਜਾਨਣ ਵਾਲਾ ਪ੍ਰਭੂ ਹਰੇਕ ਥਾਂ ਵਿਚ ਵਸ ਰਿਹਾ ਹੈ ।

24. ਹੇ ਪਿਆਰੇ ! ਪ੍ਰਮੇਸ਼ਰ ਦਾ ਨਾਮ ਸਿਮਰ ਕੇ ਮਨੁੱਖ ਆਪਣੇ ਸਾਰੇ ਚਿੰਤਾ ਫਿਕਰ ਮਿਟਾ ਲੈਂਦਾ ਹੈ ।੮।

25. ਹਰਿ ਕਾ ਨਾਮੁ ਕੋਟਿ ਲਖ ਬਾਹਾ ॥
26. ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥
27. ਗਿਆਨ ਖੜਗੁ ਕਰਿ ਕਿਰਪਾ ਦੀਨਾ
ਦੂਤ ਮਾਰੇ ਕਰਿ ਧਾਈ ਹੇ ॥੯॥
28. ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥
29. ਜੀਤਿ ਆਵਹੁ ਵਸਹੁ ਘਰਿ ਅਪਨੇ ॥
30. ਲਖ ਚਉਰਾਸੀਹ ਨਰਕ ਨ ਦੇਖਹੁ
ਰਸਕਿ ਰਸਕਿ ਗੁਣ ਗਾਈ ਹੇ ॥੧੦॥
31. ਖੰਡ ਬ੍ਰਹਮੰਡ ਉਧਾਰਣਹਾਰਾ ॥
32. ਊਚ ਅਥਾਹ ਅਗੰਮ ਅਪਾਰਾ ॥
33. ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ
ਸੋ ਜਨੁ ਤਿਸਹਿ ਧਿਆਈ ਹੇ ॥੧੧॥
34. ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥
35. ਕਰਿ ਕਿਰਪਾ ਕੀਨੇ ਘਰ ਗੋਲੇ ॥
36. ਅਨਹਦ ਰੁਣ ਝੁਣਕਾਰੁ ਸਹਜ ਧੁਨਿ
ਸਾਚੀ ਕਾਰ ਕਮਾਈ ਹੇ ॥੧੨॥

ਪਦ ਅਰਥ :—ਕੋਟਿ—ਕ੍ਰੋੜ । ਬਾਹਾ—ਬਾਹਾਂ, ਸਾਥੀ, ਮਦਦਗਾਰ । ਜਸੁ ਕੀਰਤਨੁ—ਸਿਫਤ ਸਲਾਹ । ਸੰਗਿ ਤਾਹਾ—ਉਸ (ਮਨੁੱਖ) ਦੇ ਪਾਸ । ਖੜਗੁ—ਤਲਵਾਰ । ਕਰਿ—ਕਰ ਕੇ । ਦੂਤ—(ਕਾਮਾਦਿਕ) ਵੈਰੀ । ਧਾਈ—ਹੱਲਾ ।੯।

ਜਪੁ ਜਪਨੇ—ਜਪਣ ਜੋਗ ਜਪ । ਜੀਤਿ—ਜਿੱਤ ਕੇ । ਘਰਿ ਅਪਨੇ—ਆਪਣੇ ਘਰ ਵਿਚ, ਸ੍ਵੈ ਸਰੂਪ ਵਿਚ, ਪ੍ਰਭੂ ਚਰਨਾਂ ਵਿਚ । ਰਸਕਿ—ਰਸ ਨਾਲ, ਪ੍ਰੇਮ ਨਾਲ । ਗਾਈ—ਗਾਂਦਾ ਹੈ ।੧੦।

ਉਧਾਰਣਹਾਰਾ—ਵਿਕਾਰਾਂ ਤੋਂ ਬਚਾ ਸਕਣ ਵਾਲਾ । ਅਥਾਹ—ਬਹੁਤ ਹੀ ਡੂੰਘਾ । ਅਗੰਮ—ਅਪਹੁੰਚ । ਤਿਸਹਿ—ਤਿਸ ਹੀ, ਉਸ ਪ੍ਰਮਾਤਮਾਂ ਨੂੰ ਹੀ ।੧੧।

ਤੋੜਿ—ਤੋੜ ਕੇ । ਪ੍ਰਭਿ—ਪ੍ਰਭੂ ਨੇ । ਘਰ ਗੋਲੇ—ਘਰ ਦੇ ਸੇਵਕ । ਅਨਹਦ—ਇਕ ਰਸ, ਲਗਾਤਾਰ, ਬਿਨਾ ਵਜਾਏ ਵਜ ਰਿਹਾ । ਰੁਣ ਝੁਣ—ਮਿੱਠਾ, ਸੁਰੀਲਾ ਰਾਗ । ਰੁਣ ਝੁਣਕਾਰੁ—ਲਗਾਤਾਰ ਹੋ ਰਿਹਾ ਮਿੱਠਾ ਸੁਰੀਲਾ ਰਾਗ । ਸਹਜ—ਆਤਮਕ ਅਡੋਲਤਾ । ਧੁਨਿ—ਸੁਰ । ਸਾਚੀ—ਸਦਾ ਕਾਇਮ ਰਹਿਣ ਵਾਲੀ ।੧੨।

ਅਰਥ :—

ਪ੍ਰ:—ਗੁਰਦੇਵ ਜੀਉ ! ਜਿਵੇਂ ਮਨੁੱਖ ਸੰਸਾਰਕ ਵੈਰੀ ਲੋਕਾਂ ਤੋਂ ਬਚਣ ਲਈ ਆਪਣੇ ਮਿੱਤਰਾਂ, ਦੋਸਤਾਂ ਦਾ ਆਸਰਾ, ਸਹਾਰਾ ਭਾਲਦਾ ਹੈ, ਇਵੇਂ ਕਾਮਾਦਿਕ ਵੈਰੀਆਂ ਦਾ ਟਾਕਰਾ ਕਰਨ ਲਈ ਮਨੁੱਖ ਨੂੰ ਕਿਹੜਾ ਸਹਾਰਾ ਲੈਣਾ ਚਾਹੀਦਾ ਹੈ ?

25. ਉ:—ਹੇ ਭਾਈਓ ! ਜਿਵੇਂ ਪ੍ਰਤਖ ਸੰਸਾਰਕ ਵੈਰੀਆਂ ਦਾ ਟਾਕਰਾ ਕਰਨ ਲਈ ਬਹੁਤੀਆਂ ਬਾਹਾਂ, ਬਹੁਤੇ ਭਰਾ ਤੇ ਸਾਥੀ ਮਨੁੱਖ ਵਾਸਤੇ ਸਹਾਰਾ ਹੁੰਦੇ ਹਨ, ਤਿਵੇਂ ਕਾਮਾਦਿਕ ਵੈਰੀਆਂ ਦੇ ਟਾਕਰੇ ਤੇ ਮਨੁੱਖ ਵਾਸਤੇ ਸਾਈਂ ਜੀ ਦਾ ਨਾਮ (ਮਾਨੋ) ਲੱਖਾਂ ਕਰੋੜਾਂ ਬਾਹਾਂ ਹੈ ।

26. ਹੇ ਪਿਆਰੇ ! ਪ੍ਰਮਾਤਮਾਂ ਦਾ ਜੱਸ ਕੀਰਤਨ, ਉਸ ਦੇ ਪਾਸ (ਸੱਚਾ) ਧਨ ਹੈ ।

ਪ੍ਰ:—ਸ੍ਰੀ ਜੀਉ ! ਪ੍ਰਤੱਖ ਵੈਰੀਆਂ ਨੂੰ ਮਾਰਨ ਲਈ ਤਾਂ ਤਲਵਾਰ ਦਾ ਆਸਰਾ ਲਈਦਾ ਹੈ, ਪਰ, ਕਾਮਾਦਿਕ ਦੁਸ਼ਮਣਾਂ ਨੂੰ ਮਾਰਨ ਲਈ ਮਨੁੱਖ ਪਾਸ ਕਿਹੜੀ ਤਲਵਾਰ ਹੋਣੀ ਚਾਹੀਦੀ ਹੈ, ਜਿਸ ਦੀ ਬਰਕਤ ਨਾਲ ਕਾਮਾਦਿਕ ਵੈਰੀ ਮਾਰੇ ਜਾਣ ?

27. ਉ—ਹੇ ਭਾਈ ! ਉਹ ਪ੍ਰਮੇਸ਼ਰ ਜਿਸ ਮਨੁੱਖ ਨੂੰ ਆਤਮਕ ਜੀਵਨ ਦੀ ਸੂਝ ਦੀ ਤਲਵਾਰ ਕਿਰਪਾ ਕਰ ਕੇ ਦੇਂਦਾ ਹੈ, ਉਹ ਮਨੁੱਖ ਹੱਲਾ ਕਰ ਕੇ ਕਾਮਾਦਿਕ ਵੈਰੀਆਂ ਨੂੰ ਮਾਰ ਲੈਂਦਾ ਹੈ ।੯।

ਪ੍ਰ:—ਗੁਰਦੇਵ ਜੀਉ ! ਅਸੀਂ ਤਾਂ ਕਮਜ਼ੋਰ ਮਨਾਂ ਵਾਲੇ ਕਲਜੁਗੀ ਜੀਵ ਹਾਂ, ਸਾਨੂੰ ਇਨ੍ਹਾਂ ਕਾਮਾਦਿਕ ਵੈਰੀਆਂ ਨੂੰ ਜਿੱਤ ਕੇ ਆਪਣੇ ਅਸਲ ਘਰ ਵਿਚ ਟਿਕੇ ਰਹਿਣ ਦਾ ਕੋਈ ਉਪਾਉ ਦਸੋ ?

28. ਉ:—ਐ ਪਿਆਰਿਓ ! ਇਕੋ ਹੀ ਉਪਾਉ ਹੈ ਕਿ ਤੁਸੀਂ ਪ੍ਰਮੇਸ਼ਰ ਦੇ ਨਾਮ ਦਾ ਜਾਪ ਜਪਿਆ ਕਰੋ, ਇਹੀ ਜਪਣ ਜੋਗ ਜਪ ਹੈ ।

29. ਹੇ ਪਿਆਰੇ ! ਇਸੇ ਨਾਮ ਜਪਣ ਦੀ ਬਰਕਤ ਨਾਲ ਤੁਸੀਂ ਕਾਮਾਦਿਕ ਵੈਰੀਆਂ ਨੂੰ ਜਿੱਤ ਕੇ ਆਪਣੇ ਅਸਲ ਘਰ ਵਿਚ ਟਿਕੇ ਰਹੋਗੇ ।

30. (ਇਸ ਤਰ੍ਹਾਂ, ਤੁਹਾਨੂੰ) ਚੌਰਾਸੀ ਲੱਖ ਜੂਨਾਂ ਦੇ ਨਰਕ ਵੇਖਣੇ ਨਹੀਂ ਪੈਣਗੇ, (ਜਿਹੜਾ ਮਨੁੱਖ) ਪ੍ਰੇਮ ਨਾਲ ਪ੍ਰਭੂ ਦੇ ਗੁਣ ਗਾਂਦਾ ਹੈ, (ਉਸ ਨੂੰ ਇਹ ਫਲ ਪ੍ਰਾਪਤ ਹੁੰਦਾ ਹੈ) ।੧੦।

ਪ੍ਰ:—ਕਿਉਂ ਜੀ ! ਉਸ ਪ੍ਰਭੂ ਜੀ ਦੀ ਕਿਤਨੀ ਕੁ ਮਹਾਨ ਸ਼ਕਤੀ ਹੈ ?

31. ਉ:—ਹੇ ਭਾਈਓ ! ਉਹ ਪ੍ਰਮਾਤਮਾਂ ਖੰਡਾਂ ਬ੍ਰਹਮੰਡਾਂ ਦੇ ਜੀਵਾਂ ਨੂੰ ਵਿਕਾਰਾਂ ਤੋਂ ਬਚਾਣ ਜੋਗ ਹੈ ।

32. ਉਹ ਪ੍ਰਭੂ ਉਚਾ ਹੈ, ਅਥਾਹ ਹੈ, ਅਪਹੁੰਚ ਹੈ, ਬੇਅੰਤ ਹੈ ।

ਪ੍ਰ:—ਸ੍ਰੀ ਜੀਉ ! ਅਜਿਹੇ ਪ੍ਰਭੂ ਨੂੰ ਸਾਰੇ ਹੀ ਜੀਵ ਕਿਉਂ ਨਹੀਂ ਸਿਮਰਦੇ ?

33. ਉ:—ਹੇ ਪਿਆਰੇ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ

ਜਿਸ ਮਨੁੱਖ ਉਤੇ ਉਹ ਆਪਣੀ ਕ੍ਰਿਪਾ ਕਰਦਾ ਹੈ, ਉਹੀ ਮਨੁੱਖ ਉਸੇ ਪ੍ਰਭੂ ਨੂੰ ਸਿਮਰਦਾ ਰਹਿੰਦਾ ਹੈ ।੧੧।

34. ਹੇ ਭਾਈ ! ਜਿਸ ਮਨੁੱਖ ਦੇ ਪ੍ਰਭੂ ਜੀ ਨੇ (ਮਾਇਆ ਦੇ ਮੋਹ ਦੇ) ਬੰਧਨ ਤੋੜ ਕੇ ਆਪਣਾ ਬਣਾ ਲਿਆ ।

35. ਅਤੇ ਮਿਹਰ ਕਰ ਕੇ ਜਿਸ ਨੂੰ ਉਸ ਨੇ ਆਪਣੇ ਘਰ ਦਾ ਦਾਸ ਬਣਾ ਲਿਆ ।

36. ਉਹ ਮਨੁੱਖ ਸਦਾ ਥਿਰ ਹਰਿ ਨਾਮ ਸਿਮਰਨ ਦੀ ਕਾਰ (ਹੀ) ਕਰਦਾ ਹੈ, ਉਸ ਦੇ ਅੰਦਰ ਆਤਮਕ ਅਡੋਲਤਾ ਦੀ ਤਾਰ ਬੱਝੀ ਰਹਿੰਦੀ ਹੈ ਉਸ ਦੇ ਅੰਦਰ ਸਿਫਤ ਸਲਾਹ ਦਾ (ਮਾਨੋਂ) ਲਗਾਤਾਰ ਮਿੱਠਾ ਸੁਰੀਲਾ ਰਾਗ ਹੁੰਦਾ ਰਹਿੰਦਾ ਹੈ ।੧੨।

37. ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥
38. ਬਿਨਸਿ ਗਈ ਹਉਮੈ ਮਤਿ ਮੇਰੀ ॥
39. ਅੰਗੀਕਾਰੁ ਕੀਆ ਪ੍ਰਭਿ ਅਪਨੈ
ਜਗ ਮਹਿ ਸੋਭ ਸੁਹਾਈ ਹੇ ॥੧੩॥
40. ਜੈ ਜੈਕਾਰੁ ਜਪਹੁ ਜਗਦੀਸੈ ॥
41. ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥
42. ਤਿਸੁ ਬਿਨੁ ਦੂਜਾ ਅਵਰੁ ਨ ਦੀਸੈ
ਏਕਾ ਜਗਤਿ ਸਬਾਈ ਹੇ ॥੧੪॥
43. ਸਤਿ ਸਤਿ ਸਤਿ ਪ੍ਰਭੁ ਜਾਤਾ ॥
44. ਗੁਰ ਪਰਸਾਦਿ ਸਦਾ ਮਨੁ ਰਾਤਾ ॥
45. ਸਿਮਰਿ ਸਿਮਰਿ ਜੀਵਹਿ ਜਨ ਤੇਰੇ
ਏਕੰਕਾਰਿ ਸਮਾਈ ਹੇ ॥੧੫॥
46. ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥
47. ਸਭੈ ਉਧਾਰਣੁ ਖਸਮੁ ਹਮਾਰਾ ॥
48. ਸਿਮਰਿ ਨਾਮੁ ਪੁੰਨੀ ਸਭ ਇਛਾ
ਜਨ ਨਾਨਕ ਪੈਜ ਰਖਾਈ ਹੇ ॥੧੬॥੧॥

ਪਦ ਅਰਥ :—ਮਨਿ—(ਜਿਸ ਮਨੁੱਖ ਦੇ) ਮਨ ਵਿਚ। ਪਰਤੀਤਿ—ਸ਼ਰਧਾ । ਪ੍ਰਭ—ਹੇ ਪ੍ਰਭੂ । ਮਤਿ ਮੇਰੀ—'ਮੇਰੀ ਮੇਰੀ' ਕਰਨ ਵਾਲੀ ਮਤਿ, ਮਮਤਾ ਵਾਲੀ ਮਤਿ ।

ਅੰਗੀਕਾਰੁ—ਪੱਖ । ਪ੍ਰਭਿ—ਪ੍ਰਭੂ ਨੇ । ਸੋਭ—ਸੋਭਾ। ਸੁਹਾਈ—ਸੋਹਣੀ ਬਣੀ ।੧੩।

ਜੈ ਜੈਕਾਰੁ-ਸਿਫਤ ਸਲਾਹ । ਜਗਦੀਸੈ—ਜਗਦੀਸ ਦੀ, ਜਗਤ ਦੇ ਮਾਲਕ (ਜਗਤ-ਈਸ) । ਜਾਈ—ਜਾਈਂ, ਮੈਂ ਜਾਂਦਾ ਹਾਂ। ਈਸ—ਈਸ਼੍ਵਰ । ਜਗਤਿ ਸਬਾਈ—ਸਾਰੇ ਜਗਤ ਵਿਚ ।੧੪।

ਸਤਿ—ਸਦਾ ਕਾਇਮ ਰਹਿਣ ਵਾਲਾ । ਪਰਸਾਦਿ—ਕ੍ਰਿਪਾ ਨਾਲ । ਰਾਤਾ—ਰੰਗਿਆ ਹੋਇਆ । ਸਿਮਰਿ—ਸਿਮਰਕੇ । ਏਕੰਕਾਰਿ—ਇਕ ਓਅੰਕਾਰ ਵਿਚ,ਸਰਬ ਵਿਆਪਕ ਵਿਚ।੧੫।

ਉਧਾਰਣੁ—ਪਾਰ ਲੰਘਾਣ ਜੋਗਾ । ਪੁੰਨੀ—ਪੂਰੀ ਹੋਈ । ਪੈਜ—ਲਾਜ, ਇੱਜ਼ਤ ।੧੬।

ਅਰਥ :—

ਪ੍ਰ:—ਗੁਰਦੇਵ ਜੀਉ ! ਮਨੁੱਖ ਦੇ ਮਨ ਵਿਚ ਹਉਮੈਂ ਦਾ ਬੜਾ ਹੀ ਬਲਵਾਨ ਰੋਗ ਹੈ, ਇਸ ਨੂੰ ਕਿਵੇਂ ਦੂਰ ਕੀਤਾ ਜਾਵੇ ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

37. ਉ:—ਹੇ ਭਾਈਓ ! ਮੈਂ ਤਾਂ ਇਉਂ ਹੀ ਵਿਸ਼ਵਾਸ਼ ਰਖਦਾ ਹਾਂ ਕਿ, ਹੇ ਪ੍ਰਭੂ ! ਜਿਸ ਮਨੁੱਖ ਦੇ ਮਨ ਵਿਚ ਤੇਰੀ ਸ਼ਰਧਾ ਬਣ ਜਾਂਦੀ ਹੈ ।

38. ਉਸ ਦੇ ਅੰਦਰੋਂ ਹਉਮੈਂ ਦੂਰ ਹੋ ਜਾਂਦੀ ਹੈ, ਉਸ ਦੀ ਮਮਤਾ ਵਾਲੀ ਬੁਧੀ ਨਾਸ ਹੋ ਜਾਂਦੀ ਹੈ ।

39. ਐ ਪਿਆਰੇ ! ਜਿਸ ਮਨੁੱਖ ਦੀ ਆਪਣੇ ਪ੍ਰਭੂ ਨੇ ਸਹਾਇਤਾ ਕੀਤੀ ਹੈ, ਉਸ ਦੀ ਸਾਰੇ ਜਗਤ ਵਿਚ ਸੋਭਾ ਚਮਕ ਪਈ ਹੈ ।੧੩।

ਪ੍ਰ:—ਸ੍ਰੀ ਜੀਉ ! ਸਾਡੇ ਕਰਨ ਜੋਗ ਸਹੀ ਸਾਧਨ ਕਿਹੜਾ ਹੈ ?

40. ਉ:—ਹੇ ਭਾਈਓ ! ਤੁਸੀਂ ਜਗਤ ਦੇ ਮਾਲਕ ਪ੍ਰਭੂ ਜੀ ਦੀ (ਹੀ) ਸਿਫਤ ਸਲਾਹ ਕਰਦੇ ਰਹੋ ।

41. ਮੈਂ ਤਾਂ ਆਪਣੇ ਈਸ਼ਵਰ ਪ੍ਰਭੂ ਜੀ ਤੋਂ ਸਦਾ (ਹੀ) ਸਦਕੇ ਜਾਂਦਾ ਹਾਂ ।

42. ਕਿਉਂਕਿ, ਮੈਨੂੰ ਉਸ ਪ੍ਰਭੂ ਤੋਂ ਬਿਨਾ (ਉਸ ਵਰਗਾ) ਹੋਰ ਕੋਈ (ਭੀ) ਨਹੀਂ ਦਿਸਦਾ । (ਮੈਨੂੰ ਨਿਸਚਾ ਹੈ ਕਿ) ਸਾਰੇ ਜਗਤ ਵਿਚ ਉਹ ਇਕ ਆਪ ਹੀ ਆਪ ਹੈ ।੧੪।

ਪ੍ਰ-ਹੇ ਗੁਰੋ ! ਇਹ ਸਾਡਾ ਮਨ ਮਾਇਕੀ ਰੰਗਾਂ ਵਿਚ ਹੀ ਸਦਾ ਰੰਗਿਆ ਰਹਿੰਦਾ ਹੈ, ਦਸੋ ਇਹ ਪ੍ਰਭੂ ਪਿਆਰ ਵਿਚ ਕਿਵੇਂ ਰੰਗਿਆ ਰਹਿ ਸਕਦਾ ਹੈ ?

43. ਉ:—ਹੇ ਭਾਈਓ ! ਜਿਸ ਮਨੁੱਖ ਨੇ ਉਸ ਪ੍ਰਮੇਸ਼ਰ ਜੀ ਨੂੰ ਸਦਾ ਥਿਰ ਸਦਾ ਥਿਰ ਜਾਣ ਲਿਆ ਹੈ ।

44. ਉਸੇ ਦਾ ਮਨ (ਹੀ) ਗੁਰੂ ਦੀ ਕਿਰਪਾ ਨਾਲ ਉਸ ਸਾਈਂ ਜੀ ਦੇ (ਪਿਆਰ ਰੰਗ ਵਿਚ) ਰੰਗਿਆ ਰਹਿੰਦਾ ਹੈ।

45. ਹੇ ਸਾਈਆਂ ਜੀਉ ! ਤੇਰੇ ਸੇਵਕ ਤੇਰਾ ਨਾਮ ਸਿਮਰ ਸਿਮਰ ਕੇ ਆਤਮਕ ਜੀਵਨ ਹਾਸਲ ਕਰਦੇ ਹਨ, ਉਹ ਤੇਰੇ ਸਰਵ ਵਿਆਪਕ ਸਰੂਪ ਵਿਚ (ਹੀ ਸਦਾ) ਲੀਨ ਰਹਿੰਦੇ ਹਨ ।੧੫।

46-47. ਐ ਪਿਆਰੇ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ ਉਹ ਸਾਡਾ ਮਾਲਕ ਪ੍ਰਭੂ ਆਪਣੇ ਭਗਤਾਂ ਦਾ ਪਿਆਰਾ ਹੈ, ਸਭ ਜੀਵਾਂ ਦਾ ਪਾਰ ਉਤਾਰਾ ਕਰਨ ਵਾਲਾ ਹੈ ।

48. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਉਸ ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਉਸ ਦੇ ਭਗਤਾਂ ਦੀ ਹਰੇਕ ਆਸਾ ਪੂਰੀ ਹੁੰਦੀ ਹੈ, ਉਹ ਪ੍ਰਭੂ ਜੀ ਆਪਣੇ ਸੇਵਕਾਂ ਦੀ ਸਦਾ (ਹੀ) ਲਾਜ ਰਖਦਾ ਹੈ ।੧੬।੧।

ਭਾਵਾਰਥ :–ਉਹ ਪਰਮ ਪ੍ਰੀਤਵਾਨ ਜੋਤੀ ਸਰੂਪ ਹਰੀ ਸਰਬ ਕਲਾ ਸਮਰੱਥ ਹੈ, ਉਸ ਨੂੰ ਸਦਾ ਸਿਮਰਦੇ ਰਹਿਣ ਨਾਲ ਹੀ ਜਨਮ ਮਰਨ ਕਟਿਆ ਜਾਂਦਾ ਹੈ।

ਮਾਰੂ ਸੋਲਹੇ ਮਹਲਾ ੫

੧ ੴ ਸਤਿਗੁਰ ਪ੍ਰਸਾਦਿ ॥

1. **ਸੰਗੀ ਜੋਗੀ ਨਾਰਿ ਲਪਟਾਣੀ ॥**
2. **ਉਰਝਿ ਰਹੀ ਰੰਗ ਰਸ ਮਾਣੀ ॥**
3. **ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥੧॥**
4. **ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥**
5. **ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥**
6. **ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥੨॥**
7. **ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥**
8. **ਜੋ ਪਾਵੈ ਸੋ ਆਨਿ ਦਿਖਾਵੈ ॥**
9. **ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥੩॥**
10. **ਧਨ ਕਰੈ ਬਿਨਉ ਦੋਊ ਕਰ ਜੋਰੈ ॥**
11. **ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥**
12. **ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ ॥੪॥**
13. **ਸਗਲੇ ਕਰਮ ਧਰਮ ਜੁਗ ਸਾਧਾ ॥**
14. **ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥**
15. **ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ॥੫॥**

ਪਦ ਅਰਥ :–ਸੰਗੀ–ਸਾਥੀ, 'ਨਾਰਿ' ਦਾ ਸਾਥੀ, ਕਾਇਆ ਦਾ ਸਾਥੀ। ਜੋਗੀ–(ਅਸਲ ਵਿਚ) ਨਿਰਲੇਪ, ਵਿਰਕਤ (ਜੀਵਾਤਮਾਂ) । ਨਾਰਿ–ਇਸਤ੍ਰੀ, ਕਾਇਆਂ । ਲਪਟਾਣੀ–ਲਪਟੀ ਹੋਈ ਹੈ, ਚੰਬੜੀ ਹੋਈ ਹੈ। ਉਰਝਿ ਰਹੀ–ਕਾਇਆਂ ਇਸਤ੍ਰੀ ਜੀਵਾਤਮਾਂ ਜੋਗੀ ਨਾਲ ਉਲਝੀ ਹੋਈ ਹੈ, ਉਸ ਨੂੰ ਆਪਣੇ ਮੋਹ ਵਿਚ ਫਸਾ ਰਹੀ ਹੈ। ਕਿਰਤ–ਪਿਛਲੇ ਕੀਤੇ ਕਰਮ। ਕਿਰਤ ਸੰਜੋਗੀ–ਕੀਤੇ ਕਰਮਾਂ ਦੇ ਸੰਜੋਗ ਨਾਲ। ਇਕਤ੍ਰਾ–ਇਕੱਠੇ। ਕਰਤੇ–ਕਰਦੇ ਹਨ ।੧।

ਪਿਰੁ–ਕਾਇਆਂ (ਇਸਤ੍ਰੀ ਦਾ) ਖਸਮ, ਜੀਵਾਤਮਾਂ। ਧਨ–ਇਸਤ੍ਰੀ, ਕਾਇਆਂ। ਤਤੁ–ਤੁਰਤ। ਮਾਨੈ–ਮੰਨਦੀ ਹੈ। ਧਨਹਿ–ਕਾਇਆਂ ਇਸਤ੍ਰੀ ਨੂੰ । ਸੀਗਾਰਿ–ਸ਼ਿੰਗਾਰ ਕੇ । ਸੰਗਾਨੈ–(ਆਪਣੇ) ਨਾਲ । ਮਿਲਿ–ਮਿਲ ਕੇ । ਪ੍ਰਿਉ–ਜੀਵਾਤਮਾਂ, ਪਤੀ ।੨।

ਮਾਗੈ–ਮੰਗਦੀ ਹੈ। ਬਹੁ ਬਿਧਿ–ਕਈ ਤਰ੍ਹਾਂ। ਧਾਵੈ–ਦੌੜਿਆ ਫਿਰਦਾ ਹੈ। ਪਾਵੈ–ਹਾਸਲ ਕਰਦਾ ਹੈ। ਜੋ–ਜੋ ਕੁਝ। ਆਨਿ–ਲਿਆ ਕੇ। ਇਕ ਵਸਤੁ–ਨਾਮ ਪਦਾਰਥ। ਕਉ–ਨੂੰ। ਰਹਤੀ–ਬਣੀ ਰਹਿੰਦੀ ਹੈ ।੩।

ਬਿਨਉ–ਬੇਨਤੀ। ਦੋਊ ਕਰ–ਦੋਵੇਂ ਹੱਥ। ਜੋਰੈ–ਜੋੜਦੀ ਹੈ। ਪ੍ਰਿਅ–ਹੇ ਪਿਆਰੇ । ਪਰਦੇਸਿ–ਪਰਾਏ ਦੇਸ਼ ਵਿਚ। ਘਰਿ ਮੋਰੈ–ਮੇਰੇ ਘਰ ਵਿਚ, ਮੇਰੇ ਵਿਚ ਹੀ। ਗ੍ਰਿਹ ਭੀਤਰਿ–ਮੇਰੇ ਹੀ ਘਰ ਵਿਚ, ਇਸੇ ਕਾਇਆਂ ਵਿਚ। ਜਿਤੁ–ਜਿਸ (ਬਣਜ) ਦੀ ਰਾਹੀਂ ।੪।

ਸਗਲੇ–ਸਾਰੇ । ਸਗਲੇ ਜੁਗ–ਸਾਰੇ ਜੁਗਾਂ ਵਿਚ, ਸਦਾ ਤੋਂ ਹੀ। ਕਰਮ ਧਰਮ ਸਾਧਾ–ਮਿਥੇ ਹੋਏ ਧਾਰਮਕ ਕੰਮ ਕੀਤੇ ਗਏ ਹਨ। ਤਿਲੁ–ਰਤਾ ਭਰ ਭੀ। ਲਾਧਾ–ਲਭਾ। ਸਤਸੰਗੇ–ਸਾਧ ਸੰਗਤ ਵਿਚ। ਅਨੰਦ ਉਲਾਸਾ–ਆਤਮਕ ਅਨੰਦ ।੫।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਜੀਵਾਤਮਾਂ ਅਤੇ ਕਾਇਆਂ ਦੇ ਸੰਬੰਧ ਬਾਰੇ ਕੁਝ ਜਾਣਕਾਰੀ ਕਰਵਾਓ ?

1. **ਉ**:–ਹੇ ਭਾਈਓ ! ਇਹ ਜੀਵਾਤਮਾਂ ਅਸਲ ਵਿਚ ਵਿਰਕਤ ਜੋਗੀ (ਹੈ, ਇਹ ਕਾਇਆਂ) ਇਸਤ੍ਰੀ ਦਾ ਸਾਥੀ ਜਦੋਂ ਬਣ ਜਾਂਦਾ ਹੈ, ਤਾਂ ਕਾਇਆਂ ਇਸਤ੍ਰੀ (ਇਸ ਨਾਲ) ਲਪਟੀ ਰਹਿੰਦੀ ਹੈ।
2. ਇਸ ਨੂੰ ਆਪਣੇ ਮੋਹ ਵਿਚ ਫਸਾਂਦੀ ਰਹਿੰਦੀ ਹੈ, ਤੇ ਇਸ ਨਾਲ ਮਾਇਆ ਦੇ ਰੰਗ ਰਸ ਮਾਣਦੀ ਰਹਿੰਦੀ ਹੈ।

ਪ੍ਰ:–ਸ੍ਰੀ ਜੀਉ ! ਇਸ ਕਾਇਆਂ ਤੇ ਜੀਵਾਤਮਾਂ ਦਾ ਪ੍ਰਸਪਰ ਸੰਬੰਧ ਕਿਵੇਂ ਹੋਇਆ ਹੈ ?

3. **ਉ**:–ਹੇ ਭਾਈ ! ਅਸਲ ਵਿਚ ਇਹ ਕੀਤੇ ਕਰਮਾਂ ਦੇ ਸੰਜੋਗਾਂ ਨਾਲ (ਜੀਵਾਤਮਾਂ ਤੇ ਕਾਇਆਂ) ਪਰਸਪਰ ਇਕੱਠੇ ਹੁੰਦੇ ਹਨ ਤੇ (ਦੁਨੀਆਂ ਦੇ) ਭੋਗ ਬਿਲਾਸ ਕਰਦੇ ਰਹਿੰਦੇ ਹਨ ।੧।

ਪ੍ਰ:–ਕਿਉਂ ਜੀ ! ਇਨ੍ਹਾਂ ਦੋਨਾਂ ਵਿਚੋਂ ਹੁਕਮ ਕਿਸ ਦਾ ਚਲਦਾ ਹੈ ?

4. **ਉ**:–ਹੇ ਭਾਈ ! ਅਸਲ ਵਿਚ ਹੁਕਮ ਤਾਂ ਜੀਵਾਤਮਾਂ ਦਾ ਹੀ ਚਲਦਾ ਹੈ, ਕਿਉਂਕਿ, ਜੋ ਕੁਝ ਪਤੀ ਜੀਵਾਤਮਾਂ ਕਾਇਆਂ ਇਸਤ੍ਰੀ ਨੂੰ ਆਖਦਾ ਹੈ ਉਹ ਤੁਰਤ (ਹੀ) ਮੰਨਦੀ ਹੈ, (ਭਾਵ, ਇਹ ਕਾਇਆਂ ਇਸਤ੍ਰੀ, ਜੀਵਾਤਮਾਂ ਪਤੀ ਦੀ ਆਗਿਆ ਕਾਰੀ ਹੈ)।
5. ਪਰ, ਐ ਪਿਆਰੇ ! ਇਹ ਜੀਵਾਤਮਾਂ ਪਤੀ (ਭੀ) ਕਾਇਆਂ ਇਸਤ੍ਰੀ ਨੂੰ ਸਜਾ ਸੰਵਾਰ ਕੇ ਆਪਣੇ ਨਾਲ ਰਖਦਾ ਹੈ।
6. (ਇਸ ਤਰ੍ਹਾਂ) ਇਹ ਦੋਵੇਂ ਮਿਲ ਕੇ ਦਿਨ ਰਾਤ ਇਕੱਠੇ ਵਸਦੇ ਹਨ, ਜੀਵਾਤਮਾਂ ਪਤੀ ਕਾਇਆਂ ਇਸਤ੍ਰੀ ਨੂੰ

(ਕਈ ਤਰ੍ਹਾਂ ਦਾ) ਹੌਂਦਲਾ ਦੇਂਦਾ ਰਹਿੰਦਾ ਹੈ ।੨।

7. ਪਰ, ਐ ਪਿਆਰੇ ! ਇਹ ਕਾਇਆਂ ਇਸਤ੍ਰੀ (ਭੀ ਜੋ ਕੁਝ) ਮੰਗਦੀ ਹੈ, (ਉਹ ਹਾਸਲ ਕਰਨ ਵਾਸਤੇ) ਜੀਵਾਤਮਾਂ ਪਤੀ ਕਈ ਤਰ੍ਹਾਂ ਦੀ ਦੌੜ ਭੱਜ ਕਰਦਾ ਫਿਰਦਾ ਹੈ ।

8. ਜੋ ਭੀ ਕੁਝ ਉਸ ਨੂੰ ਲਭਦਾ ਹੈ. ਉਹ ਲਿਆ ਕੇ (ਆਪਣੀ ਕਾਇਆਂ ਨੂੰ) ਵਿਖਾ ਦੇਂਦਾ ਹੈ ।

9. ਪਰ, ਹੇ ਭਾਈ ! ਇਸ ਦੌੜ ਭੱਜ ਵਿਚ ਇਸ ਨੂੰ ਨਾਮ ਪਦਾਰਥ ਨਹੀਂ ਲਭ ਸਕਦਾ, (ਸੋ ਇਸ ਲਈ, ਨਾਮ ਪਦਾਰਥ ਤੋਂ ਬਿਨਾ) ਕਾਇਆਂ ਇਸਤ੍ਰੀ ਦੀ (ਮਾਇਆ ਵਾਲੀ) ਭੁੱਖ ਤ੍ਰੇਹ ਟਿਕੀ (ਹੀ) ਰਹਿੰਦੀ ਹੈ ।੩।

10. ਐ ਪਿਆਰੇ ! ਕਾਇਆਂ ਇਸਤ੍ਰੀ ਦੋਵੇਂ ਹੱਥ ਜੋੜਦੀ ਹੈ ਤੇ (ਜੀਵਾਤਮਾਂ ਪਤੀ ਅਗੇ) ਬੇਨਤੀ ਕਰਦੀ ਰਹਿੰਦੀ ਹੈ ।

11. ਕਿ, ਹੇ ਪਿਆਰੇ ! ਮੈਨੂੰ ਛਡ ਕੇ ਕਿਸੇ ਹੋਰ ਦੇਸ਼ ਵਿਚ ਨਾ ਤੁਰ ਜਾਈਂ, ਮੇਰੇ ਹੀ ਇਸ ਘਰ ਵਿਚ ਟਿਕਿਆ ਰਹੀਂ (ਭਾਵ ਹੈ ਕਿ ਬਾਹਰ ਨਾ ਭਟਕੋ) ।

ਪ੍ਰ:—ਜੀਵਾਤਮਾਂ ਵਲੋਂ ਪੁਛ ਕੀਤੀ ਗਈ ਹੈ ਕਿ, ਮੈਨੂੰ ਕਰਨਾ ਕੀ ਚਾਹੀਦਾ ਹੈ ?

12. ਉ:—ਤਾਂ ਕਾਇਆਂ ਵਲੋਂ ਉੱਤਰ ਆਇਆ ਕਿ, ਹੇ ਪਤੀ ਜੀਵਾਤਮਾਂ ਤੂੰ ਇਸੇ ਘਰ ਵਿਚ ਕੋਈ ਐਸਾ ਵਣਜ ਕਰਦਾ ਰਹੁ, ਜਿਸ ਨਾਲ ਮੇਰੀ ਭੁੱਖ ਤ੍ਰੇਹ ਮਿਟਦੀ ਰਹੇ, (ਮੇਰੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ) ।੪।

ਪ੍ਰ:—ਕਿਉਂ ਜੀ ! ਕੀ ਸਾਨੂੰ ਮਿਥੇ ਹੋਏ ਕਰਮ ਧਰਮ ਕਰਦੇ ਰਹਿਣ ਨਾਲ ਸੁਖ ਦੀ ਪ੍ਰਾਪਤੀ ਨਹੀਂ ਹੋ ਸਕੇਗੀ ?

13. ਉ:—ਐ ਪਿਆਰੇ ! ਵੇਖ, ਸਦਾ ਤੋਂ ਹੀ ਲੋਕ ਮਿਥੇ ਹੋਏ ਧਾਰਮਿਕ ਕਰਮ ਕਰਦੇ ਆਏ ਹਨ ।

14. ਪਰ, ਹਰਿ ਨਾਮ ਦੇ ਸੁਆਦ ਤੋਂ ਬਿਨਾ ਕਿਸੇ ਨੂੰ ਭੀ ਰਤਾ ਭਰ ਸੁਖ ਨਹੀਂ ਲਭ ਸਕਿਆ ।

ਪ੍ਰ:—ਕਿਉਂ ਜੀ ! ਆਖਰ, ਆਤਮਕ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ ?

15. ਉ:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਦੋਂ ਸਾਧ ਸੰਗਤ ਵਿਚ ਪ੍ਰਮੇਸ਼ਰ ਜੀ ਦੀ ਕ੍ਰਿਪਾ ਹੁੰਦੀ ਹੈ, ਤਾਂ ਇਹ ਜੀਵਾਤਮਾਂ ਅਤੇ ਕਾਇਆਂ ਮਿਲ ਕੇ (ਨਾਮ ਦੀ ਬਰਕਤ ਨਾਲ) ਆਤਮਕ ਅਨੰਦ ਮਾਣਦੇ ਹਨ ।੫।

16. ਧਨ ਅੰਧੀ ਪਿਰੁ ਚਪਲੁ ਸਿਆਨਾ ॥
17. ਪੰਚ ਤਤੁ ਕਾ ਰਚਨੁ ਰਚਾਨਾ ॥
18. ਜਿਸੁ ਵਖਰ ਕਉ ਤੁਮ ਆਏ ਹਹੁ
ਸੋ ਪਾਇਓ ਸਤਿਗੁਰ ਪਾਸਾ ਹੇ ॥੬॥
19. ਧਨ ਕਹੈ ਤੂ ਵਸੁ ਮੈ ਨਾਲੇ ॥
20. ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥
21. ਤੁਝੈ ਬਿਨਾ ਹਉ ਕਿਤ ਹੀ ਨ ਲੇਖੈ
ਵਚਨੁ ਦੇਹਿ ਛੋਡਿ ਨ ਜਾਸਾ ਹੇ ॥੭॥
22. ਪਿਰਿ ਕਹਿਆ ਹਉ ਹੁਕਮੀ ਬੰਦਾ ॥
23. ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥
24. ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ
ਜਾ ਸਦੇ ਤ ਊਠਿ ਸਿਧਾਸਾ ਹੇ ॥੮॥
25. ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥
26. ਧਨ ਕਛੂ ਨ ਸਮਝੈ ਚੰਚਲਿ ਕਾਚੇ ॥
27. ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ
ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥
28. ਆਈ ਆਗਿਆ ਪਿਰਹੁ ਬੁਲਾਇਆ ॥
29. ਨਾ ਧਨ ਪੁਛੀ ਨ ਮਤਾ ਪਕਾਇਆ ॥
30. ਊਠਿ ਸਿਧਾਇਓ ਛੂਟਰਿ ਮਾਟੀ
ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥

ਪਦ ਅਰਥ :—ਧਨ—ਕਾਇਆਂ (ਇਸਤ੍ਰੀ) । ਅੰਧੀ—ਮਾਇਆ ਗ੍ਰਸੀ, ਮਾਇਆ ਦੇ ਮੋਹ ਵਿਚ ਅੰਨ੍ਹੀ । ਪਿਰੁ—ਜੀਵਾਤਮਾਂ ਪਤੀ । ਚਪਲੁ—ਚੰਚਲ । ਸਿਆਨਾ—ਚਤੁਰ । ਪੰਚ ਤਤੁ ਕਾ ਰਚਨੁ—ਦੁਨੀਆਂ ਵਾਲੀ ਖੇਡ । ਰਚਾਨਾ—ਖੇਡ ਰਿਹਾ ਹੈ । ਵਖਰੁ ਕਉ—ਨਾਮ ਪਦਾਰਥ ਵਾਸਤੇ ।੬।

ਮੈ ਨਾਲੇ—ਮੇਰੇ ਨਾਲ । ਪ੍ਰਿਅ ਸੁਖਵਾਸੀ—ਹੇ ਸੁਖ ਰਹਿਣੇ ਪਿਆਰੇ । ਬਾਲ ਗੁਪਾਲੇ—ਹੇ ਲਾਡਲੇ ਸੱਜਣ । ਹਉ—ਮੈਂ । ਕਿਤਹੀ ਲੇਖੈ—ਕਿਸੇ ਹੀ ਲੇਖੇ ਵਿਚ, ਕਾਸੇ ਜੋਗੀ । ਵਚਨੁ ਦੇਹਿ—ਇਕਰਾਰ ਕਰ । ਨ ਜਾਸਾ—ਨ ਜਾਸਾਂ, ਨਹੀਂ ਜਾਵਾਂਗਾ ।੭।

ਪਿਰਿ—ਪਿਰ ਨੇ । ਹਉ—ਮੈਂ । ਕਾਣਿ—ਡਰ । ਛੰਦਾ—ਮੁਥਾਜੀ । ਜਿਚਰੁ—ਜਿਤਨਾ ਚਿਰ । ਸਦੇ—ਸੱਦੇ । ਜਾ—ਜਦੋਂ । ਸਿਧਾਸਾ - ਸਿਧਾਸਾਂ, ਮੈਂ ਚਲਾ ਜਾਵਾਂਗਾ ।੮।

ਜਾ—ਜਦੋਂ । ਕਹੇ—ਆਖਦਾ ਹੈ । ਪ੍ਰਿਅ—ਪਿਆਰਾ (ਜੀਵਾਤਮਾਂ) । ਬਹੁਰਿ ਬਹੁਰਿ—ਮੁੜ ਮੁੜ । ਸੰਗੁ ਸਾਥ । ਓਹੁ—ਜੀਵਾਤਮਾਂ । ਹਾਸਾ—ਮਖੌਲ ।੯।

ਆਗਿਆ ਪਿਰਹੁ—ਪ੍ਰਭੂ ਪਤੀ ਵਲੋਂ ਹੁਕਮ । ਮਤਾ—ਸਲਾਹ । ਉਠਿ—ਉਠ ਕੇ । ਛੂਟਰਿ—ਛੁੱਟੜ । ਮਿਥਨ ਮੋਹਾਸਾ—ਮੋਹ ਦਾ ਝੂਠਾ ਪਸਾਰਾ ।੧੦।

ਅਰਥ :—

ਪ੍ਰ:—ਕਿਉਂ ਜੀ ! ਇਹ ਜੀਵਾਤਮਾਂ ਕਾਇਆਂ ਦਾ ਸੰਜੋਗੀ ਹੋ ਕੇ ਆਖਰ ਕਿਰਤ ਕੀ ਕਰਦਾ ਹੈ ?

16-17. ਉ:—ਹੇ ਪਿਆਰੇ ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਇਸ ਮਾਇਆ ਗ੍ਰਸੀ ਕਾਇਆਂ ਦੀ ਸੰਗਤ ਵਿਚ (ਮਿਲ ਕੇ) ਜੀਵਾਤਮਾਂ ਚੰਚਲ ਚਤਰ ਹੋ ਕੇ ਦੁਨੀਆਂ ਦੀ ਖੇਡ ਹੀ ਖੇਡ ਰਿਹਾ ਹੈ ।

ਪ੍ਰ:-ਸ੍ਰੀ ਜੀਉ ! ਆਖਰ, ਸਾਨੂੰ ਕਰਨਾ ਕੀ ਚਾਹੀਦਾ ਹੈ ?

18. ਉ:-ਹੇ ਭਾਈਓ ! ਜਿਸ (ਨਾਮ) ਪਦਾਰਥ ਦੀ ਖਾਤਰ ਤੁਸੀਂ ਜਗਤ ਵਿਚ ਆਏ ਹੋ, (ਉਹ ਹਾਸਲ ਕਰੋ) ਪਰ, ਉਹ (ਨਾਮ) ਪਦਾਰਥ ਗੁਰੂ ਪਾਸੋਂ ਮਿਲਦਾ ਹੈ ।੬।

ਪ੍ਰ:-ਕਿਉਂ ਜੀ ! ਵੇਖਦੇ ਹਾਂ ਕਿ, ਕਈ ਵਾਰ ਇਸਤ੍ਰੀ ਆਪਣੇ ਪਤੀ ਨੂੰ ਸਦਾ ਹੀ ਆਪਣੇ ਪਾਸ ਰਖਣ ਲਈ ਜੋਦੜੀਆਂ ਅੰਦਰੂਨੀ ਪਿਆਰ ਦਾ ਪ੍ਰਗਟਾਵਾ ਕਰਦੀ ਹੋਈ ਆਪਣੇ ਕਰਦੀ ਹੈ, ਕੀ, ਇਸ ਤਰ੍ਹਾਂ ਕਦੇ ਕਾਇਆਂ ਦਾ ਭੀ ਇਸ ਜੀਵਾਤਮਾਂ ਨਾਲ ਪ੍ਰਸਪਰ ਵਿਚਾਰ ਵਟਾਂਦਰਾ ਹੁੰਦਾ ਹੈ ?

19-20. ਉ:-ਹੇ ਭਾਈ ! ਇਹ ਕਾਇਆਂ (ਭੀ ਜੀਵਾਤਮਾਂ ਨੂੰ) ਆਖਦੀ ਰਹਿੰਦੀ ਹੈ ਕਿ, ਹੇ ਪਿਆਰੇ ! ਤੇ ਸੁਖ ਰਹਿਣੇ ਲਾਡਲੇ ਪਤੀ ਤੂੰ ਸਦਾ ਮੇਰੇ ਨਾਲ ਵਸਦਾ ਰਹੁ ।

21. (ਕਿਉਂਕਿ) ਤੈਥੋਂ ਬਿਨਾ ਮੇਰਾ ਕੁਝ ਭੀ ਮੁੱਲ ਨਹੀਂ ਹੈ, (ਇਸ ਲਈ ਤੂੰ ਮੇਰੇ ਨਾਲ) ਇਕਰਾਰ ਕਰ ਕਿ ਮੈਂ ਤੈਨੂੰ ਛਡ ਕੇ ਨਹੀਂ ਜਾਵਾਂਗਾ ।੭।

ਪ੍ਰ:-ਕਿਉਂ ਜੀ ! ਇਹ ਤਰਲਾ ਸੁਣ ਕੇ ਆਖਰ ਜੀਵਾਤਮਾਂ ਨੇ ਕੀ ਉੱਤਰ ਦਿਤਾ ?

22. ਉ:-ਹੇ ਭਾਈ ! (ਜਦੋਂ ਭੀ ਕਾਇਆਂ ਇਸਤ੍ਰੀ ਨੇ ਇਹ ਤਰਲਾ ਲਿਆ, ਤਦੋਂ ਹੀ) ਜੀਵਾਤਮਾਂ ਪਤੀ ਨੇ ਆਖਿਆ ਕਿ, (ਹੇ ਕਾਇਆ) ਮੈਂ ਤਾਂ (ਉਸ ਪ੍ਰਭੂ ਪਤੀ ਦੇ) ਹੁਕਮ ਵਿਚ ਤੁਰਨ ਵਾਲਾ ਗੁਲਾਮ ਹਾਂ ।

23. ਉਹ ਬੜਾ ਵਡਾ ਮਾਲਕ ਹੈ, ਉਸ ਨੂੰ ਕਿਸੇ ਦਾ ਡਰ ਨਹੀਂ ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ।

24. (ਇਸ ਲਈ, ਉਹ) ਜਿਤਨਾ ਚਿਰ ਮੈਨੂੰ ਤੇਰੇ ਨਾਲ ਰਖੇਗਾ, ਮੈ ਉਤਨਾ ਚਿਰ (ਹੀ) ਰਹਿ ਸਕਦਾ ਹਾਂ, ਜਦੋਂ ਉਹ) ਮੈਨੂੰ ਸੱਦੇਗਾ ਤਦੋਂ ਮੈਂ ਉੱਠ ਕੇ ਤੁਰ ਪਵਾਂਗਾ ।੮।

ਪ੍ਰ:-ਕਿਉਂ ਜੀ ! ਇਨ੍ਹਾਂ ਜੀਵਾਤਮਾਂ ਦੇ ਕਹੇ ਬਚਨਾਂ ਦਾ ਆਖਰ ਉਸ ਕਾਇਆਂ ਤੇ ਕੀ ਅਸਰ ਹੁੰਦਾ ਹੈ ?

25. ਉ:-ਹੇ ਭਾਈਓ ! ਜਦੋਂ ਭੀ ਜੀਵਾਤਮਾਂ ਇਹ ਸੱਚੇ ਬਚਨ ਕਾਇਆਂ ਇਸਤ੍ਰੀ ਨੂੰ ਆਖਦਾ ਹੈ ।

26. (ਤਾਂ ਹੇ ਪਿਆਰੇ) ਅਗੋਂ ਉਹ ਚੰਚਲ ਤੇ ਅਕਲ ਦੀ ਕੱਚੀ ਕੁਝ ਭੀ ਨਹੀਂ ਸਮਝਦੀ ।

27. ਉਹ ਮੁੜ ਮੁੜ ਜੀਵਾਤਮਾਂ ਪਤੀ ਦਾ ਸਾਥ ਹੀ ਮੰਗਦੀ ਹੈ, ਪਰ, ਉਹ ਜੀਵਾਤਮਾਂ (ਅਗੋਂ) ਉਸ ਦੀ ਗਲ ਨੂੰ ਮਖੌਲ (ਹੀ) ਸਮਝ ਛਡਦਾ ਹੈ ।੯।

ਪ੍ਰ:-ਸ੍ਰੀ ਜੀਉ ! ਆਖਰ, ਹੁੰਦਾ ਕੀ ਹੈ ?

28. ਉ:-ਹੇ ਪਿਆਰੇ ! ਜਦੋਂ ਪਤੀ ਪ੍ਰਮਾਤਮਾਂ ਵਲੋਂ ਹੁਕਮ ਆਉਂਦਾ ਹੈ, ਜਦੋਂ ਉਹ ਸੱਦਾ ਭੇਜਦਾ ਹੈ ।

29. (ਤਾਂ) ਜੀਵਾਤਮਾਂ ਨਾ ਹੀ ਕਾਇਆਂ ਇਸਤ੍ਰੀ ਨੂੰ ਪੁੱਛਦਾ ਹੈ, ਨਾ ਹੀ ਉਸ ਨਾਲ ਸਲਾਹ ਕਰਦਾ ਹੈ ।

30. ਹੇ ਭਾਈ ! ਉਹ ਕਾਇਆਂ ਮਿੱਟੀ ਨੂੰ ਛੁੱਟੜ ਕਰਕੇ ਉੱਠਕ ਤੁਰ ਪੈਂਦਾ ਹੈ,ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਵੇਖ,ਇਹ ਹੈ ਮੋਹ ਦਾ ਝੂਠਾ ਪਸਾਰਾ।੧੦।

31. ਰੇ ਮਨ ਲੋਭੀ ਸੁਣਿ ਮਨ ਮੇਰੇ ॥
32. ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
33. ਬਿਨੁ ਸਤਿਗੁਰ ਪਚਿ ਮੂਏ ਸਾਕਤ
ਨਿਗੁਰੇ ਗਲਿ ਜਮ ਫਾਸਾ ਹੇ ॥੧੧॥
34. ਮਨਮੁਖਿ ਆਵੈ ਮਨਮੁਖਿ ਜਾਵੈ ॥
35. ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
36. ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
37. ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥
38. ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥
39. ਸਦਾ ਅਨੰਦੁ ਕਰੇ ਆਨੰਦੀ
ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥
40. ਹਉ ਬਲਿਹਾਰੀ ਸਤਿਗੁਰ ਪੂਰੇ ॥
41. ਸਰਣਿ ਕੇ ਦਾਤੇ ਬਚਨ ਕੇ ਸੂਰੇ ॥
42. ਐਸਾ ਪ੍ਰਭੁ ਮਿਲਿਆ ਸੁਖਦਾਤਾ
ਵਿਛੁੜਿ ਨ ਕਤਹੀ ਜਾਸਾ ਹੇ ॥੧੪॥
43. ਗੁਣ ਨਿਧਾਨ ਕਿਛੁ ਕੀਮ ਨ ਪਾਈ ॥
44. ਘਟਿ ਘਟਿ ਪੂਰਿ ਰਹਿਓ ਸਭ ਠਾਈ ॥
45. ਨਾਨਕ ਸਰਣਿ ਦੀਨ ਦੁਖ ਭੰਜਨ
ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥੧॥੨॥

ਪਦ ਅਰਥ :-ਸੇਵਿ-ਸ਼ਰਨ ਪਿਆ ਰਹੁ । ਸਦੇਰੇ-ਸਦਾ ਹੀ । ਪਚਿ-(ਵਿਕਾਰਾਂ ਦੀ ਅੱਗ ਵਿਚ) ਸੜ ਕੇ । ਮੂਏ-ਆਤਮਕ ਮੌਤ ਸਹੇੜ ਬੈਠੇ । ਸਾਕਤ ਗਲਿ-ਸਾਕਤ ਦੇ ਗਲ ਵਿਚ, ਪ੍ਰਮਾਤਮਾਂ ਤੋਂ ਟੁੱਟੇ ਮਨੁੱਖ ਦੇ ਗਲ ਵਿਚ । ਜਮ ਫਾਸਾ-ਜਮਾਂ ਦਾ ਫਾਹਾ ।੧੧।

ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ । ਆਵੈ-ਜੰਮਦਾ ਹੈ । ਜਾਵੈ-ਮਰਦਾ ਹੈ । ਖਾਵੈ-ਖਾਂਦਾ ਰਹਿੰਦਾ ਹੈ । ਸੇ-ਉਹ । ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ । ਲੇਪੁ-ਲਥੇੜ, ਅਸਰ । ਮਾਸਾ-ਰਤਾ ਭੀ ।੧੨।

ਸੋਇ-ਉਹੀ ਮਨੁੱਖ । ਜਿ-ਜਿਹੜਾ । ਭਾਇਆ-ਚੰਗਾ ਲਗਾ । ਪ੍ਰਭਿ-ਪ੍ਰਭੂ ਨੇ । ਪਹਿਰਾਇਆ-ਸਿਰੋਪਾਉ ਦਿਤਾ, ਸਤਿਕਾਰਿਆ । ਅਨੰਦੀ-ਅਨੰਦ ਦਾਤੇ ਨੂੰ (ਮਿਲ ਕੇ)। ਜਿਸੁ ਗਲਿ-ਜਿਸ ਦੇ ਗਲ ਵਿਚ । ਸਿਰਪਾਉ ਖਾਸਾ-ਵਧੀਆ ਸਿਰੋਪਾਉ ।੧੩।

ਹਉ-ਮੈਂ । ਸੂਰੇ-ਸੂਰਮੇ । ਬਚਨ ਕੇ ਸੂਰੇ-ਸੂਰਮਿਆਂ ਵਾਂਗ ਆਪਣੇ ਬਚਨ ਉਤੇ ਕਾਇਮ ਰਹਿਣ ਵਾਲੇ ।੧੪।

ਗੁਣ ਨਿਧਾਨ-ਗੁਣਾਂ ਦਾ ਖ਼ਜ਼ਾਨਾ । ਕੀਮ-ਕੀਮਤ,

ਕਦਰ। ਘਟਿ ਘਟਿ—ਹਰੇਕ ਸਰੀਰ ਵਿਚ। ਸਭ ਠਾਈ—ਸਭ ਥਾਵਾਂ ਵਿਚ। ਦੀਨ ਦੁਖ ਭੰਜਨ—ਹੇ ਦੀਨਾਂ ਦੇ ਦੁੱਖ ਨਾਸ ਕਰਨ ਵਾਲੇ। ਹਉ—ਮੈਂ। ਰੇਣ—ਚਰਨ ਧੂੜ।੧੫।

ਅਰਥ :—

ਪ੍ਰ:—ਸ੍ਰੀ ਜੀਉ! ਇਹ ਸਾਡਾ ਮਨ ਲੱਭ ਦੀ ਲਹਿਰ ਵਿਚ ਗ੍ਰਸਿਆ ਹੋਇਆ ਸਦਾ ਹੀ ਭਟਕਦਾ ਰਹਿੰਦਾ ਹੈ, ਇਸ ਨੂੰ ਸਮਝਾਂਦੇ ਰਹਿਣ ਲਈ ਕੋਈ ਸ਼ੁਭ ਉਪਦੇਸ਼ ਬਖਸ਼ਸ਼ ਕਰੋ?

31-32. ਉ:—ਹੇ ਭਾਈਓ! ਇਕਾਂਤ ਵਿਚ ਬੈਠ ਕੇ ਇਸ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਉਣ ਦਾ ਜਤਨ ਕਰਦੇ ਰਹੋ ਕਿ, ਹੇ ਮੇਰੇ ਲੋਭੀ ਮਨਾ! (ਮੇਰੀ ਗਲ) ਸੁਣ, (ਤੂੰ) ਦਿਨ ਰਾਤ ਸਦਾ ਹੀ ਗੁਰੂ ਦੀ ਸ਼ਰਨ ਪਿਆ ਰਹੁ।

33. ਕਿਉਂਕਿ, ਹੇ ਮਨਾ! ਵੇਖ, ਗੁਰੂ ਦੀ ਸ਼ਰਨ ਤੋਂ ਬਿਨਾ ਸਾਕਤ ਨਿਗੁਰੇ ਮਨੁੱਖ (ਵਿਕਾਰਾਂ ਦੀ ਅੱਗ ਵਿਚ) ਸੜ ਕੇ ਆਤਮਕ ਮੌਤ ਸਹੇੜੀ ਰਖਦੇ ਹਨ, ਉਨ੍ਹਾਂ ਦੇ ਗਲ ਵਿਚ ਜਮਰਾਜ ਦਾ (ਇਹ) ਫਾਹਾ ਪਿਆ (ਹੀ) ਰਹਿੰਦਾ ਹੈ।੧੧।

34. ਹੇ ਭਾਈ! ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਜੰਮਦਾ ਹੈ, ਮਰਦਾ ਹੈ।

35. (ਉਹ) ਮੁੜ ਮੁੜ ਜਨਮ ਮਰਨ ਦੇ ਗੇੜ ਦੀਆਂ ਚੋਟਾਂ ਖਾਂਦਾ (ਹੀ) ਰਹਿੰਦਾ ਹੈ।

36. ਐ ਪਿਆਰੇ! ਮਨ ਦਾ ਮੁਰੀਦ ਸਾਰੇ ਹੀ ਨਰਕਾਂ ਦੇ ਦੁੱਖ ਭੋਗਦਾ ਹੈ, ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਉਤੇ ਇਨ੍ਹਾਂ ਦਾ ਰਤਾ ਭੀ ਅਸਰ ਨਹੀਂ ਪੈਂਦਾ।੧੨।

ਪ੍ਰ:—ਸ੍ਰੀ ਜੀਉ, ਆਖਰ ਗੁਰਮੁਖ ਕਿਸਨੂੰ ਸਮਝਣਾ ਚਾਹੀਦਾ ਹੈ?

37. ਉ:—ਹੇ ਪਿਆਰੇ! ਉਸੇ ਮਨੁੱਖ ਨੂੰ (ਹੀ) ਗੁਰੂ ਦੇ ਸਨਮੁਖ ਜਾਣੋ, ਜਿਹੜਾ ਪ੍ਰਮੇਸ਼ਰ ਨੂੰ ਚੰਗਾ ਲਗ ਗਿਆ।

38. ਹੇ ਭਾਈ! ਜਿਸ (ਅਜਿਹੇ) ਮਨੁੱਖ ਨੂੰ ਪ੍ਰਮਾਤਮਾਂ ਨੇ ਆਪ ਆਦਰ ਸਤਿਕਾਰ ਦਿਤਾ (ਹੈ)। ਉਸ ਦੀ ਇਸ ਸੋਭਾ ਨੂੰ ਕੋਈ ਮਿਟਾ ਨਹੀਂ ਸਕਦਾ।

39. ਐ ਪਿਆਰੇ! ਜਿਸ ਮਨੁੱਖ ਦੇ ਗਲ ਵਿਚ ਕਰਤਾਰ ਵਲੋਂ ਸੋਹਣਾ ਸਿਰੋਪਾਉ, ਪੈ ਗਿਆ, ਉਹ ਅਨੰਦ ਸਰੂਪ ਪ੍ਰਮਾਤਮਾਂ ਦੇ ਚਰਨਾਂ ਵਿਚ ਜੁੜ ਕੇ ਸਦਾ ਆਤਮਕ ਅਨੰਦ ਮਾਣਦਾ ਹੈ।੧੩।

ਪ੍ਰ:- ਸ੍ਰੀ ਜੀਉ! ਆਪ ਜੀ ਦੇ ਅੰਦਰ ਗੁਰੂ ਦਾ ਕਿਤਨਾ ਕੁ ਸਤਿਕਾਰ ਹੈ?

40 ਉ—ਹੇ ਭਾਈਓ! ਮੈਂ ਤਾਂ ਪੂਰੇ ਗੁਰੂ ਤੋਂ ਸਦਕੇ ਜਾਂਦਾ ਹਾਂ।

41. (ਕਿਉਂਕਿ) ਗੁਰੂ ਸ਼ਰਨ ਪਏ ਦੀ ਸਹਾਇਤਾ ਕਰਨ ਜੋਗਾ ਹੈ, ਗੁਰੂ ਸੂਰਮਿਆਂ ਵਾਂਗ ਬਚਨ ਪਾਲਣ ਵਾਲਾ ਹੈ।

42. ਹੇ ਭਾਈ! ਮੈਨੂੰ ਤਾਂ ਪੂਰੇ ਗੁਰੂ ਦੀ ਮੇਹਰ ਨਾਲ ਅਜਿਹਾ ਸੁਖਾਂ ਦਾ ਦਾਤਾ ਪ੍ਰਮਾਤਮਾਂ ਮਿਲ ਗਿਆ ਹੈ, ਕਿ ਉਸ ਦੇ ਚਰਨਾਂ ਤੋਂ ਵਿਛੜਕੇ ਮੈਂ ਹੋਰ ਕਿਤੇ ਭੀ ਨਹੀਂ ਜਾਵਾਂਗਾ।੧੪।

ਪ੍ਰ:—ਸ੍ਰੀ ਜੀਉ! ਜਦੋਂ ਆਪ ਉਸ ਦਾਤਾਰ ਪਾਸੋਂ ਕੋਈ ਦਾਤ ਮੰਗਣਾ ਚਾਹੋ ਤਾਂ ਕੀ ਮੰਗਦੇ ਹੋ?

43 ਉ:—ਹੇ ਭਾਈ! ਮੇਰੀ ਤਾਂ ਇਕੋ ਹੀ ਮੰਗ ਹੋਇਆ ਕਰਦੀ ਹੈ ਕਿ, ਹੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ, ਤੇਰੀ ਕੀਮਤ ਨਹੀਂ ਪੈ ਸਕਦੀ।

44. ਤੂੰ ਸਭਨੀ ਥਾਈਂ, ਹਰੇਕ ਸਰੀਰ ਵਿਚ ਵਿਆਪਕ ਹੈਂ।

45: ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਦੀਨਾਂ ਦੇ ਦੁੱਖ ਨਾਸ ਕਰਨ ਵਾਲੇ! ਮਿਹਰ ਕਰ, ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ ਬਣਿਆਂ ਰਹਾਂ ਜੋ ਤੇਰੇ ਦਾਸ ਹਨ।੧੫।੧।੨।

(**ਭਾਵਾਰਥ** :—ਦੇਹ ਤੇ ਜੀਵਾਤਮਾਂ ਦੀ ਪ੍ਰਸਪਰ ਗਲਬਾਤ ਕਰਾ ਕੇ ਦਸਦੇ ਹਨ ਕਿ ਇਨ੍ਹਾਂ ਦੋਹਾਂ ਦਾ ਮੇਲ ਸਦੀਵੀ ਨਹੀਂ। ਇਸ ਮੇਲ ਦੀਆਂ ਖੁਸ਼ੀਆਂ ਮਾਨਣ ਨਾਲ ਅਸਲੀ ਖੁਸ਼ੀ ਨਹੀਂ ਮਿਲਦੀ, ਉਹ ਤਾਂ ਹਰੀ ਰਸ ਮਾਨਣ ਨਾਲ ਹੀ ਮਿਲਦੀ ਹੈ, ਪਰ ਇਹ ਹਰੀ ਰਸ ਗੁਰੂ ਤੋਂ ਮਿਲਦਾ ਹੈ।

ਮਾਰੂ ਸੋਲਹੇ ਮਹਲਾ ੫

੧ ਓ ਸਤਿਗੁਰ ਪ੍ਰਸਾਦਿ ॥

1. **ਕਰੈ ਅਨੰਦੁ ਅਨੰਦੀ ਮੇਰਾ ॥**
2. **ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥**
3. **ਸਿਰਿ ਸਾਹਾ ਕੈ ਸਚਾ ਸਾਹਿਬੁ**
   ਅਵਰੁ ਨਾਹੀ ਕੋ ਦੂਜਾ ਹੇ ॥੧॥
4. **ਹਰਖਵੰਤ ਆਨੰਤ ਦਇਆਲਾ ॥**
5. **ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥**
6. **ਰੂਪ ਕਰੇ ਕਰਿ ਵੇਖੈ ਵਿਗਸੈ**
   ਆਪੇ ਹੀ ਆਪਿ ਪੂਜਾ ਹੇ ॥੨॥
7. **ਆਪੇ ਕੁਦਰਤਿ ਕਰੇ ਵੀਚਾਰਾ ॥**
8. **ਆਪੇ ਹੀ ਸਚੁ ਕਰੇ ਪਸਾਰਾ ॥**
9. **ਆਪੇ ਖੇਲ ਖਿਲਾਵੈ ਦਿਨੁ ਰਾਤੀ**
   ਆਪੇ ਸੁਣਿ ਸੁਣਿ ਭੀਜਾ ਹੇ ॥੩॥
10. **ਸਾਚਾ ਤਖਤੁ ਸਚੀ ਪਾਤਿਸਾਹੀ ॥**
11. **ਸਚੁ ਖਜੀਨਾ ਸਾਚਾ ਸਾਹੀ ॥**
12. **ਆਪੇ ਸਚੁ ਧਾਰਿਓ ਸਚੁ ਸਾਚਾ**
    ਸਚੇ ਸਚਿ ਵਰਤੀਜਾ ਹੇ ॥੪॥

ਪਦ ਅਰਥ :—ਕਰੈ ਅਨੰਦ—ਖੁਸ਼ ਹੋ ਰਿਹਾ ਹੈ। ਅਨੰਦੀ—ਅਨੰਦ ਦਾ ਮਾਲਕ ਪ੍ਰਮਾਤਮਾਂ। ਘਟਿ ਘਟਿ—ਹਰੇਕ ਘਟ ਵਿਚ। ਪੂਰਨੁ—ਵਿਆਪਕ। ਸਿਰ ਸਿਰਹਿ—ਹਰੇਕ ਦੇ ਸਿਰ ਉਤੇ, ਹਰੇਕ ਦੇ ਕੀਤੇ ਕਰਮਾਂ ਅਨੁਸਾਰ। ਨਿਬੇਰਾ—

ਫੈਸਲਾ, ਨਿਬੇੜਾ। ਸਿਰਿ ਸਾਹਾ ਕੈ—ਸਾਹਾਂ ਕੈ ਸਿਰਿ, ਸ਼ਾਹਾਂ ਦੇ ਸਿਰ ਉਤੇ । ਸਚਾ—ਸਦਾ ਕਾਇਮ ਰਹਿਣ ਵਾਲਾ। ਸਾਹਿਬੁ—ਮਾਲਕ ।੧।

ਹਰਖ—ਖੁਸ਼ੀ । ਹਰਖਵੰਤ—ਖੁਸ਼ੀ ਦਾ ਮਾਲਕ । ਅਨੰਤ—ਅਨੰਦ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਜਾਲਾ—ਰੋਸ਼ਨੀ, ਚਾਨਣ। ਪ੍ਰਗਟਿ ਰਹਿਓ—ਪ੍ਰਗਟ ਹੋ ਰਿਹਾ ਹੈ। ਕਰੇ ਕਰਿ—ਕਰਿ ਕਰਿ, ਕਰ ਕਰ ਕੇ। ਵਿਗਸੈ—ਖਿੜ ਰਿਹਾ ਹੈ, ਖੁਸ਼ ਹੋ ਰਿਹਾ ਹੈ ।੨।

ਕਰੇ—ਕਰਿ, ਰਚ ਕੇ। ਵੀਚਾਰਾ—ਖਿਆਲ, ਸੰਭਾਲ। ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ। ਪਸਾਰਾ—ਜਗਤ ਖਿਲਾਰਾ। ਸੁਣਿ—ਸੁਣ ਕੇ। ਭੀਜਾ—ਪ੍ਰਸੰਨ ਹੁੰਦਾ ਹੈ ।੩।

ਸਚੀ—ਸਦਾ ਕਾਇਮ ਰਹਿਣ ਵਾਲੀ। ਖਜੀਨਾ—ਖਜ਼ਾਨਾ ਸਾਹੀ-ਸ਼ਾਹ। ਆਪੇ ਸਚੁ—ਸਦਾ ਥਿਰ ਹੈ ਆਪ ਹੀ। ਸਭੁ—ਸਾਰਾ ਜਗਤ। ਸਚੇ ਸਚਿ—ਸਦਾ ਥਿਰ (ਹੁਕਮ) ਦੀ ਰਾਹੀਂ। ਵਰਤੀਜਾ—ਵਰਤਣ ਵਿਹਾਰ ਕਰ ਰਿਹਾ ਹੈ ।੪।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਅਨੰਤ ਪ੍ਰਕਾਰ ਦੀ ਦੁਨੀਆਂ ਵਿਚ ਵੇਖਦੇ ਹਾਂ ਕਿ, ਕਈ ਲੋਕ ਅਨੰਤ ਹੀ ਪ੍ਰਕਾਰ ਦੀਆਂ ਖੁਸ਼ੀਆਂ ਮਾਣਦੇ ਹਨ ਅਤੇ ਕਈ ਸੋਕਾਂਤ੍ਰ ਦਿਸਦੇ ਹਨ ?

1. ਉ:—ਹੇ ਭਾਈ ! ਅਸਲ ਵਿਚ ਖੁਸ਼ੀਆਂ ਦਾ ਮਾਲਕ ਮੇਰਾ ਪ੍ਰਭੂ (ਆਪ ਹੀ ਹਰ ਥਾਂ) ਖੁਸ਼ੀਆਂ ਮਾਣ ਰਿਹਾ ਹੈ।
2. ਹੇ ਭਾਈ ! ਹਰੇਕ ਸਰੀਰ ਵਿਚ ਉਹ ਵਿਆਪਕ ਹੈ ਅਤੇ ਹਰੇਕ ਜੀਵ ਦੇ ਕੀਤੇ ਕਕਮਾਂ ਅਨੁਸਾਰ ਫੈਸਲਾ ਕਰਦਾ ਹੈ।
3. ਐ ਪਿਆਰੇ ! ਉਹ ਦੁਨੀਆਂ ਦੇ ਬਾਦਸ਼ਾਹਾਂ ਦੇ ਭੀ ਸਿਰ ਉਤੇ ਉਹ ਸਦਾ ਥਿਰ ਪ੍ਰਮਾਤਮਾਂ ਹੈ, ਕੋਈ ਹੋਰ (ਉਸ ਦੇ ਬਰਾਬਰ ਦਾ) ਨਹੀਂ ਹੈ ।੧।

ਪ੍ਰ:—ਸ੍ਰੀ ਜੀਉ ! ਉਸ ਦੇ ਗੁਣ ਉਚਾਰਨ ਕਰੋ ?

4. ਉ:—ਐ ਪਿਆਰੇ ! ਉਹ ਬੇਅੰਤ ਪ੍ਰਮਾਤਮਾਂ ਖੁਸ਼ੀਆਂ ਦਾ ਮਾਲਕ ਹੈ, ਦਇਆ ਦਾ ਘਰ ਹੈ।
5. ਹਰ ਥਾਂ ਪ੍ਰਗਟ ਹੋ ਰਿਹਾ ਹੈ, ਸਭਨਾਂ ਵਿਚ ਉਹੀ ਹੀ (ਆਪਣੀ ਜੋਤ ਦਾ) ਚਾਨਣ ਕਰ ਰਿਹਾ ਹੈ।
6. ਅਨੇਕਾਂ ਹੀ ਰੂਪ ਬਣਾ ਬਣਾ ਕੇ (ਸਭਨਾਂ ਦੀ) ਸੰਭਾਲ ਕਰ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ, (ਸਭ ਵਿਚ ਵਿਆਪਕ ਹੈ) ਆਪ ਹੀ (ਆਪਣੀ) ਪੂਜਾ ਕਰ ਰਿਹਾ ਹੈ ।੨।
7. ਹੇ ਭਾਈ ! ਉਹ ਪ੍ਰਮਾਤਮਾਂ ਆਪ ਹੀ ਇਹ ਕੁਦਰਤ ਰਚਦਾ ਹੈ, ਆਪ ਹੀ ਇਸ ਦੀ ਸੰਭਾਲ ਕਰਦਾ ਹੈ।
8. ਉਹ ਸਦਾ ਥਿਰ ਪ੍ਰਭੂ ਆਪ ਹੀ ਜਗਤ ਖਿਲਾਰਾ ਬਣਾ ਰਿਹਾ ਹੈ।
9. ਦਿਨ ਰਾਤ ਹਰ ਵੇਲੇ ਉਹ ਆਪ ਹੀ (ਜੀਵਾਂ ਨੂੰ) ਖੇਡਾਂ ਖਿਡਾ ਰਿਹਾ ਹੈ, ਆਪ ਹੀ (ਜੀਵਾਂ ਦੀਆਂ ਅਰਜੋਈਆਂ) ਸੁਣ ਸੁਣ ਕੇ ਖੁਸ਼ ਹੁੰਦਾ ਹੈ ।੩।

10-11. ਹੇ ਭਾਈ ! ਉਹ ਪ੍ਰਮਾਤਮਾਂ ਸਦਾ ਕਾਇਮ ਰਹਿਣ ਵਾਲਾ ਸ਼ਹਿਨਸ਼ਾਹ ਹੈ, ਉਸ ਦਾ ਖਜ਼ਾਨਾ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦੀ ਪਾਤਸ਼ਾਹੀ ਸਦਾ ਕਾਇਮ ਰਹਿਣ ਵਾਲੀ ਹੈ । ਉਸ ਦਾ ਤਖਤ ਸਦਾ ਕਾਇਮ ਰਹਿਣ ਵਾਲਾ ਹੈ।

12. ਉਹ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ, ਸਾਰੇ ਜਗਤ ਨੂੰ ਉਹ ਆਪ ਹੀ ਸਹਾਰਾ ਦੇਣ ਵਾਲਾ ਹੈ, ਆਪਣੇ ਸਦਾ ਥਿਰ (ਨਿਯਮਾਂ ਦੀ) ਰਾਹੀਂ ਉਹ ਆਪ ਹੀ ਜਗਤ ਵਿਚ ਵਰਤਾਰਾ ਵਰਤਾ ਰਿਹਾ ਹੈ ।੪।

13. ਸਚੁ ਤਪਾਵਸੁ ਸਚੇ ਕੇਰਾ ॥
14. ਸਾਚਾ ਥਾਨੁ ਸਦਾ ਪ੍ਰਭ ਤੇਰਾ ॥
15. ਸਚੀ ਕੁਦਰਤਿ ਸਚੀ ਬਾਣੀ
ਸਚੁ ਸਾਹਿਬ ਸੁਖੁ ਕੀਜਾ ਹੇ ॥੫॥
16. ਏਕੋ ਆਪਿ ਤੂਹੈ ਵਡ ਰਾਜਾ ॥
17. ਹੁਕਮਿ ਸਚੇ ਕੈ ਪੂਰੇ ਕਾਜਾ ॥
18. ਅੰਤਰਿ ਬਾਹਰਿ ਸਭੁ ਕਿਛੁ ਜਾਣੈ
ਆਪੇ ਹੀ ਆਪਿ ਪਤੀਜਾ ਹੇ ॥੬॥
19. ਤੂ ਵਡ ਰਸੀਆ ਤੂ ਵਡ ਭੋਗੀ ॥
20. ਤੂ ਨਿਰਬਾਣੁ ਤੂਹੈ ਹੀ ਜੋਗੀ ॥
21. ਸਰਬ ਸੂਖ ਸਹਜ ਘਰਿ ਤੇਰੈ
ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥
22. ਤੇਰੀ ਦਾਤਿ ਤੁਝੈ ਤੇ ਹੋਵੈ ॥
23. ਦੇਹਿ ਦਾਨੁ ਸਭਸੈ ਜੰਤ ਲੋਐ ॥
24. ਤੋਟਿ ਨ ਆਵੈ ਪੂਰ ਭੰਡਾਰੈ
ਤ੍ਰਿਪਤਿ ਰਹੇ ਆਘੀਜਾ ਹੇ ॥੮॥

ਪਦ ਅਰਥ:—ਤਪਾਵਸੁ—ਨਿਆਂ, ਇਨਸਾਫ਼। ਕੇਰਾ—ਦਾ। ਥਾਨੁ—ਥਾਂ, ਟਿਕਾਣਾ। ਪ੍ਰਭ—ਹੇ ਪ੍ਰਭੂ। ਬਾਣੀ—ਬਨਾਵਟ, ਨਿਯਮ। ਸਚੀ—ਅਟੱਲ ਨਿਯਮਾਂ ਵਾਲੀ। ਸਾਹਿਬ—ਹੇ ਸਾਹਿਬ। ਕੀਜਾ—ਕੀਤਾ ਹੈ ।੫।

ਵਡ—ਵਡਾ। ਸਚੇ ਕੈ ਹੁਕਮਿ—ਸਦਾ ਥਿਰ ਪ੍ਰਭੂ ਦੇ ਹੁਕਮ ਵਿਚ। ਕਾਜਾ—ਕਾਰਜ, ਜੀਵਾਂ ਦੇ ਕੰਮ। ਪੂਰੇ—ਸਿਰੇ ਚੜ੍ਹਦੇ ਹਨ। ਪਤੀਜਾ—ਪਤੀਜਦਾ ਹੈ, ਸੰਤੁਸ਼ਟ ਹੁੰਦਾ ਹੈ ।੬।

ਰਸੀਆ—ਰਸ-ਅਨੰਦ ਮਾਣਨ ਵਾਲਾ । ਭੋਗੀ—ਪਦਾਰਥਾਂ ਨੂੰ ਭੋਗਣ ਵਾਲਾ । ਨਿਰਬਾਣੁ—ਵਾਸ਼ਨਾ ਰਹਿਤ, ਨਿਰਲੇਪ। ਜੋਗੀ—ਵਿਰਕਤ। ਸਹਜ—ਆਤਮਕ ਅਡੋਲਤਾ। ਘਰਿ ਤੇਰੈ—ਤੇਰੇ ਘਰ ਵਿਚ। ਅਮਿਉ—ਅੰਮ੍ਰਿਤ। ਦ੍ਰਿਸਟੀ ਜਾ—ਦ੍ਰਿਸ਼ਟੀ ਵਿਚ ।੭।

ਤੁਝੈ ਤੇ—ਤੇਰੇ ਪਾਸੋਂ ਹੀ । ਦੇਹਿ—ਤੂੰ ਦੇਂਦਾ ਹੈਂ, ਦੇਹਿ। ਲੋਐ—ਲੋਕਾਂ ਨੂੰ। ਤੋਟਿ—ਘਾਟਾ । ਭੰਡਾਰੈ—ਖਜ਼ਾਨੇ

ਵਿਚ। ਤ੍ਰਿਪਤਿ ਰਹੇ ਆਘੀਜਾ–ਪੂਰਨ ਤੌਰ ਤੇ ਰਜ਼ੇ ਰਹਿੰਦੇ ਹਨ (ਸਾਰੇ ਜੀਵ) ।੮।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ ਉਸ ਪ੍ਰਭੂ ਦੀ ਹਸਤੀ ਬਾਰੇ ਕੀ ਯਕੀਨ ਰਖਦੇ ਹੋ ?

13. **ਉ:**–ਹੇ ਪਿਆਰੇ ! ਮੈਂ ਤਾਂ ਉਸ ਸਾਈਂ ਜੀ ਦੀ ਹਸਤੀ ਬਾਰੇ ਇਉਂ ਹੀ ਵਿਸ਼ਵਾਸ਼ ਰਖਦਾ ਹਾਂ ਕਿ, ਉਹ ਸਦਾ ਥਿਰ ਪ੍ਰਮੇਸ਼ਰ ਜੀ ਦਾ ਨਿਆਂ ਭੀ ਅਟੱਲ (ਅਭੁੱਲ) ਹੈ।
14. ਹੇ ਪ੍ਰਭੂ ਜੀਉ ! ਤੇਰਾ ਟਿਕਾਣਾ ਸਦਾ ਕਾਇਮ ਰਹਿਣ ਵਾਲਾ ਹੈ।
15. ਹੇ ਸਾਹਿਬ ! ਤੇਰੀ ਰਚੀ ਹੋਈ ਕੁਦਰਤ ਤੇ (ਉਸ ਦੀ) ਬਣਤਰ ਅਟੱਲ ਨਿਯਮਾਂ ਵਾਲੀ ਹੈ। ਤੂੰ ਆਪ ਹੀ (ਇਸ ਕੁਦਰਤ ਵਿਚ) ਅਟੱਲ ਸੁਖ ਪੈਦਾ ਕੀਤਾ ਹੋਇਆ ਹੈ ।੫।
16. ਹੇ ਪ੍ਰਭੂ ! ਤੂੰ ਆਪ ਹੀ ਸਿਰਫ ਵਡਾ ਰਾਜਾ ਹੈਂ ।
17. ਹੇ ਭਾਈਓ ! ਉਸ ਸਦਾ ਥਿਰ ਪ੍ਰਭੂ ਦੇ ਹੁਕਮ ਅਨੁਸਾਰ ਸਭ ਜੀਵਾਂ ਦੇ ਕੰਮ ਸਿਰੇ ਚੜ੍ਹਦੇ ਹਨ ।
18. ਹੇ ਸਾਈਆਂ ਜੀ ! ਜੋ ਕੁਝ ਜੀਵਾਂ ਦੇ ਅੰਦਰ ਵਰਤਦਾ ਹੈ, ਜੋ ਕੁਝ ਬਾਹਰ ਸਾਰੇ ਜਗਤ ਵਿਚ ਹੋ ਰਿਹਾ ਹੈ ਇਹ ਸਭ ਕੁਝ ਉਹ ਆਪ ਹੀ ਜਾਣਦਾ ਹੈ, ਤੇ ਸੰਤੁਸ਼ਟ ਹੁੰਦਾ ਹੈ ।੬।
19. ਹੇ ਪ੍ਰਭੂ ਜੀ ! (ਤੂੰ ਸਭ ਵਿਚ ਵਿਆਪਕ ਹੋ ਕੇ) ਸਭ ਤੋਂ ਵਡਾ ਰਸ ਮਾਣਨ ਵਾਲਾ ਤੇ ਭੋਗ ਭੋਗਣ ਵਾਲਾ ਹੈਂ ।
20. ਹੇ ਸਾਈਆਂ ਜੀਉ ! (ਤੂੰ ਨਿਰਾਕਾਰ ਹੁੰਦਾ ਹੋਇਆ ਭੀ) ਆਪ ਹੀ ਵਾਸ਼ਨਾ ਰਹਿਤ ਜੋਗੀ ਹੈਂ ।
21. ਹੇ ਪ੍ਰਭੂ ! ਆਤਮਕ ਅਡੋਲਤਾ ਦੇ ਸਾਰੇ ਅਨੰਦ ਤੇਰੇ ਘਰ ਵਿਚ ਮੌਜੂਦ ਹਨ, ਤੇਰੀ ਮਿਹਰ ਦੀ ਨਿਗਾਹ ਵਿਚ ਅੰਮ੍ਰਿਤ ਵਸ ਰਿਹਾ ਹੈ ।੭।
22. ਹੇ ਮੇਰੇ ਸਾਈਆਂ ਜੀਉ ! ਜਿਤਨੀ ਦਾਤ ਤੂੰ ਦੇ ਰਿਹਾ ਹੈਂ, ਇਹ ਤੂੰ ਹੀ ਦੇ ਸਕਦਾ ਹੈਂ ।
23. ਹੇ ਪ੍ਰਭੂ ! ਤੂੰ ਤਾਂ ਸਾਰੇ ਲੋਕਾਂ ਵਿਚ ਸਭ ਜੀਵਾਂ ਨੂੰ ਦਾਨ ਦੇ ਰਿਹਾ ਹੈਂ ।
24. ਤੇਰੇ ਭਰੇ ਹੋਏ ਖ਼ਜ਼ਾਨੇ ਵਿਚ ਕਦੇ ਘਾਟਾ ਨਹੀਂ ਪੈਂਦਾ, ਸਾਰੇ ਹੀ ਜੀਵ (ਤੇਰੀਆਂ ਦਾਤਾਂ ਦੀ ਬਰਕਤ ਨਾਲ) ਪੂਰਨ ਤੌਰ ਤੇ ਰੱਜੇ ਰਹਿੰਦੇ ਹਨ ।੮।
25. **ਜਾਚਹਿ ਸਿਧ ਸਾਧਿਕ ਬਨਵਾਸੀ ॥**
26. **ਜਾਚਹਿ ਜਤੀ ਸਤੀ ਸੁਖਵਾਸੀ ॥**
27. **ਇਕੁ ਦਾਤਾਰੁ ਸਗਲ ਹੈ ਜਾਚਿਕ**
    ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥
28. **ਕਰਹਿ ਭਗਤਿ ਅਰੁ ਰੰਗ ਅਪਾਰਾ ॥**
29. **ਖਿਨ ਮਹਿ ਥਾਪਿ ਉਥਾਪਨਹਾਰਾ ॥**
30. **ਭਾਰੋ ਤੋਲੁ ਬੇਅੰਤ ਸੁਆਮੀ**
    ਹੁਕਮੁ ਮੰਨਿ ਭਗਤੀਜਾ ਹੇ ॥੧੦॥
31. **ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥**
32. **ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥**
33. **ਚਤੁਰੁ ਸਰੂਪੁ ਸਿਆਣਾ ਸੋਈ**
    ਜੋ ਮਨਿ ਤੇਰੈ ਭਾਵੀਜਾ ਹੇ ॥੧੧॥
34. **ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥**
35. **ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥**
36. **ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ**
    ਅਵਰੁ ਕਹਾ ਕਿਛੁ ਕੀਜਾ ਹੇ ॥੧੨॥

ਪਦ ਅਰਥ :–ਜਾਚਹਿ–ਮੰਗਦੇ ਹਨ। ਸਿਧ–ਸਿੱਧ, ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਸਾਧਿਕ–ਜੋਗ ਸਾਧਨਾਂ ਕਰਨ ਵਾਲੇ। ਜਤੀ–ਕਾਮ ਵਾਸ਼ਨਾਂ ਤੋਂ ਬਚੇ ਰਹਿਣ ਦਾ ਜਤਨ ਕਰਨ ਵਾਲੇ। ਸਤੀ–ਵਿਕਾਰਾਂ ਤੋਂ ਬਚਣ ਦਾ ਉੱਦਮ ਕਰਨ ਵਾਲੇ। ਸਗਲ–ਸਾਰੀ ਲੁਕਾਈ । ਜਾਚਿਕ–ਮੰਗਣ ਵਾਲੀ। ਦੇਹਿ–ਤੂੰ ਦੇਂਦਾ ਹੈਂ ।੯।

ਕਰਹਿ–ਕਰਦੇ ਹਨ । ਅਰੁ–ਅਤੇ। ਥਾਪਿ–ਪੈਦਾ ਕਰ ਕੇ। ਉਥਾਪਨਹਾਰਾ–ਨਾਸ ਕਰ ਸਕਣ ਵਾਲਾ। ਮੰਨਿ–ਮੰਨ ਕੇ। ਭਗਤੀਜਾ–ਭਗਤ ਬਣਦੇ ਹਨ ।੧੦।

ਦੇਹਿ–ਤੂੰ ਦੇਂਦਾ ਹੈਂ। ਸੋਈ–ਉਹੀ ਮਨੁੱਖ । ਤੁਧੁ ਜਾਣੈ–ਤੇਰੇ ਨਾਲ ਸਾਂਝ ਪਾਂਦਾ ਹੈ। ਕੈ ਸਬਦਿ–ਦੇ ਸ਼ਬਦ ਦੀ ਰਾਹੀਂ। ਤੇਰੈ ਮਨਿ–ਤੇਰੇ ਮਨ ਵਿਚ ।੧੧।

ਜਿਸੁ ਚੀਤਿ–ਜਿਸ (ਮਨੁੱਖ) ਦੇ ਚਿੱਤ ਵਿਚ । ਆਵਹਿ–ਤੂੰ ਆ ਵਸਦਾ ਹੈਂ । ਵੇਪਰਵਾਹਾ–ਬੇ-ਮੁਥਾਜ। ਸਾਚਾ ਸਾਹਾ–ਸੱਚਾ ਸ਼ਾਹ, ਸਦਾ ਕਾਇਮ ਰਹਿਣ ਵਾਲੇ (ਨਾਮ) ਧਨ ਦਾ ਮਾਲਕ। ਭਉ ਕੇਹਾ–ਕਿਹਾ ਡਰ ? ਕੋਈ ਡਰ ਨਹੀਂ (ਰਹਿ ਜਾਂਦਾ) ।੧੨।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਕਰਤਾਰ ਦੀ ਉਸਤਤੀ ਕਰਦੇ ਰਹਿਣ ਦੀ ਜਾਚ ਦਸੋ ?

25. **ਉ**–ਹੇ ਭਾਈ ! (ਉਸ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਕਹਿੰਦੇ ਰਿਹਾ ਕਰੋ ਕਿ, ਹੇ ਪ੍ਰਭੂ ! ਜੰਗਲਾਂ ਵਿਚ ਵਸਣ ਵਾਲੇ ਸਿਧ ਤੇ ਸਾਧਨਾ ਕਰਨ ਵਾਲੇ (ਤੇਰੇ ਦਰ ਤੋਂ ਹੀ) ਮੰਗਦੇ ਹਨ ।
26. ਸੁਖ ਰਹਿਣੇ ਜਤੀ ਤੇ ਸਤੀ (ਭੀ ਤੇਰੇ ਦਰ ਤੋਂ) ਮੰਗਦੇ ਹਨ ।
27. ਤੂੰ ਇਕੋ ਦਾਤਾ ਹੈਂ, ਹੋਰ ਸਾਰੀ ਲੁਕਾਈ (ਤੇਰੇ ਦਰ ਤੋਂ) ਮੰਗਣ ਵਾਲੀ ਹੈ, ਤੂੰ ਸਾਰੀ ਸ੍ਰਿਸ਼ਟੀ ਨੂੰ ਦਾਨ ਦੇਂਦਾ ਹੈਂ ।੯।
28. ਹੇ ਭਾਈ ! (ਅਨੇਕਾਂ ਭਗਤ) ਬੇਅੰਤ ਪ੍ਰਭੂ ਦੀ ਭਗਤੀ

ਕਰਦੇ ਹਨ ਅਤੇ ਆਤਮਕ ਅਨੰਦ ਮਾਣਦੇ ਹਨ।

29. ਹੇ ਪਿਆਰੇ ! ਉਹ ਪ੍ਰਮਾਤਮਾਂ ਪੈਦਾ ਕਰ ਕੇ ਇਕ ਛਿਨ ਵਿਚ ਨਾਸ ਕਰਨ ਦੀ ਸਮਰੱਥਾ ਰਖਦਾ ਹੈ।

30 ਉਹ ਮਾਲਕ ਬੇਅੰਤ ਤਾਕਤ ਵਾਲਾ ਹੈ, ਬੇਅੰਤ ਹੈ,(ਜੀਵ) ਉਸ ਦਾ ਹੁਕਮ ਮੰਨ ਕੇ ਉਸ ਦੇ ਭਗਤ ਬਣਦੇ ਹਨ।੧੦।

31. ਹੇ ਮੇਰੇ ਸਾਈਆਂ ਜੀਉ ! ਜਿਸ ਮਨੁੱਖ ਨੂੰ ਤੂੰ ਦਰਸ਼ਨ ਦੇਂਦਾ ਹੈਂ, ਉਹੀ ਤੇਰੇ ਨਾਲ ਸਾਂਝ ਪਾਂਦਾ ਹੈ।

32. ਉਹ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਸਦਾ (ਹੀ) ਆਤਮਕ ਅਨੰਦ ਮਾਣਦਾ ਹੈ।

33. ਐ ਪਿਆਰੇ ! ਉਹੀ ਮਨੁੱਖ (ਅਸਲ) ਸਿਆਣਾ ਹੈ, ਸੋਹਣਾ ਹੈ, ਅਕਲ ਵਾਲਾ ਹੈ, ਜਿਹੜਾ ਤੇਰੇ ਮਨ ਵਿਚ ਚੰਗਾ ਲਗਦਾ ਹੈ।੧੧।

34. ਹੇ ਪ੍ਰਭੂ ! ਜਿਸ ਮਨੁੱਖ ਦੇ ਚਿੱਤ ਵਿਚ ਤੂੰ ਆ ਵਸਦਾ ਹੈਂ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ।

35. (ਕਿਉਂਕਿ) ਉਹ ਸਦਾ ਕਾਇਮ ਰਹਿਣ ਵਾਲੇ (ਨਾਮ) ਧਨ ਦਾ ਮਾਲਕ ਬਣ ਜਾਂਦਾ ਹੈ।

36. (ਇਸ ਲਈ) ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਡਰ ਨਹੀਂ ਰਹਿ ਜਾਂਦਾ ਤੇ ਕੋਈ ਭੀ ਉਸ ਦਾ ਕੁਝ ਵਿਗਾੜ ਨਹੀਂ ਸਕਦਾ।੧੨।

37. ਤ੍ਰਿਸਨਾ ਬੂਝੀ ਅੰਤਰੁ ਠੰਢਾ ॥
38. ਗੁਰਿ ਪੂਰੈ ਲੈ ਤੂਟਾ ਗੰਢਾ ॥
39. ਸੁਰਤਿ ਸਬਦੁ ਰਿਦ ਅੰਤਰਿ ਜਾਗੀ
ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥
40. ਮਰੈ ਨਾਹੀ ਸਦ ਸਦ ਹੀ ਜੀਵੈ ॥
41. ਅਮਰੁ ਭਇਆ ਅਬਿਨਾਸੀ ਥੀਵੈ ॥
42. ਨਾ ਕੋ ਆਂਵੈ ਨਾ ਕੋ ਜਾਵੈ
ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥
43. ਪੂਰੇ ਗੁਰ ਕੀ ਪੂਰੀ ਬਾਣੀ ॥
44. ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
45. ਚੜੈ ਸਵਾਇਆ ਨਿਤ ਨਿਤ ਰੰਗਾ
ਘਟੈ ਨਾਹੀ ਤੋਲੀਜਾ ਹੇ ॥੧੫॥
46. ਬਾਰਹਾ ਕੰਚਨੁ ਸੁਧੁ ਕਰਾਇਆ ॥
47. ਨਦਰਿ ਸਰਾਫ ਵੰਨੀਸ ਚੜਾਇਆ ॥
48. ਪਰਖਿ ਖਜਾਨੈ ਪਾਇਆ ਸਰਾਫੀ
ਫਿਰਿ ਨਾਹੀ ਤਾਈਜਾ ਹੇ ॥੧੬॥
49. ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥
50. ਨਾਨਕ ਦਾਸ ਸਦਾ ਕੁਰਬਾਨੀ ॥
51. ਸੰਤਸੰਗਿ ਮਹਾ ਸੁਖੁ ਪਾਇਆ
ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥

ਪਦ ਅਰਥ :–ਗੁਰਿ ਪੂਰੈ–ਗੁਰੂ ਨੇ। ਤੂਟਾ–ਲੈ (ਪ੍ਰਭੂ ਨਾਲੋਂ) ਟੁੱਟੇ ਹੋਏ ਨੂੰ ਫੜ ਕੇ। ਗੰਢਾ–(ਪ੍ਰਭੂ ਨਾਲ ਫਿਰ) ਜੋੜ ਦਿਤਾ। ਰਿਦ ਅੰਤਰਿ–ਹਿਰਦੇ ਵਿਚ। ਜਾਗੀ–ਜਾਗ ਪਈ, ਪੈਦਾ ਹੋ ਗਈ। 'ਸੁਰਤਿ...ਜਾਗੀ' ਗੁਰੂ ਦੇ ਸ਼ਬਦ ਨੂੰ ਸੁਰਤ ਵਿਚ (ਟਿਕਾਣ ਦੀ ਸੋਝੀ ਉਸ ਮਨੁੱਖ ਦੇ) ਹਿਰਦੇ ਵਿਚ ਜਾਗ ਪਈ। ਅਮਿਉ–ਅੰਮ੍ਰਿਤ। ਝੋਲਿ–ਝੋਲ ਕੇ, ਹਿਲਾ ਕੇ, ਸੁਆਦ ਨਾਲ।੧੩।

ਮਰੈ–ਆਤਮਕ ਮੌਤ ਸਹੇੜਦਾ ਹੈ। ਸਦ ਸਦ ਹੀ–ਸਦਾ ਹੀ ਸਦਾ ਹੀ। ਜੀਵੈ–ਆਤਮਕ ਜੀਵਨ ਜੀਉਂਦਾ ਹੈ। ਅਮਰੁ–ਅਟੱਲ ਆਤਮਕ ਜੀਵਨ ਵਾਲਾ। ਥੀਵੈ–ਹੋ ਜਾਂਦਾ ਹੈ। ਗੁਰਿ–ਗੁਰੂ ਨੇ।੧੪।

ਪੂਰੈ–ਪੂਰਨ ਪ੍ਰਭੂ ਵਿਚ। ਲਾਗਾ–ਲਗਾ, ਜੁੜਿਆ। ਮਹਿ–ਵਿਚ। ਚੜੈ–ਚੜ੍ਹਦਾ ਹੈ। ਸਵਾਇਆ ਰੰਗਾ–ਵਧੀਆ ਪ੍ਰੇਮ ਰੰਗ। ਘਟੈ–ਘਟਦਾ। ਤੋਲੀਜੈ–ਤੋਲਿਆਂ, ਪੜਤਾਲ ਕੀਤਿਆਂ।੧੫।

ਬਾਰਹਾ–ਬਾਰਾਂ ਵੰਨੀ ਦਾ, ਪੂਰੇ ਬਾਰਾਂ ਮਾਸੇ ਤੋਲ ਤੇ ਵਿਕਣ ਵਾਲਾ। ਕੰਚਨੁ–ਸੋਨਾ। ਸੁਧੁ–ਸ਼ੁਧ ਖਰਾ। ਵੰਨੀਸ–ਸੋਹਣੇ ਰੰਗ ਵਾਲਾ। ਨਦਰਿ ਸਰਾਫ ਚੜਾਇਆ–ਸਰਾਫ ਦੀ ਨਜ਼ਰ ਵਿਚ ਚੜ੍ਹ ਜਾਂਦਾ ਹੈ. ਸਰਾਫ ਦੀ ਨਜ਼ਰ ਵਿਚ ਪ੍ਰਵਾਨ ਹੋ ਜਾਂਦਾ ਹੈ। ਪਰਖਿ–ਪਰਖ ਕੇ।੧੬।

ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ। ਸੁਆਮੀ–ਹੇ ਸੁਆਮੀ। ਸੰਤ ਸੰਗਿ–ਸੰਤ (ਗੁਰੂ) ਦੀ ਸੰਗਤ ਵਿਚ। ਦੇਖਿ–ਦੇਖ ਕੇ।੧੭।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਮਨੁੱਖ ਰੱਬ ਤੋਂ ਟੁੱਟੇ ਹੋਏ ਤ੍ਰਿਸ਼ਨਾਂ ਦੀ ਅੱਗ ਵਿਚ ਦਿਨੇ ਰਾਤ ਸੜਦੇ ਰਹਿੰਦੇ ਹਨ. ਉਨ੍ਹਾਂ ਦੇ ਅੰਤਰ ਆਤਮੇਂ ਕਿਵੇਂ ਠੰਢ ਪੈ ਸਕਦੀ ਹੈ ?

37. ਉ:–ਹੇ ਭਾਈਓ ! ਇਉਂ ਨਿਸਚਾ ਕਰੋ ਕਿ, ਉਸ ਪੁਰਸ਼ ਦੀ ਤ੍ਰਿਸ਼ਨਾਂ (ਦੀ ਅੱਗ) ਬੁੱਝ ਗਈ ਅਤੇ ਉਸ ਦਾ ਹਿਰਦਾ ਸ਼ਾਂਤ ਹੋ ਗਿਆ।

38, ਜਿਸ ਪ੍ਰਭੂ ਨਾਲੋਂ ਟੁੱਟੇ ਹੋਏ ਮਨੁੱਖ ਨੂੰ ਫੜ ਕੇ ਪੂਰੇ ਗੁਰੂ ਨੇ (ਮੁੜ ਕੇ ਪ੍ਰਭੂ ਨਾਲ) ਜੋੜ ਦਿਤਾ ਹੈ।

39. ਹੇ ਭਾਈ ! ਗੁਰੂ ਦੇ ਸ਼ਬਦ ਨੂੰ ਸੁਰਤਿ ਵਿਚ (ਟਿਕਾਣ ਦੀ ਸੋਝੀ ਉਸ ਮਨੁੱਖ ਦੇ) ਹਿਰਦੇ ਵਿਚ ਜਾਗ ਪਈ, ਉਹ ਮਨੁੱਖ ਬੜੇ ਸੁਆਦ ਨਾਲ ਅਮਰ ਜੀਵਨ ਦੇਣ ਵਾਲਾ ਨਾਮ ਰਸ ਪੀਂਦਾ ਹੈ।੧੩।

40. ਐ ਪਿਆਰੇ ! ਜਿਸ ਮਨੁੱਖ ਦੀ ਪੂਰੇ ਗੁਰੂ ਨੇ ਭਟਕਣਾ ਦੂਰ ਕਰ ਦਿਤੀ, ਉਹ (ਮੁੜ ਫਿਰ) ਆਤਮਕ ਮੌਤ ਨਹੀਂ ਸਹੇੜਦਾ, ਉਹ ਸਦਾ ਹੀ ਆਤਮਕ ਜੀਵਨ ਜੀਊਂਦਾ ਹੈ।

41, ਉਹ ਅਟੱਲ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ, ਉਸ ਨੂੰ ਮੌਤ ਦਾ ਡਰ ਨਹੀਂ ਵਿਆਪਦਾ।

42. ਹੇ ਭਾਈ ! ਅਜਿਹਾ ਮਨੁੱਖ ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ, ਕਿਉਂਕਿ, ਗੁਰੂ ਨੇ ਉਸ ਦਾ ਭਰਮ ਦੂਰ ਕਰ ਦਿਤਾ ਹੈ ।੧੪।

ਪ੍ਰ:–ਹੇ ਗੁਰੋ ! ਉਸ ਪੂਰਨ ਪ੍ਰਭੂ ਵਿਚ ਸਮਾਏ ਰਹਿਣ ਦੀ ਦਾਤ ਪ੍ਰਾਪਤ ਕਿਵੇਂ ਹੁੰਦੀ ਹੈ ?

43. ਉ:–ਹੇ ਪਿਆਰੇ ! ਜਿਹੜਾ ਮਨੁੱਖ ਪੂਰੇ ਗੁਰੂ ਦੀ ਪੂਰੀ ਬਾਣੀ ਦੀ ਰਾਹੀਂ ਪੂਰਨ ਪ੍ਰਮਾਤਮਾਂ ਦੀ ਯਾਦ ਵਿਚ ਜੁੜਿਆ ਹੈ।

44. ਉਹ ਪ੍ਰਮੇਸ਼ਰ ਵਿਚ (ਸਦਾ ਹੀ) ਸਮਾਇਆ ਰਹਿੰਦਾ ਹੈ।

45. ਹੇ ਭਾਈ ! ਪ੍ਰਮਾਤਮਾਂ ਦੇ ਪ੍ਰੇਮ ਦਾ ਰੰਗ (ਉਸ ਦੇ ਹਿਰਦੇ ਵਿਚ) ਸਦਾ ਹੀ ਵਧਦਾ ਰਹਿੰਦਾ ਹੈ, ਪੜਤਾਲ ਕੀਤਿਆਂ ਉਹ ਕਦੇ ਭੀ ਘਟ ਨਹੀਂ ਹੁੰਦਾ ।੧੫।

ਪ੍ਰ:–ਕਿਉਂ ਜੀ ! ਉਸ ਦੀ ਪਛਾਣ ਕੀ ਹੈ ?

46. ਉ:–ਹੇ ਭਾਈ ! ਉਹ ਮਨੁੱਖ (ਤਾਂ) ਬਾਰਾਂ ਵੰਨੀ ਦੇ ਸੋਨੇ ਵਰਗਾ ਖਰਾ ਹੋ ਜਾਂਦਾ ਹੈ।

47. ਉਹ ਸੋਹਣੇ ਰੰਗ ਵਾਲਾ (ਸੋਹਣੇ ਆਤਮਕ ਜੀਵਨ ਵਾਲਾ) ਗੁਰੂ ਸਰਾਫ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦਾ ਹੈ।

48. ਹੇ ਪਿਆਰੇ ! (ਜਿਵੇਂ ਸ਼ੁਧ ਸੋਨੇ ਨੂੰ) ਸਰਾਫ ਪਰਖ ਕੇ ਖਜ਼ਾਨੇ ਵਿਚ ਪਾ ਲੈਂਦੇ ਹਨ ਤੇ ਉਸ ਨੂੰ ਪਰਖਣ ਲਈ ਫਿਰ ਤਾਇਆ ਨਹੀਂ ਜਾਂਦਾ, ਇਸ ਤਰ੍ਹਾਂ, ਉਹ ਮਨੁੱਖ ਪ੍ਰਮਾਤਮਾਂ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦਾ ਹੈ ।੧੬।

ਪ੍ਰ:–ਸ੍ਰੀ ਜੀਉ ! ਨਾਮ ਅਭਿਆਸੀਆਂ ਬਾਰੇ ਆਪ ਜੀ ਦਾ ਕੀ ਯਕੀਨ ਹੈ ?

49. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਰਾ ਤਾਂ ਇਹੋ ਹੀ ਯਕੀਨ ਹੈ ਕਿ, ਹੇ ਮੇਰੇ ਮਾਲਕ ਪ੍ਰਭੂ ! ਤੇਰਾ ਨਾਮ ਆਤਮਕ ਜੀਵਨ ਦੇਣ ਵਾਲਾ ਹੈ।

50. ਤੇਰੇ ਦਾਸ ਤੈਥੋਂ ਸਦਾ (ਹੀ) ਸਦਕੇ ਜਾਂਦੇ ਹਨ।

51. ਗੁਰੂ ਦੀ ਸੰਗਤ ਵਿਚ ਰਹਿ ਕੇ ਉਹ ਬਹੁਤ ਆਤਮਕ ਅਨੰਦ ਮਾਣਦੇ ਹਨ (ਤੇਰਾ) ਦਰਸ਼ਨ ਕਰ ਕੇ ਉਨ੍ਹਾਂ ਦਾ ਇਹ ਮਨ (ਤੇਰੇ ਨਾਮ ਰਸ ਵਿਚ) ਭਿੱਜਾ ਰਹਿੰਦਾ ਹੈ ।੧੭।੧।੩।

ਭਾਵਾਰਥ :–ਹਰੀ ਸਭ ਕੁਝ ਆਪ ਹੀ ਹੈ, ਗੁਰੂ ਦੇ ਰਾਹੀਂ ਉਹ ਸਭ ਦੇ ਅੰਦਰ ਵਰਤਦਾ ਦਿਸ ਪੈਂਦਾ ਹੈ ਅਤੇ ਗੁਰੂ ਸ਼ਬਦ ਰਾਹੀਂ ਉਹ ਸਾਨੂੰ ਨਾਮ ਦੇ ਰੂਪ ਵਿਚ ਚਿੱਤ ਆਉਂਦਾ ਹੈ, ਜਿਸ ਨਾਲ ਅਸੀਂ ਸ਼ੁਧ ਹੋ ਕੇ ਅਮਰ ਪਦਵੀ ਨੂੰ ਪ੍ਰਾਪਤ ਹੁੰਦੇ ਹਾਂ।

ਮਾਰੂ ਮਹਲਾ ੫ ਸੋਲਹੇ

ੴ ਸਤਿਗੁਰ ਪ੍ਰਸਾਦਿ ॥

1. ਗੁਰੁ ਗੋਪਾਲੁ ਗੁਰੁ ਗੋਵਿੰਦਾ ॥
2. ਗੁਰੁ ਦਇਆਲੁ ਸਦਾ ਬਖਸਿੰਦਾ ॥
3. ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ
ਗੁਰੁ ਪਵਿਤ੍ਰੁ ਅਸਥਾਨਾ ਹੇ ॥੧॥
4. ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥
5. ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥
6. ਗੁਰੁ ਸਿਮਰਤ ਮਨੁ ਨਿਰਮਲੁ ਹੋਵੈ
ਗੁਰੁ ਕਾਟੇ ਅਪਮਾਨਾ ਹੇ ॥੨॥
7. ਗੁਰ ਕਾ ਸੇਵਕੁ ਨਰਕਿ ਨ ਜਾਏ ॥
8. ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥
9. ਗੁਰ ਕਾ ਸੇਵਕੁ ਸਾਧ ਸੰਗੁ ਪਾਏ
ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥
10. ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥
11. ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
12. ਕਲਿ ਕਲੇਸ ਮਿਟਾਏ ਸਤਿਗੁਰੁ
ਹਰਿ ਦਰਗਹ ਦੇਵੈ ਮਾਨਾਂ ਹੇ ॥੪॥

ਪਦ ਅਰਥ :–ਗੋਪਾਲੁ–(ਗੋ-ਸ੍ਰਿਸ਼ਟੀ) ਸ੍ਰਿਸ਼ਟੀ ਦਾ ਪਾਲਨਹਾਰ । ਗੋਵਿੰਦ–ਸ੍ਰਿਸ਼ਟੀ ਦੇ ਜੀਵਾਂ ਦੇ ਦਿਲ ਦੀ ਜਾਨਣ ਵਾਲਾ। ਦਇਆਲੁ–ਦਇਆ ਦਾ ਘਰ। ਖਟੁ ਕਰਮਾ–ਬ੍ਰਾਹਮਣਾਂ ਵਾਸਤੇ ਸ਼ਾਸ਼ਤ੍ਰ ਦੇ ਦਸੇ ਹੋਏ ਛੇ ਉੱਤਮ ਧਾਰਮਿਕ ਕਰਮ–ਦਾਨ ਦੇਣਾ, ਦਾਨ ਲੈਣਾ, ਜਗ ਕਰਨਾ, ਜਗ ਕਰਾਣਾ, ਵਿਦਿਆ ਪੜ੍ਹਨੀ, ਵਿਦਿਆ ਪੜ੍ਹਾਣੀ । ਅਸਥਾਨਾ–ਥਾਂ, ਤੀਰਥ ।੧।

ਸਿਮਰਤ–ਸਿਮਰਦਿਆਂ, ਯਾਦ ਕਰਦਿਆਂ। ਸਭਿ–ਸਾਰੇ। ਕਿਲਵਿਖ–ਪਾਪ। ਜਮ ਸੰਗਿ–ਜਮ ਰਾਜ ਦੀ ਸੰਗਤ ਵਿਚ। ਅਪਮਾਨਾ–ਨਿਰਾਦਰੀ ।੨।

ਨਰਕਿ–ਨਰਕ ਵਿਚ। ਸੰਗੁ–ਸਾਥ। ਜੀਅ ਦਾਨਾ–ਆਤਮਿਕ ਜੀਵਨ ਦੀ ਦਾਤਿ ।੩।

ਗੁਰੂ ਦੁਆਰੈ-ਗੁਰੂ ਦੇ ਘਰ ਤੇ (ਰਹਿ ਕੇ)। ਸੁਣੀਐ–ਸੁਣਨਾ ਚਾਹੀਦਾ ਹੈ। ਭੇਟਿ–ਭੇਟੈ, ਮਿਲਦਾ ਹੈ। ਮੁਖਿ–ਮੂੰਹ ਨਾਲ। ਭਣੀਐ–ਉਚਾਰਨਾ ਚਾਹੀਦਾ ਹੈ। ਕਲਿ–ਝਗੜੇ। ਮਾਨਾਂ–ਆਦਰ ।੪।

ਅਰਥ :–

ਪ੍ਰ:–ਸ੍ਰੀ ਜੀਉ ! ਗੁਰੂ ਦੇ ਸੇਵਕ ਦਾ ਗੁਰੂ ਬਾਰੇ ਅੰਤਰ ਆਤਮੇਂ ਕੀ ਨਿਸਚਾ ਹੋਇਆ ਕਰਦਾ ਹੈ ?

1. ਉ:–ਹੇ ਭਾਈ ! (ਗੁਰੂ ਦੇ ਸੇਵਕ ਵਾਸਤੇ) ਗੁਰੂ ਗੋਪਾਲ (ਦਾ ਹੀ ਰੂਪ) ਹੈ, ਗੁਰੂ (ਹੀ) ਗੋਬਿੰਦ ਦਾ ਰੂਪ ਹੈ।

2. (ਸੇਵਕ ਲਈ) ਗੁਰੂ ਦਇਆ ਦਾ ਸੋਮਾਂ ਹੈ,ਗੁਰੂ (ਹੀ ਸਦਾ) ਬਖਸ਼ਸ਼ ਕਰਨ ਵਾਲਾ ਹੈ।

3. ਹੇ ਭਾਈ! (ਸੇਵਕ ਵਾਸਤੇ) ਗੁਰੂ (ਹੀ) ਸ਼ਾਸ਼ਤ੍ਰ ਹੈ, ਸਿਮ੍ਰਤੀ ਹੈ, ਛੇ ਧਾਰਮਿਕ ਕਰਮ ਹੈ, ਗੁਰੂ ਹੀ ਪਵਿਤਰ ਤੀਰਥ ਹੈ।੧।

ਪ੍ਰ:–ਕਿਉਂ ਜੀ! ਗੁਰੂ ਨੂੰ ਯਾਦ ਕਰਨ ਦਾ ਆਖਰ ਫਲ ਕੀ ਮਿਲਦਾ ਹੈ?

4. ਉ:–ਹੇ ਪਿਆਰੇ! ਗੁਰੂ ਨੂੰ (ਹਰ ਵੇਲੇ) ਯਾਦ ਕਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ।

5. ਗੁਰੂ ਨੂੰ ਯਾਦ ਕਰਦਿਆਂ (ਜੀਵ) ਜਮ ਦੀ ਫਾਹੀ ਵਿਚ ਨਹੀਂ ਫਸਦੇ, (ਆਤਮਿਕ ਮੌਤ ਤੋਂ ਬਚੇ ਰਹਿੰਦੇ ਹਨ)।

6. ਐ ਪਿਆਰੇ! ਗੁਰੂ ਨੂੰ ਯਾਦ ਕਰਦਿਆਂ ਮਨ ਪਵਿਤ੍ਰ ਹੋ ਜਾਂਦਾ ਹੈ (ਤੇ ਇਸ ਤਰ੍ਹਾਂ) ਗੁਰੂ ਮਨੁੱਖ ਨੂੰ (ਲੋਕ ਪ੍ਰਲੋਕ ਦੀ) ਨਿਰਾਦਰੀ ਤੋਂ ਬਚਾ ਲੈਂਦਾ ਹੈ।੨।

7. ਹੇ ਭਾਈ! ਗੁਰੂ ਦਾ ਸੇਵਕ ਨਰਕ ਵਿਚ ਨਹੀਂ ਪੈਂਦਾ ਹੈ।

8. (ਕਿਉਂਕਿ) ਗੁਰੂ ਦਾ ਸੇਵਕ ਪ੍ਰਮਾਤਮਾਂ ਦਾ ਸਿਮਰਨ ਕਰਦਾ ਰਹਿੰਦਾ ਹੈ।

9. ਗੁਰੂ ਦਾ ਸੇਵਕ ਸਾਧ ਸੰਗਤ (ਦਾ ਮਿਲਾਪ) ਹਾਸਲ ਕਰ ਲੈਂਦਾ ਹੈ, (ਸਾਧ ਸੰਗਤ ਵਿਚ) ਗੁਰੂ ਉਸ ਨੂੰ ਸਦਾ ਆਤਮਕ ਜੀਵਨ ਦੀ ਦਾਤ ਬਖਸ਼ਦਾ ਹੈ।੩।

10. ਹੇ ਭਾਈ! ਇਸ ਲਈ, ਗੁਰੂ ਦੇ ਦਰ ਤੇ ਰਹਿਕੇ ਪ੍ਰਮਾਤਮਾਂ ਦੀ ਸਿਫਤ ਸਲਾਹ ਸੁਣਨੀ ਚਾਹੀਦੀ ਹੈ। ਹਰੀ ਦਾ ਜਸ ਮੂੰਹੋਂ ਉਚਾਰਨਾ ਚਾਹੀਦਾ ਹੈ।

11. ਐ ਪਿਆਰੇ! (ਜਿਸ ਨੂੰ) ਗੁਰੂ ਮਿਲ ਪੈਂਦਾ ਹੈ (ਉਹ ਮਨੁੱਖ ਸਦਾ ਇਹ ਉੱਦਮ ਕਰਦਾ ਹੈ)।

12. ਹੇ ਭਾਈ! ਗੁਰੂ (ਮਨੁੱਖ ਦੇ) ਸਾਰੇ ਝਗੜੇ ਕਲੇਸ਼ ਮਿਟਾ ਦੇਂਦਾ ਹੈ, ਗੁਰੂ ਮਨੁੱਖ ਨੂੰ ਪ੍ਰਮਾਤਮਾਂ ਦੀ ਹਜ਼ੂਰੀ ਵਿਚ ਆਦਰ ਸਤਿਕਾਰ ਦੇਂਦਾ ਹੈ।੪।

13. **ਅਗਮੁ ਅਗੋਚਰੁ ਗੁਰੂ ਦਿਖਾਇਆ॥**
14. **ਭੂਲਾ ਮਾਰਗਿ ਸਤਿਗੁਰਿ ਪਾਇਆ॥**
15. **ਗੁਰ ਸੇਵਕ ਕਉ ਬਿਘਨੁ ਨ ਭਗਤੀ**
ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ॥੫॥
16. **ਗੁਰਿ ਦ੍ਰਿਸਟਾਇਆ ਸਭਨੀ ਠਾਂਈ॥**
17. **ਜਲਿ ਥਲਿ ਪੂਰਿ ਰਹਿਆ ਗੋਸਾਈ॥**
18. **ਊਚ ਊਨ ਸਭ ਏਕ ਸਮਾਨਾਂ**
ਮਨਿ ਲਾਗਾ ਸਹਜਿ ਧਿਆਨਾ ਹੇ॥੬॥
19. **ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ॥**
20. **ਗੁਰਿ ਮਿਲਿਐ ਨਹ ਜੋਹੈ ਮਾਈ॥**
21. **ਸਤੁ ਸੰਤੋਖੁ ਦੀਆ ਗੁਰਿ ਪੂਰੈ**
ਨਾਮੁ ਅੰਮ੍ਰਿਤੁ ਪੀ ਪਾਨਾਂ ਹੇ॥੭॥
22. **ਗੁਰ ਕੀ ਬਾਣੀ ਸਭ ਮਾਹਿ ਸਮਾਣੀ॥**
23. **ਆਪਿ ਸੁਣੀ ਤੈ ਆਪਿ ਵਖਾਣੀ॥**
24. **ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ**
ਤਿਨ ਪਾਇਆ ਨਿਹਚਲ ਥਾਨਾਂ ਹੇ॥੮॥
25. **ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥**
26. **ਜੋ ਕਿਛੁ ਕਰੇ ਸੁ ਆਪਣ ਭਾਣੈ॥**
27. **ਸਾਧੂ ਧੂਰਿ ਜਾਚਹਿ ਜਨ ਤੇਰੇ**
ਨਾਨਕ ਸਦ ਕੁਰਬਾਨਾਂ ਹੇ॥੯॥੧॥੪॥

ਪਦ ਅਰਥ :–ਅਗਮੁ–ਅਪਹੁੰਚ ਪ੍ਰਭੂ। ਅਗੋਚਰੁ–(ਅ-ਗੋ-ਚਰੁ) ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਮਾਰਗਿ–(ਸਹੀ ਜੀਵਨ) ਰਾਹ ਉਤੇ। ਸਤਿਗੁਰਿ–ਗੁਰੂ ਨੇ। ਕਉ–ਨੂੰ। ਬਿਘਨੁ–ਰੁਕਾਵਟ। ਭਗਤੀ–ਭਗਤੀ (ਦੇ ਕਾਰਨ)। ਦ੍ਰਿੜਾਇਆ–ਹਿਰਦੇ ਵਿਚ ਪੱਕਾ ਕੀਤਾ ਹੈ। ਗਿਆਨ–ਪ੍ਰਮਾਤਮਾਂ ਨਾਲ ਡੂੰਘੀ ਸਾਂਝ।੫।

ਗੁਰਿ–ਗੁਰੂ ਨੇ। ਦ੍ਰਿਸਟਾਇਆ–ਵਿਖਾ ਦਿਤਾ। ਜਲਿ–ਜਲ ਵਿਚ। ਥਲਿ–ਧਰਤੀ ਵਿਚ। ਪੂਰਿ ਰਹਿਆ–ਵਿਆਪਕ ਹੈ। ਗੋਸਾਈ–ਸ੍ਰਿਸ਼ਟੀ ਦਾ ਮਾਲਕ ਪ੍ਰਭੂ। ਊਨ–ਊਣੇ, ਖਾਲੀ। ਮਨਿ–ਮਨ ਵਿਚ। ਸਹਜਿ–ਆਤਮਿਕ ਅਡੋਲਤਾ ਦੀ ਰਾਹੀਂ।੬।

ਗੁਰਿ ਮਿਲਿਐ–ਜੇ ਗੁਰੂ ਮਿਲ ਪਏ। ਨਹ ਜੋਹੈ–ਤਕ ਨਹੀਂ ਸਕਦੀ, ਘੂਰ ਨਹੀਂ ਸਕਦੀ। ਮਾਈ–ਮਾਇਆ। ਸਤੁ ਸੰਤੋਖੁ–ਸੇਵਾ ਅਤੇ ਸੰਤੋਖ। ਗੁਰਿ ਪੂਰੈ–ਪੂਰੇ ਗੁਰੂ ਨੇ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਜਲ। ਪਾਨਾਂ–ਪਿਲਾਂਦਾ ਹੈ।੭।

ਸਭ ਮਹਿ ਸਮਾਣੀ–ਸਭ ਜੀਵਾਂ ਦੇ ਹਿਰਦੇ ਵਿਚ ਟਿਕਣ ਜੋਗ ਹੈ। ਤੈ–ਅਤੇ। ਜਿਨਿ ਜਿਨਿ–ਜਿਸ ਜਿਸ ਨੇ। ਤੇਈ ਸਭਿ–ਉਹ ਸਾਰੇ ਹੀ। ਨਿਸਤ੍ਰੇ–(ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ। ਤਿਨ–ਉਨ੍ਹਾਂ ਨੇ।੮।

ਮਹਿਮਾ–ਵਡਿਆਈ, ਵਡਾ ਜਿਗਰਾ। ਭਾਣੈ–ਰਜ਼ਾ ਵਿਚ। ਸਾਧੂ ਧੂਰਿ–ਗੁਰੂ ਦੀ ਚਰਨ ਧੂੜ। ਜਾਚਹਿ–ਮੰਗਦੇ ਹਨ। ਸਦ–ਸਦਾ।੯।

ਅਰਥ :–

ਪ੍ਰ:–ਸ੍ਰੀ ਜੀਓ! ਸੇਵਕ ਦੇ ਅੰਤਰ ਆਤਮੇਂ ਗੁਰੂ ਵਾਸਤੇ ਇਤਨਾ ਭਰੋਸਾ ਬਝ ਜਾਣ ਦਾ ਅਸਲ ਕਾਰਨ ਕੀ ਹੋਇਆ ਕਰਦਾ ਹੈ?

13. ਉ:–ਹੇ ਭਾਈ! ਉਸ ਸੇਵਕ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ, ਕੁਰਾਹੇ ਜਾ ਰਹੇ ਮਨੁੱਖ ਨੂੰ ਗੁਰੂ ਨੇ ਹੀ (ਸਦਾ) ਸਹੀ ਜੀਵਨ ਰਾਹ ਤੇ ਪਾਇਆ ਹੈ।

14. ਅਤੇ ਗੁਰੂ ਨੇ ਹੀ ਉਸ ਨੂੰ ਅਪਹੁੰਚ ਤੇ ਅਗੋਚਰ ਪ੍ਰਮੇਸ਼ਰ ਦਾ ਦਰਸ਼ਨ ਕਰਾਇਆ ਹੈ।

15. (ਇਸ ਲਈ) ਗੁਰੂ ਦੀ ਦਿਤੀ ਭਗਤੀ ਦੀ ਬਰਕਤ ਨਾਲ ਗੁਰੂ ਦੇ ਸੇਵਕ ਦੇ ਜੀਵਨ ਸਫਰ ਵਿਚ ਕੋਈ ਰੁਕਾਵਟ ਨਹੀਂ ਪੈਂਦੀ ਗੁਰੂ ਹੀ ਪੂਰਨ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਸੇਵਕ ਦੇ ਹਿਰਦੇ ਵਿਚ ਪੱਕੀ ਕਰਦਾ ਹੈ ।੫।

16. ਹੇ ਭਾਈ ! ਗੁਰੂ ਨੇ (ਹੀ ਸੇਵਕ ਨੂੰ ਪ੍ਰਮਾਤਮਾਂ) ਸਭਨੀਂ ਥਾਈਂ ਵਸਦਾ ਵਿਖਾਇਆ ਹੈ ।

17. ਅਤੇ ਇਹ ਭੀ ਦਸ ਦਿਤਾ ਹੈ ਕਿ, ਸ੍ਰਿਸ਼ਟੀ ਦਾ ਮਾਲਕ ਜਲ ਵਿਚ, ਧਰਤੀ ਵਿਚ, (ਹਰ ਥਾਂ) ਵਿਆਪਕ ਹੈ ।

18. ਉਚੇ ਤੇ ਖਾਲੀ ਥਾਈਂ (ਹਰ ਜਗ੍ਹਾ) ਇਕੋ ਜਿਹਾ ਵਿਆਪਕ ਹੈ, (ਗੁਰੂ ਦੀ ਰਾਹੀਂ ਹੀ ਸੇਵਕ ਦੇ) ਮਨ ਵਿਚ ਆਤਮਕ ਅਡੋਲਤਾ ਦੀ ਬਰਕਤ ਨਾਲ ਪ੍ਰਭੂ ਚਰਨਾਂ ਵਿਚ ਸੁਰਤਿ ਜੁੜਦੀ ਹੈ ।੬।

19. ਇਸ ਲਈ, ਐ ਪਿਆਰੇ ! ਜੇ ਮਨੁੱਖ ਨੂੰ ਗੁਰੂ ਮਿਲ ਪਏ ਤਾਂ ਉਹ (ਮਨੁੱਖ ਦੇ ਅੰਦਰੋਂ) ਸਾਰੀ ਤ੍ਰਿਸ਼ਨਾ ਦੀ ਅੱਗ ਬੁਝਾ ਦੇਂਦਾ ਹੈ ।

20. ਅਤੇ ਮਨੁੱਖ ਉਤੇ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ ।

21. ਹੇ ਭਾਈਓ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਸਤਿ ਅਤੇ ਸੰਤੋਖ ਬਖਸ਼ਿਆ ਹੈ, ਉਹ ਆਤਮਕ ਜੀਵਨ ਵਾਲਾ ਨਾਮ ਜਲ ਆਪ ਪੀਂਦਾ ਹੈ ਅਤੇ ਹੋਰਨਾਂ ਨੂੰ ਭੀ ਪਿਲਾਂਦਾ ਹੈ ।੭।

ਪ੍ਰ:–ਸ੍ਰੀ ਜੀਉ ! ਆਪ ਜੀ ਗੁਰਬਾਣੀ ਬਾਰੇ ਕੀ ਵੀਚਾਰ ਧਾਰਾ ਰਖਦੇ ਹੋ ?

22. ਉ:–ਹੇ ਭਾਈ ! ਗੁਰੂ ਦੀ ਬਾਣੀ ਸਭ ਜੀਵਾਂ ਦੇ ਹਿਰਦੇ ਵਿਚ ਟਿਕਣ ਜੋਗ ਹੈ ।

23 (ਕਿਉਂਕਿ) ਗੁਰੂ ਨੇ (ਪ੍ਰਮਾਤਮਾਂ ਪਾਸੋਂ) ਆਪ ਸੁਣੀ ਅਤੇ ਦੁਨੀਆਂ ਦੇ ਜੀਵਾਂ ਨੂੰ ਆਪ ਸੁਣਾਈ ਹੈ ।

24. ਐ ਪਿਆਰੇ ! ਜਿਸ ਜਿਸ ਮਨੁੱਖ ਨੇ ਇਹ ਬਾਣੀ ਹਿਰਦੇ ਵਿਚ ਵਸਾਈ ਹੈ, ਉਹ ਸਾਰੇ (ਹੀ) ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ, ਉਨ੍ਹਾਂ ਨੇ ਉਹ ਟਿਕਾਣਾ ਹਾਸਲ ਕਰ ਲਿਆ ਹੈ, ਜੋ (ਮਾਇਆ ਦੇ ਪ੍ਰਭਾਵ ਹੇਠ) ਡੋਲਦਾ ਨਹੀਂ ਹੈ ।੮।

ਪ੍ਰ–ਸ੍ਰੀ ਜੀਉ, ਗੁਰੂ ਦੀ ਮਹਿਮਾਂ ਕਥਨ ਕਰਨ ਦੀ ਕ੍ਰਿਪਾ ਕਰੋ?

25. ਉ:–ਹੇ ਪਿਆਰਿਓ ! ਗੁਰੂ ਦੀ ਉੱਚ ਆਤਮਕਤਾ ਗੁਰੂ (ਹੀ) ਜਾਣਦਾ ਹੈ ।

26. ਅਤੇ ਇਹ ਭੀ ਗੁਰੂ ਹੀ ਜਾਣਦਾ ਹੈ ਕਿ ਪ੍ਰਮਾਤਮਾਂ ਜੋ ਕੁਝ ਕਰਦਾ ਹੈ ਉਹ ਆਪਣੀ ਰਜ਼ਾ ਵਿਚ ਕਰਦਾ ਹੈ ।

27. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੇਰੇ ਸੇਵਕ ਗੁਰੂ ਦੇ ਚਰਨਾਂ ਦੀ ਧੂੜ ਮੰਗਦੇ ਹਨ ਤੇ (ਗੁਰੂ ਤੋਂ) ਸਦਾ ਸਦਕੇ ਜਾਂਦੇ ਹਨ ।੯।੧।੪।

ਭਾਵਾਰਥ :- ਉਹ ਹਰੀ ਨਿਰਲੇਪ ਤੇ ਨਿਰਾਕਾਰ ਹੈ, ਪਰ ਫਿਰ ਭੀ ਸਭ ਵਿਚ ਵਰਤਦਾ ਹੈ (੧) ਉਸ ਨੇ ਹੋਰਨਾਂ ਜੂਨਾਂ ਵਿਚੋਂ ਮਨੁੱਖ ਨੂੰ ਉਚਾ ਦਰਜਾ ਦਿਤਾ ਹੈ (੨) ਇਸ ਲਈ ਮਨੁੱਖ ਦੀ ਉਪਮਾਂ ਕੀ ਕਰਨੀ ਹੋਈ ਉਸ ਦੇ ਰਚਨਹਾਰ ਦੀ ਕਰਨੀ ਬਣਦੀ ਹੈ (੩) ਮਨੁੱਖ ਤਿੰਨਾਂ ਗੁਣਾਂ ਦੇ ਘੇਰੇ ਵਿਚ ਹੋਣ ਕਰ ਕੇ ਦੁੱਖ ਸੁੱਖ ਵਿਚ ਭੁਲਦਾ ਰਹਿੰਦਾ ਹੈ, ਪਰ ਗੁਰੂ ਦੀ ਓਟ ਲੈਣ ਨਾਲ ਤ੍ਰਿਗੁਣ ਅਤੀਤ ਹੋ ਸਕਦਾ ਹੈ (੪) ਇਹ ਗਲ ਕਿਸੇ ਹੋਰ ਕਰਮ ਕਰਨ ਨਾਲ ਨਹੀਂ ਹੋ ਸਕਦੀ (੫) ਕੇਵਲ ਨਾਮ ਕੀਰਤਨ ਕਰਨ ਨਾਲ ਹੀ ਹੋ ਸਕਦੀ ਹੈ (੬) ਮਨੁੱਖ ਨਿਹਚਲ ਹਰੀ ਦਾ ਧਿਆਨ ਕਰਨ ਨਾਲ ਹੀ ਨਿਹਚਲ ਹੋ ਸਕਦਾ ਹੈ (੭) ਕਿਉਂਕਿ ਜੈਸਾ ਸੇਵੇ ਤੈਸਾ ਹੋਇ (੮) ਇਹ ਬਖਸ਼ਸ਼ ਹਰੀ ਆਪ ਹੀ ਚਾਹੇ ਤਾਂ ਹੁੰਦੀ ਹੈ (੯) ਹਰੀ ਆਪ ਮਾਲਕ ਜੋ ਹੋਇਆ, ਪਰ ਉਹ ਆਪਣਿਆਂ ਸੰਤਾਂ ਦੀ ਮੰਨਦਾ ਹੈ (੧੦) ਜੋ ਉਸ ਦੀ ਅਰਾਧਨਾ ਕਰੇ, ਉਸ ਦੀ ਰਖਿਆ ਕਰਦਾ ਹੈ (੧੧) ਉਹ ਕਿਥੋਂ ਲਭੇ ? ਸਾਧ ਸੰਗਤ ਵਿਚੋਂ (੧੨) ਹੁਕਮੀ ਬੰਦਾ ਬਣ ਕੇ (੧੩) ਅਤੇ ਬਾਲ ਸੁਭਾਈ ਹੋ ਕੇ (੧੪) ਫਿਰ ਭੀ ਮਿਲਦਾ ਤਦ ਹੈ ਜੇ ਉਸ ਦੀ ਆਪਣੀ ਮਰਜ਼ੀ ਹੋਵੇ (੧੫) ਅਸੀਂ ਤਾਂ ਉਸੇ ਦੀ ਸ਼ਰਨ ਵਿਚ ਢਹਿ ਪਏ ਹਾਂ (੧੬) ।

ਮਾਰੂ ਸੋਲਹੇ ਮਹਲਾ ੫

੧ ਓ ਸਤਿਗੁਰ ਪ੍ਰਸਾਦਿ ॥

1. ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥
2. ਸਭ ਮਹਿ ਵਰਤੈ ਆਪਿ ਨਿਰਾਰਾ ॥
3. ਵਰਨੁ ਜਾਤਿ ਚਿਹਨੁ ਨਹੀ ਕੋਈ
ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥
4. ਲਖ ਚਉਰਾਸੀਹ ਜੋਨਿ ਸਬਾਈ ॥
5. ਮਾਣਸ ਕਉ ਪ੍ਰਭਿ ਦੀਈ ਵਡਿਆਈ ॥
6. ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ ॥੨॥
7. ਕੀਤਾ ਹੋਵੈ ਤਿਸੁ ਕਿਆ ਕਹੀਐ ॥
8. ਗੁਰਮੁਖਿ ਨਾਮੁ ਪਦਾਰਥੁ ਲਹੀਐ ॥
9. ਜਿਸੁ ਆਪਿ ਭੁਲਾਏ ਸੋਈ ਭੂਲੈ
ਸੋ ਬੂਝੈ ਜਿਸਹਿ ਬੁਝਾਇਦਾ ॥੩॥
10. ਹਰਖ ਸੋਗ ਕਾ ਨਗਰੁ ਇਹੁ ਕੀਆ ॥
11. ਸੇ ਉਬਰੇ ਜੋ ਸਤਿਗੁਰ ਸਰਣੀਆ ॥
12. ਤ੍ਰਿਹਾ ਗੁਣਾ ਤੇ ਰਹੈ ਨਿਰਾਰਾ
ਸੋ ਗੁਰਮੁਖਿ ਸੋਭਾ ਪਾਇਦਾ ॥੪॥

ਪਦ ਅਰਥ:–ਆਦਿ–(ਸਭ ਦਾ) ਮੁੱਢ । ਨਿਰੰਜਨੁ–(ਨਿਰ-ਅੰਜਨੁ) । ਅੰਜਨੁ–ਸੁਰਮਾ, ਮਾਇਆ ਦੇ ਮੋਹ ਦੀ

ਕਾਲਖ, ਮਾਇਆ ਦੇ ਪ੍ਰਭਾਵ ਤੋਂ ਰਹਿਤ। ਨਿਰੰਕਾਰਾ—ਨਿਰ-ਅਕਾਰ, ਜਿਸ ਦਾ ਕੋਈ ਖਾਸ ਸਰੂਪ ਦਸਿਆ ਨਾ ਜਾ ਸਕੇ। ਨਿਰਾਰਾ—ਨਿਰਾਲਾ, ਵਖਰਾ। ਵਰਨੁ—ਰੰਗ। ਚਿਹਨੁ—ਨਿਸ਼ਾਨ। ਹੁਕਮੇ-ਹੁਕਮ ਦੀ ਰਾਹੀਂ ਹੀ।੧।

ਸਬਾਈ—ਸਾਰੀ। ਮਾਣਸ ਕਉ—ਮਾਣਸ ਜੂਨ ਕਉ, ਮਨੁੱਖਾ ਜਨਮ ਨੂੰ। ਪ੍ਰਭਿ—ਪ੍ਰਭੂ ਨੇ। ਦੀਈ—ਦਿਤੀ ਹੈ। ਤੇ—ਤੋਂ। ਚੂਕੈ—ਖੁੰਝ ਜਾਂਦਾ ਹੈ। ਆਇ ਜਾਇ—ਜਨਮ ਮਰਨ ਦੇ ਗੇੜ ਵਿਚ ਪੈ ਕੇ।੨।

ਕੀਤਾ—ਪ੍ਰਭੂ ਦਾ ਕੀਤਾ ਹੋਇਆ। ਤਿਸੁ ਕਿਆ ਕਹੀਐ—ਉਸਦੀ ਵਡਿਆਈ ਕਰਨੀ ਵਿਅਰਥ ਹੈ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਲਹੀਐ—ਹਾਸਲ ਕਰਨਾ ਚਾਹੀਦਾ ਹੈ। ਭੁਲਾਏ—ਕੁਰਾਹੇ ਪਾ ਦੇਵੇ।੩।

ਹਰਖ—ਖੁਸ਼ੀ। ਸੋਗ—ਗਮੀ। ਨਗਰੁ—ਸਰੀਰ ਸ਼ਹਿਰ। ਸੇ—ਉਹ। ਉਬਰੇ (ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦੇ ਹਨ। ਤੇ-ਤੋਂ। ਨਿਰਾਰਾ—ਨਿਰਾਲਾ, ਬਚਿਆ ਹੋਇਆ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਜਿਸ ਪ੍ਰਮਾਤਮਾਂ ਦਾ ਆਪ ਜੀ ਜ਼ਿਕਰ ਕਰਦੇ ਆ ਰਹੇ ਹੋ, ਉਸ ਦੇ ਗੁਣ ਅਤੇ ਉਸ ਦੇ ਸਰੂਪ ਬਾਰੇ ਕੁਝ ਜਾਣਕਾਰੀ ਕਰਾਉ ?

1. ਉ—ਹੇ ਭਾਈਓ ! ਉਸ ਸਾਈਂ ਜੀ ਬਾਰੇ ਕੁਝ ਭੀ ਨਹੀਂ ਕਿਹਾ ਜਾ ਸਕਦਾ, ਕਿਉਂਕਿ, ਉਹ ਪ੍ਰਮਾਤਮਾਂ ਜੋ ਸਭ ਦਾ ਮੂਲ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ ਤੇ ਜਿਸਦਾ ਕੋਈ ਖਾਸ ਸਰੂਪ ਦਸਿਆ ਨਹੀਂ ਜਾ ਸਕਦਾ।

2. ਉਹ ਸਭ ਜੀਵਾਂ ਵਿਚ ਮੌਜੂਦ ਹੈ ਅਤੇ ਫਿਰ ਭੀ ਨਿਰਲੇਪ ਰਹਿੰਦਾ ਹੈ।

3. ਹੇ ਪਿਆਰੇ ! ਉਸ ਦਾ ਕੋਈ (ਬ੍ਰਾਹਮਣ ਖਤ੍ਰੀ ਆਦਿਕ) ਵਰਨ ਨਹੀਂ, ਕੋਈ ਜ਼ਾਤ ਨਹੀਂ, ਕੋਈ ਚਿੰਨ੍ਹ ਨਹੀਂ, ਉਹ ਆਪਣੇ ਹੁਕਮ ਅਨੁਸਾਰ ਹੀ ਇਹ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ।੧।

ਪ੍ਰ:- ਸ੍ਰੀ ਜੀਉ ! ਕੀ ਇਨ੍ਹਾਂ ਸਾਰੀਆਂ ਹੀ ਜੂਨਾਂ ਵਿਚੋਂ ਉਸ ਨਿਰੰਕਾਰ ਨੇ ਆਪਣੇ ਵਲੋਂ ਖਾਸ ਤੌਰ ਪਰ ਕਿਸੇ ਜੂਨ ਨੂੰ ਵਡਿਆਇਆ ਭੀ ਹੈ ?

4-5. ਉ:—ਹੇ ਭਾਈਓ ! ਸਾਰੀਆਂ ਚੌਰਾਸੀ ਲੱਖ ਜੂਨਾਂ ਵਿਚੋਂ ਉਸ ਪ੍ਰਮਾਤਮਾਂ ਨੇ ਮਨੁੱਖਾ ਜਨਮ ਨੂੰ ਵਡਿਆਇਆ ਹੈ, (ਭਾਵ ਇਸੇ ਨੂੰ ਮਹਾਨਤਾ ਦਿਤੀ ਹੈ)।

6. ਪਰ, ਐ ਪਿਆਰੇ ! ਜਿਹੜਾ ਮਨੁੱਖ ਇਸ ਪਉੜੀ ਤੋਂ ਖੁੰਝ ਜਾਂਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ।੨।

ਪ੍ਰ:—ਹੇ ਗੁਰੇ ! ਉਸ ਰਚਨਹਾਰ ਕਰਤਾਰ ਦੀ ਰਚਨਾ ਵਿਚ ਕਈ ਪਦਾਰਥਾਂ ਦੀ ਅਜਿਹੀ ਸੁੰਦਰਤਾ ਤਕਦੇ ਹਾਂ ਚਿਤ ਕਰਦਾ ਹੈ ਕਿ ਉਸੇ ਹੀ ਸ਼ੈ ਦੀ ਸ਼ਲਾਘਾ ਕਰਦੇ ਰਹੀਏ ? ਕੀ ਆਪ ਜੀ ਭੀ ਇਸੇ ਸਾਡੇ ਖਿਆਲ ਨਾਲ ਸਹਿਮਤ ਹੋ ?

7. ਉ:—ਹੇ ਭਾਈਓ ! ਅਸਲ ਵਿਚ ਤਾਂ ਪ੍ਰਮੇਸ਼ਰ ਦੇ ਪੈਦਾ ਕੀਤੇ ਦੀ ਵਡਿਆਈ ਕਰਦੇ ਰਹਿਣਾ ਵਿਅਰਥ ਹੈ (ਇਸ ਲਈ, ਉਸ ਪਦਾਰਥ ਦੇ ਰਚਨਹਾਰ ਕਰਤਾਰ ਦੀ ਹੀ ਸਿਫਤ ਸਲਾਹ ਕਰਨੀ ਚਾਹੀਦੀ ਹੈ)।

8. ਗੁਰੂ ਦੀ ਸ਼ਰਨ ਪੈ ਕੇ ਪ੍ਰਮੇਸ਼ਰ ਦਾ ਕੀਮਤੀ ਨਾਮ ਪ੍ਰਾਪਤ ਕਰਨਾ ਚਾਹੀਦਾ ਹੈ।

9. ਪਰ, ਹੇ ਭਾਈਓ ! (ਜੀਵ ਦੇ ਭੀ ਕੀ ਵਸ ਹੈ) ਜਿਸ ਮਨੁੱਖ ਨੂੰ ਪ੍ਰਮਾਤਮਾਂ ਆਪ ਹੀ ਕੁਰਾਹੇ ਪਾਂਦਾ ਹੈ ਉਹ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ, ਪਰ ਉਹ ਮਨੁੱਖ ਹੀ ਜੀਵਨ ਦਾ ਸਹੀ ਰਸਤਾ ਸਮਝਦਾ ਹੈ, ਜਿਸ ਨੂੰ ਪ੍ਰਮਾਤਮਾਂ ਆਪ ਸਮਝਾਂਦਾ ਹੈ।੩।

10. ਹੇ ਭਾਈ ! ਉਸ ਪ੍ਰਮਾਤਮਾਂ ਨੇ ਇਸ ਮਨੁੱਖ ਸਰੀਰ ਨੂੰ ਖੁਸ਼ੀ ਗਮੀਂ ਦਾ ਨਗਰ ਬਣਾ ਦਿਤਾ ਹੈ।

ਪ੍ਰ:—ਕਿਉਂ ਜੀ ! ਇਸ ਖੁਸ਼ੀ ਗਮੀਂ ਦੇ ਦ੍ਵੰਦ ਵਾਦ ਤੋਂ ਕੋਈ ਬਚ ਭੀ ਸਕਦਾ ਹੈ ?

11. ਉ:—ਐ ਪਿਆਰੇ ! ਇਨ੍ਹਾਂ ਤੋਂ ਬਚਣ ਦਾ ਇਕੋ ਹੀ ਸਾਧਨ ਹੈ, ਜੋ ਮਨੁੱਖ ਗੁਰੂ ਦੀ ਸ਼ਰਨ ਆ ਪੈਂਦੇ ਹਨ ਉਹੀ (ਇਨ੍ਹਾਂ ਦੇ ਪ੍ਰਭਾਵ ਤੋਂ) ਬਚਦੇ ਹਨ।

12. ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਮਾਇਆ ਦੇ ਤਿੰਨ ਗੁਣਾਂ ਤੋਂ ਨਿਰਾਲਾ ਰਹਿੰਦਾ ਹੈ ਉਹ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ।੪।

13. ਅਨਿਕ ਕਰਮ ਕੀਏ ਬਹੁਤੇਰੇ ॥
14. ਜੋ ਕੀਜੈ ਸੋ ਬੰਧਨੁ ਪੈਰੇ ॥
15. ਕੁਰੁਤਾ ਬੀਜੁ ਬੀਜੇ ਨਹੀ ਜੰਮੈ
ਸਭੁ ਲਾਹਾ ਮੂਲੁ ਗਵਾਇਦਾ ॥੫॥
16. ਕਲਜੁਗ ਮਹਿ ਕੀਰਤਨੁ ਪਰਧਾਨਾ ॥
17. ਗੁਰਮੁਖਿ ਜਪੀਐ ਲਾਇ ਧਿਆਨਾ ॥
18. ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥੬॥
19. ਖੰਡ ਪਤਾਲ ਦੀਪ ਸਭਿ ਲੋਆ ॥
20. ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥
21. ਨਿਹਚਲੁ ਏਕੁ ਆਪਿ ਅਬਿਨਾਸੀ
ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥੭॥
22. ਹਰਿ ਕਾ ਸੇਵਕੁ ਸੋ ਹਰਿ ਜੇਹਾ ॥
23. ਭੇਦੁ ਨ ਜਾਣਹੁ ਮਾਣਸ ਦੇਹਾ ॥
24. ਜਿਉ ਜਲ ਤਰੰਗ ਉਠਹਿ ਬਹੁ ਭਾਤੀ
ਫਿਰਿ ਸਲਲੈ ਸਲਲ ਸਮਾਇਦਾ ॥੮॥

ਪਦ ਅਰਥ :–ਜੋ–ਜਿਹੜਾ (ਭੀ ਕਰਮ)। ਕੀਜੈ–ਕੀਤਾ ਜਾਏ। ਬੰਧਨੁ–ਫਾਹੀ। ਪੈਰੇ -ਪੈਰਾਂ ਵਿਚ। ਕੁਰੁਤਾ–ਬੇ-ਬਹਾਰਾ। ਜੰਮੈ–ਉੱਗਦਾ। ਲਾਹਾ–ਖੱਟੀ। ਮੂਲ–ਰਾਸ, ਪੂੰਜੀ।੫।

ਪਰਧਾਨਾ–ਸਭ ਤੋਂ ਸਰੇਸ਼ਟ ਕਰਮ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਲਾਇ ਧਿਆਨਾ–ਸੁਰਤਿ ਜੋੜ ਕੇ। ਤਰੈ–(ਸੰਸਾਰ ਸਮੁੰਦਰ ਤੋਂ) ਪਾਰ ਲੰਘਦਾ ਹੈ। ਦਰਗਹਿ–ਹਜ਼ੂਰੀ ਵਿਚ। ਪਤਿ–ਇੱਜ਼ਤ।੬।

ਦੀਪ–ਦ੍ਵੀਪ, ਟਾਪੂ। ਸਭਿ–ਸਾਰੇ। ਲੋਆ–ਲੋਕ, ਮੰਡਲ। ਕਾਲੈ ਵਸਿ–ਕਾਲ ਦੇ ਵਸ ਵਿਚ। ਪ੍ਰਭਿ–ਪ੍ਰਭੂ ਨੇ। ਨਿਹਚਲੁ–ਸਦਾ ਕਾਇਮ ਰਹਿਣ ਵਾਲਾ। ਅਬਿਨਾਸੀ–ਨਾਸ ਰਹਿਤ।੭।

ਸੇਵਕੁ–ਭਗਤ। ਭੇਦੁ–ਫਰਕ, ਵਿੱਥ। ਮਾਣਸ ਦੇਹਾ–ਮਨੁੱਖਾ ਸਰੀਰ। ਜਲ ਤਰੰਗ–ਪਾਣੀ ਦੀਆਂ ਲਹਿਰਾਂ। ਉਠਹਿ–ਉਠਦੀਆਂ ਹਨ। ਸਲਲੈ–ਪਾਣੀ ਵਿਚ। ਸਲਲ–ਪਾਣੀ।੮।

ਅਰਥ :–

ਪ੍ਰ:–ਸ੍ਰੀ ਜੀਉ ! ਕੀ, ਇਸ ਕਲਜੁਗ ਅੰਦਰ ਜੋ ਲੋਕ ਅਨੇਕਾਂ ਤਰ੍ਹਾਂ ਦੇ ਮਿਥੇ ਹੋਏ ਧਾਰਮਿਕ ਕਰਮ ਕਰਦੇ ਹਨ, ਇਨ੍ਹਾਂ ਦਾ ਫਲ ਜੰਮਣ ਮਰਨ ਦੀ ਫਾਹੀ ਤੋਂ ਛੁਟਕਾਰਾ ਨਹੀਂ ਹੋਵੇਗਾ ?

13.**ਉ**:–ਹੇ ਪਿਆਰੇ ! ਇਹ ਵਿਸ਼ਵਾਸ਼ ਰਖੋ ਕਿ ਨਾਮ ਸਿਮਰਨ ਤੋਂ ਬਿਨਾ ਤੀਰਥ ਇਸ਼ਨਾਨ ਆਦਿਕ ਭਾਵੇਂ ਅਨੇਕਾਂ (ਹੀ) ਮਿਥੇ ਹੋਏ ਧਾਰਮਿਕ ਕਰਮ ਕੀਤੇ ਜਾਣ।

14. ਜਿਹੜਾ ਭੀ ਅਜਿਹਾ ਕਰਮ ਕੀਤਾ ਜਾਂਦਾ ਹੈ ਉਹ ਇਸ ਜੀਵਨ ਸਫ਼ਰ ਵਿਚ ਮਨੁੱਖ ਦੇ ਪੈਰਾਂ ਵਿਚ ਫਾਹੀ (ਰੂਪ) ਬਣਦਾ ਹੈ (ਇਸ ਲਈ ਮਨੁੱਖ ਦੇ ਆਤਮਿਕ ਜੀਵਨ ਵਾਸਤੇ ਹਰਿ ਨਾਮ ਦੇ ਸਿਮਰਨ ਦੀ ਹੀ ਲੋੜ ਹੈ)।

ਪ੍ਰ:-ਕਿਉਂ ਜੀ ! ਤੀਰਥਾਦਿਕ ਕਰਮਾਂ ਦੀ ਨਿਸਫਲਤਾ ਬਾਰੇ ਕੋਈ ਉਦਾਹਰਣ ਦੇ ਕੇ ਸਮਝਾਓ ?

15. **ਉ**:–ਹੇ ਭਾਈਓ ! ਹੋਰ ਹੋਰ ਕਰਮ ਇਉਂ ਹੀ ਬੇ-ਅਰਥ ਹੈ, ਜਿਵੇਂ ਕਿ, ਬੇ-ਬਹਾਰਾ ਬੀਜਿਆ ਹੋਇਆ ਬੀਜ ਉੱਗਦਾ ਨਹੀਂ, ਮਨੁੱਖ (ਸਗੋਂ) ਖੱਟੀ ਭੀ ਗਵਾਂਦਾ ਹੈ ਤੇ ਰਾਸ ਪੂੰਜੀ ਭੀ ਗਵਾ ਲੈਂਦਾ ਹੈ।੫।

ਪ੍ਰ:–ਸ੍ਰੀ ਜੀਉ ! ਆਖਰ, ਕਲਯੁਗ ਵਿਚ ਪ੍ਰਧਾਨ ਕਰਮ ਕਿਹੜਾ ਹੈ ?

16. **ਉ**:–ਹੇ ਪਿਆਰੇ ! ਜੇ ਵੀਚਾਰ ਕਰ ਕੇ ਵੇਖੀਏ ਤਾਂ ਜੁਗਾਂ ਦੀ ਵੰਡ ਕਰਨ ਵਾਲਿਆਂ ਦੇ ਅਨੁਸਾਰ ਭੀ ਕਲਜੁਗ ਵਿਚ ਕੀਰਤਨ ਹੀ ਪਰਧਾਨ ਕਰਮ ਹੈ।

17. ਹੇ ਭਾਈ ! (ਉਂਞ ਤਾਂ ਸਦਾ ਹੀ) ਗੁਰੂ ਦੀ ਸ਼ਰਨ ਪੈ ਕੇ ਸੁਰਤਿ ਜੋੜ ਕੇ ਪ੍ਰਭੂ ਦਾ ਨਾਮ ਹੀ ਜਪਣਾ ਚਾਹੀਦਾ ਹੈ।

ਪ੍ਰ:–ਕਿਉਂ ਜੀ ! ਨਾਮ ਜਪਦੇ ਰਹਿਣ ਦਾ ਆਖਰ ਫਲ ਕੀ ਹੋਵੇਗਾ ?

18. **ਉ**:–ਐ ਪਿਆਰੇ ! ਜਿਹੜਾ ਮਨੁੱਖ ਜਪਦਾ ਹੈ ਉਹ ਆਪ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ, ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਕਰ ਲੈਂਦਾ ਹੈ ਅਤੇ ਉਹ ਪ੍ਰਮੇਸ਼ਰ ਦੀ ਹਜ਼ੂਰੀ ਵਿਚ (ਭੀ) ਇੱਜ਼ਤ ਨਾਲ ਜਾਂਦਾ ਹੈ।੬।

ਪ੍ਰ:–ਸ੍ਰੀ ਜੀਉ ! ਇਹ ਤਾਂ ਸਦੀਵੀ ਕਾਲ ਤੋਂ ਸੁਣਦੇ ਆ ਰਹੇ ਹਾਂ ਕਿ ਇਸ ਸੰਸਾਰ ਦੀ ਰਚਨਾ ਨੂੰ ਉਸ ਪ੍ਰਭੂ ਜੀ ਨੇ ਆਪਣੀ ਇੱਛਾ ਮੁਤਾਬਕ ਰਚਿਆ ਹੈ, ਪਰ, ਉਸ ਦੀ ਇਸ ਰਚੀ ਰਚਨਾਂ ਨੂੰ ਨਾਸ ਕਰਨ ਵਾਲੀ ਉਹ ਕਿਹੜੀ ਸ਼ਕਤੀ ਹੈ ?

19. **ਉ**:–ਹੇ ਭਾਈ ! ਇਹ ਜਿਤਨੇ ਭੀ ਖੰਡ, ਮੰਡਲ, ਪਾਤਾਲ ਤੇ ਦੀਪ ਹਨ, (ਇਹ ਸਾਰੇ ਪ੍ਰਭੂ ਨੇ ਰਚ ਕੇ)

20. ਇਨ੍ਹਾਂ ਸਾਰਿਆਂ ਨੂੰ ਪ੍ਰਮਾਤਮਾਂ ਨੇ ਆਪ ਹੀ ਕਾਲ ਦੇ ਅਧੀਨ ਰਖਿਆ ਹੋਇਆ ਹੈ।

ਪ੍ਰ–ਹੇ ਗੁਰੋ,ਆਖਰ ਇਸ ਰਚਨਾਂ ਵਿਚ ਨਾਸ ਰਹਿਤ ਕੌਣ ਹੈ ?

21. **ਉ**:–ਹੇ ਭਾਈਓ ! ਅਸਲ ਵਿਚ ਨਾਸ ਰਹਿਤ ਤਾਂ ਪ੍ਰਭੂ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ, (ਪਰ) ਜਿਹੜਾ ਮਨੁੱਖ ਉਸ ਸਾਈਂ ਜੀ ਦਾ ਨਾਮ ਸਿਮਰਨ ਕਰਦਾ ਹੈ, ਉਹ ਭੀ ਅਟੱਲ ਜੀਵਨ ਵਾਲਾ ਹੋ ਜਾਂਦਾ ਹੈ, (ਭਾਵ, ਜੰਮਣ ਮਰਣ ਦੇ ਗੇੜ ਵਿਚੋਂ ਬਚ ਜਾਂਦਾ ਹੈ)।੭।

ਪ੍ਰ:–ਕਿਉਂ ਜੀ ! ਭਗਤੀ ਕਰਨ ਵਾਲੇ ਸੇਵਕ ਨੂੰ ਅੰਤ ਫਲ ਕੀ ਹਾਸਲ ਹੁੰਦਾ ਹੈ ?

22. **ਉ**:–ਹੇ ਭਾਈਓ ! ਜੋ ਮਨੁੱਖ ਪ੍ਰਮਾਤਮਾਂ ਦੀ ਭਗਤੀ ਕਰਨ ਵਾਲਾ ਹੈ, ਉਹ ਪ੍ਰਮੇਸ਼ਰ ਵਰਗਾ ਹੀ ਹੋ ਜਾਂਦਾ ਹੈ।

23. ਹੇ ਪਿਆਰੇ ! ਉਸ ਦਾ ਮਨੁੱਖ ਸਰੀਰ (ਵੇਖ ਕੇ ਪ੍ਰਮਾਤਮਾਂ ਨਾਲੋਂ ਉਸ ਦਾ) ਫਰਕ ਨਾ ਸਮਝੋ।

24. (ਕਿਉਂਕਿ, ਸਿਮਰਨ ਕਰਨ ਵਾਲਾ ਮਨੁੱਖ ਇਉਂ ਹੀ ਹੈ) ਜਿਵੇਂ ਕਈ ਕਿਸਮ ਦੀਆਂ ਪਾਣੀ ਦੀਆਂ ਲਹਿਰਾਂ ਉਠਦੀਆਂ ਹਨ, ਮੁੜ ਪਾਣੀ ਵਿਚ ਪਾਣੀ ਰਲ ਜਾਂਦਾ ਹੈ।੮।

25. ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ॥
26. ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥
27. ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ
ਹਰਿ ਕੀਰਤਨਿ ਮਨੁ ਠਹਰਾਇਦਾ ॥੯॥
28. ਰੂੜੋ ਠਾਕੁਰੁ ਕਿਤੈ ਵਸਿ ਨ ਆਵੈ ॥
29. ਹਰਿ ਸੋ ਕਿਛੁ ਕਰੇ ਜਿ ਹਰਿ ਕਿਆ ਸੰਤਾ ਭਾਵੈ ॥
30. ਕੀਤਾ ਲੋੜਨਿ ਸੋਈ ਕਰਾਇਨਿ
ਦਰਿ ਫੇਰੁ ਨ ਕੋਈ ਪਾਇਦਾ ॥੧੦॥

31. ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਨੀ ॥
32. ਤਿਥੈ ਹਰਿ ਧਿਆਈਐ ਸਾਰਿੰਗਪਾਨੀ ॥
33. ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ
ਤਿਥੈ ਹਰਿ ਆਪਿ ਛਡਾਇਦਾ ॥੧੧॥
34. ਵਡਾ ਸਾਹਿਬੁ ਅਗਮ ਅਥਾਹਾ ॥
35. ਕਿਉ ਮਿਲੀਐ ਪ੍ਰਭ ਵੇਪਰਵਾਹਾ ॥
36. ਕਾਟਿ ਸਿਲਕ ਜਿਸੁ ਮਾਰਗਿ ਪਾਏ
ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥

ਪਦ ਅਰਥ :—ਜਾਚਿਕੁ—ਮੰਗਤਾ। ਦੁਆਰੈ—ਦਰ ਤੇ (ਖੜਾ)। ਜਾ—ਜਾਂ, ਜਦੋਂ। ਪ੍ਰਭ ਭਾਵੈ—ਪ੍ਰਭੂ ਨੂੰ ਚੰਗਾ ਲਗੇ। ਜਿਤੁ—ਜਿਸ (ਦਰਸ਼ਨ) ਦੀ ਰਾਹੀਂ। ਤ੍ਰਿਪਤਾਸੈ—ਰੱਜ ਜਾਂਦਾ ਹੈ। ਕੀਰਤਨਿ—ਕੀਰਤਨ ਵਿਚ।੯।

ਰੂੜੈ—ਸੁੰਦਰ। ਕਿਤੈ—ਕਿਸੇ ਤਰੀਕੇ ਨਾਲ। ਵਸਿ—ਵਸ ਵਿਚ। ਜਿ—ਜੋ ਕੁਝ। ਕੀਤਾ ਲੋੜਨਿ—ਕਰਨਾ ਚਾਹੁੰਦੇ ਹਨ। ਕਰਾਇਨਿ—ਕਰਾ ਲੈਂਦੇ ਹਨ। ਦਰਿ—ਦਰ ਤੇ। ਫੇਰੁ—ਰੁਕਾਵਟ।੧੦।

ਅਉਘਟੁ—ਔਖਿਆਈ। ਧਿਆਈਐ—ਸਿਮਰਨਾ ਚਾਹੀਦਾ ਹੈ। ਸਾਰਿੰਗਪਾਨੀ—ਧਨਸ਼ਧਾਰੀ ਪ੍ਰਭੂ (ਸਾਰਿੰਗ-ਧਨਸ਼। ਪਾਣੀ—ਹੱਥ)। ਕਲਤ੍ਰੁ—ਇਸਤ੍ਰੀ।੧੧।

ਅਗਮ—ਅਪਹੁੰਚ। ਅਥਾਹਾ—ਡੂੰਘਾ। ਵੇਪਰਵਾਹ—ਬੇ-ਮੁਥਾਜ। ਕਾਟਿ—ਕੱਟ ਕੇ। ਸਿਲਕ—ਫਾਹੀ। ਮਾਰਗਿ—(ਸਹੀ) ਰਸਤੇ ਉਤੇ।੧੨।

ਅਰਥ :—

ਪ੍ਰ:—ਸ੍ਰੀ ਜੀਉ! ਸੰਸਾਰ ਦਾ ਹਰ ਮਨੁੱਖ ਉਸ ਦਾਤਾਰ ਤੋਂ ਮੰਗਤਾ ਬਣ ਕੇ ਭਿੰਨ ਭਿੰਨ ਦਾਤਾਂ ਮੰਗਦਾ ਹੈ, ਪਰ ਪ੍ਰਭੂ ਦੇ ਸੇਵਕ ਦੀ ਮੰਗ ਕੀ ਹੁੰਦੀ ਹੈ?

25. ਉ:—ਹੇ ਭਾਈ! ਜੋ ਪ੍ਰਭੂ ਦਾ ਦਾਸ ਹੈ ਉਹ ਇਕ ਮੰਗਤਾ (ਬਣ ਕੇ ਉਸ ਦੇ) ਦਰ ਤੇ (ਖੜਾ ਉਸ ਦੇ ਦਰਸ਼ਨ ਦਾ) ਹੀ ਖੈਰ ਮੰਗਦਾ ਹੈ।

26. ਹੇ ਪਿਆਰੇ! ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ ਤਦੋਂ ਉਹ ਕਿਰਪਾ ਕਰਦਾ ਹੈ।

27. ਪਰ, ਹੇ ਭਾਈ! ਉਹ ਮੰਗਤਾ ਸੇਵਕ ਇਉਂ ਹੀ ਮੰਗੀ ਜਾਂਦਾ ਹੈ ਕਿ, ਹੇ ਪ੍ਰਭੂ! ਆਪਣਾ ਦਰਸ਼ਨ ਦੇ ਜਿਸ ਦੀ ਬਰਕਤ ਨਾਲ ਮਨ (ਮਾਇਆ ਵਲੋਂ) ਰੱਜ ਜਾਂਦਾ ਹੈ ਤੇ ਸਿਫਤ ਸਲਾਹ ਵਿਚ ਟਿਕ ਜਾਂਦਾ ਹੈ।੯।

28. ਹੇ ਭਾਈਓ! ਉਹ ਸੋਹਣਾ ਪ੍ਰਭੂ ਕਿਸੇ ਤਰੀਕੇ ਨਾਲ ਵੱਸ ਵਿਚ ਨਹੀਂ ਆਉਂਦਾ।

29. ਪਰ, ਐ ਪਿਆਰੇ! ਜੋ ਕੁਝ ਉਸ ਦੇ ਸੰਤ ਚਾਹੁੰਦੇ ਹਨ ਉਹ ਕੁਝ ਕਰ ਦੇਂਦਾ ਹੈ।

30 ਹੇ ਭਾਈ! ਪ੍ਰਭੂ ਦੇ ਸੰਤ ਜਨ ਜੋ ਕੁਝ ਕਰਨਾ ਚਾਹੁੰਦੇ ਹਨ ਉਹ ਕੁਝ ਪ੍ਰਭੂ ਪਾਸੋਂ ਕਰਾ ਲੈਂਦੇ ਹਨ, ਪ੍ਰਭੂ ਦੇ ਦਰ ਤੇ ਉਨ੍ਹਾਂ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪਾ ਸਕਦਾ।੧੦।

ਪ੍ਰ:—ਸ੍ਰੀ ਜੀਉ! ਮਨੁੱਖ ਦੇ ਜੀਵਨ ਸਫਰ ਵਿਚ ਅਨੇਕਾਂ ਹੀ ਔਕੜਾਂ ਆਉਂਦੀਆਂ ਹਨ, ਪਰ ਉਨ੍ਹਾਂ ਦੀ ਰੋਕ ਥਾਮ ਲਈ ਕੀ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ?

31. ਉ:—ਹੇ ਪ੍ਰਾਣੀ! ਵੇਖ, ਇਸ ਜੀਵਨ ਸਫਰ ਵਿਚ ਜਿਥੇ ਭੀ ਕੋਈ ਔਖਿਆਈ ਆ ਬਣਦੀ ਹੈ।

32. ਉਥੇ ਹੀ ਧਨਸ਼ਧਾਰੀ ਪ੍ਰਭੂ ਦਾ ਨਾਮ ਸਿਮਰਣਾ ਚਾਹੀਦਾ ਹੈ।

33. (ਕਿਉਂਕਿ) ਜਿਥੇ ਨਾ ਪੁੱਤ੍ਰ, ਨਾ ਇਸਤ੍ਰੀ ਕੋਈ ਭੀ ਸਾਥੀ ਨਹੀਂ ਬਣ ਸਕਦਾ, ਉਥੇ ਪ੍ਰਭੂ ਆਪ (ਔਖਿਆਈ ਤੋਂ) ਛੁਡਾ ਲੈਂਦਾ ਹੈ।੧੧।

ਪ੍ਰ:—ਸ੍ਰੀ ਜੀਉ! ਦਸੋ, ਉਸ ਪ੍ਰਭੂ ਦੀ ਪ੍ਰਾਪਤੀ ਲਈ ਉੱਦਮ ਕਿਹੜਾ ਕਰਦੇ ਰਹਿਣਾ ਚਾਹੀਦਾ ਹੈ?

34. ਹੇ ਭਾਈ! ਅਸਲ ਵਿਚ ਉਹ ਪ੍ਰਮੇਸ਼ਰ ਅਪਹੁੰਚ ਹੈ, ਅਥਾਹ ਹੈ, ਵਡਾ ਮਾਲਕ ਹੈ।

35. ਐ ਪਿਆਰੇ! ਉਹ ਬੇ-ਮੁਥਾਜ ਪ੍ਰਭੂ ਨੂੰ ਜੀਵ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ।

36. ਪਰ, ਹਾਂ, ਹੇ ਭਾਈ! ਉਹ ਪ੍ਰਭੂ ਆਪ ਹੀ ਜਿਸ ਮਨੁੱਖ ਨੂੰ (ਮਾਇਆ ਦੇ ਮੋਹ ਦੀ) ਫਾਹੀ ਕੱਟ ਕੇ ਸਹੀ ਜੀਵਨ ਰਾਹ ਤੇ ਪਾਂਦਾ ਹੈ, ਉਹੀ ਮਨੁੱਖ ਸਾਧ ਸੰਗਤ ਵਿਚ ਆ ਟਿਕਦਾ ਹੈ।੧੨।

37. ਹੁਕਮੁ ਬੂਝੈ ਸੋ ਸੇਵਕੁ ਕਹੀਐ ॥
38. ਬੁਰਾ ਭਲਾ ਦੁਇ ਸਮਸਰਿ ਸਹੀਐ ॥
39. ਹਉਮੈ ਜਾਇ ਤ ਏਕੋ ਬੂਝੈ
ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥
40. ਹਰਿ ਕੇ ਭਗਤ ਸਦਾ ਸੁਖਵਾਸੀ ॥
41. ਬਾਲ ਸੁਭਾਇ ਅਤੀਤ ਉਦਾਸੀ ॥
42. ਅਨਿਕ ਰੰਗ ਕਰਹਿ ਬਹੁ ਭਾਤੀ
ਜਿਉ ਪਿਤਾ ਪੂਤੁ ਲਾਡਾਇਦਾ ॥੧੪॥
43. ਅਗਮ ਅਗੋਚਰੁ ਕੀਮਤਿ ਨਹੀ ਪਾਈ ॥
44. ਤਾ ਮਿਲੀਐ ਜਾ ਲਏ ਮਿਲਾਈ ॥
45. ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ
ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥
46. ਤੂ ਆਪੇ ਕਰਤਾ ਕਾਰਣ ਕਰਣਾ ॥
47. ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥
48. ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ
ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥

ਪਦ ਅਰਥ :—ਬੂਝੈ—(ਜਿਹੜਾ ਮਨੁੱਖ) ਸਮਝ ਲੈਂਦਾ ਹੈ। ਕਹੀਐ—ਆਖਿਆ ਜਾਂਦਾ ਹੈ। ਦੁਇ—ਦੋਵੇਂ। ਸਮਸਰਿ—

ਬਰਾਬਰ, ਇਕੋ ਜਿਹੇ। ਸਹੀਐ–ਸਹਾਰਨਾ ਚਾਹੀਦਾ ਹੈ। ਜਾਇ–ਜਾਂਦੀ ਹੈ। ਤ–ਤਦੋਂ। ਏਕੋ ਬੂਝੈ–ਇਕ ਪ੍ਰਮਾਤਮਾਂ ਨੂੰ ਹੀ ਸਭ ਕੁਝ ਕਰਨ ਕਰਾਨ ਵਾਲਾ ਸਮਝਦਾ ਹੈ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ। ਸਹਜਿ–ਆਤਮਕ ਅਡੋਲਤਾ ਵਿਚ।੧੩।

ਸੁਖ ਵਾਸੀ–ਆਤਮਕ ਅਨੰਦ ਵਿਚ ਟਿਕੇ ਰਹਿਣ ਵਾਲੇ। ਬਾਲ ਸੁਭਾਇ–ਬਾਲਕ ਵਾਲੇ ਸੁਭਾਉ ਵਿਚ, ਵੈਰ ਵਿਰੋਧ ਤੋਂ ਪਰੇ ਰਹਿ ਕੇ। ਅਤੀਤ–ਵਿਰਕਤ। ਕਰਹਿ–ਕਰਦੇ ਹਨ। ਲਾਡਾਇਦਾ–ਲਾਡ ਕਰਾਂਦਾ ਹੈ।੧੪।

ਅਗੋਚਰੁ–(ਅ-ਗੋ-ਚਰੁ। ਗੋ–ਗਿਆਨ ਇੰਦ੍ਰੇ) ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਜਾ–ਜਾਂ, ਜਦੋਂ। ਗੁਰਮੁਖਿ–ਗੁਰੂ ਦੀ ਰਾਹੀਂ। ਜਿਨ ਮਸਤਕਿ–ਜਿਨ੍ਹਾਂ ਦੇ ਮੱਥੇ ਉਤੇ। ਧੁਰਿ–ਧੁਰੋਂ, ਪ੍ਰਭੂ ਦੇ ਹੁਕਮ ਅਨੁਸਾਰ। ਲੇਖੁ–ਕੀਤੇ ਕਰਮਾਂ ਅਨੁਸਾਰ ਭਾਗਾਂ ਵਿਚ ਲਿਖਿਆ ਲੇਖ।੧੫।

ਕਰਤਾ–ਪੈਦਾ ਕਰਨ ਵਾਲਾ। ਕਰਣਾ–ਕਰਣ, ਜਗਤ। ਕਾਰਣ–ਮੂਲ। ਧਰੀ–ਆਸਰਾ ਦਿਤਾ ਹੋਇਆ। ਧਰਣੀ–ਧਰਤੀ। ਹਰਿ ਦੁਆਰੈ–ਹਰੀ ਦੇ ਦਰ ਤੇ। ਹਰਿ ਭਾਵੈ–ਜੋ ਹਰੀ ਨੂੰ ਚੰਗਾ ਲੱਗੇ। ਲਾਜ–ਇੱਜ਼ਤ।੧੬।

ਅਰਥ :–

ਪ੍ਰ:–ਗੁਰਦੇਵ ਜੀਉ! ਗੁਰਮਤਿ ਅਨੁਸਾਰ ਹਰੀ ਦਾ ਸੱਚਾ ਸੇਵਕ ਕਿਸ ਨੂੰ ਮੰਨਿਆਂ ਜਾਂਦਾ ਹੈ?

37. **ਉ:**–ਹੇ ਭਾਈ! ਗੁਰਮਤਿ ਅਨੁਸਾਰ ਤਾਂ ਉਹੀ ਮਨੁੱਖ ਪ੍ਰਮਾਤਮਾਂ ਦਾ (ਸੱਚਾ) ਭਗਤ ਆਖਿਆ ਜਾਂਦਾ ਹੈ।

38. ਜਿਹੜਾ ਮਨੁੱਖ ਹਰੇਕ ਹੋ ਰਹੀ ਕਾਰ ਨੂੰ ਪ੍ਰਮੇਸ਼ਰ ਦੀ (ਕਾਰ ਹੀ) ਸਮਝਦਾ ਹੈ, (ਤੇ ਇਹ ਨਿਸਚਾ ਰਖਦਾ ਹੈ ਕਿ) ਦੁੱਖ (ਆਵੇ ਚਾਹੇ) ਸੁੱਖ, ਦੋਹਾਂ ਨੂੰ ਇਕੋ ਜਿਹਾ ਹੀ ਸਹਾਰਨਾ ਚਾਹੀਦਾ ਹੈ।

ਪ੍ਰ:–ਕਿਉਂ ਜੀ! ਇਹ ਸੋਝੀ ਹਰ ਮਨੁੱਖ ਨੂੰ ਹੀ ਕਿਉਂ ਨਹੀਂ ਆ ਸਕਦੀ?

39. **ਉ:**–ਪਰ, ਐ ਪਿਆਰੇ! ਮਨੁੱਖ ਤਦੋਂ ਹੀ ਸਿਰਫ ਪ੍ਰਮਾਤਮਾਂ ਨੂੰ ਸਭ ਕੁਝ ਕਰਣ ਕਰਾਨ ਵਾਲਾ ਸਮਝਦਾ ਹੈ ਜਦੋਂ ਉਸ ਦੇ ਅੰਦਰੋਂ ਹਉਮੈਂ ਦੂਰ ਹੁੰਦੀ ਹੈ, ਉਹੀ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ।੧੩।

40 ਐ ਪਿਆਰੇ! ਅਜਿਹੇ ਭਗਤ ਸਦਾ (ਹੀ) ਆਤਮਕ ਅਨੰਦ ਮਾਣਦੇ ਹਨ।

41. ਉਹ ਸਦਾ ਵੈਰ ਵਿਰੋਧ ਤੋਂ ਪਰੇ ਰਹਿੰਦੇ ਹਨ, ਵਿਰਕਤ ਤੇ ਮਾਇਆ ਦੇ ਮੋਹ ਤੋਂ ਉਤਾਹਾਂ ਰਹਿੰਦੇ ਹਨ।

42. ਹੇ ਪਿਆਰੇ! ਜਿਵੇਂ ਪਿਉ ਆਪਣੇ ਪੁੱਤਰ ਨੂੰ ਕਈ ਲਾਡ ਲਡਾਂਦਾ ਹੈ, (ਤਿਵੇਂ ਭਗਤ ਪ੍ਰਭੂ ਪਿਤਾ ਦੀ ਗੋਦ ਵਿਚ ਰਹਿ ਕੇ) ਕਈ ਤਰ੍ਹਾਂ ਦੇ ਅਨੇਕਾਂ ਆਤਮਕ ਰੰਗ ਮਾਣਦੇ ਹਨ।੧੪।

ਪ੍ਰ:–ਸ੍ਰੀ ਜੀਉ! ਦੁਨੀਆਂ ਦਾ ਹਰ ਪਦਾਰਥ ਕੀਮਤ ਰਾਹੀਂ ਖਰੀਦਿਆ ਜਾਂਦਾ ਹੈ ਕੀ ਉਸ ਪ੍ਰਮਾਤਮਾਂ ਨੂੰ ਕਿਸੇ ਪਦਾਰਥ ਦੇ ਵੱਟੇ ਨਹੀਂ ਖਰੀਦਿਆ ਜਾ ਸਕਦਾ?

43. **ਉ:**–ਹੇ ਭਾਈ! ਉਹ ਪ੍ਰਮਾਤਮਾਂ ਅਪਹੁੰਚ ਹੈ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਉਹ ਕਿਸੇ ਭੀ ਦੁਨਿਆਵੀ ਪਦਾਰਥ ਦੇ ਵੱਟੇ ਨਹੀਂ ਮਿਲ ਸਕਦਾ।

44. ਉਸ ਨੂੰ ਤਦੋਂ ਹੀ ਮਿਲ ਸਕੀਦਾ ਹੈ, ਜਦੋਂ ਉਹ ਆਪ ਹੀ ਮਿਲਾਂਦਾ ਹੈ।

45 ਹੇ ਪਿਆਰੇ! ਗੁਰੂ ਦੀ ਰਾਹੀਂ (ਉਹ) ਉਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਜਿਨ੍ਹਾਂ ਦੇ ਮੱਥੇ ਉਤੇ (ਪੂਰਬਲੇ ਸੰਸਕਾਰਾਂ ਅਨੁਸਾਰ) ਧੁਰੋਂ ਹੀ ਮਿਲਾਪ ਦਾ ਲੇਖ ਲਿਖਿਆ ਹੁੰਦਾ ਹੈ।੧੫।

ਪ੍ਰ:–ਸ੍ਰੀ ਜੀਉ! ਆਖਰ, ਲੋਕ ਪ੍ਰਲੋਕ ਵਿਚ ਇੱਜ਼ਤ ਹਾਸਲ ਕਰਨ ਲਈ ਕਿਹੜਾ ਸਾਧਨ ਕਰਦੇ ਰਹਿਣਾ ਚਾਹੀਦਾ ਹੈ?

46. **ਉ:**–ਹੇ ਭਾਈਓ! ਇਕੋ ਹੀ ਸਾਧਨ ਅਰਦਾਸ ਹੈ, ਸੋ ਇਉਂ ਹੀ ਕਰਦੇ ਰਹੋ ਕਿ, ਹੇ ਪ੍ਰਭੂ! ਤੂੰ ਆਪ ਹੀ ਪੈਦਾ ਕਰਨ ਵਾਲਾ ਹੈਂ, ਤੂੰ ਆਪ ਹੀ ਜਗਤ ਦਾ ਮੂਲ ਹੈਂ।

47. ਤੂੰ ਆਪ ਹੀ ਸ੍ਰਿਸ਼ਟੀ ਪੈਦਾ ਕਰ ਕੇ ਸਾਰੀ ਧਰਤੀ ਨੂੰ ਸਹਾਰਾ ਦਿਤਾ ਹੋਇਆ ਹੈ।

48. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਮੈਂ ਦਾਸ ਤਾਂ ਉਸੇ ਪ੍ਰਭੂ ਦੇ ਦਰ ਤੇ (ਡਿਗਾ ਹੋਇਆ ਹਾਂ, ਉਸੇ ਦੀ) ਸ਼ਰਨ ਪਿਆ ਹੋਇਆ ਹਾਂ, (ਕਿਉਂਕਿ) ਜਦੋਂ ਉਸ ਦੀ ਆਪਣੀ ਰਜ਼ਾ ਹੁੰਦੀ ਹੈ ਤਾਂ (ਲੋਕ ਪ੍ਰਲੋਕ ਵਿਚ ਜੀਵ ਦੀ) ਇੱਜ਼ਤ ਰਖ ਲੈਂਦਾ ਹੈ।੧੬।੧।੫।

ਭਾਵਾਰਥ :–ਹਰੀ ਸਭ ਕੁਝ ਆਪ ਹੀ ਹੈ, ਕਰਣ ਕਰਾਵਣਹਾਰ ਹੈ ਅਤੇ ਨਿਰਲੇਪ ਨਿਰਾਕਾਰ ਹੈ, ਪਰ ਫਿਰ ਭੀ ਸਭ ਵਿਚ ਵਰਤਦਾ ਹੈ (੧) ਉਸ ਨੇ ਹੋਰਨਾਂ ਜੂਨਾਂ ਵਿਚ ਮਨੁੱਖ ਨੂੰ ਉਚਾ ਦਰਜਾ ਦਿਤਾ ਹੈ (੨) ਇਸ ਲਈ, ਮਨੁੱਖ ਦੀ ਉਪਮਾਂ ਕੀ ਕਰਨੀ ਹੋਈ ਉਸ ਦੇ ਰਚਨਹਾਰ ਦੀ ਕਰਨੀ ਬਣਦੀ ਹੈ। (੩) ਮਨੁੱਖ ਤਿੰਨਾਂ ਗੁਣਾਂ ਦੇ ਘੇਰ ਵਿਚ ਹੋਣ ਕਰ ਕੇ ਦੁਖ ਸੁਖ ਵਿਚ ਭੁਲਦਾ ਰਹਿੰਦਾ ਹੈ, ਪਰ ਗੁਰੂ ਦੀ ਓਟ ਲੈਣ ਨਾਲ ਤ੍ਰਿਗੁਣ ਅਤੀਤ ਹੋ ਸਕਦਾ ਹੈ (੪) ਇਹ ਗਲ ਹੋਰ ਕਿਸੇ ਕਰਮ ਕਰਨ ਤੋਂ ਨਹੀਂ ਹੋ ਸਕਦੀ (੫) ਕੇਵਲ ਨਾਮ ਕੀਰਤਨ ਕਰਨ ਨਾਲ ਹੋ ਸਕਦੀ ਹੈ (੬) ਮਨੁੱਖ ਨਿਹਚਲ ਹਰੀ ਦਾ ਪਿਆਰ ਕਰਨ ਨਾਲ ਹੀ ਨਿਸਚਲ ਹੋ ਸਕਦਾ ਹੈ (੭) ਕਿਉਂਕਿ, ਜੈਸਾ ਸੇਵੇ ਤੈਸਾ ਹੋਇ (੮) ਇਹ ਬਖਸ਼ਸ਼ ਹਰੀ ਆਪ ਚਾਹੇ ਤਾਂ ਹੀ ਹੋ ਸਕਦੀ ਹੈ (੯) ਹਰੀ

ਆਪ ਮਾਲਕ ਜੋ ਹੋਇਆ, ਪਰ ਉਹ ਆਪਣਿਆਂ ਸੰਤਾਂ ਦੀ ਮੰਨਦਾ ਹੈ (੧੦) ਜੋ ਉਸ ਦੀ ਅਰਾਧਨਾ ਕਰੇ ਉਸਦੀ ਰਖਿਆ ਕਰਦਾ ਹੈ (੧੧) ਉਹ ਕਿਥੋਂ ਲਭੇ ? ਸਾਧ ਸੰਗਤ ਵਿਚੋਂ। (੧੨) ਹੁਕਮੀ ਬੰਦਾ ਬਣਕੇ (੧੩) ਅਤੇ ਬਾਲ ਸੁਭਾਈ ਹੋ ਕੇ (੧੪) ਫਿਰ ਭੀ ਮਿਲਦਾ ਤਦ ਹੈ ਜੇ ਉਸ ਦੀ ਆਪਣੀ ਮਰਜ਼ੀ ਹੋਵੇ (੧੫) ਅਸੀਂ ਤਾਂ ਉਸੇ ਦੀ ਸ਼ਰਨ ਵਿਚ ਢਹਿ ਪਏ ਹਾਂ (੧੬)।

ਮਾਰੂ ਸੋਲਹੇ ਮਹਲਾ ੫

੧ ੴ ਸਤਿਗੁਰ ਪ੍ਰਸਾਦਿ ॥

1. **ਜੋ ਦੀਸੈ ਸੋ ਏਕੋ ਤੂਹੈ ॥**
2. **ਬਾਣੀ ਤੇਰੀ ਸ੍ਰਵਣਿ ਸੁਣੀਐ ॥**
3. **ਦੂਜੀ ਅਵਰ ਨ ਜਾਪਸਿ ਕਾਈ**
   ਸਗਲ ਤੁਮਾਰੀ ਧਾਰਣਾ ॥੧॥
4. **ਆਪਿ ਚਿਤਾਰੇ ਅਪਣਾ ਕੀਆ ॥**
5. **ਆਪੇ ਆਪਿ ਆਪਿ ਪ੍ਰਭੁ ਥੀਆ ॥**
6. **ਆਪਿ ਉਪਾਇ ਰਚਿਓਨੁ ਪਸਾਰਾ**
   ਆਪੇ ਘਟਿ ਘਟਿ ਸਾਰਣਾ ॥੨॥
7. **ਇਕਿ ਉਪਾਏ ਵਡ ਦਰਵਾਰੀ ॥**
8. **ਇਕਿ ਉਦਾਸੀ ਇਕਿ ਘਰਬਾਰੀ ॥**
9. **ਇਕਿ ਭੂਖੇ ਇਕਿ ਤ੍ਰਿਪਤਿ ਅਘਾਏ**
   ਸਭਸੈ ਤੇਰਾ ਪਾਰਣਾ ॥੩॥
10. **ਆਪੇ ਸਤਿ ਸਤਿ ਸਤਿ ਸਾਚਾ ॥**
11. **ਓਤਿ ਪੋਤਿ ਭਗਤਨ ਸੰਗਿ ਰਾਚਾ ॥**
12. **ਆਪੇ ਗੁਪਤੁ ਆਪੇ ਹੈ ਪਰਗਟੁ**
    ਅਪਣਾ ਆਪੁ ਪਸਾਰਣਾ ॥੪॥

ਪਦ ਅਰਥ :–ਦੀਸੈ–ਦਿਸ ਰਿਹਾ ਹੈ। ਏਕੋ ਤੂੰਹੈ–ਸਿਰਫ ਤੂੰਹੀ ਤੂੰ ਹੈਂ। ਬਾਣੀ–ਅਵਾਜ। ਸ੍ਰਵਣਿ–ਕੰਨ ਨਾਲ। ਸੁਣੀਐ–ਸੁਣੀ ਜਾ ਰਹੀ ਹੈ। ਅਵਰ-ਹੋਰ। ਸਗਲ–ਸਾਰੀ ਸ੍ਰਿਸ਼ਟੀ। ਧਾਰਣਾ–ਆਸਰਾ ਦਿਤਾ ਹੋਇਆ ਹੈ।੧।

ਚਿਤਾਰੇ–ਸੰਭਾਲ ਕਰਦਾ ਹੈ, ਖਿਆਲ ਰਖਦਾ ਹੈ। ਕੀਆ–ਪੈਦਾ ਕੀਤਾ ਹੋਇਆ (ਜਗਤ)। ਆਪੇ–ਆਪ ਹੀ। ਥੀਆ–ਹਰ ਥਾਂ ਮੌਜੂਦ ਹੈ। ਉਪਾਇ–ਪੈਦਾ ਕਰ ਕੇ। ਰਚਿਓਨੁ–ਉਸ (ਪ੍ਰਭੂ) ਨੇ ਰਚਿਆ ਹੈ। ਪਸਾਰਾ–ਜਗਤ ਖਿਲਾਰਾ। ਘਟਿ ਘਟਿ–ਹਰੇਕ ਘਟ ਵਿਚ। ਸਾਰਣਾ–ਸਾਰ ਲੈਂਦਾ ਹੈ।੨।

ਇਕਿ–(ਬਹੁ ਵਚਨ) ਕਈ। ਦਰਬਾਰੀ-ਦਰਬਾਰ ਵਾਲੇ। ਉਦਾਸੀ–ਵਿਰਕਤ। ਘਰਬਾਰੀ-ਗ੍ਰਿਹਸਤੀ। ਭੂਖੇ-ਭੁਖੇ ਤ੍ਰਿਸ਼ਨਾਂ ਦੇ ਅਧੀਨ। ਤ੍ਰਿਪਤਿ ਅਘਾਏ–ਪੂਰਨ ਤੌਰ ਤੇ ਰੱਜੇ ਹੋਏ। ਸਭਸੈ–ਹਰੇਕ ਜੀਵ ਨੂੰ। ਪਾਰਣਾ–ਪਰਣਾ, ਆਸਰਾ।੩।

ਸਤਿ–ਸਦਾ ਕਾਇਮ ਰਹਿਣ ਵਾਲਾ। ਸਾਚਾ–ਸਦਾ ਕਾਇਮ ਰਹਿਣ ਵਾਲਾ। ਓਤਿ–ਪੋਤਿ–ਤਾਣੇ ਪੇਟੇ ਵਿਚ (ਓਤ-ਉਣਿਆ ਹੋਇਆ)। ਪੋਤ–ਪ੍ਰੋਤ, ਪ੍ਰੋਤਾ ਹੋਇਆ। ਸੰਗਿ–ਨਾਲ। ਰਾਚਾ–ਰਚਿਆ ਮਿਚਿਆ, ਮਿਲਿਆ ਹੋਇਆ। ਗੁਪਤੁ–ਲੁਕਿਆ ਹੋਇਆ। ਆਪੁ–ਆਪਣੇ ਆਪ ਨੂੰ। ਪਸਾਰਣਾ–ਖਿਲਾਰਿਆ ਹੋਇਆ ਹੈ।੪।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਮਨੁੱਖ ਨਾਮ ਦਾ ਹਰ ਵਕਤ ਸਿਮਰਨ ਕਰਦੇ ਹਨ ਕੀ ਉਨ੍ਹਾਂ ਦੀ ਮਾਨਸਕ ਦ੍ਰਿਸ਼ਟੀ ਬਾਕੀ ਦੇ ਲੋਕਾਂ ਨਾਲੋਂ ਕੁਝ ਵਖਰੀ ਹੋ ਜਾਇਆ ਕਰਦੀ ਹੈ ?

1. **ਉ**:–ਹੇ ਭਾਈ ! ਨਾਮ ਸਿਮਰਨ ਦੀ ਬਰਕਤ ਨਾਲ ਉਨ੍ਹਾਂ ਦੀ ਦ੍ਰਿਸ਼ਟੀ ਇਤਨੀ ਬੁਲੰਦੀਆਂ ਤੇ ਪਹੁੰਚ ਜਾਂਦੀ ਹੈ ਕਿ ਉਨ੍ਹਾਂ ਦੇ ਅੰਦਰੋਂ ਹਰ ਵਕਤ ਇਉਂ ਹੀ ਧੁਨੀ ਨਿਕਲਦੀ ਹੈ ਕਿ, ਹੇ ਪ੍ਰਭੂ ਜੀ ! (ਜਗਤ ਵਿਚ) ਜੋ ਭੀ ਕੁਝ ਦਿਸ ਰਿਹਾ ਹੈ, ਇਹ ਸਭ ਕੁਝ ਕੇਵਲ ਤੂੰ ਹੀ ਤੂੰ ਹੈਂ।
2. (ਇਨ੍ਹਾਂ ਸਾਰੇ ਜੀਵਾਂ ਵਿਚ ਤੂੰ ਹੀ ਬੋਲ ਰਿਹਾ ਹੈਂ) ਤੇਰਾ ਹੀ ਬੋਲ ਕੰਨੀਂ ਸੁਣਿਆਂ ਜਾ ਰਿਹਾ ਹੈ।
3. ਹੇ ਮੇਰੇ ਸਾਈਆਂ ਜੀਉ ! ਇਹ ਸਾਰੀ ਸ੍ਰਿਸ਼ਟੀ ਤੇਰੀ ਹੀ ਰਚੀ ਹੋਈ ਹੈ, ਕੋਈ ਭੀ ਸ਼ੈ ਤੈਥੋਂ ਵਖਰੀ ਨਹੀਂ ਦਿਸ ਰਹੀ।੧।

ਪ੍ਰ:–ਹੇ ਗੁਰੋ ! ਉਸ ਪ੍ਰਭੂ ਜੀ ਦੇ ਬਾਰੇ ਸਾਨੂੰ ਕੀ ਵਿਸ਼ਵਾਸ਼ ਰਖਣਾ ਚਾਹੀਦਾ ਹੈ ?

4. **ਉ**.–ਹੇ ਭਾਈਓ ! ਇਉਂ ਹੀ ਨਿਸਚਾ ਰਖੋ ਕਿ ਆਪਣੇ ਪੈਦਾ ਕੀਤੇ ਜਗਤ ਦੀ (ਉਹ) ਪ੍ਰਭੂ ਆਪ ਹੀ ਸੰਭਾਲ ਕਰਦਾ ਹੈ।
5. ਹਰ ਥਾਂ ਉਹ ਪ੍ਰਭੂ ਆਪ ਹੀ ਆਪ ਹੈ, ਆਪ ਹੀ ਆਪ ਹੈ।
6. ਹੇ ਪਿਆਰੇ ! ਉਸ ਪ੍ਰਭੂ ਨੇ ਆਪ ਹੀ ਆਪਣੇ ਆਪ ਤੋਂ ਪੈਦਾ ਕਰ ਕੇ ਇਹ ਜਗਤ ਪਸਾਰਾ ਰਚਿਆ ਹੈ, ਉਹ ਹਰੇਕ ਸਰੀਰ ਵਿਚ ਆਪ ਹੀ (ਵਿਆਪਕ ਹੋ ਕੇ ਸਭ ਦੀ) ਸਾਰ ਲੈਂਦਾ ਹੈ।੨।
7. ਹੇ ਪ੍ਰਭੂ ! ਤੂੰ ਕਈ ਵਡੇ ਦਰਬਾਰਾਂ ਵਾਲੇ ਪੈਦਾ ਕੀਤੇ ਹਨ।
8. ਕਈ ਤਿਆਗੀ ਤੇ ਕਈ ਗ੍ਰਿਹਸਤੀ ਬਣਾ ਦਿਤੇ ਹਨ।
9. ਹੇ ਮੇਰੇ ਸਾਈਆਂ ਜੀਉ ! ਤੂੰ ਕਈ ਤਾਂ ਅਜਿਹੇ ਪੈਦਾ ਕੀਤੇ ਹਨ ਜੋ ਸਦਾ ਤ੍ਰਿਸ਼ਨਾਂ ਦੇ ਅਧੀਨ ਰਹਿੰਦੇ ਹਨ ਤੇ ਕਈ ਪੂਰਨ ਤੌਰ ਤੇ ਰੱਜੇ ਹੋਏ ਹਨ, (ਪਰ) ਹਰੇਕ ਜੀਵ ਨੂੰ ਤੇਰਾ ਹੀ ਸਹਾਰਾ ਹੈ।੩।
10. ਹੇ ਭਾਈਓ ! ਉਹ ਪ੍ਰਮਾਤਮਾਂ ਸਿਰਫ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ।

11. ਐ ਪਿਆਰੇ ! ਉਹ ਤਾਣੇ ਪੇਟੇ ਵਾਂਗ ਆਪਣੇ ਭਗਤਾਂ ਨਾਲ ਰਚਿਆ ਮਿਚਿਆ ਰਹਿੰਦਾ ਹੈ ।

12. ਹੇ ਭਾਈ ! ਉਹ (ਜੀਵਾਤਮਾਂ ਦੇ ਰੂਪ ਵਿਚ) ਹਰੇਕ ਜੀਵ ਦੇ ਅੰਦਰ ਆਪ ਹੀ ਲੁਕਿਆ ਹੋਇਆ ਹੈ, ਇਹ ਦਿਸਦਾ ਪਸਾਰਾ ਭੀ ਉਹ ਆਪ ਹੀ ਹੈ (ਜਗਤ ਰੂਪ ਵਿਚ) ਉਸ ਨੇ ਆਪਣੇ ਆਪ ਨੂੰ ਆਪ ਹੀ ਖਿਲਾਰਿਆ ਹੋਇਆ ਹੈ ।੪।

13. **ਸਦਾ ਸਦਾ ਸਦ ਹੋਵਣਹਾਰਾ ॥**
14. **ਊਚਾ ਅਗਮੁ ਅਥਾਹੁ ਅਪਾਰਾ ॥**
15. **ਊਣੇ ਭਰੇ ਭਰੇ ਭਰਿ ਊਣੇ**
ਏਹਿ ਚਲਤ ਸੁਆਮੀ ਕੇ ਕਾਰਣਾ ॥੫॥
16. **ਮੁਖਿ ਸਾਲਾਹੀ ਸਚੇ ਸਾਹਾ ॥**
17. **ਨੈਣੀ ਪੇਖਾ ਅਗਮ ਅਥਾਹਾ ॥**
18. **ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ**
ਮੇਰੇ ਸਾਹਿਬ ਸਗਲ ਉਧਾਰਣਾ ॥੬॥
19. **ਕਰਿ ਕਰਿ ਵੇਖਹਿ ਕੀਤਾ ਅਪਣਾ ॥**
20. **ਜੀਅ ਜੰਤ ਸੋਈ ਹੈ ਜਪਣਾ ॥**
21. **ਅਪਣੀ ਕੁਦਰਤਿ ਆਪੇ ਜਾਣੈ**
ਨਦਰੀ ਨਦਰਿ ਨਿਹਾਲਣਾ ॥੭॥
22. **ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥**
23. **ਅਨੰਦ ਮੰਗਲ ਹਰਿ ਚਲਤ ਤਮਾਸੇ ॥**
24. **ਗੁਣ ਗਾਵਹਿ ਅਨਹਦ ਧੁਨਿ ਬਾਣੀ**
ਤਹ ਨਾਨਕ ਦਾਸੁ ਚਿਤਾਰਣਾ ॥੮॥

ਪਦ ਅਰਥ :–ਸਦ–ਸਦਾ । ਹੋਵਣਹਾਰਾ--ਕਾਇਮ ਰਹਿ ਸਕਣ ਵਾਲਾ । ਅਗਮੁ–ਅਪਹੁੰਚ । ਅਪਾਰਾ–ਬੇਅੰਤ । ਊਣੇ–ਸੱਖਣੇ । ਭਰਿ–ਭਰ ਕੇ । ਚਲਤ–ਕੌਤਕ ।੫।

ਮੁਖਿ–ਮੂੰਹ ਨਾਲ । ਸਾਲਾਹੀ–ਸਾਲਾਹੀਂ, ਮੈਂ ਸਿਫਤ ਸਲਾਹ ਕਰਾਂ । ਸਚੇ ਸਾਹਾ–ਹੇ ਸਦਾ ਥਿਰ ਸ਼ਾਹ । ਨੈਣੀ–ਨੈਣੀਂ, ਅੱਖਾਂ ਨਾਲ । ਪੇਖਾ–ਪੇਖਾਂ, ਮੈਂ ਵੇਖਾਂ । ਕਰਨੀ–ਕਰਨੀਂ, ਕੰਨਾਂ ਨਾਲ । ਸੁਣਿ–ਸੁਣਕੇ । ਸਾਹਿਬ–ਹੇ ਸਾਹਿਬ । ਸਗਲ–ਸਾਰੇ ਜੀਵ ।੬।

ਵੇਖਹਿ–ਤੂੰ ਵੇਖਦਾ ਹੈਂ, ਸੰਭਾਲ ਕਰਦਾ ਹੈਂ । ਕਰਿ–(ਪੈਦਾ) ਕਰ ਕੇ । ਸੋਈ–ਉਸ ਪ੍ਰਮਾਤਮਾਂ ਨੂੰ ਹੀ । ਆਪੇ–ਆਪ ਹੀ । ਨਦਰੀ–ਮਿਹਰ ਦੀ ਨਿਗਾਹ ਵਾਲਾ । ਨਦਰਿ–ਮਿਹਰ ਦੀ ਨਿਗਾਹ ਨਾਲ । ਨਿਹਾਲਣਾ–ਵੇਖਦਾ ਹੈ ।੭।

ਸੰਤ ਸਭਾ–ਸੰਤਾ ਦੀ ਸਭਾ, ਸਾਧ ਸੰਗਤ । ਜਹ–ਜਿਥੇ । ਬੈਸਹਿ–ਬੈਠਦੇ ਹਨ । ਪ੍ਰਭ ਪਾਸੇ–ਪ੍ਰਭੂ ਦੇ ਪਾਸ, ਪ੍ਰਭੂ ਚਰਨਾਂ ਵਿਚ । ਮੰਗਲ–ਖੁਸ਼ੀਆਂ । ਗਾਵਹਿ–ਗਾਂਦੇ ਹਨ । ਅਨਹਦ ਧੁਨਿ–ਇਕ ਰਸ ਸੁਰ ਨਾਲ । ਤਹ–ਉਥੇ । ਚਿਤਾਰਣਾ–ਚੇਤੇ ਕਰਦਾ ਹੈ ।੮।

ਅਰਥ :–

ਪ੍ਰ:–ਸ੍ਰੀ ਜੀਉ ! ਜਿਸ ਪ੍ਰਭੂ ਦਾ ਆਪ ਜ਼ਿਕਰ ਕਰਦੇ ਆ ਰਹੇ ਹੋ, ਉਸ ਦੀ ਹਸਤੀ ਬਾਰੇ ਕੁਝ ਜਾਣਕਾਰੀ ਕਰਾਓ ?

13. ਉ:–ਹੇ ਭਾਈਓ ! ਅਸਲ ਵਿਚ ਉਸ ਦੀ ਹਸਤੀ ਬਾਰੇ ਬਹੁਤ ਕੁਝ ਨਹੀਂ ਕਿਹਾ ਜਾ ਸਕਦਾ, ਬੱਸ, ਇਤਨਾ ਹੀ ਕਿਹਾ ਜਾ ਸਕਦਾ ਹੈ ਕਿ, ਉਹ ਪ੍ਰਮੇਸ਼ਰ ਸਦਾ ਹੀ ਸਦਾ ਹੀ ਜੀਉਂਦੇ ਰਹਿਣ ਵਾਲਾ ਹੈ ।

14. ਹੇ ਪਿਆਰੇ ! (ਆਤਮਕ ਅਵਸਥਾ ਵਿਚ) ਉਹ ਬਹੁਤ ਉਚਾ ਹੈ, ਅਪਹੁੰਚ ਹੈ, ਅਥਾਹ ਹੈ ਤੇ ਬੇਅੰਤ ਹੈ ।

ਪ੍ਰ:–ਸ੍ਰੀ ਜੀਉ ! ਉਹ ਪ੍ਰਭੂ ਕਿਰਤ ਕੀ ਕਰਦਾ ਹੈ ?

15. ਉ:–ਹੇ ਪਿਆਰੇ ! ਉਸ ਦੀ ਕਿਰਤ ਇਹੋ ਹੀ ਹੈ ਕਿ ਉਸ ਮਾਲਕ ਪ੍ਰਭੂ ਦੇ ਇਹ ਕੌਤਕ ਤਮਾਸ਼ੇ ਹਨ ਕਿ ਉਹ ਪ੍ਰਭੂ ਸਖਣੇ (ਭਾਂਡੇ) ਭਰ ਦੇਂਦਾ ਹੈ, ਭਰਿਆਂ ਨੂੰ ਖਾਲੀ ਕਰ ਦੇਂਦਾ ਹੈ ।੫।

ਪ੍ਰ:–ਗੁਰਦੇਵ ਜੀਉ ! ਉਸ ਮਾਲਕ ਪਾਸੋਂ ਆਪ ਜੀ ਦੀ ਮੰਗ ਕੀ ਹੈ ?

16. ਉ:–ਹੇ ਪਿਆਰੇ ! ਮੇਰੀ ਤਾਂ ਇਕ ਇਹੋ ਹੀ ਮੰਗ ਹੈ ਕਿ, ਹੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਪਾਤਸ਼ਾਹ (ਮਿਹਰ ਕਰ) ਮੈਂ ਮੂੰਹੋਂ ਤੇਰੀ ਹੀ ਸਿਫਤ ਸਲਾਹ ਕਰਦਾ ਰਹਾਂ ।

17. ਹੇ ਅਪਹੁੰਚ ਤੇ ਅਥਾਹ ਪ੍ਰਭੂ (ਕਿਰਪਾ ਕਰ) ਹਰ ਥਾਂ ਮੈਂ (ਤੈਨੂੰ) ਹੀ ਅੱਖਾਂ ਨਾਲ ਵੇਖਾਂ ।

18. ਹੇ ਸਾਈਆਂ ਜੀਉ ! ਇਨ੍ਹਾਂ ਕੰਨਾਂ ਨਾਲ ਤੇਰੀ ਸਿਫਤ ਸਲਾਹ ਸੁਣ ਸੁਣ ਕੇ ਮੇਰਾ ਮਨ ਮੇਰਾ ਤਨ (ਆਤਮਕ ਜੀਵਨ ਨਾਲ) ਹਰਿਆ ਭਰਿਆ ਹੋਇਆ ਰਹੇ, ਹੇ ਮੇਰੇ ਮਾਲਕ ! ਤੂੰ ਸਭਨਾਂ ਜੀਵਾਂ ਦਾ ਬੇੜਾ ਪਾਰ ਕਰਨ ਵਾਲਾ ਹੈਂ ।੬।

19. ਹੇ ਪ੍ਰਭੂ ! ਤੂੰ ਸਭ ਜੀਵਾਂ ਨੂੰ ਪੈਦਾ ਕਰ ਕਰ ਕੇ ਆਪਣੇ ਪੈਦਾ ਕੀਤਿਆਂ ਦੀ ਸੰਭਾਲ ਕਰਦਾ ਹੈਂ ।

20. ਹੇ ਭਾਈਓ ! ਇਹ ਸਾਰੇ ਜੀਅ ਜੰਤ ਉਸੇ ਹੀ ਸਿਰਜਨਹਾਰ ਨੂੰ ਜਪਦੇ ਹਨ ।

21. ਹੇ ਪਿਆਰੇ ! ਉਹ ਆਪਣੀ ਕੁਦਰਤ (ਪੈਦਾ ਕਰਨ ਦੀ ਤਾਕਤ) ਨੂੰ ਆਪ ਹੀ ਜਾਣਦਾ ਹੈ, ਮਿਹਰ ਦਾ ਮਾਲਕ ਪ੍ਰਭੂ ਮਿਹਰ ਦੀ ਨਿਗਾਹ ਨਾਲ ਉਹ ਸਭਨਾਂ ਵਲ ਹੀ ਤੱਕਦਾ ਹੈ ।੭।

ਪ੍ਰ:–ਸ੍ਰੀ ਜੀਉ ! ਆਪ ਜੀ ਅੰਤਰ ਆਤਮੇ ਹਰ ਸਮੇਂ ਆਸ ਕੀ ਰਖਦੇ ਹੋ ?

22. ਉ:–ਹੇ ਭਾਈਓ ! ਜਿਸ ਸਾਧ ਸੰਗਤ ਵਿਚ (ਸੰਤ ਜਨ) ਪ੍ਰਭੂ ਦੇ ਚਰਨਾਂ ਵਿਚ ਬੈਠਦੇ ਹਨ ।

23. ਅਤੇ ਪ੍ਰਭੂ ਦੇ ਕੌਤਕ ਤਮਾਸ਼ਿਆਂ ਦਾ ਜ਼ਿਕਰ ਕਰ ਕੇ ਆਤਮਕ ਅਨੰਦ ਦੀਆਂ ਖੁਸ਼ੀਆਂ ਮਾਣਦੇ ਹਨ ਅਤੇ ਇਕ

ਰਸ ਸੁਰ ਵਿਚ ਬਾਣੀ ਦੀ ਰਾਹੀਂ ਪ੍ਰਭੂ ਦੇ ਗੁਣ ਗਾਉਂਦੇ ਹਨ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, (ਐ ਪਿਆਰੇ ! ਜੇ ਪ੍ਰਭੂ ਦੀ ਮੇਹਰ ਹੋਵੇ ਤਾਂ) ਉਸ ਸਾਧ ਸੰਗਤ ਵਿਚ ਮੈਂ ਦਾਸ ਭੀ ਉਸ ਦੇ ਗੁਣ ਆਪਣੇ ਹਿਰਦੇ ਵਿਚ ਵਸਾਵਾਂ ।੮।

25. ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥
26. ਕਰਿ ਕਰਿ ਦੇਖੈ ਖੇਲੁ ਅਪਾਰਾ ॥
27. ਆਪਿ ਉਪਾਏ ਉਪਾਵਣਹਾਰਾ
ਅਪਣਾ ਕੀਆ ਪਾਲਣਾ ॥੯॥
28. ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥
29. ਸਦਾ ਸਦਾ ਜਾਈ ਬਲਿਹਾਰੀ ॥
30. ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ
ਮੇਰੇ ਸੁਆਮੀ ਅਗਮ ਅਪਾਰਣਾ ॥੧੦॥
31. ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥
32. ਏਕੋ ਏਕੁ ਜਪੀ ਮਨ ਮਾਹੀ ॥
33. ਹੁਕਮੁ ਬੂਝਿ ਜਨ ਭਏ ਨਿਹਾਲਾ
ਇਹ ਭਗਤਾ ਕੀ ਘਾਲਣਾ ॥੧੧॥
34. ਗੁਰ ਉਪਦੇਸਿ ਜਪੀਐ ਮਨਿ ਸਾਚਾ ॥
35. ਗੁਰ ਉਪਦੇਸਿ ਰਾਮ ਰੰਗਿ ਰਾਚਾ ॥
36. ਗੁਰ ਉਪਦੇਸਿ ਤੁਟਹਿ ਸਭਿ ਬੰਧਨ
ਇਹੁ ਭਰਮੁ ਮੋਹੁ ਪਰਜਾਲਣਾ ॥੧੨॥

ਪਦ ਅਰਥ :–ਆਵਣੁ ਜਾਣਾ–(ਜੀਵਾਂ ਦਾ) ਜੰਮਣਾ ਤੇ ਮਰਨਾ । ਚਲਤੁ–ਤਮਾਸ਼ਾ, ਖੇਲ । ਕਰਿ–ਪੈਦਾ ਕਰ ਕੇ । ਅਪਾਰਾ–ਬੇਅੰਤ ਪ੍ਰਭੂ । ਉਪਾਵਣਹਾਰਾ–ਪੈਦਾ ਕਰਨ ਦੀ ਸਮਰਥਾ ਵਾਲਾ । ਕੀਆ–ਪੈਦਾ ਕੀਤੇ ਹੋਏ ਨੂੰ ।੯।

ਸੁਣਿ–ਸੁਣ ਕੇ । ਜੀਵਾ–ਜੀਵਾਂ, ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਹਾਂ । ਸੋਇ–ਖ਼ਬਰ, ਸੋਭਾ । ਜਾਈ–ਜਾਈਂ, ਮੈਂ ਜਾਂਦਾ ਹਾਂ । ਦੁਇ ਕਰ–ਦੋਵੇਂ ਹੱਥ । ਜੋੜਿ–ਜੋੜ ਕੇ । ਸਿਮਰਉ–ਸਿਮਰਉਂ, ਮੈਂ ਸਿਮਰਦਾ ਹਾਂ । ਅਪਾਰਣਾ–ਹੇ ਅਪਾਰ ।੧੦।

ਸਾਲਾਹੀ–ਸਲਾਹੀਂ, ਮੈਂ ਸਲਾਹਾਂ । ਜਪੀ–ਜਪੀਂ, ਮੈਂ ਜਪਦਾ ਹਾਂ । ਮਾਹੀ–ਮਾਹਿ, ਵਿਚ । ਬੂਝਿ–ਸਮਝ ਕੇ । ਜਨ–ਪ੍ਰਭੂ ਦੇ ਸੇਵਕ । ਨਿਹਾਲਾ–ਪ੍ਰਸੰਨ । ਘਾਲਣਾ-ਮਿਹਨਤ, ਕਮਾਈ ।੧੧।

ਉਪਦੇਸਿ-ਉਪਦੇਸ਼ ਦੀ ਰਾਹੀਂ । ਜਪੀਐ–ਜਪਣਾ ਚਾਹੀਦਾ ਹੈ । ਮਨਿ -ਮਨ ਵਿਚ । ਸਾਚਾ–ਸਦਾ ਥਿਰ ਪ੍ਰਭੂ । ਰੰਗਿ–ਪ੍ਰੇਮ ਰੰਗ ਵਿਚ । ਰਾਚਾ–ਰਚ ਮਿਚ ਜਾਂਦਾ ਹੈ । ਤੁਟਹਿ–ਟੁੱਟ ਜਾਂਦੇ ਹਨ । ਸਭਿ–ਸਾਰੇ । ਪਰਜਾਲਣਾ–ਚੰਗੀ ਤਰ੍ਹਾਂ ਸੜ ਜਾਂਦਾ ਹੈ ।੧੨।

ਅਰਥ :–

ਪ੍ਰ:–ਸ੍ਰੀ ਜੀਉ ! ਇਹ ਜੋ ਜੀਵਾਂ ਦੇ ਜੰਮਣ ਮਰਨ ਦਾ ਦਿਨੇ ਰਾਤ ਇਕ ਰਸ ਚੱਕਰ ਚਲ ਰਿਹਾ ਹੈ, ਇਸ ਸੰਬੰਧੀ ਆਪ ਕੀ ਵੀਚਾਰ ਰਖਦੇ ਹੋ ?

੨੫. **ਉ**:–ਹੇ ਭਾਈ ! ਗੁਰਮਤਿ ਅਨੁਸਾਰ ਮੈਂ ਤਾਂ ਇਹੋ ਹੀ ਵੀਚਾਰ ਰਖਦਾ ਹਾਂ ਕਿ, ਹੇ ਪ੍ਰਭੂ ! (ਇਨ੍ਹਾਂ ਸਾਰੇ ਜੀਵਾਂ ਦਾ) ਜੰਮਣਾ ਤੇ ਮਰਨਾ, ਇਹ ਸਾਰਾ ਤੇਰਾ (ਹੀ) (ਰਚਿਆ) ਖੇਲ ਹੈ ।

26. ਹੇ ਭਾਈਓ ! ਉਹ ਬੇਅੰਤ ਪ੍ਰਭੂ ਇਹ ਖੇਲ ਕਰ ਕਰ ਕੇ ਵੇਖ ਰਿਹਾ ਹੈ ।

27. ਐ ਪਿਆਰੇ ! ਉਹ ਪੈਦਾ ਕਰਨ ਦੀ ਸਮਰਥਾ ਵਾਲਾ ਪ੍ਰਭੂ ਆਪ (ਜੀਵਾਂ ਨੂੰ) ਪੈਦਾ ਕਰਦਾ ਹੈ, ਆਪਣੇ ਪੈਦਾ ਕੀਤੇ (ਜੀਵਾਂ ਨੂੰ) ਆਪ ਹੀ ਪਾਲਦਾ ਹੈ ।੯।

28. ਹੇ ਮੇਰੇ ਪਿਆਰੇ ਪ੍ਰਭੂ ਜੀ ! ਮੈਂ ਤੇਰੀ ਸੋਭਾ ਸੁਣ ਸੁਣ ਕੇ ਆਤਮਕ ਜੀਵਨ ਹਾਸਲ ਕਰਦਾ ਹਾਂ ।

29. ਅਤੇ ਮੈਂ ਤੈਥੋਂ ਸਦਾ ਹੀ ਸਦਕੇ ਜਾਂਦਾ ਹਾਂ ।

30. ਹੇ ਮੇਰੇ ਅਪਹੁੰਚ ਤੇ ਬੇਅੰਤ ਪ੍ਰਭੂ (ਜਦੋਂ ਤੇਰੀ ਮਿਹਰ ਹੁੰਦੀ ਹੈ) ਮੈਂ ਦੋਵੇਂ ਹੱਥ ਜੋੜ ਕੇ ਦਿਨੇ ਰਾਤ ਤੈਨੂੰ ਸਿਮਰਦਾ ਹਾਂ ।੧੦।

31. ਹੇ ਸਾਈਆਂ ਜੀਉ ! ਤੈਨੂੰ ਛਡ ਕੇ ਮੈਂ ਕਿਸੇ ਹੋਰ ਦੀ ਸਿਫਤ ਸਲਾਹ ਨਹੀਂ ਕਰ ਸਕਦਾ ।

32. ਮੈਂ ਆਪਣੇ ਮਨ ਵਿਚ ਸਿਰਫ ਇਕ ਤੈਨੂੰ ਹੀ ਜਪਦਾ ਹਾਂ ।

33. ਹੇ ਮਾਲਕ ਜੀਉ ! ਤੇਰੇ ਸੇਵਕ ਤੇਰੀ ਰਜ਼ਾ ਨੂੰ ਸਮਝ ਕੇ ਸਦਾ ਖਿੜੇ ਮੱਥੇ ਰਹਿੰਦੇ ਹਨ, ਇਹੋ ਹੈ ਤੇਰੇ ਭਗਤਾਂ ਦੀ ਘਾਲ ਕਮਾਈ ।੧੧।

ਪ੍ਰ:–ਗੁਰਦੇਵ ਜੀਉ ! ਸਾਨੂੰ ਨਿਤ ਕਿਰਿਆ ਕੀ ਕਰਦੇ ਰਹਿਣਾ ਚਾਹੀਦਾ ਹੈ ?

34. **ਉ**:–ਹੇ ਪਿਆਰੇ ! ਹਰ ਮਨੁੱਖ ਨੂੰ ਗੁਰੂ ਦੇ ਉਪਦੇਸ਼ ਦੀ ਰਾਹੀਂ ਮਨ ਵਿਚ (ਉਸ) ਸਦਾ ਥਿਰ ਪ੍ਰਭੂ ਦਾ ਨਾਮ (ਹੀ) ਜਪਣਾ ਚਾਹੀਦਾ ਹੈ ।

35. ਹੇ ਭਾਈ ! ਗੁਰੂ ਦੇ ਉਪਦੇਸ਼ ਉਤੇ ਤੁਰ ਕੇ ਮਨ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਚ ਮਿਚ ਜਾਂਦਾ ਹੈ ।

ਪ੍ਰ:–ਸ੍ਰੀ ਜੀਉ ! ਮਾਇਆ ਦੇ ਮੋਹ ਦੀ ਅਜਿਹੀ ਪ੍ਰਬਲਤਾ ਹੈ ਜੋ ਕਿ ਮਨੁੱਖ ਦੇ ਮਨ ਨੂੰ ਪ੍ਰਭੂ ਦੇ ਪਿਆਰ ਰੰਗ ਵਿਚ ਰਚਨ ਨਹੀਂ ਦੇਂਦੀ, ਦਸੋ ਕੀ ਉਪਾਉ ਕੀਤਾ ਜਾਏ ?

36. **ਉ**:–ਹੇ ਪਿਆਰੇ ! ਇਸ ਦਾ ਉਪਾਉ ਭੀ ਗੁਰੂ ਦਾ ਉਪਦੇਸ਼ ਹੀ ਹੈ ਜਿਸ ਦੀ ਬਰਕਤ ਨਾਲ (ਮਨੁੱਖ ਦੇ ਅੰਦਰੋਂ ਮਾਇਆ ਮੋਹ ਦੇ) ਸਾਰੇ (ਹੀ) ਬੰਧਨ ਟੁੱਟ ਜਾਂਦੇ ਹਨ, ਮਨੁੱਖ ਦੀ ਇਹ ਭਟਕਣਾ ਮਨੁੱਖ ਦਾ ਇਹ ਮੋਹ ਚੰਗੀ ਤਰ੍ਹਾਂ ਸੜ ਜਾਂਦਾ ਹੈ ।੧੨।

37. ਜਹ ਰਾਖੈ ਸੋਈ ਸੁਖ ਥਾਨਾ ॥
38. ਸਹਜੇ ਹੋਇ ਸੋਈ ਭਲ ਮਾਨਾ ॥
39. ਬਿਨਸੇ ਬੈਰ ਨਾਹੀ ਕੋ ਬੈਰੀ
ਸਭੁ ਏਕੋ ਹੈ ਭਾਲਣਾ ॥੧੩॥
40. ਡਰ ਚੂਕੇ ਬਿਨਸੇ ਅੰਧਿਆਰੇ ॥
41. ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥
42. ਆਪੁ ਛੋਡਿ ਪਏ ਸਰਣਾਈ
ਜਿਸ ਕਾ ਸਾ ਤਿਸੁ ਘਾਲਣਾ ॥੧੪॥
43. ਐਸਾ ਕੋ ਵਡਭਾਗੀ ਆਇਆ ॥
44. ਆਠ ਪਹਰ ਜਿਨਿ ਖਸਮੁ ਧਿਆਇਆ ॥
45. ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ
ਸੋ ਪਰਵਾਰ ਸਧਾਰਣਾ ॥੧੫॥
46. ਇਹ ਬਖਸੀਸ ਖਸਮ ਤੇ ਪਾਵਾ ॥
47. ਆਠ ਪਹਰ ਕਰ ਜੋੜਿ ਧਿਆਵਾ ॥
48. ਨਾਮੁ ਜਪੀ ਨਾਮਿ ਸਹਜਿ ਸਮਾਵਾ
ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥

ਪਦ ਅਰਥ:–ਜਹ–ਜਿਥੇ। ਰਾਖੈ–(ਪ੍ਰਮਾਤਮਾਂ ਸਾਨੂੰ) ਰਖਦਾ ਹੈ। ਸੁਖ ਥਾਨਾ–ਸੁਖ ਦੇਣ ਵਾਲਾ ਥਾਂ। ਸਹਜੇ–ਪ੍ਰਭੂ ਦੀ ਰਜ਼ਾ ਵਿਚ ਹੀ। ਭਲ–ਭਲਾ। ਮਾਨਾ–ਮੰਨਦਾ ਹੈ। ਬੈਰ–(ਸਾਰੇ) ਵੈਰ। ਸਭੁ–ਹਰ ਥਾਂ। ਏਕੋ–ਇਕ ਪ੍ਰਮਾਤਮਾਂ ਨੂੰ ਹੀ।੧੩।

ਚੂਕੇ–ਮੁੱਕ ਗਏ। ਅੰਧਿਆਰੇ–ਆਤਮਕ ਜੀਵਨ ਦੇ ਰਾਹ ਦੇ ਹਨ੍ਹੇਰੇ। ਨਿਰਾਰੇ–ਨਿਰਾਲਾ,ਨਿਰਲੇਪ। ਆਪੁ–ਆਪਾ ਭਾਵ। ਛੋਡਿ–ਤਿਆਗ ਕੇ। ਜਿਸ ਕਾ–ਜਿਸ (ਪ੍ਰਭੂ) ਦਾ। ਸਾ–ਸੀ, ਹੈ। ਤਿਸੁ ਘਾਲਣਾ–ਉਸ (ਪ੍ਰਭੂ ਦੇ ਨਾਮ) ਦੀ ਘਾਲ ਕਮਾਈ।੧੪।

ਕੋ–ਕੋਈ (ਵਿਰਲਾ) ਮਨੁੱਖ। ਜਿਨਿ–ਜਿਸ (ਮਨੁੱਖ) ਨੇ। ਕੈ ਸੰਗਿ–ਦੇ ਨਾਲ, ਦੀ ਸੰਗਤ ਵਿਚ। ਸਭ ਕੋਈ–ਹਰੇਕ ਜੀਵ। ਸਧਾਰਣਾ–ਆਸਰਾ ਦੇਣ ਵਾਲਾ।੧੫।

ਬਖਸੀਸ–ਬਖਸ਼ਿਸ਼, ਦਾਤ। ਤੇ–ਤੋਂ। ਪਾਵਾ–ਪਾਵਾਂ, ਮੈਂ ਹਾਸਲ ਕਰਾਂ। ਕਰ ਜੋੜਿ–(ਦੋਵੇਂ) ਹੱਥ ਜੋੜ ਕੇ। ਧਿਆਵਾ–ਧਿਆਵਾਂ, ਮੈਂ ਸਿਮਰਦਾ ਰਹਾਂ। ਜਪੀ–ਜਪੀਂ, ਮੈਂ ਜਪਾਂ। ਨਾਮਿ–ਨਾਮ ਵਿਚ। ਸਹਜਿ–ਆਤਮਕ ਅਡੋਲਤਾ ਵਿਚ। ਸਮਾਵਾ–ਸਮਾਵਾਂ, ਸਮਾਇਆ ਰਹਾਂ।੧੬।

ਅਰਥ :–

ਪ੍ਰ:–ਹੇ ਗੁਰੋ! ਇਸ ਮਨੁੱਖ ਜਾਮੇਂ ਵਿਚ ਆਏ ਮਨੁੱਖਾਂ ਵਿਚੋਂ ਆਪ ਜੀ ਕਿਸ ਨੂੰ ਆਇਆ ਵਡਭਾਗੀ ਸਮਝਦੇ ਹੋ?

37. **ਉ**:–ਹੇ ਭਾਈਓ! ਮੈਂ ਤਾਂ ਇਉਂ ਹੀ ਸਮਝਦਾ ਹਾਂ ਕਿ ਇਨ੍ਹਾਂ ਸਾਰੇ ਆਏ ਮਨੁੱਖਾਂ ਵਿਚੋਂ ਐਸਾ ਕੋਈ ਮਨੁੱਖ ਹੀ ਵਡਭਾਗੀ ਆਇਆ ਹੈ, ਜਿਹੜਾ ਇਹ ਨਿਸਚਾ ਰਖਦਾ ਹੈ ਕਿ, ਜਿਥੇ (ਸਾਨੂੰ ਪ੍ਰਮਾਤਮਾਂ) ਰਖਦਾ ਹੈ ਉਹੀ (ਸਾਡੇ ਵਾਸਤੇ) ਸੁਖ ਦੇਣ ਵਾਲਾ ਥਾਂ ਹੈ।

38. ਹੇ ਭਾਈ! (ਜਿਹੜਾ ਮਨੁੱਖ) ਜੋ ਕੁਝ ਰਜ਼ਾ ਵਿਚ ਹੋ ਰਿਹਾ ਹੈ ਉਸ ਨੂੰ ਭਲਾਈ ਵਾਸਤੇ ਹੋ ਰਿਹਾ ਮੰਨਦਾ ਹੈ।

39. ਐ ਪਿਆਰੇ! ਜਿਸ ਮਨੁੱਖ ਦੇ ਅੰਦਰੋਂ ਸਾਰੇ ਵੈਰ ਵਿਰੋਧ ਮਿਟ ਜਾਂਦੇ ਹਨ, (ਜਿਸ ਨੂੰ ਜਗਤ ਵਿਚ) ਕੋਈ ਵੈਰੀ ਨਹੀਂ ਦਿਸਦਾ, (ਜਿਹੜਾ) ਹਰ ਥਾਂ ਸਿਰਫ ਪ੍ਰਮਾਤਮਾਂ ਨੂੰ ਹੀ ਵੇਖਦਾ ਹੈ।੧੩।

40-41. ਹੇ ਭਾਈ! (ਐਸਾ ਕੋ ਵਡਭਾਗੀ ਆਇਆ ਜਿਸ ਦੇ ਅੰਦਰੋਂ) ਸਾਰੇ ਡਰ ਮੁੱਕ ਜਾਂਦੇ ਹਨ, ਜਿਸ ਦੇ ਆਤਮਕ ਜੀਵਨ ਦੇ ਰਸਤੇ ਦੇ ਸਾਰੇ ਹਨੇਰੇ ਦੂਰ ਹੋ ਜਾਂਦੇ ਹਨ। (ਜਿਸ ਦੇ ਅੰਦਰ) ਨਿਰਲੇਪ ਪ੍ਰਭੂ ਪ੍ਰਗਟ ਹੋ ਜਾਂਦਾ ਹੈ।

42. (ਜਿਹੜਾ ਮਨੁੱਖ) ਆਪਾ ਭਾਵ ਦੂਰ ਕਰ ਕੇ ਪ੍ਰਮੇਸ਼ਰ ਦੀ ਸ਼ਰਨੀ ਪੈਂਦਾ ਹੈ,ਜਿਸ ਪ੍ਰਭੂ ਦਾ ਉਹ ਪੈਦਾ ਕੀਤਾ ਹੋਇਆ ਹੈ ਉਸੇ ਦੇ ਸਿਮਰਨ ਦੀ ਘਾਲ ਕਮਾਈ ਕਰਦਾ ਹੈ।੧੪।

43. ਹੇ ਭਾਈਓ! ਕੋਈ ਵਿਰਲਾ ਹੀ ਅਜਿਹਾ ਭਾਗਾਂ ਵਾਲਾ ਮਨੁੱਖ ਜੰਮਦਾ ਹੈ।

44, ਜਿਹੜਾ ਅਠੇ ਪਹਿਰ ਮਾਲਕ ਪ੍ਰਭੂ ਦਾ ਨਾਮ ਯਾਦ ਕਰਦਾ ਹੈ।

ਪ੍ਰ:–ਕਿਉਂ ਜੀ! ਕੀ, ਉਸ ਤੋਂ ਕਿਸੇ ਹੋਰ ਨੂੰ ਭੀ ਲਾਭ ਪਹੁੰਚਦਾ ਹੈ?

45. **ਉ**:–ਹੇ ਭਾਈ! ਉਸ ਦਾ ਆਪਣਾ ਉਧਾਰ ਤਾਂ ਹੁੰਦਾ ਹੀ ਹੈ ਪਰ, ਉਸ ਮਨੁੱਖ ਦੀ ਸੰਗਤ ਵਿਚ (ਰਹਿ ਕੇ) ਹਰੇਕ ਮਨੁੱਖ (ਹੀ) ਸੰਸਾਰ ਸਮੁੰਦ੍ਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਉਹ ਮਨੁੱਖ ਆਪਣੇ ਪ੍ਰਵਾਰ ਵਾਸਤੇ (ਭੀ) ਸਹਾਰਾ ਬਣ ਜਾਂਦਾ ਹੈ।੧੫।

46. ਹੇ ਭਾਈਓ! ਜੇ ਮੇਰੇ ਮਾਲਕ ਦੀ ਮੇਰੇ ਉਤੇ ਮਿਹਰ ਹੋਵੇ ਤਾਂ ਮੈਂ ਉਸ ਮਾਲਕ ਪਾਸੋਂ ਇਹ ਦਾਤ ਹਾਸਲ ਕਰਾਂ।

47. ਕਿ ਅੱਠੇ ਪਹਿਰ ਦੋਵੇਂ ਹੱਥ ਜੋੜ ਕੇ ਉਸ ਦਾ ਨਾਮ ਸਿਮਰਦਾ ਰਹਾਂ।

48. ਉਸ ਦਾ ਨਾਮ ਜਪਦਾ ਰਹਾਂ, ਉਸ ਦੇ ਨਾਮ ਵਿਚ ਆਤਮਕ ਅਡੋਲਤਾ ਵਿਚ ਲੀਨ ਰਹਾਂ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਮੈਨੂੰ ਉਸ ਦਾ ਨਾਮ ਜਪਣ ਦੀ ਦਾਤ ਮਿਲੀ ਰਹੇ।੧੬।੧।੬।

ਭਾਵਾਰਥ :–ਹਰੀ ਸਭ ਕੁਝ ਆਪ ਹੀ ਹੈ ਤੇ ਆਪ ਹੀ ਕਰਨ ਕਰਾਵਨਹਾਰ ਹੈ, ਇਹ ਗਲ ਤਦ ਸਮਝ ਆਉਂਦੀ ਹੈ, ਜੇ ਹੁਕਮੀ ਬੰਦਾ ਬਣ ਕੇ ਗੁਰੂ ਦਾ ਉਪਦੇਸ਼ ਗ੍ਰਹਿਣ ਕਰੀਏ, ਪਰ, ਇਹ ਬਖਸ਼ਸ਼ ਹਰੀ ਆਪ ਹੀ ਕਰੇ ਤਦ ਹੀ ਮਿਲ ਸਕਦੀ ਹੈ।

ਮਾਰੂ ਮਹਲਾ ੫ ॥

1. **ਸੂਰਤਿ ਦੇਖਿ ਨ ਭੂਲੁ ਗਵਾਰਾ ॥**
2. **ਮਿਥਨ ਮੋਹਾਰਾ ਝੂਠੁ ਪਸਾਰਾ ॥**
3. **ਜਗ ਮਹਿ ਕੋਈ ਰਹਣੁ ਨ ਪਾਏ ਨਿਹਚਲੁ ਏਕੁ ਨਾਰਾਇਣਾ ॥੧॥**
4. **ਗੁਰ ਪੂਰੇ ਕੀ ਪਉ ਸਰਣਾਈ ॥**
5. **ਮੋਹੁ ਸੋਗੁ ਸਭੁ ਭਰਮੁ ਮਿਟਾਈ ॥**
6. **ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥੨॥**
7. **ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥**
8. **ਸਗਲ ਭਗਤ ਜਾ ਕੀ ਕਰਦੇ ਸੇਵਾ ॥**
9. **ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥੩॥**
10. **ਹੋਰੁ ਦੁਆਰਾ ਕੋਇ ਨ ਸੂਝੈ ॥**
11. **ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥**
12. **ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥**
13. **ਜਾ ਕੀ ਧੂਰਿ ਕਰੇ ਪੁਨੀਤਾ ॥**
14. **ਸੁਰਿ ਨਰ ਦੇਵ ਨ ਪਾਵਹਿ ਮੀਤਾ ॥**
15. **ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥**

ਪਦ ਅਰਥ :–ਸੂਰਤਿ–ਸ਼ਕਲ । ਦੇਖਿ–ਵੇਖ ਕੇ । ਗਵਾਰਾ–ਹੇ ਮੂਰਖ । ਮਿਥਨ–ਝੂਠਾ । ਮੋਹਾਰਾ–ਮੋਹ ਦਾ । ਪਸਾਰਾ–ਖਿਲਾਰਾ ।ਨਿਹਚਲੁ–ਸਦਾ ਕਾਇਮ ਰਹਿਣ ਵਾਲਾ।੧।

ਸਭੁ ਭਰਮੁ–ਹਰੇਕ ਕਿਸਮ ਦਾ ਭਰਮ । ਮਿਟਾਈ–(ਗੁਰੂ) ਮਿਟਾਂਦਾ ਹੈ । ਮੰਤ੍ਰੁ–ਉਪਦੇਸ਼ । ਦ੍ਰਿੜਾਏ–ਹਿਰਦੇ ਵਿਚ ਪੱਕਾ ਕਰਦਾ ਹੈ । ਅਉਖਧੁ–ਦਵਾਈ, ਦਾਰੂ । ਸਚੁ–ਸਦਾ ਥਿਰ । ਰਿਦ–ਹਿਰਦੇ ਵਿਚ ।੨।

ਜਿਸੁ ਨਾਮੈ ਕਉ–ਜਿਸ ਦੇ ਨਾਮ ਨੂੰ । ਜਾ ਕੀ–ਜਿਸ (ਪ੍ਰਭੂ) ਦੀ । ਦੀਨ ਦੁਖ ਭੰਜਨੁ–ਗਰੀਬਾਂ ਦੇ ਦੁੱਖ ਨਾਸ ਕਰਨ ਵਾਲਾ ।੩।

ਦੁਆਰਾ–ਦਰਵਾਜ਼ਾ, ਦਰ । ਤ੍ਰਿਭਵਣ–ਤਿੰਨਾਂ ਭਵਨਾਂ ਵਿਚ । ਧਾਵੈ–ਜੇ ਦੌੜਦਾ ਫਿਰੇ । ਭੰਡਾਰੁ–ਖਜ਼ਾਨਾਂ । ਤਿਸੈ ਤੇ–ਉਸ (ਗੁਰੂ) ਪਾਸੋਂ ਹੀ ।੪।

ਪੁਨੀਤਾ–ਪਵਿੱਤਰ । ਸੁਰ–ਸੁਰਗ ਦੇ ਰਹਿਣ ਵਾਲੇ । ਨਰ–ਮਨੁੱਖ । ਮੀਤਾ–ਹੇ ਮਿੱਤ੍ਰ ।੫।

ਅਰਥ :–

ਪ੍ਰ:–ਗੁਰਦੇਵ ਜੀਉ ! ਸੰਸਾਰ ਵਿਚ ਮਾਇਕੀ ਪਦਾਰਥਾਂ ਦੀ ਅਜਿਹੀ ਸੁੰਦਰਤਾ ਵੇਖਣ ਵਿਚ ਆਉਂਦੀ ਹੈ, ਜਿਨ੍ਹਾਂ ਨੂੰ ਤੱਕ ਕੇ ਉਹ ਸਦੀਵੀ ਕਾਲ ਸਚੇ ਰਹਿਣ ਵਾਲੇ ਨਜ਼ਰ ਆਉਂਦੇ ਹਨ, ਉਨ੍ਹਾਂ ਵਲੋਂ ਉਪਰਾਮ ਰਹਿਣ ਲਈ ਕੋਈ ਵੈਰਾਗ ਮਈ ਉਪਦੇਸ਼ ਉਚਾਰਨ ਕਰੋ ?

1. **ਉ**–ਹੇ ਮੂਰਖਾ ! (ਜਗਤ ਦੇ ਪਦਾਰਥਾਂ ਦੀ ਸੁੰਦਰ) ਸ਼ਕਲਾਂ ਨੂੰ ਵੇਖ ਕੇ ਗਲਤੀ ਨਾ ਖਾਹ ।

2, ਕਿਉਂਕਿ, ਹੇ ਭਾਈ ! ਇਹ ਸਾਰਾ ਝੂਠੇ ਮੋਹ ਦਾ ਝੂਠਾ (ਹੀ) ਪਸਾਰਾ ਹੈ ।

3, ਵੀਚਾਰ ਦ੍ਰਿਸ਼ਟੀ ਨਾਲ ਤੱਕ ਲੈ ਕਿ ਇਸ ਜਗਤ ਵਿਚ ਕੋਈ ਭੀ ਸਦਾ ਲਈ ਟਿਕਿਆ ਨਹੀਂ ਰਹਿ ਸਕਦਾ, (ਇਥੇ ਤਾਂ) ਸਿਰਫ ਇਕ ਪ੍ਰਮਾਤਮਾਂ ਹੀ ਸਦਾ ਕਾਇਮ ਰਹਿਣ ਵਾਲਾ ਹੈ ।੧।

ਪ੍ਰ:–ਸ੍ਰੀ ਜੀਉ ! ਦਸੋ, ਇਨ੍ਹਾਂ ਪਦਾਰਥਾਂ ਦੀ ਸੁੰਦਰਤਾ ਵਲੋਂ ਨਿਰਮੋਹ ਰਹਿਣ ਲਈ ਕੀ ਸਾਧਨ ਕਰਨਾ ਚਾਹੀਦਾ ਹੈ ?

4.**ਉ**:–ਐ ਪਿਆਰੇ, ਪੂਰੇ ਗੁਰੂ ਦੀ ਸ਼ਰਨ (ਵਿਚ) ਪਿਆ ਰਹੋ?

5. (ਕਿਉਂਕਿ) ਗੁਰੂ (ਸ਼ਰਨ ਪਏ ਮਨੁੱਖ ਦਾ) ਮੋਹ, ਸੋਗ ਤੇ ਸਾਰਾ (ਹੀ) ਭਰਮ ਮਿਟਾ ਦੇਂਦਾ ਹੈ ।

ਪ੍ਰ:–(ਕਿਉਂ ਜੀ) ਗੁਰੂ ਨਿਰਮੋਹ ਹੋਣ ਲਈ ਕੀ ਦਵਾਈ ਦੇਂਦਾ ਹੈ ?

6. **ਉ**:–ਹੇ ਭਾਈ ! ਗੁਰੂ ਇਕੋ ਉਪਦੇਸ਼ ਹਿਰਦੇ ਵਿਚ ਧਾਰਨ ਕਰਦਾ ਹੈ, ਇਕੋ ਹੀ ਦਵਾਈ ਦੇਂਦਾ ਹੈ ਕਿ, ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਹਰਿ ਨਾਮ ਸਿਮਰਨਾ ਚਾਹੀਦਾ ਹੈ ।੨।

7. ਹੇ ਪਿਆਰੇ ! ਵੇਖ, ਜਿਸ ਪ੍ਰਮੇਸ਼ਰ ਦੇ ਨਾਮ ਨੂੰ ਅਨੇਕਾਂ ਦੇਵਤੇ ਤਰਸਦੇ ਹਨ ।

8. ਸਾਰੇ ਹੀ ਭਗਤ ਜਿਸ ਪ੍ਰਭੂ ਦੀ ਸੇਵਾ ਭਗਤੀ ਕਰਦੇ ਹਨ ।

9. ਜੋ ਪ੍ਰਮਾਤਮਾਂ ਨਿਖਸਮਿਆਂ ਦਾ ਖਸਮ ਹੈ, ਜਿਹੜਾ ਪ੍ਰਮਾਤਮਾਂ ਗਰੀਬਾਂ ਦੇ ਦੁੱਖ ਦੂਰ ਕਰਨ ਵਾਲਾ ਹੈ, ਉਹ ਪ੍ਰਮਾਤਮਾਂ ਗੁਰੂ ਪਾਸੋਂ ਹੀ ਮਿਲਦਾ ਹੈ ।੩।

ਪ੍ਰ:–ਸ੍ਰੀ ਜੀਉ ! ਕੀ, ਗੁਰੂ ਤੋਂ ਬਿਨਾ ਨਾਮ ਪ੍ਰਾਪਤੀ ਲਈ ਹੋਰ ਕੋਈ ਭੀ ਟਿਕਾਣਾ ਨਹੀਂ ?

10. **ਉ**:–ਹੇ ਪਿਆਰੇ ! ਮੈਂ ਤਾਂ ਵੇਖ ਚੁਕਾ ਹਾਂ ਕਿ, ਹੋਰ ਕੋਈ ਭੀ ਦਰ (ਐਸਾ) ਨਹੀਂ ਸੁਝਦਾ ਜਿਥੋਂ ਕਿ ਨਾਮ ਮਿਲ ਸਕਦਾ ਹੋਵੇ ।

11. ਹੇ ਭਾਈ ! ਮੈਨੂੰ ਤਾਂ ਪੂਰਨ ਵਿਸ਼ਵਾਸ਼ ਹੈ ਕਿ, ਜੇ ਮਨੁੱਖ ਤਿੰਨਾਂ ਭਵਨਾਂ ਵਿਚ ਭੀ ਦੌੜ-ਭੱਜ ਕਰਦਾ ਫਿਰੇ ਤਾਂ ਭੀ ਉਸ ਨੂੰ ਨਾਮ ਰਤਨ ਦੀ ਕੋਈ (ਭੀ) ਸਮਝ ਨਹੀਂ ਪੈ ਸਕਦੀ ।

12. ਇਸ ਲਈ, ਹੇ ਭਾਈ ! ਇਕ ਗੁਰੂ ਹੀ ਐਸਾ ਸ਼ਾਹ ਹੈ ਜਿਸ ਦੇ ਪਾਸ ਨਾਮ ਦਾ ਖਜ਼ਾਨਾ ਹੈ, ਉਸੇ ਗੁਰੂ ਪਾਸੋਂ ਨਾਮ ਰਤਨ ਮਿਲ ਸਕਦਾ ਹੈ ।੪।

ਪ੍ਰ–ਹੇ ਗੁਰੋ,ਮੈਂ ਤਾਂ ਸੋਚਦਾ ਹਾਂ ਕਿ ਮੈਂ ਤਾਂ ਬਹੁਤ ਹੀ ਵਿਕਾਰਾਂ

ਦੀ ਮੈਲ ਕਰਕੇ ਮਲੀਨ ਹਾਂ ਮੈਨੂੰ ਨਾਮ ਕਿਵੇਂ ਹਾਸਲ ਹੋਵੇਗਾ?

13 ਉ:—ਹੇ ਪਿਆਰੇ ! ਵੇਖ, ਜਿਸ (ਪ੍ਰਭੂ) ਦੀ ਚਰਨ ਧੂੜ ਮੈਲਿਆਂ ਨੂੰ ਪਵਿਤ੍ਰ ਕਰ ਦੇਂਦੀ ਹੈ।

14, ਹੇ ਮਿੱਤਰਾ ! ਵੇਖ, ਉਸ ਨੂੰ ਦੇਵਤੇ ਮਨੁੱਖ ਪ੍ਰਾਪਤ ਨਹੀਂ ਕਰ ਸਕਦੇ।

15. ਐ ਪਿਆਰੇ ! ਸਿਰਫ ਹਰੀ ਰੂਪ ਗੁਰੂ ਪੁਰਖ ਹੀ ਹੈ ਜਿਸਨੂੰ ਮਿਲਿਆਂ (ਸੰਸਾਰ ਸਮੁੰਦਰ ਤੋਂ)ਪਾਰ ਲੰਘ ਸਕੀਦਾ ਹੈ।੫।

16. ਪਾਰਜਾਤੁ ਲੋੜਹਿ ਮਨ ਪਿਆਰੇ ॥
17. ਕਾਮਧੇਨੁ ਸੋਹੀ ਦਰਬਾਰੇ ॥
18. ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ
ਨਾਮੁ ਕਮਾਇ ਰਸਾਇਣਾ ॥੬॥
19. ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥
20. ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥
21. ਪਾਰਸੁ ਜਬ ਭਟੈ ਗੁਰੁ ਪੂਰਾ
ਤਾ ਪਾਰਸੁ ਪਰਸਿ ਦਿਖਾਇਣਾ ॥੭॥
22. ਕਈ ਬੈਕੁੰਠ ਨਾਹੀ ਲਵੈ ਲਾਗੇ ॥
23. ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥
24. ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ ॥੮॥
25. ਗੁਰ ਕੀ ਸੇਵ ਨ ਜਾਣੈ ਕੋਈ ॥
26. ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥
27. ਜਿਸ ਨੋ ਲਾਇ ਲਏ ਸੋ ਸੇਵਕੁ
ਜਿਸੁ ਵਡਭਾਗ ਮਥਾਇਣਾ ॥੯॥
28. ਗੁਰ ਕੀ ਮਹਿਮਾ ਬੇਦ ਨ ਜਾਣਹਿ ॥
29. ਤੁਛ ਮਾਤ ਸੁਣਿ ਸੁਣਿ ਵਖਾਣਹਿ ॥
30. ਪਾਰਬ੍ਰਹਮ ਅਪਰੰਪਰ ਸਤਿਗੁਰ
ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥

ਪਦ ਅਰਥ :—ਪਾਰਜਾਤੁ—ਮਨੋਕਾਮਨਾ ਪੂਰੀ ਕਰਨ ਵਾਲਾ ਰੁੱਖ (ਹਿੰਦੂ ਧਰਮ ਪੁਸਤਕਾਂ ਅਨੁਸਾਰ ਸੁਰਗ ਵਿਚ ਪੰਜ ਅਜਿਹੇ ਰੁੱਖ ਮੰਨੇ ਗਏ ਹਨ)। ਮਨ—ਹੇ ਮਨ। ਲੋੜਹਿ—(ਜੇ ਤੂੰ ਹਾਸਲ ਕਰਨਾ) ਚਾਹੁੰਦਾ ਹੈਂ। ਕਾਮਧੇਨੁ—(ਧੇਨੁ-ਗਾਂ) ਮਨ ਦੀ ਕਾਮਨਾ ਪੂਰੀ ਕਰਨ ਵਾਲੀ ਗਾਂ (ਇਹ ਭੀ ਸੁਰਗ ਵਿਚ ਹੀ ਰਹਿੰਦੀ ਮੰਨੀ ਗਈ ਹੈ)। ਸੋਹੀ—ਸੋਭਾ ਦੇਵੇ। ਦਰਬਾਰੇ—(ਤੇਰੇ) ਦਰ ਤੇ। ਤ੍ਰਿਪਤਿ—ਰਜੇਵਾਂ। ਰਸਾਇਣਾ—(ਰਸ ਆਯਨ—ਰਸਾਂ ਦਾ ਘਰ) ਸਭ ਰਸਾਂ ਦਾ ਸੋਮਾਂ।੬।

ਕੈ ਸਬਦਿ-ਦੇ ਸ਼ਬਦ ਦੀ ਰਾਹੀਂ। ਮਰਹਿ—ਮਰ ਜਾਂਦੇ ਹਨ। ਪੰਚ ਧਾਤੂ—ਕਾਮਾਦਿਕ ਪੰਜ ਵਿਸ਼ੇ। ਭੈ ਪਾਰਬ੍ਰਹਮ—ਪ੍ਰਮਾਤਮਾਂ ਦੇ ਡਰ ਅਦਬ ਵਿਚ (ਰਹਿ ਕੇ)। ਹੋਵਹਿ ਤੂ—ਤੂੰ ਹੋ ਜਾਏਂਗਾ। ਨਿਰਮਲ—ਪਵਿਤ੍ਰ ਜੀਵਨ ਵਾਲਾ। ਪਾਰਸੁ—ਹੋਰ ਧਾਤਾਂ ਨੂੰ ਸੋਨਾ ਬਣਾ ਦੇਣ ਵਾਲੀ ਪੱਥਰੀ। ਭੇਟੈ—ਮਿਲਦਾ ਹੈ। ਪਰਸਿ—ਛੂਹ ਕੇ । ਦਿਖਾਇਣਾ—(ਪ੍ਰਮੇਸ਼ਰ) ਦਿਸ ਪੈਂਦਾ ਹੈ।੭।

ਲਵੈ ਲਾਗੇ—ਬਰਾਬਰੀ ਕਰ ਸਕਦੇ । ਬਪੁੜੀ—ਨਿਮਾਣੀ, ਵਿਚਾਰੀ । ਗਿਆਨੀ—ਪ੍ਰਮਾਤਮਾਂ ਨਾਲ ਡੂੰਘੀ ਸਾਂਝ ਰਖਣ ਵਾਲਾ। ਤੇ—ਤੋਂ, ਦੀ ਰਾਹੀਂ। ਹਉ—ਮੈਂ। ਬਲਿ ਬਲਿ—ਸਦਾ ਸਦਕੇ।੮।

ਅਗੋਚਰੁ—(ਅ-ਗੋ-ਚਰੁ) ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਮਥਾਇਣਾ—ਮੱਥੇ ਉਤੇ।੯।

ਮਹਿਮਾ—ਵਡਿਆਈ,ਉਚ ਆਤਮਕਤਾ। ਨ ਜਾਣਹਿ—ਨਹੀਂ ਜਾਣਦੇ। ਤੁਛ ਮਾਤ—ਤੁੱਛ ਮਾਤ੍ਰ, ਬਹੁਤ ਹੀ ਥੋੜ੍ਹਾ। ਸੁਣਿ—ਸੁਣ ਕੇ। ਅਪਰੰਪਰ—ਪਰੇ ਤੋਂ ਪਰੇ।੧੦।

ਅਰਥ :—

ਪ੍ਰ:—ਗੁਰਦੇਵ ਜੀ ! ਅਸਾਂ ਕਲਜੁਗੀ ਜੀਵਾਂ ਦਾ ਮਨ ਹਰ ਵਕਤ ਵਧੇਰੇ ਪਦਾਰਥਾਂ ਦੀ ਪ੍ਰਾਪਤੀ ਵਲ ਹੀ ਦੌੜ ਭਜ ਕਰਦਾ ਰਹਿੰਦਾ ਹੈ, ਇਸ ਦੀ ਰੋਕ ਥਾਮ ਲਈ ਕੋਈ ਸ਼ੁਭ ਉਪਦੇਸ਼ ਦੇਣ ਦੀ ਕ੍ਰਿਪਾ ਕਰੋ ?

16. **ਉ**:—ਹੇ ਭਾਈਓ ! ਆਪਣੇ ਮਨ ਨੂੰ ਗੁਰੂ ਦੀ ਸ਼ਰਨ ਵਿਚ ਲਿਆਉਣ ਲਈ ਸਦਾ ਇਉਂ ਹੀ ਪ੍ਰੇਰਨਾ ਕਰਦੇ ਰਹੋ ਕਿ, ਹੇ (ਮੇਰੇ) ਪਿਆਰੇ ਮਨਾ ਸੁਣ ! ਜੇ ਤੂੰ (ਸੁਰਗ ਦਾ) ਪਾਰਜਾਤ (ਰੁੱਖ) ਹਾਸਲ ਕਰਨਾ ਚਾਹੁੰਦਾ ਹੈਂ।

17. ਅਤੇ ਜੇ ਤੂੰ ਚਾਹੁੰਦਾ ਹੈਂ ਕਿ ਕਾਮਧੇਨ (ਗਾਂ) ਤੇਰੇ ਬੂਹੇ ਉਤੇ ਸੋਭ ਰਹੀ ਹੋਵੇ।

18. ਤਾਂ ਤੂੰ (ਹੇ ਮਨਾ) ਪੂਰੇ ਗੁਰੂ ਦੀ ਸ਼ਰਨ ਪਿਆ ਰਹੁ, (ਅਤੇ) ਗੁਰੂ ਪਾਸੋਂ ਪੂਰਨ ਸੰਤੋਖ ਪ੍ਰਾਪਤ ਕਰ, (ਗੁਰੂ ਦੇ ਰਾਹੇ ਤੁਰ ਕੇ) ਨਾਮ ਸਿਮਰਨ ਦੀ ਕਮਾਈ ਕਰ, ਕਿਉਂਕਿ, ਹਰਿ ਨਾਮ ਹੀ ਸਾਰੇ ਰਸਾਂ ਦਾ ਸੋਮਾਂ ਹੈ।੬।

ਪ੍ਰ.—ਸ੍ਰੀ ਜੀਉ ! ਵਿਕਾਰਾਂ ਦੀ ਪ੍ਰਬਲਤਾ ਮਨ ਨੂੰ ਨਾਮ ਸਿਮਰਨ ਵਲ ਟੁਰਨ ਹੀ ਨਹੀਂ ਦੇਂਦੀ, ਕੀ ਯਤਨ ਕੀਤਾ ਜਾਏ ?

19. **ਉ**:—ਹੇ ਭਾਈ ! ਮਨ ਨੂੰ ਇਉਂ ਸਮਝਾਇਆ ਕਰ ਕਿ, ਹੇ ਪਿਆਰੇ ਮਨ ! ਵੇਖ, ਗੁਰੂ ਦੇ ਸ਼ਬਦ ਦੀ ਬਰਕਤ ਨਾਲ ਕਾਮਾਦਿਕ ਪੰਜੇ ਵਿਸ਼ੇ ਮਰ ਜਾਂਦੇ ਹਨ।

20. ਹੇ ਮਨਾ ! (ਗੁਰੂ ਦੇ ਸ਼ਬਦ ਦੀ ਰਾਹੀਂ) ਪ੍ਰਮੇਸ਼ਰ ਦੇ ਡਰ ਅਦਬ ਵਿਚ ਰਹਿ ਕੇ ਤੂੰ ਪਵਿਤ੍ਰ ਹੋ ਜਾਏਂਗਾ।

21. (ਹੇ ਮਨਾ ! ਗੁਰੂ ਹੀ) ਪਾਰਸ ਹੈ, ਜਦੋਂ ਪੂਰਾ ਗੁਰੂ ਪਾਰਸ ਮਿਲ ਪੈਂਦਾ ਹੈ ਤਾਂ ਉਸ ਪਾਰਸ ਨੂੰ ਛੁਹਿਆਂ (ਹਰ ਥਾਂ ਪ੍ਰਮੇਸ਼ਰ ਹੀ) ਦਿਸ ਪੈਂਦਾ ਹੈ।੭।

ਪ੍ਰ:—ਹੇ ਗੁਰੋ ! ਕਈ ਵਾਰ ਸਾਡੇ ਸੰਸਾਰੀ ਜੀਵਾਂ ਦਾ ਮਨ ਇਸ ਸੰਸਾਰ ਦੇ ਪਦਾਰਥਾਂ ਤੋਂ ਉਪ੍ਰਾਮ ਹੋ ਬੈਕੁੰਠ ਦੇ ਪਦਾਰਥਾਂ ਦੀ ਲਾਲਸਾ ਕਰਦਾ ਹੈ, ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

22. ਉ–ਹੇ ਭਾਈ ! ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ ਮਨਾ ! ਵੇਖ, ਅਨੇਕਾਂ ਬੈਕੁੰਠ (ਭੀ ਗੁਰੂ ਦੇ ਦਰਸ਼ਨ ਦੀ) ਬਰਾਬਰੀ ਨਹੀਂ ਕਰ ਸਕਦੇ।

23. (ਕਿਉਂਕਿ) ਜਿਹੜਾ ਮਨੁੱਖ ਭੀ (ਗੁਰੂ ਦੀ ਰਾਹੀਂ) ਪ੍ਰਮੇਸ਼ਰ ਨਾਲ ਸਾਂਝ ਪਾਂਦਾ ਹੈ, ਉਹ (ਤਾਂ) ਮੁਕਤੀ ਨੂੰ ਭੀ ਇਕ ਨਿਮਾਣੀ ਜਿਹੀ ਚੀਜ਼ ਸਮਝ ਕੇ (ਇਸ ਦੀ ਲਾਲਸਾ) (ਹੀ) ਤਿਆਗ ਦੇਂਦਾ ਹੈ।

24. ਹੇ ਭਾਈ ! ਗੁਰੂ ਦੀ ਰਾਹੀਂ ਹੀ ਪ੍ਰਮਾਤਮਾਂ ਨਾਲ ਮਿਲਾਪ ਹੁੰਦਾ ਹੈ (ਇਸ ਲਈ) ਮੈਂ ਤਾਂ ਗੁਰੂ ਦੇ ਦਰਸ਼ਨਾਂ ਤੋਂ ਸਦਾ ਸਦਕੇ ਹਾਂ, ਸਦਾ ਸਦਕੇ ਹਾਂ।੮।

ਪ੍ਰ:–ਸ੍ਰੀ ਜੀਉ ! ਗੁਰੂ ਦੀ ਸ਼ਰਨ ਪੈਣ ਦਾ ਕੀ ਮਹਾਤਮ ਹੈ ?

25. ਉ:–ਹੇ ਭਾਈ ! ਅਸਲ ਵਿਚ ਇਹ ਭੇਤ ਨਿਰੇ ਦਿਮਾਗੀ ਤੌਰ ਤੇ ਕੋਈ ਮਨੁੱਖ ਸਮਝ ਨਹੀਂ ਸਕਦਾ, (ਗੁਰੂ ਦੀ ਸ਼ਰਨ ਪਿਆਂ ਸਮਝ ਪੈਂਦੀ ਹੈ)।

26-27. ਗੁਰੂ (ਆਤਮਕ ਜੀਵਨ ਵਿਚ) ਉਹੀ ਪ੍ਰਮਾਤਮਾਂ ਹੈ,ਜੋ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਜਿਸ ਮਨੁੱਖ ਦੇ ਭਾਗ ਜਾਗ ਪੈਣ, ਜਿਸਨੂੰ (ਪ੍ਰਮਾਤਮਾਂ ਆਪ ਗੁਰੂ ਦੀ ਚਰਨੀਂ) ਲਾਂਦਾ ਹੈ ਉਹੀ ਗੁਰੂ ਦਾ ਸੇਵਕ ਬਣਦਾ ਹੈ।੯।

ਪ੍ਰ:–ਸ੍ਰੀ ਜੀਉ ! ਗੁਰੂ ਦੀ ਮਹਿਮਾਂ ਨੂੰ ਵੇਦ ਤਾਂ ਪੂਰਨ ਤੌਰ ਤੇ ਕਥਨ ਕਰ ਸਕਦੇ ਹੋਣਗੇ ?

28. ਹੇ ਭਾਈਓ ! ਅਸਲ ਵਿਚ ਗੁਰੂ ਦੀ ਉੱਚ ਆਤਮਕਤਾ (ਨੂੰ) ਵੇਦ (ਭੀ) ਨਹੀਂ ਜਾਣਦੇ।

29. ਉਹ ਭੀ ਹੋਰਨਾਂ ਪਾਸੋਂ ਸੁਣ ਸੁਣ ਕੇ ਰਤਾ ਮਾਤ੍ਰ ਹੀ ਬਿਆਨ ਕਰ ਸਕੇ ਹਨ।

30. ਹੇ ਪਿਆਰੇ ! ਗੁਰੂ (ਉਚ ਆਤਮਕਤਾ ਵਿਚ) ਉਹ ਪ੍ਰਮਾਤਮਾਂ ਹੀ ਹੈ ਜੋ ਪਰੇ ਤੋਂ ਪਰੇ ਹੈ, ਜਿਸ ਦਾ ਨਾਮ ਸਿਮਰਿਆਂ ਮਨ ਸੀਤਲ ਹੋ ਜਾਂਦਾ ਹੈ।੧੦।

31. ਜਾ ਕੀ ਸੋਇ ਸੁਣੀ ਮਨੁ ਜੀਵੈ ॥
32. ਰਿਦੈ ਵਸੈ ਤਾ ਠੰਢਾ ਥੀਵੈ ॥
33. ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ
ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥
34. ਸੰਤਨ ਕੀ ਸਰਣਾਈ ਪੜਿਆ ॥
35. ਜੀਉ ਪ੍ਰਾਣ ਧਨੁ ਆਗੈ ਧਰਿਆ ॥
36. ਸੇਵਾ ਸੁਰਤਿ ਨ ਜਾਣਾ ਕਾਈ
ਤੁਮ ਕਰਹੁ ਦਇਆ ਕਿਰਮਾਇਣਾ ॥੧੨॥
37. ਨਿਰਗੁਣ ਕਉ ਸੰਗਿ ਲੇਹੁ ਰਲਾਏ ॥
38. ਕਰਿ ਕਿਰਪਾ ਮੋਹਿ ਟਹਲੈ ਲਾਏ ॥
39. ਪਖਾ ਫੇਰਉ ਪੀਸਉ ਸੰਤ ਆਗੈ
ਚਰਣ ਧੋਇ ਸੁਖੁ ਪਾਇਣਾ ॥੧੩॥
40. ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥
41. ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
42. ਸਦਾ ਸਦਾ ਸੰਤਹ ਸੰਗਿ ਰਾਖਹੁ
ਏਹੁ ਨਾਮ ਦਾਨੁ ਦੇਵਾਇਣਾ ॥੧੪॥
43. ਭਏ ਕ੍ਰਿਪਾਲ ਗੁਸਾਈ ਮੇਰੇ ॥
44. ਦਰਸਨੁ ਪਾਇਆ ਸਤਿਗੁਰ ਪੂਰੇ ॥
45. ਸੁਖ ਸਹਜ ਸਦਾ ਆਨੰਦਾ
ਨਾਨਕ ਦਾਸ ਦਸਾਇਣਾ ॥੧੫॥੨॥੭॥

ਪਦ ਅਰਥ :–ਜਾ ਕੀ–ਜਿਸ (ਗੁਰੂ) ਦੀ। ਸੋਇ–ਸੋਭਾ। ਸੁਣੀ–ਸੁਣਿ, ਸੁਣ ਕੇ। ਜੀਵੈ–ਆਤਮਕ ਜੀਵਨ ਹਾਸਲ ਕਰ ਲੈਂਦਾ ਹੈ। ਰਿਦੈ–ਹਿਰਦੇ ਵਿਚ। ਥੀਵੈ–ਹੋ ਜਾਂਦਾ ਹੈ। ਗੁਰਮੁਖਹੁ–ਗੁਰੂ ਦੇ ਮੂੰਹੋਂ, ਗੁਰੂ ਦੇ ਰਾਹ ਤੇ ਤੁਰ ਕੇ। ਅਲਾਏ–(ਨਾਮ) ਉਚਾਰੇ। ਤਿਸੁ–ਉਸ (ਮਨੁੱਖ) ਨੂੰ। ਜਮ ਕੈ ਪੰਥਿ–ਜਮ ਰਾਜ ਦੇ ਰਾਹ ਉੱਤੇ। ਨ ਪਾਇਣਾ–ਨਹੀਂ ਪਾਂਦਾ।੧੧।

ਪੜਿਆ–(ਮੈਂ ਭੀ) ਪਿਆ ਹਾਂ। ਜੀਉ–ਜਿੰਦ। ਆਗੈ–ਗੁਰੂ ਦੇ ਅਗੇ। ਸੁਰਤਿ–ਸੂਝ। ਜਾਣਾ–ਜਾਣਾਂ, ਮੈਂ ਜਾਣਦਾ। ਕਿਰਮਾਇਣਾ–ਕਿਰਮ ਉਤੇ, ਕੀੜੇ ਉਤੇ।੧੨।

ਨਿਰਗੁਣ–ਗੁਣ ਹੀਣ। ਕਉ–ਨੂੰ। ਸੰਗਿ–ਗੁਰੂ ਦੀ ਸੰਗਤ ਵਿਚ। ਮੋਹਿ–ਮੈਨੂੰ। ਟਹਲੈ–ਗੁਰੂ ਦੀ ਟਹਿਲ ਵਿਚ। ਫੇਰਉ–ਫੇਰਉਂ, ਮੈਂ ਫੇਰਾਂ। ਪੀਸਉ–ਪੀਸਉਂ, ਮੈਂ ਪੀਹਾਂ। ਸੰਤ–ਗੁਰੂ। ਧੋਇ–ਧੋ ਕੇ।੧੩।

ਭ੍ਰਮਿ–ਭਟਕ ਕੇ। ਤੇ–ਤੋਂ, ਨਾਲ। ਤੁਮ ਸਰਣਾਇਆ–ਤੇਰੀ ਸ਼ਰਨ। ਸੰਗਿ–ਨਾਲ।੧੪।

ਗੁਸਾਈ–ਮਾਲਕ। ਸਹਜ–ਆਤਮਕ ਅਡੋਲਤਾ। ਦਾਸ ਦਸਾਇਣਾ–ਦਾਸਾਂ ਦੇ ਦਾਸ।੧੫।

ਅਰਥ :–

ਪ੍ਰ:–ਸ੍ਰੀ ਜੀਉ ! ਗੁਰੂ ਮਿਲਾਪ ਦਾ ਲਾਭ ਕੀ ਪ੍ਰਾਪਤ ਹੁੰਦਾ ਹੈ ?

31. ਉ:–ਹੇ ਭਾਈ ! ਗੁਰੂ ਮਿਲਾਪ ਦੇ ਇਕ ਨਹੀਂ, ਅਨੇਕਾਂ ਹੀ ਲਾਭ ਹਨ ? ਜਿਸ (ਗੁਰੂ) ਦੀ ਸੋਭਾ ਸੁਣ ਕੇ (ਹੀ) ਮਨ ਆਤਮਕ ਜੀਵਨ ਪ੍ਰਾਪਤ ਕਰਦਾ ਹੈ।

32. ਹੇ ਪਿਆਰੇ ! ਜੇ ਗੁਰੂ (ਮਨੁੱਖ ਦੇ) ਹਿਰਦੇ ਵਿਚ ਆ ਵੱਸੇ ਤਾਂ ਹਿਰਦਾ ਸ਼ਾਂਤ ਹੋ ਜਾਂਦਾ ਹੈ।

33. ਹੇ ਭਾਈ ! ਜੇ ਮਨੁੱਖ ਗੁਰੂ ਦੇ ਰਸਤੇ ਉਤੇ ਤੁਰ ਕੇ ਹਰਿ ਨਾਮ ਸਿਮਰੇ, ਤਾਂ ਮਨੁੱਖ (ਲੋਕ ਪ੍ਰਲੋਕ ਵਿਚ) ਸੋਭਾ ਖੱਟਦਾ ਹੈ ਅਤੇ ਗੁਰੂ ਉਸ ਨੂੰ ਜਮਰਾਜ ਦੇ ਰਸਤੇ ਨਹੀਂ ਪੈਣ ਦੇਂਦਾ।੧੧।

ਪ੍ਰ:–ਕਿਉਂ ਜੀ ! ਉਸ ਸਾਈਂ ਜੀ ਦੀ ਦਇਆਲਤਾ ਹਾਸਲ ਕਰਨ ਲਈ ਕੀ ਸਾਧਨ ਕਰਨਾ ਚਾਹੀਦਾ ਹੈ ?

34. ਉ:–ਹੇ ਪਿਆਰੇ ! ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਪ੍ਰਭੂ ! ਮੈਂ ਭੀ ਤੇਰੇ ਸੰਤ ਜਨਾਂ ਦੀ ਸ਼ਰਨ ਆ ਪਿਆ ਹਾਂ !

35. ਮੈਂ ਆਪਣੀ ਜਿੰਦ, ਆਪਣੇ ਪ੍ਰਾਣ, ਆਪਣਾ ਧਨ, ਸੰਤ ਜਨਾਂ ਦੇ ਅਗੇ ਲਿਆ ਰਖਿਆ ਹੈ।
36. ਹੇ ਸਾਈਆਂ ਜੀਉ ! ਮੈਂ ਸੇਵਾ ਭਗਤੀ ਕਰਨ ਦੀ ਕੋਈ ਭੀ ਸੂਝ ਨਹੀਂ ਜਾਣਦਾ, ਮੈਂ ਨਿਮਾਣੇ ਉਤੇ ਤੂੰ ਆਪ ਹੀ ਕਿਰਪਾ ਕਰ।੧੨।
37. ਹੇ ਪ੍ਰਭੂ ਜੀਉ ! ਮੈਨੂੰ ਗੁਣ ਹੀਣ ਨੂੰ ਗੁਰੂ ਦੀ ਸੰਗਤ ਵਿਚ ਰਲਾਈ ਰਖ।
38. ਮੈਨੂੰ ਗੁਰੂ ਦੀ ਸੇਵਾ ਟਹਿਲ ਵਿਚ ਜੋੜੀ ਰਖ।
39. (ਤਾਂ ਕਿ) ਮੈਂ ਗੁਰੂ ਦੇ ਦਰ ਤੇ ਪੱਖਾ ਝਲਦਾ ਰਹਾਂ, (ਚੱਕੀ) ਪੀਂਹਦਾ ਰਹਾਂ ਤੇ ਗੁਰੂ ਦੇ ਚਰਨ ਧੋ ਕੇ ਅਨੰਦ ਮਾਣਦਾ ਰਹਾਂ।੧੩।
40. ਹੇ ਮੇਰੇ ਸਾਈਆਂ ਜੀਉ ! ਮੈਂ (ਕਈ) ਦਰਵਾਜ਼ਿਆਂ ਤੇ ਭਟਕ ਭਟਕ ਕੇ ਆਇਆ।
41. ਹੇ ਪ੍ਰਭੂ ਜੀਉ ! ਤੇਰੀ ਹੀ ਕਿਰਪਾ ਨਾਲ (ਹੁਣ) ਮੈਂ, ਤੇਰੀ ਸ਼ਰਨ ਆਇਆ ਹਾਂ।
42. (ਤੂੰ) ਮੈਨੂੰ ਸਦਾ ਹੀ ਆਪਣੇ ਸੰਤ ਜਨਾਂ ਦੀ ਸੰਗਤ ਵਿਚ ਰਖ ਅਤੇ ਉਨ੍ਹਾਂ ਪਾਸੋਂ ਆਪਣੇ ਨਾਮ ਦਾ ਖੈਰ ਪਵਾ।੧੪।
43. ਹੇ ਪਿਆਰੇ ! ਇਉਂ ਜੋਦੜੀ ਸੁਣ ਕੇ ਜਦੋਂ (ਹੁਣ) ਮੇਰਾ ਮਾਲਕ ਪ੍ਰਭੂ ਦਇਆਵਾਨ ਹੋਇਆ।
44. ਤਾਂ ਮੈਨੂੰ ਪੂਰੇ ਗੁਰੂ ਦਾ ਦਰਸ਼ਨ ਹੋਇਆ।

ਪ੍ਰ:–ਕਿਉਂ ਜੀ ! ਹੁਣ ਆਪ ਜੀ ਨੂੰ ਆਪਣੇ ਅੰਤਰ ਆਤਮੇਂ ਕੀ ਲਾਭ ਪ੍ਰਤੀਤ ਹੁੰਦਾ ਹੈ ?

45. ਉ:–ਹੇ ਭਾਈਓ ! ਹੁਣ ਮੇਰੇ ਅੰਦਰ ਸਦਾ ਆਤਮਕ ਅਡੋਲਤਾ ਤੇ ਸੁਖ ਅਨੰਦ ਬਣੇ ਰਹਿੰਦੇ ਹਨ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! (ਹੁਣ ਮੈਂ) ਉਸ ਪ੍ਰਭੂ ਦੇ ਦਾਸਾਂ ਦਾ ਦਾਸ ਬਣਿਆਂ ਰਹਿੰਦਾ ਹਾਂ।੧੫।੨।੭।

ਭਾਵਾਰਥ :–ਹਰੀ ਤੋਂ ਬਿਨਾ ਜਗਤ ਦੀ ਕੋਈ ਭੀ ਸ਼ੈ ਸਦੀਵੀ ਨਹੀਂ, ਇਸ ਲਈ ਕਿਸੇ ਚੀਜ਼ ਨੂੰ ਨਿਹਚਲ ਜਾਣ ਕੇ ਉਸ ਵਿਚ ਮੋਹ ਨਹੀਂ ਪਾਣਾ ਚਾਹੀਦਾ (੧) ਪਰ, ਇਹ ਮੋਹ ਤੇ ਭਰਮ ਗੁਰੂ ਹੀ ਕੱਟ ਸਕਦਾ ਹੈ ਨਾਮ ਦੀ ਦਾਤ ਦੇ ਕੇ (੨) ਇਹ ਨਾਮ ਜਿਸ ਨੂੰ ਵਡੇ ਵਡੇ ਦੇਵਤੇ ਭਗਤ ਤਰਸਦੇ ਆਏ ਹਨ, ਗੁਰੂ ਤੋਂ ਹੀ ਮਿਲਦਾ ਹੈ (੩-੪) ਗੁਰੂ ਦੀ ਹਸਤੀ ਹੀ ਪਵਿਤ੍ਰ ਕਰ ਕੇ ਤਰਨ ਜੋਗ ਬਣਾਨ ਵਾਲੀ ਹੈ (੫) ਗੁਰੂ ਦੀ ਸੇਵਾ ਤੇ ਨਾਮ ਪ੍ਰਾਪਤੀ ਵਿਚ ਪਾਰਜਾਤ ਅਤੇ ਕਾਮਧੇਨ ਆ ਜਾਂਦੇ ਹਨ (੬) ਗੁਰੂ ਪਾਰਸ ਦੀ ਛੋਹ ਤੋਂ ਪਵਿਤਰ ਹੋ ਜਾਈਦਾ ਹੈ (੭) ਗੁਰੂ ਦੇ ਦਰਸ਼ਨ ਤੋਂ ਵਧ ਕੇ ਕੋਈ ਬੈਕੁੰਠ ਜਾਂ ਮੁਕਤੀ ਦਾਤਾ ਨਹੀਂ (੮) ਗੁਰੂ ਦੀ ਸੇਵਾ ਵਡੇ ਭਾਗਾਂ ਨਾਲ ਮਿਲਦੀ ਹੈ (੯) ਉਸ ਦੀ ਮਹਿਮਾ ਹਰੀ ਵਾਕਰ ਅਪਾਰ ਹੈ (੧੦) ਇਹ ਮਹਿਮਾਂ ਸੁਣਨ ਨਾਲ ਤੇ ਦਿਲ ਵਿਚ ਵਸਾਉਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ (੧੧) ਮੇਲ ਲਈ ਅਰਦਾਸ ਕਰਦੇ ਹਨ (੧੨-੧੪) ਫਿਰ ਅਰਦਾਸ ਸੁਣੀ ਗਈ ਤੇ ਗੁਰੂ ਦੇ ਦਰਸ਼ਨ ਹੋ ਕੇ ਪੂਰਨ ਅਨੰਦ ਪ੍ਰਾਪਤ ਹੋਇਆ (੧੫)।

ਮਾਰੂ ਸੋਲਹੇ ਮਹਲਾ ੫

੧ ਓ ਸਤਿਗੁਰ ਪ੍ਰਸਾਦਿ ॥

1. ਸਿਮਰੈ ਧਰਤੀ ਅਰੁ ਆਕਾਸਾ ॥
2. ਸਿਮਰਹਿ ਚੰਦ ਸੂਰਜ ਗੁਣਤਾਸਾ ॥
3. ਪਉਣ ਪਾਣੀ ਬੈਸੰਤਰ ਸਿਮਰਹਿ
ਸਿਮਰੈ ਸਗਲ ਉਪਾਰਜਨਾ ॥੧॥
4. ਸਿਮਰਹਿ ਖੰਡ ਦੀਪ ਸਭਿ ਲੋਆ ॥
5. ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
6. ਸਿਮਰਹਿ ਖਾਣੀ ਸਿਮਰਹਿ ਬਾਣੀ
ਸਿਮਰਹਿ ਸਗਲੇ ਹਰਿ ਜਨਾ ॥੨॥
7. ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥
8. ਸਿਮਰਹਿ ਦੇਵਤੇ ਕੋੜਿ ਤੇਤੀਸਾ ॥
9. ਸਿਮਰਹਿ ਜਖ੍ਹ ਦੈਤ ਸਭਿ ਸਿਮਰਹਿ
ਅਗਨਤੁ ਨ ਜਾਈ ਜਸੁ ਗਨਾ ॥੩॥
10. ਸਿਮਰਹਿ ਪਸੁ ਪੰਖੀ ਸਭਿ ਭੂਤਾ ॥
11. ਸਿਮਰਹਿ ਬਨ ਪਰਬਤ ਅਉਧੂਤਾ ॥
12. ਲਤਾ ਬਲੀ ਸਾਖ ਸਭ ਸਿਮਰਹਿ
ਰਵਿ ਰਹਿਆ ਸੁਆਮੀ ਸਭ ਮਨਾ ॥੪॥

ਪਦ ਅਰਥ :–ਸਿਮਰੈ–ਸਿਮਰਦਾ ਹੈ, ਹਰ ਵੇਲੇ ਚੇਤੇ ਰਖਦਾ ਹੈ, ਰਜ਼ਾ ਵਿਚ ਤੁਰਦਾ ਹੈ। ਅਰੁ–ਅਤੇ। ਸਿਮਰਹਿ–ਸਿਮਰਦੇ ਹਨ। ਗੁਣਤਾਸਾ–ਗੁਣਾਂ ਦਾ ਖਜ਼ਾਨਾ ਪ੍ਰਮਾਤਮਾਂ। ਪਉਣ–ਹਵਾ। ਬੈਸੰਤਰ–ਅੱਗ। ਸਗਲ–ਸਾਰੀ। ਉਪਾਰਜਨਾ–ਸ੍ਰਿਸ਼ਟੀ।੧।

ਦੀਪ–ਦ੍ਵੀਪ, ਟਾਪੂ। ਸਭਿ–ਸਾਰੇ। ਲੋਆ–ਮੰਡਲ (ਲੋਕ)। ਸਚੁ–ਸਦਾ ਥਿਰ ਪ੍ਰਭੂ। ਸਚੁ ਸੋਆ–ਉਸ ਸਦਾ ਥਿਰ ਪ੍ਰਭੂ ਨੂੰ। ਖਾਣੀ–ਅੰਡਜ, ਜੇਰਜ, ਸੇਤਜ, ਉਤਭੁਜ ਆਦਿਕ, ਖਾਣੀਆਂ। ਬਾਣੀ–ਸਭ ਬੋਲੀਆਂ (ਦੇ ਬੋਲਣ ਵਾਲੇ)।੨।

ਬ੍ਰਹਮੇ–ਅਨੇਕਾਂ ਬ੍ਰਹਮੇ। ਬਿਸਨ–(ਬਹੁ ਵਚਨ)। ਮਹੇਸਾ–ਸ਼ਿਵ। ਕੋੜਿ ਤੇਤੀਸਾ–ਤੇਤੀ ਕ੍ਰੋੜ। ਜਖ੍ਹ–(ਦੇਵਤਿਆਂ ਦੀ ਇਕ ਸ਼੍ਰੇਣੀ)। ਅਗਨਤੁ–ਉਹ ਪ੍ਰਮਾਤਮਾਂ ਜਿਸ ਦੇ ਗੁਣ ਗਿਣੇ ਨਹੀਂ ਜਾ ਸਕਦੇ। ਜਸੁ–ਸਿਫਤਿ ਸਲਾਹ। ਨ ਜਾਈ ਗਨਾ–ਗਿਣਿਆਂ ਨਹੀਂ ਜਾ ਸਕਦਾ।੩।

ਸਭਿ ਭੂਤਾ–ਸਾਰੇ ਜੀਵ। ਪਰਬਤ ਅਉਧੂਤਾ–ਨਾਗੇ ਸਾਧੂਆਂ ਵਾਂਗ ਅਡੋਲ ਟਿਕੇ ਹੋਏ ਪਰਬਤ। ਲਤਾ–ਵੇਲ।

ਬਲੀ–ਵੇਲ। ਸਾਖ–ਸ਼ਾਖਾਂ। ਰਵਿ ਰਹਿਆ–ਵਿਆਪਕ ਹੈ। ਸਭ ਮਨਾ–ਸਾਰੇ ਮਨਾਂ ਵਿਚ।੪।

ਅਰਥ :–

ਪ੍ਰ:–ਸ੍ਰੀ ਜੀਉ ! ਕੀ ਇਹ ਧਰਤੀ, ਆਕਾਸ਼, ਚੰਦ, ਸੂਰਜ, ਪਉਣ ਪਾਣੀ ਆਦਿਕ ਤੱਤ, ਸੁਤੰਤ੍ਰ ਹਨ ਜਾਂ ਕਿ ਇਹ ਭੀ ਕਿਸੇ ਸ਼ਕਤੀ ਦੇ ਅਧੀਨ ਚਲਦੇ ਹਨ ?

1. ਉ –ਹੇ ਭਾਈ ! ਇਹ ਸਾਰੇ ਤੱਤ ਮਾਲਕ ਦੇ ਅਧੀਨ ਚਲ ਰਹੇ ਹਨ, ਧਰਤੀ ਪ੍ਰਮੇਸ਼ਰ ਜੀ ਦੀ ਰਜ਼ਾ ਵਿਚ ਤੁਰ ਰਹੀ ਹੈ, ਅਕਾਸ਼ (ਭੀ) ਉਸ ਦੀ ਰਜ਼ਾ ਵਿਚ ਹੈ।

2. ਐ ਪਿਆਰੇ ! ਚੰਦ ਅਤੇ ਸੂਰਜ ਉਸ ਗੁਣਾਂ ਦੇ ਖਜ਼ਾਨੇਪ੍ਰਭੂ ਦੀ ਰਜ਼ਾ ਵਿਚ ਤੁਰ ਰਹੇ ਹਨ।

3. ਹਵਾ, ਪਾਣੀ, ਅੱਗ (ਆਦਿਕ ਤੱਤ) ਪ੍ਰਭੂ ਦੀ ਰਜ਼ਾ ਵਿਚ ਕੰਮ ਕਰ ਰਹੇ ਹਨ, ਸਾਰੀ ਹੀ ਸ੍ਰਿਸ਼ਟੀ ਉਸ ਦੀ ਰਜ਼ਾ ਵਿਚ ਕੰਮ ਕਰ ਰਹੀ ਹੈ।੧।

4-5-6. ਸਾਰੇ ਖੰਡ, ਦੀਪ, ਮੰਡਲ, ਪ ਤਾਲ ਅਤੇ ਸਾਰੀਆਂ ਪੁਰੀਆਂ, ਸਾਰੀਆਂ ਖਾਣੀਆਂ ਅਤੇ ਬਾਣੀਆਂ (ਦੇ ਜੀਵ) ਸਾਰੇ ਪ੍ਰਭੂ ਦੇ ਸੇਵਕ ਸਦਾ ਥਿਰ ਪ੍ਰਭੂ ਦੀ ਰਜ਼ਾ ਵਿਚ ਵਰਤ ਰਹੇ ਹਨ।੨।

7. ਹੇ ਭਾਈ ! ਅਨੇਕਾਂ ਬ੍ਰਹਮੇ, ਵਿਸ਼ਨੂੰ ਅਤੇ ਸ਼ਿਵ।

8-9. ਅਤੇ ਤੇਤੀ ਕ੍ਰੋੜ ਦੇਵਤੇ, ਸਾਰੇ ਜੱਖ, ਅਤੇ ਦੈਂਤ ਉਸ ਅਗਣਤ ਪ੍ਰਭੂ ਨੂੰ ਹਰ ਵੇਲੇ ਯਾਦ ਕਰ ਰਹੇ ਹਨ, ਉਸ ਦੀ ਸਿਫਤ ਸਲਾਹ ਦਾ ਅੰਤ ਨਹੀਂ ਪਾਇਆ ਜਾ ਸਕਦਾ।੩।

10. ਹੇ ਭਾਈਓ ! ਸਾਰੇ ਪਸ਼ੂ, ਪੰਛੀ ਆਦਿਕ ਜੀਵ।

11. ਜੰਗਲ ਅਤੇ ਅਡੋਲ ਟਿਕੇ ਹੋਏ ਪਹਾੜ।

12. ਵੇਲਾਂ ਰੁਖਾਂ ਦੀਆਂ ਸਾਖਾਂ, ਸਭ ਪ੍ਰਮਾਤਮਾਂ ਦੀ ਰਜ਼ਾ ਵਿਚ ਕੰਮ ਕਰ ਰਹੇ ਹਨ, ਹੇ ਭਾਈ ! ਮਾਲਕ ਪ੍ਰਭੂ ਸਭ ਜੀਵਾਂ ਦੇ ਮਨਾਂ ਵਿਚ ਵੱਸ ਰਿਹਾ ਹੈ।੪।

13. ਸਿਮਰਹਿ ਥੂਲ ਸੂਖਮ ਸਭਿ ਜੰਤਾ ॥
14. ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
15. ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ
ਸਗਲ ਭਵਨ ਕਾ ਪ੍ਰਭ ਧਨਾ ॥੫॥
16. ਸਿਮਰਹਿ ਨਰ ਨਾਰੀ ਆਸਰਮਾ ॥
17. ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥
18. ਸਿਮਰਹਿ ਗੁਣੀ ਚਤੁਰ ਸਭਿ ਬੇਤੇ
ਸਿਮਰਹਿ ਰੈਣੀ ਅਰੁ ਦਿਨਾ ॥੬॥
19. ਸਿਮਰਹਿ ਘੜੀ ਮੂਰਤ ਪਲ ਨਿਮਖਾ ॥
20. ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥
21. ਸਿਮਰਹਿ ਸਉਣ ਸਾਸਤ੍ਰ ਸੰਜੋਗਾ
ਅਲਖੁ ਨ ਲਖੀਐ ਇਕੁ ਖਿਨਾ ॥੭॥
22. ਕਰਨ ਕਰਾਵਨਹਾਰ ਸੁਆਮੀ ॥
23. ਸਗਲ ਘਟਾ ਕੇ ਅੰਤਰਜਾਮੀ ॥
24. ਕਰਿ ਕਿਰਪਾ ਜਿਸੁ ਭਗਤੀ ਲਾਵਹੁ
ਜਨਮੁ ਪਦਾਰਥੁ ਸੋ ਜਿਨਾ ॥੮॥

ਪਦ ਅਰਥ :–ਥੂਲ–ਸਥੂਲ, ਵਡੇ ਅਕਾਰ ਵਾਲੇ। ਸੂਖਮ–ਬਹੁਤ ਹੀ ਨਿਕੇ ਸਰੀਰ ਵਾਲੇ। ਸਭਿ–ਸਾਰੇ। ਸਿਧ–ਸਿੱਧ, ਜੋਗ ਸਾਧਨਾ ਵਿਚ ਪੁਗੇ ਹੋਏ ਜੋਗੀ। ਸਾਧਿਕ–ਜੋਗ ਸਾਧਨਾ ਕਰਨ ਵਾਲੇ। ਮੰਤਾ–ਮੰਤ੍ਰ, ਜਾਪ। ਗੁਪਤ ਪ੍ਰਗਟ–ਦਿਸਦੇ ਅਣਦਿਸਦੇ ਜੀਵ। ਪ੍ਰਭ–ਹੇ ਪ੍ਰਭੂ। ਧਨਾ–ਧਨੀ, ਮਾਲਕ।੫।

ਆਸਰਮਾ–ਬ੍ਰਹਮਚਰਜ, ਗ੍ਰਿਹਸਤ, ਵਾਨ ਪ੍ਰਸਥ, ਸੰਨਿਆਸ, ਚੌਹਾਂ ਆਸ਼੍ਰਮਾਂ ਦੇ ਪ੍ਰਾਣੀ। ਵਰਨਾ–ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ, ਚਾਰ ਵਰਨਾਂ ਦੇ ਪ੍ਰਾਣੀ। ਸਭਿ–ਸਾਰੇ। ਗੁਣੀ–ਗੁਣਵਾਨ। ਬੇਤੇ–ਵਿਦਵਾਨ। ਰੈਣੀ–ਰਾਤ।੬।

ਮੂਰਤ–ਮਹੂਰਤ। ਨਿਮਖਾ–ਅੱਖ ਝਮਕਣ ਜਿਤਨਾ ਸਮਾਂ। ਕਾਲੁ–ਮੌਤ। ਅਕਾਲੁ–ਜਨਮ। ਸੁਚਿ–ਸਰੀਰਕ ਪਵਿੱਤ੍ਰਤਾ। ਸੋਚਾ–ਸੌਚ, ਸ੍ਰੀਰਕ ਕਿਰਿਆ ਸਾਧਣੀ। ਸਉਣ ਸਾਸਤ੍ਰ–ਜੋਤਸ਼ ਆਦਿਕ ਦੇ ਸ਼ਾਸਤ੍ਰ। ਅਲਖੁ–ਜਿਸ ਦਾ ਸਹੀ ਸਰੂਪ ਬਿਆਨ ਨਾ ਹੋ ਸਕੇ।੭।

ਕਰਾਵਨਹਾਰ–ਜੀਵਾਂ ਪਾਸੋਂ ਕਰਾ ਸਕਣ ਵਾਲਾ। ਘਟ–ਹਿਰਦਾ। ਕਰਿ–ਕਰਕੇ। ਜਿਨਾ–ਜਿਣਾ, ਜਿੱਤਦਾ ਹੈ।੮।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਮਾਲਕ ਦਾ ਸਿਮਰਨ ਕਰਨ ਵਾਲਿਆਂ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਹੋ ਜਾਇਆ ਕਰਦੀ ਹੈ ?

13. ਉ:–ਹੇ ਭਾਈ ! ਉਨ੍ਹਾਂ ਦੇ ਹਿਰਦੇ ਤਲ ਵਿਚੋਂ ਤਾਂ ਸਦਾ ਇਹੋ ਹੀ ਧੁਨੀ ਨਿਕਲਦੀ ਹੈ ਕਿ, ਹੇ ਮੇਰੇ ਪ੍ਰਭੂ ਜੀਉ ! ਇਨ੍ਹਾਂ ਬਹੁਤ ਵਡੇ ਸਰੀਰਾਂ ਤੋਂ ਲੈ ਕੇ ਬਹੁਤ ਹੀ ਨਿਕੇ ਸਰੀਰਾਂ ਵਾਲੇ ਜੀਵ ਸਾਰੇ ਤੈਨੂੰ ਹੀ ਸਿਮਰਦੇ ਹਨ।

14. ਸਿਧ ਅਤੇ ਸਾਧਕ ਦਿਸਦੇ ਅਣਦਿਸਦੇ ਸਾਰੇ ਜੀਵ ਤੈਨੂੰ ਹੀ ਸਿਮਰਦੇ ਹਨ।

15. ਹੇ ਪ੍ਰਭੂ ! ਤੂੰ ਸਾਰੇ ਭਵਨਾਂ ਦਾ ਮਾਲਕ ਹੈਂ।੫।

16. ਹੇ ਸਾਈਆਂ ਜੀਉ, ਚੌਹਾਂ ਆਸ਼ਰਮਾਂ ਦੇ ਨਰ ਤੇ ਨਾਰੀਆਂ।

17. ਸਾਰੇ ਜਾਤਾਂ ਤੇ ਵਰਣਾ ਦੇ ਸਾਰੇ ਪ੍ਰਾਣੀ।

18 ਗੁਣਵਾਨ ਚੱਤ੍ਰ ਸਿਆਣੇ ਸਾਰੇ ਜੀਵ ਪ੍ਰਮਾਤਮਾਂ ਨੂੰ ਹੀ ਸਿਮਰਦੇ ਹਨ, (ਸਾਰੇ ਜੀਵ) ਰਾਤ ਅਤੇ ਦਿਨ ਹਰ ਵੇਲੇ ਉਸੇ ਪ੍ਰਭੂ ਨੂੰ ਸਿਮਰਦੇ ਹਨ।੬।

19. ਹੇ ਭਾਈ ! ਘੜੀ, ਮੁਹੂਰਤ, ਪਲ, ਨਿਮਖ (ਆਦਿਕ ਸਮੇਂ ਦੀਆਂ ਵੰਡਾਂ) ਪ੍ਰਭੂ ਦੇ ਹੁਕਮ ਨਿਯਮ ਵਿਚ ਲੰਘਦੇ ਜਾ ਰਹੇ ਹਨ।

20. ਹੇ ਪਿਆਰੇ ! ਇਹ ਮੌਤ (ਭੀ) ਪ੍ਰਭੂ ਦੇ ਹੁਕਮ ਵਿਚ

ਤੁਰ ਰਹੀ ਹੈ, ਜਨਮ ਪ੍ਰਭੂ ਦੇ ਹੁਕਮ ਵਿਚ ਤੁਰ ਰਿਹਾ ਹੈ ਸੁੱਚ ਅਤੇ ਸੂਤਿਕ ਕ੍ਰਿਆ ਇਹ ਭੀ ਹੁਕਮ ਵਿਚ ਕਾਰ ਚਲ ਰਹੀ ਹੈ।

21. ਹੇ ਭਾਈ! ਸੰਜੋਗ ਆਦਿਕ ਦਸਣ ਵਾਲੇ ਜੋਤਿਸ਼ ਅਤੇ ਹੋਰ ਸ਼ਾਸ਼ਤ੍ਰ ਉਸ ਦੇ ਹੁਕਮ ਵਿਚ ਹੀ ਚਲ ਰਹੇ ਹਨ, (ਪਰ) ਉਹ ਪ੍ਰਭੂ ਆਪ ਐਸਾ ਹੈ ਕਿ ਉਸ ਦਾ ਸਹੀ ਸਰੂਪ ਦਸਿਆ ਨਹੀਂ ਜਾ ਸਕਦਾ, ਰਤਾ ਭਰ ਭੀ ਬਿਆਨ ਨਹੀਂ ਕੀਤਾ ਜਾ ਸਕਦਾ।੭।

22. ਹੇ ਸਭ ਕੁਝ ਆਪ ਕਰ ਸਕਣ ਵਾਲੇ ਅਤੇ ਜੀਵਾਂ ਪਾਸੋਂ ਕਰਾ ਸਕਣ ਵਾਲੇ ਸੁਆਮੀ।

23. ਹੇ ਸਭ ਦੇ ਦਿਲਾਂ ਦੀ ਜਾਨਣ ਵਾਲੇ ਪ੍ਰਭੂ।

24. ਤੂੰ ਮਿਹਰ ਕਰ ਕੇ ਜਿਸ ਮਨੁੱਖ ਨੂੰ ਆਪਣੀ ਭਗਤੀ ਵਿਚ ਲਾਂਦਾ ਹੈਂ ਉਹ ਇਸ ਕੀਮਤੀ ਮਨੁੱਖਾ ਜਨਮ ਦੀ ਬਾਜੀ ਜਿੱਤ ਜਾਂਦਾ ਹੈ।੮।

25. ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥
26. ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥
27. ਸਰਬ ਨਿਰੰਤਰਿ ਸੋ ਪ੍ਰਭੁ ਜਾਤਾ
ਬਹੁੜਿ ਨ ਜੋਨੀ ਭਰਮਿ ਰੁਨਾ ॥੯॥
28. ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥
29. ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥
30. ਸੂਖ ਸਹਜ ਆਨੰਦ ਨਾਮ ਰਸੁ
ਅਨਹਦ ਬਾਣੀ ਸਹਜ ਧੁਨਾ ॥੧੦॥
31. ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥
32. ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥
33. ਪਾਰਬ੍ਰਹਮੁ ਜਾ ਕੈ ਮਨਿ ਵੂਠਾ
ਸੋ ਪੂਰ ਕਰੰਮਾ ਨਾ ਛਿਨਾ ॥੧੧॥
34. ਜਲਿ ਥਲਿ ਮਹੀਅਲਿ ਸੁਆਮੀ ਸੋਈ ॥
35. ਅਵਰੁ ਨ ਕਹੀਐ ਦੂਜਾ ਕੋਈ ॥
36. ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ
ਅਵਰੁ ਨ ਦੀਸੈ ਏਕ ਬਿਨਾ ॥੧੨॥

ਪਦ ਅਰਥ :—ਜਾ ਕੈ ਮਨਿ—ਜਿਸ (ਮਨੁੱਖ) ਦੇ ਮਨ ਵਿਚ। ਵੂਠਾ—ਆ ਵਸਿਆ। ਕਰਮਿ—ਬਖਸ਼ਸ਼ ਦੀ ਰਾਹੀਂ। ਸਰਬ ਨਿਰੰਤਰਿ—ਸਭਨਾਂ ਦੇ ਅੰਦਰ। ਜਾਤਾ—ਜਾਣ ਲਿਆ। ਬਹੁੜਿ—ਮੁੜ, ਫਿਰ। ਭਰਮਿ—ਭਟਕ ਕੇ। ਰੁਨਾ—ਰੁੰਨਾ, ਰੋਇਆ, ਦੁਖੀ ਹੋਇਆ।੯।

ਭ੍ਰਮੁ—ਭਟਕਣਾ। ਤਾ ਕਾ—ਉਸ (ਮਨੁੱਖ) ਦਾ। ਭਾਗੈ—ਭੱਜ ਜਾਂਦਾ ਹੈ। ਸਹਜ—ਆਤਮਕ ਅਡੋਲਤਾ। ਅਨਹਦ—ਇਕ ਰਸ, ਲਗਾਤਾਰ। ਧੁਨਾ—ਰੌ।੧੦।

ਜਿਨਿ—ਜਿਸ (ਮਨੁੱਖ) ਨੇ। ਪਤਿਵੰਤਾ—ਇੱਜ਼ਤ ਵਾਲਾ। ਸੰਗੁ—ਸਾਥ। ਸਾਧ ਸੰਗੁ—ਗੁਰੂ ਦਾ ਸਾਥ। ਪੂਰ ਕਰੰਮਾ—ਪੂਰੇ ਭਾਗਾਂ ਵਾਲਾ। ਛਿਨਾ—ਗੁਪਤ, ਲੁਕਿਆ ਹੋਇਆ। ਨ ਛਿਨਾ—ਉੱਘਾ।੧੧।

ਜਲਿ—ਜਲ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਮਹੀ ਤਲਿ, ਧਰਤੀ ਦੇ ਤੱਲ ਉਤੇ, ਪੁਲਾੜ ਵਿਚ, ਅਕਾਸ਼ ਵਿਚ। ਕਹੀਐ—ਦਸਿਆ ਜਾ ਸਕਦਾ। ਗੁਰ ਗਿਆਨ ਅੰਜਨਿ—ਗੁਰੂ ਦੇ ਗਿਆਨ ਦੇ ਸੁਰਮੇ ਨੇ। ਸਗਲਾ—ਸਾਰਾ। ਦੀਸੈ—ਦਿਸਦਾ।੧੨।

ਅਰਥ :—

ਪ੍ਰ:—ਸ੍ਰੀ ਜੀਉ! ਗੁਰੂ ਦਾ ਦਸਿਆ ਨਾਮ ਹਰ ਪ੍ਰਾਣੀ ਹੀ ਕਿਉਂ ਨਹੀਂ ਜਪਦਾ?

25. ਉ:—ਹੇ ਪਿਆਰੇ! ਜਪਣਾ ਤਾਂ ਭਾਵੇਂ ਬਹੁਤ ਲੋਕ ਚਾਹੁੰਦੇ ਹਨ, ਪਰ ਕਿਸੇ ਦੇ ਵਸ ਦੀ ਗਲ ਨਹੀਂ ਹੈ, ਕਿਉਂਕਿ, ਜਿਸ ਮਨੁੱਖ ਦੇ ਮਨ ਵਿਚ (ਉਹ) ਪਿਆਰਾ ਪ੍ਰਭੂ ਜੀ ਆ ਵਸਦਾ ਹੈ।

26. (ਉਹ ਪ੍ਰਭੂ ਦੀ) ਪੂਰੀ ਮਿਹਰ ਨਾਲ ਗੁਰੂ ਦਾ ਦਸਿਆ ਨਾਮ ਜਾਪ ਜਪਦਾ ਹੈ।

ਪ੍ਰ:—ਕਿਉਂ ਜੀ! ਉਸ ਮਨੁੱਖ ਦੀ ਪਛਾਣ ਕੀ ਹੈ?

27. ਉ:—ਹੇ ਭਾਈ! ਉਹ ਮਨੁੱਖ ਉਸ ਪ੍ਰਭੂ ਨੂੰ ਸਭਨਾਂ ਦੇ ਅੰਦਰ ਵਸਦਾ ਪਛਾਣ ਲੈਂਦਾ ਹੈ, ਉਹ ਮਨੁੱਖ ਮੁੜ ਜੂਨਾਂ ਦੀ ਭਟਕਣਾ ਵਿਚ ਦੁੱਖੀ ਨਹੀਂ ਹੁੰਦਾ।੯।

28. ਹੇ ਪਿਆਰੇ! ਜਿਸ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ ਟਿਕ ਜਾਂਦਾ ਹੈ।

29. ਉਸ ਦਾ ਦੁੱਖ ਉਸ ਦਾ ਦਰਦ (ਸਭ) ਦੂਰ ਹੋ ਜਾਂਦਾ ਹੈ, ਉਸ ਦੀ ਭਟਕਣਾ ਮੁੱਕ ਜਾਂਦੀ ਹੈ।

30. ਉਸ ਦੇ ਅੰਦਰ ਆਤਮਕ ਅਡੋਲਤਾ ਦੇ ਸੁਖ ਅਨੰਦ ਬਣੇ ਰਹਿੰਦੇ ਹਨ, ਉਸ ਨੂੰ ਪ੍ਰਮਾਤਮਾਂ ਦੇ ਨਾਮ ਦਾ ਸੁਆਦ ਆਉਣ ਲਗ ਪੈਂਦਾ ਹੈ। ਗੁਰਬਾਣੀ ਦੀ ਬਰਕਤ ਨਾਲ ਉਸ ਦੇ ਅੰਦਰ ਇਕ ਰਸ ਆਤਮਕ ਅਡੋਲਤਾ ਦੀ ਰੌ ਚਲੀ ਰਹਿੰਦੀ ਹੈ।੧੦।

31. ਐ ਪਿਆਰੇ! ਜਿਸ ਮਨੁੱਖ ਨੇ ਪ੍ਰਭੂ ਦਾ ਧਿਆਨ ਧਰਿਆ ਹੈ, ਉਹ ਨਾਮ ਖਜ਼ਾਨੇ ਦਾ ਮਾਲਕ ਬਣ ਗਿਆ।

32. ਜਿਸ ਮਨੁੱਖ ਨੇ ਗੁਰੂ ਦਾ ਸਾਥ ਹਾਸਲ ਕਰ ਲਿਆ, ਉਹ ਲੋਕ ਪ੍ਰਲੋਕ ਵਿਚ ਇੱਜ਼ਤ ਵਾਲਾ ਹੋ ਗਿਆ।

33. ਐ ਪਿਆਰੇ! ਜਿਸ ਮਨੁੱਖ ਦੇ ਮਨ ਵਿਚ ਪ੍ਰਮੇਸ਼ਰ ਆ ਵਸਿਆ, ਉਹ ਵਡੀ ਕਿਸਮਤ ਵਾਲਾ ਹੋ ਗਿਆ, (ਅਤੇ ਉਹ ਸਾਰੇ ਜਗਤ ਵਿਚ) ਉੱਘਾ ਹੋ ਗਿਆ।੧੧।

34. ਹੇ ਭਾਈ! ਉਹੀ ਸੁਆਮੀ ਮਾਲਕ ਪ੍ਰਭੂ ਜਲ ਵਿਚ, ਧਰਤੀ ਵਿਚ ਅਕਾਸ਼ ਵਿਚ ਵਸਦਾ ਹੈ।

35. ਉਸ ਤੋਂ ਬਿਨਾ ਕੋਈ ਦੂਜਾ ਦਸਿਆ ਹੀ ਨਹੀਂ ਜਾ ਸਕਦਾ।

36 ਹੇ ਪਿਆਰੇ! ਗੁਰੂ ਦੇ ਗਿਆਨ ਦੇ ਸੁਰਮੇ ਨੇ (ਜਿਸ ਮਨੁੱਖ ਦੀਆਂ ਅੱਖਾਂ ਦਾ) ਸਾਰਾ ਭਰਮ (ਜਾਲਾ) ਕੱਟ ਦਿਤਾ, ਉਸ ਨੂੰ ਇਕ ਪ੍ਰਮਾਤਮਾਂ ਤੋਂ ਬਿਨਾ (ਕਿਤੇ ਕੋਈ) ਹੋਰ ਨਹੀਂ ਦਿਸਦਾ।੧੨।

37. **ਊਚੇ ਤੇ ਊਚਾ ਦਰਬਾਰਾ ॥**
38. **ਕਹਣੁ ਨ ਜਾਈ ਅੰਤੁ ਨ ਪਾਰਾ ॥**
39. **ਗਹਿਰ ਗੰਭੀਰ ਅਥਾਹ ਸੁਆਮੀ**
ਅਤੁਲੁ ਨ ਜਾਈ ਕਿਆ ਮਿਨਾ ॥੧੩॥
40. **ਤੂ ਕਰਤਾ ਤੇਰਾ ਸਭੁ ਕੀਆ ॥**
41. **ਤੁਝੁ ਬਿਨੁ ਅਵਰੁ ਨ ਕੋਈ ਬੀਆ ॥**
42. **ਆਦਿ ਮਧਿ ਅੰਤਿ ਪ੍ਰਭੁ ਤੂਹੈ**
ਸਗਲ ਪਸਾਰਾ ਤੁਮ ਤਨਾ ॥੧੪॥
43. **ਜਮਦੂਤੁ ਤਿਸੁ ਨਿਕਟਿ ਨ ਆਵੈ ॥**
44. **ਸਾਧਸੰਗਿ ਹਰਿ ਕੀਰਤਨੁ ਗਾਵੈ ॥**
45. **ਸਗਲ ਮਨੋਰਥ ਤਾ ਕੇ ਪੂਰਨ**
ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥
46. **ਤੂ ਸਭਨਾ ਕਾ ਸਭੁ ਕੋ ਤੇਰਾ ॥**
47. **ਸਾਚੇ ਸਾਹਿਬ ਗਹਿਰ ਗੰਭੀਰਾ ॥**
48. **ਕਹੁ ਨਾਨਕ ਸੇਈ ਜਨ ਊਤਮ**
ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥

ਪਦ ਅਰਥ :–ਤੇ–ਤੋਂ। ਊਚ ਤੇ ਊਚਾ–ਸਭ ਤੋਂ ਉਚਾ। ਪਾਰਾ–ਪਾਰਲਾ ਬੰਨਾ। ਗਹਿਰ–ਡੂੰਘਾ। ਗੰਭੀਰ–ਵਡੇ ਜਿਗਰੇ ਵਾਲਾ। ਕਿਆ ਮਿਨਾ–ਮੈਂ ਕੀ ਮਿਣ ਸਕਦਾ ਹਾਂ? ਮੈਂ ਮਿਣ ਤੋਲ ਨਹੀਂ ਸਕਦਾ।੧੩।

ਸਭੁ–ਸਾਰਾ ਜਗਤ। ਬੀਆ–ਦੂਜਾ। ਆਦਿ ਮਧਿ ਅੰਤਿ–ਜਗਤ ਰਚਨਾ ਦੇ ਸ਼ੁਰੂ ਵਿਚ, ਵਿਚਕਾਰ ਅਤੇ ਅਖੀਰ ਵਿਚ। ਤੁਮ ਮਨਾ–ਤੇਰੇ ਸਰੀਰ ਦਾ, ਤੇਰੇ ਆਪੇ ਦਾ।੧੪।

ਨਿਕਟਿ–ਨੇੜੇ। ਸਾਧ ਸੰਗਿ–ਗੁਰੂ ਦੀ ਸੰਗਤ ਵਿਚ। ਤਾ ਕੇ–ਉਸ ਮਨੁੱਖ ਦੇ। ਸ੍ਰਵਣੀ–ਕੰਨਾਂ ਨਾਲ।੧੫।

ਸਭੁ ਕੋ–ਹਰੇਕ ਜੀਵ। ਸਾਹਿਬ–ਹੇ ਸਾਹਿਬ। ਸਾਚੇ–ਹੇ ਸਦਾ ਕਾਇਮ ਰਹਿਣ ਵਾਲੇ। ਸੇਈ ਜਨ–ਉਹੀ ਮਨੁੱਖ। ਸੁਆਮੀ–ਹੇ ਸੁਆਮੀ।੧੬।

ਅਰਥ :–

ਪ੍ਰ:–ਸ੍ਰੀ ਜੀਉ! ਉਸ ਸਾਈਂ ਦੀ ਸ਼ਲਾਘਾ ਕਰਦੇ ਰਹਿਣ ਦੀ ਕੋਈ ਜਾਚ ਦਸੋ?

37. ਉ:–ਹੇ ਭਾਈ! ਉਸ ਪ੍ਰਭੂ ਜੀ ਦੇ ਸਨਮੁਖ ਹੋ ਇਉਂ ਉਸ ਦੀ ਮਹਿਮਾਂ ਕਰਦੇ ਰਹੋ ਕਿ, ਹੇ ਪ੍ਰਭੂ! ਤੇਰਾ ਦਰਬਾਰ ਸਭ (ਦਰਬਾਰਾਂ) ਨਾਲੋਂ ਉਚਾ ਹੈ।

38. ਉਸ ਦਾ ਪਾਰਲਾ ਬੰਨਾ ਦਸਿਆ ਨਹੀਂ ਜਾ ਸਕਦਾ।

39. ਹੇ ਡੂੰਘੇ ਤੇ ਅਥਾਹ (ਸਮੁੰਦਰ) ਹੇ ਵਡੇ ਜਿਗਰੇ ਵਾਲੇ, ਹੇ ਮਾਲਕ! ਤੂੰ ਅਤੁੱਲ ਹੈਂ, ਤੈਨੂੰ ਤੋਲਿਆ ਨਹੀਂ ਜਾ ਸਕਦਾ, ਤੈਨੂੰ ਮਿਣਿਆ ਨਹੀਂ ਜਾ ਸਕਦਾ।੧੩।

40. ਹੇ ਪ੍ਰਭੂ! ਤੂੰ ਪੈਦਾ ਕਰਨ ਵਾਲਾ ਹੈਂ, ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ।

41. ਤੈਥੋਂ ਬਿਨਾ (ਤੇਰੇ ਵਰਗਾ) ਕੋਈ ਦੂਜਾ ਹੋਰ ਨਹੀਂ ਹੈ।

42. ਜਗਤ ਦੇ ਸ਼ੁਰੂ ਤੋਂ ਅਖੀਰ ਤਕ ਤੂੰ ਸਦਾ ਕਾਇਮ ਰਹਿਣ ਵਾਲਾ ਹੈਂ ਇਹ ਸਾਰਾ ਜਗਤ ਖਿਲਾਰਾ ਤੇਰੇ ਹੀ ਆਪਣੇ ਆਪ ਦਾ ਹੈ।੧੪।

43. ਹੇ ਭਾਈ! ਜਮਦੂਤ ਉਸ ਦੇ ਨੇੜੇ ਨਹੀਂ ਆ ਸਕਦਾ, ਭਾਵ, ਮੌਤ ਉਸ ਨੂੰ ਡਰਾ ਨਹੀਂ ਸਕਦੀ।

44. ਜਿਹੜਾ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਪ੍ਰਮੇਸ਼ਰ ਦੀ ਸਿਫਤ ਸਲਾਹ ਦਾ ਗੀਤ ਗਾਉਂਦਾ ਹੈ।

45. ਹੇ ਭਾਈਓ! ਜਿਹੜਾ ਮਨੁੱਖ ਆਪਣੇ ਕੰਨਾਂ ਨਾਲ ਪ੍ਰਭੂ ਦਾ ਜਸ ਸੁਣਦਾ ਰਹਿੰਦਾ ਹੈ, ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ।੧੫।

46. ਹੇ ਪ੍ਰਭੂ ਜੀ! ਤੂੰ ਸਾਰੇ ਜੀਵਾਂ ਦਾ (ਖਸਮ) ਹੈਂ, ਹਰੇਕ ਜੀਵ ਤੇਰਾ (ਪੈਦਾ ਕੀਤਾ ਹੋਇਆ) ਹੈ।

47. ਹੇ ਸਦਾ ਕਾਇਮ ਰਹਿਣ ਵਾਲੇ ਮਾਲਕ, ਹੇ ਡੂੰਘੇ ਤੇ ਵਡੇ ਜਿਗਰੇ ਵਾਲੇ ਪ੍ਰਭੂ ਜੀ!

48. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਸਾਈਂ ਜੀਉ! ਉਹੀ ਮਨੁੱਖ ਸ੍ਰੇਸ਼ਟ ਹਨ, ਜੇਹੜੇ ਤੇਰੇ ਮਨ ਨੂੰ ਚੰਗੇ ਲਗਦੇ ਹਨ।੧੬।੧।੮।

ਭਾਵਾਰਥ :–ਸਾਰੀ ਰਚਨਾ ਹਰੀ ਨੂੰ ਯਾਦ ਕਰਦੀ ਹੈ (੧-੭)। ਮਨੁੱਖ ਭੀ ਜਿਸ ਉਤੇ ਮੇਹਰ ਹੋਵੇ, ਹਰੀ ਨੂੰ ਸਿਮਰਦਾ ਹੈ (੮) ਹਰੀ ਦੇ ਸਿਮਰਨ ਨਾਲ ਜੰਮਣ ਮਰਣ ਕਟਿਆ ਜਾਂਦਾ ਹੈ (੯) ਸਦੀਵੀ ਸੁਖ ਧਨ ਤੇ ਪਤ ਮਿਲਦੀ ਹੈ (੧੦-੧੧) ਗੁਰੂ ਦੇ ਗਿਆਨ ਨਾਲ ਹਰ ਪਾਸੇ ਇਕੋ ਹਰੀ ਦਿਸਦਾ ਹੈ (੧੨) ਉਹੀ ਉਚੇ ਤੋਂ ਉਚਾ ਤੇ ਸਿਆਣਿਆਂ ਤੋਂ ਸਿਆਣਾ ਦਿਸਦਾ ਹੈ (੧੩) ਸਭ ਦਾ ਕਰਤਾ ਤੇ ਸਭ ਦੀ ਤਹਿ ਵਿਚ ਉਹੀ ਨਜ਼ਰ ਆਉਂਦਾ ਹੈ (੧੪) ਜਿਹੜਾ ਮਨੁੱਖ ਅਜਿਹੇ ਹਰੀ ਨੂੰ ਸਿਮਰੇ ਉਹ ਅਮਰ ਹੋ ਜਾਂਦਾ ਹੈ (੧੫) ਇਹ ਉੱਨਤੀ ਉਹੀ ਕਰ ਸਕਦਾ ਹੈ, ਜਿਸ ਉਤੇ ਹਰੀ ਦੀ ਮੇਹਰ ਹੋਵੇ (੧੬)।

ਮਾਰੂ ਮਹਲਾ ੫ ॥

1. **ਪ੍ਰਭ ਸਮਰਥ ਸਰਬ ਸੁਖ ਦਾਨਾ ॥**
2. **ਸਿਮਰਉ ਨਾਮੁ ਹੋਹੁ ਮਿਹਰਵਾਨਾ ॥**
3. **ਹਰਿ ਦਾਤਾ ਜੀਅ ਜੰਤ ਭੇਖਾਰੀ**
ਜਨੁ ਬਾਂਛੈ ਜਾਚੰਗਨਾ ॥੧॥
4. **ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥**
5. **ਜਨਮ ਜਨਮ ਕੀ ਮੈਲੁ ਮਿਟਾਵਉ ॥**

6. ਦੀਰਘ ਰੋਗ ਮਿਟਹਿ ਹਰਿ ਅਉਖਧਿ
ਹਰਿ ਨਿਰਮਲਿ ਰਾਪੈ ਮੰਗਨਾ ॥੨॥
7. ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥
8. ਏਕਾ ਓਟ ਤਜਉ ਬਿਖੁ ਕਾਮੀ ॥
9. ਨਿਵਿ ਨਿਵਿ ਪਾਇ ਲਗਉ ਦਾਸ ਤੇਰੇ
ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥
10. ਰਸਨਾ ਗੁਣ ਗਾਵੈ ਹਰਿ ਤੇਰੇ ॥
11. ਮਿਟਹਿ ਕਮਾਤੇ ਅਵਗੁਣ ਮੇਰੇ ॥
12. ਸਿਮਰਿ ਸਿਮਰਿ ਸੁਆਮੀ ਮਨੁ ਜੀਵੈ
ਪੰਚ ਦੂਤ ਤਜਿ ਤੰਗਨਾ ॥੪॥

ਪਦ ਅਰਥ :—ਪ੍ਰਭ—ਹੇ ਪ੍ਰਭੂ । ਸਮਰਥ—ਹੇ ਸਾਰੀਆਂ ਤਾਕਤਾਂ ਦੇ ਮਾਲਕ । ਸਿਮਰਉ—ਮੈਂ ਸਿਮਰਦਾ ਰਹਾਂ । ਜੀਅ ਜੰਤ—ਸਾਰੇ ਜੀਵ । ਭੇਖਾਰੀ—ਮੰਗਤੇ । ਜਨੁ—ਦਾਸ । ਬਾਂਛੈ—ਮੰਗਦਾ ਹੈ; ਤਾਂਘ ਕਰਦਾ ਹੈ । ਜਾਚੰਗਨਾ—ਮੰਗਤਾ (ਬਣਕੇ)।੧।

ਮਾਗਉ—ਮਾਗਉਂ, ਮੈਂ ਮੰਗਦਾ ਹਾਂ । ਜਨ ਧੂਰਿ—ਸੰਤ ਜਨਾਂ ਦੀ ਚਰਨ ਧੂੜ । ਪਰਮ ਗਤਿ—ਸਭ ਤੋਂ ਉਚੀ ਆਤਮਕ ਅਵਸਥਾ । ਪਾਵਉ—ਪਾਵਉਂ, ਮੈਂ ਹਾਸਲ ਕਰ ਲਵਾਂ । ਦੀਰਘ ਰੋਗ—ਵਡੇ ਰੋਗ । ਮਿਟਹਿ—ਮਿਟ ਜਾਂਦੇ ਹਨ । ਹਰਿ ਅਉਖਧਿ—ਹਰਿ ਨਾਮ ਦੀ ਦਵਾਈ ਨਾਲ । ਨਿਰਮਲਿ—ਨਿਰਮਲ ਵਿਚ । ਰਾਪੈ - ਰੰਗਿਆ ਜਾਇ । ਮੰਗਨਾ—ਮੈਂ ਮੰਗਦ ਹਾਂ ।੨।

ਸ੍ਰਵਣੀ— ਕੰਨਾਂ ਨਾਲ । ਸੁਣਉ—ਸੁਣਉਂ, ਮੈਂ ਸੁਣਦਾ ਰਹਾਂ । ਬਿਮਲ—ਪਵਿੱਤਰ । ਸੁਆਮੀ—ਹੇ ਸੁਆਮੀ । ਓਟ—ਆਸਰਾ । ਤਜਉ—ਤਜਉਂ, ਮੈਂ ਤਿਆਗ ਦਿਆਂ । ਬਿਖੁ—ਜ਼ਹਿਰ, ਆਤਮਕ ਮੌਤ ਲਿਆਉਣ ਵਾਲੀ । ਕਾਮੀ—ਕਾਮਨਾਂ, ਵਾਸ਼ਨਾ । ਨਿਵਿ—ਨਿਉਂਕੇ । ਪਾਇ ਲਗਉ—ਪਾਇ ਲਗਉਂ, ਮੈਂ ਪੈਰੀਂ ਲਗਾਂ । ਕਰਿ—ਕਰ ਕੇ । ਸੁਕ੍ਰਿਤੁ—ਨੇਕ ਕਮਾਈ । ਸੰਗਨਾ—ਝਕ, ਝਾਕਾ ਲਗੇ ।੩।

ਰਸਨਾ—ਜੀਭ । ਕਮਾਤੇ - ਕਮਾਏ ਹੋਏ । ਅਵਗੁਣ—ਵਿਕਾਰ । ਸਿਮਰਿ—ਸਿਮਰ ਕੇ । ਜੀਵੈ—ਆਤਮਕ ਜੀਵਨ ਪ੍ਰਾਪਤ ਕਰਦਾ ਰਹੇ । ਦੂਤ—ਵੈਰੀ । ਤੰਗਨਾ—ਤੰਗ ਕਰਨ ਵਾਲੇ ।੪।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਦਾ ਹਰ ਜੀਵ ਉਸ ਮਾਲਕ ਪ੍ਰਭੂ ਤੋਂ ਆਪੋ ਆਪਣੀ ਇੱਛਾ ਮੁਤਾਬਕ ਮੰਗਾਂ ਮੰਗਦਾ ਰਹਿੰਦਾ ਹੈ, ਪਰ, ਆਪ ਜੀ ਦੀ ਤੀਬਰ ਮੰਗ ਕੀ ਰਹਿੰਦੀ ਹੈ ?

1. **ਉ**:—ਹੇ ਪਿਆਰੇ ! ਮੇਰੀ ਤਾਂ ਕੇਵਲ ਇਕ ਇਹੋ ਹੀ ਮੰਗ ਹੈ ਕਿ, ਹੇ ਸਾਰੀਆਂ ਤਾਕਤਾਂ ਦੇ ਮਾਲਕ ਪ੍ਰਭੂ, ਹੇ ਸਾਰੇ ਸੁਖ ਦੇਣ ਵਾਲੇ !

2. (ਮੇਰੇ ਉਤੇ ਆਪ) ਮਿਹਰਵਾਨ ਹੋ, ਮੈਂ ਤੇਰਾ (ਹੀ) ਨਾਮ ਸਿਮਰਦਾ ਰਹਾਂ ।

3. ਹੇ ਭਾਈ ! (ਉਹ) ਪ੍ਰਮਾਤਮਾਂ ਦਾਤਾਂ ਦੇਣ ਵਾਲਾ ਹੈ, ਸਾਰੇ ਜੀਵ (ਉਸ ਦੇ ਦਰ ਦੇ) ਮੰਗਤੇ ਹਨ, ਮੈਂ ਦਾਸ ਬਣ ਕੇ, ਮੰਗਤਾ ਬਣ ਕੇ (ਉਸ ਪਾਸੋਂ ਨਾਮ ਦੀ) ਦਾਤ ਹੀ ਮੰਗਦਾ ਹਾਂ ।੧।

ਪ੍ਰ:—ਸ੍ਰੀ ਜੀਉ ! ਹੋਰ ਕੀ ਮੰਗਦੇ ਹੋ ?

4-5. **ਉ**:—ਹੇ ਭਾਈਓ ! ਪ੍ਰਭੂ ਦੇ ਦਰ ਤੋਂ ਮੇਰੀ ਹੋਰ ਇਹ ਭੀ ਮੰਗ ਹੈ, ਮੈਂ ਉਸ ਦੇ ਸੇਵਕਾਂ ਦੀ ਚਰਨ ਧੂੜ ਮੰਗਦਾ ਹਾਂ ਤਾਂ ਕਿ ਮੈਂ ਸਭ ਤੋਂ ਉਚੀ ਆਤਮਕ ਅਵਸਥਾ ਹਾਸਲ ਕਰ ਸਕਾਂ ਅਤੇ ਅਨੇਕਾਂ ਜਨਮਾਂ ਦੀ (ਵਿਕਾਰਾਂ ਦੀ) ਮੈਲ ਦੂਰ ਕਰ ਸਕਾਂ ।

ਪ੍ਰ:—ਹੇ ਗੁਰੋ ! ਇਕ ਨਹੀਂ, ਇਹ ਸਾਡਾ ਮਨ ਅਨੇਕਾਂ ਹੀ ਰੋਗਾਂ ਨਾਲ ਗ੍ਰਿਸਿਆ ਹੋਇਆ ਹੈ, ਇਸ ਨੂੰ ਅਰੋਗ ਕਿਵੇਂ ਕੀਤਾ ਜਾਏ ?

6. **ਉ**:—ਹੇ ਭਾਈਓ ! ਹਰਿ ਨਾਮ ਦੀ ਦਵਾਈ ਨਾਲ ਵਡੇ ਵਡੇ ਰੋਗ ਦੂਰ ਹੋ ਜਾਂਦੇ ਹਨ । ਹੇ ਭਾਈ ! (ਇਸ ਲਈ) ਮੈਂ ਭੀ (ਉਸ ਦੇ ਦਰ ਤੋਂ) ਮੰਗਦਾ ਹਾਂ ਕਿ ਉਸਦੇ ਪਵਿਤ੍ਰ ਨਾਮ ਵਿਚ ਹੀ (ਮੇਰਾ ਮਨ) ਰੰਗਿਆ ਰਹੇ ।੨।

7. ਅਤੇ ਹੋਰ ਇਹ ਭੀ ਮੰਗ ਹੈ ਕਿ, ਹੇ ਸੁਆਮੀ ਜੀ ! (ਮੇਹਰ ਕਰੋ) ਮੈਂ (ਆਪਣੇ) ਕੰਨਾਂ ਨਾਲ ਤੇਰਾ ਪਵਿਤ੍ਰ ਜਸ ਸੁਣਦਾ ਰਹਾਂ ।

8. ਹੇ ਸੁਆਮੀ ਜੀਉ ! ਮੈਨੂੰ ਸਿਰਫ ਤੇਰਾ ਹੀ ਆਸਰਾ ਹੈ, (ਮਿਹਰ ਕਰ) ਮੈਂ ਆਤਮਕ ਮੌਤ ਲਿਆਉਣ ਵਾਲੀ ਕਾਮ ਵਾਸ਼ਨਾਂ ਤਿਆਗ ਦਿਆਂ ।

9. ਅਤੇ ਨਿਉਂ ਨਿਉਂ ਕੇ ਤੇਰੇ ਸੇਵਕਾਂ ਦੀ ਚਰਨੀਂ ਲਗਦਾ ਰਹਾਂ, ਇਹ ਨੇਕ ਕਮਾਈ ਕਰਦਿਆਂ ਮੈਨੂੰ ਕਦੇ (ਭੀ) ਝਾਕਾ ਨਾ ਲਗੇ ।੩।

10. ਹੇ ਹਰੀ, ਹੇ ਸੁਆਮੀ (ਮਿਹਰ ਕਰ) ਮੇਰੀ ਜੀਭ ਤੇਰੇ (ਹੀ) ਗੁਣ ਗਾਂਦੀ ਰਹੇ ।

11. ਤਾਂ ਕਿ, ਇਸ ਤਰ੍ਹਾਂ, ਮੇਰੇ (ਪਿਛਲੇ) ਕੀਤੇ ਹੋਏ ਅਉਗਣ ਮਿਟ ਜਾਣ ।

12. ਹੇ ਸੁਆਮੀ ! (ਮਿਹਰ ਕਰ) ਤੇਰਾ ਨਾਮ ਸਿਮਰ ਸਿਮਰ ਕੇ ਤੇ (ਸਿਮਰਨ ਦੀ ਬਰਕਤ ਨਾਲ) ਦੁੱਖੀ ਕਰਨ ਵਾਲੇ ਕਾਮਾਂਦਿਕ ਪੰਜ ਵੈਰੀਆਂ ਦਾ ਸਾਥ ਛਡ ਕੇ ਮੇਰਾ ਮਨ ਆਤਮਕ ਜੀਵਨ ਪ੍ਰਾਪਤ ਕਰ ਲਏ ।੪।

13. ਚਰਨ ਕਮਲ ਜਪਿ ਬੋਹਿਥਿ ਚਰੀਐ ॥
14. ਸੰਤ ਸੰਗਿ ਮਿਲਿ ਸਾਗਰੁ ਤਰੀਐ ॥
15. ਅਰਚਾ ਬੰਦਨ ਹਰਿ ਸਮਤ ਨਿਵਾਸੀ
ਬਾਹੁੜਿ ਜੋਨਿ ਨ ਨੰਗਨਾ ॥੫॥

16. ਦਾਸ ਦਾਸਨ ਕੋ ਕਰਿ ਲੇਹੁ ਗੁੋਪਾਲਾ ॥
17. ਕ੍ਰਿਪਾ ਨਿਧਾਨ ਦੀਨ ਦਇਆਲਾ ॥
18. ਸਖਾ ਸਹਾਈ ਪੂਰਨ ਪਰਮੇਸੁਰ
ਮਿਲੁ ਕਦੇ ਨ ਹੋਵੀ ਭੰਗਨਾ ॥੬॥
19. ਮਨੁ ਤਨੁ ਅਰਪਿ ਧਰੀ ਹਰਿ ਆਗੈ ॥
20. ਜਨਮ ਜਨਮ ਕਾ ਸੋਇਆ ਜਾਗੈ ॥
21. ਜਿਸ ਕਾ ਸਾ ਸੋਈ ਪ੍ਰਤਿਪਾਲਕੁ
ਹਤਿ ਤਿਆਗੀ ਹਉਮੈ ਹੰਤਨਾ ॥੭॥
22. ਜਲਿ ਥਲਿ ਪੂਰਨ ਅੰਤਰਜਾਮੀ ॥
23. ਘਟਿ ਘਟਿ ਰਵਿਆ ਅਛਲ ਸੁਆਮੀ ॥
24. ਭਰਮ ਭੀਤਿ ਖੋਈ ਗੁਰਿ ਪੂਰੈ
ਏਕੁ ਰਵਿਆ ਸਰਬੰਗਨਾ ॥੮॥

ਪਦ ਅਰਥ :—ਚਰਨ ਕਮਲ—ਕੌਲ ਫੁੱਲ ਵਰਗੇ ਸੋਹਣੇ ਚਰਨ । ਬੋਹਿਥਿ—ਜਹਾਜ਼ ਵਿਚ । ਚਰੀਐ—ਚੜ੍ਹਨਾਂ ਚਾਹੀਦਾ ਹੈ । ਸੰਗਿ-ਸੰਗਤ ਵਿਚ । ਸਾਗਰੁ—ਸਮੁੰਦਰ । ਤਰੀਐ—ਤਰਿਆ ਜਾ ਸਕਦਾ ਹੈ । ਅਰਚਾ—ਫੁੱਲ ਆਦਿਕ ਭੇਟ ਰਖ ਕੇ ਦੇਵ ਪੂਜਾ ਕਰਨੀ । ਬੰਦਨ—ਨਮਸ਼ਕਾਰ । ਸਮਤ ਨਿਵਾਸੀ—(ਸਭ ਜੀਵਾਂ ਵਿਚ) ਇਕ ਸਮਾਨ ਵਸਣ ਵਾਲਾ । ਨ ਠੰਗਨਾ—ਬੇ-ਇੱਜ਼ਤ ਨਹੀਂ ਹੋਈਦਾ ।੫।

ਕੋ—ਦਾ । ਗੁੋਪਾਲਾ—ਹੇ ਗੋਪਾਲ, (ਅੱਖਰ 'ਗ' ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫ਼ਜ਼ 'ਗੋਪਾਲ' ਹੈ, ਇਥੇ 'ਗੁਪਾਲ' ਪੜ੍ਹਨਾ ਹੈ) । ਨਿਧਾਨ—ਖ਼ਜ਼ਾਨਾ । ਪਰਮੇਸੁਰ—ਹੇ ਪਰਮੇਸ਼ਰ । ਭੰਗਨਾ—ਵਿਛੋੜਾ ।੬।

ਅਰਪਿ—ਭੇਟ ਕਰ ਕੇ । ਅਰਪਿ ਧਰੀ—ਭੇਟਾ ਕਰ ਦਿਤੀ । ਸਾ—ਸੀ, ਪੈਦਾ ਕੀਤਾ ਹੋਇਆ ਸੀ । ਹਤਿ—ਮਾਰ ਕੇ । ਹੰਤਨਾ—ਮਾਰਨ ਵਾਲੀ, ਆਤਮਕ ਮੌਤ ਲਿਆਉਣ ਵਾਲੀ ।੭।

ਜਲਿ—ਜਲ ਵਿਚ । ਥਲਿ—ਧਰਤੀ ਵਿਚ । ਪੂਰਨ—ਵਿਆਪਕ । ਘਟਿ ਘਟਿ—ਹਰੇਕ ਸਰੀਰ ਵਿਚ । ਭੀਤਿ—ਕੰਧ । ਗੁਰਿ ਪੂਰੈ-ਪੂਰੇ ਗੁਰੂ ਨੇ । ਰਵਿਆ—ਵਿਆਪਕ । ਸਰਬੰਗਨਾ—ਸਭਨਾਂ ਵਿਚ ।੮।

ਅਰਥ :—

ਪ੍ਰ:—ਸ੍ਰੀ ਜੀਉ ! ਸਾਰੇ ਹੀ ਧਾਰਮਿਕ ਸ਼ਾਸਤ੍ਰ ਇਸ ਸੰਸਾਰ ਨੂੰ ਬੜਾ ਹੀ ਭਿਆਨਕ ਸਮੁੰਦਰ ਆਖਦੇ ਹਨ, ਇਸ ਤੋਂ ਪਾਰ ਕਿਵੇਂ ਹੋ ਸਕੀਦਾ ਹੈ ?

13. ਉ:—ਹੇ ਭਾਈ ! ਜਿਵੇਂ ਸਮੁੰਦਰ ਤੋਂ ਪਾਰ ਹੋਣ ਲਈ ਜਹਾਜ਼ ਹੋਇਆ ਕਰਦਾ ਹੈ, ਤਿਵੇਂ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਪ੍ਰਮੇਸ਼ਰ ਦੇ ਸੋਹਣੇ ਚਰਨਾਂ ਦਾ ਧਿਆਨ ਧਰਕੇ (ਨਾਮ) ਜਹਾਜ ਵਿਚ ਚੜ੍ਹਨਾਂ ਚਾਹੀਦਾ ਹੈ ।

14. ਹੇ ਪਿਆਰੇ ! ਗੁਰੂ ਦੀ ਸੰਗਤ ਵਿਚ ਮਿਲ ਕੇ (ਸੰਸਾਰ) ਸਮੁੰਦਰ ਤੋਂ ਪਾਰ ਲੰਘਿਆ ਜਾ ਸਕੀਦਾ ਹੈ ।

ਪ੍ਰ—ਸ੍ਰੀ ਜੀਉ ! ਹਿੰਦੂ ਮਤਿ ਵਿਚ ਕਈ ਪ੍ਰਕਾਰ ਦੀ ਅਰਚਾ, ਪੂਜਾ, ਬੰਦਨ, ਕੀਤੀ ਜਾਂਦੀ ਹੈ ਜਿਸ ਨੂੰ ਉਹ ਜੂਨਾਂ ਦੇ ਚੱਕ੍ਰ ਤੋਂ ਬਚਣ ਦਾ ਸਾਧਨ ਮੰਨਦੇ ਹਨ ਕੀ ਇਸ ਤਰ੍ਹਾਂ ਗੁਰਮਤਿ ਅਨੁਸਾਰ ਭੀ ਅਰਚਾ ਪੂਜਾ ਕਰਨੀ ਜੋਗ ਹੈ ?

15. ਉ: -ਹੇ ਭਾਈਓ ! ਗੁਰਮਤਿ ਵਿਚ ਤਾਂ ਉਸ ਪ੍ਰਮੇਸ਼ਰ ਨੂੰ ਸਭ ਜੀਵਾਂ ਵਿਚ ਇਕ ਸਮਾਨ ਵਸਦਾ ਜਾਣ ਲੈਣਾ ਇਹੋ ਹੈ ਉਸ ਦੀ ਅਰਚਾ ਪੂਜਾ, ਇਹੀ ਹੈ ਉਸ ਦੇ ਅਗੇ ਬੰਦਨਾ ਕਰਨੀ (ਇਸ ਤਰ੍ਹਾਂ ਕਰਦੇ ਰਹਿਣ ਨਾਲ) ਮੁੜ ਮੁੜ ਜੂਨਾਂ ਵਿਚ ਪੈ ਕੇ ਖ਼ੁਆਰ ਨਹੀਂ ਹੋਈਦਾ ।੫।

ਪ੍ਰ:—ਕਿਉਂ ਜੀ ! ਇਹ ਗੁਰਮਤਿ ਦੀ ਪੂਜਾ ਅਰਚਾ ਕਰਦੇ ਰਹਿਣ ਤੋਂ ਬਾਅਦ ਉਸ ਮਾਲਕ ਤੋਂ ਆਪ ਦੀ ਮੰਗ ਕੀ ਹੁੰਦੀ ਹੈ ?

16. ਉ:—ਹੇ ਭਾਈਓ ! ਮੇਰੀ ਤਾਂ ਇਕ ਇਹੋ ਹੀ ਮੰਗ ਰਹਿੰਦੀ ਹੈ ਕਿ ਹੇ ਗੋਪਾਲ, ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈ ।

17. ਹੇ ਕ੍ਰਿਪਾ ਦੇ ਖਜ਼ਾਨੇ ! ਹੇ ਦੀਨਾਂ ਉਤੇ ਦਇਆ ਕਰਨ ਵਾਲੇ !

18. ਹੇ ਸਰਬ ਵਿਆਪਕ ਪ੍ਰਮੇਸ਼ਰ, ਤੂੰਹੀਂ ਮੇਰਾ ਮਿੱਤ੍ਰ ਹੈਂ, ਤੂੰਹੀ ਮੇਰਾ ਮਦਦਗਾਰ ਹੈਂ, (ਤੂੰ) ਮੈਨੂੰ ਮਿਲ, ਤੈਥੋਂ ਮੇਰਾ ਕਦੇ ਵਿਛੋੜਾ ਨਾ ਹੋਵੇ ।੬।

ਪ੍ਰ:—ਸ੍ਰੀ ਜੀਉ ! ਇਹ ਮਨ ਜਨਮਾਂ ਜਨਮਾਤ੍ਰਾਂ ਦਾ ਅਗਿ-ਆਨਤਾ ਦੀ ਨੀਂਦ ਵਿਚ ਸੁਤਾ ਪਿਆ ਹੈ, ਦਸੋ ਇਹ ਕਿਵੇਂ ਜਾਗ ਸਕਦਾ ਹੈ ?

19. ਉ:—ਹੇ ਭਾਈ ! ਜਿਸ ਮਨੁੱਖ ਨੇ ਆਪਣਾ ਮਨ, ਆਪਣਾ ਤਨ, ਪ੍ਰਮਾਤਮਾਂ ਅਗੇ ਭੇਟਾ ਕਰ ਦਿਤਾ ਹੈ ।

20. ਉਹ ਮਨੁੱਖ (ਤਾਂ) ਅਨੇਕਾਂ ਜਨਮਾਂ ਦਾ ਸੁਤਾ ਹੋਇਆ (ਭੀ) ਜਾਗ ਪੈਂਦਾ ਹੈ, (ਭਾਵ, ਆਤਮਕ ਜੀਵਨ ਦੀ ਸੂਝ ਵਾਲਾ ਹੋ ਜਾਂਦਾ ਹੈ) ।

21. ਹੇ ਪਿਆਰੇ ! ਇਸ ਤਰ੍ਹਾਂ, (ਉਹ) ਜਿਸ ਪ੍ਰਮਾਤਮਾਂ ਨੇ ਉਸ ਨੂੰ ਪੈਦਾ ਕੀਤਾ ਸੀ, ਉਹੀ ਉਸ ਦਾ ਰਾਖਾ ਬਣ ਜਾਂਦਾ ਹੈ, (ਇਉਂ) ਉਹ ਮਨੁੱਖ ਆਤਮਕ ਮੌਤ ਲਿਆਉਣ ਵਾਲੀ ਹਉਮੈਂ ਨੂੰ ਸਦਾ ਲਈ ਤਿਆਗ ਦੇਂਦਾ ਹੈ ।੭।

22. ਹੇ ਭਾਈ ! (ਉਸ ਨੂੰ ਦਿਸ ਪੈਂਦਾ ਹੈ ਕਿ) ਸਭ ਦੇ ਦਿਲਾਂ ਦੀ ਜਾਨਣ ਵਾਲਾ ਪ੍ਰਭੂ, ਜਲ ਵਿਚ, ਧਰਤੀ ਵਿਚ ਸਭ ਥਾਂ ਵਿਆਪਕ ਹੈ ।

23. ਅਤੇ ਮਾਇਆ ਪਾਸੋਂ ਨਾ ਛਲਿਆ ਜਾ ਸਕਣ ਵਾਲਾ ਹਰੀ ਹਰੇਕ ਸ੍ਰੀਰ ਵਿਚ ਹੀ ਮੌਜੂਦ ਹੈ ।

ਪ੍ਰ—ਕਿਉਂ ਜੀ ! ਇਹ ਦਿੱਬ ਦ੍ਰਿਸ਼ਟੀ ਜਾਗਦੀ ਕਿਸ ਮਨੁੱਖ ਅੰਦਰ ਹੈ ?

24. ਉ:—ਹੇ ਭਾਈ ! ਪੂਰੇ ਗੁਰੂ ਨੇ (ਜਿਸ ਮਨੁੱਖ ਦੀ ਪ੍ਰਮਾਤਮਾਂ ਨਾਲੋਂ ਵਿਛੋੜਾ ਪਾਣ ਵਾਲੀ) ਭਟਕਣਾ ਦੀ ਕੰਧ ਦੂਰ

ਕਰ ਦਿਤੀ, ਉਸ ਨੂੰ ਪ੍ਰਮਾਤਮਾਂ ਸਭਨਾਂ ਵਿਚ ਵਿਆਪਕ ਦਿਸ ਪੈਂਦਾ ਹੈ ।੮।

25. ਜਤ ਕਤ ਪੇਖਉ ਪ੍ਰਭ ਸੁਖ ਸਾਗਰ ॥
26. ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥
27. ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ ਸੋ ਬੂਝੈ ਜਿਸੁ ਕਿਰਪੰਗਨਾ ॥੯॥
28. ਛਾਤੀ ਸੀਤਲ ਮਨੁ ਤਨੁ ਠੰਢਾ ॥
29. ਜਨਮ ਮਰਣ ਕੀ ਮਿਟਵੀ ਡੰਝਾ ॥
30. ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਓ ਧਾਰਿ ਦ੍ਰਿਸਟੰਗਨਾ ॥੧੦॥
31. ਏਕੋ ਏਕੁ ਰਵਿਆ ਸਭ ਠਾਈ ॥
3 . ਤਿਸੁ ਬਿਨੁ ਦੂਜਾ ਕੋਈ ਨਾਹੀ ॥
33. ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨ ਬੁਝੀ ਭਰਮੰਗਨਾ ॥੧੧॥
34. ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥
35. ਗੁਰੁ ਕਰਤਾ ਗੁਰੁ ਸਦ ਬਖਸੰਦੁ ॥
36. ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥੧੨॥

ਪਦ ਅਰਥ :–ਜਤ ਕਤ–ਜਿਥੇ ਕਿਥੇ, ਜਿਸ ਭੀ ਪਾਸੇ। ਪੇਖਉ–ਪੇਖਉਂ, ਮੈਂ ਵੇਖਦਾ ਹਾਂ। ਸੁਖ ਸਾਗਰ–ਸੁਖਾਂ ਦਾ ਸਮੁੰਦਰ। ਤੋਟਿ–ਘਾਟਾ, ਕਮੀਂ। ਰਤਨਾਗਰ–(ਰਤਨ-ਆਕਰ) ਰਤਨਾਂ ਦੀ ਖਾਣ। ਅਗਹ–ਅ-ਗਹ, ਜੋ ਪਕੜ ਤੋਂ ਪਰੇ ਹੈ। ਅਗਾਹ–ਅਥਾਹ। ਮਿਤਿ–ਹਦ ਬੰਨਾਂ, ਮਿਣਤੀ। ਕਿਰਪੰਗਨਾ–ਕਿਰਪਾ।੯।

ਸੀਤਲ–ਠੰਡੀ। ਡੰਝਾ–ਸੜਨ। ਕਰੁ–ਹੱਥ। ਗਹਿ–ਫੜ ਕੇ। ਪ੍ਰਭਿ ਅਪੁਨੇ–ਆਪਣੇ ਪ੍ਰਭੂ ਨੇ। ਅਮਿਓ–ਅੰਮ੍ਰਿਤ। ਦ੍ਰਿਸਟੰਗਨਾ–ਦ੍ਰਿਸ਼ਟੀ। ਅਮਿਓ ਦ੍ਰਿਸਟੰਗਨਾ–ਆਤਮਕ ਜੀਵਨ ਦੇਣ ਵਾਲੀ ਦ੍ਰਿਸ਼ਟੀ।੧੦।

ਏਕੋ ਏਕੁ–ਸਿਰਫ ਪ੍ਰਮਾਤਮਾਂ ਹੀ,ਪ੍ਰਮਾਤਮਾਂ। ਰਵਿਆ–ਵਿਆਪਕ ਹੈ। ਆਦਿ, ਮਧਿ, ਅੰਤਿ–ਜਗਤ ਰਚਨਾ ਦੇ ਸ਼ੁਰੂ ਵਿਚ, ਵਿਚਕਾਰ ਤੇ ਅਖੀਰ ਵਿਚ। ਤ੍ਰਿਸਨ–ਤ੍ਰਿਸ਼ਨਾ। ਭਰਮੰਗਨਾ–ਭਟਕਣਾ ।੧੧।

ਸਦ–ਸਦਾ। ਗੁਰ ਜਪੁ–ਗੁਰੂ ਦਾ ਦਸਿਆ ਨਾਮ ਦਾ ਜਾਪ। ਜਾਪਿ–ਜਪ ਕੇ। ਜਪਤ–ਜਪਦਿਆਂ। ਦੀਪਕੁ–ਦੀਵਾ। ਗਿਆਨ ਦੀਪਕ–ਗਿਆਨ ਦਾ ਦੀਵਾ, ਆਤਮਕ ਜੀਵਨ ਦੀ ਸੂਝ ਦਾ ਦੀਵਾ। ਸੰਤ ਸੰਗਨਾ–ਗੁਰੂ ਦੀ ਸੰਗਤ, ਸਾਧ ਸੰਗਤ ।੧੨।

ਅਰਥ :–

ਪ੍ਰ:–ਸ੍ਰੀ ਜੀਉ ! ਨਾਮ ਸਿਮਰਨ ਦਾ ਸਦਕਾ ਹੁਣ ਆਪ ਜੀ ਨੂੰ ਅੰਤਰ ਆਤਮੇਂ ਪ੍ਰਭੂ ਜੀ ਬਾਰੇ ਕਿਵੇਂ ਪ੍ਰਤੀਤ ਹੋ ਰਿਹਾ ਹੈ?

25. **ਉ**:–ਹੇ ਭਾਈ ! ਨਾਮ ਸਿਮਰਨ ਦੀ ਬਰਕਤ ਨਾਲ ਹੁਣ ਮੈਂ ਜਿਸ ਪਾਸੇ ਭੀ ਵੇਖਦਾ ਹਾਂ, ਮੈਨੂੰ ਸੁਖਾਂ ਦਾ ਸਮੁੰਦਰ ਪ੍ਰਮਾਤਮਾਂ ਹੀ (ਵਸ ਰਿਹਾ) ਦਿਸਦਾ ਹੈ।

26. ਐ ਪਿਆਰੇ ! ਮੈਂ ਇਹ ਭੀ ਤੱਕਦਾ ਹਾਂ ਕਿ, ਰਤਨਾਂ ਦੀ ਖਾਣ ਉਸ ਪ੍ਰਮਾਤਮਾਂ ਦੇ ਖਜ਼ਾਨਿਆਂ ਵਿਚ ਕਦੇ (ਭੀ) ਕਮੀ ਨਹੀਂ ਆਉਂਦੀ।

27: ਹੇ ਭਾਈ ! ਉਸ ਪ੍ਰਮਾਤਮਾਂ ਦੀ ਹਸਤੀ ਦਾ ਕੋਈ ਹੱਦ-ਬੰਨਾ ਨਹੀਂ ਲਭ ਸਕਦਾ, ਜੋ ਹਰੇਕ ਕਿਸਮ ਦੀ ਜਕੜ ਤੋਂ ਪਰੇ ਹੈ. ਜਿਸ ਦੀ ਹਾਥ ਨਹੀਂ ਪਾਈ ਜਾ ਸਕਦੀ, (ਪਰ, ਹੇ ਪਿਆਰੇ !) ਇਹ ਗਲ (ਭੀ) ਉਹੀ ਮਨੁੱਖ ਸਮਝਦਾ ਹੈ, ਜਿਸ ਉਤੇ ਉਸ ਦੀ ਕ੍ਰਿਪਾ ਹੋਵੇ।੯।

ਪ੍ਰ:–ਸ੍ਰੀ ਜੀਉ ! ਮਨੁੱਖ ਦਾ ਮਨ ਤਨ ਹਰ ਵਕਤ ਵਿਕਾਰਾਂ ਦੇ ਸੰਸਕਾਰਾਂ ਕਰਕੇ ਸੜਦਾ ਰਹਿੰਦਾ ਹੈ, ਇਸ ਨੂੰ ਸ਼ਾਂਤੀ ਕਿਵੇਂ ਹੋ ਸਕਦੀ ਹੈ ?

28. **ਉ**:–ਹੇ ਭਾਈ ! ਪ੍ਰਭੂ ਨੇ ਜਿਨ੍ਹਾਂ (ਵਡਭਾਗੀਆਂ) ਨੂੰ ਆਤਮਕ ਜੀਵਨ ਦੇਣ ਵਾਲੀ ਨਿਗਾਹ ਕਰਕੇ (ਉਨ੍ਹਾਂ ਦਾ) ਹੱਥ ਫੜ ਕੇ (ਸੰਸਾਰ ਸਮੁੰਦਰ ਵਿਚੋਂ) ਕਢ ਲਿਆ ਹੈ।

29-30. ਹੇ ਪਿਆਰੇ ! ਉਨ੍ਹਾਂ ਦਾ ਹਿਰਦਾ ਸ਼ਾਂਤ ਹੋ ਗਿਆ ਹੈ, ਉਨ੍ਹਾਂ ਦਾ ਮਨ, ਉਨ੍ਹਾਂ ਦਾ ਤਨ ਸ਼ਾਂਤ ਹੋ ਗਿਆ ਹੈ, ਉਨ੍ਹਾਂ ਦੀ ਉਹ ਸੜਨ ਮਿਟ ਗਈ ਹੈ, ਜੋ ਜਨਮ ਮਰਨ ਦੇ ਗੇੜ ਵਿਚ ਪਾਂਦੀ ਹੈ।੧੦।

ਪ੍ਰ.–ਸ੍ਰੀ ਜੀਉ ! ਉਸ ਪ੍ਰਭੂ ਨੂੰ ਹਰ ਥਾਂ ਹੀ ਵਿਆਪਕ ਤੱਕਣ ਵਾਲੀ ਦਿਬ ਦ੍ਰਿਸ਼ਟੀ ਕਿਵੇਂ ਜਾਗਦੀ ਹੈ ?

31. **ਉ**:–ਹੇ ਭਾਈ ! ਗੁਰੂ ਦੀ ਕ੍ਰਿਪਾ ਨਾਲ ਜਿਸ ਮਨੁੱਖ ਦੀ ਮਾਇਆ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ ਤੇ ਭਟਕਣਾ ਮੁੱਕ ਜਾਂਦੀ ਹੈ, (ਉਸ ਨੂੰ ਇਹ ਦਿਸ ਪੈਂਦਾ ਹੈ ਕਿ; ਉਹ ਪ੍ਰਮਾਤਮਾਂ ਹੀ ਪ੍ਰਮਾਤਮਾਂ ਹਰ ਥਾਈਂ ਵਸ ਰਿਹਾ ਹੈ।

32. ਉਸ ਤੋਂ ਬਿਨਾ (ਉਸ ਵਰਗਾ) ਹੋਰ ਕੋਈ ਭੀ ਨਹੀਂ ਹੈ।

33. ਉਹ ਪ੍ਰਮਾਤਮਾਂ ਹੀ ਜਗਤ ਰਚਨਾਂ ਦੇ ਸ਼ੁਰੂ ਵਿਚ ਸੀ, ਉਹ ਪ੍ਰਮਾਤਮਾਂ ਹੀ ਹੁਣ ਮੌਜੂਦ ਹੈ, ਉਹ ਪ੍ਰਭੂ ਹੀ ਜਗਤ ਦੇ ਅੰਤ ਵਿਚ ਹੋਵੇਗਾ।੧੧।

34. ਹੇ ਭਾਈਓ ! ਸਾਧ ਸੰਗਤ ਵਿਚ ਟਿਕ ਕੇ ਗੁਰੂ ਦਾ ਦਸਿਆ ਹਰਿ ਨਾਮ ਦਾ ਜਾਪ ਜਪਦਿਆਂ, ਜਿਸ ਮਨੁੱਖ ਦੇ ਅੰਦਰ ਆਤਮਕ ਜੀਵਨ ਦੀ ਸੂਝ ਦਾ ਦੀਵਾ ਜਗ ਪੈਂਦਾ ਹੈ ਜਿਸ ਨੂੰ ਇਹ ਫਲ ਪ੍ਰਾਪਤ ਹੋ ਜਾਏ, (ਉਸ ਨੂੰ ਇਹ ਦਿਸ ਪੈਂਦਾ ਹੈ ਕਿ,

35-36. ਗੁਰੂ ਪ੍ਰਮੇਸ਼ਰ (ਦਾ ਰੂਪ) ਹੈ ਗੁਰੂ ਗੋਬਿੰਦ (ਦਾ ਰੂਪ) ਹੈ, ਗੁਰੂ ਕਰਤਾਰ (ਦਾ ਰੂਪ ਹੈ) ਗੁਰੂ ਸਦਾ ਬਖਸ਼ਸ਼ਾਂ ਕਰਨ ਵਾਲਾ ਹੈ।੧੨।

37. ਜੋ ਪੇਖਾ ਸੋ ਸਭੁ ਕਿਛੁ ਸੁਆਮੀ ॥
38. ਜੋ ਸੁਨਣਾ ਸੋ ਪ੍ਰਭ ਕੀ ਬਾਨੀ ॥
39. ਜੋ ਕੀਨੋ ਸੋ ਤੁਮਹਿ ਕਰਾਇਓ
ਸਰਣਿ ਸਹਾਈ ਸੰਤਹ ਤਨਾ ॥੧੩॥
40. ਜਾਚਕੁ ਜਾਚੈ ਤੁਮਹਿ ਅਰਾਧੈ ॥
41. ਪਤਿਤ ਪਾਵਨ ਪੂਰਨ ਪ੍ਰਭ ਸਾਧੈ ॥
42. ਏਕੋ ਦਾਨੁ ਸਰਬ ਸੁਖ ਗੁਣ ਨਿਧਿ
ਆਨ ਮੰਗਨ ਨਿਹਕਿੰਚਨਾ ॥੧੪॥
43. ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ ॥
44. ਲਗੀ ਲਾਗਿ ਸੰਤ ਸੰਗਾਰਾ ॥
45. ਨਿਰਮਲ ਸੋਇ ਬਣੀ ਹਰਿ ਬਾਣੀ
ਮਨੁ ਨਾਮਿ ਮਜੀਠੈ ਰੰਗਨਾ ॥੧੫॥
46. ਸੋਲਹ ਕਲਾ ਸੰਪੂਰਨ ਫਲਿਆ ॥
47. ਅਨਤ ਕਲਾ ਹੋਇ ਠਾਕੁਰੁ ਚੜਿਆ ॥
48. ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ
ਅੰਮ੍ਰਿਤ ਰਸੁ ਹਰਿ ਭੁੰਚਨਾ ॥੧੬॥੨॥੯॥

ਪਦ ਅਰਥ :—ਪੇਖਾ—ਪੇਖਾਂ; ਮੈਂ ਵੇਖਦਾ ਹਾਂ। ਸਭੁ ਕਿਛੁ—ਹਰੇਕ ਚੀਜ਼। ਬਾਨੀ—ਬੋਲ। ਕੀਨੋ—ਕੀਤਾ। ਤੁਮਹਿ—ਤੂੰ ਹੀ। ਸਹਾਈ—ਸਹਾਇਤਾ ਕਰਨ ਵਾਲਾ। ਸੰਤਹ ਤਨਾ—ਸੰਤਾਂ ਦਾ ਆਸਰਾ।੧੩।

ਜਾਚਕੁ—ਮੰਗਤਾ। ਜਾਚੈ—ਮੰਗਦਾ ਹੈ। ਅਰਾਧੈ—ਅਰਾਧਦਾ ਹੈ। ਪਤਿਤ ਪਾਵਨ—ਹੇ ਪਤਿਤਾਂ ਨੂੰ ਪਵਿਤ੍ਰ ਕਰਨ ਵਾਲੇ। ਸਾਧੈ—(ਤੈਨੂੰ) ਸਾਧ ਨੂੰ। ਸਰਬ ਸੁਖ—ਹੇ ਸਾਰੇ ਸੁਖ ਦੇਣ ਵਾਲੇ। ਗੁਣ ਨਿਧਿ—ਹੇ ਗੁਣਾਂ ਦੇ ਖਜ਼ਾਨੇ। ਆਨ—(ਨਾਮ ਤੋਂ ਬਿਨਾ) ਹੋਰ। ਨਿਹ ਕਿੰਚਨਾ—ਕੁਝ ਭੀ ਨਹੀਂ, ਨਿਕੰਮਾਂ।੧੪।

ਪਾਤ੍ਰੁ—ਯੋਗ ਭਾਂਡਾ। ਕਾਇਆ—ਸਰੀਰ। ਲਾਗਿ—ਛੁਹ। ਸੰਗਾਰਾ—ਸੰਗਤ ਵਿਚ। ਸੋਇ—ਸੋਭਾ। ਹਰਿ ਬਾਣੀ—ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਦਾ ਸਦਕਾ। ਨਾਮਿ—ਨਾਮ ਵਿਚ। ਮਜੀਠੈ—ਮਜੀਠ (ਦੇ ਪੱਕੇ ਰੰਗ) ਵਿਚ।੧੫।

ਸੋਲਹ ਕਲਾ—ਸੋਲ੍ਹਾਂ ਕਲਾਂ ਵਾਲਾ, ਪੂਰਨ ਤੌਰ ਤੇ। ਅਨਤ—ਅਨੰਤ। ਅਨਤ ਕਲਾ—ਬੇਅੰਤ ਤਾਕਤਾਂ ਵਾਲਾ। ਚੜਿਆ—(ਸੂਰਜ ਵਾਂਗ ਹਿਰਦੇ ਅਕਾਸ਼ ਵਿਚ) ਪ੍ਰਗਟ ਹੋਇਆ। ਅਨਦ ਬਿਨੋਦ—ਅਨੰਦ ਖੁਸ਼ੀਆਂ। ਅੰਮ੍ਰਿਤ ਰਸੁ—ਆਤਮਕ ਜੀਵਨ ਦੇਣ ਵਾਲਾ ਨਾਮ ਰਸ। ਭੁੰਚਨਾ—ਭੋਗਦਾ ਹੈ, ਮਾਣਦਾ ਹੈ।੧੬।

ਅਰਥ :—

ਪ੍ਰ:—ਸ੍ਰੀ ਜੀਉ ! ਸਾਡੀ ਮਨੋ ਬ੍ਰਿਤੀ ਤਾਂ ਜਗਤ ਵਿਚ ਭਿੰਨ ਭਿੰਨ ਰੂਪ ਤੱਕਦੀ ਹੈ, ਭਾਵ ਕਿਸੇ ਨੂੰ ਮਿੱਤ੍ਰ ਕਿਸੇ ਨੂੰ ਵੈਰ ਭਾਵ ਨਾਲ ਵੇਖਦੀ ਹੈ, ਪਰ ਨਾਮ ਸਿਮਰਨ ਦੀ ਬਰਕਤ ਨਾਲ ਆਪ ਜੀ ਨੂੰ ਸੰਸਾਰ ਕਿਵੇਂ ਪ੍ਰਤੀਤ ਹੋ ਰਿਹਾ ਹੈ ?

37. **ਉ:**—ਹੇ ਭਾਈਓ ! (ਸਾਰੇ ਹੀ ਸੰਸਾਰ ਵਿਚ) ਮੈਂ (ਤਾਂ) ਜੋ ਕੁਝ ਭੀ ਤਕਦਾ ਹਾਂ ਸਭ ਕੁਝ ਮਾਲਕ ਪ੍ਰਭੂ (ਦਾ ਹੀ ਰੂਪ) ਦਿਸਦਾ ਹੈ।

38. ਅਤੇ ਜੋ ਕੁਝ (ਭੀ) ਮੈਂ ਸੁਣਦਾ ਹਾਂ (ਮੈਨੂੰ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ) ਹਰ ਥਾਂ ਪ੍ਰਭੂ ਹੀ ਆਪ ਬੋਲ ਰਿਹਾ ਹੈ।

39. ਅਤੇ ਹੇ ਪ੍ਰਭੂ ! ਜੋ ਕੁਝ ਜੀਵ ਕਰਦੇ ਹਨ, ਉਹ ਤੂੰ ਹੀ ਕਰਾ ਰਿਹਾ ਹੈਂ, ਤੂੰ ਸ਼ਰਨ ਪਿਆਂ ਦੀ ਸਹਾਇਤਾ ਕਰਨ ਵਾਲਾ ਹੈਂ, ਤੂੰ ਆਪਣੇ ਸੰਤਾਂ ਦਾ ਸਹਾਰਾ ਰੂਪ ਹੈਂ।੧੩।

40-41. ਹੇ ਭਾਈ ! ਮੇਰੇ ਵਲੋਂ ਤਾਂ ਅਰਦਾਸ ਭੀ ਸਦਾ ਇਉਂ ਹੀ ਹੋਇਆ ਕਰਦੀ ਹੈ ਕਿ, ਹੇ ਪ੍ਰਭੂ ! ਪਤਿਤ ਪਾਵਨ, ਹੇ ਪੂਰਨ ਸਾਧ ਪ੍ਰਭੂ (ਤੇਰੇ ਦਰ ਦਾ) ਮੰਗਤਾ (ਦਾਸ) ਤੈਥੋਂ ਹੀ ਮੰਗਦਾ ਹੈ ਅਤੇ ਤੈਨੂੰ ਹੀ ਅਰਾਧਦਾ ਹੈ।

42. ਹੇ ਸਾਰੇ ਸੁੱਖ ਦੇਣ ਵਾਲੇ ਪ੍ਰਭੂ ! ਗੁਣਾਂ ਦੇ ਖਜ਼ਾਨੇ ਪ੍ਰਭੂ (ਤੇਰਾ ਦਾਸ ਤੈਥੋਂ) ਸਿਰਫ (ਤੇਰੇ ਨਾਮ ਦਾ) ਦਾਨ (ਹੀ ਮੰਗਦਾ ਹੈ), (ਕਿਉਂਕਿ) ਹੋਰ ਮੰਗਾਂ ਮੰਗਣੀਆਂ ਨਿਕੰਮੀਆਂ ਹਨ।੧੪।

ਪ੍ਰ:—ਸ੍ਰੀ ਜੀਉ ! ਸਾਡਾ ਸਰੀਰ ਤਾਂ ਵਿਕਾਰਾਂ ਵਿਚ ਖੱਚਤ ਹੋਇਆ ਸਦਾ ਹੀ ਮਲੀਨ ਰਹਿੰਦਾ ਹੈ, ਸਾਨੂੰ ਨਾਮ ਦੀ ਪਵਿਤ੍ਰ ਦਾਤ ਕਿਵੇਂ ਮਿਲ ਸਕਦੀ ਹੈ ?

43. **ਉ:**—ਹੇ ਪਿਆਰੇ ! ਜਿਸ ਮਨੁੱਖ ਨੂੰ ਸਾਧ ਸੰਗਤ ਵਿਚ ਛੁਹ ਲਗ ਜਾਂਦੀ ਹੈ।

44. ਹੇ ਭਾਈ ! ਸਮਰੱਥ ਪ੍ਰਭੂ ਉਸ ਦੇ ਸਰੀਰ ਨੂੰ (ਨਾਮ ਦੀ ਦਾਤ ਹਾਸਲ ਕਰਨ ਲਈ) ਯੋਗ ਭਾਂਡਾ ਬਣਾ ਦੇਂਦਾ ਹੈ।

45. ਐ ਪਿਆਰੇ ! ਪ੍ਰਮੇਸ਼ਰ ਦੀ ਸਿਫਤ ਸਲਾਹ ਵਾਲੀ ਬਾਣੀ ਦੀ ਰਾਹੀਂ ਉਸ ਮਨੁੱਖ ਦੀ ਚੰਗੀ ਸੋਭਾ ਬਣ ਜਾਂਦੀ ਹੈ, ਉਸ ਦਾ ਮਨ ਮਜੀਠ (ਦੇ ਪੱਕੇ ਰੰਗ ਵਰਗੇ) ਨਾਮ ਰੰਗ ਵਿਚ ਰੰਗਿਆ ਜਾਂਦਾ ਹੈ।੧੫।

ਪ੍ਰ:—ਗੁਰਦੇਵ ਜੀਉ ! ਸਾਡੇ ਹਿਰਦੇ ਅੰਦਰ ਤਾਂ ਅਗਿਆਨਤਾ ਦਾ ਅੰਧੇਰਾ ਛਾਇਆ ਹੋਇਆ ਹੈ, ਸਾਡਾ ਇਹ ਜੀਵਨ ਸਫਲ ਕਿਵੇਂ ਹੋ ਸਕਦਾ ਹੈ ?

46. **ਉ:**—ਹੇ ਪਿਆਰੇ ! ਜਿਸ ਮਨੁੱਖ ਦੇ ਹਿਰਦੇ ਅਕਾਸ਼ ਵਿਚ ਬੇਅੰਤ ਤਾਕਤਾਂ ਵਾਲਾ ਸੂਰਜ ਪ੍ਰਭੂ ਚੜ੍ਹ ਪੈਂਦਾ ਹੈ (ਭਾਵ, ਪ੍ਰਭੂ ਪ੍ਰਗਟ ਹੋ ਜਾਂਦਾ ਹੈ)।

47. ਉਸ ਦਾ ਜੀਵਨ ਮੁਕੰਮਲ ਤੌਰ ਤੇ ਸਫਲ ਹੋ ਜਾਂਦਾ ਹੈ।

48. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਨਾਮ ਦੀ ਬਰਕਤ ਨਾਲ ਉਸ ਮਨੁੱਖ ਦੇ ਅੰਦਰ ਅਨੰਦ ਖੁਸ਼ੀਆਂ ਤੇ ਸੁਖ ਬਣੇ ਰਹਿੰਦੇ ਹਨ ਉਹ ਮਨੁੱਖ ਸਦਾ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਰਸ ਮਾਣਦਾ ਰਹਿੰਦਾ ਹੈ।੧੬।੨।੯।

ਭਾਵਾਰਥ :–ਇਸ ਮਹਾਂਵਾਕ ਦੁਆਰੇ ਅਰਦਾਸ ਕਰਦੇ ਹਨ ਕਿ, ਹੇ ਹਰੀ ! ਸਾਨੂੰ ਆਪਣਾ ਨਾਮ ਦੇ ਕੇ ਸਦਾ ਲਈ ਆਪਣਾ ਬਣਾ ਲਓ ।

ਮਾਰੂ ਸੋਲਹੇ ਮਹਲਾ ੫

੧ ੴ ਸਤਿਗੁਰ ਪ੍ਰਸਾਦਿ ॥

1. **ਤੂ ਸਾਹਿਬੁ ਹਉ ਸੇਵਕੁ ਕੀਤਾ ॥**
2. **ਜੀਉ ਪਿੰਡੁ ਸਭੁ ਤੇਰਾ ਦੀਤਾ ॥**
3. **ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ ॥੧॥**
4. **ਤੁਮਹਿ ਪਠਾਏ ਤਾ ਜਗ ਮਹਿ ਆਏ ॥**
5. **ਜੋ ਤੁਧੁ ਭਾਣਾ ਸੇ ਕਰਮ ਕਮਾਏ ॥**
6. **ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥੨॥**
7. **ਊਹਾ ਹੁਕਮੁ ਤੁਮਾਰਾ ਸੁਣੀਐ ॥**
8. **ਈਹਾ ਹਰਿ ਜਸੁ ਤੇਰਾ ਭਣੀਐ ॥**
9. **ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥੩॥**
10. **ਤੂ ਪਿਤਾ ਸਭਿ ਬਾਰਿਕ ਥਾਰੇ ॥**
11. **ਜਿਉ ਖੇਲਾਵਹਿ ਤਿਉ ਖੇਲਣਹਾਰੇ ॥**
12. **ਉਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ ॥੪॥**

ਪਦ ਅਰਥ :–ਹਉ–ਹਉਂ, ਮੈਂ । ਜੀਉ–ਜਿੰਦ । ਪਿੰਡੁ–ਸਰੀਰ । ਸਭੁ–ਹਰ ਥਾਂ । ਅਸਾੜਾ–ਸਾਡਾ ।੧।

ਤੁਮਹਿ–ਤੂੰ (ਆਪ) ਹੀ । ਪਠਾਏ–ਭੇਜੇ, ਘੱਲੇ । ਤੁਧੁ ਭਾਣਾ–ਤੈਨੂੰ ਚੰਗਾ ਲਗਾ । ਸੇ–ਉਹ । ਤੇ–ਤੋਂ । ਤਾ ਭੀ–ਇਤਨਾ ਖਲਜਗਨ ਹੁੰਦਿਆਂ ਭੀ । ਕਾੜਾ–ਚਿੰਤਾ, ਫ਼ਿਕਰ ।੨।

ਊਹਾ–ਉਥੇ, ਉਸ ਲੋਕ ਵਿਚ,ਪ੍ਰਲੋਕ ਵਿਚ । ਸੁਣੀਐ–ਸੁਣਿਆਂ ਜਾਂਦਾ ਹੈ । ਈਹਾ–ਇਥੇ, ਇਸ ਲੋਕ ਵਿਚ । ਭਣੀਐ–ਉਚਾਰਿਆ ਜਾਂਦਾ ਹੈ । ਆਪੇ ਲੇਖ–ਤੂੰ ਆਪ ਹੀ ਲੇਖੇ ਲਿਖਣ ਵਾਲਾ । ਅਲੇਖੈ-(ਤੂੰ) ਲੇਖੇ ਤੋਂ ਬਾਹਰ । ਸਿਉ–ਨਾਲ । ਝਾੜਾ–ਝੇੜਾ, ਝਗੜਾ ।੩।

ਸਭਿ–ਸਾਰੇ । ਥਾਰੇ–ਤੇਰੇ । ਉਝੜੁ–ਔਝੜ, ਕੁਰਾਹ । ਮਾਰਗੁ–(ਸਿਧਾ) ਰਸਤਾ । ਵੇਪਾੜਾ–ਉਲਟੇ ਰਾਹੇ । ਕੋ–ਕੋਈ ਮਨੁੱਖ ।੪।

ਅਰਥ –

ਪ੍ਰ:–ਸ੍ਰੀ ਜੀਉ ! ਅਸੀਂ ਕਲਜੁਗੀ ਜੀਵ ਮਲੀਨ ਬੁਧੀ ਵਾਲੇ ਹਾਂ ਸਾਨੂੰ ਉਸ ਸਾਈਂ ਜੀ ਅਗੇ ਜੋਦੜੀਆਂ ਕਰਦੇ ਰਹਿਣ ਦੀ ਜਾਚ ਦਸਣਾ ਕਰੋ ?

1. ਉ:–ਹੇ ਭਾਈਓ ! ਨਿਮ੍ਰਤਾ ਸਹਿਤ ਹੋ ਇਉਂ ਬੇਨਤੀਆਂ ਕਰਦੇ ਰਹੋ ਕਿ, ਹੇ ਪ੍ਰਭੂ ! ਤੂੰ (ਮੇਰਾ) ਮਾਲਕ ਹੈਂ, ਮੈਂ ਤੇਰਾ ਪੈਦਾ ਕੀਤਾ ਹੋਇਆ ਸੇਵਕ ਹਾਂ ।
2. ਇਹ ਜਿੰਦ ਇਹ ਸਰੀਰ ਸਭ ਕੁਝ ਤੇਰਾ ਦਿਤਾ ਹੋਇਆ ਹੈ ।
3. ਹੇ ਪ੍ਰਭੂ ! (ਜਗਤ ਵਿਚ) ਸਭ ਕੁਝ ਕਰਨ ਵਾਲਾ ਤੂੰ ਹੀ ਹੈਂ, (ਜੀਵਾਂ ਪਾਸੋਂ) ਕਰਾਣ ਵਾਲਾ ਭੀ ਤੂੰ ਹੀ ਹੈਂ, ਅਸਾਂ ਜੀਵਾਂ ਦਾ ਕੁਝ (ਭੀ) ਜੋਰ ਨਹੀਂ ਚਲ ਸਕਦਾ ।੧।
4. ਹੇ ਸਾਈਆਂ ਜੀਉ ! ਤੂੰ ਹੀ (ਜੀਵਾਂ ਨੂੰ) ਭੇਜਦਾ ਹੈਂ, ਤਾਂ (ਇਹ) ਜਗਤ ਵਿਚ ਆਉਂਦੇ ਹਨ ।
5. ਜੋ ਤੈਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਦੇ ਕਰਮ ਜੀਵ ਕਰਦੇ ਹਨ ।
6. ਹੇ ਪ੍ਰਭੂ ! ਤੇਰੇ ਹੁਕਮ ਤੋਂ ਬਾਹਰ ਕੁਝ ਭੀ ਨਹੀਂ ਹੋ ਸਕਦਾ, ਇਤਨਾ ਖਲਜਗਨ ਹੁੰਦਿਆਂ ਭੀ ਤੈਨੂੰ ਕੋਈ ਚਿੰਤਾ ਫਿਕਰ ਨਹੀਂ ਹੈ ।੨।
7. ਹੇ ਸਾਈਆਂ ਜੀਉ ! ਪ੍ਰਲੋਕ ਵਿਚ ਭੀ ਤੇਰਾ (ਹੀ) ਹੁਕਮ (ਚਲ ਰਿਹਾ) ਸੁਣਿਆਂ ਜਾ ਰਿਹਾ ਹੈ ।
8. ਇਸ ਲੋਕ ਵਿਚ ਭੀ ਤੇਰੀ ਸਿਫਤ ਸਲਾਹ ਉਚਾਰੀ ਜਾ ਰਹੀ ਹੈ ।
9. ਹੇ ਪ੍ਰਭੂ ਜੀ ! ਤੂੰ ਆਪ ਹੀ (ਜੀਵਾਂ ਦੇ ਕੀਤੇ ਕਰਮਾਂ ਦੇ) ਲੇਖੇ (ਲਿਖਣ ਵਾਲਾ ਹੈਂ) ਤੂੰ ਆਪ ਹੀ ਲੇਖੇ ਤੋਂ ਬਾਹਰ ਹੈਂ ਤੇਰੇ ਨਾਲ ਕੋਈ ਜੀਵ ਝਗੜਾ ਨਹੀਂ ਪਾ ਸਕਦੇ ।੩।
10. ਹੇ ਪ੍ਰਭੂ ! ਤੂੰ (ਸਾਰੇ ਜੀਵਾਂ ਦਾ) ਪਿਤਾ ਹੈਂ, ਸਾਰੇ (ਜੀਵ) ਤੇਰੇ ਬੱਚੇ ਹਨ ।
11. ਜਿਵੇਂ ਤੂੰ (ਇਨ੍ਹਾਂ ਬਚਿਆਂ ਨੂੰ) ਖਿਡਾਂਦਾ ਹੈਂ, ਤਿਵੇਂ ਹੀ ਇਹ ਖੇਡ ਸਕਦੇ ਹਨ ।
12. ਹੇ ਸਾਈਆਂ ਜੀਉ ! ਗਲਤ ਰਸਤਾ ਤੇ ਠੀਕ ਰਸਤਾ ਸਭ ਕੁਝ ਤੂੰ ਆਪ ਹੀ ਬਣਾਇਆ ਹੋਇਆ ਹੈ, ਕੋਈ ਭੀ ਜੀਵ (ਆਪਣੇ ਆਪ) ਗਲਤ ਰਸਤੇ ਉਤੇ ਤੁਰ ਨਹੀਂ ਸਕਦਾ ।੪।
13. **ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥**
14. **ਇਕਿ ਪਠਾਏ ਦੇਸ ਦਿਸੰਤਰਿ ॥**
15. **ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ ॥੫॥**
16. **ਕਵਨ ਸੁ ਮੁਕਤੀ ਕਵਨ ਸੁ ਨਰਕਾ ॥**
17. **ਕਵਨੁ ਸੈਸਾਰੀ ਕਵਨੁ ਸੁ ਭਗਤਾ ॥**
18. **ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ ॥੬॥**
19. **ਹੁਕਮੇ ਮੁਕਤੀ ਹੁਕਮੇ ਨਰਕਾ ॥**
20. **ਹੁਕਮਿ ਸੈਸਾਰੀ ਹੁਕਮੇ ਭਗਤਾ ॥**

21. ਹੁਕਮੇ ਹੋਛਾ ਹੁਕਮੇ ਦਾਨਾ
ਦੂਜਾ ਨਾਹੀ ਅਵਰੁ ਧੜਾ ॥੭॥
22. ਸਾਗਰੁ ਕੀਨਾ ਅਤਿ ਤੁਮ ਭਾਰਾ ॥
23. ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥
24. ਇਕਨਾ ਪਾਰਿ ਲੰਘਾਵਹਿ ਆਪੇ
ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥

ਪਦ ਅਰਥ :–ਇਕਿ–ਕਈ। ਗ੍ਰਿਹ–ਘਰ। ਪਠਾਏ–ਭੇਜੇ। ਦੇਸ ਦਿਸੰਤਰਿ–ਦੇਸ਼ ਦੇਸ ਅੰਤਰਿ, ਹੋਰ ਹੋਰ ਦੇਸ਼ਾਂ ਵਿਚ। ਇਕ ਹੀ ਕਉ–ਕਈਆਂ ਨੂੰ। ਇਨ ਮਹਿ–ਤੇਰੇ ਇਨ੍ਹਾਂ ਕੰਮਾਂ ਵਿਚ। ਕੂੜਾ–ਝੂਠਾ, ਗਲਤ। ਕਿਆ ਕਹੀਐ–ਕੀ ਕਿਹਾ ਜਾ ਸਕਦਾ ਹੈ ? ਨਹੀਂ ਕਿਹਾ ਜਾ ਸਕਦਾ।੫।

ਕਵਨ–ਕੌਣ ? ਕਿਹੜੀ ?। ਸੈਸਾਰੀ–ਗ੍ਰਿਹਸਤੀ। ਦਾਨਾ–ਸਿਆਣਾ। ਹੋਛਾ–ਮੂਰਖ, ਕਾਹਲੇ ਸੁਭਾਉ ਵਾਲਾ। ਸੁਰਤਾ–ਉਚੀ ਸੁਰਤਿ ਵਾਲਾ, ਉਚੀ ਸੂਝ ਵਾਲਾ। ਜੜਾ–ਜੜ੍ਹ, ਮੂਰਖ।੬।

ਹੁਕਮੇ–(ਤੇਰੇ) ਹੁਕਮ ਵਿਚ ਹੀ। ਹੁਕਮਿ–ਹੁਕਮ ਅਨੁਸਾਰ। ਧੜਾ–(ਹਰ ਮੁਕਾਬਲੇ ਤੇ) ਬਲ ਵਾਲਾ।੭।

ਸਾਗਰੁ–ਸਮੁੰਦਰ। ਅਤਿ ਭਾਰਾ–ਬਹੁਤ ਵਡਾ। ਖੜੇ–ਪਾ ਦਿਤੇ, ਭੇਜ ਦਿਤੇ। ਰਸਾਤਲਿ–ਨਰਕ ਵਿਚ। ਕਰਿ–ਕਰ ਕੇ, ਬਣਾ ਕੇ। ਮਨਮੁਖ–ਮਨ ਦੇ ਮੁਰੀਦ। ਗਾਵਾਰਾ–ਮੂਰਖ। ਲੰਘਾਵਹਿ–ਤੂੰ ਲੰਘਾਂਦਾ ਹੈਂ। ਸਚੁ–ਸਦਾ ਕਾਇਮ ਰਹਿਣ ਵਾਲਾ। ਬੇੜਾ–ਜਹਾਜ਼।੮।

ਅਰਥ :–

ਪ੍ਰ:–ਹੇ ਗੁਰੋ ! ਅਸੀਂ ਜੀਵ ਤਾਂ ਮੋਟੀ ਸਮਝ ਰਖਦੇ ਹਾਂ, ਜਿਸ ਕਰ ਕੇ ਉਸ ਦੀ ਕੁਦਰਤ ਦੀ ਗੁਪਤ ਸ਼ਕਤੀ ਨੂੰ ਨਹੀਂ ਅਨੁਭਵ ਕਰ ਸਕਦੇ, ਪਰ ਆਪ ਜੀ ਉਸ ਪ੍ਰਭੂ ਦੀ ਵਰਤ ਰਹੀ ਗੁਪਤ ਕਲਾ ਨੂੰ ਕਿਸ ਰੂਪ ਵਿਚ ਤਕਦੇ ਹੋ ?

13. **ਉ:**–ਹੇ ਭਾਈਓ ! ਮੈਂ ਤਾਂ ਜਿਧਰ ਭੀ ਨਜ਼ਰ ਮਾਰ ਕੇ ਤੱਕਦਾ ਹਾਂ, ਮੈਨੂੰ ਜੋ ਕੁਝ ਭੀ ਨਜ਼ਰ ਆਉਂਦਾ ਹੈ, ਉਹ ਮੈਂ ਉਸ ਪ੍ਰਭੂ ਜੀ ਦੇ ਸਨਮੁਖ ਹੋ ਇਉਂ ਹੀ ਉਚਾਰਨ ਕਰਦਾ ਰਹਿੰਦਾ ਹਾਂ ਕਿ, ਹੇ ਸਾਈਆਂ ਜੀਉ ! ਕਈ ਜੀਵ ਐਸੇ ਹਨ, ਜਿਨ੍ਹਾਂ ਨੂੰ ਤੂੰ ਘਰ ਵਿਚ (ਹੀ) ਬਠਾਲ ਰਖਿਆ ਹੈ।

14. ਕਈ ਐਸੇ ਹਨ, ਜਿਨ੍ਹਾਂ ਨੂੰ ਤੂੰ ਹੋਰ ਹੋਰ ਦੇਸ਼ਾਂ ਵਿਚ ਭੇਜਦਾ ਹੈਂ।

15. ਹੇ ਪ੍ਰਭੂ ਜੀਉ ! ਕਈ ਜੀਵਾਂ ਨੂੰ ਤੂੰ ਘਾਹ ਖੋਤਰਨ ਤੇ ਲਾ ਦਿਤਾ ਹੈ, ਕਈਆਂ ਨੂੰ ਤੂੰ ਰਾਜੇ ਬਣਾ ਦਿਤਾ ਹੈ, ਤੇਰੇ ਇਨ੍ਹਾਂ ਕੰਮਾਂ ਵਿਚੋਂ ਕਿਸੇ ਕੰਮ ਨੂੰ (ਭੀ) ਗਲਤ ਨਹੀਂ ਆਖਿਆ ਜਾ ਸਕਦਾ।੫।

16. ਹੇ ਸਾਈਆਂ ਜੀਉ ! ਤੇਰੇ ਹੁਕਮ ਤੋਂ ਬਾਹਰ ਨਾ ਕੋਈ ਮੁਕਤੀ ਹੈ, ਨਾ ਕੋਈ ਨਰਕ ਹੈ।

17. ਹੇ ਪ੍ਰਭੂ ! ਤੇਰੇ ਹੁਕਮ ਤੋਂ ਬਿਨਾ ਨਾ ਕੋਈ ਗ੍ਰਿਹਸਤੀ ਹੈ, ਨਾ ਕੋਈ ਭਗਤ (ਹੀ) ਬਣ ਸਕਦਾ ਹੈ।

18. ਹੇ ਸਾਈਂ ਜੀ ! ਨਾ ਕੋਈ ਵਡੇ ਜਿਗਰੇ ਵਾਲਾ ਹੈ, ਨਾ ਕੋਈ ਹੋਛੇ ਸੁਭਾਉ ਵਾਲਾ ਹੈ, ਤੇਰੇ ਹੁਕਮ ਤੋਂ ਬਿਨਾ ਨਾ ਕੋਈ ਉਚੀ ਸੂਝ ਵਾਲਾ ਹੈ ਅਤੇ ਨਾ ਹੀ ਕੋਈ ਮੂਰਖ ਹੈ।੬।

19. ਹੇ ਪ੍ਰਭੂ ਜੀਉ ! ਤੇਰੇ ਹੀ ਹੁਕਮ ਵਿਚ (ਕਿਸੇ ਨੂੰ) ਮੁਕਤੀ (ਮਿਲਦੀ) ਹੈ, ਤੇਰੇ ਹੀ ਹੁਕਮ ਵਿਚ (ਕਿਸੇ ਨੂੰ) ਨਰਕ (ਮਿਲਦਾ) ਹੈ।

20. ਤੇਰੇ ਹੀ ਹੁਕਮ ਵਿਚ ਕੋਈ ਗ੍ਰਿਹਸਤੀ ਹੈ ਤੇ ਕੋਈ ਭਗਤ ਹੈ।

21. ਹੇ ਸਾਈਂ ਜੀਉ ! ਤੇਰੇ ਹੀ ਹੁਕਮ ਵਿਚ ਕੋਈ ਕਾਹਲੇ ਸੁਭਾਉ ਵਾਲਾ ਹੈ ਤੇ ਕੋਈ ਗੰਭੀਰ ਸੁਭਾਉ ਵਾਲਾ ਹੈ, (ਹੇ ਪ੍ਰਭੂ) ਤੇਰੇ ਮੁਕਾਬਲੇ ਤੇ ਹੋਰ ਕੋਈ ਧੜਾ ਹੈ ਹੀ ਨਹੀਂ।੭।

22. ਹੇ ਮੇਰੇ ਸਾਈਆਂ ਜੀਉ ! ਇਹ ਬੇਅੰਤ ਵਡਾ ਸੰਸਾਰ ਸਮੁੰਦਰ ਤੂੰ ਆਪ ਹੀ ਬਣਾਇਆ ਹੈ।

23. (ਇਥੇ) ਕਈਆਂ ਜੀਵਾਂ ਨੂੰ ਮਨ ਦੇ ਮੁਰੀਦ ਬਣਾ ਕੇ ਭਾਵ ਮੂਰਖ ਬਣਾ ਕੇ ਤੂੰ ਆਪ ਹੀ ਨਰਕ ਵਿਚ ਪਾਂਦਾ ਹੈਂ।

24. ਕਈ ਜੀਵਾਂ ਨੂੰ ਤੂੰ ਆਪ ਹੀ (ਇਸ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈਂ, ਜਿਨ੍ਹਾਂ ਵਾਸਤੇ ਤੂੰ ਗੁਰੂ ਨੂੰ ਸਦਾ ਕਾਇਮ ਰਹਿਣ ਵਾਲਾ ਜਹਾਜ਼ ਬਣਾ ਦੇਂਦਾ ਹੈਂ।੮।

25. ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥
26. ਜੀਅ ਜੰਤ ਓਪਾਇ ਸਮਾਇਆ ॥
27. ਵੇਖੈ ਵਿਗਸੈ ਸਭਿ ਰੰਗ ਮਾਣੇ
ਰਚਨੁ ਕੀਨਾ ਇਕੁ ਆਖਾੜਾ ॥੯॥
28. ਵਡਾ ਸਾਹਿਬੁ ਵਡੀ ਨਾਈ ॥
29. ਵਡ ਦਾਤਾਰੁ ਵਡੀ ਜਿਸੁ ਜਾਈ ॥
30. ਅਗਮ ਅਗੋਚਰੁ ਬੇਅੰਤ ਅਤੋਲਾ
ਹੈ ਨਾਹੀ ਕਿਛੁ ਆਹਾੜਾ ॥੧੦॥
31. ਕੀਮਤਿ ਕੋਇ ਨ ਜਾਣੈ ਦੂਜਾ ॥
32. ਆਪੇ ਆਪਿ ਨਿਰੰਜਨ ਪੂਜਾ ॥
33. ਆਪਿ ਸੁ ਗਿਆਨੀ ਆਪਿ ਧਿਆਨੀ
ਆਪਿ ਸਤਵੰਤਾ ਅਤਿ ਗਾੜਾ ॥੧੧॥
34. ਕੇਤੜਿਆ ਦਿਨ ਗੁਪਤੁ ਕਹਾਇਆ ॥
35. ਕੇਤੜਿਆ ਦਿਨ ਸੁੰਨਿ ਸਮਾਇਆ ॥
36. ਕੇਤੜਿਆ ਦਿਨ ਧੁੰਧੂਕਾਰਾ
ਆਪੇ ਕਰਤਾ ਪਰਗਟੜਾ ॥੧੨॥

ਪਦ ਅਰਥ :-ਕਉਤਕੁ-ਖੇਲ, ਤਮਾਸ਼ਾ। ਕਾਲੁ-ਮੌਤ। ਹੁਕਮਿ-ਹੁਕਮ ਵਿਚ। ਪਠਾਇਆ-ਭੇਜਿਆ। ਉਪਾਇ-ਪੈਦਾ ਕਰ ਕੇ। ਸਮਾਇਆ-ਲੀਨ ਕਰ ਦੇਂਦਾ ਹੈ, ਮੁਕਾ ਦੇਂਦਾ ਹੈ। ਵਿਗਸੈ-ਖੁਸ਼ ਹੁੰਦਾ ਹੈ। ਸਭਿ-ਸਾਰੇ। ਮਾਣੈ-ਮਾਣਦਾ ਹੈ। ਰਚਨੁ-ਜਗਤ ਰਚਨਾਂ। ਆਖਾੜਾ-ਅਖਾੜਾ, ਪਿੜ।੯।

ਨਾਈ-ਵਡਿਆਈ। ਜਾਈ-ਥਾਂ। ਅਗਮ-ਅਪਹੁੰਚ। ਅਗੋਚਰੁ-(ਅ-ਗੋ-ਚਰੁ) ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਆਹਾੜਾ-ਮਾਪ, ਤੋਲ।੧੦।

ਆਪੇ-ਆਪ ਹੀ। ਨਿਰੰਜਨ-(ਨਿਰ-ਅੰਜਨ) ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ। ਪੂਜਾ-ਪੁੱਜਦਾ ਹੈ, ਅਪੜਦਾ ਹੈ, ਬਰਾਬਰ ਦਾ ਹੈ। ਗਿਆਨੀ-ਡੂੰਘੀ ਸਾਂਝ ਪਾਣ ਵਾਲਾ। ਧਿਆਨੀ-ਸੁਰਤਿ ਜੋੜਨ ਵਾਲਾ। ਗਾੜਾ ਸਤਵੰਤਾ-ਬਹੁਤ ਉਚੇ ਆਚਰਨ ਵਾਲਾ।੧੧।

ਕੇਤੜਿਆ ਦਿਨ-ਅਨੇਕਾਂ ਦਿਨ, ਢੇਰ ਸਮਾਂ। ਗੁਪਤੁ-ਲੁਕਿਆ ਹੋਇਆ। ਸੁੰਨਿ-ਸੁੰਞ ਵਿਚ, ਅਫੁਰ ਹਾਲਤ ਵਿਚ, ਉਸ ਹਾਲਤ ਵਿਚ ਜਿਥੇ ਕੋਈ ਫੁਰਨਾਂ ਨਹੀਂ ਉਠਦਾ। ਧੁੰਧੂਕਾਰਾ-ਹਨੇਰਾ ਹੀ ਹਨੇਰਾ, ਉਹ ਹਾਲਤ ਜੋ ਜੀਵਾਂ ਦੀ ਸਮਝ ਤੋਂ ਪਰੇ ਹੈ। ਕਰਤਾ-ਕਰਦਾ ਹੈ।੧੨।

ਅਰਥ :-

ਪ੍ਰ:-ਸ੍ਰੀ ਜੀਉ! ਇਹ ਜੋ ਪ੍ਰਭੂ ਨੇ ਜਗਤ ਰਚਿਆ ਹੈ, ਇਸ ਵਿਚ ਕੀ ਕਾਲ, ਬਲੀ ਜੀਵਾਂ ਨੂੰ ਮਾਰਨ ਵਾਸਤੇ ਸੁਤੰਤ੍ਰ ਹੈ?

25. **ਉ**:-ਹੇ ਪਿਆਰੇ! ਇਹ ਕਾਲ (ਮੌਤ ਜੋ ਪ੍ਰਭੂ ਦਾ ਬਣਾਇਆ ਇਕ) ਖਿਡੌਣਾ ਹੀ ਹੈ, (ਇਸ ਕਾਲ ਨੂੰ ਉਸ ਪ੍ਰਭੂ ਨੇ ਆਪਣੇ) ਹੁਕਮ ਅਨੁਸਾਰ (ਜਗਤ ਵਿਚ) ਭੇਜਿਆ ਹੈ। (ਭਾਵ, ਕਾਲ ਜੀਵਾਂ ਨੂੰ ਮਾਰਨ ਵਾਸਤੇ ਖੁਦ ਸੁਤੰਤਰ ਨਹੀਂ ਹੈ)।

26. ਪ੍ਰਭੂ ਆਪ ਹੀ ਸਾਰੇ ਜੀਵਾਂ ਨੂੰ ਪੈਦਾ ਕਰਕੇ ਮੁਕਾ ਦੇਂਦਾ ਹੈ।

27. ਪ੍ਰਭੂ ਆਪ ਹੀ ਇਸ ਤਮਾਸ਼ੇ ਨੂੰ ਵੇਖ ਰਿਹਾ ਹੈ (ਤੇ ਵੇਖ ਵੇਖ ਕੇ) ਖੁਸ਼ ਹੋ ਰਿਹਾ ਹੈ (ਸਭ ਜੀਵਾਂ ਵਿਚ ਵਿਆਪਕ ਹੋ ਕੇ ਆਪ ਹੀ) ਸਾਰੇ ਰੰਗ ਮਾਣ ਰਿਹਾ ਹੈ, ਇਸ ਜਗਤ ਰਚਨਾ ਨੂੰ ਉਸਨੇ ਇਕ ਅਖਾੜਾ ਬਣਾਇਆ ਹੋਇਆ ਹੈ।੯।

28. ਹੇ ਭਾਈ! ਉਹ ਮਾਲਕ ਪ੍ਰਭੂ (ਬਹੁਤ) ਵਡਾ ਹੈ, ਉਸ ਦੀ ਵਡਿਆਈ (ਭੀ ਬਹੁਤ) ਵਡੀ ਹੈ।

29. ਉਹ ਬੜਾ ਵਡਾ ਦਾਤਾ ਹੈ, ਉਸ ਦੀ ਥਾਂ (ਜਿਥੇ ਉਹ ਰਹਿੰਦਾ ਹੈ ਬਹੁਤ) ਵਡੀ ਹੈ।

30. ਹੇ ਪਿਆਰੇ! ਉਹ ਅਪਹੁੰਚ ਹੈ, ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਬੇਅੰਤ ਹੈ, ਤੋਲਿਆ ਨਹੀਂ ਜਾ ਸਕਦਾ, ਉਸ ਦੇ ਤੋਲਣ ਲਈ ਕੋਈ ਭੀ ਮਾਪ-ਤੋਲ ਨਹੀਂ ਹੈ।੧੦।

31. ਹੇ ਭਾਈ! ਹੋਰ ਕੋਈ ਭੀ ਜੀਵ ਉਸ ਦਾ ਮੁੱਲ ਨਹੀਂ ਪਾ ਸਕਦਾ।

32. ਉਹ ਨਿਰਲੇਪ ਪ੍ਰਭੂ ਆਪਣੇ ਬਰਾਬਰ ਦਾ ਆਪ ਹੀ ਹੈ।

33. ਉਹ ਆਪ ਹੀ ਆਪਣੇ ਆਪ ਨੂੰ ਜਾਨਣ ਵਾਲਾ ਹੈ, ਆਪ ਹੀ ਆਪਣੇ ਆਪ ਵਿਚ ਸਮਾਧੀ ਲਾਣ ਵਾਲਾ ਹੈ, ਉਹ ਬਹੁਤ ਹੀ ਉਚੇ ਆਚਰਨ ਵਾਲਾ ਹੈ।੧੧।

34. ਹੇ ਭਾਈ! (ਹੁਣ ਜਗਤ ਬਣਨ ਤੇ ਸਿਆਣੇ) ਆਖਦੇ ਹਨ ਕਿ ਬੇਅੰਤ ਸਮਾਂ ਉਹ ਗੁਪਤ ਹੀ ਰਿਹਾ।

35. ਬੇਅੰਤ ਸਮਾਂ ਉਹ ਅਫੁਰ ਅਵਸਥਾ ਵਿਚ ਟਿਕਿਆ ਰਿਹਾ।

36. ਬੇਅੰਤ ਸਮਾਂ ਇਕ ਐਸੀ ਅਵਸਥਾ ਬਣੀ ਰਹੀ, ਜੋ ਜੀਵਾਂ ਦੀ ਸਮਝ ਤੋਂ ਪਰੇ ਹੈ, ਫਿਰ ਉਸ ਨੇ ਆਪਣੇ ਆਪ ਨੂੰ ਆਪ ਹੀ (ਜਗਤ ਰੂਪ ਵਿਚ) ਪ੍ਰਗਟ ਕਰ ਲਿਆ।੧੨।

37. ਆਪੇ ਸਕਤੀ ਸਬਲੁ ਕਹਾਇਆ ॥
38. ਆਪੇ ਸੂਰਾ ਅਮਰੁ ਚਲਾਇਆ ॥
39. ਆਪੇ ਸਿਵ ਵਰਤਾਈਅਨੁ ਅੰਤਰਿ
ਆਪੇ ਸੀਤਲੁ ਠਾਰੁ ਗੜਾ ॥੧੩॥
40. ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥
41. ਨਾਮੁ ਵਸੈ ਤਿਸੁ ਅਨਹਦ ਵਾਜੇ ॥
42. ਤਿਸ ਹੀ ਸੁਖੁ ਤਿਸ ਹੀ ਠਕੁਰਾਈ
ਤਿਸਹਿ ਨ ਆਵੈ ਜਮੁ ਨੇੜਾ ॥੧੪॥
43. ਕੀਮਤਿ ਕਾਗਦ ਕਹੀ ਨ ਜਾਈ ॥
44. ਕਹੁ ਨਾਨਕ ਬੇਅੰਤ ਗੁਸਾਈ ॥
45. ਆਦਿ ਮਧਿ ਅੰਤਿ ਪ੍ਰਭੁ ਸੋਈ
ਹਾਥਿ ਤਿਸੈ ਕੈ ਨੇਬੇੜਾ ॥੧੫॥
46. ਤਿਸਹਿ ਸਰੀਕੁ ਨਾਹੀ ਰੇ ਕੋਈ ॥
47. ਕਿਸ ਹੀ ਬੁਤੈ ਜਬਾਬੁ ਨ ਹੋਈ ॥
48. ਨਾਨਕ ਕਾ ਪ੍ਰਭੁ ਆਪੇ ਆਪੇ
ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥

ਪਦ ਅਰਥ :-ਆਪੇ-ਆਪ ਹੀ। ਸਬਲੁ-ਸ-ਬਲ, ਬਲ ਵਾਲਾ (ਪ੍ਰਮਾਤਮਾਂ)। ਸਕਤੀ-ਸ਼ਕਤੀ, ਮਾਇਆ। ਸੂਰਾ-ਸੂਰਮਾਂ। ਅਮਰੁ-ਹੁਕਮ। ਸਿਵ-ਸ਼ਿਵ, ਸੁਖ, ਸ਼ਾਂਤੀ। ਵਰਤਾਈਅਨੁ-ਉਸ ਨੇ ਵਰਤਾਈ ਹੋਈ ਹੈ। ਅੰਤਰਿ-(ਸਭ ਦੇ) ਅੰਦਰ। ਠਾਰੁ ਗੜਾ-ਗੜੇ ਵਰਗਾ ਠੰਡਾ ਠਾਰ।੧੩।

ਜਿਸਹਿ-ਜਿਸ ਨੂੰ। ਨਿਵਾਜੇ-ਬਖਸ਼ਸ਼ ਕਰਦਾ ਹੈ। ਗੁਰਮੁਖਿ ਸਾਜੇ-ਗੁਰੂ ਦੀ ਸ਼ਰਨ ਪਾ ਕੇ ਨਵੀਂ ਆਤਮਕ ਘਾੜਤ ਘੜਦਾ ਹੈ। ਤਿਸੁ-ਉਸ ਦੇ (ਹਿਰਦੇ ਵਿਚ)। ਅਨਹਦ-ਇਕ ਰਸ, ਲਗਾਤਾਰ। ਠਕੁਰਾਈ-ਸਰਦਾਰੀ, ਉਚਤਾ।੧੪।

ਕਾਗਦ–ਕਾਗਜ਼ਾਂ ਉਤੇ। ਗੁਸਾਈ–ਧਰਤੀ ਦਾ ਖਸਮ ਪ੍ਰਭੂ। ਹਾਥਿ–ਹੱਥ ਵਿਚ। ਤਿਸੈ ਕੈ ਹਾਥਿ–ਉਸ ਦੇ ਹੱਥ ਵਿਚ। ਨੇਬੇੜਾ–ਫੈਸਲਾ।੧੫।

ਰੇ–ਹੇ ਭਾਈ। ਤਿਸਹਿ ਸਰੀਕੁ–ਉਸ (ਪ੍ਰਭੂ) ਦਾ ਸ਼ਰੀਕ (ਬਰਾਬਰ ਦਾ)। ਬੁਤਾ–ਬੁੱਤਾ, ਕੰਮ। ਬੁਤੈ–ਬੁੱਤੈ, ਕੰਮ ਵਿਚ। ਕਿਸਹੀ ਬੁਤੈ–(ਉਸ ਦੇ) ਕਿਸੇ ਭੀ ਕੰਮ ਵਿਚ। ਜਬਾਬੁ–ਉਜ਼ਰ,ਇਨਕਾਰ। ਕਰਿ–ਕਰਕੇ। ਚੋਜ–ਤਮਾਸ਼ੇ।੧੬।

ਅਰਥ :–

ਪ੍ਰ:–ਸ੍ਰੀ ਜੀਉ ! ਕੀ, ਪ੍ਰਮੇਸ਼ਰ ਤੇ ਪ੍ਰਮੇਸ਼ਰ ਦੀ ਮਾਇਆ ਇਕੋ ਰੂਪ ਹਨ, ਜਾਂ ਕਿ ਇਹ ਦੋਵੇਂ ਭਿੰਨ ਭਿੰਨ ਮੰਨੇ ਜਾਂਦੇ ਹਨ ?

37. ਉ:–ਹੇ ਭਾਈਓ ! ਅਸਲ ਵਿਚ ਬਲਵਾਨ ਪ੍ਰਮਾਤਮਾਂ ਆਪ ਹੀ (ਆਪਣੇ ਆਪ ਨੂੰ) ਮਾਇਆ ਅਖਵਾ ਰਿਹਾ ਹੈ।

38. ਉਹ ਸੂਰਮਾਂ ਪ੍ਰਭੂ ਆਪ ਹੀ (ਸਾਰੇ ਜਗਤ ਵਿਚ) ਹੁਕਮ ਚਲਾ ਰਿਹਾ ਹੈ।

39. (ਸਭ ਜੀਵਾਂ ਦੇ) ਅੰਦਰ ਉਸ ਨੇ ਆਪ ਹੀ ਸੁਖ ਸ਼ਾਂਤੀ ਵਰਤਾਈ ਹੋਈ ਹੈ, (ਕਿਉਂਕਿ) ਉਹ ਆਪ ਹੀ ਗੜੇ ਵਰਗਾ ਸੀਤਲ ਠੰਡਾ ਠਾਰ ਹੈ।੧੩।

ਪ੍ਰ:–ਸ੍ਰੀ ਜੀਉ ! ਮਨੁੱਖ ਦੀ ਆਤਮਕ ਘਾੜਤ ਕਿਵੇਂ ਘੜੀ ਜਾਂਦੀ ਹੈ।੧੩।

40. ਉ:–ਐ ਪਿਆਰੇ ! ਜਿਸ ਮਨੁੱਖ ਉਤੇ ਪ੍ਰਮੇਸ਼ਰ ਮਿਹਰ ਕਰਦਾ ਹੈ, ਉਸ ਨੂੰ ਗੁਰੂ ਦੀ ਸ਼ਰਨ ਪਾ ਕੇ ਉਸ ਦੀ ਨਵੀਂ ਆਤਮਕ ਘਾੜਤ ਘੜਦਾ ਹੈ।

41. ਹੇ ਭਾਈ ! ਉਸ (ਮਨੁੱਖ) ਦੇ ਅੰਦਰ ਪ੍ਰਮੇਸ਼ਰ ਦਾ ਨਾਮ ਆ ਵਸਦਾ ਹੈ, (ਮਾਨੋ) ਉਸ ਦੇ ਅੰਦਰ ਇਕ ਰਸ ਵਾਜੇ (ਵਜ ਪੈਂਦੇ ਹਨ)।

42. ਹੇ ਪਿਆਰੇ ! ਉਸੇ ਮਨੁੱਖ ਨੂੰ ਸਦਾ ਆਤਮਕ ਅਨੰਦ ਪ੍ਰਾਪਤ ਰਹਿੰਦਾ ਹੈ, ਉਸੇ ਪੁਰਸ਼ ਨੂੰ (ਲੋਕ ਪ੍ਰਲੋਕ ਵਿਚ) ਆਤਮਕ ਉੱਚਤਾ ਮਿਲ ਜਾਂਦੀ ਹੈ, ਜਮਰਾਜ ਉਸ ਦੇ ਨੇੜੇ ਨਹੀਂ ਢੁਕਦਾ, (ਮੌਤ ਦਾ ਡਰ, ਆਤਮਕ ਮੌਤ ਉਸ ਉਤੇ ਅਸਰ ਨਹੀਂ ਪਾ ਸਕਦੀ)।੧੪।

ਪ੍ਰ:–ਕਿਉਂ ਜੀ ! ਕੀ, ਉਸ ਨੂੰ ਕਿਸੇ ਕੀਮਤ ਦੁਆਰੇ ਨਹੀਂ ਪਾਇਆ ਜਾ ਸਕਦਾ ?

43. ਉ:–ਹੇ ਭਾਈ ! ਕਾਗਜ਼ਾਂ ਉਤੇ (ਲਿਖ ਕੇ) ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

44 ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਸ੍ਰਿਸ਼ਟੀ ਦਾ ਮਾਲਕ ਪ੍ਰਭੂ ਬੇਅੰਤ ਹੈ।

45. ਹੇ ਭਾਈ ! ਜਗਤ ਦੇ ਸ਼ੁਰੂ ਵਿਚ, ਹੁਣ ਅੰਤ ਵਿਚ ਭੀ ਉਹੀ ਕਾਇਮ ਰਹਿਣ ਵਾਲਾ ਹੈ, ਜੀਵਾਂ ਦੇ ਕਰਮਾਂ ਦਾ ਫੈਸਲਾ ਉਸੇ ਦੇ ਹੱਥ ਵਿਚ ਹੈ।੧੫।

46. ਹੇ ਭਾਈ ! ਕੋਈ ਭੀ ਜੀਵ ਉਸ (ਪ੍ਰਮਾਤਮਾਂ) ਦੇ ਬਰਾਬਰ ਦਾ ਨਹੀਂ ਹੈ।

47. ਉਸ ਦੇ ਕਿਸੇ ਭੀ ਕੰਮ ਵਿਚ ਕਿਸੇ ਪਾਸੋਂ ਇਨਕਾਰ ਨਹੀਂ ਹੋ ਸਕਦਾ।

48. ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, (ਹੇ ਭਾਈ ! ਉਹ) ਪ੍ਰਭੂ (ਹਰ ਥਾਂ) ਆਪ ਹੀ ਆਪ ਹੈ ਉਹ ਆਪ ਹੀ ਤਮਾਸ਼ੇ ਕਰ ਕਰ ਕੇ ਖੜਾ ਆਪ ਹੀ ਵੇਖ ਰਿਹਾ ਹੈ।੧੬।੧।੧੦।

ਭਾਵਾਰਥ :–ਇਸ ਸੋਲਹੇ ਅੰਦਰ ਉਸ ਹਰੀ ਪ੍ਰਮੇਸ਼ਰ ਦੀ ਉਸਤਤਿ ਕਰਦੇ ਹਨ ਕਿ, ਉਹ ਪ੍ਰਮਾਤਮਾਂ ਹੀ ਸਰਬ ਕਲਾ ਸਮਰੱਥ ਹੈ।

ਮਾਰੂ ਮਹਲਾ ੫ ॥

1. ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥
2. ਮਧੁਸੂਦਨ ਦਾਮੋਦਰ ਸੁਆਮੀ ॥
3. ਰਿਖੀਕੇਸ ਗੋਵਰਧਨ ਧਾਰੀ
ਮੁਰਲੀ ਮਨੋਹਰ ਹਰਿ ਰੰਗਾ ॥੧॥
4. ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥
5. ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥
6. ਜਗਜੀਵਨ ਅਬਿਨਾਸੀ ਠਾਕੁਰ
ਘਟ ਘਟ ਵਾਸੀ ਹੈ ਸੰਗਾ ॥੨॥
7. ਧਰਣੀਧਰ ਈਸ ਨਰ ਸਿੰਘ ਨਾਰਾਇਣ ॥
8. ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥
9. ਬਾਵਨ ਰੂਪੁ ਕੀਆ ਤੁਧੁ ਕਰਤੇ
ਸਭ ਹੀ ਸੇਤੀ ਹੈ ਚੰਗਾ ॥੩॥
10. ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥
11. ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥
12. ਸਹਸ ਨੇਤ੍ਰ ਮੂਰਤਿ ਹੈ ਸਹਸਾ
ਇਕੁ ਦਾਤਾ ਸਭ ਹੈ ਮੰਗਾ ॥੪॥

ਪਦ ਅਰਥ :–ਅਚੁਤ–ਨਾ ਨਾਸ ਹੋਣ ਵਾਲਾ। ਪਰਮੇਸਰ–ਪਰਮ ਈਸਰ,ਸਭ ਤੋਂ ਵਡਾ ਮਾਲਕ। ਅੰਤਰਜਾਮੀ–ਸਭ ਦੇ ਦਿਲਾਂ ਵਿਚ ਅਪੜਨ ਵਾਲਾ। ਮਧੁ ਸੂਧਨ–ਮਧੂ ਦੈਂਤ ਨੂੰ ਮਾਰਨ ਵਾਲਾ। ਦਮੋਦਰ–(ਦਾਮ-ਉਦਰ) ਜਿਸ ਦੇ ਪੇਟ ਦੇ ਦੁਆਲੇ ਰੱਸੀ ਹੈ। ਰਿਖੀਕੇਸ–ਇੰਦ੍ਰੇ। ਈਸ–ਮਾਲਕ, ਜਗਤ ਦੇ ਗਿਆਨ ਇੰਦ੍ਰਿਆਂ ਦਾ ਮਾਲਕ। ਗੋਵਰਧਨ ਧਾਰੀ–ਗੁਵਰਧਨ ਪਹਾੜ ਨੂੰ ਚੁੱਕਣ ਵਾਲਾ। ਮੁਰਲੀ ਮਨੋਹਰ–ਸੋਹਣੀ ਮੁਰਲੀ (ਬੰਸਰੀ) ਵਾਲਾ (ਕ੍ਰਿਸ਼ਨ) ਵਾਹਿਗੁਰੂ। ਰੰਗਾ–ਅਨੇਕਾਂ ਕੌਤਕ ਤਮਾਸ਼ੇ।੧।

ਮੋਹਨ–ਮਨ ਨੂੰ ਮੋਹ ਲੈਣ ਵਾਲਾ। ਮਾਧਵ–(ਮਾਇਆ ਦਾ ਧਵ) ਮਾਇਆ ਦਾ ਪਤੀ। ਮੁਰਾਰੇ–ਮੁਰ ਦੈਂਤ ਦਾ ਵੈਰੀ (ਮੁਰ-ਅਰ)। ਜਗਦੀਸੁਰ–ਜਗਤ ਦਾ ਈਸ਼ੂਰ। ਅਸੁਰ ਸੰਘਾਰੇ–ਦੈਂਤਾਂ ਦਾ ਨਾਸ ਕਰਨ ਵਾਲਾ। ਜਗਜੀਵਨ–ਜਗਤ

ਦਾ ਜੀਵਨ, ਆਸਰਾ। ਘਟ ਘਟ ਵਾਸੀ–ਸਭਨਾਂ ਸਰੀਰਾਂ ਵਿਚ ਵਸਣ ਵਾਲਾ। ਸੰਗਾ–ਸੰਗਿ, ਨਾਲ ।੨।

ਧਰਣੀ ਧਰ–ਧਰਤੀ ਦਾ ਸਹਾਰਾ । ਈਸ–ਈਸ਼, ਮਾਲਕ। ਨਾਰਾਇਣ–(ਨਾਰ–ਜਲ। ਅਯਨ–ਘਰ) ਜਿਸਦਾ ਘਰ ਪਾਣੀ (ਸਮੁੰਦਰ) ਵਿਚ ਹੈ। ਦਾੜਾ ਅਗ੍ਰੇ–ਦਾੜ੍ਹਾਂ ਦੇ ਉੱਤੇ । ਪ੍ਰਿਥਮਿ–ਧਰਤੀ । ਧਰਾਇਣ–ਚੁੱਕਣ ਵਾਲਾ । ਬਾਵਨ ਰੂਪੁ–ਵਾਮਨ (ਵਉਣਾ) ਅਵਤਾਰ । ਕਰਤੇ–ਹੇ ਕਰਤਾਰ। ਸੇਤੀ–ਨਾਲ ।੩।

ਰਖਿਆ–ਚਿੰਨ੍ਹ ਚੱਕ੍ਰ। ਬਨਵਾਲੀ–ਬਨ ਹੈ ਮਾਲਾ ਜਿਸਦੀ । ਚਕ੍ਰਪਾਣਿ–'ਪਾਣਿ–ਹੱਥ) ਜਿਸ ਦੇ ਹੱਥ ਵਿਚ (ਸੁਦਰਸ਼ਨ) ਚੱਕ੍ਰ ਹੈ। ਦਰਸਿ ਅਨੂਪਿਆ–ਉਪਮਾ ਰਹਿਤ ਦਰਸ਼ਨ ਵਾਲਾ। ਸਹਸ ਨੇਤ੍ਰ–ਹਜ਼ਾਰਾਂ ਅੱਖਾਂ ਵਾਲਾ। ਸਹਸਾ–ਹਜ਼ਾਰਾਂ। ਮੰਗਾ–ਮੰਗਣ ਵਾਲੇ ।੪।

ਅਰਥ :–

ਪ੍ਰ.–ਗੁਰਦੇਵ ਜੀਉ ! ਉਸ ਪ੍ਰਭੂ ਦੇ ਨਾਮ ਸਿਮਰਨ ਦਾ ਸਦਕਾ ਆਪ ਜੀ ਹੁਣ ਉਸ ਸਾਈਂ ਜੀ ਨੂੰ ਕਿਸ ਰੂਪ ਵਿਚ ਤੱਕਦੇ ਹੋ ?

1. ਉ:–ਹੇ ਭਾਈਓ ! ਜਦੋਂ ਉਸ ਪ੍ਰਭੂ ਜੀ ਦਾ ਚਿੰਤਨ ਕਰਦਿਆਂ ਕਰਦਿਆਂ ਮਨੁੱਖ ਦੀ ਸੁਰਤਿ ਪੂਰਨ ਬੁਲੰਦੀਆਂ ਨੂੰ ਜਾ ਛੋਂਹਦੀ ਹੈ, ਤਾਂ ਫਿਰ ਉਸ ਨੂੰ ਅੰਤਰ ਆਤਮੇ ਇਉਂ ਹੀ ਅਨੁਭਵ ਹੋਣ ਲਗ ਪੈਂਦਾ ਹੈ ਕਿ ਹੇ ਕਰਤਾਰ, ਤੂੰ ਅਬਿਨਾਸੀ ਹੈਂ, ਤੂੰ ਪਾਰਬ੍ਰਹਮ ਹੈਂ. ਤੂੰ ਪ੍ਰਮੇਸ਼ਰ ਹੈਂ, ਤੂ ਅੰਤਰਜਾਮੀ ਹੈਂ ।
2. ਹੇ ਸੁਆਮੀ ਜੀਉ ! ਮਧੁਸੂਦਨ ਤੇ ਦਮੋਦਰ ਭੀ ਤੂੰ ਹੀ ਹੈਂ ,
3. ਹੇ ਹਰੀ ! ਤੂੰ ਹੀ ਰਿਖੀਕੇਸ਼ ਗੋਵਰਧਨ ਧਾਰੀ ਤੇ ਮਨੋਹਰ ਮੁਰਲੀ ਵਾਲਾ ਹੈਂ, ਤੂੰ ਅਨੇਕਾਂ ਰੰਗ ਤਮਾਸ਼ੇ ਕਰ ਰਿਹਾ ਹੈਂ ।੧।
4. ਹੇ ਹਰੀ ਜੀਉ ! ਮੋਹਨ,,ਮਾਧਵ, ਕ੍ਰਿਸ਼ਨ ਮੁਰਾਰੀ ਤੂੰਹੀ ਹੈਂ ।
5. ਤੂੰ ਹੀ ਹੈਂ ਜਗਤ ਦਾ ਮਾਲਕ, ਤੂੰ ਹੀ ਹੈਂ ਦੈਂਤਾਂ ਦਾ ਨਾਸ ਕਰਨ ਵਾਲਾ।
6. ਹੇ ਜਗ ਜੀਵਨ, ਹੇ ਅਬਿਨਾਸੀ ਠਾਕੁਰ, ਤੂੰ ਸਭ ਸਰੀਰਾਂ ਵਿਚ ਮੌਜੂਦ ਹੈਂ, ਤੂੰ ਸਭਨਾਂ ਦੇ ਨਾਲ ਵਸਦਾ ਹੈਂ ।੨।
7. ਹੇ ਧਰਤੀ ਦੇ ਆਸਰੇ, ਹੇ ਈਸ਼੍ਵਰ ! ਤੂੰ ਹੈਂ ਨਰ ਸਿੰਘ ਅਵਤਾਰ,ਤੂੰ ਹੈਂ ਵਿਸ਼ਨੂੰ ਜਿਸਦਾ ਨਿਵਾਸ ਸਮੁੰਦਰ ਵਿਚ ਹੈ।
8. (ਵਰਾਹ ਅਵਤਾਰ ਧਾਰ ਕੇ) ਧਰਤੀ ਨੂੰ ਆਪਣੀਆਂ ਦਾੜ੍ਹਾਂ ਉਤੇ ਚੁੱਕਣ ਵਾਲਾ ਭੀ ਤੂੰ ਹੀ ਹੈਂ ।
9. ਹੇ ਕਰਤਾਰ ! (ਰਾਜਾ ਬਲ ਨੂੰ ਛਲਣ ਲਈ) ਤੂੰ ਹੀ ਬਾਵਨ ਰੂਪ ਧਾਰਿਆ ਸੀ, ਤੂੰ ਸਭ ਜੀਵਾਂ ਦੇ ਨਾਲ ਵਸਦਾ ਹੈਂ (ਫਿਰ ਭੀ ਤੂੰ ਸਭ ਤੋਂ) ਉੱਤਮ ਹੈਂ ।੩।
10. ਹੇ ਪ੍ਰਭੂ ! ਤੂੰ ਉਹ ਸ੍ਰੀ ਰਾਮ ਚੰਦਰ ਹੈਂ, ਜਿਸਦਾ ਨਾ ਕੋਈ ਰੂਪ ਹੈ, ਨਾ ਕੋਈ ਰੇਖ।
11. ਤੂੰ ਹੀ ਹੈਂ ਬਨਵਾਲੀ ਤੇ ਸੁਦਰਸ਼ਨ ਚੱਕ੍ਰ ਧਾਰੀ, ਤੂੰ ਬੇ-ਮਿਸਾਲ ਰੂਪ ਵਾਲਾ ਹੈਂ ।
12. ਤੇਰੇ ਹਜ਼ਾਰਾਂ ਨੇਤ੍ਰ ਹਨ, ਤੇਰੀਆਂ ਹਜ਼ਾਰਾਂ ਮੂਰਤੀਆਂ ਹਨ; ਤੂੰ ਹੀ ਇਕੱਲਾ ਦਾਤਾ ਹੈਂ, ਸਾਰੀ ਦੁਨੀਆਂ ਤੈਥੋਂ ਮੰਗਣ ਵਾਲੀ ਹੈ ।੪।

13. **ਭਗਤਿ ਵਛਲੁ ਅਨਾਥਹ ਨਾਥੇ ॥**
14. **ਗੋਪੀ ਨਾਥੁ ਸਗਲ ਹੈ ਸਾਥੇ ॥**
15. **ਬਾਸੁਦੇਵ ਨਿਰੰਜਨ ਦਾਤੇ**
    ਬਰਨਿ ਨ ਸਾਕਉ ਗੁਣ ਅੰਗਾ ॥੫॥
16. **ਮੁਕੰਦ ਮਨੋਹਰ ਲਖਮੀ ਨਾਰਾਇਣ ॥**
17. **ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥**
18. **ਕਮਲਾਕੰਤ ਕਰਹਿ ਕੰਤੂਹਲ**
    ਅਨਦ ਬਿਨੋਦੀ ਨਿਹਸੰਗਾ ॥੬॥
19. **ਅਮੋਘ ਦਰਸਨ ਆਜੂਨੀ ਸੰਭਉ ॥**
20. **ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥**
21. **ਅਬਿਨਾਸੀ ਅਬਿਗਤ ਅਗੋਚਰ**
    ਸਭੁ ਕਿਛੁ ਤੁਝ ਹੀ ਹੈ ਲਗਾ ॥੭॥
22. **ਸ੍ਰੀਰੰਗ ਬੈਕੁੰਠ ਕੇ ਵਾਸੀ ॥**
23. **ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥**
24. **ਕੇਸਵ ਚਲਤ ਕਰਹਿ ਨਿਰਾਲੇ**
    ਕੀਤਾ ਲੋੜਹਿ ਸੋ ਹੋਇਗਾ ॥੮॥

ਪਦ ਅਰਥ :–ਭਗਤਿ ਵਛਲੁ–ਭਗਤੀ ਨੂੰ ਪਿਆਰ ਕਰਨ ਵਾਲਾ। ਅਨਾਥਹ ਨਾਥ–ਹੇ ਅਨਾਥਾਂ ਦੇ ਨਾਥ। ਗੋਪੀ ਨਾਥੁ–ਗੋਪੀਆਂ ਦੇ ਨਾਥ। ਬਾਸੁਦੇਵ–ਵਾਸਦੇਵ ਦਾ। ਨਿਰੰਜਨੁ–(ਨਿਰ-ਅੰਜਨ) ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ। ਦਾਤੇ–ਹੇ ਦਾਤਾਰ। ਸਾਕਉ–ਸਾਕਉਂ। ਬਰਨਿ ਨ ਸਾਕਉਂ, ਮੈਂ ਬਿਆਨ ਨਹੀਂ ਕਰ ਸਕਦਾ ।੫।

ਮੁਕੰਦ–ਮੁਕਤੀ ਦੇਣ ਵਾਲਾ। ਲਖਮੀ ਨਾਰਾਇਣ–ਲਛਮੀ ਦਾ ਪਤੀ ਨਾਰਾਇਣ । ਨਿਵਾਰਿ–ਬੇ-ਪਤੀ ਤੋਂ ਬਚਾ ਕੇ । ਉਧਾਰਣ-ਬਚਾਣ ਵਾਲਾ । ਕਮਲਾ ਕੰਤ–ਹੇ ਮਾਇਆ ਦੇ ਪਤੀ। ਕਰਹਿ–ਤੂੰ ਕਰਦਾ ਹੈਂ। ਕੰਤੂਹਲ–ਕੌਤਕ ਤਮਾਸ਼ੇ। ਬਿਨੋਦੀ–ਅਨੰਦ ਮਾਣਨ ਵਾਲਾ। ਨਿਸੰਗਾ–ਨਿਰਲੇਪ ।੬।

ਅਮੋਘ–ਫਲ ਦੇਣ ਵਾਲਾ, ਕਦੇ ਖਾਲੀ ਨਾ ਜਾਣ ਵਾਲਾ। ਅਜੂਨੀ–ਜੂਨਾਂ ਤੋਂ ਰਹਿਤ। ਸੰਭਉ–ਆਪਣੇ ਆਪ ਤੋਂ ਪ੍ਰਗਟ ਹੋਣ ਵਾਲਾ। ਅਕਾਲ ਮੂਰਤਿ–ਜਿਸ ਦੀ ਹਸਤੀ ਕਾਲ ਤੋਂ ਰਹਿਤ ਹੈ। ਖਉ–ਨਾਸ । ਅਬਿਗਤ–ਅਦ੍ਰਿਸ਼ਟ। ਅਗੋਚਰ–ਹੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ। ਲਗਾ–ਆਸਰੇ ।੭।

ਸ੍ਰੀ ਰੰਗ—ਹੇ ਲਛਮੀ ਦੇ ਪਤੀ। ਕੂਰਮੁ—ਕਛੂ ਕੁਮਾਂ। ਆਗਿਆ—ਤੇਰੇ ਹੁਕਮ ਵਿਚ। ਅਉਤਰਾਸੀ—ਉਤਰਿਆ, ਅਵਤਾਰ ਲਿਆ। ਕੇਸਵ—ਹੇ ਸੋਹਣੇ ਲੰਮੇ ਕੇਸਾਂ ਵਾਲੇ। ਨਿਰਾਲੇ—ਅਨੋਖੇ। ਕੀਤਾ ਲੋੜਹਿ—(ਜੋ ਕੁਝ) ਤੂੰ ਕਰਨਾ ਚਾਹੁੰਦਾ ਹੈਂ ।੮।

ਅਰਥ :—

ਪ੍ਰ.—ਸ੍ਰੀ ਜੀਉ ! ਆਪ ਹੋਰ ਕਿਹੜੇ ਗੁਣ ਉਸ ਪ੍ਰਭੂ ਜੀ ਵਿਚ ਅਨੁਭਵ ਕਰਦੇ ਹੋ?

13. ਉ:—ਹੇ ਭਾਈ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਅਨਾਥਾਂ ਦੇ ਨਾਥ! ਤੂੰ ਭਗਤੀ ਨੂੰ ਪਿਆਰ ਕਰਨ ਵਾਲਾ ਹੈਂ।

14. ਤੂੰ ਹੀ (ਗੋਪੀ ਨਾਥ) ਗੋਪੀਆਂ ਦਾ ਨਾਥ ਹੈਂ, ਤੂੰ ਸਭ ਜੀਵਾਂ ਦੇ ਨਾਲ ਰਹਿਣ ਵਾਲਾ ਹੈਂ।

15 ਹੇ ਵਾਸਦੇਵ! ਹੇ ਨਿਰਲੇਪ ਦਾਤਾਰ, ਮੈਂ ਤੇਰੇ ਅਨੇਕਾਂ ਗੁਣ ਬਿਆਨ ਨਹੀਂ ਕਰ ਸਕਦਾ।੫।

16 ਹੇ ਮੁਕਤੀ ਦਾਤੇ! ਹੇ ਸੋਹਣੇ ਪ੍ਰਭੂ, ਹੇ ਲਛਮੀ ਦੇ ਪਤੀ ਨਾਰਾਇਣ।

17. ਹੇ ਦਰੋਪਤੀ ਨੂੰ ਬੇ-ਪਤੀ ਤੋਂ ਬਚਾ ਕੇ ਉਸ ਦੀ ਇੱਜ਼ਤ ਰਖਣ ਵਾਲੇ ਪ੍ਰਭੂ।

18. ਹੇ ਲਛਮੀ ਦੇ ਪਤੀ! ਤੂੰ ਅਨੇਕਾਂ ਕੌਤਕ ਕਰਦਾ ਹੈਂ ਤੇ ਨਿਰਲੇਪ ਭੀ ਹੈਂ।੬।

19. ਹੇ ਫਲ ਦੇਣ ਤੋਂ ਕਦੇ ਨਾ ਉਕਣ ਵਾਲੇ, ਦਰਸ਼ਨ ਵਾਲੇ ਪ੍ਰਭੂ।

20. ਹੇ ਜੂਨਾਂ ਰਹਿਤ ਪ੍ਰਭੂ! ਹੇ ਆਪਣੇ ਆਪ ਤੋਂ ਪ੍ਰਕਾਸ਼ ਕਰਨ ਵਾਲੇ ਪ੍ਰਭੂ।

21. ਹੇ ਮੌਤ ਰਹਿਤ ਸਰੂਪ ਵਾਲੇ! ਹੇ (ਅਜਿਹੇ) ਪ੍ਰਭੂ ਜਿਸ ਦਾ ਕਦੇ ਨਾਸ ਨਹੀਂ ਹੋ ਸਕਦਾ, ਹੇ ਅਬਿਨਾਸ਼ੀ, ਹੇ ਅਦ੍ਰਿਸ਼ਟ, ਹੇ ਅਗੋਚਰ (ਜਗਤ ਦੀ) ਹਰੇਕ ਸ਼ੈ ਤੇਰੇ ਹੀ ਆਸਰੇ ਹੈ।੭।

22. ਹੇ ਲਛਮੀ ਦੇ ਪਤੀ, ਹੇ ਬੈਕੁੰਠ ਦੇ ਰਹਿਣ ਵਾਲੇ।

23. ਮੱਛ ਤੇ ਕਛੂ ਕੁੰਮਾ (ਆਦਿਕ) ਦਾ ਤੇਰੀ ਹੀ ਆਗਿਆ ਵਿਚ ਅਵਤਾਰ ਹੋਇਆ।

24. ਹੇ ਸੋਹਣੇ ਲੰਮੇ ਕੇਸਾਂ ਵਾਲੇ! ਤੂੰ (ਸਦਾ) ਅਨੋਖੇ ਕੌਤਕ ਕਰਦਾ ਹੈਂ, ਜੋ ਕੁਝ ਤੂੰ ਕਰਨਾ ਚਾਹੁੰਦਾ ਹੈਂ, ਜ਼ਰੂਰ ਉਹੀ ਹੁੰਦਾ ਹੈ।੮।

25. **ਨਿਰਾਹਾਰੀ ਨਿਰਵੈਰੁ ਸਮਾਇਆ ॥**
26. **ਧਾਰਿ ਖੇਲੁ ਚਤੁਰਭੁਜੁ ਕਹਾਇਆ ॥**
27. **ਸਾਵਲ ਸੁੰਦਰ ਰੂਪ ਬਣਾਵਹਿ**
ਬੇਣੁ ਸੁਨਤ ਸਭ ਮੋਹੈਗਾ ॥੯॥
28. **ਬਨਮਾਲਾ ਬਿਭੂਖਨ ਕਮਲ ਨੈਨ ॥**
29. **ਸੁੰਦਰ ਕੁੰਡਲ ਮੁਕਟ ਬੈਨ ॥**
30. **ਸੰਖ ਚਕ੍ਰ ਗਦਾ ਹੈ ਧਾਰੀ**
ਮਹਾ ਸਾਰਥੀ ਸਤਸੰਗਾ ॥੧੦॥
31. **ਪੀਤ ਪੀਤੰਬਰ ਤ੍ਰਿਭਵਣ ਧਣੀ ॥**
32. **ਜਗੰਨਾਥੁ ਗੋਪਾਲੁ ਮੁਖਿ ਭਣੀ ॥**
33. **ਸਾਰਿੰਗਧਰ ਭਗਵਾਨ ਬੀਠੁਲਾ**
ਮੈ ਗਣਤ ਨ ਆਵੈ ਸਰਬੰਗਾ ॥੧੧॥
34. **ਨਿਹਕੰਟਕੁ ਨਿਹਕੇਵਲੁ ਕਹੀਐ ॥**
35. **ਧਨੰਜੈ ਜਲਿ ਥਲਿ ਹੈ ਮਹੀਐ ॥**
36. **ਮਿਰਤ ਲੋਕ ਪਇਆਲ ਸਮੀਪਤ**
ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥

ਪਦ ਅਰਥ :—ਨਿਰਾਹਾਰੀ—ਨਿਰ-ਅਹਾਰੀ (ਆਹਾਰ—ਖੁਰਾਕ), ਅੰਨ ਤੋਂ ਬਿਨਾ ਜੀਊਂਦਾ ਰਹਿਣ ਵਾਲਾ। ਸਮਾਇਆ—ਸਭ ਵਿਚ ਵਿਆਪਕ। ਧਾਰਿ—ਧਾਰ ਕੇ, ਰਚ ਕੇ। ਖੇਲੁ—ਜਗਤ ਤਮਾਸ਼ਾ। ਚਤੁਰਭੁਜ—ਚਾਰ ਬਾਹਾਂ ਵਾਲਾ, ਬ੍ਰਹਮਾਂ। ਸਾਵਲ—ਸਾਵਲ ਰੰਗ ਵਾਲਾ। ਬਣਾਵਹਿ—ਤੂੰ ਬਣਾਂਦਾ ਹੈਂ। ਬੇਣੁ—ਬੰਸਰੀ। ਸੁਣਤ—ਸੁਣਦਿਆਂ। ਸਭ—ਸਾਰੀ ਸ੍ਰਿਸ਼ਟੀ।੯।

ਬਨਮਾਲਾ—ਗਿਟਿਆਂ ਤਕ ਲਟਕਣ ਵਾਲੀ ਜਾਂਗਲੀ ਫੁੱਲਾਂ ਦੀ ਮਾਲਾ, ਵੈਜਯੰਤੀ ਮਾਲਾ। ਬਿਭੂਖਨ—ਗਹਿਣੇ। ਨੈਨ—ਅੱਖਾਂ। ਬੈਨ—ਬੇਨ, ਬੰਸਰੀ। ਗਦਾ—ਗੁਰਜ। ਸਾਰਥੀ—ਰਥਵਾਹੀ (ਕ੍ਰਿਸ਼ਨ ਅਰਜਨ ਦਾ ਰਥਵਾਹੀ ਸੀ)।੧੦।

ਪੀਤ—ਪੀਲਾ। ਪੀਤੰਬਰ—(ਪੀਅੰਬਰ) ਪੀਲੇ ਬਸਤ੍ਰਾਂ ਵਾਲਾ (ਕ੍ਰਿਸ਼ਨ)। ਧਣੀ—ਮਾਲਕ। ਮੁਖਿ—ਮੂੰਹ ਨਾਲ। ਭਣੀ—ਭਣੀਂ, ਮੈਂ ਉਚਾਰਦਾ ਹਾਂ। ਸਾਰਿੰਗਧਰ—ਧਨੁਸ਼ ਧਾਰੀ (ਸਾਰਿੰਗ—ਧਨੁਖ)। ਬੀਠੁਲਾ—ਵਿਸਠਲ, ਵਿੱਠਲ, ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ। ਸਰਬੰਗਾ—ਸਰਬ ਅੰਗ, ਸਾਰੇ ਗੁਣ।੧੧।

ਨਿਹਕੰਟਕੁ—(ਕੰਟਕੁ—ਕੰਡਾ, ਵੈਰੀ) ਜਿਸ ਦਾ ਕੋਈ ਵੈਰੀ ਨਹੀਂ। ਨਿਹਕੇਵਲੁ—ਵਾਸ਼ਨਾਂ ਰਹਿਤ। ਕਹੀਐ—ਆਖਿਆ ਜਾਂਦਾ ਹੈ। ਧਨੰਜੈ—ਧਨ ਨੂੰ ਜਿੱਤਣ ਵਾਲਾ। ਜਲਿ—ਜਲ ਵਿਚ। ਥਲਿ—ਥਲ ਵਿਚ। ਮਹੀਐ—ਧਰਤੀ ਉਤੇ (ਮਹੀ—ਧਰਤੀ)। ਮਿਰਤ ਲੋਕ—ਮਾਤ ਲੋਕ। ਪਇਆਲੁ—ਪਤਾਲ। ਸਮੀਪਤ—ਨੇੜੇ। ਅਸਥਿਰ—ਸਦਾ ਕਾਇਮ ਰਹਿਣ ਵਾਲਾ। ਅਭਗਾ—ਅਟੁੱਟ।੧੨।

ਅਰਥ :—

ਪ੍ਰ:—ਸ੍ਰੀ ਜੀਉ ! ਆਪ ਭੀ ਉਸ ਪ੍ਰਭੂ ਵਿਚ ਹੋਰ ਕਿਹੜੇ ਕਿਹੜੇ ਗੁਣ ਵੇਖਦੇ ਹੋ ?

25. ਉ:—ਐ ਪਿਆਰੇ! ਉਸ ਦੇ ਗੁਣ ਤਾਂ ਬੇਅੰਤ ਹਨ ਜੋ ਬਿਆਨੇ ਨਹੀਂ ਜਾ ਸਕਦੇ, ਪਰ ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਪ੍ਰਭੂ! ਤੂੰ ਅੰਨ ਖਾਣ ਤੋਂ ਬਿਨਾ

ਜੀਉਂਦਾ ਰਹਿਣ ਵਾਲਾ ਹੈਂ, ਤੇਰਾ ਕਿਸੇ ਨਾਲ ਵੈਰ ਨਹੀਂ, ਤੂੰ ਸਭ ਵਿਚ ਵਿਆਪਕ ਹੈਂ।

26 ਹੇ ਪ੍ਰਭੂ ਜੀ ! ਇਹ ਸਾਰਾ ਜਗਤ ਖੇਡ ਰਚਕੇ (ਤੂੰ ਹੀ ਆਪਣੇ ਆਪ ਨੂੰ) ਬ੍ਰਹਮਾ ਅਖਵਾਇਆ ਹੈਂ।

27. ਹੇ ਪ੍ਰਭੂ ! (ਕ੍ਰਿਸ਼ਨ ਵਰਗੇ) ਅਨੇਕਾਂ ਸਾਂਵਲੇ ਸੋਹਣੇ ਰੂਪ ਤੂੰ ਬਣਾਂਦਾ ਰਹਿੰਦਾ ਹੈ, ਤੇਰੀ ਬੰਸਰੀ ਸੁਣਦਿਆਂ ਸਾਰੀ ਸ੍ਰਿਸ਼ਟੀ ਮੋਹੀ ਜਾਂਦੀ ਹੈ।੯।

28. ਹੇ ਸਾਈਆਂ ਜੀਉ ! ਇਹ ਸਾਰੀ ਸ੍ਰਿਸ਼ਟੀ ਦੀ ਬਨਾਸਪਤੀ ਤੇਰੇ ਗਹਿਣੇ ਹਨ, ਹੇ ਕੋਮਲ ਫੁੱਲਾਂ ਵਰਗੀਆਂ ਅੱਖਾਂ ਵਾਲੇ।

29. ਹੇ ਸੁੰਦਰ ਕੁੰਡਲਾਂ ਵਾਲੇ, ਹੇ ਮੁਕਟ ਧਾਰੀ ਹੇ ਬੰਸਰੀ ਵਾਲੇ।

30. ਹੇ ਸੰਖ ਧਾਰੀ, ਹੇ ਚੱਕ੍ਰ ਧਾਰੀ, ਹੇ ਗਦਾ-ਧਾਰੀ, ਤੂੰ ਸਤ ਸੰਗੀਆਂ ਦਾ ਸਭ ਤੋਂ ਵਡਾ ਰਥਵ ਹੀ (ਆਗੂ) ਹੈਂ।੧੦।

31.3 ਹੇ ਪੀਲੇ ਬਸਤ੍ਰਾਂ ਵਾਲੇ ! ਹੇ ਤਿੰਨਾਂ ਭਵਨਾਂ ਦੇ ਮਾਲਕ, ਤੂੰ ਹੀ ਸਾਰੇ ਜਗਤ ਦਾ ਨਾਥ ਹੈਂ। ਮੈਂ (ਆਪਣੇ) ਮੂੰਹ ਨਾਲ (ਤੇਰੇ ਨਾਮ) ਉਚਾਰਦਾ ਹਾਂ।

33 ਹੇ ਧਨਸ਼ ਧਾਰੀ ! ਹੇ ਭਗਵਾਨ, ਹੇ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲੇ, ਮੈਥੋਂ ਤੇਰੇ ਸਾਰੇ ਗੁਣ ਬਿਆਨ ਨਹੀਂ ਹੋ ਸਕਦੇ।੧੧।

34. ਹੇ ਭਾਈ ! ਪ੍ਰਮਾਤਮਾਂ ਦਾ ਕੋਈ ਵੈਰੀ ਨਹੀਂ ਹੈ, ਉਸ ਨੂੰ ਵਾਸ਼ਨਾ ਰਹਿਤ ਆਖਿਆ ਜਾਂਦਾ ਹੈ।

35. ਉਹੀ (ਸਾਰੇ ਜਗਤ ਦੇ ਧਨ ਨੂੰ ਜਿੱਤਣ ਵਾਲਾ ਹੈ) ਧਨੰਜੈ ਹੈ, ਉਹ ਜਲ ਵਿਚ ਹੈ, ਥਲ ਵਿਚ ਹੈ, ਧਰਤੀ ਉਤੇ (ਹਰ ਥਾਂ) ਹੈ।

36. ਮਾਤ ਲੋਕ ਵਿਚ, ਪਾਤਾਲ ਵਿਚ (ਸਭ ਜੀਵਾਂ ਦੇ) ਨੇੜੇ ਹੈ, ਉਸ ਦਾ ਥਾਂ ਸਦਾ ਕਾਇਮ ਰਹਿਣ ਵਾਲਾ ਹੈ, ਕਦੇ ਟੁੱਟਣ ਵਾਲਾ ਨਹੀਂ।੧੧।

37. ਪਤਿਤ ਪਾਵਨ ਦੁਖ ਭੈ ਭੰਜਨੁ ॥
38. ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥
39. ਭਗਤੀ ਤੋਖਿਤ ਦੀਨ ਕ੍ਰਿਪਾਲਾ
ਗੁਣੇ ਨ ਕਿਤਹੀ ਹੈ ਭਿਗਾ ॥੧੩॥
40. ਨਿਰੰਕਾਰੁ ਅਛਲ ਅਡੋਲੋ ॥
41. ਜੋਤਿ ਸਰੂਪੀ ਸਭੁ ਜਗੁ ਮਉਲੋ ॥
42. ਸੋ ਮਿਲੈ ਜਿਸੁ ਆਪਿ ਮਿਲਾਏ
ਆਪਹੁ ਕੋਇ ਨ ਪਾਵੈਗਾ ॥੧੪॥
43. ਆਪੇ ਗੋਪੀ ਆਪੇ ਕਾਨਾ ॥
44. ਆਪੇ ਗਊ ਚਰਾਵੈ ਬਾਨਾ ॥
45. ਆਪਿ ਉਪਾਵਹਿ ਆਪਿ ਖਪਾਵਹਿ
ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥
46. ਏਕ ਜੀਹ ਗੁਣ ਕਵਨ ਬਖਾਨੈ ॥
47. ਸਹਸ ਫਨੀ ਸੇਖ ਅੰਤੁ ਨ ਜਾਨੈ ॥
48. ਨਵਤਨ ਨਾਮ ਜਪੈ ਦਿਨੁ ਰਾਤੀ
ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥

ਪਦ ਅਰਥ :—ਪਤਿਤ—ਵਿਕਾਰਾਂ ਵਿਚ ਡਿਗੇ ਹੋਏ। ਪਾਵਨ—ਪਵਿੱਤਰ (ਕਰਨ ਵਾਲਾ)। ਭੈ—ਸਾਰੇ ਡਰ। ਭੰਜਨੁ—ਨਾਸ ਕਰਨ ਵਾਲਾ। ਨਿਵਾਰਣੁ—ਦੂਰ ਕਰਨ ਵਾਲਾ। ਭਵ—ਜਨਮ ਮਰਨ ਦਾ ਗੇੜ। ਤੋਖਿਤ—ਪ੍ਰਸੰਨ ਹੁੰਦਾ ਹੈ। ਕਿਤ ਹੀ ਗੁਣੇ—ਕਿਸੇ ਭੀ ਹੋਰ ਗੁਣ ਨਾਲ। ਭਿਗਾ—ਭਿੱਜਦਾ, ਪਤੀਜਦਾ।੧੩।

ਮਉਲੋ—ਖਿੜਿਆ ਹੋਇਆ ਹੈ। ਆਪਹੁ—ਆਪਣੇ ਜਤਨ ਨਾਲ।੧੪।

ਆਪੇ—ਆਪ ਹੀ। ਕਾਨਾ—ਕਾਨ੍ਹ, ਕ੍ਰਿਸ਼ਨ। ਬਾਨਾ—ਬਨ ਵਿਚ। ਉਪਾਵਹਿ—ਤੂੰ ਪੈਦਾ ਕਰਦਾ ਹੈਂ। ਖਪਾਵਹਿ—ਤੂੰ ਨਾਸ ਕਰਦਾ ਹੈਂ। ਲੇਪੁ—ਪ੍ਰਭਾਵ, ਅਸਰ, ਦਬਾਉ। ਇਕੁ ਤਿਲੁ—ਰਤਾ ਭਰ ਭੀ। ਰੰਗਾ—ਦੁਨੀਆਂ ਦੇ ਰੰਗ ਤਮਾਸ਼ਿਆਂ ਦਾ।੧੫।

ਜੀਹ—ਜੀਭ। ਕਵਨ—ਕਿਹੜੇ ਕਿਹੜੇ ?। ਸਹਸ—ਹਜ਼ਾਰ। ਫਨੀ—ਫਣਾਂ ਵਾਲਾ। ਸੇਖ—ਸ਼ੇਸ਼ਨਾਗ। ਨਵਤਨ—ਨਵਾਂ। ਇਕੁ ਗੁਣੁ ਪ੍ਰਭ—ਪ੍ਰਭੂ ਦਾ ਇਕ ਭੀ ਗੁਣ। ਕਹਿ ਸੰਗਾ—ਕਹਿ ਸਕਦਾ।੧੬।

ਅਰਥ :—

ਪ੍ਰ:—ਉਸ ਪ੍ਰਭੂ ਵਿਚ ਹੋਰ ਕਿਹੜੇ ਗੁਣ ਹਨ ?

37. **ਉ**:—ਹੇ ਭਾਈ ! ਪ੍ਰਮਾਤਮਾਂ ਵਿਕਾਰੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਜੀਵਾਂ ਦੇ) ਸਾਰੇ ਦੁੱਖ ਸਾਰੇ ਡਰ ਦੂਰ ਕਰਨ ਵਾਲਾ ਹੈ।

38. ਅਤੇ ਅਹੰਕਾਰ ਦੂਰ ਕਰਨ ਵਾਲਾ ਹੈ, ਜਨਮ ਮਰਨ ਦਾ ਗੇੜ ਨਾਸ ਕਰਨ ਵਾਲਾ ਹੈ।

39. ਹੇ ਭਾਈ ! ਉਹ ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਭਗਤੀ ਨਾਲ ਖੁਸ਼ ਹੁੰਦਾ ਹੈ, ਕਿਸੇ ਭੀ ਹੋਰ ਗੁਣ ਨਾਲ ਨਹੀਂ ਪਤੀਜਦਾ।੧੩।

40. ਹੇ ਪਿਆਰੇ ! ਅਕਾਰ ਰਹਿਤ ਪ੍ਰਮਾਤਮਾਂ ਨੂੰ ਮਾਇਆ ਛਲ ਨਹੀਂ ਸਕਦੀ, (ਮਾਇਆ ਦੇ ਹਲਿਆਂ ਅਗੇ) ਉਹ ਡੋਲਣ ਵਾਲਾ ਨਹੀਂ ਹੈ।

41. ਉਹ ਨਿਰਾ ਨੂਰ ਹੀ ਨੂਰ ਹੈ (ਉਸ ਦੇ ਨੂਰ ਨਾਲ) ਸਾਰਾ ਜਗਤ ਖਿੜ ਰਿਹਾ ਹੈ।

42. ਹੇ ਭਾਈ ! ਉਸ ਪ੍ਰਮਾਤਮਾਂ ਨੂੰ (ਉਸ ਦੀ ਮਿਹਰ ਤੋਂ ਬਿਨਾ ਨਿਰੇ) ਆਪਣੇ ਉਦਮ ਨਾਲ ਕੋਈ ਭੀ ਮਿਲ ਨਹੀਂ ਸਕਦਾ।੧੪।

43. ਹੇ ਭਾਈ ! ਪ੍ਰਮਾਤਮਾਂ ਆਪ ਹੀ ਗੋਪੀਆਂ ਹੈ, ਆਪ ਹੀ ਕ੍ਰਿਸ਼ਨ ਹੈ।

44. ਪ੍ਰਭੂ ਆਪ ਹੀ ਗਊਆਂ ਨੂੰ ਬਿੰਦ੍ਰਾਬਨ ਵਿਚ ਚਾਰਦਾ ਹੈ।

45. ਹੇ ਪ੍ਰਭੂ ! ਤੂੰ ਆਪ ਹੀ (ਜੀਵਾਂ ਨੂੰ) ਪੈਦਾ ਕਰਦਾ ਹੈਂ, ਆਪ ਹੀ ਨਾਸ ਕਰਦਾ ਹੈਂ, ਦੁਨੀਆਂ ਦੇ ਰੰਗ ਤਮਾਸ਼ਿਆਂ ਦਾ ਤੇਰੇ ਤੇ ਰਤਾ ਭੀ ਅਸਰ ਨਹੀਂ ਹੁੰਦਾ ।੧੫।

46. ਹੇ ਪ੍ਰਭੂ ! (ਮੇਰੀ) ਇਕ ਜੀਭ (ਤੇਰੇ) ਕਿਹੜੇ ਕਿਹੜੇ ਗੁਣ ਬਿਆਨ ਕਰ ਸਕਦੀ ਹੈ ।

47. ਹਜ਼ਾਰਾਂ ਫਣਾਂ ਵਾਲਾ ਸ਼ੇਸ਼ਨਾਗ ਭੀ (ਤੇਰੇ ਗੁਣਾਂ ਦਾ) ਅੰਤ ਨਹੀਂ ਜਾਣਦਾ ।

48. ਹੇ ਪਿਆਰੇ ! ਦਿਨੇ ਰਾਤ ਤੇਰੇ ਨਵੇਂ ਨਵੇਂ ਨਾਮ ਜਪਦਾ ਹੈ, ਪਰ, ਹੇ ਪ੍ਰਭੂ ! ਉਹ ਤੇਰਾ ਇਕ ਭੀ ਗੁਣ ਬਿਆਨ ਨਹੀਂ ਕਰ ਸਕਦਾ ।੧੬।

49. ਓਟ ਗਹੀ ਜਗਤ ਪਿਤ ਸਰਣਾਇਆ ॥
50. ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
51. ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ
ਸਾਧ ਸੰਤਨ ਕੈ ਸੰਗਿ ਸੰਗਾ ॥੧੭॥
52. ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥
53. ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥
54. ਮਸਤਕਿ ਲਾਇ ਪਰਮ ਪਦੁ ਪਾਵਉ
ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥
55. ਜਿਨ ਕਉ ਕ੍ਰਿਪਾ ਕਰੀ ਸੁਖਦਾਤੇ ॥
56. ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥
57. ਸਗਲ ਨਾਮ ਨਿਧਾਨੁ ਤਿਨ ਪਾਇਆ
ਅਨਹਦ ਸਬਦ ਮਨਿ ਵਾਜੰਗਾ ॥੧੯॥
58. ਕਿਰਤਮ ਨਾਮ ਕਥੇ ਤੇਰੇ ਜਿਹਬਾ ॥
59. ਸਤਿ ਨਾਮੁ ਤੇਰਾ ਪਰਾ ਪੂਰਬਲਾ ॥
60. ਕਹੁ ਨਾਨਕ ਭਗਤ ਪਏ ਸਰਣਾਈ
ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥
61. ਤੇਰੀ ਗਤਿ ਮਿਤਿ ਤੂਹੈ ਜਾਣਹਿ ॥
62. ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥
63. ਨਾਨਕ ਦਾਸੁ ਦਾਸਨ ਕੋ ਕਰੀਅਹੁ
ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥

ਪਦ ਅਰਥ :—ਓਟ—ਆਸਰਾ । ਗਹੀ—ਫੜੀ । ਜਗਤ—ਜਗਤ ਦੇ ਪਿਤਾ । ਭਇਆਨਕ—ਡਰਾਉਣਾ । ਦੁਤਰ—ਤਰਣਾ ਔਖਾ ਹੈ । ਇਛਾ—ਚੰਗੀ ਭਾਵਨਾ । ਸੰਗਿ—ਨਾਲ ।੧੭।

ਦ੍ਰਿਸਟਮਾਨੇ—ਦਿਸਦਾ ਹੈ । ਮਿਥੇਨਾ—ਨਾਸਵੰਤ । ਮਾਗਉ—ਮਾਗਉਂ, ਮੈਂ ਮੰਗਦਾ ਹਾਂ । ਰੇਨਾ—ਚਰਨ ਧੂੜ । ਮਸਤਕਿ—ਮੱਥੇ ਉਤੇ । ਪਰਮ ਪਦੁ—ਉਚੇ ਤੋਂ ਉਚਾ ਆਤਮਕ ਦਰਜਾ । ਪਾਵਉ—ਪਾਵਉਂ, ਮੈਂ ਪਾਂਦਾ ਹਾਂ । ਜਿਸੁ ਪ੍ਰਾਪਤਿ—ਜਿਸ ਦੇ ਭਾਗਾਂ ਵਿਚ ਪ੍ਰਾਪਤੀ ਹੈ ।੧੮।

ਜਿਨ ਕਉ—ਜਿਸ ਉਤੇ । ਰਿਦੈ—ਹਿਰਦੇ ਵਿਚ । ਪਰਾਤੇ—ਵਸਾ ਲੈਂਦੇ ਹਨ । ਅਨਹਦ—ਇਕ ਰਸ । ਮਨਿ—ਮਨ ਵਿਚ । ਵਾਜੰਗਾ—ਵਜਣ ਲਗ ਪੈਂਦੇ ਹਨ ।੧੯।

ਪਰਾ ਪੂਰਬਲਾ—ਮੁੱਢ ਕਦੀਮਾਂ ਦਾ । ਜਿਹਬਾ—ਜੀਭ ।੨੦।

ਮਿਤਿ—ਮਾਪ, ਮਿਣਤੀ । ਤੈ—ਅਤੇ । ਕੋ—ਦਾ ।੨੧।

ਅਰਥ :—

ਪ੍ਰ:—ਹੇ ਭਾਈ ! ਤੇਰੀ ਸਾਈਂ ਜੀ ਤੋਂ ਜਾਚਨਾ ਕੀ ਰਹਿੰਦੀ ਹੈ?

49. **ਉ:**—ਮੈਂ ਤਾਂ ਸਿਰਫ ਇਕੋ ਮੰਗ ਕਰਦਾ ਹਾਂ ਕਿ, ਹੇ ਜਗਤ ਦੇ ਪਿਤਾ ਮੈਂ ਤੇਰੀ ਸ਼ਰਨ ਆਇਆ ਹਾਂ ।

50. ਇਹ ਮਾਇਆ ਦੇ ਜਮਦੂਤ ਬੜੇ ਡਰਾਉਣੇ ਹਨ, ਬੜੇ ਡਰ ਦੇ ਰਹੇ ਹਨ ਅਤੇ ਇਸ (ਸੰਸਾਰ ਸਮੁੰਦਰ) ਵਿਚੋਂ ਪਾਰ ਲੰਘਣਾ ਔਖਾ ਹੈ ।

51. ਹੇ ਪ੍ਰਭੂ ! ਮੈਨੂੰ ਕਿਰਪਾ ਕਰ ਕੇ ਸਾਧ ਸੰਗਤ ਨਾਲ ਮਿਲਾ ਲੈ ।੧੭।

52. ਇਹ ਦਿਸਦਾ (ਸੰਸਾਰ) ਸਭ ਨਾਸਵੰਤ ਹੈ ।

53. ਮੈਂ ਤੇਰੇ ਤੋਂ ਇਕ ਦਾਨ ਮੰਗਦਾ ਹਾਂ (ਕਿ ਮੈਨੂੰ) ਸੰਤ ਜਨਾਂ ਦੇ ਚਰਨਾਂ ਦੀ ਧੂੜ ਦੇ ।

54. ਹੇ ਪਿਆਰੇ ! (ਮੈਂ ਤੇਰੇ ਸੰਤ ਜਨਾਂ ਦੀ ਧੂੜ) ਮੱਥੇ ਉਤੇ ਲਾ ਕੇ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰਾਂ । ਜਿਸ ਦੇ ਭਾਗਾਂ ਵਿਚ ਤੂੰ ਜਿਸ ਚਰਨ ਧੂੜ ਦੀ ਪ੍ਰਾਪਤੀ ਲਿਖੀ ਹੈ ਉਹੀ ਹਾਸਲ ਕਰ ਸਕਦਾ ਹੈ ।੧੮।

55. ਹੇ ਸੁਖਾਂ ਦੇ ਦੇਣ ਵਾਲੇ, ਜਿਨ੍ਹਾਂ ਉਤੇ ਤੂੰ ਮੇਹਰ ਕਰਦਾ ਹੈਂ ।

56. ਉਹ ਗੁਰੂ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਪ੍ਰੋ ਲੈਂਦੇ ਹਨ ।

57. ਹੇ ਭਾਈ ! ਉਨ੍ਹਾਂ ਨੂੰ ਸਾਰੇ ਖਜ਼ਾਨਿਆਂ ਤੋਂ ਸ੍ਰੇਸ਼ਟ ਨਾਮ ਖਜ਼ਾਨਾ ਮਿਲ ਜਾਂਦਾ ਹੈ, ਉਨ੍ਹਾਂ ਦੇ ਮਨ ਵਿਚ (ਮਾਨੋ) ਇਕ ਰਸ ਵਾਜੇ ਵਜਣ ਲਗ ਪੈਂਦੇ ਹਨ ।੧੯।

58. ਹੇ ਪ੍ਰਭੂ ! (ਸਾਡੀ ਜੀਵਾਂ ਦੀ) ਜੀਭ ਤੇਰੇ ਉਹ ਨਾਮ ਉਚਾਰਦੀ ਹੈ, ਜੋ ਨਾਮ (ਤੇਰੇ ਗੁਣ ਵੇਖ ਵੇਖ ਕੇ ਜੀਵਾਂ ਨੇ) ਬਣਾਏ ਹੋਏ ਹਨ ।

59. ਪਰ, 'ਸਤਿਨਾਮੁ' ਤੇਰਾ ਮੁੱਢ ਕਦੀਮਾਂ ਦਾ ਨਾਮ ਹੈ, (ਭਾਵ ਤੂੰ 'ਹੋਂਦ ਵਾਲਾ' ਹੈਂ, ਤੇਰੀ ਇਹ 'ਹੋਂਦ' ਜਗਤ ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ) ।

60. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੇਰੇ ਭਗਤ ਤੇਰੀ ਸ਼ਰਨ ਪਏ ਰਹਿੰਦੇ ਹਨ, ਤੂੰ ਉਨ੍ਹਾਂ ਨੂੰ ਦਰਸ਼ਨ ਦੇਂਦਾ ਹੈਂ, ਉਨ੍ਹਾਂ ਦੇ ਮਨ ਵਿਚ ਅਨੰਦ ਬਣਿਆ ਰਹਿੰਦਾ ਹੈ ।੨੦।

61. ਹੇ ਪ੍ਰਭੂ ! ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵਡਾ ਹੈਂ, ਇਹ ਗਲ ਤੂੰ ਆਪ ਹੀ ਜਾਣਦਾ ਹੈਂ ।

62. ਤੂੰ ਆਪਣੀ 'ਗਤਿ ਮਿਤਿ' ਤੂੰ ਦਸ ਸਕਦਾ ਹੈਂ ਤੇ ਆਪ ਹੀ ਬਿਆਨ ਕਰ ਸਕਦਾ ਹੈਂ ।

63. ਹੇ ਪ੍ਰਭੂ ! ਮੈਂ ਦਾਸ ਨਾਨਕ ਨੂੰ ਆਪਣੇ ਦਾਸਾਂ ਦਾ ਦਾਸ ਬਣਾਈ ਰਖ ਹੇ ਹਰੀ ! ਜੇ ਤੇਰੀ ਮਿਹਰ ਹੋਵੇ ਤਾਂ ਆਪਣੇ ਦਾਸਾਂ ਦੀ ਸੰਗਤ ਵਿਚ ਰਖ ।੨੧।੨।੧੧।

ਭਾਵਾਰਥ :–ਇਸ ਸੋਲਹੇ ਦੇ ਅੰਦਰ ਜੋ ਪ੍ਰਚਲਤ ਨਾਮ ਲੋਕ ਆਪਣੇ ਇਸ਼ਟ ਲਈ ਵਰਤਦੇ ਸਨ, ਇਥੇ ਗੁਰੂ ਜੀ ਨੇ ਵਾਹਿਗੁਰੂ ਲਈ ਵਰਤੇ ਹਨ । ਸਭ ਅਵਤਾਰਾਂ ਆਦਿ ਵਿਚ ਵਾਹਿਗੁਰੂ ਦੀ ਵਡਿਆਈ ਕੰਮ ਕਰਦੀ ਦਿਸ ਆਈ ਹੈ. ਇਸ ਲਈ, ਉਨ੍ਹਾਂ ਨਾਵਾਂ ਨਾਲ ਵਾਹਿਗੁਰੂ ਨੂੰ ਯਾਦ ਕੀਤਾ ਹੈ । ਇਸ ਤੋਂ ਇਥੇ ਇਹ ਭਾਵ ਨਹੀਂ ਕਿ ਗੁਰੂ ਸਾਹਿਬ ਇਨ੍ਹਾਂ ਅਵਤਾਰਾਂ ਦੇ ਉਪਾਸ਼ਕ ਸਨ, ਜਾਂ ਇਨ੍ਹਾਂ ਦੀ ਉਪਾਸ਼ਨਾਂ ਕਰਨ ਲਈ ਮਨੁੱਖ ਨੂੰ ਪ੍ਰੇਰਨਾ ਕੀਤੀ ਹੈ । ਕਿਉਂਕਿ, ਗੁਰਮਤਿ ਕਿਸੇ ਅਵਤਾਰ ਦੀ ਪੂਜਾ ਕਰਨ ਲਈ ਨਹੀਂ ਸਗੋਂ ਇਕ ਅਕਾਲ ਪੁਰਖ ਦੀ ਪੂਜਾ ਕਰਾਉਣ ਦੀ ਹੀ ਪ੍ਰੇਰਨਾ ਕਰਦੀ ਹੈ ।

ਕਿਉਂਕਿ, ਇਸੇ ਸਿਧਾਂਤ ਨੂੰ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਰਚਨਾ ਵਿਚ ਇਉਂ ਅੰਕਤ ਕੀਤਾ ਹੈ ਕਿ,

ਮੈਂ ਨ ਗਨੇਸਹ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨ ਧਿਆਊਂ ॥
ਕਾਂਨ ਸੁਨੇ ਪਹਿਚਾਨ ਨ ਤਿਨ ਸੋਂ ॥
ਲਿਵ ਲਾਗੀ ਮੋਰੀ ਪਗ ਇਨ ਸੋਂ ॥

ਮਾਰੂ ਮਹਲਾ ੫ ॥

1. **ਅਲਹ ਅਗਮ ਖੁਦਾਈ ਬੰਦੇ ॥**
2. **ਛੋਡਿ ਖਿਆਲ ਦੁਨੀਆ ਕੇ ਧੰਧੇ ॥**
3. **ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥**
4. **ਸਚੁ ਨਿਵਾਜ ਯਕੀਨ ਮੁਸਲਾ ॥**
5. **ਮਨਸਾ ਮਾਰਿ ਨਿਵਾਰਿਹੁ ਆਸਾ ॥**
6. **ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥**
7. **ਸਰਾ ਸਰੀਅਤਿ ਲੇ ਕੰਮਾਵਹੁ ॥**
8. **ਤਰੀਕਤਿ ਤਰਕ ਖੋਜਿ ਟੋਲਾਵਹੁ ॥**
9. **ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥**
10. **ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥**
11. **ਦਸ ਅਉਰਾਤ ਰਖਹੁ ਬਦ ਰਾਹੀ ॥**
12. **ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥**

ਪਦ ਅਰਥ:–ਅਗਮ–ਅਪਹੁੰਚ ਰਬ । ਖੁਦਾਈ ਬੰਦੇ–ਹੇ ਖੁਦਾ ਦੇ ਬੰਦੇ । ਧੰਧੇ–ਝੰਬੇਲੇ । ਪੈ ਖਾਕ ਫਕੀਰ–ਫਕੀਰਾਂ ਦੇ ਪੈਰਾਂ ਦੀ ਖਾਕ । ਹੋਇ–ਹੋ ਕੇ । ਮੁਸਾਫਰੁ–ਪਰਦੇਸੀ । ਦਰਾ–(ਪ੍ਰਭ ਦੇ) ਦਰ ਤੇ ।੧।

ਸਚੁ–ਸਦਾ ਥਿਰ ਹਰਿ ਨਾਮ ਸਿਮਰਨ । ਯਕੀਨ–ਸ਼ਰਧਾ । ਮੁਸਲਾ–ਮੁਸੱਲਾ, ਉਹ ਫੂਹੜੀ ਜਿਸ ਉਤੇ ਮੁਸਲਮਾਨ ਨਿਵਾਜ ਪੜ੍ਹਦਾ ਹੈ । ਮਨਸਾ–ਮਨ ਦਾ ਫੁਰਨਾ । ਮਾਰਿ–ਮਾਰ ਕੇ । ਨਿਵਾਰਿਹੁ–ਦੂਰ ਕਰੋ । ਆਸਾ–(ਫਕੀਰ ਦਾ) ਸੋਟਾ । ਦੇਹ–ਸਰੀਰ । ਮਉਲਾਣਾ–ਮੌਲਵੀ । ਕਲਮ ਖੁਦਾਈ–ਖੁਦਾ ਦਾ ਕਲਮਾਂ । ਪਾਕੁ–ਪਵਿੱਤਰ ।੨।

ਸਰਾ, ਸਰੀਅਤਿ–ਸਰਹ ਸਰੀਅਤਿ–ਧਾਰਮਕ ਰਹਿਣੀ, ਬਾਹਰਲੀ ਧਾਰਮਕ ਰਹਿਤ । ਲੈ–ਲੈ ਕੇ । ਤਰੀਕਤਿ–ਮਨ ਨੂੰ ਪਵਿਤ੍ਰ ਕਰਨ ਦਾ ਤਰੀਕਾ । ਤਰਕ–ਤਿਆਗ । ਖੋਜਿ–ਖੋਜ ਕੇ । ਟੋਲਾਵਹੁ–ਲਭੋ । ਮਾਰਫਤਿ–ਗਿਆਨ, ਆਤਮਕ ਜੀਵਨ ਦੀ ਸੂਝ । ਅਬਦਾਲਾ–ਹੇ ਅਬਦਾਲ ਫ਼ਕੀਰ (ਫਕੀਰਾਂ ਦੇ ਪੰਜ ਦਰਜੇ–ਵਲੀ, ਗੌਸ, ਕੁਤਬ, ਅਬਦਾਲ, ਕਲੰਦਰ) । ਹਕੀਕਤਿ–ਮੁਸਲਮਾਨਾਂ ਅਨੁਸਾਰ ਚੌਥਾ ਪਦ ਜਿਥੇ ਰੱਬ ਨਾਲ ਮਿਲਾਪ ਹੋ ਜਾਂਦਾ ਹੈ । ਜਿਤੁ–ਜਿਸ (ਮਿਲਾਪ) ਦੀ ਰਾਹੀਂ । ਮਰਾ–ਮੌਤ, ਆਤਮਕ ਮੌਤ ।੩।

ਮਾਹਿ–ਵਿਚ । ਕਮਾਹੀ–ਕਮਾਹਿ, ਨਾਮ ਸਿਮਰਨ ਦੀ ਕਮਾਈ ਕਰ । ਦਸ ਅਉਰਾਤ–ਦਸ ਔਰਤਾਂ ਨੂੰ, ਦਸ ਇੰਦ੍ਰਿਆਂ ਨੂੰ । ਬਦ ਰਾਹੀ–ਭੈੜੇ ਰਾਹ ਤੋਂ । ਪੰਚ ਮਰਦ–ਕਾਮਾਦਿਕ ਪੰਜ ਸੂਰਮੇ । ਸਿਦਕਿ–ਸਿਦਕ ਦੀ ਰਾਹੀਂ । ਲੇ–ਲੈ ਕੇ, ਫੜ ਕੇ । ਬਾਧਹੁ–ਬੰਨ੍ਹ ਰਖੋ । ਖੈਰਿ–ਖੈਰ ਦੀ ਰਾਹੀਂ (ਖੈਰੁ–ਦਾਨ) । ਖੈਰ ਸਬੂਰੀ–ਸੰਤੋਖ ਦੇ ਖੈਰ ਦੀ ਰਾਹੀਂ । ਕਬੂਲ–ਪਰਵਾਨ ।੪।

ਅਰਥ :–

ਪ੍ਰ:–ਸ੍ਰੀ ਜੀਉ ! ਤੁਹਾਡੇ ਮਤਿ ਅਨੁਸਾਰ ਉਹ ਕਿਹੜਾ ਫਕੀਰ ਹੈ ਜੋ ਕਿ ਰੱਬੀ ਦਰਬਾਰ ਵਿਚ ਕਬੂਲ ਹੋ ਸਕਦਾ ਹੋਵੇ ?

1. ਉ:–ਹੇ ਅੱਲਾ ਦੇ ਬੰਦੇ ! ਹੇ ਅਪਹੁੰਚ, ਰੱਬ ਦੇ ਬੰਦੇ, ਹੇ ਖੁਦਾ ਦੇ ਬੰਦੇ ।
2. ਜੇ ਤੂੰ ਰੱਬੀ ਦਰਬਾਰ ਵਿਚ ਕਬੂਲ ਹੋਣਾ ਚਾਹੁੰਦਾ ਹੈਂ ਤਾਂ ਤੂੰ ਨਿਰੇ ਦੁਨੀਆਂ ਵਾਲੇ ਖਿਆਲ ਛੱਡ ਦੇ (ਨਿਰੇ) ਦੁਨੀਆਂ ਦੇ ਝੰਬੇਲੇ ਛਡ ਦੇ ।

ਪ੍ਰ:–ਕਿਉਂ ਜੀ ! ਮੈਂ ਰੱਬੀ ਦਰਗਾਹ ਵਿਚ ਪ੍ਰਵਾਨ ਹੋਣ ਲਈ ਸਾਧਨ ਕੀ ਕਰਾਂ ?

3. ਉ.–ਹੇ ਭਾਈ ! (ਤੂੰ) ਰੱਬ ਦੇ ਫਕੀਰਾਂ ਦੇ ਪੈਰਾਂ ਦੀ ਖਾਕ ਹੋ ਕੇ (ਦੁਨੀਆਂ ਵਿਚ) ਮੁਸਾਫਰ ਬਣ ਕੇ ਜੀਵਨ ਗੁਜ਼ਾਰਦਾ ਰਹੁ, (ਕਿਉਂਕਿ) ਇਹੋ ਜਿਹਾ ਫਕੀਰ ਰੱਬੀ ਦਰ ਤੇ ਕਬੂਲ ਹੋ ਜਾਂਦਾ ਹੈ ।੧।

ਪ੍ਰ:–ਹੇ ਗੁਰੋ ! ਸਾਡੀ ਇਸਲਾਮ ਸ਼ਰਾ ਮੁਤਾਬਕ ਤਾਂ ਨਿਵਾਜ ਦਾ ਪੜ੍ਹਨਾ, ਮਸੀਤ ਵਿਚ ਜਾਣਾ ਤੇ ਹੋਰ ਬਾਹਰਲੇ ਕਰਮ ਕਰਨੇ ਜਰੂਰੀ ਮੰਨੇ ਹਨ, ਕੀ ਤੁਹਾਡੇ ਵਿਚਾਰਾਂ

ਅਨੁਸਾਰ ਕੋਈ ਹੋਰ ਭੀ ਕਰਮ ਹਨ ਜੋ ਮਨੁੱਖ ਨੂੰ ਕਰਨੇ ਜਰੂਰੀ ਸਮਝੇ ਗਏ ਹਨ ?

4. ਹੇ ਖੁਦਾ ਦੇ ਬੰਦੇ ! ਜਿਥੇ ਤੂੰ ਬਾਹਰਲੀ ਨਵਾਜ਼ ਪੜ੍ਹਦਾ ਹੈਂ ਉਥੇ ਤੂੰ ਸਦਾ ਕਾਇਮ ਰਹਿਣ ਵਾਲੇ ਰੱਬ ਦੇ ਨਾਮ (ਦੀ ਯਾਦ) ਨੂੰ ਭੀ ਆਪਣੀ ਨਵਾਜ਼ ਬਨਾਉਣਾ ਕਰ ਅਤੇ ਰੱਬ ਉਤੇ (ਪੂਰਨ) ਭਰੋਸਾ ਇਹ ਤੇਰਾ ਮੁਸੱਲਾ ਹੋਵੇ ।

5. ਹੇ ਖੁਦਾ ਦੇ ਫਕੀਰ ! (ਆਪਣੇ ਅੰਦਰੋਂ) ਮਨ ਦਾ ਫੁਰਨਾ ਮਾਰ ਕੇ ਮੁਕਾ ਦੇ ਇਸੇ ਨੂੰ ਤੂੰ ਸੋਟਾ ਬਣਾ ਲੈ ।

ਪ੍ਰ:-ਸ੍ਰੀ ਜੀਉ ! ਇਸਲਾਮੀ ਸ਼ਰਹ ਮੁਤਾਬਕ ਮੁਸਲਮਾਨ ਨੂੰ ਕਲਮਾਂ ਆਦਿਕ ਪੜ੍ਹਨੇ ਲਈ ਤਾਂ ਮਸੀਤੇ ਜਾਣਾ ਜਰੂਰੀ ਮੰਨਿਆ ਹੈ, ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ ?

6. ਉ:-ਹੇ ਖੁਦਾ ਦੇ ਬੰਦੇ ! ਤੇਰੀ ਇਸ ਬਾਹਰਲੀ ਰਹਿਣੀ ਦੇ ਨਾਲ ਨਾਲ ਇਹ ਤੇਰਾ ਸਰੀਰ (ਤੇਰੀ) ਮਸੀਤ ਹੋਵੇ, (ਤੇਰਾ) ਮਨ (ਉਸ ਮਸੀਤ ਵਿਚ) ਮੁੱਲਾਂ (ਬਣਿਆ ਰਹੇ) ਅਤੇ (ਇਸ ਮਨ ਨੂੰ ਸਦਾ) ਪਵਿਤ੍ਰ ਤੇ ਸਾਫ ਰਖ, ਇਹੋ ਹੀ ਤੇਰੇ ਵਾਸਤੇ (ਸੱਚਾ) ਖੁਦਾਈ ਕਲਮਾਂ ਹੈ ।੨।

ਪ੍ਰ:-ਕਿਉਂ ਜੀ ! ਮੈਂ ਸ਼ਰਹ ਸ਼ਰੀਅਤ, ਭਾਵ ਬਾਹਰਲੀ ਧਾਰਮਕ ਰਹਿਣੀ ਕਿਹੜੀ ਕਰਾਂ ?

7. ਉ:-ਹੇ ਖੁਦਾ ਦੇ ਰੰਦੇ ! (ਖੁਦਾ ਦਾ ਨਾਮ) ਲੈ ਕੇ ਬੰਦਗੀ ਦੀ ਕਮਾਈ ਕਰਿਆ ਕਰ, ਇਹੋ ਹੀ ਹੈ ਅਸਲ ਸ਼ਰਹ ਸਰੀਅਤ, ਭਾਵ ਧਾਰਮਕ ਰਹਿਣੀ ਹੈ । ਸੂਫੀ ਫ਼ਕੀਰਾਂ ਦੀ ਰਹਿਤ ਦੇ ਚਾਰ ਦਰਜੇ ਇਹ ਹਨ-ਸ਼ਰੀਅਤ, ਤਰੀਕਤ, ਮਾਰਫਤ, ਹਕੀਕਤ ।

8. ਹੇ ਖੁਦਾ ਦੇ ਬੰਦੇ ! (ਤੂੰ) (ਆਪਾ-ਭਾਵ) ਤਿਆਗ ਕੇ (ਆਪਣੇ ਅੰਦਰ ਵਸਦੇ ਰੱਬ ਨੂੰ) ਖੋਜ ਕੇ ਲੱਭ-ਇਹੋ ਹੈ ਮਨ ਨੂੰ ਸਾਫ ਰਖਣ ਦਾ ਤਰੀਕਾ, (ਮਨ ਦੀ ਸੁਧੀ ਦੇ ਢੰਗ ਨੂੰ ਤਰੀਕਤ ਕਹਿੰਦੇ ਹਨ, ਭਾਵ ਵੈਰਾਗ ਦੁਆਰਾ ਖੋਜ ਕੇ ਹਰੀ ਨੂੰ ਲਭਣਾ ਤਰੀਕਤ ਮੰਨਦੇ ਹਨ) ।

9. ਹੇ ਅਬਦਾਲ ਫਕੀਰ ! ਆਪਣੇ ਮਨ ਨੂੰ ਵੱਸ ਵਿਚ ਰੱਖ-ਇਹੋ ਹੈ ਮਾਰਫਤ (ਆਤਮਕ ਜੀਵਨ ਦੀ ਸੂਝ) । ਰੱਬ ਨਾਲ ਮਿਲਿਆ ਰਹੁ, ਇਹ ਹੈ ਹਕੀਕਤ (ਚੌਥਾ ਪਦ) ਇਸਲਾਮ ਅਨੁਸਾਰ ਚੌਥੇ ਪਦ ਨੂੰ ਜਿਥੇ ਮਨੁੱਖ ਸੱਚਾਈ ਰੂਪ ਹੁੰਦਾ ਹੈ ਉਸ ਨੂੰ ਹਕੀਕਤ ਕਹਿੰਦੇ ਹਨ (ਇਹ ਹਕੀਕਤ ਐਸੀ ਹੈ ਕਿ) ਇਸ ਦੀ ਰਾਹੀਂ ਮੁੜ ਜਨਮ ਮਰਨ ਵਿਚ ਨਹੀਂ ਆਉਣਾ ਪੈਂਦਾ, (ਭਾਵ, ਆਤਮਕ ਮੌਤ ਨਹੀਂ ਹੁੰਦੀ) ।੩।

ਪ੍ਰ:-ਸ੍ਰੀ ਜੀਉ ! ਇਸਲਾਮ ਦੀ ਸ਼ਰਹ ਮੁਤਾਬਕ ਮੁਸਲਮਾਨ ਲਈ ਕੁਰਾਣ ਅਤੇ ਕਤੇਬਾਂ ਅਨੁਸਾਰ ਕਮਾਈ ਕਰਦੇ ਰਹਿਣਾ ਜਰੂਰੀ ਮੰਨਿਆਂ ਗਿਆ ਹੈ, ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

10. ਉ:-ਹੇ ਖੁਦਾ ਦੇ ਬੰਦੇ ! ਆਪਣੇ ਦਿਲ ਵਿਚ ਖੁਦਾ ਦੇ ਨਾਮ ਦੀ ਯਾਦ ਦੀ ਕਮਾਈ ਕਰਦਾ ਰਹੁ ਇਹੋ ਹੈ ਸਹੀ ਕੁਰਾਨ ਅਤੇ ਇਹੋ ਹੈ ਕਤੇਬਾਂ ਦੀ ਤਲੀਮ ।

11. ਹੇ ਖੁਦਾ ਦੇ ਬੰਦੇ ! ਆਪਣੇ ਦਸ ਹੀ ਇੰਦ੍ਰਿਆਂ ਨੂੰ ਭੈੜੇ ਰਸਤੇ ਤੋਂ ਰੋਕ ਰਖ ।

12. ਹੇ ਖੁਦਾ ਦੇ ਬੰਦੇ ! (ਤੂੰ) ਸਿਦਕ ਦੀ ਮਦਦ ਨਾਲ ਪੰਜ ਕਾਮਾਦਿਕ ਸੂਰਮਿਆਂ ਨੂੰ ਫੜ ਕੇ ਬੰਨ੍ਹ ਰਖ, ਸੰਤੋਖ ਦੇ ਖੈਰ ਦੀ ਬਰਕਤ ਨਾਲ ਤੂੰ ਖੁਦਾ ਦੇ ਦਰ ਤੇ ਕਬੂਲ ਹੋ ਜਾਏਂਗਾ ।੪।

13. ਮਕਾ ਮਿਹਰ ਰੋਜਾ ਪੈ ਖਾਕਾ ॥
14. ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
15. ਹੂਰ ਨੂਰ ਮੁਸਕੁ ਖੁਦਾਇਆ
ਬੰਦਗੀ ਅਲਹ ਆਲਾ ਹੁਜਰਾ ॥੫॥
16. ਸਚੁ ਕਮਾਵੈ ਸੋਈ ਕਾਜੀ ॥
17. ਜੋ ਦਿਲੁ ਸੋਧੈ ਸੋਈ ਹਾਜੀ ॥
18. ਸੋ ਮੁਲਾ ਮਲਊਨ ਨਿਵਾਰੈ
ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
19. ਸਭੇ ਵਖਤ ਸਭੇ ਕਰਿ ਵੇਲਾ ॥
20. ਖਾਲਕੁ ਯਾਦਿ ਦਿਲੈ ਮਹਿ ਮਉਲਾ ॥
21. ਤਸਬੀ ਯਾਦਿ ਕਰਹੁ ਦਸ ਮਰਦਨੁ
ਸੁੰਨਤਿ ਸੀਲੁ ਬੰਧਾਨਿ ਬਰਾ ॥੭॥
22. ਦਿਲ ਮਹਿ ਜਾਨਹੁ ਸਭ ਫਿਲਹਾਲਾ ॥
23. ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
24. ਮੀਰ ਮਲਕ ਉਮਰੇ ਫਾਨਾਇਆ
ਏਕ ਮੁਕਾਮ ਖੁਦਾਇ ਦਰਾ ॥੮॥

ਪਦ ਅਰਥ :-ਮਕਾ-ਮੱਕਾ, ਦੇਸ਼ ਅਰਬ ਦਾ ਉਹ ਪ੍ਰਸਿਧ ਸ਼ਹਿਰ ਜਿਸ ਦਾ ਦਰਸਨ ਕਰਨ ਹਰ ਸਾਲ ਮੁਸਲਮਾਨ ਦੂਰੋਂ ਦੂਰੋਂ ਅਪੜਦੇ ਹਨ, ਹਜ਼ਰਤ ਮੁਹੰਮਦ ਸਾਹਿਬ ਮੱਕੇ ਵਿਚ ਹੀ ਪੈਦਾ ਹੋਏ ਸਨ । ਮਿਹਰ-ਤਰਸ, ਦਇਆ । ਰੋਜਾ-ਰੋਜ਼ਾ । ਪੈ ਖਾਕਾ-ਸਭਨਾਂ ਦੇ ਪੈਰਾਂ ਦੀ ਖਾਕ ਹੋਣਾ । ਭਿਸਤੁ-ਬਹਿਸ਼ਤ । ਪੀਰ ਲਫਜ-ਗੁਰੂ ਦੇ ਬਚਨ । ਅੰਦਾਜਾ-ਅੰਦਾਜੇ ਨਾਲ,ਪੂਰੇ ਤੌਰ ਤੇ । ਹੂਰ-ਬਹਿਸ਼ਤ ਦੀਆਂ ਸੁੰਦਰ ਇਸਤ੍ਰੀਆਂ । ਨੂਰ-ਪ੍ਰਮਾਤਮਾਂ ਦਾ ਪ੍ਰਕਾਸ਼ । ਮੁਸਕੁ-ਸੁਗੰਧੀ । ਖੁਦਾਇਆ-ਖੁਦਾ ਦੀ ਬੰਦਗੀ । ਬੰਦਗੀ ਅਲਹ-ਅੱਲਾ ਦੀ ਬੰਦਗੀ । ਆਲਾ-ਆਹਲਾ, ਸ੍ਰੇਸ਼ਟ । ਹੁਜਰਾ-ਬੰਦਗੀ ਕਰਨ ਲਈ ਵਖਰਾ ਨਿਕਾ ਜਿਹਾ ਕਮਰਾ ।੫।

ਸਚੁ-ਸਦਾ ਕਾਇਮ ਰਹਿਣ ਵਾਲੇ ਖੁਦਾ ਦੀ ਯਾਦ । ਸੋਧੈ-ਸੋਧਦਾ ਹੈ, ਪੜਤਾਲ ਕਰਦਾ ਹੈ, ਪਵਿਤ੍ਰ ਰਖਦਾ ਹੈ । ਹਾਜੀ-ਮਕੇ ਦਾ ਹਜ ਕਰਨ ਵਾਲਾ, ਹਜ ਦੇ ਮੌਕੇ ਤੇ ਮੱਕੇ ਦਾ ਦਰਸ਼ਨ ਕਰਨ ਵਾਲਾ ।ਮਲਊਨ-ਵਿਕਾਰਾਂ ਨੂੰ । ਨਿਵਾਰੈ-

ਦੂਰ ਕਰਦਾ ਹੈ। ਜਿਸੁ ਧਰਾ ਜਿਸ ਦਾ ਆਸਰਾ ।੬।

ਵਖਤ-ਵਕਤ । ਖਾਲਕੁ-ਖਲਕਤ ਨੂੰ ਪੈਦਾ ਕਰਨ ਵਾਲਾ। ਦਸ ਮਰਦਨੁ-ਦਸਾਂ (ਇੰਦ੍ਰਿਆਂ) ਨੂੰ ਮਲ ਦੇਣ ਵਾਲਾ ਰੱਬ, ਦਸਾਂ ਇੰਦ੍ਰਿਆਂ ਨੂੰ ਵਸ ਵਿਚ ਕਰਾ ਦੇਣ ਵਾਲਾ ਅੱਲਾ। ਸੀਲੁ-ਚੰਗਾ ਸੁਭਾਉ। ਬੰਧਾਨਿ-ਪਰਹੇਜ, ਵਿਕਾਰਾਂ ਵਲੋਂ ਸੰਕੋਚ। ਬਰਾ-ਸਰੇਸ਼ਟ ।੭।

ਸਭ-ਸਾਰੀ ਸ੍ਰਿਸ਼ਟੀ। ਫਿਲਹਾਲਾ-ਨਾਸਵੰਤ, ਚੰਦ ਰੋਜ਼ਾ। ਬਿਰਾਦਰ-ਹੇ ਭਾਈ । ਖਿਲਖਾਨਾ-ਟੱਬਰ ਟੋਰ। ਹਮੂ-ਸਾਰਾ । ਮੀਰ-ਸ਼ਾਹ । ਉਮਰੇ-ਅਮੀਰ ਲੋਕ । ਫਾਨਾਇਆ-ਨਾਸਵੰਤ, ਫ਼ਨਾਹ ਹੋਣ ਵਾਲੇ । ਮੁਕਾਮ-ਕਾਇਮ ਰਹਿਣ ਵਾਲਾ ।੮।

ਅਰਥ :-

ਪ੍ਰ:-ਸ੍ਰੀ ਜੀਉ ! ਸਾਡੇ ਇਸਲਾਮ ਵਿਚ ਮੱਕੇ ਦਾ ਹੱਜ ਕਰਨਾ, ਰੋਜ਼ੇ ਰਖਣਾ, ਜਰੂਰੀ ਮੰਨਿਆਂ ਜਾਂਦਾ ਹੈ, ਇਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

13. ਉ:-ਹੇ ਖੁਦਾ ਦੇ ਬੰਦੇ ! ਦਿਲ ਵਿਚ ਸਭਨਾਂ ਵਾਸਤੇ ਤਰਸ ਕਰਨਾ ਇਹੋ ਹੀ ਹੱਜ ਅਸਥਾਨ, ਭਾਵ (ਸਹੀ) ਮੱਕਾ ਸਮਝ ਅਤੇ (ਸਭ ਦੇ) ਪੈਰਾਂ ਦੀ ਖ਼ਾਕ ਹੋਏ ਰਹਿਣਾ (ਇਹੋ ਹੀ ਅਸਲ) ਰੋਜ਼ਾ ਹੈ।

ਪ੍ਰ:-ਸ੍ਰੀ ਜੀਉ ! ਇਸਲਾਮੀ ਸ਼ਰ੍ਹਾ ਮੁਤਾਬਕ ਰੋਜ਼ੇ ਆਦਿ ਰਖਣ ਵਾਲੇ ਨੂੰ ਬਹਿਸ਼ਤ ਦੀ ਪ੍ਰਾਪਤੀ ਮੰਨੀ ਜਾਂਦੀ ਹੈ, ਪਰ, ਤੁਹਾਡੇ ਮਤਿ ਅਨੁਸਾਰ ਬਹਿਸ਼ਤ ਬਾਰੇ ਕੀ ਵਿਚਾਰ ਹਨ ?

14. ਉ:-ਹੇ ਖੁਦਾ ਦੇ ਬੰਦੇ ! ਸੁਣ, ਸਾਡੀ ਗੁਰਮਤਿ ਅਨੁਸਾਰ ਤਾਂ ਗੁਰੂ ਦੇ ਬਚਨਾਂ ਉਤੇ ਪੂਰੇ ਤੌਰ ਤੇ ਤੁਰਨਾ, ਇਹੋ ਹੈ (ਅਸਲ) ਬਹਿਸ਼ਤ (ਦੀ ਪ੍ਰਾਪਤੀ)।

ਪ੍ਰ:-ਸ੍ਰੀ ਜੀਉ ! ਸਾਡੀ ਸ਼ਰਹ ਵਿਚ ਹੂਰਾਂ ਦਾ ਮਿਲਣਾ ਤੇ ਕਸਤੂਰੀ ਆਦਿ ਦਾ ਜਿਕਰ ਆਉਂਦਾ ਹੈ, ਪਰ, ਤੁਹਾਡੇ ਵਿਚਾਰਾਂ ਵਿਚ ਇਸ ਨੂੰ ਕੀ ਮੰਨਿਆਂ ਗਿਆ ਹੈ ?

15 ਉ:-ਐ ਪਿਆਰੇ ! ਅਸਲ ਵਿਚ ਖੁਦਾ ਦੇ ਨੂਰ ਦਾ ਜਹੂਰ ਹੀ (ਅਸਲ) ਹੂਰਾਂ ਹਨ, ਖੁਦਾ ਦੀ ਬੰਦਗੀ ਹੀ ਕਸਤੂਰੀ ਹੈ ਅਤੇ ਖੁਦਾ ਦੀ ਬੰਦਗੀ ਹੀ ਸਭ ਤੋਂ ਵਧੀਆ ਹੁਜਰਾ ਹੈ, (ਜਿਥੇ ਮਨ ਵਿਕਾਰਾਂ ਵਲੋਂ ਹੱਟ ਕੇ ਇਕ ਟਕਾਣੇ ਤੇ ਰਹਿ ਸਕਦਾ ਹੈ) ।੫।

ਪ੍ਰ:-ਕਿਉਂ ਜੀ ! ਤੁਹਾਡੇ ਮਤਿ ਅਨੁਸਾਰ ਸਹੀ ਕਾਜ਼ੀ ਕਿਸ ਨੂੰ ਮੰਨਿਆ ਗਿਆ ਹੈ ?

16ਉ:-ਹੇ ਖੁਦਾ ਦੇ ਬੰਦੇ ! ਅਸਲ ਵਿਚ ਜਿਹੜਾ ਮਨੁੱਖ ਸਦਾ ਕਾਇਮ ਰਹਿਣ ਵਾਲੇ ਅੱਲਾ ਦੀ ਬੰਦਗੀ ਕਰਦਾ ਹੈ ਉਹੀ ਹੈ (ਅਸਲ) ਕਾਜ਼ੀ।

ਪ੍ਰ:-ਸ੍ਰੀ ਜੀਉ ! ਜੋ ਮੁਸਲਮਾਨ ਮੱਕੇ ਦਾ ਹੱਜ ਕਰਨ ਵਾਲਾ ਹਾਜੀ ਹੈ, ਉਸ ਨੂੰ ਅਸੀਂ ਲੋਕ ਬੜਾ ਸਤਿਕਾਰਦੇ ਹਾਂ ਅਤੇ ਪਵਿਤ੍ਰ ਮੰਨਦੇ ਹਾਂ, ਤੁਸੀਂ ਇਸ ਬਾਰੇ ਆਪਣੇ ਕੀ ਵੀਚਾਰ ਰਖਦੇ ਹੋ ?

17. ਉ:-ਹੇ ਭਾਈ ! ਅਸਲ ਵਿਚ ਜਿਹੜਾ ਮਨੁੱਖ ਆਪਣੇ ਦਿਲ ਨੂੰ ਪਵਿਤ੍ਰ ਰਖਣ ਦਾ ਜਤਨ ਕਰਦਾ ਰਹਿੰਦਾ ਹੈ ਉਹੀ (ਅਸਲ) ਹੱਜ ਕਰਨ ਵਾਲਾ (ਸੱਚਾ) ਹਾਜ਼ੀ ਹੈ।

ਪ੍ਰ:-ਕਿਉਂ ਜੀ, ਮੁਲਾਂ ਬਾਰੇ ਆਪ ਜੀ ਕੀ ਖਿਆਲ ਰਖਦੇ ਹੋ?

18. ਉ:-ਹੇ ਖੁਦਾ ਦੇ ਬੰਦੇ ! ਜਿਹੜਾ ਮਨੁੱਖ (ਆਪਣੇ ਅੰਦਰੋਂ) ਵਿਕਾਰਾਂ ਨੂੰ ਦੂਰ ਕਰਦਾ ਹੈ, ਉਹ (ਅਸਲ) ਮੁਲਾਂ ਹੈ ਅਤੇ ਜਿਸ ਮਨੁੱਖ ਨੂੰ ਖੁਦਾ ਦੀ ਸਿਫਤ ਸਲਾਹ ਦਾ ਸਹਾਰਾ ਹੈ ਉਹ ਹੈ (ਅਸਲ) ਫ਼ਕੀਰ ।੬।

ਪ੍ਰ:-ਸ੍ਰੀ ਜੀਉ ! ਸਾਡੇ ਮਤ ਵਿਚ ਤਾਂ ਸਦਾ ਤਸਬੀ ਫੇਰਦੇ ਰਹਿਣ ਨੂੰ ਉੱਤਮ ਮੰਨਿਆਂ ਗਿਆ ਹੈ, ਇਸ ਬਾਰੇ ਤੁਹਾਡੇ ਵੀਚਾਰ ਕੀ ਹਨ ?

19-20. ਉ:-ਹੇ ਖੁਦਾ ਦੇ ਬੰਦੇ ! ਹਰ ਵਕਤ, ਹਰ ਵੇਲੇ ਖਾਲਕ ਨੂੰ ਮੌਲਾ ਨੂੰ ਆਪਣੇ ਦਿਲ ਵਿਚ ਯਾਦ ਕਰਦਾ ਰਹੁ।

21. ਹਰ ਵੇਲੇ ਖੁਦਾ ਨੂੰ ਯਾਦ ਕਰਦੇ ਰਹੋ, ਇਹੀ ਹੈ ਤਸਬੀ, ਉਹ ਖੁਦਾ ਹੀ ਦਸ ਇੰਦ੍ਰਿਆਂ ਨੂੰ ਵਸ ਵਿਚ ਲਿਆ ਸਕਦਾ ਹੈ, ਹੇ ਖੁਦਾ ਦੇ ਬੰਦੇ ! ਚੰਗਾ ਸੁਭਾਉ ਅਤੇ (ਵਿਕਾਰਾਂ ਵਲੋਂ) ਤਕੜਾ ਪ੍ਰਹੇਜ ਹੀ ਸੁੰਨਤ (ਸਮਝ) ।੭।

ਪ੍ਰ:-ਸ੍ਰੀ ਜੀਉ ! ਮੈਨੂੰ ਸੰਸਾਰ ਵਲੋਂ ਨਿਰਮੋਹ ਹੋਣ ਲਈ ਵੈਰਾਗ ਮਈ ਉਪਦੇਸ਼ ਦਿਓ ਅਤੇ ਉਸ ਸੱਚੇ ਘਰ ਦੀ ਜਾਣਕਾਰੀ ਕਰਾਓ, ਜੋ ਸਦਾ ਹੀ ਕਾਇਮ ਰਹਿਣ ਵਾਲਾ ਹੋਵੇ ?

22. ਉ:-ਹੇ ਅੱਲਾ ਦੇ ਬੰਦੇ ! (ਇਸ ਸਾਰੀ ਸੰਸਾਰਕ) ਰਚਨਾਂ ਨੂੰ ਆਪਣੇ ਦਿਲ ਵਿਚ ਨਾਸਵੰਤ ਜਾਣ।

23. ਹੇ ਭਾਈ ! ਇਹ ਟੱਬਰ ਟੋਰ (ਦਾ ਮੋਹ) ਸਭ ਫਾਹੀਆਂ (ਵਿਚ ਫਸਾਣ ਵਾਲਾ ਹੀ) ਹੈ।

24. ਐ ਪਿਆਰੇ ! ਸ਼ਾਹ ਪਾਤਸ਼ਾਹ, ਅਮੀਰ ਲੋਕ ਸਭ ਨਾਸਵੰਤ ਹਨ, ਸਿਰਫ (ਇਕ) ਖੁਦਾ ਦਾ ਦਰ ਹੀ ਸਦਾ ਕਾਇਮ ਰਹਿਣ ਵਾਲਾ ਹੈ ।੮।

25. ਅਵਲਿ ਸਿਫਤਿ ਦੂਜੀ ਸਾਬੂਰੀ ॥
26. ਤੀਜੈ ਹਲੇਮੀ ਚਉਥੈ ਖੈਰੀ ॥
27. ਪੰਜਵੈ ਪੰਜੇ ਇਕਤੁ ਮੁਕਾਮੈ
ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
28. ਸਗਲੀ ਜਾਨਿ ਕਰਹੁ ਮਉਦੀਫਾ ॥
29. ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
30. ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ
ਬੁਰਗੂ ਬਰਖੁਰਦਾਰ ਖਰਾ ॥੧੦॥
31. ਹਕੁ ਹਲਾਲੁ ਬਖੋਰਹੁ ਖਾਣਾ ॥
32. ਦਿਲ ਦਰੀਆਉ ਧੋਵਹੁ ਮੈਲਾਣਾ ॥

33. ਪੀਰੁ ਪਛਾਣੈ ਭਿਸਤੀ ਸੋਈ
ਅਜਰਾਈਲੁ ਨ ਦੋਜ ਠਰਾ ॥੧੧॥
34. ਕਾਇਆ ਕਿਰਦਾਰ ਅਉਰਤ ਯਕੀਨਾ ॥
35. ਰੰਗ ਤਮਾਸੇ ਮਾਣਿ ਹਕੀਨਾ ॥
36. ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ ॥੧੨॥

ਪਦ ਅਰਥ :-ਅਵਲਿ-(ਨਿਮਾਜ ਦਾ) ਪਹਿਲਾ (ਵਕਤ)। ਦੂਜੀ-ਦੂਜੀ (ਨਿਮਾਜ)। ਸਾਬੂਰੀ-ਸੰਤੋਖ। ਤੀਜੈ-(ਨਿਮਾਜ ਦੇ) ਤੀਜੇ (ਵਕਤ) ਵਿਚ। ਹਲੇਮੀ-ਨਿਮ੍ਰਤਾ। ਚਉਥੈ-ਚੌਥੇ (ਵਕਤ) ਵਿਚ। ਖੈਰੀ-ਸਭ ਦਾ ਭਲਾ ਮੰਗਣਾ। ਪੰਜੇ-(ਕਾਮਾਦਿਕ) ਪੰਜ ਹੀ। ਇਕਤੁ-ਇਕ ਵਿਚ। ਇਕਤੁ ਮੁਕਾਮੈ-ਇਕੋ ਥਾਂ ਵਿਚ, ਵਸ ਵਿਚ (ਰਖਣੇ)। ਵਖਤ-ਨਿਮਾਜ਼ ਦੇ ਵਕਤ। ਅਪਰ ਪਰਾ-ਪਰੇ ਤੋਂ ਪਰੇ, ਬਹੁਤ ਵਧੀਆ।੯।

ਸਗਲੀ-ਸਾਰੀ (ਸ੍ਰਿਸ਼ਟੀ) ਵਿਚ। ਮਉਦੀਫਾ-ਵਜੀਫਾ, ਇਸਲਾਮੀ ਸ਼ਰਹਾ ਅਨੁਸਾਰ ਸਦਾ ਜਾਰੀ ਰਖਣ ਵਾਲਾ ਇਕ ਪਾਠ। ਬਦ ਅਮਲ-ਭੈੜੇ ਕੰਮ। ਹਥਿ-ਹੱਥ ਵਿਚ। ਕੂਜਾ-ਕੂਜ਼ਾ, ਲੋਟਾ, ਅਸਤਾਵਾ। ਬੁਝਿ-ਸਮਝ ਕੇ। ਬੁਰਗੂ-ਸਿੰਙ ਜੋ ਮੁਸਲਮਾਨ ਫਕੀਰ ਵਜਾਂਦੇ ਹਨ। ਬਰਖੁਰਦਾਰ-ਭਲਾ ਬੱਚਾ। ਖਰਾ-ਚੰਗਾ।੧੦।

ਹਕੁ-ਹਕ ਦੀ ਕਮਾਈ, ਆਪਣੀ ਨੇਕ ਮਿਹਨਤ ਨਾਲ ਖੱਟੀ ਹੋਈ ਮਾਇਆ। ਬਖੋਰਹੁ-ਖਾਵੋ। ਮੈਲਾਣਾ-ਵਿਕਾਰਾਂ ਦੀ ਮੈਲ। ਪੀਰੁ-ਗੁਰੂ, ਰਾਹਬਰ। ਭਿਸਤੀ-ਬਹਿਸ਼ਤ ਦਾ ਹੱਕਦਾਰ। ਦੋਜ-ਦੋਜ਼ਕ (ਵਿਚ)। ਠਰਾ-ਠੇਹਲਦਾ, ਸੁਟਦਾ।੧੧।

ਕਾਇਆ-ਸਰੀਰ। ਕਿਰਦਾਰ-ਅਮਲ, ਚੰਗੇ ਮੰਦੇ ਕਰਮ। ਅਉਰਤ-ਇਸਤ੍ਰੀ। ਅਉਰਤ ਯਕੀਨਾ-ਪਤਿਬ੍ਰਤਾ ਇਸਤ੍ਰੀ। ਹਕੀਨਾ-ਹੱਕ ਦੇ, ਰੱਬੀ ਮਿਲਾਪ ਦੇ। ਨਾਪਾਕ-ਅਪਵਿੱਤਰ। ਪਾਕੁ-ਪਵਿਤਰ। ਹਦੀਸ-ਪੈਗੰਬਰੀ ਪੁਸਤਕ ਜਿਸ ਨੂੰ ਕੁਰਾਨ ਤੋਂ ਦੂਜਾ ਦਰਜਾ ਦਿਤਾ ਜਾਂਦਾ ਹੈ, ਇਸ ਵਿਚ ਮੁਸਲਮਾਨੀ ਸ਼ਰਹ ਦੀ ਹਦਾਇਤ ਹੈ। ਹਦੂਰਿ ਹਦੀਸਾ-ਹਜ਼ੂਰੀ ਹਦੀਸ, ਰੱਬੀ ਸ਼ਰਹ ਦੀ ਪੁਸਤਕ। ਸਾਬਤ ਸੂਰਤਿ-(ਸੁੰਨਤਿ, ਲਬਾਂ ਕੱਟਣ ਆਦਿਕ ਦੀ ਸ਼ਰਹ ਨਾ ਕਰ ਕੇ) ਸਰੀਰ ਨੂੰ ਜਿਉਂ ਕਾ ਤਿਉਂ ਰਖਣਾ। ਦਸਤਾਰ ਸਿਰਾ-ਸਿਰ ਉਤੇ ਦਸਤਾਰ (ਦਾ ਕਾਰਨ ਬਣਦੀ ਹੈ)। ਇਜਤ-ਆਦਰ ਦਾ ਵਸੀਲਾ।੧੨।

ਅਰਥ :-

ਪ੍ਰ:-ਸ੍ਰੀ ਜੀਉ! ਇਸਲਾਮੀ ਸ਼ਰਹ ਮੁਤਾਬਕ ਤਾਂ ਉਸੇ ਨੂੰ ਹੀ ਸਹੀ ਰੂਪ ਵਿਚ ਮੁਸਲਮਾਨ ਮੰਨਿਆਂ ਜਾਂਦਾ ਹੈ, ਜੋ ਕਿ ਪੰਜੇ ਹੀ ਵਕਤ ਪੰਜ ਨਿਮਾਜਾਂ ਪੜ੍ਹਦਾ ਹੋਵੇ, ਇਨ੍ਹਾਂ ਪੰਜ ਨਿਮਾਜਾਂ ਤੋਂ ਸਖਣੇ ਨੂੰ ਇਸਲਾਮੀ ਮਤਿ ਵਿਚ ਅਸਲ ਮੁਸਲਮਾਨ ਨਹੀਂ ਮੰਨਿਆਂ ਜਾਂਦਾ, ਕੀ ਆਪ ਭੀ ਇਸ ਸਾਡੀ ਸੂਹ ਦੇ ਨਾਲ ਸਹਿਮਤ ਹੋ?

25. **ਉ**.-ਹੇ ਖੁਦਾ ਦੇ ਬੰਦੇ! ਮੁਬਾਰਕ ਹੋਵੇ, ਤੈਨੂੰ ਤੇਰੀਆਂ ਪੰਜ ਨਿਮਾਜਾਂ ਪੜ੍ਹੀਆਂ, ਪਰ ਇਹ ਤੇਰੀਆਂ ਬਾਹਰਲੀਆਂ ਪੰਜ ਵਕਤ ਪੜ੍ਹੀਆਂ ਪੰਜ ਨਿਮਾਜਾਂ ਨੂੰ ਮੈਂ ਤਾਂ ਤਦੋਂ ਹੀ ਸਫਲੀਆਂ ਮੰਨਾਂਗਾ, ਜਦ ਕਿ ਤੂੰ ਇਨ੍ਹਾਂ ਦੇ ਨਾਲ ਨਾਲ ਪੰਜ ਅੰਤ੍ਰੀਵ ਨਿਮਾਜਾਂ ਭੀ ਪੜ੍ਹਦਾ ਹੋਵੇਂ, ਕਿਉਂਕਿ, ਅੰਤ੍ਰੀਵ ਨਿਮਾਜਾਂ ਤੋਂ ਸੱਖਣੀਆਂ ਪੰਜੇ ਬਾਹਰਲੀਆਂ ਨਿਮਾਜਾਂ ਨੂੰ ਤਾਂ ਕੇਵਲ ਇਕ ਰਸਮ ਹੀ ਮੰਨਿਆਂ ਜਾਵੇਗਾ ਭਾਵ ਉਸ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਹੀ ਰਸਮੀ ਤੌਰ ਪਰ ਸੱਚਾ ਮੁਸਲਮਾਨ ਮੰਨਿਆ ਜਾ ਸਕਦਾ ਹੈ, ਪਰ, ਖੁਦਾ ਦੀ ਸੱਚੀ ਦਰਗਾਹ ਵਿਚ ਤਾਂ ਕੇਵਲ ਬਾਹਰਲੀ ਲੌਕਿਕ ਰਸਮ ਨੂੰ ਨਹੀਂ ਸਗੋਂ ਅੰਤਰ ਮੁਖੀ ਸੱਚੀ ਧਾਰਨਾ ਨੂੰ ਹੀ ਕਬੂਲਿਆ ਜਾਂਦਾ ਹੈ।

ਪ੍ਰ:-ਕਿਉਂ ਜੀ! ਉਹ ਅੰਤ੍ਰੀਵ ਨਿਮਾਜਾਂ ਕਿਹੜੀਆਂ ਹਨ, ਜੋ ਕਿ ਮਨੁੱਖ ਦੇ ਜੀਵਨ ਨੂੰ ਉੱਚਾ ਤੇ ਸੱਚਾ ਸੁੱਚਾ ਬਣਾ ਸਕਦੀਆਂ ਹਨ?

ਉ:-ਹੇ ਰੱਬ ਦੇ ਬੰਦੇ! ਸੁਣ ਤੇਰੀ ਉਮਰ ਦੇ ਇਹ ਪੰਜੇ ਵੇਲੇ ਤੇਰੇ ਵਾਸਤੇ ਬੜੇ ਹੀ ਲਾਭਦਾਇਕ ਹੋ ਸਕਦੇ ਹਨ, (ਜੇ ਤੂੰ) ਪਹਿਲੇ ਵਕਤ ਵਿਚ ਰੱਬ ਦੀ ਸਿਫਤ ਸਲਾਹ ਕਰਦਾ ਰਹੇਂ ਅਤੇ ਜੇ ਸੰਤੋਖ ਤੇਰੀ ਦੂਜੀ ਨਿਮਾਜ ਹੋਵੇ।

26. ਨਿਮਾਜ ਦੇ ਤੀਜੇ ਵਕਤ ਵਿਚ ਤੂੰ ਨਿਮ੍ਰਤਾ ਧਾਰਨ ਕਰੇਂ ਅਤੇ ਚੌਥੇ ਵਕਤ ਵਿਚ ਤੂੰ ਸਭ ਦਾ ਭਲਾ ਮੰਗੇ।

27. ਅਤੇ ਪੰਜਵੇਂ ਵਕਤ ਵਿਚ ਤੂੰ ਕਾਮਾਦਿਕ ਪੰਜਾਂ ਨੂੰ ਹੀ ਵਸ ਵਿਚ ਰਖੇਂ, (ਭਾਵ ਹੈ, ਬਾਹਰਲੀਆਂ ਪੰਜੇ ਨਿਮਾਜਾਂ ਦੇ ਨਾਲ) ੧. ਰੱਬ ਦੀ ਸਿਫਤ ਸਲਾਹ, ੨. ਸੰਤੋਖ, ੩. ਨਿਮ੍ਰਤਾ. ੪. ਸਭ ਦਾ ਭਲਾ ਮੰਗਣਾ, ੫. ਕਾਮਾਦਿਕ ਪੰਜਾਂ ਨੂੰ ਹੀ ਵਸ ਵਿਚ ਰਖਣਾ, ਇਹ ਪੰਜ ਹਨ ਆਤਮਕ ਜੀਵਨ ਦੀਆਂ ਪੰਜ ਨਿਮਾਜਾਂ ਤੇ ਇਹ ਜੀਵਨ ਨੂੰ ਬਹੁਤ ਉਚਾ ਕਰਦੀਆਂ ਹਨ, ਜੋ ਖੁਦਾ ਦੀ ਸੱਚੀ ਦਰਗਾਹ ਵਿਚ ਕਬੂਲਿਆ ਜਾ ਸਕਦਾ ਹੈ।੯।

ਪ੍ਰ:-ਸ੍ਰੀ ਜੀਉ! ਇਸਲਾਮੀ ਸ਼ਰਹ ਅਨੁਸਾਰ ਇਕ ਅਜਿਹਾ ਕਲਮਾਂ ਭੀ ਹੈ, ਜਿਸ ਦਾ ਹਰ ਵੇਲੇ ਪਾਠ ਕਰਦੇ ਰਹਿਣਾ ਜਰੂਰੀ ਮੰਨਿਆਂ ਜਾਂਦਾ ਹੈ, ਇਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ?

28. **ਉ**:-ਹੇ ਅੱਲਾ ਦੇ ਬੰਦੇ! ਤੂੰ ਸਾਰੀ ਸ੍ਰਿਸ਼ਟੀ ਵਿਚ ਇਕੋ ਖੁਦਾ ਨੂੰ ਵਸਦਾ ਜਾਣ, ਇਸੇ ਨੂੰ ਤੂੰ ਆਪਣਾ ਹਰ ਵੇਲੇ ਦਾ ਰੱਬੀ ਕਲਾਮ ਦਾ ਪਾਠ ਬਣਾਈ ਰਖ।

ਪ੍ਰ:-ਹੇ ਗੁਰੋ! ਮੁਸਲਮਾਨ ਲਈ ਤਾਂ ਸਰੀਰਕ ਸੁਧੀ ਵਾਸਤੇ

ਪਾਣੀ ਦਾ ਲੋਟਾ ਭੀ ਹਰ ਵਕਤ ਹੱਥ ਵਿਚ ਰਖਣਾ ਅਤਿ ਜਰੂਰੀ ਸਮਝਿਆ ਜਾਂਦਾ ਹੈ, ਪਰ ਆਪ ਜੀ ਸਰੀਰਕ ਸ਼ੁਧੀ ਲਈ ਕਿਹੜੀ ਧਾਰਨਾ ਮੰਨਦੇ ਹੋ ?

29. ਉ:-ਹੇ ਖੁਦਾ ਦੇ ਬੰਦੇ ! (ਸਰੀਰਕ ਸਵੱਛਤਾ ਵਾਸਤੇ) ਤੂੰ ਮੰਦੇ ਕਰਮ ਕਰਨੇ ਛਡ ਦੇ (ਇਹੋ ਹੈ ਸਹੀ ਰੂਪ ਵਿਚ) ਪਾਣੀ ਦਾ ਲੋਟਾ ਇਸ ਨੂੰ ਤੂੰ ਹਰ ਵਕਤ ਆਪਣੇ ਮਨ ਰੂਪੀ ਹੱਥ ਵਿਚ ਫੜੀ ਰਖ ।

ਪ੍ਰ:-ਸ੍ਰੀ ਜੀਉ ! ਮੁਸਲਮਾਨ ਲਈ ਨਿਮਾਜ ਪੜ੍ਹਨ ਵੇਲੇ ਬਾਂਗ ਦੇਣੀ ਭੀ ਇਕ ਰਸਮ ਹੈ ਅਤੇ ਫਕੀਰ ਸਿੰਙੀ ਆਦਿਕ ਵਜਾਉਣ ਦੀ ਕ੍ਰਿਆ ਨੂੰ ਧਾਰਨ ਕਰਨਾ ਭੀ ਜਰੂਰੀ ਸਮਝਦੇ ਹਨ, ਇਸ ਰਸਮ ਬਾਰੇ ਆਪ ਜੀ ਦੇ ਕੀ ਖਿਆਲ ਹਨ ?

30. ਉ:-ਹੇ ਖੁਦਾ ਦੇ ਬੰਦੇ ! ਤੂੰ ਇਹ ਯਕੀਨ ਬਣਾ ਲੈ ਕਿ, ਸਾਰੀ ਖਲਕਤ ਦਾ ਇਕੋ ਹੀ ਖੁਦਾ ਹੈ, ਬੱਸ, ਸਦਾ ਇਹੋ ਹੀ ਬਾਂਗ ਦਿਆ ਕਰ ।

ਅਤੇ ਹੇ ਫਕੀਰ ਸਾਈਂ ! ਖੁਦਾ ਦਾ ਚੰਗਾ ਪੁੱਤਰ ਬਣਨ ਦਾ ਜਤਨ ਕਰਿਆ ਕਰ ਇਹੋ ਹੀ ਸਿੰਙ ਵਜਾਇਆ ਕਰ ।੧੦।

ਪ੍ਰ:-ਸ੍ਰੀ ਜੀਉ ! ਸਾਡੀ ਇਸਲਾਮ ਦੀ ਸ਼ਰਹ ਮੁਤਾਬਕ ਮੁਸਲਮਾਨ ਲਈ 'ਹਲਾਲ' ਦਾ ਖਾਣਾ ਭੀ ਜਰੂਰੀ ਮੰਨਿਆਂ ਜਾਂਦਾ ਹੈ, ਇਸ ਸੰਬੰਧੀ ਆਪ ਜੀ ਦੇ ਕੀ ਵੀਚਾਰ ਹਨ ?

31. ਉ;-ਹੇ ਖੁਦਾ ਦੇ ਬੰਦੇ ਅਸਲ ਵਿਚ ਤੂੰ ਹੱਕ ਦੀ ਕਮਾਈ ਕਰਿਆ ਕਰ, ਇਹੋ ਹੈ ਸਹੀ ਰੂਪ ਵਿਚ 'ਹਲਾਲ' ਇਹ ਖਾਣਾ ਖਾਇਆ ਕਰ !

ਪ੍ਰ:-ਸ੍ਰੀ ਜੀਉ ! ਮੈਂ ਤਾਂ ਇਉਂ ਹੀ ਸਮਝਦਾ ਹਾਂ ਕਿ ਇਸਲਾਮੀ ਸ਼ਰਹ ਅਨੁਸਾਰ ਜੀਵਨ ਗੁਜਾਰਨ ਕਰਦੇ ਰਹਿਣ ਨਾਲ ਹੀ ਦਿਲ ਤੋਂ ਵਿਕਾਰਾਂ ਦੀ ਮੈਲ ਧੋਤੀ ਜਾ ਸਕਦੀ ਹੈ, ਪਰ, ਕੀ ਆਪ ਜੀ ਇਸ ਸ਼ਰਹ ਨਾਲ ਭੀ ਸਹਿਮਤ ਨਹੀਂ ਹੋ ?

32. ਉ-ਐ ਖੁਦਾ ਦੇ ਬੰਦੇ ! ਤੂੰ ਦਿਲ ਵਿਚੋਂ ਵਿਤਕਰੇ ਕੱਢ ਕੇ ਦਿਲ ਨੂੰ ਦਰਿਆ ਬਨਾਣ ਦਾ ਜਤਨ ਕਰ (ਇਸ ਤਰ੍ਹਾਂ) ਤੂੰ ਦਿਲ ਤੋਂ ਵਿਕਾਰਾਂ ਦੀ ਮੈਲ ਧੋਇਆ ਕਰ ।

ਪ੍ਰ:-ਹੇ ਗੁਰੋ ! ਇਸਲਾਮ ਦੀ ਸ਼ਰਹ ਮੁਤਾਬਕ ਤਾਂ ਉਸੇ ਨੂੰ ਬਹਿਸ਼ਤ ਜਾਣ ਦਾ ਹੱਕਦਾਰ ਮੰਨਿਆ ਜਾਂਦਾ ਹੈ, ਜੋ ਕਿ ਸ਼ਰਹ ਮੁਤਾਬਕ ਜੀਵਨ ਗੁਜਾਰਦਾ ਹੋਵੇ, ਉਸੇ ਨੂੰ ਹੀ ਅਜ਼ਰਾਈਲ ਦੋਜ਼ਕ ਵਿਚ ਨਹੀਂ ਪਾਂਦਾ ?

38. ਉ:-ਹੇ ਅੱਲਾ ਦੇ ਬੰਦੇ ! ਜਿਹੜਾ ਮਨੁੱਖ ਆਪਣੇ ਗੁਰੂ ਪੀਰ (ਦੇ ਹੁਕਮ) ਨੂੰ ਪਛਾਣਦਾ ਹੈ, ਉਹੀ ਬਹਿਸ਼ਤ ਦਾ ਹੱਕਦਾਰ ਬਣ ਜਾਂਦਾ ਹੈ, ਅਜ਼ਰਾਈਲ ਭੀ ਉਸੇ ਨੂੰ ਦੋਜ਼ਕ ਵਿਚ ਨਹੀਂ ਸੁੱਟਦਾ ।੧੧।

34. ਹੇ ਖੁਦਾ ਦੇ ਬੰਦੇ ! ਵੇਖ, ਆਪਣੇ ਇਸ ਸਰੀਰ ਨੂੰ ਜਿਸਦੀ ਰਾਹੀਂ ਸਦਾ ਚੰਗੇ ਮੰਦੇ ਕਰਮ ਕੀਤੇ ਜਾਂਦੇ ਹਨ, (ਇਸਨੂੰ) ਆਪਣੀ ਵਫਾਦਾਰ ਔਰਤ (ਪਤਿਬ੍ਰਤਾ ਇਸਤ੍ਰੀ) ਬਣਾ ।

35. ਐ ਪਿਆਰੇ ! ਵਿਕਾਰਾਂ ਦੇ ਰੰਗ ਤਮਾਸ਼ੇ ਮਾਣਨ ਦੇ ਥਾਂ ਇਸ ਪਤਿਬ੍ਰਤਾ ਇਸਤ੍ਰੀ ਦੀ ਰਾਹੀਂ ਰੱਬੀ ਮਿਲਾਪ ਦੇ ਰੰਗ ਤਮਾਸ਼ੇ ਮਾਣਿਆਂ ਕਰ ।

36. ਹੇ ਅੱਲਾ ਦੇ ਬੰਦੇ ! ਵਿਕਾਰਾਂ ਵਿਚ ਮਲੀਨ ਹੋ ਰਹੇ ਮਨ ਨੂੰ ਪਵਿਤ੍ਰ ਕਰਨ ਦਾ ਯਤਨ ਕਰ, ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ (ਸੁੰਨਤ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛਡ ਕੇ) ਆਪਣੀ ਸ਼ਕਲ ਨੂੰ ਜਿਉਂ ਕਾ ਤਿਉਂ ਰਖ-ਇਹ (ਲੋਕ ਪ੍ਰਲੋਕ ਵਿਚ) ਇੱਜਤ ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ ।੧੨।

37. ਮੁਸਲਮਾਣੁ ਮੋਮ ਦਿਲਿ ਹੋਵੈ ॥
38. ਅੰਤਰ ਕੀ ਮਲੁ ਦਿਲ ਤੇ ਧੋਵੈ ॥
39. ਦੁਨੀਆ ਰੰਗ ਨ ਆਵੈ ਨੇੜੈ
ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
40. ਜਾ ਕਉ ਮਿਹਰ ਮਿਹਰ ਮਿਹਰਵਾਨਾ ॥
41. ਸੋਈ ਮਰਦੁ ਮਰਦੁ ਮਰਦਾਨਾ ॥
42. ਸੋਈ ਸੇਖੁ ਮਸਾਇਕੁ ਹਾਜੀ
ਸੋ ਬੰਦਾ ਜਿਸੁ ਨਜਰਿ ਨਰਾ ॥੧੪॥
43. ਕੁਦਰਤਿ ਕਾਦਰ ਕਰਣ ਕਰੀਮਾ ॥
44. ਸਿਫਤਿ ਮੁਹਬਤਿ ਅਥਾਹ ਰਹੀਮਾ ॥
45. ਹਕੁ ਹੁਕਮੁ ਸਚੁ ਖੁਦਾਇਆ
ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥

ਪਦ ਅਰਥ :-ਦਿਲਿ-ਦਿਲ ਵਾਲਾ । ਮੋਮ ਦਿਲਿ-ਮੋਮ ਵਰਗੇ (ਨਰਮ) ਦਿਲ ਵਾਲਾ । ਅੰਤਰ ਕੀ-ਅੰਦਰ ਦੀ, ਅੰਦਰਲੀ । ਤੇ-ਤੋਂ । ਕੁਸਮ-ਫੁੱਲ । ਪਾਟੁ-ਪੱਟ, ਰੇਸ਼ਮ । ਪਾਕੁ-ਪਵਿੱਤ੍ਰ । ਹਰਾ-(ਹਾਰਣ) ਹਰਨ ਦੀ ਖੱਲ, ਮ੍ਰਿਗ ਛਾਲਾ ।੧੩।

ਮਰਦਾਨਾ-ਸੂਰਮਾ । ਸੇਖੁ-ਸ਼ੇਖ । ਨਰਾ-ਨਰਹਰ, ਪ੍ਰਮਾਤਮਾਂ ।੧੪।

ਕੁਦਰਤਿ ਕਾਦਰ-ਕਾਦਰ ਦੀ ਕੁਦਰਤ ਨੂੰ, ਕਰਤਾਰ ਦੀ ਰਚੀ ਰਚਨਾ ਨੂੰ । ਕਰਣ ਕਰੀਮਾ-ਕਰੀਮ ਦੇ ਕਰਣ ਨੂੰ, ਬਖਸਿੰਦ ਪ੍ਰਭੂ ਦੇ ਰਚੇ ਜਗਤ ਨੂੰ । ਰਹੀਮ-ਰਹਿਮ ਕਰਨ ਵਾਲਾ ਰੱਬ । ਮੁਹਬਤਿ-ਮੁਹੱਬਤ, ਪਿਆਰ । ਹਕੁ-ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੇ ਨਾਮ ਨੂੰ । ਬੁਝਿ-ਸਮਝਕੇ । ਬੰਦਿ-ਮਾਇਆ ਦੇ ਮੋਹ ਦੇ ਬੰਧਨ । ਤਰਾ-ਤਰ ਜਾਈਦਾ ਹੈ ।੧੫।

ਅਰਥ :-

ਪ੍ਰ:-ਸ੍ਰੀ ਜੀਉ ! ਤੁਹਾਡੇ ਆਪਣੇ ਖਿਆਲਾਂ ਮੁਤਾਬਕ ਸਹੀ ਰੂਪ ਵਿਚ ਅਸਲ ਮੁਸਲਮਾਨ ਕੌਣ ਹੈ ?

37. ਉ:-ਹੇ ਖੁਦਾ ਦੇ ਬੰਦੇ ! ਸੁਣ, ਅਸਲ ਮੁਸਲਮਾਨ ਉਹ ਹੈ ਜੋ ਮੋਮ ਵਰਗੇ ਨਰਮ ਦਿਲ ਵਾਲਾ ਹੁੰਦਾ ਹੈ ।

38. ਅਤੇ ਜੋ ਆਪਣੇ ਦਿਲ ਤੋਂ ਅੰਦਰਲੀ (ਵਿਕਾਰਾਂ ਦੀ) ਮੈਲ ਧੋ ਦੇਂਦਾ ਹੈ ।

39. ਐ ਪਿਆਰੇ ! ਉਹ ਮੁਸਲਮਾਨ ਦੁਨੀਆਂ ਦੇ ਰੰਗ ਤਮਾਸ਼ਿਆਂ ਦੇ ਨੇੜੇ ਨਹੀਂ ਢੁਕਦਾ, (ਜੋ ਇਉਂ ਪਵਿਤ੍ਰ ਰਹਿੰਦਾ ਹੈ) ਜਿਵੇਂ ਫੁੱਲ, ਰੇਸ਼ਮ, ਘਿਉ ਅਤੇ ਮ੍ਰਿਗਛਾਲਾ ਪਵਿਤ੍ਰ (ਰਹਿੰਦੇ ਹਨ) ।੧੩।

ਪ੍ਰ:-ਹੇ ਗੁਰੋ ! ਤੁਸੀਂ ਵਿਕਾਰਾਂ ਦੇ ਟਾਕਰੇ ਵਿਚ ਕਿਸ ਮਨੁੱਖ ਨੂੰ ਸੂਰਮਾਂ ਮੰਨਦੇ ਹੋ ?

40. ਉ:-ਹੇ ਖੁਦਾ ਦੇ ਬੰਦੇ ! ਸੁਣ, ਜਿਸ ਮਨੁੱਖ ਉਤੇ ਮਿਹਰਵਾਨ (ਮੌਲਾ) ਦੀ ਹਰ ਵੇਲੇ ਮਿਹਰ ਰਹਿੰਦੀ ਹੈ ।

41. ਐ ਪਿਆਰੇ ! ਵਿਕਾਰਾਂ ਦੇ ਟਾਕਰੇ ਤੇ ਉਹੀ ਮਨੁੱਖ ਸੂਰਮਾਂ ਮਰਦ (ਸਾਬਤ ਹੁੰਦਾ) ਹੈ ।

42. ਉਹੀ ਹੈ (ਅਸਲ) ਸ਼ੇਖ, ਮਸਾਇਕ ਤੇ ਹਾਜੀ, ਉਹੀ ਹੈ (ਅਸਲ) ਖੁਦਾ ਦਾ ਬੰਦਾ ਜਿਸ ਉਤੇ ਖੁਦਾ ਦੀ ਮਿਹਰ ਦੀ ਨਿਗਾਹ ਰਹਿੰਦੀ ਹੈ ।੧੪।

ਪ੍ਰ:-ਸ੍ਰੀ ਜੀਉ ! ਮਾਇਆ ਦੇ ਮੋਹ ਦੇ ਬੰਧਨਾ ਤੋਂ ਮਨੁੱਖ ਦੀ ਖਲਾਸੀ ਕਿਵੇਂ ਹੋ ਸਕਦੀ ਹੈ ?

43-44. ਉ:-ਹੇ ਖੁਦਾ ਦੇ ਬੰਦੇ ! ਕਾਦਰ ਦੀ ਕੁਦਰਤ ਨੂੰ ਬਖਸ਼ਿੰਦ ਮਾਲਕ ਦੇ ਰਚੇ ਜਗਤ ਨੂੰ, ਬੇਅੰਤ ਡੂੰਘੇ ਰਹਿਮ ਦਿਲ ਖੁਦਾ ਦੀ ਮੁਹੱਬਤ ਤੇ ਸਿਫਤ ਸਲਾਹ ਨੂੰ ।

45. ਸਦਾ ਕਾਇਮ ਰਹਿਣ ਵਾਲੇ ਖੁਦਾ ਨੂੰ ਸਮਝ ਕੇ ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖਲਾਸੀ ਹੋ ਜਾਂਦੀ ਹੈ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ ।੧੫।੩।੧੨।

ਭਾਵਾਰਥ :-ਇਸ ਸ਼ਬਦ ਵਿਚ ਇਕ ਮੁਸਲਮਾਨ ਨੂੰ ਉਸ ਦੇ ਧਰਮ ਦੀ ਰਹਿਤ ਦੇ ਮੁਕਾਬਲੇ ਉਤੇ, ਅੰਤ੍ਰੀਵ ਸੱਚੀ ਰਹਿਤ ਦਰਸਾਈ ਹੈ, ਜਿਸ ਦੀ ਬਰਕਤ ਨਾਲ ਸੱਚੇ ਖੁਦਾ ਦੀ ਦਰਗਾਹ ਵਿਚ ਕਬੂਲਤਾ ਹਾਸਲ ਹੁੰਦੀ ਹੈ, ਇਸ ਲਈ ਹਰ ਮਨੁੱਖ ਨੂੰ ਰੱਬੀ ਦਰਗਾਹ ਵਿਚ ਕਬੂਲੀ ਜਾਣ ਵਾਲੀ ਸੱਚੀ ਰਹਿਤ ਰਖਣ ਦਾ ਆਦੀ ਹੋਣਾ ਚਾਹੀਦਾ ਹੈ ।

ਮਾਰੂ ਮਹਲਾ ੫ ॥

1. ਪਾਰਬ੍ਰਹਮ ਸਭ ਊਚ ਬਿਰਾਜੇ ॥
2. ਆਪੇ ਥਾਪਿ ਉਥਾਪੇ ਸਾਜੇ ॥
3. ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ
ਕਿਛੁ ਭਉ ਨ ਵਿਆਪੈ ਬਾਲ ਕਾ ॥੧॥
4. ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
5. ਰਕਤ ਕਿਰਮ ਮਹਿ ਨਹੀ ਸੰਘਾਰਿਆ ॥
6. ਅਪਨਾ ਸਿਮਰਨੁ ਦੇ ਪ੍ਰਤਿਪਾਲਿਆ
ਓਹੁ ਸਗਲ ਘਟਾ ਕਾ ਮਾਲਕਾ ॥੨॥
7. ਚਰਣ ਕਮਲ ਸਰਣਾਈ ਆਇਆ ॥
8. ਸਾਧਸੰਗਿ ਹੈ ਹਰਿ ਜਸੁ ਗਾਇਆ ॥
9. ਜਨਮ ਮਰਣ ਸਭਿ ਦੂਖ ਨਿਵਾਰੇ
ਜਪਿ ਹਰਿ ਹਰਿ ਭਉ ਨਹੀ ਕਾਲ ਕਾ ॥੩॥
10. ਸਮਰਥ ਅਕਥ ਅਗੋਚਰ ਦੇਵਾ ॥
11. ਜੀਅ ਜੰਤ ਸਭਿ ਤਾ ਕੀ ਸੇਵਾ ॥
12. ਅੰਡਜ ਜੇਰਜ ਸੇਤਜ ਉਤਭੁਜ
ਬਹੁ ਪਰਕਾਰੀ ਪਾਲਕਾ ॥੪॥

ਪਦ ਅਰਥ :-ਸਭ ਊਚ-ਸਭਨਾਂ ਤੋਂ ਉੱਚਾ । ਬਿਰਾਜੇ-ਟਿਕਿਆ ਹੋਇਆ ਹੈ । ਆਪੇ-ਆਪ ਹੀ । ਥਾਪਿ-ਪੈਦਾ ਕਰ ਕੇ । ਉਥਾਪੇ-ਨਾਸ ਕਰਦਾ ਹੈ । ਸਾਜੇ-ਸਾਜਦਾ ਹੈ, ਬਣਾਂਦਾ ਹੈ । ਗਹਤ-ਫੜਦਿਆਂ । ਪਾਈਐ-ਪਾਈਦਾ ਹੈ । ਨ ਵਿਆਪੈ-ਜ਼ੋਰ ਨਹੀਂ ਪਾ ਸਕਦਾ । ਬਾਲ-ਬਾਲਾ, ਮਾਇਆ ।੧।

ਜਿਨਹਿ-ਜਿਨਿ ਹੀ, ਜਿਸ ਨੇ । ਉਬਾਰਿਆ-ਬਚਾਇਆ । ਰਕਤ-ਰੱਤ, ਲਹੂ । ਕਿਰਮ-ਕੀੜੇ । ਨਹੀ ਸੰਘਾਰਿਆ-ਨਹੀਂ ਮਰਨ ਦਿਤਾ । ਦੇ-ਦੇਕੇ । ਪ੍ਰਤਿਪਾਲਿਆ-ਰਖਿਆ ਕੀਤੀ । ਘਟ-ਸਰੀਰ ।੨।

ਚਰਣ ਕਮਲ-ਕੌਲ ਫੁੱਲ ਵਰਗੇ ਸੋਹਣੇ ਚਰਨ । ਸਾਧ ਸੰਗਿ-ਸਾਧ ਸੰਗਤ ਵਿਚ । ਜਸੁ-ਸਿਫਤਿ ਸਾਲਾਹ । ਸਭਿ-ਸਾਰੇ । ਜਨਮ ਮਰਨ ਸਭਿ ਦੂਖ-ਜਨਮ ਤੋਂ ਮਰਨ ਤੱਕ ਦੇ ਸਾਰੇ ਦੁੱਖ । ਨਿਵਾਰੇ-ਦੂਰ ਕਰਦਾ ਹੈ । ਕਾਲੁ-ਮੌਤ, ਆਤਮਕ ਮੌਤ ।੩।

ਸਮਰਥ-ਸਭ ਤਾਕਤਾਂ ਦਾ ਮਾਲਕ । ਅਕਥ-ਜਿਸ ਦੇ ਸਰੂਪ ਦਾ ਬਿਆਨ ਨਾ ਕੀਤਾ ਜਾ ਸਕੇ । ਅਗੋਚਰ-(ਅ-ਗੋ-ਚਰ) ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ । ਦੇਵਾ-ਚਾਨਣ ਰੂਪ । ਸਭਿ-ਸਾਰੇ-ਤਾ ਕੀ-ਉਸ (ਪ੍ਰਮਾਤਮਾਂ) ਦੀ । ਸੇਵਾ-ਸ਼ਰਨ । ਅੰਡਜ-ਅੰਡ-ਜ, ਅੰਡੇ ਤੋਂ ਪੈਦਾ ਹੋਣ ਵਾਲੇ । ਜੇਰਜ-ਜੇਰ-ਜ; ਜਿਓਰ ਤੋਂ ਜੰਮਣ ਵਾਲੇ । ਸੇਤਜ-ਸੇਤ-ਜ, ਮੁੜ੍ਹਕੇ ਤੋਂ ਜੰਮਣ ਵਾਲੇ । ਉਤਭੁਜ-ਧਰਤੀ ਵਿਚੋਂ ਉੱਗਣ ਵਾਲੇ । ਬਹੁ ਪਰਕਾਰੀ-ਅਨੇਕਾਂ ਤਰੀਕਿਆਂ ਨਾਲ।੪।

ਅਰਥ :-

ਪ੍ਰ:-ਸ੍ਰੀ ਜੀਉ ! ਕੀ ਉਸ ਪ੍ਰਮੇਸ਼ਰ ਜੀ ਦੇ ਰਹਿਣ ਦਾ ਕੋਈ ਖਾਸ ਟਿਕਾਣਾ ਹੈ ।

1. ਉ:-ਐ ਪਿਆਰੇ ! ਉਸ ਪ੍ਰਭੂ ਜੀ ਦੇ ਟਿਕੇ ਰਹਿਣ ਦਾ ਕੋਈ ਖਾਸ ਇਕ ਟਿਕਾਣਾ ਤਾਂ ਨਹੀਂ ਕਿਹਾ ਜਾ ਸਕਦਾ,

ਪਰ, ਇਤਨਾ ਹੀ ਕਹਿ ਸਕਦੇ ਹਾਂ ਕਿ, ਉਹ ਪ੍ਰਮੇਸ਼ਰ ਸਭ ਤੋਂ ਉੱਚੇ (ਆਤਮਕ) ਟਿਕਾਣੇ ਉੱਤੇ ਟਿਕਿਆ ਰਹਿੰਦਾ ਹੈ।

ਪ੍ਰ:–ਕਿਉਂ ਜੀ ! ਉਹ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ ?

2. ਉ:–ਹੇ ਭਾਈ ! ਉਸ ਦੀ ਪੂਰਨ ਸ਼ਕਤੀ ਤਾਂ ਬਿਆਨ ਨਹੀਂ ਕੀਤੀ ਜਾ ਸਕਦੀ, ਪਰ, ਹਾਂ. ਇਉਂ ਹੀ ਸਮਝ ਕਿ, ਉਹ ਆਪ ਹੀ (ਸਭ ਨੂੰ) ਪੈਦਾ ਕਰ ਕੇ ਆਪ ਹੀ ਨਾਸ ਕਰਦਾ ਹੈ, ਉਹ ਆਪ ਹੀ ਰਚਨਾ ਕਰਦਾ ਹੈ।

ਪ੍ਰ.–ਸ੍ਰੀ ਜੀਉ! ਉਸ ਪ੍ਰਭੂ ਦਾ ਆਸਰਾ ਲੈਣ ਵਾਲੇ ਨੂੰ ਹਾਸਲ ਕੀ ਹੁੰਦਾ ਹੈ ?

3. ਉ:–ਹੇ ਭਾਈ ! ਉਸ ਪ੍ਰਮੇਸ਼ਰ ਦਾ ਆਸਰਾ ਲਿਆਂ ਆਤਮਿਕ ਅਨੰਦ ਪ੍ਰਾਪਤ ਹੋਇਆ ਰਹਿੰਦਾ ਹੈ (ਅਤੇ ਉਸ ਉਤੇ) ਮਾਇਆ ਦੇ ਮੋਹ ਦਾ ਡਰ ਰਤਾ ਭੀ ਆਪਣਾ ਜੋਰ ਨਹੀਂ ਪਾ ਸਕਦਾ।੧।

ਪ੍ਰ:–ਹੇ ਗੁਰੋ ! ਉਸ ਸਾਈਂ ਜੀ ਦਾ ਚਿੰਤਨ ਕਰਦੇ ਰਹਿਣ ਦੀ ਇੱਛਾ ਤਾਂ ਰਹਿੰਦੀ ਹੈ, ਪਰ, ਸਰੀਰ ਦੀ ਪਾਲਣਾ ਪੋਸਣਾ ਕਰਨ ਦੀ ਭੱਜ-ਦੌੜ ਇਸ ਇੱਛਾ ਦੀ ਪੂਰਤੀ ਵਿਚ ਹਰ ਸਮੇਂ ਹੀ ਵਿਘਨਾਕਾਰੀ ਬਣੀ ਰਹਿੰਦੀ ਹੈ, ਦਸੋ, ਕੀ ਸਾਧਨ ਕੀਤਾ ਜਾਏ ?

4.ਉ:–ਹੇ ਪਿਆਰੇ ! ਤੈਨੂੰ ਇਉਂ ਹੀ ਵੀਚਾਰ ਕਰਨੀ ਚਾਹੀਦੀ ਹੈ ਕਿ, ਜਿਸ ਪ੍ਰਮੇਸ਼ਰ ਨੇ ਇਸ (ਜੀਵ ਨੂੰ) ਮਾਂ ਦੇ ਪੇਟ ਦੀ ਅੱਗ ਵਿਚ ਬਚਾਈ ਰਖਿਆ ਹੈ।

5. ਅਤੇ ਜਿਸ ਸਾਈਂ ਜੀ ਨੇ ਮਾਂ ਦੀ ਰੱਤ ਦੇ ਕਿਰਮਾਂ ਵਿਚ (ਜੀਵ ਨੂੰ) ਮਰਨ ਨਹੀਂ ਦਿਤਾ।

6. ਉਸ ਨੇ (ਤਦੋਂ) ਆਪਣੇ (ਨਾਮ ਦਾ) ਸਿਮਰਨ ਦੇ ਕੇ ਰਖਿਆ ਕੀਤੀ ਹੈ, ਹੇ ਭਾਈ ! ਉਹ ਪ੍ਰਭੂ ਸਾਰੇ ਜੀਵਾਂ ਦਾ ਮਾਲਕ ਹੈ (ਉਹ ਤੇਰੀ ਹੁਣ ਭੀ ਜਰੂਰ ਰਖਿਆ ਕਰੇਗਾ) ।੨।

ਪ੍ਰ:–ਸ੍ਰੀ ਜੀਉ ! ਕਾਲ ਦਾ ਭੈ ਹਰ ਵਕਤ ਹੀ ਵਿਆਪਿਆ ਰਹਿੰਦਾ ਹੈ ਕੋਈ ਉਪਾਉ ਦਸੋ, ਜਿਸਦਾ ਸਦਕਾ ਕਾਲ ਦੇ ਭੈ ਤੋਂ ਰਹਿਤ ਹੋ ਸਕੀਏ ?

7. ਉ:–ਹੇ ਪਿਆਰੇ ! ਇਕੋ ਹੀ ਉਪਾਉ ਹੈ ਕਿ ਜਿਹੜਾ ਮਨੁੱਖ ਪ੍ਰਭੂ ਦੇ ਸੋਹਣੇ ਚਰਨਾਂ ਦੀ ਸ਼ਰਨ ਵਿਚ ਆ ਜਾਂਦਾ ਹੈ।

8. ਅਤੇ ਜਿਹੜਾ ਮਨੁੱਖ ਸਾਧ ਸੰਗਤ ਵਿਚ (ਰਹਿ ਕੇ) ਪ੍ਰਮਾਤਮਾਂ ਦੀ ਸਿਫਤ ਸਲਾਹ ਕਰਦਾ ਹੈ।

9. ਐ ਪਿਆਰੇ ! ਪ੍ਰਮੇਸ਼ਰ ਉਸ ਦੇ ਸਾਰੀ ਉਮਰ ਦੇ ਦੁੱਖ ਦੂਰ ਕਰ ਦੇਂਦਾ ਹੈ ਅਤੇ ਪ੍ਰਮਾਤਮਾਂ ਦਾ ਨਾਮ ਜਪ ਜਪ ਕੇ ਉਸ ਨੂੰ (ਆਤਮਕ) ਮੌਤ ਦਾ ਡਰ (ਭੀ) ਨਹੀਂ ਰਹਿ ਜਾਂਦਾ।੩।

ਪ੍ਰ–ਹੇ ਗੁਰੋ,ਉਸ ਸਾਈਂ ਜੀ ਬਾਰੇ ਕੁਝ ਤਾਂ ਜਾਣਕਾਰੀ ਕਰਾਓ?

10. ਹੇ ਭਾਈ ! ਉਹ ਸਾਈਂ ਜੀ ਸਭੇ ਤਾਕਤਾਂ ਦਾ ਮਾਲਕ ਹੈ ਉਸ ਦਾ ਸਰੂਪ ਸਹੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ, (ਕਿਉਂਕਿ) ਉਹ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਉਹ ਨੂਰ ਹੀ ਨੂਰ ਹੈ।

11-12. ਅਤੇ ਸਾਰੇ ਜੀਅ ਜੰਤਾਂ ਨੂੰ ਉਸੇ ਦਾ ਹੀ ਆਸਰਾ ਹੈ, (ਹੇ ਭਾਈ !) ਅੰਡਜ, ਜੇਰਜ, ਸੇਤਜ, ਉਤਭੁਜ–ਇਨ੍ਹਾਂ ਚੌਂਹਾਂ ਹੀ ਖਾਣੀਆਂ ਦੇ ਜੀਵਾਂ ਨੂੰ ਉਹ ਕਈ ਤਰੀਕਿਆਂ ਨਾਲ ਪਾਲਣ ਵਾਲਾ ਹੈ।੪।

13. ਤਿਸਹਿ ਪਰਾਪਤਿ ਹੋਇ ਨਿਧਾਨਾ ॥
14. ਰਾਮ ਨਾਮ ਰਸੁ ਅੰਤਰਿ ਮਾਨਾ ॥
15. ਕਰੁ ਗਹਿ ਲੀਨੇ ਅੰਧ ਕੂਪ ਤੇ
ਵਿਰਲੇ ਕੇਈ ਸਾਲਕਾ ॥੫॥
16. ਆਦਿ ਅੰਤਿ ਮਧਿ ਪ੍ਰਭੁ ਸੋਈ ॥
17. ਆਪੇ ਕਰਤਾ ਕਰੇ ਸੁ ਹੋਈ ॥
18. ਭ੍ਰਮੁ ਭਉ ਮਿਟਿਆ ਸਾਧਸੰਗ ਤੇ
ਦਾਲਿਦ ਨ ਕੋਈ ਘਾਲਕਾ ॥੬॥
19. ਊਤਮ ਬਾਣੀ ਗਾਉ ਗੁੋਪਾਲਾ ॥
20. ਸਾਧਸੰਗਤਿ ਕੀ ਮੰਗਹੁ ਰਵਾਲਾ ॥
21. ਬਾਸਨ ਮੇਟਿ ਨਿਬਾਸਨ ਹੋਈਐ
ਕਲਮਲ ਸਗਲੇ ਜਾਲਕਾ ॥੭॥
22. ਸੰਤਾ ਕੀ ਇਹ ਰੀਤਿ ਨਿਰਾਲੀ ॥
23. ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥
24. ਸਾਸਿ ਸਾਸਿ ਆਰਾਧਨਿ ਹਰਿ ਹਰਿ
ਕਿਉ ਸਿਮਰਤ ਕੀਜੈ ਆਲਕਾ ॥੮॥

ਪਦ ਅਰਥ :–ਤਿਸਹਿ–ਉਸੇ ਨੂੰ ਹੀ। ਨਿਧਾਨਾ–ਖਜ਼ਾਨਾ। ਰਸੁ–ਅਨੰਦ, ਸੁਆਦ। ਮਾਨਾ–ਮਾਣਦਾ ਹੈ। ਕਰੁ–ਹੱਥ। ਗਹਿ–ਫੜ ਕੇ। ਕੂਪ–ਖੂਹ। ਅੰਧ ਕੂਪ ਤੇ–ਅੰਨ੍ਹੇ ਖੂਹ ਤੋਂ। ਸਾਲਕਾ–ਰਸਤਾ ਦਿਖਾਣ ਵਾਲੇ, ਸੰਤ।੫।

ਆਦਿ–ਸ਼ੁਰੂ ਵਿਚ। ਮਧਿ–ਵਿਚਕਾਰ, ਹੁਣ। ਅੰਤ–(ਰਚਨਾ ਦੇ) ਅੰਤ ਵਿਚ। ਆਪੇ–ਆਪ ਹੀ। ਭ੍ਰਮੁ–ਭਟਕਣਾ। ਸਾਧ ਸੰਗ ਤੇ–ਸਾਧ ਸੰਗਤਿ ਤੋਂ। ਦਾਲਿਦ–ਦਲਿਦਰ, ਗਰੀਬੀ, ਦੁੱਖ। ਘਾਲਕਾ–ਨਾਸ ਕਰਨ ਵਾਲਾ, ਆਤਮਕ ਮੌਤ ਲਿਆਉਣ ਵਾਲਾ।੬।

ਗੁੋਪਾਲਾ–(ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ। ਅਸਲ ਲਫ਼ਜ਼ ਗੋਪਾਲਾ ਹੈ, ਇਥੇ 'ਗੁਪਾਲਾ' ਪੜ੍ਹਨਾ ਹੈ)। ਰਵਾਲਾ–ਚਰਨ ਧੂੜ। ਬਾਸਨ–ਵਾਸ਼ਨਾ। ਮੇਟਿ–ਮਿਟਾ ਕੇ। ਨਿਬਾਸਨ–ਵਾਸ਼ਨਾ ਰਹਿਤ। ਹੋਈਐ–ਹੋ ਜਾਈਦਾ ਹੈ। ਕਲਮਲ–ਪਾਪ। ਸਗਲੇ–ਸਾਰੇ। ਜਾਲਕਾ–ਸਾੜ ਲਈਦੇ।੭।

ਰੀਤਿ–ਮਰਯਾਦਾ, ਜੀਵਨ ਚਾਲ । ਨਿਰਾਲੀ–ਵਖਰੀ । ਕਰਿ–ਕਰ ਕੇ, ਸਮਝ ਕੇ । ਨਾਲੀ–(ਆਪਣੇ) ਨਾਲ ਹੀ । ਦੇਖਹਿ–ਵੇਖਦੇ ਹਨ । ਸਾਸਿ ਸਾਸਿ–ਹਰੇਕ ਸਾਹ ਦੇ ਨਾਲ । ਕਿਉ ਕੀਜੈ–ਕਿਉਂ ਕੀਤਾ ਜਾਏ ? ਨਹੀਂ ਕਰਨਾ ਚਾਹੀਦਾ । ਆਲਕਾ–ਆਲਸ, ਢਿੱਲ ਮੱਠ ।੮।

ਅਰਥ :–

ਪ੍ਰ:–ਗੁਰਦੇਵ ਜੀਉ ! ਨਾਮ ਦੀ ਪ੍ਰਾਪਤੀ ਲਈ ਤਾਂ ਬਹੁਤ ਹੀ ਲੋਕ ਜਤਨ ਕਰਦੇ ਹਨ, ਪਰ, ਸਾਰਿਆਂ ਨੂੰ ਹੀ ਨਾਮ ਕਿਉਂ ਨਹੀਂ ਹਾਸਲ ਹੋ ਸਕਦਾ ?

13. ਉ:–ਹੇ ਭਾਈਓ ! ਇਹ ਠੀਕ ਹੈ ਕਿ ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਉਸ ਉਸ ਮਨੁੱਖ ਨੂੰ ਹੀ ਨਾਮ ਦਾ ਖਜ਼ਾਨਾ ਮਿਲਦਾ ਹੈ ।

14. ਅਤੇ ਉਹੀ ਮਨੁੱਖ ਪ੍ਰਭੂ ਜੀ ਦੇ ਨਾਮ ਦਾ ਅਨੰਦ ਆਪਣੇ ਅੰਦਰ ਮਾਣਦੇ ਹਨ ।

15. ਜਿਨ੍ਹਾਂ ਨੂੰ (ਉਨ੍ਹਾਂ ਦਾ) ਹੱਥ ਫੜ ਕੇ (ਪ੍ਰਮੇਸ਼ਰ ਮਾਇਆ ਦੇ ਮੋਹ ਦੇ) ਅੰਨ੍ਹੇ ਖੂਹ ਵਿਚੋਂ ਕਢ ਲੈਂਦਾ ਹੈ, (ਪਰ, ਹੇ ਭਾਈ) ਅਜਿਹੇ ਕੋਈ ਵਿਰਲੇ ਹੀ ਸੰਤ ਹੁੰਦੇ ਹਨ ।੫।

16. ਹੇ ਭਾਈਓ ! ਸਾਧ ਸੰਗਤ ਦੀ ਬਰਕਤ ਨਾਲ ਜਿਨ੍ਹਾਂ ਮਨੁੱਖਾਂ ਦੀ ਸੁਰਤਿ ਜਾਗ ਪਈ ਹੈ ਉਨ੍ਹਾਂ ਨੂੰ ਜਗਤ ਦੇ ਆਦਿ ਵਿਚ, ਹੁਣ ਤੇ ਅਖੀਰ ਵਿਚ (ਕਾਇਮ ਰਹਿਣ ਵਾਲਾ) ਉਹ ਪ੍ਰਮਾਤਮਾਂ ਹੀ ਦਿਸਦਾ ਹੈ ।

17. (ਅਤੇ ਉਨ੍ਹਾਂ ਨੂੰ ਨਿਸਚਾ ਹੋ ਆਉਂਦਾ ਹੈ ਕਿ) ਕਰਤਾਰ ਆਪ ਹੀ ਜੋ ਕੁਝ ਕਰਦਾ ਹੈ ਉਹੀ ਹੁੰਦਾ ਹੈ ।

18. (ਕਿਉਂਕਿ) ਸਾਧ ਸੰਗਤ ਦੁਆਰੇ ਉਨ੍ਹਾਂ ਦੀ ਹਰੇਕ ਭਟਕਣਾ ਅਤੇ ਹਰੇਕ ਡਰ ਦੂਰ ਹੋ ਜਾਂਦਾ ਹੈ (ਅਤੇ) ਕੋਈ ਭੀ ਦੁੱਖ, ਕਲੇਸ਼ ਉਨ੍ਹਾਂ ਦੀ ਆਤਮਕ ਮੌਤ ਨਹੀਂ ਲਿਆ ਸਕਦੇ, ਭਾਵ ਉਨ੍ਹਾਂ ਦਾ ਕੋਈ ਭੀ ਨਸ਼ਟ ਕਰਨ ਵਾਲਾ ਦਲਿਦ੍ਰ ਨਹੀਂ ਰਿਹਾ ।੬।

ਪ੍ਰ:–ਸ੍ਰੀ ਜੀਉ ! ਵਾਸ਼ਨਾ ਤੇ ਸਾਰੇ ਪਾਪ ਨਾਸ ਹੋ ਜਾਣ ਲਈ ਕੋਈ ਸੁਖੈਨ ਸਾਧਨ ਦਸਣਾ ਕਰੋ ?

19. ਉ –ਹੇ ਭਾਈਓ ! ਉੱਤਮ ਸਾਧਨ ਇਕੋ ਹੀ ਹੈ ਕਿ, ਜੀਵਨ ਨੂੰ ਉਚਾ ਕਰਨ ਵਾਲੀ ਪ੍ਰਮੇਸ਼ਰ ਦੀ ਸਿਫਤ ਸਲਾਹ ਦੀ ਬਾਣੀ ਗਾਇਆ ਕਰੋ ।

0. (ਅਤੇ ਹਰ ਵੇਲੇ) ਸਾਧ ਸੰਗਤ ਦੀ ਚਰਨ ਧੂੜ ਮੰਗਿਆ ਕਰੋ ।

21. ਹੇ ਭਾਈਓ ! ਇਸਤਰ੍ਹਾਂ, ਆਪਣੇ ਅੰਦਰ ਦੀਆਂ ਸਾਰੀਆਂ ਵ ਸਨਾਂ ਮਿਟਾ ਕੇ ਵਾਸ਼ਨਾਂ ਰਹਿਤ ਹੋ ਜਾਈਦਾ ਹੈ ਅਤੇ ਆਪਣੇ ਸਾਰੇ ਹੀ ਪਾਪ ਸਾੜ ਲਈਦੇ ਹਨ ।੭।

ਪ੍ਰ:–ਸ੍ਰੀ ਜੀਉ ! ਸਰੀਰ ਕਰ ਕੇ ਤਾਂ ਸਾਰੇ ਸਮਾਨ ਹੀ ਦਿਸਿਆ ਕਰਦੇ ਹਨ, ਪਰ, ਸੰਤ ਜਨਾਂ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ ?

22. ਉ:–ਹੇ ਭਾਈ ! ਸਰੀਰ ਤਾਂ ਭਾਵੇਂ ਸਾਰੇ ਸਮਾਨ ਹੀ ਹਨ, ਪਰ, ਪ੍ਰਭੂ ਦੇ ਸੰਤ ਜਨਾਂ ਦੀ (ਦੁਨੀਆਂ ਦੇ ਲੋਕਾਂ ਨਾਲੋਂ) ਇਹ (ਇਕ) ਵਖਰੀ ਹੀ ਜੀਵਨ ਚਾਲ ਹੋਇਆ ਕਰਦੀ ਹੈ ।

23. ਕਿ, ਉਹ ਪ੍ਰਮਾਤਮਾਂ ਨੂੰ (ਸਦਾ ਆਪਣੇ) ਨਾਲ ਹੀ ਵੱਸਦਾ ਵੇਖਦੇ ਹਨ ।

24. ਹੇ ਪਿਆਰੇ ! ਉਹ ਸੰਤ ਜਨ ਹਰੇਕ ਸਾਹ ਨਾਲ ਪ੍ਰਭੂ ਦਾ ਹੀ ਅਰਾਧਨ ਕਰਦੇ ਰਹਿੰਦੇ ਹਨ, (ਕਿਉਂਕਿ, ਉਨ੍ਹਾਂ ਨੂੰ ਇਹ ਸੋਝੀ ਹੈ ਕਿ) ਪ੍ਰਮਾਤਮਾਂ ਦਾ ਨਾਮ ਸਿਮਰਦਿਆਂ ਕਦੇ (ਭੀ) ਆਲਸ ਨਹੀਂ ਕਰਨਾ ਚਾਹੀਦਾ ।੮।

25. ਜਹ ਦੇਖਾ ਤਹ ਅੰਤਰਜਾਮੀ ॥
26. ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ ॥
27. ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ
ਬਨਿ ਜਲਿ ਪੂਰਨ ਥਾਲਕਾ ॥੯॥
28. ਤਤੀ ਵਾਉ ਨ ਤਾ ਕਉ ਲਾਗੈ ॥
29. ਸਿਮਰਤ ਨਾਮੁ ਅਨਦਿਨੁ ਜਾਗੈ ॥
30. ਅਨਦ ਬਿਨੋਦ ਕਰੇ ਹਰਿ ਸਿਮਰਨੁ
ਤਿਸੁ ਮਾਇਆ ਸੰਗਿ ਨ ਤਾਲਕਾ ॥੧੦॥
31. ਰੋਗ ਸੋਗ ਦੂਖ ਤਿਸੁ ਨਾਹੀ ॥
32. ਸਾਧ ਸੰਗਿ ਹਰਿ ਕੀਰਤਨੁ ਗਾਹੀ ॥
33. ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ
ਸੁਣਿ ਬੇਨੰਤੀ ਖਾਲਕਾ ॥੧੧॥
34. ਨਾਮ ਰਤਨੁ ਤੇਰਾ ਹੈ ਪਿਆਰੇ ॥
35. ਰੰਗਿ ਰਤੇ ਤੇਰੈ ਦਾਸ ਅਪਾਰੇ ॥
36. ਤੇਰੈ ਰੰਗਿ ਰਤੇ ਤੁਧੁ ਜੇਹੇ
ਵਿਰਲੇ ਕੋਈ ਭਾਲਕਾ ॥੧੨॥

ਪਦ ਅਰਥ :– ਜਹ–ਜਿਥੇ । ਦੇਖਾ–ਦੇਖਾਂ, ਮੈਂ ਵੇਖਦਾ ਹਾਂ । ਅੰਤਰਜਾਮੀ–ਹੇ ਸਭ ਦੇ ਦਿਲ ਦੀ ਜਾਨਣ ਵਾਲੇ । ਨਿਮਖ–ਅੱਖ ਝਮਕਣ ਜਿਤਨਾਂ ਸਮਾਂ । ਪ੍ਰਭ–ਹੇ ਪ੍ਰਭੂ ! ਸਿਮਰਿ–ਸਿਮਰ ਕੇ । ਜੀਵਹਿ–ਜੀਉਂਦੇ ਹਨ, ਆਤਮਕ ਜੀਵਨ ਹਾਸਲ ਕਰਦੇ ਹਨ । ਬਨਿ–ਜੰਗਲ ਵਿਚ । ਜਲਿ–ਜਲ ਵਿਚ । ਥਾਲਕਾ–ਥਲ ਵਿਚ । ਪੂਰਨ–ਵਿਆਪਕ ।੯।

ਵਾਉ–ਹਵਾ । ਤਤੀ ਵਾਉ–ਤੱਤੀ ਹਵਾ, ਰਤਾ ਭੀ ਦੁੱਖ । ਤਾ ਕਉ–ਉਸ (ਮਨੁੱਖ) ਨੂੰ । ਅਨਦਿਨੁ–ਹਰ ਰੋਜ਼, ਹਰ ਵੇਲੇ । ਜਾਗੈ–ਜਾਗਦਾ ਰਹਿੰਦਾ ਹੈ, (ਵਿਕਾਰਾਂ ਦੇ ਹਲਿਆਂ ਵਲੋਂ) ਸੁਚੇਤ ਰਹਿੰਦਾ ਹੈ । ਅਨਦ ਬਿਨੋਦ–ਆਤਮਕ ਅਨੰਦ, ਖੁਸ਼ੀਆਂ । ਸੰਗਿ–ਨਾਲ । ਤਾਲਕਾ–ਤਅੱਲੁਕ, ਵਾਹ, ਮੇਲ ਜੋਲ । ।੦।

ਤਿਸੁ–(ਉਸ) ਮਨੁੱਖ ਨੂੰ । ਗਾਹੀ–ਗਾਹਿ, ਗਾਂਦੇ ਹਨ। ਸਾਧ ਸੰਗਿ–ਸਾਧ ਸੰਗਤ ਵਿਚ । ਪ੍ਰਭ–ਹੇ ਪ੍ਰਭੂ । ਖਾਲਕਾ–ਹੇ ਖਲਕਤ, ਹੇ ਖਲਕਤ ਦੇ ਪੈਦਾ ਕਰਨ ਵਾਲੇ।੧੧।

ਪਿਆਰੇ–ਹੇ ਪਿਆਰੇ । ਰਤਨ–ਬਹੁਤ ਕੀਮਤੀ ਪਦਾਰਥ। ਤੇਰੈ ਰੰਗਿ–ਤੇਰੇ ਪਿਆਰ ਰੰਗ ਵਿਚ ਰਤੇ ਹੋਏ। ਅਪਾਰੇ–ਹੇ ਬੇਅੰਤ। ਜੇਹੇ–ਵਰਗੇ। ਭਾਲਕਾ–ਲੱਭਦੇ ਹਨ।੧੨।

ਅਰਥ :–

ਪ੍ਰ:–ਸ੍ਰੀ ਜੀਉ ! ਨਾਮ ਸਿਮਰਨ ਦਾ ਸਦਕਾ ਹੁਣ ਆਪ ਜੀ ਨੂੰ ਸਾਈਂ ਜੀ ਬਾਰੇ ਕਿਵੇਂ ਪ੍ਰਤੀਤ ਹੋ ਰਿਹਾ ਹੈ ?

25. ਉ:–ਹੇ ਭਾਈਓ ! ਮੈਨੂੰ ਤਾਂ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ, ਹੇ ਹਰੇਕ ਦੇ ਦਿਲ ਦੀ ਜਾਨਣ ਵਾਲੇ, ਮੈਂ ਜਿਧਰ (ਭੀ) ਦੇਖਦਾ ਹਾਂ ਉਧਰ (ਮੈਨੂੰ ਤੂੰ ਹੀ ਦਿਸਦਾ ਹੈਂ)।

ਪ੍ਰ–ਕਿਉਂ ਜੀ, ਉਸ ਤੋਂ ਆਖਰ ਆਪ ਜੀ ਦੀ ਜਾਚਨਾਂ ਕੀ ਹੈ?

26. ਉ:–ਐ ਪਿਆਰੇ ! ਮੇਰੀ ਤਾਂ ਇਕੋ ਹੀ ਜਾਚਨਾ ਹੈ ਕਿ, ਹੇ ਮੇਰੇ ਮਾਲਕ ਪ੍ਰਭੂ ! (ਮਿਹਰ ਕਰ, ਮੈਨੂੰ) ਅੱਖ ਝਮਕਣ ਜਿਤਨੇ ਸਮੇਂ ਲਈ ਭੀ ਨਾ ਵਿਸਰ।

27. ਹੇ ਪ੍ਰਭੂ ! ਤੇਰੇ ਦਾਸ ਤੈਨੂੰ ਸਿਮਰ ਸਿਮਰ ਕੇ ਆਤਮਕ ਜੀਵਨ ਹਾਸਲ ਕਰਦੇ ਰਹਿੰਦੇ ਹਨ, ਹੇ ਸਾਈਆਂ ਜੀਉ ! ਤੂੰ ਜੰਗਲ ਵਿਚ, ਜਲ ਵਿਚ, ਥਲ ਵਿਚ (ਹਰ ਥਾਂ ਵਸਦਾ ਹੈ) ।੯।

ਪ੍ਰ:–ਸ੍ਰੀ ਜੀਉ ! ਕੀ, ਕੋਈ ਐਸਾ ਸਾਧਨ ਹੈ ਜਿਸ ਦੇ ਕਰਨ ਨਾਲ ਕਦੇ ਭੀ ਕੋਈ ਦੁੱਖ ਨਹੀਂ ਪੋਹ ਸਕਦਾ ?

28. ਉ:–ਹੇ ਪਿਆਰੇ ! ਉਸ ਮਨੁੱਖ ਨੂੰ ਰਤਾ ਭਰ ਭੀ ਕੋਈ ਦੁੱਖ ਪੋਹ ਨਹੀਂ ਸਕਦਾ।

29. ਜਿਹੜਾ ਮਨੁੱਖ ਪ੍ਰਮਾਤਮਾਂ ਦਾ ਨਾਮ ਸਿਮਰਦਿਆਂ ਹਰ ਵੇਲੇ (ਵਿਕਾਰਾਂ ਹਲਿਆਂ ਵਲੋਂ) ਸੁਚੇਤ ਰਹਿੰਦਾ ਹੈ।

30. ਉਹ ਮਨੁੱਖ (ਜਿਉਂ ਜਿਉਂ) ਪ੍ਰਮਾਤਮਾਂ ਦੇ ਨਾਮ ਦਾ ਸ਼ਿਮਰਨ ਕਰਦਾ ਹੈ (ਤਿਉਂ ਤਿਉਂ) ਆਤਮਕ ਅਨੰਦ ਮਾਣਦਾ ਹੈ, ਉਸ ਦਾ ਮਾਇਆ ਦੇ ਨਾਲ ਡੂੰਘਾ ਸੰਬੰਧ ਨਹੀਂ ਬਣਦਾ ।੧੦।

ਪ੍ਰ:–ਸ੍ਰੀ ਜੀਉ ! ਹਰ ਮਨੁੱਖ ਰੋਗ, ਸੋਗ, ਦੁਖਾਂ, ਵਿਚ ਦੁਖੀ ਹੋ ਰਿਹਾ ਹੈ, ਇਨ੍ਹਾਂ ਤੋਂ ਬਚਾ ਕਿਵੇਂ ਹੋ ਸਕਦਾ ਹੈ ?

31. ਉ:–ਹੇ ਭਾਈ ! ਉਸ ਉਸ ਮਨੁੱਖ ਨੂੰ ਕੋਈ ਭੀ ਰੋਗ ਸੋਗ ਦੁੱਖ ਪੋਹ ਨਹੀਂ ਸਕਦੇ।

32. ਜਿਹੜੇ ਗੁਰੂ ਦੀ ਸੰਗਤ ਵਿਚ ਟਿਕ ਕੇ ਪ੍ਰਮੇਸ਼ਰ ਦੀ ਸਿਫਤ ਸਲਾਹ ਦੇ ਗੀਤ ਗਾਉਂਦੇ ਰਹਿੰਦੇ ਹਨ।

33. ਹੇ ਪ੍ਰੀਤਮ ਪ੍ਰਭੂ ! ਹੇ ਖਲਕਤ ਦੇ ਪੈਦਾ ਕਰਨ ਵਾਲੇ (ਮੇਰੀ ਭੀ) ਬੇਨਤੀ ਸੁਣ, (ਮੈਨੂੰ ਭੀ) ਆਪਣਾ ਨਾਮ ਦੇਹ ।੧੧।

34. ਹੇ ਪਿਆਰੇ ! ਤੇਰਾ ਨਾਮ ਬਹੁਤ ਹੀ ਕੀਮਤੀ ਪਦਾਰਥ ਹੈ।

35. ਹੇ ਬੇਅੰਤ ਪ੍ਰਭੂ ! ਤੇਰੇ ਦਾਸ ਤੇਰੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ।

36. ਹੇ ਪ੍ਰਭੂ ! ਜਿਹੜੇ ਮਨੁੱਖ ਤੇਰੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, ਉਹ ਤੇਰੇ ਵਰਗੇ (ਹੀ) ਹੋ ਜਾਂਦੇ ਹਨ, ਪਰ, ਅਜਿਹੇ ਬੰਦੇ ਬਹੁਤ ਵਿਰਲੇ (ਹੀ) ਲਭਦੇ ਹਨ ।੧੨।

37. ਤਿਨ ਕੀ ਧੂੜਿ ਮਾਂਗੈ ਮਨੁ ਮੇਰਾ ॥
38. ਜਿਨ ਵਿਸਰਹਿ ਨਾਹੀ ਕਾਹੂ ਬੇਰਾ ॥
39. ਤਿਨ ਕੈ ਸੰਗਿ ਪਰਮ ਪਦੁ ਪਾਈ
ਸਦਾ ਸੰਗੀ ਹਰਿ ਨਾਲਕਾ ॥੧੩॥
40. ਸਾਜਨੁ ਮੀਤੁ ਪਿਆਰਾ ਸੋਈ ॥
41. ਏਕੁ ਦ੍ਰਿੜਾਏ ਦੁਰਮਤਿ ਖੋਈ ॥
42. ਕਾਮੁ ਕ੍ਰੋਧੁ ਅਹੰਕਾਰੁ ਤਜਾਏ
ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥
43. ਤੁਧੁ ਵਿਣੁ ਨਾਹੀ ਕੋਈ ਮੇਰਾ ॥
44. ਗੁਰਿ ਪਕੜਾਏ ਪ੍ਰਭ ਕੇ ਪੈਰਾ ॥
45. ਹਉ ਬਲਿਹਾਰੀ ਸਤਿਗੁਰ ਪੂਰੇ
ਜਿਨਿ ਖੰਡਿਆ ਭਰਮੁ ਅਨਾਲਕਾ ॥੧੫॥
46. ਸਾਸਿ ਸਾਸਿ ਪ੍ਰਭੁ ਬਿਸਰੈ ਨਾਹੀ ॥
47. ਆਠ ਪਹਰ ਹਰਿ ਹਰਿ ਕਉ ਧਿਆਈ ॥
48. ਨਾਨਕ ਸੰਤ ਤੇਰੈ ਰੰਗਿ ਰਾਤੇ
ਤੂ ਸਮਰਥੁ ਵਡਾਲਕਾ ॥੧੬॥੪॥੧੩॥

ਪਦ ਅਰਥ :–ਮਾਂਗੈ–ਮੰਗਦਾ ਹੈ। ਕਾਹੂ ਬੇਰਾ–ਕਿਸੇ ਭੀ ਵੇਲੇ। ਵਿਸਰਹਿ–ਤੂੰ ਵਿਸਰ । ਕੈ ਸੰਗਿ–ਦੀ ਸੰਗਤ ਵਿਚ। ਪਰਮ ਪਦੁ–ਸਭ ਤੋਂ ਉਚਾ ਆਤਮਕ ਦਰਜਾ। ਪਾਈ–ਪਾਈਂ, ਮੈਂ ਪਾ ਸਕਾਂ। ਸੰਗੀ–ਸਾਥੀ। ਨਾਲਕਾ–ਨਾਲ ।੧੩।

ਸੋਈ–ਉਹੀ ਮਨੁੱਖ । ਦ੍ਰਿੜਾਏ–(ਹਿਰਦੇ ਵਿਚ) ਪੱਕਾ ਕਰ ਦੇਵੇ। ਦੁਰਮਤਿ–ਖੋਟੀ ਮਤਿ। ਖੋਈ–ਦੂਰ ਕਰ ਕੇ, ਖੋਇ। ਤਜਾਏ–ਛਡਾ ਦੇਵੇ । ਕਉ–ਨੂੰ । ਨਿਰਮਾਲਕਾ–ਪਵਿੱਤਰ ਕਰਨ ਵਾਲਾ ।੧੪।

ਗੁਰਿ–ਗੁਰੂ ਨੇ । ਹਉ–ਹਉਂ, ਮੈਂ । ਜਿਨਿ–ਜਿਸ (ਗੁਰੂ) ਨੇ । ਖੰਡਿਆ–ਨਾਸ ਕਰ ਦਿਤਾ। ਅਨਾਲਕਾ–ਅਨਲ, ਹਵਾ, ਝਖੜ (ਵਿਕਾਰਾਂ ਦਾ ਝੱਖੜ) ।੧੫।

ਸਾਸਿ ਸਾਸਿ–ਹਰੇਕ ਸਾਹ ਦੇ ਨਾਲ । ਧਿਆਈ–ਧਿਆਈਂ, ਮੈਂ ਧਿਆਵਾਂ। ਰਾਤੇ–ਰੰਗੇ ਹੋਏ। ਵਡਾਲਕਾ–ਵਡਾ। ਸਮਰਥੁ–ਸਾਰੀਆਂ ਤਾਕਤਾਂ ਦਾ ਮਾਲਕ ।੧੬।

ਅਰਥ :–

ਪ੍ਰ:–ਸ੍ਰੀ ਜੀਉ ! ਅਸੀਂ ਤਾਂ ਪ੍ਰਮੇਸ਼ਰ ਤੋਂ ਸਦਾ ਮਾਇਕੀ ਪਦਾਰਥਾਂ ਦੀ ਮੰਗ ਹੀ ਕਰਦੇ ਹਾਂ, ਪਰ, ਆਪ ਜੀ ਦੀ ਉਸ ਮਾਲਕ ਤੋਂ ਕੀ ਮੰਗ ਹੋਇਆ ਕਰਦੀ ਹੈ ?

37-38. ਉ:–ਹੇ ਭਾਈਓ ! ਮੇਰੀ ਤਾਂ ਕੇਵਲ ਇਕੋ ਹੀ

ਮੰਗ ਰਹਿੰਦੀ ਹੈ ਕਿ, ਹੇ ਪ੍ਰਭੂ ਜੀਉ ! ਜਿਨ੍ਹਾਂ ਮਨੁੱਖਾਂ ਨੂੰ ਤੂੰ ਕਿਸੇ ਭੀ ਵੇਲੇ ਭੁਲਦਾ ਨਹੀਂ, ਮੇਰਾ ਮਨ ਤਾਂ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ ।

39. ਹੇ ਭਾਈ ! (ਅਜਿਹੇ) ਉਨ੍ਹਾਂ ਮਨੁੱਖਾਂ ਦੀ ਸੰਗਤ ਵਿਚ ਮੈਂ ਭੀ (ਉਸ ਪ੍ਰਭੂ ਦੀ ਮਿਹਰ ਨਾਲ) ਉਚਾ ਆਤਮਕ ਦਰਜਾ ਹਾਸਲ ਕਰ ਸਕਾਂਗਾ ਅਤੇ ਪ੍ਰਮਾਤਮਾਂ (ਮੇਰਾ) ਸਦਾ ਸਾਥੀ ਬਣਿਆ ਰਹੇਗਾ ।੧੩।

40. ਹੇ ਭਾਈ ! ਉਹੀ ਮਨੁੱਖ ਮੇਰਾ ਪਿਆਰਾ ਸੱਜਣ ਹੈ, ਮਿੱਤਰ ਹੈ ।

41. ਜਿਹੜਾ ਮੇਰੀ ਖੋਟੀ ਮਤਿ ਦੂਰ ਕਰਕੇ (ਮੇਰੇ ਹਿਰਦੇ ਵਿਚ) ਇਕ (ਪ੍ਰਮਾਤਮਾਂ ਦੀ ਯਾਦ) ਨੂੰ ਪੱਕਾ ਕਰ ਦੇਵੇ ।

42. ਜਿਹੜਾ ਮੇਰੇ ਪਾਸੋਂ ਕਾਮ, ਕ੍ਰੋਧ, ਅਹੰਕਾਰ (ਦਾ ਖਹਿੜਾ) ਛੁਡਾ ਦੇਵੇ, ਹੇ ਭਾਈ ! ਉਸ ਮਨੁੱਖ ਨੂੰ ਅਜਿਹਾ ਉਪਦੇਸ਼ (ਫੁਰਦਾ ਹੈ ਤੇ ਜੋ ਸੁਨਣ ਵਾਲਿਆਂ ਨੂੰ) ਪਵਿਤ੍ਰ ਕਰ ਦੇਂਦਾ ਹੈ ।੧੪।

43. ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ (ਸਹਾਰਾ) ਨਹੀਂ ।

44. ਹੇ ਭਾਈਓ ! ਗੁਰੂ ਨੇ ਮੈਨੂੰ ਪ੍ਰਭੂ ਦੇ ਪੈਰ ਪਕੜਾਏ ਹਨ ।

45. ਮੈਂ ਪੂਰੇ ਗੁਰੂ ਤੋਂ ਸਦਕੇ ਜਾਂਦਾ ਹਾਂ, ਜਿਸ ਨੇ ਮੇਰੀ ਭਟਕਣਾ ਨਾਸ ਕੀਤੀ ਹੈ, ਜਿਸ ਨੇ ਵਿਕਾਰਾਂ ਦਾ ਝੱਖੜ ਥੰਮ੍ਹ ਲਿਆ ਹੈ ।੧੫।

46-47. ਹੇ ਭਾਈਓ ! (ਜੇ ਪ੍ਰਭੂ ਦੀ ਮੇਹਰ ਹੋਵੇ ਤਾਂ) ਹਰੇਕ ਸਾਹ ਦੇ ਨਾਲ ਮੈਂ ਉਸ ਨੂੰ ਸਿਮਰਦਾ ਰਹਾਂ ਮੈਨੂੰ ਕਿਸੇ ਭੀ ਵੇਲੇ ਉਹ ਭੁੱਲੇ ਨਾ ਅਤੇ ਅਠੇ ਪਹਿਰ ਪ੍ਰਭੂ ਦਾ ਧਿਆਨ ਧਰਦਾ ਰਹਾਂ ।

48. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੂੰ ਸਭ ਤੋਂ ਵਡਾ ਹੈਂ, ਤੇਰੇ ਸੰਤ ਤੇਰੇ ਪ੍ਰੇਮ ਰੰਗ ਵਿਚ ਸਦਾ ਰੰਗੇ ਰਹਿੰਦੇ ਹਨ ।੧੬।੪।੧੩।

ਭਾਵਾਰਥ :—ਇਸ ਸ਼ਬਦ ਵਿਚ ਹਰੀ ਦੇ ਉਪਕਾਰ ਮਾਤਾ ਦੇ ਗਰਭ ਤੋਂ ਲੈ ਕੇ ਉਚੇ ਤੋਂ ਉਚੀ ਅਵਸਥਾ ਤਕ ਦਸ ਕੇ ਪ੍ਰੇਰਨਾ ਕਰਦੇ ਹਨ ਕਿ ਮਨੁੱਖ ਨੂੰ ਸਾਧ ਸੰਗਤ ਵਿਚ ਹੋ ਕੇ ਸਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ।

ਮਾਰੂ ਮਹਲਾ ੫

੧ ੴ ਸਤਿਗੁਰ ਪ੍ਰਸਾਦਿ ॥

1. ਚਰਨ ਕਮਲ ਹਿਰਦੈ ਨਿਤ ਧਾਰੀ ॥
2. ਗੁਰੁ ਪੂਰਾ ਖਿਨੁ ਖਿਨੁ ਨਮਸਕਾਰੀ ॥
3. ਤਨੁ ਮਨੁ ਅਰਪਿ ਧਰੀ ਸਭੁ ਆਗੈ
ਜਗ ਮਹਿ ਨਾਮੁ ਸੁਹਾਵਣਾ ॥੧॥
4. ਸੋ ਠਾਕੁਰੁ ਕਿਉ ਮਨਹੁ ਵਿਸਾਰੇ ॥
5. ਜੀਉ ਪਿੰਡੁ ਦੇ ਸਾਜਿ ਸਵਾਰੇ ॥
6. ਸਾਸਿ ਗਰਾਸਿ ਸਮਾਲੇ ਕਰਤਾ
ਕੀਤਾ ਅਪਣਾ ਪਾਵਣਾ ॥੨॥
7. ਜਾ ਤੇ ਬਿਰਥਾ ਕੋਊ ਨਾਹੀ ॥
8. ਆਠ ਪਹਰ ਹਰਿ ਰਖੁ ਮਨ ਮਾਹੀ ॥
9. ਸਾਧ ਸੰਗਿ ਭਜੁ ਅਚੁਤ ਸੁਆਮੀ
ਦਰਗਹ ਸੋਭਾ ਪਾਵਣਾ ॥੩॥
10. ਚਾਰਿ ਪਦਾਰਥ ਅਸਟ ਦਸਾ ਸਿਧਿ ॥
11. ਨਾਮੁ ਨਿਧਾਨੁ ਸਹਜ ਸੁਖੁ ਨਉ ਨਿਧਿ ॥
12. ਸਰਬ ਕਲਿਆਣ ਜੇ ਮਨ ਮਹਿ ਚਾਹਹਿ
ਮਿਲਿ ਸਾਧੂ ਸੁਆਮੀ ਰਾਵਣਾ ॥੪॥
13. ਸਾਸਤ ਸਿੰਮ੍ਰਿਤਿ ਬੇਦ ਵਖਾਣੀ ॥
14. ਜਨਮੁ ਪਦਾਰਥੁ ਜੀਤੁ ਪਰਾਣੀ ॥
15. ਕਾਮੁ ਕ੍ਰੋਧੁ ਨਿੰਦਾ ਪਰਹਰੀਐ
ਹਰਿ ਰਸਨਾ ਨਾਨਕ ਗਾਵਣਾ ॥੫॥

ਪਦ ਅਰਥ :—ਹਿਰਦੈ—ਹਿਰਦੇ ਵਿਚ । ਨਿਤ—ਸਦਾ । ਧਾਰੀ—ਧਾਰੀਂ, ਮੈਂ ਟਿਕਾਈ ਰਖਾਂ । ਖਿਨੁ ਖਿਨੁ—ਹਰੇਕ ਖਿਨ । ਨਮਸਕਾਰੀ—ਨਮਸਕਾਰੀਂ, ਮੈਂ ਨਮਸ਼ਕਾਰ ਕਰਦਾ ਰਹਾਂ । ਅਰਪਿ—ਭੇਟਾ ਕਰ ਕੇ । ਸਭੁ—ਸਭ ਕੁਝ । ਧਰੀ ਆਗੈ—ਧਰੀਂ (ਗੁਰੂ) ਆਗੈ, ਗੁਰੂ ਦੇ ਅਗੇ ਰਖ ਦਿਆਂ । ਸੁਹਾਵਣਾ—ਸੋਹਣਾ (ਬਣਾਂਦਾ ਹੈ) ।੧।

ਮਨਹੁ—ਮਨ ਤੋਂ । ਵਿਸਾਰੇ—ਵਿਸਾਰੇਂ, ਤੂੰ ਵਿਸਾਰਦਾ ਹੈਂ । ਜੀਉ—ਜਿੰਦ । ਪਿੰਡੁ—ਸਰੀਰ । ਦੇ—ਦੇ ਕੇ । ਸਾਜਿ—ਪੈਦਾ ਕਰ ਕੇ । ਸਵਾਰੇ—ਸੋਹਣਾ ਬਣਾਂਦਾ ਹੈ । ਸਾਸਿ—ਸਾਹ ਦੇ ਨਾਲ । ਗਿਰਾਸਿ—ਗਿਰਾਹੀ ਦੇ ਨਾਲ । ਸਮਾਲੇ—ਸਮਾਲਿ, ਸੰਭਾਲ, ਯਾਦ ਰਖ । ਕਰਤਾ—ਕਰਤਾਰ ਨੂੰ । ਕੀਤਾ—ਕੀਤੀ ਹੋਈ ਕਮਾਈ ।੨।

ਜਾ ਤੇ—ਇਸ (ਪ੍ਰਮਾਤਮਾਂ ਦੇ ਦਰ) ਤੋਂ । ਬਿਰਥਾ—ਖਾਲੀ । ਮਾਹੀ—ਵਿਚ । ਸੰਗਿ—ਸੰਗਤਿ ਵਿਚ । ਅਚੁਤ—ਅਬਿਨਾਸ਼ੀ । ਸੋਭਾ—ਇੱਜ਼ਤ ।੩।

ਚਾਰਿ ਪਦਾਰਥ—ਧਰਮ, ਅਰਥ, ਕਾਮ, ਮੋਖ । ਅਸਟ ਦਸਾ—ਅੱਠ ਤੇ ਦਸ, ਅਠਾਰਾਂ । ਸਿਧਿ—ਸਿਧੀਆਂ । ਨਿਧਾਨੁ—ਖਜ਼ਾਨਾ । ਸਹਜ ਸੁਖੁ—ਆਤਮਕ ਅਡੋਲਤਾ ਦਾ ਅਨੰਦ । ਨਉ ਨਿਧਿ—(ਦੁਨੀਆਂ ਦੇ ਸਾਰੇ) ਨੌਂ ਖਜ਼ਾਨੇ । ਸਰਬ—ਸਾਰੇ । ਕਲਿਆਣ—ਸੁਖ । ਚਾਹਹਿ—ਤੂੰ ਚਾਹੁੰਦਾ ਹੈਂ । ਮਿਲਿ ਸਾਧੂ—ਗੁਰੂ ਨੂੰ ਮਿਲ ਕੇ । ਰਾਵਣਾ—ਸਿਮਰਨਾ ਚਾਹੀਦਾ ਹੈ ।੪।

ਅਰਥ :—

ਪ੍ਰ;—ਸ੍ਰੀ ਜੀਉ ! ਜੇ ਪ੍ਰਭੂ ਜੀ ਤੁਹਾਡੇ ਤੇ ਮੇਹਰ ਕਰ ਦੇਵੇ

ਤਾਂ ਉਸ ਮੇਹਰ ਦੀ ਰੂਪ ਰੇਖਾ ਆਪ ਕਿਸ ਸ਼ਕਲ ਵਿਚ ਅਨੁਭਵ ਕਰੋਗੇ ?

1. ਉ:-ਹੇ ਭਾਈ ! (ਜੇ ਪ੍ਰਭੂ ਜੀ ਮੇਰੇ ਤੇ ਮਿਹਰ ਕਰ ਦੇਵੇ ਤਾਂ) ਮੈਂ (ਗੁਰੂ ਦੇ) ਸੋਹਣੇ ਚਰਨ ਸਦਾ (ਹੀ) ਆਪਣੇ ਹਿਰਦੇ ਵਿਚ ਟਿਕਾਈ ਰਖਾਂ।
2. ਅਤੇ ਪੂਰੇ ਗੁਰੂ ਨੂੰ (ਮੈਂ) ਹਰੇਕ ਖਿਨ ਨਮਸ਼ਕਾਰ ਕਰਦਾ ਰਹਾਂ।
3 ਆਪਣਾ ਤਨ ਆਪਣਾ, ਮਨ ਸਭੋ ਕੁਝ (ਗੁਰੂ ਦੇ) ਅਗੇ ਭੇਟਾ ਕਰ ਕੇ ਰਖ ਦਿਆਂ, (ਕਿਉਂਕਿ) ਗੁਰੂ ਪਾਸੋਂ ਹੀ ਪ੍ਰਮੇਸ਼ਰ ਦਾ ਨਾਮ ਮਿਲਦਾ ਹੈ ਤੇ ਨਾਮ ਹੀ ਜਗਤ ਵਿਚ (ਜੀਵ ਨੂੰ) ਸੋਹਣਾ ਬਣਾਂਦਾ ਹੈ ।੧।
4. ਹੇ ਭਾਈ ! ਤੂੰ ਉਸ ਮਾਲਕ ਪ੍ਰਭੂ ਨੂੰ (ਆਪਣੇ) ਮਨ ਤੋਂ ਕਿਉਂ ਭੁਲਾਂਦਾ ਹੈਂ।
5. ਜਿਹੜਾ ਜਿੰਦ ਦੇ ਕੇ, ਸਰੀਰ ਦੇ ਕੇ, ਪੈਦਾ ਕਰ ਕੇ ਸੋਹਣਾ ਬਣਾਂਦਾ ਹੈ ?
6 ਹੇ ਪਿਆਰੇ ! ਹਰੇਕ ਸਾਹ ਦੇ ਨਾਲ, ਹਰੇਕ ਗਿਰਾਹੀ ਦੇ ਨਾਲ (ਖਾਂਦਿਆਂ ਸਾਹ ਲੈਂਦਿਆਂ) ਕਰਤਾਰ ਨੂੰ ਆਪਣੇ ਹਿਰਦੇ ਵਿਚ ਸੰਭਾਲ ਰਖ, (ਕਿਉਂਕਿ) ਆਪਣੀ ਹੀ ਕੀਤੀ ਕਮਾਈ ਦਾ ਫ਼ਲ ਮਿਲਦਾ ਹੈ ।੨।
7. ਐ ਪਿਆਰੇ ! ਜਿਸ (ਕਰਤਾਰ ਦੇ ਦਰ) ਤੋਂ ਕਦੇ ਕੋਈ ਖਾਲੀ ਨਹੀਂ ਮੁੜਦਾ।
8. ਉਸ ਨੂੰ ਅੱਠੇ ਪਹਿਰ ਮਨ ਵਿਚ ਸਾਂਭੀ ਰਖ।
9. ਐ ਪਿਆਰੇ ! ਉਸ ਅਬਿਨਾਸ਼ੀ ਮਾਲਕ ਪ੍ਰਭੂ ਦਾ ਨਾਮ ਗੁਰੂ ਦੀ ਸੰਗਤ ਵਿਚ (ਰਹਿ ਕੇ) ਜਪਿਆ ਕਰ, (ਕਿਉਂਕਿ) ਇਸ ਤਰ੍ਹਾਂ ਪ੍ਰਭੂ ਦੀ ਹਜ਼ੂਰੀ ਵਿਚ ਇੱਜਤ ਮਿਲਦੀ ਹੈ ।੩।

ਪ੍ਰ:-ਹੇ ਗੁਰੋ ! ਮਨ ਵਿਚ ਸਦਾ ਸੰਸਾਰ ਦੇ ਪਦਾਰਥਾਂ ਦੀ ਇੱਛਾ ਬਣੀ ਹੀ ਰਹਿੰਦੀ ਹੈ, ਦਸੋ, ਇਸ ਦੀ ਪੂਰਤੀ ਲਈ ਕੀ ਸਾਧਨ ਕੀਤਾ ਜਾਏ ?

10. ਉ:-ਹੇ ਪਿਆਰਿਆ ! ਜੇ ਤੂੰ ਚਾਰ ਪਦਾਰਥ ਲੋੜਦਾ ਹੈਂ, ਜੇ ਤੂੰ ਅਠਾਰਾਂ ਸਿਧੀਆਂ ਲੋੜਦਾ ਹੈਂ।
11. ਅਤੇ ਜੇ ਤੂੰ ਦੁਨੀਆਂ ਦੇ ਨੌਂ ਹੀ ਖਜ਼ਾਨੇ ਲੋੜਦਾ ਹੈਂ, ਜੇ ਤੂੰ ਆਪਣੇ ਮਨ ਵਿਚ ਸਾਰੇ ਸੁਖ ਲੋੜਦਾ ਹੈਂ।
12. ਤਾਂ ਤੂੰ ਗੁਰੂ ਨੂੰ ਮਿਲ ਕੇ ਮਾਲਕ ਪ੍ਰਭੂ ਦਾ ਸਿਮਰਨ ਕਰਿਆ ਕਰ, ਇਹ ਹਰਿ ਨਾਮ ਹੀ (ਅਸਲ) ਖਜ਼ਾਨਾ ਹੈ, ਇਹ ਨਾਮ ਹੀ ਆਤਮਕ ਅਡੋਲਤਾ ਦਾ ਸੁਖ ਹੈ, ਇਹ ਨਾਮ ਹੀ ਚਾਰ ਪਦਾਰਥ, ਅਠਾਰਾਂ ਸਿਧੀਆਂ ਤੇ ਨੌਂ ਨਿਧੀਆਂ ਹੈ ।੪।

ਪ੍ਰ:-ਸ੍ਰੀ ਜੀਉ ! ਰੱਬੀ ਮਾਰਗ ਤੇ ਤੁਰਨ ਲਈ ਵੇਦਾਂ ਸ਼ਾਸਤ੍ਰਾਂ ਦਾ ਕੀ ਉਪਦੇਸ਼ ਹੈ ?

13. ਹੇ ਪ੍ਰਾਣੀ ! ਸ਼ਾਸਤ੍ਰਾਂ ਨੇ, ਸਿਮ੍ਰਤੀਆਂ ਨੇ, ਵੇਦਾਂ ਨੇ (ਇਹੋ ਹੀ ਉਪਦੇਸ਼) ਆਖਿਆ ਹੈ ਕਿ :
14. ਐ ਪਿਆਰੇ ! ਆਪਣੇ (ਇਸ) ਕੀਮਤੀ ਮਨੁੱਖਾ ਜਨਮ ਨੂੰ ਸਫਲਾ ਕਰ।
15. ਪਰ, ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਇਹ ਸਫਲਾ ਤਦੋਂ ਹੀ ਹੋ ਸਕਦਾ ਹੈ ਜੇ ਕਾਮ ਦਾ ਫੁਰਨਾ ਛਡਿਆ ਜਾਏ, ਕ੍ਰੋਧ ਦਾ ਤਿਆਗ ਕੀਤਾ ਜਾਏ, ਨਿੰਦਾ ਛਡੀ ਜਾਵੇ ਅਤੇ ਜੀਭ ਨਾਲ ਪ੍ਰਮੇਸ਼ਰ ਦੀ ਸਿਫਤ ਸਲਾਹ ਗਾਈ ਜਾਵੇ, ਸਿਫਤ ਸਲਾਹ ਦੀ ਬਰਕਤ ਨਾਲ ਹੀ ਇਹ ਵਿਕਾਰ ਤਿਆਗੇ ਜਾ ਸਕਦੇ ਹਨ ਤੇ ਇਨ੍ਹਾਂ ਵਿਕਾਰਾਂ ਨੂੰ ਤਿਆਗਣ ਵਿਚ ਜਨਮ ਦੀ ਸਫਲਤਾ ਹੈ ।੫।

16. **ਜਿਸੁ ਰੂਪੁ ਨ ਰੇਖਿਆ ਕੁਲੁ ਨਹੀ ਜਾਤੀ ॥**
17. **ਪੂਰਨ ਪੂਰਿ ਰਹਿਆ ਦਿਨੁ ਰਾਤੀ ॥**
18. **ਜੋ ਜੋ ਜਪੈ ਸੋਈ ਵਡਭਾਗੀ**
ਬਹੁੜਿ ਨ ਜੋਨੀ ਪਾਵਣਾ ॥੬॥
19. **ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥**
20. **ਜਲਤਾ ਫਿਰੈ ਰਹੈ ਨਿਤ ਤਾਤਾ ॥**
21. **ਅਕਿਰਤਘਣੈ ਕਉ ਰਖੈ ਨ ਕੋਈ**
ਨਰਕ ਘੋਰ ਮਹਿ ਪਾਵਣਾ ॥੭॥
22. **ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ ॥**
23. **ਮਾਤ ਗਰਭ ਮਹਿ ਰਾਖਿ ਨਿਵਾਜਿਆ ॥**
24. **ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ**
ਕਾਹੂ ਸਿਰੈ ਨ ਲਾਵਣਾ ॥੮॥
25. **ਧਾਰਿ ਅਨੁਗ੍ਰਹੁ ਸੁਆਮੀ ਮੇਰੇ ॥**
26. **ਘਟਿ ਘਟਿ ਵਸਹਿ ਸਭਨ ਕੈ ਨੇਰੇ ॥**
27. **ਹਾਥਿ ਹਮਾਰੈ ਕਛੂਐ ਨਾਹੀ**
ਜਿਸੁ ਜਣਾਇਹਿ ਤਿਸੈ ਜਣਾਵਣਾ ॥੯॥
28. **ਜਾ ਕੈ ਮਸਤਕਿ ਧੁਰਿ ਲਿਖਿ ਪਾਇਆ ॥**
29. **ਤਿਸ ਹੀ ਪੁਰਖ ਨ ਵਿਆਪੈ ਮਾਇਆ ॥**
30. **ਨਾਨਕ ਦਾਸ ਸਦਾ ਸਰਣਾਈ**
ਦੂਸਰ ਲਵੈ ਨ ਲਾਵਣਾ ॥੧੦॥

ਪਦ ਅਰਥ :-ਰੇਖਿਆ-ਰੇਖ, ਚਿੰਨ੍ਹ ਚੱਕ੍ਰ। ਜਾਤੀ-ਜਾਤਿ। ਪੂਰਨ-ਸਰਵ ਵਿਆਪਕ । ਸੋਈ-ਉਹੀ ਮਨੁੱਖ। ਵਡਭਾਗੀ-ਵਡੇ ਭਾਗਾਂ ਵਾਲਾ। ਬਹੁੜਿ-ਮੁੜ, ਫਿਰ ।੬।

ਬਿਧਾਤਾ-ਸਿਰਜਨਹਾਰ । ਪੁਰਖੁ-ਸਰਵ ਵਿਆਪਕ ਪ੍ਰਭੂ। ਜਲਤਾ-ਸੜਦਾ। ਤਾਤਾ-ਤੱਤਾ, ਕ੍ਰੋਧ ਵਿਚ। ਕਉ-ਨੂੰ। ਘੋਰ-ਭਿਆਨਕ ।੭।

ਜੀਉ-ਜਿੰਦ । ਜਿਨਿ-ਜਿਸ (ਪ੍ਰਮਾਤਮਾਂ) ਨੇ । ਸਾਜਿਆ-ਬਣਾਇਆ। ਮਾਤ-ਮਾਂ। ਰਾਖਿ-ਰਖ ਕੇ, ਰਖਿਆ ਕਰ ਕੇ। ਨਿਵਾਜਿਆ-ਨਿਵਾਜਸ਼ ਕੀਤੀ, ਮਿਹਰਬਾਨੀ ਕੀਤੀ। ਛਾਡਿ-ਛਡ ਕੇ। ਅਨ ਹੋਰ ਹੋਰ (ਪਦਾਰਥਾਂ ਦੇ ਮੋਹ ਵਿਚ)।

ਰਾਤਾ–ਰੱਤਾ, ਮਸਤ। ਕਾਹੂ ਸਿਰੇ–ਕਿਸੇ (ਕੰਮ ਦੇ) ਸਿਰੇ ਤੇ। ਕਾਹੂ...ਲਾਵਣਾ–ਕਿਸੇ ਕੰਮ ਵਿਚ ਸਫਲਤਾ ਨਹੀਂ ਹੁੰਦੀ।੮।

ਅਨੁਗ੍ਰਹੁ–ਮਿਹਰ, ਕਿਰਪਾ। ਸੁਆਮੀ–ਹੇ ਸੁਆਮੀ। ਘਟਿ ਘਟਿ–ਹਰੇਕ ਘਟ ਵਿਚ। ਵਸਹਿ–ਤੂੰ ਵਸਦਾ ਹੈਂ। ਹਾਥਿ–ਹੱਥ ਵਿਚ, ਵਸ ਵਿਚ। ਕਛੂਐ–ਕੁਝ ਭੀ। ਜਣਾਇਹਿ–ਤੂੰ ਸਮਝ ਬਖਸ਼ਦਾ ਹੈਂ।੯।

ਮਸਤਕ–ਮੱਥੇ ਉਤੇ। ਕੈ ਮਸਤਕਿ–ਦੇ ਮੱਥੇ ਉਤੇ। ਧੁਰਿ–ਧੁਰ ਤੋਂ, ਪ੍ਰਮਾਤਮਾਂ ਵਲੋਂ ਹੀ। ਲਿਖਿ–ਲਿਖ ਕੇ। ਨ ਵਿਆਪੈ–ਜੋਰ ਨਹੀਂ ਪਾ ਸਕਦੀ। ਦਾਸ–ਪ੍ਰਮਾਤਮਾਂ ਦੇ ਭਗਤ। ਲਵੈ ਨ ਲਾਵਣਾ–ਬਰਾਬਰ ਨਹੀਂ ਸਮਝਦੇ।੧੦।

ਅਰਥ :–

ਪ੍ਰ:–ਸ੍ਰੀ ਜੀਉ ! ਅਸੀਂ ਕਿਸੇ ਨੂੰ ਕਿਸੇ ਭੀ ਪਦਾਰਥ ਬਾਰੇ ਸਮਝਾਉਣ ਲਈ ਉਸ ਦੀ ਕੁਝ ਨਾ ਕੁਝ ਰੂਪ ਰੇਖਾ ਜ਼ਰੂਰ ਹੀ ਦਸਦੇ ਹਾਂ, ਪਰ ਉਸ ਪ੍ਰਭੂ ਨੂੰ ਸਮਝਣ ਲਈ ਉਸ ਦਾ ਕੋਈ ਰੂਪ ਰੰਗ ਤਾਂ ਦਸੋ, ਜਿਸ ਰਾਹੀਂ ਉਸ ਨੂੰ ਅਸੀਂ ਅਨੁਭਵ ਕਰ ਸਕੀਏ ?

16. ਉ.–ਹੇ ਭਾਈ ! ਜਿਸ ਪ੍ਰਮਾਤਮਾਂ ਦਾ (ਕੀ ਹੈ) ਰੂਪ ਰੇਖ, ਕੁਲ ਅਤੇ ਜਾਤਿ, (ਇਹ ਗੱਲ ਉੱਕਾ ਹੀ) ਦਸੀ ਨਹੀਂ ਜਾ ਸਕਦੀ।

ਪ੍ਰ:–ਸ੍ਰੀ ਜੀਉ ! ਜਿਸ ਪ੍ਰਭੂ ਦੀ ਰੂਪ ਰੇਖਾ ਹੀ ਕੋਈ ਨਹੀਂ ਉਸ ਨੂੰ ਯਾਦ ਕਰਦੇ ਰਹਿਣ ਦਾ ਆਖਰ ਫਲ ਕੀ ਮਿਲਦਾ ਹੈ ?

17. ਉ:–ਹੇ ਪਿਆਰੇ ! ਜਿਹੜਾ ਪ੍ਰਮੇਸ਼ਰ ਦਿਨੇ ਰਾਤ ਹਰ ਵੇਲੇ ਸਭ ਥਾਈਂ ਮੌਜੂਦ ਹੈ।

18. ਉਸ ਪ੍ਰਮਾਤਮਾਂ ਦਾ ਨਾਮ ਜਿਹੜਾ ਜਿਹੜਾ ਮਨੁੱਖ ਭੀ ਜਪਦਾ ਹੈ ਉਹ ਵਡੇ ਭਾਗਾਂ ਵਾਲਾ ਬਣ ਜਾਂਦਾ ਹੈ ਅਤੇ ਉਹ ਮਨੁੱਖ ਮੁੜ ਮੁੜ ਜੂਨਾਂ ਵਿਚ ਨਹੀਂ ਪੈਂਦਾ।੬।

ਪ੍ਰ:–ਕਿਉਂ ਜੀ ! ਕੀ, ਉਸ ਨੂੰ ਭੁਲਾ ਦੇਣ ਵਾਲੇ ਨੂੰ ਕੋਈ ਸਜ਼ਾ ਭੀ ਮਿਲਦੀ ਹੈ ?

19. ਉ:–ਹਾਂ ਜਰੂਰ ਮਿਲਦੀ ਹੈ, ਹੇ ਭਾਈ ! ਜਿਸ ਭੀ ਕਿਸੇ ਮਨੁੱਖ ਨੂੰ ਸਰਬ ਵਿਆਪਕ ਸਿਰਜਨਹਾਰ ਵਿਸਰਿਆ ਰਹਿੰਦਾ ਹੈ।

20. ਉਹ ਸਦਾ (ਹੀ ਵਿਕਾਰਾਂ ਵਿਚ) ਸੜਦਾ ਫਿਰਦਾ ਹੈ, ਉਹ ਸਦਾ (ਕ੍ਰੋਧ ਨਾਲ) ਸੜਿਆ ਭੁਜਿਆ ਰਹਿੰਦਾ ਹੈ।

21. ਐ ਪਿਆਰੇ ! ਪ੍ਰਮਾਤਮਾਂ ਦੇ ਕੀਤੇ ਉਪਕਾਰਾਂ ਨੂੰ ਭੁਲਾਣ ਵਾਲੇ ਉਸ ਮਨੁੱਖ ਨੂੰ (ਇਸ ਭੈੜੀ ਆਤਮਕ ਦਸ਼ਾ ਤੋਂ) ਕੋਈ (ਭੀ) ਬਚਾ ਨਹੀਂ ਸਕਦਾ, ਉਹ ਮਨੁੱਖ (ਸਦਾ ਇਸ) ਭਿਆਨਕ ਨਰਕ ਵਿਚ ਪਿਆ ਰਹਿੰਦਾ ਹੈ।੭।

ਪ੍ਰ:–ਸ੍ਰੀ ਜੀਉ ! ਇਸ ਭਿਆਨਕ ਸਜਾ ਭੋਗਦੇ ਰਹਿਣ ਦਾ ਸਹੀ ਕਾਰਨ ਕੀ ਹੈ ?

22. ਉ:–ਹੇ ਭਾਈ ! ਵੇਖ, ਜਿਸ ਪ੍ਰਮੇਸ਼ਰ ਨੇ ਜਿੰਦ ਦਿਤੀ ਹੈ ਪ੍ਰਾਣ ਦਿਤੇ ਹਨ, ਸਰੀਰ ਬਣਾਇਆ ਹੈ, ਧਨ ਦਿਤਾ ਹੈ।

23. (ਇਥੇ ਹੀ ਬੱਸ ਨਹੀਂ) ਮਾਂ ਦੇ ਪੇਟ ਵਿਚ ਰਖਿਆ ਕਰਕੇ ਬੜੀ ਦਇਆ ਕੀਤੀ ਹੈ।

24. ਐ ਪਿਆਰੇ ! ਵੇਖ, ਜਿਹੜਾ ਮਨੁੱਖ ਉਸ ਪ੍ਰਮਾਤਮਾਂ ਨਾਲ ਪਿਆਰ (ਪਾਣਾ) ਛਡ ਕੇ ਹੋਰ ਹੋਰ ਪਦਾਰਥਾਂ ਦੇ ਮੋਹ ਵਿਚ ਮਸਤ ਰਹਿੰਦਾ ਹੈ, (ਸਮਝੋ) ਉਹ ਮਨੁੱਖ ਕਿਸੇ ਪਾਸੇ ਭੀ ਨੇਪਰੇ ਨਹੀਂ ਚੜ੍ਹਦਾ, ਜਾਂ ਇਉਂ ਸਮਝੋ ਉਸ ਨੂੰ ਹੋਰ ਕਿਸੇ ਨੇ ਭੀ ਬੰਨੇ ਨਹੀਂ ਲਾਉਣਾ।੮।

ਪ੍ਰ:–ਸ੍ਰੀ ਜੀਉ ! ਆਖਰ, ਇਨ੍ਹਾਂ ਸਜ਼ਾਵਾਂ ਤੋਂ ਬਚਣ ਲਈ ਕੋਈ ਉਪਾਉ ਦਸੋ ?

25. ਉ:–ਹੇ ਭਾਈ ! ਉਪਾਉ, ਇਕੋ ਹੀ ਬੇਨਤੀ ਹੈ, ਜੋ ਇਉਂ ਹੀ ਕਰਦੇ ਰਹੋ ਕਿ, ਹੇ ਮੇਰੇ ਮਾਲਕ ਪ੍ਰਭੂ ! (ਅਸਾਂ ਜੀਵਾਂ ਉਤੇ) ਦਇਆ ਕਰੀ ਰਖ।

26. ਤੂੰ ਹਰੇਕ ਸਰੀਰ ਵਿਚ ਵਸਦਾ ਹੈਂ, ਤੂੰ ਸਭ ਜੀਵਾਂ ਦੇ ਨੇੜੇ ਵਸਦਾ ਹੈਂ।

27. ਹੇ ਮੇਰੇ ਸਾਈਆਂ ਜੀਉ ! ਅਸਾਂ ਜੀਵਾਂ ਦੇ ਵੱਸ ਵਿਚ ਕੁਝ ਨਹੀਂ ਹੈ, ਜਿਸ ਮਨੁੱਖ ਨੂੰ ਤੂੰ (ਆਤਮਕ ਜੀਵਨ ਦੀ) ਸਮਝ ਬਖਸ਼ਦਾ ਹੈਂ, ਉਹੀ ਮਨੁੱਖ ਇਹ ਸਮਝ ਹਾਸਲ ਕਰਦਾ ਹੈ।੯।

ਪ੍ਰ:–ਸ੍ਰੀ ਜੀਉ ! ਮਾਇਆ ਮੋਹ ਦੀ ਪ੍ਰਬਲ ਸ਼ਕਤੀ ਤੋਂ ਬਚਣ ਦਾ ਚਾਰਾ ਤਾਂ ਬਹੁਤ ਲੋਕ ਕਰਦੇ ਹਨ, ਪਰ, ਸਾਰੇ ਹੀ ਕਿਉਂ ਨਹੀਂ ਬਚ ਸਕਦੇ ?

28. ਉ:–ਹੇ ਪਿਆਰੇ ! ਅਸਲ ਵਿਚ ਤਾਂ ਧੁਰ ਹਜ਼ੂਰੀ ਵਿਚੋਂ ਜਿਸ ਮਨੁੱਖ ਦੇ ਮੱਥੇ ਉਤੇ (ਪ੍ਰਭੂ ਨੇ ਚੰਗੇ ਭਾਗਾਂ ਦਾ ਲੇਖ) ਲਿਖਕੇ ਪਾਇਆ ਹੁੰਦਾ ਹੈ।

29. ਸਿਰਫ ਉਸੇ ਮਨੁੱਖ ਉਤੇ ਹੀ ਮਾਇਆ ਆਪਣਾ ਜ਼ੋਰ ਨਹੀਂ ਪਾ ਸਕਦੀ।

30. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮੇਸ਼ਰ ਦੇ ਭਗਤ ਸਦਾ ਪ੍ਰਮਾਤਮਾਂ ਦੀ ਸ਼ਰਨ ਪਏ ਰਹਿੰਦੇ ਹਨ, ਉਹ ਕਿਸੇ ਭੀ ਹੋਰ ਨੂੰ ਪ੍ਰਮਾਤਮਾਂ ਦੇ ਬਰਾਬਰ ਨਹੀਂ ਸਮਝਦੇ।੧੦।

31. ਆਗਿਆ ਦੂਖ ਸੂਖ ਸਭਿ ਕੀਨੇ ॥
32. ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥
33. ਤਾ ਕੀ ਕੀਮਤਿ ਕਹਣੁ ਨ ਜਾਈ
ਜਤ ਕਤ ਓਹੀ ਸਮਾਵਣਾ ॥੧੧॥
34. ਸੋਈ ਭਗਤੁ ਸੋਈ ਵਡ ਦਾਤਾ ॥
35. ਸੋਈ ਪੂਰਨ ਪੁਰਖੁ ਬਿਧਾਤਾ ॥
36. ਬਾਲ ਸਹਾਈ ਸੋਈ ਤੇਰਾ
ਜੋ ਤੇਰੈ ਮਨਿ ਭਾਵਣਾ ॥੧੨॥

37. ਮਿਰਤੁ ਦੂਖ ਸੂਖ ਲਿਖਿ ਪਾਏ ॥
38. ਤਿਲੁ ਨਹੀ ਬਧਹਿ ਘਟਹਿ ਨ ਘਟਾਏ ॥
39. ਸੋਈ ਹੋਇ ਜਿ ਕਰਤੇ ਭਾਵੈ
ਕਹਿ ਕੈ ਆਪੁ ਵਞਾਵਣਾ ॥੧੩॥
40. ਅੰਧ ਕੂਪ ਤੇ ਸੇਈ ਕਾਢੇ ॥
41. ਜਨਮ ਜਨਮ ਕੇ ਟੂਟੇ ਗਾਂਢੇ ॥
42. ਕਿਰਪਾ ਧਾਰਿ ਰਖੇ ਕਰਿ ਅਪੁਨੇ
ਮਿਲਿ ਸਾਧੂ ਗੋਬਿੰਦੁ ਧਿਆਵਣਾ ॥੧੪॥
43. ਤੇਰੀ ਕੀਮਤਿ ਕਹਣੁ ਨ ਜਾਈ ॥
44. ਅਚਰਜ ਰੂਪੁ ਵਡੀ ਵਡਿਆਈ ॥
45. ਭਗਤਿ ਦਾਨੁ ਮੰਗੈ ਜਨੁ ਤੇਰਾ
ਨਾਨਕ ਬਲਿ ਬਲਿ ਜਾਵਣਾ ॥
੧੫॥੧॥੧੪॥੨੨॥੨੪॥੨॥੧੪॥੬੨॥

ਪਦ ਅਰਥ :–ਆਗਿਆ–ਹੁਕਮ ਵਿਚ । ਸਭਿ–ਸਾਰੇ । ਅੰਮ੍ਰਿਤ ਨਾਮੁ–ਅਮਰ ਜੀਵਨ ਦੇਣ ਵਾਲਾ ਨਾਮ । ਬਿਰਲੈ ਹੀ–ਕਿਸੇ ਵਿਰਲੇ ਨੇ ਹੀ । ਚੀਨੇ–ਪਛਾਣਿਆ ਹੈ । ਤਾ ਕੀ–ਉਸ (ਪ੍ਰਮਾਤਮਾਂ) ਦੀ । ਜਤ ਕਤ-ਹਰ ਥਾਂ । ਓਹੀ–ਉਹ ਪ੍ਰਮਾਤਮਾਂ ਹੀ ।੧੧।

ਸੋਈ–ਉਹ (ਪ੍ਰਮਾਤਮਾਂ ਆਪ) ਹੀ । ਭਗਤੁ–ਭਗਤੀ ਕਰਨ ਵਾਲਾ । ਬਿਧਾਤਾ–ਸਿਰਜਨਹਾਰ । ਬਾਲ ਸਹਾਈ–ਬਾਲ ਉਮਰ ਤੋਂ ਹੀ ਸਾਥੀ । ਸਹਾਈ–ਸਖਾਈ, ਮਿੱਤਰ, ਸਾਥੀ । ਤੇਰੈ ਮਨਿ–(ਹੇ ਪ੍ਰਭੂ) ਤੇਰੇ ਮਨ ਵਿਚ । ਭਾਵਣਾ–ਚੰਗਾ ਲਗਾ ਹੈ ।੧੨।

ਮਿਰਤੁ–ਮੌਤ । ਲਿਖਿ–(ਹਰੇਕ ਜੀਵ ਦੇ ਭਾਗਾਂ ਵਿਚ) ਲਿਖ ਕੇ । ਤਿਲੁ–ਰਤਾ ਭਰ ਭੀ । ਬਧਹਿ–ਵਧਦੇ । ਹੋਇ–ਹੁੰਦਾ ਹੈ । ਕਰਤੇ ਭਾਵੈ–ਕਰਤਾਰ ਨੂੰ ਚੰਗਾ ਲਗਦਾ ਹੈ । ਕਹਿ ਕੈ–ਆਖ ਕੇ । ਆਪੁ–ਆਪਣੇ ਆਪ ਨੂੰ । ਵਞਾਵਣਾ–ਗਵਾਣਾ ਹੁੰਦਾ ਹੈ ।੧੩।

ਅੰਧ ਕੂਪ–(ਮਾਇਆ ਦੇ ਮੋਹ ਦਾ) ਘੁੱਪ ਹਨੇਰਾ ਖੂਹ । ਤੇ–ਤੋਂ । ਸੇਈ–ਉਹੀ ਮਨੁੱਖ । ਧਾਰਿ–ਧਾਰਕੇ, ਕਰਕੇ । ਕਰਿ–ਬਣਾ ਕੇ । ਮਿਲਿ ਸਾਧੂ–ਗੁਰੂ ਨੂੰ ਮਿਲ ਕੇ ।੧੪।

ਦਾਨ–ਖੈਰ । ਜਨੁ–ਦਾਸ । ਬਲਿ ਬਲਿ–ਸਦਕੇ ।੧੫।

ਅਰਥ :–

ਪ੍ਰ:–ਹੇ ਗੁਰੋ ! ਜਗਤ ਵਿਚ ਕੋਈ ਦੁਖੀ ਹੈ ਕੋਈ ਸੁਖੀ ਹੈ, ਇਨ੍ਹਾਂ ਦਾ ਕਰਤਾ ਕਿਸ ਨੂੰ ਮੰਨਿਆਂ ਜਾਣਾ ਚਾਹੀਦਾ ਹੈ ?

31. ਉ:–ਹੇ ਪਿਆਰੇ ! ਅਸਲ ਵਿਚ ਜਗਤ ਦੇ ਸਾਰੇ ਦੁਖ ਸਾਰੇ ਸੁਖ (ਪ੍ਰਮੇਸ਼ਰ ਜੀ ਨੇ ਆਪਣੇ) ਹੁਕਮ ਵਿਚ (ਆਪ ਹੀ) ਬਣਾਏ ਹਨ ।

ਪ੍ਰ:–ਕਿਉਂ ਜੀ ! ਕੀ, ਇਨ੍ਹਾਂ ਤੋਂ ਬਚਾਉ ਦਾ ਉਪਾਉ ਭੀ ਕੋਈ ਹੈ ?

32. ਉ:–ਹੇ ਭਾਈ ! (ਇਨ੍ਹਾਂ ਜਗਤ ਦੇ ਦੁਖਾਂ ਤੋਂ ਬਚਣ ਲਈ) ਕਿਸੇ ਵਿਰਲੇ ਮਨੁੱਖ ਨੇ ਹੀ ਅਮਰ ਜੀਵਨ ਦੇਣ ਵਾਲੇ ਹਰਿ ਨਾਮ ਨਾਲ ਸਾਂਝ ਪਾਈ ਹੈ ।

ਪ੍ਰ:–ਸ੍ਰੀ ਜੀਉ ! ਉਸ ਦੀ ਪ੍ਰਾਪਤੀ ਕਰਨ ਲਈ ਕੋਈ ਮੁੱਲ ਦਸੋ ?

33. ਉ:–ਐ ਪਿਆਰੇ ! ਉਸ ਪ੍ਰਮਾਤਮਾਂ ਦਾ ਮੁੱਲ ਨਹੀਂ ਦਸਿਆ ਜਾ ਸਕਦਾ (ਉਹ ਪ੍ਰਮੇਸ਼ਰ ਕਿਸੇ ਦੁਨਿਆਵੀ ਪਦਾਰਥ ਦੇ ਵੱਟੇ ਨਹੀਂ ਮਿਲਦਾ, (ਉਂਝ) ਹਰ ਥਾਂ ਉਹ ਆਪ ਹੀ ਸਮਾਇਆ ਹੋਇਆ ਹੈ ।੧੧।

ਪ੍ਰ:–ਸ੍ਰੀ ਜੀਉ ! ਆਖਰ, ਉਸ ਬਾਰੇ ਕੁਝ ਤਾਂ ਸੋਝੀ ਦਿਓ ?

34. ਉ:–ਹੇ ਭਾਈ ! ਅਸਲ ਵਿਚ ਉਹ ਪ੍ਰਮਾਤਮਾਂ ਆਪ ਹੀ (ਆਪਣੇ ਸੇਵਕ ਵਿਚ ਬੈਠਾ ਆਪਣੀ) ਭਗਤੀ ਕਰਨ ਵਾਲਾ ਹੈ, ਉਹ ਆਪ ਹੀ ਸਭ ਤੋਂ ਵਡਾ ਦਾਤਾ ਹੈ ।

35. ਉਹ ਆਪ ਹੀ ਸਭ ਵਿਚ ਵਿਆਪਕ ਸਿਰਜਨਹਾਰ ਹੈ ।

36. ਹੇ ਪ੍ਰਭੂ ! ਜਿਹੜਾ (ਤੇਰਾ ਭਗਤ) ਤੇਰੇ ਮਨ ਵਿਚ (ਤੈਨੂੰ) ਪਿਆਰਾ ਲਗਦਾ ਹੈ, ਉਹੀ ਤੇਰਾ ਬਾਲ ਸਖਾਈ ਹੈ, ਉਹੀ ਤੈਨੂੰ ਇਉਂ ਪਿਆਰਾ ਹੈ ਜਿਵੇਂ ਛੋਟੀ ਉਮਰ ਤੋਂ ਇਕੱਠੇ ਰਹਿਣ ਵਾਲੇ ਬਾਲਕ ਇਕ ਦੂਜੇ ਨੂੰ ਸਾਰੀ ਉਮਰ ਹੀ ਪਿਆਰ ਕਰਨ ਵਾਲੇ ਹੁੰਦੇ ਹਨ ।੧੨।

37. ਹੇ ਭਾਈਓ ! ਮੌਤ, ਦੁੱਖ, ਸੁੱਖ ਕਰਤਾਰ ਨੇ ਆਪ ਹੀ (ਜੀਵਾਂ ਦੇ ਲੇਖਾਂ ਵਿਚ) ਲਿਖ ਕੇ ਰਖ ਦਿਤੇ ਹਨ ।

38. ਨਾ ਇਹ ਵਧਾਇਆਂ ਰਤਾ ਭੀ ਵਧਦੇ ਹਨ, ਨਾ ਇਹ ਘਟਾਇਆਂ ਰਤਾ ਭਰ ਘਟਦੇ ਹਨ ।

39. ਹੇ ਭਾਈ ! ਜੋ ਕੁਝ ਕਰਤਾਰ ਨੂੰ ਚੰਗਾ ਲਗਦਾ ਹੈ ਉਹੀ ਹੁੰਦਾ ਹੈ (ਇਹ) ਆਖ (ਕਿ ਅਸੀਂ ਆਪਣੇ ਆਪ ਕੁਝ ਕਰ ਸਕਦੇ ਹਾਂ) ਆਪਣੇ ਆਪ ਨੂੰ ਖੁਆਰ ਹੀ ਕਰਨਾ ਹੁੰਦਾ ਹੈ ।੧੩।

ਪ੍ਰ:–ਕਿਉਂ ਜੀ ! ਮਾਇਆ ਮੋਹ ਦੇ ਘੁੱਪ ਹਨੇਰੇ ਵਿਚੋਂ ਨਿਕਲਣ ਦਾ ਕੀ ਉਪਾਉ ਹੈ ।

40. ਉ:–ਹੇ ਪਿਆਰੇ ! ਇਕੋ ਹੀ ਉਪਾਉ ਹੈ ਕਿ, ਪ੍ਰਮਾਤਮਾਂ ਕ੍ਰਿਪਾ ਕਰ ਕੇ ਜਿਨ੍ਹਾਂ ਮਨੁੱਖਾਂ ਨੂੰ ਆਪਣੇ ਬਣਾ ਲੈਂਦਾ ਹੈ ।

41. ਅਤੇ ਜਿਹੜੇ ਮਨੁੱਖ ਗੁਰੂ ਨੂੰ ਮਿਲ ਕੇ ਪ੍ਰਮੇਸ਼ਰ ਦਾ ਨਾਮ ਸਿਮਰਦੇ ਹਨ ।

42. ਉਨ੍ਹਾਂ ਨੂੰ ਹੀ ਪ੍ਰਮਾਤਮਾਂ ਮਾਇਆ ਦੇ ਮੋਹ ਦੇ ਘੁੱਪ ਹਨੇਰੇ ਖੂਹ ਵਿਚੋਂ ਕਢ ਲੈਂਦਾ ਹੈ ਤੇ ਕਈ ਜਨਮਾਂ ਦੇ (ਆਪਣੇ ਨਾਲੋਂ) ਟੁਟਿਆਂ ਹੋਇਆਂ ਨੂੰ (ਮੁੜ ਆਪਣੇ ਨਾਲ) ਜੋੜ ਲੈਂਦਾ ਹੈ ।੧੪।

43. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੇਰਾ ਮੁੱਲ ਨਹੀਂ ਪਾਇਆ ਜਾ ਸਕਦਾ ।

44 ਤੇਰਾ ਸਰੂਪ ਹੈਰਾਨ ਕਰਨ ਵਾਲਾ ਹੈ ਤੇ ਵਡਿਆਈ ਵੱਡੀਹੈ ।

45 (ਮੈਂ) ਤੇਰਾ ਸੇਵਕ (ਤੇਰੇ ਦਰ ਤੋਂ) ਤੇਰੀ ਭਗਤੀ ਦਾ ਖੈਰ ਮੰਗਦਾ ਹੈ ਤੇ ਤੈਥੋਂ ਸਦਕੇ ਜਾਂਦਾ ਹੈ, ਕੁਰਬਾਨ ਜਾਂਦਾ ਹੈ।੧੫।੧।੧੪।੨੨।੨੪।੨।੧੪।੬੨।

ਅੰਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਇਉਂ ਹੈ :—

ਸੋਲਹੇ ਮ: ੧	੨੨
ਸੋਲਹੇ ਮ: ੩	੨੪
ਸੋਲਹੇ ਮ. ੪	੨
ਸੋਲਹੇ ਮ: ੫	੧੪

ਕੁਲ ਜੋੜ	੬੨

ਮਾਰੂ ਵਾਰ ਮਹਲਾ ੩

੧ ਓ ਸਤਿਗੁਰ ਪ੍ਰਸਾਦਿ ॥

ਸਲੋਕੁ ਮ: ੧

1. ਵਿਣੁ ਗਾਹਕ ਗੁਣੁ ਵੇਚੀਐ
ਤਉ ਗੁਣੁ ਸਹਘੋ ਜਾਇ ॥
2. ਗੁਣ ਕਾ ਗਾਹਕੁ ਜੇ ਮਿਲੈ
ਤਉ ਗੁਣੁ ਲਾਖ ਵਿਕਾਇ ॥
3. ਗੁਣ ਤੇ ਗੁਣ ਮਿਲਿ ਪਾਈਐ
ਜੇ ਸਤਿਗੁਰ ਮਾਹਿ ਸਮਾਇ ॥
4. ਮੁੋਲਿ ਅਮੋੁਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥
5. ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ ॥੧॥

ਪਦ ਅਰਥ:—ਸਹਘੋ—ਸਸਤਾ (ਮਹਿੰਗੇ ਦੇ ਉਲਟ)। ਲਾਖ—ਲਖੀਂ ਰੁਪਈਂ, ਭਾਵ, ਬੜੀ ਕੀਮਤ ਨਾਲ। ਗੁਣ ਤੇ—ਗੁਣਾਂ ਤੋਂ, ਪ੍ਰਭੂ ਦੇ ਗੁਣ ਗਾਉਣ ਨਾਲ। ਗੁਣ ਮਿਲਿ—ਗੁਣਾਂ ਵਿਚ ਮਿਲ ਕੇ, ਪ੍ਰਭੂ ਦੇ ਗੁਣਾਂ ਵਿਚ ਮਿਲਿਆਂ, ਪ੍ਰਭੂ ਦੀ ਸਿਫਤ ਸਲਾਹ ਵਿਚ ਮਨ ਜੋੜਿਆਂ। ਪਾਈਐ—ਪਾਈਦਾ ਹੈ, ਮਿਲਦਾ ਹੈ, (ਨਾਮ) ਮਿਲਦਾ ਹੈ। ਮੁੋਲਿ—ਅਸਲ ਪਾਠ 'ਮੁਲਿ' ਹੈ, ਇਥੇ ਪੜ੍ਹਨਾ ਹੈ 'ਮੋਲਿ' ਕਿਸੇ ਮੁੱਲ ਨਾਲ ਕਿਸੇ ਕੀਮਤ ਨਾਲ। ਅਮੁੋਲੁ—(ਅਸਲ ਪਾਠ 'ਅਮੁਲੁ' ਹੈ ਏਥੇ ਪੜ੍ਹਨਾ ਹੈ ਅਮੋਲੁ) ਅਮੋਲਕ। ਵਣਜਿ—ਖਰੀਦ ਕੇ। ਹਾਟਿ—ਹੱਟ ਤੋਂ। ਤੋਲੁ—(ਨਾਮ ਦੇ) ਬਰਾਬਰ ਦੀ ਚੀਜ। ਪੂਰਾ—ਮੁਕੰਮਲ, ਕਦੇ ਘਟ ਵਧ ਨਾ ਹੋਣ ਵਾਲਾ।੧।

ਅਰਥ —

ਪ੍ਰ:—ਕਿਉਂ ਜੀ ! ਕੀ ਅਨ ਅਧਿਕਾਰੀ ਨੂੰ ਭੀ ਉਪਦੇਸ਼ ਦੇਂਦੇ ਰਹਿਣਾ ਚਾਹੀਦਾ ਹੈ ?

1. ਉ:—ਹੇ ਭਾਈ ! ਸੁਣ, ਜਿਵੇਂ ਕੋਈ ਗਾਹਕ ਨਾ ਹੋਵੇ ਤਾਂ ਉਸ ਨੂੰ ਕੀਮਤੀ ਪਦਾਰਥ ਭੀ ਭਾਵੇਂ ਵੇਚੀਏ, ਤਾਂ ਭੀ ਉਹ ਸਸਤਾ ਵਿਕਦਾ ਹੈ।

2. ਪਰ, ਜੇ ਕਦੀ ਗੁਣਾਂ ਦਾ ਗਾਹਕ ਮਿਲ ਜਾਵੇ ਤਾਂ ਉਹ ਲੱਖਾਂ (ਰੁਪਿਆਂ) ਦਾ ਵਿਕ ਜਾਂਦਾ ਹੈ।

ਭਾਵ, ਇਸੇ ਤਰ੍ਹਾਂ ਅਧਿਕਾਰੀ ਨੂੰ ਉਪਦੇਸ਼ ਦੇਣਾ ਹੀ ਲਾਭਦਾਇਕ ਹੈ ਅਨ ਅਧਿਕਾਰੀ ਨੂੰ ਉਸ ਦੀ (ਕੀਮਤ) ਉਤਮਤਾ ਦਾ ਨਾ ਗਿਆਨ ਹੋਣ ਦੇ ਕਾਰਨ ਉਸ ਉਪਦੇਸ਼ ਦੀ ਉਸ ਦੇ ਮਨ ਅੰਦਰ ਵਧੇਰੇ ਕਦਰ ਨਹੀਂ ਹੋਇਆ ਕਰਦੀ, ਜਿਸ ਕਰ ਕੇ ਉਹ ਵਧੇਰੇ ਲਾਭ ਪ੍ਰਾਪਤ ਨਹੀਂ ਕਰ ਸਕਦਾ।

3. ਹੇ ਭਾਈ ! ਪਰ, ਜੇ ਕੋਈ ਕਦਰ ਜਾਨਣ ਵਾਲਾ ਮਨੁੱਖ ਗੁਰੂ ਵਿਚ 'ਆਪਾ' ਲੀਨ ਕਰ ਦੇਵੇ, ਤਾਂ ਪ੍ਰਭੂ ਦਾ ਗੁਣ ਗਾਵਿਆਂ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਿਆਂ (ਪ੍ਰਭੂ ਦਾ 'ਨਾਮ' ਰੂਪ ਕੀਮਤੀ ਪਦਾਰਥ) ਮਿਲਦਾ ਹੈ।

ਪ੍ਰ:—ਕਿਉਂ ਜੀ ! ਕੀ, ਇਹ ਨਾਮ ਕਿਸੇ ਪ੍ਰਤੱਖ ਦੁਕਾਨ ਤੋਂ ਮੁੱਲ ਨਹੀਂ ਖਰੀਦਿਆ ਜਾ ਸਕਦਾ ?

4. ਉ:—ਐ ਪਿਆਰੇ ! 'ਨਾਮ' ਬਹੁ ਮੁੱਲਾ ਪਦਾਰਥ ਹੈ, (ਇਹ) ਕਿਸੇ ਕੀਮਤ ਨਾਲ ਨਹੀਂ ਮਿਲ ਸਕਦਾ, ਕਿਸੇ ਹੱਟ ਤੋਂ ਖਰੀਦ ਕੇ ਨਹੀਂ ਲਿਆ ਜਾ ਸਕਦਾ।

5. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! (ਨਾਮ ਦੇ ਮੁੱਲ ਦਾ) ਤੋਲ ਤਾਂ ਬੱਝਵਾਂ ਹੈ, ਉਹ ਕਦੇ ਘਟ ਨਹੀਂ ਸਕਦਾ, (ਭਾਵ ਹੈ ਕਿ ਜੋ ਆਪਾ ਗੁਰੂ ਵਿਚ ਲੀਨ ਕਰਨਾ ਇਹ ਬੱਝਵਾਂ ਮੁੱਲ ਹੈ ਤੇ ਇਸ ਤੋਂ ਘਟ ਕੋਈ ਹੋਰ ਉੱਤਮ ਨਾਮ ਦੀ ਪ੍ਰਾਪਤੀ ਲਈ ਕਾਫੀ ਨਹੀਂ ਹੈ)।੧।

ਭਾਵਾਰਥ :—ਗੁਣੀ ਕੋਲੋਂ ਹੀ ਗੁਣ ਮਿਲ ਸਕਦਾ ਹੈ, ਭਾਵ ਨਾਮ ਜਿਹੀ ਚੰਗੀ ਚੀਜ਼ ਗੁਰੂ ਤੋਂ ਹੀ ਮਿਲ ਸਕਦੀ ਸਕਦੀ ਹੈ, ਇਸ ਪ੍ਰਾਪਤੀ ਤੋਂ ਬਿਨਾ ਆਦਮੀ ਭਟਕਦਾ ਰਹਿੰਦਾ ਹੈ ਤੇ ਸੱਚੀ ਰਹਿਣੀ ਵਾਲੀ ਸਦੀਵੀ ਜ਼ਿੰਦਗੀ ਪ੍ਰਾਪਤ ਨਹੀਂ ਕਰ ਸਕਦਾ।

ਮ: ੪ ॥

1. ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ ॥
2. ਇਕਿ ਬਾਂਧੇ ਇਕਿ ਢੀਲਿਆ
ਇਕਿ ਸੁਖੀਏ ਹਰਿ ਪ੍ਰੀਤਿ ॥
3. ਨਾਨਕ ਸਚਾ ਮੰਨਿ ਲੈ ਸਚੁ ਕਰਣੀ ਸਚੁ ਰੀਤਿ॥੨॥

ਪਦ ਅਰਥ :—ਵਿਹੂਣੇ—ਸਖਣੇ। ਭਰਮਸਹਿ—ਭਟਕਦੇ ਹਨ। ਆਵਹਿ ਜਾਵਹਿ—ਜੰਮਦੇ ਮਰਦੇ ਹਨ। ਬਾਂਧੇ—ਬੱਝੇ ਪਏ ਹਨ। ਢੀਲਿਆ—ਢਿਲੇ ਕਰ ਲਏ ਹਨ।੨।

ਅਰਥ :—

ਪ੍ਰ:—ਕਿਉਂ ਜੀ ! ਨਾਮ ਤੋਂ ਸੱਖਣੇ ਮਨੁੱਖ ਨੂੰ ਕੀ ਸਜ਼ਾ ਮਿਲਦੀ ਹੈ ?

1. ਉ.—ਐ ਪਿਆਰੇ ! ਜੋ ਮਨੁੱਖ 'ਨਾਮ' ਤੋਂ ਸੱਖਣੇ ਹਨ, ਉਹ ਭਟਕਦੇ ਹਨ, (ਭਟਕਣਾ ਦੇ ਕਾਰਨ) ਨਿਤ ਜੰਮਦੇ

ਤੇ ਮਰਦੇ ਹਨ, (ਭਾਵ, 'ਵਾਸ਼ਨਾ' ਪੂਰੀਆਂ ਕਰਨ ਲਈ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ)।

2. ਹੇ ਭਾਈ ! ਕਈ ਜੀਵ (ਇਨ੍ਹਾਂ ਵਾਸ਼ਨਾਂ ਨਾਲ) ਬੱਝੇ ਪਏ ਹਨ, ਕਈਆਂ ਨੇ ਬੰਧਨ ਕੁਝ ਢਿਲੇ ਕਰ ਲਏ ਹਨ ਤੇ ਕਈ ਪ੍ਰਭੂ ਦੇ ਪਿਆਰ ਵਿਚ ਰਹਿ ਕੇ (ਬਿਲਕੁਲ) ਸੁਖੀ ਹੋ ਗਏ ਹਨ।

3. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਹੜਾ ਮਨੁੱਖ ਸਦਾ ਥਿਰ ਪ੍ਰਮਾਤਮਾਂ ਨੂੰ ਆਪਣੇ ਮਨ ਵਿਚ ਪੱਕਾ ਕਰ ਲੈਂਦਾ ਹੈ, ਸਦਾ ਥਿਰ ਉਸ ਵਾਸਤੇ ਕਰਨ ਜੋਗ ਇਹੋ ਕੰਮ ਹੈ, ਸਦਾ ਥਿਰ ਨਾਮ ਹੀ ਉਸ ਦੀ ਜੀਵਨ ਜੁਗਤ ਹੋ ਜਾਂਦਾ ਹੈ।੨।

ਭਾਵਾਰਥ :—ਨਾਮ ਤੋਂ ਸੱਖਣੇ ਮਨੁੱਖ ਜੰਮਣ ਮਰਨ ਦੇ ਗੇੜ ਵਿਚ ਸਦਾ ਹੀ ਭਟਕਦੇ ਫਿਰਦੇ ਹਨ, ਇਕ ਵਾਸ਼ਨਾਂ ਵਿਚ ਬੱਝੇ ਹੋਏ ਹਨ, ਇਕ ਨਾਮ ਦੇ ਪਿਆਰ ਵਿਚ ਰਤੇ ਹੋਏ ਸਦਾ ਹੀ ਸੁਖੀਏ ਰਹਿੰਦੇ ਹਨ।

ਪਉੜੀ ॥

1. ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ ॥
2. ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥
3. ਹਰਿਕਾ ਨਾਮੁ ਮਨਿ ਵਸਿਆ ਗੁਰਸਬਦਿ ਵੀਚਾਰਾ ॥
4. ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥
5. ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥

ਪਦ ਅਰਥ :—ਖੜਗੁ ਕਰਾਰਾ—ਤੇਜ ਖੰਡਾ। ਗੜੁ—ਕਿਲ੍ਹਾ। ਸੰਜਮਿ—(ਸਿਮਰਨ ਦੇ) ਸੰਜਮ ਨਾਲ।੧।

ਅਰਥ :—

ਪ੍ਰ:—ਸ੍ਰੀ ਜੀਉ ! ਗੁਰੂ ਦੀ ਸ਼ਰਣ ਵਿਚ ਆਇਆਂ ਮਨੁੱਖ ਨੂੰ ਕਿਹੜੀ ਕਿਹੜੀ ਸ਼ੈ ਮਿਲਦੀ ਹੈ ?

1. **ਉ**:—ਐ ਪਿਆਰੇ ! ਗੁਰੂ (ਦੁਆਰੇ) ਗਿਆਨ ਪ੍ਰਾਪਤ ਹੁੰਦਾ ਹੈ, (ਇਹ ਗਿਆਨ ਮਾਨੋ) ਬੜਾ ਤੇਜ਼ ਖੰਡਾ ਹੈ।

ਪ੍ਰ:—ਕਿਉਂ ਜੀ ! ਇਸ ਗਿਆਨ ਰੂਪ ਖੰਡੇ ਤੋਂ ਲਾਭ ਕੀ ਹੁੰਦਾ ਹੈ ?

2. **ਉ**:—ਹੇ ਭਾਈ ! ਜਿਸ ਨੂੰ ਇਹ ਗਿਆਨ ਰੂਪ ਖੰਡਾ ਮਿਲਿਆ ਹੈ ਉਸ ਦਾ ਮਾਇਆ ਦੀ ਖਾਤਰ ਭਟਕਣਾ ਮੋਹ, ਲੋਭ ਤੇ ਅਹੰਕਾਰ ਰੂਪ ਕਿਲ੍ਹਾ (ਜਿਸ ਵਿਚ ਉਹ ਘਿਰਿਆ ਪਿਆ ਸੀ, ਇਸ ਗਿਆਨ ਖੜਗ ਨਾਲ ਕੱਟਿਆ ਜਾਂਦਾ ਹੈ।

3, ਹੇ ਪਿਆਰੇ ! ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਿਆਂ ਉਸ ਦੇ ਮਨ ਵਿਚ ਪ੍ਰਮੇਸ਼ਰ ਜੀ ਦਾ ਨਾਮ ਵਸ ਪੈਂਦਾ ਹੈ।

ਪ੍ਰ:—ਸ੍ਰੀ ਜੀਉ ! ਹੋਰ ਕੀ ਹਾਸਿਲ ਹੁੰਦਾ ਹੈ ?

4. **ਉ**:—ਹੇ ਭਾਈ ! ਗੁਰੂ ਦੁਆਰੇ ਮਿਲੇ ਸਿਮਰਨ ਦੀ ਬਰਕਤ ਦੇ ਸੰਜਮ ਨਾਲ ਉਸ ਦੀ ਮਤਿ ਚੰਗੀ ਹੋ ਜਾਂਦੀ ਹੈ ਅਤੇ ਰੱਬ ਉਸ ਨੂੰ ਪਿਆਰਾ ਲਗਣ ਲਗ ਪੈਂਦਾ ਹੈ।

5. ਹੇ ਪਿਆਰੇ ! ਆਖਰ, ਉਸ ਦੀ ਮਾਨਸਕ ਅਵਸਥਾ ਇਹ ਹੋ ਜਾਂਦੀ ਹੈ ਕਿ, ਸਦਾ ਥਿਰ ਸਿਰਜਣਹਾਰ ਉਸ ਨੂੰ ਹਰ ਥਾਂ ਵਸਦਾ ਦਿਸਦਾ ਹੈ।੧।

ਭਾਵਾਰਥ :—ਗੁਰੂ ਤੋਂ ਮਿਲੇ ਗਿਆਨ ਦੀ ਬਰਕਤ ਨਾਲ ਮਨੁੱਖ ਦੇ ਹਿਰਦੇ ਵਿਚੋਂ ਭਰਮ, ਮੋਹ, ਲੋਭ ਤੇ ਅਹੰਕਾਰ ਦਾ ਗੜ੍ਹ ਟੁੱਟ ਜਾਂਦਾ ਹੈ ਅਤੇ ਪ੍ਰਭੂ ਜੀ ਦਾ ਨਾਮ ਹਿਰਦੇ ਵਿਚ ਆ ਵਸਦਾ ਹੈ।

ਸਲੋਕੁ ਮ: ੩ ॥

1. ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
2. ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥
3. ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥
4. ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥
5. ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥

ਪਦ ਅਰਥ :—ਰਾਸਿ—ਪੂੰਜੀ, ਸਰਮਾਇਆ। ਸੰਗ੍ਰਹੈ—ਇਕੱਠੀ ਕਰੇ। ਵਿਡਾਰਿ—ਮਾਰ ਕੇ।

ਅਰਥ :—

ਪ੍ਰ:—ਕਿਸੇ ਰਾਗੀ ਨੇ ਗੁਰੂ ਅਮਰ ਦਾਸ ਜੀ ਦੇ ਭਰੇ ਦਰਬਾਰ ਵਿਚ ਆ ਕੇ ਕੇਦਾਰਾ ਰਾਗ ਗਾਇਨ ਕੀਤਾ, ਤਾਂ ਸਿਖਾਂ ਨੇ ਉਸ ਗਾਇਕ ਦੀ ਗੁਰੂ ਜੀ ਦੇ ਸਨਮੁਖ ਹੋ ਬੜੀ ਹੀ ਪ੍ਰਸੰਸਾ ਕੀਤੀ ਕਿ, ਹਜ਼ੂਰ ਦੇਖੋ ਇਸ ਰਾਗੀ ਨੇ ਕੇਦਾਰਾ ਰਾਗ ਨੂੰ ਕਿਆ ਸੁੰਦਰ ਢੰਗ ਨਾਲ ਗਾਵਿਆਂ ਹੈ ਅਤੇ ਸ੍ਰੀ ਜੀਉ ! ਇਹ ਕੇਦਾਰਾ ਰਾਗ ਉਂਝ ਭੀ ਬਾਕੀ ਦੇ ਰਾਗਾਂ ਵਿਚੋਂ ਸੁੰਦਰ ਮੰਨਿਆਂ ਜਾਂਦਾ ਹੈ, ਕਿਉਂ ਜੀਉ ! ਕੀ ਆਪ ਜੀ ਨੇ ਭੀ ਇਸ ਗਾਇਕ ਦੇ ਗਾਏ ਹੋਏ ਕਿਦਾਰਾ ਰਾਗ ਨੂੰ ਪਸੰਦ ਕੀਤਾ ਹੈ ?

1. **ਉ**:—ਹੇ ਭਾਈਓ ! ਅਸਲ ਵਿਚ ਤਾਂ ਕੇਦਾਰਾ ਰਾਗ ਨੂੰ (ਹੋਰ ਬਾਕੀ ਦੇ) ਰਾਗਾਂ ਵਿਚੋਂ ਤਾਂ ਹੀ ਜਾਣੋ, (ਭਾਵ ਅਸੀਂ ਤਾਂ ਕੇਦਾਰਾ ਰਾਗ ਨੂੰ ਤਾਂ ਹੀ ਵਡਿਆਈਏ, ਜੇ ਇਸ ਨੂੰ ਗਾਇਨ ਕਰਨ ਵਾਲਾ ਰਾਗੀ ਗੁਰੂ ਦੇ ਸ਼ਬਦ ਵਿਚ ਪਿਆਰ ਕਰਨ ਲਗ ਪਏ।

2. ਅਤੇ ਇਹ ਸਤਿ ਪੁਰਖਾਂ ਦੀ ਸੰਗਤ ਵਿਚ ਮਿਲਿਆ ਰਹੇ ਅਤੇ ਸਚੇ ਨਾਮ ਵਿਚ ਪਿਆਰ ਪਾਈ ਰਖੇ।

3 ਆਪਣੇ ਅੰਦਰੋਂ ਆਪਣੀ ਮੈਲ ਭੀ ਕੱਟੇ ਅਤੇ ਆਪਣੀਆਂ ਕੁਲਾਂ ਨੂੰ ਭੀ ਤਾਰ ਲਏ।

4. ਹੇ ਭਾਈ ! ਇਹ ਸ਼ੁਭ ਗੁਣਾਂ ਦੀ ਪੂੰਜੀ ਇਕੱਠੀ ਕਰੇ ਅਤੇ ਇਹ ਅਉਗਣਾਂ ਨੂੰ ਮਾਰ ਕੇ (ਅੰਦਰੋਂ) ਕੱਢ ਦੇਵੇ।

5 ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ !

ਕੇਦਾਰਾ ਰਾਗ ਦੀ ਰਾਹੀਂ ਰੱਬ ਵਿਚ ਜੁੜਿਆ ਉਸੇ ਨੂੰ ਹੀ ਸਮਝੋ, ਜੋ ਕਦੇ ਆਪਣੇ ਗੁਰੂ ਦਾ ਆਸਰਾ ਨਾ ਛਡੇ ਅਤੇ ਮਾਇਆ ਵਿਚ ਮੋਹ ਨਾ ਪਾਏ ।੧।

ਭਾਵਾਰਥ :—ਗੁਰੂ ਦੀ ਸੰਗਤ ਵਿਚ ਰਹਿ ਕੇ ਸ਼ਬਦ ਦੀ ਰਾਹੀਂ ਸੱਚੇ ਹਰੀ ਨੂੰ ਪਿਆਰ ਕਰੀਏ ਤਾਂ ਵਿਚੋਂ ਪਾਪ ਦੂਰ ਹੋ ਕੇ ਪਾਰ ਉਤਾਰਾ ਹੋ ਜਾਂਦਾ ਹੈ ਸੰਸਾਰ ਦੀ ਡਰਾਉਣੀ ਯਾਤਰਾ ਨਾਮ ਦੁਆਰੇ ਖੁਸ਼ੀ ਵਿਚ ਬਦਲ ਜਾਂਦੀ ਹੈ ।

ਮ: ੪ ॥

1. **ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥**
2. **ਗੁਰ ਕੈ ਸਬਦਿ ਸੰਤੋਖੀਆ**
   ਨਾਨਕ ਬਿਗਸਾ ਨਾਇ ॥੨॥

ਪਦ ਅਰਥ :—ਭੈ ਤੇਰੈ—ਤੇਰੇ ਡਰ ਦੀ ਰਾਹੀਂ, ਤੇਰੇ ਡਰ ਵਿਚ ਰਿਹਾਂ । ਬਿਗਸਾ—ਮੈਂ ਵਿਗਸਦਾ ਹਾਂ, ਖਿੜਦਾ ਹਾਂ । ਨਾਇ—(ਤੇਰੇ) ਨਾਮ ਦੀ ਰਾਹੀਂ ।੨।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਡਰਾਉਣੇ ਸੰਸਾਰ ਸਾਗਰ ਨੂੰ ਵੇਖ ਕੇ ਅਸੀਂ ਤਾਂ ਸਦਾ ਹੀ ਭੈ-ਭੀਤ ਰਹਿੰਦੇ ਹਾਂ, ਪਰ, ਇਸ ਬਾਰੇ ਆਪ ਜੀ ਕੀ ਸੋਚਦੇ ਹੋ ?

1. ਉ:—ਹੇ ਭਾਈਓ ! ਮੇਰੀ ਤਾਂ ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਜੋਦੜੀ ਰਹਿੰਦੀ ਹੈ ਕਿ, ਹੇ ਪ੍ਰਭੂ ਜੀਉ ! ਜਦੋਂ ਮੈਂ (ਇਸ ਸੰਸਾਰ) ਸਮੁੰਦਰ ਨੂੰ ਵੇਖਦਾ ਹਾਂ, ਤਾਂ (ਮੈਂ) ਡਰ ਨਾਲ ਸਹਿਮ ਜਾਂਦਾ ਹਾਂ (ਕਿ ਮੈਂ ਇਸ ਤੋਂ ਬਚ ਕੇ ਕਿਵੇਂ ਪਾਰ ਲੰਘਾਂਗਾ । ਪਰ, ਹੇ ਸਾਈਆਂ ਜੀਉ ! ਮੈਨੂੰ ਤਾਂ ਯਕੀਨ ਹੈ ਕਿ) ਤੇਰੇ ਡਰ ਵਿਚ ਰਿਹਾਂ (ਇਸ ਸੰਸਾਰ ਸਾਗਰ ਦਾ ਕੋਈ) ਡਰ ਨਹੀਂ ਰਹਿ ਜਾਂਦਾ ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਕਿਉਂਕਿ, ਗੁਰੂ ਦੇ ਸ਼ਬਦ ਦੀ ਰਾਹੀਂ (ਹੁਣ ਮੈਂ) ਸੰਤੋਖ ਵਾਲਾ ਬਣ ਰਿਹਾ ਹਾਂ, (ਇਸੇ ਲਈ) ਪ੍ਰਭੂ ਦੇ ਨਾਮ ਦੀ ਰਾਹੀਂ ਮੈਂ ਖਿੜਿਆ ਰਹਿੰਦਾ ਹਾਂ ।੨।

ਭਾਵਾਰਥ :—ਇਹ ਸੰਸਾਰ ਸਮੁੰਦਰ ਹੈ ਤਾਂ ਬਹੁਤ ਹੀ ਭਿਆਨਕ ਡਰਾਉਣਾ ਪਰ ਜੋ ਗੁਰੂ ਦੁਆਰੇ ਉਸ ਪ੍ਰਭੂ ਜੀ ਦੇ ਡਰ ਵਿਚ ਰਹਿ ਕੇ ਜੀਵਨ ਗੁਜਾਰਦੇ ਹਨ, ਉਹ ਸੰਤੋਖੀ ਪੁਰਸ਼ ਨਾਮ ਸਿਮਰਨ ਦੁਆਰੇ, ਸਦਾ ਹੀ ਪ੍ਰਸੰਨਤਾ ਸਹਿਤ ਰਹਿੰਦੇ ਹਨ ।

ਮ: ੪ ॥

1. **ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ ॥**
2. **ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥**
3. **ਤਿਤੁ ਦਰਿ ਜਾਇ ਉਤਾਰੀਆ**
   ਗੁਰੁ ਦਿਸੈ ਸਾਵਧਾਨੁ ॥
4. **ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥੩॥**

ਪਦ ਅਰਥ :—ਬੋਹਿਥ—ਜਹਾਜ਼ । ਲਹਰੀ—ਲਹਿਰਾਂ । ਠਾਕ—ਰੋਕ । ਸਾਵਧਾਨੁ—ਸੁਚੇਤ, ਤਤਪਰ ।੩।

ਅਰਥ :—

ਪ੍ਰ:—ਕਿਉਂ ਜੀ ! ਕੀ, ਤੁਸਾਂ ਨੂੰ ਇਸ ਸੰਸਾਰ ਸਾਗਰ ਦੀਆਂ ਲਹਿਰਾਂ ਤੋਂ ਕੋਈ ਭੀ ਡਰ ਪ੍ਰਤੀਤ ਨਹੀਂ ਹੁੰਦਾ ?

1. ਉ:—ਹੇ ਭਾਈਓ ! ਇਸ ਵਿਚ ਤਾਂ ਕੋਈ ਸ਼ੱਕ ਨਹੀਂ ਇਹ ਸੰਸਾਰ ਸਮੁੰਦਰ (ਤਾਂ ਵਿਕਾਰਾਂ ਦੀਆਂ) ਠਾਠਾਂ ਮਾਰ (ਹੀ) ਰਿਹਾ ਹੈ, (ਪਰ ਹੇ ਭਾਈਓ ! ਮੈਂ) (ਗੁਰੂ ਦੇ ਸ਼ਬਦ ਰੂਪ) ਜਹਾਜ਼ ਵਿਚ ਚੜ੍ਹ ਕੇ (ਇਸ ਸਮੁੰਦਰ ਵਿਚੋਂ) (ਜ਼ਰੂਰ ਹੀ ਪਾਰ) ਲੰਘਾਂਗਾ ਇਹ ਮੈਨੂੰ ਪੂਰਨ ਨਿਸਚਾ ਹੋ ਆਇਆ ਹੈ ।
2. ਹੇ ਪਿਆਰਿਓ ! ਜੇ ਸਤਿਗੁਰੂ ਜੀ ਹੌਂਸਲਾ ਦੇਵੇ ਤਾਂ ਇਸ ਸੱਚੇ ਜਹਾਜ ਵਿਚ ਚੜ੍ਹਿਆਂ (ਸਫਰ ਵਿਚ) ਭਾਵ ਜੀਵਨ ਸਫਰ ਵਿਚ ਕੋਈ ਰੋਕ ਨਹੀਂ ਪਵੇਗੀ ।
3. ਹੇ ਭਾਈਓ ! ਮੈਨੂੰ ਆਪਣਾ ਗੁਰੂ ਸੁਚੇਤ ਦਿਸ ਰਿਹਾ ਹੈ, (ਇਸ ਲਈ ਮੈਨੂੰ ਨਿਸਚਾ ਹੈ ਕਿ ਗੁਰੂ ਮੈਨੂੰ) ਉਸ (ਪ੍ਰਭੂ ਦੇ) ਦਰ ਤੇ ਜਾ ਉਤਾਰੇਗਾ ।
4. ਪਰ, ਐ ਪਿਆਰੇ ! ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਇਹ ਗੁਰ ਸ਼ਬਦ ਦਾ ਜਹਾਜ਼ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ, (ਇਸੇ ਦੀ ਬਰਕਤ ਨਾਲ) ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ ।੩।

ਭਾਵਾਰਥ :—ਇਸ ਵਿਕਾਰਾ ਦੀਆਂ ਠਾਠਾਂ ਮਾਰ ਰਹੇ ਸੰਸਾਰ ਸਾਗਰ ਦਾ ਉਨ੍ਹਾਂ ਮਨੁੱਖਾਂ ਨੂੰ ਕੋਈ ਭੈ ਨਹੀਂ ਜੋ ਗੁਰੂ ਦੇ ਸ਼ਬਦ ਰੂਪੀ ਜਹਾਜ਼ ਤੇ ਬੈਠ ਕੇ ਸਫਰ ਕਰਨ ਵਾਲੇ ਹਨ, ਪਰ ਇਸ ਸ਼ਬਦ ਰੂਪ ਜਹਾਜ਼ ਤੇ ਬੈਠਣ ਦਾ ਸੁਭਾਗ ਪ੍ਰਭੂ ਦੀ ਮੇਹਰ ਨਾਲ ਹੀ ਹਾਸਲ ਹੁੰਦਾ ਹੈ ।

ਪਉੜੀ ॥

1. **ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥**
2. **ਸਚੈ ਤਖਤਿ ਬੈਠਾ ਨਿਆਉ ਕਰਿ**
   ਸਤਸੰਗਤਿ ਮੇਲਿ ਮਿਲਾਈ ॥
3. **ਸਚਾ ਉਪਦੇਸੁ ਹਰਿ ਜਾਪਣਾ**
   ਹਰਿ ਸਿਉ ਬਣਿ ਆਈ ॥
4. **ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ ॥**
5. **ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ ॥੨॥**

ਪਦ ਅਰਥ :—ਨਿਹਕੰਟਕ—ਜਿਸ ਵਿਚ ਕੋਈ ਕੰਡਾ ਚੋਭ ਨਾ ਲਾਏ । ਭੁੰਚਿ—ਮਾਣ । ਸਚੁ ਕਮਾਈ—ਸਿਮਰਨ ਰੂਪ ਕਮਾਈ । ਗੁਰਿ—ਗੁਰੂ ਨੇ ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਸੰਸਾਰਕ ਰਾਜ ਭਾਗ ਦੇ ਮਾਲਕਾਂ ਨੂੰ ਤਾਂ ਸਦਾ ਹੀ ਦੁਖੀ ਅਤੇ ਚਿੰਤਾਤੁਰ ਵੇਖਦੇ ਹਾਂ, ਕਿਸੇ

ਅਜਿਹੇ ਰਾਜ ਦੀ ਸੋਝੀ ਦਿਓ, ਜਿਸ ਵਿਚ ਕੋਈ ਸਹਿਮ ਤੇ ਚਿੰਤਾ ਨਾ ਹੋਵੇ ?

1. ਉ:–ਹੇ ਭਾਈ ! (ਤੂੰ) ਗੁਰੂ ਦੇ ਸਨਮੁਖ ਹੋ ਕੇ ਨਾਮ ਸਿਮਰਨ ਦੀ ਕਮਾਈ ਕਰਿਆ ਕਰ, ਇਸ ਤਰ੍ਹਾਂ, ਤੂੰ ਨਿਰਚੌਭ ਰਾਜ (ਦਾ ਸੁਖ) ਮਾਣਦਾ ਰਹੁ ।
2. ਹੇ ਪਿਆਰੇ ! (ਕਿਉਂਕਿ) ਜੋ ਪ੍ਰਭੂ ਸਦਾ ਥਿਰ ਤਖਤ ਤੇ ਬਹਿ ਕੇ ਨਿਆਂ ਕਰ ਰਿਹਾ ਹੈ, ਉਹ ਤੈਨੂੰ ਸਤਿ ਸੰਗਤ ਵਿਚ ਮਿਲਾ ਦੇਵੇਗਾ ।

ਪ੍ਰ:–ਕਿਉਂ ਜੀ ! ਸੰਗਤ ਵਿਚ ਰਹਿਆਂ ਮੈਨੂੰ ਹਾਸਿਲ ਕੀ ਹੋਵੇਗਾ ?

3. ਉ:–ਐ ਪਿਆਰੇ ! ਉਸ ਸੰਗਤ ਵਿਚ ਨਾਮ ਸਿਮਰਨ ਦੀ ਸੱਚੀ ਸਿਖਿਆ ਕਮਾਇਆਂ ਤੇਰੀ ਪ੍ਰਭੂ ਨਾਲ (ਪ੍ਰੀਤ) ਬਣ ਆਵੇਗੀ ।
4. ਅਤੇ ਇਸ ਜੀਵਨ ਵਿਚ ਸੁਖ ਦਾਤਾ ਰੱਬ (ਤੇਰੇ) ਮਨ ਵਿਚ (ਆ) ਵਸੇਗਾ ਤੇ ਅੰਤ ਵੇਲੇ ਭੀ ਸਾਥੀ ਬਣੇਗਾ ।
5. ਹੇ ਪਿਆਰੇ ! ਜਿਸ ਭੀ (ਕਿਸੇ) ਮਨੁੱਖ ਨੂੰ ਸਤਿਗੁਰੂ ਨੇ ਸਮਝ ਬਖਸ਼ੀ (ਹੈ), ਉਸੇ ਦਾ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ ।੨।

ਭਾਵਾਰਥ :–ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ 'ਨਾਮ' ਦੀ ਕਮਾਈ ਕਰਦਾ ਹੈ, ਉਹ ਸੰਸਾਰ ਸਾਗਰ ਦੀਆਂ ਲਹਿਰਾਂ ਵਿਚ ਪੈ ਕੇ ਦੁਖੀ ਨਹੀਂ ਹੁੰਦਾ, ਪਰ ਇਹ ਭੀ ਤਦੋਂ ਹੀ ਹੋ ਸਕਦਾ ਹੈ; ਜੇ ਹਰੀ ਆਪ ਹੀ ਮਿਹਰ ਕਰੇ ।

ਸਲੋਕੁ ਮ: ੧ ॥

1. ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥
2. ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ ॥
3. ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤਹੀ ਠਾਇ ॥
4. ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ॥੧॥

ਪਦ ਅਰਥ :–ਭੂਲੀ ਭੂਲੀ–ਬਥੇਰਾ ਖੁੰਝੀ ਹੋਈ। ਪਾਧਰੁ–ਪੱਧਰਾ ਰਾਹ । ਉਤਹੀ ਠਾਇ–ਉਸੇ ਥਾਂ । ਤ੍ਰਿਪਤਾਸੀਐ–ਰੱਜ ਜਾਂਦਾ ਹੈ, ਭਟਕਣੋਂ ਹਟ ਜਾਂਦਾ ਹੈ। ਨਾਇ–ਨਾਮ ਦੀ ਰਾਹੀਂ ।੧।

ਅਰਥ :–

1. –ਕਿਸੇ ਸਿਖ ਦੇ ਕੀਤੇ ਪ੍ਰਸ਼ਨ ਨੂੰ ਸਤਿਗੁਰੂ ਜੀ ਇਥੇ ਆਪਣੀ ਰਚਨਾ ਵਿਚ ਅੰਕਤ ਕਰਦੇ ਹਨ ਕਿ, ਹੇ ਗੁਰੋ ! ਮੈਂ ਬਥੇਰੇ ਚਿਰ ਤੋਂ ਖੁੰਝੀ ਹੋਈ ਭਟਕ ਰਹੀ ਹਾਂ, ਪਰ ਮੈਨੂੰ ਕੋਈ ਭੀ ਪੱਧਰਾ ਰਾਹ ਨਹੀਂ ਦਸਦਾ, (ਭਾਵ ਅਗਿਆਨ ਸਹਿਤ ਭੁਲੀ ਫਿਰਦੀ ਰਹੀ, ਤਾਂ ਭੀ ਮੈਨੂੰ ਪ੍ਰਮੇਸ਼ਰ ਦਾ ਰਸਤਾ ਕੋਈ ਭੀ ਨਾ ਕਹੇ) ।
2. ਆਖਰ, ਮੇਰੇ ਮਨ ਵਿਚ ਇਹ ਵਿਚਾਰ ਉਪਜ ਆਇਆ ਕਿ, ਮੈਂ ਜਾ ਕੇ ਸਿਆਣਿਆਂ ਕੋਲੋਂ ਤਾਂ ਪੁੱਛਾਂ, ਭਲਾ ਜੇ ਕੋਈ ਮੇਰਾ ਦੁੱਖ ਕੱਟ ਹੀ ਦੇਵੇ, ਪਰ ਸੰਸੇ ਰੂਪ ਦੁੱਖ ਤਾਂ ਭੀ ਨਵਿਰਤ ਨਾ ਹੋਇਆ ।

ਪ੍ਰ:–ਹੇ ਗੁਰੋ ! ਆਪ ਹੀ ਕੋਈ ਉਪਾਉ ਦਸ ਦਿਓ, ਤਾਂ ਕਿ ਪ੍ਰਭੂ ਦਾ ਦੀਦਾਰ ਮੈਨੂੰ ਹਿਰਦੇ ਵਿਚ ਹੀ ਹੋ ਜਾਏ ਅਤੇ ਮਨ ਦੀ ਭਟਕਣਾ ਮੁੱਕ ਜਾਏ ?

3. ਉ:–ਹੇ ਭਾਈ ! ਜੇ ਸੱਚਾ ਗੁਰੂ (ਤੇਰੇ) ਮਨ ਵਿਚ ਆ ਵਸੇ ਤਾਂ ਸੱਜਣ ਪ੍ਰਭੂ ਭੀ ਉਸੇ ਥਾਂ (ਭਾਵ ਹਿਰਦੇ ਵਿਚ ਹੀ ਮਿਲ ਪੈਂਦਾ ਹੈ) ।
4. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਤੇ ਪ੍ਰਭੂ ਦਾ ਨਾਮ ਸਿਮਰਿਆਂ ਮਨ ਭਟਕਣੋਂ ਭੀ ਹੱਟ ਜਾਂਦਾ ਹੈ ।੧।

ਭਾਵਾਰਥ :–ਗੁਰੂ ਜੀ ਦੀ ਸ਼ਰਨ ਪ੍ਰਾਪਤ ਕੀਤੇ ਬਿਨਾ ਮਨੁੱਖ ਦੀ ਭਟਕਣਾ ਬਣੀ ਹੀ ਰਹਿੰਦੀ ਹੈ, ਕੇਵਲ ਇਕ ਗੁਰੂ ਦੁਆਰੇ ਪ੍ਰਭੂ ਦੀ ਸਿਫਤ ਸਲਾਹ ਦਾ ਸਦਕਾ ਹੀ ਮਨ ਨੂੰ ਭਟਕਣਾ ਰਹਿਤ ਕਰ ਕੇ ਸਦਾ ਤ੍ਰਿਪਤ ਕਰ ਦੇਂਦਾ ਹੈ ।

ਮ: ੩ ॥

1. ਆਪੇ ਕਰਣੀ ਕਾਰ ਆਪਿ ਆਪੇ ਕਰੇ ਰਜਾਇ ॥
2. ਆਪੇ ਕਿਸਹੀ ਬਖਸਿ ਲਏ ਆਪੇ ਕਾਰ ਕਮਾਇ ॥
3: ਨਾਨਕ ਚਾਨਣੁ ਗੁਰ ਮਿਲੇ ਦੁਖ ਬਿਖੁ ਜਾਲੀ ਨਾਇ ॥੨॥

ਪਦ ਅਰਥ :–ਕਰਣੀ–ਕਰਨ ਜੋਗ, ਜੋ ਕਰਨੀ ਚਾਹੀਦੀ ਹੈ । ਕਿਸ ਹੀ–ਜਿਸ ਕਿਸੇ ਨੂੰ । ਗੁਰ ਮਿਲੇ–ਗੁਰੂ ਨੂੰ ਮਿਲਿਆਂ । ਬਿਖੁ–ਵਿਹੁ । ਨਾਇ–ਨਾਮ ਦੀ ਰਾਹੀਂ ।੨।

ਅਰਥ :–

ਪ੍ਰ:–ਸ੍ਰੀ ਜੀਉ ! ਉਹ ਪ੍ਰਮੇਸ਼ਰ ਕਾਰ ਕੀ ਕਰਦਾ ਰਹਿੰਦਾ ਹੈ ?

1. ਉ:–ਹੇ ਭਾਈ ! ਉਹ ਪ੍ਰਭੂ ਆਪਣੀ ਰਜਾ ਵਿਚ ਆਪ ਹੀ ਕਰਨ ਜੋਗ ਕਾਰ ਕਰਦਾ ਰਹਿੰਦਾ ਹੈ ।
2. ਆਪ ਹੀ ਜੀਵ ਨੂੰ ਬਖਸ਼ਦਾ ਹੈ, ਆਪ ਹੀ (ਜਿਸ ਤੇ ਮੇਹਰ ਕਰੇ ਉਸ ਵਿਚ ਪ੍ਰਤੱਖ ਹੋਕੇ ਭਗਤੀ ਦੀ)ਕਾਰ ਕਮਾਂਦਾ ਹੈ।

ਪ੍ਰ:–ਕਿਉਂ ਜੀ ! ਮਨੁੱਖ ਦੇ ਅੰਦਰੋਂ ਦੁੱਖਾਂ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ ?

3. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਗੁਰੂ ਨੂੰ ਮਿਲ ਕੇ ਜਿਸ ਦੇ ਹਿਰਦੇ ਵਿਚ (ਗਿਆਨ ਦਾ) ਪ੍ਰਕਾਸ਼ ਹੁੰਦਾ ਹੈ, ਉਹ 'ਨਾਮ' ਸਿਮਰ ਕੇ ਵਿਹੁ ਰੂਪ ਮਾਇਆ ਤੋਂ ਪੈਦਾ ਹੋਏ ਦੁੱਖ ਸਾੜ ਦੇਂਦਾ ਹੈ ।੨।

ਭਾਵਾਰਥ :–ਗੁਰੂ ਦੁਆਰੇ ਜਿਸਦੇ ਹਿਰਦੇ ਵਿਚ ਗਿਆਨ ਦਾ ਚਾਨਣ ਹੋ ਜਾਂਦਾ ਹੈ, ਨਾਮ ਸਿਮਰਨ ਦਾ ਸਦਕਾ ਉਸ ਦੇ ਅੰਦਰੋਂ ਸਾਰੇ ਹੀ ਦੁੱਖ ਸੜ ਜਾਂਦੇ ਹਨ ।

ਪਉੜੀ ॥

1. ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥
2. ਚਲਦਿਆ ਨਾਲਿ ਨ ਚਲਈ
ਸਭੁ ਝੂਠੁ ਦਰਬੁ ਲਖਾ ॥
3. ਅਗਿਆਨੀ ਅੰਧੁ ਨ ਬੂਝਈ
ਸਿਰ ਊਪਰਿ ਜਮ ਖੜਗੁ ਕਲਖਾ ॥
4. ਗੁਰ ਪਰਸਾਦੀ ਉਬਰੇ ਜਿਨਿ ਹਰਿ ਰਸੁ ਚਖਾ ॥
5. ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥੩॥

ਪਦ ਅਰਥ :–ਦਰਬੁ–ਧਨ। ਲਖਾ–ਲਖ, ਵੇਖ। ਕਲਖਾ–ਕਲ ਖਾ, ਕਾਲ ਦਾ। ਜਿਨਿ–ਜਿਨ੍ਹਾਂ ਨੇ। ਰਖਾ–ਰਾਖਾ।੩।

ਅਰਥ :–

ਪ੍ਰ.–ਹੇ ਗੁਰੋ ! ਸਾਡਾ ਮਨ ਸੰਸਾਰ ਦੇ ਮਾਇਕੀ ਪਦਾਰਥਾਂ ਨੂੰ ਵੇਖ ਕੇ ਪ੍ਰਭੂ ਵਲੋਂ ਹਰ ਵਕਤ ਹੀ ਭੁਲਿਆ ਰਹਿੰਦਾ ਹੈ ਇਸ ਨੂੰ ਸਮਝਾਉਣ ਲਈ ਕੋਈ ਸੁਖੈਨ ਉਪਦੇਸ਼ ਬਖਸ਼ਸ਼ ਕਰੋ ?

1. ਉ:–ਹੇ ਪਿਆਰੇ ! ਮਨ ਨੂੰ ਹਰ ਵਕਤ ਇਉਂ ਹੀ ਸੰਬੋਧਨ ਕਰਦਾ ਰਹੁ ਕਿ, ਹੇ ਮੂਰਖ, ਹੇ ਮਾਇਆ ਦੇ ਗੁਲਾਮ, ਮਨਮੁਖਾ, ਤੂੰ ਮਾਇਆ ਨੂੰ ਵੇਖ ਕੇ ਭੁੱਲ ਨਾ, ਭਾਵ ਉਕਾਈ ਨਾ ਖਾਹ।

2. ਕਿਉਂਕਿ, ਇਹ (ਏਥੋਂ) ਤੁਰਨ ਵੇਲੇ ਕਿਸੇ ਦੇ ਨਾਲ ਨਹੀਂ ਤੁਰਦੀ, ਸੋ ਸਾਰੇ ਧਨ ਨੂੰ ਝੂਠਾ (ਸਾਥੀ) ਜਾਣਨਾ ਕਰ।

3. (ਪਰ, ਇਸ ਮਾਇਆ ਨੂੰ ਵੇਖ ਕੇ) ਮੂਰਖ ਅੰਨ੍ਹਾਂ ਮਨੁੱਖ ਨਹੀਂ ਸਮਝਦਾ ਕਿ ਸਿਰ ਉਤੇ ਜਮ ਦੀ ਮੌਤ ਦੀ ਤਲਵਾਰ ਭੀ ਹੈ (ਤੇ ਇਸ ਮਾਇਆ ਨਾਲੋਂ ਸਾਥ ਟੁੱਟਣਾ ਹੀ ਹੈ)।

ਪ੍ਰ:–ਕਿਉਂ ਜੀ ! ਕੀ, ਇਸ ਮਾਇਆ ਦੇ ਮੋਹ ਤੋਂ ਕਿਸੇ ਦਾ ਬਚਾ ਭੀ ਹੋਇਆ ਹੈ।

4. ਉ:–ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਨਾਮ ਦਾ ਰਸ ਚਖਿਆ ਹੈ, ਉਹ ਗੁਰੂ ਦੀ ਮੇਹਰ ਨਾਲ (ਮਾਇਆ ਵਿਚ ਮੋਹ ਪਾਣ ਦੀ ਉਕਾਈ ਤੋਂ) ਬਚ ਜਾਂਦੇ ਹਨ।

5. ਐ ਪਿਆਰੇ ! ਇਹ (ਉੱਦਮ) ਪ੍ਰਭੂ ਆਪ ਹੀ (ਜੀਵ ਪਾਸੋਂ) ਕਰਾਂਦਾ ਹੈ, (ਜੀਵ ਵਿਚ ਬੈਠਕੇ, ਮਾਨੋ) ਆਪ ਹੀ ਕਰਾਂਦਾ ਹੈ, ਆਪ ਹੀ ਜੀਵ ਦਾ ਰਾਖਾ ਹੈ।੩।

ਭਾਵਾਰਥ :–ਭਾਵੇਂ ਇਹ ਸੰਸਾਰਕ ਮਾਇਆ ਨਾਲ ਨਹੀਂ ਨਿਭਦੀ ਮਨਮੁਖ ਇਸ ਵਿਚ ਫਿਰ ਭੀ ਭੁੱਲ ਜਾਂਦਾ ਹੈ, ਪਰ, ਬਚਦੇ ਉਹੋ ਹਨ ਜੋ ਗੁਰੂ ਦੀ ਮੇਹਰ ਨਾਲ ਨਾਮ ਰਸ ਚੱਖਦੇ ਹਨ।

ਸਲੋਕੁ ਮ: ੩ ॥

1. ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ ॥
2. ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੂਕੈ ਚਿੰਦ ॥
3. ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ ॥
4. ਨਾਨਕ ਸਚੇ ਨਾਮ ਬਿਨੁ
ਸਿਰਹੁ ਨ ਚੁਕੈ ਜੰਜਾਲੁ ॥੧॥

ਪਦ ਅਰਥ :–ਭੇਟਿਆ–ਗੁਰੂ ਮਿਲਿਆ ਨਹੀਂ। ਚਿੰਦ–ਚਿੰਤਾ। ਪਛੋੜੀਐ–ਪਟੜੇ ਉਤੇ ਪਟਕਾਈਦਾ ਹੈ। ਜੰਜਾਲੁ–ਝੰਬੇਲਾ, ਚਿੰਤਾ, ਸਹਸਾ।੧।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਲੋਕ ਗੁਰੂ ਤੋਂ ਸਖਣੇ ਹਨ, ਉਨ੍ਹਾਂ ਨੂੰ ਸਜ਼ਾ ਕੀ ਮਿਲਦੀ ਹੈ ?

1. ਉ:–ਹੇ ਭਾਈਓ ! ਸੁਣੋ, ਜਿਨ੍ਹਾਂ ਨੂੰ ਗੁਰੂ ਨਹੀਂ ਮਿਲਿਆ ਅਤੇ ਜਿਨ੍ਹਾਂ ਦੇ ਅੰਦਰ ਰੱਬ ਦਾ ਰਤਾ ਭੀ ਡਰ ਨਹੀਂ ਹੈ।

2. ਐ ਪਿਆਰੇ ! ਉਨ੍ਹਾਂ ਨੂੰ (ਤਾਂ) ਜੰਮਣ ਮਰਣ (ਦਾ) ਡਾਢਾ ਦੁੱਖ ਲਗਾ (ਹੀ) ਰਹਿੰਦਾ ਹੈ ਅਤੇ ਉਨ੍ਹਾਂ ਦੀ ਚਿੰਤਾ (ਭੀ) ਕਦੇ ਨਹੀਂ ਮੁੱਕਦੀ।

ਪ੍ਰ:–ਗੁਰਦੇਵ ਜੀਉ ! ਉਨ੍ਹਾਂ ਨੂੰ ਕੋਈ ਹੋਰ ਸਜ਼ਾ ਭੁਗਤਣ ਦੀ ਮਿਸਾਲ ਦਿਓ, ਤਾਂ ਕਿ ਸਾਡਾ ਕਠੋਰ ਮਨ ਭੈ ਭੀਤ ਹੋ ਕੇ ਸਮਝ ਸਕੇ ?

3. ਉ:–ਹੇ ਭਾਈ ! ਇਉਂ ਹੀ ਜਾਣੋ, ਜਿਵੇਂ (ਕਿ) (ਧੋਣ ਵੇਲੇ) (ਪਟੜੇ ਤੇ) ਕਪੜਾ ਪਟਕਾਈਦਾ ਹੈ ਅਤੇ ਜਿਵੇਂ ਘੜਿਆਲ ਮੁੜ ਮੁੜ (ਚੋਟਾਂ ਖਾਂਦਾ ਹੈ)।

4. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਤਿਵੇਂ ਹੀ ਪ੍ਰਭੂ ਜੀ ਦੇ ਨਾਮ ਤੋਂ ਵਾਂਜੇ ਰਹਿਕੇ ਉਨ੍ਹਾਂ ਦੇ ਸਿਰ ਤੋਂ (ਭੀ) ਸਹਸਾ ਨਹੀਂ ਮੁੱਕਦਾ।੧।

ਭਾਵਾਰਥ :–ਅਸਲ ਵਿਚ ਗੁਰੂ ਨੂੰ ਮਿਲੇ ਤੋਂ ਬਿਨਾ ਹਰੀ ਦਾ ਭੈ ਨਹੀਂ ਮਿਟਦਾ ਤੇ ਨਾ ਹੀ ਜੰਮਣ ਮਰਣ ਦਾ ਦੁੱਖ ਦੂਰ ਹੁੰਦਾ ਹੈ, ਸੱਚਾ ਨਾਮ ਉਚਾਰਨ ਕਰਦੇ ਰਹਿਣ ਨਾਲ ਹੀ ਹਉਮੈਂ ਅਤੇ ਉਸ ਤੋਂ ਸਹੇੜੇ ਝੋਰੇ ਦੂਰ ਹੁੰਦੇ ਹਨ।

ਮ: ੩ ॥

1. ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥
2. ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥੨॥

ਪਦ ਅਰਥ :–ਜਗਤਿ–ਜਗਤ ਵਿਚ। ਹੀਅੜੇ–ਹੇ ਦਿਲ। ਸਚੁ–ਸੱਚਾ ਨਾਮ। ਚਉ–ਸਿਮਰ, ਉਚਾਰ।੨।

ਅਰਥ :–

ਪ੍ਰ:–ਸ੍ਰੀ ਜੀਉ ! ਸਾਡੇ ਤਾਂ ਮਨਾਂ ਵਿਚ ਸਦਾ ਹੀ ਚਿੰਤਾ ਦਾ ਰੋਗ ਚੰਬੜਿਆ ਰਹਿੰਦਾ ਹੈ, ਜਿਸ ਦਾ ਸਾਡੇ ਪਾਸ ਕੋਈ ਇਲਾਜ ਹੀ ਨਹੀਂ, ਪਰ ਆਪ ਜੀ ਇਸ ਬਾਰੇ ਕੀ ਉਪਾਉ ਸੋਚਦੇ ਹੋ ?

1. ਉ:–ਹੇ ਭਾਈਓ ! ਮੈਂ ਤਾਂ ਕੇਵਲ ਇਕ ਆਪਣੇ ਪ੍ਰਭੂ ਜੀ ਪਾਸ ਹੀ ਇਉਂ ਜੋਦੜੀ ਕਰਦਾ ਰਹਿੰਦਾ ਹਾਂ ਕਿ, ਹੇ ਮੇਰੇ ਸੱਜਣ (ਪ੍ਰਭੂ) ! ਮੈਂ (ਤਾਂ) ਤਿੰਨਾਂ ਹੀ ਭਵਨ,

ਵਿਚ ਭਾਲ ਕੇ ਵੇਖਿਆ ਹੈ ਕਿ, (ਇਹ) ਹਉਮੈਂ ਚੰਦਰੀ (ਬਲਾ ਚੰਬੜੀ ਹੋਈ) ਹੈ।

ਪ੍ਰ:–ਸ੍ਰੀ ਜੀਉ ! ਆਖਰ, ਇਸ ਦਾ ਇਲਾਜ ਕੀ ਸੋਚਦੇ ਹੋ ?

2. ਉ: ਹੇ ਭਾਈਓ ! ਆਖਰ, ਮੈਂ ਤਾਂ ਆਪਣੇ ਦਿਲ ਨੂੰ ਇਉਂ ਹੀ ਢਾਰਸ ਦੇਂਦਾ ਹਾਂ ਕਿ, ਹੇ ਨਾਨਕ ਦੇ ਦਿਲ, ਇਸ (ਹਉਮੈਂ ਤੋਂ ਘਾਬਰ ਕੇ) ਚਿੰਤਾ ਨਾ ਕਰ ਤੇ ਪ੍ਰਭੂ ਦਾ ਨਾਮ ਸਿਮਰ ਜੋ ਸਦਾ ਹੀ ਥਿਰ ਰਹਿਣ ਵਾਲਾ ਹੈ।੨।

ਭਾਵਾਰਥ :–ਚਿੰਤਾ ਦਾ ਰੋਗ ਤਾਂ ਭਾਵੇਂ ਤਿੰਨਾਂ ਹੀ ਲੋਕਾਂ ਦੇ ਮਨਾਂ ਵਿਚ ਵਿਆਪਿਆ ਹੋਇਆ ਹੈ, ਪਰ ਇਸ ਤੋਂ ਛੁਟਕਾਰਾ ਪਾਉਣ ਦਾ ਸਾਧਨ ਕੇਵਲ ਪ੍ਰਮੇਸ਼ਰ ਦੇ ਨਾਮ ਦਾ ਚਿੰਤਨ ਕਰਦੇ ਰਹਿਣਾ ਹੀ ਹੈ।

ਪਉੜੀ ॥

1. **ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮਿ ਸਮਾਣੇ ॥**
2. **ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ ॥**
3. **ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ ॥**
4. **ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ ॥**
5. **ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ ॥੪॥**

ਪਦ ਅਰਥ :–ਬਖਸਿਓਨੁ–ਬਖਸ਼ਿਆ ਹੈ ਉਸ ਨੇ। ਲਾਇਓਨੁ–ਲਾਇਆ ਹੈ ਉਸਨੇ। ਨੀਸਾਣੇ–ਨਿਸ਼ਾਨ, ਮਾਇਆ ਦੇ ਪ੍ਰਭਾਵ ਤੋਂ ਬਚਾਣ ਲਈ ਲਾਇਆ ਹੋਇਆ ਨਿਸ਼ਾਨ।੪।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਭੂ ਦੇ ਦਰੋਂ ਬਖਸ਼ਸ਼ ਹਾਸਲ ਕਰਨ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ ?

1. ਉ:–ਹੇ ਪਿਆਰੇ ! ਸਹੀ ਸਾਧਨ ਤਾਂ ਕੇਵਲ ਗੁਰੂ ਦੀ ਸ਼ਰਨ ਹੈ, ਜੋ ਜੋ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸ ਨੂੰ ਪ੍ਰਭੂ ਆਪ ਹੀ ਬਖਸ਼ਦਾ ਹੈ (ਭਾਵ, ਮਾਇਆ ਦੇ ਅਸਰ ਤੋਂ ਬਚਾਂਦਾ ਹੈ)।
2. ਹੇ ਭਾਈ ! ਸਤਿਗੁਰੂ ਦੇ ਸ਼ਬਦ ਦੀ ਰਾਹੀਂ (ਮਾਇਆ ਦੇ ਅਸਰ ਤੋਂ ਨਿਖੇੜਨ ਵਾਲਾ) ਨਿਸ਼ਾਨ ਲਾ ਕੇ ਆਪ ਹੀ ਉਸ ਨੇ (ਗੁਰਮੁਖ ਨੂੰ) ਭਗਤੀ ਵਿਚ ਲਾਇਆ ਹੈ।
3. ਐ ਪਿਆਰੇ ! ਜੋ ਮਨੁੱਖ ਭਗਤੀ ਕਰਦੇ ਹਨ, ਉਨ੍ਹਾਂ ਨੂੰ ਪ੍ਰਭੂ ਦੇ ਦਰ ਤੇ ਅੱਖੀਆਂ ਨੀਵੀਂਆਂ ਨਹੀਂ ਕਰਨੀਆਂ ਪੈਂਦੀਆਂ, (ਭਾਵ ਉਹ ਸ਼ਰਮਿੰਦੇ ਨਹੀਂ ਹੁੰਦੇ, ਕਿਉਂਕਿ, ਭਗਤੀ ਕਰਨ ਕਰਕੇ ਉਨ੍ਹਾਂ ਦੇ ਮੂੰਹ ਸੋਹਣੇ ਲਗਦੇ ਹਨ, ਪ੍ਰਭੂ ਦੇ ਦਰ ਤੇ ਆਦਰ ਮਿਲਦਾ ਹੈ।
4. ਹੇ ਭਾਈਓ ! ਜਿਨ੍ਹਾਂ ਨੇ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪਾ ਲਈ ਹੈ, ਉਹ ਲੋਕ ਪ੍ਰਲੋਕ ਵਿਚ (ਮਾਇਆ ਦੇ ਪ੍ਰਭਾਵ ਤੋਂ) ਅਜ਼ਾਦ ਰਹਿੰਦੇ ਹਨ।
5. ਹੇ ਪਿਆਰੇ ! ਉਹ ਬੰਦੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਪ੍ਰਭੂ ਦੀ ਬੰਦਗੀ ਕੀਤੀ ਹੈ, ਮੈਂ ਉਨ੍ਹਾਂ ਤੋਂ ਸਦਕੇ ਹਾਂ।੪।

ਭਾਵਾਰਥ :–ਉਂਝ ਤਾਂ ਭਾਵੇਂ ਸਰੀਰਕ ਜਾਮੇ ਕਰਕੇ ਸਾਰੇ ਮਨੁੱਖ ਸਮਾਨ ਹੀ ਨਜ਼ਰ ਆਉਂਦੇ ਹਨ, ਪਰ ਹਰੀ ਨੂੰ ਸਿਮਰਨ ਵਾਲੇ ਆਪਣਾ ਜੀਵਨ ਸਫਲ ਕਰ ਜਾਂਦੇ ਹਨ, ਸਤਿਗੁਰੂ ਭੀ ਅਜਿਹੇ ਮਨੁੱਖਾਂ ਤੋਂ ਸਦਾ ਸਦਕੇ ਜਾਂਦੇ ਹਨ।

ਸਲੋਕੁ ਮ: ੧ ॥

1. **ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥**
2. **ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥੧॥**

ਪਦ ਅਰਥ :–ਮਹਲ–ਇਸਤ੍ਰੀ। ਮੜ–ਸਰੀਰ। ਮੜਵੜੀ–ਸਰੀਰ ਨਾਲ ਹੀ ਪਿਆਰ ਰਖਣ ਵਾਲੀ, ਸਰੀਰ ਨਾਲ ਆਪਣੇ ਆਪ ਨੂੰ ਇਕ ਸਮਝਣ ਵਾਲੀ। ਮੁੰਧ–ਇਸਤ੍ਰੀ।੧।

ਅਰਥ :–

ਪ੍ਰ:–ਸ੍ਰੀ ਜੀਉ ! ਵੇਖਣ ਵਿਚ ਆਉਂਦਾ ਹੈ ਕਿ, ਕਈ ਜੀਵ ਆਪਣੇ ਇਸ ਸਰੀਰ ਨਾਲ ਹੀ ਪਿਆਰ ਕਰਦੇ ਹਨ, ਉਨ੍ਹਾਂ ਬਾਰੇ ਆਪ ਜੀ ਕੀ ਅਨੁਭਵ ਕਰਦੇ ਹੋ ?

1. ਉ:–ਹੇ ਪਿਆਰੇ ! ਉਸ (ਜੀਵ ਰੂਪ) ਇਸਤ੍ਰੀ ਨੂੰ (ਤਾਂ ਸਮਝੋ) ਕੋਈ ਚੱਜ ਹੀ ਨਹੀਂ, ਜੋ ਨਿਰਾ ਆਪਣੇ ਸਰੀਰ ਨਾਲ ਹੀ ਪਿਆਰ ਕਰਦੀ ਹੈ, ਉਹ ਅੰਦਰੋਂ ਕਾਲੀ ਹੈ ਅਤੇ ਮੈਲੀ ਹੈ।

ਪ੍ਰ:–ਕਿਉਂ ਜੀ ! ਆਖਰ, ਮਿਲਾਪ ਕਿਸ ਦਾ ਹੁੰਦਾ ਹੈ ?

2. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਇਹ ਜੀਵ ਰੂਪ ਇਸਤ੍ਰੀ, ਖਸਮ ਪ੍ਰਭੂ ਨੂੰ ਤਾਂ ਹੀ ਮਿਲ ਸਕਦੀ ਹੈ, ਜੇ (ਉਸ ਦੇ) ਅੰਦਰ ਗੁਣ ਹੋਵਣ, (ਪਰ ਕੁਚੱਜੀ) ਇਸਤ੍ਰੀ ਦੇ ਪਾਸ ਤਾਂ ਹੈ ਹੀ ਨਿਰੇ ਔਗੁਣ ਹੀ ਔਗੁਣ।੧।

ਭਾਵਾਰਥ :–ਇਸ ਜੀਵ ਰੂਪ ਇਸਤ੍ਰੀ ਦਾ ਮਿਲਾਪ ਤਾਂ ਪ੍ਰਮੇਸ਼ਰ ਪਤੀ ਨਾਲ ਕੇਵਲ ਦੈਵੀ ਗੁਣਾਂ ਦੀ ਬਰਕਤ ਨਾਲ ਹੀ ਹੁੰਦਾ ਹੈ, ਔਗੁਣਾਂ ਕਰ ਕੇ ਤਾਂ ਸਦਾ ਹੀ ਵਿਯੋਗ ਬਣਿਆ ਰਹਿੰਦਾ ਹੈ।

ਮ: ੧ ॥

1. **ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥**
2. **ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥੨॥**

ਪਦ ਅਰਥ :–ਸਾ–ਉਹ ਇਸਤ੍ਰੀ। ਪਰਵਾਰਿ–ਪਰਵਾਰ ਵਿਚ। ਅਹਿ–ਦਿਨ। ਨਿਸਿ–ਰਾਤ। ਹੇਤਿ–ਹਿਤ ਵਿਚ। ਪਿਆਰਿ–ਪਿਆਰ ਵਿਚ।੨।

ਅਰਥ :–

ਪ੍ਰ–ਕਿਉਂ ਜੀ ! ਆਪ ਜੀ ਕਿਸ ਜੀਵ ਰੂਪ ਇਸਤ੍ਰੀ ਨੂੰ ਚੰਗੀ ਸਮਝਦੇ ਹੋ ?

1. ਉ:–ਹੇ ਭਾਈਓ ! ਜੋ ਜੀਵ ਰੂਪ ਇਸਤ੍ਰੀ ਪਤੀ ਪ੍ਰਮੇਸ਼ਰ ਦੇ ਹਿਤ ਵਿਚ ਪਿਆਰ ਵਿਚ ਰਹਿੰਦੀ ਹੈ, ਉਹ ਦਿਨੇ ਰਾਤ ਹਰ ਵੇਲੇ ਚੰਗੀ ਹੈ ।

2. ਹੇ ਭਾਈ ! ਉਹੀ ਚੰਗੇ ਆਚਰਨ ਵਾਲੀ ਹੈ ਤੇ ਜੁਗਤ ਵਾਲੀ ਹੈ, ਤੇ ਉਹੀ ਪ੍ਰਵਾਰ ਵਿਚ ਮੰਨੀ ਪ੍ਰਮੰਨੀ ਹੈ । ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ।੨।

ਭਾਵਾਰਥ :–ਉਹੀ ਜੀਵ ਰੂਪ ਇਸਤ੍ਰੀ ਚੰਗੀ ਹੈ, ਜੋ ਸੰਜਮ ਵਿਚ ਰਹਿ ਕੇ ਆਪਣੇ ਪਤੀ ਪ੍ਰਮੇਸ਼ਰ ਦੇ ਪਿਆਰ ਵਿਚ ਰੱਤੀ ਰਹਿੰਦੀ ਹੈ ।

ਪਉੜੀ ॥

1. ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ॥
2. ਕਿਰਪਾ ਕਰਿਕੈ ਆਪਣੀ ਗੁਰ ਸਬਦਿ ਮਿਲਾਇਆ॥
3. ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥
4. ਹਰਿ ਰਸੁ ਜਿਨੀ ਚਾਖਿਆ
ਅਨ ਰਸ ਠਾਕਿ ਰਹਾਇਆ ॥
5. ਹਰਿ ਰਸੁ ਪੀ ਸਦਾ ਤ੍ਰਿਪਤਿ ਭਏ
ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥

ਪਦ ਅਰਥ :–ਨਿਧਾਨ–ਨਾਮ ਖਜ਼ਾਨਾ । ਚਾਖਿਆ–ਚਖਿਆ ਹੈ । ਅਨ ਰਸ–ਹੋਰ ਰਸਾਂ ਨੂੰ । ਠਾਕਿ–ਵਰਜ ਰਖਦੇ ਹਨ । ਤ੍ਰਿਪਤਿ–ਰਜੇ ਰਹਿੰਦੇ ਹਨ ।੫।

ਅਰਥ :–

ਪ੍ਰ:–ਸ੍ਰੀ ਜੀਉ ! ਨਾਮ ਦਾ ਅਮੋਲਕ ਖਜ਼ਾਨਾ ਮਿਲਦਾ ਕਿਸ ਨੂੰ ਹੈ ?

1. ਉ:–ਹੇ ਭਾਈਓ ! ਜਿਸ ਮਨੁੱਖ ਨੇ ਆਪਣੇ ਆਤਮਕ ਜੀਵਨ ਨੂੰ (ਸਦਾ) ਪੜਤਾਲਿਆ ਹੈ, ਉਸ ਨੂੰ ਨਾਮ ਖਜ਼ਾਨਾ ਮਿਲ ਜਾਂਦਾ ਹੈ ।

2. ਪ੍ਰਭੂ ਆਪਣੀ ਮਿਹਰ ਕਰ ਕੇ ਉਸ ਨੂੰ ਸਤਿਗੁਰੂ ਦੇ ਸ਼ਬਦ ਵਿਚ ਜੋੜਦਾ ਹੈ ।

3. ਤੇ ਗੁਰੂ ਦੀ ਪਵਿਤ੍ਰ ਬਾਣੀ ਦੀ ਰਾਹੀਂ ਉਸ ਨੂੰ ਆਪਣੇ ਨਾਮ ਦਾ ਰਸ ਪਿਲਾਂਦਾ ਹੈ ।

ਪ੍ਰ–ਕਿਉਂ ਜੀ ! ਉਨ੍ਹਾਂ ਰਸ ਪੀਣ ਵਾਲਿਆਂ ਦੀ ਪਛਾਣ ਕੀਹੈ ?

4. ਉ:–ਹੇ ਪਿਆਰੇ ! ਜਿਨ੍ਹਾਂ ਨੇ ਨਾਮ ਰਸ ਚਖਿਆ ਹੈ ਉਹ ਹੋਰ ਰਸਾਂ ਨੂੰ ਵਰਜ ਰਖਦੇ ਹਨ, (ਭਾਵ, ਦੁਨੀਆਂ ਦੇ ਚਸਕਿਆਂ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਂਦੇ) ।

5. (ਕਿਉਂਕਿ) ਉਹ ਨਾਮ ਰਸ ਪੀ ਕੇ ਸਦਾ ਹੀ ਰੱਜੇ ਰਹਿੰਦੇ ਹਨ ਤੇ ਮਾਇਆ ਦੀ ਤ੍ਰਿਸ਼ਨਾਂ ਤੇ ਭੁੱਖ ਨਾਸ ਕਰ ਲੈਂਦੇ ਹਨ ।੫।

ਭਾਵਾਰਥ :–ਜਿਨ੍ਹਾਂ ਨੇ ਗੁਰੂ ਸ਼ਬਦ ਦੀ ਰਾਹੀਂ ਨਾਮ ਰਸ ਚਖਿਆ ਹੈ, ਉਨ੍ਹਾਂ ਨੂੰ ਮਾਇਕ ਰਸ ਪੋਹ ਨਹੀਂ ਸਕਦੇ, ਉਨ੍ਹਾਂ ਦੀ ਤ੍ਰਿਸ਼ਨਾਂ ਭੁੱਖ ਮਿਟ ਜਾਂਦੀ ਹੈ ।

ਸਲੋਕੁ ਮ: ੩ ॥

1. ਪਿਰ ਖੁਸੀਏ ਧਨ ਰਾਵੀਏ
ਧਨ ਉਰਿ ਨਾਮੁ ਸੀਗਾਰੁ ॥
2. ਨਾਨਕ ਧਨ ਆਗੈ ਖੜੀ ਸੋਭਾਵੰਤੀ ਨਾਰਿ ॥੧॥

ਪਦ ਅਰਥ :–ਉਰਿ–ਹਿਰਦੇ ਵਿਚ । ਖੁਸੀਏ–ਖੁਸ਼ੀ ਨਾਲ । ਧਨ–ਜੀਵ ਇਸਤ੍ਰੀ ।੧।

ਅਰਥ :–

ਪ੍ਰ:–ਸ੍ਰੀ ਜੀਉ ! ਜੀਵ ਰੂਪ ਇਸਤ੍ਰੀ ਨੂੰ ਪਤੀ ਪ੍ਰਮੇਸ਼ਰ ਦੇ ਮਿਲਾਪ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ ?

1. ਉ:–ਹੇ ਭਾਈ ! ਜਿਸ ਜੀਵ ਰੂਪ ਇਸਤ੍ਰੀ ਦੇ ਹਿਰਦੇ ਵਿਚ (ਨਾਮ ਸਿਮਰਦੇ ਰਹਿਣ ਦਾ) ਸ਼ਿੰਗਾਰ ਹੈ, ਉਸ ਨੂੰ ਪ੍ਰਭੂ ਪਤੀ ਖੁਸ਼ੀ ਨਾਲ ਆਪਣੇ ਨਾਲ ਮਿਲਾ ਲੈਂਦਾ ਹੈ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੋ ਜੀਵ ਇਸਤ੍ਰੀ ਪ੍ਰਭੂ ਪਤੀ ਦੀ ਹਜ਼ੂਰੀ ਵਿਚ (ਸਾਵਧਾਨ ਇਕਾਗਰ ਚਿੱਤ ਹੋ ਕੇ) ਖਲੋਤੀ ਰਹਿੰਦੀ ਹੈ ਉਸੇ ਨੂੰ ਹੀ ਸੋਭਾ ਮਿਲਦੀ ਹੈ ।੧।

ਮ: ੧ ॥

1. ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
2. ਨਾਨਕ ਧੰਨੁ ਸੋੁਹਾਗਣੀ ਜੋ ਭਾਵਹਿ ਵੇਪਰਵਾਹ॥੨॥

ਪਦ ਅਰਥ :–(ਨੋਟ–ਫਰੀਦ ਜੀ ਦੇ ਸਲੋਕਾਂ ਵਿਚ ਭੀ ਇਹ ਸਲੋਕ ਨੰ: ੩੨ ਤੇ ਦਰਜ ਹੈ, ਪਰ ਕਈ ਥਾਈਂ ਫਰਕ ਹਨ, ਪਾਠਕ ਜਨ ਆਪ ਟਾਕਰਾ ਕਰ ਕੇ ਵੇਖ ਲੈਣ) । ਸੁ ਹਾਗਣੀ–(ਏਥੇ 'ਸ' ਦੇ ਨਾਲ (ੁ) ਪੜ੍ਹਨਾ ਹੈ, ਅਸਲ ਲਫਜ਼ ਸੋਹਾਗਣੀ ਹੈ) ।

ਅਰਥ :–

ਪ੍ਰ:–ਸ੍ਰੀ ਜੀਉ ! ਉਹ ਜੀਵ ਰੂਪ ਇਸਤ੍ਰੀ ਕਿਹੜੀ ਹੈ ਜੋ ਲੋਕ ਪ੍ਰਲੋਕ ਵਿਚ ਉਸ ਪ੍ਰਮੇਸ਼ਰ ਪਤੀ ਨੂੰ ਪਿਆਰੀ ਲਗਦੀ ਹੋਵੇ?

1. ਉ:–ਹੇ ਪਿਆਰੇ ! ਉਹ ਪ੍ਰਮੇਸ਼ਰ ਖਸਮ ਪ੍ਰਭ ਅਪਹੁੰਚ ਹੈ ਤੇ ਬਹੁਤ ਡੂੰਘਾ ਹੈ, ਜੋ ਜੀਵ ਇਸਤ੍ਰੀਆਂ ਸਹੁਰੇ ਘਰ ਤੇ ਪੇਕੇ ਘਰ (ਦੋਹੀਂ ਥਾਈਂ, ਭਾਵ ਲੋਕ ਪ੍ਰਲੋਕ ਵਿਚ ਉਸ) ਖਸਮ ਦੀਆਂ ਹੋ ਕੇ ਰਹਿੰਦੀਆਂ ਹਨ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਸ ਤਰ੍ਹਾਂ ਉਸ ਬੇ-ਪ੍ਰਵਾਹ ਨੂੰ ਉਹ ਪਿਆਰੀਆਂ ਲਗਦੀਆਂ ਹਨ ਤੇ ਉਹੀ ਭਾਗਾਂ ਵਾਲੀਆਂ ਹਨ ।੨।

ਭਾਵਾਰਥ :–ਉਹ ਪ੍ਰਮੇਸ਼ਰ ਪਤੀ ਹੈ ਤਾਂ ਅਪਹੁੰਚ, ਪਰ ਉਸ ਪ੍ਰਭੂ ਪਤੀ ਨੂੰ ਉਹੋ ਹੀ ਪਿਆਰੀ ਲਗਦੀ ਹੈ ਜੋ ਆਪਣੇ ਪ੍ਰਭੂ ਪਤੀ ਦੀ ਹੋ ਰਹਿੰਦੀ ਹੈ, ਉਹੋ ਹੀ ਵਡੇ ਭਾਗਾਂ ਵਾਲੀ ਹੈ ।

ਪਉੜੀ ॥

1. ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
2. ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥

3. ਏਹਿ ਭੂਪਤਿ ਰਾਜੇ ਨ ਆਖੀਅਹਿ
ਦੂਜੈ ਭਾਇ ਦੁਖੁ ਹੋਈ ॥
4. ਕੀਤਾ ਕਿਆ ਸਾਲਾਹੀਐ
ਜਿਸੁ ਜਾਦੇ ਬਿਲਮ ਨ ਹੋਈ ॥
5. ਨਿਹਚਲੁ ਸਚਾ ਏਕੁ ਹੈ
ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥੬॥

ਪਦ ਅਰਥ :-ਤਖਤਿ-ਤਖਤ ਉਤੇ। ਭੂਪਤਿ-(ਭੂ-ਧਰਤੀ। ਪਤਿ-ਮਾਲਕ) ਧਰਤੀ ਦੇ ਮਾਲਕ। ਦੂਜੈ ਭਾਇ-ਮਾਇਆ ਦੇ ਮੋਹ ਵਿਚ। ਕੀਤਾ-ਪੈਦਾ ਕੀਤਾ ਹੋਇਆ। ਬਿਲਮ-ਚਿਰ, ਦੇਰ।੬।

ਅਰਥ :-

ਪ੍ਰ-ਸ੍ਰੀ ਜੀਉ ! ਗੁਰਮਤਿ ਅਨੁਸਾਰ ਸਹੀ ਰਾਜਾ ਕੌਣ ਹੈ ?

1. ਉ:-ਹੇ ਭਾਈਓ ! (ਅਸਲ ਵਿਚ) ਜੋ ਮਨੁੱਖ ਤਖਤ ਦੇ ਜੋਗ ਹੁੰਦਾ ਹੈ, ਉਹੀ ਰਾਜਾ ਬਣ ਕੇ ਤਖਤ ਤੇ ਬੈਠਦਾ ਹੈ, (ਭਾਵ ਜੋ ਮਾਇਆ ਦੀ 'ਤ੍ਰਿਸ਼ਨਾ ਭੁੱਖ' ਗਵਾ ਕੇ ਬੇਪ੍ਰਵਾਹ ਹੋ ਜਾਂਦਾ ਹੈ ਉਹੀ ਆਦਰ ਪਾਂਦਾ ਹੈ)।
2. ਹੇ ਪਿਆਰੇ ! ਜਿਨ੍ਹਾਂ ਨੇ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਹੈ, ਉਹੀ ਅਸਲ ਰਾਜੇ ਹਨ।

ਪ੍ਰ:-ਗੁਰਦੇਵ ਜੀਉ ! ਅਸੀਂ ਤਾਂ ਜੋ ਪ੍ਰਤੱਖ ਦਿਸ ਰਹੇ ਹਨ, ਇਨ੍ਹਾਂ ਨੂੰ ਹੀ ਰਾਜੇ ਸਮਝਦੇ ਹਾਂ, ਕੀ ਆਪ ਜੀ ਦੀ ਵੀਚਾਰ ਵਿਚ ਇਹ ਸਹੀ ਰਾਜੇ ਨਹੀਂ ਹਨ ?

3. ਉ:-ਹੇ ਭਾਈਓ ! ਇਹ ਧਰਤੀ ਦੇ ਮਾਲਕ ਬਣੇ ਹੋਏ ਲੋਕ ਰਾਜੇ ਨਹੀਂ ਕਹੇ ਜਾ ਸਕਦੇ, ਕਿਉਂਕਿ, ਇਨ੍ਹਾਂ ਨੂੰ (ਇਕ ਤਾਂ) ਮਾਇਆ ਦੇ ਮੋਹ ਕਰਕੇ ਸਦਾ ਦੁੱਖ ਵਾਪਰਦਾ ਹੈ।
4. (ਦੂਜੇ) ਉਸ ਨੂੰ ਕੀ ਵਡਿਆਉਣਾ ਹੋਇਆ ਜੋ ਪੈਦਾ ਕੀਤਾ ਹੋਇਆ ਹੈ, ਜਿਸ ਦੇ ਨਾਸ ਹੁੰਦਿਆਂ ਚਿਰ ਨਹੀਂ ਲਗਦਾ।

ਪ੍ਰ:-ਕਿਉਂ ਜੀ ! ਆਪ ਜੀ ਅਟੱਲ ਰਾਜ ਕਿਸਦਾ ਮੰਨਦੇ ਹੋ ?

5. ਉ:-ਐ ਪਿਆਰੇ ! ਅਟੱਲ ਰਾਜ ਵਾਲਾ (ਤਾਂ) ਇਕ ਪ੍ਰਭੂ ਹੀ ਹੈ, (ਪਰ, ਹੇ ਪਿਆਰੇ !) ਜੋ ਗੁਰੂ ਦੇ ਸਨਮੁਖ ਹੋ ਕੇ ਇਹ ਗਲ ਸਮਝ ਲੈਂਦਾ ਹੈ, ਉਹ ਭੀ ('ਤ੍ਰਿਸ਼ਨਾ ਭੁੱਖ' ਵਲੋਂ) ਅਡੋਲ ਹੋ ਜਾਂਦਾ ਹੈ।੬।

ਭਾਵਾਰਥ :-ਦੁਨੀਆਂ ਵਾਲੇ ਭੂਪਤ ਰਾਜੇ ਇਕ ਤਾਂ ਦੁੱਖ ਹੀ ਦੁੱਖ ਸਹੇੜਦੇ ਹਨ, ਦੂਜੇ ਇਹ ਰਾਜ ਜਾਂਦਿਆਂ ਚਿਰ ਨਹੀਂ ਲਗਦਾ, ਅਸਲ ਰਾਜੇ ਉਹ ਹਨ, ਜਿਨ੍ਹਾਂ ਪ੍ਰਭੂ ਨੂੰ ਪਛਾਣਿਆਂ ਹੈ।

ਸਲੋਕੁ ਮ: ੩ ॥

1. ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥
2. ਨਾਨਕ ਸੇ ਸੋਹਾਗਣੀ
ਜਿ ਸਤਿਗੁਰ ਮਾਹਿ ਸਮਾਹਿ ॥੧॥

ਪਦ ਅਰਥ :-ਪਿਰ-ਖਸਮ। ਖਾਲੀ-ਸਖਣਾ। ਸੇ-ਉਹ। ਸੋਹਾਗਣੀ-ਸੁਹਾਗਵੰਤੀਆਂ। ਮਾਹਿ-ਵਿਚ।੧।

ਅਰਥ :-

ਪ੍ਰ:-ਸ੍ਰੀ ਜੀਉ ! ਆਪ ਜੀ ਸੁਹਾਗ ਭਾਗ ਵਾਲੀ ਜੀਵ ਰੂਪ ਇਸਤ੍ਰੀ ਕਿਸ ਨੂੰ ਮੰਨਦੇ ਹੋ ?

1. ਉ:-ਹੇ ਭਾਈ ! ਅਸਲ ਵਿਚ ਸਭ ਜੀਵ ਰੂਪ ਇਸਤ੍ਰੀਆਂ ਦਾ ਖਸਮ ਇਕੋ (ਹੀ) ਪ੍ਰਭੂ ਹੈ, ਐਸੀ ਜੀਵ ਰੂਪ ਇਸਤ੍ਰੀ ਕੋਈ ਭੀ ਨਹੀਂ ਜਿਸ ਦੇ ਉਤੇ ਖਸਮ ਨਾ ਹੋਵੇ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਸੁਹਾਗ ਭਾਗ ਵਾਲੀਆਂ ਉਹੀ ਹਨ ਜੋ ਸਤਿਗੁਰ ਵਿਚ ਲੀਨ ਹਨ।੧।

ਭਾਵਾਰਥ :-ਭਾਵੇਂ ਹਰ ਜੀਵ ਇਸਤ੍ਰੀ ਦਾ ਇਕੋ ਪਤੀ ਪ੍ਰਮੇਸ਼ਰ ਹੈ, ਪਰ, ਸੁਹਾਗ ਭਾਗ ਵਾਲੀ ਉਹੀ ਹੈ ਜੋ ਸਤਿਗੁਰੂ ਦੇ ਵਿਚ ਹੀ ਲੀਨ ਰਹਿੰਦੀ ਹੈ।

ਮ: ੩ ॥

1.ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥
2. ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥
3. ਨਾਨਕ ਗੁਰ ਪਰਸਾਦੀ ਛੁਟੀਐ
ਜੇ ਚਿਤੁ ਲਗੈ ਸਚਿ ॥੨॥

ਪਦ ਅਰਥ:-ਅਧਿਕ ਤਰੰਗ-ਕਈ ਲਹਿਰਾਂ। ਦਰ-ਰੱਬ ਦੀ ਹਜ਼ੂਰੀ ਵਿਚ। ਛੁਟੀਐ-ਸੁਰਖਰੂ। ਗੂੜੈ ਰੰਗਿ-ਗੂੜੇ ਪਿਆਰ ਵਿਚ। ਪਰਸਾਦੀ-ਕ੍ਰਿਪਾ।੨।

ਅਰਥ :-

ਪ੍ਰ:-ਕਿਉਂ ਜੀ ! ਰੱਬ ਦੀ ਹਜ਼ੂਰੀ ਵਿਚ ਕਿਵੇਂ ਛੁਟਕਾਰਾ ਹੋ ਸਕਦਾ ਹੈ ?

1. ਉ:-ਹੇ ਭਾਈ ! (ਜਿਤਨਾ ਚਿਰ) ਮਨ ਦੀਆਂ ਕਈ ਲਹਿਰਾਂ ਹਨ, (ਭਾਵ ਤ੍ਰਿਸ਼ਨਾਂ ਦੀਆਂ ਕਈ ਲਹਿਰਾਂ ਮਨ ਵਿਚ ਉੱਠ ਰਹੀਆਂ ਹਨ) ਉਤਨਾ ਚਿਰ ਮਾਲਕ ਦੀ ਹਜ਼ੂਰੀ ਵਿਚ ਸੁਰਖਰੂ ਨਹੀਂ ਹੋ ਸਕੀਦਾ।
2. ਹੇ ਪਿਆਰੇ ! ਜੇ ਬੇਅੰਤ ਪ੍ਰਭੂ ਦੇ ਗੂੜੇ ਪਿਆਰ ਵਿਚ ਸਦਾ ਥਿਰ ਰਹਿਣ ਵਾਲੇ ਰੰਗ ਵਿਚ ਮਨ ਮਸਤ ਰਹੇ।
3. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੇ ਚਿੱਤ ਸਦਾ ਥਿਰ ਪ੍ਰਭੂ ਵਿਚ ਜੁੜਿਆ ਰਹੇ, ਤਾਂ ਗੁਰੂ ਦੀ ਮਿਹਰ ਨਾਲ ਸੁਰਖਰੂ ਹੋਈਦਾ ਹੈ।੨।

ਭਾਵਾਰਥ :-ਮਨ ਵਿਚ ਤ੍ਰਿਸ਼ਨਾਂ ਦੀਆਂ ਅਨੇਕਾਂ ਹੀ ਲਹਿਰਾਂ ਵਗਦੀਆਂ ਹਨ, ਪਰ, ਜਿਤਨਾ ਚਿਰ ਇਨ੍ਹਾਂ ਤੋਂ ਛੁਟਕਾਰਾ ਨਹੀਂ ਹੁੰਦਾ, ਪਿਆਰ ਤੋਂ ਸੱਖਣਾ ਮਨ ਰੱਬੀ ਦਰਬਾਰ ਵਿਚ ਸੁਰਖਰੂ ਨਹੀਂ ਹੋ ਸਕਦਾ।

ਪਉੜੀ ॥

1. ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ ॥
2. ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ ॥

3. ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ ॥
4. ਗੁਰ ਸਬਦੀ ਕਮਲੁ ਬਿਗਾਸਿਆ
ਇਵ ਹਰਿ ਰਸੁ ਪੀਜੈ ॥
5. ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ॥੭॥

ਪਦ ਅਰਥ :—ਕਿਉ... ਕੀਜੈ—ਕਿਵੇਂ ਮੁੱਲ ਪਾਇਆ ਜਾ ਸਕੇ ? ਮੁੱਲ ਨਹੀਂ ਕੀਤਾ ਜਾ ਸਕਦਾ, 'ਨਾਮ' ਦੇ ਸਾਵੇਂ ਮੁੱਲ ਦੀ ਕੋਈ ਚੀਜ਼ ਪੇਸ਼ ਨਹੀਂ ਕੀਤੀ ਜਾ ਸਕਦੀ । ਸਾਜੀਅਨੁ—ਸਾਜੀ ਹੈ (ਪ੍ਰਭੂ) ਨੇ । ਇਵ—ਇਸ ਤਰ੍ਹਾਂ । ਸਹਜਿ—'ਸਹਜ' ਵਿਚ, ਸ਼ਾਂਤ ਅਵਸਥਾ ਵਿਚ ।੭।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਦੀ ਹਰ ਸ਼ੈ ਕੀਮਤਨ ਖਰੀਦੀ ਜਾ ਸਕਦੀ ਹੈ, ਪਰ ਨਾਮ ਦੀ ਕੀਮਤ ਭੀ ਦਸੋ ਕੀ ਹੈ ?

1. **ਉ**:—ਹੇ ਪਿਆਰੇ ! ਪ੍ਰਭੂ ਦਾ ਨਾਮ ਇਕ ਐਸੀ ਵਸਤੂ ਹੈ, ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ ।
2. ਹੇ ਪਿਆਰੇ ! ਉਸ ਨੇ ਆਪ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ ਅਤੇ ਇਸ ਵਿਚ ਹਰ ਥਾਂ ਆਪ ਹੀ ਵਰਤ ਰਿਹਾ ਹੈ ।
3. ਹੇ ਭਾਈ ! ਸਨਮੁਖ ਹੋ ਕੇ ਸਦਾ ਸਿਫਤ ਸਲਾਹ ਕਰੀਏ, (ਬੱਸ, ਇਹ) ਸਿਮਰਨ ਹੀ (ਨਾਮ ਦੀ ਪ੍ਰਾਪਤੀ ਲਈ) ਮੁੱਲ ਕੀਤਾ ਜਾ ਸਕਦਾ ਹੈ ।
4. (ਕਿਉਂਕਿ) ਗੁਰੂ ਦੇ ਸ਼ਬਦ ਦੀ ਰਾਹੀਂ ਹਿਰਦਾ ਕੌਲ ਖਿੜਦਾ ਹੈ ਤੇ ਇਸ ਤਰ੍ਹਾਂ ਨਾਮ ਰਸ ਪੀਵੀਦਾ ਹੈ ।
5. ਇਸੇ ਤਰ੍ਹਾਂ ਹੀ ਜਗਤ ਵਿਚ ਆਉਣੇ ਜਾਣੇ ਦਾ ਗੇੜ ਮੁੱਕ ਜਾਂਦਾ ਹੈ ਤੇ ਸੁਖ ਵਿਚ ਅਡੋਲ ਅਵਸਥਾ ਵਿਚ ਲੀਨ ਹੋ ਜਾਈਦਾ ਹੈ ।੭।

ਭਾਵਾਰਥ:—ਉਨ੍ਹਾਂ ਪਾਸ 'ਨਾਮ' ਇਕ ਐਸਾ ਪਦਾਰਥ ਹੈ, ਜਿਸ ਦਾ ਮੁੱਲ ਨਹੀਂ ਪੈ ਸਕਦਾ, ਇਸੇ ਅਮੁੱਲੇ ਧਨ ਦੀ ਬਰਕਤ ਨਾਲ ਉਨ੍ਹਾਂ ਦਾ ਹਿਰਦਾ ਸਦਾ ਖਿੜਿਆ ਹੀ ਰਹਿੰਦਾ ਹੈ ।

ਸਲੋਕੁ ਮ: ੧ ॥

1. ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ ॥
2. ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ ॥੧॥

ਪਦ ਅਰਥ :—ਮੈਲਾ—ਵਿਕਾਰਾਂ ਨਾਲ ਲਿਬੜਿਆ ਹੋਇਆ । ਧੁੰਧਲਾ—ਜਿਸ ਦੀਆਂ ਅੱਖਾਂ ਅਗੇ ਧੁੰਧ ਜਿਹੀ ਆਈ ਰਹੇ, ਜਿਸ ਨੂੰ ਸਾਫ ਨਾ ਦਿਸੇ । ਨਾ ਧੁੰਧਲਾ—ਜਿਸ ਦੀ ਨਿਗਾਹ ਸਾਫ ਹੋਵੇ, ਜਿਸ ਨੂੰ ਹਰ ਥਾਂ ਪ੍ਰਮਾਤਮਾਂ ਸਾਫ ਪਿਆ ਦਿਸੇ । ਭਗਵਾ—ਭੇਖ ਦਾ ਰੰਗ । ਨ ਭਗਵਾ—ਜਿਸ ਨੂੰ ਕਿਸੇ ਭੇਖ ਦੀ ਲੋੜ ਨਾ ਹੋਵੇ । ਕਚੁ—ਨਾਸਵੰਤ ਜਗਤ ਦਾ ਮੋਹ । ਲਾਲੋ ਲਾਲੁ—ਲਾਲ ਹੀ ਲਾਲ, ਪ੍ਰਭੂ ਦੇ ਪ੍ਰੇਮ ਰੰਗ ਨਾਲ ਗੂੜ੍ਹਾ ਰੰਗਿਆ ਹੋਇਆ । ਸਚੈ—ਸਦਾ ਥਿਰ ਹਰਿ ਨਾਮ ਵਿਚ । ਰਤਾ—ਰੰਗਿਆ ਹੋਇਆ । ਸਚੁ—ਸਦਾ ਥਿਰ (ਪ੍ਰਭੂ ਦਾ ਰੂਪ) ।੧।

ਅਰਥ :—

ਪ੍ਰ:—ਸ੍ਰੀ ਜੀਉ ! ਜੋ ਮਨੁੱਖ ਪ੍ਰਭੂ ਦੇ ਪਿਆਰ ਵਿਚ ਰੰਗਿਆ ਰਹਿੰਦਾ ਹੈ, ਆਖਰ ਉਸ ਨੂੰ ਫਲ ਕੀ ਹਾਸਿਲ ਹੁੰਦਾ ਹੈ ?

1. **ਉ**:—ਹੇ ਭਾਈਓ ! ਅਸਲ ਵਿਚ ਨਾਮ ਦੀ ਇਕ ਐਸੀ ਰੰਗਣ ਹੈ, ਜੋ ਭੀ ਮਨੁੱਖ ਉਸ ਸਦਾ ਕਾਇਮ ਰਹਿਣ ਵਾਲੇ ਸਾਈਂ ਜੀ (ਦੇ ਨਾਮ) ਵਿਚ ਰੰਗਿਆ ਰਹਿੰਦਾ ਹੈ, ਉਹ ਸਦਾ ਥਿਰ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ, (ਉਸ ਦਾ ਮਨ ਪ੍ਰਮਾਤਮਾਂ ਦੇ ਪ੍ਰੇਮ ਰੰਗ ਨਾਲ) ਗੂੜਾ ਰੰਗਿਆ ਜਾਂਦਾ ਹੈ ।
2. ਹੇ ਪਿਆਰੇ ! ਉਸ ਦਾ ਮਨ ਵਿਕਾਰਾਂ ਨਾਲ ਨਹੀਂ ਲਿਬੜਦਾ, ਉਸ ਦੀ ਨਿਗਾਹ ਧੁੰਧਲੀ ਨਹੀਂ ਹੁੰਦੀ, (ਭਾਵ ਉਸ ਨੂੰ ਹਰ ਥਾਂ ਪ੍ਰਮਾਤਮਾਂ ਸਾਫ ਨਜ਼ਰੀਂ ਦਿਸਦਾ ਹੈ) । ਉਸ ਨੂੰ ਕਿਸੇ ਭੇਖ ਆਦਿਕ ਦੀ ਤਾਂਘ ਨਹੀਂ ਹੁੰਦੀ, ਅਤੇ ਉਸ ਨੂੰ ਨਾਸਵੰਤ ਜਗਤ ਦਾ ਮੋਹ ਭੀ ਨਹੀਂ ਵਿਆਪਦਾ ।੧।

ਭਾਵਾਰਥ :—ਹਰ ਮਨੁੱਖ ਦਾ ਮਨ ਤ੍ਰੈ ਗੁਣੀ ਮਾਇਆ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਪਰ ਜੇ ਇਸ ਪਦਾਰਥਕ ਰੰਗਾਂ ਤੋਂ ਉਤੇ ਹੋ ਕੇ ਸਚੇ ਹਰੀ ਦੇ ਪਿਆਰ ਵਿਚ ਰਚ ਜਾਵੇ ਤਾਂ ਇਸਨੂੰ ਇਸ ਮਨੁੱਖਾ ਜਨਮ ਵਿਚ ਸਫਲਤਾ ਪ੍ਰਾਪਤ ਹੁੰਦੀ ਹੈ ।

ਮ: ੩ ॥

1. ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ॥
2. ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ ॥੨॥

ਪਦ ਅਰਥ :—ਸਹਜਿ—ਆਤਮਕ ਅਡੋਲਤਾ ਵਿਚ । ਵਸੈ—ਵਸਦਾ ਹੈ । ਭੈ—ਸਾਰੇ ਡਰ । ਖੰਡਿ—ਨਾਸ ਕਰ ਕੇ । ਤਰਵਰੁ—ਸ੍ਰੇਸ਼ਟ ਰੁੱਖ । ਭਿਰੰਗੁ—ਭੌਰਾ (ਭ੍ਰਿੰਗ) ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਉਹ ਕਿਹੜਾ ਮਨੁੱਖ ਹੈ, ਜੋ ਦੁਨੀਆਂ ਦੇ ਸਾਰੇ ਡਰ ਨਾਸ ਕਰ ਕੇ ਆਤਮਕ ਅਡੋਲਤਾ ਵਿਚ ਸਦਾ ਹੀ ਟਿਕਿਆ ਰਹਿੰਦਾ ਹੈ ?

1. **ਉ**:—ਐ ਪਿਆਰੇ ! ਵੇਖ, ਜਿਵੇਂ ਪੰਛੀਆਂ ਦੇ ਰੈਣ ਬਸੇਰੇ ਵਾਸਤੇ ਰੁੱਖ (ਹੀ) ਆਸਰਾ ਹੈ, ਤਿਵੇਂ ਜਿਹੜਾ ਜੀਵ ਭੌਰਾ ਸਿਰਫ ਪ੍ਰਮੇਸ਼ਰ ਨੂੰ ਹੀ ਆਸਰਾ ਸਹਾਰਾ ਸਮਝਦਾ ਹੈ, (ਜੋ ਭੌਰਿਆਂ ਵਾਂਗ ਹਰੇਕ ਫੁੱਲ ਦੀ ਸੁਗੰਧੀ ਨਹੀਂ ਲੈਂਦਾ ਫਿਰਦਾ) ਸਗੋਂ ਪ੍ਰਮਾਤਮਾਂ ਦੀ ਸਿਫਤ ਸਲਾਹ ਰੂਪ ਫੁੱਲ (ਦੀ ਸੁਗੰਧੀ ਹੀ) ਮਾਣਦਾ ਹੈ ।
2. ਉਹ ਜੀਵ ਰੂਪੀ ਭੌਰਾ (ਦੁਨੀਆਂ ਦੇ) ਸਾਰੇ ਡਰ ਨਾਸ ਕਰਕੇ(ਸਦਾ)ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਬਨਸਪਤੀ ਦਾ ਹਰੇਕ ਫੁਲ, ਹਰੇਕ ਫਲ (ਜਗਤ ਦਾ ਹਰੇਕ ਮਨ ਮੋਹਣਾ ਪਦਾਰਥ ਉਸਨੂੰ ਮਾਇਆ ਦੀ ਭਟਕਣਾ ਵਿਚ ਪਾਣ ਦੀ ਥਾਂ) ਆਤਮਕ ਅਡੋਲਤਾ ਵਿਚ ਹੀ ਟਿਕਾਂਦਾ ਹੈ ।੨।

ਭਾਵਾਰਥ :–ਜੋ ਜੀਵ ਰੂਪੀ ਭੌਰਾ ਸਿਰਫ ਇਕ ਪ੍ਰਮੇਸ਼ਰ ਦੀ ਸਿਫਤ ਸਲਾਹ ਨੂੰ ਹੀ ਆਸਰਾ ਜਾਣਦਾ ਹੈ, ਉਹ ਦੁਨੀਆਂ ਦੇ ਸਾਰੇ ਡਰ ਨਾਸ ਕਰ ਕੇ ਸਦਾ ਹੀ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਜਗਤ ਦੇ ਮਨ ਮੋਹਣੇ ਪਦਾਰਥ ਉਸ ਨੂੰ ਮਾਇਆ ਦੀ ਭਟਕਣਾ ਵਿਚ ਨਹੀਂ ਪਾਉਂਦੇ।

ਪਉੜੀ ॥

1. ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥
2. ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ॥
3.ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ॥
4. ਹਰਿ ਜੀਉ ਕਾ ਮਹਲੁ ਪਾਇਆ
ਸਚੁ ਲਾਇ ਧਿਆਨਾ ॥
5. ਜਿਨ ਗੁਰ ਪਰਸਾਦੀ ਮਨੁ ਜੀਤਿਆ
ਜਗੁ ਤਿਨਹਿ ਜਿਤਾਨਾ ॥੮॥

ਪਦ ਅਰਥ :–ਲੂਝਹਿ–ਲੜਦੇ ਹਨ, ਝਗੜਦੇ ਹਨ। ਸਿਉ–ਨਾਲ। ਸੇਤੀ–ਨਾਲ। ਮਹਤੁ–ਵਡਿਆਈ। ਮਹਲ–ਰੱਬ ਦਾ ਘਰ।੮।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ ਜਗਤ ਵਿਚ ਮੰਨੇ ਪ੍ਰਮੰਨੇ ਸੂਰਮੇ ਕਿਸ ਨੂੰ ਮੰਨਦੇ ਹੋ ?

1. ਉ:–ਹੇ ਪਿਆਰੇ ! ਅਸੀਂ ਤਾਂ ਗੁਰਮਤਿ ਅਨੁਸਾਰ ਉਸੇ ਨੂੰ ਹੀ ਸੂਰਮੇ ਇਨਸਾਨ ਮੰਨੇ ਪ੍ਰਮੰਨੇ ਸਮਝਦੇ ਹਾਂ, ਜੋ ਮਨੁੱਖ (ਆਪਣੇ) ਮਨ ਨਾਲ ਲੜਦੇ ਹਨ।
2. ਐ ਪਿਆਰੇ ! ਜਿਨ੍ਹਾਂ ਨੇ ਆਪਣੇ ਆਪ ਨੂੰ ਪਛਾਣਿਆਂ ਹੈ, ਉਹ ਸਦਾ ਹੀ ਰੱਬ ਨਾਲ ਮਿਲੇ ਰਹਿੰਦੇ ਹਨ।
3. ਹੇ ਭਾਈ ! ਗਿਆਨਵਾਨ ਬੰਦਿਆਂ ਦੀ ਵਡਿਆਈ ਹੀ ਇਹ ਹੈ, (ਭਾਵ, ਇਸ ਗੱਲ ਵਿਚ ਹੀ ਵਡਿਆਈ ਹੈ) ਕਿ, ਉਹ ਮਨ ਵਿਚ ਟਿਕੇ ਰਹਿੰਦੇ ਹਨ) ਭਾਵ ਮਾਇਆ ਦੇ ਪਿਛੇ ਭਟਕਣ ਦੇ ਥਾਂ ਅੰਦਰ ਵਲ ਪਰਤੇ ਰਹਿੰਦੇ ਹਨ)।
4. ਹੇ ਪਿਆਰੇ ! ਇਸ ਤਰ੍ਹਾਂ, ਉਨ੍ਹਾਂ ਨੂੰ ਸੁਰਤਿ ਜੋੜ ਕੇ ਰੱਬ ਦਾ ਘਰ ਲਭ ਪੈਂਦਾ ਹੈ, ਰੱਬ ਮਿਲ ਪੈਂਦਾ ਹੈ।

ਪ੍ਰ:–ਸ੍ਰੀ ਜੀਉ ! ਕਿਸੇ ਮਨੁੱਖ ਦੇ ਜਗਤ ਨੂੰ ਜਿਤਣ ਦੀ ਨਿਸ਼ਾਨੀ ਕੀ ਹੈ ?

5. ਉ:–ਐ ਪਿਆਰੇ ! ਗੁਰੂ ਦੀ ਮਿਹਰ ਨਾਲ ਜਿਨ੍ਹਾਂ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ, (ਸਮਝ ਲਓ) ਉਨ੍ਹਾਂ ਨੇ ਜਗਤ ਨੂੰ ਜਿੱਤ ਲਿਆ ਹੈ।੮।

ਭਾਵਾਰਥ :–ਜਿਨ੍ਹਾਂ ਨੇ ਗੁਰੂ ਦੀ ਮਿਹਰ ਨਾਲ 'ਨਾਮ' ਜਪ ਕੇ ਮਨ ਨੂੰ ਜਿੱਤ ਲਿਆ ਹੈ, ਉਹੀ ਅਸਲ ਸੂਰਮੇਂ ਹਨ, ਉਨ੍ਹਾਂ ਨੇ ਸਾਰੇ ਜਗਤ ਨੂੰ ਜਿੱਤ ਲਿਆ ਹੈ, ਸੋ ਮਨ ਨੂੰ ਜਿੱਤਣ ਨਾਲ ਜਗਤ ਜਿੱਤਣ ਹੁੰਦਾ ਹੈ, (ਮਨਿ ਜੀਤੈ ਜਗ ਜੀਤ) (ਜਪੁ) ਅਤੇ ਹਰੀ ਵਿਚ ਵਾਸਾ ਮਿਲਦਾ ਹੈ।

ਸਲੋਕੁ ਮ: ੩ ॥

1. ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥
2. ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥
3. ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥
4. ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥
5. ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥

ਪਦ ਅਰਥ :–ਘਰਿ–ਘਰ ਵਿਚ। ਘਰਿ ਘਰਿ–ਹਰੇਕ ਘਰ ਵਿਚ। ਭੀਖਿਆ–ਖੈਰ। ਕਿਸੁ ਕਿਸੁ ਉਤਰੁ–ਕਿਹੜੀ ਕਿਹੜੀ (ਕਰਤੂਤ) ਦਾ ਉੱਤਰ। ਮੜੀ–ਮੱਠ, ਕੁਟੀਆ। ਕਾਲਿ–ਕਾਲ ਨੇ। ਹਾਥ–ਡੂੰਘਾਈ, ਅਸਲੀਅਤ, ਜ਼ਿੰਦਗੀ ਦਾ ਅਸਲ ਰਾਹ।੧।

ਅਰਥ :–

ਪ੍ਰ:–ਕਿਸੇ ਜੋਗੀ ਨੇ ਗੁਰੂ ਅਮਰ ਦਾਸ ਨੂੰ ਜੋਗ ਧਾਰਨ ਕਰਨ ਲਈ ਪ੍ਰੇਰਨਾ ਕੀਤਾ ਕਿ, ਜੇ ਆਪ ਜੋਗ ਮਤਿ ਵਿਚ ਆ ਜਾਉ ਤਾਂ ਰੱਬੀ ਦਰਗਾਹ ਵਿਚ ਆਪ ਜੀ ਤੋਂ ਕੋਈ ਲੇਖਾ ਨਹੀਂ ਮੰਗਿਆ ਜਾਵੇਗਾ ?

1. ਉ –ਹੇ ਜੋਗੀ ! ਸੁਣ, ਜੇ ਮੈਂ (ਤੇਰੇ ਕਹਿਣ ਮੁਤਾਬਕ ਜੋਗ ਮਤਿ ਧਾਰਨ ਕਰ ਲਵਾਂ) ਅਤੇ ਜਗਤ ਵਿਚ ਭੌਂਦਾ ਫਿਰਾਂ ਅਤੇ ਘਰ ਘਰ ਤੋਂ (ਨਿਰਾ) ਖੈਰ ਹੀ ਲੈਂਦਾ ਰਹਾਂ।
2. ਹੇ ਜੋਗੀ ! ਦਸ, ਜਦੋਂ ਅਗੇ ਦਰਗਾਹ ਵਿਚ ਲੇਖਾ ਮੰਗਿਆ ਜਾਵੇਗਾ ਤਾਂ ਮੈਂ ਕਿਸ ਕਿਸ ਨੂੰ ਉੱਤਰ ਦਿਆਂਗਾ. ਭਾਵ ਜਿਨ੍ਹਾਂ ਲੋਕਾਂ ਪਾਸੋਂ ਮੰਗ ਮੰਗ ਕੇ ਖਾਧਾ ਹੈ, ਉਹ ਸਾਰੇ ਹੀ ਲੋਕ ਮੇਰੇ ਪਾਸੋਂ ਲੇਖਾ ਲੈਣ ਲਈ ਦੁਆਲੇ ਹੋ ਜਾਣਗੇ। (ਭਾਵ ਜੋ ਮਨੁੱਖ ਜੋਗੀ ਬਣਕੇ ਘਰਾਂ ਘਰਾਂ ਵਿਚ ਖੈਰ ਹੀ ਮੰਗਦਾ ਰਹਿੰਦਾ ਹੈ ਤੇ ਆਪਣੀਆਂ ਕਰਤੂਤਾਂ ਵਲ ਨਹੀਂ ਵੇਖਦਾ, ਪਰ ਪ੍ਰਭੂ ਦੀ ਹਜ਼ੂਰੀ ਵਿਚ ਤਾਂ ਅਮਲਾਂ ਦਾ ਲੇਖਾ ਮੰਗਿਆ ਜਾਂਦਾ ਹੈ, ਕਿਸੇ ਬਾਹਰਲੇ ਭੇਖ ਦੀ ਕੋਈ ਭੀ ਕੀਮਤ ਨਹੀਂ ਹੈ)।

ਪ੍ਰ:–ਕਿਉਂ ਜੀ ! ਆਪ ਕਿਹੋ ਜਿਹੇ ਬਾਹਰਲੇ ਭੇਖ ਨੂੰ ਸੱਚਾ ਸਮਝਦੇ ਹੋ ?

3. ਉ:–ਐ ਪਿਆਰੇ ! ਜਿਸ ਮਨੁੱਖ ਨੇ ਪ੍ਰਭੂ ਦੇ ਨਾਮ ਨੂੰ ਭਿਛਿਆ ਬਣਾਇਆ ਹੈ ਅਤੇ ਸੰਤੋਖ ਨੂੰ ਕੁਟੀਆ ਬਣਾਇਆ ਹੈ, ਰੱਬ ਸਦਾ ਉਸ ਦੇ ਨਾਲ ਹੈ।
4. ਇਸ ਲਈ, ਹੇ ਜੋਗੀ ! ਭੇਖਾਂ ਨਾਲ ਕਦੇ ਕਿਸੇ ਨੂੰ ਅਸਲੀਅਤ ਨਹੀਂ ਲਭੀ, ਸਾਰੀ ਸ੍ਰਿਸ਼ਟੀ ਜਮਕਾਲ ਨੇ ਬੰਨ੍ਹ ਰਖੀ ਹੈ।

ਪ੍ਰ:–ਸ੍ਰੀ ਜੀਉ ! ਦਸੋ; ਮੈਨੂੰ ਕੀ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

5 ਉ:-ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ;

ਹੇ ਭਾਈ ! ਤੂੰ ਪ੍ਰਭੂ ਦਾ ਨਾਮ ਹੀ ਯਾਦ ਕਰ; ਇਸ ਤੋਂ ਛੁੱਟ ਹੋਰ (ਸਭੇ) ਗੱਲਾਂ ਕੂੜੀਆਂ ਹਨ ।੧।

ਭਾਵਾਰਥ :—ਜੋਗ ਆਦਿ ਭੇਖ ਕਿਸੇ ਭੀ ਕੰਮ ਦੇ ਨਹੀਂ ਨਾਮ ਹੀ ਅਸਲ ਸਾਧਨ ਹੈ, ਇਸ ਨਾਮ ਦੀ ਪ੍ਰਾਪਤੀ ਕਿਸੇ ਹੋਰ ਤੋਂ ਨਹੀਂ ਹੋ ਸਕਦੀ, ਕੇਵਲ ਸੱਚ ਦੇ ਪਾਰਖੂ ਗੁਰੂ ਤੋਂ ਹੀ ਹੁੰਦੀ ਹੈ ।

ਮ: ੩ ॥

1. ਜਿਤੁ ਦਰਿ ਲੇਖਾ ਮੰਗੀਐ ਸੋ ਦਰੁ ਸੇਵਿਹੁ ਨ ਕੋਇ ॥
2. ਐਸਾ ਸਤਿਗੁਰੁ ਲੋੜਿ ਲਹੁ
ਜਿਸੁ ਜੇਵਡੁ ਅਵਰੁ ਨ ਕੋਇ ॥
3. ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ॥
4. ਸਚੁ ਦ੍ਰਿੜਾਏ ਸਚੁ ਦ੍ਰਿੜੁ ਸਚਾ ਓਹੁ ਸਬਦੁ ਦੇਇ ॥
5. ਹਿਰਦੈ ਜਿਸਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ ॥
6.ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ॥
7. ਸਚੇ ਮਾਹਿ ਸਮਾਵਸੀ ਜਿਸਨੋ ਨਦਰਿ ਕਰੇਇ ॥੨॥

ਪਦ ਅਰਥ :—ਜਿਤੁ ਦਰਿ–ਜਿਸ ਦਰ ਤੇ । ਦ੍ਰਿੜਾਏ–ਪੱਕਾ ਕਰਦਾ ਹੈ, ਪੱਕੀ ਗੰਢ ਬੰਨ੍ਹਾਂਦਾ ਹੈ । ਦ੍ਰਿੜੁ–ਦ੍ਰਿੜ੍ਹ ਕਰਦਾ ਹੈ, ਪੱਲੇ ਬੰਨ੍ਹਦਾ ਹੈ । ਹੁਕਮਿ ਮੰਨਿਐ–ਜੇ ਹੁਕਮ ਮੰਨ ਲਈਏ, ਹੁਕਮ ਮੰਨ ਲਿਆ ।੨।

ਅਰਥ :—

ਪ੍ਰ:—ਸ੍ਰੀ ਜੀਉ ! ਅਨੇਕਾਂ ਲੋਕ ਧਾਰਮਿਕ ਲਿਬਾਸ ਵਿਚ ਆਪੋ ਆਪਣੇ ਡੇਰੇ ਬਣਾ ਕੇ ਆਪਣੇ ਆਪਣੇ ਦਰਾਂ ਵਿਚ ਬੈਠੇ ਹਨ ਅਤੇ ਉਹ ਦਾਵਾ ਭੀ ਕਰਦੇ ਹਨ ਕਿ ਅਸੀਂ ਮਨੁੱਖਾਂ ਦੇ ਕੀਤੇ ਕਰਮਾਂ ਦਾ ਲੇਖਾ ਮੁਕਾ ਦੇਣ ਦੀ ਸਮਰਥਾ ਰਖਦੇ ਹਾਂ, ਪਰ, ਆਪ ਜੀ ਦਸੋ ਕਿ, ਅਸੀਂ ਕਿਸ ਦਾ ਬੂਹਾ ਜਾ ਮਲੀਏ, ਕਿਉਂਕਿ, ਅਸੀਂ ਕਲਜੁਗੀ ਜੀਵ ਸਚਾਈ ਨੂੰ ਪਰਖਣ ਵਲੋਂ ਉੱਕੇ ਹੀ ਸੱਖਣੇ ਹਾਂ ?

1. **ਉ**:—ਹੇ ਭਾਈ ! ਉਂਝ ਤਾਂ ਹਰ ਕਾਰਜ ਦੀ ਅਰੰਭਤਾ ਵਿਚ ਸੋਚ ਵਿਚਾਰ ਕਰਦੇ ਰਹਿਣਾ ਹੀ ਜੋਗ ਹੈ, ਪਰ, ਜਦੋਂ ਕਿਸੇ ਰੱਬੀ ਮਾਰਗ ਤੇ ਟੁਰਨ ਵਾਲੇ ਦਾ ਬੂਹਾ ਮੱਲਣਾ ਹੋਵੇ ਉਸ ਬਾਰੇ ਤਾਂ ਮਨੁੱਖ ਨੂੰ ਆਪਣੀ ਬਹੁਤ ਹੀ ਸਿਆਣਪ ਵਰਤਣੀ ਚਾਹੀਦੀ ਹੈ, (ਕਿਉਂਕਿ) ਕਈ ਵਾਰ ਸਰਲ ਚਿੱਤ ਮਨੁੱਖ ਕਿਸੇ ਦੇ ਬਾਹਰਲੇ ਲਿਬਾਸ ਨੂੰ ਹੀ ਵੇਖ ਕੇ ਭਰਮ ਜਾਂਦੇ ਹਨ, ਜਿਸ ਦਾ ਫਲ ਆਖਰ ਪਛੋਤਾਪ ਹੀ ਹਾਸਿਲ ਹੁੰਦਾ ਹੈ ?

ਇਸ ਲਈ, ਐ ਪਿਆਰੇ ! ਜਿਸ ਬੂਹੇ ਤੇ (ਜਾ ਕੇ ਬੈਠਿਆਂ ਕੀਤੇ ਕਰਮਾਂ ਦਾ) ਲੇਖਾ ਫਿਰ ਭੀ ਮੰਗਿਆ ਜਾਣਾ ਹੈ, (ਯਾਦ ਰਖੋ) ਉਹ ਬੂਹਾ (ਕਦੇ ਭੀ) ਕੋਈ ਨਾ ਮਲਿਓ ।

2. ਇਸ ਲਈ, ਐ ਪਿਆਰੇ ! ਅਰੰਭ ਵਿਚ ਹੀ ਕੋਈ ਐਸਾ ਗੁਰੂ ਲਭੋ ਜਿਸ ਵਰਗਾ ਹੋਰ (ਕੋਈ) ਨਾ ਲਭ ਸਕੇ ।

3. (ਕਿਉਂਕਿ) ਉਸ ਗੁਰੂ ਦੀ ਸ਼ਰਨ ਪਿਆਂ ਹੀ (ਕਰਮਾਂ ਦੇ ਗੇੜ ਤੋਂ) ਮੁਕਤ ਹੋ ਸਕੀਦਾ ਹੈ, (ਫਿਰ ਕਿਸੇ ਕਰਮਾਂ ਦਾ) ਲੇਖਾ ਕੋਈ ਨਹੀਂ ਮੰਗਦਾ ।

4. (ਕਿਉਂਕਿ) ਉਹ ਗੁਰੂ ਆਪ ਪ੍ਰਭੂ ਦਾ ਨਾਮ ਪੱਲੇ ਬੰਨ੍ਹਦਾ ਹੈ (ਸ਼ਰਨ ਆਇਆਂ ਦੇ ਪੱਲੇ ਬਨ੍ਹਾਂਦਾ ਹੈ (ਤੇ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਦੇਂਦਾ ਹੈ ।

5. ਹੇ ਪਿਆਰੇ ! ਜਿਸ ਮਨੁੱਖ ਦੇ ਹਿਰਦੇ ਵਿਚ ਰੱਬ ਆ ਵਸਦਾ ਹੈ, ਉਸ ਦਾ ਸਰੀਰ ਭੀ ਉਸ ਦਾ ਮਨ ਭੀ ਰੱਬ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜੇ ਪ੍ਰਭੂ ਦੀ ਰਜ਼ਾ ਮੰਨ ਲਈਏ ਤਾਂ ਉਹ ਸੱਚੀ ਵਡਿਆਈ ਬਖਸ਼ਦਾ ਹੈ ।

7. ਪਰ, ਹੇ ਭਾਈ ! ਉਹੀ ਮਨੁੱਖ ਆਪਣਾ ਆਪ ਪ੍ਰਭੂ ਵਿਚ ਲੀਨ ਕਰਦਾ ਹੈ, ਜਿਸ ਉਤੇ ਉਹ ਆਪ ਹੀ ਮਿਹਰ ਦੀ ਨਜ਼ਰ ਕਰਦਾ ਹੈ ।੨।

ਭਾਵਾਰਥ :—ਜਦੋਂ ਕੋਈ ਰੱਬੀ ਮਾਰਗ ਤੇ ਟੁਰਨ ਦੀ ਇੱਛਾ ਕਰਦਾ ਹੈ, ਤਾਂ ਉਸ ਨੂੰ ਸਹੀ ਰੂਪ ਵਿਚ ਰੱਬੀ ਰਾਹ ਤੇ ਚਲਣ ਵਾਲੇ ਪੂਰਨ ਗੁਰੂ ਦੀ ਪੜਤਾਲ ਕਰਨੀ ਹੀ ਅਤਿ ਜਰੂਰੀ ਹੈ, ਤਾਂ ਕਿ ਉਸ ਦੇ ਕੀਤੇ ਕਰਮਾਂ ਦਾ ਲੇਖਾ ਮੁੱਕ ਜਾਏ, ਨਹੀਂ ਤਾਂ ਅਧੂਰੇ ਪਖੰਡੀ ਲੋਕਾਂ ਦੇ ਬੂਹੇ ਤੇ ਭਟਕਣ ਦਾ ਫਲ, ਜੰਮਣ ਮਰਨ ਦਾ ਚੱਕਰ ਹੀ ਬਣਿਆਂ ਰਹਿੰਦਾ ਹੈ ।

ਪਉੜੀ ॥

1. ਸੂਰੇ ਏਹਿ ਨ ਆਖੀਅਹਿ
ਅਹੰਕਾਰਿ ਮਰਹਿ ਦੁਖੁ ਪਾਵਹਿ ॥
2. ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
3.ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ॥
4. ਹਰਿ ਜੀਉ ਅਹੰਕਾਰੁ ਨ ਭਾਵਈ
ਵੇਦ ਕੂਕਿ ਸੁਣਾਵਹਿ ॥
5. ਅਹੰਕਾਰਿ ਮੁਏ ਸੇ ਵਿਗਤੀ ਗਏ
ਮਰਿ ਜਨਮਹਿ ਫਿਰਿ ਆਵਹਿ ॥੯॥

ਪਦ ਅਰਥ :—ਦੂਜੈ–ਦੂਜੇ ਵਿਚ, ਰੱਬ ਨੂੰ ਛਡ ਕੇ ਹੋਰ ਵਿਚ, ਮਾਇਆ ਦੇ ਮੋਹ ਵਿਚ । ਅਗੈ ਪਿਛੈ–ਸਹੁਰੇ ਪੇਕੇ, ਲੋਕ ਪ੍ਰਲੋਕ ਵਿਚ । ਵਿਗਤੀ–ਬੇ-ਗਤੇ ।੯।

ਅਰਥ :—

ਪ੍ਰ:—ਕਿਉਂ ਜੀ ! ਆਪ ਜੀ ਸੂਰਮੇ ਕਿਸ ਤਰ੍ਹਾਂ ਦੇ ਮਨੁੱਖਾਂ ਨੂੰ ਮੰਨਦੇ ਹੋ ?

1. **ਉ**:—ਹੇ ਭਾਈਓ ! ਜੋ ਮਨੁੱਖ ਅਹੰਕਾਰ ਵਿਚ ਮਰਦੇ ਹਨ, (ਖਪਦੇ ਹਨ) ਤੇ ਦੁੱਖ ਪਾਂਦੇ ਹਨ, ਉਨ੍ਹਾਂ ਨੂੰ ਸੂਰਮੇ ਨਹੀਂ ਆਖੀਦਾ ।

2. (ਕਿਉਂਕਿ) ਉਹ (ਅਹੰਕਾਰੀ) ਅੰਨ੍ਹੇ ਆਪਣਾ ਅਸਲਾ ਨਹੀਂ ਪਛਾਣਦੇ ਤੇ ਮਾਇਆ ਦੇ ਮੋਹ ਵਿਚ ਹੀ ਖ਼ੁਆਰ ਹੁੰਦੇ ਹਨ।
3. (ਅਤੇ) ਬੜੇ ਕ੍ਰੋਧ ਵਿਚ ਆ ਕੇ (ਦੂਜਿਆਂ ਨਾਲ) ਲੜਦੇ ਹਨ ਅਤੇ ਉਹ ਲੋਕ ਪ੍ਰਲੋਕ ਵਿਚ ਦੁੱਖ ਹੀ ਪਾਂਦੇ ਹਨ।
4. ਹੇ ਭਾਈਓ ! ਵੇਦ ਆਦਿਕ ਧਰਮ ਪੁਸਤਕ ਭੀ ਪੁਕਾਰ ਕੇ ਕਹਿ ਰਹੇ ਹਨ ਕਿ ਰੱਬ ਨੂੰ ਅਹੰਕਾਰ ਚੰਗਾ ਨਹੀਂ ਲਗਦਾ।
5. ਜੋ ਮਨੁੱਖ ਅਹੰਕਾਰ ਵਿਚ ਹੀ ਮਰਦੇ ਰਹੇ, ਉਹ ਬਿ-ਗਤੇ ਹੀ ਗਏ, (ਉਨ੍ਹਾਂ ਦਾ ਜੀਵਨ ਨਾ ਸੁਧਰਿਆ) ਉਹ ਮੁੜ ਮੁੜ ਮਰਦੇ ਜੰਮਦੇ ਰਹਿੰਦੇ ਹਨ।੯।

ਭਾਵਾਰਥ :—ਉਹ ਨਹੀਂ ਸੂਰਮੇ, ਜੋ ਅਹੰਕਾਰੀ ਹੋਕੇ ਮਾਇਆ ਦੀ ਖਾਤਰ, ਲੜ ਮਰਦੇ ਹਨ, ਅਸਲ ਬਹਾਦਰ ਤਾਂ ਉਹੀ ਹਨ ਜੋ ਨਿਰ-ਹੰਕਾਰ ਬੰਦੇ ਹਨ, ਪਰ ਉਹ ਹੰਕਾਰੀ ਤਾਂ ਜਨਮ ਅਜਾਈਂ ਗਵਾ ਗਏ, (ਕਿਉਂਕਿ) ਅਹੰਕਾਰ ਤਾਂ ਰੱਬ ਨੂੰ ਭੀ ਚੰਗਾ ਹੀ ਨਹੀਂ ਲਗਦਾ।

ਸਲੋਕੁ ਮ: ੩ ॥

1. ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥
2. ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥
3. ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥
4. ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥੧॥

ਪਦ ਅਰਥ :—ਕਾਗਉ—ਕਾਗ ਤੋਂ। ਪਾਰੁ—ਪਾਰਲਾ ਬੰਨਾ। ਪਿਰਮ ਪਦਾਰਥੁ—ਪਿਆਰੇ ਪ੍ਰਭੂ ਦਾ ਨਾਮ । ਧੰਨੁ ਸਵਾਰਣਹਾਰੁ-ਸ਼ਾਬਾਸ਼ੇ ਉਸ ਦੇ ਸਵਾਰਨ ਵਾਲੇ (ਗੁਰੂ) ਨੂੰ। ਸਿਰਿ ਕਾਸਟ—ਲੱਕੜ ਦੇ ਸਿਰ ਤੇ (ਚੜ੍ਹ ਕੇ)। ਭੈ—ਭਉ ਵਿਚ। ਸਾਰੁ—ਚੰਗੀ ।੧।

ਅਰਥ :—

ਪ੍ਰ:—ਸ੍ਰੀ ਜੀਉ ! ਗੁਰੂ ਵਿਚ ਆਪ ਕਿਹੜੀ ਵਿਸ਼ੇਸ਼ਤਾ ਵੇਖਦੇ ਹੋ ?
1. **ਉ.**—ਹੇ ਭਾਈਓ ! ਵੇਖੋ, ਕਾਂ ਤੋਂ ਚਿੱਟਾ ਹੰਸ ਨਹੀਂ ਬਣ ਸਕਦਾ ਅਤੇ ਲੋਹੇ ਦੀ ਬੇੜੀ (ਨਦੀ ਦਾ) ਪਾਰਲਾ ਕੰਢਾ ਨਹੀਂ ਲਭ ਸਕਦੀ।
2. ਪਰ, ਐ ਪਿਆਰੇ ! ਸ਼ਾਬਾਸ਼ੇ ਉਸ ਸਵਾਰਨ ਵਾਲੇ (ਗੁਰੂ) ਨੂੰ (ਜਿਸ ਦੀ ਮਤਿ ਲੈ ਕੇ ਕਾਂ ਵਰਗੇ ਕਾਲੇ ਮਨ ਵਾਲਾ ਭੀ) ਪ੍ਰਮੇਸ਼ਰ ਦਾ ਨਾਮ ਅੰਗੀਕਾਰ ਕਰਦਾ ਹੈ, ਹੁਕਮ ਪਛਾਣਦਾ ਹੈ ਤਾਂ (ਕਾਂ ਤੋਂ) ਹੰਸ ਬਣ ਜਾਂਦਾ ਹੈ।
3. (ਜਿਵੇਂ) ਲੱਕੜ ਦੇ ਆਸਰੇ ਲੋਹਾ (ਨਦੀ ਦੇ) ਪਾਰਲੇ ਕੰਢੇ ਜਾ ਲਗਦਾ ਹੈ।
4. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਤਿਵੇਂ ਗੁਰੂ ਦੇ ਆਸਰੇ ਜੋ ਤ੍ਰਿਸ਼ਨਾ ਤਿਆਗਦਾ ਹੈ ਤੇ ਰੱਬ ਦੇ ਡਰ ਵਿਚ ਜੀਉਂਦਾ ਹੈ, (ਬੱਸ, ਸਮਝੋ) ਇਹੀ ਕਰਣੀ ਸਭ ਤੋਂ ਚੰਗੀ ਹੈ, (ਜੋ ਮਨੁੱਖ ਦਾ ਪਾਰ ਉਤਾਰਾ ਕਰਦੀ ਹੈ)।੧।

ਭਾਵਾਰਥ :—ਹੁਕਮੀ ਬੰਦਾ ਬਣਨ ਨਾਲ ਮੰਦਾ ਮਨੁੱਖ ਭੀ ਚੰਗਾ ਬਣ ਕੇ ਤਰ ਜਾਂਦਾ ਹੈ।

ਮ: ੩ ॥

1. ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥
2. ਨਾਨਕ ਜੇ ਇਹੁ ਮਾਰੀਐ ਗੁਰਸਬਦੀ ਵੀਚਾਰਿ ॥
3. ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥
4. ਨਾਨਕ ਮਨ ਹੀ ਕਉ ਮਨੁ ਮਾਰਸੀ
ਜੇ ਸਤਿਗੁਰੁ ਭੇਟੈ ਸੋਇ ॥੨॥

ਪਦ ਅਰਥ :—ਮਾਰੂ—ਮਾਰੂ ਥਲ ਵਿਚ, ਭਾਵ ਜੰਗਲ ਬੀਆਬਾਨ ਵਿਚ। ਸਭੁ ਕੋਇ—ਹਰੇਕ ਜੀਵ । ਭੇਟੈ—ਮਿਲ ਪਏ। ਸੋਇ—ਉਹ (ਭਾਵ ਸਮਰੱਥ)।੨।

ਅਰਥ :—

ਪ੍ਰ:—ਕਿਉਂ ਜੀ ! ਕੀ ਜੰਗਲਾਂ ਵਿਚ ਜਾਣ ਵਾਲੇ ਮਨੁੱਖ ਆਪਣੇ ਮਨ ਨੂੰ ਮੰਦੇ ਸੁਭਾਉ ਵਲੋਂ ਮਾਰ ਲੈਂਦੇ ਹਨ ?
1. **ਉ:**—ਹੇ ਭਾਈ ! ਜੋ ਮੂਰਖ (ਲੋਕ) ਬਾਹਰ ਜੰਗਲਾਂ ਵਿਚ ਮਨ ਨੂੰ ਮਾਰਨ ਵਾਸਤੇ ਗਏ (ਹਨ)। ਉਹ (ਮਨ ਨੂੰ) ਮਾਰ ਨਹੀਂ ਸਕੇ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੇ ਇਹ ਮਨ ਵਸ ਕੀਤਾ ਜਾ ਸਕਦਾ ਹੈ, ਤਾਂ ਗੁਰੂ ਦੇ ਸ਼ਬਦ ਵਿਚ ਵੀਚਾਰ ਕੀਤਿਆਂ ਹੀ ਇਸ ਨੂੰ ਵੱਸ ਕੀਤਾ ਜਾ ਸਕਦਾ ਹੈ।
3. (ਨਹੀਂ ਤਾਂ ਉਂਞ) ਭਾਵੇਂ ਕੋਈ ਕਿਤਨੀ ਹੀ ਤਾਂਘ ਕਰੇ, ਇਹ ਮਨ ਜਤਨ ਕੀਤਿਆਂ ਵਸ ਵਿਚ ਨਹੀਂ ਆਉਂਦਾ।

ਪ੍ਰ:—ਸ੍ਰੀ ਜੀਉ ! ਆਖਰ, ਇਹ ਮਨ ਨੂੰ ਵਸ ਵਿਚ ਕਿਵੇਂ ਕੀਤਾ ਜਾਵੇ ?
4. **ਉ:**—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜੇ ਸਮਰੱਥ ਗੁਰੂ ਮਿਲ ਪਏ ਤਾਂ ਮਨ ਹੀ ਮਨ ਨੂੰ ਮਾਰ ਲੈਂਦਾ ਹੈ, ਭਾਵ, ਗੁਰੂ ਦੀ ਸਹਾਇਤਾ ਨਾਲ ਅੰਦਰ ਵਲ ਪਰਤਿਆਂ ਮਨ ਵਸ ਵਿਚ ਆ ਜਾਂਦਾ ਹੈ।੨।

ਭਾਵਾਰਥ :—ਜੰਗਲਾਂ ਵਿਚ ਭਉਣ ਦੀ ਥਾਂ ਮਨ ਦੇ ਮੰਦੇ ਸੁਭਾਉ ਨੂੰ ਮਾਰਨਾ ਚੰਗਾ ਹੈ, ਪਰ ਇਹ ਮਨ ਦਾ ਮਾਰਨਾ ਗੁਰੂ ਦੇ ਮਿਲਾਪ ਨਾਲ ਹੀ ਹਾਸਲ ਹੁੰਦਾ ਹੈ।

ਪਉੜੀ ॥

1. ਦੋਵੈ ਤਰਫਾ ਉਪਾਈਓਨੁ
ਵਿਚਿ ਸਕਤਿ ਸਿਵ ਵਾਸਾ ॥
2. ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥
3. ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ ॥

4. ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥
5. ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ ॥੧੦॥

ਪਦ ਅਰਥ :–ਦੋਵੇ ਤਰਫਾ–ਮਨ ਨੂੰ ਜਿਤਣ ਵਾਲੇ ਸੂਰਮੇ੍ਹ ਤੇ ਮਾਇਆ ਦੀ ਖਾਤਰ ਲੜਨ ਵਾਲੇ ਦੋਵੇਂ ਪਾਸੇ। ਵਿਚਿ–(ਇਸ ਸ੍ਰਿਸ਼ਟੀ) ਵਿਚ। ਸਕਤਿ–ਮਾਇਆ। ਸਿਵ–ਆਤਮਾਂ। ਗਿਰਾਸਾ–ਗਿਰਾਹੀ। ਸਾਸ ਗਿਰਾਸਾ–(ਭਾਵ) ਖਾਂਦਿਆਂ ਪੀਂਦਿਆਂ।੧੦।

ਅਰਥ :–

ਪ੍ਰ:–ਕਿਉਂ ਜੀ ! ਇਸ ਸ੍ਰਿਸ਼ਟੀ ਬਾਰੇ ਆਪ ਜੀ ਕੀ ਵਿਚਾਰ ਰਖਦੇ ਹੋ ?

1. **ਉ**:–ਹੇ ਭਾਈਓ ! ਇਸ ਸ੍ਰਿਸ਼ਟੀ ਵਿਚ ਮਾਇਆ ਤੇ ਆਤਮਾਂ (ਦੋਹਾਂ ਦਾ) ਵਾਸਾ ਹੈ, ਇਨ੍ਹਾਂ ਦੇ ਅਸਰ ਹੇਠ ਕੋਈ ਅਹੰਕਾਰ ਵਿਚ ਦੂਜਿਆਂ ਨਾਲ ਲੜਦੇ ਹਨ ਤੇ ਕੋਈ ਨਾਮ ਦੇ ਧਨੀ ਹਨ ਇਹ ਦੋਵੇਂ ਪਾਸੇ ਪ੍ਰਭੂ ਨੇ ਆਪ ਹੀ ਬਣਾਏ ਹਨ।
2. ਮਾਇਆ ਦੇ ਅਸਰ ਵਿਚ ਰਹਿ ਕੇ ਕਿਸੇ ਨੇ (ਰੱਬ) ਨੂੰ ਨਹੀਂ ਲਭਾ, ਉਹ ਮੁੜ ਮੁੜ ਜੰਮਦਾ ਮਰਦਾ ਹੈ।
3. ਪਰ; ਐ ਪਿਆਰੇ ! ਗੁਰੂ ਦੇ ਹੁਕਮ ਵਿਚ ਤੁਰਿਆਂ, ਖਾਂਦਿਆਂ ਪੀਂਦਿਆਂ ਨਾਮ ਜਪ ਕੇ (ਹਿਰਦੇ ਵਿਚ) ਠੰਢ ਪੈਂਦੀ ਹੈ।
4. ਹੇ ਭਾਈਓ ! ਸਿਮ੍ਰਤੀਆਂ ਤੇ ਸ਼ਾਸਤਰਾਂ (ਆਦਿਕ ਸਾਰੇ ਧਰਮ ਪੁਸਤਕਾਂ ਨੂੰ ਬੇਸ਼ਕ) ਖੋਜ ਕੇ ਵੇਖ ਲਓ, (ਪਰ) ਚੰਗੇ ਮਨੁੱਖ ਉਹੀ ਹਨ, ਜੋ ਪ੍ਰਭੂ ਦੇ ਸੇਵਕ ਹਨ।
5. (ਇਸੇ ਲਈ) ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! 'ਨਾਮ' ਤੋਂ ਬਿਨਾ ਕੋਈ (ਭੀ) ਸ਼ੈ ਥਿਰ ਰਹਿਣ ਵਾਲੀ ਨਹੀਂ. (ਸੋ ਇਸ ਵਾਸਤੇ) ਮੈਂ ਤਾਂ ਪ੍ਰਭੂ ਦੇ ਨਾਮ ਤੋਂ ਸਦਕੇ ਹਾਂ।੧੦।

ਭਾਵਾਰਥ :–ਮਨ ਨਾਲ ਲੜਨ ਵਾਲੇ ਤੇ ਅਹੰਕਾਰੀ ਹੋ ਕੇ ਮਾਇਆ ਦੀ ਖਾਤਰ ਦੂਜਿਆਂ ਨਾਲ ਲੜਨ ਵਾਲੇ ਇਹ ਦੋਵੇਂ ਪਾਸੇ ਪ੍ਰਭੂ ਨੇ ਆਪ ਹੀ ਬਣਾਏ ਹਨ, ਪਰ ਸੁਖੀ ਉਹ ਹੈਨ ਜੋ ਗੁਰੂ ਦੇ ਸਨਮੁਖ ਹੋ ਕੇ ਨਾਮ ਜਪਦੇ ਹਨ।

ਸਲੋਕੁ ਮ: ੩ ॥

1. ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥
2. ਨਵਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥
3. ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ॥
4. ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥੧॥

ਪਦ ਅਰਥ :–ਜੋਤਕੀ–ਜੋਤਸ਼ੀ। ਮੁਖਿ–ਮੂੰਹ ਨਾਲ, ਭਾਵ ਜ਼ਬਾਨੀ। ਨਵ ਖੰਡ–ਧਰਤੀ ਦੇ ਨੌਂ ਹੀ ਖੰਡਾਂ ਵਿਚ, ਸਾਰੀ ਧਰਤੀ ਤੇ। ਪੂਜੀਆ–ਪੂਜਿਆ ਜਾਏ। ਚਜਿ–ਚੱਜ ਦੇ ਕਾਰਨ, ਆਚਰਨ ਕਰ ਕੇ। ਵੀਚਾਰਿ–(ਚੰਗੀ) ਵੀਚਾਰ ਅਕਲ ਦੇ ਕਾਰਨ। ਮਤੁ ਭੁਲਿ ਜਾਇ–ਕਿਤੇ ਭੁਲ ਨਾ ਜਾਏ। ਭਿਟੈ–ਛੂਹ ਜਾਏ। ਸਚਾ ਅਖਰੁ–ਸਦਾ ਕਾਇਮ ਰਹਿਣ ਵਾਲਾ ਹਰਿ ਨਾਮ। ਚਉਕੈ–ਚੌਂਕੇ ਵਿਚ। ਝੂਠੇ–ਨਾਸਵੰਤ। ਸਚਾ–ਸਦਾ ਥਿਰ। ਸੋਇ–ਉਹ ਪ੍ਰਭੂ ਹੀ।੧।

ਅਰਥ :–

ਪ੍ਰ:–ਗੁਰਦੇਵ ਜੀਉ ! ਬਹੁਤ ਲੋਕ ਤਾਂ ਸਰੀਖਕ ਸ਼ੁੱਚਮਤਾਈ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਮੰਨਦੇ ਹਨ, ਪਰ ਆਪ ਜੀ ਦੇ ਇਸ ਬਾਹਰਮੁਖੀ ਅਨੇਕਾਂ ਤਰ੍ਹਾਂ ਦੀ ਕ੍ਰਿਆ ਕਰਦੇ ਰਹਿਣ ਬਾਰੇ ਕੀ ਵੀਚਾਰ ਹਨ ?

1. **ਉ**:–ਹੇ ਭਾਈ ! ਗੁਰਮਤਿ ਅਨੁਸਾਰ ਮੇਰੇ ਤਾਂ ਇਸੇ ਹੀ ਤਰ੍ਹਾਂ ਦੇ ਵੀਚਾਰ ਹਨ ਕਿ, ਜੇ ਮੈਂ (ਧਰਮ ਪੁਸਤਕਾਂ ਦਾ) ਵਿਦਵਾਨ (ਭੀ) ਬਣ ਜਾਵਾਂ ਅਤੇ ਜੋਤਸ਼ੀ ਭੀ ਬਣ ਜਾਵਾਂ ਅਤੇ ਚਾਰੇ ਹੀ ਵੇਦ ਮੂੰਹ ਜ਼ਬਾਨੀ ਪੜ੍ਹ ਸਕਦਾ ਹੋਵਾਂ।
2. (ਫਿਰ ਮੈਂ ਜੇ) ਆਪਣੇ ਆਚਰਨ ਦੇ ਕਾਰਨ ਆਪਣੀ ਚੰਗੀ ਅਕਲ ਦੇ ਕਾਰਨ ਸਾਰੀ ਹੀ ਧਰਤੀ ਵਿਚ ਮੇਰੀ ਇੱਜ਼ਤ ਹੋਵੇ।
3. ਹੇ ਪਿਆਰੇ ! ਜੇ ਮੈਂ ਬੜੀ ਸੁੱਚ ਰਖਾਂ ਤੇ ਖਿਆ'ਲ ਰਖਾਂ ਕਿ, ਕਿਤੇ ਕੋਈ (ਨੀਵੀਂ ਜਾਤ ਵਾਲਾ ਮਨੁੱਖ ਮੇਰੇ) ਚੌਂਕੇ ਨੂੰ ਭਿੱਟ ਨਾ ਜਾਏ, (ਤਾਂ ਇਹ ਸਭ ਕੁਝ ਵਿਅਰਥ ਹੀ ਹੈ) ਹੇ ਭਾਈ ! ਅਸਲ ਵਿਚ ਧਿਆਨ ਇਸ ਗਲ ਦਾ ਰਹਿਣਾ ਚਾਹੀਦਾ ਹੈ ਕਿ, ਕਿਤੇ ਸਦਾ ਕਾਇਮ ਰਹਿਣ ਵਾਲਾ ਹਰਿ ਨਾਮ (ਮਨ ਤੋਂ) ਭੁੱਲ ਨਾ ਜਾਵੇ।
4. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਇਸ ਲਈ ਕਿ, ਸਾਰੇ ਚੌਂਕੇ ਨਾਸਵੰਤ ਹਨ, ਸਦਾ ਕਾਇਮ ਰਹਿਣ ਵਾਲਾ ਸਿਰਫ ਪ੍ਰਮੇਸ਼ਰ ਜੀ ਦਾ ਨਾਮ ਹੀ ਹੈ।੧।

ਭਾਵਾਰਥ :–ਇਸ ਮਹਾਂਵਾਕ ਵਿਚ ਪੰਡਤਾਂ ਦੀ ਬਾਹਰਮੁਖੀ ਸੁੱਚ ਭਿੱਟ ਅਤੇ ਚਉਂਕੇ ਦੇ ਖਿਆਲ ਨੂੰ ਝੂਠਾ ਦਸਦੇ ਹੋਏ ਕਹਿੰਦੇ ਹਨ ਕਿ ਸੱਚਾ ਇਕੋ ਹੀ ਹਰੀ ਹੈ ਉਹੀ ਸਰਬ ਕਲਾ ਸਮਰੱਥ ਹੈ, ਉਸੇ ਦਾ ਨਾਮ ਚਿੰਤਨ ਕਰਦੇ ਰਹਿਣ ਨਾਲ ਮਨੁੱਖ ਸਹੀ ਰੂਪ ਵਿਚ ਸੁੱਚਾ ਬਣ ਸਕਦਾ ਹੈ।

ਮ: ੩ ॥

1. ਆਪਿ ਉਪਾਏ ਕਰੇ ਆਪਿ ਆਪੇ ਨਦਰਿ ਕਰੇਇ ॥
2. ਆਪੇ ਦੇ ਵਡਿਆਈਆ ਕਹੁ ਨਾਨਕ ਸਚਾ ਸੋਇ॥੨॥

ਪਦ ਅਰਥ :–ਉਪਾਏ–ਪੈਦਾ ਕਰਦਾ ਹੈ (ਜੀਵਾਂ)। ਨਦਰਿ–ਮੇਹਰ ਦੀ ਨਜ਼ਰ।੨।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਨੂੰ ਆਪ ਜੀ ਕਿਤਨੀ ਕੁ ਸ਼ਕਤੀ ਦਾ ਮਾਲਕ ਅਨੁਭਵ ਕਰਦੇ ਹੋ ?

1. **ਉ**:–ਹੇ ਪਿਆਰੇ ! ਉਹ ਪ੍ਰਭੂ ਤਾਂ ਬੇਅੰਤ ਸ਼ਕਤੀਆਂ ਦਾ

ਭੰਡਾਰ ਹੈ, ਵੇਖੋ, ਪ੍ਰਭੂ ਆਪ ਹੀ (ਜੀਆਂ ਨੂੰ) ਪੈਦਾ ਕਰਦਾ ਹੈ ਅਤੇ (ਸਭੇ ਕਾਰਜ ਭੀ) ਉਹ ਆਪ ਹੀ ਕਰਦਾ ਹੈ, ਆਪ ਹੀ ਉਹ ਜੀਵਾਂ ਤੇ ਮਿਹਰ ਦੀ ਨਜ਼ਰ ਕਰਦਾ ਹੈ।

2. ਆਪ ਹੀ ਵਡਿਆਈਆਂ ਦੀ ਬਖਸ਼ਸ਼ ਕਰਦਾ ਹੈ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਆਪ ਹੀ (ਸਭ ਕੁਝ ਕਰਨ ਦੇ ਸਮਰੱਥ) ਹੈ।੨।

ਭਾਵਾਰਥ :–ਉਹ ਸਰਬ ਕਲਾ ਸਮਰਥ ਪ੍ਰਭੂ ਜੀ ਬੇਅੰਤ ਸ਼ਕਤੀਆਂ ਦਾ ਭੰਡਾਰ ਹੈ, ਕਿਉਂਕਿ, ਹਰ ਤਰ੍ਹਾਂ ਦੀ ਕ੍ਰਿਆ ਉਸੇ ਦੇ ਆਸਰੇ ਹੋ ਰਹੀ ਹੈ।

ਪਉੜੀ॥

1. ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ॥
2. ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ॥
3. ਗੁਰਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ॥
4. ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ॥
5. ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ॥੧੧॥

ਪਦ ਅਰਥ :–ਕੰਟਕੁ–ਕੰਡਾ। ਕਾਲੁ–ਮੌਤ, ਮੌਤ ਦਾ ਸਹਿਮ। ਅਫਰਿਓ–ਅਮੋੜ, ਜਿਸ ਦੇ ਰਾਹ ਵਿਚ ਕੋਈ ਰੋਕ ਨਾ ਪਾ ਸਕੇ। ਲੂਝੈ–ਝਗੜਦਾ ਹੈ, ਅੜਦਾ ਹੈ। ਭੇਦੀਐ–ਵਿੰਝ ਜਾਈਏ।੧੧। **ਅਰਥ** :–

ਪ੍ਰ:–ਸ੍ਰੀ ਜੀਉ! ਆਪ ਜੀ, ਜੀਵਾਂ ਲਈ ਸਭ ਤੋਂ ਵਧੇਰੇ ਦੁੱਖ ਰੂਪ ਕੰਡਾ ਕਿਸਨੂੰ ਸਮਝਦੇ ਹੋ?

1. ਉ:–ਹੇ ਭਾਈ! ਹਰ ਮਨੁੱਖ ਲਈ ਮੌਤ (ਦਾ ਡਰ ਹੀ) ਇਕ (ਐਸਾ) ਕੰਡਾ ਹੈ (ਜੋ ਹਰ ਵੇਲੇ ਦਿਲ ਵਿਚ ਚੁੱਭਦਾ ਹੈ) ਭਾਵ, ਕੋਈ ਹੋਰ ਕੰਡਾ (ਸਹਿਮ) ਇਸ ਵਰਗਾ ਨਹੀਂ ਹੈ।

2. (ਇਹ ਮੌਤ) ਸਾਰੇ ਜਗਤ ਵਿਚ ਵਰਤ ਰਹੀ ਹੈ, ਕੋਈ ਇਸ ਨੂੰ ਰੋਕ ਨਹੀਂ ਸਕਦਾ, (ਪਰ, ਮੌਤ ਦਾ ਸਹਿਮ) ਵਿਕਾਰੀ ਬੰਦਿਆਂ ਨੂੰ (ਖਾਸ ਤੌਰ ਤੇ) ਅੜਦਾ ਹੈ, (ਭਾਵ, ਦਬਾਂਦਾ ਹੈ)।

ਪ੍ਰ:–ਕਿਉਂ ਜੀ! ਕੀ, ਇਸ ਮੌਤ ਦੇ ਸਹਿਮ ਤੋਂ ਕੋਈ ਬਚ ਭੀ ਸਕਦਾ ਹੈ?

3. ਉ:–ਐ ਪਿਆਰੇ! ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ (ਦੇ) ਨਾਮ ਵਿਚ ਪ੍ਰੋਤਾ ਜਾਂਦਾ ਹੈ, ਜੋ ਆਪਣੇ ਮਨ ਦੇ ਨਾਲ ਟਾਕਰਾ ਲਾਂਦਾ ਹੈ, ਉਹ ਸਿਮਰਨ ਕਰ ਕੇ (ਅਸਲੀਅਤ ਨੂੰ) ਸਮਝ ਲੈਂਦਾ ਹੈ।

4. ਉਹ ਪ੍ਰਭੂ ਦੀ ਸਰਣ ਪੈ ਕੇ (ਮੌਤ ਦੇ ਸਹਿਮ ਤੋਂ) ਬਚ ਜਾਂਦਾ ਹੈ।

5. ਹੇ ਭਾਈ! ਜੋ ਮਨੁੱਖ ਆਪਣੇ ਮਨ ਵਿਚ (ਪ੍ਰਭੂ ਦੇ ਗੁਣਾਂ ਦੀ) ਵੀਚਾਰ ਕਰ ਕੇ ਬੰਦਗੀ ਕਰਦਾ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ।੧੧।

ਭਾਵਾਰਥ :–ਧਨ ਪਦਾਰਥ ਦੇ ਮਾਣ ਵਿਚ ਆ ਕੇ ਵਿਕਾਰ ਕਰਨ ਵਾਲੇ ਦੁੱਖੀ ਹਨ, ਕਿਉਂਕਿ, ਜਗਤ ਵਿਚ ਅਸਲ ਦੁੱਖ ਇਕੋ ਹੀ ਹੈ, ਉਹ ਹੈ ਮੌਤ ਦਾ ਡਰ ਤੇ ਇਹ ਮੌਤ ਦਾ ਡਰ ਧਨੀਆਂ ਤੇ ਵਿਕਾਰੀਆਂ ਨੂੰ ਹਰ ਵੇਲੇ ਸਹਿਮ ਵਿਚ ਪਾਈ ਰਖਦਾ ਹੈ, ਮਨ ਨੂੰ ਕਾਬੂ ਰਖਣ ਨਾਲ ਹਰੀ ਦਾ ਸਿਮਰਨ ਕਰਦਿਆਂ ਮੌਤ ਦਾ ਡਰ ਦੂਰ ਹੁੰਦਾ ਅਤੇ ਜਨਮ ਦੀ ਸਫਲਤਾ ਹਾਸਿਲ ਹੁੰਦੀ ਹੈ।

ਸਲੋਕੁ ਮ: ੧॥

1. ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥
2. ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ॥
3. ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥
4. ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥੧॥

ਪਦ ਅਰਥ :–ਸਾਖਤੀ–ਬਨਾਵਟ, ਪ੍ਰਭੂ ਨਾਲ ਜੋੜ। ਦਰਵਾਨੀ–ਰਾਖੀ। ਦਿਲੁ ਰਾਸਿ–ਦਿਲ ਨੂੰ ਸਿਧੇ ਰਾਹ ਤੇ ਰਖਣਾ। ਰਜਾਈ–ਰਜ਼ਾ ਦਾ ਮਾਲਕ ਪ੍ਰਮਾਤਮਾਂ।੧।

ਅਰਥ :–

ਪ੍ਰ:–ਸ੍ਰੀ ਜੀਉ! ਕੋਈ ਅਜਿਹਾ ਸਾਧਨ ਦਸੋ; ਜਿਸਦੀ ਬਰਕਤ ਨਾਲ ਉਸ ਪ੍ਰਭੂ ਜੀ ਦੇ ਨਾਲ ਬਣ ਆਵੇ?

1. ਉ:–ਹੇ ਪਿਆਰੇ! ਉਸ ਪ੍ਰਮੇਸ਼ਰ ਜੀ ਦੇ ਹੁਕਮ ਵਿਚ ਤੁਰਿਆਂ ਉਸ ਪ੍ਰਮੇਸ਼ਰ ਜੀ ਦੇ ਨਾਲ ਬਣ ਆਉਂਦੀ ਹੈ, (ਕਿਉਂਕਿ) ਉਸ ਪ੍ਰਭੂ ਜੀ ਦੀ ਹਜ਼ੂਰੀ ਵਿਚ ਸਭ (ਭਾਵ) ਸਿਮਰਨ (ਹੀ) ਪ੍ਰਵਾਨ ਹੈ।

2. ਹੇ ਭਾਈ! ਦੁਨੀਆਂ ਨੂੰ ਵੇਖ ਕੇ (ਸਿਮਰਨ ਨੂੰ ਭੁੱਲਣ ਦੀ) ਗਲਤੀ ਨਾ ਖਾਹ, (ਕਿਉਂਕਿ) ਮਾਲਕ (ਤੇਰੇ ਅਮਲਾਂ ਦਾ) ਲੇਖਾ (ਜ਼ਰੂਰ ਹੀ) ਮੰਗੇਗਾ।

3. ਹੇ ਪਿਆਰੇ! ਜੋ ਮਨੁੱਖ ਦਿਲ ਦੀ ਰਾਖੀ ਕਰਦਾ ਹੈ, ਦਿਲ ਨੂੰ ਸਿਧੇ ਰਾਹ ਤੇ ਰਖਣ ਦੀ ਫਕੀਰੀ ਕਮਾਂਦਾ ਹੈ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਸ ਦੇ ਪਿਆਰ ਮੁਹੱਬਤ ਦਾ ਹਿਸਾਬ ਕਰਤਾਰ ਦੇ ਪਾਸ ਹੈ (ਭਾਵ ਪ੍ਰਭੂ ਉਸ ਦੇ ਪਿਆਰ ਨੂੰ ਜਾਣਦਾ ਹੈ)।੧।

ਭਾਵਾਰਥ :–ਰਜ਼ਾ ਵਾਲੇ ਦੇ ਹੁਕਮ ਵਿਚ ਰਹਿਣ ਨਾਲ ਹਰੀ ਨਾਲ ਬਣ ਆਉਂਦੀ ਹੈ ਅਤੇ ਉਸ ਦੇ ਦਰਬਾਰ ਵਿਚ ਪ੍ਰਵਾਨਗੀ ਮਿਲਦੀ ਹੈ, ਦੁਨੀਆਂ ਵਲੋਂ ਚੌਕਸ ਰਹਿ ਕੇ ਮਨ ਨੂੰ ਠੀਕ ਕਰ ਕੇ ਹਰੀ ਨਾਲ ਜੋੜਨਾ ਚਾਹੀਦਾ ਹੈ। ਮਨ ਨੂੰ ਹਰੀ ਵਿਚ ਲਾਉਣਾ ਅਤੇ ਹਰ ਇਕ ਵਿਚ ਹਰੀ ਨੂੰ ਵੇਖਣਾ ਅਸਲ ਫਕੀਰੀ ਹੈ।

ਮ: ੧ ॥

1. ਅਲਗਉ ਜੋਇ ਮਧੂਕੜਉ ਸਾਰੰਗਪਾਨਿ ਸਬਾਇ ॥
2. ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥੨॥

ਪਦ ਅਰਥ :—ਅਲਗਉ—ਅਲੰਗ, ਨਿਰਲੇਪ । ਜੋਇ—ਵੇਖਦਾ ਹੈ, ਤੱਕਦਾ ਹੈ। ਮਧੂਕੜਉ—ਮਧੂਕਰ, ਭੌਰਾ ।੨।

ਅਰਥ :—

ਪ੍ਰ:—ਸ੍ਰੀ ਜੀਉ ! ਉਹ ਅਜਿਹਾ ਕਿਹੜਾ ਪ੍ਰਭੂ ਜੀ ਦਾ ਪਿਆਰਾ ਹੈ ਜੋ ਕਿ ਸਦਾ ਹੀ ਉਸ ਸਾਈਂ ਜੀ ਦੇ ਕੰਠ ਨਾਲ ਲਗਾ ਰਹਿੰਦਾ ਹੋਵੇ ?

1. ਉ:—ਹੇ ਭਾਈ ! (ਜੋ ਜੀਵ ਰੂਪੀ) ਭਉਰਾ (ਮਾਇਕੀ ਪਦਾਰਥਾਂ ਵਲੋਂ) ਨਿਰਲੇਪ ਰਹਿ ਕੇ, ਹਰ ਥਾਂ ਹੀ ਪ੍ਰਮਾਤਮਾਂ ਨੂੰ ਤੱਕਦਾ ਹੈ।
2. ਅਤੇ ਜਿਸ ਦੀ ਆਤਮਾਂ ਪ੍ਰਮਾਤਮਾਂ ਵਿਚ ਪ੍ਰੋਤੀ ਹੋਈ ਹੈ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਪ੍ਰਭੂ ਪ੍ਰੇਮ ਦੀ ਰਾਹੀਂ ਪ੍ਰਭੂ ਦੇ ਮਨ ਨਾਲ (ਸਦਾ ਹੀ ਲਗਾ ਹੋਇਆ) ਹੈ ।੨।

ਭਾਵਾਰਥ : **ਨੋਟ**:—ਮਧੂਕੜਉ ਦਾ ਅਰਥ ਮਧੂਕੜੀ, ਥਾਂ ਥਾਂ ਤੋਂ ਮੰਗਿਆ ਟੁੱਕੜਾ, ਕਰਨਾ ਗਲਤ ਹੈ, ਭੌਰੇ ਵਾਂਗ ਫਕੀਰ ਥਾਂ ਥਾਂ ਤੋਂ ਸਾਰ ਗ੍ਰਹਿਣ ਕਰਨ ਵਾਲਾ, ਇਸ ਅਰਥ ਵਿਚ ਭੀ (ਮੰਗ ਖਾਣ ਦੀ) ਝਲਕ ਪੈਂਦੀ ਹੈ, ਪਰ, ਗੁਰੂ ਨਾਨਕ ਦੇਵ ਜੀ ਨੇ ਮੰਗਤਿਆਂ ਦਾ ਟੋਲਾ ਪੈਦਾ ਨਹੀਂ ਕੀਤਾ, ਏਥੇ 'ਭਉਰੇ' ਦਾ 'ਨਿਰਲੇਪਤਾ' ਦਾ ਗੁਣ ਹੀ ਲਿਆ ਗਿਆ ਹੈ)। ਕੰਠਿ—ਗਲ ਨਾਲ, ਗਲ ਵਿਚ । ਹੀਰਾ—ਆਤਮਾਂ। ਸਾਰੰਗਪਾਨਿ—ਜਿਸ ਦੇ ਹੱਥ ਵਿਚ ਸਾਰੰਗ ਧਨੁਖ ਹੈ, ਪ੍ਰਮਾਤਮਾਂ। ਸਬਾਇ—ਹਰ ਥਾਂ।

ਪਉੜੀ ॥

1. ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥
2. ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥
3. ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ॥
4. ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥
5. ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥੧੨॥

ਪਦ ਅਰਥ :—ਮਨਮੁਖ—ਮਨ ਦੇ ਗੁਲਾਮ (ਮਨੁੱਖ)। ਵਿਆਪਦਾ—ਦਬਾਈ ਰਖਦਾ ਹੈ। ਪਛਾੜਸੀ—ਨਾਸ ਕਰਦਾ ਹੈ। ਜਾਗੇ—ਯਾਦ ਵਿਚ ਸੁਚੇਤ ਰਹਿੰਦੇ ਹਨ ।੧੨।

ਅਰਥ :—

ਪ੍ਰ:—ਕਿਉਂ ਜੀ ! ਉਹ ਕਿਹੜੇ ਮਨੁੱਖ ਹਨ ਜਿਨ੍ਹਾਂ ਨੂੰ ਹਰ ਵਕਤ ਹੀ ਮੌਤ ਦਾ ਡਰ ਦਬਾਈ ਰਖਦਾ ਹੈ ?

1. ਉ:—ਹੇ ਭਾਈਓ ! ਜੋ ਮਨ ਦੇ ਗੁਲਾਮ ਮਨੁੱਖ ਮਾਇਆ ਦੇ ਮੋਹ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਨੂੰ ਮੌਤ (ਦਾ ਸਹਿਮ) ਸਦਾ ਹੀ ਦਬਾਈ ਰਖਦਾ ਹੈ।
2. ਐ ਪਿਆਰੇ ! ਜੋ ਮਨੁੱਖ ਮਾਇਆ ਦੇ ਮੋਹ ਵਿਚ ਲੁੱਟੇ ਜਾ ਰਹੇ ਹਨ, ਉਨ੍ਹਾਂ ਨੂੰ (ਇਹ ਸਹਿਮ) ਪਲ ਵਿਚ ਮਾਰ ਕੇ ਨਾਸ ਕਰਦਾ ਹੈ।
3. ਜਿਸ ਵੇਲੇ ਮੌਤ ਦਾ ਡੰਡਾ ਆ ਹੀ ਵਜਾਂਦਾ ਹੈ (ਭਾਵ ਮੌਤ ਸਿਰ ਤੇ ਆ ਜਾਂਦੀ ਹੈ) ਤਦੋਂ (ਇਸ ਮੋਹ ਵਿਚੋਂ ਨਿਕਲਣ ਲਈ) ਸਮਾ ਨਹੀਂ ਮਿਲਦਾ।
4. ਹੇ ਭਾਈ ! ਜੋ ਮਨੁੱਖ ਪ੍ਰਮਾਤਮਾਂ ਦੀ ਯਾਦ ਵਿਚ ਸੁਚੇਤ ਰਹਿੰਦੇ ਹਨ, ਉਨ੍ਹਾਂ ਨੂੰ ਜਮਾਂ ਦਾ ਡੰਡਾ ਨਹੀਂ ਲਗਦਾ, (ਸਹਿਮ ਨਹੀਂ ਮਾਰਦਾ)।
5. ਹੇ ਪ੍ਰਭੂ ! ਇਹ ਸਾਰੀ ਸ੍ਰਿਸ਼ਟੀ ਤੇਰੀ ਹੀ ਹੈ, ਤੂੰ ਹੀ ਇਸ ਨੂੰ ਮਾਇਆ ਦੇ ਮੋਹ ਤੋਂ ਛੁਡਾਣਾ ਹੈ, ਸਾਰਿਆਂ ਦਾ ਤੂੰ ਹੀ ਆਸਰਾ ਹੈਂ ।੧੨।

ਭਾਵਾਰਥ :—ਮੌਤ ਦਾ ਡਰ ਮਨਮੁਖ ਨੂੰ ਹੀ ਦਬਾਂਦਾ ਹੈ, ਕਿਉਂਕਿ, ਉਹ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਡਰਦਾ ਹੈ, ਮਤਾਂ ਮੌਤ ਆ ਕੇ ਮੈਨੂੰ ਇਸ ਮਾਇਆ ਨਾਲੋਂ ਵਿਛੋੜ ਦੇਵੇ।

ਸਲੋਕੁ ਮ: ੧ ॥

1. ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ ॥
2. ਕਾਲਰੁ ਲਾਦਸਿ ਸਰੁ ਲਾਘਣਉ
ਲਾਭੁ ਨ ਪੂੰਜੀ ਸਾਥਿ ॥੧॥

ਪਦ ਅਰਥ:—ਸਰਬੇ—ਸਾਰੀ ਸ੍ਰਿਸ਼ਟੀ। ਜੋਇ—ਤਕਦਾ ਹੈ। ਅਗਛਮੀ—ਨਾ ਨਾਸ ਹੋਣ ਵਾਲੀ। ਆਥਿ—ਹੈ। ਸਰੁ—ਸਰੋਵਰ, ਸਾਗਰ। ਲਾਭੁ—ਖੱਟੀ। ਪੂੰਜੀ—ਰਾਸਿ, ਮੂਲ ।੧।

ਅਰਥ :—

ਪ੍ਰ:—ਕਿਉਂ ਜੀ ! ਉਹ ਕੇਹੜਾ ਮਨੁੱਖ ਹੈ ਜਿਸਨੂੰ ਇਸ ਦੁਨੀਆਂ ਵਿਚ ਸਭ ਤੋਂ ਵਧੇਰੇ ਦੁੱਖ ਵਾਪਰਦਾ ਹੈ ?

1. ਉ:—ਹੇ ਭਾਈ ! ਅਸਲ ਵਿਚ ਜੋ ਮਨੁੱਖ ਇਸ ਸਾਰੀ ਸ੍ਰਿਸ਼ਟੀ ਨੂੰ ਨਾ ਨਾਸ ਹੋਣ ਵਾਲੀ ਤੱਕਦਾ ਹੈ, (ਭਾਵ, ਸਤਿ ਰਹਿਣ ਵਾਲੀ ਵੇਖਦਾ ਹੈ, ਉਸ ਨੂੰ ਬੜਾ (ਹੀ) ਦੁੱਖ (ਵਾਪਰਦਾ) ਹੈ।
2. ਹੇ ਪਿਆਰੇ ! ਉਸ ਮਨੁੱਖ ਨੂੰ ਤਾਂ ਇਉਂ ਹੀ ਜਾਣੋ ਕਿ, (ਮਾਨੋ) ਉਹ ਕਲਰ ਹੀ ਲੱਦ ਰਿਹਾ ਹੈ, (ਪਰ, ਉਸ ਨੇ) ਸਮੁੰਦਰ ਲੰਘਣਾ ਹੈ, ਉਸ ਦੇ ਪੱਲੇ ਨਾ ਮੂਲ ਹੈ ਅਤੇ ਨਾ ਹੀ ਖੱਟੀ ਹੈ ।੧।

ਭਾਵਾਰਥ :—ਮਾਇਆ ਵਿਚ ਹਰ ਸਮੇਂ ਹੀ ਖੱਚਤ ਰਹਿਣ ਵਾਲੇ ਮਨੁੱਖ ਨੂੰ ਬਹੁਤ ਹੀ ਦੁੱਖ ਵਿਆਪਦੇ ਹਨ, ਪਰ, ਸੱਚੇ ਨਾਮ ਵਿਚ ਲਗਣ ਨਾਲ ਮਾਲਾ ਮਾਲ ਹੋ ਜਾਈਦਾ ਹੈ, ਇਸ ਤਰ੍ਹਾਂ, ਸੰਸਾਰ ਸਾਗਰ ਤੋਂ ਪਾਰ ਭੀ ਹੋ ਸਕੀਦਾ ਹੈ।

ਮ: ੧ ॥

1. ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥
2. ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥

ਪਦ ਅਰਥ :–ਪੂੰਜੀ–ਰਾਸ, ਮੂਲ । ਅਖੁਟਉ–ਨਾ ਮੁੱਕਣ ਵਾਲਾ । ਦਰਬ–ਧਨ । ਵਖਰ–ਸੌਦਾ ਹੈ । ਵਾਪਾਰ–ਵਣਜ ।੨।

ਅਰਥ :–

ਪ੍ਰ:–ਕਿਉਂ ਜੀ ! ਸੱਚਾ ਧਨ ਤੇ ਸੱਚਾ ਵਪਾਰੀ ਕੌਣ ਹੈ ?

1. ਉ:–ਹੇ ਭਾਈ ! ਜਿਸ ਮਨੁੱਖ ਦੇ ਪਾਸ ਪ੍ਰਭੂ ਦਾ ਨਾਮ ਪੂੰਜੀ ਹੈ, ਜਿਸ ਦੇ ਪਾਸ (ਹੇ ਪ੍ਰਭੂ) ਤੂੰ ਨਾ ਮੁਕਣ ਵਾਲਾ ਤੇ ਬੇਅੰਤ ਧਨ ਹੈਂ ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸ ਪਾਸ ਇਹ ਪਵਿਤ੍ਰ ਸੌਦਾ ਹੈ, ਉਹ ਸ਼ਾਹ ਧੰਨ ਹੈ ਤੇ ਉਸ ਦਾ ਵਣਜ ਧੰਨ ਹੈ ।੨।

ਭਾਵਾਰਥ :–ਜਿਸ ਮਨੁੱਖ ਪਾਸ ਸੱਚਾ ਨਾਮ ਧਨ ਹੈ, ਉਸੇ ਨੂੰ ਸੱਚਾ ਸ਼ਾਹ ਤੇ ਵਪਾਰੀ ਜਾਣੋ, ਉਸੇ ਦਾ ਹੀ ਵਾਪਾਰ ਧੰਨਤਾ ਜੋਗ ਹੈ ।

ਮ: ੧ ॥

1. ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ ॥
2. ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ॥੩॥

ਪਦ ਅਰਥ :–ਪਿਰਾਣਿ–ਪਛਾਣ । ਮਾਣਿ–ਭਾਵ, ਸਿਮਰ । ਮਾਥੈ ਊਭੈ–ਮੂੰਹ ਭਾਰ ।੩।

ਅਰਥ :–

ਪ੍ਰ:–ਸ੍ਰੀ ਜੀਉ ! ਸਾਡੇ ਕਰਨ ਜੋਗ ਸਹੀ ਕਰਤੱਬ ਕੀ ਹੈ ?

1. ਉ:–ਹੇ ਜੀਵ ! ਪ੍ਰਭੂ ਨਾਲ ਮੁੱਢਲੀ ਪ੍ਰੀਤ ਪਛਾਣ ਲੈ ਅਤੇ ਉਸ ਵਡੇ ਮਾਲਕ ਨੂੰ ਯਾਦ ਕਰ ।

ਪ੍ਰ:–ਕਿਉਂ ਜੀ ! ਇਸ ਯਾਦ ਵਿਚ ਜੁੜੇ ਰਹਿਣ ਦਾ ਆਖਰ ਫਲ ਕੀ ਹੋਵੇਗਾ ?

2. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਭੂ ਦੇ ਨਾਮ ਵਿਚ ਜੁੜਨਾ ਜਮ ਨੂੰ (ਭਾਵ ਮੌਤ ਦੇ ਸਹਿਮ ਨੂੰ) ਮੂੰਹ ਭਾਰ ਮਾਰਦਾ ਹੈ ।੩।

ਭਾਵਾਰਥ:–ਮਨੁੱਖ ਦਾ ਪ੍ਰਮ ਪ੍ਰਯੋਜਨ ਪਿਆਰੇ ਪ੍ਰਭੂ ਦੇ ਪਿਆਰ ਦੀ ਪਛਾਣ ਕਰਨਾ ਹੈ, ਇਹੀ ਪਿਆਰ, ਅੰਤ ਨੂੰ ਜਮਾਂ ਦੇ ਡਰ ਤੋਂ ਨਿੱਡਰ ਕਰਦਾ ਹੈ ।

ਪਉੜੀ ॥

1. ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ ॥
2. ਇਕਿ ਆਪੇ ਭਰਮਿ ਭੁਲਾਇਅਨੁ
ਤਿਨ ਨਿਹਫਲੁ ਕਾਮੁ ॥
3. ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥
4. ਇਕਨੀ ਸੁਣਿਕੈ ਮੰਨਿਆ ਹਰਿ ਊਤਮ ਕਾਮੁ ॥
5. ਅੰਤਰਿ ਹਰਿ ਰੰਗੁ ਉਪਜਿਆ
ਗਾਇਆ ਹਰਿ ਗੁਣ ਨਾਮੁ ॥੧੩॥

ਪਦ ਅਰਥ:–ਪਿੰਡੁ–ਸਰੀਰ । ਨਿਹਫਲ–ਅਸਫਲ ।੧੩।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਮੇਸ਼ਰ ਦੀ ਸ਼ਕਤੀ ਬਾਰੇ ਆਪ ਕੀ ਅਨੁਭਵ ਕਰਦੇ ਹੋ ?

1. ਉ:–ਹੇ ਪਿਆਰੇ ! ਉਸ ਪ੍ਰਮਾਤਮਾਂ ਨੇ ਆਪ ਹੀ ਇਹੁ ਮਨੁੱਖਾ ਸਰੀਰ ਸਵਾਰਿਆ ਹੈ, ਆਪ ਹੀ ਇਸ ਵਿਚ ਆਪਣਾ ਨਾਮ (ਮਾਨੋ) ਨੌਂ ਖਜ਼ਾਨੇ ਪਾ ਦਿਤੇ ਹਨੁ ।
2. ਪਰ, ਹੇ ਭਾਈ ! ਕਈ ਜੀਵ ਉਸ ਨੇ ਆਪ ਹੀ ਭਟਕਣਾ ਵਿਚ ਪਾ ਕੇ ਕੁਰਾਹੇ ਪਾਏ ਹੋਏ ਹਨ, ਉਨ੍ਹਾਂ ਦਾ ਸਾਰਾ ਉੱਦਮ ਅਸਫਲ ਜਾਂਦਾ ਹੈ ।
3. ਕਈ ਜੀਵਾਂ ਨੇ ਗੁਰੂ ਦੇ ਸਨਮੁਖ ਹੋ ਕੇ (ਸਭ ਥਾਂ) ਪ੍ਰਮਾਤਮਾਂ ਦੀ ਜੋਤ (ਵਿਆਪਕ) ਸਮਝੀ ਹੈ ।
4. ਹੇ ਪਿਆਰੇ ! ਕਈ ਜੀਵਾਂ ਨੇ 'ਨਾਮ' ਸੁਣ ਕੇ ਮੰਨ ਲਿਆ ਹੈ, (ਭਾਵ, 'ਨਾਮ' ਵਿਚ ਮਨ ਗਿਝਾ ਲਿਆ ਹੈ) ਉਨ੍ਹਾਂ ਦਾ ਇਹ ਉੱਦਮ ਚੰਗਾ ਹੈ ।
5. ਐ ਪਿਆਰੇ ! ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ, 'ਨਾਮ' ਸਿਮਰਦੇ ਹਨ, ਉਨ੍ਹਾਂ ਦੇ ਮਨ ਵਿਚ ਹੀ ਪ੍ਰਭੂ ਦਾ ਪਿਆਰ ਪੈਦਾ ਹੁੰਦਾ ਹੈ ।੧੩।

ਭਾਵਾਰਥ :–ਜੋ ਮਾਇਆ ਨੂੰ ਸੱਚਾ ਸਾਥੀ ਜਾਣ ਕੇ ਮਾਇਆ ਦੀ ਖਾਤਰ ਹੀ ਭਟਕਦੇ ਰਹੇ, ਉਨ੍ਹਾਂ ਦੀ ਸਾਰੀ ਮਿਹਨਤ ਨਿਹਫਲ ਗਈ, ਪਰ, ਜਿਨ੍ਹਾਂ ਨੂੰ ਗੁਰੂ ਦੇ ਸਨਮੁਖ ਹੋ ਕੇ ਸਮਝ ਪੈ ਗਈ, ਉਨ੍ਹਾਂ ਨੇ ਨਾਮ ਸਿਮਰਿਆ ਤੇ ਉਨ੍ਹਾਂ ਦੇ ਅੰਦਰ ਹੀ ਰੱਬ ਦਾ ਪਿਆਰ ਉਪਜਿਆ ਹੈ ।

ਸਲੋਕੁ ਮ: ੧ ॥

1. ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥
2. ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ॥੧॥

ਪਦ ਅਰਥ :–ਭੋਲਤਣਿ–ਭੋਲੇਪਨ ਦੇ ਕਾਰਨ । ਭੈ–(ਰੱਬ ਦੇ) ਡਰ ਦੀ ਰਾਹੀਂ । ਹੇਕੈ–ਇਹੀ ਇਕ । ਪਾਧਰ–ਪੱਧਰਾ, ਸਰਲ । ਹੀਡੁ–ਹਿਰਦਾ । ਡਾਹਪਣਿ–(ਡਾਹ–ਸਾੜਾ) ਸਾੜੇ ਈਰਖਾ ਦੇ ਕਾਰਨ । ਤੀਨੇ ਥਾਵ–ਤਿੰਨੇ ਥਾਂ (ਮਨ, ਬਾਣੀ, ਸਰੀਰ) । ਭਰੀਡੁ–ਭਰਿਸ਼ਟ ।੧।

ਅਰਥ :–

ਪ੍ਰ:–ਸ੍ਰੀ ਜੀਉ ! ਸਰੀਰਾਂ ਕਰ ਕੇ ਤਾਂ ਸਾਰੇ ਮਨੁੱਖ ਬਰਾਬਰ ਹੀ ਦਿਸਦੇ ਹਨ, ਪਰ, ਇਨ੍ਹਾਂ ਵਿਚ ਸਰਲ ਚਿੱਤ ਕਿਸ ਨੂੰ ਮੰਨਿਆ ਜਾਵੇ ?

1. ਉ:–ਹੇ ਪਿਆਰੇ ! ਅਸਲ ਵਿਚ ਇਕ ਉਹੀ ਹਿਰਦਾ ਸਰਲ ਹੈ, ਜਿਸ ਦੇ ਹਿਰਦੇ ਵਿਚ ਭੋਲਾਪਨ ਹੈ ਤੇ (ਰੱਬੀ) ਡਰ ਦੇ ਕਾਰਨ (ਰੱਬ ਆਪ) ਵਸਦਾ ਹੈ ।
2. ਪਰ, ਐ ਪਿਆਰੇ ! ਸਾੜੇ ਈਰਖਾ ਦੇ ਕਾਰਨ ਤਾਂ (ਮਨੁੱਖ ਨੂੰ) ਬਹੁਤ ਹੀ ਦੱਖ ਵਿਆਪਦਾ ਹੈ ਤੇ (ਉਸ ਦੇ) ਮਨ, ਬਾਣੀ, ਸਰੀਰ ਤਿੰਨੇ ਹੀ ਭਰਿਸ਼ਟੇ ਰਹਿੰਦੇ ਹਨ ।੧।

ਭਾਵਾਰਥ:—ਹਿਰਦੇ ਵਿਚ ਸੁਰਲਤਾ ਕੇਵਲ ਭੋਲਾਪਨ ਦੇ ਕਾਰਨ ਹੀ ਵਸਦੀ ਹੈ, ਈਰਖਾ ਦੇ ਕਾਰਨ ਤਾਂ ਮਨੁੱਖ ਮਨ ਬਾਣੀ ਸਰੀਰ ਕਰਕੇ ਭਰਿਸ਼ਟ ਹੀ ਰਹਿੰਦਾ ਹੈ।

ਮ: ੧ ॥

1. ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥
2. ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥੨॥

ਪਦ ਅਰਥ :—ਮਾਂਦਲੁ—ਢੋਲ । ਬੇਦਿ—ਵੇਦ ਨੇ। ਸਿ—ਉਹ (ਮਾਂਦਲ) ਨੂੰ । ਬਾਂਜਣੋ—ਵਜਾਇਆ । ਘਣੋ ਧੜੀਐ—ਘਣਾ ਧੜਾ, ਬਹੁਤ ਲੁਕਾਈ। ਜੋਇ—ਤਕਦਾ ਹੈ। ਬੀਜਉ—ਦੂਜਾ ।੨।

ਅਰਥ :—

ਪ੍ਰ:—ਹੇ ਗੁਰੋ ! ਬਾਕੀ ਦੇ ਸੰਸਾਰੀ ਲੋਕਾਂ ਨਾਲੋਂ ਆਪ ਜੀ ਦੇ ਮਤਿ ਵਿਚ ਕੀ ਵਿਲਖਣਤਾ ਹੈ ?

1. ਉ:—ਐ ਪਿਆਰੇ ! ਮੈਂ ਤਾਂ ਇਹ ਆਮ ਹੀ ਵੇਖਦਾ ਹਾਂ ਕਿ ਸੰਸਾਰੀ ਲੋਕਾਂ ਦਾ ਘਣਾ ਧੜਾ, ਭਾਵ, ਬਹੁਤੀ ਲੁਕਾਈ ਉਸੇ ਹੀ ਢੋਲ ਨੂੰ (ਜੋ ਢੋਲ) ਵੇਦ ਨੇ ਵਜਾਇਆ ਹੈ, (ਭਾਵ, ਕਰਮ ਕਾਂਡ ਦਾ ਰਸਤਾ) ਹੀ ਅਪਨਾਇਆ ਹੈ।
2. ਸੋ, ਐ ਪਿਆਰੇ ! ਮੈਂ ਤਾਂ ਇਹੋ ਹੀ ਕਹਿੰਦਾ ਹਾਂ ਕਿ, ਹੇ ਨਾਨਕ ! ਤੂੰ ਨਾਮ (ਨੂੰ ਹੀ ਸਿਮਰਦਾ ਰਹੁ) (ਕਿਉਂਕਿ) ਇਸ ਤੋਂ ਛੁਟ, ਹੋਰ ਦੂਜਾ ਕੋਈ ਭੀ (ਸਹੀ ਰਸਤਾ) ਨਹੀਂ ਹੈ ।੨।

ਭਾਵਾਰਥ :—ਸਾਰੀ ਲੁਕਾਈ ਵੇਦਾਂ ਦੇ ਦਰਸਾਏ ਕਰਮ ਕਾਂਡ ਦੇ ਮਾਰਗ ਤੇ ਹੀ ਟੁਰੀ ਜਾ ਰਹੀ ਹੈ, ਪਰ, ਸਹੀ ਮਾਰਗ ਕੇਵਲ ਪ੍ਰਭੂ ਦੇ ਨਾਮ ਦਾ ਚਿੰਤਨ ਹੀ ਕਰਦੇ ਰਹਿਣਾ ਹੈ।

ਮ: ੧ ॥

1. ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥
2. ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ ॥
3. ਮਝ ਭਰਿ ਦੁਖ ਬਦੁਖ ॥
4. ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥੩॥

ਪਦ ਅਰਥ :—ਗੁਣੀ—ਤ੍ਰਿਗੁਣੀ, ਮਾਇਆ ਦੇ ਤਿੰਨ ਗੁਣਾਂ ਵਾਲਾ । ਕਿਨਿ—ਕਿਸ ਨੇ ? ਕਿਸੇ ਵਿਰਲੇ ਨੇ । ਹਾਥਾਲਾ—ਹਾਥ, ਥਾਹ । ਮਝ—ਵਿਚਲਾ ਹਿਸਾ, (ਭਾਵ,) ਸਾਰਾ । ਭਰਿ—ਭਰਿਆ ।੩।

ਅਰਥ :—

ਪ੍ਰ:—ਗੁਰਦੇਵ ਜੀਉ ! ਇਸ ਸੰਸਾਰ ਨੂੰ ਆਪ ਜੀ ਕਿਸ ਰੂਪ ਵਿਚ ਤੱਕਦੇ ਹੋ ?

1. ਉ:—ਹੇ ਭਾਈਓ ! ਅਸਲ ਵਿਚ ਇਹ ਤ੍ਰੈ ਗੁਣੀ (ਸੰਸਾਰ) (ਮਾਨੋਂ) ਇਕ ਅਤਿ ਹੀ ਡੂੰਘਾ ਸਮੁੰਦਰ ਹੈ, ਇਸ ਦੀ ਹਾਥ ਕਿਸ ਨੇ ਲੱਭੀ ਹੈ ?
2. ਪਰ ਹਾਂ, ਹੇ ਪਿਆਰੇ ! ਜੇ ਸਤਿਗੁਰੂ ਜੋ ਇਸ ਤ੍ਰੈਗੁਣੀ ਸੰਸਾਰ ਵਲੋਂ ਬੜਾ (ਹੀ) ਬੇ-ਪ੍ਰਵਾਹ (ਹੈ) ਮਿਲ ਪਵੇ, ਤਾਂ ਮੈਂ ਭੀ ਇਸ ਤੋਂ ਪਾਰ ਲੰਘ ਜਾਵਾਂ।
3. ਹੇ ਭਾਈਓ ! ਮੈਂ ਤਾਂ ਵੇਖਦਾ ਹਾਂ ਕਿ, ਇਸ ਸੰਸਾਰ ਸਮੁੰਦਰ ਦਾ ਵਿਚਲਾ ਹਿੱਸਾ ਦੁਖਾਂ ਨਾਲ ਹੀ ਭਰਿਆ ਹੋਇਆ ਹੈ।
4. ਕੱਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਕਿਸੇ ਦੀ ਭੀ (ਤ੍ਰਿਗੁਣੀ ਮਾਇਆ ਬਾਰੇ) ਭੁੱਖ ਨਹੀਂ ਉਤਰਦੀ ।੩।

ਭਾਵਾਰਥ :—ਇਹ ਜੋ ਸੰਸਾਰ ਸਮੁੰਦਰ ਦੁੱਖਾਂ ਨਾਲ ਭਰਿਆ ਹੋਇਆ ਹੈ, ਇਸ ਤੋਂ ਪਾਰ ਹੋਣ ਲਈ ਕੇਵਲ ਗੁਰੂ ਦਾ ਬਖਸ਼ਿਆਂ ਨਾਮ ਹੀ ਹੈ, ਕਿਉਂਕਿ, ਨਾਮ ਤੋਂ ਸਖਣੇ ਕਿਸੇ ਭੀ ਮਨੁੱਖ ਦੀ ਮਾਇਕੀ ਪਦਾਰਥਾਂ ਵਲੋਂ ਭੁੱਖ ਨਹੀਂ ਉਤਰੀ।

ਪਉੜੀ ॥

1. ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥
2. ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥
3. ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥
4. ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ॥
5. ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥੧੪॥

ਪਦ ਅਰਥ :—ਸੁਹਾਵੈ ਸਬਦਿ—ਸੋਹਣੇ ਸ਼ਬਦ ਦੀ ਰਾਹੀਂ। ਜਮ ਮਗਿ—ਜਮ ਦੇ ਰਾਹ ਤੇ। ਨ ਪਾਵੈ—ਨਹੀਂ ਤੋਰਦਾ। ਅੰਦਰੁ—ਅੰਦਰਲਾ, ਮਨ ।੧੪।

ਅਰਥ .—

ਪ੍ਰ:—ਸ੍ਰੀ ਜੀਉ ! ਸਾਰੇ ਹੀ ਲੋਕ ਹਰਿ ਨਾਮ ਦਾ ਸਿਮਰਨ ਕਿਉਂ ਨਹੀਂ ਕਰਦੇ ?

1. ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਸਤਿਗੁਰੂ ਦੇ ਸੋਹਣੇ ਸ਼ਬਦ ਦੀ ਰਾਹੀਂ ਜਿਨ੍ਹਾਂ ਨੇ ਆਪਣਾ ਮਨ ਖੋਜਿਆ ਹੈ, ਉਹੀ ਹਰਿ ਨਾਮ ਦਾ ਸਿਮਰਨ ਕਰਦੇ ਹਨ।
2. ਅਤੇ ਉਹ ਮਨ ਇੱਛਤ ਫਲ ਪ੍ਰਾਪਤ ਕਰਦੇ ਹਨ, ਕਿਉਂਕਿ, ਉਹ (ਹਰ ਵੇਲੇ) ਨਾਮ ਦਾ ਹੀ ਸਿਮਰਨ ਕਰਦੇ ਹਨ।
3. ਹੇ ਪਿਆਰੇ ! ਜਿਸ ਮਨੁੱਖ ਉਤੇ ਪ੍ਰਭੂ ਹੀ ਮੇਹਰ ਕਰੇ ਉਸ ਨੂੰ ਗੁਰੂ ਮਿਲਦਾ ਹੈ, ਉਹੀ ਪ੍ਰਭੂ ਦੇ ਗੁਣ ਗਾਉਂਦਾ ਹੈ।
4. ਹੇ ਪਿਆਰੇ ! ਉਨ੍ਹਾਂ ਦਾ ਤਾਂ ਧਰਮ ਰਾਜ ਭੀ ਮਿੱਤਰ ਬਣ ਜਾਂਦਾ ਹੈ,ਉਨ੍ਹਾਂ ਨੂੰ ਉਹ ਜਮ ਦੇ ਮਾਰਗ ਤੇ ਨਹੀਂ ਪਾਂਦਾ।
5. (ਕਿਉਂਕਿ) ਉਹ ਦਿਨੇ ਰਾਤ ਹਰਿ ਨਾਮ ਸਿਮਰਦੇ ਕਨ ਤੇ ਹਰਿ ਨਾਮ ਵਿਚ ਹੀ (ਸਦਾ) ਜੁੜੇ ਰਹਿੰਦੇ ਹਨ ।੧੪।

ਭਾਵਾਰਥ :–ਜਿਨ੍ਹਾਂ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਆਪ ਨੂੰ ਖੋਜਿਆ ਹੈ, ਉਹੀ ਪ੍ਰਭੂ ਦੇ ਗੁਣ ਗਾਉਂਦੇ ਹਨ ਤੇ ਨਾਮ ਵਿਚ ਲੀਨ ਹੁੰਦੇ ਹਨ ।

ਸਲੋਕੁ ਮ: ੧ ॥

1. ਸੁਣੀਐ ਏਕੁ ਵਖਾਣੀਐ
ਸੁਰਗਿ ਮਿਰਤਿ ਪਇਆਲਿ ॥
2. ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥
3. ਕਉਣੁ ਮੂਆ ਕਉਣੁ ਮਾਰਸੀ
ਕਉਣੁ ਆਵੈ ਕਉਣੁ ਜਾਇ ॥
4. ਕਉਣੁ ਰਹਸੀ ਨਾਨਕਾ
ਕਿਸ ਕੀ ਸੁਰਤਿ ਸਮਾਇ ॥੧॥

ਪਦ ਅਰਥ :–ਸੁਰਗਿ–ਸੁਰਗ ਵਿਚ । ਮਿਰਤਿ–ਧਰਤੀ ਤੇ । ਪਇਆਲਿ–ਪਾਤਾਲ ਵਿਚ । ਰਹਿਸੀ–ਅਨੰਦ ਮਾਣਦਾ ਹੈ । ਕਉਣੁ–(ਪ੍ਰਭੂ ਤੋਂ ਬਿਨਾ ਹੋਰ) ਕੌਣ ? ਪ੍ਰਭੂ ਆਪ ਹੀ ।੧।

ਅਰਥ :–

ਪ੍ਰ:–ਸ੍ਰੀ ਜੀਓ ! ਆਪ ਜੀ, ਉਸ ਪ੍ਰਭੂ ਬਾਰੇ ਕੀ ਨਿਸਚਾ ਰਖਦੇ ਹੋ ?

1. ਉ:–ਹੇ ਪਿਆਰੇ ! ਮੈਂ ਤਾਂ ਹਰ ਸਿਆਣੇ ਮਨੁੱਖ ਤੋਂ ਇਹੀ ਗੱਲ ਸੁਣਦਾ ਹਾਂ ਤੇ ਹਰ ਮਨੁੱਖ ਵਲੋਂ ਭੀ ਬਿਆਨ ਕੀਤੀ ਜਾ ਰਹੀ ਹੈ, ਕਿ ਸੁਰਗ ਵਿਚ ਧਰਤੀ ਤੇ ਪਾਤਾਲ ਵਿਚ । (ਤਿੰਨਾਂ ਹੀ ਲੋਕਾਂ ਵਿਚ) ਪ੍ਰਭੂ ਇਕ ਆਪ ਹੀ ਆਪ ਹੈ, ਵਿਆਪਕ ਹੈ ।
2. ਤੇ ਉਸ ਦਾ ਹੁਕਮ ਉਲੰਘਿਆ ਨਹੀਂ ਜਾ ਸਕਦਾ, (ਜੀਆਂ ਦਾ) ਜੋ ਜੋ ਲੇਖ ਉਸ ਨੇ ਲਿਖਿਆ ਹੈ, ਉਹੀ (ਹਰੇਕ ਜੀਵ ਨੂੰ) ਤੋਰ ਰਿਹਾ ਹੈ ।
3. ਸੋ, ਹੇ ਭਾਈ ! ਨਾ ਕੋਈ ਮਰਦਾ ਹੈ, ਨਾ ਕੋਈ ਮਾਰਦਾ ਹੈ, ਨਾ ਕੋਈ ਜੰਮਦਾ ਹੈ; ਨਾ ਕੋਈ ਮਰਦਾ ਹੈ ।
4. ਕਥਨ ਕਰਦੇ ਹਨ; (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਆਪ ਹੀ ਅਨੰਦ ਲੈਣ ਵਾਲਾ ਹੈ, ਉਸ ਦੀ ਆਪਣੀ ਹੀ ਸੁਰਤਿ (ਆਪਣੇ ਆਪ ਵਿਚ) ਟਿਕੀ ਹੋਈ ਹੈ ।੧।

ਭਾਵਾਰਥ :–ਸੰਸਾਰ ਵਿਚ ਹੋਰਨਾਂ ਹਸਤੀਆਂ ਦੇ ਨਾਲ ਇਕ ਹਰੀ ਦੀ ਹੋਂਦ ਵਿਆਪਕ ਹੈ । ਇਸੇ ਤਰ੍ਹਾਂ, ਮਨੁੱਖ ਦੀ ਹਉਂ ਦੇ ਨਾਲ ਭੀ ਹਰੀ ਦਾ ਨਾਮ ਜਾਂ ਹੁਕਮ ਵਰਤ ਰਿਹਾ ਹੈ; ਜਿਸ ਵਲ ਧਿਆਨ ਦੇਣ ਨਾਲ ਅੰਦਰ ਦੀ ਹਉਮੈਂ ਦੂਰ ਹੋ ਕੇ ਅੱਖ, ਕੰਨ ਆਦਿ ਇੰਦਰੇ ਹਰਿ ਰਸ ਵਿਚ ਲੀਨ ਹੋ ਜਾਂਦੇ ਹਨ; ਜਿਸ ਕਰ ਕੇ ਉਸ ਦੀ ਦਿੱਬ ਦ੍ਰਿਸ਼ਟੀ ਜਾਗ ਉਠਦੀ ਹੈ ।

ਮ: ੧ ॥

1. ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥
2. ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥
3. ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥
4. ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥
5. ਅੰਤਰੁ ਮੁਸਕਿ ਝਕੋਲਿਆ
ਕੀਮਤਿ ਕਹੀ ਨ ਜਾਇ ॥੨॥

ਪਦ ਅਰਥ :–ਹਉ ਮੁਆ–'ਹਉ' ਵਿਚ ਮੋਇਆ ਹੋਇਆ, ਇਸ ਖਿਆਲ ਵਿਚ ਮਰਿਆ ਪਿਆ, ਕਿ ਮੈਂ ਵਡਾ ਹਾਂ । ਮੈਂ ਮਾਰਿਆ–ਮੈਂ ਦਾ ਮਾਰਿਆ ਹੋਇਆ । ਪਉਣੁ–ਹਵਾ, ਤ੍ਰਿਸ਼ਨਾ । ਨਾਇ–ਨਾਮ ਵਿਚ । ਲੋਇਣ–ਅੱਖਾਂ । ਲੋਇਣੀ–ਅੱਖਾਂ ਵਿਚ ਹੀ, ਭਾਵ ਆਪਣੇ ਆਪ ਵਿਚ ਹੀ (ਬਾਹਰਲੇ ਰੂਪ ਵਲ ਤੱਕਣ ਦੀ ਤਾਂਘ ਨਹੀਂ ਰਹੀ) । ਸੁਰਤਿ–(ਨਿੰਦਾ ਆਦਿਕ) ਸੁਣਨ ਦੀ ਤਾਂਘ । ਰਸਾਇਣਿ–ਰਸਾਂ ਦੇ ਘਰ (ਨਾਮ) ਵਿਚ । ਚੂਨੜੀ–ਸੋਹਣਾ ਹੀਰਾ । ਲਵਾਇ–ਉਚਾਰ ਕੇ । ਮੁਸਕਿ–ਮਹਿਕ ਕੇ । ਝਕੋਲਿਆ–ਲਪਟਾਂ ਦੇ ਰਿਹਾ ਹੈ ।੨। **ਅਰਥ** :–

ਪ੍ਰ:–ਸ੍ਰੀ ਜੀਓ ! ਜਿਸ ਮਨੁੱਖ ਵਲ ਭੀ ਨਜ਼ਰ ਮਾਰਦੇ ਹਾਂ, ਹਰ ਇਕ ਦੇ ਅੰਦਰ ਤ੍ਰਿਸ਼ਨਾਂ ਦਾ ਹੀ ਦਰਿਆ ਠਾਠਾਂ ਮਾਰਦਾ ਹੈ, ਪਰ, ਇਸ ਦਾ ਸਹੀ ਕਾਰਨ ਕੀ ਸਮਝਿਆ ਜਾਵੇ ?

1. ਉ:–ਹੇ ਭਾਈਓ ! ਇਉਂ ਹੀ ਸਮਝੋ ਕਿ, ਜਿਤਨਾ ਚਿਰ ਜੀਵ ਹਉਮੈਂ ਦਾ ਮਾਰਿਆ ਹੋਇਆ ਹੈ, (ਭਾਵ, ਵਡਾਪਣ ਦੇ ਖਿਆਲ ਵਿਚ ਗਲਤਾਨ ਹੈ) ਉਸ ਦੇ ਅੰਦਰ ਤ੍ਰਿਸ਼ਨਾ ਦਾ (ਹੀ) ਦਰਿਆ ਵਹਿੰਦਾ ਰਹਿੰਦਾ ਹੈ ।

ਪ੍ਰ:–ਕਿਉਂ ਜੀ ! ਇਹ ਤ੍ਰਿਸ਼ਨਾ ਦਾ ਵੇਗ ਅੰਦਰੋਂ ਕਿਵੇਂ ਰੁਕ ਸਕਦਾ ਹੈ ?

2. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਮਨ ਨਾਮ ਵਿਚ ਰੰਗਿਆ ਜਾਂਦਾ ਹੈ, ਤਾਂ ਤ੍ਰਿਸ਼ਨਾ (ਅੰਦਰੋਂ) ਮੁੱਕ ਜਾਂਦੀ ਹੈ ।

ਪ੍ਰ:–ਕਿਉਂ ਜੀ ! ਆਖਰ, ਉਸ ਦੀ ਪਛਾਣ ਕੀ ਹੈ ?

3. ਉ:–ਹੇ ਭਾਈਓ ! ਉਸ ਦੀਆਂ ਤੁਸੀਂ ਚਾਰ ਨਿਸ਼ਾਨੀਆਂ ਵੇਖ ਸਕਦੇ ਹੋ । ਉਸ ਦੀਆਂ ਅੱਖਾਂ ਆਪਣੇ ਆਪ ਵਿਚ ਰਤੀਆਂ ਜਾਂਦੀਆਂ ਹਨ (੧) । (ਨਿੰਦਾ ਆਦਿਕ) ਸੁਣਨ ਦੀ ਤਾਂਘ ਕੰਨਾਂ ਵਿਚ ਹੀ ਲੀਨ ਹੋ ਜਾਂਦੀ ਹੈ (੨) ।

4.5 ਜੀਭ ਨਾਮ ਦਾ ਸਿਮਰਨ ਕਰ ਕੇ ਨਾਮ ਰਸੈਣ ਵਿਚ ਰੰਗੀਜ ਕੇ ਸੋਹਣਾ ਲਾਲ ਬਣ ਜਾਂਦੀ ਹੈ (੩) । ਮਨ (ਨਾਮ) ਵਿਚ ਮਹਿਕ ਕੇ ਲਪਟਾਂ ਦੇਣ ਲਗ ਪੈਂਦਾ ਹੈ (੪) । (ਹੇ ਪਿਅ ਰੇ ! ਐਸੇ ਜੀਵਨ ਵਾਲੇ ਦਾ) ਮੁੱਲ ਨਹੀਂ ਪੈ ਸਕਦਾ ।੨।

ਭਾਵਾਰਥ :—ਇਹ ਠੀਕ ਹੈ ਕਿ, ਵਧੇਰੇ ਲੁਕਾਈ ਦੇ ਮਨਾਂ ਵਿਚ ਮਾਇਕੀ ਤ੍ਰਿਸ਼ਨਾਂ ਦਾ ਹੀ ਪਰਵਾਹ ਵਗ ਰਿਹਾ ਹੈ, ਪਰ, ਜਿਨ੍ਹਾਂ ਦੇ ਅੰਦਰ ਗੁਰੂ ਦੁਆਰੇ ਨਾਮ ਵਸ ਜਾਂਦਾ ਹੈ, ਉਨ੍ਹਾਂ ਦੇ ਅੰਦਰੋਂ ਇਹ ਤ੍ਰਿਸ਼ਨਾ ਦਾ ਵੇਗ ਸਦਾ ਲਈ ਮੁੱਕ ਜਾਂਦਾ ਹੈ ਅਤੇ ਉਸ ਦਾ ਹਰ ਸਰੀਰਕ ਇੰਦ੍ਰਾ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ ਤੇ ਉਹ ਮਨੁੱਖ ਅਮੋਲਕ ਬਣ ਜਾਂਦਾ ਹੈ।

ਪਉੜੀ ॥

1. ਇਸੁ ਜੁਗ ਮਹਿ ਨਾਮੁ ਨਿਧਾਨੁ ਹੈ
ਨਾਮੋ ਨਾਲਿ ਚਲੈ ॥
2. ਏਹੁ ਅਖੁਟੁ ਕਦੇ ਨ ਨਿਖੁਟਈ
ਖਾਇ ਖਰਚਿਉ ਪਲੈ ॥
3. ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ ॥
4. ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨੁ ਪਲੈ ॥
5. ਹਰਿ ਕਿਰਪਾ ਤੇ ਹਰਿ ਪਾਈਐ
ਜਾ ਆਪਿ ਹਰਿ ਘਲੈ ॥੧੫॥

ਪਦ ਅਰਥ :—ਜਮ ਕੰਕਰ—ਜਮਾਂ ਦਾ ਸੇਵਕ ਜਮਦੂਤ। ਜਮਕਾਲੈ—ਜਮ ਕਾਲ।

ਅਰਥ :—

ਪ੍ਰ:—ਸ੍ਰੀ ਜੀਉ! ਇਸ ਜਗਤ ਵਿਚ ਆਪ ਸੱਚਾ ਖਜ਼ਾਨਾ ਕਿਹੜਾ ਕਹਿੰਦੇ ਹੋ, ਜੋ ਮਨੁੱਖ ਦੇ ਹਰ ਸਮੇਂ ਹੀ ਸਾਥ ਰਹਿ ਸਕਦਾ ਹੋਵੇ?

1. **ਉ**:—ਹੇ ਭਾਈਓ! ਇਸ ਮਨੁੱਖਾ ਜਨਮ ਵਿਚ (ਜੀਵ ਲਈ ਪ੍ਰਮਾਤਮਾ ਦਾ) ਨਾਮ ਹੀ (ਅਸਲ) ਖਜ਼ਾਨਾ ਹੈ (ਅਤੇ) ਨਾਮ ਹੀ (ਇਥੋਂ ਮਨੁੱਖ ਦੇ) ਨਾਲ ਜਾਂਦਾ ਹੈ।

ਪ੍ਰ:—ਕਿਉਂ ਜੀ! ਕੀ, ਇਹ ਨਾਮ ਦਾ ਖਜ਼ਾਨਾ ਭੀ ਸੰਸਾਰਕ ਖਜ਼ਾਨਿਆਂ ਵਾਂਗੂੰ ਮੁੱਕ ਜਾਣ ਵਾਲਾ ਹੈ?

2. **ਉ**:—ਹੇ ਭਾਈਓ! ਇਹ ਨਾਮ ਦਾ ਖਜ਼ਾਨਾ ਅਮੁੱਕ ਹੈ, ਕਦੇ ਮੁਕਦਾ ਨਹੀਂ, ਬੇਸ਼ੱਕ ਖਾਓ ਖਰਚੋ, ਤੇ ਪੱਲੇ ਬੰਨ੍ਹੋ।
3. ਅਤੇ, ਹੇ ਭਾਈ! ਫਿਰ, ਇਸ ਖਜ਼ਾਨੇ ਵਾਲੇ ਭਗਤ ਜਨ ਦੇ ਨੇੜੇ ਜਮਕਾਲ, ਜਮਦੂਤ ਭੀ ਨਹੀਂ ਆਉਂਦੇ।
4. ਹੇ ਪਿਆਰੇ! ਜਿਨ੍ਹਾਂ ਮਨੁੱਖਾਂ ਨੇ ਨਾਮ ਧਨ ਇਕੱਠਾ ਕੀਤਾ ਹੈ ਉਹੀ ਸੱਚੇ ਸ਼ਾਹ ਹਨ ਤੇ ਉਹੀ ਸੱਚੇ ਵਪਾਰੀ ਹਨ।
5. ਪਰ, ਐ ਪਿਆਰੇ! ਇਹ ਨਾਮ ਧਨ ਪ੍ਰਮਾਤਮਾ ਦੀ ਮੇਹਰ ਨਾਲ (ਹੀ) ਮਿਲਦਾ ਹੈ, ਜਦੋਂ ਉਹ ਆਪ (ਗੁਰੂ ਨੂੰ ਜਗਤ ਵਿਚ) ਭੇਜਦਾ ਹੈ।੧੫।

ਭਾਵਾਰਥ :—ਸੰਸਾਰ ਵਿਚ ਇਕ ਨਾਮ ਹੀ ਐਸਾ ਖਜ਼ਾਨਾ ਹੈ ਜੋ ਜੀਵ ਦੇ ਨਾਲ ਨਿਭਦਾ ਹੈ ਅਤੇ ਕਦੇ ਮੁਕਦਾ ਭੀ ਨਹੀਂ, ਇਸ ਦੀ ਬਰਕਤ ਨਾਲ ਮੌਤ ਦਾ ਡਰ ਦੂਰ ਹੋ ਜਾਂਦਾ ਹੈ ਅਤੇ ਇਸ ਨਾਮ ਧਨ ਵਾਲੇ ਹੀ ਅਸਲ ਸ਼ਾਹ ਹਨ।

ਸਲੋਕੁ ਮ: ੩ ॥

1. ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ
ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ ॥
2. ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥
3. ਹਰਿ ਸਿਉ ਚਿਤੁ ਨ ਲਾਇਨੀ
ਵਾਦੀ ਧਰਨਿ ਪਿਆਰੁ ॥
4. ਵਾਦਾ ਕੀਆ ਕਰਨਿ ਕਹਾਣੀਆ
ਕੂੜੁ ਬੋਲਿ ਕਰਹਿ ਆਹਾਰੁ ॥
5. ਜਗ ਮਹਿ ਰਾਮ ਨਾਮੁ ਹਰਿ ਨਿਰਮਲਾ
ਹੋਰੁ ਮੈਲਾ ਸਭੁ ਆਕਾਰੁ ॥
6. ਨਾਨਕ ਨਾਮੁ ਨ ਚੇਤਨੀ
ਹੋਇ ਮੈਲੇ ਮਰਹਿ ਗਵਾਰ ॥੧॥

ਪਦ ਅਰਥ :—ਸਾਰ—ਕਦਰ। ਬਿਖੁ—ਜ਼ਹਿਰ, ਮਾਇਆ। ਸੰਗ੍ਰਹਹਿ—ਇਕੱਠਾ ਕਰਦੇ ਹਨ, ਜੋੜਦੇ ਹਨ। ਵਾਦੀ—ਝਗੜਿਆਂ ਵਿਚ, ਮਜ਼ਹਬੀ ਬਹਿਸਾਂ ਵਿਚ। ਆਹਾਰੁ—ਖੁਰਾਕ, ਭੋਜਨ। ਆਕਾਰੁ—ਦਿਸਦਾ ਜਗਤ। ਮੈਲਾ—ਮੈਲ ਪੈਦਾ ਕਰਨ ਵਾਲਾ।

ਅਰਥ :—

ਪ੍ਰ:—ਸ੍ਰੀ ਜੀਉ! ਜੇ ਸਭ ਤੋਂ ਉੱਤਮ ਨਾਮ ਦਾ ਹੀ ਵਣਜ ਵਪਾਰ ਹੈ, ਤਾਂ ਹਰ ਬੰਦਾ ਹੀ ਕਿਉਂ ਨਹੀਂ ਇਸ ਦਾ ਲਾਭ ਉਠਾਉਂਦਾ?

1. **ਉ**.—ਹੇ ਭਾਈਓ! (ਅਸਲ ਵਿਚ) ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ (ਅਸਲ) ਵਪਾਰ ਕਰਨ ਦੀ ਕਦਰ (ਹੀ) ਨਹੀਂ ਜਾਣਦੇ, ਉਹ ਮਾਇਆ ਦਾ (ਹੀ) ਸੌਦਾ ਕਰਦੇ ਹਨ ਅਤੇ ਮਾਇਆ (ਹੀ) ਜੋੜਦੇ ਹਨ ਅਤੇ ਮਾਇਆ ਨਾਲ ਹੀ ਪਿਆਰ ਕਰਦੇ ਹਨ।

ਪ੍ਰ:—ਕਿਉਂ ਜੀ! ਉਹ ਲੋਕ ਤਾਂ ਆਪਣੇ ਆਪ ਨੂੰ ਕਥਾ ਕਰਨ ਵਾਲੇ ਪੰਡਤ ਭੀ ਅਖਵਾਂਦੇ ਹਨ, ਪਰ, ਆਪ ਜੀ ਦੀਆਂ ਨਜ਼ਰਾਂ ਵਿਚ ਉਹ ਲੋਕ ਕਉਣ ਹਨ?

2. **ਉ**:—ਹੇ ਭਾਈਓ! ਉਹ ਲੋਕ ਬਾਹਰੋਂ ਤਾਂ (ਠੀਕ) ਵਿਦਵਾਨ ਅਖਵਾਂਦੇ ਹਨ, ਪਰ ਅਸਲ ਵਿਚ ਮੂਰਖ ਹਨ ਤੇ ਗਵਾਰ ਹਨ।

ਪ੍ਰ:—ਸ੍ਰੀ ਜੀਉ! ਆਪ ਜੀ ਉਨ੍ਹਾਂ ਵਿਦਵਾਨਾਂ ਨੂੰ ਮੂਰਖ ਕਿਉਂ ਕਹਿੰਦੇ ਹੋ?

3. **ਉ**:—(ਕਿਉਂਕਿ) ਉਹ ਪ੍ਰਭੂ ਨਾਲ ਤਾਂ ਮਨ (ਨੂੰ) ਨਹੀਂ ਲਾਉਂਦੇ (ਵਿਦਿਆ ਦੇ ਆਸਰੇ) ਚਰਚਾ ਵਿਚ (ਹੀ) ਪਿਆਰ ਕਰਦੇ ਹਨ।
4. ਚਰਚਾ ਦੀਆਂ ਹੀ ਨਿੱਤ ਗਲਾਂ ਕਰਦੇ ਹਨ ਤੇ ਕੂੜ ਬੋਲ ਕੇ ਰੋਜ਼ੀ ਕਮਾਂਦੇ ਹਨ।
5. ਹੇ ਪਿਆਰੇ! ਅਸਲ ਗੱਲ ਇਹ ਹੈ ਕਿ, ਨਾਮ ਸਿਮਰਨਾ

ਹੀ ਜਗਤ ਵਿਚ (ਪਵਿਤ੍ਰ ਕੰਮ) ਹੈ, ਹੋਰ ਜੋ ਕੁਝ ਦਿਸ ਰਿਹਾ ਹੈ (ਇਸ ਦਾ ਆਹਰ) ਮੈਲ ਪੈਦਾ ਕਰਦਾ ਹੈ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜੋ ਨਾਮ ਨਹੀਂ ਜਪਦੇ ਉਹ ਮੂਰਖ ਨੀਵੇਂ ਜੀਵਨ ਵਾਲੇ ਹੋ ਕੇ ਆਤਮਕ ਮੌਤ ਸਹੇੜਦੇ ਹਨ।੧।

ਭਾਵਾਰਥ :–ਮਾਇਆ ਦਾ ਪਿਆਰ ਜੀਵਨ ਨੂੰ ਸਫਲ ਨਹੀਂ ਹੋਣ ਦੇਂਦਾ, ਨਾਮ ਦਾ ਪਿਆਰ ਹੀ ਅਸਲ ਲਾਹਾ ਅਸਲ ਸਿਆਣਪ ਹੈ, ਉਸ ਦੇ ਹੁਕਮ ਮੰਨਣ ਵਿਚ ਹੀ ਸੁਖ ਹੈ।

ਮ: ੩ ॥

1. ਦੁਖੁ ਲਗਾ ਬਿਨੁ ਸੇਵਿਐ ਹੁਕਮੁ ਮੰਨੇ ਦੁਖੁ ਜਾਇ ॥
2. ਆਪੇ ਦਾਤਾ ਸੁਖੈ ਦਾ ਆਪੇ ਦੇਇ ਸਜਾਇ ॥
3. ਨਾਨਕ ਏਵੈ ਜਾਣੀਐ ਸਭੁ ਕਿਛੁ ਤਿਸੈ ਰਜਾਇ॥੨॥

ਪਦ ਅਰਥ :–ਬਿਨੁ ਸੇਵਿਐ–ਪ੍ਰਭੂ ਦੀ ਸੇਵਾ ਕਰਨ ਤੋਂ ਬਿਨਾਂ, ਸਿਮਰਨ ਕਰਨ ਤੋਂ ਬਿਨਾਂ। ਆਪੇ–ਆਪ ਹੀ। ਸਜਾਇ–ਸਜ਼ਾ, ਦੰਡ। ਏਵੈ–ਇਸੇ ਤਰ੍ਹਾਂ ਹੀ, ਭਾਵ ਹੁਕਮ ਮੰਨਣ ਨਾਲ ਹੀ।

ਅਰਥ :–

ਪ੍ਰ:–ਗੁਰਦੇਵ ਜੀਉ! ਜੀਵ ਨੂੰ ਦੁੱਖ ਪ੍ਰਾਪਤੀ ਤੇ ਦੁੱਖਾਂ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ?

1 **ਉ**:–ਹੇ ਭਾਈਓ! ਅਸਲ ਵਿਚ ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਮਨੁੱਖ ਨੂੰ ਦੁੱਖ ਵਿਆਪਦਾ ਹੈ, ਪਰ, ਜਦੋਂ ਪ੍ਰਭੂ ਦਾ ਹੁਕਮ ਮੰਨਦਾ ਹੈ, (ਭਾਵ, ਰਜ਼ਾ ਵਿਚ ਤੁਰਦਾ ਹੈ) ਤਾਂ ਦੁੱਖ ਦੂਰ ਹੋ ਜਾਂਦਾ ਹੈ।

2. (ਕਿਉਂਕਿ) ਪ੍ਰਭੂ ਆਪ ਹੀ ਸੁਖ ਦੇਣ ਵਾਲਾ ਹੈ ਤੇ ਆਪ ਹੀ ਸਜ਼ਾ ਦੇਣ ਵਾਲਾ ਹੈ।

3. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਹੁਕਮ ਵਿਚ ਤੁਰਿਆਂ ਹੀ ਇਹ ਸਮਝ ਪੈਂਦੀ ਹੈ ਕਿ, ਸਭ ਕੁਝ ਪ੍ਰਭੂ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ।੨।

ਭਾਵਾਰਥ :–ਸੇਵਾ ਤੋਂ ਸਖਣੇ ਮਨੁੱਖ ਨੂੰ ਹੀ ਦੁੱਖ ਵਾਪਰਦਾ ਹੈ, ਪਰ ਜੇ ਇਹ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਕੇ ਜੀਵਨ ਗੁਜ਼ਾਰੇ, ਤਾਹੀਓਂ ਸੁਖੀ ਹੋ ਸਕਦਾ ਹੈ।

ਪਉੜੀ ॥

1. ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ
ਬਿਨੁ ਨਾਵੈ ਤ੍ਰਿਪਤਿ ਨਾਹੀ ॥
2. ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥
3. ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ ਲੋਚਾਹੀ ॥
4. ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥
5. ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ ॥੧੯॥

ਪਦ ਅਰਥ :–ਨਿਰਧਨੁ–ਕੰਗਾਲ। ਤ੍ਰਿਪਤਿ–ਸੰਤੋਖ। ਦੂਜੈ–ਮਾਇਆ ਦੇ ਮੋਹ ਦੇ ਕਾਰਨ। ਭਰਮਿ–ਭੁਲੇਖੇ ਵਿਚ। ਭਰਮਿ–ਭਟਕਣਾ ਵਿਚ (ਪੈ ਕੇ)। ਭੁਲਾਇਆ–ਕੁਰਾਹੇ ਪਿਆ ਰਹਿੰਦਾ ਹੈ।

ਅਰਥ :–

ਪ੍ਰ:–ਹੇ ਗੁਰੋ! ਜਗਤ ਵਿਚ ਆਪ ਜੀ ਕੰਗਾਲ ਕਿਸ ਨੂੰ ਮੰਨਦੇ ਹੋ?

1. **ਉ**:–ਹੇ ਭਾਈ! ਅਸੀਂ ਤਾਂ ਅਨੁਭਵ ਕਰਦੇ ਹਾਂ ਕਿ, ਪ੍ਰਭੂ ਦੇ ਨਾਮ ਤੋਂ ਬਿਨਾਂ ਜਗਤ (ਹੀ) ਕੰਗਾਲ ਹੈ। (ਕਿਉਂਕਿ) ਨਾਮ ਤੋਂ ਬਿਨਾ ਸੰਤੋਖ ਨਹੀਂ ਆਉਂਦਾ, ਭਾਵੇਂ, ਕਿਤਨੀ ਹੀ ਮਾਇਆ ਜੋੜ ਲਏ।

2. ਮਾਇਆ ਦੇ ਮੋਹ ਕਰ ਕੇ ਮਨੁੱਖ ਭਟਕਣਾ ਵਿਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ, ਹਉਮੈਂ ਦੇ ਕਾਰਨ ਹੀ ਜੀਵ ਦੁੱਖ ਪਾਂਦੇ ਹਨ।

3. ਹੇ ਭਾਈ! ਉਹ ਭਾਵੇਂ ਕਿਤਨੀ ਹੀ ਲਾਲਸਾ ਕਰਨ ਪ੍ਰਭੂ ਦੀ ਮਿਹਰ ਤੋਂ ਬਿਨਾਂ ਨਾਮ ਨਹੀਂ ਮਿਲਦਾ।

4. ਸੋ, ਹੇ ਭਾਈਓ! ਇਸ ਮੋਹ ਵਿਚ ਹੀ ਜਗਤ ਜੰਮਦਾ ਹੈ, ਮਰਦਾ ਹੈ, ਜੰਮਦਾ ਹੈ, ਮਰਦਾ ਹੈ, (ਪਰ, ਇਸ ਗੇੜ ਵਿਚੋਂ) ਜੀਵ ਗੁਰੂ ਦੇ ਸ਼ਬਦ ਰਾਹੀਂ ਬਚ ਸਕਦੇ ਹਨ।

5. ਪਰ, ਹੇ ਭਾਈਓ! ਇਹ ਸਾਰੀ ਖੇਡ ਪ੍ਰਭੂ ਆਪ ਹੀ ਕਰ ਰਿਹਾ ਹੈ, ਕਿਸੇ ਹੋਰ ਪਾਸ ਪੁਕਾਰ ਨਹੀਂ ਕੀਤੀ ਜਾ ਸਕਦੀ, ਕਿਉਂਕਿ, ਪ੍ਰਭੂ ਤੋਂ ਬਿਨਾਂ ਹੋਰ ਹੈ ਹੀ ਕੋਈ ਨਹੀਂ।੧੯।

ਭਾਵਾਰਥ :–ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਕਦੇ ਭੀ ਨਹੀਂ ਰੱਜਦਾ, ਭਾਵੇਂ ਇਸ ਪਾਸ ਕਿਤਨਾ ਹੀ ਧਨ ਹੋਵੇ, ਇਸ ਧਨ ਦੇ ਹੁੰਦਿਆਂ ਮਨੁੱਖ ਫਿਰ ਭੀ ਕੰਗਾਲ ਹੀ ਹੈ, ਇਕ ਨਾਮ ਹੀ ਅਸਲ ਧਨ ਹੈ ਜੋ ਮਨੁੱਖ ਨੂੰ ਰਜ਼ਾ ਸਕਦਾ ਹੈ।

ਸਲੋਕੁ ਮ: ੩ ॥

1. ਇਸੁ ਜਗ ਮਹਿ ਸੰਤੀ ਧਨੁ ਖਟਿਆ
ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥
3. ਸਤਿਗੁਰਿ ਸਚੁ ਦ੍ਰਿੜਾਇਆ
ਇਸੁ ਧਨ ਕੀਮਤਿ ਕਹੀ ਨ ਜਾਇ ॥
3. ਇਤੁ ਧਨਿ ਪਾਇਐ ਭੁਖ ਲਥੀ
ਸੁਖੁ ਵਸਿਆ ਮਨਿ ਆਇ ॥
4. ਜਿੰਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ॥
5. ਮਨਮੁਖੁ ਜਗਤੁ ਨਿਰਧਨੁ ਹੈ
ਮਾਇਆ ਨੋ ਬਿਲਲਾਇ ॥
6. ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥
7. ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥
8. ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ ॥
9. ਨਾਨਕ ਵਿਣੁ ਸਤਿਗੁਰ ਮਤਿ ਭਵੀ

ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥

10. **ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥੧॥**

ਪਦ ਅਰਥ:–ਸੰਤੀ–ਸੰਤਾਂ ਨੇ। ਸਤਿਗੁਰਿ–ਸਤਿਗੁਰ ਨੇ। ਦ੍ਰਿੜਾਇਆ–ਮਨ ਵਿਚ ਪੱਕਾ ਕਰ ਦਿਤਾ। ਇਤੁ ਧਨਿ–ਇਹ ਧਨ ਹਾਸਲ ਕੀਤਿਆਂ। ਚਿੰਤ ਚਿਤਵਦਾ–ਸੋਚਾਂ ਸੋਚਦਾ। ਸਹਸਾ–ਤੌਖਲਾ।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ ਦੀ ਵਿਚਾਰ ਵਿਚ ਨਾਮ ਧਨ ਕਿਸ ਨੇ ਖੱਟਿਆ ਹੈ ?

1. ੳ:–ਹੇ ਭਾਈਓ ! ਇਸ ਜਗਤ ਵਿਚ ਸੰਤਾਂ ਨੇ (ਹੀ) ਨਾਮ ਧਨ ਕਮਾਇਆ ਹੈ, ਜਿਨ੍ਹਾਂ ਨੂੰ ਗੁਰੂ ਮਿਲਿਆ ਹੈ (ਤੇ ਗੁਰੂ ਦੀ ਰਾਹੀਂ) ਪ੍ਰਭੂ ਮਿਲਿਆ ਹੈ।
2. (ਕਿਉਂਕਿ) ਗੁਰੂ ਨੇ ਉਨ੍ਹਾਂ ਦੇ ਮਨ ਵਿਚ ਸਿਮਰਨ ਪੱਕਾ ਕਰ ਦਿਤਾ ਹੈ, ਭਾਵ ਸਿਮਰਨ ਦੀ ਪੱਕੀ ਗੰਢ ਬੰਨ੍ਹ ਦਿਤੀ ਹੈ। ਇਹ ਧਨ ਇਤਨਾ ਅਮੋਲਕ ਹੈ ਕਿ, ਇਸ ਦਾ ਮੁੱਲ ਨਹੀਂ ਪੈ ਸਕਦਾ।
3. ਜੇ ਇਹ ਧਨ ਮਿਲ ਜਾਏ ਤਾਂ (ਮਾਇਆ ਦੀ) ਭੁੱਖ ਲਹਿ ਜਾਂਦੀ ਹੈ, ਮਨ ਵਿਚ ਸੁਖ ਆ ਵਸਦਾ ਹੈ।
4. ਪਰ, ਇਹ ਮਿਲਦਾ ਉਨ੍ਹਾਂ ਨੂੰ ਹੀ ਹੈ ਜਿਨ੍ਹਾਂ ਦੇ ਭਾਗਾਂ ਵਿਚ ਧੁਰ ਦਰਗਾਹੋਂ ਲਿਖਿਆ ਹੋਵੇ (ਭਾਵ, ਜਿਨ੍ਹਾਂ ਉਤੇ ਮਿਹਰ ਹੋਵੇ)।
5. ਹੇ ਭਾਈ ! ਮਨ ਦੇ ਪਿਛੇ ਤੁਰਨ ਵਾਲਾ ਜਗਤ ਸਦਾ (ਹੀ) ਕੰਗਾਲ ਹੈ,(ਕਿਉਂਕਿ) ਮਾਇਆ ਲਈ ਹੀ ਵਿਲ੍ਹਕਦਾ ਹੈ।
6. ਹਰ ਰੋਜ਼ ਸਦਾ ਭਟਕਦਾ ਫਿਰਦਾ ਹੈ ਇਸ ਦੀ (ਮਾਇਆ ਵਾਲੀ) ਭੁੱਖ ਮਿਟਦੀ ਨਹੀਂ।
7. ਇਸ ਦੇ ਅੰਦਰ ਕਦੇ (ਭੀ) ਠੰਢ ਨਹੀਂ ਪੈਂਦੀ ਕਦੇ ਇਸ ਦੇ ਮਨ ਵਿਚ ਸੁਖ ਨਹੀਂ ਹੁੰਦਾ ਹੈ।
8. ਕਦੇ ਇਸ ਦਾ ਤੌਖਲਾ ਦੂਰ ਨਹੀਂ ਹੁੰਦਾ, ਸਦਾ (ਹੀ) ਸੋਚਾਂ ਸੋਚਦਾ ਰਹਿੰਦਾ ਹੈ।
9. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ, ਹੇ ਭਾਈ ! ਗੁਰੂ ਤੋਂ ਵਾਂਜੇ ਰਹਿਣ ਕਰ ਕੇ ਇਸ ਦੀ ਬੁੱਧੀ ਨੂੰ ਚੱਕ੍ਰ ਆਇਆ ਹੋਇਆ ਹੈ, (ਹੇ ਪਿਆਰੇ !) ਜੇ ਮਨਮੁਖ ਭੀ ਗੁਰੂ ਨੂੰ ਮਿਲ ਪਏ, ਤਾਂ ਸ਼ਬਦ ਦੀ ਕਮਾਈ ਕਰਦਾ ਹੈ।
10. (ਸ਼ਬਦ ਦੀ ਬਰਕਤ ਨਾਲ) ਫਿਰ ਸਦਾ ਹੀ ਸੁਖ ਵਿਚ ਟਿਕਿਆ ਰਹਿੰਦਾ ਹੈ ਅਤੇ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ।੧।

ਭਾਵਾਰਥ :–ਨਾਮ ਧਨ ਦੇ ਵਪਾਰੀ ਗੁਰਮੁਖ ਲੋਕ ਹੀ ਹੁੰਦੇ ਹਨ, ਮਨਮੁਖ ਤਾਂ ਮਾਇਆ ਵਿਚ ਲਗੇ ਸਦਾ ਨਿਰਧਨ ਤੇ ਚਿੰਤਾਤਰ ਹੀ ਰਹਿੰਦੇ ਹਨ, ਹਰੀ ਦੀ ਸਿਫਤ ਵਿਚ ਲਗਿਆਂ ਹੀ ਆਦਮੀ ਰੱਜ ਸਕਦਾ ਹੈ।

ਮ: ੩ ॥

1. **ਜਿਨਿ ਉਪਾਈ ਮੇਦਨੀ ਸੋਈ ਸਾਰ ਕਰੇਇ ॥**
2. **ਏਕੋ ਸਿਮਰਹੁ ਭਾਇਰਹੁ**
   ਤਿਸੁ ਬਿਨੁ ਅਵਰੁ ਨ ਕੋਇ ॥
3. **ਖਾਣਾ ਸਬਦੁ ਚੰਗਿਆਈਆ**
   ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥
4. **ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ**
   ਓਹੁ ਊਜਲਾ ਮੈਲਾ ਕਦੇ ਨ ਹੋਇ ॥
5. **ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ ॥**
6. **ਦੇਹੀ ਨੋ ਸਬਦੁ ਸੀਗਾਰੁ ਹੈ**
   ਜਿਤੁ ਸਦਾ ਸਦਾ ਸੁਖੁ ਹੋਇ ॥
7. **ਨਾਨਕ ਗੁਰਮੁਖਿ ਬੁਝੀਐ**
   ਜਿਸ ਨੋ ਆਪਿ ਵਿਖਾਲੇ ਸੋਇ ॥੨॥

ਪਦ ਅਰਥ :–ਮੇਦਨੀ–ਧਰਤੀ, ਸ੍ਰਿਸ਼ਟੀ। ਸਾਰ–ਸੰਭਾਲ। ਭਾਇਰਹੁ–ਹੇ ਭਰਾਵੋ। ਜਿਤੁ–ਜਿਸ ਦੀ ਰਾਹੀਂ। ਜਿਤੁ ਖਾਧੈ–ਜਿਸ ਦੇ ਖਾਣ ਨਾਲ। ਤ੍ਰਿਪਤਿ–ਸੰਤੋਖ। ਸਨਾਇ–(ਅਰਬੀ, ਸਤਾ) ਵਡਿਆਈ। ਦੇਹੀ–ਸਰੀਰ।

ਅਰਥ :–

ਪ੍ਰ:–ਗੁਰਦੇਵ ਜੀਉ ! ਇਸ ਜਗਤ ਦੀ ਏਡੀ ਵਡੀ ਰਚਨਾ ਨੂੰ ਰਚ ਕੇ ਇਸ ਦੀ ਸੰਭਾਲ ਕੌਣ ਕਰਦਾ ਹੈ ?

1. ੳ:–ਹੇ ਭਾਈ ! ਅਸਲ ਵਿਚ ਤਾਂ ਜਿਸ ਪ੍ਰਮੇਸ਼ਰ ਜੀ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਇਸ ਦੀ ਸੰਭਾਲ ਭੀ ਉਹੀ ਸਾਈਂ ਜੀ ਕਰਦਾ ਹੈ।
2. (ਇਸ ਲਈ) ਐ ਭਰਾਵੋ ! ਉਸੇ ਇਕ ਨੂੰ ਹੀ ਸਿਮਰਦੇ ਰਹੋ, (ਕਿਉਂਕਿ) ਉਸ ਤੋਂ ਬਿਨਾਂ ਹੋਰ ਕੋਈ (ਸੰਭਾਲ ਕਰਨ ਵਾਲਾ) ਨਹੀਂ ਹੈ।
3. ਹੇ ਭਰਾਵੋ ! ਪ੍ਰਭੂ ਦੇ ਗੁਣਾਂ ਨੂੰ ਗੁਰੂ ਦੇ ਸ਼ਬਦ ਨੂੰ ਭੋਜਨ ਬਣਾਓ, (ਭਾਵ ਜੀਵਨ ਦਾ ਆਸਰਾ ਬਣਾਓ ਕਿਉਂਕਿ) ਇਹ ਭੋਜਨ ਖਾਧਿਆਂ ਸਦਾ (ਹੀ) ਰੱਜੇ ਰਹੀਦਾ ਹੈ, (ਭਾਵ ਮਨ ਵਿਚ ਸਦਾ ਸੰਤੋਖ ਰਹਿੰਦਾ ਹੈ)।
4. ਹੇ ਭਰਾਵੋ ! ਪ੍ਰਭੂ ਦੀ ਸਿਫਤ ਸਲਾਹ ਨੂੰ ਵਡਿਆਈ ਨੂੰ (ਆਪਣਾ) ਪੁਸ਼ਾਕਾ ਬਣਾਓ, ਕਿਉਂਕਿ ਉਹ ਪੁਸ਼ਾਕਾ ਸਦਾ ਸਾਫ ਰਹਿੰਦਾ ਹੈ ਅਤੇ ਉਹ ਕਦੇ ਭੀ ਮੈਲਾ ਨਹੀਂ ਹੁੰਦਾ।
5. ਹੇ ਭਰਾਵੋ ! ਆਤਮਕ ਅਡੋਲਤਾ ਵਿਚ (ਰਹਿ ਕੇ) ਖਟਿਆ ਹੋਇਆ ਨਾਮ ਧਨ ਕਦੇ (ਭੀ) ਘੱਟਦਾ ਨਹੀਂ।
6. ਹੇ ਭਾਈ ! ਅਸਲ ਵਿਚ ਇਸ ਮਨੁੱਖ ਸਰੀਰ ਲਈ (ਮਾਨੋ) ਗੁਰੂ ਦਾ ਸ਼ਬਦ (ਹੀ) (ਸੱਚਾ) ਗਹਿਣਾ ਹੈ (ਇਸੇ ਗਹਿਣੇ ਦੀ ਬਰਕਤ) ਨਾਲ ਸਦਾ ਹੀ ਸੁਖ ਮਿਲਦਾ ਹੈ।

ਪ੍ਰ:–ਸ੍ਰੀ ਜੀਉ ! ਇਸ ਅਸਲ ਭੇਤ ਨੂੰ ਹਰ ਪ੍ਰਾਣੀ ਕਿਉਂ ਨਹੀਂ ਸਮਝਦਾ ?

7. ਉ:–ਹੇ ਭਰਾਵੋ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਕਥਨ ਕਰਦੇ ਹਨ, (ਗੁਰੂ) ਜਿਸ ਮਨੁੱਖ ਨੂੰ ਪ੍ਰਭੂ ਜੀ ਆਪ ਸੋਝੀ ਪਾਏ, ਉਹ ਗੁਰੂ ਦੀ ਰਾਹੀਂ ਇਹ (ਜੀਵਨ ਭੇਤ) ਸਮਝਦਾ ਹੈ ।੨।

ਭਾਵਾਰਥ :–ਮਾਇਕੀ ਪਦਾਰਥਾਂ ਨੂੰ ਭੋਗਦਾ ਹੋਇਆ ਜੀਵ ਦਾ ਮਨ ਸਦਾ ਹੀ ਅਤ੍ਰਿਪਤ ਰਹਿੰਦਾ ਹੈ, ਪਰ ਗੁਰੂ ਦੇ ਸ਼ਬਦ ਦੁਆਰੇ ਜੋ ਨਾਮ ਦੀ ਸੱਚੀ ਖੁਰਾਕ ਖਾਣ ਵਾਲੇ ਹਨ ਉਹ ਮਨ ਕਰ ਕੇ ਸਦਾ ਹੀ ਸੰਤੋਖੀ ਰਹਿੰਦੇ ਹਨ ।

ਪਉੜੀ ॥

1. ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥
2. ਹਰਿ ਹਰਿ ਨਾਮੁ ਧਿਆਈਐ
ਹਉਮੈ ਅਗਿਆਨੁ ਗਵਾਪੈ ॥
3. ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥
4. ਜਿਨ ਚਾਖਿਆ ਸੇ ਨਿਰਭਉ ਭਏ
ਸੇ ਹਰਿ ਰਸਿ ਧ੍ਰਾਪੈ ॥
5. ਹਰਿ ਕਿਰਪਾ ਧਾਰਿ ਪੀਆਇਆ
ਫਿਰਿ ਕਾਲੁ ਨ ਵਿਆਪੈ ॥੧੭॥

ਪਦ ਅਰਥ :–ਅੰਤਰਿ–ਅੰਦਰ ਵਲ ਪਰਤਣਾ; ਮਨ ਦੇ ਅੰਦਰ ਹੀ ਟਿਕਣਾ । ਸੰਜਮੋ–ਇੰਦ੍ਰੀਆਂ ਤੇ ਮਨ ਨੂੰ ਰੋਕਣ ਦਾ ਉੱਦਮ । ਅੰਦਰੁ–ਅੰਦਰਲਾ, ਹਿਰਦਾ । ਅੰਮ੍ਰਿਤਿ–ਅਮਰ ਜੀਵਨ ਦੇਣ ਵਾਲੇ ਨਾਮ ਜਲ ਨਾਲ । ਧ੍ਰਾਪੈ–ਰੱਜ ਜਾਂਦੇ ਹਨ । ਵਿਆਪੈ–ਦਬਾ ਪਾਂਦਾ ਹੈ ।

ਅਰਥ :–

ਪ੍ਰ:–ਗੁਰਦੇਵ ਜੀਉ ! ਕੀ ਗੁਰਮਤਿ ਵਿਚ ਜਪ, ਤਪ, ਸੰਜਮ ਆਦਿਕ ਸਾਧਨ ਕਰਨੇ ਜੋਗ ਨਹੀਂ ?

1. ਉ:–ਹੇ ਭਰਾਵੋ ! ਗੁਰਮਤਿ ਵਿਚ ਬਾਹਜ ਮੁਖੀ ਨਹੀਂ, ਸਗੋਂ ਅੰਤਰ ਮੁਖੀ ਸਾਧਨ ਕਰਨ ਦੀ ਆਗਿਆ ਹੈ, ਭਾਵ ਹੈ ਕਿ, (ਦੂਜੇ ਭਰਮ ਵਲੋਂ ਹਟ ਕੇ) ਮਨ ਦੇ ਅੰਦਰ ਹੀ ਟਿਕਣਾ, ਇਹੀ ਜਪ ਹੈ, ਇਹੀ ਤਪ ਹੈ, ਇਹੀ ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਸਾਧਨ ਹੈ, ਪਰ, ਇਹ ਸਮਝ ਗੁਰੂ ਦੇ ਸ਼ਬਦ ਦੁਆਰੇ (ਹੀ) ਆਉਂਦੀ ਹੈ ।

2. ਹੇ ਭਾਈ ! ਜੇ (ਦੂਜੇ ਭਰਮ) ਨੂੰ ਛਡ ਕੇ ਪ੍ਰਭੂ ਦਾ ਨਾਮ ਸਿਮਰੀਏ ਤਾਂ ਹਉਮੈਂ ਤੇ ਆਤਮਕ ਜੀਵਨ ਵਲੋਂ ਬੇ-ਸਮਝੀ ਦੂਰ ਹੋ ਜਾਂਦੀ ਹੈ ।

3. ਹੇ ਭਰਾਵੋ ! ਉਂਝ ਤਾਂ ਸਦਾ ਹੀ ਹਿਰਦਾ ਨਾਮ ਅੰਮ੍ਰਿਤ ਨਾਲ ਨਕਾ ਨਕ ਭਰਿਆ ਹੋਇਆ ਹੈ, (ਭਾਵ, ਪ੍ਰਮਾਤਮਾਂ ਅੰਦਰ ਹੀ ਰੋਮ ਰੋਮ ਵਿਚ ਵਸਦਾ ਹੈ) ਪਰ, ਗੁਰੂ ਦੇ ਸ਼ਬਦ ਰਾਹੀਂ ਹੀ ਨਾਮ ਰਸ ਚਖਿਆਂ ਸੁਆਦ ਆਉਂਦਾ ਹੈ ।

4. ਹੇ ਪਿਆਰੇ ! ਜਿਨ੍ਹਾਂ ਨੇ ਇਹ ਨਾਮ ਰਸ ਚੱਖਿਆ ਹੈ ਉਹ ਨਿਰਭਉ (ਪ੍ਰਭੂ ਦਾ ਰੂਪ) ਹੋ ਜਾਂਦੇ ਹਨ, ਉਹ ਨਾਮ ਦੇ ਰਸ ਨਾਲ ਰੱਜ ਜਾਂਦੇ ਹਨ ।

ਪ੍ਰ:–ਸ੍ਰੀ ਜੀਉ ! ਇਹ ਨਾਮ ਰਸ ਹਰ ਮਨੁੱਖ ਹੀ ਕਿਉਂ ਨਹੀਂ ਪੀਂਦਾ ?

5. ਉ:–ਹੇ ਭਰਾਵੋ ! ਪੀਣਾ ਤਾਂ ਬਹੁਤ ਲੋਕ ਮੰਗਦੇ ਹਨ, ਪਰ, ਜਿਨ੍ਹਾਂ ਨੂੰ ਪ੍ਰਭੂ ਨੇ ਮੇਹਰ ਕਰ ਕੇ ਇਹ ਰਸ ਪਿਲਾਇਆ ਹੈ, ਉਨ੍ਹਾਂ ਨੂੰ ਮੁੜ ਮੌਤ ਦਾ ਡਰ ਦਬਾ ਨਹੀਂ ਸਕਦਾ, (ਭਾਵ, ਆਤਮਕ ਮੌਤ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ) ।੧੭।

ਭਾਵਾਰਥ :–ਇਹ ਨਾਮ ਧਨ ਮਨੁੱਖ ਦੇ ਅੰਦਰ ਹੀ ਹੈ, ਪਰ ਗੁਰੂ ਦੇ ਸ਼ਬਦ ਰਾਹੀਂ ਹੀ ਇਹ ਸਮਝ ਪੈਂਦੀ ਹੈ, ਨਾਮ ਹੀ ਜਪ ਤਪ ਸੰਜਮ ਹੈ, ਇਹੋ ਸਾਰੀਆਂ ਭੁੱਖਾਂ ਦੂਰ ਕਰਨ ਵਾਲਾ ਹੈ, ਜਦੋਂ ਮਨੁੱਖ ਨਾਮ ਸਿਮਰਦਾ ਹੈ ਤਾਂ ਇਸ ਦੀ ਹਉਮੈਂ ਦੂਰ ਹੁੰਦੀ ਹੈ ਤੇ ਨਾਮ ਰਸ ਨਾਲ ਸਦਾ ਲਈ ਰੱਜ ਜਾਂਦਾ ਹੈ ।

ਸਲੋਕੁ ਮ: ੩ ॥

1. ਲੋਕੁ ਅਵਗਣਾ ਕੀ ਬੰਨੈ ਗੰਠੜੀ
ਗੁਨ ਨ ਵਿਹਾਝੈ ਕੋਇ ॥
2. ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥
3. ਗੁਰ ਪਰਸਾਦੀ ਗੁਣ ਪਾਈਅਨ੍ਹਿ
ਜਿਸ ਨੋ ਨਦਰਿ ਕਰੇਇ ॥੧॥

ਪਦ ਅਰਥ :–ਗੰਠੜੀ–ਪੋਟਲੀ । ਵਿਹਾਝੈ–ਖਰੀਦ ਦਾ । ਨਦਰਿ–ਕ੍ਰਿਪਾ ।

ਅਰਥ :–

ਪ੍ਰ:–ਸ੍ਰੀ ਜੀਉ ! ਸਾਰੇ ਹੀ ਮਨੁੱਖ ਗੁਣਾਂ ਦੀ ਪ੍ਰਾਪਤੀ ਦਾ ਉੱਦਮ ਕਿਉਂ ਨਹੀਂ ਕਰਦੇ, ਜਿਨ੍ਹਾਂ ਦੀ ਬਰਕਤ ਨਾਲ ਸੁਖ ਹਾਸਿਲ ਹੁੰਦੇ ਹਨ ?

1. ਉ:–ਹੇ ਪਿਆਰੇ ! ਮੈਂ ਤਾਂ ਇਉਂ ਹੀ ਤਕਦਾ ਹਾਂ ਕਿ, ਸਾਰਾ ਜਗਤ (ਹੀ) ਔਗਣਾਂ ਦੀ ਪੋਟਲੀ ਬੰਨ੍ਹੀ ਜਾ ਰਿਹਾ ਹੈ, ਕੋਈ ਭੀ ਬੰਦਾ ਗੁਣਾਂ ਦਾ ਸੌਦਾ ਨਹੀਂ ਕਰਦਾ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਗੁਣਾਂ (ਦੇ) ਖਰੀਦਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ।

3. ਪਰ, ਹੇ ਭਾਈ ! ਗੁਰੂ ਦੀ ਕ੍ਰਿਪਾ ਨਾਲ ਹੀ ਗੁਣ ਮਿਲਦੇ ਹਨ, (ਪਰ ਮਿਲਦੇ ਉਸੇ ਨੂੰ ਹੀ ਹਨ) ਜਿਸ ਉਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ ।੧।

ਭਾਵਾਰਥ :–ਆਮ ਤੌਰ ਤੇ ਲੋਕ ਇਸ ਅੰਦਰਲੇ ਗੁਣ ਨਾਮ ਦੀ ਸੋਝੀ ਨਹੀਂ ਰਖਦੇ, ਪਾਰਾਂ ਵਲ ਹੀ ਭੱਜਦੇ ਹਨ, ਪਰ ਜੇ ਪ੍ਰਭੂ ਦੀ ਮਿਹਰ ਹੋਵੇ ਤਾਂ ਗੁਰੂ ਦਾ ਮਿਲਾਪ ਹੁੰਦਾ ਹੈ ਜਿਸ ਦੀ ਬਰਕਤ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ ।

ਮ: ੩ ॥

1. ਗੁਣ ਅਵਗੁਣ ਸਮਾਨਿ ਹਹਿ
ਜਿ ਆਪਿ ਕੀਤੇ ਕਰਤਾਰਿ ॥
2. ਨਾਨਕ ਹੁਕਮਿ ਮੰਨਿਐ ਸੁਖੁ ਪਾਈਐ
ਗੁਰ ਸਬਦੀ ਵੀਚਾਰਿ ॥੨॥

ਅਰਥ :-

ਪ੍ਰ:-ਕਿਉਂ ਜੀ ! ਮਨੁੱਖ ਨੂੰ ਸੁਖਾਂ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ?

1. ਉ:-ਹੇ ਭਾਈ ! ਅਸਲ ਵਿਚ ਜਿਸ ਮਨੁੱਖ ਨੇ ਹੁਕਮ ਮੰਨਿਆਂ ਹੈ ਉਸ ਨੂੰ ਲੋਕਾਂ ਵਲੋਂ ਕੀਤੇ ਗੁਣ ਤੇ ਔਗੁਣ (ਭਾਵ,ਨੇਕੀ ਤੇ ਬਦੀ ਦਾ ਸਲੂਕ,)ਇਕੋ ਜਿਹੇ ਜਾਪਦੇ ਹਨ, ਕਿਉਂਕਿ,ਉਹ 'ਹੁਕਮ' ਵਿਚ ਤੁਰਨ ਦੇ ਕਾਰਨ ਸਮਝਦਾ ਹੈ ਕਿ) ਇਹ (ਗੁਣ ਤੇ ਔਗੁਣ) ਕਰਤਾਰ ਨੇ ਆਪ (ਹੀ) ਪੈਦਾ ਕੀਤੇ ਹਨ ।
2. ਇਸ ਲਈ ਹੇ ਭਾਈਓ ! ਗੁਰੂ ਦੇ ਸ਼ਬਦ ਰਾਹੀਂ ਵਿਚਾਰਵਾਨ ਹੋ ਕੇ ਪ੍ਰਭੂ ਦਾ ਹੁਕਮ ਮੰਨਿਆਂ ਸੁਖ ਮਿਲਦਾ ਹੈ ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ।

ਭਾਵਾਰਥ :-ਜੋ ਮਨੁੱਖ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਉਸ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਜੀਵਨ ਗੁਜ਼ਾਰਦਾ ਹੈ, ਉਸ ਨੂੰ ਜੀਵਨ ਭਰ ਹੀ ਸੱਚਾ ਸੁੱਖ ਹਾਸਿਲ ਹੁੰਦਾ ਹੈ ।

ਪਉੜੀ ॥

1. ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥
2.ਗੁਰਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥
3. ਖਰੇ ਪਰਖਿ ਖਜਾਨੈ ਪਾਈਅਨਿ
ਖੋਟਿਆ ਨਾਹੀ ਥਾਉ ॥
4. ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
5. ਅੰਮ੍ਰਿਤ ਕਾ ਰਸੁ ਆਇਆ
ਮਨਿ ਵਸਿਆ ਨਾਉ ॥੧੮॥

ਪਦ ਅਰਥ:-ਅਸਰਾਉ-ਆਸਰਾ । ਰਸ-ਸੁਆਦ।੧੮।

ਅਰਥ :-

ਪ੍ਰ:-ਸ੍ਰੀ ਜੀਉ ! ਉਸ ਜੀਵਾਂ ਦੇ ਮਾਲਕ ਪ੍ਰਭੂ ਦੀ ਕੁਝ ਜਾਣਕਾਰੀ ਕਰਾਉ ?

1. ਉ:-ਹੇ ਭਾਈਓ ! ਅਸਲ ਵਿਚ (ਜੀਵ ਦੇ) ਅੰਦਰ ਹੀ (ਜੀਆਂ ਦਾ) ਮਾਲਕ ਬੈਠਾ ਹੈ। (ਜੀਵ ਦੇ) ਅੰਦਰ ਹੀ (ਉਸਦਾ) ਤਖਤ ਹੈ,ਉਹ ਆਪ ਹੀ (ਅੰਦਰ ਬੈਠਾ ਹੋਇਆ ਜੀਵ ਦੇ ਕੀਤੇ ਕਰਮਾਂ ਦਾ) ਨਿਆਂ ਕਰੀ ਜਾਂਦਾ ਹੈ ।
2. (ਜੀਵ ਦੇ) ਅੰਦਰ ਹੀ (ਉਸ ਦਾ) ਮਹਲ ਹੈ, ਜੀਵ ਦੇ ਅੰਦਰ (ਬੈਠਾ ਜੀਵ ਨੂੰ) ਆਸਰਾ (ਦੇਈ ਜਾ ਰਿਹਾ) ਹੈ, ਪਰ ਉਸ ਦੇ ਮਹਿਲ ਦਾ ਬੂਹਾ ਗੁਰੂ ਦੇ ਸ਼ਬਦ ਦੀ ਰਾਹੀਂ ਲਭਦਾ ਹੈ ।
3. ਹੇ ਪਿਆਰੇ ! ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜੂਰੀ ਵਿਚ ਖਰੇ ਜੀਵ ਪਰਖ ਕੇ ਖਜਾਨੇ ਵਿਚ ਰਖੇ ਜਾਂਦੇ ਹਨ, (ਭਾਵ ਹੈ, ਅੰਦਰ ਬੈਠਾ ਹੋਇਆ ਹੀ ਖਰੇ ਜੀਵਾਂ ਦੀ ਆਪ ਹੀ ਸੰਭਾਲ ਕਰੀ ਜਾਂਦਾ ਹੈ) ਖੋਟਿਆਂ ਨੂੰ ਥਾਂ ਨਹੀਂ ਮਿਲਦੀ ।
4. ਹੇ ਭਾਈਓ ! ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸ ਦਾ ਨਿਆਂ ਭੀ ਸਦਾ (ਹੀ) ਅਟੱਲ ਹੈ ।
5. ਪਰ, ਐ ਪਿਆਰੇ ! ਉਨ੍ਹਾਂ ਨੂੰ (ਹੀ) ਉਸ ਦੇ ਨਾਮ ਅੰਮ੍ਰਿਤ ਦਾ ਸੁਆਦ ਆਉਂਦਾ ਹੈ, ਜਿਨ੍ਹਾਂ ਦੇ ਮਨ ਵਿਚ ਨਾਮ ਵਸਦਾ ਹੈ ।੧੮।

ਭਾਵਾਰਥ :-ਉਹ ਪ੍ਰਭੂ ਪਾਤਸ਼ਾਹ ਮਨੁੱਖ ਦੇ ਅੰਦਰ ਹੀ ਹਿਰਦੇ ਤਖਤ ਤੇ ਬੈਠਾ ਹੋਇਆ ਹੈ, ਪਰ, ਉਸ ਦੇ ਮਹਲ ਦਾ ਦਰ ਗੁਰੂ ਤੋਂ ਹੀ ਲੱਭਦਾ ਹੈ ਅਤੇ ਉਹ ਹਰੇਕ ਦੇ ਅੰਦਰ ਬੈਠਾ ਹੀ ਖੋਟੇ ਖਰੇ ਦੀ ਪਰਖ ਕਰੀ ਜਾ ਰਿਹਾ ਹੈ, ਵਾਹਿਗੁਰੂ ਦਾ ਹੁਕਮ ਸਾਡੇ ਅੰਦਰ ਮੁਨਸਫ ਦੇ ਤੌਰ ਤੇ ਬੈਠਾ ਹੈ ਤੇ ਨਾਲ ਨਾਲ ਚੰਗੇ ਮੰਦੇ ਦੀ ਪਛਾਣ ਕਰਾਈ ਜਾਂਦਾ ਹੈ ।

ਸਲੋਕ ਮ: ੧ ॥

1. ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥
2. ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ ॥
3. ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ॥
4. ਸਤਿਗੁਰੁ ਮਿਲੈ ਤ ਜਾਣੀਐ
ਜਾਂ ਸਬਦੁ ਵਸੈ ਮਨ ਮਾਹਿ ॥
5. ਆਪੁ ਗਇਆ ਭ੍ਰਮੁ ਭਉ ਗਇਆ
ਜਨਮ ਮਰਨ ਦੁਖ ਜਾਹਿ ॥
6. ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥
7. ਨਾਨਕ ਸੋਹੰ ਹੰਸਾ ਜਪੁ ਜਾਪਹੁ
ਤ੍ਰਿਭਵਣ ਤਿਸੈ ਸਮਾਹਿ ॥੧॥

ਪਦ ਅਰਥ :-ਗਿਆਨੀ-ਹੇ ਗਿਆਨਵਾਨ । ਬੂਝਣਾ-ਬੁਝਾਰਤ; ਡੂੰਘੀ ਗੱਲ । ਅਕਥ ਕਥਾ-ਉਸ ਪ੍ਰਭੂ ਦੀ ਗੱਲ ਜਿਸ ਦਾ ਸਰੂਪ ਦਸਿਆ ਨਹੀਂ ਜਾ ਸਕਦਾ । ਅਲਖੁ-ਜਿਸ ਦਾ ਕੋਈ ਖਾਸ ਨਿਸ਼ਾਨ ਨਹੀਂ ਦਿਸਦਾ । ਆਪੁ-ਆਪਾ ਭਾਵ, ਹਉਮੈਂ । ਭ੍ਰਮੁ-ਭਟਕਣਾ । ਜਨਮ ਮਰਨ ਦੁਖ-ਜੰਮਣ ਤੋਂ ਲੈ ਕੇ ਮੌਤ ਤਕ ਦੇ ਸਾਰੇ ਦੁੱਖ, ਸਾਰੀ ਉਮਰ ਦੇ ਦੁੱਖ । ਉਤਮ ਮਤਿ-ਉੱਜਲ ਬੁੱਧ ਵਾਲੇ । ਸੋਹੰ-ਉਹ ਮੈਂ ਹਾਂ । ਹੰਸਾ-ਮੈਂ ਉਹ ਹਾਂ । ਸੋਹੰ ਹੰਸਾ ਜਪੁ-ਉਹ ਜਪ ਜਿਸ ਨਾਲ 'ਉਹ ਮੈਂ ਤੇ ਮੈਂ ਉਹ' ਹੋ ਜਾਏ, ਉਹ ਸਿਮਰਨ ਜਿਸ ਨਾਲ ਜੀਵ ਤੇ ਪ੍ਰਭੂ ਇਕ ਰੂਪ ਹੋ ਜਾਣ ।੧।

ਅਰਥ :-

ਪ੍ਰ:-ਸ੍ਰੀ ਜੀਉ ! ਮਨੁੱਖ ਦੀ ਸਿਮਰਨ ਕਰਨ ਤੋਂ ਪਹਿਲੋਂ

ਅਤੇ ਸਿਮਰਨ ਕਰਦੇ ਰਹਿਣ ਨਾਲ ਮਾਨਸਕ ਦ੍ਰਿਸ਼ਟੀ ਵਿਚ ਕੀ ਅੰਤਰਾ ਹੋਇਆ ਕਰਦਾ ਹੈ ?

1. ਉ:—ਤਾਂ ਆਪ ਜੀ ਮਨੁੱਖ ਦੀ ਵਰਤਮਾਨ ਅਵਸਥਾ ਨੂੰ ਆਪਣੇ ਅੰਦਰ ਅਰੋਪਨ ਕਰ ਕੇ ਸਿਮਰਨ ਦੀ ਬਰਕਤ ਨਾਲ ਹਾਸਲ ਹੋਈ ਅਵਸਥਾ ਨੂੰ ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਉਚਾਰਨ ਕਰਦੇ ਹਨ ਕਿ, ਹੇ ਪ੍ਰਭੂ ਜੀਉ ! ਜਦੋਂ ਮੈਂ 'ਹਉਂ, ਹਉਂ' ਕਰਦਾ ਹਾਂ, ਤਦੋਂ ਤੂੰ (ਮੇਰੇ ਅੰਦਰ ਪ੍ਰਗਟ) ਨਹੀਂ ਹੁੰਦਾ। ਪਰ ਜਦੋਂ ਤੂੰ ਆ ਵਸਦਾ ਹੈਂ (ਤਾਂ) ਮੇਰੀ 'ਹਉਂ' ਮੁੱਕ ਜਾਂਦੀ ਹੈ।
2. ਇਸ ਲਈ, ਹੇ ਗਿਆਨਵਾਨ ! ਅਕੱਥ ਪ੍ਰਭੂ ਦੀ ਇਹ ਡੂੰਘੀ ਰਾਜ਼ ਵਾਲੀ ਗੱਲ ਆਪਣੇ ਮਨ ਵਿਚ ਸਮਝ।
3. ਹੇ ਭਾਈ ! ਉਹ ਅਲੱਖ ਪ੍ਰਭੂ ਵਸਦਾ ਤਾਂ ਸਭਨਾਂ ਦੇ ਅੰਦਰ ਹੈ, ਪਰ ਇਹ ਅਸਲੀਅਤ ਗੁਰੂ ਤੋਂ ਬਿਨਾ ਨਹੀਂ ਲੱਭਦੀ।
4. ਐ ਪਿਆਰੇ ! ਜਦੋਂ ਗੁਰੂ ਮਿਲ ਪਏ, ਜਦੋਂ ਗੁਰੂ ਦਾ ਸ਼ਬਦ ਮਨ ਵਿਚ ਆ ਵਸੇ ਤਾਂ ਇਹ ਸਮਝ ਪੈਂਦੀ ਹੈ।
5. ਹੇ ਪਿਆਰੇ ! ਜਿਸ ਮਨੁੱਖ ਦੀ 'ਹਉਂ' ਦੂਰ ਹੋ ਜਾਂਦੀ ਹੈ, (ਤਾਂ ਉਸ ਦੀ ਮਾਇਆ ਦੀ ਖਾਤਰ) ਭਟਕਣਾ ਮਿਟ ਜਾਂਦੀ ਹੈ, ਮੌਤ ਆਦਿਕ ਦਾ ਡਰ ਮੁੱਕ ਜਾਂਦਾ ਹੈ, ਉਸ ਦੇ ਸਾਰੀ ਉਮਰ ਦੇ ਦੁੱਖ ਨਾਸ ਹੋ ਜਾਂਦੇ ਹਨ, (ਕਿਉਂਕਿ) ਜੀਵਨ ਵਿਚ ਦੁੱਖ ਹੁੰਦੇ ਹੀ ਇਹੋ ਹਨ।
6. ਹੇ ਭਾਈ ! ਜਿਨ੍ਹਾਂ ਨੂੰ ਗੁਰੂ ਦੀ ਮਤਿ ਲਿਆਂ ਰੱਬ ਦਿਸ ਪੈਂਦਾ ਹੈ, ਜਿਨ੍ਹਾਂ ਦੀ ਬੁੱਧ ਨਿਰਮਲ ਹੋ ਜਾਂਦੀ ਹੈ, ਉਹ (ਇਨ੍ਹਾਂ ਦੁੱਖਾਂ ਦੇ ਸਮੁੰਦਰ ਤੋਂ) ਤਰ ਜਾਂਦੇ ਹਨ।
7. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ, (ਹੇ ਮਨਾ ! ਤੂੰ ਭੀ) ਸਿਮਰਨ ਕਰ ਜਿਸ ਨਾਲ ਤੇਰੀ ਆਤਮਾਂ ਪ੍ਰਭੂ ਨਾਲ ਇਕ ਰੂਪ ਹੋ ਜਾਏ (ਵੇਖ) ਤ੍ਰਿਲੋਕੀ ਦੇ ਹੀ ਜੀਵ ਉਸੇ ਵਿਚ ਟਿਕੇ ਹੋਏ ਹਨ, (ਉਸੇ ਦੇ ਆਸਰੇ ਹਨ)।੧।

ਭਾਵਾਰਥ :—ਹਉਮੈਂ ਕਰਨ ਦੇ ਨਾਲ ਹਰੀ ਦੇ ਅੰਦਰ ਹੋਣ ਦੀ ਸੋਝੀ ਨਹੀਂ ਹੁੰਦੀ, ਪਰ, ਇਹ ਗੱਲ ਗੁਰੂ ਹੀ ਸਮਝਾਉਂਦਾ ਹੈ ਕਿ ਹਰੀ ਸਭ ਦੇ ਅੰਦਰ ਵਸਦਾ ਹੈ ਪਹਿਲੋਂ ਮਨੁੱਖ ਨੂੰ ਆਪਣੇ ਮਨ ਦੀ ਸੋਝੀ ਹੁੰਦੀ ਹੈ, ਜਿਸ ਤੋਂ ਹਉਮੈਂ ਮਰਦੀ ਹੈ ਤੇ ਮਨ ਹਰੀ ਵਿਚ ਲੀਨ ਹੋਣਾ ਸਿਖਦਾ ਹੈ।

ਮ: ੩ ॥

1.ਮਨੁ ਮਾਣਕੁ ਜਿਨਿ ਪਰਖਿਆ ਗੁਰਸਬਦੀ ਵੀਚਾਰਿ॥
2. ਸੇ ਜਨ ਵਿਰਲੇ ਜਾਣੀਅਹਿ
ਕਲਜੁਗ ਵਿਚਿ ਸੰਸਾਰਿ ॥
3. ਆਪੈ ਨੋ ਆਪੁ ਮਿਲਿ ਰਹਿਆ
ਹਉਮੈ ਦੁਬਿਧਾ ਮਾਰਿ ॥
4. ਨਾਨਕ ਨਾਮਿ ਰਤੇ ਦੁਤਰੁ ਤਰੇ
ਭਉਜਲੁ ਬਿਖਮੁ ਸੰਸਾਰੁ ॥੨॥

ਪਦ ਅਰਥ :—ਮਾਣਕੁ—ਸੁੱਚਾ ਮੋਤੀ। ਜਿਨਿ—ਜਿਸ ਨੇ। ਸੰਸਾਰਿ—ਸੰਸਾਰ ਵਿਚ। ਜੁਗ—ਸਮਾਂ, ਪਹਿਰਾ। ਕਲ—ਕਲੇਸ਼, ਝਗੜੇ, ਵਿਕਾਰ। ਕਲਜੁਗ—ਜਿਥੇ ਵਿਕਾਰਾਂ ਦਾ ਪਹਿਰਾ ਹੈ। ਦੁਬਿਧਾ—ਦੁਚਿੱਤਾ-ਪਨ, ਮੇਰ ਤੇਰ। ਦੁਤਰੁ—ਜਿਸਨੂੰ ਤਰਨਾ ਔਖਾ ਹੈ। ਭਉਜਲੁ—ਸੰਸਾਰ ਸਮੁੰਦਰ। ਬਿਖਮ—ਅਉਖਾ, ਡਰਾਉਣਾ।੨।

ਅਰਥ :—

ਪ੍ਰ:—ਹੇ ਗੁਰੋ ! ਆਪ ਜੀ, ਇਸ ਕਲਜੁਗ ਦੇ ਸਮੇਂ ਵਿਚ ਵੀਚਾਰਵਾਨ ਕਿਸ ਮਨੁੱਖ ਨੂੰ ਸਮਝਦੇ ਹੋ ?

1. ਉ.—ਹੇ ਭਾਈ ! ਅਸਲ ਵਿਚ ਇਹ ਮਨ ਸੁੱਚਾ ਮੋਤੀ ਹੈ, ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਦੀ ਰਾਹੀਂ ਵੀਚਾਰ ਕਰਕੇ (ਇਸ ਸੁੱਚੇ ਮੋਤੀ ਨੂੰ) ਪਰਖ ਲਿਆ ਹੈ।
2. ਇਸ ਸੰਸਾਰ ਵਿਚ ਜਿਥੇ ਵਿਕਾਰਾਂ ਦਾ ਪਹਿਰਾ ਹੈ ਅਜਿਹੇ ਬੰਦੇ ਬੜੇ ਘਟ ਵੇਖੀਦੇ ਹਨ।
3. (ਕਿਉਂਕਿ) ਉਸ ਦਾ ਆਪਾ ਹਉਮੈਂ ਤੇ ਮੇਰ ਤੇਰ ਨੂੰ ਮਾਰਕੇ 'ਆਪੇ' ਨਾਲ ਮਿਲਿਆ ਰਹਿੰਦਾ ਹੈ।
4. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ, ਉਹ ਇਸ ਡਰਾਉਣੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ, ਜਿਸ ਨੂੰ ਤਰਨਾ ਬੜਾ ਔਖਾ ਹੈ।੨।

ਭਾਵਾਰਥ :—ਇਸ ਸੰਸਾਰ ਦੇ ਅੰਦਰ ਗੁਰੂ ਦੇ ਸ਼ਬਦ ਦੀ ਵੀਚਾਰ ਰਾਹੀਂ ਮਨ ਰੂਪੀ ਮੋਤੀ ਦੀ ਪਰਖ ਕਰਨ ਵਾਲੇ ਬੰਦੇ ਬਹੁਤ ਘਟ ਹਨ, ਉਹੀ ਇਸ ਬਿਖਮ ਸੰਸਾਰ ਸਮੁੰਦਰ ਨੂੰ ਪਾਰ ਕਰਦੇ ਹਨ।

ਪਉੜੀ ॥

1. ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥
2. ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
3. ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥
4. ਬਿਨੁ ਗੁਰ ਕਿਨੈ ਨ ਪਾਇਓ ਹਰਿਨਾਮੁ ਹਰਿ ਸਤੇ ॥
5. ਤਤੁ ਗਿਆਨੁ ਵੀਚਾਰਿਆ
ਹਰਿ ਜਪਿ ਹਰਿ ਗਤੇ ॥੧੯॥

ਪਦ ਅਰਥ :—ਅੰਦਰੁ—ਅੰਦਰਲਾ, ਭਾਵ ਮਨ। ਅੰਦਰਿ—(ਮਨ) ਵਿਚ। ਅਹੰਮਤੇ—ਹਉਮੈਂ ਦੇ ਕਾਰਨ। ਤਿਖ—ਮਾਇਆ ਦੀ ਤ੍ਰਿਸ਼ਨਾ। ਤਤੇ—ਸੜੇ ਹੋਏ। ਵਿਗੁਤੇ—ਖੁਆਰ ਹੁੰਦੇ ਹਨ। ਸਤੇ—ਸਤਿ, ਸਦਾ ਰਹਿਣ ਵਾਲਾ। ਗਤੇ—ਗਤ।੨।

ਅਰਥ :—

ਪ੍ਰ:—ਸ੍ਰੀ ਜੀਉ ! ਇਹ ਮਨੁੱਖ ਆਪਣੇ ਮਨ ਦੀ ਖੋਜ ਕਿਉਂ ਨਹੀਂ ਕਰਦੇ, ਜਿਸਦੀ ਬਰਕਤ ਨਾਲ ਅਗੰਮੀਪਦਾਰਥ ਦੀ ਪ੍ਰਾਪਤੀ ਹੁੰਦੀ ਹੈ ?

1. ਉ:—ਹੇ ਭਾਈ ! ਅਸਲ ਵਿਚ ਜੋ ਆਪਣੇ ਮਨ ਦੇ ਪਿਛੇ

ਤੁਰਨ ਵਾਲੇ ਮਨੁੱਖ ਹਉਮੈਂ ਦੇ ਠੱਗੇ ਹੋਏ ਹਨ, ਉਹ ਆਪਣਾ ਮਨ ਨਹੀਂ ਖੋਜਦੇ।

2. (ਕਿਉਂਕਿ) ਉਹ ਅੰਦਰੋਂ ਤ੍ਰਿਸ਼ਨਾ ਨਾਲ ਸੜੇ ਹੋਏ (ਹੋਣ ਕਰ ਕੇ) (ਮਾਇਆ ਦੀ ਖਾਤਰ) ਚੌਹੀਂ ਪਾਸੀਂ ਭਟਕ ਭਟਕ ਕੇ ਥੱਕ ਜਾਂਦੇ ਹਨ।

3. ਹੇ ਪਿਆਰੇ ! ਉਹ ਲੋਕ ਸਿਮ੍ਰਤੀਆਂ ਸ਼ਾਸਤ੍ਰਾਂ ਭਾਵ ਆਪਣੇ ਧਰਮ ਪੁਸਤਕਾਂ ਨੂੰ ਗਹੁ ਨਾਲ ਨਹੀਂ ਖੋਜਦੇ ਤੇ (ਧਰਮ ਪੁਸਤਕਾਂ ਦੇ ਥਾਂ ਆਪਣੇ) ਮਨ ਦੇ ਪਿਛੇ ਤੁਰ ਕੇ ਖੁਆਰ ਹੀ ਹੁੰਦੇ ਹਨ।

ਪ੍ਰ:-ਕਿਉਂ ਜੀ ! ਉਹ ਲੋਕ ਨਾਮ ਦੀ ਪ੍ਰਾਪਤੀ ਕਿਉਂ ਨਹੀਂ ਕਰਦੇ ?

4. ਉ:-ਹੇ ਪਿਆਰੇ ! ਇਹ ਨਿਯਮ ਹੈ ਕਿ, ਉਸ ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾਂ ਦਾ ਨਾਮ ਗੁਰੂ ਦੀ ਸ਼ਰਨ ਆਉਣ ਤੋਂ ਬਿਨਾ ਕਿਸੇ ਨੇ ਭੀ ਨਹੀਂ ਲੱਭਿਆ।

5. ਸੋ; ਹੇ ਭਾਈਓ ! ਅਸੀਂ ਤਾਂ ਅਸਲ ਵਿਚਾਰ ਦੀ ਇਹੋ ਹੀ ਗਲ ਲਭੀ ਹੈ ਕਿ ਪ੍ਰਮੇਸ਼ਰ ਜੀ ਦਾ ਨਾਮ ਜਪਿਆਂ ਹੀ ਮਨੁਖ ਦੀ ਆਤਮਕ ਹਾਲਤ ਸੁਧਰਦੀ ਹੈ।੧੯।

ਭਾਵਾਰਥ :-ਮਨਮੁਖ ਆਪਣੇ ਅੰਤਰ ਆਤਮੇਂ ਦੀ ਭਾਲ ਨਹੀਂ ਕਰਦਾ; ਤ੍ਰਿਸ਼ਨਾ ਦਾ ਮਾਰਿਆ ਬਾਹਰ ਹੀ ਭਟਕਦਾ ਹੈ; ਪਰ, ਆਖਰ ਗੁਰੂ ਦੇ ਦਰ ਤੇ ਪਿਆਂ ਹੀ ਇਹ ਸਮਝ ਆਉਂਦੀ ਹੈ ਕਿ ਨਾਮ ਜਪਿਆਂ ਹੀ ਇਸ ਤ੍ਰਿਸ਼ਨਾਂ ਤੋਂ ਖਲਾਸੀ ਹੁੰਦੀ ਹੈ।

ਸਲੋਕ ਮ: ੨ ॥

1. ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥

2. ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥੧॥

ਪਦ ਅਰਥ :-ਆਪੇ-ਆਪ ਹੀ । ਕਰੇ-ਪੈਦਾ ਕਰਦਾ ਹੈ। ਆਣੈ-ਲਿਆਉਂਦਾ ਹੈ। ਆਣੈ ਰਾਸਿ-ਰਾਸ ਲਿਆਉਂਦਾ ਹੈ; ਸਿਰੇ ਚਾੜ੍ਹਦਾ ਹੈ। ਤਿਸੈ-ਤਿਸ ਹੀ । ਖਲਿਇ-ਖਲੋ ਕੇ; ਧਿਆਨ ਨਾਲ, ਅਦਬ ਨਾਲ; ਸ਼ਰਧਾ ਨਾਲ।੧।

ਅਰਥ :-

ਪ੍ਰ:-ਸ੍ਰੀ ਜੀਉ ! ਜਗਤ ਵਿਚ ਅਨੇਕਾਂ ਹੀ ਦੇਵੀ ਦੇਵਤੇ ਹੋ ਗੁਜ਼ਰੇ ਹਨ, ਹਰ ਮਨੁੱਖ ਭਿੰਨ ਭਿੰਨ ਦੇਵਤਿਆਂ ਦੇ ਸਨਮੁੱਖ ਹੋ ਅਰਜ਼ਾਂ ਕਰਦੇ ਹਨ, ਪਰ, ਗੁਰਮਤਿ ਅਨੁਸਾਰ ਕਿਸ ਦੇ ਅਗੇ ਜੋਦੜੀ ਕਰਨੀ ਜੋਗ ਹੈ ?

1. ਉ:-ਹੇ ਪਿਆਰੇ ! ਗੁਰਮਤਿ ਅਨੁਸਾਰ ਤਾਂ ਉਸ ਇਕ ਪ੍ਰਭੂ ਜੀ ਦੇ ਸਨਮੁਖ ਹੋ ਕੇ ਹੀ ਅਰਜ਼ਾਂ ਕਰਦੇ ਰਹਿਣਾ ਚਾਹੀਦਾ ਹੈ, ਕਿਉਂਕਿ; ਉਹ ਪ੍ਰਭੂ ਆਪ ਹੀ (ਜੀਵਾਂ ਦੇ ਦਿਲ ਦੀ)ਜਾਣਦਾ ਹੈ ਤੇ ਉਹ ਆਪ ਹੀ (ਇਨ੍ਹਾਂ ਨੂੰ) ਪੈਦਾ ਕਰਦਾ ਹੈ, ਆਪ ਹੀ ਜੀਵਾਂ ਦੇ ਕਾਰਜ ਸਿਰੇ ਚਾੜ੍ਹਦਾ ਹੈ।

2. ਕਥਨ ਕਰਦੇ ਹਨ; (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਇਸ ਲਈ, ਉਸ (ਇਕ) ਪ੍ਰਭੂ ਅਗੇ ਹੀ ਅਦਬ ਸ਼ਰਧਾ ਨਾਲ ਅਰਜ਼ੋਈ ਕਰਨੀ ਚਾਹੀਦੀ ਹੈ।੧।

ਭਾਵਾਰਥ :-ਪ੍ਰਮੇਸ਼ਰ ਦੇ ਹੁਕਮ ਵਿਚ ਰਚੇ ਗਏ ਦੇਵੀ ਦੇਵਤਿਆਂ ਨੂੰ ਹੀ ਪੂਜਣ ਦਾ ਖਿਆਲ ਕਰਨ ਵਾਲਿਆਂ ਮਨੁੱਖਾਂ ਨੂੰ ਇਕੋ ਪ੍ਰਮੇਸ਼ਰ ਦੇ ਪੁਜਾਰੀ ਹੋਣ ਦਾ ਉਪਦੇਸ਼ ਕਰਦੇ ਹਨ; ਜੋ ਕਿ ਹਰ ਕਾਰਜ ਦੀ ਸਫਲਤਾ ਦਾ ਕਾਰਣ ਹੈ।

ਮ: ੧ ॥

1. ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ ॥

2. ਕਿਸ ਨੋ ਕਹੀਐ ਨਾਨਕਾ ਜਾ ਘਰਿ ਵਰਤੈ ਸਭੁ ਕੋਇ ॥੨॥

ਪਦ ਅਰਥ :-ਜਿਨਿ-ਜਿਸ ਪ੍ਰਭੂ ਨੇ। ਕੀਆ-ਜਗਤ ਪੈਦਾ ਕੀਤਾ ਹੈ। ਤਿਨਿ-ਉਸ ਪ੍ਰਭੂ ਨੇ। ਦੇਖਿਆ-ਇਸ ਜਗਤ ਦੀ ਸੰਭਾਲ ਕੀਤੀ ਹੋਈ ਹੈ। ਕਿਸ ਨੋ-ਉਸ ਪ੍ਰਭੂ ਤੋਂ ਬਿਨਾ ਹੋਰ ਕਿਸ ਨੂੰ ? । ਘਰਿ-ਹਿਰਦੇ ਘਰ ਵਿਚ । ਵਰਤੈ-ਮੌਜੂਦ ਹੈ। ਸਭੁ ਕੋਇ-ਹਰੇਕ ਜੀਵ। ਕਿਸਨੋ ਕਹੀਐ-ਕਿਸੇ ਹੋਰ ਨੂੰ ਆਖਣਾ ਵਿਅਰਥ ਹੈ।੨।

ਅਰਥ :-

ਪ੍ਰ:-ਹੇ ਗੁਰੋ ! ਇਸ ਜਗਤ ਦੀ ਰਚਨਾਂ ਬਾਰੇ ਕੀ ਨਿਸਚਾ ਰਖਣਾ ਚਾਹੀਦਾ ਹੈ ?

1. ਉ:-ਐ ਪਿਆਰੇ ! ਹਰ ਪ੍ਰਾਣੀ ਮਾਤ੍ਰ ਦੇ ਅੰਤਰ ਆਤਮੇਂ ਇਉਂ ਹੀ ਨਿਸਚਾ ਰਖਣਾ ਚਾਹੀਦਾ ਹੈ ਕਿ, ਜਿਸ ਪ੍ਰਮਾਤਮਾਂ ਨੇ ਜਗਤ ਪੈਦਾ ਕੀਤਾ ਹੈ, ਉਸ ਨੇ ਹੀ ਇਸ ਦੀ ਸੰਭਾਲ ਕੀਤੀ ਹੋਈ ਹੈ, ਉਹ ਆਪ ਹੀ (ਹਰੇਕ ਦੇ ਦਿਲ ਦੀ) ਜਾਣਦਾ ਹੈ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ; ਐ ਪਿਆਰੇ ! ਜੋ ਹਰੇਕ ਦੇ ਹਿਰਦੇ ਘਰ ਵਿਚ ਮੌਜੂਦ ਹੈ, ਤਾਂ ਉਸ ਤੋਂ ਬਿਨਾ ਕਿਸੇ ਹੋਰ ਅਗੇ ਅਰਜ਼ੋਈ ਕਰਨੀ ਵਿਅਰਥ ਹੈ।੨।

ਭਾਵਾਰਥ :-ਇਸ ਜਗਤ ਦੀ ਰਚਨਾ ਨੂੰ ਰਚ ਕੇ ਆਪ ਹੀ ਸੰਭਾਲ ਕਰਦਾ ਹੈ; ਇਸ ਲਈ; ਉਸ ਨੂੰ ਛਡ ਕੇ ਕਿਸੇ ਹੋਰ ਦਾ ਆਸਰਾ ਲੈਣਾ ਵਿਅਰਥ ਹੈ।

ਪਉੜੀ ॥

1. ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥

2. ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥

3. ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥

4. ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥

5. ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥੨੦॥

ਪਦ ਅਰਥ :-ਥੋਕ-ਚੀਜ਼ਾਂ । ਨਿਹਾਲੁ-ਖਿੜਿਆ ਹੋਇਆ। ਦਹੈ-ਸਾੜ ਦੇਂਦਾ ਹੈ। ਚੁਕੈ-ਮੁੱਕ ਜਾਂਦਾ ਹੈ। ਜਨਮਿ-ਜਨਮ ਕੇ, ਜੰਮ ਕੇ। ਆਧਾਰੁ-ਆਸਰਾ । ਸੋਗਿ-

ਸੋਗ ਵਿਚ, ਚਿੰਤਾ ਵਿਚ। ਜਰਿ–ਸੜ। ਸੰਜਿ ਧਰਿ–ਸੰਚ ਲੈ, ਇਕੱਠਾ ਕਰ।੨੦।

ਅਰਥ :–

ਪ੍ਰ:–ਗੁਰਦੇਵ ਜੀਉ ! ਮੇਰਾ ਮਨ ਹਰ ਸਮੇਂ ਹੀ ਮੋਹ ਵਿਚ ਗਲਤਾਨ ਹੋਇਆ ਮੁਰਝਾਇਆ ਹੀ ਰਹਿੰਦਾ ਹੈ, ਕੋਈ ਸਾਧਨ ਦਸੋ, ਜਿਸ ਦਾ ਸਦਕਾ ਇਹ ਮਨ ਸਦਾ ਹੀ ਪ੍ਰਸੰਨ ਰਵੇ ?

1. **ਉ:**–ਹੇ ਪਿਆਰੇ ! (ਤੂੰ) ਹੋਰ ਸਭ ਚੀਜਾਂ (ਦਾ ਮੋਹ) ਵਿਸਾਰ ਕੇ ਇਕ ਪ੍ਰਮਾਤਮਾਂ ਨੂੰ ਹੀ ਆਪਣਾ ਮਿੱਤ੍ਰ ਬਣਾ।
2. (ਇਸ ਤਰ੍ਹਾਂ) ਤੇਰਾ ਮਨ ਖਿੜ ਆਵੇਗਾ, ਤੇਰਾ ਸਰੀਰ (ਭੀ) ਹਉਲਾ ਫੁਲ ਹੋ ਜਾਏਗਾ, ਕਿਉਂਕਿ ਪ੍ਰਮੇਸ਼ਰ ਸਾਰੇ ਹੀ ਪਾਪ ਸਾੜ ਦੇਂਦਾ ਹੈ।
3. ਅਤੇ (ਜਗਤ ਵਿਚ ਤੇਰਾ) ਜੰਮਣਾ ਮਰਨਾ (ਭੀ) ਮੁੱਕ ਜਾਏਗਾ, ਤੂੰ ਮੁੜ ਮੁੜ ਨਹੀਂ ਜੰਮੇਂ ਮਰੇਂਗਾ।
4. ਹੇ ਪਿਆਰੇ ! ਤੂੰ ਪ੍ਰਭੂ ਦੇ ਨਾਮ ਨੂੰ (ਆਪਣਾ) ਆਸਰਾ ਬਣਾ (ਜਿਸ ਦਾ ਸਦਕਾ) ਤੂੰ ਚਿੰਤਾ ਵਿਚ ਤੇ ਮੋਹ ਵਿਚ ਨਹੀਂ ਸੜੇਂਗਾ।
5. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਤੂੰ ਪ੍ਰਮੇਸ਼ਰ ਦਾ ਨਾਮ ਖਜ਼ਾਨਾ ਹੀ ਆਪਣੇ ਮਨ ਵਿਚ ਇਕੱਠਾ ਕਰੀ ਰਖ।੨੦।

ਭਾਵਾਰਥ :–ਇਕ ਪ੍ਰਭੂ ਦਾ ਪਵਿਤ੍ਰ ਨਾਮ ਹੀ ਹੈ, ਜੋ ਪਾਪਾਂ ਦੀ ਮੈਲ ਲਹਕੇ ਤਪ ਰਹੇ ਹਿਰਦੇ ਵਿਚ ਠੰਡ ਵਰਤਾਂਦਾ ਹੈ, ਚਿੰਤਾ ਤੇ ਮੋਹ ਦੂਰ ਹੋ ਜਾਂਦਾ ਹੈ, ਇਸ ਲਈ, ਇਕੋ ਹਰੀ ਨੂੰ ਅਪਣਾਉਣਾ ਚਾਹੀਦਾ ਹੈ, ਇਸੇ ਵਿਚ ਹੀ ਸੁਖ ਦੀ ਪ੍ਰਾਪਤੀ ਹੈ।

ਸਲੋਕ ਮ: ੫ ॥

1. ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥
2.ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ॥੧॥

ਪਦ ਅਰਥ :–(ਨੋਟ:–ਇਹ ਸਲੋਕ ਵਾਰਾਂ ਤੇ ਵਧੀਕ ਸਲੋਕ ਮ: ੫ ਵਿਚ ਭੀ ਨੰ: ੧੯ ਤੇ ਦਰਜ ਹੈ । ਇਥੇ ਲਫਜ਼ 'ਕਰੰਮ' ਹੈ, ਉਥੇ 'ਕਰੰਮਿ' ਹੈ।) ਦੰਮਾ ਦੰਮ–ਦਮ-ਬ-ਦਮ, ਸੁਆਸ ਸੁਆਸ। ਚਿਤਿ–ਚਿਤ ਵਿਚ। ਆਵਈ–ਆਵਏ, ਆਵੈ, ਆਉਂਦਾ। ਕਰੰਮ–ਚੰਗੇ ਭਾਗ।੧।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਜਗਤ ਵਿਚ ਆਪ ਜੀ ਸਭ ਤੋਂ ਨਖਿੱਧ ਭਾਗਾਂ ਵਾਲਾ ਕਿਸ ਬੰਦੇ ਨੂੰ ਮੰਨਦੇ ਹੋ ?

1. **ਉ:**–ਹੇ ਪਿਆਰੇ ! ਜਿਸ ਮਨੁੱਖ ਵਿਚ ਇਹ ਤਿੰਨ ਦੋਸ਼ ਹਨ, ਭਾਵ ਜਿਸ ਮਨੁੱਖ ਨੂੰ ਮਨੋ ਮਾਇਆ ਨਹੀਂ ਭੁੱਲਦੀ (੧) ਅਤੇ ਜੋ (ਨਾਮ ਦੀ ਦਾਤ ਮੰਗਣ ਦੇ ਥਾਂ) ਸੁਆਸ ਸੁਆਸ (ਮਾਇਆ ਹੀ) ਮੰਗਦਾ ਰਹਿੰਦਾ ਹੈ (੨)।
2. ਅਤੇ ਜਿਸਨੂੰ ਉਹ ਪ੍ਰਮਾਤਮਾਂ ਕਦੇ ਚੇਤੇ ਨਹੀਂ ਆਉਂਦਾ (੩) ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਹ ਜਾਣੋ ਕਿ, ਉਸ ਦੇ ਭਾਗ ਚੰਗੇ ਨਹੀਂ ਹਨ, ਉਹ ਮੰਦ ਭਾਗੀ ਹੈ।੧।

ਭਾਵਾਰਥ :–ਪ੍ਰਮੇਸ਼ਰ ਨੂੰ ਵਿਸਾਰ ਕੇ ਹਰ ਵਕਤ ਹੀ ਮਾਇਆ ਦੀ ਮੰਗ ਕਰਦੇ ਰਹਿਣ ਵਾਲਾ ਮਨੁੱਖ ਸਮਝੋ ਸਭ ਤੋਂ ਅਭਾਗਾ ਹੈ।

ਮ: ੫ ॥

1. ਮਾਇਆ ਸਾਥਿ ਨ ਚਲਈ
ਕਿਆ ਲਪਟਾਵਹਿ ਅੰਧ ॥
2. ਗੁਰ ਕੇ ਚਰਣ ਧਿਆਇ ਤੂ
ਤੂਟਹਿ ਮਾਇਆ ਬੰਧ ॥੨॥

ਪਦ ਅਰਥ :–ਅੰਧ–ਅੰਨ੍ਹੇ (ਜੀਵ)। ਲਪਟਾਵਹਿ–ਚੰਬੜਦਾ ਹੈਂ। ਧਿਆਇ–ਧਿਆਨ ਕਰ। ਬੰਧ–ਮੁਸ਼ਕਾਂ।੨।

ਅਰਥ :–

ਪ੍ਰ:–ਸ੍ਰੀ ਜੀਉ ! ਮੇਰਾ ਮਨ ਹਰ ਸਮੇਂ ਮਾਇਆ ਵਿਚ ਹੀ ਗਲਤਾਨ ਰਹਿੰਦਾ ਹੈ, ਇਸ ਵਲੋਂ ਉਪ੍ਰਾਮ ਹੋਣ ਲਈ ਕੋਈ ਵੈਰਾਗ ਮਈ ਉਪਦੇਸ਼ ਦਿਓ ?

1. **ਉ:**–ਹੇ ਅੰਨ੍ਹੇ (ਜੀਵ) ! ਤੂੰ (ਮੁੜ ਮੁੜ) ਮਾਇਆ ਨੂੰ (ਹੀ) ਚੰਬੜਦਾ ਹੈਂ ? (ਕਿਉਂਕਿ) ਇਹ ਤਾਂ ਕਦੇ ਕਿਸੇ ਦੇ ਨਾਲ ਨਹੀਂ ਜਾਂਦੀ।

ਪ੍ਰ:–ਕਿਉਂ ਜੀ ! ਇਨ੍ਹਾਂ ਮਾਇਕੀ ਬੰਧਨਾਂ ਤੋਂ ਛੁੱਟਣ ਲਈ ਜਤਨ ਕੀ ਕਰਨਾ ਚਾਹੀਦਾ ਹੈ ?

2. **ਉ:**–ਹੇ ਪਿਆਰੇ ! ਤੂੰ ਸਤਿਗੁਰੂ ਦੇ ਚਰਨਾਂ ਦਾ ਧਿਆਨ ਧਰ (ਭਾਵ, ਹਉਮੈਂ ਛਡ ਕੇ ਗੁਰੂ ਦਾ ਆਸਰਾ ਲੈ) (ਤਾਂ ਜੋ) ਤੇਰੀਆਂ ਇਹ ਮੁਸ਼ਕਾਂ ਜੋ ਮਾਇਆ ਨੇ ਕਸੀਆਂ ਹੋਈਆਂ ਹਨ, ਟੁੱਟ ਜਾਣ।੨।

ਪਉੜੀ ॥

1. ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥
2. ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ॥
3. ਭਾਣੇ ਜੇਵਡ ਹੋਰ ਦਾਤਿ ਨਾਹੀ
ਸਚੁ ਆਖਿ ਸੁਣਾਇਆ ॥
4. ਜਿਨ ਕਉ ਪੂਰਬਿ ਲਿਖਿਆ
ਤਿਨ ਸਚੁ ਕਮਾਇਆ ॥
5. ਨਾਨਕ ਤਿਸੁ ਸਰਣਾਗਤੀ
ਜਿਨਿ ਜਗਤੁ ਉਪਾਇਆ ॥੨੧॥

ਪਦ ਅਰਥ :–ਭਾਣੈ–ਰਜ਼ਾ ਵਿਚ । ਮਨਾਇਓਨੁ–ਮਨਾਇਆ ਉਸ (ਪ੍ਰਭੂ) ਨੇ। ਮੇਲਿਓਨੁ–ਮਿਲਾਇਆ ਉਸ (ਪ੍ਰਭੂ) ਨੇ। ਸਚੁ–ਸਦਾ ਥਿਰ ਰਹਿਣ ਵਾਲੇ ਦਾ ਨਾਮ। ਦਾਤਿ–ਬਖਸ਼ਸ਼। ਸਚੁ ਆਖਿ–ਨਾਮ (ਆਪ) ਸਿਮਰ ਕੇ।

ਸੁਣਾਇਆ–(ਹੋਰਨਾਂ ਨੂੰ ਨਾਮ) ਸੁਣਾਇਆ ਹੈ। ਪੂਰਬਿ–ਮੁੱਢ ਤੋਂ, ਪਹਿਲਾਂ ਤੋਂ। ਜਿਨ ਕਉ–ਜਿਨ੍ਹਾਂ ਦੇ ਭਾਗਾਂ ਵਿਚ, ਜਿਨ੍ਹਾਂ ਵਾਸਤੇ।੨੧।

ਅਰਥ :–

ਪ੍ਰ:–ਗੁਰਦੇਵ ਜੀਉ! ਇਸ ਸੰਸਾਰ ਵਿਚ ਕਿਸ ਮਨੁੱਖ ਨੂੰ ਸੁੱਖ ਲੱਭਾ ਹੈ?

1. ਉ:–ਹੇ ਭਾਈ! ਅਸਲ ਵਿਚ ਉਸ ਪ੍ਰਮਾਤਮਾਂ ਨੇ (ਜਿਸ ਮਨੁੱਖ ਤੋਂ) ਆਪਣੀ ਰਜ਼ਾ ਵਿਚ ਆਪਣਾ ਹੁਕਮ ਮਨਾਇਆ ਹੈ, ਉਸ ਮਨੁੱਖ ਨੇ ਰਜ਼ਾ ਵਿਚ ਰਹਿ ਕੇ (ਹੀ) ਸੁੱਖ ਲੱਭਾ ਹੈ।
2. ਅਤੇ ਹੇ ਪਿਆਰੇ! ਉਸ ਪ੍ਰਭੂ ਨੇ ਆਪਣੀ ਰਜ਼ਾ ਵਿਚ ਜਿਸ ਮਨੁੱਖ ਨੂੰ ਗੁਰੂ ਮਿਲਾਇਆ ਹੈ, ਉਹ ਮਨੁੱਖ ਰਜ਼ਾ ਵਿਚ ਰਹਿ ਕੇ ਹੀ 'ਨਾਮ' ਸਿਮਰਦਾ ਹੈ।
3. ਜਿਸ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਸਭ ਤੋਂ ਵਡੀ ਰੱਬੀ ਬਖਸ਼ਿਸ਼ ਪ੍ਰਤੀਤ ਹੁੰਦੀ ਹੈ, ਉਹ ਆਪ 'ਨਾਮ' ਸਿਮਰਦਾ ਹੈ ਤੇ ਹੋਰ ਨੂੰ ਸੁਣਾਂਦਾ ਹੈ।
4. ਹੇ ਭਾਈ! ਪਰ ਨਾਮ ਉਹੀ ਸਿਮਰਦੇ ਹਨ, ਜਿਨ੍ਹਾਂ ਦੇ ਮੱਥੇ ਤੇ ਧੁਰੋਂ ਮੁੱਢ ਤੋਂ ਲੇਖ ਲਿਖਿਆ ਹੋਇਆ ਹੈ, (ਭਾਵ, ਜਿਨ੍ਹਾਂ ਦੇ ਅੰਦਰ ਪੂਰਬਲੇ ਕਰਮਾਂ ਅਨੁਸਾਰ ਸਿਮਰਨ ਦੇ ਸੰਸਕਾਰ ਮੌਜੂਦ ਹਨ)।
5. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ; ਐ ਪਿਆਰੇ! ਗੁਰੂ ਦੀ ਸ਼ਰਨ ਵਿਚ ਰਹੁ, ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ।੨੧।

ਭਾਵਾਰਥ:–ਪ੍ਰਭੂ ਆਪਣੀ ਰਜ਼ਾ ਅਨੁਸਾਰ ਹੀ ਮਿਹਰ ਕਰਕੇ ਗੁਰੂ ਦਾ ਮਿਲਾਪ ਕਰਾਂਦਾ ਹੈ ਤੇ ਸਿਮਰਨ ਵਿਚ ਜੋੜਦਾ ਹੈ।

ਸਲੋਕ ਮ: ੩ ॥

1. ਜਿਨ ਕਉ ਅੰਦਰਿ ਗਿਆਨੁ ਨਹੀ
ਭੈ ਕੀ ਨਾਹੀ ਬਿੰਦ ॥
2. ਨਾਨਕ ਮੁਇਆ ਕਾ ਕਿਆ ਮਾਰਣਾ
ਜਿ ਆਪਿ ਮਾਰੇ ਗੋਵਿੰਦ ॥੧॥

ਪਦ ਅਰਥ :–ਗਿਆਨ–ਸਰੂਪ ਦੀ ਲੱਖਤਾ। ਭੈ–ਡਰ। ਬਿੰਦ–ਰਤਾ ਮਾਤ੍ਰ।੧।

ਅਰਥ :–

ਪ੍ਰ:–ਸ੍ਰੀ ਜੀਉ! ਆਪ ਜੀ, ਮਰਿਆਂ ਦੀ ਗਿਣਤੀ ਵਿਚ ਕਿੰਨਾਂ ਜੀਵਾਂ ਨੂੰ ਮੰਨਦੇ ਹੋ?

1. ਉ:–ਹੇ ਪਿਆਰੇ! ਅਸਲ ਵਿਚ ਤਾਂ ਜਿਨ੍ਹਾਂ ਮਨੁੱਖਾਂ ਦੇ ਅੰਦਰ ਪ੍ਰਭੂ ਜੀ ਬਾਰੇ ਜਾਣ ਪਛਾਣ ਨਹੀਂ ਹੋ ਆਈ ਅਤੇ ਨਾ ਹੀ ਪ੍ਰਮੇਸ਼ਰ ਜੀ ਦਾ ਰਤਾ ਮਾਤ੍ਰ ਭੀ ਡਰ ਹੈ।
2. ਕਥਨ ਕਰਦੇ ਹਨ; (ਗੁਰੂ) ਨਾਨਕ ਦੇਵ ਜੀ ਕਿ; ਐ ਪਿਆਰੇ! ਉਹ ਤਾਂ ਆਤਮਕ ਮੌਤੇ ਮੋਏ ਹੋਏ ਹਨ, ਉਨ੍ਹਾਂ ਨੂੰ ਤਾਂ (ਮਾਨੋਂ) ਰੱਬ ਨੇ ਆਪ (ਹੀ) ਮਾਰ ਦਿਤਾ ਹੈ, ਇਨ੍ਹਾਂ ਮੋਇਆਂ ਨੂੰ (ਏਦੂੰ ਵਧੀਕ) ਹੋਰ ਕਿਸੇ ਨੇ ਕੀ ਮਾਰਨਾ ਹੈ।੧।

ਭਾਵਾਰਥ :–ਜਿਹੜੇ ਮਨੁੱਖ ਹਰੀ ਵਲ ਜਰਾ ਮਾਤ੍ਰ ਭੀ ਖਿਆਲ ਨਹੀਂ ਕਰਦੇ, ਉਹ ਤਾਂ ਸਮਝੋ, ਅਸਲੋਂ ਹੀ ਮੋਏ ਹੋਏ ਹਨ; ਭਾਵ ਉਨ੍ਹਾਂ ਨੂੰ ਤਾਂ ਤੁਰਦੀਆਂ ਫਿਰਦੀਆਂ ਲਾਸ਼ਾਂ ਹੀ ਸਮਝਣਾ ਚਾਹੀਦਾ ਹੈ।

ਮ: ੩ ॥

1. ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥
2. ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥
3. ਹਰਿ ਸਾਲਾਹੇ ਹਰਿ ਪੜੈ ਗੁਰਕੈ ਸਬਦਿ ਵੀਚਾਰਿ ॥
4. ਆਇਆ ਓਹੁ ਪਰਵਾਣੁ ਹੈ
ਜਿ ਕੁਲ ਕਾ ਕਰੇ ਉਧਾਰੁ ॥
5. ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
6. ਹੋਰੁ ਕੂੜੁ ਪੜਣਾ ਕੂੜੁ ਕਮਾਵਣਾ
ਬਿਖਿਆ ਨਾਲਿ ਪਿਆਰੁ ॥
7. ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥
8. ਨਾਨਕ ਨਾਮਿ ਰਤੇ ਸੇ ਉਬਰੇ
ਗੁਰ ਕੈ ਹੇਤਿ ਅਪਾਰਿ ॥੨॥

ਪਦ ਅਰਥ :–ਪਤ੍ਰੀ–ਉਹ ਪੋਥੀ ਜਿਸ ਵਿਚੋਂ ਬ੍ਰਾਹਮਣ ਆਪਣੇ ਜਜਮਾਨ ਆਦਿਕਾਂ ਨੂੰ ਥਿਤਾਂ ਦਸਦੇ ਹਨ। ਵਾਚਣੀ–ਪੜ੍ਹਨੀ। ਉਧਾਰੁ–ਪਾਰ ਉਤਾਰਾ। ਸਾਰੁ–ਸ੍ਰੇਸ਼ਟ। ਬਿਖਿਆ–ਮਾਇਆ। ਹੇਤਿ–ਪਿਆਰ ਨਾਲ। ਅਪਾਰਿ ਹੇਤਿ–ਬੇਅੰਤ ਪਿਆਰ ਨਾਲ।੨।

ਅਰਥ :–

ਪ੍ਰ:–ਸ੍ਰੀ ਜੀਉ! ਕਈ ਪੰਡਤ ਲੋਕ, ਲੋਕਾਂ ਦੀ ਕਿਸਮਤ ਦਸਕੇ ਆਪਣੀ ਰੋਜ਼ੀ ਕਮਾਉਣ ਦਾ ਸਾਧਨ ਬਣਾਈ ਬੈਠੇ ਹਨ, ਉਹ ਹਰ ਵਕਤ ਪਤਰੀਆਂ ਨੂੰ ਵਾਚਣ ਲਈ ਹੀ ਰੁਝੇ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

1. ਉ:–ਹੇ ਪਿਆਰਿਓ! ਮੈਂ ਤਾਂ ਉਨ੍ਹਾਂ ਨੂੰ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ, ਹੇ ਪੰਡਤ! ਲੋਕਾਂ ਨੂੰ ਥਿਤਾਂ ਆਦਿਕ ਦਸਣ ਲਈ ਪੱਤ੍ਰੀ ਪੜ੍ਹਨ ਦੇ ਥਾਂ ਆਪਣੇ ਮਨ ਨਾਲ ਪੱਤ੍ਰੀ ਪੜ੍ਹਨੀ ਚਾਹੀਦੀ ਹੈ (ਕਿ ਇਸ ਮਨ ਦੀ ਕਿਹੜੇ ਵੇਲੇ ਕੀ ਹਾਲਤ ਹੈ, ਇਹ ਪੱਤ੍ਰੀ ਵਾਚਣ ਨਾਲ) ਸਭ ਤੋਂ ਸ੍ਰੇਸ਼ਟ ਸੁੱਖ ਮਿਲਦਾ ਹੈ।

ਪ੍ਰ:–ਕਿਉਂ ਜੀ! ਤੁਹਾਡੇ ਵੀਚਾਰਾਂ ਅਨੁਸਾਰ ਚੰਗਾ ਬ੍ਰਾਹਮਣ ਕਿਸ ਨੂੰ ਜਾਨਣਾ ਚਾਹੀਦਾ ਹੈ?

2. ਉ.–ਹੇ ਭਾਈ! ਜੋ ਥਿਤਾਂ ਦੀ ਭਲਾਈ ਬੁਰਾਈ ਵੀਚਾਰਨ ਦੇ ਥਾਂ ਰੱਬੀ ਵੀਚਾਰ ਨੂੰ ਸਮਝਦਾ ਹੈ ਉਸੇ ਬ੍ਰਾਹਮਣ ਨੂੰ ਚੰਗਾ ਜਾਣੋ।

3. ਐ ਪਿਆਰੇ ! ਜੋ (ਬ੍ਰਾਹਮਣ) ਗੁਰੂ ਦੇ ਸ਼ਬਦ ਦੀ ਰਾਹੀਂ ਵੀਚਾਰ ਕਰ ਕੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ ਤੇ ਪ੍ਰਭੂ ਦਾ ਨਾਮ ਪੜ੍ਹਦਾ ਹੈ ।

4. (ਤੇ ਇਸ ਤਰ੍ਹਾਂ) ਆਪਣੀ ਕੁਲ ਦਾ ਭੀ ਪਾਰ ਉਤਾਰਾ ਕਰਦਾ ਹੈ, ਉਸੇ ਦਾ ਆਉਣਾ ਜਗਤ ਵਿਚ ਸਫਲਾ ਹੈ ।

ਪ੍ਰ:–ਸ੍ਰੀ ਜੀਉ ! ਕਈ ਬ੍ਰਾਹਮਣ ਆਪਣੀ ਉਚੀ ਜਾਤ ਦਾ ਭੀ ਬਹੁਤ ਮਾਣ ਕਰਦੇ ਹਨ, ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

5. ਉ:–ਹੇ ਭਾਈਓ ! ਸੱਚ ਤਾਂ ਇਹੋ ਹੈ ਕਿ ਪ੍ਰਭੂ ਦੀ ਹਜ਼ੂਰੀ ਵਿਚ (ਉੱਚੀ) ਜਾਤ ਦੀ ਪੁੱਛ ਗਿੱਛ ਨਹੀਂ ਹੁੰਦੀ, ਉਥੇ ਤਾਂ (ਸਿਫਤ ਸਲਾਹ ਦੀ) ਬਾਣੀ (ਦਾ ਅਭਿਆਸ) ਹੀ ਸ੍ਰੇਸ਼ਟ ਕਰਨੀ (ਮੰਨੀ ਜਾਂਦੀ) ਹੈ ।

6. ਐ ਪਿਆਰੇ ! (ਸਿਫਤ ਸਲਾਹ ਤੋਂ ਬਿਨਾ) ਹੋਰ ਪੜ੍ਹਨਾ ਤੇ ਕਮਾਣਾ (ਸਭ ਕੁਝ) ਵਿਅਰਥ ਹੈ, ਮਾਇਆ ਨਾਲ ਹੀ ਪਿਆਰ (ਵਧਾਂਦਾ) ਹੈ ।

ਪ੍ਰ–ਸ੍ਰੀ ਜੀਉ ! ਅਸੀਂ ਲੋਕ ਤਾਂ ਮਾਇਆ ਨੂੰ ਸੁਖ ਪ੍ਰਾਪਤੀ ਦਾ ਸਾਧਨ ਜਾਣਕੇ ਇਕੱਤ੍ਰ ਕਰਦੇ ਹਾਂ, ਕੀ ਇਸ ਮਾਇਆ ਤੋਂ ਸੁਖ ਨਹੀਂ ਮਿਲਦਾ ?

7. ਉ:–ਐ ਪਿਆਰੇ ! ਹੋ ਸਕਦਾ ਹੈ ਕਿ ਉਸ ਪੜ੍ਹਾਈ ਤੇ ਕਮਾਈ ਨਾਲ ਰੰਚਕ ਮਾਤ੍ਰ ਸਰੀਰਕ ਸੁੱਖ ਮਿਲ ਸਕੇ, ਪਰ, ਮਨ ਨੂੰ ਸੁੱਖ ਸ਼ਾਂਤੀ ਨਹੀਂ ਹੁੰਦੀ; ਇਸੇ ਲਈ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦੀ ਜ਼ਿੰਦਗੀ ਹੀ ਔਤਰ ਜਾਂਦੀ ਹੈ, (ਭਾਵ ਜ਼ਿੰਦਗੀ ਭਰ ਹੀ ਖੁਆਰ ਹੁੰਦਾ ਹੈ) ।

ਪ੍ਰ:–ਹੇ ਗੁਰੋ ! ਆਖਰ ਮਨੁੱਖ ਬਿਖਿਆਂ ਦੇ ਅਸਰ ਤੋਂ ਕਿਵੇਂ ਬਚ ਸਕਦਾ ਹੈ ?

8. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜੋ ਮਨੁੱਖ ਗੁਰੂ (ਦੇ ਚਰਨਾਂ) ਵਿਚ ਬਹੁਤ ਪ੍ਰੇਮ ਕਰ ਕੇ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ ਉਹ (ਬਿਖਿਆਂ ਦੇ ਅਸਰ ਤੋਂ) ਬਚ ਜਾਂਦ ਹਨ ।੨।

ਭਾਵਾਰਥ :–ਹਰੀ ਪ੍ਰਭੂ ਦਾ ਸਦਾ ਚਿੰਤਨ ਕਰਦੇ ਰਹਿਣਾ ਹੀ ਸਹੀ ਰੂਪ ਵਿਚ ਬ੍ਰਹਮਣਤਾਈ ਹੈ, ਹੋਰ ਬਾਹਰਲੀ ਬ੍ਰਹਮਣ ਜਾਤ ਨੇ ਤਾਂ ਰੱਬੀ ਦਰਬਾਰ ਵਿਚ ਸਾਥ ਨਹੀਂ ਜਾਣਾ, ਪ੍ਰਮੇਸ਼ਰ ਦੇ ਪਿਆਰ ਰੰਗ ਵਿਚ ਰੰਗੇ ਹੋਏ ਹੀ ਵਿਕਾਰਾਂ ਦੇ ਅਸਰ ਤੋਂ ਬਚ ਸਕਦੇ ਹਨ ।

ਪਉੜੀ ॥

1. **ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥**
2. **ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥**
3. **ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥**
4. **ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥**
5. **ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥**
6. **ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥੨੨॥੧॥ ਸੁਧੁ ॥**

ਪਦ ਅਰਥ :–ਆਪੇ–ਆਪ ਹੀ । ਸਭੁ–ਹਰ ਥਾਂ । ਸਚਾ–ਅਟੱਲ । ਕਚਾ–ਡੋਲਣ ਵਾਲਾ । ਹੁਕਮੁ–ਰਜ਼ਾ । ਗੁਰਮੁਖਿ–ਗੁਰੂ ਦੇ ਸਨਮੁਖ ਮਨੁੱਖ । ਰਚਾ–ਰਚਿਆ ਜਾ ਸਕਦਾ ਹੈ, ਮਿਲ ਸਕੀਦਾ ਹੈ । ਜਚਾ–ਚੋਜ, ਤਮਾਸ਼ੇ ।੨੨।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਦੇ ਬਾਰੇ ਕਿਵੇਂ ਨਿਸਚਾ ਕਰਨਾ ਚਾਹੀਦਾ ਹੈ ?

1. ਉ.–ਹੇ ਭਾਈ ! ਇਉਂ ਹੀ ਵਿਸ਼ਵਾਸ਼ ਰਖੋ ਕਿ, ਪ੍ਰਭੂ ਆਪ ਹੀ (ਜੀਵਾਂ ਨੂੰ) ਪੈਦਾ ਕਰ ਕੇ ਆਪ ਹੀ ਸੰਭਾਲ ਕਰਦਾ ਹੈ, (ਕਿਉਂਕਿ) ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਆਪ ਹੀ (ਮੌਜੂਦ) ਹੈ ।

2. ਹੇ ਪਿਆਰੇ ! ਜੋ ਮਨੁੱਖ (ਪ੍ਰਭੂ ਦੀ ਇਸ ਹਰ ਥਾਂ ਮੌਜੂਦ ਹੋਣ ਦੀ) ਰਜ਼ਾ ਨੂੰ ਨਹੀਂ ਸਮਝਦਾ, ਉਹ ਮਨੁੱਖ ਡੋਲਦਾ ਰਹਿੰਦਾ ਹੈ ।

3. ਹੇ ਪਿਆਰੇ ! ਜਿਸ ਪਾਸੇ ਪ੍ਰਭੂ ਦੀ ਰਜ਼ਾ ਹੋਵੇ ਉਸੇ ਪਾਸੇ (ਹਰੇਕ ਜੀਵ ਨੂੰ) ਲਾਂਦਾ ਹੈ, ਜਿਸ ਨੂੰ ਗੁਰੂ ਦੇ ਸਨਮੁਖ ਕਰਦਾ ਹੈ, ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ ।

4. ਹੇ ਭਾਈਓ ! ਉਂਞ ਤਾਂ ਸਭ ਜੀਵਾਂ ਦਾ ਮਾਲਕ ਇਕ ਪ੍ਰਮਾਤਮਾਂ ਹੀ ਹੈ, ਪਰ, ਗੁਰੂ ਦੇ ਸ਼ਬਦ ਦੀ ਰਾਹੀਂ ਹੀ (ਉਸ ਵਿਚ) ਜੁੜਿਆ ਜਾ ਸਕਦਾ ਹੈ ।

5. ਸੋ, ਐ ਪਿਆਰੇ ! ਗੁਰੂ ਦੇ ਸਨਮੁਖ ਹੋ ਕੇ ਉਸੇ ਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ, (ਜਗਤ ਦੇ ਇਹ) ਸਾਰੇ ਕੌਤਕ ਉਸ ਮਾਲਕ ਦੇ ਹੀ ਹਨ ।

6 ਕਥਨ ਕਰਦੇ ਹਨ; (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਵੇਂ ਉਹ ਆਪ ਜੀਵ ਨੂੰ ਨਚਾਂਦਾ ਹੈ ਤਿਵੇਂ ਜੀਵ ਨਚਦਾ ਹੈ ।੨੨।੧। ਸੁਧੁ ।

ਭਾਵਾਰਥ :–ਪ੍ਰਭੂ, ਮਾਲਕ ਤਾਂ ਸਭ ਜੀਵਾਂ ਦਾ ਹੈ, ਪਰ ਗੁਰੂ ਚਰਨਾਂ ਵਿਚ ਜੋੜ ਕੇ ਜਿਸ ਨੂੰ ਨਾਮ ਵਿਚ ਲਾਂਦਾ ਹੈ ਉਹੀ ਲਗਦਾ ਹੈ, ਉਸੇ ਦੇ ਨਚਾਏ ਸਾਰੇ ਜੀਵ ਨਚਦੇ ਹਨ ।

ਵਾਰ ਦੀ ਸਮੁੱਚੀ ਬਣਤਰ :–

'ਵਾਰ' ਦੀਆਂ ੨੨ ਪਉੜੀਆਂ ਹਨ, ਇਨ੍ਹਾਂ ਨਾਲ ੪੭ ਸਲੋਕ ਹਨ ।

ਸਲੋਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :–

ਮ: ੩	੨੩	ਮ: ੧	੧੮	
ਮ: ੪	੩	ਮ: ੫	੨	
ਮ: ੨	੧			ਕੁਲ ਜੋੜ–੪੭ ।

ਸਿਰਫ ਹੇਠ ਲਿਖੀਆਂ ਪਉੜੀਆਂ ਨਾਲ ਸਾਰੇ ਸਲੋਕ ਗੁਰੂ ਅਮਰ ਦਾਸ ਜੀ ਦੇ ਹਨ ਜਿਨ੍ਹਾਂ ਦੀ ਇਹ ਵਾਰ ਹੈ :–

੪,੭,੯,੧੦,੧੧,੧੬,੧੭,੧੮,੨੨–੯ ਪਉੜੀਆਂ।

ਹੇਠ ਲਿਖੀਆਂ ਪਉੜੀਆਂ ਨਾਲ ਸਿਰਫ ਇਕ ਇਕ ਸਲੋਕ ਮਹਲੇ ਤੀਜੇ ਦਾ ਹੈ :–

੧,੩,੬,੮,੧੯–੫ ਪਉੜੀਆਂ।

੧੯ ਪਉੜੀਆਂ ਨਾਲ ਦੋ ਦੋ ਸਲੋਕ ਹਨ ਤੇ ਹੇਠ ਲਿਖੀਆਂ ਦੋ ਪਉੜੀਆਂ ਨਾਲ ਤਿੰਨ ਤਿੰਨ ਸਲੋਕ :–

੨,੧੩,੧੪।

ਹਰੇਕ ਪਉੜੀ ਦੀਆਂ ਪੰਜ ਪੰਜ ਤੁੱਕਾਂ ਹਨ, ਸਿਰਫ ਅਖੀਰਲੀ ਪਉੜੀ ਦੀਆਂ ੬ ਤੁਕਾਂ ਹਨ।

ਸਾਰੀ 'ਵਾਰ' ਵਿਚ ੮ ਪਉੜੀਆਂ ਐਸੀਆਂ ਹਨ ਜਿਨ੍ਹਾਂ ਨਾਲ ਗੁਰੂ ਅਮਰ ਦਾਸ ਜੀ ਦਾ ਕੋਈ ਸਲੋਕ ਨਹੀਂ ਹੈ, ਪਹਿਲੀ ਹੀ ਪਉੜੀ ਦੇ ਨਾਲ ਇਨ੍ਹਾਂ ਦਾ ਕੋਈ ਸਲੋਕ ਨਹੀਂ।

ਅਖੀਰਲੀ ਪਉੜੀ ਤੋਂ ਛੁੱਟ, ਸਾਰੀਆਂ ਪਉੜੀਆਂ ਦੀਆਂ ਇਕੋ ਜਿਤਨੀਆਂ ਤੁਕਾਂ, ਸਾਰੀਆਂ ਪਉੜੀਆਂ ਦੇ ਮਜ਼ਮੂਨ ਦੀ ਭੀ ਇਕੋ ਹੀ ਲੜੀ, ਇਹ ਦੋਵੇਂ ਗੱਲਾਂ ਸਾਬਤ ਕਰਦੀਆਂ ਹਨ ਕਿ, 'ਵਾਰ' ਗੁਰੂ ਅਮਰ ਦਾਸ ਜੀ ਨੇ ਇਕ ਹੀ ਸਮੇਂ ਉਚਾਰੀ।

ਸਿਰਫ ੯ ਪਉੜੀਆਂ ਦੇ ਨਾਲ ਗੁਰੂ ਅਮਰ ਦਾਸ ਜੀ ਦੇ ਸਾਰੇ ਸਲੋਕ, ੫ ਪਉੜੀਆਂ ਨਾਲ ਉਨ੍ਹਾਂ ਦਾ ਇਕ ਇਕ ਸਲੋਕ, ੮ ਪਉੜੀਆਂ ਨਾਲ ਉਨ੍ਹਾਂ ਦਾ ਕੋਈ ਭੀ ਸਲੋਕ ਨਹੀਂ, ਪਹਿਲੀ ਹੀ ਪਉੜੀ ਨਾਲ ਉਨ੍ਹਾਂ ਦਾ ਕੋਈ ਭੀ ਸਲੋਕ ਨਾ ਹੋਣਾ–ਇਹ ਸਾਰੀਆਂ ਗੱਲਾਂ ਸਾਬਤ ਕਰਦੀਆਂ ਹਨ ਕਿ ਗੁਰੂ ਅਮਰ ਦਾਸ ਜੀ ਦੇ ਸਲੋਕ ਕਿਸੇ ਹੋਰ ਹੋਰ ਮੌਕੇ ਦੇ ਹਨ, 'ਵਾਰ' ਦੇ ਨਾਲ ਉਨ੍ਹਾਂ ਆਪ ਦਰਜ ਨਹੀਂ ਕੀਤੇ। 'ਵਾਰ' ਸਿਰਫ 'ਪਉੜੀਆਂ' ਹੀ ਸੀ।

ਮਾਰੂ ਵਾਰ ਮਹਲਾ ੫

੧ ਓ ਸਤਿਗੁਰ ਪ੍ਰਸਾਦਿ ॥

ਡਖਣੇ ਮ: ੫

1. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
2. ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥੧॥

ਪਦ ਅਰਥ :–ਚਉ–ਕਹੁ, ਦਸ। ਸਜਣ ਮੈਡਿਆ–ਹੇ ਮੇਰੇ ਸੱਜਣ। ਡੇਈ–ਡੇਈਂ, ਮੈਂ ਦਿਆਂ। ਸਿਸੁ–ਸੀਸ,ਸਿਰ। ਮਹਿੰਜੇ–ਮੇਰੇ। ਪਸੀ–ਪਸੀਂ, ਮੈਂ ਵੇਖਾਂ।੧।

ਨੋਟ :–ਸਲੋਕ ਜਾਂ ਦੋਹੇ ਜੋ ਪੰਜਾਬ ਦੇ ਦਖਣ ਵਿਚ ਵਰਤੀ ਦੇ ਸਨ। ਇਨ੍ਹਾਂ ਦੀ ਬੋਲੀ ਮੁਲਤਾਨੀ ਲਫਜ਼ਾਂ ਨਾਲ ਭਰੀ ਪਈ ਹੈ, ਆਮ ਤੌਰ ਤੇ ਦ ਦੀ ਥਾਂ ਡ ਤੇ ਸ ਦੀ ਥਾਂ ਹ ਵਰਤਿਆ ਹੈ।

ਅਰਥ :–

ਪ੍ਰ:–ਸ੍ਰੀ ਜੀਉ! ਜਿਸ ਜੀਵ ਰੂਪ ਇਸਤ੍ਰੀ ਦੇ ਮਨ ਵਿਚ ਪ੍ਰਮੇਸਰ ਪਤੀ ਦੇ ਦੀਦਾਰ ਦੀ ਸੱਧਰ ਉਪਜਦੀ ਹੈ ਤਾਂ ਉਸ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਹੋਇਆ ਕਰਦੀ ਹੈ?

1. **ਉ**:–ਹੇ ਪਿਆਰੇ! ਉਸ ਦੇ ਮਨ ਵਿਚੋਂ ਤਾਂ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਮੇਰੇ ਸੱਜਣ! ਤੂੰ ਆਖ (ਭਾਵ, ਜੇ ਤੂੰ ਆਖੇਂ ਤਾਂ) ਮੈਂ ਆਪਣਾ ਸਿਰ ਭੀ ਲਾਹ ਕੇ ਭੇਟ ਕਰ ਦਿਆਂ।
2. (ਕਿਉਂਕਿ) ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈਂ ਕਦੋਂ ਤੇਰਾ ਦਰਸ਼ਨ ਕਰਾਂਗੀ।੧।

ਭਾਵਾਰਥ :–ਇਸ ਸਲੋਕ ਵਿਚ ਗੁਰੂ ਸਾਹਿਬ ਜੀ ਹਰੀ ਦੇ ਦੀਦਾਰ ਦੀ ਤਾਂਘ ਜੋ ਪ੍ਰਭੂ ਦੇ ਪਿਆਰ ਵਿਚ ਰਤੇ ਹੋਏ ਪ੍ਰੇਮੀ ਦੇ ਅੰਦਰ ਹੈ ਉਸ ਦੀ ਖਿੱਚ ਦਾ ਜ਼ਿਕਰ ਅੰਕਤ ਕਰਦੇ ਹਨ ਅਤੇ ਦਰਸਾ ਰਹੇ ਹਨ ਕਿ ਹਰੀ ਦੇ ਦੀਦਾਰ ਦੀ ਤਾਂਘ ਬਹੁਤ ਪ੍ਰਬਲ ਹੈ।

ਮ: ੫ ॥

1. ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ॥
2. ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥

ਪਦ ਅਰਥ .–ਨੀਹ–ਪ੍ਰੇਮ। ਤਊ ਨਾਲਿ–ਤੇਰੇ ਨਾਲ। ਬਿਆ--ਦੂਜੈ। ਕੂੜਾਵੇ–ਝੂਠੇ। ਡੇਖੁ–ਮੈਂ ਵੇਖ ਲਏ ਹਨ। ਪਿਰੀ–ਖਸਮ ਪ੍ਰਭੂ।੨।

ਅਰਥ :–

ਪ੍ਰ:–ਸ੍ਰੀ ਜੀਉ! ਪ੍ਰਭੂ ਦੇ ਪਿਆਰ ਵਿਚ ਰਤੇ ਹੋਏ ਪ੍ਰੇਮੀ ਦੀ ਮਾਨਸਕ ਅਵਸਥਾ ਕਿਸ ਪ੍ਰਕਾਰ ਦੀ ਹੋਇਆ ਕਰਦੀ ਹੈ?

1. **ਉ**:–ਐ ਪਿਆਰੇ! ਉਸ ਦੇ ਮਨ ਵਿਚੋਂ ਤਾਂ ਸਦਾ ਇਹੋ ਹੀ ਪਿਆਰ ਭਰੀ ਅਵਾਜ਼ ਨਿਕਲਦੀ ਹੈ ਕਿ; ਹੇ ਪ੍ਰਭੂ! ਮੇਰਾ ਪਿਆਰ (ਤਾਂ ਹੁਣ ਸਿਰਫ) ਤੇਰੇ ਨਾਲ (ਹੀ) ਹੈ; (ਕਿਉਂਕਿ) ਦੂਜੇ ਪਿਆਰ ਮੈਂ ਝੂਠੇ ਵੇਖ ਲਏ ਹਨ।
2. (ਮੈਂ ਵੇਖ ਲਿਆ ਹੈ ਕਿ ਦੂਜੇ ਪਿਆਰ ਝੂਠੇ ਹਨ) ਜਿਤਨਾ ਚਿਰ ਮੈਨੂੰ ਪਤੀ ਦਾ ਦਰਸ਼ਨ ਨਹੀਂ ਹੁੰਦਾ, ਦੁਨੀਆਂ ਵਾਲੇ ਖਾਣੇ; ਪਹਿਨਣੇ ਮੈਨੂੰ ਡਰਾਉਣੇ ਲਗਦੇ ਹਨ।੨।

ਭਾਵਾਰਥ:–ਇਸ ਸਲੋਕ ਵਿਚ ਭੀ ਪ੍ਰਭੂ ਦੇ ਅੰਦਰੂਨੀ ਪਿਆਰ ਦਾ ਰੂਪ ਅੰਕਤ ਕੀਤਾ ਹੈ।

ਮ: ੫ ॥

1. ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ ॥
2. ਕਾਜਲੁ ਹਾਰੁ ਤਮੋਲ ਰਸੁ
ਬਿਨੁ ਪਸੇ ਹਭਿ ਰਸ ਛਾਰੁ ॥੩॥

ਪਦ ਅਰਥ :–ਉਠੀ–ਉਠੀਂ, ਮੈਂ ਉਠਾਂ। ਝਾਲੂ–ਝਲਾਂਘੇ, ਸਵੇਰੇ। ਕੰਤੜੇ–ਹੇ ਸੋਹਣੇ ਕੰਤ। ਹਉ–ਮੈਂ। ਪਸੀ–ਪਸੀਂ, ਵੇਖਾਂ। ਕਾਜਲੁ–ਕੱਜਲ, ਸੁਰਮਾਂ। ਤਮੋਲ–

ਪਾਨ। ਹਭਿ–ਸਾਰੇ। ਛਾਰੁ–ਸੁਆਹ ।੩।

ਅਰਥ :–

ਪ੍ਰ:–ਕਿਉਂ ਜੀ ! ਉਨ੍ਹਾਂ ਪ੍ਰਭੂ ਪਿਆਰਿਆਂ ਦੀ ਪ੍ਰਭੂ ਤੋਂ ਮੰਗ ਕੀ ਹੋਇਆ ਕਰਦੀ ਹੈ ?

1. ਉ:–ਹੇ ਭਾਈ ! ਉਨ੍ਹਾਂ ਦੇ ਅੰਦਰ ਤਾਂ ਕੇਵਲ ਇਕ ਇਹੋ ਹੀ ਮੰਗ ਹੈ ਕਿ, ਹੇ ਸੋਹਣੇ ਕੰਤ, ਮੈਂ ਸਵੇਰੇ ਉੱਠਾਂ ਤੇ (ਪਹਿਲੋਂ) ਤੇਰਾ ਦਰਸ਼ਨ ਕਰਾਂ।
2. (ਕਿਉਂਕਿ) ਤੇਰਾ ਦਰਸ਼ਨ ਕਰਨ ਤੋਂ ਬਿਨਾ ਕੱਜਲ, ਹਾਰ ਪਾਨ ਦਾ ਰਸ, ਇਹ ਸਾਰੇ ਰਸ (ਭਾਵ ਪਦਾਰਥਾਂ ਦੇ ਰਸ) ਸੁਆਹ ਸਮਾਨ ਹਨ ।੩।

ਭਾਵਾਰਥ :–ਦਰਸ਼ਕਾਂ ਨੂੰ ਪ੍ਰਭੂ ਪਤੀ ਦੇ ਦਰਸ਼ਨਾਂ ਤੋਂ ਸੱਖਣੇ ਪਦਾਰਥਕ ਰਸ ਸਾਰੇ ਹੀ ਸੁਆਹ ਦੇ ਸਮਾਨ ਪ੍ਰਤੀਤ ਹੁੰਦੇ ਹਨ, ਉਨ੍ਹਾਂ ਦੇ ਅੰਦਰ ਕੇਵਲ ਸਾਈਂ ਦੇ ਦੀਦਾਰ ਕਰਨ ਦੀ ਹੀ ਪ੍ਰਬਲ ਖਿੱਚ ਬਣੀ ਰਹਿੰਦੀ ਹੈ।

ਪਉੜੀ ॥

1. **ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥**
2. **ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥**
3. **ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥**
4. **ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥**
5. **ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥**
6. **ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥**
7. **ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥**
8. **ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥੧॥**

ਪਦ ਅਰਥ :–ਸਚਾ–ਸਦਾ ਥਿਰ ਰਹਿਣ ਵਾਲਾ। ਧਾਰਿਆ–ਟਿਕਾਇਆ ਹੋਇਆ, ਪੈਦਾ ਕੀਤਾ। ਗੁਰਮੁਖਿ–ਗੁਰੂ ਦੇ ਸਨਮੁਖ। ਗੁਰਮੁਖਿ ਥਾਟੁ–ਗੁਰੂ ਦੇ ਰਾਹ ਤੇ ਤੁਰਨ ਦਾ ਨਿਯਮ। ਸਿਰਜਿ–ਪੈਦਾ ਕਰ ਕੇ। ਨਵ–ਨੌਂ। ਸਾਜਿ–ਸਾਜ ਕੇ। ਵੇਕੀ–ਰੰਗਾ ਰੰਗ ਦੇ। ਅੰਤਰਿ–(ਉਹ ਜੀਵਾਂ ਦੇ) ਅੰਦਰ। ਕਲ–ਸੱਤਿਆ ।੧।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਭੂ ਦੇ ਪਿਆਰ ਵਿਚ ਰਤਿਆਂ ਹੋਇਆਂ ਮਨਾਂ ਵਿਚ ਵਿਸ਼ਵਾਸ਼ ਕੀ ਹੋਇਆ ਕਰਦਾ ਹੈ ?

1. ਉ:–ਐ ਪਿਆਰੇ ! ਉਨ੍ਹਾਂ ਦੇ ਅੰਤਰ ਆਤਮੇਂ ਤਾਂ ਇਹੋ ਹੀ ਨਿਸਚਾ ਹੁੰਦਾ ਹੈ ਕਿ, ਹੇ ਪ੍ਰਭੂ ! ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ ਅਤੇ ਤੂੰ ਆਪਣਾ ਅਟੱਲ ਨਿਯਮ ਹੀ ਹਰ ਥਾਂ ਕਾਇਮ ਕੀਤਾ ਹੋਇਆ ਹੈ।
2. ਹੇ ਪ੍ਰਭੂ ! ਤੂੰ ਜਗਤ ਪੈਦਾ ਕਰ ਕੇ ਇਹ ਨਿਯਮ ਭੀ ਬਣਾ ਦਿਤਾ (ਹੈ) ਕਿ, (ਜੀਵਾਂ ਨੂੰ) ਗੁਰੂ ਦੇ ਦਸੇ ਰਸਤੇ ਉਤੇ ਤੁਰਨਾ ਚਾਹੀਦਾ ਹੈ।
3. ਹੇ ਹਰੀ ! ਤੇਰੀ ਹੀ ਆਗਿਆ ਅਨੁਸਾਰ ਵੇਦ ਆਦਿਕ ਧਰਮ ਪੁਸਤਕ ਪ੍ਰਗਟ ਹੋਏ (ਹਨ), ਜਿਨ੍ਹਾਂ ਨੇ (ਜਗਤ ਵਿਚ) ਪਾਪ ਤੇ ਪੁੰਨ ਨੂੰ ਨਿਖੇੜਿਆ ਹੈ।
4. ਤੂੰ ਹੀ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਨੂੰ ਪੈਦਾ ਕੀਤਾ ਹੈ, ਤੂੰ ਹੀ ਮਾਇਆ ਦੇ ਤਿੰਨ ਗੁਣਾਂ ਦਾ ਖਿਲਾਰਾ ਰੂਪ ਜਗਤ ਬਣਾਇਆ ਹੈ।
5. ਹੇ ਹਰੀ ! ਇਹ ਨੌਂ ਹਿਸਿਆਂ ਵਾਲੀ ਧਰਤੀ ਸਾਜ ਕੇ ਤੂੰ ਇਸ ਵਿਚ ਅਨੇਕਾਂ (ਹੀ) ਰੰਗ ਸਜਾਏ ਹਨ।
6. ਅਤੇ ਵਖ ਵਖ ਭਾਂਤ ਦੇ ਜੀਵ ਪੈਦਾ ਕਰ ਕੇ ਤੂੰ (ਜੀਵਾਂ ਦੇ ਅੰਦਰ) ਆਪਣੀ ਸਤਿਆ ਕਾਇਮ ਕੀਤੀ ਹੈ।
7. ਹੇ ਸਦਾ ਥਿਰ ਸਿਰਜਣਹਾਰ ! ਕੋਈ ਜੀਵ (ਤੇਰੇ ਗੁਣਾਂ ਦਾ) ਅੰਤ ਨਹੀਂ ਜਾਣ ਸਕਦਾ।
8. ਹੇ ਸਾਈਆਂ ਜੀਉ ! ਸਭ ਤਰ੍ਹਾਂ ਦੇ ਭੇਤ ਤੂੰ ਆਪ ਹੀ ਜਾਣਦਾ ਹੈਂ, ਜੀਵਾਂ ਨੂੰ ਤੂੰ ਗੁਰੂ ਦੇ ਰਸਤੇ ਤੋਰ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਂਦਾ ਹੈਂ ।੧।

ਭਾਵਾਰਥ :–ਪ੍ਰਮੇਸ਼ਰ ਨੇ ਇਹ ਜਗਤ ਆਪ ਹੀ ਪੈਦਾ ਕੀਤਾ ਹੈ, ਤ੍ਰੈਗੁਣੀ ਮਾਇਆ ਭੀ ਉਸ ਨੇ ਆਪ ਹੀ ਬਣਾਈ ਹੈ, ਸਾਰੇ ਜੀਵ ਭੀ ਪ੍ਰਮਾਤਮਾਂ ਦੇ ਬਣਾਏ ਹੋਏ ਹਨ, ਉਸ ਦੀ ਰਜ਼ਾ ਅਨੁਸਾਰ ਹੀ ਜੀਵ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ, ਇਹ ਨਿਯਮ ਭੀ ਉਸੇ ਨੇ ਬਣਾਇਆ ਹੋਇਆ ਹੈ ਕਿ ਜੀਵ ਗੁਰੂ ਦੇ ਦਸੇ ਰਸਤੇ ਉਤੇ ਤੁਰ ਕੇ ਮਾਇਆ ਦੇ ਮੋਹ ਤੋਂ ਬਚਣ।

ਡਖਣੇ ਮ: ੫ ॥

1. **ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥**
2. **ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥੧॥**

ਪਦ ਅਰਥ :–ਹਿਕ–ਇਕ । ਭੋਰੀ–ਰਤਾ ਭਰ। ਮਹਿੰਜਾ–ਮੇਰਾ। ਜਾਨੀ–ਹੇ ਪਿਆਰੇ। ਤੋਹਿ–ਤੈਨੂੰ। ਪਸੀ–ਪਸੀਂ, ਮੈਂ ਵੇਖਾਂ ।੧।

ਅਰਥ :–

ਪ੍ਰ:–ਕਿਉਂ ਜੀ ! ਉਹ ਪ੍ਰਭੂ ਦੇ ਪ੍ਰੇਮੀ ਆਪਣੀ ਪਿਆਰ ਭਰੀ ਇੱਛਾ ਨੂੰ ਪ੍ਰਭੂ ਜੀ ਦੇ ਸਨਮੁਖ ਹੋ ਕਿਵੇਂ ਪ੍ਰਗਟ ਕਰਿਆ ਕਰਦੇ ਹਨ ?

1. ਉ:–ਹੇ ਪਿਆਰੇ ! ਉਨ੍ਹਾਂ ਸੱਚੇ ਪ੍ਰੇਮੀਆਂ ਦੇ ਅੰਦਰੋਂ ਤਾਂ ਵੈਰਾਗ ਵਿਚ ਭਿੱਜੀ ਹੋਈ ਇਹੋ ਹੀ ਅਰਦਾਸ ਨਿਕਲਦੀ ਹੈ ਕਿ, ਹੇ ਸਾਈਆਂ ਜੀਉ ! ਜੇ ਤੂੰ ਮੇਰਾ ਮਿੱਤ੍ਰ ਹੈਂ, ਤਾਂ ਮੈਨੂੰ ਰਤਾ ਭਰ ਭੀ (ਆਪਣੇ ਨਾਲੋਂ) ਨਾ ਵਿਛੋੜ।
2. (ਕਿਉਂਕਿ) ਹੇ ਸੁਆਮੀ ਜੀਉ ! ਤੂੰ ਮੇਰੀ ਜਿੰਦ (ਆਪਣੇ ਪਿਆਰ ਵਿਚ) ਮੋਹ ਲਈ ਹੈ (ਹੁਣ ਹਰ ਵੇਲੇ ਮੈਨੂੰ ਇਹੋ ਹੀ ਤਾਂਘ ਰਹਿੰਦੀ ਹੈ ਕਿ) ਹੇ ਪਿਆਰੇ ! ਮੈਂ ਕਦੋਂ ਤੈਨੂੰ ਵੇਖਾਂ ।੧।

ਭਾਵਾਰਥ :–ਇਸ ਸਲੋਕ ਅੰਦਰ ਭੀ ਹਰੀ ਨਾਲ ਮਿਲੇ ਰਹਿਣ ਦੀ ਤਾਂਘ ਅੰਕਤ ਕੀਤੀ ਹੈ।

ਮ: ੫ ॥

1. **ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ ॥**
2. **ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ॥੨॥**

ਪਦ ਅਰਥ:–ਜਲ–ਸੜ ਜਾ। ਭਾਹੜੀ–ਅੱਗ ਵਿਚ। ਮੈਡਾ–ਮੇਰਾ। ਉਲਾਹਿ–ਲਾਹ ਦੇ, ਦੂਰ ਕਰ ਦੇ।੨।

ਅਰਥ :–

ਪ੍ਰ:–ਸ੍ਰੀ ਜੀਓ! ਉਸ ਪ੍ਰਭੂ ਪਤੀ ਦੇ ਮਿਲਾਪ ਵਿਚ ਜੋ ਰੋਕ ਪਾਉਣ ਵਾਲੇ ਹਨ, ਉਨ੍ਹਾਂ ਬਾਰੇ ਪ੍ਰੇਮੀਆਂ ਵਲੋਂ ਕੀ ਉਪਾਉ ਹੋਇਆ ਕਰਦਾ ਹੈ ?

1. **ਉ**:–ਹੇ ਭਾਈਓ ! ਉਨ੍ਹਾਂ ਦੇ ਅੰਦਰੋਂ ਤਾਂ ਇਹੋ ਹੀ ਪੁਕਾਰ ਨਿਕਲਦੀ ਹੈ ਕਿ, ਹੇ ਦੁਰਜਨ, ਤੂੰ ਅੱਗ ਵਿਚ ਸੜ ਜਾ, ਹੇ ਵਿਛੋੜੇ ਤੂੰ ਮਰ ਜਾ।
2. ਹੇ (ਮੇਰੇ) ਕੰਤ ! ਤੂੰ (ਮੇਰੀ ਹਿਰਦੇ ਦੀ) ਸੇਜ ਉਤੇ (ਆਕੇ) ਸੌਂ ਤੇ ਮੇਰਾ ਸਾਰਾ ਦੁੱਖ ਦੂਰ ਕਰ ਦੇ।੨।

ਭਾਵਾਰਥ :–ਪ੍ਰਭੂ ਦੇ ਮਿਲਾਪ ਵਿਚ ਜੋ ਰੋਕ ਪਾਉਣ ਵਾਲੇ ਵਿਰੋਧੀ ਹਨ, ਉਨ੍ਹਾਂ ਤੋਂ ਬਚਣ ਦੀ ਲਾਲਸਾ ਤੇ ਪਿਆਰੇ ਦੇ ਅੰਦਰ ਪ੍ਰਗਟ ਹੋਣ ਦੀ ਇੱਛਾ ਨੂੰ ਅੰਕਤ ਕਰ ਰਹੇ ਹਨ।

ਮ: ੫ ॥

1. **ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥**
2. **ਸਜਣੁ ਸਚਾ ਪਾਤਿਸਾਹੁ**
   ਜਿਸੁ ਮਿਲਿ ਕੀਚੈ ਭੋਗੁ ॥੩॥

ਪਦ ਅਰਥ :–ਦੂਜਾ ਭਾਉ–(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦਾ ਪਿਆਰ। ਜਿਸੁ ਮਿਲਿ–ਜਿਸ ਨੂੰ ਮਿਲ ਕੇ। ਕੀਚੈ–ਕਰ ਸਕੀਦਾ ਹੈ। ਭੋਗੁ–ਅਨੰਦ। ਦੁਰਜਨੁ–ਦੁਸ਼ਮਨ। ਸਚਾ–ਸੱਚਾ, ਸਦਾ ਕਾਇਮ ਰਹਿਣ ਵਾਲਾ।੩।

ਅਰਥ :–

ਪ੍ਰ:–ਸ੍ਰੀ ਜੀਓ ! ਪ੍ਰੇਮੀਆਂ ਦੀਆਂ ਨਜ਼ਰਾਂ ਵਿਚ 'ਦੁਰਜਨ' ਤੇ 'ਵਿਛੋੜਾ' ਕੌਣ ਹਨ ?

1. **ਉ**:–ਹੇ ਪਿਆਰੇ ! ਸਾਈਂ ਜੀ ਦੇ ਪ੍ਰੇਮੀ ਪ੍ਰਭੂ ਤੋਂ ਬਿਨਾ ਕਿਸੇ ਹੋਰ ਨਾਲ ਪਿਆਰ ਕਰਨ ਨੂੰ (ਜਿੰਦ ਦਾ ਵੱਡਾ) ਵੈਰੀ (ਸਮਝਦੇ) ਹਨ ਅਤੇ ਹਉਮੈਂ ਦਾ ਰੋਗ (ਪ੍ਰਭੂ ਨਾਲੋਂ) ਵਿਛੋੜਾ (ਪਾਣ ਵਾਲਾ) ਹੈ।
2. ਸੋ, ਸਦਾ ਕਾਇਮ ਰਹਿਣ ਵਾਲਾ ਪ੍ਰਭੂ ਪਾਤਸ਼ਾਹ (ਹੀ ਜਿੰਦ ਦਾ) ਮਿੱਤ੍ਰ ਹੈ ਜਿਸ ਨੂੰ ਮਿਲ ਕੇ (ਆਤਮਕ) ਅਨੰਦ ਮਾਣਿਆਂ ਜਾ ਸਕਦਾ ਹੈ।

ਭਾਵਾਰਥ :–ਵਿਛੋੜਾ ਬਹੁਤ ਦੁਖਦਾਈ ਹੈ, ਪਰ, ਵਿਛੋੜਾ ਹਉਮੈਂ ਕਰਕੇ ਹੈ।

ਪਉੜੀ ॥

1. **ਤੂ ਅਗਮ ਦਇਆਲੁ ਬੇਅੰਤੁ**
   ਤੇਰੀ ਕੀਮਤਿ ਕਹੈ ਕਉਣੁ ॥
2. **ਤੁਧੁ ਸਿਰਜਿਆ ਸਭੁ ਸੰਸਾਰੁ**
   ਤੂ ਨਾਇਕੁ ਸਗਲ ਭਉਣ ॥
3. **ਤੇਰੀ ਕੁਦਰਤਿ ਕੋਇ ਨ ਜਾਣੈ**
   ਮੇਰੇ ਠਾਕੁਰ ਸਗਲ ਰਉਣ ॥
4. **ਤੁਧੁ ਅਪੜਿ ਕੋਇ ਨ ਸਕੈ**
   ਤੂ ਅਬਿਨਾਸੀ ਜਗ ਉਧਰਣ ॥
5. **ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ ਧਰਣ ॥**
6. **ਤੁਧੁ ਆਵਣ ਜਾਣਾ ਕੀਆ**
   ਤੁਧੁ ਲੇਪੁ ਨ ਲਗੈ ਤ੍ਰਿਣ ॥
7. **ਜਿਸੁ ਹੋਵਹਿ ਆਪਿ ਦਇਆਲੁ**
   ਤਿਸੁ ਲਾਵਹਿ ਸਤਿਗੁਰ ਚਰਣ ॥
8. **ਤੂ ਹੋਰਤੁ ਉਪਾਇ ਨ ਲਭਹੀ**
   ਅਬਿਨਾਸੀ ਸ੍ਰਿਸਟਿ ਕਰਣ ॥੨॥

ਪਦ ਅਰਥ :–ਅਗਮ–ਅਪਹੁੰਚ। ਸਿਰਜਿਆ–ਪੈਦਾ ਕੀਤਾ। ਨਾਇਕੁ–ਮਾਲਕ। ਸਗਲ ਭਉਣ–ਸਾਰੇ ਭਵਨਾਂ ਦਾ। ਸਗਲ ਰਉਣ–ਹੇ ਸਰਵ ਵਿਆਪਕ। ਜਗ ਉਧਰਨੁ–ਜਗਤ ਦਾ ਬੇੜਾ ਪਾਰ ਕਰਨ ਵਾਲਾ। ਧਰਣੀ–ਧਰਤੀਆਂ। ਆਵਣ ਜਾਣਾ–ਜੰਮਣਾ ਮਰਨਾ। ਲੇਪੁ–ਅਸਰ, ਪ੍ਰਵਾਹ। ਤ੍ਰਿਣ–ਤੀਲੇ ਜਿਤਨਾ ਭੀ। ਹੋਰਤੁ–ਹੋਰ ਦੀ ਰਾਹੀਂ। ਉਪਾਇ–ਉਪਾਵ ਦੀ ਰਾਹੀਂ। ਹੋਰਤੁ ਉਪਾਇ–ਕਿਸੇ ਹੋਰ ਉਪਾਵ ਦੀ ਰਾਹੀਂ।੨।

ਅਰਥ :–

ਪ੍ਰ:–ਸ੍ਰੀ ਜੀਓ ! ਉਸ ਪ੍ਰਮੇਸ਼ਰ ਦੀ ਉਸਤਤੀ ਕਿਵੇਂ ਕਰਦੇ ਰਹੀਏ ?

1. **ਉ**:–ਹੇ ਭਾਈਓ ! ਉਸ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਉਸ ਦੀ ਸਿਫਤੋ ਸਲਾਹ ਕਰਦੇ ਰਹੋ ਕਿ, ਹੇ ਪ੍ਰਭੂ ! ਤੂੰ ਅਪਹੁੰਚ ਹੈਂ, ਦਇਆਲ ਤੇ ਬੇਅੰਤ ਹੈਂ, ਕੋਈ ਜੀਵ ਤੇਰਾ ਮੁੱਲ ਨਹੀਂ ਪਾ ਸਕਦਾ।
2. ਹੇ ਪ੍ਰਭੂ ! ਤੂੰ ਹੀ, ਇਹ ਸਾਰਾ ਜਗਤ ਪੈਦਾ ਕੀਤਾ ਹੈ ਤੇ ਸਾਰੇ ਭਵਨਾਂ ਦਾ ਤੂੰ ਹੀ ਮਾਲਕ ਹੈਂ।
3. ਹੇ ਮੇਰੇ ਸਰਬ ਵਿਆਪਕ ਮਾਲਕ, ਕੋਈ ਜੀਵ ਤੇਰੀ ਤਾਕਤ ਦਾ ਅੰਦਾਜ਼ਾ ਨਹੀਂ ਲਾ ਸਕਦਾ।
4. ਹੇ ਜਗਤ ਉਧਾਰਨ ਵਾਲੇ ਅਬਿਨਾਸ਼ੀ ਪ੍ਰਭੂ ! ਕੋਈ ਜੀਵ ਤੇਰੀ ਬਰਾਬਰੀ ਨਹੀਂ ਕਰ ਸਕਦਾ।
5. ਹੇ ਪ੍ਰਭੂ ! ਸਾਰੀਆਂ ਧਰਤੀਆਂ ਤੂੰ ਹੀ ਬਣਾਈਆਂ ਹਨ, ਇਹ ਚਾਰੇ ਜੁੱਗ ਤੇਰੇ ਹੀ ਬਣਾਏ ਹੋਏ ਹਨ, (ਭਾਵ ਸਮਾਂ ਬਨਾਣ ਵਾਲਾ ਤੇ ਸਮੇਂ ਦੀ ਵੰਡ ਕਰਨ ਵਾਲਾ ਤੂੰਹੀ ਹੈਂ)।

6. ਜੀਵਾਂ ਵਾਸਤੇ ਜੰਮਣ ਮਰਣ ਦਾ ਗੇੜ ਤੂੰ ਹੀ ਬਣਾਇਆ ਹੈ, (ਪਰ) ਜਨਮ ਮਰਣ ਦੇ ਗੇੜ ਦਾ ਪ੍ਰਭਾਵ ਰਤਾ ਭਰ ਭੀ ਤੇਰੇ ਉਤੇ ਨਹੀਂ ਪੈਂਦਾ।
7. ਹੇ ਪ੍ਰਭੂ ! ਜਿਸ ਜੀਵ ਉਤੇ ਤੂੰ ਦਇਆਲ ਹੁੰਦਾ ਹੈਂ ਉਸ ਨੂੰ ਤੂੰ ਗੁਰੂ ਦੀ ਚਰਨੀਂ ਲਾਉਂਦਾ ਹੈਂ।
8. (ਕਿਉਂਕਿ) ਹੇ ਸ੍ਰਿਸ਼ਟੀ ਕਰਤਾ ਅਬਿਨਾਸ਼ੀ ਪ੍ਰਭੂ (ਗੁਰੂ ਦੀ ਸ਼ਰਨ ਤੋਂ ਬਿਨਾ) ਹੋਰ ਕਿਸੇ ਭੀ ਉਪਾਵ ਨਾਲ ਤੂੰ ਮਿਲ ਨਹੀਂ ਸਕਦਾ।੨।

ਭਾਵਾਰਥ :—ਸਿਰਜਨਹਾਰ ਨੂੰ ਭੁਲਾਕੇ ਜੀਵ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ ਤੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦੇ ਹਨ। ਜਿਸ ਮਨੁੱਖ ਉਤੇ ਉਹ ਪ੍ਰਮਾਤਮਾਂ ਮੇਹਰ ਕਰਦਾ ਹੈ, ਉਹ ਗੁਰੂ ਦੀ ਸ਼ਰਨ ਪੈਂਦਾ ਹੈ। ਗੁਰੂ ਦੇ ਦਸੇ ਹੋਏ ਰਸਤੇ ਉਤੇ ਤੁਰ ਕੇ ਉਹ ਪੁਰਖ ਪ੍ਰਮੇਸ਼ਰ ਦੀ ਯਾਦ ਵਿਚ ਜੁੜਦਾ ਹੈ, ਮਾਇਆ ਦੇ ਮੋਹ ਵਿਚੋਂ ਨਿਕਲਣ ਦਾ ਸਿਰਫ ਇਕ ਇਹੋ ਹੀ ਰਸਤਾ ਹੈ।

ਡਖਣੇ ਮ: ੫ ॥

1. ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥
2. ਹਿਕਸੁ ਕੰਤੈ ਬਾਹਰੀ
ਮੈਡੀ ਵਾਤ ਨ ਪੁਛੈ ਕੋਇ ॥੧॥

ਪਦ ਅਰਥ :—ਵਤਹਿ—ਆ ਜਾਏਂ । ਅੰਙਣੇ—(ਹਿਰਦੇ) ਵੇਹੜੇ ਵਿਚ । ਹਭ—ਸਾਰੀ । ਧਰਤਿ—(ਭਾਵ) ਸਰੀਰ। ਵਾਤ—ਗੱਲ, ਖਬਰ।੧।

ਅਰਥ :—

ਪ੍ਰ:—ਕਿਉਂ ਜੀ ! ਉਹ ਪ੍ਰਭੂ ਦੇ ਪਿਆਰ ਵਿਚ ਰਤਾ ਹੋਇਆ ਪ੍ਰੇਮੀ ਆਪਣੇ ਅੰਦਰੂਨੀ ਪ੍ਰੇਮ ਦੇ ਭਾਵਾਂ ਨੂੰ ਸਾਈਂ ਜੀ ਅਗੇ ਕਿਵੇਂ ਪ੍ਰਗਟਾਉਂਦਾ ਹੈ ?

1. **ਉ**:—ਹੇ ਭਾਈ ! ਉਹ ਪ੍ਰੇਮੀ ਆਪਣੇ ਪਿਆਰੇ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਆਪਣੇ ਪ੍ਰੇਮ ਭਾਵਾਂ ਨੂੰ ਪ੍ਰਗਟਾਉਂਦਾ ਹੈ ਕਿ, ਹੇ ਮੇਰੇ ਪ੍ਰਭੂ ਕੰਤ ਜੀਉ ! ਜੇ ਤੂੰ ਮੇਰੇ (ਹਿਰਦੇ ਦੇ) ਵੇਹੜੇ ਵਿਚ ਆ ਜਾਏਂ, ਤਾਂ (ਮੈਂ ਸਮਝਾਂਗਾ) ਕਿ ਮੇਰਾ ਸਾਰਾ ਸਰੀਰ ਹੀ ਸੋਹਣਾ ਹੋ ਜਾਂਦਾ ਹੈ।
2. ਪਰ, ਇਕ ਖਸਮ ਪ੍ਰਭੂ ਤੋਂ ਬਿਨਾ ਕੋਈ ਮੇਰੀ ਖਬਰ ਸੁਰਤਿ ਹੀ ਨਹੀਂ ਪੁੱਛਦਾ, (ਭਾਵ; ਜੇ ਪ੍ਰਭੂ ਹਿਰਦੇ ਵਿਚ ਵਸ ਜਾਏ, ਤਾਂ ਸਾਰੇ ਸ਼ੁਭ ਗੁਣਾਂ ਨਾਲ ਗਿਆਨ ਇੰਦ੍ਰੇ ਚਮਕ ਉੱਠਦੇ ਹਨ, ਜੇ ਪ੍ਰਭੂ ਤੋਂ ਵਿਛੋੜਾ ਹੈ ਤਾਂ ਕੋਈ ਭੀ ਸ਼ੁਭ ਗੁਣ ਨੇੜੇ ਨਹੀਂ ਢੁੱਕਦਾ)।੧।

ਭਾਵਾਰਥ :—ਇਸ ਜੀਵ ਰੂਪੀ ਇਸਤ੍ਰੀ ਦਾ ਜੀਵਨ ਤਦੋਂ ਹੀ ਸਫਲ ਹੁੰਦਾ ਹੈ, ਜਦੋਂ ਹਰੀ ਪ੍ਰਮੇਸ਼ਰ ਪਤੀ ਦਾ ਮਿਲਾਪ ਹਾਸਲ ਹੋਵੇ।

ਮ: ੫ ॥

1. ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣੁ ਮਲਿ ॥
2. ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ ॥੨॥

ਪਦ ਅਰਥ :—ਹਭੇ—ਸਾਰੇ । ਟੋਲ—ਪਦਾਰਥ । ਸੁਹਾਵਣੇ—ਸੋਭਾ ਦਾਇਕ । ਮਲਿ—ਮੱਲ ਕੇ । ਪਹੀ—ਜੀਵ ਰਾਹੀਂ। ਬਿਰਥੜਾ—ਖਾਲੀ ਹੱਥ। ਜੋ—ਜਿਹੜਾ ਜੀਵ ਰਾਹੀ। ਘਰਿ—ਘਰ ਵਿਚ, ਹਿਰਦੇ ਘਰ ਵਿਚ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਜਿਸ ਜੀਵ ਦੇ ਅੰਦਰ ਪ੍ਰਭੂ ਪਤੀ ਜੀ ਪ੍ਰਗਟ ਹੋ ਜਾਂਦੇ ਹਨ, ਉਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

1. **ਉ**:—ਹੇ ਭਾਈਓ ! ਜਿਸ ਜੀਵ ਰੂਪ ਰਾਹੀ ਦਾ ਹਿਰਦਾ ਵੇਹੜਾ ਖਸਮ ਪ੍ਰਭੂ ਮੱਲ ਕੇ ਬੈਠ ਜਾਂਦਾ ਹੈ, ਉਸ ਨੂੰ ਤਾਂ ਸਾਰੇ ਪਦਾਰਥ (ਵਰਤਣੇ) ਫਬਦੇ ਹਨ।
2. (ਕਿਉਂਕਿ) ਜਿਹੜਾ ਜੀਵ ਰਾਹੀ (ਬਾਹਰਲੇ ਪਦਾਰਥਾਂ ਵਲੋਂ) ਪਰਤ ਕੇ ਅੰਤਰ ਆਤਮੇਂ ਆ ਟਿਕਦਾ ਹੈ ਉਹ (ਜਗਤ ਤੋਂ) ਖਾਲੀ ਹੱਥ ਨਹੀਂ ਜਾਂਦਾ।

ਭਾਵਾਰਥ :—ਜਦੋਂ ਕਿਸੇ ਪ੍ਰੇਮੀ ਦੇ ਪਿਆਰ ਦਾ ਸਦਕਾ ਉਹ ਮਾਲਕ ਉਸ ਦੇ ਹਿਰਦੇ ਵਿਚ ਪ੍ਰਗਟ ਹੋ ਆਵੇ, ਤਾਂ ਉਸ ਨੂੰ ਸੰਸਾਰ ਦੇ ਪਦਾਰਥ ਭੀ ਪਿਆਰ ਦੇ ਮਾਰਗ ਵਿਚ ਰੋਕ ਰੂਪ ਨਹੀਂ ਹੁੰਦੇ, ਉਹ ਸੰਸਾਰ ਤੋਂ ਆਪਣਾ ਜੀਵਨ ਸਫਲਾ ਕੇ ਜਾਂਦਾ ਹੈ।

ਮ: ੫ ॥

1. ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ ॥
2. ਇਤੀ ਮੰਝਿ ਨ ਸਮਾਵਈ
ਜੇ ਗਲਿ ਪਹਿਰਾ ਹਾਰੁ ॥੩॥

ਪਦ ਅਰਥ :—ਕੰਤ ਕੂ—ਕੰਤ ਦੀ ਖਾਤਰ। ਹਭੁ—ਸਾਰਾ। ਇਤੀ—ਇਤਨੀ ਭੀ। ਮੰਝਿ—ਵਿਚਕਾਰ, ਮੇਰੇ ਤੇ ਪਤੀ ਦੇ ਵਿਚਕਾਰ। ਨ ਸਮਾਵਣੀ—ਨਹੀਂ ਟਿਕ ਸਕਦੀ, ਟਿਕੀ ਹੋਈ ਚੰਗੀ ਨਹੀਂ ਲਗਦੀ। ਗਲਿ—ਗਲ ਵਿਚ।੩।

ਅਰਥ :—

ਪ੍ਰ:—ਸ੍ਰੀ ਜੀਉ ! ਜਗਿਆਸੂ ਦੀ ਮਾਨਸਕ ਅਵਸਥਾ ਪ੍ਰਮੇਸ਼ਰ ਪਤੀ ਦੇ ਮਿਲਾਪ ਲਈ ਸਾਧਨ ਕਰਨ ਸਮੇਂ ਅਤੇ ਮਿਲਾਪ ਹੋ ਜਾਣ ਤੋਂ ਬਾਅਦ ਕਿਸ ਰੂਪ ਵਿਚ ਬਦਲ ਜਾਂਦੀ ਹੈ ?

1. **ਉ**:—ਹੇ ਭਾਈਓ ! ਜਦੋਂ ਕਿਸੇ ਪ੍ਰਭੂ ਪਿਆਰ ਵਿਚ ਭਿੱਜੀ ਹੋਈ ਆਤਮਾਂ ਤੋਂ ਇਹ ਪੁੱਛ ਕੀਤੀ ਜਾਏ ਤਾਂ ਉਸ ਵਲੋਂ ਇਹੋ ਹੀ ਉੱਤਰ ਮਿਲਦਾ ਹੈ ਕਿ ਪਹਿਲੋਂ ਮੈਂ ਪਤੀ ਨੂੰ ਮਿਲਣ ਵਾਸਤੇ (ਸ਼ਰਧਾ ਦੀ) ਸੇਜਾ ਵਿਛਾਈ, ਅਤੇ ਹੋਰ ਸਾਰਾ ਹਾਰ ਸ਼ਿੰਗਾਰ ਕੀਤਾ, (ਭਾਵ, ਹਿਰਦਾ ਸੇਜ ਸਜਾਣ

ਵਾਸਤੇ ਮੈਂ ਕਈ ਧਾਰਮਿਕ ਸਾਧਨ ਕੀਤੇ)।

2. ਪਰ, ਹੁਣ ਜਦੋਂ ਉਸ ਦਾ ਮਿਲਾਪ ਹੋ ਗਿਆ ਤਾਂ ਜੇ ਮੈਂ (ਆਪਣੇ ਗਲ ਵਿਚ) ਇਹ ਹਾਰ ਭੀ ਪਹਿਨ ਲਵਾਂ, (ਤਾਂ ਇਹ ਹਾਰ ਪਤੀ ਮਿਲਾਪ ਦੇ ਰਸਤੇ ਵਿਚ ਵਿੱਥ ਪਾਂਦਾ ਹੈ, ਤੇ) ਪਤੀ ਤੇ ਮੇਰੇ ਵਿਚਕਾਰ ਇਤਨੀ ਵਿੱਥ ਨੂੰ ਭੀ ਸਮਾਈ ਨਹੀਂ ਹੈ, (ਭਾਵ, ਲੋਕਾਚਾਰੀ ਧਾਰਮਿਕ ਸਾਧਨ ਪਤੀ ਮਿਲਾਪ ਦੇ ਰਸਤੇ ਵਿਚ ਰੁਕਾਵਟ ਹਨ) ।੩।

ਪਉੜੀ ॥

1. ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥
2. ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥
3. ਤੇਰਾ ਰੂਪੁ ਨ ਜਾਈ ਲਖਿਆ
ਕਿਉ ਤੁਝਹਿ ਧਿਆਵਹੀ ॥
4. ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ॥
5. ਤੇਰੀ ਭਗਤਿ ਭਰੇ ਭੰਡਾਰ ਤੋਟਿ ਨ ਆਵਹੀ ॥
6. ਏਹਿ ਰਤਨ ਜਵੇਹਰ ਲਾਲ ਕੀਮ ਨ ਪਾਵਹੀ ॥
7. ਜਿਸੁ ਹੋਵਹਿ ਆਪਿ ਦਇਆਲੁ
ਤਿਸੁ ਸਤਿਗੁਰ ਸੇਵਾ ਲਾਵਹੀ ॥
8.ਤਿਸੁ ਕਦੇ ਨ ਆਵੈ ਤੋਟਿ ਜੋ ਹਰਿਗੁਣ ਗਾਵਹੀ॥੩॥

ਪਦ ਅਰਥ:–ਸਮਾਵਹੀ–ਤੂੰ ਵਿਆਪਕ ਹੈਂ । ਕਿਉ–ਕਿਸ ਤਰੀਕੇ ਨਾਲ ? । ਭੰਡਾਰ–ਖਜ਼ਾਨੇ । ਤੋਟਿ–ਘਾਟ, ਕਮੀਂ । ਏਹਿ–ਇਹ ਸਾਰੇ । ਕੀਮ–ਮੁੱਲ ।੩।

ਅਰਥ :–

ਪ੍ਰ–ਸ੍ਰੀ ਜੀਉ ! ਉਸ ਪ੍ਰਭੂ ਦੀ ਉਸਤਤੀ ਕਰਨ ਦੀ ਜਾਚ ਦਸੋ?

1. **ਉ**:–ਹੇ ਭਾਈ ! ਇਉਂ ਹੀ ਮਹਿਮਾਂ ਉਚਾਰਨ ਕਰਦੇ ਰਹੋ ਕਿ, ਹੇ ਪ੍ਰਭੂ ! ਤੂੰ ਪਾਰਬ੍ਰਹਮ ਹੈਂ, ਸਭ ਤੋਂ ਵਡਾ ਮਾਲਕ ਹੈਂ, ਤੂੰ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ ।
2. ਹੇ ਪ੍ਰਭੂ ! ਤੂੰ ਆਪਣੇ ਹੁਕਮ ਨਾਲ ਜਗਤ ਪੈਦਾ ਕਰਦਾ ਹੈਂ ਜਗਤ ਪੈਦਾ ਕਰ ਕੇ (ਇਸ ਵਿਚ) ਵਿਆਪਕ ਹੈਂ।
3. ਹੇ ਸਾਈਆਂ ਜੀਉ ! ਤੇਰਾ ਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਫਿਰ ਜੀਵ ਤੇਰਾ ਧਿਆਨ ਕਿਸ ਤਰੀਕੇ ਨਾਲ ਧਰਨ ?
4. ਹੇ ਪ੍ਰਭੂ ਜੀ ! ਤੂੰ ਸਭ ਜੀਵਾਂ ਵਿਚ ਆਪ ਮੌਜੂਦ ਹੈਂ, (ਸਭ ਵਿਚ) ਆਪਣੀ ਤਾਕਤ ਵਿਖਾ ਰਿਹਾ ਹੈਂ ।
5. ਹੇ ਸਾਈਂ ਜੀ ! ਤੇਰੇ ਪਾਸ ਤੇਰੇ ਭਗਤੀ ਦੇ ਭੰਡਾਰ ਭਰੇ ਪਏ ਹਨ, ਜ ਕਦੇ ਮੁੱਕ ਨਹੀਂ ਸਕਦੇ ।
6. ਤੇਰੇ ਗੁਣਾਂ ਦੇ ਖਜ਼ਾਨੇ ਐਸੇ ਰਤਨ, ਜਵਾਹਰ ਤੇ ਲਾਲ ਹਨ ਜਿਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ, (ਜਗਤ ਵਿਚ ਕੋਈ ਐਸੀ ਚੀਜ਼ ਨਹੀਂ ਜਿਸ ਦੇ ਇਵਜ ਵਿਚ ਗੁਣਾਂ ਦੇ ਖਜ਼ਾਨੇ ਮਿਲ ਸਕਣ) ।
7. ਹੇ ਪ੍ਰਭੂ ਜੀ ! ਜਿਸ ਜੀਵ ਉਤੇ ਤੂੰ ਦਇਆ ਕਰਦਾ ਹੈਂ ਉਸ ਨੂੰ ਸਤਿਗੁਰੂ ਦੀ ਸੇਵਾ ਵਿਚ ਜੋੜਦਾ ਹੈਂ ।
8. ਹੇ ਭਾਈਓ ! (ਗੁਰੂ ਦੀ ਸਰਨ ਆ ਕੇ) ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ, ਉਨ੍ਹਾਂ ਨੂੰ ਕਿਸੇ ਕਿਸਮ ਦੀ ਥੁੜ ਨਹੀਂ ਰਹਿੰਦੀ ।੩।

ਭਾਵਾਰਥ :–ਮਾਇਆ ਨਾਲ ਤਾਂ ਮਨੁੱਖ ਨੂੰ ਹਰ ਵੇਲੇ ਵਾਹ ਪੈਂਦਾ ਹੈ, ਇਸ ਵਾਸਤੇ ਉਸ ਦੇ ਮੋਹ ਵਿਚ ਸੁਭਾਵਕ ਹੀ ਫਸ ਜਾਂਦਾ ਹੈ, ਪਰ ਪ੍ਰਮਾਤਮਾਂ ਇਨ੍ਹਾਂ ਅੱਖਾਂ ਨਾਲ ਦਿਸਦਾ ਨਹੀਂ, ਉਸ ਨਾਲ ਪਿਆਰ ਬਣਨਾ ਬੜੀ ਔਖੀ ਗੱਲ ਹੈ, ਸੋ, ਜਿਸ ਮਨੁੱਖ ਉਤੇ ਪ੍ਰਮਾਤਮਾਂ ਦੀ ਮਿਹਰ ਹੁੰਦੀ ਹੈ, ਉਸ ਨੂੰ ਗੁਰੂ ਮਿਲਦਾ ਹੈ । ਗੁਰੂ ਦੀ ਸ਼ਰਣ ਪੈ ਕੇ ਮਨੁੱਖ ਪ੍ਰਮਾਤਮਾਂ ਦੇ ਗੁਣ ਗਾਂਦਾ ਹੈ ।

ਡਖਣੇ ਮ: ੫ ॥

1. ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ ॥
2.ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ॥੧॥

ਪਦ ਅਰਥ :–ਮੂ–ਮੈਂ । ਪਸੀ–ਪਸੀਂ, ਮੈਂ ਵੇਖਦਾ ਹਾਂ । ਹਠ ਮੈ–ਹਿਰਦੇ ਵਿਚ । ਮਹਿਜੈ–ਮੇਰੇ । ਉਲਾਹਿਅਮੁ–ਉਸ ਨੇ ਮੇਰੇ (ਦੁੱਖ) ਲਾਹ ਦਿਤੇ ਹਨ । ਨਦਰਿ–ਮਿਹਰ ਦੀ ਨਿਗਾਹ । ਨਿਹਾਲਿ–ਵੇਖ ਕੇ ।੧।

ਅਰਥ :–

ਪ੍ਰ:–ਕਿਉਂ ਜੀ ! ਜਦੋਂ ਕਿਸੇ ਪ੍ਰੇਮੀ ਨੂੰ ਪਤੀ ਪ੍ਰਾਪਤੀ ਤੋਂ ਬਾਅਦ ਦੀ ਮਾਨਸਕ ਅਵਸਥਾ ਬਾਰੇ ਕੁਝ ਜਾਣਕਾਰੀ ਕਰਨਾ ਚਾਹੀਏ ਤਾਂ ਉਨ੍ਹਾਂ ਦਾ ਨਿਸਚਾ ਕਿਸ ਰੂਪ ਵਿਚ ਹੋਇਆ ਕਰਦਾ ਹੈ ?

1. **ਉ**:–ਹੇ ਪਿਆਰੇ ! ਉਨ੍ਹਾਂ ਨੂੰ ਪੁੱਛਣ ਸਮੇਂ ਤਾਂ ਉਨ੍ਹਾਂ ਵਲੋਂ ਇਹੋ ਹੀ ਉੱਤਰ ਮਿਲਦਾ ਹੈ ਕਿ, ਜਦੋਂ ਮੈਂ (ਧਿਆਨ ਨਾਲ) ਹਿਰਦੇ ਵਿਚ ਵੇਖਦੀ ਹਾਂ, ਤਾਂ ਮੇਰਾ ਪਤੀ ਪ੍ਰਭੂ ਮੇਰੇ ਨਾਲ (ਮੇਰੇ ਹਿਰਦੇ ਵਿਚ) ਮੌਜੂਦ ਹੈ ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਹਰ ਦੀ ਨਿਗਾਹ ਕਰ ਕੇ ਉਸ ਨੇ ਮੇਰੇ ਸਾਰੇ ਦੁੱਖ ਦੂਰ ਕਰ ਦਿਤੇ ਹਨ ।੧।

ਭਾਵਾਰਥ :–ਜੇ ਗਹੁ ਨਾਲ ਦੇਖੀਏ ਤਾਂ ਹਰੀ ਸਾਡੇ ਦਿਲ ਦੇ ਅੰਦਰ ਹੀ ਬੈਠਾ ਦਿਸ ਪੈਂਦਾ ਹੈ, ਕੇਵਲ ਮਿਲਣ ਦਾ ਚਾਉ ਹੋਣਾ ਚਾਹੀਦਾ ਹੈ, ਵਿਸ਼ੇ ਵਾਲੀ ਨਜ਼ਰ ਛਡ ਕੇ ਸ੍ਰਿਸ਼ਟੀ ਵਿਚੋਂ ਹਰੀ ਨੂੰ ਦੇਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਮ: ੫ ॥

1. ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ ॥
2. ਪਿਰੀਏ ਤੂ ਜਾਣੁ ਮਹਿਜਾ ਸਾਉ
ਜੋਈ ਸਾਈ ਮੁਹੁ ਖੜਾ ॥੨॥

ਪਦ ਅਰਥ :–ਭਖੇ ਵਾਉ–ਤੇਰੀ ਵਾ ਭਖ ਰਿਹਾ ਹੈ,

ਤੇਰੀ ਸੋਇ ਸੁਣ ਰਿਹਾ ਹੈ। ਲੰਮੇ—ਬੇਅੰਤ ਜੀਵ। ਸੇਵਹਿ—ਸੇਵਦੇ ਹਨ, ਮਲੀਂ ਬੈਠੇ ਹਨ। ਪਿਰੀਏ—ਹੇ ਪਤੀ। ਸਾਉ—ਸੁਆਉ, ਮਨੋਰਥ। ਜੋਈ—ਜੋਈਂ, ਮੈਂ ਤਕ ਰਿਹਾ ਹਾਂ। ਸਾਈ—ਹੇ ਸਾਈਂ।੨।

ਅਰਥ :—

ਪ੍ਰ:—ਹੇ ਗੁਰੋ ! ਜਦੋਂ ਤੁਸੀਂ ਕਦੀ ਪ੍ਰਮੇਸ਼ਰ ਦੇ ਦਰ ਤੇ ਜੋਦੜੀ ਕਰਨਾ ਚਾਹੋ ਤਾਂ ਕਿਵੇਂ ਕਰਦੇ ਹੋ ?

1. ਉ:—ਹੇ ਭਾਈਓ ! ਮੈਂ ਤਾਂ ਇਉਂ ਹੀ ਬੇਨਤੀ ਕਰਦਾ ਰਹਿੰਦਾ ਹਾਂ ਕਿ, ਹੇ ਪ੍ਰਭੂ ! ਬੇਅੰਤ ਜੀਵ ਖੜੇ ਤੇਰਾ ਦਰ ਸੇਵਦੇ ਹਨ, ਮੈਂ ਨਾਨਕ ਭੀ (ਤੇਰੇ ਦਰ ਤੇ ਖੜਾ) ਤੇਰੀ ਸੋਇ ਸੁਣ ਰਿਹਾ ਹਾਂ।
2. ਹੇ ਪਤੀ ! ਤੂੰ ਮੇਰੇ ਦਿਲ ਦੀ ਜਾਣਨ ਵਾਲਾ ਹੈਂ, ਹੇ ਸਾਈਂ ! ਮੈਂ ਖਲੋਤਾ ਤੇਰਾ ਮੂੰਹ ਤੱਕ ਰਿਹਾ ਹਾਂ।੨।

ਭਾਵਾਰਥ :—ਜਿਸ ਬੇਅੰਤ ਪ੍ਰਭੂ ਦੇ ਦਰ ਤੇ ਖੜੇ ਬੇਅੰਤ ਸਾਧਕ ਦਰਸ਼ਨਾਂ ਦੀ ਲਾਲਸਾ ਵਿਚ ਖਲੋਤੇ ਤੱਕਦੇ ਹਨ ਉਥੇ ਆਪਣੀ ਭੀ ਦੀਦਾਰ ਦੀ ਤਾਂਘ ਦਰਸਾ ਰਹੇ ਹਨ।

ਮ: ੫ ॥

1. ਕਿਆ ਗਾਲਾਇਓ ਭੂਛ ਪਰਵੇਲਿ ਨ ਜੋਹੇ ਕੰਤਤੂ ॥
2. ਨਾਨਕ ਫੁਲਾ ਸੰਦੀ ਵਾੜਿ
ਖਿੜਿਆ ਹਭੁ ਸੰਸਾਰੁ ਜਿਉ ॥੩॥

ਪਦ ਅਰਥ :—ਗਾਲਾਇਓ—ਬੋਲ ਰਿਹਾ ਹੈਂ, ਗਲਾਂ ਕਰਦਾ ਹੈਂ। ਭੂਛ—ਮਤਿ ਹੀਣੇ, ਨਾਪਾਕ, ਜੰਗਲੀ, ਮੂਰਖ। ਵੇਲਿ—ਇਸਤ੍ਰੀ (ਵੇਲ ਰੁੱਖ ਦੇ ਆਸਰੇ ਵਧਦੀ ਫੁਲਦੀ ਹੈ, ਇਸਤ੍ਰੀ ਪਤੀ ਦੇ ਆਸਰੇ ਸੁਖੀ ਰਹਿ ਸਕਦੀ ਹੈ। ਇਸਤ੍ਰੀ ਨੂੰ ਵੇਲ ਨਾਲ ਉਪਮਾਂ ਦਿਤੀ ਗਈ ਹੈ। ਜਗਤ ਫੁਲਵਾੜੀ ਵਿਚ ਇਸਤ੍ਰੀ ਵੇਲ ਸਮਾਨ ਹੈ)। ਨ ਜੋਹੇ—ਨਾ ਤੱਕ। ਜਿਉ ਫੁਲਾਂ ਸਦੀ ਵਾੜਿ-ਜਿਵੇਂ ਫੁਲਵਾੜੀ (ਖਿੜੀ ਹੋਈ) ਹੈ। ਸੰਦੀ—ਦੀ। ਵਾੜਿ—ਵਾੜੀ, ਬਗੀਚੀ। ਕੰਤ ਤੂ—ਤੂੰ (ਹਰ ਥਾਂ) ਕੰਤ ਨੂੰ (ਵੇਖ)।੩।

ਅਰਥ :—

ਪ੍ਰ:—ਸ੍ਰੀ ਜੀਉ ! ਮੇਰਾ ਮਨ ਕਾਂਮਾਤੁਰ ਹੋ ਹਰ ਵਕਤ ਹੀ ਵਾਸ਼ਨਾਂ ਵਿਚ ਰੁੜਿਆ ਰਹਿੰਦਾ ਹੈ, ਇਸ ਦੇ ਰੋਕਣ ਲਈ ਕੋਈ ਜਤਨ ਦਸੋ ?

1. ਉ:—ਹੇ ਜੀਵ ! ਤੂੰ (ਕਾਂਮਾਤੁਰ ਹੋ ਕੇ) ਮਤਿ ਹੀਣੇ ਨਾਪਾਕ ਬੋਲ ਨਾ ਬੋਲ ਤੇ ਪਰਾਈ ਇਸਤ੍ਰੀ ਨੂੰ (ਤੂੰ ਮੰਦ ਭਾਵਨਾ ਨਾਲ) ਨਾ ਵੇਖ, ਤੂੰ ਹਰ ਥਾਂ ਕੰਤ ਪ੍ਰਭੂ ਨੂੰ (ਹੀ) ਵੇਖਣਾ ਕਰ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਵੇਖ, ਜਿਵੇਂ ਫੁਲਵਾੜੀ ਖਿੜੀ ਹੁੰਦੀ ਹੈ, ਤਿਵੇਂ ਇਹ ਸਾਰਾ ਸੰਸਾਰ ਖਿੜਿਆ ਹੋਇਆ ਹੈ, (ਇਥੇ ਕੋਈ ਭੀ ਫੁੱਲ ਤੋੜਨਾ ਨਹੀਂ ਹੈ, ਕਿਸੇ ਪਰਾਈ ਸੁੰਦਰੀ ਵਲ ਮੰਦ ਭਾਵਨਾਂ ਨਹੀਂ ਰਖਣੀ)।੩।

ਭਾਵਾਰਥ :—ਇਸ ਸੰਸਾਰ ਦੀ ਸੁੰਦਰਤਾ ਹੈ ਤਾਂ ਭਾਵੇਂ ਇਕ ਫੁਲਾਂ ਦੇ ਖਿੜੇ ਬਗੀਚੇ ਵਾਂਗ, ਪਰ, ਇਸ ਦੀ ਸੁੰਦਰਤਾ ਨੂੰ ਮੰਦ ਦ੍ਰਿਸ਼ਟੀ ਨਾਲ ਨਾ ਤੱਕਣ ਦੀ ਪ੍ਰੇਰਨਾ ਕਰਦੇ ਹੋਏ ਹਰ ਥਾਂ ਉਸ ਸਾਈਂ ਜੀ ਨੂੰ ਹੀ ਵੇਖਦੇ ਰਹਿਣ ਲਈ ਸਿਖਿਆ ਦੇਂਦੇ ਹਨ।

ਪਉੜੀ ॥

1. ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ ॥
2. ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ ॥
3. ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ ॥
4. ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ ॥
5. ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥
6. ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ ॥
7. ਤਿਸੁ ਬਾਹੁੜਿ ਗਰਭਿ ਨ ਪਾਵਹੀ
ਜਿਸੁ ਦੇਵਹਿ ਗੁਰ ਮੰਤਾ ॥
8. ਜਿਉ ਆਪਿ ਚਲਾਵਹਿ ਤਿਉ ਚਲਦੇ
ਕਿਛੁ ਵਸਿ ਨ ਜੰਤਾ ॥੪॥

ਪਦ ਅਰਥ :—ਸੁਘੜੁ—ਸੋਹਣੀ ਘਾੜਤ ਵਾਲਾ, ਸੁਚੱਜਾ। ਸਰੂਪ—ਸੁੰਦਰ। ਮਹਿ—ਵਿਚ। ਪੂਜੰਤਾ—ਪੂਜਾ ਕਰਦਾ। ਦਾਨਾ—ਜਾਨਣ ਵਾਲਾ। ਬੀਨਾ—ਵੇਖਣ ਵਾਲਾ। ਸਤਵੰਤਾ—ਸ਼ੁਭ ਆਚਰਣ ਵਾਲਾ। ਚੋਜ—ਤਮਾਸ਼ੇ। ਬਹੁੜਿ—ਮੁੜ, ਫਿਰ। ਗਰਭਿ—ਗਰਭ ਵਿਚ, ਜੂਨ ਵਿਚ। ਮੰਤਾ—ਉਪਦੇਸ਼। ਵਸਿ—ਇਖਤਿਆਰ ਵਿਚ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਜਦੋਂ ਆਪ ਜੀ ਉਸ ਪ੍ਰਮੇਸ਼ਰ ਦੀ ਸਿਫਤੋ ਸਲਾਹ ਕਰਦੇ ਹੋ, ਉਸ ਦੀ ਰੂਪ ਰੇਖਾ ਕਹੋ ਤਾਂ ਕਿ ਅਸੀਂ ਭੀ ਉਸ ਕਰਤਾਰ ਦੀ ਮਹਿਮਾਂ ਕਰਦੇ ਰਹੀਏ ?

1. ਉ:—ਹੇ ਭਾਈ ! ਉਸ ਦੀ ਵਡੀ ਵਡਿਆਈ ਨੂੰ ਤਾਂ ਇਸੇ ਤਰ੍ਹਾਂ ਹੀ ਵਡਿਆਉਂਦੇ ਰਹੋ ਕਿ, ਹੇ ਪ੍ਰਭੂ ! ਤੂੰ ਸੁਚੱਜਾ ਸਿਆਣਾ ਤੇ ਸੋਹਣਾ ਹੈਂ, ਸਭ ਜੀਵਾਂ ਵਿਚ ਹੀ ਮੌਜੂਦ ਹੈਂ।
2. (ਸੋ) ਤੂੰ ਆਪ ਹੀ ਮਾਲਕ ਹੈਂ, ਆਪ ਹੀ ਸੇਵਕ ਹੈਂ, ਆਪ ਹੀ ਆਪਣੀ ਪੂਜਾ ਕਰ ਰਿਹਾ ਹੈਂ।
3. (ਹਰੇਕ ਜੀਵ ਦੇ ਅੰਦਰ ਵਿਆਪਕ ਹੋਣ ਕਰ ਕੇ) (ਜੀਵਾਂ ਦੇ ਕੰਮਾਂ ਨੂੰ) ਜਾਣਦਾ ਹੈਂ, ਵੇਖਦਾ ਹੈਂ, ਤੂੰ ਆਪ ਹੀ ਚੰਗੇ ਆਚਰਨ ਵਾਲਾ ਹੈਂ।
4. ਹੇ ਮੇਰੇ ਹਰੀ ਭਗਵਾਨ ! ਤੂੰ ਆਪ ਹੀ ਜਤੀ ਹੈਂ, ਆਪ ਹੀ ਪਵਿਤ੍ਰ ਆਚਰਨ ਵਾਲਾ ਹੈਂ।
5. ਹੇ ਪ੍ਰਭੂ ਜੀ ! ਇਹ ਸਾਰਾ ਜਗਤ ਖਿਲਾਰਾ ਤੂੰ ਆਪ ਹੀ ਖਿਲਾਰਿਆ ਹੋਇਆ ਹੈ, ਤੂੰ ਆਪ ਹੀ ਇਹ ਜਗਤ ਖੇਡ ਖੇਡ ਰਿਹਾ ਹੈਂ।

6. (ਜੀਵਾਂ ਦੇ) ਜੰਮਣ ਮਰਣ ਦਾ ਤਮਾਸ਼ਾ ਤੂੰ ਆਪ ਹੀ ਰਚਾਇਆ ਹੋਇਆ ਹੈ, ਇਹ ਤਮਾਸ਼ੇ ਰਚ ਕੇ ਤੂੰ ਆਪ ਹੀ ਵੇਖ ਰਿਹਾ ਹੈਂ।

7. ਹੇ ਪ੍ਰਭੂ ਜੀਉ! ਜਿਸ ਮਨੁੱਖ ਨੂੰ ਤੂੰ ਗੁਰੂ ਉਪਦੇਸ਼ ਦੀ ਦਾਤ ਦੇਂਦਾ ਹੈਂ, ਉਸ ਨੂੰ ਮੁੜ ਜੂਨਾਂ ਦੇ ਗੇੜ ਵਿਚ ਨਹੀਂ ਪਾਉਂਦਾ।

8. ਹੇ ਸਾਈਆਂ ਜੀਉ! (ਤੇਰੇ ਪੈਦਾ ਕੀਤੇ ਇਨ੍ਹਾਂ) ਜੀਵਾਂ ਦੇ ਇਖਤਿਆਰ ਕੁਝ ਨਹੀਂ ਹੈ, ਜਿਵੇਂ ਤੂੰ ਆਪ ਜੀਵਾਂ ਨੂੰ ਤੋਰ ਰਿਹਾ ਹੈਂ, ਤਿਵੇਂ ਤੁਰ ਰਹੇ ਹਨ ।੪।

ਭਾਵਾਰਥ :–ਮਾਇਆ ਰਚਨ ਵਾਲਾ ਭੀ ਤੇ ਜੀਵ ਪੈਦਾ ਕਰਨ ਵਾਲਾ ਭੀ ਪ੍ਰਮੇਸ਼ਰ ਆਪ ਹੀ ਹੈ, ਉਸਦੀ ਆਪਣੀ ਹੀ ਰਚੀ ਇਹ ਖੇਡ ਹੈ ਕਿ ਜੀਵ ਮਾਇਆ ਦੇ ਮੋਹ ਵਿਚ ਫਸ ਕੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ, ਪਰ ਇਹ ਗੱਲ ਜੀਵਾਂ ਦੇ ਵੱਸ ਦੀ ਨਹੀਂ ਹੈ।

ਡਖਣੇ ਮ: ੫ ॥

1. ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ ॥
2. ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ ॥੧॥

ਪਦ ਅਰਥ :–ਕੁਰੀਏ–ਨਦੀ ਦੇ ਕੰਢੇ ਕਢੇ। ਵੈਦਿਆ–ਹੇ ਜਾਣ ਵਾਲਿਆ। ਤਲਿ–(ਤੇਰੇ ਪੈਰਾਂ ਦੇ) ਹੇਠ। ਮਹਰੇਰੁ–ਢਾਹ, ਮਿੱਟੀ ਦਾ ਕਿਰਨਾ। ਗਾੜਾ ਮਹਰੇਰੁ–ਬੜੀ ਢਾਹ। ਵੇਖੇ–ਵੇਖੀਂ, ਧਿਆਨ ਰੱਖੀਂ। ਛਿਟੜਿ ਥੀਵਦੋ–ਲਿਬੜ ਜਾਏਂਗਾ। ਜਾਮਿ–ਜਦੋਂ। ਖਿਸੰਦੋ–ਤਿਲਕ ਗਿਆ। ਪੇਰੁ–ਪੈਰ ।੧।

ਅਰਥ :–

ਪ੍ਰ:–ਸ੍ਰੀ ਜੀਉ! ਮੈਂ ਕੱਚੀ ਬ੍ਰਿਤੀ ਵਾਲਾ ਅਨਜਾਣ ਜਗਿਆਸੂ ਇਸ ਬਿਖੜੇ ਸੰਸਾਰ ਦੇ ਵਿਖਮ ਮਾਰਗ ਤੇ ਟੁਰੀ ਤਾਂ ਜਾ ਰਿਹਾ ਹਾਂ, ਪਰ ਪਤਾ ਨਹੀਂ ਇਸ ਜਗਤ ਦੀ ਤਿਲਕਣ ਵਿਚ ਮੈਂ ਕਦੋਂ ਡਿਗ ਜਾਵਾਂ, ਬਚਣ ਲਈ ਕੋਈ ਉਪਦੇਸ਼ ਬਖਸ਼ਸ਼ ਕਰੋ?

1. ਉ:–ਹੇ (ਸੰਸਾਰ) ਨਦੀ ਦੇ ਕੰਢੇ ਕੰਢੇ ਜਾਣ ਵਾਲੇ ਜਗਿਆਸੂ) (ਵੇਖ) ਤੇਰੇ ਪੈਰਾਂ ਹੇਠ (ਤੇਰੇ ਰਸਤੇ ਵਿਚ) ਬੜੀ ਢਾਹ ਲਗੀ ਹੋਈ ਹੈ, (ਭਾਵ, ਤੇਰੇ ਹਰ ਪਾਸੇ ਹੀ ਵਿਕਾਰਾਂ ਦੀ ਭਰਮਾਰ ਹੈ)।

2. (ਵੇਖੀਂ) ਧਿਆਨ ਰਖੀਂ, ਜਦੋਂ ਹੀ ਤੇਰਾ ਪੈਰ ਤਿਲਕ ਗਿਆ, ਤਾਂ (ਮੋਹ ਦੇ ਚਿਕੜ ਨਾਲ) ਲਿਬੜ ਜਾਏਂਗਾ।੧।

ਭਾਵਾਰਥ :–ਸਚਾਈ ਦੇ ਰਸਤੇ ਚਲਣਾ ਬੜਾ ਹੀ ਔਖਾ ਹੈ, ਜ਼ਰਾ ਭੀ ਇਧਰ ਉਧਰ ਹੋਈਏ ਤਾਂ ਗੰਦਗੀ ਵਿਚ ਤਿਲਕ ਜਾਈਦਾ ਹੈ।

ਮ: ੫ ॥

1. ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ ॥
2. ਨਾਨਕ ਆਤਸੜੀ ਮੰਝਿ ਨੈਣੂ ਬਿਆ
ਢਲਿ ਪਬਣਿ ਜਿਉ ਜੁੰਮਿਓ ॥੨॥

ਪਦ ਅਰਥ :–ਵੈਦਿਓ–ਨਾਸਵੰਤ, ਚਲੇ ਜਾਣ ਵਾਲਾ। ਆਘੂ ਆਘੇ–ਅਗਾਹਾਂ ਅਗਾਹਾਂ। ਸਲਵੇ–(ਤੂੰ) ਇਕੱਤ੍ਰ ਕਰਦਾ ਹੈਂ। ਆਤਸੜੀ–ਅੱਗ। ਨੈਣੂ–ਮੱਖਣ। ਬਿਆ–ਦੂਜੀ ਗੱਲ, ਦੂਜਾ। ਢਲਿ–ਢਲ ਕੇ, (ਪਾਣੀ ਦੇ ਢਲ ਜਾਣ ਨਾਲ) ਡਿਗ ਕੇ। ਪਬਣਿ–ਚੁੱਪਤੀ। ਜੁੰਮਿਓ–ਨਾਸ ਹੋ ਜਾਂਦੀ ਹੈ ।੨।

ਅਰਥ :–

ਪ੍ਰ:–ਸ੍ਰੀ ਜੀਉ! ਇਨ੍ਹਾਂ ਸੰਸਾਰ ਦੇ ਮਾਇਕੀ ਪਦਾਰਥਾਂ ਨੂੰ ਤਾਂ ਅਸੀਂ ਜੀਵ ਸੱਚੇ ਜ਼ਾਣਦੇ ਹਾਂ, ਪਰ, ਦਸੋ ਇਨ੍ਹਾਂ ਨੂੰ ਨਾਸਵੰਤ ਕਿਵੇਂ ਜਾਣੀਏ?

1. ਉ:–ਹੇ ਜੀਵ! ਸੁਣ ਤੂੰ, ਨਾਸਵੰਤ ਕੱਚ (ਰੂਪ ਮਾਇਆ) ਨੂੰ ਸਦਾ ਥਿਰ (ਰਹਿਣ ਵਾਲੀ) ਜਾਣਦਾ ਹੈਂ ਤੇ ਹੋਰ ਹੋਰ ਇਕੱਠੀ ਕਰਦਾ ਹੈਂ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਵੇਖ, ਇਹ ਮਾਇਆ ਤਾਂ ਇਉਂ ਹੈ, ਜਿਵੇਂ ਅੱਗ ਵਿਚ ਮੱਖਣ ਨਾਸ ਹੋ ਜਾਂਦਾ ਹੈ; (ਪੰਘਰ ਜਾਂਦਾ ਹੈ) ਜਾਂ, ਜਿਵੇਂ (ਪਾਣੀ ਦੇ ਚਲ ਜਾਣ ਨਾਲ) ਚੁਪੱਤੀ ਡਿਗ ਕੇ ਨਾਸ ਹੋ ਜਾਂਦੀ ਹੈ ।੨।

ਭਾਵਾਰਥ :–ਇਨ੍ਹਾਂ ਮਾਇਕੀ ਪਦਾਰਥਾਂ ਤੋਂ ਸਾਬਤ ਰਹਿਣਾ ਇਵੇਂ ਹੀ ਔਖਾ ਹੈ, ਜਿਵੇਂ ਮੱਖਣ ਦਾ ਅੱਗ ਵਿਚ ਜਾਂ ਨਾਜ਼ਕ ਚੁਪੱਤੀ ਦਾ ਪਾਣੀ ਵਿਚ; ਇਸ ਲਈ, ਪਾਪਾਂ ਤੋਂ ਬਚਣ ਲਈ ਕੇਵਲ ਹਰੀ ਦੀ ਸੇਵਾ ਵਿਚ ਹੀ ਤਤਪਰ ਰਹਿਣਾ ਚਾਹੀਦਾ ਹੈ।

ਮ: ੫ ॥

1. ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ ॥
2. ਮੁਦਤਿ ਪਈ ਚਿਰਾਣੀਆ
ਫਿਰਿ ਕਡੂ ਆਵੈ ਰੁਤਿ ॥੩॥

ਪਦ ਅਰਥ :–ਭੋਰੇ ਰੂਹੜੇ–ਹੇ ਭੋਲੀਏ ਜਿੰਦੇ! ਹੇ ਭੋਲੀ ਰੂਹ। ਆਲਕੁ–ਆਲਸ। ਚਿਰਾਣੀਆ ਮੁਦਤਿ–ਢੇਰ ਸਮਾਂ। ਕਡੂ–ਕਦੋਂ? ।੩।

ਅਰਥ :–

ਪ੍ਰ:–ਸ੍ਰੀ ਜੀਉ! ਇਹ ਸਾਡੀ ਜਿੰਦ ਜਿਵੇਂ ਸੰਸਾਰ ਦੇ ਪਦਾਰਥਾਂ ਨੂੰ ਹਾਸਲ ਕਰਨ ਲਈ ਉੱਦਮ ਕਰਦੀ ਹੈ, ਤਿਵੇਂ ਪ੍ਰਭੂ ਦਾ ਸਿਮਰਨ ਕਰਨ ਲਈ ਉੱਦਮ ਨਹੀਂ ਕਰਦੀ, ਇਸ ਨੂੰ ਸਮਝਾਉਣ ਲਈ ਕੋਈ ਸਾਧਨ ਦਸੋ?

1. ਉ.–ਹੇ ਭਾਈ! ਤੂੰ ਇਸ ਨੂੰ ਪਿਆਰ ਨਾਲ ਇਉਂ ਹੀ

ਸਮਝਾਇਆ ਕਰ ਕਿ, ਹੇ ਭੋਲੀਏ ਜਿੰਦੇ (ਤੂੰ) ਪ੍ਰਮਾਤਮਾਂ ਸਿਮਰਦਿਆਂ ਆਲਸ ਕਰਦੀ ਹੈਂ।

2. ਵੇਖ, ਤੈਨੂੰ ਲੰਮੀਆਂ ਮੁੱਦਤਾਂ ਪਿਛੋਂ (ਇਹ ਮਨੁੱਖਾ ਜਨਮ ਮਿਲਿਆ ਹੈ, ਪਰ, ਜੇ ਕਦੀ ਇਹ ਸਿਮਰਨ ਤੋਂ ਸਖਣਾ ਬੀਤ ਗਿਆ) ਤਾਂ ਮੁੜ (ਕੀ ਪਤਾ ਹੈ ?) ਕਦੋਂ (ਮਨੁੱਖਾ ਜਨਮ ਦੀ) ਰੁੱਤ ਆਵੇ ।੩।

ਭਾਵਾਰਥ :–ਹੇ ਭੋਲੇ ਜੀਵ ! ਉਸ ਸਾਈਂ ਜੀ ਦੇ ਸਿਮਰਨ ਵਲੋਂ ਆਲਸ ਨਾ ਕਰ, ਕਿਉਂਕਿ, ਪਤਾ ਨਹੀਂ ਇਹ ਮਨੁੱਖਾ ਜਨਮ ਦੀ ਰੁੱਤ ਮੁੜ ਕਦੋਂ ਆਵੇਗੀ।

ਪਉੜੀ ॥

1. ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ ॥
2. ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥
3. ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ॥
4. ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥
5. ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ॥
6. ਕਿਆ ਆਰਾਧੇ ਜਿਹਵਾ ਇਕ
ਤੂ ਅਬਿਨਾਸੀ ਅਪਰਪਰਾ ॥
7. ਜਿਸ ਮੇਲਹਿ ਸਤਿਗੁਰੁ ਆਪਿ
ਤਿਸ ਕੇ ਸਭਿ ਕੁਲਤਰਾ ॥
3. ਸੇਵਕ ਸਭਿ ਕਰਦੇ ਸੇਵ
ਦਰਿ ਨਾਨਕੁ ਜਨੁ ਤੇਰਾ ॥੫॥

ਪਦ ਅਰਥ:–ਰੇਖਿਆ–ਰੇਖ, ਚਿਹਨ ਚੱਕ੍ਰ। ਵਰਨ–ਬ੍ਰਾਹਮਣ; ਖੱਤ੍ਰੀ, ਵੈਸ਼, ਸੂਦਰ। ਮਾਣਸ–ਮਨੁੱਖ। ਏ ·ਇਹ। ਜਾਹਰਾ–ਪਰਗਟ; ਪਰਤੱਖ । ਲੇਪੁ–ਅਸਰ, ਪ੍ਰਭਾਵ । ਨ ਲਾਹਰਾ–ਨਹੀਂ ਲਗਦਾ। ਅਨੰਦੀ–ਅਨੰਦ ਮਾਨਣ ਵਾਲਾ। ਸਮਾਹਰਾ–ਸਮਾਈ ਹੋਈ ਹੈ; ਵਿਆਪਕ । ਬਿਧਾਤੇ–ਹੇ ਸਿਰਜਨਹਾਰ। ਨਰਹਰਾ–ਹੇ ਪ੍ਰਮਾਤਮਾਂ। ਅਪਰਪਰਾ–ਪਰੇ ਤੋਂ ਪਰੇ। ਦਰਿ–ਦਰ ਉਤੇ ।੫।

ਅਰਥ :–

ਪ੍ਰ:–ਹੇ ਗੁਰਦੇਵ ਜੀਉ ! ਤੁਸੀਂ ਉਸ ਨਿਰੰਕਾਰ ਦਾ ਰੂਪ ਰੰਗ ਕਿਸਤਰ੍ਹਾਂ ਦਾ ਅਨੁਭਵ ਕਰਕੇ ਉਸਦਾ ਚਿੰਤਨ ਕਰਦੇ ਹੋ ?

1. **ਉ**:–ਹੇ ਭਾਈਓ ! ਮੈਂ ਤਾਂ ਇਉਂ ਹੀ ਉਸ ਦੇ ਸਨਮੁਖ ਹੋ ਉਚਾਰਨ ਕਰਦਾ ਰਹਿੰਦਾ ਹਾਂ ਕਿ; ਹੇ ਪ੍ਰਭੂ ! ਤੇਰਾ ਕੋਈ (ਖਾਸ) ਰੂਪ ਨਹੀਂ, ਕੋਈ ਚਿਹਨ ਚੱਕ੍ਰ ਨਹੀਂ; ਤੇਰੀ ਕੋਈ (ਖਾਸ) ਜਾਤ ਨਹੀਂ; (ਬ੍ਰਾਹਮਣ ਖੱਤ੍ਰੀ ਆਦਿ) ਤੇਰਾ ਕੋਈ (ਖਾਸ) ਵਰਨ ਨਹੀਂ ਹੈ।

2-3. ਹੇ ਸਾਈਆਂ ਜੀਉ ! ਇਹ ਮਨੁੱਖ ਤੈਨੂੰ ਕਿਤੇ ਦੂਰ ਥਾਂ ਵਸਦਾ ਸਮਝਦੇ ਹਨ, ਪਰ, ਤੂੰ ਹਰ ਥਾਂ ਮੌਜੂਦ ਹੈਂ। ਸਭ ਜੀਵਾਂ ਵਿਚ ਵਿਆਪਕ ਹੋ ਕੇ ਪਦਾਰਥ ਭੋਗ ਰਿਹਾ ਹੈਂ, (ਫਿਰ ਭੀ) ਤੈਨੂੰ ਮਾਇਆ ਦਾ ਅਸਰ ਪੋਹ ਨਹੀਂ ਸਕਦਾ।

4. ਤੂੰ ਸਦਾ ਅਨੰਦ ਰਹਿਣ ਵਾਲਾ ਹੈਂ, ਬੇਅੰਤ ਹੈਂ, ਸਭ ਵਿਚ ਵਿਆਪਕ ਹੈਂ, ਸਭਨਾਂ ਵਿਚ ਤੇਰੀ ਜੋਤ ਟਿਕੀ ਹੋਈ ਹੈ।

5. ਹੇ ਸਿਰਜਨਹਾਰ ! ਹੇ ਪ੍ਰਮਾਤਮਾਂ, ਸਾਰੇ ਦੇਵਤਿਆਂ ਵਿਚ ਤੂੰ ਆਪ ਹੀ ਦੇਵਤਾ (ਪ੍ਰਕਾਸ਼ ਕਰਨ ਵਾਲਾ) ਹੈਂ।

6. ਤੂੰ ਪਰੇ ਤੋਂ ਪਰੇ ਹੈਂ, ਤੂੰ ਨਾਸ ਰਹਿਤ ਹੈਂ, ਮੇਰੀ ਇਕ ਜੀਭ ਤੇਰੀ ਅਰਾਧਨਾ ਕਰਨ ਦੇ ਸਮਰੱਥ ਨਹੀਂ ਹੈ।

7 ਹੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ ਗੁਰੂ ਮਿਲਾ ਦੇਂਦਾ ਹੈਂ, ਉਸ ਦੀਆਂ ਸਾਰੀਆਂ ਕੁਲਾਂ ਤਰ ਜਾਂਦੀਆਂ ਹਨ।

8. ਤੇਰੇ ਸੇਵਕ ਸਾਰੇ ਹੀ ਤੇਰੀ ਸੇਵਾ ਕਰਦੇ ਹਨ, ਮੈਂ ਤੇਰਾ ਦਾਸ ਨਾਨਕ (ਭੀ ਤੇਰੇ ਹੀ) ਦਰ ਤੇ ਪਿਆ ਹਾਂ ।੫।

ਭਾਵਾਰਥ :–ਪਰਮਾਤਮਾਂ ਹਰ ਥਾਂ ਵਿਆਪਕ ਹੁੰਦਾ ਹੋਇਆ ਭੀ ਮਨੁੱਖ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦਾ, ਮਨੁੱਖ ਦੇ ਭਾਣੇ ਉਹ ਕਿਤੇ ਦੂਰ ਦੁਰੇਡੇ ਥਾਂ ਵਸ ਰਿਹਾ ਹੈ। ਫਿਰ ਮਨੁੱਖ ਉਸ ਦੀ ਯਾਦ ਵਿਚ ਕਿਵੇਂ ਜੁੜੇ ? ਜਿਸ ਉਤੇ ਉਹ ਆਪ ਮਿਹਰ ਕਰਦਾ ਹੈ, ਉਸ ਨੂੰ ਗੁਰੂ ਮਿਲਾਂਦਾ ਹੈ। ਗੁਰੂ ਨੂੰ ਮਿਲ ਕੇ ਮਨੁੱਖ ਪ੍ਰਮਾਤਮਾਂ ਦੀ ਯਾਦ ਵਿਚ ਜੁੜਦਾ ਹੈ। ਇਸ ਲਈ; ਹਰੀ ਨੂੰ ਸਭ ਵਿਚ ਵਰਤਦਾ ਜਾਣ ਕੇ ਉਸ ਦੀ ਸੇਵਾ ਕਰਦੇ ਰਹਿਣਾ ਚਾਹੀਦਾ ਹੈ।

ਡਖਣੇ ਮ: ੫ ॥

1. ਗਹਡੜੜਾ ਤ੍ਰਿਣਿ ਛਾਇਆ
ਗਾਫਲ ਜਲਿਓਹੁ ਭਾਹਿ ॥
2. ਜਿਨਾ ਭਾਗ ਮਥਾਹਵੈ ਤਿਨ ਉਸਤਾਦ ਪਨਾਹਿ॥੧॥

ਪਦ ਅਰਥ :–ਗਹਡੜੜਾ–(ਸਰੀਰ) ਛੱਪਰ (ਘਾਹ ਨਾਲ ਬਣਾਇਆ)। ਤ੍ਰਿਣਿ–ਕੱਖ ਨਾਲ। ਛਾਇਆ–ਬਣਿਆ ਹੋਇਆ। ਗਾਫਲ–ਗਾਫਲ ਮਨੁੱਖ ਦਾ। ਭਾਹਿ–ਅੱਗ ਵਿਚ, ਤ੍ਰਿਸ਼ਨਾਂ ਅੱਗ ਵਿਚ । ਉਸਤਾਦ–ਗੁਰੂ । ਪਨਾਹਿ–ਓਟ, ਆਸਰਾ; ਸਹਾਰਾ ।੧।

ਅਰਥ :–

ਪ੍ਰ:–ਸ੍ਰੀ ਜੀਉ ! ਬਾਣੀ ਵਿਚ ਤਾਂ ਤ੍ਰਿਸ਼ਨਾ ਨੂੰ ਅੱਗ ਰੂਪ ਕਰ ਕੇ ਬਿਆਨਿਆ ਹੈ, ਪਰ ਆਪ ਜੀ ਇਸਨੂੰ ਕਿਤਨੀ ਕੁ ਬਲਵਾਨ ਸਮਝਦੇ ਹੋ ?

1. **ਉ**:–ਹੇ ਭਾਈਓ ! ਮੈਂ ਤਾਂ ਤਕ ਰਿਹਾ ਹਾਂ ਕਿ, ਗਾਫਲ ਮਨੁੱਖ ਦਾ ਘਾਹ ਨਾਲ ਬਣਿਆ ਹੋਇਆ ਸਰੀਰ ਰੂਪੀ ਛੱਪਰ ਤ੍ਰਿਸ਼ਨਾਂ ਦੀ ਅੱਗ ਵਿਚ ਸੜ ਰਿਹਾ ਹੈ।

ਪ੍ਰ:–ਕਿਉਂ ਜੀ ! ਇਸ ਅੱਗ ਤੋਂ ਬਚਣ ਲਈ ਉਪਾਉ ਕਿਹੜਾ ਹੈ ?

2. **ਉ**:–ਹੇ ਭਾਈ ! ਜਿਨ੍ਹਾਂ ਬੰਦਿਆਂ ਦੇ ਮੱਥੇ ਉਤੇ ਚੰਗੇ ਭਾਗ ਜਾਗਦੇ ਹਨ, ਉਨ੍ਹਾਂ ਨੂੰ ਗੁਰੂ ਦਾ ਸਹਾਰਾ ਮਿਲ ਜਾਂਦਾ ਹੈ, (ਤੇ ਉਹ ਤ੍ਰਿਸ਼ਨਾਂ ਦੀ ਅੱਗ ਤੋਂ ਬਚ ਜਾਂਦੇ ਹਨ) ।੧।

ਭਾਵਾਰਥ :–ਤ੍ਰਿਸ਼ਨਾਂ ਦੀ ਅੱਗ ਜੋ ਸਾਰਿਆਂ ਨੂੰ ਸਾੜ ਰਹੀ ਹੈ, ਇਸ ਤੋਂ ਗੁਰੂ ਦੀ ਕ੍ਰਿਪਾ ਨਾਲ ਹੀ ਬਚਾ ਹੁੰਦਾ।

ਮ: ੫ ॥

1. ਨਾਨਕ ਪੀਠਾ ਪਕਾ ਸਾਜਿਆ
ਧਰਿਆ ਆਨਿ ਮਉਜੂਦੁ ॥
2. ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ ॥੨॥

ਪਦ ਅਰਥ :–ਆਨਿ–ਲਿਆ ਕੇ। ਮਉਜੂਦ–(ਖਾਣ ਲਈ)ਤਿਆਰ। ਦਰੂਦ–ਦੁਆ, ਅਰਦਾਸ (ਮੁਸਲਮਾਨ ਈਦ ਆਦਿਕ ਪਵਿਤ੍ਰ ਦਿਹਾੜੇ ਅੱਲਾ ਨਿਮਿਤ ਆਪਣੇ ਕਾਜ਼ੀ ਨੂੰ ਚੰਗਾ ਚੋਖਾ ਖਾਣਾ ਪਕਾ ਕੇ ਭੇਟਾ ਕਰਦੇ ਹਨ। ਕਾਜ਼ੀ ਆ ਕੇ ਪਹਿਲਾਂ ਦਰੂਦ ਪੜ੍ਹਦਾ ਹੈ, ਫਿਰ ਉਹ ਖਾਣਾ ਸ੍ਵੀਕਾਰ ਕਰਦਾ ਹੈ। ਉਸ ਤੋਂ ਪਿਛੋਂ ਘਰ ਵਾਲਿਆਂ ਨੂੰ ਖਾਣ ਨੂੰ ਮਿਲਦਾ ਹੈ। ਜਿਤਨਾ ਚਿਰ ਕਾਜ਼ੀ ਨਾ ਆਵੇ, ਘਰ ਦੇ ਅੰਞਾਣੇ ਸਿਆਣੇਪਏ ਝਾਕਦੇ ਹਨ ਤੇ ਉਡੀਕਦੇ ਹਨ,ਤਿਆਰ ਹੋਏ ਖਾਣੇ ਉਨ੍ਹਾਂ ਦੇ ਸਾਹਮਣੇ ਪਏ ਰਹਿੰਦੇ ਹਨ, ਪਰ ਉਨ੍ਹਾਂ ਨੂੰ ਖਾਣ ਦੀ ਇਜ਼ਾਜ਼ਤ ਨਹੀਂ ਹੁੰਦੀ। ਇਸੇ ਤਰ੍ਹਾਂ ਜੀਵ ਕਈ ਸਾਧਨ ਪਿਆ ਕਰੇ, ਪਰ ਗੁਰੂ ਦੀ ਸ਼ਰਨ ਤੋਂ ਬਿਨਾ ਪ੍ਰਭੂ ਦੀ ਮੇਹਰ ਦਾ ਦਰ ਨਹੀਂ ਖੁਲ੍ਹਦਾ) ।੨।

ਅਰਥ :–

ਪ੍ਰ:–ਕਿਉਂ ਜੀ! ਜੋ ਮਨੁੱਖ ਅਨੇਕਾਂ ਤਰ੍ਹਾਂ ਦੇ ਧਾਰਮਿਕ ਸਾਧਨ ਕਰਦਾ ਹੈ, ਕੀ ਉਸ ਨੂੰ ਭੀ ਕਿਸੇ ਹੋਰ ਸਾਧਨ ਕਰਨ ਦੀ ਲੋੜ ਹੈ?

1. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਵੇਂ, ਨਿਆਜ਼ ਆਦਿਕ ਦੇਣ ਲਈ ਸ਼ਰਧਾਲੂ ਮੁਸਲਮਾਨ ਆਟਾ ਪਿਹਾ ਕੇ, ਪਕਾ ਕੇ ਖਾਣਾ ਸੰਵਾਰ ਕੇ ਤਿਆਰ ਲਿਆ ਰਖਦਾ ਹੈ।
2. (ਪਰ, ਜਦ ਤਕ ਪੀਰ ਆ ਕੇ) ਦੁਆ (ਨਾ ਪੜ੍ਹੇ ਉਹ) ਬੈਠਾ ਝਾਕਦਾ ਹੈ। (ਤਿਵੇਂ ਮਨੁੱਖ ਭੀ ਅਨੇਕਾਂ ਧਾਰਮਿਕ ਸਾਧਨ ਕਰਦਾ ਹੈ, ਪਰ) ਜਦ ਤਕ ਗੁਰੂ ਨਾ ਮਿਲੇ, ਮਨੁੱਖ ਰੱਬ ਦੀ ਰਹਿਮਤ ਨੂੰ ਬੈਠਾ ਉਡੀਕਦਾ ਹੈ।੨।

ਭਾਵਾਰਥ :–ਜੇ ਕਦੀ ਸਾਰੀਆਂ ਬਿਧਾਂ ਮਿਲ ਭੀ ਜਾਣ ਤਦ ਭੀ ਕੁਝ ਨਹੀਂ ਸੌਰਦਾ, ਜਦ ਤਕ ਗੁਰੂ ਸਹਾਇਤਾ ਨਾ ਕਰੇ।

ਮ: ੫ ॥

1. ਨਾਨਕ ਭੁਸਰੀਆ ਪਕਾਈਆ
ਪਾਈਆ ਥਾਲੈ ਮਾਹਿ ॥
2. ਜਿਨੀ ਗੁਰੂ ਮਨਾਇਆ ਰਜਿ ਰਜਿ ਸੇਈ ਖਾਹਿ॥੩॥

ਪਦ ਅਰਥ :–ਭੁਸਰੀ–ਗੁੜ ਵਾਲੀ ਰੋਟੀ, ਰੋਟ, ਮੰਨ, ਧਰਤੀ ਤੇ ਪਕਾਈ ਹੋਈ ਰੋਟੀ। ਭੂਸ੍ਰਿਤ–ਧਰਤੀ ਦਾ ਆਸਰਾ ਲੈ ਕੇ ਤਿਆਰ ਕੀਤੀ ਹੋਈ। ਨੋਟ:–ਗਰੀਬ ਟੱਪਰੀ ਵਾਸ ਲੋਕ ਇੱਟ ਆਦਿਕ ਜਾਂ ਪੱਥਰ ਆਦਿਕ ਨੂੰ ਤਪਾ ਕੇ ਹੀ ਰੋਟੀ ਪੱਕਾ ਲੈਂਦੇ ਹਨ। ਰਜਿ ਰਜਿ–ਰੱਜ ਰੱਜ ਕੇ, ਸੁਆਦ ਨਾਲ।੩।

ਅਰਥ :–

ਪ੍ਰ:–ਸ੍ਰੀ ਜੀਉ! ਗਰੀਬ ਲੋਕਾਂ ਨੂੰ ਗਰੀਬੀ ਵਿਚ ਸੁਖੀ ਜੀਵਨ ਕਿਵੇਂ ਪ੍ਰਤੀਤ ਹੁੰਦਾ ਹੈ?

1. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜੇ ਕੋਈ ਮਨੁੱਖ ਇਤਨੇ ਹੀ ਗਰੀਬ ਹਨ ਕਿ, ਰਸੋਈ ਚੌਂਕਾ ਆਦਿਕ ਵਰਤਣ ਦੇ ਥਾਂ ਧਰਤੀ ਉਤੇ ਹੀ ਮੰਨ ਪਕਾ ਲੈਂਦੇ ਹਨ ਤੇ ਥਾਲ ਵਿਚ ਪਾ ਲੈਂਦੇ ਹਨ।
2. ਹੇ ਭਾਈ! ਜੇ ਉਨ੍ਹਾਂ ਨੇ (ਆਪਣੇ) ਗੁਰੂ ਨੂੰ ਖੁਸ਼ ਕਰ ਲਿਆ ਹੈ, (ਜੇ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਉਨ੍ਹਾਂ ਨੇ ਆਪਣੇ ਗੁਰੂ ਦੀ ਪ੍ਰਸੰਨਤਾ ਹਾਸਲ ਕਰ ਲਈ ਹੈ) ਤਾਂ ਉਹ ਉਨ੍ਹਾਂ ਭੁਸਰੀਆਂ ਨੂੰ ਹੀ ਧਰਤੀ ਉਤੇ ਪਕਾਈਆਂ ਰੋਟੀਆਂ ਨੂੰ ਹੀ ਸੁਆਦ ਨਾਲ ਖਾਂਦੇ ਹਨ, (ਭਾਵ, ਗਰੀਬ ਮਨੁੱਖਾਂ ਨੂੰ ਗਰੀਬੀ ਵਿਚ ਹੀ ਸੁਖੀ ਜੀਵਨ ਅਨੁਭਵ ਹੁੰਦਾ ਹੈ ਜੇ ਉਹ ਗੁਰੂ ਦੇ ਰਸਤੇ ਤੁਰ ਕੇ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ)।੩।

ਭਾਵਾਰਥ:–ਮਨੁੱਖ ਭਾਵੇਂ ਕਿਤਨਾ ਭੀ ਗਰੀਬੀ ਭਰਿਆ ਜੀਵਨ ਗੁਜ਼ਾਰਦਾ ਹੋਵੇ, ਪਰ, ਗੁਰੂ ਦੀ ਯਾਦ ਵਿਚ ਸਮਾਂ ਗੁਜਾਰਨ ਵਾਲਾ ਸਦਾ ਹੀ ਆਪਣੇ ਅੰਤਰ ਆਤਮੇਂ ਪੂਰਨ ਖੁਸ਼ੀ ਅਨੁਭਵ ਕਰਦਾ ਹੈ।

ਪਉੜੀ ॥

1. ਤੁਧੁ ਜਗ ਮਹਿ ਖੇਲੁ ਰਚਾਇਆ
ਵਿਚਿ ਹਉਮੈ ਪਾਈਆ ॥
2. ਏਕੁ ਮੰਦਰੁ ਪੰਚ ਚੋਰ ਹਹਿ
ਨਿਤ ਕਰਹਿ ਬੁਰਿਆਈਆ ॥
3. ਦਸ ਨਾਰੀ ਇਕੁ ਪੁਰਖੁ ਕਰਿ
ਦਸੇ ਸਾਦਿ ਲੋਭਾਈਆ ॥
4. ਏਨਿ ਮਾਇਆ ਮੋਹਣੀ ਮੋਹੀਆ
ਨਿਤ ਫਿਰਹਿ ਭਰਮਾਈਆ ॥
5. ਹਾਠਾ ਦੋਵੈ ਕੀਤਿਓ ਸਿਵ ਸਕਤਿ ਵਰਤਾਈਆ ॥
6. ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ ॥
7. ਇਕਿ ਵਿਚਹੁ ਹੀ ਤੁਧੁ ਰਖਿਆ
ਜੋ ਸਤਸੰਗਿ ਮਿਲਾਈਆ ॥
8. ਜਲ ਵਿਚਹੁ ਬਿੰਬੁ ਉਠਾਲਿਓ
ਜਲ ਮਾਹਿ ਸਮਾਈਆ ॥੬॥

ਪਦ ਅਰਥ:–ਵਿਚਿ–(ਜੀਵਾਂ ਦੇ) ਅੰਦਰ। ਮੰਦਰੁ–ਮਨੁੱਖਾ ਸਰੀਰ। ਪੰਚ ਚੋਰ–ਕਾਮਾਦਿਕ ਪੰਜੇ। ਕਰਹਿ–ਕਰਦੇ ਹਨ। ਦਸ ਨਾਰੀ–ਦਸ ਇੰਦ੍ਰੀਆਂ। ਪੁਰਖੁ–ਮਨ। ਸਾਦਿ–ਸੁਆਦ ਵਿਚ। ਏਨਿ ਮਾਇਆ–ਇਸ ਮਾਇਆ ਨੇ। ਫਿਰਹਿ–

(ਦਸ ਨਾਰੀ) ਫਿਰਦੀਆਂ ਹਨ । ਹਾਠਾ–ਤਰਫਾਂ । ਸਿਵ–ਜੀਵ । ਸਕਤਿ–ਮਾਇਆ । ਭਾਈਆ–ਚੰਗੀ ਲਗੀ । ਇਕਿ–ਕਈ ਜੀਵ । ਬਿੰਬੁ–ਬੁਲਬੁਲਾ ।੬।

ਅਰਥ :–

ਪ੍ਰ:–ਹੇ ਗੁਰੋ ! ਆਪ ਜੀ, ਇਸ ਜਗਤ ਬਾਰੇ ਕਿਵੇਂ ਵਿਚਾਰ ਰਖਦੇ ਹੋ ?

1. **ਉ:**–ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਪ੍ਰਭੂ ਜੀ ! ਤੂੰ ਜੀਵਾਂ ਦੇ ਅੰਦਰ (ਆਪ ਹੀ) ਹਉਮੈਂ ਪਾ ਦਿਤੀ ਹੈ (ਤੇ ਇਸ ਤਰ੍ਹਾਂ) ਜਗਤ ਵਿਚ (ਤੂੰ) ਇਕ ਤਮਾਸ਼ਾ ਰਚ ਦਿਤਾ ਹੈ ।
2. ਇਹ ਮਨੁੱਖਾ ਸਰੀਰ ਇਕ ਹੈ, (ਇਸ ਵਿਚ) ਕਾਮਾਦਿਕ ਪੰਚ ਚੋਰ ਹਨ, ਜੋ ਸਦਾ ਹੀ ਭੈੜ ਕਰਦੇ ਰਹਿੰਦੇ ਹਨ ।
3. (ਇਕ ਪਾਸੇ) ਮਨ ਇਕੱਲਾ ਹੈ, (ਇਸ ਦੇ ਨਾਲ) ਦਸ ਇੰਦ੍ਰੀਆਂ ਹਨ, ਇਹ ਦਸੇ ਹੀ (ਮਾਇਆ ਦੇ) ਸੁਆਦ ਵਿਚ ਫਸੀਆਂ ਹੋਈਆਂ ਹਨ ।
4. ਇਸ ਮੋਹਣੀ ਮਾਇਆ ਨੇ ਇਨ੍ਹਾਂ ਨੂੰ ਮੋਹਿਆ ਹੋਇਆ ਹੈ, (ਇਸ ਵਾਸਤੇ ਇਹ) ਸਦਾ ਭਟਕਦੀਆਂ ਫਿਰਦੀਆਂ ਹਨ ।
5. ਪਰ, ਹੇ ਸਾਈਆਂ ਜੀਉ ! ਇਹ ਦੋਵੇਂ ਪਾਸੇ ਤੂੰ ਆਪ ਹੀ ਬਣਾਏ ਹਨ, ਜੀਵਾਤਮਾਂ ਤੇ ਮਾਇਆ ਦੀ ਖੇਡ ਤੂੰ ਹੀ ਰਚੀ ਹੈ ।
6. ਹੇ ਹਰੀ ! ਤੈਨੂੰ ਇਉਂ ਹੀ ਚੰਗਾ ਲਗਾ ਹੈ ਕਿ ਜੀਵਾਤਮਾਂ ਮਾਇਆ ਦੇ ਟਾਕਰੇ ਤੇ ਹਾਰ ਰਿਹਾ ਹੈ ।
7. ਪਰ, ਹੇ ਪ੍ਰਭੂ ਜੀ ! ਜਿਨ੍ਹਾਂ ਨੂੰ ਤੂੰ ਸਤਸੰਗ ਵਿਚ ਜੋੜਿਆ ਹੈ ਉਨ੍ਹਾਂ ਨੂੰ ਤੂੰ ਮਾਇਆ ਵਿਚੋਂ ਬਚਾ ਲਿਆ ਹੈ (ਤੇ ਆਪਣੇ ਚਰਨਾਂ ਵਿਚ ਲੀਨ ਕਰ ਰਖਿਆ ਹੈ) ।
8. ਹੇ ਸਾਈਂ ਜੀਉ ! (ਉਹ ਤੇਰੇ ਅੰਦਰ ਇਉਂ ਹੀ ਲੀਨ ਹੋ ਜਾਂਦੇ ਹਨ) ਜਿਵੇਂ ਪਾਣੀ ਵਿਚੋਂ ਬੁਲਬੁਲਾ ਪੈਦਾ ਹੁੰਦਾ ਹੈ ਤੇ ਪਾਣੀ ਵਿਚ ਲੀਨ ਹੀ ਹੋ ਜਾਂਦਾ ਹੈ ।੬।

ਭਾਵਾਰਥ :–ਮਨੁੱਖ ਹਉਮੈਂ ਦੇ ਕਾਰਨ ਕਾਮਾਦਿਕ ਵਿਕਾਰਾਂ ਦੇ ਵਹੇ ਚੜ੍ਹਿਆ ਰਹਿੰਦਾ ਹੈ ਤੇ ਮਨੁੱਖਾ ਜਨਮ ਦੀ ਬਾਜੀ ਹਾਰੀ ਜਾਂਦਾ ਹੈ । ਉਸ ਦੀ ਰਜ਼ਾ ਇਉਂ ਹੀ ਹੈ । ਜਿਸ ਮਨੁੱਖ ਨੂੰ ਆਪਣੀ ਮਿਹਰ ਨਾਲ ਸਤਸੰਗ ਵਿਚ ਰਹਿਣ ਦਾ ਅਵਸਰ ਬਖਸ਼ਦਾ ਹੈ, ਉਸ ਨੂੰ ਮਾਇਆ ਦੇ ਪੰਜੇ ਵਿਚੋਂ ਕੱਢਕੇ ਆਪਣੀ ਯਾਦ ਵਿਚ ਜੋੜੀ ਰਖਦਾ ਹੈ ।

ਡਖਣੇ ਮ: ੫ ॥

1. ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
2. ਨਾਨਕ ਸਿਝਿ ਇਵੇਹਾ ਵਾਰ
ਬਹੁੜਿ ਨ ਹੋਵੀ ਜਨਮੜਾ ॥੧॥

ਪਦ ਅਰਥ :–ਆਗਾਹਾ–ਅਗਾਹਾਂ ਵਧਣ ਲਈ । ਤ੍ਰਾਘਿ–ਤਾਂਘ ਕਰ । ਸਿਝਿ–ਸਫਲ ਹੋ, ਕਾਮਯਾਬ ਹੋ । ਇਵੇਹਾ ਵਾਰ–ਇਸੇ ਵਾਰੀ, ਇਸੇ ਜਨਮ ਵਿਚ । ਬਹੁੜਿ–ਮੁੜ, ਫਿਰ ।੧।

ਅਰਥ :–

ਪ੍ਰ.–ਸ੍ਰੀ ਜੀਉ ! ਮੈਨੂੰ ਕਿਹੜਾ ਕਰਤਬ ਕਰਦੇ ਰਹਿਣਾ ਚਾਹੀਦਾ ਹੈ, ਜਿਸ ਦੀ ਬਰਕਤ ਨਾਲ ਮੁੜਕੇ ਜਨਮ ਨਾ ਲੈਣਾ ਪਵੇ?

1. **ਉ:**–ਹੇ ਭਾਈ ! (ਤੂੰ) ਅਗਾਹਾਂ ਵਧਣ ਲਈ ਤਾਂਘ ਕਰਦਾ ਰਹੁ, ਪਿਛਾਹਾਂ ਨੂੰ ਮੋਢਾ ਨਾ ਮੋੜ (ਭਾਵ, ਜੀਵਨ ਨੂੰ ਹੋਰ ਹੋਰ ਉੱਚਾ ਸੁੱਚਾ ਬਨਾਣ ਲਈ ਉੱਦਮ ਕਰ, (ਇਸ ਨੂੰ) ਨੀਵਾਂ ਨਾ ਹੋਣ ਦੇ) ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਇਸੇ ਜਨਮ ਵਿਚ ਕਾਮਯਾਬ ਹੋ (ਜੀਵਨ ਖੇਡ ਜਿੱਤ) ਤਾਂ ਕਿ ਮੁੜ ਜਨਮ ਨਾ ਲੈਣਾ ਪਏ ।੧।

ਭਾਵਾਰਥ :–ਮਨੁੱਖ ਨੂੰ ਹਮੇਸ਼ਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਚਾਹੀਦਾ ਹੈ ਅਤੇ ਉਸੇ ਤੇ ਯਕੀਨ ਰਖਣਾ ਚਾਹੀਦਾ ਹੈ, ਜਿਸ ਦਾ ਸਦਕਾ ਮੁੜ ਕੇ ਜਨਮ ਮਰਨ ਦੇ ਚੱਕ੍ਰ ਵਿਚ ਨਾ ਆਉਣਾ ਪਵੇ ।

ਮ: ੫ ॥

1. ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ ॥
2. ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ॥੨॥

ਪਦ ਅਰਥ :–ਸਜਣੁ–ਮਿੱਤ੍ਰ ਪ੍ਰਭੂ । ਮੈਡਾ–ਮੇਰਾ । ਚਾਈਆ–ਚਾ ਵਾਲਾ, ਪਿਆਰ ਭਰੇ ਦਿਲ ਵਾਲਾ । ਹਭ ਕਹੀ ਦਾ–ਹਰ ਕਿਸੇ ਦਾ । ਹਭੇ–ਸਾਰੇ ਜੀਵ । ਜਾਣਨਿ–ਜਾਣਦੇ ਹਨ । ਕਹੀ ਚਿਤੁ–ਕਿਸੇ ਦਾ ਭੀ ਦਿਲ । ਨ ਠਾਹੇ–ਨਹੀਂ ਢਾਹੁੰਦਾ, ਨਹੀਂ ਤੋੜਦਾ ।੨।

ਅਰਥ :–

ਪ੍ਰ:–ਸ੍ਰੀ ਜੀਉ ! ਤੁਸੀਂ ਉਸ ਆਪਣੇ ਮਿੱਤ੍ਰ ਪ੍ਰਭੂ ਦੇ ਬਾਰੇ ਕੀ ਕੁਝ ਜਾਣਕਾਰੀ ਰਖਦੇ ਹੋ ?

1. **ਉ:**–ਹੇ ਭਾਈਓ ! ਅਸਲ ਵਿਚ ਉਹ ਮੇਰਾ ਮਿੱਤ੍ਰ ਪ੍ਰਭੂ ਪਿਆਰ ਭਰੇ ਦਿਲ ਵਾਲਾ ਹੈ, (ਅਤੇ) ਉਹ ਹਰ ਕਿਸੇ ਦਾ ਹੀ ਮਿੱਤ੍ਰ ਹੈ, ਭਾਵ, (ਹਰੇਕ ਨਾਲ ਪਿਆਰ ਕਰਦਾ ਹੈ) ।
2. ਐ ਪਿਆਰੇ ! ਸਾਰੇ ਹੀ ਜੀਵ ਉਸ ਪ੍ਰਭੂ ਨੂੰ ਆਪਣਾ (ਮਿੱਤ੍ਰ) ਜਾਣਦੇ ਹਨ, (ਕਿਉਂਕਿ) ਉਹ ਕਿਸੇ ਦਾ ਭੀ ਦਿਲ ਨਹੀਂ ਤੋੜਦਾ ।੨।

ਭਾਵਾਰਥ :–ਮਨੁੱਖ ਨੂੰ ਯਕੀਨ ਰਖਣਾ ਚਾਹੀਦਾ ਹੈ ਕਿ ਹਰੀ ਸਭ ਦਾ ਭਲਾ ਚਾਹੁਣ ਵਾਲਾ ਮਿੱਤ੍ਰ ਹੈ, ਉਹ ਖੁੱਦ ਮਨੁੱਖ ਨੂੰ ਬਚਾਉਣ ਦਾ ਚਾਹਵਾਨ ਹੈ ।

ਮ: ੫ ॥

1. ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ ॥
2. ਸੋਈ ਸੁਹਾਵਾ ਥਾਨੁ ਜਿਥੈ ਪਿਰੀਏ
ਨਾਨਕ ਜੀ ਤੂ ਵੁਠਿਆ ॥੩॥

ਪਦ ਅਰਥ :–ਗੁਝੜਾ–(ਅੰਦਰ) ਲੁਕਿਆ ਹੋਇਆ। ਲਧਮੁ–ਮੈਂ ਲਭਾ। ਮਥੈ–ਮੱਥੇ ਉਤੇ। ਥਿਆ–ਹੋ ਗਿਆ। ਸੁਹਾਵਾ–ਸੋਹਣਾ। ਪਿਰੀਏ ਜੀ–ਹੇ ਪਿਰ ਜੀ, ਹੇ ਪਤੀ ਪ੍ਰਭੂ ਜੀ। ਵੁਠਿਆ–ਆ ਵਸਿਆ।

ਅਰਥ :–

ਪ੍ਰ:–ਹੇ ਗੁਰੋ ! ਉਹ ਪ੍ਰਭੂ ਪਤੀ ਤਾਂ ਸਾਰਿਆਂ ਦੇ ਅੰਦਰ ਵਸਦਾ ਸੁਣਦੇ ਹਾਂ, ਪਰ, ਉਹ ਸਾਰਿਆਂ ਨੂੰ ਪ੍ਰਗਟ ਰੂਪ ਵਿਚ ਦਿਖਾਈ ਨਹੀਂ ਦੇਂਦਾ, ਸੋ, ਉਹ ਤੁਹਾਨੂੰ ਕਿਵੇਂ ਪ੍ਰਗਟ ਹੋ ਆਇਆ ਹੈ ?

1. ਉ:–ਹੇ ਭਾਈਓ ! ਅਸਲ ਵਿਚ ਜਦੋਂ ਉਸੇ ਪ੍ਰਭੂ ਪਤੀ ਦੀ ਮੇਹਰ ਹੋਈ, ਤਾਂ ਉਹ ਪ੍ਰਭੂ ਲਾਲ ਮੇਰੇ ਅੰਦਰ ਹੀ ਲਕਿਆ ਹੋਇਆ ਮੈਨੂੰ ਲਭ ਪਿਆ ਹੈ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! (ਇਸ ਦੀ ਬਰਕਤ ਨਾਲ ਹੀ ਮੇਰੇ ਮੱਥੇ ਉਤੇ ਉਤੇ ਪ੍ਰਕਾਸ਼ ਹੋ ਗਿਆ ਹੈ, ਭਾਵ, ਮੇਰਾ ਮਨ - ਤਨ ਖਿੜ ਗਿਆ ਹੈ। (ਇਸ ਲਈ) ਹੇ ਪ੍ਰਭੂ ਪਤੀ ! ਜਿਸ ਹਿਰਦੇ ਵਿਚ ਤੂੰ ਆ ਵਸਦਾ ਹੈਂ ਉਹ ਹਿਰਦਾ ਸੋਹਣਾ ਹੋ ਜਾਂਦਾ ਹੈ।੩।

ਭਾਵਾਰਥ :–ਉਹ ਪ੍ਰਭੂ ਪ੍ਰਮੇਸ਼ਰ ਪਤੀ ਹੈ ਤਾਂ ਗੁਪਤ ਰੂਪ ਵਿਚ ਸਾਰਿਆਂ ਦੇ ਅੰਦਰ ਹੀ, ਪਰ, ਉਹ ਉਸੇ ਪ੍ਰਭੂ ਦੀ ਮਿਹਰ ਦੁਆਰਾ ਪ੍ਰਗਟ ਹੁੰਦਾ ਹੈ, ਇਸ ਲਈ; ਮਨੁੱਖ ਨੂੰ ਉਸੇ ਗੁੱਝੇ ਲਾਲ ਰੂਪ ਦੀ ਕਦਰ ਆਪਣੇ ਮਨ ਵਿਚ ਵਸਾਉਣੀ ਚਾਹੀਦੀ ਹੈ।

ਪਉੜੀ ॥

1. ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
2. ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
3. ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥
4. ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥
5. ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥
6. ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
7.ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥
8. ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥

ਪਦ ਅਰਥ:–ਮੁਹਛੰਦਾ–ਮੁਥਾਜੀ। ਬੰਦਾ–ਸੇਵਕ,ਗੁਲਾਮ। ਲਖਮੀ–ਮਾਇਆ। ਤੋਟਿ–ਕਮੀ। ਰਹੰਦਾ–ਰਖਦਾ। ਮੇਦਨੀ–ਧਰਤੀ। ਸਭਿ–ਸਾਰੇ। ਮੰਗਹਿ–ਚਿਤਵਦੇ। ਮਿਲਿ–ਮਿਲ ਕੇ। ਤੁਧੁ ਭਾਵੰਦਾ–ਤੈਨੂੰ ਭਾਵੇ।

ਅਰਥ :–

ਪ੍ਰ:–ਗੁਰਦੇਵ ਜੀਓ ! ਆਪ ਜੀ, ਉਸ ਪ੍ਰਭੂ ਤੇ ਕਿਤਨਾ ਕੁ ਵਿਸ਼ਵਾਸ ਰਖਦੇ ਹੋ ?

1. ਉ:–ਹੇ ਭਾਈਓ ! ਮੈਂ ਤਾਂ ਇਉਂ ਹੀ ਭਰੋਸਾ ਰਖਦਾ ਹਾਂ ਕਿ, ਹੇ ਪ੍ਰਭੂ ਜੀਓ ! ਜਦੋਂ ਤੂੰ ਮੇਰੀ ਸਹਾਇਤਾ ਤੇ ਹੋਵੇਂ ਤਾਂ ਮੈਨੂੰ ਕਿਸੇ ਹੋਰ ਦੀ ਕੋਈ ਭੀ ਮੁਥਾਜੀ ਨਹੀਂ ਰਹਿ ਜਾਂਦੀ।
2. ਹੇ ਸਾਈਂ ! ਜੀਓ ! ਜਦੋਂ ਮੈਂ ਤੇਰਾ ਸੇਵਕ ਬਣਦਾ ਹਾਂ ਤਾਂ ਤੂੰ ਮੈਨੂੰ ਸਭੋ ਕੁਝ ਦੇ ਦੇਂਦਾ ਹੈਂ।
3. ਅਤੇ ਮੈਨੂੰ ਧਨ ਪਦਾਰਥ ਦੀ ਕੋਈ ਕਮੀ ਨਹੀਂ ਰਹਿੰਦੀ, ਮੈਂ (ਤੇਰਾ ਇਹ ਨਾਮ-ਧਨ) ਵਰਤਦਾ ਹਾਂ, ਵੰਡਦਾ ਹਾਂ ਤੇ ਇਕੱਠਾ ਭੀ ਕਰਦਾ ਹਾਂ।
4. ਧਰਤੀ ਦੇ ਚੌਰਾਸੀ ਲੱਖ ਜੀਵ ਹੀ ਮੇਰੀ ਸੇਵਾ ਕਰਨ ਲਗ ਪੈਂਦੇ ਹਨ।
5. ਤੂੰ ਵੈਰੀਆਂ ਨੂੰ ਭੀ ਮੇਰੇ ਮਿੱਤ੍ਰ ਬਣਾ ਦੇਂਦਾ ਹੈਂ, ਕੋਈ ਭੀ ਮੇਰਾ ਬੁਰਾ ਨਹੀਂ ਚਿਤਵਦੇ।
6. ਹੇ ਹਰੀ ! ਜਦੋਂ ਤੂੰ ਮੈਨੂੰ ਬਖਸ਼ਣ ਵਾਲਾ ਹੋਵੇਂ ਤਾਂ ਕੋਈ ਭੀ ਮੈਨੂੰ ਮੇਰੇ ਕੀਤੇ ਕਰਮਾਂ ਦਾ ਹਿਸਾਬ ਨਹੀਂ ਪੁੱਛਦਾ।
7. ਕਿਉਂਕਿ, ਗੋਬਿੰਦ ਰੂਪ ਗੁਰੂ ਨੂੰ ਮਿਲ ਕੇ ਮੇਰੇ ਅੰਦਰ ਠੰਡ ਪੈ ਜਾਂਦੀ ਹੈ, ਮੈਨੂੰ ਸੁਖ ਪ੍ਰਾਪਤ ਹੋ ਜਾਂਦਾ ਹੈ।
8. ਹੇ ਸਾਈਂ ਜੀਓ ! ਜਦੋਂ ਤੇਰੀ ਰਜ਼ਾ ਹੋਵੇ ਤਾਂ ਮੇਰੇ ਸਾਰੇ ਕੰਮ ਸੰਵਰ ਜਾਂਦੇ ਹਨ।੭।

ਭਾਵਾਰਥ :–ਪ੍ਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਆਪਾ ਭਾਵ ਦੂਰ ਕਰ ਕੇ ਪ੍ਰਭੂ ਦੀ ਭਗਤੀ ਕਰਦਾ ਹੈ ਉਸ ਦੇ ਅੰਦਰ ਕਿਸੇ ਵਾਸਤੇ ਵੈਰ ਭਾਵਨਾ ਨਹੀਂ ਰਹਿ ਜਾਂਦੀ, ਗੁਰੂ ਦੀ ਸ਼ਰਨ ਪੈ ਕੇ ਉਸ ਦੇ ਮਨ ਵਿਚ ਸਦਾ ਆਤਮਕ ਅਨੰਦ ਬਣਿਆਂ ਰਹਿੰਦਾ ਹੈ, ਕੋਈ ਵਿਕਾਰ ਉਸ ਨੂੰ ਆਪਣੇ ਵਲ ਖਿੱਚ ਨਹੀਂ ਪਾ ਸਕਦਾ।

ਡਖਣੇ ਮ: ੫ ॥

1. ਡੇਖਣ ਕੂ ਮੁਸਤਾਕੁ ਮੁਖੁ ਕਿਜੇਹਾ ਤਉ ਧਣੀ ॥
2. ਫਿਰਦਾ ਕਿਤੈ ਹਾਲਿ
ਜਾ ਡਿਠਮੁ ਤਾ ਮਨੁ ਧ੍ਰਾਪਿਆ ॥੧॥

ਪਦ ਅਰਥ :–ਕੂ–ਵਾਸਤੇ। ਮੁਸਤਾਕੁ–ਉਤਾਵਲਾ, ਚਾਹਵਾਨ। ਕਿਜੇਹਾ–ਕਿਹੋ ਜਿਹਾ ? ਤਉ–ਤੇਰਾ। ਧਣੀ–ਹੇ ਮਾਲਕ। ਕਿਤੈ ਹਾਲਿ–ਕਿਸੇ (ਭੈੜੇ) ਹਾਲ ਵਿਚ। ਜਾ–ਜਦੋਂ। ਡਿਠਮੁ–ਮੈਂ ਵੇਖ ਲਿਆ। ਧ੍ਰਾਪਿਆ–ਰੱਜ ਗਿਆ।

ਅਰਥ :–

ਪ੍ਰ:–ਸ੍ਰੀ ਜੀਓ ! ਮਾਇਆ ਵਲੋਂ ਤ੍ਰਿਪਤ ਹੋਏ ਮਨਾਂ ਵਿਚੋਂ ਕੀ ਅਵਾਜ਼ ਨਿਕਲਦੀ ਰਹਿੰਦੀ ਹੈ ?

1. ਉ:–ਹੇ ਭਾਈਓ ! ਪ੍ਰਭੂ ਦੇ ਪਿਆਰ ਵਿਚ ਭਿੱਜੇ ਹੋਏ ਮਨਾਂ ਵਿਚੋਂ ਤਾਂ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਮੇਰੇ ਮਾਲਕ ! ਤੇਰਾ ਮੂੰਹ ਕਿਹੋ ਜਿਹਾ ਹੈ ? ਮੈਂ (ਪਹਿਲੋਂ ਉਹ) ਤੇਰਾ ਮੁਖ ਦੇਖਣ ਦਾ ਬੜਾ ਚਾਹਵਾਨ ਸਾਂ।
2. (ਮਾਇਆ ਦੇ ਵੱਸ ਹੋ ਕੇ) ਮੈਂ ਕਿਸੇ ਭੈੜੇ ਹਾਲ ਵਿਚ

ਭਟਕਦਾ ਫਿਰਦਾ ਸਾਂ, ਪਰ, ਜਦੋਂ ਮੈਂ ਤੇਰਾ ਮੂੰਹ ਵੇਖ ਲਿਆ; ਤਾਂ (ਹੁਣ) ਮੇਰਾ ਮਨ (ਮਾਇਆ ਵਲੋਂ) ਤ੍ਰਿਪਤ ਹੋ ਗਿਆ ਹੈ ।੧।

ਭਾਵਾਰਥ :—ਹਰੀ ਦਾ ਮੇਲ ਸਾਰੇ ਸੁਖਾਂ ਦਾ ਸੋਮਾਂ ਹੈ, ਉਸ ਦੇ ਵਿਛੋੜੇ ਵਿਚ ਡਾਢੇ ਦੁੱਖ ਹਨ, ਦੁਨੀਆਂ ਵਿਛੋੜੇ ਵਿਚ ਮਰ ਰਹੀ ਹੈ, ਬਚਾਓ ਕੇਵਲ ਗੁਰੂ ਦੇ ਮਿਲਾਪ ਨਾਲ ਹੀ ਹੁੰਦਾ ਹੈ ।

ਮ: ੫ ॥

1. ਦੁਖੀਆ ਦਰਦ ਘਣੇ ਵੇਦਨ ਜਾਣੇ ਤੂ ਧਣੀ ॥
2. ਜਾਣਾ ਲਖ ਭਵੇ ਪਿਰੀ ਡਿਖੰਦੋ ਤਾ ਜੀਵਸਾ ॥੨॥

ਪਦ ਅਰਥ :-ਧਣੀ—ਹੇ ਮਾਲਕ । ਵੇਦਨ—ਪੀੜਾ, ਦੁੱਖ । ਭਵੇ—ਭਾਵੇਂ । ਜਾਣਾ ਲਖ—ਮੈਂ ਲੱਖ ਵਾਰੀ ਜਾਣਦਾ ਹੋਵਾਂ । ਪਿਰੀ ਡਿਖੰਦੋ—ਖਸਮ ਪ੍ਰਭੂ ਨੂੰ ਵੇਖਾਂ । ਜੀਵਸਾ—ਮੈਂ ਜੀਉ ਸਕਦੀ ਹਾਂ, ਮੇਰੇ ਵਿਚ ਜਿੰਦ ਪੈਂਦੀ ਹੈ, ਮੈਨੂੰ ਸੁਖ ਦਾ ਸਾਹ ਆਉਂਦਾ ਹੈ । **ਅਰਥ** :—

ਪ੍ਰ:—ਸ੍ਰੀ ਜੀਉ ! ਉਨ੍ਹਾਂ ਸਾਈਂ ਦੇ ਪਿਆਰਿਆਂ ਦੇ ਅੰਦਰੋਂ ਹਰ ਵਕਤ ਕੀ ਅਵਾਜ਼ ਨਿਕਲਦੀ ਰਹਿੰਦੀ ਹੈ ?

1. ਉ.—ਹੇ ਭਾਈ ! ਉਨ੍ਹਾਂ ਦੀ ਅੰਦਰੂਨੀ ਅਵਾਜ਼ ਤਾਂ ਸਦਾ ਇਹੋ ਹੀ ਹੋਇਆ ਕਰਦੀ ਹੈ ਕਿ, ਹੇ ਪ੍ਰਭੂ ਜੀ ! ਤੇਰੇ ਦਰਸ਼ਨਾਂ ਤੋਂ ਬਿਨਾ ਮੈਂ ਦੁਖੀ ਹਾਂ, ਮੇਰੇ ਅੰਦਰ ਅਨੇਕਾਂ ਹੀ ਪੀੜਾਂ ਹਨ, ਹੇ ਖਸਮ ! ਮੇਰੇ ਦਿਲ ਦੀ ਪੀੜਾ ਤੂੰ ਹੀ ਜਾਣਦਾ ਹੈਂ ।

2. ਪਰ, ਹੇ ਪ੍ਰਭੂ ! ਮੈਨੂੰ ਭਾਵੇਂ ਲੱਖ ਪਤਾ ਹੋਵੇ (ਕਿ ਤੂੰ ਮੇਰੀ ਵੇਦਨ ਜਾਣਦਾ ਹੈਂ, ਫਿਰ ਭੀ) ਮੈਨੂੰ ਸੁਖ ਦਾ ਸਾਹ ਤਦੋਂ ਹੀ ਆਉਂਦਾ ਹੈ, ਜਦੋਂ ਮੈਂ ਤੇਰਾ ਦਰਸ਼ਨ ਕਰਾਂ ।੨।

ਭਾਵਾਰਥ :—ਪ੍ਰਭੂ ਦੇ ਪਿਆਰਿਆਂ ਨੂੰ ਭਾਵੇਂ ਅਨੇਕਾਂ ਹੀ ਸੰਸਾਰਕ ਸੁਖਾਂ ਦੀ ਪ੍ਰਾਪਤੀ ਕਿਉਂ ਨਾ ਹੋਵੇ, ਪਰ, ਉਹ ਫਿਰ ਭੀ ਉਸ ਸਾਈਂ ਜੀ ਦੇ ਵਿਛੋੜੇ ਦਾ ਦੁੱਖ ਦਰਦ ਵਧੇਰੇ ਅਨੁਭਵ ਕਰਦੇ ਹਨ ।

ਮ: ੫ ॥

1. ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ॥
2. ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ ॥੩॥

ਪਦ ਅਰਥ:-ਕਰਾਰਿ—(ਸੰਸਾਰ ਨਦੀ ਦਾ) ਕਿਨਾਰਾ । ਵਹਣਿ—ਵਹਿਣ ਵਿਚ, ਨਦੀ ਦੇ ਰੋੜ੍ਹ ਵਿਚ । ਵਹੰਦੇ—ਰੁੜ੍ਹਦੇ । ਸੇਈ—ਉਹੀ ਬੰਦੇ । ਅਮਾਣ—ਸਹੀ ਸਲਾਮਤ । ਭੇਟਿਆ—ਮਿਲਿਆ ।੩। **ਅਰਥ** :—

ਪ੍ਰ:—ਸ੍ਰੀ ਜੀਉ ! ਆਪ ਜੀ, ਇਸ ਸਾਰੇ ਸੰਸਾਰ ਨੂੰ ਕਿਸ ਰੂਪ ਵਿਚ ਤੱਕਦੇ ਹੋ ?

1. ਉ:—ਹੇ ਭਾਈ ! ਮੈਂ ਤਾਂ ਇਸ ਸਾਰੇ ਸੰਸਾਰ ਨੂੰ ਇਕ ਨਦੀ ਰੂਪ ਵਿਚ ਤੱਕਦਾ ਹੈ, ਮੈਂ ਵੇਖਦਾ ਹਾਂ ਕਿ ਸੰਸਾਰ ਰੂਪ ਨਦੀ ਵਿਚ ਵਿਕਾਰਾਂ ਨੇ ਢਾਹ ਲਾਈ ਹੋਈ ਹੈ, ਨਦੀ ਦਾ ਕੰਢਾ ਢਹਿੰਦਾ ਜਾ ਰਿਹਾ ਹੈ, (ਹੇ ਭਾਈ ਇਸ ਵਿਕਾਰਾਂ ਦੇ) ਰੋੜ੍ਹ ਵਿਚ ਅਨੇਕਾਂ ਬੰਦੇ ਰੁੜ੍ਹਦੇ ਮੈਂ (ਆਪ) ਵੇਖੇ ਹਨ ।

ਪ੍ਰ.—ਸ੍ਰੀ ਜੀਉ ! ਇਨ੍ਹਾਂ ਵਿਚੋਂ ਆਖਰ ਕੋਈ ਸਹੀ ਸਲਾਮਤ ਭੀ ਰਹਿੰਦਾ ਹੈ ?

2. ਉ:—ਹੇ ਭਾਈਓ ! ਅਸਲ ਵਿਚ ਉਹੀ ਸਹੀ ਸਲਾਮਤ ਰਹਿੰਦੇ ਹਨ; ਜਿਨ੍ਹਾਂ ਨੂੰ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ ।੩।

ਭਾਵਾਰਥ :—ਉਂਜ ਤਾਂ ਭਾਵੇਂ ਸਾਰੇ ਹੀ ਜੀਵ ਵਿਕਾਰਾਂ ਦੇ ਵਹਿਣ ਵਿਚ ਦਿਨੇ ਰਾਤ ਪਏ ਰੁੜ੍ਹੀ ਜਾ ਰਹੇ ਹਨ, ਪਰ, ਬਚਾਉ ਉਨ੍ਹਾਂ ਦਾ ਹੀ ਹੋਇਆ ਹੈ, ਜਿਨ੍ਹਾਂ ਨੂੰ ਸਤਿਗੁਰੂ ਜੀ ਮਿਲ ਪਏ ਹਨ ।

ਪਉੜੀ ॥

1. ਜਿਸੁ ਜਨ ਤੇਰੀ ਭੁਖ ਹੈ ਤਿਸੁ ਦੁਖੁ ਨ ਵਿਆਪੈ ॥
2.ਜਿਨਿ ਜਨਿ ਗੁਰਮੁਖਿ ਬੁਝਿਆ ਸੁ ਚਹੁ ਕੁੰਡੀ ਜਾਪੈ॥
3. ਜੋ ਨਰੁ ਉਸ ਕੀ ਸਰਣੀ ਪਰੈ ਤਿਸੁ ਕੰਬਹਿ ਪਾਪੈ ॥
4. ਜਨਮ ਜਨਮ ਕੀ ਮਲੁ ਉਤਰੈ ਗੁਰ ਧੂੜੀ ਨਾਪੈ ॥
5. ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੈ॥
6. ਹਰਿ ਜੀਉ ਤੂ ਸਭਨਾ ਕਾ ਮਿਤੁ ਹੈ ਸਭਿ ਜਾਣਹਿ ਆਪੈ ॥
7. ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ॥
8. ਸਭ ਅੰਤਰਿ ਜਨ ਵਰਤਾਇਆ ਹਰਿ ਜਨ ਤੇ ਜਾਪੈ ॥੮॥

ਪਦ ਅਰਥ :—ਨ ਵਿਆਪੈ—ਪੋਂਹਦਾ ਨਹੀਂ । ਜਿਨਿ ਜਨਿ—ਜਿਸ ਜਨ ਨੇ । ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ । ਚਹੁ ਕੁੰਡੀ—ਚਾਰੇ ਪਾਸੀਂ; ਸਾਰੇ ਜਗਤ ਵਿਚ । ਜਾਪੈ—ਪ੍ਰਗਟ ਹੋ ਜਾਂਦਾ ਹੈ । ਤਿਸੁ ਕੰਬਹਿ ਪਾਪੈ—ਪਾਪ ਉਸ ਤੋਂ ਕੰਬਦੇ ਹਨ, ਪਾਪ ਉਸ ਦੇ ਨੇੜੇ ਨਹੀਂ ਢੁਕਦੇ । ਨਾਪੈ—ਇਸ਼ਨਾਨ ਕਰਦਾ ਹੈ । ਜਿਨਿ—ਜਿਸ ਮਨੁੱਖ ਨੇ । ਨ ਸੰਤਾਪੈ—ਦੁੱਖ ਨਹੀਂ ਦੇਂਦਾ। ਸਭਿ ਜਾਣਹਿ ਆਪੈ—ਸਭ ਨੂੰ ਤੂੰ ਆਪਣਾ ਸਮਝਦਾ ਹੈਂ । ਜਨ ਵਰਤਾਇਆ—ਸੇਵਕ ਦੀ ਸੋਭਾ ਟਿਕਾ ਦਿਤੀ । ਜਨ ਤੇ—ਸੇਵਕ ਤੋਂ । ਜਾਪੈ—ਪਛਾਣਿਆ ਜਾਂਦਾ ਹੈ ।੮।

ਅਰਥ :—

ਪ੍ਰ:—ਗੁਰਦੇਵ ਜੀਉ ! ਆਪ ਜੀ ਉਹ ਕਿਹੜਾ ਮਨੁੱਖ ਅਨੁਭਵ ਕਰਦੇ ਹੋ ਕਿ ਜਿਸ ਨੂੰ ਕਦੇ ਭੀ ਕੋਈ ਦੁੱਖ ਨਾ ਵਿਆਪ ਸਕਦਾ ਹੋਵੇ ?

1. ਉ:—ਹੇ ਪਿਆਰੇ ! ਮੇਰਾ ਤਾਂ ਇਉਂ ਹੀ ਨਿਸਚਾ ਹੈ ਕਿ, ਹੇ ਪ੍ਰਭੂ ਜੀਉ ! ਜਿਸ ਮਨੁੱਖ ਨੂੰ ਤੇਰੇ ਨਾਮ ਦੀ ਤਾਂਘ ਹੈ, ਉਸ ਮਨੁੱਖ ਨੂੰ ਕੋਈ ਭੀ ਦੁੱਖ ਪੋਹ ਨਹੀਂ ਸਕਦਾ ।

2. ਹੇ ਸਾਈਂ ਜੀਉ ! ਜਿਸ ਸੇਵਕ ਨੇ ਗੁਰੂ ਦੀ ਸ਼ਰਨ ਪੈ ਕੇ

ਤੇਰੇ ਨਾਲ ਸਾਂਝ ਪਾਈ ਹੈ, ਉਹ ਸਾਰੇ ਜਗਤ ਵਿਚ ਪ੍ਰਗਟ ਹੋ ਜਾਂਦਾ ਹੈ।

3. ਹੇ ਭਾਈਓ! (ਫਿਰ) ਜੋ ਮਨੁੱਖ ਉਸ ਸੇਵਕ ਦੀ ਸ਼ਰਨ ਪੈਂਦਾ ਹੈ, ਉਸ ਦੇ ਨੇੜੇ ਕੋਈ ਪਾਪ ਨਹੀਂ ਢੁਕਦੇ।
4. ਹੇ ਭਾਈ! ਗੁਰੂ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕਰ ਕੇ ਉਸ ਦੀ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਲਹਿ ਜਾਂਦੀ ਹੈ।
5. ਐ ਪਿਆਰੇ! ਜਿਸ ਮਨੁੱਖ ਨੇ ਪ੍ਰਭੂ ਦੀ ਰਜ਼ਾ ਨੂੰ (ਮਿੱਠਾ ਕਰ ਕੇ) ਮੰਨ ਲਿਆ ਹੈ, ਉਸ ਨੂੰ ਕੋਈ ਚਿੰਤਾ ਫਿਕਰ ਦੁੱਖ ਨਹੀਂ ਦੇ ਸਕਦਾ।
6. ਹੇ ਪ੍ਰਭੂ ਜੀ! ਤੂੰ ਸਾਰੇ ਜੀਵਾਂ ਦਾ ਮਿੱਤਰ ਹੈਂ, ਸਾਰੇ ਜੀਵਾਂ ਨੂੰ ਤੂੰ ਆਪਣੇ ਸਮਝਦਾ ਹੈਂ।
7. ਹੇ ਭਾਈਓ! ਪ੍ਰਭੂ ਦੇ ਸੇਵਕ ਦੀ ਸੋਭਾ ਉਤਨੀ ਹੀ ਵਡੀ ਹੋ ਜਾਂਦੀ ਹੈ, ਜਿਤਨਾ ਵਡਾ ਪ੍ਰਭੂ ਦਾ ਆਪਣਾ ਤੇਜ ਪ੍ਰਤਾਪ ਹੈ।
8. ਹੇ ਭਾਈ! ਪ੍ਰਭੂ ਆਪਣੇ ਸੇਵਕ ਦੀ ਵਡਿਆਈ ਸਭ ਜੀਵਾਂ ਦੇ ਅੰਦਰ ਟਿਕਾ ਦੇਂਦਾ ਹੈ, ਪ੍ਰਭੂ ਆਪਣੇ ਸੇਵਕ ਤੋਂ ਹੀ ਪਛਾਣਿਆਂ ਜਾਂਦਾ ਹੈ।੮।

ਭਾਵਾਰਥ :–ਗੁਰੂ ਦੀ ਸ਼ਰਨ ਪੈ ਕੇ ਜਿਹੜਾ ਮਨੁੱਖ ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾਈ ਰਖਦਾ ਹੈ, ਕੋਈ ਪਾਪ ਵਿਕਾਰ ਉਸ ਦੇ ਨੇੜੇ ਨਹੀਂ ਢੁੱਕਦਾ। ਸਾਰਾ ਜਗਤ ਉਸ ਦੀ ਸੋਭਾ ਕਰਦਾ ਹੈ,ਕੋਈ ਦੁੱਖ ਕਲੇਸ਼ ਉਸ ਨੂੰ ਪੋਹ ਨਹੀਂ ਸਕਦਾ।

ਡਖਣੇ ਮ: ੫ ॥

1. ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ ॥
2. ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ ॥੧॥

ਪਦ ਅਰਥ :–ਹਉ–ਮੈਂ। ਸੇ ਭੀ–ਉਹ ਭੀ। ਮੈਂ ਪਿਛੈ–ਮੇਰੇ ਪਿਛੇ ਪਿਛੇ। ਰਵਿਆਸੁ–ਤੁਰੇ ਫਿਰਦੇ ਹਨ। ਆਸੜੀ–ਮਾੜੀ ਮਾੜੀ ਆਸ। ਮਹਿਜੀ–ਮੇਰੀ।੧।

ਅਰਥ :–

ਪ੍ਰ:–ਸ੍ਰੀ ਜੀਉ! ਆਪ ਜੀ ਮਾਇਆ ਦਾ ਪ੍ਰਭਾਵ ਕਿਸ ਰੂਪ ਵਿਚ ਤੱਕਦੇ ਹੋ?

1. **ਉ**:–ਹੇ ਭਾਈਓ! ਮੈਂ ਤਾਂ ਵੇਖਦਾ ਹਾਂ ਕਿ, ਮਾਇਆ ਦਾ ਅਜਬ ਹੀ ਪ੍ਰਭਾਵ ਹੈ, (ਕਿਉਂਕਿ) ਸਾਰੇ ਹੀ ਮਾਇਆ ਦੀ ਖਾਤ੍ਰ ਭਟਕਦੇ ਫਿਰਦੇ ਹਨ, (ਭਾਵ, ਮਾਇਆ ਵਾਸਤੇ) ਜਿਨ੍ਹਾਂ ਬੰਦਿਆਂ ਦੇ ਪਿਛੇ ਮੈਂ ਜਾਂਦਾ ਹਾਂ, ਜਿਨ੍ਹਾਂ ਦੀ ਮੁਥਾਜੀ ਮੈਂ ਕਢਦਾ ਫਿਰਦਾ ਹਾਂ, ਜਦੋਂ ਮੈਂ ਉਨ੍ਹਾਂ ਵਲ ਤੁਰਦਾ ਹਾਂ, ਤਾਂ) ਉਹ ਭੀ ਮੇਰੇ ਪਿਛੇ ਤੁਰੇ ਫ਼ਿਰਦੇ ਹਨ।
2. ਜਿਨ੍ਹਾਂ ਦੀ ਸਹਾਇਤਾ ਦੀ ਮੈਂ ਆਸ ਰੱਖੀ ਫਿਰਦਾ ਹਾਂ, ਉਹ ਮੈਥੋਂ ਆਸ ਬਣਾਈ ਬੈਠੇ ਹਨ।੧।

ਭਾਵਾਰਥ :–ਇਹ ਸੰਸਾਰ ਤਾਂ ਸਾਰਾ ਆਪ ਹੀ ਮੰਗਤਾ ਹੈ, ਹੋਰ ਕਿਸੇ ਦੀ ਆਸ ਪੂਰੀ ਕੀ ਕਰ ਸਕਦਾ ਹੈ, ਇਸ ਲਈ ਉਸ ਇਕੋ ਪ੍ਰਭੂ ਦੀ ਆਸ ਰਖਣੀ ਚਾਹੀਦੀ ਹੈ।੧।

ਮ: ੫ ॥

1. ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ ॥
2. ਜੋ ਬੈਠੇ ਸੇ ਫਾਥਿਆ ਉਬਰੇ ਭਾਗਮਥਾਇ ॥੨॥

ਪਦ ਅਰਥ :–ਗਿਲੀ ਗਿਲੀ–ਚਿਪ ਚਿਪ ਕਰਦੀ। ਰੋਡੜੀ–ਗੁੜ ਦੀ ਰੋੜੀ, ਮਾਇਆ। ਭਉਦੀ–ਉਡਦੀ ਉਡਦੀ ਮੱਖੀ, ਭਾਵ ਜੀਵ। ਭਵਿ ਭਵਿ–ਮੁੜ ਮੁੜ, ਉਡ ਉਡ ਕੇ। ਮਥਾਇ–ਮੱਥੇ ਉਤੇ।੨। **ਅਰਥ** :–

ਪ੍ਰ:–ਸ੍ਰੀ ਜੀਉ! ਜੀਵਾਂ ਨੂੰ ਆਪਣੇ ਵਲ ਖਿੱਚਣ ਲਈ ਮਾਇਆ ਵਿਚ ਉਹ ਕੇਹੜੀ ਖਿੱਚ ਹੈ, ਜਿਸ ਨਾਲ ਸਾਰੇ ਹੀ ਜੀਵ ਖਿੱਚੇ ਜਾ ਰਹੇ ਹਨ?

1. **ਉ**:–ਹੇ ਪਿਆਰੇ! ਇਉਂ ਹੀ ਜਾਣੋ ਜਿਵੇਂ ਕਿ ਇਕ ਚਿੱਪ ਚਿੱਪ ਕਰਦੀ ਗੁੜ ਦੀ ਰੋੜੀ ਉਤੇ ਮੱਖੀ ਮੁੜ ਮੁੜ ਉਡ ਕੇ ਆ ਬੈਠਦੀ ਹੈ, (ਤੇ ਆਖਰ ਗੁੜ ਨਾਲ ਹੀ ਚੰਬੜ ਜਾਂਦੀ ਹੈ ਤੇ ਉਥੇ ਹੀ ਮਰ ਜਾਂਦੀ ਹੈ, ਇਹੀ ਹਾਲ ਹੈ ਮਾਇਆ ਦਾ)।
2. ਜਿਹੜੇ ਜਿਹੜੇ ਬੰਦੇ (ਮਾਇਆ ਦੇ ਨੇੜੇ ਹੋ ਹੋ) ਬੈਠਦੇ ਹਨ, ਉਹ (ਇਸ ਦੇ ਮੋਹ ਵਿਚ) ਫਸ ਜਾਂਦੇ ਹਨ, (ਸਿਰਫ) ਉਹੀ ਬਚਦੇ ਹਨ, ਜਿਨ੍ਹਾਂ ਦੇ ਮੱਥੇ ਦੇ ਭਾਗ (ਜਾਗਦੇ ਹਨ)।੨।

ਭਾਵਾਰਥ :–ਜਿਵੇਂ ਗਿਲੀ ਗੁੜ ਦੀ ਰੋੜੀ ਉਤੇ ਮੱਖੀ ਲਾਲਚ ਦੇ ਵਸ ਹੋ ਆਖਰ ਮਰ ਹੀ ਜਾਂਦੀ ਹੈ, ਤਿਵੇਂ ਮਾਇਆ ਦੇ ਮੋਹ ਵਿਚ ਫਸ ਕੇ ਜੀਵ ਭੀ ਆਪਣਾ ਜੀਵਨ ਨਿਕਾਰਾ ਕਰ ਲੈਂਦੇ ਹਨ, ਪਰ, ਮੱਥੇ ਦੇ ਚੰਗੇ ਭਾਗਾਂ ਦਾ ਸਦਕਾ ਹੀ ਜੀਵ ਦਾ ਬਚਾਉ ਹੋ ਸਕਦਾ ਹੈ, ਸੋ, ਇਸ ਲਾਲਚ ਦੇ ਘਰ ਸੰਸਾਰ ਤੋਂ ਬਚਣ ਲਈ ਗੁਰੂ ਦੀ ਸ਼ਰਨ ਵਿਚ ਰਹਿਣਾ ਹੀ ਚਾਹੀਦਾ ਹੈ।

ਮ: ੫ ॥

1. ਡਿਠਾ ਹਭ ਮਝਾਹਿ ਖਾਲੀ ਕੋਇ ਨ ਜਾਣੀਐ ॥
2. ਤੈ ਸਖੀ ਭਾਗ ਮਥਾਹਿ
ਜਿਨੀ ਮੇਰਾ ਸਜਣੁ ਰਾਵਿਆ ॥੩॥

ਪਦ ਅਰਥ :–ਹਭ ਮਝਾਹਿ–ਸਭ ਜੀਵਾਂ ਵਿਚ। ਤੈ ਮਥਾਹਿ–ਉਨ੍ਹਾਂ ਦੇ ਹੀ ਮੱਥੇ ਉਤੇ। ਰਾਵਿਆ–ਮਿਲਾਪ ਦਾ ਰਸ ਮਾਣਿਆ ਹੈ।੩। **ਅਰਥ** :–

ਪ੍ਰ:–ਗੁਰਦੇਵ ਜੀਉ! ਇਹ ਤਾਂ ਅਸੀਂ ਇਕ ਅਸਚਰਜ ਹੀ ਖੇਡ ਵੇਖ ਰਹੇ ਹਾਂ ਕਿ, ਜੀਵ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ, ਕੀ ਇਨ੍ਹਾਂ ਦੇ ਅੰਦਰ ਨਹੀਂ ਰੱਬ ਵਸਦਾ, ਜੋ ਕਿ ਇਨ੍ਹਾਂ ਨੂੰ ਬਚਾ ਲਏ? ਇਸ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

1. ਉ:—ਹੇ ਭਾਈਓ ! ਅਸਲ ਵਿਚ ਉਸ ਪ੍ਰਮਾਤਮਾ ਨੂੰ ਤਾਂ ਮੈਂ ਹਰੇਕ ਦੇ ਅੰਦਰ ਵਸਦਾ ਵੇਖਿਆ ਹੈ, ਕੋਈ ਭੀ ਜੀਵ ਐਸਾ ਨਹੀਂ ਜਿਸ ਵਿਚ ਉਹ ਨਹੀਂ ਵਸਦਾ।

2. ਪ੍ਰਰ, ਹੇ ਭਾਈ ! ਸਿਰਫ ਉਨ੍ਹਾਂ (ਸਤ-ਸੰਗਣ) ਸਹੇਲੀਆਂ ਦੇ ਮੱਥੇ ਦੇ ਭਾਗ ਜਾਗਦੇ ਹਨ, (ਤੇ ਉਹੀ ਮਾਇਆ ਦੇ ਪ੍ਰਭਾਵ ਤੋਂ ਬਚਦੀਆਂ ਹਨ) ਜਿਨ੍ਹਾਂ ਨੇ ਪਿਆਰੇ ਮਿੱਤ੍ਰ ਪ੍ਰਭੂ ਦਾ ਮਿਲਾਪ ਪ੍ਰਾਪਤ ਕੀਤਾ ਹੈ।੩।

ਭਾਵਾਰਥ :—ਉਹ ਪਿਆਰਾ ਪ੍ਰਭੂ ਤਾਂ ਸਾਰਿਆਂ ਦੇ ਅੰਦਰ ਹੀ ਵਿਆਪਕ ਵੇਖਣ ਵਿਚ ਆਉਂਦਾ ਹੈ, ਪਰ ਉਨ੍ਹਾਂ ਜੀਵ ਰੂਪ ਸਹੇਲੀਆਂ ਦੇ ਹੀ ਭਾਗ ਜਾਗਦੇ ਹਨ ਜਿਨ੍ਹਾਂ ਨੇ ਉਸ ਪਿਆਰੇ ਪ੍ਰਭੂ ਦੇ ਮਿਲਾਪ ਦੇ ਅਨੰਦ ਨੂੰ ਮਾਣਿਆ ਹੈ।

ਪਉੜੀ ॥

1. ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥
2. ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ ॥
3. ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ ॥
4. ਪ੍ਰਭ ਜੀਉ ਦੇਵਹੁ ਦਰਸਨੁ ਆਪਣਾ
ਜਿਤੁ ਢਾਢੀ ਤ੍ਰਿਪਤਾਵੈ ॥
5. ਅਰਦਾਸਿ ਸੁਣੀ ਦਾਤਾਰਿ ਪ੍ਰਭਿ
ਢਾਢੀ ਕਉ ਮਹਲਿ ਬੁਲਾਵੈ ॥
6. ਪ੍ਰਭ ਦੇਖਦਿਆ ਦੁਖ ਭੁਖ ਗਈ
ਢਾਢੀ ਕਉ ਮੰਗਣੁ ਚਿਤਿ ਨ ਆਵੈ ॥
7. ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥
8. ਹਉ ਨਿਰਗੁਣੁ ਢਾਢੀ ਬਖਸਿਓਨੁ
ਪ੍ਰਭਿ ਪੁਰਖਿ ਵੇਦਾਵੈ ॥੯॥

ਪਦ ਅਰਥ :—ਹਉ—ਮੈਂ । ਦਰਿ—ਦਰ ਤੇ । ਪ੍ਰਭ ਭਾਵੈ—ਪ੍ਰਭੂ ਨੂੰ ਚੰਗਾ ਲਗੇ । ਥਾਵਰੀ—ਟਿਕਾਣੇ ਵਾਲਾ । ਜਿਤੁ—ਜਿਸ ਦੀ ਰਾਹੀਂ । ਤ੍ਰਿਪਤਾਵੈ—ਰੱਜ ਜਾਏ। ਦਾਤਾਰਿ—ਦਾਤਾਰ ਨੇ। ਪ੍ਰਭਿ—ਪ੍ਰਭੂ ਨੇ। ਮਹਲਿ—ਮਹਲ ਵਿਚ। ਪਾਵੈ—ਪੈਰੀਂ । ਨਿਰਗੁਣ—ਗੁਣ ਹੀਨ । ਬਖਸਿਓਨੁ—ਉਸ ਨੇ ਬਖਸ਼ ਲਿਆ। ਪ੍ਰਭਿ ਪੁਰਖਿ—ਪ੍ਰਭੂ ਪੁਰਖ ਨੇ। ਵੇਦਾਵੈ—ਨਿਮਾਣੇ ਨੂੰ।੯।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਜੀ ਦੇ ਗੁਣ ਗਾਉਂਦੇ ਰਹਿਣ ਦੀ ਦਾਤ ਕਿਵੇਂ ਪ੍ਰਾਪਤ ਹੁੰਦੀ ਹੈ ?

1. ਉ:—ਹੇ ਭਾਈ ! ਮੇਰਾ ਤਾਂ ਇਉਂ ਹੀ ਨਿਸਚਾ ਹੈ, ਕਿ ਜੇ ਹਰੀ ਪ੍ਰਭੂ ਨੂੰ ਚੰਗਾ ਲਗੇ, ਜੇ ਪ੍ਰਭੂ ਦੀ ਰਜ਼ਾ ਹੋਵੇ, ਮੇਹਰ ਹੋਵੇ, ਤਾਂ ਮੈਂ ਢਾਡੀ (ਉਸ ਦੇ) ਦਰ ਤੇ (ਉਸ ਦੇ) ਗੁਣ ਗਾਂਦਾ ਹਾਂ।

2. ਹੇ ਪਿਆਰੇ ! ਮੇਰਾ ਪ੍ਰਭੂ ਸਦਾ ਥ੍ਰਿਰ ਟਿਕਾਣੇ ਵਾਲਾ ਹੈ, ਹੋਰ (ਸ੍ਰਿਸ਼ਟੀ) ਜੰਮਦੀ ਮਰਦੀ ਹੈ।

3. ਹੇ ਧਰਤੀ ਦੇ ਸ਼ਾਈਂ ! ਮੈਂ (ਤੈਥੋਂ) ਉਹ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ (ਮਾਇਆ ਦੀ) ਭੁੱਖ ਦੂਰ ਹੋ ਜਾਏ।

4. ਹੇ ਪ੍ਰਭੂ ਜੀਉ ! ਮੈਨੂੰ ਆਪਣਾ ਦਰਸ਼ਨ ਦਿਉ, ਜਿਸ ਨਾਲ ਮੈਂ ਢਾਢੀ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਵਾਂ।

5. ਹੇ ਭਾਈ ! ਦਾਤਾਰ ਪ੍ਰਭੂ ਨੇ (ਮੇਰੀ) ਅਰਦਾਸ ਸੁਣ ਲਈ ਤੇ (ਮੈਨੂੰ) ਢਾਡੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ (ਤੇ ਤੁਹਾਨੂੰ ਬੁਲਾਉਂਦਾ ਹੈ)।

ਪ੍ਰ:—ਸ੍ਰੀ ਜੀਉ ! ਹੁਣ, ਪ੍ਰਭੂ ਦੇ ਦੀਦਾਰ ਕਰਨ ਦਾ ਆਖਰ ਤੁਹਾਨੂੰ ਫਲ ਕੀ ਮਿਲਿਆ ?

6. ਉ:—ਹੇ ਪਿਆਰੇ ! ਪ੍ਰਭੂ ਦਾ ਦੀਦਾਰ ਕਰਦਿਆਂ ਹੀ ਮੇਰੀ (ਮਾਇਆ ਵਾਲੀ) ਭੁੱਖ ਤੇ ਹੋਰ ਦੁੱਖ ਦੂਰ ਹੋ ਗਏ, (ਹੇ ਭਾਈ !) ਹੁਣ ਮੈਨੂੰ (ਢਾਡੀ ਨੂੰ) ਇਹ ਚੇਤੇ ਹੀ ਨਾ ਰਿਹਾ ਕਿ ਮੈਂ ਕੁਝ ਮੰਗਾਂ।

7. ਕਿਉਂਕਿ, ਪ੍ਰਭੂ ਦੀ ਚਰਨੀਂ ਲਗਕੇ ਮੇਰੀਆਂ ਸਾਰੀਆਂ ਹੀ ਕਾਮਨਾਂ ਪੂਰੀਆਂ ਹੋ ਗਈਆਂ ਵਾਸ਼ਨਾ ਰਹਿ ਹੀ ਨਾ ਗਈ।

8. ਹੇ ਭਾਈ ! ਉਸ ਪ੍ਰਭੂ ਪੁਰਖ ਨੇ ਮੈਨੂੰ (ਨਿਮਾਣੇ ਗੁਣ ਹੀਣ ਢਾਡੀ) ਨੂੰ ਬਖਸ਼ ਲਿਆ ਹੈ।੯।

ਭਾਵਾਰਥ :—ਪ੍ਰਮਾਤਮਾ ਦੀ ਮੇਹਰ ਨਾਲ ਜਿਹੜਾ ਪੁਰਖ ਪ੍ਰਭੂ ਦੀ ਸਿਫਤ ਸਲਾਹ ਵਿਚ ਜੁੜਦਾ ਹੈ, ਉਸ ਦੇ ਅੰਦਰੋਂ ਮਾਇਆ ਵਾਲੀ ਭੁੱਖ ਮੁੱਕ ਜਾਂਦੀ ਹੈ, ਜਿਥੇ ਮਾਇਆ ਦੀ ਭੁੱਖ ਨਾ ਰਹੇ, ਉਥੇ ਹੋਰ ਦੁੱਖ ਭੀ ਕੋਈ ਨਹੀਂ ਰਹਿੰਦਾ।

ਡਖਣੇ ਮ: ੫ ॥

1. ਜਾ ਛੁਟੇ ਤਾ ਖਾਕੁ ਤੂ ਸੁੰਞੀ ਕੰਤੁ ਨ ਜਾਣਹੀ ॥
2. ਦੁਰਜਨ ਸੇਤੀ ਨੇਹੁ ਤੂ ਕੈ
ਗੁਣਿ ਹਰਿ ਰੰਗੁ ਮਾਣਹੀ ॥੧॥

ਪਦ ਅਰਥ :—ਜਾ—ਜਦੋਂ । ਛੁਟੇ—(ਤੇਰਾ ਤੇ ਜਿੰਦ ਦਾ ਸੰਬੰਧ) ਮੁੱਕ ਜਾਏਗਾ । ਸੁੰਞੀ—ਜਿੰਦ ਤੋਂ ਸੱਖਣੀ । ਨ ਜਾਣਹੀ—ਨਹੀਂ ਜਾਣ ਸਕੇਂਗੀ । ਦੁਰਜਨ ਸੇਤੀ—ਭੈੜਿਆਂ ਨਾਲ, ਵਿਕਾਰਾਂ ਨਾਲ । ਕੈ ਗੁਣਿ—ਕਿਸ ਗੁਣ ਦੀ ਰਾਹੀਂ ? ।੧। **ਅਰਥ** :—

ਪ੍ਰ:—ਸ੍ਰੀ ਜੀਉ ! ਸਾਡੀ ਇਸ ਕਾਇਆਂ ਦਾ ਝੁਕਾਉ ਹਰ ਵਕਤ ਵਿਕਾਰਾਂ ਵਲ ਹੀ ਰਹਿੰਦਾ ਹੈ, ਦਸੋ, ਇਸ ਨੂੰ ਕਿਵੇਂ ਸਮਝਾਇਆ ਜਾਵੇ ?

1. ਉ:—ਹੇ ਭਾਈਓ ! ਇਸ ਆਪਣੀ ਕਾਇਆਂ ਨੂੰ ਪਿਆਰ ਨਾਲ ਇਉਂ ਹੀ ਸਮਝਾਓ ਕਿ, ਹੇ ਮੇਰੀ ਕਾਇਆਂ ਵੇਖ, ਜਦੋਂ (ਤੇਰਾ ਤੇ ਇਸ ਜਿੰਦ ਦਾ ਸੰਬੰਧ) ਮੁੱਕ ਜਾਏਗਾ, ਤਦੋਂ ਤੂੰ ਮਿੱਟੀ ਹੋ ਜਾਏਂਗੀ, (ਉਸ ਵੇਲੇ) ਜਿੰਦ ਤੋਂ ਸਖਣੀ ਤੂੰ ਖਸਮ ਪ੍ਰਭੂ ਨਾਲ ਸਾਂਝ ਨਹੀਂ ਪਾ ਸਕੇਂਗੀ।

2. (ਵੇਖ ਹੁਣ) ਤੇਰਾ ਪਿਆਰ ਵਿਕਾਰਾਂ ਨਾਲ ਹੈ, (ਪਰ ਦੱਸ) ਤੂੰ ਕਿਸ ਗੁਣ ਦੀ ਬਰਕਤ ਨਾਲ ਹਰੀ (ਦੇ ਮਿਲਾਪ) ਦਾ ਅਨੰਦ ਮਾਣ ਸਕਦੀ ਹੈਂ ? ।੧।

ਭਾਵਾਰਥ :–ਦ੍ਵੈਤ ਭਾਵ ਵਿਚ ਹਰੀ ਦੀ ਸਾਰ ਨਹੀਂ ਹੁੰਦੀ, ਕੇਵਲ ਹਰੀ ਦੇ ਪ੍ਰੇਮ ਵਿਚ ਹੀ ਘਣੀਆਂ ਖੁਸ਼ੀਆਂ ਹਨ।

ਮ: ੫ ॥

1. ਨਾਨਕ ਜਿਸੁ ਬਿਨੁ ਘੜੀ ਨ ਜੀਵਣਾ
ਵਿਸਰੇ ਸਰੈ ਨ ਬਿੰਦ ॥
2. ਤਿਸੁ ਸਿਉ ਕਿਉ ਮਨ ਰੂਸੀਐ
ਜਿਸਹਿ ਹਮਾਰੀ ਚਿੰਦ ॥੨॥

ਪਦ ਅਰਥ :–ਨ ਜੀਵਣਾ–ਜੀਉ ਨਹੀਂ ਸਕੀਦਾ, ਸੁਖ ਦਾ ਸਾਹ ਨਹੀਂ ਆ ਸਕਦਾ। ਨ ਸਰੈ–ਨਹੀਂ ਨਿਭਦੀ, ਨਿਰਭਾ ਨਹੀਂ ਹੁੰਦਾ। ਮਨ–ਹੇ ਮਨ। ਚਿੰਦ–ਫਿਕਰ। ਬਿੰਦ–ਰਤਾ ਭੀ।੨।

ਅਰਥ :–

ਪ੍ਰ:–ਸ੍ਰੀ ਜੀਉ! ਜਿਸ ਪ੍ਰਮੇਸ਼ਰ ਨੇ ਸਾਨੂੰ ਅਨੇਕਾਂ ਹੀ ਪਦਾਰਥ ਦਿਤੇ ਹਨ, ਪਰ, ਜੇ ਸਾਡੇ ਕਰਮਾਂ ਦੇ ਹਿਸਾਬ ਅਨੁਸਾਰ ਕੋਈ ਪਦਾਰਥ ਨਹੀਂ ਮਿਲ ਸਕਿਆ ਤਾਂ ਇਹ ਸਾਡਾ ਮਨ ਅਸ਼ਰਧਕ ਹੋ ਉਸ ਸਾਈਂ ਜੀ ਨਾਲ ਰੋਸਾ ਕਰਦਾ ਹੈ, ਦਸੋ, ਇਸ ਨੂੰ ਕਿਵੇਂ ਸਮਝਾਇਆ ਜਾਏ?

1. ਉ:–(ਹੇ ਭਾਈ! ਸੁਣ) ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਜਿਸ (ਪ੍ਰਭੂ ਦੀ ਯਾਦ) ਤੋਂ ਬਿਨਾ ਇਕ ਘੜੀ ਭੀ ਸੁਖ ਦਾ ਸਾਹ ਨਹੀਂ ਆਉਂਦਾ (ਦੁਨੀਆਂ ਦੇ ਚਿੰਤਾ ਫਿਕਰ ਹੀ ਜਾਨ ਖਾ ਜਾਂਦੇ ਹਨ), ਜਿਸ ਨੂੰ ਵਿਸਾਰਿਆਂ ਇਕ ਪਲ ਭਰ ਭੀ ਜੀਵਨ ਨਿਰਬਾਹ ਨਹੀਂ ਹੋ ਸਕਦਾ।

2. (ਫਿਰ) ਹੇ ਮਨ! ਜਿਸ ਪ੍ਰਭੂ ਨੂੰ (ਹਰ ਵੇਲੇ) ਸਾਡਾ ਫਿਕਰ ਹੈ, ਉਸ ਨਾਲ ਰੁੱਸਣਾ ਠੀਕ ਨਹੀਂ ਹੈ।੨।

ਭਾਵਾਰਥ:–ਜੋ ਹਰ ਸਮੇਂ ਹੀ ਹਰ ਇਕ ਦੀ ਪਾਲਣਾ ਪੋਸਣਾ ਕਰਨ ਦੀ ਚਿੰਤਾ ਰਖਦਾ ਹੈ, ਉਸ ਸਾਈਂ ਜੀ ਨੂੰ ਹਰ ਵੇਲੇ ਹੀ ਯਾਦ ਕਰਦੇ ਰਹਿਣਾ ਚਾਹੀਦਾ ਹੈ।

ਮ: ੫ ॥

1. ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥
2. ਨਾਨਕ ਵਿਣੁ ਨਾਵੈ ਆਲੂਦਿਆ
ਜਿਤੀ ਹੋਰੁ ਖਿਆਲੁ ॥੩॥

ਪਦ ਅਰਥ :–ਕੈ ਰੰਗਿ- ਦੇ ਰੰਗ ਵਿਚ। ਪਾਰਬ੍ਰਹਮ–ਪਰਮ ਜੋਤ ਪ੍ਰਭੂ। ਅਤਿ ਗੁਲਾਲੁ–ਗੂੜ੍ਹਾ ਲਾਲ। ਆਲੂਦਿਆ–ਮਲੀਨ। ਜਿਤੀ–ਜਿਤਨਾ ਭੀ।੩।

ਅਰਥ :–

ਪ੍ਰ:–ਸ੍ਰੀ ਜੀਉ! ਜੋ ਪ੍ਰਭੂ ਦੇ ਪਿਆਰ-ਰੰਗ ਵਿਚ ਰਤੇ ਰਹਿੰਦੇ ਹਨ, ਉਨ੍ਹਾਂ ਦੀ ਪਛਾਣ ਕੀ ਹੈ?

1. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜਿਹੜੇ ਬੰਦੇ ਪਰਮ ਜੋਤਿ ਪ੍ਰਭੂ ਦੇ ਪਿਆਰ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਦਾ ਤਨ ਮਨ (ਪ੍ਰਭੂ-ਪਿਆਰ ਵਿਚ) ਗੂੜ੍ਹਾ ਲਾਲ ਹੋ ਜਾਂਦਾ ਹੈ।

2. (ਕਿਉਂਕਿ) ਉਨ੍ਹਾਂ ਨੂੰ ਇਹ ਸੋਝੀ ਆ ਜਾਂਦੀ ਹੈ ਕਿ, ਪ੍ਰਭੂ ਦੇ ਪਿਆਰ ਨੂੰ ਘਟਾਉਣ ਵਾਲਾ ਜਿਤਨਾ ਭੀ ਹੋਰ ਧਿਆਨ ਹੈ, ਉਹ ਪ੍ਰਭੂ ਦੇ ਨਾਮ ਦੀ ਯਾਦ ਤੋਂ ਵਾਂਜਿਆਂ ਰਖਦਾ ਹੈ ਤੇ ਮਨਨੂੰ ਮੈਲਾ ਕਰਦਾ ਹੈ।੩।

ਭਾਵਾਰਥ :–ਜੋ, ਪ੍ਰਭੂ ਦੇ ਪਿਆਰ ਰੰਗ ਵਿਚ ਰਤੇ ਰਹਿੰਦੇ ਹਨ, ਉਨ੍ਹਾਂ ਦਾ ਮਨ ਤਨ ਭੀ ਸਦਾ ਹੀ ਪ੍ਰਭੂ ਦੇ ਗੂੜੇ ਪ੍ਰੇਮ-ਰੰਗ ਵਿਚ ਰੱਤਾ ਰਹਿੰਦਾ ਹੈ, ਨਾਮ ਤੋਂ ਬਿਨਾ ਉਨ੍ਹਾਂ ਨੂੰ ਸਾਰੇ ਹੀ ਹੋਰ ਪਦਾਰਥ ਰੰਗ ਫਿਕੇ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਪਵੜੀ ॥

1. ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ
ਤਾ ਕਿਆ ਮੈ ਕਾੜਾ ॥
2. ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ॥
3. ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ॥
4. ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ ॥
5. ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥
6. ਜਿਤੁ ਲਾਈਅਨਿ ਤਿਤੈ ਲਗਦੀਆ
ਨਹ ਖਿੰਜੋਤਾੜਾ ॥
7. ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥
8. ਗੁਰੁ ਨਾਨਕੁ ਤੁਠਾ ਭਾਇਰਹੁ
ਹਰਿ ਵਸਦਾ ਨੇੜਾ ॥੧੦॥

ਪਦ ਅਰਥ :–ਕਾੜਾ–ਧੋਖਾ, ਫਿਕਰ, ਝੋਰਾ। ਜਿਨੀ ਠਗੀ–ਜਿਨ੍ਹਾਂ (ਕਾਮਾਦਿਕ) ਠੱਗਾਂ ਨੇ। ਨਿਵਾੜਾ–ਨਿਵਾਰੇ, ਭਜਾ ਦਿਤੇ। ਗੁਰਿ–ਗੁਰੂ ਦੀ ਰਾਹੀਂ। ਭਉਜਲੁ–ਸੰਸਾਰ, ਸਮੁੰਦਰ। ਜਿਤਾ–ਜਿੱਤ ਲਿਆ। ਪਾਵਾੜਾ–ਧੰਧੇ, ਜ਼ੰਜਾਲ। ਸਭਿ–ਸਾਰੇ। ਸਤਵੰਤਾ–ਉਚੇ ਆਚਰਣ ਵਾਲਾ। ਸਾੜਾ–ਸਾਡਾ। ਜਿਤੁ–ਜਿਸ ਪਾਸੇ। ਲਾਈਅਨਿ–ਲਾਈ ਦੀਆਂ ਹਨ। ਖਿੰਜੋਤਾੜਾ–ਖਿਚੋਤਾਣ, ਕਸ਼-ਮਕਸ਼। ਇਛੀ–ਮੈਂ ਇੱਛਾ ਕਰਦਾ ਹਾਂ। ਗੁਰਿ–ਗੁਰੂ ਨੇ। ਅੰਦਰਿ ਵਾੜਾ–ਅੰਦਰਲੇ ਪਾਸੇ (ਮਨ ਨੂੰ) ਪਰਤਾ ਦਿਤਾ। ਭਾਇਰਹੁ–ਹੇ ਭਰਾਵੋ।

ਅਰਥ :–

ਪ੍ਰ:–ਹੇ ਗੁਰੋ! ਹੁਣ ਆਪ ਜੀ ਦਾ ਉਸ ਹਰੀ ਪ੍ਰਭੂ ਜੀ 'ਤੇ ਕਿਤਨਾ ਕੁ ਮਾਣ ਹੈ?

1. ਉ:–ਹੇ ਭਾਈਓ! ਮੇਰੇ ਮਨ ਵਿਚ ਤਾਂ ਹੁਣ ਇਉਂ ਹੀ ਵਿਸ਼ਵਾਸ ਹੋ ਆਇਆ ਹੈ ਕਿ, ਹੇ ਹਰੀ ਜੀਉ! ਜਦੋਂ ਤੂੰ ਮੇਰਾ ਮਿੱਤਰ ਹੈਂ, ਤਾਂ ਮੈਨੂੰ ਕੋਈ ਚਿੰਤਾ ਫਿਕਰ ਨਹੀਂ ਰਹਿ ਸਕਦਾ।

2. (ਕਿਉਂਕਿ) ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਜਗਤ ਨੂੰ ਠੱਗ ਲਿਆ ਹੈ, ਉਹ ਤੂੰ (ਮੇਰੇ ਅੰਦਰੋਂ) ਮਾਰ ਕੇ ਭਜਾ ਦਿਤੇ ਹਨ।

3. ਹੇ ਸਾਈਂ ਜੀਉ! ਗੁਰੂ ਦੀ ਰਾਹੀਂ ਤੂੰ ਮੈਨੂੰ ਸੰਸਾਰ

ਸਮੁੰਦਰ ਤੋਂ ਪਾਰ ਲੰਘਾ ਦਿਤਾ ਹੈ, ਮੈਂ ਮਾਇਆ ਦੇ ਜ਼ੰਜਾਲ ਜਿੱਤ ਲਏ ਹਨ।

4. ਹੁਣ ਮੈਂ ਗੁਰੂ ਦੇ ਉਪਦੇਸ਼ ਤੇ ਤੁਰ ਕੇ ਸਾਰੇ (ਹੀ) ਰੰਗ ਮਾਣਦਾ ਹਾਂ, ਮੈਂ (ਹੁਣ ਇਸ ਵਡੇ ਜਗਤ) ਅਖਾੜੇ ਨੂੰ ਜਿੱਤ ਲਿਆ ਹੈ।

5. ਹੇ ਪ੍ਰਭੂ ਜੀ ! ਤੂੰ ਮੇਰਾ ਸਤਵੰਤਾ ਸਾਈਂ (ਮੇਰੇ ਸਿਰ ਉਤੇ) ਹੈਂ, ਤੂੰ ਮੇਰੀਆਂ ਸਾਰੀਆਂ ਇੰਦ੍ਰੀਆਂ ਮੇਰੇ ਕਾਬੂ ਵਿਚ ਕਰ ਦਿਤੀਆਂ ਹਨ।

6.ਹੁਣ ਇਨ੍ਹਾਂ ਨੂੰ ਜਿਸ ਪਾਸੇ ਲਾਈਦਾ ਹੈ ਉਧਰ ਹੀ ਲਗਦੀਆਂ ਹਨ, ਕੋਈ ਖਿਚੋਤਾਣ ਨਹੀਂ (ਕਰਦੀਆਂ)।

7. ਹੇ ਭਾਈਓ ! ਗੁਰੂ ਨੇ (ਮੇਰੇ ਮਨ ਨੂੰ) ਅੰਦਰ ਵਲ ਪਰਤਾ ਦਿਤਾ ਹੈ, ਹੁਣ ਮੈਂ, ਜੋ ਕੁਝ ਇੱਛਾ ਕਰਦਾ ਹਾਂ ਉਹੀ ਫਲ ਪ੍ਰਾਪਤ ਕਰ ਲੈਂਦਾ ਹਾਂ।

8. ਹੇ ਭਰਾਵੋ ! ਮੇਰੇ ਉਤੇ ਗੁਰੂ ਨਾਨਕ ਪ੍ਰਸੰਨ ਹੋ ਪਿਆ ਹੈ, (ਉਸ ਦੀ ਮੇਹਰ ਨਾਲ) ਮੈਨੂੰ ਪ੍ਰਭੂ (ਆਪਣੇ) ਨੇੜੇ ਵਸਦਾ ਦਿਸਦਾ ਹੈ।੧੦।

ਭਾਵਾਰਥ :—ਜਗਤ ਮਾਨੋ ਇਕ ਅਖਾੜਾ ਹੈ, ਇਸ ਵਿਚ ਕਾਮਾਦਿਕ ਠੱਗ ਸਾਰੇ ਜੀਵਾਂ ਨੂੰ ਠੱਗ ਰਹੇ ਹਨ। ਪਰ, ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾ ਦੀ ਯਾਦ ਵਿਚ ਟਿਕਦਾ ਹੈ, ਉਸ ਦਾ ਮਨ ਵਿਕਾਰਾਂ ਵਲੋਂ ਪਰਤ ਪੈਂਦਾ ਹੈ, ਕਾਮਾਦਿਕ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦੇ।

ਡਖਣੇ ਮ: ੫ ॥

1. ਜਾ ਮੂੰ ਆਵਹਿ ਚਿਤਿ ਤੂ ਤਾ ਹਭੇ ਸੁਖ ਲਹਾਉ ॥
2. ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ ॥੧॥

ਪਦ ਅਰਥ :—ਮੂੰ—ਮੈਨੂੰ। ਚਿਤਿ—ਚਿੱਤ ਵਿਚ। ਮੂੰ ਚਿਤਿ-ਮੇਰੇ ਚਿੱਤ ਵਿਚ। ਲਹਾਉ—ਮੈਂ ਲੈ ਲੈਂਦਾ ਹਾਂ, ਰੰਗਾਵਲਾ—ਰੰਗ ਪੈਦਾ ਕਰਨ, ਸੁਹਾਵਣਾ, ਪਿਆਰਾ। ਪਿਰੀ—ਹੇ ਪਿਰ। ਤਹਿਜਾ—ਤੇਰਾ।

ਅਰਥ :—

ਪ੍ਰ:—ਸ੍ਰੀ ਜੀਉ ! ਆਪ ਜੀ ਸਾਰ ਸੁਖਾਂ ਦੀ ਪ੍ਰਾਪਤੀ ਕਿਸ ਰੂਪ ਵਿਚ ਅਨੁਭਵ ਕਰਦੇ ਹੋ ?

1. **ਉ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਤੀ ਪ੍ਰਭੂ ਜੀਉ ! ਜਦੋਂ ਤੂੰ ਮੇਰੇ ਹਿਰਦੇ ਵਿਚ ਵਸਦਾ ਹੈਂ, ਤਾਂ ਮੈਨੂੰ ਸਾਰੇ ਸੁਖ ਮਿਲ ਜਾਂਦੇ ਹਨ।

2. ਹੇ ਪ੍ਰਭੂ ਜੀ ! ਤੇਰਾ ਨਾਮ ਮੈਨੂੰ ਆਪਣੇ ਮਨ ਵਿਚ ਮਿੱਠਾ ਪਿਆਰਾ ਲਗਦਾ ਹੈ (ਤੇ ਸੁਖ ਦੇਂਦਾ ਹੈ)।੧।

ਭਾਵਾਰਥ :—ਹਰੀ ਦੀ ਯਾਦ ਵਿਚ ਹੀ ਸਾਰੇ ਸੁਖ ਹਨ, ਹੋਰ ਕਿਸੇ ਭੀ ਸ਼ੈ ਵਿਚ ਸੁਖ ਨਹੀਂ, ਸੰਤਾਂ ਦੀ ਚਰਨ ਧੂੜ ਹੋਣ ਨਾਲ ਸੁਖਾਂ ਦਾ ਦਾਤਾ ਹਰੀ ਮਿਲ ਜਾਂਦਾ ਹੈ।

ਮ: ੫ ॥

1. ਕਪੜ ਭੋਗ ਵਿਕਾਰ ਏ ਹਭੇ ਹੀ ਛਾਰ ॥
2. ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰ ॥੨॥

ਪਦ ਅਰਥ :—ਕਪੜ—ਭੋਗ (ਨਿਰੇ) ਭੋਗ ਕੱਪੜ, ਨਿਰੇ ਖਾਣ ਹੰਢਾਣ। ਛਾਪ—ਸੁਆਹ। ਲੁੜੇਦਾ—ਮੈਂ ਲੋੜਦਾ ਹਾਂ, ਮੈਂ ਚਾਹੁੰਦਾ ਹਾਂ (ਨੋਟ,—ਅੱਖਰ 'ਲ' ਦੇ ਨਾਲ ਦੋ ਲਗਾਂ ਹਨ, ੋ ਅਤੇ ੁ। ਅਸਲ ਲਫ਼ਜ਼ 'ਲੋੜੇਦਾ' ਹੈ ਇਥੇ 'ਲੁੜੇਦਾ' ਪੜ੍ਹਨਾ ਹੈ) ਤੰਨਿ ਖ਼ੇ—ਤਿੰਨਾ ਦੀ। ਖਾਕੁ—ਚਰਨ ਧੂੜ।

ਅਰਥ :—

ਪ੍ਰ:—ਸ੍ਰੀ ਜੀਉ ! ਬਹੁਤੇ ਲੋਕ ਤਾਂ ਕੇਵਲ ਖਾਣ ਪੀਣ ਦੇ ਪਦਾਰਥਾਂ ਵਿਚ ਹੀ ਮਸਤ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. **ਉ**:—ਐ ਪਿਆਰੇ ! ਮੈਂ ਤਾਂ ਇਉਂ ਹੀ ਵੀਚਾਰ ਰਖਦਾ ਹਾਂ ਕਿ ਪ੍ਰਭੂ ਦੀ ਯਾਦ ਤੋਂ ਵਿਰਵੇ ਰਹਿ ਕੇ ਨਿਰੇ ਖਾਣ ਹੰਢਾਣ (ਦੇ ਪਦਾਰਥ) ਵਿਕਾਰ (ਹੀ) (ਪੈਦਾ ਕਰਦੇ ਹਨ) ਇਸ ਵਾਸਤੇ ਅਸਲ ਵਿਚ ਇਹ ਸਾਰੇ ਸੁਆਹ ਸਮਾਨ ਹਨ, (ਭਾਵ, ਉੱਕੇ ਹੀ ਨਿਕੰਮੇ ਹਨ)।

ਪ੍ਰ:—ਕਿਉਂ ਜੀ ! ਆਪ ਦਾ ਨਿਸਚਾ ਕੀ ਹੈ ?

2. **ਉ**:—ਹੇ ਭਾਈਓ ! (ਤਾਈਏਂ) ਮੈਂ ਉਨ੍ਹਾਂ ਬੰਦਿਆਂ ਦੇ ਚਰਨਾਂ ਦੀ ਧੂੜ ਭਾਲਦਾ ਹਾਂ, ਜੋ ਪ੍ਰਭੂ ਦੇ ਦਿਦਾਰ ਵਿਚ ਰੰਗੇ ਹੋਏ ਹਨ।੨।

ਭਾਵਾਰਥ :—ਸੰਸਾਰ ਦੇ ਸਾਰੇ ਪਦਾਰਥ ਨਾਸਵਾਨ ਹਨ, ਇਸ ਲਈ, ਉਨ੍ਹਾਂ ਬੰਦਿਆਂ ਦੇ ਚਰਨਾਂ ਦੀ ਸਦਾ ਹੀ ਧੂੜ ਦੇ ਚਾਹਵਾਨ ਬਣੇ ਰਹਿਣਾ ਚਾਹੀਦਾ ਹੈ, ਜੋ ਪ੍ਰਭੂ ਦੇ ਪਿਆਰ-ਰੰਗ ਵਿਚ ਰਤੇ ਹੋਏ ਹਨ।

ਮ: ੫ ॥

1. ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ ॥
2. ਥੀਉ ਸੰਤਨ ਕੀ ਰੇਣੁ ਜਿਤੁ ਲਭੀ ਸੁਖ ਦਾਤਾਰੁ ॥੩॥

ਪਦ ਅਰਥ :—ਬਿਆ—ਦੂਜੇ। ਪਾਸ—ਪਾਸੇ, ਆਸਰੇ। ਹੀਅੜੇ—ਹੇ ਮੇਰੇ ਹਿਰਦੇ, ਹੇ ਮੇਰੀ ਜਿੰਦ। ਹਿਕੁ—ਇਕ। ਅਧਾਰੁ—ਆਸਰਾ। ਥੀਉ—ਹੋ ਜਾ। ਰੇਣ—ਚਰਨ ਧੂੜ। ਜਿਤੁ—ਜਿਸ ਦੀ ਰਾਹੀਂ।

ਅਰਥ :—

ਪ੍ਰ:—ਸ੍ਰੀ ਜੀਉ ! ਬਹੁਤੇ ਲੋਕ ਪ੍ਰਭੂ ਦਾ ਆਸਰਾ ਛਡ ਕੇ ਹੋਰ ਹੋਰ ਆਸਰੇ ਲੈਣ ਵਿਚ ਹੀ ਸੁਖਾਂ ਦੀ ਪ੍ਰਾਪਤੀ ਸਮਝਦੇ ਹਨ, ਇਸ ਸੰਬੰਧੀ ਆਪ ਜੀ ਕੀ ਵੀਚਾਰ ਰਖਦੇ ਹੋ ?

1. **ਉ**:—ਹੇ ਪਿਆਰੇ ! ਮੈਂ ਤਾਂ ਆਪਣੀ ਜਿੰਦ ਨੂੰ ਸਦਾ ਇਉਂ ਹੀ ਸਮਝਾਉਂਦਾ ਹਾਂ ਕਿ, ਹੇ ਮੇਰੀ ਜਿੰਦੇ ! ਸੁਣ ਤੂੰ ਪ੍ਰਭੂ ਨੂੰ ਛਡ ਕੇ ਸੁਖਾਂ ਦੀ ਖਾਤਰ ਹੋਰ ਹੋਰ ਆਸਰੇ ਕਿਉਂ

ਤੱਕਦੀ ਹੈਂ ? ਤੂੰ ਕੇਵਲ ਇਕ ਉਸੇ ਪ੍ਰਭੂ ਨੂੰ ਆਪਣਾ ਆਸਰਾ ਬਣਾ(ਤੇ) ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ ਉਸ ਦੇ।

2. ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ, ਜਿਸ ਦੀ ਬਰਕਤ ਨਾਲ ਤੈਨੂੰ ਸੁਖਾਂ ਦੇ ਦੇਣ ਵਾਲਾ ਪ੍ਰਭੂ ਮਿਲ ਪਏ ।੩।

ਭਾਵਾਰਥ :–ਸਦੀਵੀ ਸੁਖਾਂ ਦੀ ਪ੍ਰਾਪਤੀ ਲਈ ਤਾਂ ਹੋਰ ਹੋਰ ਆਸਰੇ ਤਿਆਗ ਕੇ ਕੇਵਲ ਹਿਰਦੇ ਵਿਚ ਇਕ ਪ੍ਰਭੂ ਦੇ ਨਾਮ ਦਾ ਹੀ ਆਸਰਾ ਲੈਣਾ ਚਾਹੀਦਾ ਹੈ ਅਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣੇ ਰਹੋ, ਜਿਸ ਦੀ ਬਰਕਤ ਨਾਲ ਸੁਖਾਂ ਦਾ ਸੋਮਾ ਪ੍ਰਭੂ ਦਾ ਮਿਲਾਪ ਹੁੰਦਾ ਹੈ ।੩।

ਪਉੜੀ ॥

1. ਵਿਣੁ ਕਰਮਾ ਹਰਿ ਜੀਉ ਨ ਪਾਈਐ
ਬਿਨੁ ਸਤਿਗੁਰ ਮਨੂਆ ਨ ਲਗੈ ॥
2. ਧਰਮੁ ਧੀਰਾ ਕਲਿ ਅੰਦਰੇ
ਇਹੁ ਪਾਪੀ ਮੂਲਿ ਨ ਤਗੈ ॥
3. ਅਹਿਕਰੁ ਕਰੇ ਸੁ ਅਹਿ ਕਰੁ ਪਾਏ
ਇਕ ਘੜੀ ਮੁਹਤੁ ਨ ਲਗੈ ॥
4. ਚਾਰੇ ਜੁਗ ਮੈ ਸੋਧਿਆ
ਵਿਣੁ ਸੰਗਤਿ ਅਹੰਕਾਰੁ ਨ ਭਗੈ ॥
5. ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ ॥
6. ਤਿਚਰੁ ਥਾਹ ਨ ਪਾਵਈ
ਜਿਚਰੁ ਸਾਹਿਬ ਸਿਉ ਮਨ ਭੰਗੈ ॥
7. ਜਿਨਿ ਜਨਿ ਗੁਰਮੁਖਿ ਸੇਵਿਆ
ਤਿਸੁ ਘਰਿ ਦੀਬਾਣੁ ਅਭਗੈ ॥
8. ਹਰਿ ਕਿਰਪਾ ਤੇ ਸੁਖੁ ਪਾਇਆ
ਗੁਰ ਸਤਿਗੁਰ ਚਰਣੀ ਲਗੈ ॥੧੧॥

ਪਦ ਅਰਥ :–ਕਰਮਾ–ਬਖਸ਼ਸ਼, ਕਰਮ । ਮਨੂਆ–ਮਾਇਆ ਵਿਚ ਫਸਿਆ ਮਨ । ਧੀਰਾ–ਟਿਕੇ ਰਹਿਣ ਵਾਲਾ । ਕਲਿ–(ਭਾਵ) ਸੰਸਾਰ । ਨ ਤਗੈ–(ਟਿਕਾਉ ਵਿਚ) ਨਹੀਂ ਨਿਭ ਸਕਦਾ । ਅਹਿ–ਇਹ । ਕਰੁ–ਹੱਥ । ਥਾਹ–ਡੂੰਘਾਈ । ਭੰਗੈ–ਤੋਟ, ਵਿੱਥ । ਜਿਨਿ ਜਨਿ–ਜਿਸ **ਜਨ** ਨੇ । ਘਰਿ–ਹਿਰਦੇ ਵਿਚ । ਅਭਗੈ–ਨਾ ਨਾਸ ਹੋਣ ਵਾਲਾ ।੧੧।

ਅਰਥ :–

ਪ੍ਰ:–ਹੇ ਗੁਰੋ ! ਆਪ ਜੀ ਪ੍ਰਭੂ ਦੇ ਮਿਲਾਪ ਲਈ ਕਿਹੜਾ ਸਹੀ ਸਾਧਨ ਮੰਨਦੇ ਹੋ ?

1. ਉ:–ਹੇ ਭਾਈਓ ! ਮੈਂ ਤਾਂ ਇਹੋ ਹੀ ਨਿਸਚਾ ਰਖਦਾ ਹਾਂ ਕਿ, ਪ੍ਰਭੂ ਦੀ ਮੇਹਰ ਤੋਂ ਬਿਨਾ ਪ੍ਰਭੂ ਜੀ ਨਾਲ ਮਿਲਾਪ ਨਹੀਂ ਹੋ ਸਕਦਾ, ਪ੍ਰਭੂ ਦੀ ਮਿਹਰ ਨਾਲ ਹੀ ਗੁਰੂ ਮਿਲਦਾ ਹੈ ਤੇ ਗੁਰੂ ਤੋਂ ਬਿਨਾ ਮਨੁੱਖ ਦਾ ਮਾਇਆ ਵੇੜਿਆ ਮਨ (ਪ੍ਰਭੂ ਚਰਨਾਂ ਵਿਚ) ਜੁੜਦਾ ਹੀ ਨਹੀਂ ।

2. ਐ ਪਿਆਰੇ ! ਸੰਸਾਰ ਵਿਚ ਧਰਮ ਹੀ ਸਦਾ ਇਕ ਰਸ ਰਹਿੰਦਾ ਹੈ, ਪਰ ਇਹ ਮਨ (ਜਦੋਂ ਤਕ) ਪਾਪਾਂ ਵਿਚ ਪਰਵਿਰਤ (ਹੈ) ਬਿਲਕੁਲ ਅਡੋਲਤਾ ਵਿਚ ਟਿਕਿਆ ਨਹੀਂ ਰਹਿ ਸਕਦਾ ।

3. ਐ ਪਿਆਰੇ ! ਕੀਤੇ ਕਰਮਾਂ ਦਾ ਮਾਨਸਕ ਸਿੱਟਾ ਨਿਕਲ-ਦਿਆਂ ਰਤਾ ਭੀ ਸਮਾਂ ਨਹੀਂ ਲਗਦਾ, ਜੋ ਕੁਝ ਇਹ ਹੱਥ ਕਰਦਾ ਹੈ, ਉਸ ਦਾ ਫਲ ਇਹੀ ਹੱਥ ਪਾ ਲੈਂਦਾ ਹੈ ।

4. ਹੇ ਭਾਈ ! ਜਦੋਂ ਤੋਂ ਦੁਨੀਆਂ ਬਣੀ ਹੈ, ਚੌਹਾਂ ਹੀ ਜੁਗਾਂ ਦੇ ਸਮੇਂ ਨੂੰ ਵਿਚਾਰ ਕੇ ਮੈਂ ਵੇਖ ਲਿਆ ਹੈ ਕਿ ਮਨ ਦਾ ਅਹੰਕਾਰ ਸੰਗਤ ਤੋਂ ਬਿਨਾ ਦੂਰ ਨਹੀਂ ਹੁੰਦਾ ।

5-6. ਗੁਰਮੁਖਾਂ ਦੀ ਸੰਗਤ ਤੋਂ ਬਿਨਾ ਹਉਮੈਂ ਬਿਲਕੁਲ ਨਹੀਂ ਮੁੱਕ ਸਕਦੀ, (ਜਦ ਤਕ ਮਨ ਵਿਚ ਹਉਮੈਂ ਹੈ, ਤਦ ਤਕ ਮਾਲਕ ਪ੍ਰਭੂ ਨਾਲੋਂ ਵਿਥ ਹੈ) ਜਦ ਤਕ ਮਾਲਕ ਨਾਲੋਂ ਵਿਥ ਹੈ ਤਦ ਤਕ ਮਨੁੱਖ ਉਸ ਦੇ ਗੁਣਾਂ ਦੀ ਡੂੰਘਾਈ ਵਿਚ ਟਿਕ ਨਹੀਂ ਸਕਦਾ ।

7. ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਸਿਮਰਨ ਕੀਤਾ ਹੈ, ਉਸ ਦੇ ਹਿਰਦੇ ਵਿਚ ਹੀ ਅਬਿਨਾਸ਼ੀ ਪ੍ਰਭੂ ਦਾ ਦਰਬਾਰ ਲਗ ਜਾਂਦਾ ਹੈ ।

8. ਹੇ ਭਾਈਓ ! ਪ੍ਰਭੂ ਦੀ ਮੇਹਰ ਨਾਲ ਹੀ ਮਨੁੱਖ ਗੁਰੂ ਦੇ ਚਰਨਾਂ ਵਿਚ ਜੁੜਦਾ ਹੈ ਤੇ ਮਿਹਰ ਨਾਲ ਹੀ ਆਤਮਕ ਸੁਖ ਪ੍ਰਾਪਤ ਕਰਦਾ ਹੈ ।੧੧।

ਭਾਵਾਰਥ :–ਪ੍ਰਮੇਸ਼ਰ ਦੀ ਮਿਹਰ ਤੋਂ ਬਿਨਾ ਮਨੁੱਖ ਨੂੰ ਗੁਰੂ ਦਾ ਮਿਲਾਪ ਹਾਸਲ ਨਹੀਂ ਹੁੰਦਾ ਤੇ ਗੁਰੂ ਦੀ ਸੰਗਤ ਤੋਂ ਬਿਨਾ ਮਨੁੱਖ ਦੇ ਅੰਦਰੋਂ ਅਹੰਕਾਰ ਦੂਰ ਨਹੀਂ ਹੁੰਦਾ, ਹਉਮੈਂ ਨਹੀਂ ਮਿਟਦੀ । ਹਉਮੈਂ ਅਤੇ ਪ੍ਰਭੂ ਮਿਲਾਪ ਇਹ ਦੋਵੇਂ ਇਕੋ ਹੀ ਹਿਰਦੇ ਵਿਚ ਨਹੀਂ ਟਿਕ ਸਕਦੇ । ਸੋ, ਗੁਰੂ ਦੀ ਸ਼ਰਨ ਪੈ ਕੇ ਸਾਧ ਸੰਗਤ ਦੀ ਬਰਕਤ ਨਾਲ ਪ੍ਰਮਾਤਮਾ ਦਾ ਸਿਮਰਨ ਹੋ ਸਕਦਾ ਹੈ ਤੇ ਆਤਮਕ ਅਨੰਦ ਮਿਲਦਾ ਹੈ ।

ਡਖਣੇ ਮ. ੫ ॥

1. ਲੋੜੀਦੋ ਹਭ ਜਾਇ ਸੋ ਮੀਰਾ ਮੀਰੰਨ ਸਿਰਿ ॥
2. ਹਠ ਮੰਝਾਹੂ ਸੋ ਧਣੀ ਚਉਦੋ ਮੁਖਿ ਅਲਾਇ ॥੧॥

ਪਦ ਅਰਥ :–ਲੋੜੀਦੋ–ਮੈਂ ਭਾਲ ਕਰਦਾ ਸਾਂ । ਹਭ ਜਾਇ–ਹਰ ਥਾਂ । ਸਿਰਿ–ਸਿਰ ਉਤੇ । ਮੀਰੰਨ ਸਿਰਿ ਮੀਰਾ–ਸ਼ਾਹਾਂ ਦੇ ਸਿਰ ਉਤੇ ਸ਼ਾਹ । ਹਠ–ਹਿਰਦਾ । ਮੰਝਾਹੂ–ਵਿਚ, ਅੰਦਰ । ਧਣੀ–ਮਾਲਕ । ਚਉਦੋ–ਮੈਂ ਉਚਾਰਦਾ ਹਾਂ । ਮੁਖਿ–ਮੂੰਹ ਨਾਲ । ਅਲਾਇ–ਬੋਲ ਕੇ, ਉਚਾਰ ਕੇ ।੧।

ਅਰਥ :–

ਪ੍ਰ:–ਸ੍ਰੀ ਜੀਉ ! ਤੁਸੀਂ ਉਸ ਪ੍ਰਭੂ ਦੀ ਭਾਲ ਕਰਦਿਆਂ ਕਰਦਿਆਂ ਆਖਰ ਉਸ ਨੂੰ ਕਿਥੋਂ ਲਭਿਆ ਹੈ ?

1. ਉ:–ਐ ਪਿਆਰੇ ! ਉਹ ਮਾਲਕ ਪ੍ਰਭੂ ਸ਼ਾਹਾਂ ਦੇ ਸਿਰ ਉਤੇ ਪਾਤਸ਼ਾਹ ਹੈ, ਮੈਂ ਉਸ ਨੂੰ (ਪਹਿਲੋਂ ਬਾਹਰ) ਹਰ

ਥਾਂ ਭਾਲਦਾ ਫਿਰਦਾ ਸਾਂ।

2. ਪਰ, ਹੇ ਭਾਈਓ! ਹੁਣ ਜਦੋਂ ਮੈਂ ਮੂੰਹ ਨਾਲ ਉਸ ਦੇ ਗੁਣ ਉਚਾਰਦਾ ਹਾਂ, ਉਹ ਮੈਨੂੰ (ਹੁਣ) ਮੇਰੇ ਹਿਰਦੇ ਵਿਚ ਹੀ ਦਿਸ ਰਿਹਾ ਹੈ।੧।

ਭਾਵਾਰਥ :—ਉਹ ਹਰੀ ਪ੍ਰਮੇਸ਼ਰ ਹਰੇਕ ਦੇ ਅੰਦਰ ਹੀ ਹੈ, ਪਰ, ਉਸ ਨੂੰ ਪ੍ਰਗਟ ਕਰਨ ਲਈ ਦਿਲ ਵਿਚ ਸੱਚਾ ਪਿਆਰ ਚਾਹੀਦਾ ਹੈ।

ਮ: ੫ ॥

1. ਮਾਣਿਕੂ ਮੋਹਿ ਮਾਉ ਡਿੰਨਾ ਧਣੀ ਅਪਾਹਿ ॥
2. ਹਿਆਉ ਮਹਿਜਾ ਠੰਢੜਾ ਮੁਖਹੁ ਸਚੁ ਅਲਾਇ॥੨॥

ਪਦ ਅਰਥ :—ਮਾਉ—ਹੇ ਮਾਂ। ਮੋਹਿ—ਮੈਨੂੰ। ਮਾਣਿਕੂ—ਮੋਤੀ। ਡਿੰਨਾ—ਦਿਤਾ। ਅਪਾਹਿ—ਆਪ ਹੀ। ਧਣੀ—ਮਾਲਕ। ਹਿਆਉ—ਹਿਰਦਾ। ਮੁਖਹੁ—ਮੂੰਹੋਂ। ਅਲਾਇ—ਬੋਲ ਕੇ।।

ਅਰਥ :—

ਪ੍ਰ:—ਸ੍ਰੀ ਜੀਉ! ਹਰ ਮਨੁੱਖ ਦੇ ਦਿਲ ਵਿਚ ਕੋਈ ਨਾ ਕੋਈ ਤਪਸ਼ ਕਾਇਮ ਹੈ, ਪਰ ਆਪ ਦੇ ਦਿਲ ਵਿਚ ਠੰਡਕ ਪ੍ਰਾਪਤ ਹੋਣ ਦਾ ਅਸਲ ਕਾਰਣ ਕੀ ਹੈ?

1. ਉ:—ਹੇ ਮਾਂ! (ਅਸਲ ਵਿਚ ਉਸ) ਮਾਲਕ ਪ੍ਰਭੂ ਨੇ ਮੈਨੂੰ ਆਪ ਹੀ ਆਪਣਾ ਨਾਮ ਮੋਤੀ ਦਿਤਾ ਹੈ।

2. (ਹੁਣ) ਮੂੰਹੋਂ ਉਸ ਸਦਾ ਥਿਰ ਪ੍ਰਭੂ ਦਾ ਨਾਮ ਉਚਾਰ ਉਚਾਰ ਕੇ ਮੇਰਾ ਹਿਰਦਾ ਠੰਡਾ-ਠਾਰ ਹੋ ਰਿਹਾ ਹੈ।੨।

ਭਾਵਾਰਥ :—ਵਿਕਾਰਾਂ ਦੀ ਤਪਸ਼ ਨਾਲ ਹਿਰਦਾ ਦਿਨੇ ਰਾਤ ਤਪ ਰਿਹਾ ਹੈ, ਪਰ ਇਸ ਤਪਸ਼ ਨੂੰ ਬੁਝਾਉਣ ਦਾ ਸਹੀ ਸਾਧਨ ਉਸ ਪ੍ਰਭੂ ਦੇ ਨਾਮ ਨੂੰ ਸਦਾ ਹੀ ਉਚਾਰਦੇ ਰਹਿਣਾ ਹੈ।

ਮ: ੫ ॥

1. ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥
2. ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾਹੂ ਬਾਹਰੇ ॥੩॥

ਪਦ ਅਰਥ :—ਮੂ—ਮੈਂ, ਮੇਰਾ ਹਿਰਦਾ। ਥੀਆਊ—ਮੈਂ ਬਣ ਗਿਆ ਹਾਂ। ਪਿਰੀ—ਪ੍ਰਭੂ ਪਤੀ ਵਾਸਤੇ। ਡੇਖੈ—ਵੇਖੇ। ਕੀਮਾਹੂ—ਕੀਮਤ ਤੋਂ। ਕੀਮਾਹੂ ਬਾਹਰੇ—ਕੀਮਤ ਤੋਂ ਪਰ੍ਹੇ, ਅਮੋਲਕ, ਜਿਸ ਦਾ ਮੁੱਲ ਨਾ ਪੈ ਸਕੇ।੩।

ਅਰਥ :—

ਪ੍ਰ:—ਸ੍ਰੀ ਜੀਉ! ਤੁਸੀਂ ਉਸ ਪ੍ਰਭੂ ਪਤੀ ਦੀ ਉਡੀਕ ਵਿਚ ਤਿਆਰੀ ਕੀ ਕਰਦੇ ਰਹੇ ਹੋ?

1. ਉ:—ਹੇ ਭਾਈਓ! ਮੈਂ ਆਪਣੇ ਹਿਰਦੇ ਨੂੰ ਪ੍ਰਭੂ ਪਤੀ (ਦੇ ਬਿਰਾਜਣ) ਵਾਸਤੇ ਸੇਜ ਬਣਾ ਦਿਤਾ ਹੈ (ਅਤੇ)ਆਪਣੀਆਂ ਅੱਖਾਂ ਨੂੰ (ਉਸ ਸੇਜ ਦਾ) ਵਿਛਾਉਣਾ ਬਣਾਇਆ ਹੈ।

ਪ੍ਰ:—ਕਿਉਂ ਜੀ! ਹੁਣ ਦੀਦਾਰ ਹੋ ਜਾਣ ਸਮੇਂ ਦਾ ਕਿਤਨਾ ਕੁ ਸੁਖ ਅਨੁਭਵ ਕਰਦੇ ਹੋ?

2. ਉ:—ਐ ਪਿਆਰੇ! ਜਦੋਂ ਉਹ ਇਕ ਵਾਰੀ ਭੀ (ਮੇਰੇ ਵਲ) ਤਕਦਾ ਹੈ, (ਤਾਂ) ਮੈਨੂੰ ਅਜੇ ਸੁਖ ਅਨੁਭਵ ਹੁੰਦੇ ਹਨ, ਜਿਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ, ਜਿਹੜੇ ਕਿਸੇ ਭੀ ਕੀਮਤ ਤੋਂ ਮਿਲ ਨਹੀਂ ਸਕਦੇ।੩।

ਭਾਵਾਰਥ :—ਦਰਸ਼ਨਾਂ ਦੀ ਪ੍ਰਾਪਤੀ ਲਈ ਕੁਰਬਾਨੀ ਤਾਂ ਭਾਵੇਂ ਬਹੁਤ ਕਰਨੀ ਪੈਂਦੀ ਹੈ, ਪਰ ਜੋ ਦਰਸ਼ਨ ਪ੍ਰਾਪਤ ਹੋ ਜਾਣ ਦਾ ਸੁਖ ਹੈ ਉਹ ਭੀ ਅਮੋਲਕ ਹੈ ਜਿਸ ਨੂੰ ਕਿਸੇ ਦੁਨਿਆਵੀ ਕੀਮਤ ਰਾਹੀਂ ਨਹੀਂ ਖਰੀਦਿਆ ਜਾ ਸਕਦਾ।

ਪਉੜੀ ॥

1. ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥
2. ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥
3. ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥
4. ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥
5. ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥
6. ਨਿਤ ਸੇਵਿਹੁ ਸਾਹਿਬੁ ਆਪਣਾ ਸਤਸੰਗਿ ਮਿਲਾਈਆ ॥
7. ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ ॥
8. ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥੧੨॥

ਪਦ ਅਰਥ :—ਪਾਈਆ—ਪਾਈਂ, ਪਾਵਾਂ। ਵਿੜਤੇ—ਵੱਟ ਲਏ; ਖੱਟ ਲਏ। ਸਾਹਿਬਾ—ਹੇ ਸਾਹਿਬ। ਬੋੁਲਾਈਆ—ਬੁਲਾਏਂ (ਅੱਖਰ 'ਬ' ਦੇ ਨਾਲ ਦੋ ਲਗਾਂ ਹਨ। ਲਫ਼ਜ਼ ਦੀ ਅਸਲ ਲਗ ੋ ਹੈ, ਇਥੇ ਪਾਠ ਕਰਨ ਲਗਿਆਂ ੁ ਪੜ੍ਹਨਾ ਹੈ)। ਬਿੰਦ—ਰਤਾ ਭੀ। ਸਾਈਆ—ਹੇ ਸਾਈਂ। ਸੰਤਹੋ—ਹੇ ਸੰਤ ਜਨੋ। ਕਿਉਂ—ਕਿਵੇਂ। ਇਤੁ ਪੰਥਿ—ਇਸ ਰਸਤੇ। ਜੁਲਾਈਆ—ਮੈਂ ਤੁਰਾਂ।੧੨।

ਅਰਥ :—

ਪ੍ਰ:—ਗੁਰਦੇਵ ਜੀਉ! ਉਸ ਸਾਈਂ ਜੀ ਦੇ ਦਰਸ਼ਨਾਂ ਦੀ ਆਪ ਜੀ ਦੇ ਅੰਦਰ ਕਿਤਨੀ ਕੁ ਤਾਂਘ ਹੈ?

1. ਉ:—ਹੇ ਭਾਈਓ! (ਉਸ) ਪ੍ਰਭੂ ਦੇ ਮਿਲਣ ਲਈ ਮੇਰਾ ਮਨ ਬੜਾ (ਹੀ) ਤਰਸਦਾ ਹੈ, (ਪਰ ਸਮਝ ਨਹੀਂ ਆਉਂਦੀ ਕਿ) ਕਿਵੇਂ ਦਰਸ਼ਨ ਕਰਾਂ।

2. ਹੇ (ਮੇਰੇ) ਮਾਲਕ! ਜੇ ਤੂੰ ਮੈਨੂੰ ਰਤਾ ਭਰ ਭੀ ਵਾਜ ਮਾਰੇਂ ਤਾਂ (ਮੈਂ ਸਮਝਦਾ ਹਾਂ ਕਿ)ਮੈਂ ਲੱਖਾਂ ਰੁਪਏ ਖੱਟ ਲਏ ਹਨ।

3. ਹੇ ਮੇਰੇ ਸਾਈਂ ਜੀਉ! ਮੈਂ ਚੁਫੇਰੇ ਸਾਰੀ ਸ੍ਰਿਸ਼ਟੀ ਨੂੰ ਖੋਜਕੇ ਵੇਖ ਲਿਆ ਹੈ ਕਿ ਤੇਰੇ ਜੇਡਾ ਹੋਰ ਕੋਈ ਨਹੀਂ ਹੈ।

ਪ੍ਰ:—ਕਿਉਂ ਜੀ! ਆਖਰ, ਸਾਧਨ ਕੀ ਸੋਚਿਆ ਹੈ?

4. ਉ:-ਹੇ ਪਿਆਰੇ ! ਸਾਧਨ ਤਾਂ ਇਹੋ ਹੀ ਸੋਚਿਆ ਹੈ ਕਿ, ਹੇ ਸੰਤ ਜਨੋ ! (ਤੁਸੀਂ ਹੀ) ਮੈਨੂੰ (ਕੋਈ) ਰਾਹ ਦਸੋ ਕਿ, ਮੈਂ ਪ੍ਰਭੂ ਨੂੰ ਕਿਵੇਂ ਮਿਲਾਂ।

ਪ੍ਰ:-ਕਿਉਂ ਜੀ ! ਉਹ ਸੰਤ ਜਨ ਆਖਰ ਰਾਹ ਕੀ ਦਸਦੇ ਹਨ?

5. ਉ:-ਹੇ ਭਾਈਓ ! ਉਹ ਸੰਤ ਜਨ ਇਹੋ ਹੀ ਰਾਹ ਦਸਦੇ ਹਨ ਕਿ, ਮਨ (ਪ੍ਰਭੂ ਦੇ) ਭੇਟਾ ਕਰੋ, ਹਉਮੈਂ ਦੂਰ ਕਰੋ ਤੇ ਆਖਦੇ ਹਨ ਕਿ ਮੈਂ ਇਸ ਰਸਤੇ ਉਤੇ ਤੁਰਦਾ ਰਹਾਂ।

6. ਹੇ ਪਿਆਰੇ ! ਉਹ ਸੰਤ ਜਨ ਇਹੋ ਹੀ ਉਪਦੇਸ਼ ਦੇਂਦੇ ਹਨ ਕਿ, ਸਦਾ ਆਪਣੇ ਮਾਲਕ ਪ੍ਰਭੂ ਨੂੰ ਯਾਦ ਕਰੋ (ਤੇ ਕਹਿੰਦੇ ਹਨ ਕਿ) ਮੈਂ ਸਤ ਸੰਗ ਵਿਚ ਮਿਲਾਂ।

7. ਐ ਪਿਆਰੇ ! ਮੈਨੂੰ ਤਾਂ ਪੂਰਨ ਯਕੀਨ ਹੈ ਕਿ; ਜਦੋਂ ਪ੍ਰਭੂ ਦੀ ਹਜ਼ੂਰੀ ਵਿਚ ਗੁਰੂ ਨੇ ਸਦ ਲਿਆ, (ਤਾਂ ਮੇਰੀਆਂ) ਸਾਰੀਆਂ ਆਸਾਂ ਪੂਰੀਆਂ ਹੋ ਜਾਣਗੀਆਂ।

ਪ੍ਰ:-ਕਿਉਂ ਜੀ ! ਆਖਰ, ਹੁਣ ਤੁਹਾਡੀ ਦਿਲੀ ਸੱਧਰ ਕੀ ਹੈ?

8. ਉ:-ਹੇ ਭਾਈਓ ! ਇਕ ਇਹੋ ਹੀ ਇਛਾ ਹੈ ਕਿ; ਹੇ ਮੇਰੇ ਮਿੱਤਰ; ਹੇ ਧਰਤੀ ਦੇ ਮਾਲਕ; ਮੈਨੂੰ ਤੇਰੇ ਜੇਡਾ ਹੋਰ ਕੋਈ (ਭੀ) ਨਹੀਂ ਲਭਦਾ, (ਤੂੰ ਮੇਹਰ ਕਰ ਅਤੇ ਦੀਦਾਰ ਦੇਹ) ।੧੨।

ਭਾਵਾਰਥ :-ਸਾਧ ਸੰਗਤ ਵਿਚੋਂ ਇਹੋ ਸੋਝੀ ਮਿਲਦੀ ਹੈ ਕਿ ਆਪਣੇ ਅੰਦਰੋਂ ਹਉਮੈਂ ਅਹੰਕਾਰ ਦੂਰ ਕਰ ਕੇ ਜਿਹੜਾ ਮਨੁੱਖ ਪ੍ਰਮੇਸ਼ਰ ਦੀ ਸਿਫਤ ਸਲਾਹ ਕਰਦਾ ਹੈ; ਉਸ ਦੀ ਸੁਰਤਿ ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ।

ਡਖਣੇ ਮ: ੫ ॥

1. ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ ॥

2. ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ॥੧॥

ਪਦ ਅਰਥ :-ਮੂ-ਮੈਂ, ਮੇਰਾ ਹਿਰਦਾ, ਮੇਰਾ ਆਪਣਾ ਆਪ। ਮਹਿੰਜੇ-ਮੇਰੇ। ਪਿਰੀ ਪਾਤਿਸਾਹ-ਹੇ ਮੇਰੇ ਪਤੀ; ਹੇ (ਮੇਰੇ) ਪਾਤਸ਼ਾਹ। ਪਾਵ-ਚਰਨ। ਕੋਲਿ-ਨੇੜੇ। ਮਿਲਾਵੇ-ਛੁਹਾਵੇਂ। ਕਵਲ ਜਿਵੈ-ਕੌਲ ਫੁੱਲ ਵਾਂਗ। ਬਿਗਸਾਵਦੋ-ਮੈਂ ਖਿੜ ਪੈਂਦਾ ਹਾਂ ।੧।

ਅਰਥ :-

ਪ੍ਰ:-ਸ੍ਰੀ ਜੀਓ ! ਤੁਹਾਡੇ ਹਿਰਦੇ ਵਿਚ ਉਸ ਪਿਆਰੇ ਪਤੀ ਪ੍ਰਮੇਸ਼ਰ ਨੂੰ ਮਿਲਣ ਦਾ ਕਿਤਨਾ ਕੁ ਉਤਸ਼ਾਹ ਹੈ ?

1. ਉ:-ਹੇ ਭਾਈ ! ਮੇਰੇ ਅੰਦਰੋਂ ਤਾਂ ਸਦਾ ਇਉਂ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਮੇਰੇ ਪਤੀ ਪਾਤਸ਼ਾਹ, ਮੈਂ (ਤੇਰੇ ਬੈਠਣ ਲਈ) ਹਿਰਦੇ ਨੂੰ ਤਖਤ ਬਣਾਇਆ ਹੈ।

2 ਹੇ ਸਾਈਆਂ ਜੀਉ ! ਜਦੋਂ ਤੂੰ ਆਪਣੇ ਚਰਨ ਮੇਰੇ ਹਿਰਦੇ ਤਖਤ ਨਾਲ ਛੁਹਾਂਦਾ ਹੈਂ, (ਤਾਂ) ਮੈਂ ਕੌਲ ਫੁੱਲ ਵਾਂਗ ਖਿੜ ਪੈਂਦਾ ਹਾਂ।

ਭਾਵਾਰਥ :-ਪ੍ਰਮੇਸ਼ਰ ਪਤੀ ਦੇ ਪਿਆਰ ਵਿਚ ਭਿਜੀਆਂ ਹੋਈਆਂ ਰੂਹਾਂ ਦੇ ਅੰਦਰੋਂ ਤਾਂ ਸਦਾ ਇਹੋ ਹੀ ਅਵਾਜ ਨਿਕਲਦੀ ਹੈ, ਕਿ ਮੈਂ ਤਖਤ ਹੋ ਜਾਵਾਂ ਉਸ ਉਤੇ ਬੈਠਣ ਵਾਲਾ ਮੇਰਾ ਪਿਆਰਾ ਪਾਤਸ਼ਾਹ ਹੋਵੇ, ਜਿਸ ਦਾ ਸਦਕਾ ਮੈਂ ਕਵਲ ਫੁੱਲ ਵਾਂਗ ਖਿੜ ਜਾਵਾਂ।

ਮ: ੫ ॥

1. ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ ॥

2. ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ ॥੨॥

ਪਦ ਅਰਥ :-ਸੰਦੜੀ-ਦੀ। ਪਿਰੀਆ ਸੰਦੜੀ ਭੁਖ-ਪਿਆਰੇ ਪਤੀ ਪ੍ਰਭੂ ਨੂੰ ਮਿਲਣ ਦੀ ਭੁੱਖ (ਮਿਟਾਣ ਲਈ)। ਥੀ ਵਿਥਰਾ-ਹੋ ਜਾਵਾਂ। ਮੂ-ਮੈਂ,ਮੇਰਾ ਆਪਾ ਭਾਵ। ਲਾਵਣ-ਸਲੂਣਾ। ਜਾਣ-ਮੈਂ ਜਾਣ ਲਵਾਂ, ਮੈਂ ਬਣਨਾ ਸਿਖ ਲਵਾਂ। ਮਿਠਾਈ ਇਖ-ਗੰਨੇ ਦੀ ਮਿਠਾਸ। ਬੇਈ ਪੀੜੇ-ਮੁੜ ਮੁੜ ਪੀੜਿਆਂ। ਨ ਹੁਟੈ-ਨਾ ਮੁੱਕੇ ।੨।

ਅਰਥ :-

ਪ੍ਰ:-ਕਿਉਂ ਜੀ ! ਤੁਸੀਂ ਉਸ ਪਿਆਰੇ ਦੇ ਮਿਲਾਪ ਲਈ ਕਿਤਨੀ ਕੁ ਕੁਰਬਾਨੀ ਕਰਨ ਦੀ ਇੱਛਾ ਰਖਦੇ ਹੋ ?

1. **ਉ:-ਹੇ ਭਾਈਓ ! ਮੈਂ ਤਾਂ ਇਉਂ ਹੀ ਚਾਹੁੰਦਾ ਹਾਂ ਕਿ ਉਸ ਪਿਆਰੇ ਪਤੀ ਪ੍ਰਭੂ ਨੂੰ ਮਿਲਣ ਦੀ ਭੁੱਖ ਮਿਟਾਣ ਲਈ ਮੇਰਾ ਆਪਾ ਭਾਵ ਸਲੂਣਾ ਬਣ ਜਾਏ।**

2. **(ਅਤੇ) ਮੈਂ ਅਜੇਹੀ ਗੰਨੇ ਦੀ ਮਿਠਾਸ ਬਣਨਾ ਸਿਖ ਲਵਾਂ ਕਿ; (ਗੰਨੇ ਨੂੰ) ਮੁੜ ਮੁੜ ਪੀੜਿਆਂ ਭੀ ਨਾ ਮੁੱਕੇ, (ਭਾਵ,ਮੈਂ ਆਪਾ ਭਾਵ ਮਿਟਾ ਦਿਆਂ ਤੇ ਆਪਾ ਵਾਰਦਿਆਂ ਕਦੇ ਅੱਕਾਂ ਨਾ, ਰੱਜਾਂ ਨਾ) ।੨।**

ਭਾਵਾਰਥ :-ਪ੍ਰਭੂ ਦੇ ਪਿਆਰਿਆਂ ਦੇ ਅੰਦਰ ਤਾਂ ਇਤਨਾ ਉਤਸ਼ਾਹ ਹੁੰਦਾ ਹੈ ਤੇ ਇਉਂ ਹੀ ਚਾਹੁੰਦੇ ਹਨ; ਕਿ ਜੇ ਕਦੇ ਪਿਆਰੇ ਪ੍ਰਮੇਸ਼ਰ ਪਤੀ ਨੂੰ ਭੁੱਖ ਹੋਵੇ ਤਾਂ ਮੈਂ ਸਲੂਣਾ ਬਣ ਕੇ ਉਸ ਦੇ ਅਗੇ ਪਈ ਹੋਵਾਂ।

ਮ: ੫ ॥

1. ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ ॥

2. ਸੁਖ ਘਟਾਊ ਡੂਇ ਇਸੁ ਪੰਧਾਣੂ ਘਰ ਘਣੇ ॥੩॥

ਪਦ ਅਰਥ :-ਠਗਾ ਨੀਹੁ-ਠੱਗਾਂ ਦਾ ਪਿਆਰ, ਦੁਨੀਆਂ ਦਾ ਮੋਹ। ਮਤ੍ਰੋੜਿ-ਚੰਗੀ ਤਰ੍ਹਾਂ ਤੋੜ ਦੇ। ਗੰਧ੍ਰਬਾ ਨਗਰੀ-ਧੂੰਏਂ ਦਾ ਪਹਾੜ, ਅਸਮਾਨ ਵਿਚ ਨਜ਼ਰ ਦੇ ਧੋਖੇ ਨਾਲ ਦਿਸਣ ਵਾਲਾ ਨਗਰ, ਭਾਵ, ਛਲਾਵਾ, ਛਲ। ਜਾਣੁ-ਸਮਝ। ਡੂਇ-ਦੋ। ਸੁਖ ਘਟਾਊ ਡੂਇ-ਦੋ ਘੜੀਆਂ ਦਾ ਸੁਖ (ਮਾਣਿਆਂ)। ਪੰਧਾਣੂ-ਰਾਹੀ (ਜੀਵ)। ਘਣੇ-ਅਨੇਕਾਂ। ਘਰ-ਜੂਨਾਂ ।੩।

ਅਰਥ :-

ਪ੍ਰ:-ਸ੍ਰੀ ਜੀਓ ! ਇਸ ਜੀਵ ਨੂੰ ਅਨੇਕਾਂ ਜੂਨਾਂ ਵਿਚ ਪੈਣ ਤੋਂ ਬਚਣ ਲਈ ਕੋਈ ਸੁਖੈਨ ਜਿਹਾ ਜਤਨ ਦਸੋ ?

1. ਉ:—ਹੇ ਭਾਈ ! ਜੇ ਜੂਨਾਂ ਵਿਚ ਪੈਣ ਤੋਂ ਬਚਣਾ ਚਾਹੁੰਦਾ ਹੈਂ ਤਾਂ ਦੁਨੀਆਂ ਦਾ ਮੋਹ ਚੰਗੀ ਤਰ੍ਹਾਂ ਤੋੜਦੇ (ਅਤੇ) ਇਸ ਦੁਨੀਆਂ ਨੂੰ ਧੂੰਏਂ ਦਾ ਪਹਾੜ ਸਮਝ।

2. (ਕਿਉਂਕਿ, ਹੇ ਭਾਈ ! ਇਸ ਦੁਨੀਆਂ ਦਾ) ਦੋ ਘੜੀਆਂ ਦਾ ਸੁੱਖ (ਮਾਣਿਆਂ ਹੋਇਆ ਹੀ) ਇਸ ਜੀਵ ਰਾਹੀ ਨੂੰ ਅਨੇਕਾਂ ਜੂਨਾਂ (ਵਿਚ ਭਟਕਣਾ ਪੈਂਦਾ ਹੈ)।੩।

ਭਾਵਾਰਥ :—ਮੋਹ ਦੀ ਪ੍ਰਬਲਤਾ ਅਤੇ ਪਦਾਰਥਾਂ ਦਾ ਤੁੱਛ ਮਾਤ੍ਰ ਸੁਖ ਹੀ ਮਨੁੱਖ ਨੂੰ ਜੰਮਣ ਮਰਣ ਦੇ ਚੱਕ੍ਰ ਵਿਚ ਭਟਕਾਉਣ ਦਾ ਕਾਰਨ ਦਸ ਕੇ, ਇਨ੍ਹਾਂ ਦੇ ਤਿਆਗ ਕਰਨ ਲਈ ਜੀਵਾਂ ਨੂੰ ਪ੍ਰੇਰਨਾ ਕਰਦੇ ਹਨ।

ਪਉੜੀ ॥

1. **ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥**
2. **ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥**
3. **ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥**
4. **ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥**
5. **ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥**
6. **ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥**
7. **ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥**
8. **ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥**

ਪਦ ਅਰਥ :—ਕਲਾ—ਹਿਸਾ, ਟੋਟਾ (ਜਿਵੇਂ ਚੰਦ੍ਰਮਾਂ ਦੀਆਂ ਕਲਾ ਵਧਦੀਆਂ ਘਟਦੀਆਂ ਹਨ। ਅਕਲ—ਜਿਸ ਦੀਆਂ ਕਲਾ ਨਾ ਹੋਣ, ਜਿਸ ਦੇ ਟੋਟੇ ਨਾ ਹੋ ਸਕਣ, ਜੋ ਚੰਦ੍ਰਮਾਂ ਵਾਂਗ ਘਟਦਾ ਵਧਦਾ ਨਹੀਂ, ਅਖੰਡ ਸ਼ਕਤੀ ਵਾਲਾ। ਲਖ—ਨਿਸ਼ਾਨ, ਚਿੰਨ੍ਹ। ਅਲੇਖ—ਜੋ ਬਿਆਨ ਨਾ ਕੀਤਾ ਜਾ ਸਕੇ। ਖਟ ਦਰਸਨ—ਛੇ ਭੇਖਾਂ ਦੇ ਸਾਧੂ (ਜੋਗ, ਜੰਗਮ, ਸਰੇਵੜੇ, ਸੰਨਿਆਸੀ, ਬੈਰਾਗੀ, ਬੋਧੀ)। ਚੰਦ੍ਰਾਇਣ ਵਰਤ—ਚੰਦ੍ਰਮਾਂ ਨਾਲ ਸੰਬੰਧ ਰਖਣ ਵਾਲੇ ਵਰਤ। ਸਾਰ—ਅਸਲੀਅਤ। ਨ ਪੇਖੀ—ਨਹੀਂ ਵੇਖਦੇ। ਮਾਰਗਿ—ਰਸਤੇ ਉਤੇ। ਤਿਨਿ—ਉਸ ਨੇ।੧੩।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦੀ ਕੁਝ ਜਾਣਕਾਰੀ ਕਰਾਉ ਤਾਂ ਕਿ ਉਸ ਨੂੰ ਪ੍ਰਾਪਤ ਕਰਨ ਦੀ ਸਾਡੇ ਅੰਦਰ ਭੀ ਇੱਛਾ ਉਤਪੰਨ ਹੋਵੇ ?

1. ਉ:—ਹੇ ਭਾਈ ! ਜਿਸ ਪ੍ਰਭੂ ਦਾ ਕੋਈ ਚਿੰਨ੍ਹ ਚੱਕ੍ਰ ਨਹੀਂ, ਜਿਸ ਦਾ ਕੋਈ ਸਰੂਪ ਨਹੀਂ ਬਿਆਨ ਕੀਤਾ ਜਾ ਸਕਦਾ, ਜੋ ਵਧਦਾ ਘਟਦਾ ਨਹੀਂ ਹੈ, ਉਸ ਦਾ ਭੇਤ (ਕਲਾ) ਨਹੀਂ ਪਾਇਆ ਜਾ ਸਕਦਾ।

ਪ੍ਰ:—ਕਿਉਂ ਜੀ ! ਵੇਖਣ ਵਿਚ ਆਉਂਦਾ ਹੈ ਕਿ ਲੋਕੀ ਕਈ ਤਰ੍ਹਾਂ ਦੇ ਭੇਖ ਧਾਰਨ ਕਰੀ ਫਿਰਦੇ ਹਨ, ਕੀ, ਇਨ੍ਹਾਂ ਵਿਚੋਂ ਕਿਸੇ ਨੂੰ ਉਸ ਦਾ ਮਿਲਾਪ ਹੋਵੇਗਾ ?

2. ਉ:—ਹੇ ਪਿਆਰੇ ! ਛੇ ਭੇਖਾਂ ਦੇ ਸਾਧੂ (ਵਿਅਰਥ) ਭਟਕਦੇ ਫਿਰਦੇ ਹਨ, (ਪਰ) ਉਹ ਪ੍ਰਭੂ ਕਿਸੇ ਭੇਖਾਂ ਦੇ ਰਾਹੀਂ ਨਹੀਂ ਮਿਲਦਾ।

3. ਹੇ ਭਾਈਓ ! (ਕਈ ਬੰਦੇ) ਚੰਦ੍ਰਾਇਣ ਵਰਤ ਰਖਦੇ ਹਨ, ਪਰ, ਉਨ੍ਹਾਂ ਦਾ (ਭੀ) ਕੋਈ ਲਾਭ ਨਹੀਂ, (ਉਹ ਕਿਸੇ ਗਿਣਤੀ ਵਿਚ ਨਹੀਂ);

4. ਹੇ ਪਿਆਰੇ ! ਜੋ ਲੋਕ ਸਾਰੇ ਦੇ ਸਾਰੇ ਵੇਦ ਪੜ੍ਹਦੇ ਹਨ, ਉਹ ਭੀ ਅਸਲੀਅਤ ਨੂੰ ਨਹੀਂ ਵੇਖ ਸਕਦੇ।

5. ਹੇ ਭਾਈ ! ਕਈ ਲੋਕ ਇਸ਼ਨਾਨ ਕਰ ਕ (ਮੱਥੇ ਉਤੇ) ਤਿਲਕ ਲਾਂਦੇ ਹਨ, ਪਰ ਉਨ੍ਹਾਂ ਦੇ ਮਨ ਵਿਚ (ਵਿਕਾਰਾਂ ਦੀ) ਕਾਲਖ ਹੁੰਦੀ ਹੈ, (ਜਿਸ ਕਰ ਕੇ) ਉਨ੍ਹਾਂ ਨੂੰ ਭੀ ਰੱਬ ਨਹੀਂ ਮਿਲਦਾ)।

ਪ੍ਰ:—ਕਿਉਂ ਜੀ ! ਆਖਰ ਮਿਲਾਪ ਕਿਵੇਂ ਹੋ ਸਕਦਾ ਹੈ ?

6. ਉ:—ਹੇ ਭਾਈਓ ! ਇਹ ਵਿਸ਼ਵਾਸ਼ ਰਖੋ ਕਿ, ਪ੍ਰਮਾਤਮਾਂ ਭੇਖਾਂ ਦੀ ਰਾਹੀਂ ਨਹੀਂ ਲਭਦਾ, (ਗੁਰੂ ਦੇ) ਸੱਚੇ ਉਪਦੇਸ਼ ਤੋਂ ਬਿਨਾ ਨਹੀਂ ਮਿਲਦਾ।

7. ਹੇ ਭਾਈ ! ਸੱਚ ਤਾਂ ਇਹੋ ਹੀ ਹੈ ਕਿ, ਜਿਸ ਮਨੁੱਖ ਦੇ ਮੱਥੇ ਉਤੇ ਧੁਰੋਂ (ਬਖਸ਼ਸ਼ ਦਾ ਲਿਖਿਆ) ਲੇਖ ਉੱਘੜ ਪਏ, ਉਹ (ਪਹਿਲਾਂ) ਕੁਰਾਹੇ ਪਿਆ ਹੋਇਆ (ਭੀ ਠੀਕ) ਰਸਤੇ ਤੇ ਆ ਜਾਂਦਾ ਹੈ।

8. ਹੇ ਭਾਈਓ ! ਇਉਂ ਹੀ ਜਾਣੋ ਕਿ, ਜਿਸ ਮਨੁੱਖ ਨੇ ਆਪਣੀ ਅੱਖੀਂ ਗੁਰੂ ਦਾ ਦਰਸ਼ਨ ਕਰ ਲਿਆ ਹੈ, ਉਸ ਨੇ ਆਪਣਾ ਜਨਮ ਸਫਲਾ ਕਰ ਲਿਆ ਹੈ।੧੩।

ਭਾਵਾਰਥ :—ਧਾਰਮਿਕ ਪਹਿਰਾਵੇ, ਵਰਤ, ਧਾਰਮਿਕ ਪੁਸਤਕਾਂ ਦੇ ਨਿਰੇ ਪਾਠ, ਤਿਲਕ ਇਨ੍ਹਾਂ ਦੇ ਆਸਰੇ ਪ੍ਰਮਾਤਮਾਂ ਨਾਲ ਮਿਲਾਪ ਨਹੀਂ ਹੁੰਦਾ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸੇ ਨੂੰ ਹੀ ਜੀਵਨ ਦਾ ਸਹੀ ਰਸਤਾ ਲੱਭਦਾ ਹੈ।

ਡਖਣੇ ਮ: ੫ ॥

1. **ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ ॥**
2. **ਕਾਰ ਕੂੜਾਵੀ ਛਡਿ ਸੰਮਲੁ ਸਚੁ ਧਣੀ ॥੧॥**

ਪਦ ਅਰਥ :—ਨਿਵਾਹੂ—ਤੋੜ ਨਿਬਾਹੁਣ ਵਾਲਾ, ਪੂਰਾ ਸਾਥ ਨਿਬਾਹੁਣ ਵਾਲਾ। ਗਡਿ—(ਹਿਰਦੇ ਵਿਚ) ਪੱਕਾ ਕਰ ਕੇ ਰੱਖ। ਚਲਾਊ—ਚਲਾ ਜਾਣ ਵਾਲਾ, ਸਾਥ ਛਡ ਜਾਣ ਵਾਲਾ। ਥੀਐ—ਹੋਵੈ। ਸੰਮਲੁ—ਸੰਭਾਲ ਕੇ (ਮਨ ਵਿਚ) ਰੱਖ। ਧਣੀ—ਮਾਲਕ।੧।

ਅਰਥ :—

ਪ੍ਰ:—ਹੇ ਗੁਰੋ ! ਸਾਡੇ ਮਨਾਂ ਵਿਚ ਤਾਂ ਅਨੇਕਾਂ ਹੀ ਤਰ੍ਹਾਂ ਦੇ ਪਦਾਰਥਾਂ ਦੀਆਂ ਵਾਸ਼ਨਾਂ ਖੁਭੀਆਂ ਹੋਈਆਂ ਹਨ, ਪਰ ਗੁਰਮਤਿ ਅਨੁਸਾਰ ਕਿਹੜੀ ਸ਼ੈ ਧਾਰਨ ਕਰਨ ਜੋਗ ਹੈ ?

1. ਉ:–ਹੇ ਭਾਈ ! ਜੋ (ਮਾਲਕ ਪ੍ਰਭੂ) ਸਾਥ ਛਡ ਜਾਣ ਵਾਲਾ ਨਹੀਂ ਹੈ, ਉਸ ਤੋੜ ਨਿਬਾਹੁਣ ਵਾਲੇ ਨੂੰ (ਹਿਰਦੇ ਵਿਚ) ਪੱਕਾ ਕਰ ਕੇ ਰੱਖ ।

2. ਹੇ ਭਾਈ ! ਉਸ ਸਦਾ ਥਿਰ ਰਹਿਣ ਵਾਲੇ ਮਾਲਕ ਨੂੰ (ਮਨ ਵਿਚ) ਸੰਭਾਲ ਕੇ ਰੱਖ, (ਜਿਹੜੀ ਕਾਰ ਉਸ ਦੀ ਯਾਦ ਨੂੰ ਭੁਲਾਵੇ ਉਸ) ਕੂੜੀ ਕਾਰ ਨੂੰ ਛਡ ਦੇਹ (ਭਾਵ, ਮਾਇਆ ਸੰਬੰਧੀ ਕਾਰ ਵਿਚ ਚਿੱਤ ਨੂੰ ਨਾ ਗੱਡ) ।

ਭਾਵਾਰਥ :–ਤੋੜ ਤਕ ਨਿਭਣ ਵਾਲਾ ਕੇਵਲ ਹਰੀ ਨੂੰ ਹੀ ਮੰਨਣਾ ਕਰ, ਜੋ ਕਿ ਹਰ ਇਕ ਵਿਚ ਵਿਆਪਕ ਹੈ, ਇਸੇ ਵਿਚ ਹੀ ਤੇਰਾ ਭਲਾ ਹੈ ।

ਮ: ੫ ॥

1. ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥
2. ਪਰਗਟੁ ਥੀਆ ਆਪਿ
ਨਾਨਕ ਮਸਤਕਿ ਲਿਖਿਆ ॥੨॥

ਪਦ ਅਰਥ :–ਹਭ–ਹਰ ਥਾਂ । ਘਟਾਊ–ਘੜਿਆਂ ਵਿਚ । ਮਸਤਕਿ–ਮੱਥੇ ਉਤੇ ।੨।

ਅਰਥ :–

ਪ੍ਰ.–ਸ੍ਰੀ ਜੀਉ ! ਉਸ ਪ੍ਰਭੂ ਦੀ ਜੋਤ ਨੂੰ ਕਿਵੇਂ ਵਿਆਪਕ ਜਾਣਿਆ ਜਾਏ, ਕੋਈ ਪ੍ਰਤਖ ਉਦਾਹਰਣ ਦੇ ਕੇ ਸਮਝਾਉ?

1. ਉ:–ਹੇ ਭਾਈਓ ! ਉਸ ਪ੍ਰਭੂ ਦੀ ਜੋਤ ਤਾਂ ਹਰ ਥਾਂ ਸਮਾਈ ਹੋਈ ਹੈ, (ਮੌਜੂਦ ਹੈ) ਜਿਵੇਂ ਕਿ, ਪਾਣੀ ਦੇ ਘੜਿਆਂ ਵਿਚ ਚੰਦ੍ਰਮਾਂ (ਦਾ ਪ੍ਰਤਿਬਿੰਬ) ਹੈ ।

ਪ੍ਰ:–ਕਿਉਂ ਜੀ ! ਉਸ ਦੇ ਦੀਦਾਰ ਕਿਉਂ ਨਹੀਂ ਹੁੰਦੇ ?

2. ਉ:–ਪਿਆਰੇ ! ਅਸਲ ਵਿਚ ਮਾਇਆ ਵੇੜ੍ਹੇ ਜੀਵ ਨੂੰ ਉਸ ਦੇ ਆਪਣੇ ਅੰਦਰ ਉਸ ਦਾ ਦੀਦਾਰ ਨਹੀਂ ਹੁੰਦਾ, ਪਰ, ਜਿਸ ਮਨੁੱਖ ਦੇ ਮੱਥੇ ਉਤੇ (ਪੂਰਬਲਾ) ਲਿਖਿਆ ਲੇਖ ਜਾਗਦਾ ਹੈ, ਉਸ ਦੇ ਅੰਦਰ ਪ੍ਰਭੂ ਦੀ ਜੋਤ ਪ੍ਰਤੱਖ ਪ੍ਰਗਟ ਹੋ ਪੈਂਦੀ ਹੈ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ।੨।

ਭਾਵਾਰਥ :–ਉਸ ਜੋਤੀ ਸਰੂਪ ਦੀ ਜੋਤ ਤਾਂ ਇਉਂ ਹੀ ਵਿਆਪਕ ਹੋ ਰਹੀ ਹੈ, ਜਿਵੇਂ ਕਿ ਹਰ ਘੜੇ ਦੇ ਪਾਣੀ ਵਿਚ ਚੰਦ੍ਰਮਾਂ ਵੇਖੀਦਾ ਹੈ, ਪਰ ਪ੍ਰਗਟ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਦੇ ਮਸਤਕ ਦੇ ਲਿਖੇ ਭਾਗ ਜਾਗਦੇ ਹਨ ।

ਮ: ੫ ॥

1. ਮੁਖ ਸੁਹਾਵੇ ਨਾਮੁ ਚਉ ਆਠ ਪਹਰ ਗੁਣ ਗਾਉ ॥
2. ਨਾਨਕ ਦਰਗਹ ਮੰਨੀਅਹਿ
ਮਿਲੀ ਨਿਥਾਵੇ ਥਾਉ ॥੩॥

ਪਦ ਅਰਥ –ਸੁਹਾਵੇ–ਸੋਹਣੇ । ਚਉ–ਉਚਾਰ (ਕੇ)। ਮੰਨੀਅਹਿ–ਆਦਰ ਪ੍ਰਾਪਤ ਕਰਦੇ ਹਨ ।੩।

ਅਰਥ :–

ਪ੍ਰ:–ਸ੍ਰੀ ਜੀਉ ! ਗੁਰਮਤਿ ਅਨੁਸਾਰ ਸੁਹਾਵਣੇ ਮੂੰਹ ਕਿਨ੍ਹਾਂ ਦੇ ਮੰਨੇ ਜਾਂਦੇ ਹਨ ?

1. ਉ:–ਹੇ ਭਾਈਓ ! ਜੋ ਮਨੁੱਖ ਪ੍ਰਭੂ ਦਾ ਨਾਮ ਸਿਮਰਦੇ ਹਨ ਅਤੇ ਜੋ ਅੱਠੇ ਪਹਿਰ ਪ੍ਰਭੂ ਦੀ ਸਿਫਤ ਸਲਾਹ ਕਰਦੇ ਹਨ, ਉਨ੍ਹਾਂ ਦੇ ਹੀ ਮੂੰਹ ਸੋਹਣੇ (ਦਿਸਦੇ) ਹਨ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਅਜਿਹੇ (ਭਾਗਾਂ ਵਾਲੇ) ਬੰਦੇ ਪ੍ਰਭੂ ਦੀ ਦਰਗਾਹ ਵਿਚ ਭੀ ਮਾਣ ਪਾਂਦੇ ਹਨ । (ਹੇ ਪਿਆਰੇ) ਜਿਸ ਮਨੁੱਖ ਨੂੰ (ਪਹਿਲੋਂ) ਕਿਤੇ ਭੀ ਆਸਰਾ ਨਹੀਂ ਸੀ ਮਿਲਦਾ, (ਨਾਮ ਦੀ ਬਰਕਤ ਨਾਲ) ਉਸ ਨੂੰ (ਹਰ ਥਾਂ) ਆਦਰ ਮਿਲਦਾ ਹੈ ।੩।

ਭਾਵਾਰਥ :–ਅੱਠੇ ਪਹਿਰ ਪ੍ਰਭੂ ਦੇ ਨਾਮ ਸਿਮਰਨ ਦੀ ਬਰਕਤ ਨਾਲ ਮਨੁੱਖ ਨੂੰ ਲੋਕ ਪ੍ਰਲੋਕ ਵਿਚ ਮਾਣ ਆਦਰ ਮਿਲਦਾ ਹੈ, ਉਨ੍ਹਾਂ ਦੇ ਹੀ ਮੁਖ ਸੁਹਾਵਣੇ ਹਨ ।

ਪਉੜੀ ॥

1. ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰਜਾਮੀ ॥
2. ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥
3. ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ ॥
4. ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ ਦਾਮੀ॥
5. ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ॥
6. ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ ॥
7. ਕਰਮੁ ਖੁਲਾ ਗੁਰੁ ਪਾਇਆ
ਹਰਿ ਮਿਲਿਆ ਸੁਆਮੀ ॥
8. ਜੋ ਜਨੁ ਹਰਿ ਕਾ ਸੇਵਕੋ
ਹਰਿ ਤਿਸ ਕੀ ਕਾਮੀ ॥੧੪॥

ਪਦ ਅਰਥ :–ਬਾਹਰ ਭੇਖਿ–ਬਾਹਰਲੇ ਭੇਖਾਂ ਨਾਲ । ਅੰਤਰਜਾਮੀ–ਦਿਲ ਦੀ ਜਾਨਣ ਵਾਲਾ । ਬਾਹਰੀ–ਬਿਨਾ। ਨਿਕਾਮੀ–ਨਿਕੰਮੀ, ਵਿਅਰਥ । ਗਰਬਿ–ਅਹੰਕਾਰ ਵਿਚ। ਫਿਰਾਮੀ–ਫਿਰਦੀ ਹੈ। ਗੁਮਾਨੀ–ਅਹੰਕਾਰੀ । ਗਰਬਹਿ–ਅਹੰਕਾਰ ਕਰਦੇ ਹਨ । ਦਾਮੀ–ਪੈਸੇ ਵਾਲੇ, ਮਾਇਆ ਧਾਰੀ । ਬਿਲਾਮੀ–ਬਿਲਮ, ਦੇਰ, ਚਿਰ । ਹੁਕਾਮੀ–ਹੁਕਮ ਵਿਚ, ਹੁਕਮ ਅਨੁਸਾਰ । ਕਰਮੁ–ਬਖਸ਼ਸ਼ । ਕਾਮੀ–ਕੰਮ ਆਉਂਦਾ ਹੈ । ਤਿਸ ਕੀ ਕਾਮੀ–ਉਸ ਦੇ ਕੰਮ ਆਉਂਦਾ ਹੈ, ਉਸ ਦਾ ਕੰਮ ਸਵਾਰਦਾ ਹੈ ।੧੪।

ਅਰਥ :–

ਪ੍ਰ:–ਗੁਰਦੇਵ ਜੀਉ ! ਜਗਤ ਵਿਚ ਤਾਂ ਅਨੇਕਾਂ ਹੀ ਤਰ੍ਹਾਂ ਦੇ ਭੇਖਾ ਧਾਰੀ ਲੋਕ ਵੇਖਣ ਵਿਚ ਆਉਂਦੇ ਹਨ, ਪਰ, ਉਹ ਕਿਹੜਾ ਭੇਖ ਹੈ, ਜਿਸ ਉਤੇ ਉਸ ਪ੍ਰਭੂ ਦੀ ਪ੍ਰਸੰਨਤਾ ਹੋ ਸਕਦੀ ਹੈ ?

1. ਉ.—ਹੇ ਭਾਈ ! ਸੱਚ ਤਾਂ ਇਹੋ ਹੀ ਹੈ ਕਿ, ਰੱਬ ਬਾਹਰਲੇ ਭੇਖਾਂ ਨਾਲ ਨਹੀਂ ਮਿਲਦਾ, (ਕਿਉਂਕਿ) ਉਹ ਹਰੇਕ ਦੇ ਦਿਲ ਦੀ ਜਾਣਦਾ ਹੈ ।

2. ਹੇ ਪਿਆਰੇ ! ਮੈਂ ਤਾਂ ਵੇਖਦਾ ਹਾਂ ਕਿ, ਇਕ ਰੱਬ ਦੇ ਮਿਲਾਪ ਤੋਂ ਬਿਨਾ ਸਾਰੀ ਸ੍ਰਿਸ਼ਟੀ (ਹੀ) ਵਿਅਰਥ ਵਿਚਰਦੀ ਹੈ ।

3. ਹੇ ਭਾਈਓ ! ਜਿਨ੍ਹਾਂ ਬੰਦਿਆਂ ਦਾ ਮਨ ਪਰਵਾਰ ਦੇ ਮੋਹ ਵਿਚ ਰੰਗਿਆ ਰਹਿੰਦਾ ਹੈ, ਉਹ ਸਦਾ ਅਹੰਕਾਰ ਵਿਚ ਹੀ ਫਿਰਦੇ ਹਨ ।

4. ਹੇ ਭਾਈ ! ਮਾਇਆ ਧਾਰੀ ਬੰਦੇ ਜਗਤ ਵਿਚ ਆਕੜ ਆਕੜ ਕੇ ਚਲਦੇ ਹਨ, ਪਰ ਉਨ੍ਹਾਂ ਦਾ ਅਹੰਕਾਰ ਕਿਸੇ (ਭੀ) ਅਰਥ ਨਹੀਂ ।

ਪ੍ਰ:—ਸ੍ਰੀ ਜੀਉ ! ਆਪ ਜੀ ਮਾਇਆ ਧਾਰੀਆਂ ਦੇ ਮਾਣ ਤਾਣ ਨੂੰ ਵਿਅਰਥ ਕਹਿੰਦੇ ਹੋ, ਪਰ ਜਗਤ ਵਿਚ ਤਾਂ ਮਾਣ ਤਾਣ ਮਾਇਆ ਧਾਰੀਆਂ ਦਾ ਹੀ ਹੁੰਦਾ ਵੇਖੀ ਦਾ ਹੈ ?

5. ਉ:—ਹੇ ਪਿਆਰਿਓ ! ਅਸੀਂ ਮਾਇਆ ਧਾਰੀਆਂ ਦੇ ਹੋ ਰਹੇ ਮਾਣ ਤਾਣ ਨੂੰ ਇਸ ਲਈ ਵਿਅਰਥ ਕਹਿੰਦੇ ਹਾਂ ਕਿ. ਇਸ ਜਗਤ ਤੋਂ ਤੁਰਨ ਵੇਲੇ ਮਾਇਆ ਜੀਵ ਦੇ ਨਾਲ ਨਹੀਂ ਜਾਂਦੀ, ਖਿਨ ਪਲ ਵਿਚ ਹੀ ਸਾਥ ਛਡ ਜਾਂਦੀ ਹੈ ।

6. ਹੇ ਭਾਈ ! ਅਜਿਹੇ ਬੰਦੇ ਪ੍ਰਮਾਤਮਾਂ ਦੀ ਰਜ਼ਾ ਅਨੁਸਾਰ ਸੰਸਾਰ ਵਿਚ (ਵਿਅਰਥ ਹੀ) ਜੀਵਨ ਗੁਜ਼ਾਰ ਜਾਂਦੇ ਹਨ ।

ਪ੍ਰ:—ਕਿਉਂ ਜੀ ! ਆਖਰ, ਉਸ ਮਾਲਕ ਦੀ ਪ੍ਰਾਪਤੀ ਕਿਸ ਨੂੰ ਹੁੰਦੀ ਹੈ ?

7. ਉ—ਹੇ ਪਿਆਰੇ ! ਜਿਸ ਮਨੁੱਖ ਉਤੇ ਪ੍ਰਭੂ ਦੀ ਮੇਹਰ ਦਾ ਦਰਵਾਜ਼ਾ ਖੁਲ੍ਹਦਾ ਹੈ ਉਸ ਨੂੰ ਗੁਰੂ ਦਾ ਮਿਲਾਪ ਹੁੰਦਾ ਹੈ (ਗੁਰੂ ਦੀ ਰਾਹੀਂ) ਉਸ ਨੂੰ ਮਾਲਕ ਪ੍ਰਭੂ ਮਿਲ ਪੈਂਦਾ ਹੈ ।

8. ਹੇ ਭਾਈ ! ਜੋ ਮਨੁੱਖ ਪ੍ਰਭੂ ਦਾ ਸੇਵਕ ਬਣ ਜਾਂਦਾ ਹੈ, ਹਰੀ ਉਸ ਦੇ ਕੰਮ ਆਉਂਦਾ ਹੈ, ਪ੍ਰਭੂ ਉਸ ਦਾ ਕੰਮ ਸਵਾਰਦਾ ਹੈ ।੧੪।

ਭਾਵਾਰਥ :—ਬਾਹਰਲੇ ਧਾਰਮਿਕ ਪਹਿਰਾਵਿਆਂ ਦੀ ਰਾਹੀਂ ਪ੍ਰਮਾਤਮਾਂ ਨਹੀਂ ਮਿਲਦਾ, ਕਿਉਂਕਿ, ਉਹ ਤਾਂ ਹਰੇਕ ਦੇ ਦਿਲ ਨੂੰ ਜਾਣਦਾ ਹੈ । ਦੂਜੇ ਪਾਸੇ ਧਨ ਆਦਿਕ ਦਾ ਮਾਣ ਕਰਨਾ ਭੀ ਮੂਰਖਤਾ ਹੈ, ਕਿਉਂਕਿ, ਇਹ ਤਾਂ ਜਗਤ ਤੋਂ ਤੁਰਨ ਵੇਲੇ ਇਥੇ ਹੀ ਰਹਿ ਜਾਂਦਾ ਹੈ, ਜਿਸ ਮਨੁੱਖ ਉਤੇ ਪ੍ਰਮਾਤਮਾਂ ਦੀ ਮੇਹਰ ਦਾ ਦਰਵਾਜ਼ਾ ਖੁਲ੍ਹਦਾ ਹੈ ਉਸ ਨੂੰ ਗੁਰੂ ਮਿਲਦਾ ਹੈ ਤੇ ਗੁਰੂ ਰਾਹੀਂ ਉਹ ਮਨੁੱਖ ਪ੍ਰਭੂ ਚਰਨਾਂ ਵਿਚ ਜੁੜਦਾ ਹੈ ।

ਡਖਣੇ ਮ: ੫ ॥

1. ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ ॥
2.ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ॥੧॥

ਪਦ ਅਰਥ :—ਅਲਾਏ—ਉਚਾਰਦਾ ਹੈ, ਆਖਦਾ ਹੈ । ਹਭ—ਸਾਰੀ (ਸ੍ਰਿਸ਼ਟੀ) । ਕੋਇ—ਕੋਈ ਵਿਰਲਾ । ਖਾਕੁ—ਚਰਣ ਧੂੜ । ਯਕੀਨ—ਪ੍ਰਤੀਤ, ਸ਼ਰਧਾ । ਹਿਕ—ਇਕ ।੧।

ਅਰਥ :—

ਪ੍ਰ:—ਸ੍ਰੀ ਜੀਉ ! ਹਰ ਬੰਦੇ ਤੋਂ ਇਹੋ ਹੀ ਸੁਣੀ ਦਾ ਹੈ, ਹੇ ਭਾਈਓ ! ਮੌਤ ਤਾਂ ਹਰ ਇਕ ਦੇ ਸਿਰ ਤੇ ਖਲੋਤੀ ਹੈ, ਪਤਾ ਨਹੀਂ ਇਸ ਨੇ ਸਰੀਰ ਵਿਚੋਂ ਜੀਵਾਤਮਾਂ ਨੂੰ ਕਦੋਂ ਕਢ ਲੈਣਾ ਹੈ, ਕੀ ਇਹ ਉਨ੍ਹਾਂ ਲੋਕਾਂ ਦਾ ਸਹੀ ਨਿਸਚਾ ਭੀ ਹੁੰਦਾ ਹੈ ?

1. ਉ:—ਹੇ ਭਾਈਓ ! ਕਹਿਣ ਮਾਤ੍ਰ ਤਾਂ ਸਾਰੀ ਸ੍ਰਿਸ਼ਟੀ ਹੀ ਮੂੰਹ ਨਾਲ (ਇਹੋ ਹੀ) ਆਖਦੀ ਹੈ ਕਿ, ਮੌਤ (ਸਿਰ ਉਤੇ ਖੜੀ ਹੈ), ਪਰ ਕੋਈ ਵਿਰਲਾ ਬੰਦਾ (ਇਹ ਗਲ ਯਕੀਨ ਨਾਲ) ਸਮਝਦਾ ਹੈ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਤਾਂ ਉਨ੍ਹਾਂ (ਹੀ ਗੁਰਮੁਖਾਂ) ਦੀ ਚਰਨ ਧੂੜ (ਮੰਗਦਾ) ਹਾਂ ਜੋ (ਮੌਤ ਨੂੰ ਸੱਚ ਜਾਣ ਕੇ) ਇਕ ਪ੍ਰਮਾਤਮਾਂ ਨਾਲ ਸੰਬੰਧ ਜੋੜਦੇ ਹਨ ।੧।

ਭਾਵਾਰਥ :—ਮੌਤ ਦਾ ਜ਼ੁਬਾਨੀ ਜ਼ੁਬਾਨੀ ਕਹਿੰਦੇ ਰਹਿਣ ਨਾਲ ਹੀ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ ਜਿਤਨਾ ਚਿਰ ਇਸ ਕਹਿਣ ਨੂੰ ਸਹੀ ਰੂਪ ਵਿਚ ਨਹੀਂ ਵਰਤਦਾ, ਪਰ ਜੋ ਇਸ ਨੂੰ ਸਹੀ ਨਿਸਚੇ ਰੂਪ ਵਿਚ ਵਰਤਦਾ ਹੈ, ਉਸੇ ਦਾ ਸੱਚ ਸਰੂਪ ਨਾਲ ਸੰਬੰਧ ਜੁੜਦਾ ਹੈ ।

ਮ: ੫ ॥

1. ਜਾਣੁ ਵਸੰਦੋ ਮੰਝਿ ਪਛਾਣੂ ਕੋ ਹੇਕੜੋ ॥
2.ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ॥੨॥

ਪਦ ਅਰਥ :—ਜਾਣੁ—ਅੰਤਰਜਾਮੀ । ਮੰਝਿ—(ਹਰੇਕ ਜੀਵ ਦੇ) ਅੰਦਰ । ਕੋ ਹੇਕੜੋ—ਕੋਈ ਵਿਰਲਾ ਇਕ । ਤੈ ਤਨਿ—ਉਸ ਮਨੁੱਖ ਦੇ ਸਰੀਰ ਵਿਚ । ਪੜਦਾ—ਪ੍ਰਮੇਸ਼ਰ ਨਾਲੋਂ ਵਿੱਥ । ਜੈ—ਜਿਸ ਨੂੰ । ਭੇਟਿਆ—ਮਿਲਿਆ ।੨।

ਅਰਥ :—

ਪ੍ਰ:—ਕਿਉਂ ਜੀ ! ਕੀ, ਉਸ ਪ੍ਰਮਾਤਮਾਂ ਦੇ ਵਸਣ ਲਈ ਕੋਈ ਖਾਸ ਅਸਥਾਨ ਹੈ ?

1. ਉ:—ਹੇ ਪਿਆਰੇ ! ਉਂਞ ਤਾਂ ਉਹ ਅੰਤਰਜਾਮੀ ਪ੍ਰਮਾਤਮਾਂ (ਹਰੇਕ ਜੀਵ ਦੇ) ਅੰਦਰ (ਹੀ) ਵਸਦਾ ਹੈ, ਪਰ, ਇਸ ਭੇਤ ਨੂੰ ਕੋਈ ਵਿਰਲਾ ਬੰਦਾ ਹੀ ਸਮਝਦਾ ਹੈ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਸ ਦੇ ਹਿਰਦੇ ਵਿਚ (ਸਰੀਰ ਵਿਚ ਪ੍ਰਮਾਤਮਾਂ ਨਾਲੋਂ) ਵਿਥ ਨਹੀਂ ਰਹਿ ਜਾਂਦੀ (ਤੇ ਉਹ ਪ੍ਰਮਾਤਮਾਂ ਨੂੰ ਆਪਣੇ ਅੰਦਰ ਵੇਖ ਲੈਂਦਾ ਹੈ) ।੨।

ਭਾਵਾਰਥ :—ਉਹ ਅੰਤਰਜਾਮੀ ਪ੍ਰਮੇਸ਼ਰ ਤਾਂ ਹਰ

ਜੀਵ ਦੇ ਹਰ ਅੰਗ ਵਿਚ ਹੀ ਨਿਵਾਸ ਰਖਦਾ ਹੈ, ਪਰ, ਇਹ ਭੇਤ ਗੁਰੂ ਦੀ ਬਖਸ਼ਿਸ਼ ਨਾਲ ਹੀ ਸਮਝਿਆ ਜਾ ਸਕਦਾ ਹੈ।

ਮ: ੫ ॥

1. **ਮਤੜੀ ਕਾਂਢ ਕੁਆਹ ਪਾਵ ਧੋਵੰਦੋ ਪੀਵਸਾ ॥**
2. **ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ ॥੩॥**

ਪਦ ਅਰਥ :—ਕੁਆਹ—ਭੈੜੀ, ਖੋਟੀ (ਕੁਲਾਹ), ਘਾਟੇ ਵਾਲੀ। ਮਤੜੀ—ਕੋਝੀ ਮਤ। ਕਾਂਢ—ਕੱਢਣ ਵਾਲਾ। ਕਾਂਢ ਪਾਵ—ਕੱਢਣ ਵਾਲੇ ਦੇ ਪੈਰ। ਮੂ ਤਨਿ—ਮੇਰੇ ਸਰੀਰ ਵਿਚ, ਮੇਰੇ ਹਿਰਦੇ ਵਿਚ। ਅਥਾਹ—ਬੇਅੰਤ। ਪਸਣ ਕੂ—ਵੇਖਣ ਲਈ। ਧਣੀ ਮਾਲਕ।੩।

ਅਰਥ :—

ਪ੍ਰ:—ਸ੍ਰੀ ਜੀਉ ! ਆਪ ਜੀ ਦੇ ਅੰਤਰ ਆਤਮੇਂ ਵਧੇਰੇ ਸੱਧਰ ਕੀ ਬਣੀ ਰਹਿੰਦੀ ਹੈ ?

1. **ਉ**:—ਹੇ ਭਾਈਓ ! ਮੈਨੂੰ ਤਾਂ ਹਰ ਵਕਤ ਮੇਰੀ ਖੋਟੀ ਮਤ ਮੇਰੇ ਸਾਈਆਂ ਜੀ ਦੇ ਦਰਸ਼ਨ ਦੇ ਰਸਤੇ ਵਿਚ ਵਿਘਨ ਪਾਂਦੀ ਹੈ ਸੋ ਮੈਂ ਤਾਂ ਚਾਹੁੰਦਾ ਹਾਂ ਕਿ, ਜਿਹੜਾ ਮਨੁੱਖ ਮੇਰੀ ਇਸ ਖੋਟੀ ਮਤ ਨੂੰ (ਮੇਰੇ ਅੰਦਰੋਂ) ਕਢ ਦੇਵੇ, ਮੈਂ ਉਸ ਦੇ ਪੈਰ ਧੋ ਧੋ ਕੇ ਪੀਵਾਂਗਾ।
2. (ਕਿਉਂਕਿ) ਉਸ ਸਦਾ ਕਾਇਮ ਰਹਿਣ ਵਾਲੇ ਮਾਲਕ ਦੇ ਦਰਸ਼ਨ ਕਰਨ ਵਾਸਤੇ ਮੇਰੇ ਹਿਰਦੇ ਵਿਚ ਅਥਾਹ ਪ੍ਰੇਮ ਹੈ।੩।

ਭਾਵਾਰਥ :—ਪ੍ਰਭੂ ਤਾਂ ਭਾਵੇਂ ਹਰ ਹਿਰਦੇ ਵਿਚ ਹੀ ਨਿਵਾਸ ਕਰਦਾ ਹੈ, ਪਰ ਉਸ ਦੇ ਦੀਦਾਰ ਹੋਣ ਵਿਚ ਇਕ ਖੋਟੀ ਮਤਿ ਹੀ ਰੋਕ ਪਾਉਂਦੀ ਹੈ, ਜੋ ਕਿਸੇ ਰੱਬੀ ਪਿਆਰੇ ਦੇ ਉਪਕਾਰ ਦਾ ਸਦਕਾ ਦੂਰ ਹੋ ਸਕਦੀ ਹੈ।

ਪਉੜੀ ॥

1. **ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ॥**
2. **ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥**
3. **ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥**
4. **ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥**
5. **ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥**
6. **ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥**
7. **ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥**
8. **ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ॥੧੫॥**

ਪਦ ਅਰਥ :—ਰਚਾ—ਖਚਿਤ, ਮਸਤ। ਨਚਾ—ਨਚਦਾ, ਭਟਕਦਾ ਫਿਰਦਾ ਹੈ। ਤੈ—ਅਤੇ। ਥੋਥਾ—ਖਾਲੀ। ਕੂੜਿਆਰੁ—ਝੂਠਾ। ਖਚਾ—ਗੱਪ। ਪਾਤਿਸਾਹਿ—ਪਾਤਿਸ਼ਾਹ ਨੇ। ਵੇਖਿ—ਵੇਖ ਕੇ। ਕਰਮਚਾ—ਕਰਮ, ਕੀਤੇ ਕੰਮ। ਹੇਰਿਆ—ਤਕਿਆ। ਜਮਦੂਤੀ—ਜਮਦੂਤਾਂ ਨੇ। ਪਚਾ-ਖੁਆਰ ਹੁੰਦਾ। ਤੁਪਾਵਸੁ—ਨਿਆਉ। ਦਰਿ—ਦਰ ਤੇ।੧੫।

ਅਰਥ :—

ਪ੍ਰ:—ਸ੍ਰੀ ਜੀਉ ! ਉਹ ਅਜਿਹਾ ਕਿਹੜਾ ਦੋਸ਼ ਹੈ, ਜੋ ਮਨੁੱਖ ਨੂੰ ਸਦਾ ਹੀ ਜਨਮ ਮਰਨ ਦੇ ਗੇੜ ਵਿਚ ਪਾਈ ਰਖਦਾ ਹੈ ?

1. **ਉ**:—ਹੇ ਪਿਆਰੇ ! ਜਿਸ ਮਨੁੱਖ ਨੇ ਨਿਰਭਉ ਪ੍ਰਭੂ ਦਾ ਨਾਮ ਭੁਲਾ ਦਿਤਾ ਹੈ ਅਤੇ ਜੋ (ਸਦਾ) ਮਾਇਆ ਵਿਚ ਹੀ ਮਸਤ ਰਹਿੰਦਾ ਹੈ।
2. ਉਹ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ ਅਤੇ ਉਹ ਅਨੇਕਾਂ ਹੀ ਜੂਨਾਂ ਵਿਚ ਭਟਕਦਾ ਰਹਿੰਦਾ ਹੈ।

ਪ੍ਰ:—ਕਿਉਂ ਜੀ ! ਮਾਇਆ ਵਿਚ ਖਚਤ ਰਹਿਣ ਵਾਲੇ ਮਨੁੱਖ ਦੀ ਪਛਾਣ ਕੀ ਹੈ ?

3. **ਉ**:—ਹੇ ਭਾਈ ! ਉਸ ਦੀ ਇਹੋ ਹੀ ਪਛਾਣ ਹੈ ਕਿ ਉਹ ਮਾਇਆ ਵਿਚ ਮਸਤ ਮਨੁੱਖ ਜੇ ਕੋਈ ਬਚਨ ਭੀ ਕਰਦਾ ਹੈ ਤਾਂ (ਉਹ) ਉਸ ਤੋਂ ਫਿਰ ਜਾਂਦਾ ਹੈ ਤੇ ਸਦਾ ਝੂਠੀ ਗਲ ਹੀ ਕਰਦਾ ਹੈ।
4. ਐ ਪਿਆਰੇ ! ਉਹ ਝੂਠਾ ਆਪਣੇ ਮਨ ਵਿਚੋਂ ਖਾਲੀ ਹੁੰਦਾ ਹੈ (ਉਸ ਦੀ ਨੀਯਤ ਪਹਿਲਾਂ ਹੀ ਮਾੜੀ ਹੁੰਦੀ ਹੈ, ਇਸ ਵਾਸਤੇ ਉਸ ਦੀ ਹਰੇਕ ਗੱਲ ਝੂਠੀ ਹੁੰਦੀ ਹੈ, ਗੱਪ ਹੁੰਦੀ ਹੈ।
5. ਹੇ ਭਾਈ ! ਅਜਿਹਾ ਬੰਦਾ ਝੂਠੇ ਲਾਲਚ ਵਿਚ ਫਸ ਕੇ ਨਿਰਵੈਰ ਬੰਦੇ ਨਾਲ ਭੀ ਵੈਰ ਕਮਾ ਲੈਂਦਾ ਹੈ।
6. ਮੁਢ ਤੋਂ ਹੀ ਉਸ ਲਾਲਚੀ ਦੇ ਕੰਮਾਂ ਨੂੰ ਵੇਖ ਕੇ ਸਦਾ ਥਿਰ ਰਹਿਣ ਵਾਲੇ ਪ੍ਰਭੂ ਪਾਤਸ਼ਾਹ ਨੇ (ਉਸ ਦੀ ਜਮੀਰ ਨੂੰ) ਮਾਰ ਦਿਤਾ ਹੋਇਆ ਹੈ।
7. ਹੇ ਭਾਈਓ ! ਅਜਿਹਾ ਬੰਦਾ ਸਦਾ ਹੀ ਜਮਦੂਤਾਂ ਦੀ ਤੱਕ ਵਿਚ ਰਹਿੰਦਾ ਹੈ, ਦੁਖਾਂ ਵਿਚ ਹੀ ਖੁਆਰ ਹੁੰਦਾ ਹੈ।
8. (ਗੁਰੂ) ਨਾਨਕ ਦੇਵ ਜੀ ਕਥਨ ਕਰਦੇ ਹਨ ਕਿ, ਹੇ ਭਾਈਓ ! ਉਸ ਸੱਚੇ ਪ੍ਰਭੂ ਦੇ ਦਰ ਤੇ (ਤਾਂ) ਧਰਮ ਦਾ (ਹੀ) ਇਨਸਾਫ ਹੁੰਦਾ ਹੈ।੧੫।

ਭਾਵਾਰਥ :—ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਪ੍ਰਮਾਤਮਾਂ ਦੀ ਯਾਦ ਤੋਂ ਖੁੰਝਿਆ ਰਹਿੰਦਾ ਹੈ, ਮਾਇਆ ਦੀ ਖਾਤਰ ਉਹ ਜ਼ਬਾਨ ਦਾ ਭੀ ਕੱਚਾ ਹੁੰਦਾ ਹੈ, ਅਜਿਹਾ ਮਨੁੱਖ ਆਤਮਕ ਮੌਤੇ ਮਰਿਆ ਰਹਿੰਦਾ ਹੈ ਤੇ ਲੋਕ ਪ੍ਰਲੋਕ ਦੋਵੇਂ ਗਵਾ ਲੈਂਦਾ ਹੈ।

ਡਖਣੇ ਮ: ੫ ॥

1. **ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ॥**
2. **ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ॥੧॥**

ਪਦ ਅਰਥ:—ਪ੍ਰਭ ਨਾਮੁ—ਪ੍ਰਭੂ ਦਾ ਨਾਮ। ਧਿਆਇ—ਧਿਆਨ ਧਰ।੧।

ਅਰਥ :—

ਪ੍ਰ:—ਹੇ ਗੁਰਦੇਵ ਜੀਉ ! ਮੈਨੂੰ ਨਿਤ ਕਿਰਿਆ ਕੀ ਕਰਦੇ

ਰਹਿਣਾ ਚਾਹੀਦਾ ਹੈ ?

1. ਉ:—ਹੇ ਪਿਆਰੇ! ਉੱਤਮ ਕਿਰਿਆ ਤਾਂ ਇਹੋ ਹੀ ਹੈ ਕਿ, ਅੰਮ੍ਰਿਤ ਵੇਲੇ ਉੱਠਕੇ ਪ੍ਰਭੂ ਦਾ ਨਾਮ ਸਿਮਰ (ਦਾ ਰਹੁ) ਅਤੇ ਆਪਣੇ ਗੁਰੂ ਦੇ ਚਰਨਾਂ ਦਾ ਧਿਆਨ ਧਰ, (ਭਾਵ ਪ੍ਰਭੂ ਦੇ ਨਾਮ ਵਿਚ ਜੋੜਨ ਵਾਲੇ ਗੁਰੂ ਦਾ ਆਦਰ ਸਤਿਕਾਰ ਪੂਰੀ ਨਿਮ੍ਰਤਾ ਹਲੀਮੀ ਨਾਲ ਆਪਣੇ ਹਿਰਦੇ ਵਿਚ ਟਿਕਾ)।

ਪ੍ਰ:—ਸ੍ਰੀ ਜੀਉ! ਮਨ ਨੂੰ ਵਿਕਾਰਾਂ ਦੀ ਮੈਲ ਨੇ ਅਤਿਅੰਤ ਹੀ ਮਲੀਨ ਕਰ ਰਖਿਆ ਹੈ, ਇਸ ਨੂੰ ਲਾਹੁਣ ਲਈ ਕੀ ਉਪਚਾਰ ਕਰਨਾ ਚਾਹੀਦਾ ਹੈ ?

2. ਉ:—ਹੇ ਭਾਈ! ਇਸ ਦਾ ਇਕੋ ਹੀ ਇਲਾਜ ਹੈ ਕਿ, ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫ਼ਤ ਸਲਾਹ ਕੀਤਿਆਂ ਜਨਮ ਮਰਣ ਦੇ ਗੇੜ ਵਿਚ ਪਾਣ ਵਾਲੀ ਵਿਕਾਰਾਂ ਦੀ ਮੈਲ ਮਨ ਤੋਂ ਉੱਤਰ ਜਾਂਦੀ ਹੈ।੧।

ਭਾਵਾਰਥ :—ਵਿਕਾਰਾਂ ਦੀ ਮਲੀਨਤਾ ਜੋ ਮਨ ਨੂੰ ਸਦਾ ਹੀ ਮੈਲਾ ਰਖਦੀ ਹੈ ਇਸ ਨੂੰ ਲਾਹੁਣ ਦਾ ਇਕੋ ਹੀ ਸਾਧਨ ਅੰਮ੍ਰਿਤ ਵੇਲੇ ਉਠ ਕੇ ਨਾਮ ਦਾ ਸਿਮਰਨ ਕਰਦੇ ਰਹਿਣਾ ਹੈ।

ਮ: ੫ ॥

1. ਦੇਹ ਅੰਧਾਰੀ ਅੰਧੁ ਸੁੰਞੀ ਨਾਮ ਵਿਹੂਣੀਆ ॥
2.ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ॥੨॥

ਪਦ ਅਰਥ :—ਦੇਹ—ਕਾਇਆਂ। ਅੰਧੁ ਅੰਧਾਰੀ—ਪੂਰਨ ਤੌਰ ਤੇ ਅੰਨ੍ਹੀ। ਸੁੰਞੀ—ਆਤਮਕ ਜੀਵਨ ਤੋਂ ਸੱਖਣੀ। ਜੈ ਘਟਿ—ਜਿਸ ਮਨੁੱਖ ਦੇ ਹਿਰਦੇ ਵਿਚ। ਸਚੁ—ਸਦਾ ਥਿਰ। ਵੁਠਾ—ਆ ਵਸਿਆ।੨।

ਅਰਥ :—

ਪ੍ਰ:—ਸ੍ਰੀ ਜੀਉ! ਸਰੀਰ ਤਾਂ ਭਾਵੇਂ ਵੇਖਣ ਵਿਚ ਸਭ ਦੇ ਸਮਾਨ ਹੀ ਨਜ਼ਰ ਆਉਂਦੇ ਹਨ, ਪਰ, ਗੁਰਮਤਿ ਅਨੁਸਾਰ ਵਿਅਰਥ ਅਤੇ ਸਫਲਾ ਕਿਸ ਦਾ ਮੰਨਿਆ ਗਿਆ ਹੈ ?

1. ਉ:—ਹੇ ਭਾਈ! ਅਸਲ ਵਿਚ ਜੋ ਨਾਮ ਵਲੋਂ ਖੁੰਝਿਆ ਸਰੀਰ ਹੈ ਉਹ (ਆਤਮਕ ਜੀਵਨ ਵਲੋਂ) ਸਖਣਾ ਰਹਿੰਦਾ ਹੈ, ਪੂਰਨ ਤੌਰ ਤੇ ਆਤਮਕ ਜੀਵਨ ਦੀ ਸੂਝ ਵਲੋਂ ਅੰਨ੍ਹਾਂ ਹੋ ਜਾਂਦਾ ਹੈ, ਭਾਵ, ਉਸ ਦੇ ਸਾਰੇ ਗਿਆਨ ਇੰਦ੍ਰੇ ਸੁਚੱਜੀ ਵਰਤੋਂ ਵਲੋਂ ਅੰਨ੍ਹੇ ਹੋ ਕੇ ਵਿਕਾਰਾਂ ਵਿਚ ਪ੍ਰਵਿਰਤ ਹੋਏ ਰਹਿੰਦੇ ਹਨ, ਜਿਸ ਕਰ ਕੇ ਉਸ ਦਾ ਸਰੀਰ ਵਿਅਰਥ ਸਮਝਿਆ ਜਾਂਦਾ ਹੈ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਸ ਮਨੁੱਖ ਦੇ ਹਿਰਦੇ ਵਿਚ ਸਦਾ ਥਿਰ ਮਾਲਕ ਪ੍ਰਭੂ ਆ ਵਸਦਾ ਹੈ, ਉਸ ਦਾ ਜੀਵਨ ਸਫਲਾ ਹੈ।੨।

ਭਾਵਾਰਥ :—ਨਾਮ ਦੇ ਚਾਨਣੇ ਤੋਂ ਬਿਨਾ ਮਨੁੱਖ ਦੀ ਜ਼ਿੰਦਗੀ ਅਗਿਆਨਤਾ ਦੇ ਹਨੇਰੇ ਵਿਚ ਪਈ ਰਹਿੰਦੀ ਹੈ, ਇਸ ਦੀ ਸਫਲਤਾ ਹਿਰਦੇ ਵਿਚ ਸਚੇ ਪ੍ਰਭੂ ਦੇ ਵਸਣ ਨਾਲ ਹੀ ਹੁੰਦੀ ਹੈ।

ਮ: ੫ ॥

1. ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
2. ਨਾਨਕ ਸੇ ਅਖੜੀਆ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ ॥੩॥

ਪਦ ਅਰਥ :—ਲੋਇਣ—ਅੱਖਾਂ ਨਾਲ। ਲੋਈ—ਲੋਕ, ਜਗਤ, ਮਾਇਕ ਪਦਾਰਥ। ਪਿਆਸ—ਮਾਇਕ ਪਦਾਰਥਾਂ ਦੀ ਲਾਲਸਾ। ਮੂ—ਮੇਰੀ। ਘਣੀ—ਬਹੁਤ ਵਧੀ ਹੋਈ। ਅਖੜੀਆ—ਅੱਖਾਂ। ਬਿਅੰਨਿ—ਹੋਰ ਕਿਸਮ ਦੀਆਂ। ਮਾ—ਮੇਰਾ।੩।

ਅਰਥ :—

ਪ੍ਰ:—ਕਿਉਂ ਜੀ! ਕੀ ਮਨੁੱਖ ਦੀ ਪਿਆਸਾ ਜਗਤ ਦੇ ਵਧੇਰੇ ਪਦਾਰਥਾਂ ਨੂੰ ਪ੍ਰਾਪਤ ਕਰ ਕੇ ਬੁਝ ਜਾਂਦੀ ਹੈ ?

1.ਉ:—ਐ ਪਿਆਰਿਓ ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਜਿਉਂ ਜਿਉਂ ਮੈਂ ਇਨ੍ਹਾਂ ਅੱਖਾਂ ਨਾਲ (ਨਿਰੇ) ਜਗਤ ਨੂੰ (ਭਾਵ ਦੁਨੀਆਂ ਦੇ ਪਦਾਰਥਾਂ ਨੂੰ) ਤਕਦਾ ਹਾਂ ਤਾਂ ਇਨ੍ਹਾਂ ਪਦਾਰਥਾਂ ਵਾਸਤੇ ਮੇਰੀ ਲਾਲਸਾ ਵਧੇਰੇ ਹੀ ਵਧਦੀ ਜਾਂਦੀ ਹੈ, ਲਾਲਸਾ ਮੁਕਦੀ (ਹੀ) ਨਹੀਂ।

ਪ੍ਰ—ਕਿਉਂ ਜੀ! ਆਪ ਜੀ ਇਨ੍ਹਾਂ ਪਦਾਰਥਾਂ ਵਲੋਂ ਨਜ਼ਰਾਂ ਹਟਾ ਕੇ ਉਸ ਪਿਆਰੇ ਪ੍ਰਭੂ ਨੂੰ ਤਕਣ ਦਾ ਜਤਨ ਕਿਉਂ ਨਹੀਂ ਕਰਦੇ ?

2. ਉ:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਸੱਚ ਤਾਂ ਇਹੋ ਹੀ ਹੈ ਕਿ, ਇਨ੍ਹਾਂ ਤ੍ਰਿਸ਼ਨਾਂ ਮਾਰੀਆਂ ਅੱਖਾਂ ਨਾਲ ਪਿਆਰਾ ਪ੍ਰਭੂ ਦਿਸ ਨਹੀਂ ਸਕਦਾ, ਉਹ ਅੱਖਾਂ (ਇਨ੍ਹਾਂ ਤ੍ਰਿਸ਼ਨਾਂ ਵੇੜ੍ਹੀਆਂ ਅੱਖਾਂ ਨਾਲੋਂ) ਹੋਰ ਕਿਸਮ ਦੀਆਂ ਹਨ, ਜਿਨ੍ਹਾਂ ਨਾਲ ਪਿਆਰਾ ਪਤੀ ਪ੍ਰਭੂ ਦਿਸਦਾ ਹੈ।੩।

ਭਾਵਾਰਥ :—ਮਾਇਕੀ ਪਦਾਰਥਾਂ ਨੂੰ ਹੀ ਤਕਦੀਆਂ ਰਹਿਣ ਵਾਲੀਆਂ ਅੱਖਾਂ ਦੀ ਪਦਾਰਥਕ ਇੱਛਾ ਤਾਂ ਦਿਨੋ ਰਾਤ ਹੋਰ ਹੋਰ ਵਧਦੀ ਰਹਿੰਦੀ ਹੈ। ਪਰ ਉਸ ਪ੍ਰਭੂ ਨੂੰ ਵੇਖਣ ਲਈ ਤਾਂ ਇਨ੍ਹਾਂ ਅੱਖਾਂ ਨਾਲੋਂ ਵਖਰੀਆਂ ਹੋਰ ਹੀ ਅੱਖਾਂ ਹਨ, ਜੋ ਮਨੁੱਖ ਨੂੰ ਸਦੀਵੀ ਤ੍ਰਿਪਤੀ ਦਾ ਸਾਧਨ ਹਨ।

ਪਉੜੀ ॥

1. ਜਿਨਿ ਜਨਿ ਗੁਰਮੁਖਿ ਸੇਵਿਆ
ਤਿਨਿ ਸਭਿ ਸੁਖ ਪਾਈ ॥
2. ਓਹੁ ਆਪਿ ਤਰਿਆ ਕੁਟੰਬ ਸਿਉ
ਸਭੁ ਜਗਤੁ ਤਰਾਈ ॥
3. ਓਨਿ ਹਰਿਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ॥
4. ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵਲਾਈ॥

5. ਓਸੁ ਸਦਾ ਸਦਾ ਘਰਿ ਅਨੰਦੁ ਹੈ
ਹਰਿ ਸਖਾ ਸਹਾਈ ॥
6. ਓਨਿ ਵੈਰੀ ਮਿਤ੍ਰ ਸਮ ਕੀਤਿਆ
ਸਭ ਨਾਲਿ ਸੁਭਾਈ ॥
7. ਹੋਆ ਓਹੀਅਲੁ ਜਗ ਮਹਿ ਗੁਰ ਗਿਆਨੁ ਜਪਾਈ॥
8. ਪੂਰਬਿ ਲਿਖਿਆ ਪਾਇਆ
ਹਰਿ ਸਿਉ ਬਣਿ ਆਈ ॥੧੬॥

ਪਦ ਅਰਥ :–ਜਿਨਿ–ਜਿਸ ਨੇ । ਜਨਿ–ਜਨ ਨੇ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਤਿਨਿ–ਉਸ ਨੇ । ਸਭਿ–ਸਾਰੇ । ਸੰਚਿਆ–ਜੋੜਿਆ, ਇਕੱਠਾ ਕੀਤਾ । ਓਨਿ–ਉਸ ਨੇ । ਓਸੁ ਘਰਿ–ਉਸ ਦੇ ਹਿਰਦੇ ਘਰ ਵਿਚ । ਸਖਾ–ਮਿੱਤ੍ਰ । ਸਭ–ਇਕੋ ਜਿਹੇ । ਸੁਭਾਈ–ਚੰਗੇ ਸੁਭਾਉ ਵਾਲਾ । ਓਹੀਅਲੁ–ਪ੍ਰਗਟ, ਉਘਾ, ਨਾਮਣੇ ਵਾਲਾ, ਪੂਰਨ ।੧੩।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਦਾ ਹਰ ਮਨੁੱਖ ਸੁੱਖ ਪ੍ਰਾਪਤੀ ਦੇ ਜਤਨ ਵਿਚ ਲਗਾ ਹੋਇਆ ਹੈ, ਪਰ ਗੁਰਮਤਿ ਅਨੁਸਾਰ ਸਾਰੇ ਸੁਖ ਕਿਸ ਨੂੰ ਹਾਸਲ ਹੋ ਸਕਦੇ ਹਨ ?

1. **ਉ:**–ਹੇ ਭਾਈਓ ! ਜਿਸ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਨੂੰ ਸਿਮਰਿਆ ਹੈ, ਉਸ ਨੇ ਸਾਰੇ (ਹੀ) ਸੁਖ ਮਾਣ ਲਏ ਹਨ ।

ਪ੍ਰ:–ਕਿਉਂ ਜੀ ! ਉਸਤੋਂ ਕਿਸੇ ਹੋਰ ਨੂੰ ਭੀ ਲਾਭ ਮਿਲਦਾ ਹੈ?

2. **ਉ:**–ਹੇ ਪਿਆਰੇ ! ਉਹ ਆਪਣੇ ਪ੍ਰਵਾਰ ਸਮੇਤ ਆਪ ਭੀ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ, (ਅਤੇ) ਸਾਰੇ ਜਗਤ ਨੂੰ ਭੀ ਤਾਰ ਲੈਂਦਾ ਹੈ ।

ਪ੍ਰ:–ਸ੍ਰੀ ਜੀਉ ! ਉਸ ਦੇ ਅੰਦਰ ਇਤਨੀ ਤਾਕਤ ਕਿਵੇਂ ਹੋ ਆਈ ਹੈ ?

3. **ਉ:**–ਹੇ ਭਾਈ ! ਉਸ ਨੇ ਪ੍ਰਮਾਤਮਾਂ ਦਾ ਨਾਮ ਧਨ ਇਤਨਾ ਜੋੜਿਆ ਹੈ ਕਿ, ਮਾਇਆ ਵਾਲੀ ਸਾਰੀ ਹੀ ਤ੍ਰਿਸ਼ਨਾ ਉਸ ਨੇ ਮਿਟਾ ਲਈ ਹੈ ।
4. ਉਸ ਨੇ ਦੁਨੀਆਂ ਦੇ ਸਾਰੇ ਲਾਲਚ ਛਡ ਦਿਤੇ ਹਨ, (ਉਹ ਲਾਲਚਾਂ ਵਿਚ ਨਹੀਂ ਫਸਦਾ) (ਕਿਉਂਕਿ) ਉਸ ਨੇ ਪ੍ਰਭੂ ਚਰਨਾਂ ਵਿਚ ਸੁਰਤਿ ਜੋੜੀ ਹੋਈ ਹੈ ।
5. ਉਸ ਦੇ ਹਿਰਦੇ ਵਿਚ ਸਦਾ ਖੁਸ਼ੀ ਅਨੰਦ ਹੈ, ਪ੍ਰਭੂ ਸਦਾ ਉਸ ਦਾ ਮਿੱਤ੍ਰ ਹੈ, ਸਹਾਇਤਾ ਕਰਨ ਵਾਲਾ ਹੈ ।
6. ਉਸਨੇ ਵੈਰੀ ਤੇ ਮਿੱਤ੍ਰ ਇਕੋ ਜਿਹੇ ਸਮਝ ਲਏ ਹਨ, (ਹਰੇਕ ਨੂੰ ਮਿਤ੍ਰ ਸਮਝਦਾ ਹੈ) ਸਭਨਾਂ ਨਾਲ ਚੰਗਾ ਸੁਭਾਉ ਵਰਤਦਾ ਹੈ ।
7. ਉਹ ਮਨੁੱਖ ਗੁਰੂ ਤੋਂ ਉਪਦੇਸ਼ ਨੂੰ ਸਦਾ ਚੇਤੇ ਰਖਦਾ ਹੈ ਤੇ ਜਗਤ ਵਿਚ ਨਾਮਣੇ ਵਾਲਾ ਹੋ ਜਾਂਦਾ ਹੈ ।
8. ਹੇ ਭਾਈਓ ! ਪਿਛਲੇ ਜਨਮ ਵਿਚ ਕੀਤੇ ਭਲੇ ਕਰਮਾਂ ਦੇ ਲੇਖ ਉਸ ਦੇ ਮੱਥੇ ਉਤੇ ਉਘੜ ਪੈਂਦੇ ਹਨ, (ਇਸ ਜਨਮ ਵਿਚ) ਪ੍ਰਮਾਤਮਾਂ ਨਾਲ ਉਸ ਦੀ ਪੱਕੀ ਪ੍ਰੀਤ ਬਣ ਜਾਂਦੀ ਹੈ ।੧੬।

ਭਾਵਾਰਥ :–ਜਿਹੜਾ ਮਨੁੱਖ ਗੁਰੂ ਦੇ ਦਸੇ ਰਾਹ ਤੇ ਤੁਰ ਕੇ ਨਾਮ ਜਪਦਾ ਹੈ ਉਹ ਆਪ ਵਿਕਾਰ ਲਹਿਰਾਂ ਭਰੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਆਪਣੇ ਸਾਥੀਆਂ ਨੂੰ ਭੀ ਵਿਕਾਰਾਂ ਤੋਂ ਬਚਾ ਲੈਂਦਾ ਹੈ, ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ, ਉਹ ਦੁਨੀਆਂ ਦੇ ਲਾਲਚਾਂ ਵਿਚ ਨਹੀਂ ਫਸਦਾ ।

ਡਖਣੇ ਮ: ੫ ॥

1. ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ ॥
2. ਨਾਨਕ ਵਿਰਲੇ ਜਾਣੀਅਹਿ
ਜਿਨ ਸਚੁ ਪਲੈ ਹੋਇ ॥੧॥

ਪਦ ਅਰਥ:–ਸਚੁ–ਸਦਾ ਥਿਰ ਰਹਿਣ ਵਾਲਾ ਨਾਮ ਧਨ । ਸੁਹਾਵਾ–ਸੁਖਾਵਾਂ, ਸੁਖ ਦੇਣ ਵਾਲਾ । ਕਾਢੀਐ–ਆਖੀਦਾ ਹੈ, ਹਰ ਕੋਈ ਆਖਦਾ ਹੈ । ਕੂੜੈ–ਝੂਠਾ ਧਨ, ਨਾਸਵੰਤ ਪਦਾਰਥ । ਕੂੜੀ ਸੋਇ–ਮੰਦੀ ਸੋਇ, ਕਿਸੇ ਨਾ ਕਿਸੇ ਉਪਾਧੀ ਵਾਲੀ ਹੀ ਖਬਰ । ਜਾਣੀਅਹਿ–ਜਾਣੇ ਜਾਂਦੇ ਹਨ, ਪਤਾ ਲਗਦਾ ਹੈ ।੧।

ਅਰਥ :–

ਪ੍ਰ:–ਸ੍ਰੀ ਜੀਉ ! ਦੁਨੀਆਂਦਾਰ ਲੋਕਾਂ ਦੇ ਵੀਚਾਰ ਆਪ ਜੀ ਕਿਸ ਰੂਪ ਵਿਚ ਸੁਣਦੇ ਹੋ ?

1. **ਉ:**–ਹੇ ਭਾਈਓ ! ਮੈਂ ਤਾਂ ਸੁਣਦਾ ਆ ਰਿਹਾ ਹਾਂ ਕਿ, ਹਰ ਬੰਦਾ ਇਹੋ ਹੀ ਆਖਦਾ ਹੈ ਕਿ (ਪ੍ਰਭੂ ਦਾ) ਨਾਮ ਧਨ ਸੁਖ ਦੇਣ ਵਾਲਾ ਹੈ ਤੇ ਦੁਨਿਆਵੀ ਧਨ (ਦੇ ਇਕੱਠਾ ਕਰਨ) ਵਿਚ ਕੋਈ ਨਾ ਕੋਈ ਝਗੜੇ ਉਪਾਧੀ ਵਾਲੀ ਖਬਰ ਹੀ ਸੁਣੀਦੀ ਹੈ ।
2. ਹੇ ਪਿਆਰੇ ! ਫਿਰ ਭੀ ਐਸੇ ਬੰਦੇ ਵਿਰਲੇ ਹੀ ਮਿਲਦੇ ਹਨ; ਜਿਨ੍ਹਾਂ ਨੇ ਨਾਮ ਧਨ ਇਕੱਠਾ ਕੀਤਾ ਹੋਵੇ, (ਹਰ ਕੋਈ ਉਪਾਧੀ ਮੂਲ ਦੁਨਿਆਵੀ ਧਨ ਦੇ ਹੀ ਪਿਛੇ ਦੌੜ ਰਿਹਾ ਹੈ) । ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ।੧।

ਭਾਵਾਰਥ :–ਸੱਚ ਸੋਹਣਾ ਹੁੰਦਾ ਹੈ ਤੇ ਕੂੜ ਕੋਝਾ ਫਿਰ ਭੀ ਸੱਚ ਪਿਛੇ ਵਿਰਲੇ ਹੀ ਲਗਦੇ ਹਨ ।

ਮ: ੫ ॥

1. ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ ॥
2. ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ ॥੨॥

ਪਦ ਅਰਥ :–ਸੁਤੜੀ–ਸੁਤੀ ਹੋਈ ਨੇ । ਸਹੁ–ਖਸਮ । ਸੁਪਨੇ–ਹੇ ਸੁਪਨੇ । ਤੈ–ਤੈਥੋਂ । ਹਉ–ਮੈਂ । ਖੰਨੀਐ–ਕੁਰਬਾਨ ਹਾਂ । ਸਜਣ ਮੁਖੁ–ਮਿੱਤ੍ਰ ਪ੍ਰਭੂ ਦਾ ਮੂੰਹ । ਅਨੂਪੁ–ਉਪਮਾਂ ਰਹਿਤ, ਬੇ-ਮਿਸਾਲ, ਬਹੁਤ ਹੀ ਸੋਹਣਾ । ਨਿਹਾਲਸਾ–ਮੈਂ ਵੇਖਾਂਗੀ ।੨।

ਅਰਥ :–

ਪ੍ਰ:–ਸ੍ਰੀ ਜੀਉ ! ਜਿਸ ਰੱਬੀ ਮਾਰਗ ਤੇ ਆਪ ਜੀ ਟੁਰੀ ਜਾ ਰਹੇ ਹੋ ਕੀ ਉਸ ਸਾਈਂ ਜੀ ਦਾ ਆਪ ਜੀ ਨੇ ਕਦੀ ਦੀਦਾਰ ਭੀ ਕੀਤਾ ਹੈ ?

1. ਉ:–ਹੇ ਭਾਈਓ ! ਉਸ ਖਸਮ ਪ੍ਰਭੂ ਨੂੰ ਮੈਂ (ਇਕ ਵਾਰ) ਸੁਤੀ ਹੋਈ ਨੇ (ਸੁਪਨੇ ਵਿਚ) ਵਖਿਆ, (ਉਸ) ਸਜਣ ਦਾ ਮੂੰਹ (ਮੈਨੂੰ) ਬਹੁਤ ਹੀ ਸੋਹਣਾ (ਲਗਿਆ) ।

2 ਹੁਣ ਮੇਰੇ ਅੰਦਰੋਂ ਬਾਰ ਬਾਰ ਇਹੋ ਹੀ ਸੂਖਮ ਜਿਹੀ ਸਦ ਨਿਕਲਦੀ ਹੈ ਕਿ, ਹੇ ਸੁਪਨੇ ! ਤੈਥੋਂ ਸਦਕੇ ਜਾਂਦੀ ਹਾਂ, (ਹੁਣ ਮੇਰੀ ਤਾਂਘ ਹੈ ਕਿ) ਮੈਂ ਅੱਠੇ ਪਹਿਰ (ਆਪਣੇ) (ਸੱਜਣ ਦਾ ਮੂੰਹ) ਵੇਖਦੀ ਰਹਾਂ ।੨।

ਭਾਵਾਰਥ :–ਮੈਂ ਸੁਤਿਆਂ ਹੋਇਆਂ ਉਹ ਮਾਲਕ ਡਿਠਾ ਸੀ, ਉਸ ਸੱਜਣ ਦਾ ਮੂੰਹ ਇਤਨਾ ਸੋਹਣਾ ਸੀ ਕਿ ਮੈਂ ਚਾਹੁੰਦੀ ਹਾਂ ਕਿ ਅੱਠੇ ਪਹਿਰ ਉਸੇ ਨੂੰ ਹੀ ਵੇਖਦੀ ਰਹਾਂ ।

ਮ: ੫ ॥

1. ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥
2. ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥੩॥

ਪਦ ਅਰਥ :–ਸਜਣ–ਹੇ ਮਿੱਤਰ । ਸਚੁ–ਨਾਮ ਧਨ । ਪਰਖਿ–ਮੁੱਲ ਪਾ (ਖਰਾ ਪਨ)ਗਹੁ ਨਾਲ ਵੇਖ । ਮੁਖਿ–(ਨਿਰਾ) ਮੂੰਹੋਂ । ਅਲਾਵਣੁ–ਬੋਲਣਾ, ਆਖਣਾ । ਥੋਥਰਾ–ਖਾਲੀ, ਵਿਅਰਥ । ਮੰਨ ਮਝਾਹੂ–ਮਨ ਵਿਚ । ਲਖਿ–ਵੇਖ । ਸੁ–ਉਹ ।੩।

ਅਰਥ :–

ਪ੍ਰ:–ਸ੍ਰੀ ਜੀਉ ! ਕਈ ਲੋਕ ਆਪਣੇ ਮੂੰਹੋਂ ਹਰ ਵਕਤ ਇਹੋ ਹੀ ਕਹਿ ਕਹਿ ਜਣਾਉਂਦੇ ਰਹਿੰਦੇ ਹਨ ਕਿ, ਸਾਨੂੰ ਸੱਚੇ ਨਾਮ ਦੀ ਪ੍ਰਾਪਤੀ ਹੋ ਗਈ ਹੈ, ਕੀ, ਇਹ ਸੱਚ ਮੰਨ ਲੈਣਾ ਚਾਹੀਦਾ ਹੈ ?

1. ਉ:–ਹੇ ਸੱਜਣ ਮਿੱਤ੍ਰਾ ! (ਨਿਰਾ) ਮੂੰਹੋਂ ਆਖਦੇ ਰਹਿਣਾ (ਤਾਂ) ਵਿਅਰਥ ਹੈ, ਉਸ ਸੱਚੇ ਨਾਮ ਧਨ ਨੂੰ ਤਾਂ ਆਪਣੇ ਅੰਦਰ ਹਿਰਦੇ ਵਿਚ ਹੀ ਜਾਚ, ਤੋਲ ।

2. ਹੇ ਪਿਆਰੇ ! ਆਪਣੇ ਅੰਦਰ (ਹੀ) ਝਾਤੀ ਮਾਰ ਕੇ ਵੇਖ, ਉਹ ਪਤੀ ਪ੍ਰਭੂ ਤੈਥੋਂ ਦੂਰ ਨਹੀਂ ਹੈ, (ਤੇਰੇ ਅੰਦਰ ਹੀ ਵਸਦਾ ਹੈ) ।੩।

ਭਾਵਾਰਥ :–ਉਸ ਪਤੀ ਪ੍ਰਮੇਸ਼ਰ ਦਾ ਨਾਮ ਹਿਰਦੇ ਵਿਚੋਂ ਹੀ ਪ੍ਰਾਪਤ ਹੁੰਦਾ ਹੈ, ਪਰ ਪ੍ਰਾਪਤੀ ਕਰਨ ਵਾਲਾ ਕਦੀ ਮੂੰਹੋਂ ਨਹੀਂ ਉਚਾਰਿਆ ਕਰਦਾ, ਕਿਉਂਕਿ, ਉਸ ਨਾਮ ਦੀ ਲਖਤਾ ਨੂੰ ਜ਼ੁਬਾਨੀ ਉਚਾਰਿਆ ਹੀ ਨਹੀਂ ਜਾ ਸਕਦਾ, ਉਸ ਪ੍ਰਾਪਤੀ ਦੇ ਬਾਰੇ ਜੋ ਕੁਝ ਭੀ ਕਥਨ ਕਰਨਾ ਹੈ, ਉਹ ਸਹੀ ਰੂਪ ਵਿਚ ਨਹੀਂ ਹੋਵੇਗਾ ।

ਪਉੜੀ ॥

1. ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥
2. ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥
3. ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥
4. ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥
5. ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥
6. ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥
7. ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥
8. ਨਿਹਚਲੁ ਸਚੁ ਖੁਦਾਇ ਏਕੁ
ਖੁਦਾਇ ਬੰਦਾ ਅਬਿਨਾਸੀ ॥੧੭॥

ਪਦ ਅਰਥ :-ਬਿਨਾਸੀ–ਨਾਸਵੰਤ । ਉਮਰਾਵ–ਅਮੀਰ ਬੰਦੇ । ਖਾਨ–ਖਨ, ਜਾਇਦਾਦਾਂ ਦੇ ਮਾਲਕ । ਢਾਹਿ–ਢਾਹ ਕੇ, ਛਡ ਕੇ । ਰੰਗ–ਰੰਕ, ਕੰਗਾਲ । ਤੁੰਗ–ਉਚੇ, ਧਨਾਢ । ਮਸਤ–ਅਹੰਕਾਰੀ, ਮਾਇਆ ਮੱਤੇ । ਸਿਧਾਸੀ–ਸੰਸਾਰ ਤੋਂ ਚਲੇ ਜਾਣਗੇ । ਮਸਾਇਕਾ–ਸ਼ੇਖ ਅਖਵਾਣ ਵਾਲੇ । ਅਉਲੀਏ–ਵਲੀ ਲੋਕ, ਧਾਰਮਿਕ ਆਗੂ । ਮੇਦਨੀ–ਧਰਤੀ । ਨਿਹਚਲੁ–ਸਦਾ ਕਾਇਮ ਰਹਿਣ ਵਾਲਾ ।੧੭।

ਅਰਥ :–

ਪ੍ਰ:–ਸ੍ਰੀ ਜੀਉ ! ਇਹ ਜੋ ਸਾਰੀ ਰਚਨਾ ਦਿਸ ਰਹੀ ਹੈ, ਇਸ ਵਿਚ ਕਿਹੜੀ ਸ਼ੈ ਅਬਿਨਾਸ਼ੀ ਹੈ, ਜੋ ਕਿ ਸਦਾ ਹੀ ਅਚੱਲ ਰਹਿਣ ਵਾਲੀ ਹੋਵੇ ?

1. ਉ:–ਹੇ ਭਾਈ ! ਇਸ ਸ੍ਰਿਸ਼ਟੀ ਵਿਚ ਜੋ ਭੀ ਦ੍ਰਿਸ਼ਟਮਾਨ ਧਰਤੀ, ਅਕਾਸ਼, ਪਤਾਲ, ਚੰਦ ਅਤੇ ਸੂਰਜ ਹਨ, (ਇਹ ਸਭੇ ਹੀ) ਨਾਸਵੰਤ ਹਨ ।

2 ਅਤੇ, ਸ਼ਾਹ, ਬਾਦਸ਼ਾਹ, ਅਮੀਰ, ਜਗੀਰਦਾਰ (ਸਭ ਆਪਣੇ) ਮਹਲ ਮਾੜੀਆਂ ਛਡ ਕੇ (ਇਥੋਂ) ਤੁਰ ਜਾਣਗੇ ।

3. ਕੰਗਾਲ, ਅਮੀਰ, ਗਰੀਬ, ਮਾਇਆ ਮੱਤੇ (ਕੋਈ ਭੀ ਹੋਵੇ) ਸਾਰਾ ਜਗਤ ਹੀ (ਇਥੋਂ) ਚਾਲੇ ਪਾ ਜਾਏਗਾ ।

4. ਕਾਜ਼ੀ, ਸ਼ੇਖ ਆਦਿਕ ਭੀ ਸਾਰੇ ਹੀ ਕੂਚ ਕਰ ਜਾਣਗੇ ।

5. ਪੀਰ ਪੈਗੰਬਰ ਵਡੇ ਵਡੇ ਧਾਰਮਿਕ ਆਗੂ ਇਨ੍ਹਾਂ ਵਿਚੋਂ ਭੀ ਕੋਈ ਇਥੇ ਸਦਾ ਟਿਕਿਆ ਨਹੀਂ ਰਹੇਗਾ ।

6. ਹੇ ਭਾਈਓ ! ਜਿਨ੍ਹਾਂ ਰੋਜ਼ੇ ਰਖੇ, ਬਾਂਗਾਂ ਦਿਤੀਆਂ, ਨਿਮਾਜ਼ਾਂ ਪੜ੍ਹੀਆਂ, ਧਾਰਮਿਕ ਪੁਸਤਕਾਂ ਪੜ੍ਹੀਆਂ ਉਹ ਭੀ ਜਿਨ੍ਹਾਂ ਨੇ ਇਨ੍ਹਾਂ ਦੀ ਸਾਰ ਨਾ ਸਮਝੀ, ਉਹ ਭੀ ਸਾਰੇ (ਜਗਤ ਤੋਂ ਆਖਰ) ਚਲੇ ਜਾਣਗੇ ।

7. ਐ ਪਿਆਰੇ ! ਧਰਤੀ ਦੀਆਂ ਚੌਰਾਸੀ ਲੱਖ ਜੂਨਾਂ ਦੇ ਸਾਰੇ ਹੀ ਜੀਵ (ਜਗਤ ਵਿਚ) ਆਉਂਦੇ ਹਨ ਤੇ ਫਿਰ ਇਥੋਂ ਚਲੇ ਜਾਂਦੇ ਹਨ ।

ਪ੍ਰ:–ਸ੍ਰੀ ਜੀਉ ! ਕੀ, ਆਖਰ ਇਸ ਦਿਸ ਰਹੇ ਸੰਸਾਰ ਵਿਚ ਕੋਈ ਸਦਾ ਕਾਇਮ ਰਹਿਣ ਵਾਲਾ ਭੀ ਹੈ ?

8. ਉ:–ਹੇ ਭਾਈ ! ਸਿਰਫ ਇਕ ਸੱਚਾ ਖੁਦਾ ਹੀ ਸਦਾ ਕਾਇਮ ਰਹਿਣ ਵਾਲਾ ਹੈ, (ਜਾਂ) ਖੁਦਾ ਦਾ ਬੰਦਾ (ਭਗਤ) ਭੀ ਜਨਮ ਮਰਣ ਦੇ ਗੇੜ ਵਿਚ ਨਹੀਂ ਆਉਂਦਾ ।੧੭।

ਭਾਵਾਰਥ :–ਇਹ ਸਾਰਾ ਦਿਸਦਾ ਜਗਤ ਨਾਸਵੰਤ ਹੈ, ਪਰ, ਜਿਹੜਾ ਮਨੁੱਖ ਪ੍ਰਮਾਤਮਾਂ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ ਉਸ ਦਾ ਜੀਵਨ ਸਦਾ ਅਟੱਲ ਹੋ ਜਾਂਦਾ ਹੈ, ਉਹ ਮੁੜ ਮੁੜ ਜਨਮ ਮਰਣ ਦੇ ਗੇੜ ਵਿਚ ਨਹੀਂ ਪੈਂਦਾ ।

ਡਖਣੇ ਮ: ੫ ॥

1. ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥
2. ਆਉ ਸਜਣ ਤੂ ਮੁਖਿ ਲਗੁ
ਮੇਰਾ ਤਨੁ ਮਨੁ ਠੰਢਾ ਹੋਇ ॥੧॥

ਪਦ ਅਰਥ :–ਹਭ–ਸਾਰੀ ਸ੍ਰਿਸ਼ਟੀ । ਢੰਢੋਲਿ–ਭਾਲ ਕੇ । ਸਜਣ–ਹੇ ਮਿੱਤਰ ਪ੍ਰਭੂ । ਮੁਖਿ ਲਗੁ–ਮਿਲ, ਦੀਦਾਰ ਦੇਹ । ਤਨੁ ਮਨੁ ਠੰਢਾ ਹੋਇ–ਤਨ ਮਨ ਵਿਚ ਠੰਢ ਪੈਂਦੀ ਹੈ, ਮਨ ਤੇ ਗਿਆਨ ਇੰਦ੍ਰੇ ਸ਼ਾਂਤ ਹੁੰਦੇ ਹਨ ।੧।

ਅਰਥ :–

ਪ੍ਰ:–ਸ੍ਰੀ ਜੀਉ ! ਤਪ ਰਹੇ ਮਨ ਨੂੰ ਸ਼ਾਂਤ ਕਰਨ ਲਈ ਲੋਕੀ ਕਈ ਪ੍ਰਕਾਰ ਦੇ ਜਤਨ ਕਰਦੇ ਹਨ, ਪਰ, ਤੁਸੀਂ ਸ਼ਾਂਤੀ ਹਾਸਲ ਕਰਨ ਲਈ ਮੁਖ ਸਾਧਨ ਕਿਹੜਾ ਮੰਨਦੇ ਹੋ ?

1. ਉ:–ਹੇ ਭਾਈਓ ! ਮੈਂ (ਤਾਂ) ਸਾਰੀ ਸ੍ਰਿਸ਼ਟੀ ਭਾਲ ਕੇ ਵੇਖ ਲਈ ਹੈ, (ਹੇ ਪ੍ਰਭੂ) ਇਕ ਤੇਰੇ (ਦੀਦਾਰ ਤੋਂ) ਬਿਨਾ ਹੋਰ ਕੋਈ ਭੀ (ਪਦਾਰਥ ਮੈਨੂੰ ਆਤਮਿਕ ਸ਼ਾਂਤੀ) ਨਹੀਂ (ਦੇਂਦਾ) ।
2. ਇਸ ਲਈ; ਹੇ ਮਿਤ੍ਰ ਪ੍ਰਭੂ ! ਆ, ਤੂੰ ਮੈਨੂੰ ਦਰਸ਼ਨ ਦੇਹ, (ਕਿਉਂਕਿ, ਤੇਰਾ ਦਰਸ਼ਨ ਕੀਤਿਆਂ ਹੀ) ਮੇਰੇ ਤਨ ਮਨ ਵਿਚ ਠੰਢ ਪੈਂਦੀ ਹੈ ।੧।

ਭਾਵਾਰਥ :–ਤਪ ਰਹੇ ਤਨ ਅਤੇ ਮਨ ਨੂੰ ਸ਼ਾਂਤ ਕਰਨ ਵਾਲਾ ਜਗਤ ਵਿਚ ਅਜਿਹਾ ਕੋਈ ਭੀ ਪਦਾਰਥ ਨਹੀਂ ਕੇਵਲ ਇਕੋ ਸੱਜਣ ਪ੍ਰਭੂ ਦਾ ਦੀਦਾਰ ਹੈ ਜਿਸਦਾ ਸਦਕਾ ਮਨੁੱਖ ਨੂੰ ਸਦੀਵੀ ਸ਼ਾਂਤੀ ਦੇ ਸਕਦਾ ਹੈ ।

ਮ: ੫ ॥

1. ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ ॥
2. ਆਸ ਨਿਰਾਸਾ ਹਿਕੁ ਤੂ
ਹਉ ਬਲਿ ਬਲਿ ਬਲਿ ਗਈਆਸ ॥੨॥

ਪਦ ਅਰਥ :–ਆਸਕੁ–(ਪ੍ਰਭੂ ਚਰਨਾਂ ਦਾ) ਪ੍ਰੇਮੀ । ਆਸਾ–ਦੁਨਿਆਵੀ ਪਦਾਰਥਾਂ ਦੀਆਂ ਆਸਾਂ,ਮਾਇਕ ਲਾਲਸਾ । ਮੂ ਮਨਿ–ਮੇਰੇ ਮਨ ਵਿਚ । ਆਸ ਨਿਰਾਸਾ–ਦੁਨੀਆਂ ਦੀਆਂ ਆਸਾਂ ਤੋਂ ਉਪ੍ਰਾਮ ਕਰਨ ਵਾਲਾ । ਹਿਕੁ ਤੂ–ਸਿਰਫ ਤੂੰ ਹੈਂ।੨।

ਅਰਥ :–

ਪ੍ਰ:–ਗੁਰਦੇਵ ਜੀਉ ! ਤੁਸੀਂ ਜਦ ਕਦੀ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹੋ ਤਾਂ ਉਸ ਅਰਦਾਸ ਦੀ ਰੂਪ ਰੇਖਾ ਕਿਸ ਪ੍ਰਕਾਰ ਦੀ ਹੋਇਆ ਕਰਦੀ ਹੈ ?

. ਉ:–ਹੇ ਭਾਈਓ ! ਮੈਂ ਤਾਂ ਜਦੋਂ ਭੀ ਉਸ ਸਾਈਂ ਜੀ ਦੇ ਸਨਮੁਖ ਹੋ ਜੋਦੜੀ ਕਰਦਾ ਹਾਂ ਤਾਂ ਇਉਂ ਹੀ ਪੁਕਾਰ ਕਰਦਾਂ ਹਾਂ ਕਿ, ਹੇ ਪ੍ਰਭੂ ! (ਤੇਰੇ ਚਰਨਾਂ ਦਾ ਸੱਚਾ) ਪ੍ਰੇਮੀ ਤਾਂ ਉਹੀ ਹੋ ਸਕਦਾ ਹੈ, ਜਿਸ ਨੂੰ ਕਿ ਦੁਨਿਆਵੀ ਆਸਾਂ ਨਾ ਪੋਹ ਸਕਣ, (ਪਰ ਹੇ ਸਾਈਆਂ ਜੀਉ) ਮੇਰੇ ਮਨ ਵਿਚ ਤਾਂ ਵਡੀਆਂ ਵਡੀਆਂ ਆਸਾਂ ਹਨ ।
2. ਹੇ ਪ੍ਰਭੂ ਜੀਉ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਸਿਰਫ ਇਕ ਤੂੰ ਹੀ ਹੈਂ, ਜੋ ਮੈਨੂੰ (ਦੁਨਿਆਵੀ) ਆਸਾਂ ਤੋਂ ਉਪਰਾਮ ਕਰ ਸਕਦਾ ਹੈਂ, (ਇਸ ਲਈ) ਮੈਂ ਤੈਥੋਂ ਹੀ ਕੁਰਬਾਨ ਜਾਂਦਾ ਹਾਂ (ਤੂੰ ਆਪ ਹੀ ਮਿਹਰ ਕਰ) ।੨।

ਭਾਵਾਰਥ :–ਅਸਾਂ ਕਲਜੁਗੀ ਜੀਵਾਂ ਦੇ ਮਨ ਤਾਂ ਅਨੰਤ ਹੀ ਆਸਾਂ ਨਾਲ ਭਰੇ ਹੋਏ ਹਨ, ਪਰ ਇਨ੍ਹਾਂ ਪਦਾਰਥਾਂ ਦੀਆਂ ਆਸਾਂ ਤੋਂ ਨਿਰਾਸ਼ ਹੋ ਜੀਵਨ ਗੁਜ਼ਾਰਨ ਦਾ ਇਕੋ ਹੀ ਸਾਧਨ ਸਾਈਂ ਜੀ ਦੇ ਸਨਮੁਖ ਹੋ ਬੇਨਤੀਆਂ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਮ: ੫ ॥

1. ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥
2. ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥੩॥

ਪਦ ਅਰਥ :–ਸੁਣੇ–ਸੁਣਿ, ਸੁਣ ਕੇ । ਮਰਿਓਦਿ–ਆਤਮਿਕ ਮੌਤ ਹੋ ਜਾਂਦੀ ਹੈ । ਬਿਰਹੀ–ਸੱਚਾ ਆਸ਼ਕ, ਪ੍ਰੇਮੀ । ਨਾ ਧੀਰੋਦਿ–ਧੀਰਜ ਨਹੀਂ ਕਰਦਾ, ਮਨ ਖਲੋਂਦਾ ਨਹੀਂ ।੩।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ, ਉਸ ਪ੍ਰਭੂ ਦਾ ਸੱਚਾ ਪ੍ਰੇਮੀ ਕਿਸ ਨੂੰ ਮੰਨਦੇ ਹੋ ?

1. ਉ:–ਹੇ ਭਾਈਓ ! ਪ੍ਰਭੂ ਦੇ ਚਰਨਾਂ ਦਾ ਅਸਲ ਪ੍ਰੇਮੀ (ਤਾਂ) ਉਹੀ ਹੈ ਜਿਸ ਨੂੰ ਇਹ ਸੁਣ ਕੇ ਹੀ ਦੁੱਖ ਪ੍ਰਤੀਤ ਹੋਵੇ ਕਿ, ਪ੍ਰਭੂ ਜੀ ਤੋਂ ਵਿਛੋੜਾ ਹੋਣ ਲੱਗਾ ਹੈ ।
2. (ਕਿਉਂਕਿ) ਦੀਦਾਰ ਤੋਂ ਬਿਨਾ ਸਚਾ ਪ੍ਰੇਮੀ (ਆਪਣੀ) ਆਤਮਕ ਮੌਤ ਸਮਝਦਾ ਹੈ, ਉਸ ਆਪਣੇ ਪਿਆਰੇ ਪ੍ਰਭੂ ਤੋਂ ਵਿਛੜ ਕੇ ਪ੍ਰੇਮੀ ਦਾ ਮਨ ਖਲੋਂਦਾ (ਹੀ) ਨਹੀਂ ਹੈ।੩।

ਭਾਵਾਰਥ :–ਪ੍ਰਭੂ ਦੇ ਸਚੇ ਪ੍ਰੇਮੀ ਨੂੰ ਤਾਂ ਵਿਛੋੜੇ ਦੀ ਸੋਅ ਸੁਣ ਕੇ ਹੀ ਦੁੱਖ ਹੁੰਦਾ ਹੈ, ਪਰ ਦਰਸ਼ਨਾਂ ਤੋਂ ਬਿਨਾ ਤਾਂ ਉਸ ਨੂੰ ਆਪਣੀ ਆਤਮਕ ਮੌਤ ਹੀ ਪ੍ਰਤੀਤ ਹੁੰਦੀ ਹੈ ।

ਪਉੜੀ ॥

1. ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ॥
2. ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥
3. ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥

4. ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥
5. ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥
6. ਮੁਨਿ ਜੋਗੀ ਦਿਗੰਬਰਾ ਜਮੈ ਸਣੁ ਸਣੁ ਜਾਸੀ ॥
7. ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥
8. ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥੧੮॥

ਪਦ ਅਰਥ :–ਤਟ–ਨਦੀ ਦਾ ਕਿਨਾਰਾ। ਦੇਵਾਲਿਆ–ਦੇਵਤੇ ਦਾ ਘਰ, ਮੰਦਰ। ਸਣੁ–ਸਮੇਤ। ਖਟੁ ਦਰਸਨ–ਛੇ ਭੇਖਾਂ ਦੇ ਸਾਧ। ਸਮਾਸੀ–ਸਮਾ ਜਾਣਗੇ, ਮਰ ਜਾਣਗੇ। ਕਵਿਤੇ–ਕਵੀ ਲੋਕ। ਕਾਲੈ ਵਾਸੀ–ਕਾਲ ਦੇ ਵਸ, ਮੌਤ ਦੇ ਅਧੀਨ। ਦਿਗੰਬਰਾ–ਦਿਗ ਅੰਬਰ। (ਦਿਗ–ਦਿਸ਼ਾ, ਪਾਸਾ। ਅੰਬਰ–ਕੱਪੜਾ) ਨੰਗੇ। ਜਮੈ ਸਣੁ–ਜਮਾਂ ਸਮਾਨ।੧੮।

ਅਰਥ :–

ਪ੍ਰ:-ਕਿਉਂ ਜੀ! ਕੀ ਜੋ ਵਡੇ ਵਡੇ ਸ਼ਕਤੀਆਂ ਵਾਲੇ ਦੇਵੀ ਦੇਵਤੇ ਅਤੇ ਉਨ੍ਹਾਂ ਦੇ ਮੰਦਿਰ ਆਦਿਕ ਵੇਖੀਦੇ ਹਨ, ਇਨ੍ਹਾਂ ਵਿਚੋਂ ਕੋਈ ਅਚੱਲ ਰਹੇਗਾ।

1. ਉ:–ਹੇ ਭਾਈਓ! ਦੇਵਤਿਆਂ ਦੇ ਮੰਦਿਰ, ਕੇਦਾਰ ਨਾਥ, ਮਥਰਾ, ਕਾਂਸ਼ੀ ਆਦਿਕ ਤੀਰਥ।
2. ਤੇਤੀ ਕ੍ਰੋੜ ਦੇਵਤੇ, ਇੰਦ੍ਰ ਦੇਵਤਾ ਭੀ ਆਖਰ ਨਾਸਵੰਤ ਹਨ।
3. ਹੇ ਭਾਈ! ਚਾਰ ਵੇਦ ਸਿਮ੍ਰਿਤੀਆਂ ਸ਼ਾਸਤ੍ਰ ਆਦਿਕ ਧਾਰਮਿਕ ਪੁਸਤਕਾਂ (ਦੇ ਪੜ੍ਹਨ ਵਾਲੇ) ਤੇ ਛੇਆਂ ਭੇਖਾਂ ਦੇ ਸਾਧੂ ਭੀ ਅੰਤ ਨੂੰ ਚਲੇ ਜਾਣਗੇ।
4. ਪੁਸਤਕਾਂ ਦੇ ਵਿਦਵਾਨ, ਗੀਤਾਂ, ਕਵਿਤਾਵਾਂ ਲਿਖਣ ਵਾਲੇ ਕਵੀ ਭੀ ਜਗਤ ਤੋਂ ਕੂਚ ਕਰ ਜਾਣਗੇ।
5. ਜਤੀ ਸਤੀ, ਸੰਨਿਆਸੀ ਇਹ ਸਾਰੇ ਭੀ ਮੌਤ ਦੇ ਅਧੀਨ ਹਨ।
6. ਸਮਾਧੀਆਂ ਲਾਉਣ ਵਾਲੇ ਜੋਗੀ, ਨਾਂਗੇ, ਜਮਦੂਤ ਇਹ ਭੀ ਨਾਸਵੰਤ ਹਨ।
7. ਹੇ ਭਾਈਓ! ਮੁਕਦੀ ਗਲ ਜਗਤ ਵਿਚ ਜੋ ਕੁਝ ਦਿਸ ਰਿਹਾ ਹੈ ਉਹ ਨਾਸਵੰਤ ਹੈ, ਹਰੇਕ ਨੇ ਜ਼ਰੂਰ ਨਾਸ ਹੋ ਜਾਣਾ ਹੈ।
8. ਸਦਾ ਕਾਇਮ ਰਹਿਣ ਵਾਲਾ ਕੇਵਲ ਪਾਰਬ੍ਰਹਮ ਪ੍ਰਮੇਸ਼ਰ ਹੀ ਹੈ ਅਤੇ ਉਸ ਦਾ ਭਗਤ ਭੀ ਜੰਮਣ ਮਰਣ ਤੋਂ ਰਹਿਤ ਹੋ ਜਾਂਦਾ ਹੈ।੧੮।

ਭਾਵਾਰਥ :–ਤੀਰਥ ਇਸ਼ਨਾਨੀ, ਧਾਰਮਿਕ ਪੁਸਤਕਾਂ ਦੇ ਵਿਦਵਾਨ ਪਾਠੀ, ਛੇ ਭੇਖਾਂ ਦੇ ਸਾਧੂ, ਕਵੀ, ਜਤੀ, ਸਤੀ, ਸੰਨਿਆਸੀ, ਇਹ ਸਾਰੇ ਵਿਅਰਥ ਜੀਵਨ ਗੁਜ਼ਾਰ ਕੇ ਸੰਸਾਰ ਤੋਂ ਕੂਚ ਕਰ ਜਾਂਦੇ ਹਨ, ਕੇਵਲ ਪ੍ਰਮਾਤਮਾਂ ਦੀ ਭਗਤੀ ਕਰਨ ਵਾਲਿਆਂ ਦਾ ਹੀ ਜੀਵਨ ਭਾਗਾਂ ਵਾਲਾ ਹੁੰਦਾ ਹੈ।

ਸਲੋਕ ਡਖਣੇ ਮ: ੫ ॥

1. ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ ॥
2. ਡੁਖੇ ਕੋੜਿ ਨ ਡੁਖ
ਨਾਨਕ ਪਿਰੀ ਪਿਖੰਦੋ ਸੁਭ ਦਿਸਟਿ ॥੧॥

ਪਦ ਅਰਥ :–ਸੈ–ਸੈਂਕੜੇ ਵਾਰੀ; ਨਹ ਨੰਗ–ਨੰਗ (ਦੀ ਪ੍ਰਵਾਹ) ਨਹੀਂ ਹੁੰਦੀ, ਨੰਗੇ ਰਹਿਣਾ ਦੁਖਦਾਈ ਨਹੀਂ ਜਾਪਦਾ। ਲਖ–ਲਖਾਂ ਵਾਰੀ। ਨ ਭੁਖਿਆ–ਭੁੱਖ ਚੁਭਦੀ ਨਹੀਂ। ਡੁਖ–ਦੁੱਖ। ਕੋੜਿ–ਕ੍ਰੋੜਾਂ। ਸੁਭ ਦਿਸਟਿ–ਚੰਗੀ ਨਿਗਾਹ ਨਾਲ, ਸਵੱਲੀ ਨਜ਼ਰ ਨਾਲ। ਪਿਖੰਦੋ–ਵੇਖੇ।੧।

ਅਰਥ :–

ਪ੍ਰ:–ਸ੍ਰੀ ਜੀਉ! ਜਦ ਉਹ ਪ੍ਰਭੂ ਪ੍ਰਮੇਸ਼ਰ ਕਿਸੇ ਤੇ ਮੇਹਰ ਦੀ ਨਜ਼ਰ ਨਾਲ ਤੱਕੇ ਤਾਂ ਉਸ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ, ਕਿਉਂਕਿ, ਆਮ ਤੌਰ ਪਰ ਰੱਬੀ ਮਾਰਗ ਤੇ ਟੁਰਨ ਵਾਲੇ ਸਦਾ ਹੀ ਸਰੀਰਕ ਦਸ਼ਾ ਵਿਚ ਕਮਜ਼ੋਰ ਹੀ ਵੇਖਣ ਵਿਚ ਆਉਂਦੇ ਹਨ, ਇਸ ਬਾਰੇ ਆਪ ਦੇ ਕੀ ਵੀਚਾਰ ਹਨ?

1. ਉ:-ਹੇ ਭਾਈਓ! (ਜਿਸ ਮਨੁੱਖ ਵਲ) ਉਹ ਪ੍ਰਭੂ ਪਤੀ ਸਵੱਲੀ ਨਜ਼ਰ ਨਾਲ ਤਕਣਾ ਕਰੇ, ਉਸ ਨੂੰ ਨੰਗ ਦੀ ਪ੍ਰਵਾਹ ਨਹੀਂ ਹੁੰਦੀ (ਉਸ ਨੂੰ ਤਾਂ ਭਾਵੇਂ) ਸੈਂਕੜੇ ਵਾਰੀ
2. ਨੰਗਾ ਰਹਿਣਾ ਪਏ ਅਤੇ ਉਸ ਨੂੰ ਭੁੱਖ (ਭੀ) ਨਹੀਂ ਚੁੱਭਦੀ ਚਾਹੇ ਲੱਖਾਂ ਵਾਰੀ ਭੁੱਖਾ ਰਹਿਣਾ ਪਵੇ, ਉਸ ਨੂੰ ਕੋਈ ਭੀ ਦੁੱਖ ਨਹੀਂ ਪੋਹਦਾ ਭਾਵੇਂ ਕ੍ਰੋੜਾਂ ਦੁੱਖ ਵਾਪਰਨ।੧।

ਭਾਵਾਰਥ :–ਜਦੋਂ ਕਿਸੇ ਮਨੁੱਖ ਤੇ ਸਾਈਂ ਜੀ ਦੀ ਮੇਹਰ ਭਰੀ ਬਖਸ਼ਸ਼ ਹੋ ਜਾਏ ਤਾਂ ਉਸ ਦੀ ਮਾਨਸਕ ਅਵਸਥਾ ਇਤਨੀਆਂ ਬੁਲੰਦੀਆਂ ਤੇ ਜਾ ਪੁੱਜਦੀ ਹੈ, ਕਿ ਉਸ ਨੂੰ ਭੁੱਖੇ ਨੰਗੇ ਰਹਿਣ ਦਾ ਕੋਈ ਭੀ ਦੁੱਖ ਨਹੀਂ ਵਾਪਰਦਾ।੧।

ਮ: ੫ ॥

1. ਸੁਖ ਸਮੂਹਾ ਭੋਗ ਭੂਮਿ ਸਬਾਈ ਕੋ ਧਣੀ ॥
2. ਨਾਨਕ ਹਭੋ ਰੋਗੁ ਮਿਰਤਕ ਨਾਮ ਵਿਹੂਣਿਆ ॥੨॥

ਪਦ ਅਰਥ :–ਸਮੂਹ–ਢੇਰ, (ਭਾਵ, ਸਾਰੇ)। ਭੂਮਿ–ਧਰਤੀ। ਸਬਾਈ–ਸਾਰੀ। ਧਣੀ–ਮਾਲਕ। ਮਿਰਤਕ–ਮੁਰਦਾ, ਮੁਈ ਆਤਮਾਂ ਵਾਲਾ।੨।

ਅਰਥ :–

ਪ੍ਰ:–ਸ੍ਰੀ ਜੀਉ! ਕਈ ਲੋਕਾਂ ਨੂੰ ਉਸ ਪ੍ਰਭੂ ਦੀ ਬਖਸ਼ਸ਼ ਦਾ ਸਦਕਾ ਸਾਰੇ ਪਦਾਰਥ ਸੁਖ ਪ੍ਰਾਪਤ ਹਨ, ਪਰ ਉਹ ਫਿਰ ਭੀ ਸਾਈਂ ਜੀ ਦੇ ਨਾਮ ਸਿਮਰਨ ਵਲੋਂ ਸੱਖਣੇ ਵੇਖੀਦੇ ਹਨ, ਆਪ ਜੀ ਉਨ੍ਹਾਂ ਬਾਰੇ ਕੀ ਵੀਚਾਰ ਰਖਦੇ ਹੋ?

1. ਉ:–ਹੇ ਭਾਈਓ! ਜੇ ਕਿਸੇ ਨੂੰ ਉਸ ਪ੍ਰਭੂ ਦੀ ਮੇਹਰ ਦਾ ਸਦਕਾ ਸਾਰੇ ਹੀ ਸੁਖਦਾਈ ਮਾਇਕ ਪਦਾਰਥ ਮਿਲੇ ਹੋਏ ਹਨ ਅਤੇ ਜੇ ਉਹ ਸਾਰੀ ਧਰਤੀ ਦਾ ਮਾਲਕ ਭੀ ਹੋਵੇ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰਿਓ! ਜੇ ਉਹ ਪ੍ਰਭੂ ਦੇ ਨਾਮ ਸਿਮਰਨ ਤੋਂ ਸਖਣਾ ਹੈ (ਤਾਂ ਸਮਝੋ) ਉਸ ਦੀ ਆਤਮਾਂ ਮੁਰਦਾ ਹੈ ਅਤੇ ਸਾਰੇ ਸੁਖ ਉਸ ਲਈ ਰੋਗ (ਸਮਾਨ) ਹਨ, (ਉਸ ਦੀ ਆਤਮਾਂ

ਨੂੰ ਹੋਰ ਵਧੇਰੇ ਮੁਰਦੇਹਾਣ ਦੇਂਦੇ ਹਨ) ।੨।

ਭਾਵਾਰਥ:–ਜੇ ਕੋਈ ਮਨੁੱਖ ਸਾਰੇ ਮਾਇਕੀ ਪਦਾਰਥਾਂ ਦੇ ਸੁਖ ਮਾਣਦਾ ਹੈ, ਪਰ ਨਾਮ ਦੇ ਪਿਆਰ ਤੋਂ ਸੱਖਣਾ ਹੈ ਤਾਂ ਸਮਝੋ ਉਸ ਲਈ ਸਾਰੇ ਸੁਖ ਰੋਗ ਰੂਪ ਹਨ, ਇਸ ਲਈ ਸਾਰੀਆਂ ਹੋਰ ਹੋਰ ਆਸਾਂ ਲਾਹ ਕੇ ਇਕ ਹਰੀ ਵਲ ਧਿਆਨ ਲਾਉਣ ਦੀ ਹੀ ਹਰ ਮਨੁੱਖ ਮਾਤ੍ਰ ਨੂੰ ਪ੍ਰੇਰਨਾ ਕਰਦੇ ਹਨ ।

ਮ: ੫ ॥

1. **ਹਿਕਸ ਕੂੰ ਤੂ ਆਹਿ ਪਛਾਣੂ ਭੀ ਹਿਕੁ ਕਰਿ ॥**
2. **ਨਾਨਕ ਆਸੜੀ ਨਿਬਾਹਿ**
   ਮਾਨੁਖ ਪਰਥਾਈ ਲਜੀਵਦੋ ॥੩॥

ਪਦ ਅਰਥ: ਹਿਕਸ ਕੂੰ–ਸਿਰਫ ਇਕ ਪ੍ਰਭੂ ਨੂੰ । ਆਹਿ–(ਮਿਲਣ ਦੀ) ਤਾਂਘ ਬਣਾ । ਪਛਾਣੂ–ਮਿੱਤ੍ਰ । ਕਰਿ–ਬਣਾ । ਨਿਬਾਹਿ–ਨਿਬਾਹੁੰਦਾ ਹੈ, ਪੂਰੀ ਕਰਦਾ ਹੈ । ਪਰਥਾਈ–ਤੁਰ ਕੇ ਜਾਣਾ, ਆਸਰਾ ਲੈਣਾ । ਲਜੀਵਦੋ–ਲੱਜਾ ਦਾ ਕਾਰਨ ਬਣਦਾ ਹੈ ।੩।

ਅਰਥ :–

ਪ੍ਰ:–ਸ੍ਰੀ ਜੀਉ ! ਸਾਡਾ ਮਨ ਇਤਨਾ ਕਮਜ਼ੋਰ ਹੈ ਕਿ, ਖਿਨ ਖਿਨ ਕਾਲ ਵਿਚ ਕਈਆਂ ਥਾਵਾਂ ਤੇ ਭਟਕਦਾ ਰਹਿੰਦਾ ਹੈ, ਇਸ ਦੇ ਟਿਕਾ ਲਈ ਕੋਈ ਸਾਧਨ ਦਸੋ ?

1. **ਉ**:–ਹੇ ਭਾਈ ! ਸਿਧਾਂਤਕ ਗਲ ਤਾਂ ਇਹੋ ਹੀ ਹੈ ਕਿ, ਤੂੰ ਸਿਰਫ ਇਕ ਪ੍ਰਮਾਤਮਾਂ ਨੂੰ (ਹੀ) ਮਿਲਣ ਦੀ (ਮਨ ਵਿਚ) ਤਾਂਘ ਰਖ ਅਤੇ ਇਕ ਪ੍ਰਮਾਤਮਾਂ ਨੂੰ ਹੀ ਆਪਣਾ ਮਿੱਤਰ ਬਣਾ ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹੀ ਤੇਰੀ ਆਸ ਪੂਰੀ ਕਰਨ ਵਾਲਾ ਹੈ, (ਇਸ ਲਈ) ਕਿਸੇ ਹੋਰ ਮਨੁੱਖ ਦਾ ਆਸਰਾ ਲੈਣਾ (ਤਾਂ) ਲੱਜਾ ਦਾ ਕਾਰਣ ਬਣਦਾ ਹੈ ।੩।

ਭਾਵਾਰਥ :–ਇਕੋ ਹੀ ਪ੍ਰਮੇਸ਼ਰ ਦੀ ਆਸ ਰਖਣੀ ਚਾਹੀਦੀ ਹੈ ਜੋ ਕਿ ਮਨੁੱਖ ਦੀਆਂ ਸਾਰੀਆਂ ਹੀ ਸ਼ੁਭ ਇੱਛਾ ਪੂਰਨ ਕਰਨ ਦੀ ਸਮਰੱਥਾ ਰਖਦਾ ਹੈ, ਪ੍ਰਭੂ ਨੂੰ ਛਡ ਕੇ ਕਿਸੇ ਮਨੁੱਖ ਦੀ ਆਸ ਰਖਣੀ ਲੱਜਾਵਾਨ ਹੀ ਹੋਣਾ ਪੈਂਦਾ ਹੈ ।੩।

ਪਉੜੀ ॥

1. **ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ ॥**
2. **ਨਿਹਚਲੁ ਨਾਮੁ ਨਿਧਾਨੁ ਹੈ**
   ਜਿਸੁ ਸਿਮਰਤ ਹਰਿ ਲਾਧਾ ॥
3. **ਨਿਹਚਲੁ ਕੀਰਤਨੁ ਗੁਣ ਗੋਬਿੰਦ**
   ਗੁਰਮੁਖਿ ਗਾਵਾਧਾ ॥
4. **ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ ॥**
5. **ਦਇਆ ਧਰਮੁ ਤਪੁ ਨਿਹਚਲੋ**
   ਜਿਸੁ ਕਰਮਿ ਲਿਖਾਧਾ ॥
6. **ਨਿਹਚਲੁ ਮਸਤਕਿ ਲੇਖੁ ਲਿਖਿਆ**
   ਸੋ ਟਲੈ ਨ ਟਲਾਧਾ ॥
7. **ਨਿਹਚਲ ਸੰਗਤਿ ਸਾਧ ਜਨ**
   ਬਚਨ ਨਿਹਚਲੁ ਗੁਰ ਸਾਧਾ ॥
8. **ਜਿਨ ਕਉ ਪੂਰਬਿ ਲਿਖਿਆ**
   ਤਿਨ ਸਦਾ ਸਦਾ ਆਰਾਧਾ ॥੧੯॥

ਪਦ ਅਰਥ :–ਅਗਾਧਾ–ਅਥਾਹ । ਨਿਧਾਨੁ–ਖਜ਼ਾਨਾਂ । ਲਾਧਾ–ਲਭ ਪੈਂਦਾ ਹੈ । ਗੁਰਮੁਖਿ–ਗੁਰੂ ਦੀ ਰਾਹੀਂ । ਗਵਾਧਾ–ਗਾਇਆ ਜਾਂਦਾ ਹੈ । ਰੈਨਿ–ਰਾਤ । ਕਰਮਿ–(ਪ੍ਰਭੂ ਦੀ) ਬਖਸ਼ਸ਼ ਨਾਲ । ਮਸਤਕਿ–ਮਥੇ ਉਤੇ । ਟਲਾਧਾ–ਟਾਲਿਆਂ । ਪੂਰਬਿ–ਪਹਿਲੇ ਸਮੇਂ ਵਿਚ ।੧੯।

ਅਰਥ :–

ਪ੍ਰ:–ਸ੍ਰੀ ਜੀਉ ! ਸਦੀਵੀ ਸਥਿਰ ਕਿਸ ਨੂੰ ਮੰਨਿਆਂ ਜਾਵੇ ?

1. **ਉ**:–ਹੇ ਭਾਈ ! ਅਜਲ ਵਿਚ ਸਿਰਫ ਅਪਹੁੰਚ ਤੇ ਅਥਾਹ ਹਰੀ ਪ੍ਰਮਾਤਮਾਂ ਹੀ ਸਦਾ ਥਿਰ ਰਹਿਣ ਵਾਲਾ ਹੈ ।
2. ਅਤੇ ਉਸ ਹਰੀ ਦਾ ਨਾਮ ਖਜ਼ਾਨਾ ਭੀ ਅਮੁੱਕ ਹੈ, ਨਾਮ ਸਿਮਰਿਆਂ ਪ੍ਰਮਾਤਮਾਂ ਲਭ ਪੈਂਦਾ ਹੈ ।
3. ਗੁਰੂ ਦੀ ਸ਼ਰਨ ਪੈ ਕੇ ਗਾਂਵਿਆਂ ਹੋਇਆ ਪ੍ਰਮਾਤਮਾਂ ਦੇ ਗੁਣਾਂ ਦਾ ਕੀਰਤਨ ਭੀ (ਐਸਾ ਖਜ਼ਾਨਾਂ ਹੈ ਜੋ) ਸਦਾ ਕਾਇਮ ਰਹਿੰਦਾ ਹੈ ।
4. ਹੇ ਭਾਈ ! (ਇਸ ਲਈ) ਦਿਨ ਰਾਤ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ, ਇਹੀ ਹੈ ਸਦਾ ਥਿਰ ਧਰਮ ਤੇ ਇਹੀ ਹੈ ਸਦਾ ਕਾਇਮ ਰਹਿਣ ਵਾਲਾ ਤਪ ।
5. ਪਰ, ਇਹ ਅਟੱਲ ਤਪ ਦਇਆ ਤੇ ਧਰਮ ਉਸੇ ਨੂੰ ਮਿਲਦਾ ਹੈ ਜਿਸ ਦੇ ਭਾਗਾਂ ਵਿਚ ਪ੍ਰਭੂ ਦੀ ਮੇਹਰ ਨਾਲ ਲਿਖਿਆ ਗਿਆ ਹੈ ।
6. ਹੇ ਭਾਈ ! ਮੱਥੇ ਉਤੇ ਲਿਖਿਆ ਹੋਇਆ ਲੇਖ ਇਹ ਐਸਾ ਹੈ ਕਿ ਕਿਸੇ ਦੇ ਟਾਲਿਆਂ ਟਲ ਨਹੀਂ ਸਕਦਾ ।
7. ਐ ਪਿਆਰੇ ! ਸਾਧ ਜਨਾਂ ਦੀ ਸੰਗਤ (ਭੀ ਮਨੁੱਖ ਜੀਵਨ ਵਾਸਤੇ ਇਕ) ਅਟੱਲ (ਰਸਤਾ) ਹੈ, ਗੁਰੂ ਸਾਧ ਦੇ ਬਚਨ ਭੀ (ਮਨੁੱਖ ਦੀ ਅਗਵਾਈ ਵਾਸਤੇ) ਅਟੱਲ (ਬੋਲ) ਹਨ ।
8. ਪੂਰਬਲੇ ਜਨਮ ਵਿਚ ਕੀਤੇ ਭਲੇ ਕਰਮਾਂ ਦਾ ਲੇਖ ਜਿਨ੍ਹਾਂ ਦੇ ਮੱਥੇ ਉਤੇ ਉਘੜਿਆ ਹੈ, ਉਨ੍ਹਾਂ ਨੇ ਸਦਾ ਹੀ (ਗੁਰੂ ਦੀ ਸ਼ਰਨ ਪੈ ਕੇ) ਪ੍ਰਮਾਤਮਾਂ ਦਾ ਸਿਮਰਨ ਕੀਤਾ ਹੈ ।੧੯।

ਭਾਵਾਰਥ :–ਸਾਧ ਸੰਗਤ ਵਿਚ ਟਿਕ ਕੇ ਪ੍ਰਮਾਤਮਾਂ ਦੀ ਕੀਤੀ ਹੋਈ ਸਿਫਤ ਸਲਾਹ ਹੀ ਇਕ ਐਸਾ ਖਜ਼ਾਨਾ ਹੈ ਜੋ ਸਦਾ ਅਟੱਲ ਰਹਿੰਦਾ ਹੈ, ਪੂਰਬਲੇ ਜਨਮਾਂ ਵਿਚ ਕੀਤੇ ਭਲੇ ਕਰਮਾਂ ਦਾ ਲੇਖ ਜਿਸਦੇ ਮੱਥੇ ਉਤੇ ਉਘੜਦਾ ਹੈ, ਉਹ ਗੁਰੂ ਦੀ ਸ਼ਰਨ ਪੈ ਕੇ ਇਹ ਨਾਮ ਖਜ਼ਾਨਾ ਇਕੱਠਾ ਕਰਦਾ ਹੈ ।

ਸਲੋਕ ਡਖਣੇ ਮ: ੫ ॥

1. ਜੋ ਡੁਬੰਦੋ ਆਪਿ ਸੋ ਤਰਾਏ ਕਿਨੑ ਖੇ ॥

2. ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥੧॥

ਪਦ ਅਰਥ :–ਕਿਨਖੇ–ਕਿਨ੍ਹਾਂ ਨੂੰ ? । ਤਾਰਿ–ਤਾਰੀ ਲਾਂਦੇ ਹਨ, ਤਰਦੇ ਹਨ ।੧।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਵਿਚ ਅਜਿਹੇ ਅਨੇਕਾਂ ਹੀ ਲੋਕ ਵੇਖਣ ਵਿਚ ਆਉਂਦੇ ਹਨ ਜੋ ਸੂਧੇ ਸਧੇ, ਨਿਸ਼ਕਪਟ ਅਤੇ ਸਰਲ ਚਿਤ ਲੋਕਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰ ਦੇਣ ਦਾ ਵਿਸ਼ਵਾਸ਼ ਕਰਾਉਂਦੇ ਹਨ, ਅਜਿਹੇ ਲੋਕਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. ਉ:–ਹੇ ਭਾਈਓ ! ਜਿਹੜਾ ਮਨੁੱਖ ਆਪ ਹੀ (ਸੰਸਾਰ ਸਮੁੰਦਰ ਦੇ ਵਿਕਾਰਾਂ ਦੀਆਂ ਲਹਿਰਾਂ ਵਿਚ) ਡੁੱਬ ਰਿਹਾ ਹੋਵੇ, (ਦਸੋ) ਉਹ ਹੋਰ ਕਿਨ੍ਹਾਂ ਨੂੰ ਤਾਰ ਸਕਦਾ ਹੈ ?

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੋ ਮਨੁੱਖ ਪਤੀ ਪ੍ਰਮਾਤਮਾਂ (ਦੇ ਪਿਆਰ) ਵਿਚ ਰੰਗੇ ਹੋਏ ਹਨ, ਉਹ (ਇਨ੍ਹਾਂ ਠਿਲ੍ਹਾਂ ਵਿਚੋਂ) ਆਪ ਭੀ ਤਰ ਜਾਂਦੇ ਹਨ ਤੇ ਹੋਰਨਾਂ ਨੂੰ ਭੀ ਤਾਰ ਲੈਂਦੇ ਹਨ ।੧।

ਭਾਵਾਰਥ :–ਕੱਚੇ ਪਿੱਲੇ ਆਗੂ ਜੋ ਆਪ ਨਹੀਂ ਤਰ ਸਕਦੇ, ਉਹ ਹੋਰਨਾਂ ਨੂੰ ਕਿਵੇਂ ਤਾਰ ਸਕਦੇ ਹਨ; ਤਾਰ ਤਾਂ ਕੇਵਲ ਉਹੀ ਸਕਦੇ ਹਨ ਜੋ ਆਪ ਹਰੀ ਨਾਲ ਰਤੇ ਹੋਣ ।

ਮ: ੫ ॥

1. ਜਿਥੈ ਕੋਇ ਕਥੰਨਿ ਨਾਉ ਸੁਣਦੋ ਮਾ ਪਿਰੀ ॥

2. ਮੂੰ ਜੁਲਾਊਂ ਤਥਿ ਨਾਨਕ ਪਿਰੀ
ਪਸੰਦੋ ਹਰਿਓ ਥੀਓਸਿ ॥੨॥

ਪਦ ਅਰਥ :–ਕਥੰਨਿ–ਕਥਦੇ ਹਨ; ਉਚਾਰਦੇ ਹਨ । ਮਾ ਪਿਰੀ–ਮੇਰੇ ਪਿਰ ਦਾ । ਮੂੰ–ਮੈਂ । ਜੁਲਾਊਂ–ਮੈਂ ਜਾਵਾਂ । ਤਥਿ–ਤਿਥੇ, ਉਥੇ । ਪਿਰੀ ਪਸੰਦੋ–ਪਿਰ ਨੂੰ ਵੇਖ ਕੇ । ਥੀਓਸਿ–ਹੋ ਜਾਈਦਾ ਹੈ ।੨।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਭੂ ਜੀ ਤੋਂ ਆਪ ਜੀ ਦੀ ਮੰਗ ਕੀ ਹੈ ?

1. ਉ:–ਹੇ ਭਾਈਓ ! ਮੇਰੀ ਤਾਂ ਸਦਾ ਇਹੋ ਹੀ ਮੰਗ ਹੈ ਕਿ; ਜਿਸ ਥਾਂ, ਭਾਵ ਸਾਧ ਸੰਗਤ ਵਿਚ ਕੋਈ (ਗੁਰਮੁਖ ਬੰਦੇ) ਮੇਰੇ ਪਤੀ ਪ੍ਰਭੂ ਦਾ ਨਾਮ ਸੁਣਦੇ ਉਚਾਰਦੇ ਹੋਣ; ਮੈਂ ਭੀ ਉਥੇ (ਚਲ ਕੇ) ਜਾਵਾਂ ।

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਕਿਉਂਕਿ, ਸਾਧ ਸੰਗਤ ਵਿਚ ਪਿਰ ਦਾ ਦੀਦਾਰ ਕਰ ਕੇ (ਆਪਾ) ਹਰਾ ਹੋ ਜਾਂਦਾ ਹੈ, (ਆਤਮਕ ਜੀਵਨ ਮਿਲ ਜਾਂਦਾ ਹੈ) ।੨।

ਭਾਵਾਰਥ :–ਸਭ ਤੋਂ ਉਤਮ ਮੰਗ ਪ੍ਰਭੂ ਜੀ ਤੋਂ ਇਹੋ ਹੀ ਮੰਗਦੇ ਰਹਿਣਾ ਚਾਹੀਦਾ ਹੈ ਕਿ ਜਿਥੇ ਪ੍ਰਭੂ ਦੇ ਪਿਆਰੇ ਸਾਧ ਸੰਗਤ ਵਿਚ ਉਸ ਸਾਈਂ ਜੀ ਦਾ ਨਾਮ ਉਚਾਰਨ ਕਰਦੇ ਹਨ ਅਸੀਂ ਸਦਾ ਉਸੇ ਥਾਂ ਹੀ ਨਿਵਾਸ ਕਰੀਏ ।

ਮ: ੫ ॥

1. ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ ॥

2. ਨਾਨਕ ਨਾਮ ਵਿਹੂਣਆ ਨਿਮੁਣੀਆਦੀ ਦੇਹ ॥੩॥

ਪਦ ਅਰਥ :–ਕਲਤ੍ਰ–ਇਸਤ੍ਰੀ । ਸਨੇਹ–ਪਿਆਰ, ਮੋਹ । ਨਿਮੁਣੀਆਦੀ–ਬੇ-ਬੁਨਿਆਦੀ; ਜਿਸ ਦੀ ਨੀਂਹ ਨਹੀਂ ਹੈ, ਵਿਅਰਥ ਜਾਣ ਵਾਲੀ । ਦੇਹ–ਕਾਇਆ, ਸਰੀਰ ।੩।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ ਦਾ ਦਿਤਾ ਹੋਇਆ ਉਪਦੇਸ਼ ਤਾਂ ਸਹੀ ਹੈ ਕਿ ਸਦਾ ਹੀ ਨਾਮ ਸਿਮਰਦੇ ਰਹੋ, ਪਰ, ਸਾਡੇ ਪਰਵਾਰ ਦਾ ਮੋਹ ਪਿਆਰ ਰੱਬੀ ਮਾਰਗ ਵਲ ਟੁਰਨ ਹੀ ਨਹੀਂ ਦੇਂਦਾ, ਦਸੋ ਕੀ ਕੀਤਾ ਜਾਏ ?

1. ਉ:–ਹੇ ਭਾਈ ! ਤੂੰ ਮੋਹ ਵਿਚ ਫਸ ਕੇ ਕਿਉਂ ਇਹ ਆਖੀ ਜਾ ਰਿਹਾ ਹੈਂ ਕਿ ਮੇਰੀ ਇਹ ਇਸਤਰੀ ਹੈ, ਇਹ ਮੇਰਾ ਪੁੱਤ੍ਰ ਹੈ ?

2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, (ਐ ਪਿਆਰੇ ! ਵੇਖ, ਮੋਹ ਵਿਚ ਫਸ ਕੇ) ਪ੍ਰਭੂ ਦੇ ਨਾਮ ਤੋਂ ਸਖਣਾ ਰਹਿ ਕੇ ਇਹ ਸਰੀਰ ਜਿਸ ਦੀ ਪਾਇਆਂ ਕੋਈ ਨਹੀਂ (ਵਿਅਰਥ ਚਲਾ ਜਾਏਗਾ) ।੩।

ਭਾਵਾਰਥ :–ਨਾਮ ਤੋਂ ਸਖਣਾ ਪ੍ਰਵਾਰ ਦਾ ਮੋਹ ਮਨੁੱਖ ਦੇ ਜੀਵਨ ਨੂੰ ਵਿਅਰਥ ਗਵਾ ਦੇਂਦਾ ਹੈ ।

ਪਉੜੀ ॥

1. ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥

2. ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ ॥

3. ਅਕਾਲ ਮੂਰਤਿ ਰਿਦੈ ਧਿਆਇਦਾ
ਦਿਨੁ ਰੈਨਿ ਜਪੰਥਾ ॥

4. ਮੈ ਛਡਿਆ ਸਗਲ ਅਪਾਇਣੋ
ਭਰਵਾਸੈ ਗੁਰ ਸਮਰਥਾ ॥

5. ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥

6. ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥

7. ਨਾਮੁ ਦਾਨੁ ਇਸਨਾਨੁ ਦਿੜੁ
ਸਦਾ ਕਰਹੁ ਗੁਰ ਕਥਾ ॥

8. ਸਹਜੁ ਭਇਆ ਪ੍ਰਭੁ ਪਾਇਆ
ਜਮ ਕਾ ਭਉ ਲਥਾ ॥੨੦॥

ਪਦ ਅਰਥ :–ਨੈਨੀ–ਨੈਨੀਂ, ਅੱਖਾਂ ਨਾਲ । ਦੇਖਉ–ਦੇਖਉਂ, ਮੈਂ ਵੇਖਦਾ ਹਾਂ । ਪੈਰੀ–ਪੈਰੀਂ, ਪੈਰਾਂ ਨਾਲ । ਮਾਰਗਿ–ਰਸਤੇ ਉਤੇ । ਫੇਰੀ–ਫੇਰੀਂ, ਮੈਂ ਫੇਰਦਾ ਹਾਂ । ਅਪਾਇਣੋ–ਆਪਾ ਭਾਵ, ਅਪਣੱਤ । ਭਰਵਾਸੈ ਗੁਰ–ਗੁਰੂ ਦੇ

ਆਸਰੇ ਹੋ ਕੇ । ਗੁਰਿ-ਗੁਰੂ ਨੇ । ਨਿਧਾਨੁ-ਖਜ਼ਾਨਾ । ਭਾਈਹੋ-ਹੇ ਭਰਾਵੋ । ਭੁੰਚਹੁ-ਖਾਵਹੁ । ਅਗਥਾ-ਅਕੱਥ ਪ੍ਰਭੂ ਦਾ । ਪਲੈ-ਪੱਲੇ (ਬੰਨ੍ਹੋ), ਇਕੱਠਾ ਕਰੋ । ਦਾਨੁ-ਸੇਵਾ । ਇਸਨਾਨੁ-ਆਚਰਨ ਦੀ ਪਵਿੱਤ੍ਰਤਾ ।,ਸਹਜੁ-ਅਡੋਲਤਾ ।੨੦।

ਅਰਥ :-

ਪ੍ਰ:-ਸ੍ਰੀ ਜੀਉ ! ਉਸ ਪ੍ਰਮੇਸ਼ਰ ਦੇ ਸਤਿ ਸਰੂਪ ਨੂੰ ਆਪਣੇ ਹਿਰਦੇ ਵਿਚ ਟਿਕਾਈ ਰਖਣ ਲਈ ਆਪ ਜੀ ਕਿਹੜਾ ਸੰਜਮ ਵਰਤਦੇ ਹੋ ?

1. ਉ:-ਹੇ ਭਾਈਓ ! ਮੈਂ ਅੱਖਾਂ ਨਾਲ ਗੁਰੂ ਦੇ ਦਰਸ਼ਨ ਕਰਦਾ ਹਾਂ ਅਤੇ ਆਪਣਾ ਮੱਥਾ ਗੁਰੂ ਦੇ ਚਰਨਾਂ ਵਿਚ ਧਰਦਾ ਹਾਂ ।
2. ਹੇ ਭਾਈ ! ਪੈਰਾਂ ਨਾਲ ਮੈਂ ਗੁਰੂ ਦੇ ਦਸੇ ਰਸਤੇ ਉਤੇ ਤੁਰਦਾ ਹਾਂ ਅਤੇ ਹੱਥਾਂ ਨਾਲ ਮੈਂ (ਗੁਰੂ ਸੰਗਤ ਨੂੰ) ਪੱਖਾ ਝੱਲਦਾ ਹਾਂ ।
3. ਹੇ ਭਾਈਓ ! (ਇਸ ਸੰਜਮ ਵਿਚ ਰਹਿ ਕੇ) ਮੈਂ ਪ੍ਰਮਾਤਮਾਂ ਦਾ ਸਰੂਪ ਆਪਣੇ ਹਿਰਦੇ ਵਿਚ ਟਿਕਾਂਦਾ ਹਾਂ ਤੇ ਦਿਨ ਰਾਤ ਉਸੇ ਦਾ ਨਾਮ ਜਪਦਾ ਹਾਂ ।
4. ਹੇ ਭਾਈਓ ! ਸਭ ਤਾਕਤਾਂ ਦੇ ਮਾਲਕ ਗੁਰੂ ਵਿਚ ਸ਼ਰਧਾ ਧਾਰ ਕੇ ਮੈਂ ਹੁਣ (ਮਾਇਆ ਵਾਲੀ) ਸਾਰੀ ਅਪਣੱਤ ਦੂਰ ਕਰ ਲਈ ਹੈ ।

ਪ੍ਰ:-ਸ੍ਰੀ ਜੀਉ ! ਆਪ ਜੀ ਨੂੰ ਸਦਾ ਹੀ ਦੁਖਾਂ ਕਲੇਸ਼ਾਂ ਤੋਂ ਰਹਿਤ ਸੁਖੀਏ ਵੇਖਦੇ ਹਾਂ ਇਸ ਵਿਚ ਕਿਸਦੀ ਬਰਕਤ ਹੈ?.

5. ਉ.-ਹੇ ਪਿਆਰਿਓ ! ਗੁਰੂ ਨੇ ਮੈਨੂੰ ਪ੍ਰਭੂ ਦਾ ਨਾਮ ਖਜ਼ਾਨਾ (ਦੇ) ਦਿਤਾ ਹੈ, (ਹੁਣ) ਮੇਰਾ ਸਾਰਾ ਦੁੱਖ ਕਲੇਸ਼ ਲਹਿ ਗਿਆ ਹੈ ।
6. ਹੇ ਭਰਾਵੋ ! (ਤੁਸੀਂ ਭੀ) ਅਕੱਥ ਪ੍ਰਭੂ ਦੇ ਨਾਮ ਖਜ਼ਾਨੇ ਨੂੰ (ਖੁੱਲ੍ਹੇ ਦਿਲ) ਵਰਤੋ ਤੇ ਇਕੱਠਾ ਕਰੋ ।
7. ਸਦਾ ਗੁਰੂ ਦੀਆਂ ਕਹਾਣੀਆਂ ਕਰੋ, ਨਾਮ ਜਪੋ, ਸੇਵਾ ਕਰੋ ਅਤੇ ਆਪਣਾ ਆਚਰਨ ਪਵਿੱਤ੍ਰ ਬਣਾਓ ।

ਪ੍ਰ:-ਸ੍ਰੀ ਜੀਉ ! ਇਸ ਦਾ ਫੱਲ ਕੀ ਹਾਸਿਲ ਹੋਵੇਗਾ ?

8. ਉ:-ਹੇ ਭਰਾਵੋ ! ਇਸ ਤਰ੍ਹਾਂ ਜਦੋਂ ਮਨ ਦੀ ਅਡੋਲਤਾ ਬਣ ਜਾਂਦੀ ਹੈ ਤਾਂ ਰੱਬ ਮਿਲ ਪੈਂਦਾ ਹੈ, (ਫਿਰ) ਮੌਤ ਦਾ ਡਰ ਭੀ ਦੂਰ ਹੋ ਜਾਂਦਾ ਹੈ (ਆਤਮਿਕ ਮੌਤ ਨੇੜੇ ਨਹੀਂ ਢੁਕ ਸਕਦੀ) ।੨੦।

ਭਾਵਾਰਥ :-ਗੁਰੂ ਜਿਸ ਨੂੰ ਪ੍ਰਮਾਤਮਾਂ ਦਾ ਨਾਮ ਧਨ ਬਖਸ਼ਦਾ ਹੈ, ਉਸ ਦਾ ਆਚਰਨ ਪਵਿੱਤ੍ਰ ਹੋ ਜਾਂਦਾ ਹੈ, ਉਸ ਦਾ ਮਨ ਭੀ ਵਿਕਾਰਾਂ ਵਾਲੇ ਪਾਸੇ ਨਹੀਂ ਡੋਲਦਾ, ਉਸਨੂੰ ਆਤਮਕ ਮੌਤ ਪੋਹ ਨਹੀਂ ਸਕਦੀ, ਇਸ ਲਈ ਮੈਂ ਤਾਂ ਨਾਮ ਦ੍ਰਿੜਾਉਣ ਵਾਲੇ ਗੁਰੂ ਨੂੰ ਹੀ ਆਪਣਾ ਜੀਵਨ ਅਰਪਣ ਕਰਾਂਗਾ ।

ਸਲੋਕ ਡਖਣੇ ਮ: ੫ ॥

1. ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ ॥
2. ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ ॥੧॥

ਪਦ ਅਰਥ :-ਪਿਰੀਅੰਨਿ-ਪਿਰ ਨਾਲ । ਤਿਪੀਆ-ਰੱਜੀਆਂ । ਹਭ ਮਝਾਹੂ-ਸਭਨਾਂ ਵਿਚ । ਬਿਆ-ਦੂਸਰਾ ।੧।

ਅਰਥ :-

ਪ੍ਰ:-ਸ੍ਰੀ ਜੀਉ ! ਦਿਨੇ ਰਾਤ ਨਾਮ ਸਿਮਰਦੇ ਰਹਿਣ ਦੀ ਬਰਕਤ ਨਾਲ ਹੁਣ ਆਪ ਜੀ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤਦੀ ਹੈ ?

1. ਉ:-ਹੇ ਭਾਈਓ ! ਹੁਣ ਮੇਰੀਆਂ ਅੱਖਾਂ ਉਸੇ ਪ੍ਰਭੂ ਪਤੀ ਨਾਲ ਲਗ ਗਈਆਂ ਹਨ, (ਹੁਣ ਇਹ ਅੱਖਾਂ ਉਸ ਨੂੰ) ਵੇਖ ਵੇਖਕੇ ਰੱਜਦੀਆਂ (ਹੀ) ਨਹੀਂ (ਅੱਕਦੀਆਂ ਨਹੀਂ) ।
2. ਹੇ ਪਿਆਰੇ ! ਉਹ ਮਾਲਕ ਪ੍ਰਭੂ (ਹੁਣ ਮੈਨੂੰ) ਸਭਨਾਂ ਵਿਚ (ਦਿਸ ਰਿਹਾ ਹੈ), (ਮੈਂ ਕਿਤੇ ਭੀ ਉਸ ਤੋਂ ਬਿਨਾ ਉਸ ਵਰਗਾ) ਕੋਈ ਦੂਜਾ ਨਹੀਂ ਵੇਖਿਆ ।੧।

ਭਾਵਾਰਥ :-ਜਿਨ੍ਹਾਂ ਦਾ ਪਿਆਰ ਪ੍ਰਭੂ ਨਾਲ ਪੈ ਜਾਂਦਾ ਹੈ, ਉਨ੍ਹਾਂ ਦੇ ਪ੍ਰਤਖ ਅਤੇ ਮਨ ਸ਼ੁਧ ਰੂਪ ਨੇਤ੍ਰ ਵੇਖ ਵੇਖ ਕੇ ਰੱਜਦੇ ਹੀ ਨਹੀਂ, ਭਾਵ ਹੋਰ ਹੋਰ ਸੱਧਰ ਉਪਜਦੀ ਰਹਿੰਦੀ ਹੈ, ਉਹ ਸਾਰਿਆਂ ਵਿਚ ਉਸੇ ਹੀ ਮਾਲਕ ਨੂੰ ਵਿਆਪਕ ਵੇਖਦੇ ਹਨ ।

ਮ: ੫ ॥

1. ਕਥੜੀਆ ਸੰਤਾਹ ਤੇ ਸੁਖਾਊ ਪੰਧੀਆ ॥
2. ਨਾਨਕ ਲਧੜੀਆ ਤਿੰਨਾਹ
ਜਿਨਾ ਭਾਗੁ ਮਥਾਹੜੈ ॥੨॥

ਪਦ ਅਰਥ:-ਕਥੜੀਆ-ਕਥਾ ਕਹਾਣੀਆਂ, ਉਪਦੇਸ਼ ਦੇ ਬਚਨ । ਪੰਧੀਆ-ਰਸਤਾ । ਸੁਖਾਊ-ਸੁਖ ਦੇਣ ਵਾਲੇ । ਮਥਾਹੜੈ-ਮੱਥੇ ਉਤੇ । ਤਿਨਾਹ-ਉਨ੍ਹਾਂ ਨੂੰ ।੨।

ਅਰਥ :-

ਪ੍ਰ:-ਹੇ ਗੁਰੋ ! ਅਜਿਹਾ ਉਹ ਕਿਹੜਾ ਸਾਧਨ ਹੈ ਜਿਸ ਦਾ ਸਦਕਾ ਸੁੱਖ ਦਾ ਮਾਰਗ ਦਿਸ ਸਕਦਾ ਹੋਵੇ ?

1. ਉ:-ਹੇ ਪਿਆਰੇ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਸੰਤ ਜਨਾਂ ਦੇ ਉਪਦੇਸ਼ ਮਈ ਬਚਨ ਹੀ ਸੁਖ ਵਿਖਾਲਣ ਵਾਲਾ ਰਸਤਾ ਹਨ ।
2. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! (ਪਰ) ਇਹ ਬਚਨ ਉਨ੍ਹਾਂ ਨੂੰ ਹੀ ਮਿਲਦੇ ਹਨ, ਜਿਨ੍ਹਾਂ ਦੇ ਮੱਥੇ ਉਤੇ (ਪੂਰਬਲੇ ਭਲੇ ਕਰਮ ਦਾ) ਭਾਗ (ਉੱਘੜਦਾ ਹੈ) ।੨।

ਭਾਵਾਰਥ :-ਜਗਤ ਦਾ ਹਰ ਬੰਦਾ ਸੁੱਖ ਪ੍ਰਾਪਤੀ ਦੇ ਜਤਨ ਵਿਚ ਲਗਾ ਹੋਇਆ ਹੈ, ਪਰ, ਸਹੀ ਰੂਪ ਵਿਚ ਸੁਖੀ ਜੀਵਨ ਗੁਜ਼ਾਰਨ ਦਾ ਸਹੀ ਮਾਰਗ ਤਾਂ ਕੇਵਲ ਗੁਰਮੁਖਾਂ ਦੇ

ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਨਾ ਹੈ, ਪਰ ਇਹ ਦਾਤ ਵਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ।

ਮ: ੫ ॥

1. ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ ॥
2. ਪਾਤਾਲ ਆਕਾਸ ਪੂਰਨੁ ਹਭ ਘਟਾ ॥
3. ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ ॥੩॥

ਪਦ ਅਰਥ:—ਡੂੰਗਰਿ—ਡੂੰਗਰ ਵਿਚ, ਪਹਾੜ ਵਿਚ। ਬਨਾ—ਜੰਗਲਾਂ ਵਿਚ। ਜਲਾ—ਪਾਣੀਆਂ ਵਿਚ। ਥਲਾ—ਰੇਤਲੇ ਥਾਵਾਂ ਵਿਚ। ਕੰਦਰਾ—ਗੁਫਾ ਵਿਚ। ਪੂਰਨੁ—ਵਿਆਪਕ। ਪੇਖਿ—ਵੇਖ ਕੇ। ਜੀਓ—ਮੈਂ ਜੀਊਂਦਾ ਹਾਂ, ਮੇਰੇ ਅੰਦਰ ਜਿੰਦ ਪੈਂਦੀ ਹੈ, ਮੈਨੂੰ ਆਤਮਿਕ ਜੀਵਨ ਮਿਲਦਾ ਹੈ। ਇਕਤੁ—ਇਕ ਵਿਚ। ਸੂਤਿ—ਸੂਤ ਵਿਚ।੩।

ਅਰਥ :—

ਪ੍ਰ:—ਸ੍ਰੀ ਜੀਉ! ਕੀ, ਉਸ ਪ੍ਰਭੂ ਦਾ ਨਿਵਾਸ ਕਿਸੇ ਖਾਸ ਥਾਂ ਵਿਚ ਮੰਨਿਆਂ ਜਾਂਦਾ ਹੈ?

1. ਉ:—ਹੇ ਭਾਈ! ਅਸਲ ਵਿਚ ਉਹ ਪ੍ਰਮਾਤਮਾਂ ਪਹਾੜਾਂ ਵਿਚ, ਸ਼ਮੁੰਦਰਾਂ ਵਿਚ, ਰੇਤਲੇ ਥਾਵਾਂ ਵਿਚ, ਧਰਤੀ ਵਿਚ, ਜੰਗਲਾਂ ਵਿਚ, ਫਲਾਂ ਵਿਚ, ਗੁਫਾ ਵਿਚ।
2. ਪਾਤਾਲ ਅਕਾਸ਼ ਵਿਚ, ਸਾਰੇ ਹੀ ਸਰੀਰਾਂ ਵਿਚ ਉਹ (ਪ੍ਰਭੂ) ਵਿਆਪਕ ਹੈ।
3. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਸ ਪ੍ਰਭੂ ਨੇ (ਸਾਰੀ ਹੀ ਰਚਨਾ ਨੂੰ) ਇਕੋ ਧਾਗੇ ਵਿਚ (ਭਾਵ, ਹੁਕਮ ਵਿਚ, ਮਰਯਾਦਾ ਵਿਚ) ਪ੍ਰੋ ਰਖਿਆ ਹੈ, ਉਸ ਨੂੰ ਵੇਖ ਵੇਖ ਕੇ ਮੈਨੂੰ ਆਤਮਿਕ ਜੀਵਨ ਮਿਲਦਾ ਹੈ।੩।

ਭਾਵਾਰਥ :—ਉਸ ਪ੍ਰਭੂ ਦੀ ਜੋਤ ਸੰਸਾਰ ਦੇ ਹਰ ਜਰਰੇ ਜਰਰੇ ਵਿਚ ਸਮਾਈ ਹੋਈ ਹੈ, ਇਸ ਸਾਰੀ ਰਚਨਾਂ ਨੂੰ ਉਸ ਨੇ ਇਕੋ ਆਪਣੇ ਹੁਕਮ ਵਿਚ ਪ੍ਰੋ ਰਖਿਆ ਹੈ।

ਪਉੜੀ ॥

1. ਹਰਿ ਜੀ ਮਾਤਾ ਹਰਿ ਜੀ ਪਿਤਾ
ਹਰਿ ਜੀਉ ਪ੍ਰਤਿਪਾਲਕ ॥
2. ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
3. ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
4. ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
5. ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
6. ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ
ਇਸੁ ਸਉਦੇ ਲਾਇਕ ॥
7. ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖਪਾਇਕ ॥
8. ਮੈ ਨਾਲਹੁ ਕਦੇ ਨ ਵਿਛੁੜੈ
ਹਰਿ ਪਿਤਾ ਸਭਨਾ ਗਲਾ ਲਾਇਕ ॥੨੧॥

ਪਦ ਅਰਥ :—ਸਾਰ—ਸੰਭਾਲ। ਸਹਜਿ—ਸਹਜ ਅਵਸਥਾ ਵਿਚ, ਆਤਮਿਕ ਅਡੋਲਤਾ ਵਿਚ। ਆਲਕ—ਆਲਸ। ਕੋ—ਕੋਈ। ਸੇਤੀ—ਨਾਲ। ਲਾਇਕ—ਲਾ ਲੈਂਦਾ ਹੈ। ਮੰਗਾਂ—ਮੈਂ ਮੰਗਦਾ ਹਾਂ। ਸੁਖਦਾਇਕ—ਸੁਖ ਦੇਣ ਵਾਲਾ। ਸਉਪਿਓਨੁ—ਉਸ (ਪ੍ਰਭੂ) ਨੇ ਸਉਂਪਿਆ ਹੈ। ਸਾਝੀ—ਭਾਈਵਾਲ। ਪਾਇਕ—ਸੇਵਕ। ਮੈ ਨਾਲਹੁ—ਮੇਰੇ ਨਾਲੋਂ। ਲਾਇਕ—ਸਮਰੱਥ।੨੧।

ਅਰਥ :—

ਪ੍ਰ:—ਸ੍ਰੀ ਜੀਉ! ਉਸ ਹਰੀ ਪ੍ਰਮੇਸ਼ਰ ਜੀ ਤੇ ਕਿਤਨਾ ਕੁ ਵਿਸ਼ਵਾਸ਼ ਰਖਿਆ ਜਾਵੇ?

1. ਉ:—ਹੇ ਪਿਆਰਿਓ! ਮੇਰਾ ਆਪਣਾ ਨਿਸਚਾ ਤਾਂ ਇਉਂ ਹੀ ਹੈ ਕਿ, ਪ੍ਰਮਾਤਮਾਂ (ਹੀ) ਮੇਰਾ ਮਾਤਾ ਪਿਤਾ ਹੈ, (ਮਾਪਿਆਂ ਵਾਂਗ ਮੈਨੂੰ) ਪਾਲਣ ਵਾਲਾ ਹੈ।
2. ਪ੍ਰਭੂ (ਹੀ) ਮੇਰੀ ਸੰਭਾਲ ਕਰਦਾ ਹੈ ਅਸੀਂ ਪ੍ਰਭੂ ਦੇ ਬੱਚੇ ਹਾਂ।
3. ਹੇ ਭਾਈ! ਮੈਨੂੰ ਮੇਰਾ ਹਰੀ ਅਡੋਲ ਅਵਸਥਾ ਵਿਚ ਟਿਕਾਕੇ ਜੀਵਨ ਖੇਡ ਖਿਡਾ ਰਿਹਾ ਹੈ, (ਇਸ ਗਲੋਂ ਰਤਾ ਭੀ) ਆਲਸ ਨਹੀਂ ਕਰਦਾ।
4. ਅਤੇ ਹੇ ਪਿਆਰੇ! ਉਹ ਮੇਰੇ ਕਿਸੇ ਅਉਗਣ ਨੂੰ ਭੀ ਚੇਤੇ ਨਹੀਂ ਰਖਦਾ, (ਸਦਾ) ਆਪਣੇ ਗਲ ਨਾਲ (ਮੈਨੂੰ) ਲਾਈ ਰਖਦਾ ਹੈ।
5. ਹੇ ਭਾਈ! ਜੋ ਕੁਝ ਮੈਂ ਮੂੰਹੋਂ ਮੰਗਦਾ ਹਾਂ, ਮੇਰਾ ਸੁਖਦਾਈ ਪਿਤਾ ਪ੍ਰਭੂ ਉਹੀ ਉਹੀ ਦੇ ਦੇਂਦਾ ਹੈ।
6. ਹੇ ਭਾਈਓ! ਉਸ ਪ੍ਰਭੂ ਨੇ ਮੈਨੂੰ ਆਪਣੇ ਨਾਲ ਜਾਣ ਪਛਾਣ ਦੀ ਪੂੰਜੀ ਆਪਣਾ ਨਾਮ ਧਨ ਸਉਂਪ ਦਿਤਾ ਹੈ, ਤੇ ਮੈਨੂੰ ਇਸ ਸੌਦਾ ਵਿਹਾਝਣ ਦੇ ਲਾਇਕ ਬਣਾ ਦਿਤਾ ਹੈ।
7. ਅਤੇ, ਪ੍ਰਭੂ ਨੇ ਮੈਨੂੰ ਸਤਿਗੁਰੂ ਦੇ ਨਾਲ ਭਾਈਵਾਲ ਬਣਾ ਦਿਤਾ ਹੈ, (ਹੁਣ) ਸਾਰੇ ਸੁੱਖ ਮੇਰੇ ਦਾਸ ਬਣ ਗਏ ਹਨ।
8. ਹੇ ਭਾਈਓ! ਉਹ ਮੇਰਾ ਪਿਤਾ ਪ੍ਰਭੂ ਕਦੇ ਭੀ ਮੇਰੇ ਨਾਲੋਂ ਵਿਛੜਦਾ ਨਹੀਂ,(ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਉਹ ਮੇਰਾ) ਪ੍ਰਭੂ ਸਾਰੀਆਂ ਗਲਾਂ ਕਰਨ ਦੇ ਸਮਰੱਥ ਹੈ।੨੧।

ਭਾਵਾਰਥ :—ਜਿਸ ਮਨੁੱਖ ਉਤੇ ਪ੍ਰਮਾਤਮਾਂ ਮਿਹਰ ਦੀ ਨਿਗਾਹ ਕਰਦਾ ਹੈ, ਉਸ ਨੂੰ ਗੁਰੂ ਦੀ ਸ਼ਰਨ ਵਿਚ ਰਖਕੇ ਨਾਮ ਸਿਮਰਨ ਦੀ ਦਾਤ ਬਖਸ਼ਦਾ ਹੈ ਅਤੇ ਉਸ ਦੀਆਂ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ ਅਤੇ ਸਾਰੇ ਹੀ ਸੁੱਖ ਉਸ ਦੇ ਦਾਸ ਬਣ ਜਾਂਦੇ ਹਨ।

ਸਲੋਕ ਡਖਣੇ ਮ: ੫ ॥

1. ਨਾਨਕ ਕਚੜਿਆ ਸਿਉ ਤੋੜਿ
ਢੂਢਿ ਸਜਣ ਸੰਤ ਪਕਿਆ ॥
2. ਓਇ ਜੀਵੰਦੇ ਵਿਛੁੜਹਿ ਓਇ
ਮੁਇਆ ਨ ਜਾਹੀ ਛੋੜਿ ॥੧॥

ਪਦ ਅਰਥ :—ਕਚੜਿਆ ਸਿਉ—ਉਨ੍ਹਾਂ ਨਾਲੋਂ ਜਿਨ੍ਹਾਂ ਦੀ ਪ੍ਰੀਤ ਕੱਚੀ ਹੈ,(ਨੋਟ:—ਜਿਨ੍ਹਾਂ ਨਾਲ ਪ੍ਰੀਤ ਸਿਰਫ ਮਾਇਆ ਦੇ ਸੰਬੰਧ ਕਰ ਕੇ ਹੁੰਦੀ ਹੈ, ਉਹ ਸਦਾ ਕਾਇਮ ਨਹੀਂ ਰਹਿ ਸਕਦੀ। ਜਾਇਦਾਦ ਦੀ ਵੰਡ ਤੋਂ ਜਾਂ ਕਈ ਹੋਰ ਸੁਆਰਥਾਂ ਦੇ ਕਾਰਨ ਫਿਕ ਪੈ ਜਾਂਦੀ ਹੈ)। ਓਇ ਵਿਛੁੜਹਿ—ਮਾਇਆ ਦੇ ਆਸਰੇ ਬਣੇ ਹੋਏ ਸਾਕ ਸੈਣ ਪ੍ਰੀਤ ਤੋੜ ਲੈਂਦੇ ਹਨ ।੧।

ਅਰਥ :—

ਪ੍ਰ:—ਸ੍ਰੀ ਜੀਉ ! ਮੈਂ ਤਾਂ ਜਿਸ ਨਾਲ ਭੀ ਪ੍ਰੀਤ ਪਾਂਦਾ ਹਾਂ, ਉਹ ਥੋੜੇ ਸਮੇਂ ਅੰਦਰ ਹੀ ਟੁੱਟ ਜਾਂਦੀ ਹੈ, ਆਪ ਜੀ ਦਸੋ ਪ੍ਰੀਤ ਕਿਸ ਨਾਲ ਜੋੜਨੀ ਚਾਹੀਦੀ ਹੈ, ਜੋ ਕਿ ਸਦਾ ਹੀ ਤੋੜ ਨਿਭ ਸਕਦੀ ਹੋਵੇ ?

1. **ਉ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਮਾਇਆ ਦੇ ਆਸਰੇ ਪ੍ਰੀਤ ਪਾਣ ਵਾਲਿਆਂ ਦੀ ਪ੍ਰੀਤ ਦੀ ਗੰਢ ਪਕੀ ਨਹੀਂ ਹੁੰਦੀ, ਸੋ, ਉਨ੍ਹਾਂ ਨਾਲੋਂ ਪ੍ਰੀਤ ਤੋੜ ਲੈ, ਜਿਨ੍ਹਾਂ ਦੀ ਪ੍ਰੀਤ ਕੱਚੀ ਹੈ (ਉਨ੍ਹਾਂ ਨੂੰ ਸਦਾ ਨਿਭਣ ਵਾਲੇ ਸਾਥੀ ਨਾ ਸਮਝ)। ਗੁਰਮੁਖਾਂ ਦੀ, ਸੰਤ ਜਨਾਂ ਦੀ ਭਾਲ ਕਰ, ਉਨ੍ਹਾਂ ਦੀ ਪ੍ਰੀਤ ਪੱਕੀ ਹੁੰਦੀ ਹੈ, (ਕਿਉਂਕਿ ਉਨ੍ਹਾਂ) ਨੂੰ ਕੋਈ ਸੁਆਰਥ ਨਹੀਂ ਹੁੰਦਾ।
2. ਹੇ ਭਾਈ ! ਸੁਆਰਥੀ ਤਾਂ ਜੀਊਂਦਿਆਂ ਹੀ (ਦਿਲੋਂ) ਵਿਛੜੇ ਰਹਿੰਦੇ ਹਨ, ਪਰ ਗੁਰਮੁਖ ਸਤਿਸੰਗੀ ਮਰਨ ਤੇ ਭੀ ਸਾਥ ਨਹੀਂ ਛਡਦੇ (ਪ੍ਰਭੂ ਪਿਆਰ ਦੀ ਦਾਤ ਲਈ ਅਰਦਾਸ ਕਰਦੇ ਹਨ) ।੧।

ਭਾਵਾਰਥ :-ਸੱਚਾ ਪਿਆਰ ਉਸ ਸੱਚੇ ਪੱਕੇ ਗੁਰੂ ਨਾਲ ਹੀ ਕਰਨਾ ਚਾਹੀਦਾ ਹੈ, ਜੋ ਸਦਾ ਹੀ ਅੰਗ ਸੰਗ ਰਹੇ ਅਤੇ ਪ੍ਰਭੂ ਪਿਆਰ ਦੀ ਦਾਤ ਲਈ ਸਦਾ ਹੀ ਅਰਦਾਸ ਕਰਦਾ ਰਹੇ।

ਮ: ੫ ॥

1. **ਨਾਨਕ ਬਿਜੁਲੀਆ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ ॥**
2. **ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ॥੨॥**

ਪਦ ਅਰਥ :—ਘੁਰਨਿ—ਘੁਰ ਘੁਰ ,ਕਰਦੀਆਂ ਹਨ, ਗੜਕਦੀਆਂ ਹਨ, ਗੱਜਦੀਆਂ ਹਨ, ਬਹੁਤ ਕਾਲੀਆਂ ਰਾਤਾਂ। ਅਤਿ ਕਾਲੀਆਂ—ਗੂੜ੍ਹੇ ਕਾਲੇ ਰੰਗ ਦੀਆਂ। ਮੇਘ—ਬਦਲ। ਸੰਗਮਿ—ਮਿਲਾਪ ਵਿਚ। ਸੁਹੰਦੀਆ—ਸੋਹਣੀਆਂ ਲਗਦੀਆਂ ਹਨ ।੨।

ਅਰਥ :—

ਪ੍ਰ:—ਸ੍ਰੀ ਜੀਉ ! ਸਾਵਣ ਦੇ ਮਹੀਨੇ ਵਿਚ ਬਿਜਲੀਆਂ ਚਮਕਦੀਆਂ ਤੇ ਵਰਖਾ ਪੈਂਦੀ ਵਿਚ ਚਿਤ ਬੜਾ ਹੀ ਪ੍ਰਸੰਨ ਹੁੰਦਾ ਹੈ, ਚਿਤ ਚਾਹੁੰਦਾ ਹੈ ਕਿ ਅਜਿਹੀ ਰੁੱਤ ਸਦਾ ਹੀ ਬਣੀ ਰਹੇ, ਕੀ ਆਪ ਭੀ ਸਾਡੇ ਇਸ ਚਾਉ ਨਾਲ ਸਹਿਮਤ ਹੋ ?

1. **ਉ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਭਾਈਓ ! ਇਹ ਠੀਕ ਹੈ ਕਿ, ਸਾਵਣ ਦੇ ਮਹੀਨੇ ਵਿਚ ਜਦੋਂ ਬੱਦਲਾਂ ਦੀਆਂ ਗੂੜ੍ਹੀਆਂ ਕਾਲੀਆਂ ਘਟਾਵਾਂ ਗਰਜਦੀਆਂ ਹਨ, (ਉਨ੍ਹਾਂ ਵਿਚ) ਬਿਜਲੀਆਂ ਚਮਕਦੀਆਂ ਹਨ।
2. ਅਤੇ ਬੱਦਲ ਮੁਹਲੇ ਧਾਰ ਵਰ੍ਹਦੇ ਹਨ, (ਤਦੋਂ ਸੁਹਾਵਣਾ ਸਮਾਂ ਹੁੰਦਾ ਹੈ)। ਪਰ, ਹੇ ਭਾਈਓ ! ਇਹ ਕਾਲੀਆਂ ਘਟਾਵਾਂ (ਇਸਤ੍ਰੀ ਨੂੰ) ਪਤੀ ਦੇ ਮਿਲਾਪ ਵਿਚ ਹੀ ਸੋਹਣੀਆਂ ਲਗਦੀਆਂ ਹਨ, (ਭਾਵ ਵਿਛੋੜੇ ਵਿਚ ਇਹ ਸਭ ਦੁੱਖ ਰੂਪ ਹਨ) ।੨।

ਭਾਵਾਰਥ :—ਜਗਤ ਦੇ ਮਾਇਕੀ ਪਦਾਰਥਾਂ ਦਾ ਚਮਤਕਾਰ ਵੇਖਣ ਨੂੰ ਤਾਂ ਭਾਵੇਂ ਸੋਹਣਾ ਲਗਦਾ ਹੈ, ਪਰ ਪ੍ਰਮੇਸ਼ਰ ਪਤੀ ਦੇ ਮਿਲਾਪ ਤੋਂ ਸਖਣੀ ਤਾਂ ਇਹ ਸਾਰੀ ਦੀ ਸਾਰੀ ਸੁਹੱਪਣਤਾ ਸਦੀਵੀ ਦੁੱਖ ਦਾ ਹੀ ਕਾਰਣ ਬਣੀ ਰਹਿੰਦੀ ਹੈ।

ਮ: ੫ ॥

1. **ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ ॥**
2. **ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ ॥**
3. **ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥੩॥**

ਪਦ ਅਰਥ :—ਨੀਰਿ—ਪਾਣੀ ਨਾਲ। ਜਲ ਥਲ—ਨਦੀਆਂ ਤੇ ਮੈਦਾਨ, ਟੋਏ ਟਿੱਬੇ। ਸੀਤਲ ਪਵਣ—ਠੰਢੀਆਂ ਹਵਾਵਾਂ। ਝੁਲਾਰਦੇ—ਵਗਦੀਆਂ ਹੋਣ। ਸੋਇੰਨ—ਸੋਨੇ ਦੀਆਂ। ਸੁਭਰ ਕਪੜ—ਸਗਨਾਂ ਦੇ ਸਾਲੂ ।੩।

ਅਰਥ :—

ਪ੍ਰ:—ਕਿਉਂ ਜੀ ! ਵੇਖਦੇ ਹਾਂ ਕਿ ਕਈਆਂ ਲੋਕਾਂ ਪਾਸ ਮਾਇਕੀ ਪਦਾਰਥਾਂ ਦੇ ਬੇਅੰਤ ਭੰਡਾਰ ਭਰੇ ਹੁੰਦੇ ਹਨ, ਕੀ ਉਨ੍ਹਾਂ ਦੇ ਜੀਵਨ ਵਿਚ ਸਦੀਵੀ ਸੁਖ ਹੁੰਦਾ ਹੈ ?

1. **ਉ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ; ਹੇ ਭਾਈਓ ! ਜਿਵੇਂ ਜੇਠ ਹਾੜ ਦੀਆਂ ਲੋਆਂ ਪਿਛੋਂ ਵਰਖਾ ਰੁਤੇ ਟੋਏ ਟਿੱਬੇ (ਮੀਂਹ ਦੇ) ਪਾਣੀ ਨਾਲ ਭਰੇ ਹੋਏ ਹੋਣ ਅਤੇਾਠੰਢੀਆਂ ਹਵਾਵਾਂ ਭੀ ਵਗਦੀਆਂ ਹੋਣ।
2. ਅਤੇ ਸੋਨੇ ਦਾ ਪਲੰਘ ਹੋਵੇ ਜਿਸ ਵਿਚ ਹੀਰੇ ਲਾਲ ਜੜੇ ਹੋਏ ਹੋਣ।
3. ਤੇ ਸਗਨਾਂ ਦੇ ਸਾਲੂ ਪਹਿਨਣ ਨੂੰ ਹੋਣ, (ਪਰ ਐ ਪਿਆਰੇ ! ਜੇ ਅਜੇਹੀ ਇਸਤ੍ਰੀ ਨੂੰ ਆਪਣੇ) ਪਤੀ ਤੋਂ ਵਿਛੋੜਾ ਹੈ ਤਾਂ (ਇਹ ਸਾਰੇ ਸੁਹਾਵਣੇ ਪਦਾਰਥ ਉਸ ਦੇ ਹਿਰਦੇ ਨੂੰ ਠੰਢ ਪੁਚਾਣ ਦੀ ਥਾਂ) ਸੜਨ ਪੈਦਾ ਕਰਦੇ ਹਨ ।੩।

ਭਾਵਾਰਥ :—ਜੇ ਕਿਸੇ ਜੀਵ ਰੂਪ ਇਸਤ੍ਰੀ ਪਾਸ ਭਾਵੇਂ

ਸਾਰੇ ਹੀ ਪਦਾਰਥਕ ਸੁੱਖ ਕਿਉਂ ਨਾ ਹੋਣ, ਪਰ, ਜੇ ਕਦੀ ਉਸ ਨੂੰ ਆਪਣੇ ਸੱਚੇ ਪਤੀ ਪ੍ਰਮੇਸ਼ਰ ਦਾ ਮਿਲਾਪ ਨਾ ਹੋਵੇ ਤਾਂ ਉਸ ਨੂੰ ਇਹ ਸਾਰੇ ਪਦਾਰਥ ਦੁੱਖ ਦਾ ਹੀ ਕਾਰਣ ਬਣੇ ਰਹਿੰਦੇ ਹਨ।

ਪਉੜੀ ॥

1. ਕਾਰਣੁ ਕਰਤੈ ਜੋ ਕੀਆ ਸੋਈ ਹੈ ਕਰਣਾ ॥
2. ਜੇ ਸਉ ਧਾਵਹਿ ਪ੍ਰਾਣੀਆ ਪਾਵਹਿ ਧੁਰਿ ਲਹਣਾ ॥
3. ਬਿਨੁ ਕਰਮਾ ਕਿਛੂ ਨ ਲਭਈ
ਜੇ ਫਿਰਹਿ ਸਭ ਧਰਣਾ ॥
4. ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ॥
5. ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥
6. ਖੋਜਤ ਖੋਜਤ ਸਹਜੁ ਉਪਜਿਆ
ਫਿਰਿ ਜਨਮਿ ਨ ਮਰਣਾ ॥
7. ਹਿਆਇ ਕਮਾਇ ਧਿਆਇਆ
ਪਾਇਆ ਸਾਧ ਸਰਣਾ ॥
8. ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ
ਤਿਸੁ ਭਉਜਲੁ ਤਰਣਾ ॥੨੨॥

ਪਦ ਅਰਥ :—ਕਾਰਣੁ—ਸਬਬ। ਕਰਤੈ—ਕਰਤਾਰ ਨੇ। ਹੈ ਕਰਣਾ—(ਸਬਬ) ਬਣਨਾ ਹੈ। ਸਉ—ਸੈਂਕੜੇ ਵਾਰੀ। ਧਾਵਹਿ—ਤੂੰ ਦੌੜੇਂ। ਧੁਰਿ—(ਜੋ) ਧੁਰੋਂ (ਤੇਰੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਨੇ ਲਿਖਿਆ ਹੈ)। ਕਰਮਾ—ਕਰਮ, ਮੇਹਰ। ਧਰਣਾ—ਧਰਤੀ। ਭੈ ਡਰੁ—(ਦੁਨੀਆਂ ਦੇ) ਡਰਾਂ ਦਾ ਸਹਿਮ। ਭੈ-ਡਰਾਂ ਦਾ। ਭੈ ਤੇ-ਪ੍ਰਭੂ ਦੇ ਡਰ ਤੋਂ। ਸਹਜੁ—ਅਡੋਲ ਅਵਸਥਾ। ਹਿਆਇ—ਹਿਰਦੇ ਵਿਚ। ਬੋਹਿਥੁ—ਜਹਾਜ਼।੨੨।

ਅਰਥ :—

ਪ੍ਰ:—ਸ੍ਰੀ ਜੀਉ! ਮਨ ਦਾ ਕੁਝ ਅਜਿਹਾ ਸੁਭਾਉ ਬਣ ਗਿਆ ਹੈ; ਇਹ ਅਗੇ ਤੋਂ ਅਗੇ ਹੋਰ ਹੋਰ ਪਦਾਰਥਾਂ ਦੀ ਪ੍ਰਾਪਤੀ ਦੀ ਇੱਛਾ ਹੀ ਕਰਦਾ ਰਹਿੰਦਾ ਹੈ, ਇਸ ਸੰਬੰਧੀ ਕੁਝ ਉਪਦੇਸ਼ ਦਿਓ?

1. **ਉ:**—ਹੇ ਪ੍ਰਾਣੀ! ਜੋ ਸਬਬ ਕਰਤਾਰ ਨੇ ਬਣਾਇਆ ਹੈ, ਉਹੀ ਬਣਨਾ ਹੈ।
2. ਹੇ ਭਾਈ! ਜੇ ਤੂੰ ਸੈਂਕੜੇ ਵਾਰੀ (ਭੀ) ਦੌੜਦਾ ਫਿਰੇਂ, ਜੋ ਧੁਰੋਂ (ਤੇਰੇ ਕੀਤੇ ਕਰਮਾਂ ਅਨੁਸਾਰ) ਲਹਿਣਾ (ਲਿਖਿਆ) ਹੈ ਉਹੀ ਪ੍ਰਾਪਤ ਕਰੇਂਗਾ।
3. ਸਾਰੀ ਧਰਤੀ ਉਤੇ ਭੀ ਜੇ ਭਟਕਦਾ ਫਿਰੇਂ, ਤਾਂ ਭੀ ਪ੍ਰਭੂ ਦੀ ਮੇਹਰ ਤੋਂ ਬਿਨਾ ਕੁਝ ਨਹੀਂ ਮਿਲੇਗਾ, (ਇਸ ਵਾਸਤੇ ਉਸ ਦੀ ਮੇਹਰ ਦਾ ਪਾਤਰ ਬਣ)।
4. ਐ ਪਿਆਰੇ! ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ ਪ੍ਰਮੇਸ਼ਰ ਦਾ ਡਰ (ਹਿਰਦੇ ਵਿਚ ਵਸਾਇਆ ਹੈ) ਪ੍ਰਭੂ ਨੇ ਉਸ ਦਾ ਦੁਨਿਆਵੀ ਡਰਾਂ ਦਾ ਸਹਿਮ ਦੂਰ ਕਰ ਦਿਤਾ ਹੈ।
5. ਹੇ ਭਾਈ! ਪ੍ਰਮੇਸ਼ਰ ਦੇ ਡਰ ਤੋਂ ਹੀ ਦੁਨੀਆਂ ਵਲੋਂ ਵੈਰਾਗ ਪੈਦਾ ਹੁੰਦਾ ਹੈ, ਮਨੁੱਖ ਪ੍ਰਭੂ ਦੀ ਖੋਜ ਵਿਚ ਲਗ ਜਾਂਦਾ ਹੈ।
6. ਪ੍ਰਮੇਸ਼ਰ ਦੀ ਖੋਜ ਕਰਦਿਆਂ ਕਰਦਿਆਂ (ਮਨੁੱਖ ਦੇ ਅੰਦਰ) ਆਤਮਿਕ ਅਡੋਲਤਾ ਪੈਦਾ ਹੋ ਜਾਂਦੀ ਹੈ ਅਤੇ ਉਸ ਦਾ ਜੰਮਣ ਮਰਨ ਦਾ ਗੇੜ ਮੁੱਕ ਜਾਂਦਾ ਹੈ।
7. ਹੇ ਪਿਆਰੇ! ਜਿਸ ਨੂੰ ਗੁਰੂ ਦੀ ਸ਼ਰਨ ਪ੍ਰਾਪਤ ਹੋ ਗਈ, ਉਸ ਨੇ ਹਿਰਦੇ ਵਿਚ ਨਾਮ ਸਿਮਰਿਆ, ਨਾਮ ਦੀ ਕਮਾਈ ਕੀਤੀ ਹੈ।
8. ਕਥਨ ਕਰਦੇ ਹਨ, (ਗੁਰੂ ਜੀ) ਕਿ, ਹੇ ਪ੍ਰਾਣੀ! ਗੁਰੂ ਨਾਨਕ ਦੇਵ (ਆਤਮਿਕ) ਜਹਾਜ ਹੈ, ਹਰੀ ਨੇ ਜਿਸ ਨੂੰ ਇਸ ਜਹਾਜ਼ ਵਿਚ ਬੈਠਾ ਦਿਤਾ, ਉਸ ਨੇ ਇਸ ਸੰਸਾਰ ਸਮੁੰਦਰ ਨੂੰ ਤਰ ਲਿਆ।੨੨।

ਭਾਵਾਰਥ :—ਪ੍ਰਮਾਤਮਾਂ ਨੇ ਜਿਸ ਮਨੁੱਖ ਨੂੰ ਗੁਰੂ ਦੀ ਸ਼ਰਣ ਬਖਸ਼ੀ ਹੈ, ਉਸ ਨੇ ਹਿਰਦੇ ਵਿਚ ਨਾਮ ਸਿਮਰਿਆ ਹੈ, ਉਹ ਪ੍ਰਮਾਤਮਾਂ ਦੀ ਮੇਹਰ ਦਾ ਪਾਤ੍ਰ ਬਣ ਗਿਆ। ਦੁਨੀਆਂ ਵਾਲੇ ਸਾਰੇ ਡਰ ਸਹਿਮ ਉਸ ਦੇ ਅੰਦਰੋਂ ਮੁੱਕ ਗਏ; ਗੁਰੂ ਜਹਾਜ਼ ਵਿਚ ਬੈਠ ਕੇ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ ਹੈ।

ਸਲੋਕ ਮ: ੫ ॥

1. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
2. ਹੋਹੁ ਸਭਨਾ ਕੀ ਰੇਣੁਕਾ
ਤਉ ਆਉ ਹਮਾਰੈ ਪਾਸਿ ॥੧॥

ਪਦ ਅਰਥ :—ਮਰਣੁ—ਮੌਤ, ਹਉਮੈਂ ਦੀ ਮੌਤ, ਹਉਮੈਂ ਦਾ ਤਿਆਗ। ਕਬੂਲਿ—ਪ੍ਰਵਾਨ ਕਰ। ਰੇਣੁਕਾ—ਚਰਨ ਧੂੜ। ਤਉ—ਤਦੋਂ।

ਅਰਥ :—

ਪ੍ਰ:—ਹੇ ਗੁਰੋ! ਕੀ ਇਸ ਮਨੁੱਖ ਲਈ ਉਸ ਅਕਾਲ ਪੁਰਖ ਵਲੋਂ ਕੋਈ ਖਾਸ ਹਦਾਇਤ ਭੀ ਹੈ, ਜਿਸਦੀ ਬਰਕਤ ਨਾਲ ਉਸ ਦਾ ਮਿਲਾਪ ਹੋ ਸਕਦਾ ਹੋਵੇ?

1. **ਉ:**—ਹੇ ਭਾਈਓ! ਉਸ ਪ੍ਰਮਾਤਮਾਂ ਵਲੋਂ ਇਹ ਸੁਨੇਹਾ ਹੈ ਕਿ, ਹ ਬੰਦੇ! ਜੇ ਤੂੰ ਪਹਿਲੋਂ ਮਰਣਾ ਕਬੂਲ ਕਰੇਂ (ਭਾਵ, ਹਉਮੈਂ ਮਮਤਾ ਦਾ)ਤਿਆਗ ਪ੍ਰਵਾਨ ਕਰੇਂ ਅਤੇ ਸੁਆਰਥੀ ਜੀਵਨ ਦੀ ਤਾਂਘ ਛਡ ਦੇਵੇਂ।
2. ਜੇ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਏਂ; ਤਦੋਂ ਹੀ ਤੂੰ ਮੇਰੇ ਪਾਸ ਆ ਸਕਦਾ ਹੈਂ।੧।

ਭਾਵਾਰਥ : ਇਸ ਸਲੋਕ ਵਿਚ ਗੁਰੂ ਅਰਜਨ ਸਾਹਿਬ ਜੀ ਪ੍ਰਮਾਤਮਾਂ ਵਲੋਂ ਹਰੇਕ ਪ੍ਰਾਣੀ ਨੂੰ ਸੁਨੇਹਾ ਦੇਂਦੇ ਹਨ ਕਿ ਉਸ ਦੇ ਨੇੜੇ ਉਹੀ ਹੋ ਸਕਦਾ ਹੈ ਜਿਸ ਨ ਹਉਮੈਂ ਤਿਆਗੀ ਹੈ ਤੇ ਨਿਮ੍ਰਤਾ ਧਾਰਨ ਕੀਤੀ ਹੈ।

ਮ: ੫ ॥

1. ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥

2. ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥੨॥

ਪਦ ਅਰਥ:–ਮੁਆ–ਸੰਸਾਰਕ ਵਾਸ਼ਨਾਂ ਵਲੋਂ ਮੋਇਆ ਹੋਇਆ, ਜਿਸ ਨੇ ਸੰਸਾਰਕ ਵਾਸ਼ਨਾਂ ਮਿਟਾ ਲਈਆਂ ਹਨ। ਪੇਖੁ–ਵੇਖੋ, ਸਮਝੋ। ਮਰਿ ਜਾਨਿ–ਆਤਮਕ ਮੌਤੇ ਮਰ ਜਾਂਦੇ ਹਨ। ਜੀਵੰਦੇ–ਨਿਰੇ ਦੁਨੀਆਂ ਦੇ ਰੰਗ ਮਾਣਨ ਵਾਲੇ। ਮੁਹਬਤਿ–ਪਿਆਰ। ਇਕ ਸਿਉ–ਇਕ ਪ੍ਰਭੂ ਨਾਲ। ਤੇ–ਉਹ। ਮਾਣਸ–ਮਨੁੱਖ। ਪਰਧਾਨ–ਸ੍ਰੇਸ਼ਟ।੨।

ਅਰਥ :–

ਪ੍ਰ:–ਸ੍ਰੀ ਜੀਉ ! ਗੁਰਮਤਿ ਅਨੁਸਾਰ ਆਪ ਸਹੀ ਰੂਪ ਵਿਚ ਜੀਊਂਦਾ ਕਿਸ ਨੂੰ ਮੰਨਦੇ ਹੋ ?

1. **ਉ**:–ਹੇ ਭਾਈਓ ! ਅਸਲ ਵਿਚ ਤਾਂ ਉਸੇ (ਹੀ) ਬੰਦੇ ਨੂੰ ਜੀਊਂਦਾ ਸਮਝੋ, ਜਿਸ ਨੇ ਕਿ ਸੰਸਾਰਕ ਵਾਸ਼ਨਾਂ ਮਿਟਾ ਲਈਆਂ ਹਨ, ਜਿਹੜੇ ਨਿਰੇ ਦੁਨੀਆਂ ਦੇ ਰੰਗ ਮਾਣਦੇ ਹਨ, ਉਹ ਤਾਂ ਆਤਮਕ ਮੌਤੇ ਹੀ ਮਰ ਜਾਂਦੇ ਹਨ।
2. ਹੇ ਪਿਆਰੇ ! ਉਹੀ ਮਨੁੱਖ ਸ਼੍ਰੋਮਣੀ (ਕਹੇ ਜਾਂਦੇ ਹਨ) ਜਿਨ੍ਹਾਂ ਦਾ ਪਿਆਰ ਇਕੋ ਪ੍ਰਮੇਸ਼ਰ ਜੀ ਨਾਲ ਹੈ।੨।

ਭਾਵਾਰਥ:–ਜੋ ਮਨੁੱਖ ਸੰਸਾਰ ਦੀਆਂ ਮਾਇਕ ਵਾਸ਼ਨਾਂ ਨੂੰ ਮਿਟਾ ਕੇ ਜੀਵਨ ਗੁਜ਼ਾਰਦੇ ਹਨ, ਸਹੀ ਰੂਪ ਵਿਚ ਤਾਂ ਉਨ੍ਹਾਂ ਨੂੰ ਹੀ ਜੀਊਂਦਿਆਂ ਦੀ ਗਿਣਤੀ ਵਿਚ ਮੰਨਣਾ ਜੋਗ ਹੈ, ਪਰ, ਜੋ ਕੇਵਲ ਦੁਨੀਆਂ ਦੇ ਪਦਾਰਥਕ ਰੰਗ ਮਾਣਨ ਵਿਚ ਹੀ ਸਮਾਂ ਬਿਤਾਉਂਦੇ ਹਨ, ਸਮਝੋ, ਉਨ੍ਹਾਂ ਦੀ ਤਾਂ ਆਤਮਕ ਮੌਤ ਹੀ ਹੋ ਚੁਕੀ ਹੈ।

ਮ: ੫ ॥

1. ਜਿਸੁ ਮਨਿ ਵਸੈ ਪਾਰਬ੍ਰਹਮੁ ਨਿਕਟਿ ਨ ਆਵੈ ਪੀਰ॥

2. ਭੁਖ ਤਿਖ ਤਿਸੁ ਨ ਵਿਆਪਈ
ਜਮੁ ਨਹੀ ਆਵੈ ਨੀਰ ॥੩॥

ਪਦ ਅਰਥ:–ਜਿਸੁ ਮਨਿ–ਜਿਸ ਦੇ ਮਨ ਵਿਚ। ਨਿਕਟਿ–ਨੇੜੇ। ਪੀਰ–ਦੁੱਖ, ਕਲੇਸ਼। ਭੁਖ ਤਿਖ–ਮਾਇਆ ਦੀ ਭੁੱਖ ਤ੍ਰੇਹ। ਨ ਵਿਆਪਈ–ਦਬਾਉ ਨਹੀਂ ਪਾ ਸਕਦੀ। ਜਮੁ–ਮੌਤ ਦਾ ਡਰ। ਨੀਰ–ਨੇੜੇ।੩।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਦਾ ਹਰ ਮਨੁੱਖ ਹੀ ਦੁੱਖਾਂ ਨਾਲ ਕਲਪਦਾ ਦਿਸ ਰਿਹਾ ਹੈ, ਕੀ, ਕੋਈ ਅਜਿਹਾ ਸਾਧਨ ਹੈ ਜਿਸਦਾ ਸਦਕਾ ਇਹ ਦੁੱਖ ਮਨੁੱਖ ਨੂੰ ਪੋਹ ਹੀ ਨਾ ਸਕਣ ?

1. **ਉ**:–ਹੇ ਭਾਈ ! ਜਿਸ ਮਨੁੱਖ ਦੇ ਮਨ ਵਿਚ (ਸਦਾ) ਪ੍ਰਮੇਸ਼ਰ ਜੀ (ਦਾ ਨਾਮ) ਵਸਦਾ ਹੋਵੇ, ਉਸ ਦੇ ਤਾਂ ਕੋਈ ਭੀ ਦੁੱਖ ਕਲੇਸ਼ ਨੇੜੇ ਨਹੀਂ ਢੁੱਕਦਾ।
2. ਅਤੇ ਮਾਇਆ ਦੀ ਭੁੱਖ ਤ੍ਰੇਹ ਭੀ ਉਸ ਉਤੇ ਆਪਣਾ ਦਬਾਉ ਨਹੀਂ ਪਾ ਸਕਦੀ ਅਤੇ ਮੌਤ ਦਾ ਡਰ (ਭੀ) ਉਸ ਦੇ ਨੇੜੇ ਨਹੀਂ ਆਉਂਦਾ।੩।

ਭਾਵਾਰਥ:–ਦੁੱਖਾਂ ਭਰੇ ਸੰਸਾਰ ਵਿਚ ਸੁਖਦਾਈ ਜੀਵਨ ਉਸੇ ਮਨੁੱਖ ਦਾ ਗੁਜ਼ਰਦਾ ਹੈ ਜੋ ਆਪਣੇ ਹਿਰਦੇ ਵਿਚ ਉਸ ਪ੍ਰਭੂ ਦੇ ਨਾਮ ਨੂੰ ਵਸਾਈ ਰਖਦਾ ਹੈ ਅਤੇ ਅੰਤ ਨੂੰ ਉਸ ਦੇ ਨੇੜੇ ਜਮ ਭੀ ਨਹੀਂ ਢੁੱਕ ਸਕਦਾ।

ਪਉੜੀ ॥

1. ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ ॥

2. ਸਿਧ ਸਾਧਿਕ ਗਿਆਨੀ ਧਿਆਨੀਆ
ਕਉਣੁ ਤੁਧੁ ਨੋ ਤੋਲੈ ॥

3. ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ ॥

4. ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੈ ॥

5. ਰਿਜਕੁ ਸਮਾਹੇ ਸਭਸੈ ਕਿਆ ਮਾਣਸੁ ਡੋਲੈ ॥

6. ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ ॥

7. ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ ॥

8. ਤੁਧਹੁ ਬਾਹਰਿ ਕਿਛੁ ਨਹੀ
ਨਾਨਕੁ ਗੁਣ ਬੋਲੈ ॥੨੩॥੧॥੨॥

ਪਦ ਅਰਥ:–ਅਡੋਲੈ–ਹੇ ਕਦੇ ਨਾ ਡੋਲਣ ਵਾਲੇ। ਸਿਧ–ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਸਾਧਿਕ–ਸਾਧਨਾਂ ਕਰਨ ਵਾਲੇ। ਤੋਲੈ–ਮੁੱਲ ਪਾ ਸਕੇ। ਓਪਤਿ–ਉਤਪਤੀ। ਪਰਲੈ–ਨਾਸ। ਕਰਣ ਕਾਰਣ–ਜਗਤ ਦਾ ਬਨਾਉਣ ਵਾਲਾ, ਜਗਤ ਦਾ ਮੂਲ। ਸਮਾਹੇ–ਅਪੜਾਂਦਾ ਹੈ। ਸਭਸੈ–ਹਰੇਕ ਜੀਵ ਨੂੰ। ਗਹਿਰ–ਡੂੰਘਾ। ਧੁਰਿ–ਧੁਰ ਤੋਂ। ਮਉਲੈ–ਮਉਲਾ ਨੇ।੨੩।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਦੀ ਸਿਫਤੋ ਸਲਾਹ ਕਰਦੇ ਰਹਿਣ ਦੀ ਕੋਈ ਜਾਚ ਦਸੋ ?

1. **ਉ**:–ਹੇ ਭਾਈਓ ! ਸਦਾ ਇਉਂ ਹੀ ਉਸ ਦੀ ਸ਼ਲਾਘਾ ਕਰਦੇ ਰਹੋ ਕਿ, ਹੇ ਸਦਾ ਥਿਰ ਤੇ ਕਦੇ ਨਾ ਡੋਲਣ ਵਾਲੇ ਸ਼ਾਹ ਤੇਰਾ ਮੁੱਲ ਨਹੀਂ ਦਸਿਆ ਜਾ ਸਕਦਾ।
2. ਜੋਗ ਸਾਧਨਾਂ ਵਿਚ ਪੁਗੇ ਹੋਏ ਜੋਗੀ, ਸਾਧਨਾਂ ਕਰਨ ਵਾਲੇ, ਗਿਆਨ ਚਰਚਾ ਕਰਨ ਵਾਲੇ ਤੇ ਸਮਾਧੀਆਂ ਲਾਣ ਵਾਲੇ ਇਨ੍ਹਾਂ ਵਿਚੋਂ ਕਿਹੜਾ ਹੈ ਜੋ ਤੇਰਾ ਮੁੱਲ ਪਾ ਸਕੇ।
3. ਹੇ ਭਾਈ ! ਉਹ ਪ੍ਰਭੂ (ਸ੍ਰਿਸ਼ਟੀ ਨੂੰ) ਪੈਦਾ ਕਰਨ ਤੇ ਨਾਸ ਕਰਨ ਦੇ ਸਮਰਥ ਹੈ, (ਸ੍ਰਿਸ਼ਟੀ ਦੀ) ਉਤਪਤੀ ਉਹੀ ਕਰਦਾ ਹੈ, ਨਾਸ ਭੀ ਉਹੀ।
4. ਉਹ ਜਗਤ ਪੈਦਾ ਕਰਨ ਦੀ ਤਾਕਤ ਰਖਦਾ ਹੈ ਹਰੇਕ ਜੀਵ ਦੇ ਅੰਦਰ ਉਹੀ ਬੋਲਦਾ ਹੈ।
5. ਹਰੇਕ ਜੀਵ ਨੂੰ ਰਿਜ਼ਕ ਅਪੜਾਂਦਾ ਹੈ, ਮਨੁੱਖ ਵਿਅਰਥ ਹੀ ਘਾਬਰਦਾ ਹੈ।

6. ਹੇ ਪ੍ਰਭੂ ! ਤੂੰ ਡੂੰਘਾ ਹੈਂ, ਸਿਆਣਾ ਹੈਂ, ਤੇਰੀ ਹਾਥ ਨਹੀ ਪੈ ਸਕਦੀ, ਤੇਰੇ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ, ਤੇਰੇ ਗਿਆਨ ਦਾ ਮੁੱਲ ਨਹੀਂ ਪੈ ਸਕਦਾ ।
7. ਹੇ ਭਾਈ ! ਜੀਵ ਉਹੀ ਕੰਮ ਕਰਦਾ ਹੈ, ਜੋ ਧੁਰੋਂ ਕਰਤਾਰ ਨੇ ਉਸ ਵਾਸਤੇ ਮਿੱਥ ਦਿਤਾ ਹੈ (ਭਾਵ ਉਸ ਦੇ ਕੀਤੇ ਹੋਏ ਕਰਮਾਂ ਅਨੁਸਾਰ ਜਿਹੋ ਜਿਹੇ ਸੰਸਕਾਰ ਜੀਵ ਦੇ ਅੰਦਰ ਪਾ ਦਿਤੇ ਹਨ) ।
8. ਹੇ ਪ੍ਰਭੂ ! ਤੈਥੋਂ ਆਕੀ ਹੋ ਕੇ (ਜਗਤ ਵਿਚ) ਕੁਝ ਨਹੀਂ ਵਰਤ ਰਿਹਾ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ, ਹੇ ਪਿਆਰੇ ਪ੍ਰਭੂ ! ਮੈਂ ਤਾਂ ਤੇਰੀ ਹੀ ਸਿਫਤ ਸਲਾਹ ਕਰਦਾ ਹਾਂ ।੨੩।੧।੨।

ਭਾਵਾਰਥ :–ਜੀਵਾਂ ਦੇ ਆਪਣੇ ਵਸ ਦੀ ਗਲ ਨਹੀਂ, ਜਿਸ ਮਨੁੱਖ ਉਤੇ ਪ੍ਰਮਾਤਮਾਂ ਆਪ ਮਿਹਰ ਕਰਦਾ ਹੈ, ਉਸੇ ਨੂੰ ਹੀ ਆਪਣੀ ਸਿਫਤ ਸਲਾਹ ਵਿਚ ਜੋੜਦਾ ਹੈ ।

ਵਾਰ ਦੀ ਬਣਤਰ

ਇਸ 'ਵਾਰ' ਵਿਚ ੨੩ ਪਉੜੀਆਂ ਹਨ । ਹਰੇਕ ਪਉੜੀ ਦੀਆਂ ਅੱਠ ਅੱਠ ਤੁਕਾਂ ਹਨ । ਹਰੇਕ ਪਉੜੀ ਦੇ ਨਾਲ ਤਿੰਨ ਤਿੰਨ ਸਲੋਕ ਹਨ ।

ਹਰੇਕ ਸਲੋਕ ਦੀਆਂ ਦੋ ਦੋ ਤੁਕਾਂ ਹਨ । ਸਿਰਫ ਪਉੜੀ ਨੰ: ੨੧ ਅਤੇ ੨੨ ਦੇ ਨਾਲ ਤੀਜਾ ਸਲੋਕ ਤਿੰਨ ਤਿੰਨ ਤੁਕਾਂ ਵਾਲਾ ਹੈ ।

ਇਨ੍ਹਾਂ ਪਉੜੀਆਂ ਵਿਚ ਲਫਜ਼ 'ਨਾਨਕ' ਹੇਠ ਲਿਖੀਆਂ ਪਉੜੀਆਂ ਦੇ ਅਖੀਰ ਵਿਚ ਹੈ–ਨੰ: ੫, ੧੦, ੧੫, ੨੨ ਅਤੇ ੨੩ । ਲਫਜ਼ 'ਨਾਨਕ' ਦੀ ਵਰਤੋਂ ਨੂੰ ਸਾਹਮਣੇ ਰਖ ਕੇ ਸਾਰੀ ਵਾਰ ਨੂੰ ਪੜ੍ਹਿਆਂ ਇਹ ਸਮਝ ਪੈ ਜਾਂਦੀ ਹੈ ਕਿ ਇਸ 'ਵਾਰ' ਦਾ ਲੜੀ ਵਾਰ ਭਾਵ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ ।

ਹੁਣ ਦੇਖੋ ਪਉੜੀਆਂ ਦੀ ਅਤੇ ਸਲੋਕਾਂ ਦੀ ਬੋਲੀ । ਸਾਰੇ ਹੀ ਸਲੋਕ ਲਹਿੰਦੀ ਬੋਲੀ ਦੇ ਹਨ । ਸਿਰਲੇਖ 'ਸਲਕ ਡਖਣੇ' ਭੀ ਇਹੀ ਦਸਦਾ ਹੈ । ਸਾਰੇ ਸਲੋਕ ਧਿਆਨ ਨਾਲ ਪੜ੍ਹ ਵੇਖੋ । ਆਪੋ ਵਿਚ ਇਨ੍ਹਾਂ ਦੇ ਕਈ ਲਫਜ਼ ਮਿਲਦੇ ਹਨ । ਇਹ ਸਾਂਝ ਇਹ ਜ਼ਾਹਰ ਕਰਦੀ ਹੈ ਕਿ ਸਲੋਕ ਇਕੋ ਵਕਤ ਦੇ ਲਿਖੇ ਹੋਏ ਹਨ, ਪਉੜੀਆਂ ਦੀ ਬੋਲੀ ਨਾਲ ਇਨ੍ਹਾਂ ਸਲੋਕਾਂ ਦੀ ਬੋਲੀ ਉੱਕਾ ਹੀ ਨਹੀਂ ਮਿਲਦੀ, ਸਾਰੀ 'ਵਾਰ' ਦੀਆਂ ਪਉੜੀਆਂ ਪਹਿਲਾਂ ਵਖ ਲਿਖੀਆਂ ਗਈਆਂ ਹਨ ।

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

੧ ਓ ਸਤਿਗੁਰ ਪ੍ਰਸਾਦਿ ॥

1. ਪਡੀਆ ਕਵਨ ਕੁਮਤਿ ਤੁਮ ਲਾਗੇ ॥
2. ਬੂਡਹੁਗੇ ਪਰਵਾਰ ਸਕਲ ਸਿਉ
ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥
3. ਬੇਦ ਪੁਰਾਨ ਪੜੇ ਕਾ ਕਿਆ ਗੁਨੁ
ਖਰ ਚੰਦਨ ਜਸ ਭਾਰਾ ॥
4. ਰਾਮ ਨਾਮ ਕੀ ਗਤਿ ਨਹੀ ਜਾਨੀ
ਕੈਸੇ ਉਤਰਸਿ ਪਾਰਾ ॥੧॥
5. ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ ॥
6. ਆਪਸ ਕਉ ਮੁਨਿਵਰ ਕਰਿ ਥਾਪਹੁ
ਕਾ ਕਉ ਕਹਹੁ ਕਸਾਈ ॥੨॥
7. ਮਨ ਕੇ ਅੰਧੇ ਆਪਿ ਨ ਬੂਝਹੁ
ਕਾਹਿ ਬੁਝਾਵਹੁ ਭਾਈ ॥
8. ਮਾਇਆ ਕਾਰਨ ਬਿਦਿਆ ਬੇਚਹੁ
ਜਨਮੁ ਅਬਿਰਥਾ ਜਾਈ ॥੩॥
9. ਨਾਰਦ ਬਚਨ ਬਿਆਸੁ ਕਹਤ ਹੈ
ਸੁਕ ਕਉ ਪੂਛਹੁ ਜਾਈ ॥
10. ਕਹਿ ਕਬੀਰ ਰਾਮੈ ਰਮਿ ਛੂਟਹੁ
ਨਾਹਿ ਤ ਬੂਡੇ ਭਾਈ ॥੪॥੧॥

ਪਦ ਅਰਥ :–ਪਡੀਆ–ਹੇ ਪਾਂਡੇ । ਸਿਉ–ਸਮੇਤ । ਅਭਾਗੇ–ਹੇ ਮੰਦ ਭਾਗੀ ।੧। ਰਹਾਉ ।

ਗੁਨੁ–ਲਾਭ, ਫਾਇਦਾ । ਖਰ–ਖੋਤਾ, ਖਰ । ਜਸ–ਜੈਸੇ, ਜਿਵੇਂ । ਭਾਰਾ–ਭਾਰ; ਬੋਝ, ਲੱਦਾ । ਗਤਿ–ਹਾਲਤ, ਅਵਸਥਾ । ਨਾਮ ਕੀ ਗਤਿ–ਨਾਮ ਜਪਣ ਦੀ ਅਵਸਥਾ; ਨਾਮ ਜਪਿਆਂ ਜੋ ਆਤਮਕ ਅਵਸਥਾ ਬਣਦੀ ਹੈ ।੧।

ਬਧਹੁ–ਮਾਰਦੇ ਹੋ । (ਜਗਾਂ ਦੇ ਵੇਲੇ) । ਥਾਪਹੁ–ਮਿਥ ਲੈਂਦੇ ਹੋ । ਅਧਰਮੁ–ਪਾਪ । ਭਾਈ–ਹੇ ਭਾਈ । ਮੁਨਿਵਰ–ਸਰੇਸ਼ਟ ਮੁਨੀ । ਕਾ ਕਉ ਕਿਸ ਨੂੰ ? । ਕਸਾਈ–ਜੋ ਮਨੁੱਖ ਬੱਕਰੇ ਆਦਿਕ ਮਾਰ ਕੇ ਉਨ੍ਹਾਂ ਦਾ ਮਾਸ ਵੇਚ ਕੇ ਗੁਜ਼ਾਰਾ ਕਰਦੇ ਹਨ ।੨।

ਕਾਹਿ–ਹੋਰ ਕਿਸ ਨੂੰ ? । ਬੁਝਾਵਹੁ–ਸਮਝਾਉਂਦੇ ਹੋ । ਅਬਿਰਥਾ–ਵਿਅਰਥ ।੩।

ਨਾਰਦ; ਬਿਆਸ, ਸੁਕ–ਪੁਰਾਣੇ ਹਿੰਦੂ ਵਿਦਵਾਨ ਰਿਸ਼ੀਆਂ ਦੇ ਨਾਮ ਹਨ । ਜਾਇ–ਜਾ ਕੇ । ਰਮਿ–ਸਿਮਰ ਕੇ । ਬੂਡੇ–ਡੁੱਬੇ ਸਮਝੋ ।੪।

ਅਰਥ :–

ਪ੍ਰ:–ਕਿਸੇ ਪੰਡਤ ਨੇ ਕਬੀਰ ਸਾਹਿਬ ਜੀ ਨੂੰ ਆ ਕੇ ਪੁਛਿਆ

ਕਿ ਤੁਸੀਂ ਹਰ ਵਕਤ ਹੀ ਰਾਮ ਨਾਮ ਦਾ ਸਿਮਰਨ ਕਰਦੇ ਰਹਿੰਦੇ ਹੋ; ਪਰ ਤੁਹਾਨੂੰ ਬੇਦ ਸ਼ਾਸਤ੍ਰਾਂ ਅਨੁਸਾਰ ਕਦੀ ਭੀ ਯਗ ਆਦਿਕ ਕਰਮ ਕਰਦੇ ਨਹੀਂ ਤਕਿਆ ਕੀ ਆਪ ਬੇਦ ਪੁਰਾਣਾਂ ਦੇ ਮਤ ਨੂੰ ਅੰਗੀਕਾਰ ਕਰਨਾ ਪਸੰਦ ਨਹੀਂ ਕਰਦੇ, ਕਿਉਂਕਿ, ਕਲਜੁਗ ਵਿਚ ਤਾਂ ਬੇਦ ਸ਼ਾਸਤ੍ਰਾਂ ਅਨੁਸਾਰ ਯਗ ਆਦਿਕ ਕ੍ਰਿਆ ਕਰਦੇ ਰਹਿਣ ਨਾਲ ਹੀ ਮਨੁੱਖ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ ?

1. ਉ:—ਕਬੀਰ ਜੀ ! ਇਸ ਪੰਡਤ ਨੂੰ ਸੁਮੱਤ ਦੇਣ ਲਈ ਸਹੀ ਰੱਬੀ ਮਾਰਗ ਪਰ ਚਲਦੇ ਰਹਿਣ ਦਾ ਉਪਦੇਸ਼ ਦੇਂਦੇ ਹਨ; ਹੇ ਪੰਡਤ ! ਤੁਸੀਂ ਲੋਕ ਕਿਹੜੀ ਕੁਮੱਤੇ ਲਗੇ ਪਏ ਹੋ ? ।

2. ਹੇ ਮੰਦ ਭਾਗੀ ਪਾਂਡੇ ! ਤੁਸੀਂ ਪ੍ਰਭੂ ਦਾ ਨਾਮ ਨਹੀਂ ਸਿਮਰਦੇ (ਇਸ ਤਰ੍ਹਾਂ ਤਾਂ ਤੁਸੀਂ) ਸਾਰੇ ਪਰਵਾਰ ਸਮੇਤ ਹੀ (ਸੰਸਾਰ ਸਮੁੰਦਰ ਵਿਚ) ਡੁਬ ਜਾਓਗੇ ।੧। ਰਹਾਉ ।

ਪ੍ਰ:—ਕਬੀਰ ਜੀਉ ! ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਅਸੀਂ ਪ੍ਰਵਾਰਾਂ ਦੇ ਸਮੇਤ ਹੀ ਸੰਸਾਰ ਸਾਗਰ ਵਿਚ ਡੁੱਬ ਜਾਵਾਂਗੇ, ਜਦ ਕਿ ਅਸੀਂ ਹਰ ਰੋਜ਼ ਹੀ ਬੇਦ ਪੁਰਾਣ ਪੜ੍ਹਦੇ ਰਹਿਣ ਦੇ ਆਦੀ ਹਾਂ ?

3. ਉ:—ਹੇ ਪਾਡੇ ! ਦਸ ਕੀ, ਤੂੰ ਇਹ ਮਾਣ ਕਰਦਾ ਹੈਂ ਕਿ, ਮੈਂ ਵੇਦ ਆਦਿਕ ਧਰਮ ਪੁਸਤਕਾਂ ਪੜ੍ਹਨ ਦਾ ਨਿਯਮੀ ਹਾਂ; ਪਰ ਮੈਂ ਤਾਂ ਇਉਂ ਹੀ ਸੁਮਝਦਾ ਹਾਂ ਕਿ ਤੈਨੂੰ ਵੇਦ ਪੁਰਾਣ ਪੜ੍ਹਨ ਦਾ ਕੋਈ ਭੀ ਲਾਭ ਨਹੀਂ, (ਯਾਦ ਰਖ ਜੇ ਤੂੰ ਨਾਮ ਸਿਮਰਨ ਵਲੋਂ ਸੁੰਞਾ ਰਿਹਾ, ਤਾਂ ਤੂੰ ਇਹ ਦਿਮਾਗ ਉਤੇ ਵਿਅਰਥ ਭਾਰ ਹੀ ਲੱਦ ਲਿਆ ਹੈ) ਜਿਵੇਂ ਕਿ ਕਿਸੇ ਖੋਤੇ ਉਤੇ ਚੰਦਨ ਦਾ ਲੱਦਾ, ਭਾਰ ਲੱਦ ਲਿਆ ਹੋਵੇ ।

4. ਪਰ, ਹੇ ਪਾਂਡੇ ! ਦੱਸ, ਤੂੰ (ਸੰਸਾਰ ਸਮੁੰਦਰ ਤੋਂ) ਕਿਵੇਂ ਪਾਰ ਲੰਘੇਂਗਾ ? । (ਕਿਉਂਕਿ) ਇਹ ਤਾਂ ਤੈਨੂੰ ਸਮਝ ਹੀ ਨਹੀਂ ਪਈ ਕਿ ਪ੍ਰਮੇਸ਼ਰ ਦਾ ਨਾਮ ਸਿਮਰਿਆਂ ਕਿਹੋ ਜਿਹੀ ਆਤਮਕ ਅਵਸਥਾ ਬਣਦੀ ਹੈ ।੧।

ਪ੍ਰ:—ਕਬੀਰ ਜੀ ! ਕੀ ਤੁਸੀਂ ਵੇਦ ਸ਼ਾਸਤ੍ਰਾਂ ਦੀ ਬਿਧੀ ਅਨੁਸਾਰ ਯਗ ਆਦਿਕ ਕਰਮ ਕਰਨ ਵਿਚ ਭੀ ਵਿਸ਼ਵਾਸ਼ ਨਹੀਂ ਰਖਦੇ ?

5. ਉ:—ਹੇ ਪਾਂਡੇ ! ਸੁਣ, ਇਕ ਪਾਸੇ ਤਾਂ ਤੁਸੀਂ ਮਾਸ ਖਾਣ ਨੂੰ ਨਿੰਦਦੇ ਹੋ, ਪਰਯਗ ਕਰਨ ਵੇਲੇ ਤੁਸੀਂ ਭੀ ਜੀਵ ਮਾਰਦੇ ਹੋ, (ਕੁਰਬਾਨੀ ਦੇਣ ਲਈ ਤੇ) ਤੁਸੀਂ ਇਸ ਨੂੰ ਧਰਮ ਦਾ ਕੰਮ ਸਮਝਦੇ ਹੋ । ਫਿਰ, ਹੇ ਭਾਈ ! ਇਹ ਦਸੋ ਕਿ, ਪਾਪ ਕਿਹੜਾ ਹੈ । (ਅਸਮੇਧ) ਘੋੜੇ ਦੀ ਕੁਰਬਾਨੀ ਦੇ ਕੇ ਯਗ ਕਰਨਾ ਤੇ (ਗੋਮੇਧ) ਗਊ ਦੀ ਕੁਰਬਾਨੀ ਦੇ ਕੇ ਯਗ ਕਰਦੇ ਸਨ, (ਉਸ ਵਲ ਇਸ਼ਾਰਾ ਕਰਦੇ ਹਨ) ।

6. ਹੇ ਪਾਂਡੇ ! ਯਗ ਕਰਨ ਵੇਲੇ ਤੁਸੀਂ ਆਪ ਭੀ ਜੀਵ ਹਿੰਸਾ ਕਰਦੇ ਹੋ, ਪਰ, ਆਪਣੇ ਆਪ ਨੂੰ ਫਿਰ ਭੀ ਤੁਸੀਂ ਸ੍ਰਿਸ਼ਟ ਰਿਸ਼ੀ ਮਿੱਥਦੇ ਹੋ, (ਸੋ ਦਸੋ, ਜੇ ਜੀਵ ਮਾਰਨ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ) ਤਾਂ ਤੁਸੀਂ ਕਸਾਈ ਕਿਸ ਨੂੰ ਆਖਦੇ ਹੋ ? (ਭਾਵ; ਤੁਸੀਂ ਉਨ੍ਹਾਂ ਲੋਕਾਂ ਨੂੰ ਕਸਾਈ ਕਿਉਂ ਆਖਦੇ ਹੋ ਜੋ ਮਾਸ ਵੇਚਦੇ ਹਨ ?) ।੨।

ਪ੍ਰ:—ਕਬੀਰ ਜੀਉ ! ਅਸੀਂ ਪੰਡਤ ਲੋਕ ਫਿਰ ਭੀ ਬਾਕੀ ਸੰਸਾਰੀ ਲੋਕਾਂ ਨਾਲੋਂ ਉੱਤਮ ਹਾਂ, ਕਿਉਂਕਿ, ਅਸੀਂ ਸੰਸਾਰੀ ਲੋਕਾਂ ਦੇ ਉਧਾਰ ਲਈ ਵੇਦ ਦੀ ਸਿਖਿਆ ਅਨੁਸਾਰ ਰੱਬੀ ਮਾਰਗ ਤੇ ਚਲਣ ਦੀ ਲੋਕਾਂ ਨੂੰ ਪ੍ਰੇਰਨਾ ਕਰਦੇ ਹਾਂ ?

7. ਉ:—ਹੇ ਮਨ ਦੇ ਅੰਧੇ ਅਗਿਆਨੀ ਪਾਂਡੇ ! ਸੁਣ, ਤੁਹਾਨੂੰ ਤਾਂ ਆਪ ਨੂੰ ਹੀ (ਅਜੇ) ਜੀਵਨ ਦੇ ਸਹੀ ਰਸਤੇ ਦੀ ਸਮਝ ਨਹੀਂ ਆਈ, ਹੇ ਭਾੲੀ ! ਦਸੋ, ਤੁਸੀਂ ਹੋਰ ਕਿਸ ਨੂੰ ਮਤਾਂ ਦੇ ਰਹੇ ਹੋ ।

8. (ਇਸ ਲਈ) ਹੇ ਪਾਂਡੇ ! ਮੈ ਤਾਂ ਸਮਝਦਾ ਹਾਂ ਕਿ, ਇਸ ਪੜ੍ਹੀ ਹੋਈ ਵਿਦਿਆ ਤੋਂ ਤੁਸੀਂ ਆਪ ਕੋਈ ਲਾਭ ਨਹੀਂ ਉਠਾ ਰਹੇ, ਇਸ ਵਿਦਿਆ ਨੂੰ ਸਿਰਫ ਤੁਸੀਂ ਮਾਇਆ ਦੀ ਖਾਤ੍ਰ ਵੇਚ ਹੀ ਰਹੇ ਹੋ, (ਸੱਚ ਜਾਣੋ) ਇਸ ਤਰ੍ਹਾਂ ਤੁਹਾਡੀ ਜ਼ਿੰਦਗੀ ਵਿਸ਼ੇਸ਼ ਕਰ ਕੇ ਵਿਅਰਥ ਹੀ ਗੁਜ਼ਰ ਰਹੀ ਹੈ ।੩।

ਪ੍ਰ:—ਕਬੀਰ ਜੀਉ ! ਕੀ, ਇਹ ਉਪ੍ਰੋਕਤ ਕਹੇ ਕੇਵਲ ਤੁਹਾਡੇ ਆਪਣੇ ਹੀ ਵੀਚਾਰ ਹਨ, ਜਾਂ ਕਿ ਇਸ ਦੀ ਪ੍ਰਪੱਕਤਾ ਲਈ ਕਿਸੇ ਹੋਰ ਦੀ ਭੀ ਉਗਾਹੀ ਮਿਲਦੀ ਹੈ ?

9. ਉ:—ਹੇ ਪਾਂਡੇ ! ਜੇ ਮੇਰੀ ਇਸ ਕਹੀ ਗੱਲ ਤੇ ਯਕੀਨ ਨਹੀਂ ਆਉਂਦਾ, ਤਾਂ ਆਪਣੇ ਹੀ ਪੁਰਾਣੇ ਰਿਸ਼ੀਆਂ ਦੇ ਬਚਨ ਪੜ੍ਹ ਸੁਣ ਕੇ ਵੇਖ ਲਓ, ਨਾਰਦ ਰਿਸ਼ੀ ਦੇ ਇਹੀ ਬਚਨ ਹਨ, ਵਿਆਸ ਇਹੀ ਗੱਲ ਆਖਦਾ ਹੈ, ਸੁਕਦੇਵ ਨੂੰ ਭੀ ਜਾ ਕੇ ਪੁਛ ਲਵੋ, ਭਾਵ, ਸੁਕਦੇਵ ਦੇ ਬਚਨ ਭੀ ਪੜ੍ਹ ਕੇ ਵੇਖ ਲਵੋ, ਉਹ ਭੀ ਇਹੀ ਆਖਦਾ ਹੈ ।

ਪ੍ਰ:—ਕਬੀਰ ਜੀਉ ! ਆਖਰ, ਤੁਹਾਡਾ ਆਪਣਾ ਪੱਕਾ ਨਿਸਚਾ ਕੀ ਹੈ, ਜਿਸ ਦੀ ਬਰਕਤ ਨਾਲ ਸਾਡਾ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ ?

10. ਉ:—ਕਬੀਰ ਜੀ, ਆਖਦਾ ਹੈ ਕਿ, ਹੇ ਭਾਈਓ ! (ਦੁਨੀਆਂ ਦੇ ਬੰਧਨਾਂ ਤੋਂ) ਪ੍ਰਭੂ ਦਾ ਨਾਮ ਸਿਮਰ ਕੇ ਹੀ ਮੁਕਤ ਹੋ ਸਕਦੇ ਹੋ, ਨਹੀਂ ਤਾਂ ਆਪਣੇ ਆਪ ਨੂੰ ਡੁੱਬੇ ਸਮਝੋ ।੪।੧।

ਭਾਵਾਰਥ :—ਧਾਰਮਿਕ ਪੁਸਤਕਾਂ ਦੇ ਨਿਰੇ ਰਟਨ ਕਰਦੇ ਰਹਿਣ ਦਾ ਕੋਈ ਲਾਭ ਨਹੀਂ, ਯਗਾਂ ਵਿਚ ਜਾਨਵਰਾਂ ਦੀ ਕੁਰਬਾਨੀ ਦੇਣਾ ਭੀ ਵਿਅਰਥ ਜਾਣੋ, ਜੇ ਕਰ ਕਿਸੇ ਦੇ ਜੀਵਨ ਵਿਚ ਪਲਟਾ ਨਹੀਂ ਆਇਆ, ਇਹ ਕੁਮੱਤਾਂ ਨੂੰ

ਛਡ ਕੇ ਕੇਵਲ਼ ਪ੍ਰਮੇਸ਼ਰ ਦੇ ਨਾਮ ਜਪਣ ਨਾਲ ਹੀ ਸੰਸਾਰ ਸਾਗਰ ਤੋਂ ਤਰ ਸਕੀਦਾ ਹੈ।

1. ਬਨਹਿ ਬਸੇ ਕਿਉ ਪਾਈਐ
ਜਉ ਲਉ ਮਨਹੁ ਨ ਤਜਹਿ ਬਿਕਾਰ ॥
2. ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ॥੧॥
3. ਸਾਰ ਸੁਖੁ ਪਾਈਐ ਰਾਮਾ ॥
4. ਰੰਗਿ ਰਵਹੁ ਆਤਮੈ ਰਾਮ ॥੧॥ ਰਹਾਉ ॥
5. ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
6. ਮਨੁ ਜੀਤੇ ਜਗੁ ਜੀਤਿਆ
ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥
7. ਅੰਜਨੁ ਦੇਇ ਸਭੈ ਕੋਈ
ਟੁਕੁ ਚਾਹਨ ਮਾਹਿ ਬਿਡਾਨੁ ॥
8. ਗਿਆਨ ਅੰਜਨੁ ਜਿਹ ਪਾਇਆ
ਤੇ ਲੋਇਨ ਪਰਵਾਨੁ ॥੩॥
9. ਕਹਿ ਕਬੀਰ ਅਬ ਜਾਨਿਆ
ਗੁਰਿ ਗਿਆਨੁ ਦੀਆ ਸਮਝਾਇ ॥
10. ਅੰਤਰਗਤਿ ਹਰਿ ਭੇਟਿਆ
ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥

ਪਦ ਅਰਥ :–ਬਨਹਿ–ਬਨ ਵਿਚ, ਜੰਗਲ ਵਿਚ। ਜਉ ਲਉ–ਜਦ ਤਕ। ਮਨਹੁ–ਮਨ ਤੋਂ। ਨ ਤਜਹਿ–ਤੂੰ ਨਹੀਂ ਤਿਆਗਦਾ। ਜਿਹ–ਜਿਨ੍ਹਾਂ ਨੇ। ਸਮਸਰਿ–ਬਰਾਬਰ, ਇਕੋ ਜਿਹਾ। ਪੂਰੇ–ਪੂਰਨ ਮਨੁੱਖ।੧।

ਸਾਰ–ਸ੍ਰੇਸ਼ਟ। ਰਾਮਾ–ਪ੍ਰਭੂ ਦਾ ਨਾਮ ਸਿਮਰਿਆਂ, ਪ੍ਰਭੂ ਤੋਂ। ਰੰਗਿ–ਪ੍ਰੇਮ ਨਾਲ। ਆਤਮੈ–ਆਤਮਾਂ ਵਿਚ, ਆਪਣੇ ਅੰਦਰ। ਰਵਹੁ–ਸਿਮਰੋ।੧। ਰਹਾਉ।

ਕੀਹ–ਕੀ ਹੋਇਆ ? ਕੋਈ ਲਾਭ ਨਹੀਂ। ਬਿਖਿਆ ਤੇ–ਮਾਇਆ ਤੋਂ।੨।

ਅੰਜਨੁ–ਸੁਰਮਾਂ। ਦੇਇ–ਦੇਂਦਾ ਹੈ; ਪਾਂਦਾ ਹੈ। ਟੁਕੁ–ਰਤਾ। ਚਾਹਨ–ਭਾਵਨਾ, ਨੀਅਤ। ਬਿਡਾਨੁ–ਫਰਕ। ਜਿਹ–ਜਿਨ੍ਹਾਂ ਨੇ। ਲੋਇਨ–ਅੱਖਾਂ।੩।

ਗੁਰਿ–ਗੁਰੂ ਨੇ। ਅੰਤਰਗਤਿ–ਅੰਦਰ ਹਿਰਦੇ ਵਿਚ ਬੈਠਾ ਹੋਇਆ। ਭੇਟਿਆ–ਮਿਲਿਆ। ਕਤਹੂ–ਹੋਰ ਕਿਸੇ ਪਾਸੇ।੪।

ਅਰਥ :–

ਪ੍ਰ:–ਕਬੀਰ ਜੀਉ! ਮੇਰੇ ਮਨ ਵਿਚ ਇਹ ਵੈਰਾਗ ਉਪਜ ਰਿਹਾ ਹੈ ਕਿ ਮੈਂ ਘਰ ਬਾਰ ਦਾ ਤਿਆਗ ਕਰ ਕੇ ਜੰਗਲ ਵਾਸੀ ਹੋ ਜਾਵਾਂ ਤਾਂ ਕਿ ਮੈਨੂੰ ਰੱਬ ਦੀ ਪ੍ਰਾਪਤੀ ਹੋ ਸਕੇ, ਕੀ ਤੁਸੀਂ ਮੇਰੇ ਇਨ੍ਹਾਂ ਵੀਚਾਰਾਂ ਨਾਲ ਸਹਿਮਤ ਹੋ ?

1. ਉ:–ਹੇ ਭਾਈ! ਤੂੰ ਇਹ ਦਸ ਕਿ, ਜੰਗਲ ਵਿਚ ਜਾ ਵਸਿਆਂ (ਤੈਨੂੰ) ਪ੍ਰਮੇਸ਼ਰ ਕਿਵੇਂ ਮਿਲ ਸਕਦਾ ਹੈ, ਜਦ ਤਕ ਤੂੰ ਆਪਣੇ ਮਨ ਵਿਚੋਂ ਵਿਕਾਰਾਂ ਦਾ ਤਿਆਗ ਨਹੀਂ ਕਰਦਾ।

ਪ੍ਰ:–ਕਿਉਂ ਜੀ! ਸੰਸਾਰ ਵਿਚ ਤੁਸੀਂ ਪੂਰਨ ਪੁਰਖ ਕਿਸ ਨੂੰ ਮੰਨਦੇ ਹੋ ?

2. ਉ:–ਐ ਪਿਆਰੇ! ਮੈਂ ਤਾਂ ਜਗਤ ਵਿਚ ਉਨ੍ਹਾਂ ਨੂੰ ਹੀ ਪੂਰਨ ਪੁਰਸ਼ ਮੰਨਦਾ ਹਾਂ, ਜਿਨ੍ਹਾਂ ਨੇ ਘਰ ਤੇ ਜੰਗਲ ਨੂੰ ਇਕੋ ਜਿਹਾ ਹੀ ਕਰ ਕੇ ਜਾਣ ਲਿਆ ਹੋਵੇ, (ਭਾਵ, ਜੋ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਤਿਆਗੀ ਹਨ)।੧।

3. ਹੇ ਭਾਈ! ਅਸਲ ਸ੍ਰੇਸ਼ਟ ਸੁਖ ਪ੍ਰਭੂ ਦਾ ਨਾਮ ਸਿਮਰਿਆਂ ਹੀ ਮਿਲਦਾ ਹੈ।

4. ਇਸ ਵਾਸਤੇ, ਐ ਪਿਆਰੇ! ਆਪਣੇ ਹਿਰਦੇ ਵਿਚ ਹੀ ਪ੍ਰੇਮ ਨਾਲ ਰਾਮ ਦਾ ਨਾਮ ਸਿਮਰੋ।੧। ਰਹਾਉ।

ਪ੍ਰ:–ਕਬੀਰ ਜੀਉ! ਕੀ, ਜਟਾਂ ਧਾਰੀ ਤੇ ਗੁਫਾ ਵਿਚ ਨਿਵਾਸ ਕਰਨ ਵਾਲੇ ਆਪਣੇ ਚੰਚਲ ਮਨ ਨੂੰ ਕਾਬੂ ਕਰ ਲੈਂਦੇ ਹਨ?

5. ਉ:–ਹੇ ਭਾਈਓ! ਜੇ ਕਿਸੇ ਨੇ ਜਟਾਂ (ਧਾਰ ਕੇ ਉਨ੍ਹਾਂ ਨੂੰ) ਸੁਆਹ ਲਿੰਬ ਲਈ ਜਾਂ ਕਿਸੇ ਨੇ ਗੁਫਾ ਵਿਚ ਜਾ ਡੇਰਾ ਲਾਇਆ, ਤਾਂ ਭੀ ਕੀ ਹੋਇਆ ? (ਮਾਇਆ ਦੇ ਮੋਹ ਤੋਂ ਇਸ ਤਰ੍ਹਾਂ ਖਲਾਸੀ ਨਹੀਂ ਹੁੰਦੀ)।

ਪ੍ਰ:–ਕਿਉਂ ਜੀ! ਆਖਰ, ਇਸ ਜਗਤ ਨੂੰ ਕਿਵੇਂ ਜਿਤਿਆ ਜਾ ਸਕਦਾ ਹੈ ?

6. ਉ:–ਐ ਪਿਆਰੇ! ਜਿਨ੍ਹਾਂ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ, ਉਨ੍ਹਾਂ ਨੇ (ਮਾਨੋ) ਸਾਰੇ ਜਗਤ ਨੂੰ ਜਿੱਤ ਲਿਆ ਹੈ, ਕਿਉਂਕਿ, ਮਨ ਜਿੱਤਣ ਨਾਲ ਹੀ ਮਾਇਆ ਤੋਂ ਉਪ੍ਰਾਮ ਹੋਈਦਾ ਹੈ।੨।

7-8. ਹੇ ਭਾਈ! (ਉਂਞ ਤਾਂ) ਹਰ ਕੋਈ ਸੁਰਮਾਂ ਪਾ ਲੈਂਦਾ ਹੈ, ਪਰ (ਸੁਰਮਾਂ ਪਾਣ ਵਾਲਿਆਂ ਦੀ) ਨੀਅਤ ਵਿਚ ਕੁਝ ਫਰਕ ਹੋਇਆ ਕਰਦਾ ਹੈ (ਕੋਈ ਸੁਰਮਾਂ ਪਾਂਦਾ ਹੈ ਵਿਕਾਰਾਂ ਲਈ ਤੇ ਕੋਈ ਅੱਖਾਂ ਦੀ ਨਜ਼ਰ ਚੰਗੀ ਰਖਣ ਲਈ। ਤਿਵੇਂ ਮਾਇਆ ਦੇ ਬੰਧਨ ਤੋਂ ਨਿਕਲਣ ਲਈ ਉੱਦਮ ਕਰਨ ਦੀ ਲੋੜ ਹੈ, ਪਰ ਉੱਦਮ ਉੱਦਮ ਵਿਚ ਫਰਕ ਹੈ)। ਉਹੀ ਅੱਖਾਂ (ਪ੍ਰਭੂ ਦੀ ਨਜ਼ਰ ਵਿਚ) ਕਬੂਲ ਹਨ ਜਿਨ੍ਹਾਂ (ਗੁਰੂ ਦੇ) ਗਿਆਨ ਦਾ ਸੁਰਮਾਂ ਪਾਇਆ ਹੈ।੩।

ਪ੍ਰ:–ਕਬੀਰ ਜੀਉ! ਤੁਸੀਂ ਆਖਰ ਆਪਣੇ ਮਨ ਨੂੰ ਕਿਵੇਂ ਕਾਬੂ ਕੀਤਾ ਹੈ ?

9. ਉ:–ਕਬੀਰ ਆਖਦਾ ਹੈ ਕਿ, ਐ ਪਿਆਰੇ! ਮੈਨੂੰ ਮੇਰੇ ਗੁਰੂ ਨੇ (ਜੀਵਨ ਦੇ ਸਹੀ ਰਸਤੇ ਦਾ) ਗਿਆਨ ਬਖਸ਼ ਦਿਤਾ।

10. ਹੇ ਭਾਈਓ! ਹੁਣ ਮੈਨੂੰ ਸਮਝ ਆ ਗਈ ਹੈ ਕਿ, (ਗੁਰੂ ਦੀ ਕ੍ਰਿਪਾ ਨਾਲ) ਮੇਰੇ ਅੰਦਰ ਬੈਠਾ ਹੋਇਆ ਪ੍ਰਮਾਤਮਾਂ

ਮੈਨੂੰ ਮਿਲ ਪਿਆ ਹੈ, (ਹੁਣ) ਮੇਰਾ ਮਨ (ਜੰਗਲ ਗੁਫਾ ਆਦਿਕ) ਕਿਸੇ ਹੋਰ ਪਾਸੇ ਨਹੀਂ ਜਾਂਦਾ ।੪।੨।

ਭਾਵਾਰਥ :—ਘਰ ਛਡ ਕੇ ਬਨਾਂ ਵਿਚ ਰਹਿਣਾ; ਜਟਾਂ ਤੇ ਭਸਮ ਲਾ ਕੇ ਜੋਗੀ ਬਣਨਾ, ਇਸ ਤਰ੍ਹਾਂ, ਅਸਲ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ, ਕਿਉਂਕਿ, ਵਿਕਾਰ ਤਾਂ ਅੰਦਰ ਹੀ ਟਿਕੇ ਰਹਿੰਦੇ ਹਨ । ਗੁਰੂ ਦੇ ਦਸੇ ਰਾਹ ਤੇ ਤੁਰ ਕੇ ਪ੍ਰਮਾਤਮਾਂ ਦਾ ਸਿਮਰਨ ਕਰੋ, ਇਸ ਤਰ੍ਹਾਂ, ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਤਿਆਗੀ ਰਹੋਗੇ ।

1. ਰਿਧਿ ਸਿਧਿ ਜ ਕਉ ਫੁਰੀ
ਤਬ ਕਾਹੂ ਸਿਉ ਕਿਆ ਕਾਜ ॥
2. ਤੇਰੇ ਕਹਨੇ ਕੀ ਗਤਿ ਕਿਆ ਕਹਉ
ਮੈ ਬੋਲਤ ਹੀ ਬਡ ਲਾਜ ॥੧॥
3. ਰਾਮੁ ਜਿਹ ਪਾਇਆ ਰਾਮ ॥
4. ਤੇ ਭਵਹਿ ਨ ਬਾਰੈ ਬਾਰ ॥੧॥ ਰਹਾਉ ॥
5. ਝੂਠਾ ਜਗੁ ਡਹਕੈ ਘਨਾ
ਦਿਨ ਦੁਇ ਬਰਤਨ ਕੀ ਆਸ ॥੨॥
6. ਰਾਮ ਉਦਕੁ ਜਿਹ ਜਨ ਪੀਆ
ਤਿਹਿ ਬਹੁਰਿ ਨ ਭਈ ਪਿਆਸ ॥
7. ਗੁਰ ਪ੍ਰਸਾਦਿ ਜਿਹ ਬੂਝਿਆ
ਆਸਾ ਤੇ ਭਇਆ ਨਿਰਾਸੁ ॥
8. ਸਭੁ ਸਚੁ ਨਦਰੀ ਆਇਆ
ਜਉ ਆਤਮ ਭਇਆ ਉਦਾਸੁ ॥੩॥
9. ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ॥
10. ਕਹੁ ਕਬੀਰ ਕੰਚਨੁ ਭਇਆ
ਭ੍ਰਮੁ ਗਇਆ ਸਮੁਦ੍ਰੈ ਪਾਰਿ ॥੪॥੩॥

ਪਦ ਅਰਥ :—ਜਾ ਕਉ—ਜਿਸ ਮਨੁੱਖ ਨੂੰ । ਰਿਧਿ ਸਿਧਿ ਫੁਰੀ—ਰਿਧੀਆਂ ਸਿਧੀਆਂ ਫੁਰ ਪੈਂਦੀਆਂ ਹਨ, ਫੁਰਨਾ ਉਠਣ ਤੇ ਹੀ ਰਿਧੀਆਂ ਸਿਧੀਆਂ ਹੋ ਪੈਂਦੀਆਂ ਹਨ । ਕਾਹੂ ਸਿਉ—ਕਿਸੇ ਹੋਰ ਨਾਲ । ਕਾਜ—ਕੰਮ, ਮੁਥਾਜੀ । ਕਹਨੇ ਕੀ—ਨਿਰੀਆਂ ਮੂੰਹੋਂ ਆਖੀਆਂ ਗਲਾਂ ਦੀ । ਕਿਆ ਕਹਉ—ਮੈਂ ਕੀ ਆਖਾਂ ? । ਲਾਜ—ਸ਼ਰਮ ।੧।

ਜਿਹ—ਜਿਨ੍ਹਾਂ ਮਨੁੱਖਾਂ ਨੇ । ਤੇ—ਉਹ ਬੰਦੇ । ਬਾਰੈ ਬਾਰ—ਦਰ ਦਰ ਤੇ ।੧। ਰਹਾਉ ।

ਡਹਕੈ—ਭਟਕਦਾ ਹੈ । ਘਨਾ—ਬਹੁਤਾ । ਦਿਨ ਦੁਇ—ਦੋ ਦਿਨਾਂ ਲਈ । ਉਦਕੁ—ਜਲ, ਅੰਮ੍ਰਿਤ । ਤਿਹਿ—ਉਨ੍ਹਾਂ ਨੂੰ । ਬਹੁਰਿ—ਮੁੜ ।੨।

ਜਿਹ—ਜਿਸ ਮਨੁੱਖ ਨੇ । ਨਿਰਾਸੁ—ਆਸਾ ਰਹਿਤ । ਸਭੁ—ਹਰ ਥਾਂ । ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ । ਉਦਾਸ—ਉਪਰਾਮ ।੩।

ਹਰ ਤਾਰਿ—ਹਰ ਤਾਲਿ, ਹਰੇਕ ਤਾਲ ਵਿਚ, ਹਰੇਕ ਕੌਤਕ ਵਿਚ । ਕੰਚਨੁ—ਸੋਨਾ । ਭ੍ਰਮੁ—ਭੁਲੇਖਾ, ਭਟਕਣਾ ।੪।

ਉਥਾਨਕਾ :—ਕਬੀਰ ਜੀ ਪਾਸ ਇਕ ਜੋਗੀ ਆਇਆ ਜੋ ਕਰਾਮਾਤਾਂ ਤੇ ਰਿਧੀਆਂ ਸਿਧੀਆਂ ਦੇ ਦਾਅਵੇ ਕਰਦਾ ਸੀ, ਪਰ ਲੋਕਾਂ ਦੇ ਘਰਾਂ ਵਿਚ ਮੰਗਦਾ ਫਿਰਦਾ ਸੀ ਅਤੇ ਇਹ, ਇਹ ਭੀ ਕਹਿ ਰਿਹਾ ਹੈ ਕਿ ਮੈਨੂੰ ਰਿਧੀਆਂ ਸਿਧੀਆਂ ਹਾਸਿਲ ਹੋ ਆਈਆਂ ਹਨ ।

ਅਰਥ :—

ਪ੍ਰ:—ਕਬੀਰ ਜੀਉ ! ਤੁਸੀਂ ਦੇਰ ਕਾਲ ਤੋਂ ਬੰਦਗੀ ਕਰਦੇ ਆ ਰਹੇ ਹੋ, ਕੀ ਆਪ ਨੂੰ ਭੀ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਹੋ ਗਈ ਹੈ ?

1. **ਉ**:—ਹੇ ਜੋਗੀ ! ਤੂੰ ਆਖਦਾ ਹੈਂ ਕਿ, ਮੈਨੂੰ ਰਿਧੀਆਂ ਸਿਧੀਆਂ ਫੁਰ ਪਈਆਂ ਹਨ, ਪਰ, ਤੇਰੇ ਨਿਰਾ (ਇਹ ਗੱਲ) ਆਖਣ ਦੀ ਹਾਲਤ ਮੈਂ ਕੀ ਦਸਾਂ ? ਕਿਉਂਕਿ; ਮੈਨੂੰ ਤਾਂ ਗੱਲ ਕਰਦਿਆਂ ਹੀ ਸ਼ਰਮ ਆਉਂਦੀ ਹੈ ।

ਪ੍ਰ:—ਕਬੀਰ ਜੀ ! ਦਸੋ, ਇਸ ਵਿਚ ਸ਼ਰਮਾਉਣ ਦੀ ਮੈਂ ਤੁਹਾਨੂੰ ਕਿਹੜੀ ਗਲ ਆਖੀ ਹੈ ?

2. **ਉ**:—ਹੇ ਜੋਗੀ ! ਭਲਾ ਇਹ ਦਸ ਕਿ, ਜਿਸ ਮਨੁੱਖ ਦੇ ਨਿਰਾ ਫੁਰਨਾ ਉੱਠਣ ਤੇ ਹੀ ਰਿਧੀਆਂ ਸਿਧੀਆਂ ਹੋ ਪੈਣ, ਉਸ ਨੂੰ ਕਿਸੇ ਹੋਰ ਦੀ ਕੀ ਮੁਥਾਜੀ ਰਹਿੰਦੀ ਹੈ ? (ਤੇ ਤੂੰ ਅਜੇ ਭੀ ਮੁਥਾਜ ਹੋ ਕੇ ਲੋਕਾਂ ਦੇ ਦਰ ਤੇ ਭਟਕਦਾ ਫਿਰਦਾ ਹੈਂ) ।੧।

ਪ੍ਰ:—ਕਬੀਰ ! ਤੂੰ ਆਪਣਾ ਨਿਸਚਾ ਕੀ ਰਖਦਾ ਹੈਂ ਇਹ ਭੀ ਦਸ ਦੇ ?

3. **ਉ**:—ਹੇ ਜੋਗੀ ! ਸੁਣ, ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਜਿਨ੍ਹਾਂ ਲੋਕਾਂ ਨੂੰ ਸੱਚ ਮੁੱਚ ਪ੍ਰਮਾਤਮਾਂ ਮਿਲ ਪੈਂਦਾ ਹੈ ।
4. ਉਹ ਲੋਕ ਭਿਖਿਆ ਮੰਗਣ ਲਈ ਦਰ ਦਰ ਤੇ ਨਹੀਂ ਭਟਕਦੇ ।੧। ਰਹਾਉ ।
5. ਹੇ ਜੋਗੀ ! ਮੈਂ ਤਾਂ ਵੇਖ ਰਿਹਾ ਹਾਂ ਕਿ, ਦੋ ਚਾਰ ਦਿਨ (ਮਾਇਆ) ਵਰਤਣ ਦੀ ਆਸ ਤੇ ਹੀ ਇਹ ਝੂਠਾ ਜਗਤ ਕਿਤਨਾ ਹੀ ਭਟਕਦਾ ਫਿਰਦਾ ਹੈ ।
6. ਹੇ ਜੋਗੀ ! ਸੁਣ, ਜਿਨ੍ਹਾਂ ਬੰਦਿਆਂ ਨੇ ਪ੍ਰਭੂ ਦਾ ਨਾਮ ਅੰਮ੍ਰਿਤ ਪੀਤਾ ਹੈ, ਉਨ੍ਹਾਂ ਨੂੰ ਤਾਂ ਮੁੜ ਮਾਇਆ ਦੀ ਤ੍ਰੇਹ ਹੀ ਨਹੀਂ ਲਗਦੀ ।੨।
7. (ਕਿਉਂਕਿ) ਗੁਰੂ ਦੀ ਕ੍ਰਿਪਾ ਨਾਲ ਜਿਸ ਨੇ (ਸਹੀ ਜੀਵਨ) ਸਮਝ ਲਿਆ ਹੈ, ਉਹ ਆਸਾਂ ਛਡ ਕੇ ਆਸਾਂ ਤੋਂ ਉਤਾਂਹਾਂ ਹੋ ਜਾਂਦਾ ਹੈ ।
8. ਉਹ ਇਸ ਲਈ ਕਿ, ਜਦੋਂ ਮਨੁੱਖ ਅੰਦਰੋਂ ਮਾਇਆ ਵਲੋਂ ਉਪਰਾਮ ਹੋ ਜਾਏ, ਤਾਂ ਉਸ ਨੂੰ ਹਰ ਥਾਂ ਪ੍ਰਭੂ ਹੀ ਪ੍ਰਭੂ ਦਿਸਦਾ ਹੈ, (ਮਾਇਆ ਵਲ ਉਸ ਦੀ ਨਿਗਾਹ ਹੀ ਨਹੀਂ ਪੈਂਦੀ) ।੩।

ਪ੍ਰ:–ਕਬੀਰ ਜੀ ! ਇਸ ਮਨੁੱਖ ਦੀ ਪਵਿਤ੍ਰਤਾ ਲਈ ਤੁਸੀਂ ਕਿਹੜਾ ਸਾਧਨ ਸਹੀ ਮੰਨਦੇ ਹੋ ?

9. ਉ.–ਕਬੀਰ ਜੀ ਕਥਨ ਕਰਦੇ ਹਨ ਕਿ, ਹੇ ਜੋਗੀ ! ਸੁਣ, ਜਿਸ ਮਨੁੱਖ ਨੇ ਪ੍ਰਮਾਤਮਾਂ ਦੇ ਨਾਮ ਦਾ ਸੁਆਦ ਚੱਖ ਲਿਆ ਹੈ, ਉਸ ਨੂੰ ਹਰੇਕ ਕੌਤਕ ਵਿਚ ਪ੍ਰਭੂ ਦਾ ਨਾਮ ਹੀ ਦਿਸਦਾ, ਸੁਣੀਦਾ ਹੈ ।

10. ਉਹ ਸੁਧ ਸੋਨਾ ਬਣ ਜਾਂਦਾ ਹੈ, ਉਸ ਦੀ ਭਟਕਣਾ ਸਮੁੰਦਰੋਂ ਪਾਰ ਚਲੀ ਜਾਂਦੀ ਹੈ, (ਸਦਾ ਲਈ ਮਿਟ ਜਾਂਦੀ ਹੈ) ।੪।੩।

ਭਾਵਾਰਥ :–ਕਰਾਮਾਤਾਂ ਦਾ ਚਾਅ ਧਾਰਮਕ ਭਾਵਾਂ ਨੂੰ ਵਿਗਾੜ ਦੇਂਦਾ ਹੈ, ਪਰ ਜਿਸ ਮਨੁੱਖ ਨੂੰ ਪ੍ਰਮਾਤਮਾਂ ਦਾ ਮਿਲਾਪ ਹੋ ਜਾਂਦਾ ਹੈ, ਉਹ ਮੰਗਤਿਆਂ ਵਾਂਗ ਦਰ ਦਰ ਤੇ ਨਹੀਂ ਭਟਕਦਾ ਫਿਰਦਾ, ਉਹ ਸ਼ੁਧ ਸੋਨਾ ਬਣ ਜਾਂਦਾ ਹੈ, ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ ।

1. ਉਦਕ ਸਮੁੰਦ ਸਲਲ ਕੀ ਸਾਖਿਆ
ਨਦੀ ਤਰੰਗ ਸਮਾਵਹਿਗੇ ॥੧॥
2. ਸੁੰਨਹਿ ਸੁੰਨੁ ਮਿਲਿਆ ਸਮਦਰਸੀ
ਪਵਨ ਰੂਪ ਹੋਇ ਜਾਵਹਿਗੇ ॥
3. ਬਹੁਰਿ ਹਮ ਕਾਹੇ ਆਵਹਿਗੇ ॥
4. ਆਵਨ ਜਾਨਾ ਹੁਕਮੁ ਤਿਸੈ ਕਾ
ਹੁਕਮੈ ਬੁਝਿ ਸਮਾਵਹਿਗੇ ॥੧॥ ਰਹਾਉ ॥
5. ਜਬ ਚੂਕੈ ਪੰਚ ਧਾਤੁ ਕੀ ਰਚਨਾ
ਐਸੇ ਭਰਮੁ ਚੁਕਾਵਹਿਗੇ ॥
6. ਦਰਸਨੁ ਛੋਡਿ ਭਏ ਸਮਦਰਸੀ
ਏਕੋ ਨਾਮੁ ਧਿਆਵਹਿਗੇ ॥੨॥
7. ਜਿਤ ਹਮ ਲਾਏ ਤਿਤ ਹੀ ਲਾਗੇ
ਤੈਸੇ ਕਰਮ ਕਮਾਵਹਿਗੇ ॥
8. ਹਰਿ ਜੀ ਕ੍ਰਿਪਾ ਕਰੇ ਜਉ ਅਪਨੀ
ਤੌ ਗੁਰ ਕੇ ਸਬਦਿ ਸਮਾਵਹਿਗੇ ॥੩॥
9. ਜੀਵਤ ਮਰਹੁ ਮਰਹੁ ਫੁਨਿ ਜੀਵਹੁ
ਪੁਨਰਪਿ ਜਨਮੁ ਨ ਹੋਈ ॥
10. ਕਹੁ ਕਬੀਰ ਜੋ ਨਾਮਿ ਸਮਾਨੇ
ਸੁੰਨ ਰਹਿਆ ਲਿਵ ਸੋਈ ॥੪॥੪॥

ਪਦ ਅਰਥ :–ਉਦਕ–ਪਾਣੀ । ਸਲਲ–ਪਾਣੀ । ਸਾਖਿਆ–ਤਰ੍ਹਾਂ, ਵਾਂਗ । ਤਰੰਗ–ਲਹਿਰਾਂ । ਸਮਾਵਹਿਗੇ–ਅਸੀਂ ਸਮਾ ਗਏ ਹਾਂ, ਮੈਂ ਲੀਨ ਹੋ ਗਿਆ ਹਾਂ । ਸੁੰਨਹਿ–ਸੁੰਨ ਵਿਚ, ਅਫੁਰ ਪ੍ਰਭੂ ਵਿਚ । ਸੁੰਨ–ਅਫੁਰ ਹੋਇਆ ਆਤਮਾਂ । ਮਿਲਿਆ–ਮਿਲ ਗਿਆ ਹੈ । ਸਮ–ਸਮਾਨ, ਬਰਾਬਰ । ਪਵਨ ਰੂਪ–ਹਵਾ ਵਾਂਗ । ਪਵਨ ਰੂਪ ਹੋਇ ਜਾਵਹਿਗੇ–ਅਸੀਂ ਹਵਾ ਵਾਂਗ ਹੋ ਗਏ ਹਾਂ, ਮੈਂ ਹਵਾ ਵਾਂਗ ਹੋ ਗਿਆ ਹਾਂ, ਜਿਵੇਂ ਹਵਾ ਹਵਾ ਵਿਚ ਮਿਲ ਜਾਂਦੀ ਹੈ ਤਿਵੇਂ ਮੈਂ ਭੀ ।੧।

ਬਹੁਰਿ–ਮੁੜ, ਫਿਰ । ਹਮ–ਮੈਂ, ਅਸਾਂ । ਬੂਝਿ–ਸਮਝ ਕੇ ।੧। ਰਹਾਉ ।

ਜਬ–ਹੁਣ ਜਦੋਂ । ਚੂਕੈ–ਮੁੱਕ ਗਈ ਹੈ । ਪਚ ਧਾਤੁ ਕੀ ਰਚਨਾ–ਪੰਜ ਤੱਤੀ ਸਰੀਰ ਦੀ ਖੇਡ, ਪੰਜ ਤੱਤੀ ਸਰੀਰ ਦਾ ਮੋਹ, ਦੇਹ ਅਧਿਆਸ, ਸਰੀਰ ਦੇ ਦੁੱਖ ਸੁੱਖ ਦੀ ਸੁਰਤ । ਐਸੇ–ਇਸ ਤਰ੍ਹਾਂ । ਚੁਕਾਵਹਿਗੇ–ਮੈਂ ਮੁਕਾ ਦਿਤਾ ਹੈ । ਦਰਸਨੁ–ਭੇਖ, ਕਿਸੇ ਭੇਖ ਦੀ ਉੱਚਤਾ ਦਾ ਖਿਆਲ । ਧਿਆਵਹਿਗੇ–ਮੈਂ ਸਿਮਰਦਾ ਹਾਂ ।੨।

ਜਿਤੁ–ਜਿਸ ਪਾਸੇ । ਹਮ–ਸਾਨੂੰ, ਮੈਨੂੰ । ਲਾਗੇ–ਮੈਂ ਲਗਾ ਹੋਇਆ ਹਾਂ । ਕਹਾਵਹਿਗੇ–ਮੈਂ ਕਹਾ ਰਿਹਾ ਹਾਂ । ਕਮਾਵਹਿਗੇ–ਮੈਂ ਕਮਾ ਰਿਹਾ ਹਾਂ । ਸਮਾਵਹਿਗੇ–ਮੈਂ ਸਮਾ ਰਿਹਾ ਹਾਂ ।੩।

ਜੀਵਤ–ਜੀਉਂਦੇ ਹੀ, ਦੁਨੀਆਂ ਵਿਚ ਰਹਿੰਦੇ ਹੋਏ ਹੀ । ਮਰਹੁ–ਵਿਸ਼ਿਆਂ ਵਲੋਂ ਮਰ ਜਾਉ । ਫੁਨਿ–ਮੁੜ, ਆਤਮਕ ਜੀਵਨ ਵਾਲੇ ਪਾਸੇ । ਪੁਨਰਪਿ–(ਪੁਨਰ ਆਪਿ) ਫਿਰ ਭੀ, ਫਿਰ ਕਦੇ । ਨਾਮਿ–ਨਾਮ ਵਿਚ । ਸੁੰਨ–ਅਫੁਰ ਪ੍ਰਭੂ । ਸੋਈ–ਉਹੀ ਮਨੁੱਖ ।੪।

ਨੋਟ :–ਹਰੇਕ ਤੁਕ ਦੇ ਅਖੀਰ ਉਤੇ ਅੱਖਰ 'ਗੇ' ਨੂੰ ਪਦ ਪੂਰਤੀ ਲਈ ਹੀ ਸਮਝਣਾ, ਕਿਸੇ ਭਵਿੱਖਤ ਸਮੇਂ ਦੀ ਗੱਲ ਨਹੀਂ ਕਰ ਰਹੇ ਨਾਮ ਸਿਮਰਨ ਨਾਲ ਜੋ ਹਾਲਤ ਬੰਦਗੀ ਵਾਲੇ ਦੀ ਬਣਦੀ ਹੈ, ਉਸੇ ਦਾ ਜ਼ਿਕਰ ਹੈ । ਸਿਮਰਨ ਨੇ ਹੁਣੇ ਹੀ, ਐਸ ਵੇਲੇ ਹੀ, ਇਸੇ ਜੀਵਨ ਵਿਚ ਹੀ ਤਬਦੀਲੀ ਲਿਆਉਣੀ ਹੈ ।

ਅਰਥ :–

ਪ੍ਰ:–ਕਬੀਰ ਜੀ ! ਤੁਸੀਂ ਬੜੀ ਦੇਰ ਕਾਲ ਤੋਂ ਪ੍ਰਭੂ ਦੀ ਬੰਦਗੀ ਕਰਦੇ ਆ ਰਹੇ ਹੋ, ਆਖਰ, ਤੁਹਾਨੂੰ ਇਸ ਕਮਾਈ ਕਰਦੇ ਰਹਿਣ ਦਾ ਅੰਤਰ ਆਤਮੇਂ ਨਿਸਚਾ ਕਿਸ ਰੂਪ ਵਿਚ ਹੋ ਆਇਆ ਹੈ ਤੇ ਕੀ ਦਸ ਸਕੋਗੇ ਕਿ ਇਸ ਦਾ ਕੀ ਫਲ ਮਿਲਿਆ ਹੈ, ਇਸ ਵਿਚ ਕੋਈ ਉਦਾਹਰਣ ਦੇ ਕੇ ਸਮਝਾਓ ?

1. ਉ:–ਹੇ ਭਾਈਓ ! ਇਉਂ ਹੀ ਸਮਝੋ ਕਿ, ਜਿਵੇਂ ਪਾਣੀ ਸਮੁੰਦਰ ਦੇ ਪਾਣੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ, ਤੇ ਜਿਵੇਂ ਨਦੀ ਦੇ ਪਾਣੀ ਦੀਆਂ ਲਹਿਰਾਂ ਨਦੀ ਦੇ ਪਾਣੀ ਵਿਚ ਲੀਨ ਹੋ ਜਾਂਦੀਆਂ ਹਨ ।

2. ਹੇ ਭਾਈ ! ਜਿਵੇਂ ਹਵਾ, ਹਵਾ ਵਿਚ ਮਿਲ ਜਾਂਦੀ ਹੈ, ਤਿਵੇਂ ਵਾਸ਼ਨਾਂ ਰਹਿਤ ਹੋਇਆ ਮੇਰਾ ਮਨ ਅਫੁਰ ਪ੍ਰਭੂ ਵਿਚ ਮਿਲ ਗਿਆ ਹੈ ਅਤੇ ਹੁਣ ਮੈਨੂੰ ਹਰ ਥਾਂ ਪ੍ਰਭੂ ਹੀ ਦਿਸ ਰਿਹਾ ਹੈ ।੧।

ਪ੍ਰ:–ਕਬੀਰ ਜੀਉ ! ਸਾਰਾ ਸੰਸਾਰ ਹੀ ਜੰਮਣ ਮਰਨ ਦੇ ਚੱਕਰ ਵਿਚ ਆਉਂਦਾ ਜਾਂਦਾ ਹੈ, ਇਸ ਬਾਰੇ ਤੁਹਾਡਾ ਕੀ ਨਿਸਚਾ ਹੈ ?

3. ਉ:–ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ, ਮੈਂ ਫਿਰ ਕਦੇ ਭੀ (ਜੰਮਣ ਮਰਣ ਦੇ ਗੇੜ ਵਿਚ) ਨਹੀਂ ਆਵਾਂਗਾ ।

4. (ਕਿਉਂਕਿ) ਹੇ ਭਾਈ ! ਇਹ ਜਨਮ ਮਰਣ ਦਾ ਗੇੜ ਪ੍ਰਭੂ ਦੀ ਰਜ਼ਾ (ਅਨੁਸਾਰ) ਹੀ ਹੈ, ਪਰ, ਮੈਂ ਉਸ ਰਜ਼ਾ ਨੂੰ ਸਮਝਕੇ (ਰਜ਼ਾ ਵਿਚ) ਹੀ ਲੀਨ ਹੋ ਗਿਆ ਹਾਂ ।੧।ਰਹਾਉ।

ਪ੍ਰ:–ਕਿਉਂ ਜੀ ! ਇਹ ਪੱਕਾ ਨਿਸਚਾ ਹੋ ਜਾਣ ਦਾ ਸਹੀ ਕਾਰਣ ਕੀ ਹੈ ?

5-6 ਉ:–ਹੇ ਭਾਈਓ ! ਸੁਣੋ, ਹੁਣ ਜਦੋਂ (ਪ੍ਰਭੂ ਵਿਚ ਲੀਨ ਹੋਣ ਕਰ ਕੇ) ਮੇਰਾ ਪੰਜ ਤੱਤੀ ਸਰੀਰ ਦਾ ਮੋਹ (ਹੀ) ਮੁੱਕ ਗਿਆ ਹੈ ਅਤੇ ਮੈਂ ਆਪਣਾ ਭੁਲੇਖਾ ਭੀ ਇਉਂ ਮੁਕਾ ਲਿਆ ਹੈ ਕਿ ਕਿਸੇ ਖਾਸ ਭੇਖ (ਦੀ ਮਹੱਤਤਾ ਦਾ ਖਿਆਲ) ਛੱਡ ਕੇ ਮੈਨੂੰ ਸਭਨਾਂ ਵਿਚ ਹੀ ਪ੍ਰਮੇਸ਼ਰ ਦਿਸਦਾ ਹੈ, (ਇਸ ਲਈ) ਮੈਂ ਇਕ ਪ੍ਰਭੂ ਦਾ ਨਾਮ ਹੀ ਸਿਮਰ ਰਿਹਾ ਹਾਂ । (ਭਾਵ, ਵਖ ਵਖ ਸੰਪ੍ਰਦਾਵਾਂ ਦਾ ਖਿਆਲ ਹੀ ਤਿਆਗ ਦਿਤਾ ਹੈ) ।੨।

ਪ੍ਰ:–ਕਿਉਂ ਜੀ ! ਕੀ, ਤੁਸਾਂ ਨੂੰ ਇਸ ਅਵਸਥਾ ਦੀ ਪ੍ਰਾਪਤੀ ਤੁਹਾਡੀ ਕੀਤੀ ਹੋਈ ਮਿਹਨਤ ਦਾ ਹੀ ਸਦਕਾ ਮੰਨਿਆ ਜਾਵੇਗਾ ?

7. ਉ:–ਐ ਪਿਆਰਿਓ ! ਅਸਲ ਵਿਚ ਤਾਂ ਇਹ ਪ੍ਰਭੂ ਦੀ ਆਪਣੀ ਹੀ ਮਿਹਰ ਹੈ, ਕਿਉਂਕਿ, ਜਿਸ ਪਾਸੇ ਉਸ ਨੇ ਮੈਨੂੰ ਲਾਇਆ ਹੈ, ਮੈਂ ਉਧਰ ਹੀ ਲਗ ਪਿਆ ਹਾਂ, (ਜਿਹੋ ਜਿਹੇ ਕੰਮ ਉਹ ਮੈਥੋਂ ਕਰਾਉਂਦਾ ਹੈ) ਉਹੋ ਜਿਹੇ ਕੰਮ ਮੈਂ ਕਰ ਰਿਹਾ ਹਾਂ ।

8. ਹੇ ਭਾਈਓ ! ਜਦੋਂ ਭੀ (ਜਿਨ੍ਹਾਂ ਉਤੇ) ਪ੍ਰਭੂ ਜੀ ਆਪਣੀ ਮਿਹਰ ਕਰਦੇ ਹਨ, ਉਹ ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦੇ ਹਨ ।੩।

ਪ੍ਰ:–ਕਬੀਰ ਜੀਉ ! ਸਾਨੂੰ ਜੰਮਣ ਮਰਨ ਦੇ ਕਸ਼ਟ ਤੋਂ ਬਚਣ ਲਈ ਕੀ ਸਾਧਨ ਕਰਨਾ ਚਾਹੀਦਾ ਹੈ ?

9. ਉ:–ਹੇ ਭਾਈਓ ! ਪਹਿਲੋਂ ਤਾਂ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਵਿਕਾਰਾਂ ਵਲੋਂ ਮਰੋ; ਜਦੋਂ ਇਸ ਤਰ੍ਹਾਂ ਮਰੋਗੇ, ਤਾਂ ਫਿਰ ਆਤਮਕ ਜੀਵਨ ਵਾਲੇ ਪਾਸੇ ਜੀਉ ਪਵੋਗੇ; (ਬੱਸ, ਇਸ ਤਰ੍ਹਾਂ) ਫਿਰ ਕਦੇ ਭੀ ਜੰਮਣ (ਮਰਣ ਦਾ ਗੇੜ) ਨਹੀਂ ਹੋਵੇਗਾ ।

ਪ੍ਰ:–ਕਿਉਂ ਜੀ ! ਜੋ ਮਨੁੱਖ ਨਾਮ ਵਿਚ ਲੀਨ ਹੁੰਦਾ ਹੈ, ਆਖਰ ਉਸ ਦੀ ਪਛਾਣ ਕੀ ਹੋਇਆ ਕਰਦੀ ਹੈ ?

10. ਉ:–ਕਬੀਰ ਜੀ ਕਹਿੰਦੇ ਹਨ ਕਿ; ਐ ਪਿਆਰੇ ! ਜੋ ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ ਉਹ ਫਿਰ ਸਦਾ ਹੀ ਅਫੁਰ ਪ੍ਰਭੂ ਵਿਚ ਸੁਰਤ ਜੋੜੀ ਰਖਦਾ ਹੈ ।੪।੪।

ਭਾਵਾਰਥ :–ਪ੍ਰਭੂ ਦੇ ਨਾਮ ਵਿਚ ਜੁੜਿਆਂ ਪ੍ਰਭੂ ਦੀ ਰਜ਼ਾ ਦੀ ਸਮਝ ਪੈਂਦੀ ਹੈ । ਰਜ਼ਾ ਵਿਚ ਤੁਰਿਆਂ ਪ੍ਰਭੂ ਨਾਲ ਇਉਂ ਇਕ ਮਿਕ ਹੋ ਜਾਈਦਾ ਹੈ, ਜਿਵੇਂ ਨਦੀ ਦੀਆਂ ਲਹਿਰਾਂ ਨਦੀ ਦੇ ਪਾਣੀ ਨਾਲ, ਜਿਵੇਂ ਹਵਾ ਹਵਾ ਨਾਲ, ਫਿਰ ਜੰਮਣ ਮਰਣ ਦੇ ਗੇੜ ਦੀ ਸੰਭਾਵਨਾ ਰਹਿ ਹੀ ਨਹੀਂ ਜਾਂਦੀ ।

1. ਜਉ ਤੁਮ ਮੋਕਉ ਦੂਰਿ ਕਰਤ ਹਉ
ਤਉ ਤੁਮ ਮੁਕਤਿ ਬਤਾਵਹੁ ॥
2. ਏਕ ਅਨੇਕ ਹੋਇ ਰਹਿਓ ਸਗਲ ਮਹਿ
ਅਬ ਕੈਸੇ ਭਰਮਾਵਹੁ ॥੧॥
3. ਰਾਮ ਮੋਕਉ ਤਾਰਿ ਕਹਾਂ ਲੈ ਜਈ ਹੈ ॥
4. ਸੋਧਉ ਮੁਕਤਿ ਕਹਾ ਦੇਉ ਕੈਸੀ
ਕਰਿ ਪ੍ਰਸਾਦੁ ਮੋਹਿ ਪਾਈਹੈ ॥੧॥ ਰਹਾਉ ॥
5. ਤਾਰਨ ਤਰਨੁ ਤਬੈ ਲਗੁ ਕਹੀਐ
ਜਬ ਲਗੁ ਤਤੁ ਨ ਜਾਨਿਆ ॥
6. ਅਬ ਤਉ ਬਿਮਲ ਭਏ ਘਟ ਹੀ ਮਹਿ
ਕਹਿ ਕਬੀਰ ਮਨੁ ਮਾਨਿਆ ॥੨॥੫॥

ਪਦ ਅਰਥ :–ਜਉ–ਜੇ । ਮੋਕਉ–ਮੈਨੂੰ । ਦੂਰਿ ਕਰਤ ਹਉ–ਤੂੰ (ਮੈਨੂੰ) ਆਪਣੇ ਚਰਨਾਂ ਤੋਂ ਵਿਛੋੜ ਦੇਵੇਂ । ਭਰਮਾਵਹੁ–ਮੈਨੂੰ ਭੁਲੇਖੇ ਵਿਚ ਪਾਂਦਾ ਹੈਂ ।੧।

ਰਾਮ–ਹੇ ਰਾਮ । ਤਾਰਿ–ਤਾਰ ਕੇ । ਕਹਾ–(ਆਪਣੇ ਚਰਨਾਂ ਤੋਂ ਪਰੇ ਹੋਰ) ਕਿਥੇ ? । ਲੈ ਜਈਹੈ–ਲੈ ਜਾਏਂਗਾ ।

ਸੋਧਉ–ਸੋਧਉਂ, ਮੈਂ ਪੁਛਦਾ ਹਾਂ । ਕੈਸੀ–ਕਿਹੋ ਜਿਹੀ (ਮੁਕਤੀ) । ਪ੍ਰਸਾਦੁ–ਕਿਰਪਾ । ਮੋਹਿ–ਮੈਂ । ਪਾਈ ਹੈ–ਲਭ ਲਈ ਹੈ ।੧। ਰਹਾਉ ।

ਤਾਰਨ–(ਕਿਸੇ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾਣਾ । ਤਰਨੁ–ਤਰਨਾ, ਪਾਰ ਲੰਘਣਾ । ਕਹੀਐ–(ਇਹ ਗੱਲ) ਆਖੀਦੀ ਹੈ । ਤਤੁ–ਸਾਰੇ ਜਗਤ ਦਾ ਮੂਲ ਪ੍ਰਭੂ । ਨ ਜਾਨਿਆ–ਜਾਣ ਪਛਾਣ ਨਹੀਂ ਕੀਤੀ, ਸਾਂਝ ਨਹੀਂ ਪਾਈ । ਬਿਮਲ–ਪਵਿੱਤ੍ਰ । ਘਟ ਹੀ ਮਹਿ–ਹਿਰਦੇ ਵਿਚ ਹੀ । ਮਾਨਿਆ–ਮੰਨ ਗਿਆ ਹੈ, ਗਿੱਝ ਗਿਆ ਹੈ, ਪਰਚ ਗਿਆ ਹੈ ।੨।

ਅਰਥ :–

ਪ੍ਰ–ਕਬੀਰ ਜੀਉ ! ਤੁਸੀਂ ਅੱਠੇ ਪਹਿਰ ਹੀ ਭਗਤੀ ਕਰਨ ਵਿਚ ਮਸਤ ਰਹਿੰਦੇ ਹੋ, ਕੀ, ਹੁਣ ਤੁਹਾਨੂੰ ਇਹ ਨਿਸਚਾ ਹੋ ਆਇਆ ਹੈ ਕਿ ਮੈਨੂੰ ਮੁਕਤੀ ਜ਼ਰੂਰ ਹੀ ਮਿਲ ਜਾਏਗੀ ? ਇਸ ਸੰਸਾਰੀ ਲੋਕਾਂ ਦੇ ਕੀਤੇ ਹੋਏ ਪ੍ਰਸ਼ਨ ਦਾ ਉੱਤਰ ਆਪ ਜੀ ਉਸ ਪ੍ਰਮੇਸ਼ਰ ਦੇ ਸਨਮੁਖ ਹੋ ਸ਼ਬਦ ਉਚਾਰਨ

ਕਰਦੇ ਹੋਏ ਆਪਣੇ ਮਨ ਦੇ ਭਾਵਾਂ ਨੂੰ ਅੰਕਤ ਕਰਦੇ ਹਨ।

1. ੳ:–ਹੇ ਰਾਮ ! ਮੈਂ ਤਾਂ ਇਉਂ ਹੀ ਨਿਸਚਾ ਰਖਦਾ ਹਾਂ ਕਿ, ਜੇ ਤੂੰ ਮੈਨੂੰ ਆਪਣੇ ਚਰਨਾਂ ਤੋਂ ਵਿਛੋੜ ਦੇਵੇਂ, ਤਾਂ ਦਸ ਹੋਰ ਮੁਕਤੀ ਕੀ ਹੈ ?

2. ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਤੂੰ ਇਕੋ ਪ੍ਰਭੂ ਹੀ ਅਨੇਕਾਂ ਰੂਪ ਧਾਰ ਕੇ ਸਾਰੇ ਜੀਵਾਂ ਵਿਚ ਵਿਆਪਕ ਹੈਂ, (ਮੇਰੇ ਅੰਦਰ ਭੀ ਬੈਠ ਕੇ ਮੈਨੂੰ ਮਿਲਿਆ ਹੋਇਆ ਹੈਂ)। ਹੁਣ ਮੈਨੂੰ ਹੋਰ ਕਿਸੇ ਭੁਲੇਖੇ ਵਿਚ ਕਿਉਂ ਪਾਂਦਾ ਹੈਂ; (ਕਿ ਮੁਕਤੀ ਕਿਸੇ ਹੋਰ ਥਾਂ ਕਿਸੇ ਹੋਰ ਕਿਸਮ ਦੀ ਮਿਲੇਗੀ) ?।੧।

3. ਹੇ ਰਾਮ ! ਮੈਂ ਤਾਂ ਅਗੇ ਹੀ ਤੇਰੇ ਚਰਨਾਂ ਵਿਚ ਜੁੜਿਆ ਬੈਠਾ ਹਾਂ, ਲੋਕ ਆਖਦੇ ਹਨ ਕਿ ਮਰਨ ਪਿਛੋਂ ਮੁਕਤੀ ਮਿਲਦੀ ਹੈ, ਮੈਨੂੰ ਸੰਸਾਰ ਸਮੁੰਦ੍ਰ ਤੋਂ ਪਾਰ ਲੰਘਾ ਕੇ ਹੋਰ ਕਿਥੇ ਲੈ ਜਾਏਂਗਾ ? ਤੇਰੇ ਚਰਨਾਂ ਵਿਚ ਟਿਕੇ ਰਹਿਣਾ ਹੀ ਮੇਰੇ ਲਈ ਮੁਕਤੀ ਹੈ।

4. ਹੇ ਰਾਮ ! ਜੇ ਤੇਰੇ ਚਰਨਾਂ ਵਿਚ ਜੁੜੇ ਰਹਿਣਾ ਮੁਕਤੀ ਨਹੀਂ ਹੈ, ਤਾਂ ਮੈਂ ਪੁਛਦਾ ਹਾਂ (ਕਿ) ਉਹ ਮੁਕਤ ਕਿਹੋ ਜਿਹੀ ਹੋਵੇਗੀ ਤੇ ਮੈਨੂੰ ਹੋਰ ਕਿਥੇ ਲੈ ਜਾ ਕੇ ਤੂੰ ਦੇਵੇਂਗਾ ? (ਕਿਉਂਕਿ) ਤੇਰੇ ਚਰਨਾਂ ਵਿਚ ਜੁੜੇ ਰਹਿਣ ਵਾਲੀ ਮੁਕਤੀ ਤਾਂ ਤੇਰੀ ਕਿਰਪਾ ਨਾਲ ਮੈਂ ਅਗੇ ਹੀ ਪ੍ਰਾਪਤ ਕੀਤੀ ਹੋਈ ਹੈ।੧। ਰਹਾਉ।

5. ਹੇ ਰਾਮ ! ਸੰਸਾਰ ਸਮੁੰਦਰ ਤੋਂ ਪਾਰ ਲੰਘਣਾ ਤੇ ਪਾਰ ਲੰਘਾਣਾ–ਇਹ ਗਲ ਤਦ ਤਕ ਹੀ ਕਹੀਦੀ ਹੈ, ਜਦ ਤਕ ਜਗਤ ਦੇ ਮੂਲ ਪ੍ਰਭੂ ਨਾਲ ਸਾਂਝ ਨਹੀਂ ਪਾਈ ਜਾਂਦੀ।

6. ਕਬੀਰ ਜੀ, ਕਹਿੰਦੇ ਹਨ, ਮੈਂ ਤਾਂ ਹੁਣ ਹਿਰਦੇ ਵਿਚ ਹੀ (ਤੇਰੇ ਮਿਲਾਪ ਦੀ ਬਰਕਤ ਨਾਲ) ਪਵਿੱਤ੍ਰ ਹੋ ਚੁਕਾ ਹਾਂ ਮੇਰਾ ਮਨ (ਤੇਰੇ ਨਾਲ ਹੀ) ਪਰਚ ਗਿਆ ਹੈ, (ਕਿਸੇ ਹੋਰ ਮੁਕਤੀ ਦੀ ਮੈਨੂੰ ਲੋੜ ਨਹੀਂ ਹੈ)।੨।੫।

ਭਾਵਾਰਥ :–ਹਰੀ ਵਿਚ ਲੀਨ ਹੋਣਾ ਹੀ ਪਰਮ ਪਦ ਹੈ; ਕਿਉਂਕਿ, ਜੇ ਹਰੀ ਦਾ ਨੇੜ ਪ੍ਰਾਪਤ ਨਹੀਂ ਤਾਂ ਮੁਕਤੀ ਦਾ ਅਰਥ ਹੀ ਕੀ ਹੋਇਆ, ਮੁਕਤੀ ਦਾ ਅਰਥ ਇਹ ਨਹੀਂ ਕਿ ਇਥੋਂ ਕਿਸੇ ਹੋਰ ਥਾਂ ਜਾ ਵਸੀਦਾ ਹੈ, ਸਗੋਂ ਮੁਕਤੀ ਤਾਂ ਉਥੇ ਹੈ ਜਿਥੇ ਹਰੀ ਦੇ ਨਾਲ ਵਸੀਏ, ਇਸ ਲਈ ਤਰਨ ਤੇ ਤਾਰਨ ਦੀਆਂ ਗੱਲਾਂ ਫਜ਼ੂਲ ਹਨ, ਕਿਉਂਕਿ, ਜਿਥੇ ਭੀ ਹੋਵੇ ਜੇ ਕਰ ਹਰੀ ਨੂੰ ਮਨ ਵਿਚ ਵਸਾਇਆ ਹੈ ਤਾਂ ਤਰ ਗਏ ਸਮਝੋ, ਪ੍ਰਭੂ ਦੇ ਚਰਨਾਂ ਵਿਚ ਸਦਾ ਸੁਰਤ ਟਿਕੇ ਰਹਿਣ ਦਾ ਨਾਮ ਹੀ ਮੁਕਤੀ ਹੈ।

1. ਜਿਨਿ ਗੜ ਕੋਟ ਕੀਏ ਕੰਚਨ ਕੇ
ਛੋਡਿ ਗਇਆ ਸੋ ਰਾਵਨੁ ॥੧॥
2. ਕਾਹੇ ਕੀਜਤੁ ਹੈ ਮਨਿ ਭਾਵਨੁ ॥
3. ਜਬ ਜਮੁ ਆਇ ਕੇਸ ਤੇ ਪਕਰੈ
ਤਹ ਹਰਿ ਕੋ ਨਾਮੁ ਛਡਾਵਨ ॥੧॥ ਰਹਾਉ ॥
4. ਕਾਲੁ ਅਕਾਲੁ ਖਸਮ ਕਾ ਕੀਨ੍ਾ
ਇਹੁ ਪਰਪੰਚੁ ਬਧਾਵਨੁ ॥
5. ਕਹਿ ਕਬੀਰ ਤੇ ਅੰਤੇ ਮੁਕਤੇ
ਜਿਨ੍ ਹਿਰਦੈ ਰਾਮ ਰਸਾਇਨੁ ॥੨॥੬॥

ਪਦ ਅਰਥ:-ਜਿਨਿ–ਜਿਸ ਰਾਵਣ ਨੇ। ਗੜ ਕੋਟ–ਕਿਲ੍ਹੇ। ਕੰਚਨ–ਸੋਨਾ।੧।

ਮਨਿ–ਮਨ ਵਿਚ। ਮਨਿ ਭਾਵਨੁ–ਆਪਣੇ ਮਨ ਵਿਚ (ਪੈਦਾ ਹੋਈ) ਮਰਜੀ; ਮਨ ਮਰਜੀ।੧। ਰਹਾਉ।

ਅਕਾਲੁ–ਅ-ਕਾਲੁ, ਮੌਤ ਰਹਿਤ, ਅਮੋੜ। ਪਰਪੰਚੁ–ਜਗਤ। ਬਧਾਵਨੁ–ਬੰਧਨ। ਕਹਿ–ਕਹੈ, ਆਖਦਾ ਹੈ। ਅੰਤੇ–ਆਖਰ ਨੂੰ। ਮੁਕਤੇ–ਪ੍ਰਪੰਚ ਰੂਪ ਬੰਧਨ ਤੋਂ ਅਜ਼ਾਦ। ਰਸਾਇਨੁ–ਰਸ-ਅਯਨ, ਰਸਾਂ ਦਾ ਘਰ।੨।

ਅਰਥ :–

ਪ੍ਰ:–ਕਬੀਰ ਜੀਉ ! ਮੇਰਾ ਮਨ ਅਜੇਹਾ ਅਮੋੜ ਹੈ, ਜੋ ਕਿ ਸਦਾ ਹੀ ਮਨ ਮਰਜੀ ਕਰਨਾ ਚਾਹੁੰਦਾ ਹੈ, ਦਸੋ ਕੀ ਸਾਧਨ ਕੀਤਾ ਜਾਏ ?

1. ੳ:–ਹੇ ਭਾਈ ! ਇਸ ਅਮੋੜ ਮਨ ਨੂੰ ਸਦਾ ਇਉਂ ਹੀ ਸਮਝਾਇਆ ਕਰ ਕਿ, ਹੇ ਮਨਾ ! ਵੇਖ, ਜਿਸ ਰਾਵਣ ਨੇ ਸੋਨੇ ਦੇ ਕਿਲ੍ਹੇ ਬਣਾਏ, (ਦਸੀਦੇ ਹਨ) ਉਹ ਭੀ (ਉਹ ਕਿਲ੍ਹੇ ਇਥੇ ਹੀ) ਛਡ ਗਿਆ।੧।

2. (ਇਸ ਲਈ) ਹੇ ਭਾਈ ! ਤੂੰ ਕਿਉਂ ਆਪਣੀ ਮਨ ਮਰਜੀ ਕਰਦਾ ਹੈਂ ?

3. ਵੇਖ, ਜਦੋਂ ਜਮਦੂਤ ਆ ਕੇ ਕੇਸਾਂ ਤੋਂ ਪਕੜ ਲੈਂਦਾ ਹੈ, (ਭਾਵ, ਜਦੋਂ ਮੌਤ ਸਿਰ ਤੇ ਆ ਜਾਂਦੀ ਹੈ) ਉਸ ਵੇਲੇ (ਤਾਂ ਕੇਵਲ) ਪ੍ਰਮਾਤਮਾਂ ਦਾ ਨਾਮ ਹੀ (ਉਸ ਮੌਤ ਦੇ ਸਹਿਮ ਤੋਂ) ਬਚਾਂਦਾ ਹੈ।੧। ਰਹਾਉ।

ਪ੍ਰ.–ਕਬੀਰ ਜੀਉ ! ਆਖਰ, ਸੰਸਾਰ ਦੇ ਬੰਧਨਾਂ ਤੋਂ ਛੁਟਕਾਰਾ ਕਿਵੇਂ ਹੋਵੇ ?

4.5 ੳ:–ਕਬੀਰ ਜੀ ਕਹਿੰਦੇ ਹਨ ਕਿ, ਐ ਪਿਆਰੇ ! ਇਹ ਅਮੋੜ ਮੌਤ ਅਤੇ ਬੰਧਨ ਰੂਪ ਇਹ ਜਗਤ (ਤਾਂ ਭਾਵੇਂ) ਪ੍ਰਮਾਤਮਾਂ ਦੇ ਹੀ ਬਣਾਏ ਹੋਏ ਹਨ। ਪਰ; ਇਨ੍ਹਾਂ ਤੋਂ ਬਚਦੇ ਉਹੀ ਹਨ ਜਿਨ੍ਹਾਂ ਦੇ ਹਿਰਦੇ ਵਿਚ ਸਭ ਰਸਾਂ ਦਾ ਘਰ ਪ੍ਰਮਾਤਮਾਂ ਦਾ ਨਾਮ ਮੌਜੂਦ ਹੈ।੨।੬।

ਭਾਵਾਰਥ :–ਧਨ ਪਦਾਰਥ ਦੇ ਮਾਣ ਵਿਚ ਆ ਕੇ ਮਨ ਦੀਆਂ ਮੌਜਾਂ ਵਿਚ ਨਹੀਂ ਫਸਣਾ ਚਾਹੀਦਾ, ਕਿਉਂਕਿ, ਇਨ੍ਹਾਂ ਨਾਲ ਸਦਾ ਸਾਥ ਨਹੀਂ ਨਿਭਦਾ; ਆਖਰ ਮੌਤ ਆ ਕਕਦੀ ਹੈ, ਸੋ, ਮੌਤ ਦੇ ਸਹਿਮ ਤੋਂ ਬਚਾਣ ਵਾਲਾ ਇਕ ਨਾਮ ਹੀ ਹੈ।

1. ਦੇਹੀ ਗਾਵਾ ਜੀਉ ਧਰ ਮਹਤਉ
ਬਸਹਿ ਪੰਚ ਕਿਰਸਾਨਾ ॥
2. ਨੈਨੂ ਨਕਟੂ ਸ੍ਰਵਨੂ ਰਸਪਤਿ
ਇੰਦ੍ਰੀ ਕਹਿਆ ਨ ਮਾਨਾ ॥੧॥
3. ਬਾਬਾ ਅਬ ਨ ਬਸਉ ਇਹ ਗਾਉ ॥
4. ਘਰੀ ਘਰੀ ਕਾ ਲੇਖਾ ਮਾਗੈ
ਕਾਇਥੁ ਚੇਤੂ ਨਾਉ ॥੧॥ ਰਹਾਉ ॥
5.ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
6. ਪੰਚ ਕ੍ਰਿਸਾਨ ਵਾ ਭਾਗਿ ਗਏ
ਲੈ ਬਾਧਿਓ ਜੀਉ ਦਰਬਾਰੀ ॥੨॥
7. ਕਹੈ ਕਬੀਰੁ ਸੁਨਹੁ ਰੇ ਸੰਤਹੁ
ਖੇਤ ਹੀ ਕਰਹੁ ਨਿਬੇਰਾ ॥
8. ਅਬ ਕੀ ਬਾਰ ਬਖਸਿ ਬੰਦੇ ਕਉ
ਬਹੁਰਿ ਨ ਭਉਜਲਿ ਫੇਰਾ ॥੩॥੭॥

ਪਦ ਅਰਥ :—ਦੇਹੀ—ਸਰੀਰ । ਗਾਵਾ—ਗਾਂਵ, ਨਗਰ । ਜੀਉ—ਜੀਵ, ਆਤਮਾਂ । ਧਰ ਮਹਤਉ—ਧਰਤੀ ਦਾ ਚੌਧਰੀ । ਕਿਰਸਾਨ—ਮੁਜ਼ਾਰੇ । ਬਸਹਿ—ਵਸਦੇ ਹਨ । ਨੈਨੂੰ—ਅੱਖਾਂ । ਨਕਟੂ—ਨੱਕ । ਸ੍ਰਵਨੂ—ਕੰਨ । ਰਸ ਪਤਿ—ਰਸਾਂ ਦਾ ਪਤੀ, ਜੀਭ ।੧।

ਨ ਬਸਉ—ਨ ਬਸਉਂ,ਮੈਂ ਨਹੀਂ ਵਸਾਂਗਾ । ਕਾਇਥੁ—ਕਾਇਸਥ (ਉਧਰ ਆਮ ਤੌਰ ਤੇ ਕਾਇਥ ਹੀ ਪੜ੍ਹੇ ਲਿਖੇ ਤੇ ਪਟਵਾਰੀ ਹੁੰਦੇ ਸਨ) ਪਟਵਾਰੀ, ਮੁਨਸ਼ੀ । ਚੇਤੂ—ਚਿੱਤਰ ਗੁਪਤ ।੧। ਰਹਾਉ ।

ਬਾਕੀ—ਉਹ ਰਕਮ ਜੋ ਜ਼ਿੰਮੇਂ ਨਿਕਲੇ । ਵਾ—ਉਹ । ਦਰਬਾਰੀ—ਦਰਬਾਰੀਆਂ ਨੇ ।੨।

ਖੇਤ ਹੀ—ਖੇਤ ਵਿਚ ਹੀ, ਇਸੇ ਸਰੀਰ ਵਿਚ ਹੀ, ਇਸੇ ਜਨਮ ਵਿਚ । ਭਉਜਲਿ—ਭਉਜਲ ਵਿਚ, ਸੰਸਾਰ ਸਮੁੰਦ੍ਰ ਵਿਚ ।੩।

ਅਰਥ :—

ਪ੍ਰ:—ਕਬੀਰ ਜੀਉ ! ਹਰ ਬੰਦਾ ਹੀ ਇਸ ਸਰੀਰ ਵਿਚ ਵਧ ਤੋਂ ਵਧ ਸਮਾਂ ਵਸਦੇ ਰਹਿਣ ਦੀ ਇੱਛਾ ਰਖਦਾ ਹੈ, ਕੀ ਆਪ ਭੀ ਦੇਰ ਕਾਲ ਇਸ ਸਰੀਰਕ ਜਾਮੇਂ ਵਿਚ ਰਹਿਣਾ ਚਾਹੁੰਦੇ ਹੋ ?

1. ਉ:—ਹੇ ਭਾਈਓ ! ਇਉਂ ਹੀ ਸਮਝੋ ਕਿ, ਇਹ ਮਨੁੱਖ ਸਰੀਰ (ਮਾਨੋ ਇਕ) ਨਗਰ ਹੈ ਜੀਵ ਇਸ (ਨਗਰ ਦੀ) ਧਰਤੀ ਦਾ ਚੌਧਰੀ ਹੈ, ਇਸ ਵਿਚ ਪੰਜ ਕਿਸਾਨ ਵਸਦੇ ਹਨ ।

ਪ੍ਰ—ਕਿਉਂ ਜੀ ! ਪੰਜ ਕਿਸਾਨ ਆਪ ਜੀ ਕਿਨ੍ਹਾਂ ਨੂੰ ਮੰਨਦੇ ਹੋ ?

2. ਉ:—ਹੇ ਭਾਈ ! ਵੇਖੋ, ਅੱਖਾਂ, ਨੱਕ, ਕੰਨ, ਜੀਭ ਤੇ (ਕਾਮ ਵਾਸ਼ਨਾਂ ਵਾਲੀ) ਇੰਦ੍ਰੀ, ਇਹ ਪੰਜੇ ਹੀ ਜੀਵ ਚੌਧਰੀ ਦਾ ਕਿਹਾ ਨਹੀਂ ਮੰਨਦੇ, ਭਾਵ, ਅਮੋੜ ਹਨ ।੧।

3-4. ਇਸ ਲਈ, ਹੇ ਭਾਈਓ ! ਹੁਣ ਮੈਂ ਇਸ ਪਿੰਡ ਵਿਚ ਨਹੀਂ ਵਸਣਾ, ਜਿਥੇ ਰਿਹਾਂ ਉਹ ਪਟਵਾਰੀ ਜਿਸਦਾ ਨਾਮ ਚਿੱਤ੍ਰ ਗੁਪਤ ਹੈ, ਹਰੇਕ ਘੜੀ ਦਾ ਲੇਖਾ ਮੰਗਦਾ ਹੈ ।੧। ਰਹਾਉ ।

5. ਹੇ ਭਾਈ ! ਜੋ ਜੀਵ ਇਨ੍ਹਾਂ ਪੰਜਾਂ ਦੇ ਅਧੀਨ ਹੋ ਕੇ ਰਹਿੰਦਾ ਹੈ, ਜਦੋਂ ਧਰਮ ਰਾਜ (ਇਸ ਜੀਵਨ ਵਿਚ ਕੀਤੇ ਕੰਮਾਂ ਦਾ) ਹਿਸਾਬ ਮੰਗਦਾ ਹੈ, (ਉਸ ਦੇ ਜ਼ਿੰਮੇਂ) ਬਹੁਤ ਕੁਝ ਦੇਣਾ ਨਿਕਲਦਾ ਹੈ ।

6. ਐ ਪਿਆਰੇ ! ਸਰੀਰ ਢਹਿ ਜਾਣ ਤੇ ਉਹ ਪੰਜ ਮੁਜ਼ਾਰੇ ਤਾਂ ਭਜ ਜਾਂਦੇ ਹਨ, ਪਰ ਜੀਵ ਨੂੰ (ਲੇਖਾ ਮੰਗਣ ਵਾਲੇ) ਦਰਬਾਰੀ ਬੰਨ੍ਹ ਲੈਂਦੇ ਹਨ ।੨।

ਪ੍ਰ—ਕਬੀਰ ਜੀਉ ! ਆਖਰ ਸਾਨੂੰ ਦਸੋ ਕੀ ਕਰਨਾ ਚਾਹੀਦਾ ਹੈ?

7. ਉ:—ਕਬੀਰ ਜੀ ਕਹਿੰਦੇ ਹਨ ਕਿ, ਹੇ ਸੰਤ ਜਨੋ ! ਸੁਣੋ, ਇਸੇ ਹੀ ਮਨੁੱਖ ਜਨਮ ਵਿਚ (ਇਨ੍ਹਾਂ ਇੰਦ੍ਰੀਆਂ ਦਾ) ਹਿਸਾਬ ਮੁਕਾਉ ।

8. ਅਤੇ ਪ੍ਰਭੂ ਅਗੇ ਨਿਤ ਹੀ ਅਰਦਾਸ ਕਰਦੇ ਰਹੋ ਕਿ, ਹੇ ਪ੍ਰਭੂ ! ਇਸੇ ਹੀ ਵਾਰੀ (ਭਾਵ, ਇਸੇ ਹੀ ਜਨਮ ਵਿਚ) ਮੈਨੂੰ ਆਪਣੇ ਸੇਵਕ ਨੂੰ ਬਖਸ਼ ਲੈ, (ਤਾਂ ਕਿ) ਇਸ ਸੰਸਾਰ ਸਮੁੰਦਰ ਵਿਚ ਮੇਰਾ ਮੁੜ ਫੇਰਾ ਨਾ ਹੋਵੇ ।੩।੭।

ਭਾਵਾਰਥ :—ਅੱਖਾਂ, ਕੰਨ, ਨੱਕ ਆਦਿਕ ਇੰਦ੍ਰੇ ਮਨੁੱਖ ਨੂੰ ਮੁੜ ਮੁੜ ਵਿਕਾਰਾਂ ਵਲ ਪ੍ਰੇਰਦੇ ਹਨ, ਇਨ੍ਹਾਂ ਦੀ ਮੰਦੀ ਪ੍ਰੇਰਨਾਂ ਤੋਂ ਬਚਣ ਲਈ ਇਕੋ ਹੀ ਤਰੀਕਾ ਹੈ ਕਿ, ਪ੍ਰਮੇਸ਼ਰ ਦੇ ਦਰ ਤੇ ਸਨਮੁਖ ਹੋ ਨਿਤ ਹੀ ਅਰਦਾਸ ਕਰਦੇ ਰਹੀਏ ।

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

੧ ਓ ਸਤਿਗੁਰ ਪ੍ਰਸਾਦਿ ॥

1. ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥
2. ਬਿਨੁ ਭੈ ਅਨਭਉ ਹੋਇ ਵਣਾਹੰਬੈ ॥੧॥
3. ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ ॥
4. ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ ॥੨॥
5. ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥
6. ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ ॥੩॥
7. ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥
8. ਮਮਤਾ ਜਾਲਿਆ ਪਿੰਡੁ ਵਣਾਹੰਬੈ ॥੪॥
9 ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥
10. ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥੫॥
11. ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥

12. ਜੇ ਲੋਚੈ ਸਭੁ ਕੋਇ ਵਣਾਹੰਬੈ ॥੬॥
13. ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥
14. ਸਹਜੇ ਪਾਵੈ ਸੋਇ ਵਣਾਹੰਬੈ ॥੭॥
15. ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥
16ਮੋਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ॥੮॥੧॥੮॥

ਪਦ ਅਰਥ :—ਅਨਭਉ—ਝਲਕਾਰਾ, ਆਤਮਕ ਗਿਆਨ, ਰੱਬ ਅਨੁਭਵ ਹਸਤੀ ਹੈ। ਕਿਨੈ—ਕਿਸੇ ਮਨੁੱਖ ਨੇ। ਨ ਦੇਖਿਆ—ਪ੍ਰਮਾਤਮਾਂ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਵੇਖਿਆ। ਬੈਰਾਗੀਅੜੇ—ਹੇ ਅੰਞਾਣ ਵੈਰਾਗੀ। ਬਿਨੁ ਭੈ—ਸੰਸਾਰਕ ਡਰਾਂ ਤੋਂ ਰਹਿਤ। ਹੋਇ—ਹੁੰਦਾ ਹੈ, ਪ੍ਰਗਟ ਹੁੰਦਾ ਹੈ। ਵਣਾਹੰਬੈ—ਇਹ ਲਫਜ਼ ਛੰਦ ਦੀ ਸਿਰਫ ਪਦ ਪੂਰਤੀ ਲਈ ਹੈ, ਇਸ ਦਾ ਅਰਥ ਕੋਈ ਨਹੀਂ ਹੈ, ਜਿਵੇਂ ਫੁਨਹੇ ਦੀ ਬਾਣੀ ਵਿਚ ਲਫਜ਼ 'ਹਰਿਹਾਂ' ਹੈ।੧।

ਹਦੂਰਿ—ਹਾਜਰ ਨਾਜਰ, ਅੰਗ ਸੰਗ। ਭਉ—ਪ੍ਰਮੇਸ਼ਰ ਦਾ ਡਰ। ਪਵੈ—(ਹਿਰਦੇ ਵਿਚ) ਟਿਕਦਾ ਹੈ। ਨਿਰਭਉ—ਦੁਨੀਆਂ ਦੇ ਡਰਾਂ ਤੋਂ ਰਹਿਤ।੨।

ਪਾਖੰਡਿ—ਪਖੰਡ ਵਿਚ। ਰਤਾ—ਰੰਗਿਆ ਹੋਇਆ। ਲੋਕੁ—ਜਗਤ।੩।

ਪਾਸੁ—ਪਾਸਾ, ਸਾਥ। ਜਾਲਿਆ—ਸਾੜ ਦਿਤਾ। ਪਿੰਡੁ—ਸਰੀਰ।੪।

ਜਾਲਿ—ਸਾੜ ਕੇ। ਤਨੁ—ਸਰੀਰ, ਸਰੀਰ ਦਾ ਮੋਹ। ਮਿਰਤਕੁ—ਮੁਰਦਾ, ਤ੍ਰਿਸ਼ਨਾ ਮਮਤਾ ਵਲੋਂ ਮੁਰਦਾ।੫।

ਬੈਰਾਗੁ—ਤ੍ਰਿਸ਼ਨਾਂ ਮਮਤਾ ਵਲੋਂ ਉਪ੍ਰਾਮਤਾ। ਸਭ ਕੋਇ—ਹਰੇਕ ਜੀਵ।੬।

ਕਰਮੁ—ਬਖਸ਼ਸ਼। ਸਹਜੇ—ਸਹਿਜ ਅਵਸਥਾ ਵਿਚ ਟਿਕ ਕੇ, ਤ੍ਰਿਸ਼ਨਾ ਆਦਿਕ ਵਿਚ ਡੋਲਣ ਤੋਂ ਹਟ ਕੇ।੭।

ਮੋਕਉ—ਮੈਨੂੰ। ਭਉਜਲੁ—ਸੰਸਾਰ ਸਮੁੰਦਰ।੮।

ਅਰਥ :—

ਪ੍ਰ:—ਕਬੀਰ ਜੀ! ਪਾਸ ਇਕ ਉਹ ਬੈਰਾਗੀ ਆਇਆ ਜੋ ਕਿ ਸਹੀ ਰੂਪ ਵਿਚ ਬੈਰਾਗੀ ਤਾਂ ਨਹੀਂ ਹੈ, ਪਰ ਇਹ ਅੰਞਾਣ ਬੈਰਾਗੀ ਨੇ ਕਬੀਰ ਜੀ ਨੂੰ ਪੁੱਛ ਕੀਤੀ ਕਿ, ਹੇ ਕਬੀਰ! ਤੂੰ ਜਿਸ ਪ੍ਰਭੂ ਦੀ ਬੰਦਗੀ ਕਰਦਾ ਹੈਂ, ਕੀ ਤੂੰ ਉਸ ਨੂੰ ਕਦੀ ਦੇਖਿਆ ਭੀ ਹੈ?

1. ਉ:—ਕਬੀਰ ਜੀ! ਇਸ ਬੈਰਾਗੀ ਦੇ ਅੰਞਾਣ ਪੁਣੇ ਨੂੰ ਅਨੁਭਵ ਕਰਦੇ ਹੋਏ ਉੱਤ੍ਰ ਵਿਚ ਇਹ ਸ਼ਬਦ ਉਚਾਰਨ ਕਰਦੇ ਹਨ? ਹੇ ਅੰਞਾਣ ਬੈਰਾਗੀ! ਸੁਣ, ਅਸਲ ਵਿਚ ਉਸ ਪ੍ਰਮਾਤਮਾਂ ਨੂੰ ਇਨ੍ਹਾਂ ਅੱਖਾਂ ਨਾਲ ਕਦੇ ਕਿਸੇ ਨੇ ਨਹੀਂ ਵੇਖਿਆਂ, ਕਿਉ ਕਿ ਉਸਦਾ ਤਾਂ ਆਤਮਕ ਝਲਕਾਰਾ ਹੀ ਵਜਦਾ ਹੈ, (ਭਾਵ, ਉਹ ਗਿਆਨ ਸਰੂਪ ਹਰੀ ਕੇਵਲ ਅਨੁਭਵੀ ਹਸਤੀ ਹੈ)।

ਪ੍ਰ:—ਕਬੀਰ ਜੀ! ਆਖਰ, ਉਸ ਦਾ ਆਤਮਕ ਝਲਕਾਰਾ ਵਜਦਾ ਕਿਵੇਂ ਹੈ?

2. ਉ:—ਹੇ ਬੈਰਾਗੀ! ਅਸਲ ਵਿਚ ਇਹ ਆਤਮਕ ਝਲਕਾਰਾ ਤਦੋਂ ਹੀ ਵੱਜਦਾ ਹੈ, ਜਦੋਂ ਮਨੁੱਖ ਦੁਨੀਆਂ ਦੇ ਡਰਾਂ ਤੋਂ ਰਹਿਤ ਹੋ ਜਾਂਦਾ ਹੈ।੧।

ਪ੍ਰ:—ਕਬੀਰ ਜੀਉ! ਆਖਰ, ਉਸ ਪ੍ਰਮੇਸ਼ਰ ਦਾ ਡਰ ਅੰਦਰ ਕਿਵੇਂ ਵਸੇ, ਜਿਸ ਦਾ ਸਦਕਾ ਦੁਨੀਆਂ ਦਾ ਡਰ ਦੂਰ ਹੋ ਜਾਏ?

3. ਉ:—ਹੇ ਅੰਞਾਣ ਬੈਰਾਗੀ! ਸੁਣ; ਜੋ ਮਨੁੱਖ ਪ੍ਰਮਾਤਮਾਂ ਖਸਮ ਨੂੰ ਹਰ ਵੇਲੇ ਅੰਗ ਸੰਗ ਸਮਝਦਾ ਹੈ; ਉਸ ਦੇ ਅੰਦਰ ਉਸ ਦਾ ਡਰ ਪੈਦਾ ਹੁੰਦਾ ਹੈ, (ਕਿ ਪ੍ਰਭੂ ਸਾਡੇ ਸਾਰੇ ਕੀਤੇ ਕਰਮਾਂ ਨੂੰ ਵੇਖ ਰਿਹਾ ਹੈ)।

4. ਹੇ ਬੈਰਾਗੀ! ਇਸ ਡਰ ਦੀ ਬਰਕਤ ਨਾਲ ਮਨੁੱਖ ਉਸ ਪ੍ਰਭੂ ਦਾ ਹੁਕਮ ਸਮਝਦਾ ਹੈ (ਭਾਵ, ਇਹ ਸਮਝਣ ਦੀ ਕੋਸ਼ਿਸ਼ ਕਰਦਾ ਹੈ ਕਿ ਸਾਨੂੰ ਜੀਵਾਂ ਨੂੰ ਕਿਵੇਂ ਜੀਊਣਾ ਚਾਹੀਦਾ ਹੈ) ਤਾਂ ਸੰਸਾਰਕ ਡਰਾਂ ਤੋਂ ਰਹਿਤ ਹੋ ਜਾਂਦਾ ਹੈ (ਕਿਉਂਕਿ, ਰਜ਼ਾ ਨੂੰ ਸਮਝ ਕੇ ਸੰਸਾਰਕ ਡਰਾਂ ਵਾਲੇ ਕੰਮ ਕਰਨੇ ਛਡ ਦੇਂਦਾ ਹੈ)।੨।

ਪ੍ਰ:—ਕਿਉਂ ਜੀ! ਜੋ ਲੋਕ ਤੀਰਥਾਦਿਕ ਕਰਮਾਂ ਦੇ ਕਰਨ ਵਿਚ ਹੀ ਰੁੱਝੇ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਕੀ ਵੀਚਾਰ ਰਖਦੇ ਹੋ?

5. ਉ:—ਹੇ ਅੰਞਾਣ ਬੈਰਾਗੀ! ਸੁਣ, ਇਹ ਤੀਰਥ ਆਦਿਕ ਕਰਮ ਕਰਕੇ ਪ੍ਰਮਾਤਮਾਂ ਨਾਲ ਠੱਗੀ ਨਾ ਕਰੀਏ।

6. (ਕਿਉਂਕਿ) ਇਹ ਸਾਰਾ ਜਗਤ ਤਾਂ ਤੀਰਥ ਆਦਿਕ ਕਰਨ ਦੇ ਵਹਿਣ ਵਿਚ ਪੈ ਕੇ ਪਖੰਡ ਵਿਚ (ਹੀ) ਰੁੱਝਾ ਪਿਆ ਹੈ।੩।

ਪ੍ਰ:—ਕਬੀਰ ਜੀ! ਕੀ ਤੀਰਥ ਆਦਿਕ ਕਰਮ ਕਰਨ ਵਾਲਿਆਂ ਦੀ ਤ੍ਰਿਸ਼ਨਾ ਨਹੀਂ ਦੂਰ ਹੁੰਦੀ?

7-8. ਉ:—ਹੇ ਅੰਞਾਣ ਬੈਰਾਗੀ! ਸੁਣ, (ਪਖੰਡ ਦੇ ਕਰਮ ਕੀਤਿਆਂ) ਤ੍ਰਿਸ਼ਨਾ ਵਲੋਂ ਖਲਾਸੀ ਨਹੀਂ ਹੁੰਦੀ, ਸਗੋਂ ਮਾਇਆ ਦੀ ਮਮਤਾ ਸਰੀਰ ਨੂੰ ਸਾੜ ਦੇਂਦੀ ਹੈ, (ਭਾਵ ਤ੍ਰਿਸ਼ਨਾ ਪਾਸਾ; ਸਾਥ ਨਹੀਂ ਛਡਦੀ)।੪।

ਪ੍ਰ:—ਕਬੀਰ ਜੀਉ! ਤੁਸੀਂ ਸੱਚਾ ਬੈਰਾਗੀ ਕਿਸ ਨੂੰ ਸਮਝਦੇ ਹੋ?

9.10 ਉ:—ਹੇ ਅੰਞਾਣ ਵਿਰਾਗੀ! ਸੁਣ, ਜੋ ਮਨੁੱਖ ਦਾ ਮਨ (ਤ੍ਰਿਸ਼ਨਾ ਮਮਤਾ ਵਲੋਂ) ਮਰ ਜਾਏ (ਤਾਂ ਉਹ ਸੱਚਾ ਵੈਰਾਗੀ ਬਣ ਜਾਂਦਾ ਹੈ, ਉਸ ਅਜਿਹੇ ਵੈਰਾਗੀ ਨੇ) ਹੀ ਚਿੰਤਾ ਸਾੜ ਕੇ ਸਰੀਰ (ਦਾ ਮੋਹ) ਸਾੜ ਲਿਆ ਹੈ।੫।

ਪ੍ਰ:—ਕਬੀਰ ਜੀਉ! ਤੁਸੀਂ ਹਿਰਦੇ ਵਿਚ ਵੈਰਾਗ ਦੀ ਉਪਜ ਕਿਵੇਂ ਮੰਨਦੇ ਹੋ?

11. ਉ:—ਹੇ ਅੰਞਾਣ ਬੈਰਾਗੀ! ਸੁਣ, ਸਤਿਗੁਰੂ (ਦੀ ਸ਼ਰਣ

ਆਉਣ) ਤੋਂ ਬਿਨਾ (ਹਿਰਦੇ ਵਿਚ) ਵੈਰਾਗ ਪੈਦਾ ਨਹੀਂ ਹੋ ਸਕਦਾ।

12. ਭਾਵੇਂ ਕੋਈ ਕਿਤਨੀ ਹੀ ਤਾਂਘ ਕਰੇ।੬।

ਪ੍ਰ:—(ਕਿਉਂ ਜੀ) ਸਤਿਗੁਰੂ ਦਾ ਮਿਲਾਪ ਕਿਵੇਂ ਹੋਵੇ ?

13. ਉ:—ਹੇ ਅੰਞਾਣ ਬੈਰਾਗੀ ! ਸਤਿਗੁਰੂ ਤਦੋਂ ਮਿਲਦਾ ਹੈ ਜੇ (ਪ੍ਰਭੂ ਦੀ) ਕਿਰਪਾ ਹੋਵੇ।

14. ਉਹ ਮਨੁੱਖ (ਫਿਰ) ਸਹਿਜੇ ਹੀ (ਵੈਰਾਗ) ਪ੍ਰਾਪਤ ਕਰ ਲੈਂਦਾ ਹੈ।੭।

ਪ੍ਰ:—ਕਬੀਰ ਜੀਉ ! ਆਖਰ, ਮੈਨੂੰ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਕੀ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

15.16 ਉ—ਕਬੀਰ ਜੀ ਕਹਿੰਦੇ ਹਨ ਕਿ ਹੇ ਅੰਞਾਣ ਬੈਰਾਗੀ ! ਤੂੰ ਇਹ ਨਿਸਚਾ ਕਰ ਲੈ ਕਿ ਪਖੰਡ ਕਰਨ ਨਾਲ ਕੁਝ ਨਹੀਂ ਸੌਰਦਾ ·ਕੇਵਲ ਪ੍ਰਭੂ ਅਗੇ ਇਉਂ ਹੀ ਅਰਦਾਸ ਕਰਦਾ ਰਹੁ ਕਿ, ਹੇ ਪ੍ਰਭੂ ! ਮੈਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ।੮।੧੮।

ਭਾਵਾਰਥ :—ਉਹ ਹਰੀ ਇਕ ਅਨੁਭਵੀ ਹਸਤੀ ਹੈ, ਉਸ ਨੂੰ ਪ੍ਰਾਪਤ ਕਰਨ ਲਈ ਸੰਸਾਰਕ ਭਉ ਦੂਰ ਕਰਕੇ ਹਰੀ ਦਾ ਭਉ ਅਤੇ ਨਿਮ੍ਰਤਾ ਧਾਰਨ ਕਰਨੀ ਚਾਹੀਦੀ ਹੈ।

1. ਰਾਜਨ ਕਉਨੁ ਤੁਮਾਰੈ ਆਵੈ ॥
2. ਐਸੋ ਭਾਉ ਬਿਦਰ ਕੋ ਦੇਖਿਓ
ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ ॥
3. ਹਸਤੀ ਦੇਖਿ ਭਰਮ ਤੇ ਭੂਲਾ
ਸ੍ਰੀ ਭਗਵਾਨੁ ਨ ਜਾਨਿਆ ॥
4. ਤੁਮਰੋ ਦੂਧੁ ਬਿਦਰ ਕੋ ਪਾਨ੍ਹੋ
ਅੰਮ੍ਰਿਤੁ ਕਰਿ ਮੈ ਮਾਨਿਆ ॥੧॥
5. ਖੀਰ ਸਮਾਨਿ ਸਾਗੁ ਮੈ ਪਾਇਆ
ਗੁਨ ਗਾਵਤ ਰੈਨਿ ਬਿਹਾਨੀ ॥
6. ਕਬੀਰ ਕੋ ਠਾਕੁਰੁ ਅਨਦ ਬਿਨੋਦੀ
ਜਾਤਿ ਨ ਕਾਹੂ ਕੀ ਮਾਨੀ ॥੨॥੯॥

ਪਦ ਅਰਥ :—ਰਾਜਨ—ਹੇ ਰਾਜਾ ਦਰਜੋਧਨ। ਤੁਮਾਰੈ—ਤੇਰੇ ਵਲ। ਭਾਉ—ਪਿਆਰ। ਮੋਹਿ—ਮੈਨੂੰ। ਭਾਵੈ—ਚੰਗਾ ਲਗਦਾ ਹੈ।੧। ਰਹਾਉ।

ਹਸਤੀ—ਹਾਥੀ। ਭਰਮ ਤੇ—ਭੁਲੇਖੇ ਨਾਲ। ਭੂਲਾ—ਰੱਬ ਨੂੰ ਭੁਲਾ ਬੈਠਾ ਹੈਂ। ਪਾਨ੍ਹੋ—ਪਾਣੀ (ਨੋਟ :—ਅੱਖਰ 'ਨ' ਦੇ ਹੇਠ ਅੱਧਾ 'ਹ' ਹੈ)।੧।

ਰੈਨਿ—ਰਾਤ। ਬਿਨੋਦੀ—ਚੋਜ ਤਮਾਸ਼ੇ ਕਰਨ ਵਾਲਾ, ਮੌਜ ਦਾ ਮਾਲਕ। ਨ ਮਾਨੀ—ਨਹੀਂ ਮੰਨਦਾ, ਪ੍ਰਵਾਹ ਨਹੀਂ ਕਰਦਾ।੨।

ਅਰਥ :—

ਪ੍ਰ:—ਕਬੀਰ ਜੀਉ ! ਤੁਹਾਨੂੰ ਪ੍ਰਭੂ ਦੀ ਭਗਤੀ ਕਰਦਿਆਂ ਕੀ ਅਨੁਭਵ ਹੋਇਆ ਹੈ ਕਿ ਉਹ ਪ੍ਰਭੂ ਵਧੇਰੇ ਪਿਆਰ ਕਿਸ ਨਾਲ ਕਰਦਾ ਹੈ ? ਕਿਉਂ ਜੀ, ਇਸ ਦੀ ਪ੍ਰੋੜ੍ਹਤਾ ਵਿਚ ਕੋਈ ਉਦਾਹਰਣ ਦਿਓ ਤਾਂ ਕਬੀਰ ਜੀ ਇਸ ਪਿਆਰ ਦੇ ਪ੍ਰਥਾਇ ਇਕ ਦ੍ਰਿਸ਼ਟਾਂਤ ਦੇਂਦੇ ਹਨ ?

ਹੇ ਭਾਈ ! ਸੁਣੋ, ਕ੍ਰਿਸ਼ਨ ਜੀ ਇਕ ਵਾਰੀ ਹਸਤਨਾਪੁਰ ਗਏ, ਰਾਜ ਕੌਰਵਾਂ ਦਾ ਸੀ। ਕੌਰਵ ਰਾਜ ਮਦ ਵਿਚ ਇਹ ਖਿਆਲ ਕਰਦੇ ਰਹੇ ਕਿ, ਕ੍ਰਿਸ਼ਨ ਜੀ ਸਾਡੇ ਪਾਸ ਆਉਣਗੇ। ਪਰ, ਉਹ ਆਪਣੇ ਗਰੀਬ ਭਗਤ ਬਿਦਰ ਦੇ ਘਰ ਚਲੇ ਗਏ, ਰਾਜੇ ਦਰਜੋਧਨ ਨੇ ਇਹ ਗਿਲ੍ਹਾ ਕੀਤਾ। ਕ੍ਰਿਸ਼ਨ ਜੀ ਨੇ ਉੱਤਰ ਦਿਤਾ ਕਿ ਤੁਹਾਨੂੰ ਆਪਣੇ ਰਾਜ ਦਾ ਮਾਣ ਹੈ, ਬਿਦਰ ਭਾਵੇਂ ਗਰੀਬੜਾ ਹੈ, ਉਸ ਦੇ ਪਾਸ ਰਿਹਾਂ ਸਮਾਂ ਭਜਨ ਬੰਦਗੀ ਵਿਚ ਗੁਜ਼ਾਰਿਆ ਹੈ, ਇਸ ਸ਼ਬਦ ਵਿਚ ਕਬੀਰ ਜੀ ਕ੍ਰਿਸ਼ਨ ਜੀ ਦੇ ਦਰਜੋਧਨ ਨੂੰ ਦਿਤੇ ਉੱਤਰ ਦਾ ਹਵਾਲਾ ਦੇ ਕੇ ਆਖਦੇ ਹਨ ਪ੍ਰਭੂ ਨੂੰ ਕਿਸੇ ਦਾ ਉੱਚਾ ਮਰਤਬਾ ਜਾਂ ਉੱਚੀ ਜ਼ਾਤ ਕਬੂਲ ਨਹੀਂ, ਉਸ ਨੂੰ ਤਾਂ ਪ੍ਰੇਮ ਹੀ ਚੰਗਾ ਲਗਦਾ ਹੈ।

ਕ੍ਰਿਸ਼ਨ ਤੇ ਬਿਦਰ ਦੀ ਕਥਾ ਵਲ ਧਿਆਨ ਦੁਆ ਕੇ ਸਿਖਿਆ ਦੇਂਦੇ ਹਨ ਕਿ ਉਹ ਵਾਹਿਗੁਰੂ ਭਾਉ ਭਗਤੀ ਦਾ ਭੁੱਖਾ ਹੈ।

1. ਉ:—ਹੇ ਭਾਈਓ ! ਕ੍ਰਿਸ਼ਨ ਜੀ ਨੇ (ਦਰਜੋਧਨ ਨੂੰ) ਇਉਂ ਉੱਤਰ ਦਿਤਾ ਸੀ ਕਿ, ਹੇ ਦਰਜੋਧਨ ! ਦਸ, ਤੇਰੇ ਘਰ ਕੌਣ ਆਵੇ ?।

2. ਹੇ ਦਰਜੋਧਨ ! ਮੈਨੂੰ ਤੇਰੇ ਘਰ ਆਉਣ ਦੀ ਖਿੱਚ ਨਹੀਂ ਹੋ ਸਕਦੀ, ਕਿਉਂਕਿ, ਮੈਂ ਬਿਦਰ ਦਾ ਇਤਨਾ ਪ੍ਰੇਮ ਵੇਖਿਆ ਹੈ ਕਿ, ਉਹ ਗਰੀਬ (ਭੀ) ਮੈਨੂੰ ਪਿਆਰਾ ਲਗਦਾ ਹੈ।੧। ਰਹਾਉ।

3. ਤੂੰ ਹਾਥੀ (ਆਦਿਕ) ਵੇਖ ਕੇ ਮਾਣ ਵਿਚ ਆ ਕੇ ਖੁੰਝ ਗਿਆ ਹੈਂ, ਪ੍ਰਮਾਤਮਾਂ ਨੂੰ ਭੁਲਾ ਬੈਠਾ ਹੈਂ।

4. ਹੇ ਦਰਜੋਧਨ ! ਇਕ ਪਾਸੇ ਤੇਰਾ ਦੁੱਧ ਹੈ ਦੂਜੇ ਪਾਸੇ ਬਿਦਰ ਦਾ ਪਾਣੀ ਹੈ, ਇਹ ਪਾਣੀ (ਭੀ) ਮੈਨੂੰ ਅੰਮ੍ਰਿਤ ਦਿਸਦਾ ਹੈ।੧।

5. ਹੇ ਦਰਜੋਧਨ ! ਬਿਦਰ ਦੇ ਘਰ ਦਾ ਰਿਝਾ ਹੋਇਆ ਸਾਗ (ਤੇਰੀ ਰਸੋਈ ਦੀ ਪੱਕੀ) ਖੀਰ ਵਰਗਾ ਮੈਨੂੰ (ਮਿੱਠਾ) ਲਗਦਾ ਹੈ, (ਕਿਉਂਕਿ) ਬਿਦਰ ਦੇ ਕੋਲ ਰਹਿ ਕੇ ਮੇਰੀ ਰਾਤ ਪ੍ਰਭੂ ਦੇ ਗੁਣ ਗਾਂਦਿਆ ਬੀਤੀ ਹੈ।

6. ਕਬੀਰ ਜੀ ਕਹਿੰਦੇ ਹਨ ਕਿ, ਹੇ ਭਾਈਓ ! (ਉਹ ਮੇਰਾ) ਮਾਲਕ ਪ੍ਰਭੂ ਅਨੰਦ ਤੇ ਮੌਜ ਦਾ ਮਾਲਕ ਹੈ (ਜਿਵੇਂ ਉਸ ਨੇ ਕ੍ਰਿਸ਼ਨ ਰੂਪ ਵਿਚ ਆ ਕੇ ਕਿਸੇ ਦੇ ਉਚੇ ਮਰਤਬੇ ਦੀ ਪ੍ਰਵਾਹ ਨਹੀਂ ਕੀਤੀ, ਤਿਵੇਂ ਉਹ ਕਿਸੇ ਦੀ ਉੱਚੀ ਜ਼ਾਤ ਦੀ ਪ੍ਰਵਾਹ ਨਹੀਂ ਕਰਦਾ।੨।੯।

ਭਾਵਾਰਥ :—ਇਸ ਕਥਾ ਦੁਆਰਾ ਪ੍ਰਮੇਸਰ ਦਾ ਆਦਿ ਜੁਗਾਦੀ ਸੁਭਾਉ ਦਰਸਾਇਆ ਹੈ ਕਿ, ਉਹ ਸਦਾ ਪ੍ਰੇਮ ਹੀ ਦੇ ਅਧੀਨ ਹੈ। ਉਸ ਨੂੰ ਕਿਸੇ ਦੇ ਉਚੇ ਮਰਤਬੇ ਜਾਂ ਉਚੀ ਜ਼ਾਤ ਦੀ ਖਿੱਚ ਨਹੀਂ ਪੈ ਸਕਦੀ।

ਸਲੋਕ ਕਬੀਰ ॥

1. **ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥**
2. **ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥**
3. **ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
4. **ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥**

ਪਦ ਅਰਥ :-ਗਗਨ-ਅਕਾਸ਼, ਦਸਵਾਂ ਦੁਆਰਾ, ਦਿਮਾਗ। ਦਮਾਮਾ ਧੌਂਸਾ । ਪਰਿਓ ਘਾਉ-ਚੋਟ ਪਈ ਹੈ, ਸੱਟ ਪਈ ਹੈ। ਨੀਸਾਨੈ-ਨਿਸ਼ਾਨ ਉਤੇ ਠੀਕ ਟਿਕਾਣੇ ਉਤੇ; ਹਿਰਦੇ ਵਿਚ। ਪਰਿਓ ਨੀਸਾਨੈ ਘਾਉ—ਹਿਰਦੇ ਵਿਚ ਖਿੱਚ ਪਈ ਹੈ ਪ੍ਰਭੂ ਚਰਨਾਂ ਵਲ। ਖੇਤੁ—ਲੜਾਈ ਦਾ ਮੈਦਾਨ, ਰਣ ਭੂਮੀ। ਜੁ—ਜੋ ਮਨੁੱਖ। ਮਾਂਡਿਓ—ਮਲ ਬੈਠਾ ਹੈ। ਖੇਤੁ ਜੁ ਮਾਂਡਿਓ—ਜੋ ਮਨੁੱਖ ਮੈਦਾਨੇ ਜੰਗ ਮੱਲ ਬੈਠਾ ਹੈ, ਜੋ ਮਨੁੱਖ ਇਸ ਜਗਤ ਰੂਪ ਰਣ ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਖਲੋ ਗਿਆ ਹੈ। ਅਬ—ਹੁਣ ਦਾ ਸਮਾਂ, ਮਨੁੱਖਾ ਜਨਮ। ਜੂਝਨ ਕੋ ਦਾਉ—(ਕਾਮਾਦਿਕਾਂ ਨਾਲ) ਲੜਨ ਦਾ ਮੌਕਾ ਹੈ ।੧।

ਪ੍ਰ:—ਕਬੀਰ ਜੀਉ ! ਦੁਨੀਆਂ ਦੇ ਲੋਕ ਤਾਂ ਆਮ ਤੌਰ ਤੇ ਸੂਰਮਾਂ ਮਰਦ ਉਸੇ ਨੂੰ ਹੀ ਆਖਿਆ ਕਰਦੇ ਹਨ ਕਿ, ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇਂ ਵਜਦੇ ਹਨ ਅਤੇ ਜੋ ਮੈਦਾਨੇ ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ, ਪਰ, ਆਪ ਜੀ ਕਿਸ ਨੂੰ ਸੱਚਾ ਸੂਰਮਾਂ ਸਮਝਦੇ ਹੋ, ਸੋ, ਇਸ ਸੰਬੰਧੀ ਆਪ ਜੀ ਆਪਣੇ ਵਿਚਾਰਾਂ ਦੀ ਜਾਣਕਾਰੀ ਕਰਾਓ ?

ਉ:—ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਇਹ ਸਾਰਾ ਜਗਤ ਹੀ ਇਕ ਰਣ ਭੂਮੀ ਹੈ, ਇਥੇ ਹਰੇਕ ਮਨੁੱਖ ਨੂੰ ਹੀ ਵਿਕਾਰ ਵੈਰੀਆਂ ਨਾਲ ਟਕਰਨਾ ਪੈਂਦਾ ਹੈ, ਸੋ ਅਸਲ ਸੂਰਮਾਂ ਉਹੀ ਹੈ ਜੋ ਇਨ੍ਹਾਂ ਵੈਰੀਆਂ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ, ਇਹ ਮਨੁੱਖਾ ਜੀਵਨ ਹੀ ਇਕ ਚੰਗਾ ਮੌਕਾ ਹੈ ਜਦੋਂ ਕਿ ਇਹ ਜੰਗ ਜਿੱਤਿਆ ਜਾ ਸਕਦਾ ਹੈ।

ਐ ਪਿਆਰੇ ! ਜੋ ਮਨੁੱਖ ਇਸ ਜਗਤ ਰੂਪ ਰਣ ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦ ਕਿ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ, ਉਹ ਹੈ ਅਸਲ ਸੂਰਮਾਂ।

ਅਰਥ :—

ਪ੍ਰ:—ਕਬੀਰ ਜੀਉ ! ਆਖਰ, ਉਸ ਦੀ ਪਛਾਣ ਕੀ ਹੈ ?

1. **ਉ**:—ਹੇ ਭਾਈਓ ! ਉਸ ਦੇ ਦਸਮ ਦੁਆਰ ਵਿਚ ਧੌਂਸਾ ਵਜਦਾ ਹੈ, ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ, (ਭਾਵ, ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ)।
2. ਜਿਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ, ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ ।੧।

ਪ੍ਰ:—ਕਿਉਂ ਜੀ ! ਕੀ ਅਜਿਹੇ ਮਨੁੱਖ ਤੋਂ ਵਖਰਾ ਤੁਸੀਂ ਕਿਸੇ ਹੋਰ ਨੂੰ ਭੀ ਸੂਰਮਾਂ ਮੰਨਦੇ ਹੋ ?

3. **ਉ**:—(ਹਾਂ, ਹੇ ਭਾਈ ! ਇਕ ਹੋਰ ਭੀ ਸੂਰਮਾਂ ਹੈ) ਉਸ ਮਨੁੱਖ ਨੂੰ ਭੀ ਸੂਰਮਾਂ ਹੀ ਸਮਝਣਾ ਚਾਹੀਦਾ ਹੈ; ਜੋ ਗਰੀਬਾਂ ਦੀ ਖਾਤ੍ਰ ਲੜਦਾ ਹੈ।
4. (ਜੋ ਗਰੀਬਾਂ ਵਾਸਤੇ ਲੜਦਾ ਲੜਦਾ) ਟੋਟੇ ਟੋਟੇ ਹੋ ਮਰਦਾ ਹੈ, ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛਡਦਾ, (ਪਰ, ਪਿਛਾਂਹ ਪਰ ਨਹੀਂ ਹਟਾਂਦਾ, ਆਪਣੀ ਜਿੰਦ ਬਚਾਣ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛਡਦਾ) ।੨।੨:

ਭਾਵਾਰਥ :—ਇਹ ਜੀਵਨ ਇਕ ਰਣ ਭੂਮੀਂ ਹੈ; ਇਸ ਵਿਚ ਅਵੇਸਲਾ ਰਹਿਣ ਲਈ ਕੋਈ ਥਾਂ ਨਹੀਂ, ਪਾਪਾਂ ਨਾਲ ਲੜਕੇ ਆਪਣੇ ਆਪ ਨੂੰ ਤਿਆਰ ਬਰ ਤਿਆਰ ਰਖਣਾ ਅਤੇ ਜ਼ੁਲਮ ਨੂੰ ਹਟਾ ਕੇ ਦੀਨਾਂ ਦੀ ਰਖਿਆ ਕਰਨੀ ਅਸਲੀ ਸੂਰਮੇਂ ਦਾ ਕੰਮ ਹੈ।

ਨੋਟ :—ਇਨ੍ਹਾਂ ਸਲੋਕਾਂ ਦੀ ਗਿਣਤੀ ਸ਼ਬਦਾਂ ਨਾਲੋਂ ਵਖਰੀ ਨਹੀਂ ਮੰਨੀ ਗਈ, ਅਖੀਰਲੇ ਸ਼ਬਦ ਦਾ ਦੂਜਾ ਹਿਸਾ ਹੀ ਮੰਨਿਆਂ ਗਿਆ ਹੈ ਤੇ ਦੋਹਾਂ ਸਲੋਕਾਂ ਦੇ ਅਖੀਰ ਤੇ ਅੰਕ ੨ ਵਰਤਿਆ ਗਿਆ ਹੈ।

ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ

੧ ਓ ਸਤਿਗੁਰ ਪ੍ਰਸਾਦਿ ॥

1. **ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥**
2. **ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥**
3. **ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥**
4. **ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥**
5. **ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥**

6. ਨਿਰਭਉ ਭਏ ਰਾਮ ਬਲ ਗਰਜਿਤ
ਜਨਮ ਮਰਨ ਸੰਤਾਪ ਹਿਰਿਓ ॥੨॥
7. ਅੰਬਰੀਕ ਕਉ ਦੀਓ ਅਭੈ ਪਦੁ
ਰਾਜੁ ਭਭੀਖਨ ਅਧਿਕ ਕਰਿਓ ॥
8. ਨਉ ਨਿਧਿ ਠਾਕੁਰਿ ਦਈ ਸੁਦਾਮੈ
ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥
9. ਭਗਤ ਹੇਤਿ ਮਾਰਿਓ ਹਰਨਾਖਸੁ
ਨਰਸਿੰਘ ਰੂਪ ਹੋਇ ਦੇਹ ਧਰਿਓ ॥
10. ਨਾਮਾ ਕਹੈ ਭਗਤਿ ਬਸਿ ਕੇਸਵ
ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥

ਪਦ ਅਰਥ :–ਚਾਰਿ ਮੁਕਤਿ–ਚਾਰ ਕਿਸਮ ਦੀਆਂ ਮੁਕਤੀਆਂ (ਸਲੋਕਯ, ਸਮੀਪਯ, ਸਰੂਪਯ ਅਤੇ ਸਾਯੁਜਯ)। ਸਲੋਕਯ–ਆਪਣੇ ਇਸ਼ਟ ਨਾਲ ਇਕੋ ਹੀ ਲੋਕ ਦੇਸ਼ ਵਿਚ ਵਸਣਾ। ਸਮੀਪਯ–ਇਸ਼ਟ ਦੇ ਸਮੀਪ ਨੇੜੇ ਹੋ ਜਾਣਾ। ਸਰੂਪਯ–ਇਸ਼ਟ ਦੇ ਨਾਲ ਇਕ ਰੂਪ ਹੋ ਜਾਣਾ। ਸਾਯੁਜਯ–ਆਪਣੇ ਇਸ਼ਟ ਦੇ ਨਾਲ ਜੁੜ ਜਾਣਾ, ਉਸ ਵਿਚ ਲੀਨ ਹੋ ਜਾਣਾ)। ਚਾਰੈ–ਇਹ ਚਾਰੇ ਹੀ ਮੁਕਤੀਆਂ। ਸਿਧਿ ਮਿਲ ਕੈ–(ਚਾਰੇ ਮੁਕਤੀਆਂ ਅਠਾਰਾਂ) ਸਿਧੀਆਂ ਨਾਲ ਮਿਲ ਕੇ। ਦੂਲਹ ਕੀ–ਖਸਮ ਦੀ। ਜਾਨਿਓ–ਉਘਾ ਹੋ ਗਿਆ ਹੈ। ਜਸੁ–ਸੋਭਾ।੧।

ਕੋ ਕੋ ਨ–ਕੌਣ ਨਹੀਂ? ਕੌਣ ਨਹੀਂ? । ਉਪਦੇਸਿ–ਉਪਦੇਸ਼ ਦੀ ਰਾਹੀਂ।੧। ਰਹਾਉ।

ਦੇਖਿ ਪ੍ਰਤਾਪੁ–(ਭਗਤ ਦਾ) ਪਰਤਾਪ ਵੇਖ ਕੇ। ਹਿਰਿਓ–ਦੂਰ ਹੋ ਜਾਂਦਾ ਹੈ।੨।

ਅੰਬਰੀਕ–ਸੂਰਜਵੰਸ਼ੀ ਇਕ ਰਾਜਾ, ਪ੍ਰਭੂ ਦਾ ਭਗਤ ਸੀ। ਦੁਰਬਾਸਾ–ਰਿਸ਼ੀ ਇਕ ਵਾਰ ਇਸ ਦੇ ਪਾਸ ਆਇਆ; ਤਦੋਂ ਰਾਜੇ ਨੇ ਵਰਤ ਰਖਿਆ ਹੋਇਆ ਸੀ, ਰਿਸ਼ੀ ਦੀ ਸੇਵਾ ਚੰਗੀ ਤਰ੍ਹਾਂ ਨਾ ਕਰ ਸਕਿਆ। ਦੁਰਬਾਸਾ ਸਰਾਪ ਦੇਣ ਲਗਿਆਂ। ਵਿਸ਼ਨੂੰ ਨੇ ਆਪਣੇ ਭਗਤ ਦੀ ਰਖਿਆ ਲਈ ਆਪਣਾ ਸੁਦਰਸ਼ਨ ਚੱਕ੍ਰ ਛਡਿਆ, ਰਿਸ਼ੀ ਜਾਨ ਬਚਾਣ ਲਈ ਨੱਠਾ, ਪਰ ਕੋਈ ਉਸ ਦੀ ਸਹਾਇਤਾ ਨਾ ਕਰ ਸਕਿਆ, ਆਖਰ ਅੰਬਰੀਕ ਨੇ ਹੀ ਬਚਾਇਆ।

ਅਧਿਕ–ਵਡਾ। ਠਾਕੁਰਿ–ਠਾਕਰ ਨੇ।੩।

ਭਗਤ ਹੇਤਿ–ਭਗਤ ਦੀ ਖਾਤਰ। ਦੇਹ ਧਰਿਓ–ਸਰੀਰ ਧਾਰਿਆ। ਬਸਿ–ਵਸ ਵਿਚ। ਕੇਸਵ–ਲੰਮੇਂ ਕੇਸਾਂ ਵਾਲਾ। ਬਲਿ–ਇਕ ਭਗਤ ਰਾਜਾ, ਇਸ ਨੂੰ ਛਲਣ ਲਈ ਵਿਸ਼ਨੂੰ ਨੇ ਵਾਮਨ ਅਵਤਾਰ ਧਰਿਆ। ਵਾਮਨ ਰੂਪ ਵਿਚ ਆ ਕੇ ਰਾਜੇ ਪਾਸੋਂ ਢਾਈ ਕਰਮਾਂ ਥਾਂ ਮੰਗਿਆ, ਕੁਟੀਆ ਬਨਾਣ ਲਈ ਪਰ ਮਿਣਨ ਲਗਿਆਂ ਦੋ ਕਰਮਾਂ ਨਾਲ ਸਾਰੀ ਹੀ ਧਰਤੀ ਮਿਣ ਲਈ ਅਤੇ ਅੱਧੀ ਕਰਮ ਨਾਲ ਰਾਜੇ ਦਾ ਆਪਣਾ ਸਰੀਰ ਰਾਜੇ ਨੂੰ ਪਤਾਲ ਜਾ ਅਪੜਾਇਆ ਜਾਣ ਲਗਾ ਤਾਂ ਰਾਜੇ ਆਖਿਆ ਕਿ ਕੁਟੀਆ ਬਨਾਣ ਦਾ ਬਚਨ ਹੁਣ ਪਾਲੋ, ਸੋ; ਹੁਣ ਤਕ ਉਸ ਦੇ ਬੂਹੇ ਅਗੇ ਕੁਟੀਆ ਪਾਈ ਬੈਠਾ ਹੈ।੪।

ਅਰਥ :–

ਪ੍ਰ:–ਭਗਤ ਜੀਉ! ਅਨੇਕਾਂ ਹੀ ਲੋਕੀ ਚਾਰ ਤਰ੍ਹਾਂ ਦੀ ਮੁਕਤੀ ਅਤੇ ਅਠਾਰਾਂ ਤਰ੍ਹਾਂ ਦੀਆਂ ਸਿਧੀਆਂ ਪ੍ਰਾਪਤ ਕਰਨ ਲਈ ਅਨੇਕਾਂ ਹੀ ਜਪ ਤਪ ਸਾਧਨ ਕਰਦੇ ਹਨ, ਪਰ ਦਸੋ, ਤੁਸੀਂ ਇਨ੍ਹਾਂ ਦੀ ਪ੍ਰਾਪਤੀ ਕਰਨ ਲਈ ਮੁਖ ਸਾਧਨ ਕਿਹੜਾ ਮੰਨਦੇ ਹੋ?

1. **ਉ**:–ਹੇ ਭਾਈਓ! ਇਹ ਠੀਕ ਹੈ ਕਿ ਜਗਤ ਵਿਚ ਚਾਰ ਕਿਸਮ ਦੀਆਂ ਮੁਕਤੀਆਂ (ਮੰਨੀਆਂ ਗਈਆਂ ਹਨ) ਪਰ ਇਹ ਤਾਂ ਚਾਰੇ ਮੁਕਤੀਆਂ (ਅਠਾਰਾਂ) ਸਿਧੀਆਂ ਨਾਲ ਮਿਲ ਕੇ ਖਸਮ (ਪ੍ਰਭੂ) ਦੀ ਸ਼ਰਨ ਪਈਆਂ ਹੋਈਆਂ ਹਨ।

ਪ੍ਰ:–ਭਗਤ ਜੀਉ! ਕੀ ਉਸ ਪ੍ਰਭੂ ਦਾ ਨਾਮ ਸਿਮਰਨ ਕਰਦੇ ਰਹਿਣ ਨਾਲ ਇਹ ਚਾਰੇ ਤਰ੍ਹਾਂ ਦੀਆਂ ਮੁਕਤੀਆਂ ਮਿਲ ਜਾਂਦੀਆਂ ਹਨ?

2. **ਉ**:–ਹੇ ਭਾਈਓ! ਜੋ ਮਨੁੱਖ ਉਸ ਪ੍ਰਭੂ ਦਾ ਨਾਮ ਸਿਮਰਦਾ ਹੈ, ਉਸ ਨੂੰ ਇਹ ਹਰੇਕ ਕਿਸਮ ਦੀ ਮੁਕਤੀ (ਤਾਂ) ਮਿਲ ਹੀ ਜਾਂਦੀ ਹੈ, (ਪਰ ਉਹ ਮਨੁੱਖ ਤਾਂ ਚਹੁੰਆਂ ਜੁਗਾਂ ਵਿਚ (ਹੀ) ਉੱਘਾ ਹੋ ਜਾਂਦਾ ਹੈ, ਉਸ ਦੀ (ਹਰ ਥਾਂ) ਸੋਭਾ ਹੁੰਦੀ ਹੈ; ਵਡਿਆਈ ਹੁੰਦੀ ਹੈ, ਉਸ ਦੇ ਸਿਰ ਉਤੇ (ਜੱਸ ਦਾ) ਛਤਰ ਝੁਲਦਾ ਹੈ।੧।

3. ਹੇ ਭਾਈ! ਪ੍ਰਕਾਸ਼ ਰੂਪ ਪ੍ਰਮਾਤਮਾਂ ਦਾ ਨਾਮ ਸਿਮਰ ਕੇ ਬੇਅੰਤ ਹੀ ਜੀਵ ਤਰੇ ਹਨ।

4. ਐ ਪਿਆਰੇ! ਜਿਸ ਜਿਸ ਮਨੁੱਖ ਨੇ ਆਪਣੇ ਗੁਰੂ ਦੀ ਸਿਖਿਆ ਉਤੇ ਤੁਰ ਕੇ ਸਾਧ ਸੰਗਤ ਕੀਤੀ ਹੈ, ਉਸ ਦਾ ਨਾਮ ਭਗਤ ਪੈ ਗਿਆ।੧। ਰਹਾਉ।

5. ਹੇ ਭਾਈ! ਪ੍ਰਭੂ ਦਾ ਸੰਖ, ਚੱਕ੍ਰ, ਮਾਲਾ, ਤਿਲਕ ਆਦਿਕ ਵੇਖ ਕੇ, ਪ੍ਰਤਾਪ ਵੇਖ ਕੇ, ਜਮ ਰਾਜ ਭੀ ਸਹਿਮ ਜਾਂਦਾ ਹੈ।

6. ਜਿਨ੍ਹਾਂ ਨੇ ਉਸ ਪ੍ਰਭੂ ਨੂੰ ਸਿਮਰਿਆ ਹੈ, ਪ੍ਰਭੂ ਦਾ ਪ੍ਰਤਾਪ ਉਨ੍ਹਾਂ ਦੇ ਅੰਦਰ ਉਛਾਲੇ ਮਾਰਦਾ ਹੈ, ਉਨ੍ਹਾਂ ਦੇ ਜਨਮ ਮਰਨ ਦੇ ਕਲੇਸ਼ ਨਾਸ ਹੋ ਜਾਂਦੇ ਹਨ।੨।

ਪ੍ਰ–(ਕਿਉਂ ਜੀ) ਉਚੀਆਂ ਪਦਵੀਆਂ ਪ੍ਰਾਪਤ ਕਰਨ ਵਾਲਿਆਂ ਦਾ ਕੋਈ ਉਦਾਹਰਣ ਦਿਓ?

7. **ਉ**:–ਹੇ ਭਾਈ! ਵੇਖੋ, ਅੰਬਰੀਕ ਨੇ ਨਾਮ ਸਿਮਰਿਆ, ਪ੍ਰਭੂ ਨੇ ਅੰਬਰੀਕ ਨੂੰ ਨਿਰਭੈਤਾ ਦਾ ਉਚਾ ਦਰਜਾ ਬਖਸ਼ਿਆ, (ਤੇ ਦੁਰਬਾਸ਼ਾ ਉਸਦਾ ਕੁਝ ਵਿਗਾੜ ਨਹੀਂ ਸਕਿਆ) ਪ੍ਰਭੂ ਨੇ ਭਭੀਖਣ ਨੂੰ ਰਾਜ ਦੇ ਕੇ ਵਡਾ ਬਣਾ ਦਿਤਾ।

8. ਸੁਦਾਮੇ (ਗਰੀਬ) ਨੂੰ ਠਾਕਰ ਨੇ ਨੌਂ ਨਿਧੀਆਂ ਦੇ ਦਿਤੀਆਂ, ਧ੍ਰੂਅ ਨੂੰ ਅਟੱਲ ਪਦਵੀ ਬਖਸ਼ੀ ਜੋ ਅਜੇ ਤਕ ਕਾਇਮ ਹੈ।੩।
9. ਹੇ ਭਾਈ ! ਵੇਖੋ, ਪ੍ਰਭੂ ਨੇ ਆਪਣੇ ਭਗਤ (ਪ੍ਰਹਿਲਾਦ) ਦੀ ਖਾਤਰ, ਨਰਸਿੰਘ ਦਾ ਰੂਪ ਧਾਰਿਆ ਤੇ ਹਰਣਾਖਸ਼ ਨੂੰ ਮਾਰਿਆ।
10. ਨਾਮ ਦੇਵ ਜੀ ਕਹਿੰਦੇ ਹਨ ਕਿ, ਐ ਪਿਆਰੇ ! ਪ੍ਰਮਾਤਮਾਂ ਭਗਤੀ ਦੇ ਅਧੀਨ ਹੈ, (ਵੇਖੋ) ਅਜੇ ਤਕ ਉਹ (ਆਪਣੇ ਭਗਤ ਰਾਜਾ) ਬਲ ਦੇ ਬੂਹੇ ਅਗੇ ਖਲੋਤਾ ਹੈ ।੪।੧।

ਭਾਵਾਰਥ :–ਸਿਮਰਨ ਭਗਤੀ ਦੀ ਮਹਿਮਾਂ–ਭਗਤੀ ਕਰਨ ਵਾਲੇ ਦੀ ਜਗਤ ਵਿਚ ਸੋਭਾ ਹੁੰਦੀ ਹੈ, ਉਸ ਨੂੰ ਕੋਈ ਡਰ ਨਹੀਂ ਵਿਆਪਦਾ, ਪ੍ਰਭੂ ਹਰ ਵੇਲੇ ਉਸ ਦਾ ਸਹਾਈ ਹੁੰਦਾ ਹੈ।

ਨੋਟ :–ਇਸ ਸ਼ਬਦ ਵਿਚ ਨਾਮ ਦੇਵ ਜੀ ਬੰਦਗੀ ਕਰਨ ਵਾਲੇ ਦੀ ਵਡਿਆਈ ਬਿਆਨ ਕਰਦੇ ਹਨ। 'ਰਹਾਉ' ਦੀ ਤੁਕ ਵਿਚ ਇਹੋ ਹੀ ਕੇਂਦਰੀ ਖਿਆਲ ਹੈ। ਨਾਮ ਦੇਵ ਜੀ ਹਿੰਦੂ ਜਾਤੀ ਵਿਚ ਜੰਮੇਂ ਪਲੇ ਸਨ, ਹਿੰਦੂਆਂ ਵਿਚ ਇਕ ਪ੍ਰਭੂ ਭਗਤੀ ਦਾ ਪ੍ਰਚਾਰ ਕਰਨ ਲਗਿਆਂ ਪ੍ਰਚਾਰ ਦਾ ਪ੍ਰਭਾਵ ਪਾਉਣ ਲਈ ਉਨ੍ਹਾਂ ਹਿੰਦੂ ਭਗਤਾਂ ਦਾ ਹੀ ਜ਼ਿਕਰ ਕਰ ਸਕਦੇ ਸਨ ਜਿਨ੍ਹਾਂ ਦੀਆਂ ਸਾਖੀਆਂ ਪੁਰਾਣਾਂ ਵਿਚ ਆਈਆਂ ਤੇ ਜੋ ਆਮ ਲੋਕਾਂ ਵਿਚ ਪ੍ਰਸਿਧ ਸਨ। ਅੰਬਰੀਕ, ਸੁਦਾਮਾਂ, ਪ੍ਰਹਿਲਾਦ, ਦਰੋਪਦੀ, ਅਹੱਲਿਆ, ਭਭੀਖਣ, ਬਲਿ, ਧ੍ਰੂ, ਗਜ–ਆਮ ਤੌਰ ਤੇ ਇਨ੍ਹਾਂ ਬਾਰੇ ਹੀ ਸਾਖੀਆਂ ਪ੍ਰਸਿਧ ਸਨ ਤੇ ਹੈਨ।

ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੇਸ਼ ਵਿਚ ਜਾ ਕੇ ਹਿੰਦੂ ਜਨਤਾ ਨੂੰ ਮੁਗਲ ਰਾਜ ਦੇ ਜ਼ੁਲਮਾਂ ਦੇ ਸਹਿਮ ਤੋਂ ਢਾਰਸ ਦੇਣ ਵੇਲੇ ਭੀ ਇਨ੍ਹਾਂ ਸਾਖੀਆਂ ਦਾ ਹੀ ਹਵਾਲਾ ਦੇਂਦੇ ਰਹੇ। ਵੇਰਵੇ ਵਿਚ ਗਿਆਂ–ਇਹ ਸਾਖੀਆਂ ਸਿਖ ਧਰਮ ਦੇ ਅਨੁਸਾਰ ਹਨ ਜਾਂ ਨਹੀਂ–ਇਸ ਗਲ ਦੇ ਛੇੜਨ ਦੀ ਲੋੜ ਨਹੀਂ ਸੀ। ਮੁਗਲ ਰਾਜ ਦੇ ਜ਼ੁਲਮਾਂ ਤੋਂ ਸਹਿਮੇ ਹੋਏ ਬੰਦਿਆਂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚੋਂ ਪ੍ਰਸਿਧ ਭਗਤਾਂ ਦੇ ਨਾਮ ਸੁਣਾ ਕੇ ਹੀ ਮਨੁੱਖਤਾ ਦੀ ਪ੍ਰੇਰਨਾ ਕੀਤੀ ਜਾ ਸਕਦੀ ਸੀ।

ਜੇ ਗੁਰੂ ਅਰਜਨ ਦੇਵ ਜੀ ਨੇ ਕਿਸੇ ਜੋਗੀ ਨੂੰ ਇਹ ਆਖਿਆ ਹੈ ਕਿ :–

ਚਾਰਿ ਪੁਕਾਰਹਿ ਨਾ ਤੂੰ ਮਾਨਹਿ ॥
ਖਟੁ ਭੀ ਏਕਾ ਬਾਤ ਬਖਾਨਹਿ ॥
ਦਸ ਅਸਟੀ ਮਿਲਿ ਏਕੋ ਕਹਿਆ ॥
ਤਾ ਭੀ ਜੋਗੀ ਭੇਦੁ ਨ ਲਹਿਆ ॥

ਇਸ ਦਾ ਭਾਵ ਇਹ ਨਹੀਂ ਕਿ ਸਤਿਗੁਰੂ ਜੀ ਆਪ ਭੀ ਬੇਦਾਂ ਸ਼ਾਸਤ੍ਰਾਂ ਤੇ ਪੁਰਾਣਾਂ ਦੇ ਸ਼ਰਧਾਲੂ ਸਨ ਅਤੇ ਜੇ ਉਹ ਇਕ ਮੁਸਲਮਾਨ ਨੂੰ ਆਖਦੇ ਹਨ ਕਿ–

ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥

ਤਾਂ ਇਥੇ ਇਹ ਮਤਲਬ ਨਹੀਂ ਨਿਕਲਦਾ ਕਿ ਸਤਿਗੁਰੂ ਜੀ ਮੁਸਲਮਾਨ ਸਨ।

ਭਗਤ ਜੀ ਨੇ ਲਫ਼ਜ਼ 'ਸੰਖ, ਚੱਕ੍ਰ, ਗਦਾ' ਆਦਿਕ ਭੀ ਇਸੇ ਵਾਸਤੇ ਹੀ ਵਰਤੇ ਹਨ ਕਿ ਹਿੰਦੂ ਲੋਕ ਵਿਸ਼ਨੂੰ ਦਾ ਇਹੀ ਸਰੂਪ ਮੰਨਦੇ ਹਨ। ਅਜ ਜੋ ਉਤਸ਼ਾਹ ਕਿਸੇ ਸਿਖ ਨੂੰ 'ਕਲਗੀ' ਤੇ 'ਬਾਜ' 'ਲਫਜ਼' ਵਰਤ ਕੇ ਦਿਤਾ ਜਾ ਸਕਦਾ ਹੈ, ਹੋਰ ਕਿਸੇ ਉਪਦੇਸ਼ ਨਾਲ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਭੀ ਤਾਂ ਪ੍ਰਮਾਤਮਾਂ ਦਾ ਇਸੇ ਤਰ੍ਹਾਂ ਦਾ ਸਰੂਪ ਇਕ ਵਾਰੀ ਵਿਖਾਇਆ ਸੀ, ਵੇਖੋ,

ਵਡਹੰਸੁ ਮਹਲਾ ੧ ਛੰਤ ॥
ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਵਾਲਾ ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥
ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥
ਜਮ ਦੁਆਰਿ ਨ ਹੋਹੁ ਖੜੀਆ
ਸਿਖ ਸੁਣਹੁ ਮਹੇਲੀਹੋ ॥੭॥੨॥

ਸੋ, ਇਸ ਸ਼ਬਦ ਦੇ ਲਫਜ਼ ਸੰਖ, ਚੱਕ੍ਰ, ਮਾਲਾ, ਤਿਲਕ ਆਦਿਕ ਤੋਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ, ਭਗਤ ਨਾਮ ਦੇਵ ਜੀ ਕਿਸੇ ਅਵਤਾਰ ਦੀ ਕਿਸੇ ਮੂਰਤੀ ਉਤੇ ਰੀਝੇ ਹੋਏ ਸਨ।

ਮਾਰੂ ਕਬੀਰ ਜੀਉ ॥

1. ਦੀਨੁ ਬਿਸਾਰਿਓ ਰੇ ਦਿਵਾਨੇ ਦੀਨੁ ਬਿਸਾਰਿਓ ਰੇ ॥
2. ਪੇਟੁ ਭਰਿਓ ਪਸੂਆ ਜਿਉ ਸੋਇਓ
ਮਨੁਖੁ ਜਨਮੁ ਹੈ ਹਾਰਿਓ ॥੧॥ ਰਹਾਉ ॥
3. ਸਾਧ ਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ॥
4. ਸੁਆਨ ਸੂਕਰ ਬਾਇਸ ਜਿਵੈ
ਭਟਕਤੁ ਚਾਲਿਓ ਊਠਿ ॥੧॥
5. ਆਪਸ ਕਉ ਦੀਰਘ ਕਰਿ ਜਾਨੈ
ਅਉਰਨ ਕਉ ਲਗ ਮਾਤ ॥
6. ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥
7. ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ ॥
8. ਨਿੰਦਾ ਕਰਤੇ ਜਨਮੁ ਸਿਰਾਨੋ
ਕਬਹੂ ਨ ਸਿਮਰਿਓ ਰਾਮੁ ॥੩॥
9. ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ ॥
10. ਰਾਮੁ ਨਾਮੁ ਜਾਨਿਓ ਨਹੀ
ਕੈਸੇ ਉਤਰਸਿ ਪਾਰਿ ॥੪॥੧॥

ਪਦ ਅਰਥ:–ਦੀਨੁ–ਧਰਮੁ, ਮਜ਼ਹਬ। ਰੇ ਦਿਵਾਨੇ–ਹੇ ਕਮਲਿਆ। ਜਿਉ–ਵਾਂਗ। ਹਾਰਿਓ–ਗਵਾ ਲਿਆ ਹੈ ।੧। ਰਹਾਉ।

ਰਚਿਓ–ਰੁੱਝਾ ਪਿਆ ਹੈਂ। ਸੁਆਨ–ਕੁੱਤਾ। ਸੂਕਰ–ਸੂਰ। ਬਾਇਸ–ਕਾਂ। ਭਟਕਤੁ–ਭਟਕਦਾ ਹੀ, ਖੁਆਰ ਹੁੰਦਾ ਹੀ।੧।

ਦੀਰਘੁ–ਵਡਾ, ਵਡੀ ਉਮਰ ਵਾਲਾ, ਲੰਮਾਂ। ਲਗ ਮਾਤ–ਮਾਤਰਾ, ਜਿਤਨਾ, ਨਿਕਾ ਜਿਹਾ, ਤੁੱਛ। ਮਨਸਾ–ਮਨ ਦੀ ਰਾਹੀਂ। ਬਾਚਾ–ਬਚਨ ਦੁਆਰਾ। ਕਰਮਨਾ–ਕੰਮ ਦੀ ਰਾਹੀਂ।੨।

ਚਾਤੁਰੀ–ਚਤਰ, ਚਲਾਕ। ਬਾਜੀਗਰ–ਠੱਗੀ ਕਰਨ ਵਾਲੇ। ਬੇਕਾਮ–ਨਿਕੰਮੇਂ,ਨਿਕਾਰੇ। ਸਿਰਾਨੋ–ਗੁਜ਼ਰ ਗਿਆ।੩।

ਅਰਥ :–

ਪ੍ਰ:–ਕਬੀਰ ਜੀਉ! ਜਿਨ੍ਹਾਂ ਲੋਕਾਂ ਨੇ ਆਪਣਾ ਧਰਮ ਹੀ ਵਿਸਾਰ ਦਿਤਾ ਹੈ ਉਨ੍ਹਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

1. **ਉ:**–ਹੇ ਭਾਈ ! ਮੈਂ ਤਾਂ ਉਨ੍ਹਾਂ ਮਨੁੱਖਾਂ ਨੂੰ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ, ਹੇ ਕਮਲੇ ਮਨੁੱਖ! ਤੂੰ ਧਰਮ (ਮਨੁੱਖਾ ਜੀਵਨ ਦਾ ਫਰਜ਼) ਹੀ ਵਿਸਾਰ ਦਿਤਾ ਹੈ।
2. ਤੂੰ ਪਸ਼ੂਆਂ ਵਾਂਗ ਢਿਡ ਭਰ ਕੇ ਸੁਤਾ ਰਹਿੰਦਾ ਹੈਂ, ਤੂੰ ਮਨੁੱਖਾ ਜੀਵਨ ਐਵੇਂ ਹੀ ਗਵਾ ਲਿਆ ਹੈ।੧। ਰਹਾਉ।
3. ਹੇ ਦਿਵਾਨਿਆਂ! ਤੂੰ ਕਦੇ ਸਤਿ ਸੰਗ ਵਿਚ ਨਹੀਂ ਗਿਆ, ਜਗਤ ਦੇ ਝੂਠੇ ਧੰਧਿਆਂ ਵਿਚ ਹੀ ਮਸਤ ਹੈਂ।
4. (ਯਾਦ ਰਖ) ਕਾਂ, ਕੁੱਤੇ, ਸੂਰ ਵਾਂਗ ਭਟਕਦਾ ਹੀ (ਜਗਤ ਤੋਂ) ਤੁਰ ਜਾਏਂਗਾ।੧।
5. ਹੇ ਕਮਲਿਆ! ਵੇਖ, ਜੇ ਮਨੁੱਖ ਮਨ, ਬਚਨ ਜਾਂ ਕਰਮ ਦੁਆਰਾ ਹੋਰਨਾਂ ਨੂੰ ਤੁੱਛ ਜਾਣਦੇ ਹਨ ਤੇ ਆਪਣੇ ਆਪ ਨੂੰ ਵਡੇ ਸਮਝਦੇ ਹਨ।
6. ਐਸੇ ਬੰਦੇ ਤਾਂ ਮੈਂ ਦੋਜ਼ਕ ਜਾਂਦੇ ਵੇਖੇ ਹਨ, (ਭਾਵ, ਨਿਤ ਇਹ ਵੇਖਣ ਵਿਚ ਆਉਂਦਾ ਹੈ ਕਿ ਅਜਿਹੇ ਹੰਕਾਰੀ ਮਨੁੱਖ ਹਉਮੈਂ ਵਿਚ ਇਉਂ ਦੁੱਖੀ ਹੁੰਦੇ ਹਨ, ਜਿਵੇਂ ਦੋਜ਼ਕ ਦੀ ਅੱਗ ਵਿਚ ਸੜ ਰਹੇ ਹਨ)।੨।

7,8 ਕਾਮ ਵਸ ਹੋ ਕੇ ਕ੍ਰੋਧ ਅਧੀਨ ਹੋ ਕੇ, ਚਤਰਾਈਆਂ, ਠੱਗੀਆਂ ਨਿਕਾਰੇ ਪਨ ਵਿਚ, ਦੂਜਿਆਂ ਦੀ ਨਿੰਦਾ ਕਰਕੇ (ਹੇ ਕਮਲਿਆ) ਤੂੰ ਜੀਵਨ ਗੁਜ਼ਾਰ ਦਿਤਾ ਹੈ; ਕਦੇ ਪ੍ਰਭੂ ਨੂੰ ਯਾਦ ਨਹੀਂ ਕੀਤਾ।੩।

9. ਕਬੀਰ ਆਖਦਾ ਹੈ ਕਿ, (ਹੇ) ਮੂਰਖ, ਮੂੜ੍ਹ, ਗੰਵਾਰ ਮਨੁੱਖ (ਤੂੰ) ਪ੍ਰਮਾਤਮਾਂ ਨੂੰ ਨਹੀਂ ਸਿਮਰਦਾ।
10. ਪ੍ਰਭੂ ਦੇ ਨਾਮ ਨਾਲ ਸਾਂਝ ਨਹੀਂ ਪਾਂਦਾ (ਸੰਸਾਰ ਸਮੁੰਦ੍ਰ ਵਿਚੋਂ) ਕਿਵੇਂ ਪਾਰ ਲੰਘੇਂਗਾ?।੪।੧।

ਭਾਵਾਰਥ :–ਜੋ ਮਨੁੱਖ ਮਨੁੱਖਤਾ ਦਾ ਮੁੱਖ ਧਰਮ ਨਾਮ ਸਿਮਰਨਾ ਤਿਆਗ ਕੇ ਪਸ਼ੂਆਂ ਵਾਂਗ ਹੀ ਪਦਾਰਥਾਂ ਦੇ ਖਾਣ ਪੀਣ ਵਿਚ ਮਗਨ ਰਹਿੰਦੇ ਹਨ, ਉਨ੍ਹਾਂ ਦਾ ਅੰਤ ਖਰਾਬ ਹੁੰਦਾ ਹੈ, ਉਹ ਲੋਕ ਤਾਂ ਸਦਾ ਹੀ ਇਸ ਸੰਸਾਰ ਸਾਗਰ ਵਿਚ ਭਟਕਦੇ ਹੀ ਰਹਿਣਗੇ।

ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

1. **ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥**
2. **ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥**
3. **ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥**
4. **ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥**
5. **ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥**

ਪਦ ਅਰਥ :–ਚੰਦ–ਚੰਦ੍ਰਮਾਂ ਨਾੜੀ, 'ਸੋਮ ਸਰ' ਖਬੀ ਨਾਸ ਦੀ ਨਾੜੀ। ਸਤ–ਸਤੁ, ਪ੍ਰਾਣ। ਭੇਦਿਆ–ਵਿੰਨ੍ਹ ਲਿਆ, ਚਾੜ੍ਹ ਲਏ (ਪ੍ਰਾਣ)। ਨਾਦ–ਸੁਖਮਨਾ ਨਾੜੀ। ਪੂਰਿਆ–(ਪ੍ਰਾਣ) ਰੋਕ ਲਏ। ਸੂਰ–ਸੱਜੀ ਸੁਰ। ਖੋੜਸਾ–ਸੋਲ੍ਹਾਂ ਵਾਰੀ (ਓਂ ਆਖ ਕੇ)। ਦਤੁ ਕੀਆ–(ਪ੍ਰਾਣ ਬਾਹਰ) ਕੱਢੇ। ਅਬਲ ਬਲੁ–(ਵਿਕਾਰਾਂ ਵਿਚ ਪੈਣ ਕਰ ਕੇ) ਕਮਜ਼ੋਰ ਮਨ ਦਾ (ਵਿਸ਼ੇ ਵਿਕਾਰਾਂ ਤੇ ਦੁਬਿਧਾ ਦ੍ਰਿਸ਼ਟੀ ਵਾਲਾ) ਬਲ। ਅਚਲ–ਅਮੋੜ। ਚਲੁ–ਚੰਚਲ ਸੁਭਾਉ। ਅਚਲ ਚਲੁ–ਅਮੋੜ ਮਨ ਦਾ ਚੰਚਲ ਸੁਭਾਉ। ਥਪਿਆ–ਰੋਕ ਲਿਆ। ਅਘੜੁ–ਅੱਲ੍ਹੜ ਮਨ। ਅਪਿਉ–ਅੰਮ੍ਰਿਤ।੧।

ਮਨ–ਹੇ ਮਨ। ਆਦਿ ਗੁਣ–ਆਦਿ ਪ੍ਰਭੂ ਦੇ ਗੁਣ, ਜਗਤ ਦੇ ਮੂਲ ਪ੍ਰਭੂ ਦੇ ਗੁਣ। ਆਦਿ–ਆਦਿਕ। ਦੁਬਿਧਾ ਦ੍ਰਿਸਟਿ–ਮੇਰ ਤੇਰ ਵਾਲੀ ਨਜ਼ਰ, ਵਿਤਕਰੇ ਵਾਲਾ ਸੁਭਾਉ। ਸੰਮਾਨਿਆ–ਪੱਧਰਾ ਹੋ ਜਾਂਦਾ ਹੈ।੧। ਰਹਾਉ।

ਅਰਧਿ–ਅਰਾਧਣ ਜੋਗ ਪ੍ਰਭੂ। ਸਰਧਿ–ਸ਼ਰਧਾ ਰਖਣ ਜੋਗ। ਸਲਲ–ਪਾਣੀ। ਬਦਤਿ–ਆਖਦਾ ਹੈ। ਜੈਦੇਵ–ਪਰਮਾਤਮਾ, ਉਹ ਦੇਵ ਜਿਸ ਦੀ ਸਦਾ ਜੈ ਹੁੰਦੀ ਹੈ। ਰੰਮਿਆ–ਸਿਮਰਿਆ। ਨਿਰਬਾਣੁ–ਵਾਸ਼ਨਾ ਰਹਿਤ। ਲਿਵ ਲੀਣੁ–ਆਪਣੇ ਆਪ ਵਿਚ ਮਸਤ ਪ੍ਰਭੂ।੨।

ਅਰਥ :–

ਪ੍ਰ:–ਕਿਉਂ ਭਗਤ ਜੀਉ! ਕੀ ਆਪ ਜੀ ਪ੍ਰਾਣਾਯਾਮ ਸਾਧਨ ਕਰਨ ਵਿਚ ਭੀ ਯਕੀਨ ਰਖਦੇ ਹੋ, ਕਿਉਂਕਿ, ਜੋਗੀ ਲੋਕ ਤਾਂ ਖੱਬੀ ਸੁਰ ਦੁਆਰਾ ਪ੍ਰਾਣ ਚਾੜ੍ਹਦੇ ਹਨ ਤੇ ਸੁਖਮਨਾਂ ਵਿਚ ਟਿਕਾਉਂਦੇ ਹਨ ਅਤੇ ਪਿੰਗਲਾ ਰਾਹੀਂ ਸੋਲ੍ਹਾਂ ਵੇਰ ਓਮ ਆਖ ਕੇ ਬਾਹਰ ਕਢਦੇ ਹਨ, ਉਹ ਇਸ ਤਰ੍ਹਾਂ ਮੰਨਦੇ ਹਨ ਕਿ ਵਡੀ ਤੋਂ ਵਡੀ ਵਡਿਆਈ ਪ੍ਰਾਪਤ ਹੋ ਜਾਂਦੀ ਹੈ, ਇਸ ਬਾਰੇ ਤੁਸੀਂ ਆਪਣੇ ਵੀਚਾਰ ਕਿਵੇਂ ਰਖਦੇ ਹੋ?

1. ਉ:–ਹੇ ਭਾਈਓ ! ਅਸਲ ਵਿਚ ਮੇਰਾ ਵਿਸ਼ਵਾਸ਼ ਤਾਂ ਕੇਵਲ ਪ੍ਰਭੂ ਦੀ ਸਿਫਤ ਸਲਾਹ ਕਰਦੇ ਰਹਿਣ ਵਿਚ ਹੀ ਹੈ, ਇਸ ਲਈ ਮੈਂ ਹੁਣ ਇਉਂ ਹੀ ਅਨੁਭਵ ਕਰਦਾ ਹਾਂ ਕਿ, ਸਿਫਤ ਸਲਾਹ ਦੀ ਬਰਕਤਿ ਨਾਲ ਹੀ ਖਬੀ ਸੁਰ ਵਿਚ ਪ੍ਰਾਣ ਚੜ੍ਹ ਭੀ ਗਏ ਹਨ, ਸੁਖਮਨਾਂ ਵਿਚ ਅਟਕਾਏ ਭੀ ਗਏ ਹਨ, ਤੇ ਸਜੀ ਸੁਰ ਰਸਤੇ ਸੋਲ੍ਹਾਂ ਵਾਰੀ 'ਓ' ਆਖਕੇ (ਉਤਰ) ਭੀ ਆਏ ਹਨ, (ਭਾਵ ਹੈ ਕਿ ਪ੍ਰਾਣਾਯਾਮ ਦਾ ਸਾਰਾ ਹੀ ਉੱਦਮ ਕੇਵਲ ਪ੍ਰਭੂ ਦੀ ਸਿਫਤ ਸਲਾਹ ਵਿਚ ਹੀ ਆ ਗਿਆ ਹੈ. ਕਿਉਂਕਿ, ਸਿਫਤ ਸਲਾਹ ਦੇ ਟਾਕਰੇ ਤੇ ਹੁਣ ਮੈਨੂੰ ਪ੍ਰਾਣ ਚਾੜ੍ਹਨ, ਟਿਕਾਣ ਅਤੇ ਉਤਾਰਨ ਵਾਲੇ ਸਾਧਨ ਪ੍ਰਾਣਾਯਾਮ ਦੀ ਲੋੜ ਹੀ ਨਹੀਂ ਰਹਿ ਗਈ) ।

ਪ੍ਰ:–ਕਿਉਂ ਭਗਤ ਜੀਉ ! ਹੁਣ ਤੁਹਾਨੂੰ ਇਸ ਸਿਫਤ ਸਲਾਹ ਕਰਦੇ ਰਹਿਣ ਦਾ ਹੋਰ ਲਾਭ ਕੀ ਪ੍ਰਤੀਤ ਹੋ ਰਿਹਾ ਹੈ ?

2. ਉ:–ਹੇ ਭਾਈਓ ! ਇਸੇ ਸਿਫਤ ਸਲਾਹ ਦਾ ਸਦਕਾ ਹੁਣ ਮੈਨੂੰ ਇਉਂ ਭੀ ਅਨੁਭਵ ਹੋ ਰਿਹਾ ਹੈ ਕਿ, ਵਿਕਾਰਾਂ ਵਿਚ ਪੈਣ ਕਰ ਕੇ ਜੋ ਕਮਜ਼ੋਰ (ਹੋਏ) ਮਨ ਦਾ 'ਦੁਬਿਧਾ ਦ੍ਰਿਸ਼ਟੀ' ਵਾਲਾ ਬਲ (ਸੀ) ਉਹ ਭੀ ਟੁੱਟ ਗਿਆ ਹੈ ਅਤੇ ਅਮੋੜ ਮਨ ਦਾ ਚੰਚਲ ਸੁਭਾਉ (ਭੀ) ਰੁਕ ਗਿਆ ਹੈ, ਇਹ ਅੱਲ੍ਹੜ ਮਨ ਹੁਣ ਸੋਹਣੀ ਘਾੜਤ ਵਾਲਾ ਹੋ ਗਿਆ ਹੈ, ਇਥੇ ਅੱਪੜ ਕੇ (ਹੁਣ) ਇਸ ਨੇ ਨਾਮ ਅੰਮ੍ਰਿਤ ਭੀ ਪੀ ਲਿਆ ਹੈ ।੧।

3. ਹੇ ਭਾਈ ! ਹੁਣ ਤਾਂ ਮੈਂ ਆਪਣੇ ਇਸ ਮਨ ਨੂੰ ਇਉਂ ਹੀ ਸੰਬੋਧਨ ਕਰਦਾ ਰਹਿੰਦਾ ਹਾਂ ਕਿ; ਹੇ ਮਨ ! (ਵੇਖ) ਉਸ ਜਗਤ ਦੇ ਮੂਲ ਪ੍ਰਭੂ ਦੀ ਸਿਫਤ ਸਲਾਹ ਕੀਤਿਆਂ (ਹੀ) ਤੇਰਾ ਵਿਤਕਰੇ ਵਾਲਾ ਸੁਭਾਉ ਪੱਧਰਾ ਹੋ ਗਿਆ ਹੈ ।੧। ਰਹਾਉ ।

ਪ੍ਰ:–ਕਿਉਂ ਜੀ ! ਇਹ ਉਚੀ ਅਵਸਥਾ ਆਪ ਨੂੰ ਕਿਵੇਂ ਮਿਲ ਸਕੀ ਹੈ ?

4. ਉ:–ਹੇ ਭਾਈਓ ! ਅਸਲ ਵਿਚ ਜੇ ਉਸ ਅਰਾਧਣ ਜੋਗ ਪ੍ਰਭੂ ਦੀ ਅਰਾਧਨਾ ਕਰਦੇ ਰਹੀਏ ਅਤੇ ਜੇ ਸ਼ਰਧਾ ਕਰਨ ਜੋਗ ਪ੍ਰਭੂ ਵਿਚ ਸ਼ਰਧਾ, ਸਿਦਕ ਧਾਰੀਏ ਤਾਂ ਉਸ ਵਿਚ ਇਕ ਮਿਕ ਰੂਪ ਇਉਂ ਹੋ ਜਾਈਦਾ ਹੈ ਜਿਵੇਂ ਪਾਣੀ ਵਿਚ ਪਾਣੀ ਮਿਲ ਕੇ ਅਭੇਦ ਹੋ ਜਾਂਦਾ ਹੈ ।

5. ਜੈ ਦੇਉ ਆਖਦਾ ਹੈ ਕਿ, ਹੇ ਪਿਆਰੇ ! ਉਸ ਜੈ ਦੇਵ ਪ੍ਰਭੂ ਦਾ ਸਿਮਰਨ ਕੀਤਿਆਂ ਉਹ ਵਾਸ਼ਨਾਂ ਰਹਿਤ ਬੇ-ਪ੍ਰਵਾਹ ਪ੍ਰਭੂ ਮਿਲ ਪੈਂਦਾ ਹੈ ।੨।੧।

ਭਾਵਾਰਥ :–ਇਹ ਭਗਤ 'ਗੀਤ ਗੋਬਿੰਦ' ਨਾਮ ਸੰਸਕ੍ਰਿਤ ਕਵਿਤਾ ਦਾ ਕਰਤਾ ਸੀ; ੧੨ਵੀਂ ਸਦੀ ਵਿਚ ਦੱਖਣੀ ਬੰਗਾਲ ਦੇ ਪਿੰਡ ਕੰਨਦੂਲੀ ਵਿਚ ਪੈਦਾ ਹੋਇਆ । ਸ਼ੁਰੂ ਸ਼ੁਰੂ ਵਿਚ ਜੈਦੇਉ ਮੂਰਤੀ ਪੂਜਾ ਅਤੇ ਕ੍ਰਿਸ਼ਨ ਭਗਤੀ ਵਿਚ ਲੀਨ ਰਿਹਾ, ਪਰ ਅੰਤ ਇਸ ਨੂੰ ਨਿਰੰਕਾਰ ਦੀ ਸੂਝ ਹੋ ਗਈ ।

ਜੋਗੀਆਂ ਦੀ ਬੋਲੀ ਵਿਚ ਦਸਦੇ ਹਨ ਕਿ ਜਦ ਅਸੀਂ ਜੋਗ ਸਾਧਨਾਂ ਆਦਿ ਗੁਣਾਂ ਤੋਂ ਭੀ ਪਹਿਲੋਂ ਦੇ ਹਰੀ ਨੂੰ ਸਿਮਰਿਆ ਤਾਂ ਮਨ ਦੀ ਸਾਰੀ ਹੀ ਡੋਲਣਾ ਦੂਰ ਹੋ ਗਈ ਅਤੇ ਉਹ ਇਕਾਗ੍ਰਤਾ ਪੈਦਾ ਹੋ ਗਈ ਜੋ ਜੋਗੀ ਲੋਕ ਸੁਆਸਾਂ ਨੂੰ ਅੰਦਰ ਬਾਹਰ ਕਰਨ ਦੇ ਅਭਿਆਸ ਤੋਂ ਪ੍ਰਾਪਤ ਕਰਨਾ ਲੋੜਦੇ ਹਨ ।

ਕਬੀਰੁ ॥ ਮਾਰੂ ॥

1. ਰਾਮੁ ਸਿਮਰੁ ਪਛੁਤਾਹਿਗਾ ਮਨ ॥
2. ਪਾਪੀ ਜੀਅਰਾ ਲੋਭੁ ਕਰਤੁ ਹੈ
ਆਜੁ ਕਾਲਿ ਉਠਿ ਜਾਹਿਗਾ ॥੧॥ ਰਹਾਉ ॥
3. ਲਾਲਚ ਲਾਗੇ ਜਨਮੁ ਗਵਾਇਆ
ਮਾਇਆ ਭਰਮ ਭੁਲਾਹਿਗਾ ॥
4. ਧਨ ਜੋਬਨ ਕਾ ਗਰਬੁ ਨ ਕੀਜੈ
ਕਾਗਦ ਜਿਉ ਗਲਿ ਜਾਹਿਗਾ ॥੧॥
5. ਜਉ ਜਮੁ ਆਇ ਕੇਸ ਗਹਿ ਪਟਕੈ
ਤਾ ਦਿਨ ਕਿਛੁ ਨ ਬਸਾਹਿਗਾ ॥
6. ਸਿਮਰਨੁ ਭਜਨੁ ਦਇਆ ਨਹੀ ਕੀਨੀ
ਤਉ ਮੁਖਿ ਚੋਟਾ ਖਾਹਿਗਾ ॥੨॥
7. ਧਰਮ ਰਾਇ ਜਬ ਲੇਖਾ ਮਾਗੈ
ਕਿਆ ਮੁਖੁ ਲੈ ਕੈ ਜਾਹਿਗਾ ॥
8. ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਸਾਧਸੰਗਤਿ ਤਰਿ ਜਾਂਹਿਗਾ ॥੩॥੧॥

ਪਦ ਅਰਥ :–ਮਨ–ਹੇ ਮਨ । ਜੀਅਰਾ–ਕਮਜ਼ੋਰ ਜਿੰਦ । ਆਜੁ ਕਾਲਿ–ਅੱਜ ਭਲਕੇ, ਛੇਤੀ ਹੀ ।੧। ਰਹਾਉ ।

ਗਰਬੁ–ਮਾਣ । ਜਿਉ–ਵਾਂਗ ।੧।

ਗਹਿ–ਫੜ ਕੇ । ਨ ਬਸਾਹਿਗਾ–ਪੇਸ਼ ਨਹੀਂ ਜਾਏਗੀ । ਮੁਖਿ–ਮੂੰਹ ਉਤੇ ।੨।

ਕਿਆ ਮੁਖ ਲੈ ਕੇ–ਕਿਹੜੇ ਮੂੰਹ ਨਾਲ ।੩।

ਅਰਥ :–

ਪ੍ਰ:–ਕਬੀਰ ਜੀਉ ! ਸਾਡਾ ਮਨ ਪ੍ਰਭੂ ਦੇ ਨਾਮ ਸਿਮਰਨ ਕਰਨ ਵਲੋਂ ਸਦਾ ਹੀ ਅਵੇਸਲਾ ਰਹਿੰਦਾ ਹੈ ਕੋਈ ਸਾਧਨ ਦਸੋ ਇਸ ਨੂੰ ਕਿਵੇਂ ਸਮਝਾਈਏ ?

1. ਉ:–ਹੇ ਭਾਈਓ ! ਇਸ ਮਨ ਨੂੰ ਹਰ ਵਕਤ ਇਉਂ ਹੀ ਸਮਝਾਉਂਦੇ ਰਹੋ ਕਿ, ਹੇ ਮਨਾ ! (ਹੁਣ ਹੀ ਵੇਲਾ ਹੈ) ਪ੍ਰਭੂ ਦਾ ਸਿਮਰਨ ਕਰ (ਨਹੀਂ ਤਾਂ ਸਮਾਂ ਵਿਹਾ ਜਾਣ ਤੇ) ਪਛੋਤਾਪ, ਅਫਸੋਸ ਕਰੇਂਗਾ ।

2. ਵੇਖ, ਹੇ ਭਾਈ ! ਵਿਕਾਰਾਂ ਵਿਚ ਫਸੀ ਹੋਈ ਤੇਰੀ ਕਮਜ਼ੋਰ

ਜਿੰਦ (ਧਨ ਪਦਾਰਥਾਂ ਦਾ) ਲੋਭ ਕਰ ਰਹੀ ਹੈ, (ਪਰ ਯਾਦ ਰਖ) ਤੂੰ ਥੋੜੇ ਹੀ ਦਿਨਾਂ ਵਿਚ (ਇਹ ਸਭ ਕੁਝ ਛਡ ਕੇ ਇਥੋਂ) ਤੁਰ ਜਾਏਂਗਾ ।੧। ਰਹਾਉ ।

3. ਹੇ ਮਨ ! ਤੂੰ ਲਾਲਚ ਵਿਚ ਫਸ ਕੇ ਜੀਵਨ ਅਜਾਈਂ ਗਵਾ ਰਿਹਾ ਹੈ, ਮਾਇਆ ਦੀ ਭਟਕਣਾ ਵਿਚ ਖੁੰਝਿਆ ਫਿਰਦਾ ਹੈਂ ।

4. ਹੇ ਮਨਾ ! ਨਾ ਕਰ ਇਹ ਮਾਣ ਧਨ ਤੇ ਜੁਆਨੀ ਦਾ, (ਮੌਤ ਆਉਣ ਤੇ) ਕਾਗਜ਼ ਵਾਂਗ ਗਲ ਜਾਏਂਗਾ ।੧।

5. ਹੇ ਮਨ ! ਵੇਖ, ਜਦੋਂ ਜਮ ਨੇ ਆ ਕੇ ਕੇਸਾਂ ਤੋਂ ਫੜ ਕੇ ਤੈਨੂੰ ਭੁੰਝੇ ਪਟਕਾਇਆ, ਤਦੋਂ ਤੇਰੀ (ਉਸ ਅਗੇ) ਕੋਈ ਪੇਸ਼ ਨਹੀਂ ਜਾਏਗੀ ।

6. ਤੂੰ ਹੁਣ ਪ੍ਰਭੂ ਦਾ ਸਿਮਰਨ ਭਜਨ ਨਹੀਂ ਕਰਦਾ,ਤੂੰ ਦਇਆ ਨਹੀਂ ਪਾਲਦਾ, ਮਰਨ ਵੇਲੇ ਦੁੱਖੀ ਹੋਵੇਂਗਾ ।੨।

7. ਹੇ ਮਨ ! ਜਦੋਂ ਧਰਮ ਰਾਜ ਨੇ (ਤੈਥੋਂ ਜੀਵਨ ਵਿਚ ਕੀਤੇ ਕੰਮਾਂ ਦਾ) ਹਿਸਾਬ ਮੰਗਿਆ, ਤਾਂ ਕੀ ਮੂੰਹ ਲੈ ਕੇ ਉਸ ਦੇ ਸਾਹਮਣੇ ਹੋਵੇਂਗਾ ?

ਪ੍ਰ:–ਕਬੀਰ ਜੀਉ ! ਆਖਰ ਦਸੋ, ਅਸੀਂ ਸੰਸਾਰ ਸਮੁੰਦਰ ਤੋਂ ਕਿਵੇਂ ਪਾਰ ਹੋ ਸਕਦੇ ਹਾਂ ?

8. ਉ:–ਕਬੀਰ ਜੀ ਆਖਦੇ ਹਨ ਕਿ, ਹੇ ਸੰਤ ਜਨੋ ! ਸੁਣੋ, ਸਾਧ ਸੰਗਤ ਵਿਚ ਰਹਿ ਕੇ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘੀਦਾ ਹੈ ।੩।੧।

ਭਾਵਾਰਥ :–ਹਰ ਮਨੁੱਖ ਨੂੰ ਹਰ ਸਮੇਂ ਹੀ ਇਸ ਮਨ ਨੂੰ ਪ੍ਰੇਰਨਾ ਕਰਦੇ ਰਹਿਣਾ ਚਾਹੀਦਾ ਹੈ ਕਿ, ਸਦਾ ਸਿਮਰਨ ਕਰਦਾ ਰਹੁ ਅਤੇ ਆਪਣੇ ਆਪ ਨੂੰ ਮਾਇਆ ਦੀਆਂ ਖਿੱਚਾਂ ਤੋਂ ਬਚਾਣ ਲਈ ਸਾਧ ਸੰਗਤ ਦੀ ਸ਼ਰਣ ਵਿਚ ਰਹਿਣਾ ਚਾਹੀਦਾ ਹੈ ।

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

੧ ਓ ਸਤਿਗੁਰ ਪ੍ਰਸਾਦਿ ॥

1. **ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
2. **ਗਰੀਬ ਨਿਵਾਜੁ ਗੁਸਈਆ ਮੇਰਾ**
   ਮਾਥੈ ਛਤ੍ਰੁ ਧਰੈ ॥੧॥ ਰਹਾਉ ॥
3. **ਜਾ ਕੀ ਛੋਤਿ ਜਗਤ ਕਉ ਲਾਗੈ**
   ਤਾ ਪਰ ਤੁਹੀਂ ਢਰੈ ॥
4. **ਨੀਚਹ ਊਚ ਕਰੈ ਮੇਰਾ ਗੋਬਿੰਦੁ**
   ਕਾਹੂ ਤੇ ਨ ਡਰੈ ॥੧॥
5. **ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**
6. **ਕਹਿ ਰਵਿਦਾਸੁ ਸੁਨਹੁ ਰੇ ਸੰਤਹੁ**
   ਹਰਿ ਜੀਉ ਤੇ ਸਭੈ ਸਰੈ ॥੨॥੧॥

ਪਦ ਅਰਥ :–ਲਾਲ–ਹੇ ਸੋਹਣੇ ਪ੍ਰਭੂ । ਐਸੀ–ਅਜਿਹੀ (ਮਿਹਰ) । ਗਰੀਬ ਨਿਵਾਜ–ਗਰੀਬਾਂ ਨੂੰ ਮਾਣ ਦੇਣ ਵਾਲਾ । ਗੁਸਈਆ ਮੇਰਾ–ਮੇਰਾ ਮਾਲਕ । ਮਾਥੈ–(ਗਰੀਬ ਦੇ) ਸਿਰ ਉਤੇ ।੧। ਰਹਾਉ ।

ਛੋਤਿ–ਭਿੱਟ । ਤਾ ਪਰ–ਉਸ ਉਤੇ । ਢਰੈ–ਢਲਦਾ ਹੈਂ, ਦ੍ਰਵਦਾ ਹੈਂ; ਤਰਸ ਕਰਦਾ ਹੈਂ । ਨੀਚਹ–ਨੀਚ ਬੰਦਿਆਂ ਨੂੰ । ਕਾਹੂ ਤੇ–ਕਿਸੇ ਬੰਦੇ ਤੋਂ ।੧।

ਸਭੈ–ਸਾਰੇ ਕੰਮ । ਸਰੈ–ਸਰਦੇ ਹਨ, ਹੋ ਸਕਦੇ ਹਨ, ਸਿਰੇ ਚੜ੍ਹ ਸਕਦੇ ਹਨ ।੨।

ਅਰਥ :–

ਪ੍ਰ:–ਸ੍ਰੀ ਰਵਿਦਾਸ ਭਗਤ ਜੀਉ ! ਜਦ ਕਦੀ ਆਪ ਉਸ ਪ੍ਰਮੇਸ਼ਰ ਦੀ ਸਿਫਤ ਕਰਨਾ ਚਾਹੁੰਦੇ ਹੋ ਤਾਂ ਉਸ ਸਿਫਤ ਸਲਾਹ ਦੀ ਰੂਪ ਰੇਖਾ ਕੀ ਹੈ ?

1. ਉ:–ਹੇ ਭਾਈਓ ! ਮੈਂ ਤਾਂ ਸਦਾ ਹੀ ਇਉਂ ਪ੍ਰਭੂ ਦੀ ਸਿਫਤ ਕਰਦਾ ਰਹਿੰਦਾ ਹਾਂ ਕਿ, ਹੇ ਸੋਹਣੇ ਪ੍ਰਭੂ ! ਤੈਥੋਂ ਬਿਨਾ ਅਜਿਹੀ ਕਰਨੀ ਹੋਰ ਕੌਣ ਕਰ ਸਕਦਾ ਹੈ ? ।

2. ਹੇ ਭਾਈ ! ਮੇਰਾ ਪ੍ਰਭੂ ਗਰੀਬਾਂ ਨੂੰ ਮਾਣ ਦੇਣ ਵਾਲਾ ਹੈ (ਗਰੀਬਾਂ ਦੇ) ਸਿਰ ਉਤੇ ਭੀ ਛੱਤ੍ਰ ਝੁਲਾ ਦੇਂਦਾ ਹੈ, (ਭਾਵ ਗਰੀਬ ਨੂੰ ਭੀ ਰਾਜਾ ਬਣਾ ਦੇਂਦਾ ਹੈ) ।੧। ਰਹਾਉ ।

3. ਹੇ ਭਾਈਓ ! ਜਿਸ ਮਨੁੱਖ ਨੂੰ ਇਤਨਾ ਨੀਵਾਂ ਸ਼ਮਝਿਆ ਜਾਂਦਾ ਹੋਵੇ, ਕੀ ਉਸ ਦੀ ਭਿੱਟ ਸਾਰੇ ਸੰਸਾਰ ਨੂੰ ਲਗ ਜਾਏ (ਭਾਵ, ਜਿਸ ਮਨੁੱਖ ਦੇ ਛੋਹਣ ਨਾਲ ਹੋਰ ਸਾਰੇ ਲੋਕ ਆਪਣੇ ਆਪ ਨੂੰ ਭਿਟਿਆ ਗਿਆ ਸਮਝਣ ਲਗ ਪੈਣ) ਉਸ ਮਨੁੱਖ ਉਤੇ (ਹੇ ਪ੍ਰਭੂ) ਤੂੰ ਹੀ ਕ੍ਰਿਪਾ ਕਰਦਾ ਹੈਂ ।

4. ਹੇ ਭਾਈ ! ਮੇਰਾ ਗੋਬਿੰਦ ਨੀਚ ਬੰਦਿਆਂ ਨੂੰ ਉਚੇ ਕਰ ਦੇਂਦਾ ਹੈ, ਉਹ ਕਿਸੇ ਤੋਂ ਡਰਦਾ ਨਹੀਂ ।੧।

5. ਹੇ ਭਾਈਓ ! ਪ੍ਰਭੂ ਦੀ ਕ੍ਰਿਪਾ ਨਾਲ ਹੀ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਨ (ਆਦਿਕ ਭਗਤ ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ ।

6. ਰਵਿਦਾਸ ਆਖਦਾ ਹੈ ਕਿ, ਹੇ ਸੰਤ ਜਨੋ, ਸੁਣੋ, ਉਹ ਪ੍ਰਭੂ ਸਭ ਕੁਝ ਕਰਨ ਦੇ ਸਮਰੱਥ ਹੈ ।੨।੧।

ਭਾਵਾਰਥ :–ਮਨੁੱਖਾਂ ਦੇ ਸਮਾਜ ਵਿਚ ਭਾਵੇਂ ਗਰੀਬਾਂ ਅਨਾਥਾਂ ਨੂੰ ਅਛੂਤ ਸਮਝ ਕੇ ਦੂਰ ਦੂਰ ਕੀਤਾ ਜਾਵੇ; ਪਰ ਹਰੀ ਰਾਜੇ ਦੇ ਸਾਹਮਣੇ ਕੋਈ ਅਛੂਤ ਨਹੀਂ, ਉਹ ਤਾਂ ਸਭ ਉਤੇ ਇਕੋ ਜਿਹੀ ਮੇਹਰ ਦੀ ਨਜ਼ਰ ਕਰਦਾ ਹੈ ਅਤੇ ਭਗਤੀ ਕਰਨ ਵਾਲਾ ਭਾਵੇਂ ਕਿੰਨੀ ਨੀਚ ਜਾਤ ਵਿਚੋਂ ਹੋਵੇ ਉਸ ਨੂੰ ਉਚੀ ਤੋਂ ਉਚੀ ਪਦਵੀ ਦੇਂਦਾ ਹੈ ।

ਨੋਟ :–ਭਗਤ ਰਵਿਦਾਸ ਜੀ ਦੀ ਗਵਾਹੀ ਅਨੁਸਾਰ ਨਾਮ ਦੇਵ ਜੀ ਕਿਸੇ ਬੀਠਲ ਮੂਰਤੀ ਦੀ ਪੂਜਾ ਤੋਂ ਨਹੀਂ; ਸਗੋਂ ਪ੍ਰਮਾਤਮਾਂ ਦੀ ਭਗਤੀ ਦੀ ਬਰਕਤ ਨਾਲ ਤਰੇ ਸਨ । ਨਾਮਦੇਵ, ਤ੍ਰਿਲੋਚਨ, ਕਬੀਰ ਅਤੇ ਸਧਨਾ–ਇਨ੍ਹਾਂ ਚਹੁੰਆਂ

ਬਾਬਤ ਰਵਿਦਾਸ ਜੀ ਆਖਦੇ ਹਨ ਕਿ :—

'ਹਰਿ ਜੀਉ ਤੇ ਸਭੈ ਸਰੈ'

ਨੋਟ :—ਲਫਜ਼ 'ਨੀਚਹ' ਨੂੰ ਆਮ ਤੌਰ ਤੇ ਲੋਕ 'ਨੀਚਹੁ' ਪੜ੍ਹਦੇ ਹਨ । ਸਹੀ ਪਾਠ 'ਨੀਚਹ' ਹੈ ।

ਮਾਰੂ ॥

1. **ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜ਼ਾ ਕੇ ਰੇ ॥**
2. **ਚਾਰਿ ਪਦਾਰਥ ਅਸਟ ਮਹਾ ਸਿਧਿ ਨਵਨਿਧਿ ਕਰ ਤਲ ਤਾ ਕੈ ॥੧॥**
3. **ਹਰਿ ਹਰਿ ਹਰਿ ਨ ਜਪਸਿ ਰਸਨਾ ॥**
4. **ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥**
5. **ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥**
6. **ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥**
7. **ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥**
8. **ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥੧੫॥**

ਨੋਟ :—ਰਵਿਦਾਸ ਜੀ ਦਾ ਇਹ ਸ਼ਬਦ ਥੋੜੇ ਜਿਹੇ ਫਰਕ ਨਾਲ ਸੋਰਠਿ ਰਾਗ ਵਿਚ ਭੀ ਹੈ, ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਦੋਹਾਂ ਰਾਗਾਂ ਵਿਚ ਗਾਂਵਿਆਂ ਜਾਣਾ ਚਾਹੀਦਾ ਹੈ ।

ਅਰਥ :—

ਪ੍ਰ:—ਕਿਸੇ ਪੰਡਤ ਨੇ ਰਵਿਦਾਸ ਜੀ ਨੂੰ ਕਿਹਾ ਕਿ, ਹੇ ਭਗਤ ਜੀ ! ਤੂੰ ਉਸ ਪ੍ਰਮੇਸ਼ਰ ਜੀ ਨੂੰ ਕਿਤਨੀ ਕੁ ਸ਼ਕਤੀ ਦਾ ਮਾਲਕ ਅਨੁਭਵ ਕਰਦਾ ਹੈਂ ?

1. **ਉ**:—ਹੇ ਪੰਡਤ ! ਵੇਖ, ਜੋ ਪ੍ਰਭੂ ਸੁਖਾਂ ਦਾ ਸਮੁੰਦਰ ਹੈ, ਜਿਸ ਪ੍ਰਭੂ ਦੇ ਵਸ ਵਿਚ ਸੁਵਰਗ ਦੇ ਪੰਜ ਰੁੱਖ ਚਿੰਤਾਮਣਿ ਅਤੇ ਕਾਮ ਧੇਨ ਹਨ ।
2. ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥ ਅੱਠ ਵਡੀਆਂ ਸਿਧੀਆਂ ਅਤੇ ਨੌਂ ਨਿਧੀਆਂ ਇਹ ਸਭ ਉਸੇ ਦੇ ਹੱਥਾਂ ਦੀਆਂ ਤਲੀਆਂ ਤੇ ਹਨ ।੧।
3. ਹੇ ਪੰਡਤ ! ਤੂੰ (ਆਪਣੀ) ਜੀਭ ਨਾਲ ਸਦਾ ਇਕ ਪ੍ਰਮਾਤਮਾਂ ਦਾ ਨਾਮ ਕਿਉਂ ਨਹੀਂ ਜਪਦਾ ।
4. ਤੂੰ ਹੋਰ ਸਭ ਫੋਕੀਆਂ ਗਲਾਂ ਛਡ ਦੇ ।੧। ਰਹਾਉ ।
5. ਹੇ ਪੰਡਤ ! ਪੁਰਾਣਾਂ ਦੇ ਅਨੇਕ ਕਿਸਮਾਂ ਦੇ ਪ੍ਰਸੰਗ, ਬੇਦਾਂ ਦੀਆਂ ਦਸੀਆਂ ਹੋਈਆਂ ਵਿਧੀਆਂ, ਇਹ ਸਭ ਵਾਕ ਰਚਨਾਂ ਹੀ ਹਨ (ਅਨੁਭਵੀ ਗਿਆਨ ਨਹੀਂ ਜੋ ਪ੍ਰਭੂ ਦੇ ਚਰਨਾਂ ਵਿਚ ਜੁੜਿਆਂ ਹਿਰਦੇ ਵਿਚ ਪੈਦਾ ਹੁੰਦਾ ਹੈ)।
6. ਹੇ ਪੰਡਤ ! ਵੇਦਾਂ ਦੇ ਖੋਜੀ ਵਿਆਸ ਰਿਸ਼ੀ ਨੇ ਸੋਚ ਵਿਚਾਰਕੇ ਇਹੀ ਪਰਮ ਤੱਤ ਦਸਿਆ ਹੈ ਕਿ, ਇਨ੍ਹਾਂ ਪੁਸਤਕਾਂ ਦੇ ਪਾਠ ਆਦਿਕ ਪ੍ਰਮਾਤਮਾਂ ਦੇ ਨਾਮ ਦਾ ਸਿਮਰਨ ਕਰਨ ਦੀ ਬਰਾਬਰੀ ਨਹੀਂ ਕਰ ਸਕਦੇ ।੨।

ਪ੍ਰ—ਭਗਤ ਜੀ ! ਇਹ ਦਸੋ ਕਿ ਮਨ ਅਡੋਲਤਾ ਵਿਚ ਕਿਵੇਂ ਟਿਕ ਸਕਦਾ ਹੈ ?

7. **ਉ**—ਹੇ ਪੰਡਤ ! ਸੁਣ; ਵਡੀ ਕਿਸਮਤ ਨਾਲ ਜਿਸ ਮਨੁੱਖ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਜੁੜਦੀ ਹੈ, ਉਸ ਦਾ ਮਨ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਕੋਈ ਵਿਕਾਰ ਉਸ ਵਿਚ ਨਹੀਂ ਉੱਠਦਾ ।
8. ਰਵਿਦਾਸ ਜੀ ਆਖਦਾ ਹੈ ਕਿ, ਐ ਪੰਡਤ ! ਉਸ ਸੇਵਕ ਦੀ ਮਤ (ਮਾਇਆ ਵਲੋਂ) ਨਿਰਮੋਹ ਰਹਿੰਦੀ ਹੈ ਤੇ ਜਨਮ ਮਰਣ (ਭਾਵ, ਸਾਰੀ ਉਮਰ) ਦੇ ਉਸ ਦੇ ਡਰ ਨਾਸ ਹੋ ਜਾਂਦੇ ਹਨ ।੩।੨।੧੫।

ਭਾਵਾਰਥ :—ਸਾਰੇ ਪਦਾਰਥਾਂ ਦਾ ਦਾਤਾ ਪ੍ਰਭੂ ਆਪ ਹੈ, ਉਸ ਹਰੀ ਜੈਸੀ ਕੋਈ ਭੀ ਦੁਨੀਆਂ ਵਿਚ ਸ਼ੈ ਨਹੀਂ ਹੈ, ਇਸ ਲਈ, ਉਸੇ ਦਾ ਸਿਮਰਨ ਕਰੋ, ਜਿਸ ਦੇ ਪਾਸ ਸਿਮਰਨ ਦੀ ਅਮੋਲਕ ਦਾਤ ਹੈ, ਉਸ ਦੇ ਸਾਰੇ ਦੁੱਖ ਤੇ ਭੈ ਦੂਰ ਹੋ ਜਾਂਦੇ ਹਨ ।

(ਰਾਗੁ ਮਾਰੂ ਸਮਾਪਤ)

ਰਾਗੁ ਤੁਖਾਰੀ

ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ

੧ ਓ ਸਤਿਗੁਰ ਪ੍ਰਸਾਦਿ ॥

1. ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥
2. ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥
3. ਹਰਿ ਰਚਨਾ ਤੇਰੀ ਕਿਆ ਗਤਿ ਮੇਰੀ
 ਹਰਿ ਬਿਨੁ ਘੜੀ ਨ ਜੀਵਾ ॥
4. ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ
 ਗੁਰਮੁਖਿ ਅੰਮ੍ਰਿਤੁ ਪੀਵਾਂ ॥
5. ਰਚਨਾ ਰਾਚਿ ਰਹੇ ਨਿਰੰਕਾਰੀ
 ਪ੍ਰਭ ਮਨਿ ਕਰਮ ਸੁ ਕਰਮਾ ॥
6. ਨਾਨਕ ਪੰਥੁ ਨਿਹਾਲੇ ਸਾ ਧਨ
 ਤੂ ਸੁਣਿ ਆਤਮ ਰਾਮਾ ॥੧॥

ਉਥਾਨਕਾ :—ਇਹ ਬਾਣੀ ਗੁਰੂ ਨਾਨਕ ਸਾਹਿਬ ਦੀ ਅੰਤਮ ਰਚਨਾ ਹੈ, ਜੋ ਗੁਰੂ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਵੇਲੇ ਸ੍ਰੀ ਕਰਤਾਰ ਪੁਰ ਵਿਚ ਉਚਾਰਨ ਕੀਤੀ ਹੈ, ਵਾਹਿਗੁਰੂ ਜੀ ਵਲੋਂ ਸੱਦਾ ਆਉਣ ਸਮੇਂ ਇਉਂ ਮਹਿਸੂਸ ਕਰਦੇ ਹਨ, ਜਿਵੇਂ ਪੇਕੇ ਘਰ ਰਹਿੰਦੀ ਇਸਤ੍ਰੀ ਆਪਣੇ ਪਤੀ ਨੂੰ ਮਿਲਣ ਜਾਣ ਲਈ ਤਿਆਰ ਹੁੰਦੀ ਹੈ। ਪਹਿਲੋਂ ਬ੍ਰਿਹੋਂ ਦਾ ਭਾਵ ਜਾਗਦਾ ਹੈ ਅਤੇ 'ਪ੍ਰਿਅ ਬਾਝੁ ਦੁਹੇਲੀ' ਮਹਿਸੂਸ ਕਰਦੀ ਹੋਈ ਪ੍ਰਿਉ ਪ੍ਰਿਉ ਕਰਦੀ ਪਤੀ ਦਾ ਰਾਹ ਤਕਦੀ ਹੈ। ਨਾਲ ਨਾਲ ਉਸ ਦੇ ਮਿੱਠੇ ਮਿੱਠੇ ਗੁਣ ਯਾਦ ਕਰਦੀ ਹੋਈ ਮੇਲ ਦੀ ਤਾਂਘ ਦਸਦੀ ਹੈ। ਜਦ ਇਹ ਤਾਂਘ ਪੂਰੀ ਹੁੰਦੀ ਦਿਸਦੀ ਹੈ ਤੇ ਆਪਣੇ ਪਤੀ ਦੇ ਮੇਲ ਦੀ ਉਮੈਦ ਬੱਝਦੀ ਹੈ, ਤਾਂ ਆਪਣੀਆਂ ਅੱਖਾਂ ਅਗੇ ਆਪਣੇ ਪੇਕੇ ਘਰ ਦੀਆਂ ਝਾਕੀਆਂ ਇਕ ਇਕ ਕਰਕੇ ਆਉਂਦੀਆਂ ਹਨ ਅਤੇ ਪਤੀ ਵਿਛੋੜੇ ਦਾ ਸੱਲ ਦੁਆਉਂਦੀਆਂ ਹਨ। ਬ੍ਰਿਹੋਂ ਦੀ ਤੜਪਾਂ ਤੋਂ ਸ਼ੁਰੂ ਹੋ ਕੇ ਅੰਤ ਮੇਲ ਦੇ ਅਨੰਦ ਤਕ ਦਾ ਬੜਾ ਸੁੰਦਰ ਤੇ ਦਿਲ ਖਿੱਚਵਾਂ ਵਰਨਣ ਹੈ ਤੇ ਆਮ ਮਨੁੱਖਾਂ ਅੰਦਰ ਭੀ ਪਿਆਰ ਜਗਾਉਣ ਦੀ ਸਮਰੱਥਾ ਰਖਦਾ ਹੈ।

ਪਹਿਲੇ ਚਾਰ ਛੰਦਾਂ ਵਿਚ ਵਿਛੋੜੇ ਤੇ ਫੇਰ ਮੇਲ ਨੂੰ ਸਾਧਾਰਨ ਢੰਗ ਨਾਲ ਥੋੜੇ ਸ਼ਬਦਾਂ ਵਿਚ ਅਦਾ ਕੀਤਾ ਹੈ, ਫਿਰ ਵਿਸਥਾਰ ਨਾਲ ਬਾਰ੍ਹਾਂ ਮਹੀਨਿਆਂ ਰਾਹੀਂ ਬਿਆਨ ਕੀਤਾ ਹੈ, ਅੰਤ ਦਾ ਛੰਦ ਸਮੁੱਚੀ ਵੀਚਾਰ ਹੈ ਜੋ ਮਿਲਾਪ ਦੀ ਤਸਵੀਰ ਹੈ।

ਪਦ ਅਰਥ :—ਤੂ ਸੁਣਿ—ਹੇ ਹਰੀ, ਤੂੰ (ਮੇਰੀ ਬੇਨਤੀ) ਸੁਣ। ਕਿਰਤ—ਕੀਤੇ ਹੋਏ। ਕਰੰਮਾ—ਕਰਮ, ਕੰਮ। ਪੁਰਬਿ—ਪੂਰਬਲੇ ਸਮੇਂ ਵਿਚ, ਪਹਿਲੇ ਜਨਮਾਂ ਵਿਚ। ਕਮਾਇਆ—ਕਮਾਈ। ਸਿਰਿ—ਸਿਰ ਉਤੇ। ਸਿਰਿ ਸਿਰਿ—ਹਰੇਕ ਜੀਵ ਦੇ ਸਿਰ ਉਤੇ। ਸਹੰਮਾ—ਸਹਿਮ, ਦੁੱਖ। ਤੂ ਦੇਹਿ—ਜੋ ਤੂੰ ਦੇਂਦਾ ਹੈਂ। ਸੁ ਭਲਾ—ਉਹ (ਹਰੇਕ ਜੀਵ ਵਾਸਤੇ) ਭਲਾ ਹੈ। ਗਤਿ—ਹਾਲਤ। ਦੁਹੇਲੀ—ਦੁੱਖੀ। ਬੇਲੀ—ਮਦਦ ਕਰਨ ਵਾਲਾ। ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸ਼ਰਨ ਪੈ ਕੇ। ਨਿਰੰਕਾਰੀ ਰਚਨਾ—ਨਿਰੰਕਾਰ ਦੀ ਰਚਨਾ ਵਿਚ। ਸੁ ਕਰਮਾ—ਸ੍ਰੇਸ਼ਟ ਕੰਮ। ਪੰਥੁ—ਰਸਤਾ। ਨਿਹਾਲੈ—ਤੱਕ ਰਹੀ ਹੈ। ਸਾ ਧਨ—ਜੀਵ ਇਸਤ੍ਰੀ। ਆਤਮ ਰਾਮਾ—ਹੇ ਸਰਬ ਵਿਆਪਕ ਪ੍ਰਮਾਤਮਾਂ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ ਨਾਮ ਜਲ।੧।

ਅਰਥ :—

ਪ੍ਰ:—ਸ੍ਰੀ ਜੀਉ! ਸੰਸਾਰ ਵਿਚ ਕਈ ਜੀਵ ਸੁਖੀ ਹਨ ਅਤੇ ਕਈ ਦੁਖੀਏ ਹਨ, ਇਨ੍ਹਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ, ਦਸੋ, ਤਾਂ ਕਿ ਅਸੀਂ ਭੀ ਉਨ੍ਹਾਂ ਅਨੁਸਾਰ ਹੀ ਜੀਵਨ ਗੁਜ਼ਾਰਦੇ ਰਹੀਏ?

1. **ਉ:**—ਹੇ ਭਾਈਓ! ਮੈਂ ਤਾਂ ਆਪਣੇ ਵੀਚਾਰ ਉਸ ਪ੍ਰਭੂ ਜੀ ਦੇ ਸਨਮੁਖ ਹੋ, ਇਉਂ ਉਚਾਰਨ ਕਰਦਾ ਰਹਿੰਦਾ ਹਾਂ ਕਿ, ਹੇ ਹਰੀ! (ਮੇਰੀ ਬੇਨਤੀ) ਸੁਣ, ਪੂਰਬਲੇ ਕਮਾਏ ਕੀਤੇ ਕਰਮਾਂ ਅਨੁਸਾਰ ਹਰੇਕ ਜੀਵ ਦੇ
2. ਸਿਰ ਉਤੇ ਜੋ ਸੁੱਖ ਤੇ ਦੁੱਖ (ਝੱਲਣ ਲਈ) ਤੂੰ ਦੇਂਦਾ ਹੈਂ, ਉਹੀ ਠੀਕ ਹੈ (ਭਾਵ, ਮੈਂ ਸੁੱਖ ਤੇ ਦੁੱਖ ਨੂੰ ਉਸ ਪ੍ਰਭੂ ਦੀ ਰਜ਼ਾ ਸਮਝ ਕੇ ਚੰਗਾ ਹੀ ਸਮਝਦਾ ਹਾਂ)।
3. ਹੇ ਹਰੀ! ਮੈਂ ਤੇਰੀ ਰਚੀ ਮਾਇਆ ਵਿਚ (ਰੁੱਝਾ ਪਿਆ) ਹਾਂ, ਮੇਰਾ ਕੀ ਹਾਲ ਹੋਵੇਗਾ, ਮੈਂ ਤਾਂ ਇਉਂ ਹੀ ਸਮਝਦਾ ਹਾਂ ਕਿ ਤੈਥੋਂ ਬਿਨਾ (ਤੇਰੀ ਯਾਦ ਤੋਂ ਬਿਨਾ) ਇਕ ਘੜੀ ਭੀ ਜੀਉਣਾ ਇਹ ਕਿਹੀ ਜਿੰਦਗੀ ਹੈ?

ਪ੍ਰ:—ਸ੍ਰੀ ਜੀਉ! ਆਖਰ, ਤੁਸੀਂ ਉਸ ਪ੍ਰਭੂ ਤੋਂ ਮੰਗ ਕੀ ਕਰਦੇ ਰਹਿੰਦੇ ਹੋ?

4. **ਉ:**—ਹੇ ਭਾਈਓ! ਮੇਰੀ ਤਾਂ ਇਹੋ ਹੀ ਮੰਗ ਹੈ ਕਿ, ਹੇ ਪਿਆਰੇ! ਤੇਰੇ ਬਿਨਾ ਮੈਂ ਦੁਖੀ ਹਾਂ (ਇਸ ਦੁੱਖ ਵਿਚੋਂ ਕੱਢਣ ਵਾਸਤੇ) (ਮੇਰੀ) ਮਦਦ ਕਰਨ ਵਾਲਾ ਕੋਈ ਭੀ ਨਹੀਂ ਹੈ। (ਮੇਹਰ ਕਰ ਤਾਂ ਕਿ) ਗੁਰੂ ਦੀ ਸ਼ਰਨ ਪੈ ਕੇ ਮੈਂ ਤੇਰਾ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀਂਦਾ ਰਹਾਂ।
5. ਹੇ ਭਾਈਓ! ਅਸੀਂ ਜੀਵ (ਉਸ) ਨਿਰੰਕਾਰ ਦੀ ਰਚੀ

ਮਾਇਆ ਵਿਚ ਫਸੇ ਪਏ ਹਾਂ (ਦਸੋ ਇਹ ਕਾਹਦਾ ਜੀਵਨ ਹੈ ?) ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਪ੍ਰਭੂ ਨੂੰ ਮਨ ਵਿਚ ਵਸਾਣਾ ਹੀ ਸਭ ਕੰਮਾਂ ਤੋਂ ਸ੍ਰੇਸ਼ਟ ਕੰਮ ਹੈ, (ਇਹੋ ਜੀਵਨ ਵਾਸਤੇ ਸਹੀ ਜੀਵਨ ਮਨੋਰਥ ਹੈ)।

ਪ੍ਰ:—ਸ੍ਰੀ ਜੀਉ ! ਕੀ ਤੁਹਾਡੀ ਮੰਗ ਕੇਵਲ ਆਪਣੇ ਲਈ ਹੀ ਹੈ ਜਾਂ ਕਿ ਆਮ ਜੀਵਾਂ ਲਈ ਭੀ ਪ੍ਰਭੂ ਤੋਂ ਮੰਗ ਕਰਦੇ ਹੋ ?

6. **ਉ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਰੀ ਤਾਂ ਸਭ ਲਈ ਇਹੋ ਮੰਗ ਹੈ ਕਿ; ਹੇ ਸਰਬ ਵਿਆਪਕ ਪ੍ਰਮਾਤਮਾਂ, ਤੂੰ ਜੀਵ ਇਸਤ੍ਰੀ ਦੀ ਅਰਜੋਈ ਸੁਣ, (ਤੇ ਉਸ ਨੂੰ ਆਪਣਾ ਦਰਸ਼ਨ ਦੇਹ) ਜੀਵ ਇਸਤ੍ਰੀ ਤੇਰਾ ਰਾਹ ਤਕ ਰਹੀ ਹੈ ।੧।

ਭਾਵਾਰਥ :-ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਮਨੁੱਖ ਇਸ ਜਨਮ ਵਿਚ ਭੀ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ ਤੇ ਦੁਖੀ ਜੀਵਨ ਗੁਜ਼ਾਰਦਾ ਹੈ । ਪ੍ਰਮਾਤਮਾਂ ਦੀ ਮਿਹਰ ਨਾਲ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਉਸ ਦਾ ਅਮਰ ਜੀਵਨ ਦੇਣ ਵਾਲਾ ਨਾਮ ਜਲ ਪੀ ਪੀ ਕੇ ਆਤਮਕ ਅਨੰਦ ਮਾਣਦਾ ਹੈ, ਅਸਲ ਵਿਚ ਇਹੋ ਹੀ ਜੀਵਨ ਦਾ ਸਹੀ ਮਨੋਰਥ ਹੈ ।

1. ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥
2. ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥
3. ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ
ਸਾ ਸੋਹਾਗਣਿ ਨਾਰੇ ॥
4. ਨਵ ਘਰ ਥਾਪਿ ਮਹਲ ਘਰੁ ਊਚਉ
ਨਿਜ ਘਰਿ ਵਾਸੁ ਮੁਰਾਰੇ ॥
5. ਸਭ ਤੇਰੀ ਤੂ ਮੇਰਾ ਪ੍ਰੀਤਮੁ
ਨਿਸਿ ਬਾਸੁਰ ਰੰਗਿ ਰਾਵੈ ॥
6. ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ
ਕੋਕਿਲ ਸਬਦਿ ਸੁਹਾਵੈ ॥੨॥

ਪਦ ਅਰਥ :—ਬਬੀਹਾ—ਪਪੀਹਾ, ਚਾਤ੍ਰਿਕ । ਬਾਣੀਆ—ਮਿੱਠੇ ਬੋਲ । ਸਾ ਧਨ—ਜੀਵ ਇਸਤ੍ਰੀ । ਸਭਿ—ਸਾਰੇ । ਚੋਲੈ—ਖਾਂਦੀ ਹੈ, ਮਾਣਦੀ ਹੈ । ਅੰਕਿ—ਅਕ ਵਿਚ, ਅੰਗ ਨਾਲ । ਪ੍ਰਭ ਭਾਣੀ—ਪ੍ਰਭੂ ਨੂੰ ਪਿਆਰੀ ਲਗਦੀ ਹੈ । ਸੁਹਾਗਣਿ—ਚੰਗੇ ਭਾਗਾਂ ਵਾਲੀ । ਨਾਰੇ—ਨਾਰਿ, ਜੀਵ ਇਸਤ੍ਰੀ । ਨਵ ਘਰ—ਨੌਂ ਗੋਲਕਾਂ, ਨੌਂ ਇੰਦ੍ਰੀਆਂ ਵਾਲੇ ਸਰੀਰ ਨੂੰ । ਥਾਪਿ—ਟਿਕਾ ਕੇ, ਜੁਗਤ ਵਿਚ ਰਖ ਕੇ । ਊਚਉ—ਊਚਾ । ਮਹਲ ਘਰੁ—ਪ੍ਰਭੂ ਦਾ ਨਿਵਾਸ ਥਾਂ, ਪ੍ਰਭੂ ਦੇ ਚਰਨ । ਨਿਜ ਘਰਿ ਮੁਰਾਰੇ—ਪ੍ਰਭੂ ਦੇ ਸ੍ਵੈ ਸਰੂਪ ਵਿਚ, ਪ੍ਰਭੂ ਦੇ ਆਪਣੇ ਘਰ ਵਿਚ । ਨਿਸਿ—ਰਾਤ । ਬਾਸੁਰ—ਦਿਨ । ਰੰਗਿ—ਪਿਆਰ ਵਿਚ । ਰਾਵੈ—ਮਾਣਦੀ ਹੈ, ਸਿਮਰਦੀ ਹੈ । ਸਬਦਿ—ਸ਼ਬਦ ਨਾਲ । ਸੁਹਾਵੈ—ਸੁਹਣੀ ਲਗਦੀ ਹੈ ।੨।

ਅਰਥ :—

ਪ੍ਰ:—ਸ੍ਰੀ ਜੀਉ ! ਉਹ ਅਜਿਹੀ ਜੀਵ ਰੂਪ ਇਸਤ੍ਰੀ ਕਿਹੜੀ ਹੈ ਜਿਸ ਨੂੰ ਕਿ ਸਾਰੇ ਪ੍ਰਭੂ ਮਿਲਾਪ ਦੇ ਅਨੰਦ ਪ੍ਰਾਪਤ ਹੋ ਸਕਦੇ ਹਨ ?

1. **ਉ**:—ਹੇ ਭਾਈਓ ! ਵੇਖੋ, ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ, ਜਿਵੇਂ ਕੋਇਲ (ਕੂ ਕੂ) ਦੀ ਮਿੱਠੀ ਬੋਲੀ ਬੋਲਦੀ ਹੈ, ਤਿਵੇਂ ਜਿਹੜੀ ਜੀਵ ਰੂਪ ਇਸਤ੍ਰੀ ਵੈਰਾਗ ਵਿਚ ਆ ਕੇ ਮਿੱਠੀ ਸੁਰ ਨਾਲ ਪ੍ਰਭੂ ਪਤੀ ਨੂੰ ਯਾਦ ਕਰਦੀ ਹੈ ?

2. ਉਹ ਜੀਵ ਇਸਤ੍ਰੀ ਪ੍ਰਭੂ ਮਿਲਾਪ ਦੇ ਸਾਰੇ ਅਨੰਦ ਮਾਣਦੀ ਹੈ ਅਤੇ ਉਸੇ ਸਾਈਂ ਜੀ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ ।

ਪ੍ਰ:—ਹੇ ਗੁਰੋ ! ਸਰੀਰਕ ਲਿਬਾਸ ਵਿਚ ਤਾਂ ਸੁਹਾਗਣਾਂ ਬਹੁਤ ਵੇਖਣ ਵਿਚ ਆਉਂਦੀਆਂ ਹਨ, ਪਰ ਉਨ੍ਹਾਂ ਵਿਚ ਤੁਸੀਂ ਸਹੀ ਸੁਹਾਗਣ ਕਿਸ ਨੂੰ ਮੰਨਦੇ ਹੋ ?

3. **ਉ**:—ਹੇ ਭਾਈਓ ! ਅਸਲ ਵਿਚ ਉਸ ਪ੍ਰਭੂ ਦੀ ਮੇਹਰ ਨਾਲ ਜੋ ਜੀਵ ਰੂਪ ਇਸਤ੍ਰੀ ਉਸ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਹੀ ਪ੍ਰਭੂ ਨੂੰ ਚੰਗੀ ਲਗਣ ਲਗ ਪੈਂਦੀ ਹੈ, ਸਮਝੋ ਉਹੀ ਚੰਗੇ ਭਾਗਾਂ ਵਾਲੀ ਸੁਹਾਗਣ ਹੈ ।

ਪ੍ਰ:—ਕਿਉਂ ਜੀ ! ਉਸ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ?

4. **ਉ**:—ਐ ਪਿਆਰੇ ! ਉਹ ਆਪਣੇ ਸਰੀਰ ਨੂੰ (ਭਾਵ ਸਰੀਰਕ ਇੰਦ੍ਰਿਆਂ ਨੂੰ) ਜੁਗਤੀ ਵਿਚ ਰਖ ਕੇ ਪ੍ਰਭੂ ਦੇ ਆਪਣੇ ਸਰੂਪ ਵਿਚ ਟਿਕ ਜਾਂਦੀ ਹੈ ਤੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਚਾ ਉਠਕੇ ਪ੍ਰਭੂ ਦਾ ਉਚਾ ਟਿਕਾਣਾ ਮਲ ਲੈਂਦੀ ਹੈ।

5. ਹੇ ਭਾਈ ! ਉਹ ਜੀਵ ਇਸਤ੍ਰੀ ਪ੍ਰਭੂ ਦੇ ਪਿਆਰ ਵਿਚ ਰੰਗੀਜ ਕੇ ਦਿਨੇ ਰਾਤ ਉਸਨੂੰ ਹੀ ਸਿਮਰਦੀ ਹੈ ਤੇ ਆਖਦੀ ਹੈ ਕਿ ਉਹ ਸਾਰੀ ਸ੍ਰਿਸ਼ਟੀ ਤੇਰੀ ਹੀ ਰਚੀ ਹੋਈ ਹੈ, ਤੂੰ ਹੀਂ ਮੇਰਾ ਪਿਆਰਾ ਖਸਮ ਸਾਈਂ ਹੈਂ ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਵੇਂ ਕੋਇਲ ਮਿੱਠਾ ਬੋਲ ਬੋਲਦੀ ਹੈ, ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ, ਤਿਵੇਂ ਉਹ ਜੀਵ ਇਸਤ੍ਰੀ ਗੁਰੂ ਸ਼ਬਦ ਦੀ ਰਾਹੀਂ (ਪ੍ਰਭੂ ਦੀ ਸਿਫਤ ਸਲਾਹ ਕਰਕੇ) ਸੋਹਣੀ ਲਗਦੀ ਹੈ ।੨।

ਭਾਵਾਰਥ :—ਨਾਮ ਦੀ ਬਰਕਤ ਨਾਲ ਸਿਫਤ ਸਲਾਹ ਦੀ ਬਰਕਤ ਨਾਲ ਮਨੁੱਖ ਆਪਣੇ ਸਾਰੇ ਗਿਆਨ ਇੰਦ੍ਰਿਆਂ ਨੂੰ ਮਰਯਾਦਾ ਵਿਚ ਰਖ ਕੇ ਮਾਇਕ ਪਦਾਰਥਾਂ ਦੇ ਮੋਹ ਤੋਂ ਉਚਾ ਟਿਕਿਆ ਰਹਿੰਦਾ ਹੈ ਗੁਰੂ ਦੇ ਸ਼ਬਦ ਰਾਹੀਂ ਉਸਦਾ ਜੀਵਨ ਪਵਿਤ੍ਰ ਹੋ ਜਾਂਦਾ ਹੈ ।

1. ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥
2. ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥
3. ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ ॥
4. ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ ॥
5. ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥
6. ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥੩॥

ਪਦ ਅਰਥ :-ਹਰਿ ਰਸ ਭਿੰਨੇ—ਹੇ ਰਸ ਭਿੰਨੇ ਹਰੀ। ਪ੍ਰੀਤਮ ਆਪਣੇ—ਹੇ ਮੇਰੇ ਪ੍ਰੀਤਮ। ਮਨਿ-(ਮੇਰੇ) ਮਨ ਵਿਚ। ਤਨਿ-(ਮੇਰੇ) ਸਰੀਰ ਵਿਚ। ਰਵਤ ਰਵੰਨੇ—ਹੇ ਰਮੇਂ ਹੋਏ। ਨ ਬੀਸਰੈ—(ਮੇਰਾ ਮਨ) ਨਹੀਂ ਭੁਲਾਂਦਾ। ਬਿਸਾਰੀ—ਬਿਸਾਰੀਂ, ਮੈਂ ਵਿਸਾਰ ਸਕਾਂ। ਹਉ—ਮੈਂ। ਗਾਏ—ਗਾਇ, ਗਾ ਕੇ। ਕੇਰਾ—ਦਾ। ਰਹਣੁ ਨ ਜਾਏ—ਮਨ ਧੀਰਜ ਨਹੀਂ ਫੜਦਾ। ਗਹੀ ਫੜੀ। ਦ੍ਰਿਸਟਿ—ਨਜ਼ਰ। ਦੀਰਘ—ਲੰਮੀਂ। ਦੀਰਘ ਦ੍ਰਿਸਟਿ—ਲੰਮੀਂ ਨਜ਼ਰ ਵਾਲਾ, ਲੰਮੇਂ ਜਿਗਰੇ ਵਾਲਾ। ਧੀਰਾ—ਧੀਰਜ ਵਾਲਾ।੩।

ਅਰਥ :—

ਪ੍ਰ:—ਹੇ ਗੁਰੋ ! ਅਰਦਾਸ ਕਰਦੇ ਰਹਿਣ ਦੀ ਜਾਚ ਦਰਸਾਓ ?

1,2 ਉ:—ਹੇ ਭਾਈਓ ! ਸਦਾ ਇਉਂ ਹੀ ਅਰਦਾਸ ਕਰਦੇ ਰਿਹਾ ਕਰੋ ਕਿ, ਹੇ ਮੇਰੇ ਪ੍ਰੀਤਮ, ਹੇ ਰਸ ਭਿੰਨੇ ਹਰੀ, ਹੇ ਮੇਰ ਮਨ ਤਨ ਵਿਚ ਰਮੇ ਹੋਏ, ਤੂੰ (ਮੇਰੀ ਅਰਜੋਈ) ਸੁਣ, (ਮੇਰਾ ਮਨ ਤੈਨੂੰ) ਇਕ ਘੜੀ ਵਾਸਤੇ ਭੀ ਭੁੱਲ ਨਹੀਂ ਸਕਦਾ।

3. ਮੈਂ ਇਕ ਘੜੀ ਭਰ ਭੀ ਤੈਨੂੰ ਵਿਸਾਰ ਨਹੀਂ ਸਕਦਾ, ਮੈਂ ਤੈਥੋਂ (ਸਦਾ) ਸਦਕੇ ਹਾਂ, ਤੇਰੀ ਸਿਫਤ ਸਲਾਹ ਕਰ ਕਰ ਕੇ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਹੈ।

4. ਹੇ ਭਾਈ ! ਮੈਂ ਤਾਂ ਵੇਖ ਰਿਹਾ ਹਾਂ ਕਿ, ਪ੍ਰਮਾਤਮਾਂ ਤੋਂ ਬਿਨਾ ਤੋੜ ਨਿਭਣ ਵਾਲਾ ਨਾ ਕੋਈ ਮੇਰਾ ਹੀ (ਸਦਾ ਦਾ) ਸਾਥੀ ਹੈ, ਨਾ ਹੀ ਮੈਂ ਕਿਸੇ ਦਾ (ਸਦਾ ਦਾ) ਸਾਥੀ ਹਾਂ, ਪ੍ਰਮੇਸਰ ਦੀ ਯਾਦ ਤੋਂ ਬਿਨਾ ਮੇਰਾ ਮਨ ਧੀਰਜ ਨਹੀਂ ਫੜਦਾ।

5. ਹੇ ਭਾਈਓ ! ਜਿਸ ਮਨੁੱਖ ਨੇ ਪ੍ਰਮਾਤਮਾਂ ਦਾ ਆਸਰਾ ਲਿਆ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਵਸ ਪਏ ਹਨ, ਉਸ ਦਾ ਸਰੀਰ ਪਵਿਤ੍ਰ ਹੋ ਜਾਂਦਾ ਹੈ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਮਨੁੱਖ ਲੰਮੇਂ ਜਿਗਰੇ ਵਾਲਾ ਹੋ ਜਾਂਦਾ ਹੈ, ਉਹ ਆਤਮਕ ਅਨੰਦ ਮਾਣਦਾ ਹੈ ਅਤੇ ਗੁਰੂ ਦੇ ਸ਼ਬਦ ਦੀ ਰਾਹੀਂ ਉਸਦਾ ਮਨ ਧੀਰਜ ਵਾਲਾ ਬਣ ਜਾਂਦਾ ਹੈ।੩।

ਭਾਵਾਰਥ :—ਸਿਫਤ ਸਲਾਹ ਕਰਦਿਆਂ ਕਰਦਿਆਂ ਮਨੁੱਖ ਦੇ ਅੰਦਰ ਉਚਾ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ਉਸ ਮਨੁੱਖ ਨੂੰ ਯਕੀਨ ਬਣ ਜਾਂਦਾ ਹੈ ਕਿ ਇਕ ਪ੍ਰਮਾਤਮਾਂ ਹੀ ਜੀਵ ਦੇ ਨਾਲ ਜਾਣ ਵਾਲਾ, ਸਦਾ ਸਾਥ ਨਿਭਾਉਣ ਵਾਲਾ ਸਾਥੀ ਹੈ।

1. ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥
2. ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥
3. ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥
4. ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥
5. ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥
6. ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥੪॥

ਪਦ ਅਰਥ :-ਬਰਸੈ—ਵਰ੍ਹਦੀ ਹੈ। ਅੰਮ੍ਰਿਤ ਧਾਰ ਬੂੰਦ—ਅਮਰ ਜੀਵਨ ਦੇਣ ਵਾਲੇ ਨਾਮ ਜਲ ਦੀਆਂ ਬੂੰਦਾਂ ਦੀ ਧਾਰ। ਸਹਜਿ—ਸਹਿਜ ਅਵਸਥਾ ਵਿਚ (ਟਿਕੇ ਹੋਏ ਨੂੰ)। ਸਿਉ—ਨਾਲ। ਮੰਦਰਿ—ਮੰਦਰ ਵਿਚ। ਜਾ—ਜਦੋਂ। ਪ੍ਰਭ ਭਾਵੈ—ਪ੍ਰਭੂ ਨੂੰ ਚੰਗਾ ਲਗਦਾ ਹੈ। ਧਨ—ਜੀਵ ਇਸਤ੍ਰੀ। ਊਭੀ—ਉਚੀ (ਹੋ ਹੋ ਕੇ) ਉਤਾਵਲੀ। ਸਾਰੀ—ਸੰਭਾਲਦੀ ਹੈ। ਘਰਿ ਘਰਿ—ਹਰੇਕ ਹਿਰਦੇ ਘਰ ਵਿਚ। ਕੰਤੁ—ਪ੍ਰਭੂ ਪਤੀ। ਰਾਵੈ—ਰੰਗ ਮਾਣਦਾ ਹੈ। ਹਉ—ਮੈਨੂੰ। ਕੰਤਿ—ਕੰਤ ਨੇ, ਪ੍ਰਭੂ ਪਤੀ ਨੇ। ਉਨਵਿ—ਨਿਵ ਕੇ, ਲਿਫ ਕੇ, ਹੇਠਾਂ ਆ ਕੇ, ਤਰਸ ਕਰ ਕੇ। ਘਨ—ਹੇ ਘਨ, ਹੇ ਬਦਲ। ਬਰਸੁ—ਵਰ੍ਹ, ਵਰਖਾ ਕਰ। ਸੁਭਾਏ—ਪ੍ਰੇਮ ਨਾਲ। ਸੁਖਾਵੈ—ਸੁਖਾਂਦਾ ਹੈ, ਸੁਖ ਦੇਂਦਾ ਹੈ। ਘਰਿ—ਘਰ ਵਿਚ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਉਸ ਪ੍ਰਭੂ ਦੇ ਮਿਲਾਪ ਲਈ ਯਤਨ ਤਾਂ ਦਿਨੇ ਰਾਤ ਕਰਦੇ ਹਾਂ, ਪਰ, ਉਸ ਦਾ ਮਿਲਾਪ ਹਾਸਿਲ ਨਹੀਂ ਹੁੰਦਾ, ਦਸੋ ਉਸ ਨੂੰ ਕਿਵੇਂ ਮਿਲ ਸਕੀਦਾ ਹੈ ?

1. ਉ:—ਹੇ ਭਾਈਓ ! ਅਸਲ ਵਿਚ ਤਾਂ ਜਿਸ ਜੀਵ ਰੂਪ ਇਸਤ੍ਰੀ ਦੇ ਹਿਰਦੇ ਘਰ ਵਿਚ ਪ੍ਰਭੂ ਦੀ ਸਿਫਤ ਸਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਧਾਰ ਵਰ੍ਹਦੀ ਹੈ।

2. ਉਸ ਅਡੋਲ ਅਵਸਥਾ ਵਿਚ ਟਿਕੀ ਹੋਈ ਨੂੰ ਪ੍ਰੇਮ ਵਿਚ ਟਿਕੀ ਹੋਈ ਨੂੰ ਸੱਜਣ ਪ੍ਰਭੂ ਆ ਮਿਲਦਾ ਹੈ, ਪ੍ਰਭੂ ਨਾਲ ਉਸ ਦੀ ਪ੍ਰੀਤ ਬਣ ਜਾਂਦੀ ਹੈ।

3. ਹੇ ਭਾਈਓ ! ਉਸ ਜੀਵ ਇਸਤ੍ਰੀ ਦਾ ਹਿਰਦਾ ਪ੍ਰਭੂ ਦੇਵ ਦੇ ਟਿਕਣ ਲਈ ਮੰਦਰ ਬਣ ਜਾਂਦਾ ਹੈ, ਜਦੋਂ ਪ੍ਰਭੂ ਨੂੰ ਚੰਗਾ

ਲਗਦਾ ਹੈ ਉਹ ਉਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਮੰਦਰ ਵਿਚ ਆ ਟਿਕਦਾ ਹੈ; ਉਹ ਜੀਵ ਰੂਪ ਇਸਤ੍ਰੀ ਉਤਾਵਲੀ ਹੋ ਹੋ ਕੇ ਉਸ ਦੇ ਗੁਣ ਗਾਂਦੀ ਹੈ ।

4. (ਅਤੇ ਆਖਦੀ ਹੈ) (ਹੇ ਸਖੀਓ) ਉਹ ਹਰੇਕ ਭਾਗਾਂ ਵਾਲੀ ਦੇ ਹਿਰਦੇ ਘਰ ਵਿਚ ਪ੍ਰਭੂ ਰਲੀਆਂ ਮਾਣਦਾ ਹੈ, (ਪਰ, ਪਤਾ ਨਹੀਂ ਉਸ) ਪ੍ਰਭੂ ਪਤੀ ਨੇ ਮੈਨੂੰ ਕਿਉਂ ਭੁਲਾ ਦਿਤਾ ਹੈ ?

5. ਉਹ ਤਰਲੇ ਲੈ ਲੈ ਗੁਰੂ ਅਗੇ ਇਉਂ ਅਰਦਾਸ ਕਰਦੀ ਹੈ ਕਿ, ਹੇ ਲਿਫ ਲਿਫ ਕੇ ਘਟਾਂ ਬੰਨ੍ਹ ਕੇ ਆਏ ਬੱਦਲ, ਪ੍ਰੇਮ ਨਾਲ ਵਰ੍ਹ, (ਹੇ ਤਰਸ ਕਰ ਕੇ ਆਏ ਗੁਰੂ ਪਾਤਸ਼ਾਹ ਪ੍ਰੇਮ ਨਾਲ ਮੇਰੇ ਅੰਦਰ ਸਿਫਤ ਸਲਾਹ ਦੀ ਵਰਖਾ ਕਰ) ਪ੍ਰਭੂ ਦਾ ਪਿਆਰ ਮੇਰੇ ਮਨ ਵਿਚ, ਮੇਰੇ ਤਨ ਵਿਚ ਅਨੰਦ ਪੈਦਾ ਕਰਦਾ ਹੈ ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਸ (ਸੁਭਾਗ) ਹਿਰਦੇ ਘਰ ਵਿਚ ਸਿਫਤ ਸਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਪ੍ਰਭੂ ਕਿਰਪਾ ਧਾਰ ਕੇ ਆਪ ਉਥੇ ਆ ਟਿਕਦਾ ਹੈ ।੪।

ਭਾਵਾਰਥ :—ਸਿਫਤ ਸਲਾਹ ਦੀ ਬਰਕਤ ਨਾਲ ਮਨੁੱਖ ਦਾ ਮਨ ਵਿਕਾਰਾਂ ਵਲੋਂ ਅਡੋਲ ਰਹਿੰਦਾ ਹੈ, ਉਸ ਦੇ ਅੰਦਰ ਹਰ ਵੇਲੇ ਪ੍ਰਮੇਸ਼ਰ ਦੇ ਮਿਲਾਪ ਦੀ ਖਿੱਚ ਬਣੀ ਰਹਿੰਦੀ ਹੈ ।

1. ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
2. ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
3. ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ ॥
4. ਕੋਕਿਲ ਅੰਬਿ ਸੁਹਾਵੀ ਬੋਲੈ
ਕਿਉ ਦੁਖੁ ਅੰਕਿ ਸਹੀਜੈ ॥
5. ਭਵਰੁ ਭਵੰਤਾ ਫੂਲੀ ਡਾਲੀ
ਕਿਉ ਜੀਵਾ ਮਰੁ ਮਾਏ ॥
6. ਨਾਨਕ ਚੇਤਿ ਸਹਜਿ ਸੁਖੁ ਪਾਵੈ
ਜੇ ਹਰਿ ਵਰੁ ਘਰਿ ਧਨ ਪਾਏ ॥੫॥

ਪਦ ਅਰਥ :—ਸੁਹਾਵੜੇ–ਸੁਹਾਵਣੇ, ਸੋਹਣੇ । ਬਨ–ਜੰਗਲ, ਬਨਸਪਤੀ । ਰੁੱਖ, ਬਿਰਖ, ਵੇਲ ਬੂਟੇ । ਮੰਝ–ਵਿਚ । ਬਾਰਿ–ਜੂਹ, ਖੁਲੀ ਜ਼ਮੀਨ । ਮੈ ਪਿਰੁ–ਮੇਰਾ ਪਤੀ ਪ੍ਰਭੂ । ਬਾਹੁੜੈ–ਆ ਜਾਏ । ਧਨ–ਇਸਤ੍ਰੀ । ਬਿਰਹਿ–ਵਿਛੋੜੇ ਵਿਚ । ਛੀਜੈ–ਛਿੱਜਦਾ ਹੈ, ਟੁੱਟਦਾ ਹੈ, ਦੁਖੀ ਹੁੰਦਾ ਹੈ । ਅੰਬਿ–ਅੰਬ (ਦੇ ਰੁੱਖ) ਉਤੇ । ਅੰਕਿ–ਹਿਰਦੇ ਵਿਚ । ਮਰੁ–ਮੌਤ, ਆਤਮਕ ਮੌਤ । ਮਾਏ–ਹੇ ਮਾਂ । ਵਰੁ–ਖਸਮ; ਪਤੀ । ਘਰਿ–ਹਿਰਦੇ ਘਰ ਵਿਚ । ਧਨ–ਜੀਵ ਇਸਤ੍ਰੀ । ਪਾਏ–ਲੱਭ ਲਏ।੫।

ਅਰਥ :—

1. **ਪ੍ਰ**:—ਸ੍ਰੀ ਜੀਉ ! ਜਿਵੇਂ ਆਮ ਲੋਕਾਂ ਨੂੰ (ਚੇਤ ਦਾ ਮਹੀਨਾ) ਚੰਗਾ ਲਗਦਾ ਹੈ ਅਤੇ (ਚੇਤ ਵਿਚ) ਬਸੰਤ (ਦਾ ਮੌਸਮ ਭੀ) ਪਿਆਰਾ ਲਗਦਾ ਹੈ ।

2. (ਇਸ ਮਹੀਨੇ) ਖੁਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲਗ ਪੈਂਦੇ ਹਨ ਤੇ (ਫੁੱਲਾਂ ਉਤੇ ਬੈਠੇ ਹੋਏ) ਭਵਰ ਸੋਹਣੇ ਲਗਦੇ ਹਨ, ਕੀ ਆਪ ਜੀ ਦੇ ਹਿਰਦੇ ਵਿਚ ਭੀ ਖਿੜਾਉ ਉਪਜਦਾ ਹੈ । **ਉ**:—ਹੇ ਪਿਆਰੇ ! ਜਿਵੇਂ ਉਜਾੜ ਬਾਰ ਵਿਚ ਵਣ ਫੁਲਦਾ ਹੈ, ਤਾਂ ਬਹੁਤ ਰੌਣਕ ਬਣ ਜਾਂਦੀ ਹੈ, (ਇਸੇ ਤਰ੍ਹਾਂ ਮੇਰੇ ਹਿਰਦੇ ਦਾ ਕੌਲ ਫੁੱਲ ਭੀ ਖਿੜ ਪਵੇ ਜੇ) ਮੇਰਾ ਪਤੀ ਪ੍ਰਭੂ ਮੇਰੇ ਹਿਰਦੇ ਘਰ ਵਿਚ ਆ ਵਸੇ, (ਭਾਵ ਮੇਰੇ ਹਿਰਦੇ ਘਰ ਵਿਚ ਤਾਂ ਤਦੋਂ ਹੀ ਮੰਗਲ ਹੁੰਦੇ ਹਨ, ਜਦੋਂ ਮੇਰਾ ਪਤੀ ਪ੍ਰਭੂ ਮੇਰੇ ਹਿਰਦੇ ਘਰ ਵਿਚ ਚਰਨ ਪਾਉਣ) ।

ਪ੍ਰ:—ਹੇ ਗੁਰੋ ! ਆਪ ਜੀ ਉਸ ਪ੍ਰਮੇਸ਼ਰ ਪਤੀ ਦੇ ਵਿਛੋੜੇ ਦਾ ਕਿਤਨਾ ਕੁ ਦੁੱਖ ਅਨੁਭਵ ਕਰਦੇ ਹੋ ?

3. **ਉ**:—ਹੇ ਪਿਆਰੇ ! ਜਿਵੇਂ ਇਕ ਇਸਤ੍ਰੀ ਪਤੀ ਦੇ ਵਿਯੋਗ ਵਿਚ ਤੜਫਦੀ ਹੈ, ਤਿਵੇਂ ਇਹ ਜੀਵ ਰੂਪ ਇਸਤ੍ਰੀ ਦਾ ਪ੍ਰਭੂ ਪਤੀ ਹਿਰਦੇ ਘਰ ਵਿਚ ਨਾ ਆ ਵਸੇ ਉਸ ਇਸਤ੍ਰੀ ਨੂੰ ਆਤਮਕ ਅਨੰਦ ਨਹੀਂ ਆ ਸਕਦਾ, ਉਸ ਦਾ ਸਰੀਰ (ਪ੍ਰਭੂ ਦੇ ਵਿਛੜੇ ਦੇ ਕਾਰਨ) (ਕਾਮਾਦਿਕ ਵੈਰੀਆਂ ਦੇ) ਹਲਿਆਂ ਨਾਲ ਕਮਜ਼ੋਰ ਹੋ ਜਾਂਦਾ ਹੈ । ਭਾਵ, ਵਿਛੋੜੇ ਦੀ ਖਿਚਾ ਖਿਚੀ ਵਿਚ ਸਰੀਰ ਟੁੱਟ ਰਿਹਾ ਹੁੰਦਾ ਹੈ) ।

ਪ੍ਰ:—ਸ੍ਰੀ ਜੀਉ ! ਚੇਤਰ ਦੇ ਮਹੀਨੇ ਜਦੋਂ ਕੋਇਲ ਅੰਬਾਂ ਦੇ ਰੁੱਖਾਂ ਤੇ ਬੋਲਦੀ ਹੈ ਤਾਂ ਉਹ ਸਾਰਿਆਂ ਨੂੰ ਹੀ ਖੁਸ਼ੀ ਦਾ ਕਾਰਣ ਬਣਦੀ ਹੈ, ਕੀ ਉਹ ਕਿਸੇ ਨੂੰ ਦੁੱਖ ਦਾ ਰੂਪ ਭੀ ਬਣਿਆ ਕਰਦੀ ਹੈ ?

4. **ਉ**:—ਹੇ ਪਿਆਰੇ ! ਇਹ ਠੀਕ ਹੈ ਕਿ ਚੇਤ ਦੇ ਮਹੀਨੇ ਜਦੋਂ ਕੋਇਲ ਅੰਬ ਦੇ ਰੁੱਖਾਂ ਉਤੇ ਮਿੱਠੇ ਬੋਲ ਬੋਲਦੀ ਹੈ, ਪਰ, ਹੇ ਭਾਈ ! (ਵਿਜੋਗਣ ਨੂੰ ਇਹ ਮਿੱਠੇ ਬੋਲ ਮਿੱਠੇ ਨਹੀਂ ਲਗਦੇ, ਸਗੋਂ ਚੋਭਵੇਂ ਦੁੱਖਦਾਈ ਲਗਦੇ ਹਨ ਤੇ ਵਿਛੋੜੇ ਦਾ) ਦੁੱਖ ਉਸ ਪਾਸੋਂ ਹਿਰਦੇ ਵਿਚ ਸਹਾਰਿਆ ਨਹੀਂ ਜਾਂਦਾ ।

ਪ੍ਰ:—ਕਿਉਂ ਜੀ ! ਪ੍ਰਭੂ ਪਤੀ ਤੋਂ ਵਿਛੜੀ ਹੋਈ ਜੀਵ ਇਸਤ੍ਰੀ ਦੇ ਅੰਦਰੋਂ ਕੀ ਅਵਾਜ਼ ਨਿਕਲਦੀ ਹੈ ?

5, **ਉ**:—ਹੇ ਪਿਆਰੇ ! ਉਸ ਦੇ ਅੰਦਰੋਂ ਤਾਂ ਇਹੋ ਹੀ ਵੈਰਾਗ ਵਿਚ ਭਿੱਜੀ ਹੋਈ ਦਰਦ ਭਰੀ ਅਵਾਜ਼ ਨਿਕਲਦੀ ਹੈ ਕਿ, ਹੇ ਮਾਂ, ਮੇਰਾ ਮਨ ਭੌਰਾ (ਅੰਦਰਲੇ ਖਿੜੇ ਹੋਏ ਹਿਰਦੇ ਕਮਲ ਨੂੰ ਛਡ ਕੇ ਦੁਨੀਆਂ ਦੇ ਰੰਗ ਤਮਾਸ਼ਿਆਂ ਦੇ) ਫੁੱਲਾਂ ਤੇ ਡਾਲੀਆਂ ਉਤੇ ਭਟਕਦਾ ਫਿਰਦਾ ਹੈ, (ਇਸ ਨੂੰ

ਮੈਂ ਆਤਮਕ ਜੀਵਨ ਨਹੀਂ ਸਮਝਦੀ; ਇਹ ਤਾਂ ਮੈਨੂੰ ਆਤਮਕ ਮੌਤ ਅਨੁਭਵ ਹੁੰਦੀ ਹੈ।

ਪ੍ਰ:—ਸ੍ਰੀ ਜੀਉ! ਆਖਰ, ਆਪ ਜੀਵ ਰੂਪ ਇਸਤ੍ਰੀ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਅਨੁਭਵ ਕਰਦੇ ਹੋ ?

6. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਚੇਤ ਦੇ ਮਹੀਨੇ ਵਿਚ (ਬਸੰਤ ਦੇ ਮੌਸਮ ਅੰਦਰ) ਜੀਵ ਇਸਤ੍ਰੀ ਅਡੋਲ ਅਵਸਥਾ ਵਿਚ ਟਿਕ ਕੇ (ਹੀ) ਆਤਮਕ ਅਨੰਦ ਮਾਣਦੀ ਹੈ, ਜੇ ਉਹ ਜੀਵ ਰੂਪ ਇਸਤ੍ਰੀ (ਆਪਣੇ ਹਿਰਦੇ) ਘਰ ਵਿਚ ਪ੍ਰਭੂ ਪਤੀ ਨੂੰ ਲੱਭ ਲਏ।੫।

ਭਾਵਾਰਥ :—ਬਸੰਤ ਦਾ ਮੌਸਮ ਸੁਹਾਵਣਾ ਹੁੰਦਾ ਹੈ, ਹਰ ਪਾਸੇ ਫੁੱਲ ਖਿੜੇ ਹੁੰਦੇ ਹਨ, ਕੋਇਲ ਅੰਬ ਉਤੇ ਬੈਠੀ ਮਿਠੇ ਬੋਲ ਬੋਲਦੀ ਹੈ। ਪਰ ਪਤੀ ਤੋਂ ਵਿਛੜੀ ਨਾਰ ਨੂੰ ਇਹ ਸਭ ਕੁਝ ਚੋਭਵਾਂ ਲਗਦਾ ਹੈ। ਜਿਸ ਮਨੁੱਖ ਦਾ ਮਨ ਅੰਦਰਲੇ ਹਿਰਦੇ ਕੌਲ ਫੁੱਲ ਨੂੰ ਛਡ ਕੇ ਦੁਨੀਆਂ ਦੇ ਰੰਗ ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਉਸ ਦਾ ਇਹ ਜੀਉਣਾ ਅਸਲ ਵਿਚ ਆਤਮਕ ਮੌਤ ਹੈ, ਆਤਮਕ ਅਨੰਦ ਤਦੋਂ ਹੀ ਹੈ ਜਦੋਂ ਪ੍ਰਮਾਤਮਾਂ ਹਿਰਦੇ ਵਿਚ ਆ ਵਸੇ।

1. ਵੈਸਾਖੁ ਭਲਾ ਸਾਖਾ ਵੇਸ ਕਰੇ ॥
2. ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
3. ਘਰਿ ਆਉ ਪਿਆਰੇ ਦੁਤਰ ਤਾਰੇ
ਤੁਧੁ ਬਿਨੁ ਅਢੁ ਨ ਮੋਲੋ ॥
4. ਕੀਮਤਿ ਕਉਣੁ ਕਰੇ ਤੁਧੁ ਭਾਵਾਂ
ਦੇਖਿ ਦਿਖਾਵੈ ਢੋਲੋ ॥
5. ਦੂਰਿ ਨ ਜਾਨਾ ਅੰਤਰਿ ਮਾਨਾ
ਹਰਿ ਕਾ ਮਹਲੁ ਪਛਾਨਾ ॥
6. ਨਾਨਕ ਵੈਸਾਖੀ ਪ੍ਰਭੁ ਪਾਵੈ
ਸੁਰਤਿ ਸਬਦਿ ਮਨੁ ਮਾਨਾ ॥੬॥

ਪਦ ਅਰਥ :—ਸਾਖਾ—ਸਾਖਾਂ, ਨਵੀਆਂ ਫੁਟੀਆਂ ਟਾਹਣੀਆਂ, ਲਗਰਾਂ। ਵੇਸ ਕਰੇ—ਸੋਹਣੇ ਕੱਪੜੇ ਪਾਏ ਹੋਏ ਹਨ, ਨਰਮ ਨਰਮ ਕੂਲੇ ਕੂਲੇ ਪਤੇ ਨਿਕਲੇ ਹੋਏ ਹਨ। ਧਨ—ਇਸਤ੍ਰੀ। ਦਖੈ—ਵੇਖਦੀ ਹੈ, ਉਡੀਕਦੀ ਹੈ। ਦੁਆਰਿ—ਬੂਹੇ ਵਿਚ (ਖਲੋਤੀ)। ਕਰੇ—ਕਰਿ, ਕਰ ਕੇ। ਘਰਿ—ਘਰ ਵਿਚ। ਦੁਤਰ—ਜਿਸ ਵਿਚੋਂ ਤਰ ਕੇ ਲੰਘਣਾ ਔਖਾ ਹੋਵੇ। ਤਾਰੇ—ਤਾਰਿ, ਪਾਰ ਲੰਘਾਂ। ਅਢੁ—ਅੱਧੀ ਕੌਡੀ। ਮੋਲੋ—ਮੁੱਲ। ਤੁਧੁ ਭਾਵਾਂ—ਜੇ ਤੈਨੂੰ ਚੰਗੀ ਲਗਣ ਲਗ ਪਵਾਂ। ਦੇਖਿ—ਵੇਖਕੇ, ਦਰਸ਼ਨ ਕਰਕੇ। ਦਿਖਾਵੈ—(ਮੈਨੂੰ ਭੀ) ਦਰਸ਼ਨ ਕਰਾ ਦੇਵੇ। ਢੋਲੋ—ਢੋਲੇ ਦਾ, ਪਿਆਰੇ ਪਤੀ ਦਾ। ਜਾਨਾ—ਜਾਣਦੀ ਹਾਂ। ਮਾਨਾ—ਮੰਨਦੀ ਹਾਂ। ਮਹਲੁ—ਟਿਕਾਣਾ। ਪਛਾਨਾ—ਪਛਾਣ ਲੈਂਦੀ ਹੈ। ਵੈਸਾਖੀਂ—ਵੈਸਾਖ ਵਿਚ। ਸਬਦਿ—ਸ਼ਬਦ ਵਿਚ। ਮਾਨਾ—ਪਤੀਜ ਗਿਆ; ਗਿੱਝ ਗਿਆ।੬।

ਅਰਥ :—

1. ਪ੍ਰ:—ਸ੍ਰੀ ਜੀਉ! ਵੈਸਾਖ (ਦਾ ਮਹੀਨਾ ਕਿਹਾ) ਸੋਹਣਾ ਲਗਦਾ ਹੈ, (ਕਿਉਂਕਿ, ਰੁੱਖਾਂ ਦੀਆਂ) ਲਗਰਾਂ ਸੱਜ ਵਿਆਹੀਆਂ ਮੁਟਿਆਰਾਂ ਵਾਂਗ ਕੂਲੇ ਕੂਲੇ ਪੱਤਰਾਂ ਦਾ ਹਾਰ ਸ਼ਿੰਗਾਰ ਕਰਦੀਆਂ ਹਨ; ਪਰ, ਉਸ ਪਿਆਰੇ ਪਤੀ ਪ੍ਰਮੇਸ਼ਰ ਤੋਂ ਵਿਛੜੀਆਂ ਜੀਵ ਰੂਪ ਇਸਤ੍ਰੀਆਂ ਨੂੰ ਉਸ ਤੋਂ ਕੀ ਪ੍ਰੇਰਨਾ ਮਿਲਦੀ ਹੈ ?

2. ਉ:—ਹੇ ਪਿਆਰੇ! (ਇਨ੍ਹਾਂ ਲਗਰਾਂ ਦਾ ਹਾਰ ਸ਼ਿੰਗਾਰ ਵੇਖਕੇ ਪਤੀ ਪ੍ਰਭੂ ਤੋਂ ਵਿਛੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਦੀ ਧੂਹ ਪੈਂਦੀ ਹੈ ਤੇ ਉਹ ਆਪਣੇ ਘਰ ਦੇ ਬੂਹੇ ਵਿਚ ਖਲੋਤੀ ਰਾਹ ਤੱਕਦੀ ਹੈ।

ਇਸੇ ਤਰ੍ਹਾਂ, ਹੇ ਭਾਈ! ਕੁਦਰਤ ਰਾਣੀ ਦਾ ਸੋਹਜ ਸ਼ਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ (ਹਿਰਦੇ) ਦਰ ਤੇ ਪ੍ਰਭੂ ਪਤੀ ਦੀ ਉਡੀਕ ਕਰਦੀ ਹੈ ਤੇ ਆਖਦੀ ਹੈ ਹੇ ਪ੍ਰਭੂ ਪਤੀ! ਮਿਹਰ ਕਰ ਕੇ ਮੇਰੇ ਹਿਰਦੇ ਘਰ ਵਿਚ ਆਓ।

3. ਹੇ ਪਿਆਰੇ! ਮੇਰੇ ਘਰ ਵਿਚ ਆਓ, ਮੈਨੂੰ ਇਸ ਬਿਖਮ ਸੰਸਾਰ ਸਮੁੰਦ੍ਰ ਵਿਚੋਂ ਪਾਰ ਲੰਘਾਓ, (ਕਿਉਂਕਿ) ਤੈਥੋਂ ਬਿਨਾ ਤਾਂ ਮੇਰੀ ਕਦਰ ਅੱਧੀ ਕੌਡੀ ਜਿਤਨੀ ਭੀ ਨਹੀਂ ਹੈ।

ਪ੍ਰ:—ਕਿਉਂ ਜੀ! ਦਰਸ਼ਨ ਪ੍ਰਾਪਤੀ ਨਾਲ ਤੁਸੀਂ ਕੀ ਲਾਭ ਹਾਸਿਲ ਅਨੁਭਵ ਕਰਦੇ ਹੋ ?

4. ਉ:—ਹੇ ਮਿੱਤ੍ਰ ਪ੍ਰਭੂ! ਜੇ ਗੁਰੂ ਤੇਰਾ ਦਰਸ਼ਨ ਕਰ ਕੇ ਮੈਨੂੰ ਭੀ ਦਰਸ਼ਨ ਕਰਾ ਦੇਵੇ, ਤੇ ਜੇ ਮੈਂ ਤੈਨੂੰ ਚੰਗੀ ਲਗ ਪਵਾਂ, ਤਾਂ ਕੌਣ ਮੇਰਾ ਮੁੱਲ ਪਾ ਸਕਦਾ ਹੈ ?

5. ਹੇ ਸਾਈਆਂ ਜੀਉ! ਫਿਰ ਤੂੰ ਮੈਨੂੰ ਕਿਤੇ ਦੂਰ ਨਹੀਂ ਜਾਪੇਂਗਾ, ਮੈਨੂੰ ਯਕੀਨ ਹੋਵੇਗਾ ਕਿ ਤੂੰ ਮੇਰੇ ਅੰਦਰ ਵਸ ਰਿਹਾ ਹੈਂ, ਉਸ ਟਿਕਾਣੇ ਦੀ ਮੈਨੂੰ ਪਛਾਣ ਭੀ ਹੋ ਜਾਇਗੀ, ਜਿਥੇ ਤੂੰ ਵਸਦਾ ਹੈਂ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਵੈਸਾਖ ਵਿਚ (ਕੁਦਰਤ ਰਾਣੀ ਦਾ ਸੋਹਜ ਸ਼ਿੰਗਾਰ ਵੇਖ ਕੇ ਉਹ ਜੀਵ ਇਸਤ੍ਰੀ) ਪ੍ਰਭੂ ਪਤੀ (ਦਾ ਮਿਲਾਪ ਹਾਸਿਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ ਸਿਫਤ ਸਲਾਹ ਵਿਚ ਹੀ) ਗਿੱਝ ਜਾਂਦਾ ਹੈ।੬।

ਭਾਵਾਰਥ;—ਜਿਸ ਮਨੁੱਖ ਦਾ ਮਨ ਪ੍ਰਮਾਤਮਾਂ ਦੀ ਸਿਫਤ ਸਲਾਹ ਵਿਚ ਗਿੱਝ ਜਾਂਦਾ ਹੈ, ਉਸਨੂੰ ਕੁਦਰਤ ਦੀ ਸੁੰਦਰਤਾ ਭੀ ਪ੍ਰਮੇਸ਼ਰ ਦੇ ਚਰਨਾਂ ਵਿਚ ਹੀ ਜੋੜਨ ਲਈ ਸਹਾਇਤਾ ਕਰਦੀ ਹੈ।

1. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
2. ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥
3. ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
4. ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
5. ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
6. ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥

ਪਦ ਅਰਥ :—ਕਿਉ ਬਿਸਰੈ—ਕਿਵੇਂ ਵਿਸਰੇ ? ਨਹੀਂ ਵਿਸਰਦਾ। ਤਾਪਹਿ—ਤਪਦੇ ਹਨ, ਭੱਖਦੇ ਹਨ। ਸਰ—ਵਾਂਗ। ਭਾਰ—ਭੱਠ। ਸਾ ਧਨ—ਜੀਵ ਇਸਤ੍ਰੀ। ਬਿਨਉ—ਬੇਨਤੀ। ਸਾਰੇਦੀ—ਸੰਭਾਲਦੀ ਹੈ, ਯਾਦ ਕਰਦੀ ਹੈ। ਸਾਰੀ—ਮੈਂ ਯਾਦ ਕਰਦੀ ਹਾਂ। ਪ੍ਰਭ ਭਾਵਾ—ਪ੍ਰਭੂ ਨੂੰ ਚੰਗੀ ਲਗ ਪਵਾਂ। ਮਹਲਿ—ਮਹਲਿ—ਮਹਲ ਵਿਚ। ਬੈਰਾਗੀ—ਵਿਰਕਤ, ਮਾਇਆ ਤੋਂ ਨਿਰਲੇਪ। ਆਵਣ ਦੇਹਿ—ਜੇ ਤੂੰ ਆਉਣ ਦੀ ਆਗਿਆ ਦੇਵੇਂ। ਆਵਾ—ਮੈਂ (ਤੇਰੇ ਪਾਸ) ਆ ਸਕਦੀ ਹਾਂ। ਮਹਿਲਾਂ ਵਿਚ। ਕਰਮਿ—ਬਖਸ਼ਸ਼ ਨਾਲ। ਗਹਿਲੀ—ਗ੍ਰਹਿਣ ਕਰਨ ਵਾਲੀ। ਜਾਣੈ—ਜਾਣ ਲਏ, ਜਾਣ ਪਛਾਣ ਪਾ ਲਏ, ਸਾਂਝ ਪਾ ਲਏ। ਗੁਣ ਗਹਿਲੀ—ਪ੍ਰਭੂ ਦੇ ਗੁਣ ਗ੍ਰਹਿਣ ਕਰਨ ਵਾਲੀ।੭।

ਅਰਥ :—

ਪ੍ਰ:—ਗੁਰਦੇਵ ਜੀਉ ! ਜੇਠ ਦਾ ਮਹੀਨਾ ਕਿਨ੍ਹਾਂ ਨੂੰ ਚੰਗਾ ਪ੍ਰਤੀਤ ਹੁੰਦਾ ਹੈ ?

1. ਉ:—ਹੇ ਭਾਈਓ ! ਅਸਲ ਵਿਚ ਜੇਠ ਦਾ ਮਹੀਨਾ (ਉਨ੍ਹਾਂ ਨੂੰ ਹੀ) ਚੰਗਾ ਲਗਦਾ ਹੈ, ਜਿਨ੍ਹਾਂ ਨੂੰ ਪ੍ਰੀਤਮ ਪ੍ਰਭੂ ਕਦੇ ਨਹੀਂ ਵਿਸਰਦਾ।

ਪ੍ਰ:—ਸ੍ਰੀ ਜੀਉ ! ਜੋ ਪ੍ਰਭੂ ਨੂੰ ਵਿਸਾਰਨ ਵਾਲੇ ਹਨ, ਉਨ੍ਹਾਂ ਨੂੰ ਇਸ ਜੇਠ ਦੇ ਮਹੀਨੇ ਵਿਚ ਕੀ ਔਖਿਆਈ ਹੁੰਦੀ ਹੈ ?

2. ਉ:—ਹੇ ਪਿਆਰੇ ! ਜੇਠ ਦੇ ਮਹੀਨੇ ਵਿਚ ਜਦੋਂ ਲੋਆਂ ਪੈਂਦੀਆਂ ਹਨ ਤਾਂ ਭੱਠ ਵਾਂਗ ਥਲ ਤਪਣ ਲਗ ਪੈਂਦੇ (ਇਸੇ ਤਰ੍ਹਾਂ ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਹਨ, ਉਨ੍ਹਾਂ ਦੀ ਤਪਸ਼ ਨੂੰ ਅਨੁਭਵ ਕਰ ਕੇ) ਗੁਰਮੁਖ ਜੀਵ ਇਸਤ੍ਰੀ (ਪ੍ਰਭੂ ਚਰਨਾਂ ਵਿਚ) ਅਰਦਾਸ ਕਰਦੀ ਹੈ।
3. ਉਸ ਪ੍ਰਭੂ ਦੇ ਗੁਣ (ਹਿਰਦੇ ਵਿਚ) ਸੰਭਾਲਦੀ ਹੈ, ਜੋ ਇਸ ਤਪਸ਼ ਤੋਂ ਨਿਰਾਲਾ ਹੈ।
4. ਅਤੇ ਸਦਾ ਥਿਰ ਮਹਲ ਵਿਚ ਟਿਕਿਆ ਰਹਿੰਦਾ ਹੈ, ਉਸ ਅਗੇ ਜੀਵ ਇਸਤ੍ਰੀ ਬੇਨਤੀ ਕਰਦੀ ਹੈ, ਹੇ ਪ੍ਰਭੂ ! ਮੈਂ ਤੇਰੀ ਸਿਫਤ ਸਲਾਹ ਕਰਦੀ ਹਾਂ ਤਾਂ ਕਿ ਮੈਂ ਤੈਨੂੰ ਚੰਗੀ ਲਗਾਂ, ਤੂੰ ਮੈਨੂੰ ਆਗਿਆ ਦੇਵੇਂ; ਮੈਂ ਭੀ ਤੇਰੇ ਮਹਲ ਵਿਚ ਆ ਜਾਵਾਂ (ਤੇ ਬਾਹਰਲੀ ਤਪਸ਼ ਤੋਂ ਬਚ ਸਕਾਂ)।
5. ਕਿਉਂਕਿ, ਜਿਤਨਾਂ ਚਿਰ ਜੀਵ ਇਸਤ੍ਰੀ ਪ੍ਰਭੂ ਤੋਂ ਵਖ ਰਹਿਕੇ (ਵਿਕਾਰਾਂ ਦੀ ਤਪਸ਼ ਨਾਲ) ਨਿਢਾਲ ਤੇ ਕਮਜ਼ੋਰ ਹੈ ਉਤਨਾ ਚਿਰ (ਤਪਸ਼ ਤੋਂ ਬਚੇ ਹੋਏ ਪ੍ਰਭੂ ਦੇ) ਮਹਲ ਦਾ ਅਨੰਦ ਨਹੀਂ ਮਾਣ ਸਕਦੀ।

ਪ੍ਰ:—ਸ੍ਰੀ ਜੀਉ ! ਇਨ੍ਹਾਂ ਵਿਕਾਰਾਂ ਦੀ ਤਪਸ਼ ਤੋਂ ਇਸ ਜੀਵ ਇਸਤ੍ਰੀ ਦਾ ਬਚਾ ਕਿਵੇਂ ਹੋ ਸਕਦਾ ਹੈ ?

6. ਉ:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੇਠ (ਦੀ ਸਾੜਦੀ ਲੋ) ਵਿਚ ਪ੍ਰਭੂ ਦੀ ਸਿਫਤ ਸਲਾਹ ਨੂੰ ਹਿਰਦੇ ਵਿਚ ਵਸਾ ਲੈਣ ਵਾਲੀ ਜਿਹੜੀ ਜੀਵ ਇਸਤ੍ਰੀ ਪ੍ਰਭੂ ਨਾਲ ਜਾਣ ਪਛਾਣ ਪਾ ਲੈਂਦੀ ਹੈ, ਉਹ ਉਸ (ਸ਼ਾਂਤ ਚਿਤ ਪ੍ਰਭੂ) ਵਰਗੀ (ਹੀ) ਹੋ ਜਾਂਦੀ ਹੈ, ਉਸ ਦੀ ਮਿਹਰ ਨਾਲ ਉਸ ਵਿਚ ਇਕ ਰੂਪ ਹੋ ਜਾਂਦੀ ਹੈ (ਤੇ) ਵਿਕਾਰਾਂ ਦੀ ਤਪਸ਼ ਲੋ ਤੋਂ ਬਚੀ ਰਹਿੰਦੀ ਹੈ।੭।

ਭਾਵਾਰਥ :—ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਰਹਿੰਦੇ ਹਨ। ਜਿਹੜਾ ਮਨੁੱਖ ਪ੍ਰਮਾਤਮਾਂ ਦੀ ਸਿਫਤ ਸਲਾਹ ਨੂੰ ਹਿਰਦੇ ਵਿਚ ਵਸਾ ਕੇ ਪ੍ਰਮੇਸ਼ਰ ਨਾਲ ਡੂੰਘੀ ਸਾਂਝ ਪਾਈ ਰਖਦਾ ਹੈ ਉਸ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ, ਉਹ ਮਨੁੱਖ ਵਿਕਾਰਾਂ ਦੀ ਤਪਸ਼ ਲੋ ਤੋਂ ਬਚਿਆ ਰਹਿੰਦਾ ਹੈ।

1. ਆਸਾੜੁ ਭਲਾ ਸੂਰਜੁ ਗਗਨਿ ਤਪੈ ॥
2. ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
3. ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
4. ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
5. ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
6. ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥

ਪਦ ਅਰਥ :—ਅਸਾੜੁ—ਹਾੜ ਮਹੀਨਾ। ਗਗਨਿ—ਅਕਾਸ਼ ਵਿਚ। ਭਲਾ—ਚੰਗਾ, ਜੋਬਨ ਵਿਚ। ਸਹੈ—ਸਹਾਰਦੀ ਹੈ। ਭਖੈ—ਤਪਦੀ ਹੈ। ਰਸੁ—ਜਲ। ਮਰੀਐ-ਮਰੀਦਾ ਹ, ਦੁਖੀਦਾ ਹੈ। ਧੋਖੈ—ਧੁਖ ਧੁਖ ਕ, ਕ੍ਰਾਹ ਕ੍ਰਾਹ ਕੇ। ਸੋ—ਉਹ ਸੂਰਜ। ਕਿਰਤੁ ਨ ਹਾਰੇ—ਕਰਤਬ ਨਹੀਂ ਛਡਦਾ। ਫਿਰੈ—ਚੱਕਰ ਲਾਂਦਾ ਹੈ। ਧਨ—ਕਮਜ਼ੋਰ ਜਿੰਦੇ। ਤਾਕੈ—ਤਕਦੀ ਹੈ, ਭਾਲਦੀ ਹੈ। ਟੀਡੁ—ਬੀਂਡਾ। ਲਵੈ—ਲੈਂਦਾ ਹੈ, ਟੀਂ ਟੀਂ

ਕਰਦਾ ਹੈ। ਬਾਰਿ—ਜੂਹ । ਮੰਝਿ ਬਾਰੇ—ਖੁਲ੍ਹੀ ਜੂਹ ਵਿਚ। ਬਾਧਿ—ਬੰਨ੍ਹ ਕੇ। ਚਲੀ—ਤੁਰਦੀ ਹੈ। ਆਗੈ—ਅਗਾਹਾਂ ਸਾਹਮਣੇ ਜ਼ਿੰਦਗੀ ਦੇ ਸਫਰ ਵਿਚ। ਸਾਚੁ—ਸਦਾ ਥਿਰ ਪ੍ਰਭੂ। ਸਮਾਲੇ—ਹਿਰਦੇ ਵਿਚ ਸੰਭਾਲਦੀ ਹੈ। ਇਹੁ ਮਨੁ—ਸੱਚ ਸੰਭਾਲਣ ਵਾਲਾ ਮਨ। ਮਰਣੁ ਜੀਵਣੁ—ਹਰ ਵੇਲੇ ਦਾ ਸਾਥ।੮।

ਅਰਥ :—

ਪ੍ਰ:—ਸ੍ਰੀ ਜੀਉ! ਹਾੜ ਦੇ ਮਹੀਨੇ ਉਹ ਕਿਹੜੀ ਜੀਵ ਰੂਪ ਇਸਤ੍ਰੀ ਹੈ ਜਿਸਦੇ ਕਿ, ਜੀਵਨ ਸਫਰ ਵਿਚ ਦੁੱਖ ਹੀ ਦੁੱਖ ਵਾਪਰਦੇ ਹੋਣ?

1.2 **ਉ:**—ਹੇ ਭਾਈ! ਅਸਲ ਵਿਚ ਜਦੋਂ ਹਾੜ ਦਾ ਮਹੀਨਾ ਚੰਗਾ ਜੋਬਨ ਵਿਚ ਹੁੰਦਾ ਹੈ, ਅਕਾਸ਼ ਵਿਚ ਸੂਰਜ ਤਪਦਾ ਹੈ, ਧਰਤੀ ਦੁੱਖ ਸਹਾਰਦੀ ਹੈ (ਧਰਤੀ ਦੇ ਜੀਅ ਜੰਤ ਔਖੇ ਹੁੰਦੇ ਹਨ) ਧਰਤੀ ਅੱਗ (ਵਾਂਗ) ਭੱਖਦੀ ਹੈ।

3. ਸੂਰਜ ਅੱਗ (ਵਾਂਗ) ਪਾਣੀ ਨੂੰ ਸੁਕਾਂਦਾ ਹੈ।
(ਹਰੇਕ ਦੀ ਜ਼ਿੰਦ) ਕ੍ਰਾਹ ਕ੍ਰਾਹ ਕੇ ਦੁੱਖੀ ਹੁੰਦੀ ਹੈ, ਫਿਰ ਭੀ ਸੂਰਜ ਆਪਣਾ ਕਰਤੱਬ ਨਹੀਂ ਛਡਦਾ (ਕਰੀ ਜਾਂਦਾ ਹੈ)।

4. (ਸੂਰਜ ਦਾ) ਰੱਥ ਚੱਕਰ ਲਾਂਦਾ ਹੈ, ਕਮਜ਼ੋਰ ਜਿੰਦ ਕਿਤੇ ਛਾਂ ਦਾ ਆਸਰਾ ਲੈਂਦੀ ਹੈ, ਬੀਂਡਾ ਭੀ ਬਾਹਰ ਜੂਹ ਵਿਚ (ਰੁੱਖ ਦੀ ਛਾਵੇਂ) ਟੀਂ ਟੀਂ ਪਿਆ ਕਰਦਾ ਹੈ (ਹਰੇਕ ਜੀਵ ਤਪਸ਼ ਤੋਂ ਜਾਨ ਲੁਕਾਂਦਾ ਦਿਸਦਾ ਹੈ)।

ਪ੍ਰ:—ਸ੍ਰੀ ਜੀਉ! ਇਹ ਤਾਂ ਆਪ ਜੀ ਨੇ ਹਾੜ ਦੇ ਮਹੀਨੇ ਦੇ ਸੂਰਜ ਦੀ ਬਾਹਰਲੀ ਤਪਸ਼ ਦਾ ਜ਼ਿਕਰ ਕੀਤਾ ਹੈ, ਪਰ, ਅਜਿਹੇ ਸਮੇਂ ਵਿਚ ਜੀਵ ਰੂਪ ਇਸਤ੍ਰੀ ਦਾ ਜੀਵਨ ਸਫਰ ਕਿਵੇਂ ਗੁਜ਼ਰਦਾ ਹੈ?

5. **ਉ:**—ਹੇ ਭਾਈ! (ਅਜਿਹੀ ਮਾਨਸਕ ਤਪਸ਼ ਦਾ) ਦੁੱਖ ਉਸ ਜੀਵ ਇਸਤ੍ਰੀ ਦੇ ਸਾਹਮਣੇ (ਭਾਵ, ਜੀਵਨ ਸਫਰ ਵਿਚ) ਮੌਜੂਦ ਰਹਿੰਦਾ ਹੈ, ਜੋ ਮੰਦੇ ਕਰਮਾਂ (ਦੀ ਪੰਡ ਸਿਰ ਉਤੇ) ਬੰਨ੍ਹ ਕੇ ਤੁਰਦੀ ਹੈ (ਭਾਵ, ਜਿਹੜੀ ਜੀਵ ਇਸਤ੍ਰੀ ਇਥੋਂ ਅਵਗਣਾਂ ਦੀ ਪੰਡ ਬੰਨ੍ਹ ਕੇ ਚਲਦੀ ਹੈ ਉਸ ਨੂੰ ਅਗੇ ਜਾ ਕੇ ਦੁੱਖ ਹੀ ਮਿਲਦਾ ਹੈ)।

ਪ੍ਰ:—ਕਿਉਂ ਜੀ! ਆਖਰ ਸੁਖ ਕਿਸ ਨੂੰ ਮਿਲਦਾ ਹੈ?

ਉ:—ਹੇ ਭਾਈਓ! ਆਤਮਕ ਸੁਖ ਅਨੰਦ ਸਿਰਫ ਉਸੇ ਨੂੰ ਹੈ ਜੋ ਸਦਾ ਥਿਰ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾਂਦੀ ਹੈ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਨੇ ਹਰਿ ਨਾਮ ਸਿਮਰਨ ਵਾਲਾ ਮਨ ਦਿਤਾ ਹੈ, ਪ੍ਰਭੂ ਨਾਲ ਉਸ ਦਾ ਸਦੀਵੀ ਸਾਥ ਬਣ ਜਾਂਦਾ ਹੈ (ਉਸ ਨੂੰ ਹਾੜ ਦੀ ਕਹਿਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ)।੮।

ਭਾਵਾਰਥ :—ਜਿਹੜਾ ਮਨੁੱਖ ਪ੍ਰਮਾਤਮਾਂ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰਖਦਾ ਹੈ, ਉਸ ਨੂੰ ਇਸ ਜੀਵਨ ਸਫਰ ਵਿਚ ਹਾੜ ਦੀ ਕਹਿਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

1. ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
2. ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
3. ਪਿਰੁ ਘਰਿ ਨਹੀ ਆਵੈ ਮਰੀਐ ਹਾਵੈ
ਦਾਮਨਿ ਚਮਕਿ ਡਰਾਏ ॥
4 ਸੇਜ ਇਕੇਲੀ ਖਰੀ ਦੁਹੇਲੀ
ਮਰਣੁ ਭਇਆ ਦੁਖੁ ਮਾਏ ॥
5. ਹਰਿ ਬਿਨੁ ਨੀਦ ਭੂਖ ਕਹੁ ਕੈਸੀ
ਕਾਪੜੁ ਤਨਿ ਨ ਸੁਖਾਵਏ ॥
6. ਨਾਨਕ ਸਾ ਸੋਹਾਗਣਿ ਕੰਤੀ
ਪਿਰ ਕੈ ਅੰਕਿ ਸਮਾਵਏ ॥੯॥

ਪਦ ਅਰਥ :—ਸਾਵਣਿ—ਸਾਵਣ ਵਿਚ । ਸਰਸ—ਰਸ ਵਾਲਾ ਹੋ, ਹਰਾ ਹੋ। ਘਣ—ਬੱਦਲ। ਆਏ—ਆਈ ਹੈ। ਮੈ ਭਾਵੈ—ਮੈਨੂੰ ਪਿਆਰਾ ਲਗਦਾ ਹੈ। ਪਿਰ—ਪਤੀ ਜੀ। ਸਿਧਾਏ—ਚਲੇ ਗਏ ਹਨ। ਹਾਵੈ—ਹਾਹੁਕੇ ਵਿਚ। ਦਾਮਨਿ—ਬਿਜਲੀ। ਚਮਕਿ—ਚਮਕ ਕੇ। ਖਰੀ—ਬਹੁਤ। ਦੁਹੇਲੀ—ਦੁਖਦਾਈ। ਮਾਏ—ਹੇ ਮਾਂ। ਕਹੁ—ਦਸੋ। ਤਨਿ—ਤਨ ਉਤੇ। ਸੁਖਾਵਏ—ਸੁਖਾਵੈ, ਸੁਖਾਂਦਾ ਹੈ। ਕੰਤੀ—ਕੰਤ ਵਾਲੀ, ਜਿਸ ਨੂੰ ਕੰਤ ਪਿਆਰ ਕਰਦਾ ਹੈ। ਅੰਕਿ—ਗਲਵੱਕੜੀ ਵਿਚ। ਸਮਾਵਏ—ਸਮਾਵੈ; ਲੀਨ ਹੋ ਜਾਂਦੀ ਹੈ।੯।

ਅਰਥ :—

ਪ੍ਰ:—ਹੇ ਗੁਰੋ! ਇਹ ਅਸੀਂ ਆਮ ਵੇਖਦੇ ਹਾਂ ਕਿ, ਹਾੜ ਦੀ ਅੱਤ ਦੀ ਤਪਸ਼ ਵਿਚ ਘਾਹ ਆਦਿਕ ਸੁੱਕ ਜਾਂਦੇ ਹਨ। ਉਸ ਤਪਸ਼ ਦੇ ਪਿਛੋਂ ਸਾਵਣ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ ਅਤੇ ਪਸ਼ੂ ਪੰਛੀ ਮਨੁੱਖ ਤਾਂ ਕਿਤੇ ਰਹੇ, ਸਗੋਂ ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਉਸ ਦੀ ਹਰਿਆਵਲਤਾ ਵੇਖ ਕੇ ਹਰੇਕ ਹੀ ਪ੍ਰਾਣੀ ਬੋਲ ਉਠਦਾ ਹੈ ਕਿ,

1. **ਉ:**—ਹੇ ਮੇਰੇ ਮਨਾ! ਸਾਵਣ ਮਹੀਨੇ ਵਿਚ (ਵਰਖਾ ਦੀ) ਰੁੱਤ ਆ ਗਈ ਹੈ ਤੇ ਬੱਦਲ ਵਰ ਰਹੇ ਹਨ, ਹੁਣ ਤੂੰ ਭੀ ਹਰਾ ਹੋ, ਉਮਾਹ ਵਿਚ ਆ।

ਪ੍ਰ.—ਕਿਉਂ ਜੀ! ਕੀ, ਕੋਈ ਅਜਿਹਾ ਹਿਰਦਾ ਭੀ ਹੈ, ਜਿਸ ਨੂੰ ਅਜੇਹੀ ਰੁੱਤ ਵੇਖਕੇ ਭੀ ਤੜਪ ਉਠਦੀ ਹੋਵੇ।

1. **ਉ:**—ਹੇ ਪਿਆਰੇ! (ਪ੍ਰਦੇਸ ਵਿਚ ਗਏ ਪਤੀ ਦੀ ਨਾਰ ਦਾ ਹਿਰਦਾ ਕਾਲੀਆਂ ਘਟਾਂ ਨੂੰ ਵੇਖ ਕੇ ਤੜਪ ਉੱਠਦਾ ਹੈ, ਇਹ ਉਮਾਹ ਪੈਦਾ ਕਰਨ ਵਾਲੇ ਸਾਮਾਨ ਵਿਛੋੜੇ ਵਿਚ ਉਸ ਨੂੰ ਦੁਖਦਾਈ ਪ੍ਰਤੀਤ ਹੁੰਦੇ ਹਨ।

2. ਉਹ ਬਿਰਹੋਂ ਵਿਚ ਇਉਂ ਆਖਦੀ ਹੈ) ਹੇ ਮਾਂ ! (ਇਹ ਬੱਦਲ ਵੇਖ ਵੇਖ ਕੇ) ਮੈਨੂੰ ਆਪਣਾ ਪਤੀ ਮਨ ਵਿਚ, ਰੋਮ ਰੋਮ ਵਿਚ ਪਿਆਰਾ ਲਗ ਰਿਹਾ ਹੈ, ਪਰ ਮੇਰੇ ਪਤੀ ਜੀ ਤਾਂ ਪ੍ਰਦੇਸ ਗਏ ਹੋਏ ਹਨ।

3. ਹੇ ਮਾਂ ! (ਜਿਤਨਾ ਚਿਰ) ਪਤੀ ਘਰ ਵਿਚ ਨਹੀਂ ਆਉਂਦਾ ਮੈਂ ਹਉਕਿਆਂ ਨਾਲ ਮਰ ਰਹੀ ਹਾਂ, ਬਿਜਲੀ ਚਮਕ ਕੇ (ਸਗੋਂ) ਮੈਨੂੰ ਡਰਾ ਰਹੀ ਹੈ।

4. (ਪਤੀ ਦੇ ਵਿਛੋੜੇ ਵਿਚ) ਮੇਰੀ ਸੱਖਣੀ ਸੇਜ ਮੈਨੂੰ ਬਹੁਤ ਦੁਖਦਾਈ ਹੋ ਰਹੀ ਹੈ, (ਪਤੀ ਦੇ ਵਿਛੋੜੇ ਦਾ) ਦੁੱਖ ਮੈਨੂੰ ਮੌਤ (ਬਰਾਬਰ) ਹੋ ਗਿਆ ਹੈ।

ਪ੍ਰ:–ਸ੍ਰੀ ਜੀਉ ! ਜਿਸ ਦੇ ਅੰਦਰ ਪ੍ਰਭੂ ਪਿਆਰ ਹੈ, ਉਸ ਜੀਵ ਇਸਤ੍ਰੀ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਹੋਇਆ ਕਰਦੀ ਹੈ ?

5. ਉ:–ਹੇ ਪਿਆਰੇ ! ਜਿਸ ਜੀਵ ਇਸਤ੍ਰੀ ਦੇ ਅੰਦਰ ਪ੍ਰਭੂ ਪਤੀ ਦਾ ਪਿਆਰ ਹੈ, ਉਸ ਨੂੰ ਬਿਰਹਣੀ ਨਾਰ ਵਾਂਗ, ਪ੍ਰਭੂ ਦੇ ਮਿਲਾਪ ਤੋਂ ਬਿਨਾ ਨਾ ਨੀਂਦ, ਨਾ ਭੁੱਖ ਹੈ, ਉਸ ਨੂੰ ਤਾਂ ਕੱਪੜਾ ਭੀ ਸਰੀਰ ਉਤੇ ਨਹੀਂ ਸੁਖਾਂਦਾ, (ਸਰੀਰਕ ਸੁੱਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾ ਸਕਦੇ)।

ਪ੍ਰ:–ਕਿਉਂ ਜੀ ! ਆਖਰ ਸੁਹਾਗ ਵੰਤੀ ਜੀਵ ਇਸਤ੍ਰੀ ਕਿਹੜੀ ਹੈ ?

6. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹੀ ਜੀਵ ਰੂਪ ਇਸਤ੍ਰੀ ਭਾਗਾਂ ਵਾਲੀ ਪ੍ਰਭੂ ਪਤੀ ਦੇ ਪਿਆਰ ਦੀ ਹੱਕਦਾਰ ਹੈ, ਜੋ ਸਦਾ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ।੯।

ਭਾਵਾਰਥ :–ਸਿਫਤ ਸਲਾਹ ਦੀ ਬਰਕਤ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਪੈਦਾ ਹੋ ਜਾਂਦਾ ਹੈ, ਇਸ ਪਿਆਰ ਦੇ ਟਾਕਰੇ ਤੇ ਸਰੀਰਕ ਸੁੱਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾ ਸਕਦੇ।

1. ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
2. ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
3. ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ
ਦਾਦਰ ਮੋਰ ਲਵੰਤੇ ॥
4. ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ
ਭੁਇਅੰਗਮ ਫਿਰਹਿ ਡਸੰਤੇ ॥
5. ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ ॥
6. ਨਾਨਕ ਪੂਛਿ ਚਲਉ ਗੁਰ ਅਪੁਨੇ
ਜਹ ਪ੍ਰਭੁ ਤਹ ਹੀ ਜਾਈਐ ॥੧੦॥

ਪਦ ਅਰਥ :–ਭਰਮਿ–ਭਟਕਣਾ ਵਿਚ। ਭੁਲੀ–ਕੁਰਾਹੇ ਪੈ ਗਈ। ਭਰਿ ਜੋਬਨਿ–ਪੂਰੇ ਜੋਬਨ ਵਿਚ, ਪੂਰੇ ਜੋਬਨ ਸਮੇਂ। ਨੀਰਿ–ਪਾਣੀ ਨਾਲ। ਬਰਸ ਰੁਤੇ–ਵਰਖਾ ਦੀ ਰੁੱਤੇ। ਰੰਗੁ ਮਾਣੀ–ਰੰਗ ਮਾਣਦੀ। ਨਿਸਿ–ਰਾਤ ਵੇਲੇ। ਦਾਦਰ–ਡੱਡੂ। ਲਵੰਤੇ–ਬੋਲਦੇ ਹਨ। ਚਵੈ–ਬੋਲਦਾ ਹੈ। ਭੁਇਅੰਗਮ–ਸੱਪ। ਡਸੰਤੇ–ਡੰਗ ਮਾਰਦੇ। ਸਾਇਰ–ਸਮੁੰਦਰ, ਸਰੋਵਰ, ਤਲਾਬ। ਭਰ ਸੁਭਰ–ਨਕਾ ਨਕ ਭਰੇ ਹੋਏ। ਚਲਉ–ਮੈਂ ਚਲਾਂ। ਜਹ–ਜਿਥੇ। ਤਹ–ਤਿਥੇ।੧੦।

ਅਰਥ :–

ਪ੍ਰ:–ਸ੍ਰੀ ਜੀਉ ! ਜਦੋਂ ਭਾਦਰੋਂ ਦੇ ਮਹੀਨੇ ਵਿਚ ਟੋਏ ਟਿੱਬੇ ਸਾਰੇ ਹੀ ਪਾਣੀ ਨਾਲ ਭਰੇ ਹੁੰਦੇ ਹਨ, ਕੀ ਇਸ ਨਜ਼ਾਰੇ ਦਾ ਸਾਰੇ ਹੀ ਲੋਕ ਰੰਗ ਮਾਣਦੇ ਹਨ ?

1. ਉ.–ਹੇ ਪਿਆਰੇ ! ਇਹ ਤਾਂ ਠੀਕ ਹੈ ਕਿ ਇਸ ਭਾਦੋਂ ਦੀ ਰੁੱਤ ਵਿਚ ਸਾਰੇ ਹੀ ਸੁੱਖ ਮਾਣਦੇ ਹਨ, ਪਰ, ਜਿਹੜੀ ਇਸਤ੍ਰੀ ਭਰ ਜੋਬਨ ਵਿਚ (ਜੋਬਨ ਦੇ ਮਾਣ ਦੇ) ਭੁਲੇਖੇ ਵਿਚ ਗਲਤੀ ਖਾ ਗਈ, ਉਸ ਨੂੰ (ਪਤੀ ਦੇ ਵਿਛੋੜੇ ਵਿਚ) ਪਛਤਾਣਾ ਹੀ ਪਿਆ (ਉਸ ਨੂੰ ਨੀਰ ਭਰੇ ਥਾਂ ਚੰਗੇ ਨਾ ਲਗੇ)।

2. ਉਂਞ ਹੋਰ ਸਭ ਨੂੰ ਭਾਦਰੋਂ (ਦਾ ਮਹੀਨਾ ਅਨੰਦ ਮਈ ਆ ਗਿਆ ਹੈ ਕਿਉਂਕਿ) ਇਸ ਵਰਖਾ ਦੀ ਰੁੱਤ ਵਿਚ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ, ਇਸ ਨਜ਼ਾਰੇ ਦਾ ਰੰਗ ਮਾਣਿਆ ਜਾ ਸਕਦਾ ਹੈ।

3. ਹੇ ਭਾਈ ! ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਹਨ, ਮੋਰ ਕੁਹਕਦੇ ਹਨ, ਪਰ, (ਪਤੀ ਤੋਂ ਵਿਛੜੀ) ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਅਨੰਦ ਨਹੀਂ ਮਿਲਦਾ।

4. ਭਾਵੇਂ, ਪਪੀਹਾ ਭੀ ਪ੍ਰਿਉ ਪ੍ਰਿਉ ਕਰਦਾ ਹੈ, ਪਰ, ਇਸ ਭਾਦਰੋਂ ਦੀ ਅਨੰਦ ਮਈ ਰੁੱਤ ਵਿਚ ਭੀ ਉਸ ਪਤੀ ਤੋਂ ਵਿਛੜੀ ਨਾਰ ਨੂੰ ਇਉਂ ਹੀ ਦਿਸਦਾ ਹੈ ਕਿ, ਸੱਪ ਡੰਗਦੇ ਫਿਰਦੇ ਹਨ।

5. ਅਤੇ ਮੱਛਰ ਡੰਗ ਮਾਰਦੇ ਫਿਰਦੇ ਹਨ, ਭਾਵੇਂ ਚੁਫੇਰੇ ਛੱਪੜ, ਤਲਾਬ (ਮੀਂਹ ਦੇ ਪਾਣੀ ਨਾਲ) ਨਕਾ ਨੱਕ ਭਰੇ ਹੋਏ ਹਨ, ਪਰ, (ਬਿਰਹਣੀ ਨਾਰ ਨੂੰ ਇਸ ਵਿਚ ਕੋਈ ਸੁਹਜ ਸੁਆਦ ਨਹੀਂ ਦਿਸਦਾ)।

ਇਸੇ ਤਰ੍ਹਾਂ, ਹੇ ਭਾਈ ! ਜਿਸ ਜੀਵ ਰੂਪ ਇਸਤ੍ਰੀ ਨੂੰ ਪ੍ਰਭੂ ਪਤੀ ਦੇ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ ਪ੍ਰਭੂ ਦੀ ਯਾਦ ਤੋਂ ਬਿਨਾ (ਹੋਰ ਕਿਸੇ ਰੰਗ ਤਮਾਸ਼ੇ ਵਿਚ) ਆਤਮਕ ਅਨੰਦ ਨਹੀਂ ਮਿਲਦਾ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਤਾਂ ਗੁਰੂ ਦੀ ਸਿਖਿਆ ਉਤੇ ਤੁਰ ਕੇ

(ਉਸ ਦੇ ਦਸੇ ਰਾਹ ਉਤੇ ਹੀ) ਤੁਰਾਂਗੀ, ਜਿਥੇ ਪ੍ਰਭੂ ਪਤੀ ਮਿਲ ਸਕਦਾ ਹੋਵੇ, ਉਥੇ ਹੀ ਜਾਵਾਂਗੀ।੧੦।

ਭਾਵਾਰਥ :–ਗੁਰੂ ਦੇ ਦਸੇ ਹੋਏ ਰਸਤੇ ਉਤੇ ਤੁਰ ਕੇ ਜਿਸ ਮਨੁੱਖ ਦਾ ਮਨ ਪ੍ਰਮੇਸ਼ਰ ਦੀ ਸਿਫਤ ਸਲਾਹ ਵਿਚ ਗਿੱਝ ਜਾਂਦਾ ਹੈ, ਪ੍ਰਮਾਤਮਾਂ ਦੀ ਯਾਦ ਤੋਂ ਬਿਨਾ ਹੋਰ ਕਿਸੇ ਭੀ ਰੰਗ ਤਮਾਸ਼ੇ ਵਿਚ ਉਸ ਨੂੰ ਆਤਮਕ ਅਨੰਦ ਨਹੀਂ ਮਿਲ ਸਕਦਾ, ਕਿਉਂਕਿ, ਉਸ ਨੂੰ ਬਾਹਰਲੀ ਸੁਹੱਪਣਤਾ ਵਿਚ ਕੋਈ ਭੀ ਰਸ ਨਹੀਂ ਪ੍ਰਤੀਤ ਹੁੰਦਾ।

1. ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥
2. ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
3. ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ ॥
4. ਆਗੈ ਘਾਮ ਪਿਛੈ ਰੁਤਿ ਜਾਡਾ
ਦੇਖਿ ਚਲਤ ਮਨੁ ਡੋਲੇ ॥
5. ਦਹ ਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ ॥
6. ਨਾਨਕ ਅਸੁਨਿ ਮਿਲਹੁ ਪਿਆਰੇ
ਸਤਿਗੁਰ ਭਏ ਬਸੀਠਾ ॥੧੧॥

ਪਦ ਅਰਥ :–ਅਸੁਨਿ–ਅੱਸੂ ਮਹੀਨੇ ਵਿਚ। ਪਿਰਾ–ਹੇ ਪਤੀ। ਸਾ ਧਨ–ਇਸਤ੍ਰੀ। ਝੂਰਿ–ਝੂਰ ਕੇ,ਹਾਹੁਕੇ ਲੈ ਲੈਕੇ। ਤਾ–ਤਦੋਂ ਹੀ। ਪ੍ਰਭ–ਹੇ ਪ੍ਰਭੂ! ਮੇਲੇ–ਮੇਲੇਂ; ਜੇ ਤੂੰ ਆਪ ਮਿਲਾਏਂ। ਦੂਜੈ ਭਾਇ–ਪ੍ਰਭੂ ਤੋਂ ਬਿਨਾ ਕਿਸੇ ਹੋਰ ਦੇ ਪਿਆਰ ਵਿਚ। ਖੁਈ–ਖੁੰਝ ਗਈ, ਜੀਵਨ ਦੇ ਸਹੀ ਰਸਤੇ ਤੋਂ ਕੁਰਾਹੇ ਪੈ ਗਈ। ਵਿਗੁਤੀ–ਖੁਆਰ ਹੋਈ। ਮੁਤੀ–ਛਡੀ ਹੋਈ, ਛੁੱਟੜ। ਪਿਰ–ਹੇ ਪਤੀ। ਕੁਕਹ ਕਾਹ–ਪਿਲਛੀ ਤੇ ਕਾਹੀ (**ਨੋਟ** :–ਅੱਸੂ ਦੀ ਰੁਤੇ ਦਰਿਆਵਾਂ ਕੰਢੇ ਉੱਗੀ ਹੋਈ ਪਿਲਛੀ ਤੇ ਕਾਹੀ ਨੂੰ ਬੂਰ ਪੈਂਦਾ ਹੈ। ਪਿਲਛੀ ਤੇ ਕਾਹੀ ਦਾ ਫੁਲਣਾ ਬੁਢੇਪੇ ਨੂੰ ਅੱਖਾਂ ਅਗੇ ਲਿਆ ਕੇ ਉਦਾਸੀ ਪੈਦਾ ਕਰਦਾ ਹੈ)। ਆਗੈ–ਅਗੇ ਲੰਘ ਗਈ ਹੈ। ਘਾਮ–ਤਪਸ਼, ਘੁੰਮਾ; ਗਰਮੀਂ (ਭਾਵ, ਸਰੀਰਕ ਨਿਘ, ਤਾਕਤ)। ਪਿਛੈ–ਉਸ ਘਾਮ ਦੇ ਪਿਛੇ ਪਿਛੇ। ਜਾਡਾ–ਸਿਆਲ (ਭਾਵ, ਕਮਜ਼ੋਰੀ)। ਸਹਜਿ–ਅਡੋਲਤਾ ਵਿਚ। ਬਸੀਠਾ–ਵਕੀਲ, ਵਿਚੋਲਾ।੧੧।

ਅਰਥ :–

ਪ੍ਰ:–ਹੇ ਗੁਰੋ! ਅਸੂ ਦੇ ਮਹੀਨੇ ਵਿਚ ਇਸ ਜੀਵ ਰੂਪ ਇਸਤ੍ਰੀ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

1. **ਉ**:–ਹੇ ਭਾਈਓ! ਜਿਵੇਂ ਭਾਦਰੋਂ ਦੇ ਘੁੰਮੇਂ ਤ੍ਰਾਟਕੇ ਲੰਘਣ ਤੋਂ ਅਸੂ (ਦੀ ਮਿੱਠੀ ਰੁੱਤ) ਵਿਚ ਇਸਤ੍ਰੀ ਦੇ ਦਿਲ ਵਿਚ ਪਤੀ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ। ਤਿਵੇਂ ਜਿਸ ਜੀਵ ਇਸਤ੍ਰੀ ਨੇ ਪ੍ਰਭੂ ਪਤੀ ਦੇ ਵਿਛੋੜੇ ਵਿਚ ਕਾਮਾਦਿਕ ਵੈਰੀਆਂ ਦੇ ਹੱਲਿਆਂ ਦੇ ਦੁੱਖ ਵੇਖ ਲਏ ਹਨ ਉਹ ਭੀ ਇਉਂ ਅਰਦਾਸ ਕਰਦੀ ਹੈ ਕਿ, ਹੇ ਪ੍ਰਭੂ ਪਤੀ (ਮੇਰੇ ਹਿਰਦੇ ਵਿਚ) ਆ ਵਸ (ਤੈਥੋਂ ਵਿਛੜ ਕੇ) ਮੈਂ ਹਾਹੁਕੇ
2. ਲੈ ਲੈਕੇ ਆਤਮਕ ਮੌਤੇ ਮਰੀ ਜਾ ਰਹੀ ਹਾਂ, ਮਾਇਕ ਪਦਾਰਥਾਂ ਦੇ ਮੋਹ ਵਿਚ ਫਸ ਕੇ ਮੈਂ ਔਜੜੇ ਪਈ ਹੋਈ ਹਾਂ, ਹੇ ਪ੍ਰਭੂ! ਤੈਨੂੰ ਤਦੋਂ ਹੀ ਮਿਲ ਸਕਦੀ ਹਾਂ ਜੇ ਤੂੰ ਆਪ (ਹੀ) ਮਿਲਾਏਂ।
3. ਹੇ ਪਤੀ ਜੀਉ! (ਜਦੋਂ ਤੋਂ) ਦੁਨੀਆਂ ਦੇ ਝੂਠੇ ਮੋਹ ਵਿਚ ਫਸ ਕੇ ਮੈਂ ਖੁਆਰ ਹੋ ਰਹੀ ਹਾਂ, ਤਦੋਂ ਹੀ ਤੈਥੋਂ ਵਿਛੜੀ ਹੋਈ ਹਾਂ, ਹੇ ਪ੍ਰਭੂ! ਹੁਣ ਮੇਰੇ ਪਿਲਛੀ ਤੇ ਕਾਹੀ (ਦੇ ਸੁਫੈਦ ਬੂਰ ਵਾਂਗ ਮੇਰੇ ਕੇਸ)
4. ਚਿੱਟੇ ਹੋ ਗਏ ਹਨ (ਮੇਰੇ ਸਰੀਰ ਦਾ) ਨਿੱਘ ਅਗਾਂਹ ਲੰਘ ਗਿਆ ਹੈ, (ਘਟ ਗਿਆ ਹੈ) ਉਸ ਦੇ ਪਿਛੇ ਪਿਛੇ ਸਰੀਰਕ ਕਮਜ਼ੋਰੀ ਆ ਰਹੀ ਹੈ, ਇਹ ਤਮਾਸ਼ਾ ਵੇਖ ਕੇ ਮੇਰਾ ਮਨ ਘਬਰਾ ਰਿਹਾ ਹੈ, (ਕਿਉਂਕਿ) ਅਜੇ ਤਕ ਤੇਰਾ ਦੀਦਾਰ ਨਹੀਂ ਹੋ ਸਕਿਆ।
5. ਹੇ ਸਾਈਆਂ ਜੀਉ! ਕਾਹੀ ਪਿਲਛੀ ਦਾ ਹਾਲ ਵੇਖ ਕੇ ਤਾਂ ਮਨ ਡੋਲਦਾ ਹੈ, ਪਰ ਹਰ ਪਾਸੇ (ਬਨਸਪਤੀ ਦੀਆਂ) ਹਰੀਆਂ ਸ਼ਾਖਾਂ ਦੀ ਹਰਿਆਵਲਾ ਵੇਖ ਕੇ ਇਹ ਧੀਰਜ ਆਉਂਦੀ ਹੈ ਕਿ, ਅਡੋਲ ਅਵਸਥਾ ਵਿਚ (ਜੇਹੜਾ ਜੀਵ) ਦ੍ਰਿੜ੍ਹ ਰਹਿੰਦਾ ਹੈ, ਉਸੇ ਨੂੰ ਪ੍ਰਭੂ ਮਿਲਾਪ ਦੀ ਮਿਠਾਸ (ਖੁਸ਼ੀ) ਮਿਲਦੀ ਹੈ।

ਪ੍ਰ:–ਸ੍ਰੀ ਜੀਉ! ਮੈਨੂੰ ਕੋਈ ਸਾਧਨ ਦਸੋ, ਜਿਸ ਦੀ ਬਰਕਤ ਨਾਲ ਮੇਰਾ ਭੀ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਏ?

6. **ਉ**:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਸ ਅਸੂ (ਦੀ ਮਿੱਠੀ ਰੁੱਤ) ਵਿਚ ਤੂੰ ਭੀ ਅਰਦਾਸ ਕਰ ਤੇ ਆਖ ਕਿ, ਹੇ ਪਿਆਰੇ ਪ੍ਰਭੂ! ਮੇਹਰ ਕਰ ਗੁਰੂ ਦੀ ਰਾਹੀਂ ਮੈਨੂੰ (ਭੀ) ਮਿਲਣਾ ਕਰੋ।੧੧।

ਭਾਵਾਰਥ :–ਜਿਹੜਾ ਮਨੁੱਖ ਦੁਨੀਆਂ ਦੇ ਝੂਠੇ ਮੋਹ ਵਿਚ ਫਸ ਜਾਂਦਾ ਹੈ, ਉਹ ਪ੍ਰਮੇਸ਼ਰ ਜੀ ਦੇ ਚਰਨਾਂ ਤੋਂ ਵਿਛੜਿਆ ਰਹਿੰਦਾ ਹੈ। ਪਰ ਜਿਹੜਾ ਮਨੁੱਖ ਪ੍ਰਮਾਤਮਾਂ ਦੀ ਮੇਹਰ ਨਾਲ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਮਾਇਆ ਦੇ ਮੋਹ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ ਤੇ ਉਸੇ ਨੂੰ ਹੀ ਪ੍ਰਭੂ ਮਿਲਾਪ ਦਾ ਅਨੰਦ ਪ੍ਰਾਪਤ ਹੁੰਦਾ ਹੈ।

1. ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ ॥
2. ਦੀਪਕੁ ਸਹਜਿ ਬਲੈ ਤਤਿ ਜਲਾਇਆ ॥
3. ਦੀਪਕ ਰਸ ਤੇਲੋ ਧਨ ਪਿਰ ਮੇਲੋ
ਧਨ ਓਮਾਹੈ ਸਰਸੀ ॥
4. ਅਵਗਣ ਮਾਰੀ ਮਰੈ ਨ ਸੀਝੈ
ਗੁਣਿ ਮਾਰੀ ਤਾ ਮਰਸੀ ॥

5. ਨਾਮੁ ਭਗਤਿ ਦੇ ਨਿਜ ਘਰਿ ਬੈਠੇ
ਅਜਹੁ ਤਿਨਾੜੀ ਆਸਾ ॥
6. ਨਾਨਕ ਮਿਲਹੁ ਕਪਟ ਦਰ ਖੋਲਹੁ
ਏਕ ਘੜੀ ਖਟੁ ਮਾਸਾ ॥੧੨॥

ਪਦ ਅਰਥ :—ਕਤਕਿ—ਕਤਕ (ਦੇ ਮਹੀਨੇ) ਵਿਚ (ਜਦੋਂ ਕਿਸਾਨ ਮੁੰਜੀ, ਮਕਈ ਆਦਿਕ ਸਾਵਣੀ ਦਾ ਫਸਲ ਕੱਟ ਕੇ ਘਰ ਲੈ ਆਉਂਦਾ ਹੈ)। ਕਿਰਤੁ—ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ । ਪਇਆ—ਮਿਲ ਜਾਂਦਾ ਹੈ। ਜੋ—ਜਿਹੜਾ ਜੀਵ। ਪ੍ਰਭ ਭਾਇਆ—ਪ੍ਰਭੂ ਨੂੰ ਚੰਗਾ ਲਗ ਪੈਂਦਾ ਹੈ। ਦੀਪਕੁ—ਦੀਵਾ, (ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ ਦੀਵਾ)। ਸਹਜਿ—ਆਤਮਕ ਅਡੋਲਤਾ ਵਿਚ। ਬਲੈ—ਜਗ ਪੈਂਦਾ ਹੈ। ਤਤਿ—ਤੱਤ ਨੇ, ਪ੍ਰਭੂ ਨਾਲ ਡੂੰਘੀ ਜਾਣ ਪਛਾਣ ਨੇ। ਜਲਾਇਆ—ਜਗਾ ਦਿਤਾ। ਦੀਪਕ ਰਸ ਤੇਲੋ—ਆਤਮਕ ਜੀਵਨ ਦੀ ਸੂਝ ਦੇ ਅਨੰਦ ਦਾ ਤੇਲ। ਧਨ—ਜੀਵ ਇਸਤ੍ਰੀ। ਓਮਾਹੈ—ਉਮਾਹ ਵਿਚ, ਉਤਸ਼ਾਹ ਵਿਚ। ਸਰਸੀ—ਸ-ਰਸੀ, ਅਨੰਦ ਮਾਣਦੀ ਹੈ। ਮਾਰੀ—ਆਤਮਕ ਮੌਤੇ ਮਾਰ ਦਿਤਾ। ਮਰੈ—ਆਤਮਕ ਮੌਤੇ ਮਰ ਜਾਂਦੀ ਹੈ। ਸੀਝੈ—ਕਾਮਯਾਬ ਹੁੰਦੀ। ਗੁਣਿ—ਗੁਣ ਨੇ, ਪ੍ਰਭੂ ਦੀ ਸਿਫਤ ਸਲਾਹ ਨੇ। ਮਾਰੀ—ਵਿਕਾਰਾਂ ਵਲੋਂ ਮਾਰ ਦਿੱਤੀ। ਮਰਸੀ—ਵਿਕਾਰਾਂ ਵਲੋਂ ਬਚੀ ਰਹੇਗੀ। ਦੇ—ਦੇਂਦਾ ਹੈ। ਘਰਿ—ਘਰ ਵਿਚ। ਨਿਜ ਘਰਿ—ਆਪਣੇ ਘਰ ਵਿਚ, ਆਪਣੇ ਹਿਰਦੇ ਘਰ ਵਿਚ। ਤਿਨਾੜੀ—ਉਨ੍ਹਾਂ ਦੀ। ਨਾਨਕ—ਹੇ ਨਾਨਕ। ਕਪਟ—ਕਿਵਾੜ। ਕਪਟ ਦਰ—ਦਰਵਾਜ਼ੇ ਦੇ ਕਿਵਾੜ। ਦਰ—ਦਰਵਾਜ਼ਾ। ਖਟੁ ਮਾਸਾ—ਛੇ ਮਹੀਨੇ ।੧੨।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਦੇ ਹਰ ਜੀਵ ਨੂੰ ਵੇਖਦੇ ਹਾਂ ਕਿ ਕੋਈ ਦੁੱਖੀ ਹੈ ਕੋਈ ਸੁਖੀ ਹੈ, ਇਸ ਦਾ ਅਸਲ ਭੇਦ ਕੀ ਹੈ ?

1. ਉ:—ਹੇ ਪਿਆਰੇ ! ਵੇਖ, ਜਿਵੇਂ ਕਤਕ (ਦੇ ਮਹੀਨੇ) ਵਿਚ ਕਿਸਾਨ ਨੂੰ ਮੁੰਜੀ, ਮਕਈ ਆਦਿਕ ਸਾਵਣੀ ਦੇ ਫਸਲ ਦੀ ਕੀਤੀ ਕਮਾਈ ਮਿਲ ਜਾਂਦੀ ਹੈ, ਤਿਵੇਂ (ਹੇ ਭਾਈ) ਹਰੇਕ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ (ਮਨ ਵਿਚ ਇਕੱਠੇ ਹੋਏ ਸੰਸਕਾਰਾਂ ਦੇ ਰੂਪ ਵਿਚ) ਮਿਲ ਜਾਂਦਾ ਹੈ। ਐ ਪਿਆਰੇ ! ਆਪਣੇ ਕੀਤੇ ਭਲੇ ਕਰਮਾਂ ਅਨੁਸਾਰ ਜਿਹੜਾ ਮਨੁੱਖ ਪ੍ਰਮਾਤਮਾਂ ਨੂੰ ਪਿਆਰਾ ਲਗ ਪੈਂਦਾ ਹੈ, (ਉਸ ਦੇ ਹਿਰਦੇ ਵਿਚ)
2. ਆਤਮਕ ਅਡੋਲਤਾ ਦੇ ਕਾਰਨ (ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ) ਦੀਵਾ ਜਗ ਪੈਂਦਾ ਹੈ, (ਇਹ ਦੀਵਾ ਉਸ ਦੇ ਅੰਦਰ) ਪ੍ਰਭੂ ਨਾਲ ਡੂੰਘੀ ਜਾਣ ਪਛਾਣ ਨੇ ਜਗਾਇਆ ਹੁੰਦਾ ਹੈ।
3. ਹੇ ਭਾਈ ! ਜਿਸ਼ ਜੀਵ ਰੂਪ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ (ਉਸ ਦੇ ਅੰਦਰ) ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦੇ ਅਨੰਦ ਦਾ (ਮਾਨੋ, ਦੀਵੇ ਵਿਚ) ਤੇਲ ਬਲ ਰਿਹਾ ਹੈ, ਉਹ ਜੀਵ ਇਸਤ੍ਰੀ ਉਤਸ਼ਾਹ ਵਿਚ ਆਤਮਕ ਅਨੰਦ ਮਾਣਦੀ ਹੈ।
4. ਹੇ ਪਿਆਰੇ ! ਜਿਸ ਜੀਵ ਇਸਤ੍ਰੀ ਦੇ ਜੀਵਨ ਨੂੰ 'ਵਕਾਰਾਂ ਨੇ ਮਾਰ ਮੁਕਾਇਆ ਹੈ) ਉਹ ਤਾਂ ਆਤਮਕ ਮੌਤੇ ਮਰ ਗਈ, ਉਹ (ਜ਼ਿੰਦਗੀ ਵਿਚ) ਕਾਮਯਾਬ ਨਹੀਂ ਹੁੰਦੀ, ਪਰ, ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਦੀ ਸਿਫਤ ਸਲਾਹ ਨੇ (ਵਿਕਾਰਾਂ ਵਲੋਂ) ਮਾਰਿਆ ਹੈ ਉਹ ਹੀ ਵਿਕਾਰਾਂ ਵਲੋਂ ਬਚੀ ਰਹੇਗੀ।

ਪ੍ਰ:—ਕਿਉਂ ਜੀ ! ਆਪਣੇ ਹਿਰਦੇ ਘਰ ਵਿਚ ਟਿਕੇ ਰਹਿਣ ਵਾਲਿਆਂ ਦੀ ਪਛਾਣ ਕੀ ਹੈ ?

5 ਉ:—ਹੇ ਭਾਈ ! ਜਿਨ੍ਹਾਂ ਜੀਵ ਰੂਪ ਇਸਤ੍ਰੀਆਂ ਨੂੰ ਪ੍ਰਮੇਸ਼ਰ ਆਪਣਾ ਨਾਮ ਦੇਂਦਾ ਹੈ, ਆਪਣੀ ਭਗਤੀ ਦੇਂਦਾ ਹੈ ਉਹ (ਵਿਕਾਰਾਂ ਵਲ ਭਟਕਣ ਦੇ ਥਾਂ) ਆਪਣੇ ਹਿਰਦੇ ਘਰ ਵਿਚ ਟਿਕੇ ਰਹਿੰਦੇ ਹਨ, (ਉਨ੍ਹਾਂ ਦੇ ਅੰਦਰ) ਸਦਾ ਹੀ (ਪ੍ਰਭੂ ਮਿਲਾਪ ਦੀ) ਤਾਂਘ ਬਣੀ ਰਹਿੰਦੀ ਹੈ; ਉਹ ਸਦਾ ਹੀ ਇਉਂ ਅਰਦਾਸ ਕਰਦੇ ਰਹਿੰਦੇ ਹਨ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਕਿ, ਹੇ ਪਾਤਸ਼ਾਹ ! ਸਾਨੂੰ ਮਿਲ, ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ ਕਿਵਾੜ ਖੋਹਲ ਦੇ, (ਕਿਉਂਕਿ) ਸਾਨੂੰ ਤੇਰੇ ਨਾਲੋਂ ਇਕ ਘੜੀ (ਦਾ ਵਿਛੋੜਾ ਭੀ) ਛੇ ਮਹੀਨੇ (ਦਾ ਵਿਛੋੜਾ ਜਾਪਦਾ ਹੈ) ।੧੨।

ਭਾਵਾਰਥ :—ਜਿਸ ਮਨੁੱਖ ਨੂੰ ਪ੍ਰਮਾਤਮਾਂ ਆਪਣੀ ਸਿਫਤ ਸਲਾਹ ਦੀ ਦਾਤ ਦੇਂਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਦੀ ਸੂਝ ਵਾਲੇ ਚਾਨਣ ਦਾ ਮਾਣੋ ਦੀਵਾ ਜਗ ਪੈਂਦਾ ਹੈ। ਉਹ ਮਨੁੱਖ ਪ੍ਰਮਾਤਮਾਂ ਦੀ ਯਾਦ ਤੋਂ ਇਕ ਘੜੀ ਪਲ ਦਾ ਵਿਛੋੜਾ ਭੀ ਸਹਾਰ ਨਹੀਂ ਸਕਦਾ।

1. ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
2. ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
3. ਨਿਹਚਲੁ ਚਤੁਰੁ ਸੁਜਾਣੁ ਬਿਧਾਤਾ
ਚੰਚਲੁ ਜਗਤੁ ਸਬਾਇਆ ॥
4. ਗਿਆਨੁ ਧਿਆਨੁ ਗੁਣ ਅੰਕਿ ਸਮਾਣੇ
ਪ੍ਰਭ ਭਾਣੇ ਤਾ ਭਾਇਆ ॥
5. ਗੀਤ ਨਾਦ ਕਵਿਤ ਕਵੇ ਸੁਣਿ
ਰਾਮ ਨਾਮਿ ਦੁਖੁ ਭਾਗੈ ॥
6. ਨਾਨਕ ਸਾਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ ॥੧੩॥

ਪਦ ਅਰਥ :—ਗੁਣ—ਗੁਣਾਂ ਦੇ ਕਾਰਨ, ਸਿਫਤ ਸਲਾਹ ਕਰਨ ਨਾਲ। ਅੰਕਿ—ਹਿਰਦੇ ਵਿਚ। ਹਰਿ ਸਮਾਵਏ—

ਪ੍ਰਭੂ ਆ ਵੱਸਦਾ ਹੈ। ਗੁਣ ਰਵੈ-(ਜੀਵ ਇਸਤ੍ਰੀ) ਪ੍ਰਭੂ ਦੇ ਗੁਣ ਚੇਤੇ ਕਰਦੀ ਹੈ। ਮੈ ਪਿਰੁ-ਮੇਰਾ ਪਤੀ, ਪਿਆਰਾ ਪ੍ਰਭੂ ਪਤੀ। ਨਿਹਚਲੁ—ਸਦਾ ਕਾਇਮ ਰਹਿਣ ਵਾਲਾ। ਭਾਵਏ— (ਉਸ ਨੂੰ) ਪਿਆਰਾ ਲਗਦਾ ਹੈ। ਬਿਧਾਤਾ—ਸਿਰਜਨਹਾਰ। ਚੰਚਲੁ—ਨਾਸਵੰਤ। ਸਬਾਇਆ—ਸਾਰਾ। ਗਿਆਨੁ—ਪ੍ਰਭੂ ਨਾਲ ਜਾਣ ਪਛਾਣ। ਧਿਆਨ—ਸੁਰਤਿ ਦਾ ਟਿਕਾਉ। ਗੁਣ—ਪ੍ਰਭੂ ਦੀ ਸਿਫਤ ਸਲਾਹ। ਪ੍ਰਭ ਭਾਣੇ—ਜਦੋਂ ਪ੍ਰਭੂ ਦੀ ਰਜ਼ਾ ਹੋਈ। ਤਾ-ਤਦੋਂ। ਗੀਤ ਨਾਦ ਕਵਿਤ ਕਵੇ-ਪ੍ਰਭੂ ਦੀ ਸਿਫਤ ਸਲਾਹ ਦੇ ਗੀਤ ਬਾਣੀ ਕਾਵਿ। ਸੁਣਿ—ਸੁਣ ਕੇ। ਨਾਮਿ— ਨਾਮ ਵਿਚ (ਜੁੜਿਆਂ)। ਨਾਹ ਪਿਆਰੀ—ਖਸਮ ਪ੍ਰਭੂ ਨੂੰ ਪਿਆਰੀ। ਅਭ—ਹਿਰਦਾ। ਨਾਹ—ਨਾਥ, ਖਸਮ। ਅਭ ਭਗਤੀ—ਦਿਲੀ ਪਿਆਰ।੧੩।

ਅਰਥ :—

ਪ੍ਰ:—ਸ੍ਰੀ ਜੀਉ! ਉਹ ਜੀਵ ਰੂਪ ਇਸਤ੍ਰੀ ਕਿਹੋ ਜਿਹੀ ਮੰਨੀ ਜਾ ਸਕਦੀ ਹੈ, ਜਿਸ ਨੂੰ ਕਿ ਮੱਘਰ ਦਾ ਮਹੀਨਾ ਚੰਗਾ ਲਗਦਾ ਹੋਵੇ?

1. ਉ:—ਹੇ ਭਾਈਓ! ਜਿਸ ਜੀਵ ਰੂਪ ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ ਆ ਵਸਦਾ ਹੈ, ਪ੍ਰਭੂ ਦੀ ਸਿਫਤ ਸਲਾਹ ਦੀ ਬਰਕਤ ਨਾਲ ਉਸ ਨੂੰ ਮਘਰ ਦਾ ਮਹੀਨਾ ਸੁਹਾਵਣਾ ਲਗਦਾ ਹੈ।

ਪ੍ਰ:—ਕਿਉਂ ਜੀ! ਉਸ ਦੀ ਪਛਾਣ ਕੀ ਹੈ?

2. ਉ:—ਹੇ ਪਿਆਰੇ! ਉਹ ਸਦਾ ਥਿਰ ਪਿਆਰਾ ਪ੍ਰਭੂ ਪਤੀ ਉਸ ਗੁਣਾਂ ਵਾਲੀ ਜੀਵ ਇਸਤ੍ਰੀ ਨੂੰ ਪਿਆਰਾ ਲਗਦਾ ਹੈ ਅਤੇ ਉਹ ਸਦਾ ਹੀ ਉਸਦੇ ਗੁਣ ਚੇਤੇ ਕਰਦੀ ਰਹਿੰਦੀ ਹੈ।
3. ਉਸ ਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਹੋਰ ਸਾਰਾ ਜਗਤ ਤਾਂ ਨਾਸਵੰਤ ਹੈ, ਇਕ ਸਿਰਜਨਹਾਰ ਹੀ ਜੋ ਚਤੁਰ ਹੈ ਤੇ ਸਿਆਣਾ ਹੈ, ਸਦਾ ਕਾਇਮ ਰਹਿਣ ਵਾਲਾ ਹੈ।
4. ਹੇ ਪਿਆਰੇ! ਉਸ ਨੂੰ ਪ੍ਰਭੂ ਨਾਲ ਡੂੰਘੀ ਸਾਂਝ ਪ੍ਰਾਪਤ ਹੁੰਦੀ ਹੈ, ਉਸ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਟਿਕੀ ਰਹਿੰਦੀ ਹੈ, ਪ੍ਰਭੂ ਦੇ ਗੁਣ ਉਸ ਦੇ ਹਿਰਦੇ ਵਿਚ ਆ ਵਸਦੇ ਹਨ, ਪ੍ਰਭੂ ਦੀ ਰਜ਼ਾ ਅਨੁਸਾਰ ਇਹ ਸਭ ਕੁਝ ਉਸ ਜੀਵ ਇਸਤ੍ਰੀ ਨੂੰ ਚੰਗਾ ਲਗਣ ਲਗ ਪੈਂਦਾ ਹੈ।
5. ਹੇ ਭਾਈ! ਪ੍ਰਭੂ ਦੀ ਸਿਫਤ ਸਲਾਹ ਦੀ ਗੀਤ ਬਾਣੀ ਕਾਵਿ ਸੁਣ ਸੁਣ ਕੇ ਪ੍ਰਭੂ ਦੇ ਨਾਮ ਵਿਚ (ਜੁੜਕੇ) ਉਸ ਦਾ ਹੋਰ ਸਾਰਾ ਦੁਖ ਦੂਰ ਹੋ ਜਾਂਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ; ਐ ਪਿਆਰੇ! ਉਹ ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ, (ਕਿਉਂਕਿ) ਉਹ ਆਪਣਾ ਦਿਲੀ ਪਿਆਰ ਪ੍ਰਭੂ ਦੇ ਅਗੇ (ਭੇਟ) ਪੇਸ਼ ਕਰਦੀ ਹੈ।੧੩।

ਭਾਵਾਰਥ ;—ਜਿਹੜਾ ਮਨੁੱਖ ਪ੍ਰਮਾਤਮਾਂ ਦੀ ਸਿਫਤ ਸਲਾਹ ਵਿਚ ਟਿਕਿਆ ਰਹਿੰਦਾ ਹੈ, ਪ੍ਰਮਾਤਮਾਂ ਨਾਲ ਉਸ ਦੀ ਪੱਕੀ ਪਿਆਰ ਦੀ ਗੰਢ ਬੱਝ ਜਾਂਦੀ ਹੈ, ਜਗਤ ਦਾ ਕੋਈ ਭੀ ਦੁੱਖ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ।

1. ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
2. ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
3. ਮਨਿ ਤਨਿ ਰਵਿ ਰਹਿਆ ਜਗਜੀਵਨੁ
ਗੁਰ ਸਬਦੀ ਰੰਗੁ ਮਾਣੀ ॥
4. ਅੰਡਜ ਜੇਰਜ ਸੇਤਜ ਉਤਭੁਜ
ਘਟਿ ਘਟਿ ਜੋਤਿ ਸਮਾਣੀ ॥
5. ਦਰਸਨੁ ਦੇਹੁ ਦਇਆਪਤਿ ਦਾਤੇ
ਗਤਿ ਪਾਵਉ ਮਤਿ ਦੇਹੋ ॥
6. ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ ॥੧੪॥

ਪਦ ਅਰਥ :—ਪੋਖਿ—ਪੋਹ (ਦੇ ਮਹੀਨੇ) ਵਿਚ। ਤੁਖਾਰੁ—ਕੱਕਰ, ਕੋਰਾ। ਰਸੁ—ਨਮੀ। ਸੋਖੈ—ਸੁਕਾ ਦੇਂਦਾ ਹੈ। ਵਸਹਿ—ਤੂੰ ਵਸਦਾ। ਮੁਖੇ—ਮੁਖਿ, ਮੁਖ ਵਿਚ। ਜਗਜੀਵਨੁ— ਜਗਤ ਦਾ ਜੀਵਨ, ਜਗਤ ਦਾ ਆਸਰਾ। ਮਾਣੀ—ਮਾਣੈ, ਮਾਣਦਾ ਹੈ। ਅੰਡਜ—ਅੰਡੇ ਤੋਂ ਪੈਦਾ ਹੋਣ ਵਾਲੇ। ਜੇਰਜ— ਜਿਓਰ ਤੋਂ ਪੈਦਾ ਹੋਣ ਵਾਲੇ। ਸੇਤਜ—ਮੁੜ੍ਹਕੇ ਤੋਂ ਪੈਦਾ ਹੋਣ ਵਾਲੇ। ਉਤਭੁਜ—ਧਰਤੀ ਵਿਚੋਂ ਉਗਣ ਵਾਲੇ। ਘਟਿ ਘਟਿ— ਹਰੇਕ ਘਟ ਵਿਚ। ਗਤਿ—ਉਚੀ ਆਤਮਕ ਅਵਸਥਾ। ਪਾਵਉ—ਪਾਵਉਂ; ਮੈ ਪਾ ਲਵਾਂ, ਪ੍ਰਾਪਤ ਕਰ ਲਵਾਂ। ਮਤਿ— ਅਕਲ। ਰੰਗਿ—ਪਿਆਰ ਵਿਚ। ਰਸਿ—ਰਸ ਨਾਲ, ਅਨੰਦ ਨਾਲ। ਰਸੀਆ—ਪ੍ਰੇਮੀ। ਸਨੇਹੋ—ਪਿਆਰ।੧੪।

ਅਰਥ :—

ਪ੍ਰ:—ਸ੍ਰੀ ਜੀਉ! ਇਸ ਮਨੁੱਖ ਦੇ ਅੰਦਰ ਤਾਂ ਰੱਬੀ ਪਿਆਰ ਧੁਰੋਂ ਹੀ ਇਸ ਦੇ ਵਿਰਸੇ ਵਿਚ ਮਿਲਿਆ ਹੋਇਆ ਹੈ, ਪਰ; ਉਸ ਤੋਂ ਇਹ ਵਿਰਵਾ ਕਿਉਂ ਹੋ ਜਾਂਦਾ ਹੈ?

1. ਉ:—ਹੇ ਭਾਈ! ਵੇਖੋ; ਜਿਵੇਂ ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ, ਘਾਹ ਨੂੰ ਹਰੇਕ ਘਾਹ ਬੂਟੇ ਦੇ ਰਸ ਨੂੰ ਸੁਕਾ ਦੇਂਦਾ ਹੈ (ਇਸੇ ਤਰ੍ਹਾਂ ਹੀ) ਪ੍ਰਭੂ ਦੀ ਯਾਦ ਭੁਲਾਇਆਂ ਇਸ ਜੀਵ ਦੇ ਅੰਦਰ ਕੋਰਾਪਨ ਜੋਰ ਪਾਂਦਾ ਹੈ, ਉਹ ਮਨੁੱਖ ਦੇ ਜੀਵਨ ਵਿਚੋਂ ਪ੍ਰੇਮ ਰਸ ਸੁਕਾ ਦੇਂਦਾ ਹੈ।

ਪ੍ਰ:—ਕਿਉਂ ਜੀ! ਇਸ ਦਾ ਉਪਾਉ ਕੀ ਕਰਨਾ ਚਾਹੀਦਾ ਹੈ?

2. ਉ:—ਹੇ ਭਾਈ! ਉਸ ਲਈ ਤਾਂ ਇਹੋ ਇਕ ਉਪਾਉ ਹੈ ਕਿ, ਉਸ ਪ੍ਰਭੂ ਦੇ ਚਰਨਾਂ ਵਿਚ ਇਉਂ ਬੇਨਤੀ ਕਰਦੇ ਰਹੀਏ ਕਿ, ਹੇ ਪ੍ਰਭੂ! ਤੂੰ ਆ ਕੇ ਮੇਰੇ ਮਨ ਵਿਚ ਮੇਰੇ ਤਨ ਵਿਚ ਮੇਰੇ ਮੂੰਹ ਵਿਚ ਕਿਉਂ ਨਹੀਂ ਵਸਦਾ? (ਤਾਂ ਕਿ ਮੇਰਾ ਜੀਵਨ ਰੁੱਖਾ ਨਾ ਹੋ ਜਾਏ)।

ਪ੍ਰ:–ਸ੍ਰੀ ਜੀਉ ! ਆਖਰ, ਮਿਲਾਪ ਹੋ ਜਾਣ ਨਾਲ ਹਾਸਿਲ ਕੀ ਹੁੰਦਾ ਹੈ ?

3. ਉ:–ਹੇ ਪਿਆਰੇ ! ਜਿਸ ਜੀਵ ਦੇ ਮਨ ਵਿਚ ਤਨ ਵਿਚ ਸਾਰੇ ਜਗਤ ਦਾ ਆਸਰਾ ਪ੍ਰਭੂ ਆ ਵਸਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦਾ ਹੈ।

4. ਅਤੇ ਉਸ ਨੂੰ ਚੌਂਹਾਂ ਖਾਣੀਆਂ ਦੇ ਜੀਵਾਂ ਵਿਚ ਹਰੇਕ ਘਟ ਵਿਚ ਪ੍ਰਭੂ ਦੀ ਹੀ ਜੋਤ ਸਮਾਈ ਹੋਈ ਦਿਸਦੀ ਹੈ।

ਪ੍ਰ:–ਕਿਉਂ ਜੀ ! ਉਸ ਦੀ ਆਖਰ ਪ੍ਰਭੂ ਤੋਂ ਮੰਗ ਕੀ ਹੋਇਆ ਕਰਦੀ ਹੈ ?

5. ਉ:–ਹੇ ਪਿਆਰੇ ! ਉਸ ਦੀ ਤਾਂ ਕੇਵਲ ਇਹੋ ਹੀ ਮੰਗ ਹੈ ਕਿ, ਹੇ ਦਿਆਲ ਦਾਤਾਰ, ਮੈਨੂੰ ਆਪਣਾ ਦਰਸ਼ਨ ਦੇਹ, ਮੈਨੂੰ (ਚੰਗੀ) ਅਕਲ ਦੇਹ, (ਜਿਸ ਕਰ ਕੇ) ਮੈਂ ਉਚੀ ਆਤਮਕ ਅਵਸਥਾ ਹਾਸਲ ਕਰ ਸਕਾਂ (ਤੇ ਤੈਨੂੰ ਹਰ ਥਾਂ ਵੇਖ ਸਕਾਂ)।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸ ਮਨੁੱਖ ਦੀ ਪ੍ਰੀਤ ਜਿਸ ਦਾ ਪਿਆਰ ਪ੍ਰਮਾਤਮਾਂ ਨਾਲ ਬਣ ਜਾਂਦਾ ਹੈ, ਉਹ ਪ੍ਰੇਮੀ ਪ੍ਰਭੂ ਦੇ ਪਿਆਰ ਵਿਚ (ਜੁੜ ਕੇ) ਉਸ ਦੇ ਗੁਣ ਅਨੰਦ ਨਾਲ ਯਾਦ ਕਰਦਾ ਹੈ।੧੪।

ਭਾਵਾਰਥ :–ਪ੍ਰਮੇਸ਼ਰ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾ ਪਨ ਜ਼ੋਰ ਪਾ ਲੈਂਦਾ ਹੈ, ਉਹ ਕੋਰਾ-ਪਨ ਉਸ ਦੇ ਜੀਵਨ ਵਿਚੋਂ ਪ੍ਰੇਮ ਰਸ ਸੁਕਾ ਦੇਂਦਾ ਹੈ; ਪ੍ਰਮਾਤਮਾਂ ਦੀ ਸਿਫਤ ਸਲਾਹ ਹੀ ਮਨੁੱਖ ਦੇ ਅੰਦਰ ਉਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰਖਦੀ ਹੈ।

1. ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥
2.ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
3. ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ ॥
4.ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
5. ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥
5. ਨਾਨਕ ਮਾਘਿ ਮਹਾ ਰਸੁ ਹਰਿ ਜਪਿ
ਅਠਸਠਿ ਤੀਰਥ ਨਾਤਾ ॥੧੫॥

ਪਦ ਅਰਥ :–ਮਾਘਿ–ਮਾਘ (ਮਹੀਨੇ) ਵਿਚ। ਪੁਨੀਤ–ਪਵਿਤ੍ਰ। ਤੀਰਥੁ–ਪਵਿਤ੍ਰ ਅਸਥਾਨ (ਖਾਸ ਤੌਰ ਤੇ ਉਹ) ਜੋ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ। ਅੰਤਰਿ–ਹਿਰਦੇ ਵਿਚ। ਜਾਨਿਆ-ਪਛਾਣ ਲਿਆ, ਲਭ ਲਿਆ। ਸਹਜਿ–ਸਹਜ ਵਿਚ, ਅਡੋਲ ਅਵਸਥਾ ਵਿਚ। ਗਹਿ–ਗ੍ਰਹਿਣ ਕਰ ਕੇ। ਅੰਕੇ ਅੰਕ ਵਿਚ, ਹਿਰਦੇ ਵਿਚ। ਸੁਣਿ–(ਤੇਰੇ ਗੁਣ) ਸੁਣ ਕੇ। ਬੰਕੇ–ਸੋਹਣੇ। ਸਰਿ–ਸਰੋਵਰ ਵਿਚ, ਤੀਰਥ ਉਤੇ। ਨਾਵਾ–ਨ੍ਹਾਵਾਂ, ਇਸ਼ਨਾਨ ਕਰ ਲੈਂਦਾ ਹਾਂ। ਤਹ–ਉਸ ਆਤਮਕ ਅਵਸਥਾ ਵਿਚ। ਬੇਣੀ ਸੰਗਮ–ਤ੍ਰਿਬੇਣੀ, ਗੰਗਾ, ਜਮਨਾ, ਸਰਸ੍ਵਤੀ ਤਿੰਨ ਨਦੀਆਂ ਦਾ ਮਿਲਾਪ ਅਸਥਾਨ। ਜਪਿ–ਜਪ ਕੇ। ਜਾਤਾ–ਡੂੰਘੀ ਸਾਂਝ ਪਾ ਲਈ।੧੫।

ਅਰਥ :–

ਪ੍ਰ:–ਸ੍ਰੀ ਜੀਉ ! ਹਿੰਦੂ ਲੋਕ ਆਪਣੇ ਸ਼ਾਸਤ੍ਰਾਂ ਅਨੁਸਾਰ ਮਾਘ ਮਹੀਨੇ ਵਿਚ ਪ੍ਰਯਾਗ ਆਦਿਕ ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਪਵਿਤ੍ਰਤਾ ਮੰਨਦੇ ਹਨ, ਕੀ ਗੁਰਮਤਿ ਭੀ ਇਸ ਵੀਚਾਰ ਨਾਲ ਸਹਿਮਤ ਹੈ ?

1. ਉ:–ਹੇ ਭਾਈ ! ਗੁਰਮਤਿ ਤਾਂ ਇਸ ਖਿਆਲ ਨਾਲ ਸਹਿਮਤ ਹੈ ਕਿ, ਜਿਸ ਜੀਵ ਨੇ ਆਪਣੇ ਹਿਰਦੇ ਵਿਚ ਹੀ ਤੀਰਥ ਪਛਾਣ ਲਿਆ ਹੈ ਉਸ ਦੀ ਜਿੰਦ ਪਵਿਤਰ ਹੋ ਜਾਂਦੀ ਹੈ।

2. ਹੇ ਭਾਈਓ ! ਜੋ ਜੀਵ ਪ੍ਰਮਾਤਮਾਂ ਦੇ ਗੁਣ ਆਪਣੇ ਹਿਰਦੇ ਵਿਚ ਵਸਾ ਕੇ ਉਸ ਦੇ ਚਰਨਾਂ ਵਿਚ ਲੀਨ ਹੁੰਦਾ ਹੈ, ਉਹ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ ਜਿਥੇ ਉਸ ਨੂੰ ਸੱਜਣ ਪ੍ਰਭੂ ਮਿਲ ਪੈਂਦਾ ਹੈ।

ਪ੍ਰ–ਸ੍ਰੀ ਜੀਉ ! ਉਸ ਚਰਨਾਂ ਵਿਚ ਲੀਨ ਹੋਏ ਮਨੁੱਖ ਦੀ ਮਾਨਸਕ ਅਵਸਥਾ ਕੀ ਹੋਇਆ ਕਰਦੀ ਹੈ ?

3. ਉ:–ਹੇ ਭਾਈਓ ! ਉਹ ਹਰ ਵਕਤ ਮਨ ਕਰ ਕੇ ਇਉਂ ਹੀ ਜੋਦੜੀਆਂ ਕਰਦਾ ਹੈ ਕਿ, ਹੇ ਸੋਹਣੇ ਪ੍ਰੀਤਮ ਪ੍ਰਭੂ ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ ਤੇਰੀ ਸਿਫਤ ਸਲਾਹ ਸੁਣ ਕੇ ਤੈਨੂੰ ਚੰਗਾ ਲਗਣ ਲਗ ਪਵਾਂ, ਤਾਂ ਮੈਂ ਤੀਰਥ ਉਤੇ ਇਸ਼ਨਾਨ ਕਰ ਲਿਆ ਹੀ (ਸਮਝਦਾ ਹਾਂ)।

4. ਅਤੇ ਉਸ ਦਾ ਇਹੋ ਹੀ ਨਿਸਚਾ ਹੈ ਕਿ, ਹੇ ਪ੍ਰਭੂ ! ਤੇਰੇ ਚਰਨਾਂ ਵਿਚ ਲੀਨਤਾ ਵਾਲੀ ਅਵਸਥਾ ਹੀ ਗੰਗਾ, ਜਮਨਾ, ਸਰਸ੍ਵਤੀ ਤਿੰਨਾਂ ਨਦੀਆਂ ਦਾ ਮਿਲਾਪ ਥਾਂ ਹੈ, ਉਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ।

5. ਹੇ ਭਾਈਓ ! ਜਿਸ ਮਨੁੱਖ ਨੇ ਹਰੇਕ ਜੁਗ ਵਿਚ ਵਿਆਪਕ ਪ੍ਰਮੇਸ਼ਰ ਨਾਲ ਸਾਂਝ ਪਾ ਲਈ, ਉਸ ਨੇ (ਤੀਰਥ ਇਸ਼ਨਾਨ ਆਦਿਕ) ਸਾਰੇ ਪੁੰਨ ਕਰਮ ਪੁੰਨ ਦਾਨ ਤੇ ਪੂਜਾ ਕਰਮ ਕਰ ਲਏ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮਾਘ ਮਹੀਨੇ ਵਿਚ (ਤੀਰਥ ਇਸ਼ਨਾਨ ਆਦਿਕ ਦੇ ਥਾਂ) ਜਿਸ ਨੇ ਪ੍ਰਭੂ ਦਾ ਨਾਮ ਸਿਮਰਕੇ ਪ੍ਰਭੂ ਨਾਮ ਦਾ ਮਹਾਂ ਰਸ ਪੀ ਲਿਆ, ਉਸ ਨੇ ਅਠਾਹਠ ਹੀ ਤੀਰਥਾਂ ਦਾ ਇਸ਼ਨਾਨ ਕਰ ਲਿਆ।੧੫।

ਭਾਵਾਰਥ :–ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ ਵਿਚ ਪਵਿਤ੍ਰਤਾ ਮੰਨਦੇ

ਹਨ, ਪਰ ਪ੍ਰਮਾਤਮਾਂ ਦੀ ਸਿਫਤ ਸਲਾਹ ਹਿਰਦੇ ਵਿਚ ਵਸਾਣੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

1. ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥
2. ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥
3. ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥
4. ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥
5. ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥
6. ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

ਪਦ ਅਰਥ :—ਮਨਿ—ਮਨ ਵਿਚ। ਰਹਸੀ—ਖੁਸ਼ ਹੋਈ, ਖਿੜ ਪਈ। ਸੁਭਾਇਆ—ਚੰਗਾ ਲਗਾ। ਅਨਦਿਨੁ—ਹਰ ਰੋਜ਼। ਰਹਸੁ—ਖਿੜਾਉ, ਅਨੰਦ। ਆਪੁ—ਆਪਾ ਭਾਵ। ਮਨ ਮੋਹੁ—ਮਨ ਦਾ ਮੋਹ, ਮਨ (ਵਿਚ ਪੈਦਾ ਹੋਇਆ ਮਾਇਆ) ਦਾ ਮੋਹ। ਤਿਸੁ—ਉਸ (ਪ੍ਰਭੂ) ਨੂੰ। ਆਓ—ਆਗਮਨ, ਨਿਵਾਸ। ਘਰਿ—ਹਿਰਦੇ ਘਰ ਵਿਚ। ਕਰੀ—ਕਰੀਂ, ਮੈਂ ਕਰਦੀ ਹਾਂ। ਮਹਲੀ—ਪ੍ਰਭੂ ਦੇ ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ। ਪ੍ਰਭੂ ਦੇ ਚਰਨਾਂ ਵਿਚ। ਲਹਾ ਨ—ਮੈਂ ਨਹੀਂ ਲਭ ਸਕਦੀ। ਥਾਓ—ਥਾਉ, ਥਾਂ। ਪਾਟ ਪਟੰਬਰ—ਪਾਟ ਪਟ-ਅੰਬਰ, ਰੇਸ਼ਮ ਦੇ ਕੱਪੜੇ। ਪਿਰਿ-ਪਿਰ ਨੇ। ਲੋੜੀ—ਲੋੜ ਲਈ, ਪਸੰਦ ਕਰ ਲਈ। ਗੁਰਿ ਅਪਣੈ—ਅਪਣੇ ਗੁਰੂ ਦੀ ਰਾਹੀਂ। ਘਰਿ—ਹਿਰਦੇ ਘਰ ਵਿਚ। ਵਰੁ—ਖਸਮ ਪ੍ਰਭੂ।੧੬।

ਅਰਥ :—

ਪ੍ਰ:—ਸ੍ਰੀ ਜੀਉ! ਇਹ ਆਮ ਵੇਖਣ ਵਿਚ ਆਉਂਦਾ ਹੈ ਕਿ, ਸਿਆਲੀ ਰੁੱਤ ਦੀ ਕਰੜੀ ਸਰਦੀ ਲੰਘ ਜਾਣ ਤੋਂ ਪਿਛੋਂ ਬਹਾਰ ਫਿਰਨ ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ ਤਮਾਸ਼ਿਆਂ ਦੀ ਰਾਹੀਂ ਖੁਸ਼ੀਆਂ ਮਨਾਂਦੇ ਹਨ ਕੀ, ਇਨ੍ਹਾਂ ਖੁਸ਼ੀਆਂ ਨੂੰ ਸਹੀ ਰੂਪ ਵਿਚ ਸੱਚੀਆਂ ਖੁਸ਼ੀਆਂ ਸਮਝਣਾ ਚਾਹੀਦਾ ਹੈ? ਜਾਂ ਕਿ ਇਨ੍ਹਾਂ ਤੋਂ ਭਿੰਨ ਕੋਈ ਹੋਰ ਖੁਸ਼ੀ ਅਨੰਦ ਭੀ ਹੈ?

1. ਉ:—ਹੇ ਭਾਈਓ! ਅਸਲ ਵਿਚ ਤਾਂ ਇਹ ਖੁਸ਼ੀਆਂ ਚੰਦ ਸ਼ਮੇਂ ਲਈ ਹੋਇਆ ਕਰਦੀਆਂ ਹਨ, ਪਰ, ਜਿਸ ਜੀਵ ਰੂਪ ਇਸਤ੍ਰੀ ਨੂੰ ਆਪਣੇ ਮਨ ਵਿਚ ਪ੍ਰਭੂ ਦਾ ਪਿਆਰ ਮਿੱਠਾ ਲਗਾ ਹੈ, ਉਸ ਦੇ ਮਨ ਵਿਚ ਅਸਲ ਅਨੰਦ ਪੈਦਾ ਹੋਇਆ ਹੈ।

2. ਕਿਉਂਕਿ, ਜਿਸਨੇ ਆਪਣੇ ਅੰਦਰੋਂ ਆਪਾ ਭਾਵ ਗਵਾਇਆ ਹੈ ਉਸ ਦੇ ਅੰਦਰ ਹਰ ਵੇਲੇ ਹੀ ਖਿੜਾਉ ਬਣਿਆ ਰਹਿੰਦਾ ਹੈ।

ਪ੍ਰ:—ਕਿਉਂ ਜੀ! ਇਹ ਖਿੜਾਉ ਹਾਸਿਲ ਕਰਨ ਲਈ ਸਾਰੇ ਲੋਕ ਹੀ ਕਿਉਂ ਨਹੀਂ ਆਪਾ ਭਾਵ ਗਵਾ ਲੈਂਦੇ?

3. ਉ:—ਹੇ ਭਾਈਓ! ਅਸਲ ਵਿਚ ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਇਹ ਆਪਾ ਭਾਵ ਗਵਾਣਾ ਕੋਈ ਸੌਖੀ ਖੇਡ ਨਹੀਂ ਹੈ, ਇਹ ਤਾਂ ਜਦੋਂ ਪ੍ਰਭੂ ਆਪ ਹੀ ਮਿਹਰ ਕਰਦਾ ਹੈ, ਤਾਂ ਜੀਵ ਆਪਣੇ ਮਨ ਵਿਚੋਂ ਮਾਇਆ ਦਾ ਮੋਹ ਮੁਕਾਂਦਾ ਹੈ, ਤਾਂ ਪ੍ਰਭੂ ਭੀ ਮਿਹਰ ਕਰ ਕੇ ਉਸ ਦੇ ਹਿਰਦੇ ਘਰ ਵਿਚ ਆ ਪ੍ਰਵੇਸ਼ ਕਰਦਾ ਹੈ।

4. ਹੇ ਭਾਈ! ਪ੍ਰਭੂ ਮਿਲਾਪ ਤੋਂ ਬਿਨਾ ਹੀ ਮੈਂ ਬਥੇਰੇ (ਧਾਰਮਿਕ) ਸ਼ਿੰਗਾਰ (ਬਾਹਰੋਂ ਦਿਸਦੇ ਧਾਰਮਿਕ ਕੰਮ) ਕੀਤੇ, ਪਰ ਉਸ ਦੇ ਚਰਨਾਂ ਵਿਚ ਮੈਨੂੰ ਟਿਕਾਣਾ ਨਾ ਹੀ ਮਿਲ ਸਕਿਆ।

5. ਪਰ, ਹੇ ਭਾਈ! ਜਿਸ ਨੂੰ ਪਤੀ ਪ੍ਰਭੂ ਨੇ ਪਸੰਦ ਕਰ ਲਿਆ, ਉਹ ਸਾਰੇ ਹਾਰ ਸ਼ਿੰਗਾਰਾਂ ਰੇਸ਼ਮੀਂ ਕਪੜਿਆਂ ਨਾਲ ਸ਼ਿੰਗਾਰੀ ਗਈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਪਤੀ ਨੇ ਆਪਣੇ ਗੁਰੂ ਦੀ ਰਾਹੀਂ (ਆਪਣੇ ਨਾਲ) ਮਿਲਾ ਲਿਆ, ਉਸ ਨੂੰ ਹਿਰਦੇ ਘਰ ਵਿਚ ਹੀ ਖਸਮ ਪ੍ਰਭੂ ਮਿਲ ਪਿਆ ਹੈ।੧੬।

ਭਾਵਾਰਥ :—ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਸਿਫਤ ਸਲਾਹ ਦੀ ਰਾਹੀਂ ਆਪਣੇ ਅੰਦਰੋਂ ਆਪਾ ਭਾਵ ਦੂਰ ਕਰਦਾ ਹੈ, ਉਸ ਨੂੰ ਆਪਣੇ ਅੰਦਰ ਵਸਦਾ ਪ੍ਰਮੇਸ਼ਰ ਮਿਲ ਪੈਂਦਾ ਹੈ, ਪਰ, ਇਹ ਆਪਾ ਭਾਵ ਦੂਰ ਕਰਨਾ ਕੋਈ ਸੌਖੀ ਖੇਡ ਨਹੀਂ, ਇਸ ਨੂੰ ਉਹੀ ਦੂਰ ਕਰਦਾ ਹੈ ਜਿਸ ਉਤੇ ਪ੍ਰਮਾਤਮਾਂ ਆਪ ਹੀ ਮਿਹਰ ਕਰੇ।

1, ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
2. ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥
3. ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥
4. ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥
5. ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥
6. ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥੧੭॥੧॥

ਪਦ ਅਰਥ :—ਬੇ—ਦੋ। ਬੇ ਦਸ—ਦੋ ਤੇ ਦਸ, ਬਾਰ੍ਹਾਂ। ਬੇ ਦਸ ਮਾਹ—ਬਾਰ੍ਹਾਂ ਹੀ ਮਹੀਨੇ। ਰੁਤੀ—ਰੁੱਤਾਂ। ਥਿਤੀ—ਥਿਤਾਂ (ਚੰਦ੍ਰਮਾਂ ਦੇ ਵਧਣ ਘਟਣ ਨਾਲ ਏਕਮ, ਦੂਜ, ਤੀਜ ਆਦਿਕ)। ਵਾਰ—ਦਿਨ। ਭਲੇ—ਸੁਲੱਖਣੇ, ਭਾਗਾਂ ਵਾਲੇ, ਚੰਗੇ। ਮੂਰਤ—ਮਹੂਰਤ। ਸਾਚੇ—ਸਦਾ ਥਿਰ ਪ੍ਰਭੂ ਜੀ (ਆਦਰ

ਵਾਸਤੇ ਬਹੁ ਵਚਨ)। ਆਏ—ਆਇ, ਆਕੇ। ਸਹਜਿ—ਅਡੋਲ ਅਵਸਥਾ ਵਿਚ, ਅਡੋਲ ਹੋਏ ਹਿਰਦੇ ਵਿਚ। ਸਾਰੇ—ਸਿਰੇ ਚੜ੍ਹ ਗਏ, ਸਫਲ ਹੋ ਗਏ। ਬਿਧਿ—ਢੰਗ, ਜੁਗਤਿ। ਜਿਨਿ—ਜਿਸ (ਪ੍ਰਭੂ) ਨੇ। ਸੀਗਾਰੀ—ਸਵਾਰ ਦਿਤੀ, ਮਨ ਪਵਿਤ੍ਰ ਕਰ ਦਿਤਾ। ਤਿਸਹਿ—ਉਸੇ (ਪ੍ਰਭੂ) ਨੂੰ। ਰੰਗੁ—ਆਤਮਕ ਅਨੰਦ। ਘਰਿ—ਹਿਰਦੇ ਵਿਚ। ਪਿਰਿ—ਪਿਰ ਨੇ। ਰਾਵੀ—ਮਿਲਾ ਲਈ। ਮਸਤਕਿ—ਮੱਥੇ ਉਤੇ। ਅਹਿ—ਦਿਨ। ਨਿਸਿ—ਰਾਤ। ਥਿਰੁ—ਸਦਾ ਕਾਇਮ। ਸੁਹਾਗੋ—ਚੰਗਾ ਭਾਗ।੧੭।

ਅਰਥ :—

ਪ੍ਰ:—ਸ੍ਰੀ ਜੀਉ ! ਉਹ ਜੀਵ ਰੂਪ ਇਸਤ੍ਰੀ ਕਿਹੜੀ ਹੈ, ਜਿਸ ਦੇ ਅੰਦਰ ਪ੍ਰਭੂ ਜੀ ਸਦਾ ਹੀ ਨਿਵਾਸ ਕਰਦਾ ਹੈ ?

1. ਉ:—ਹੇ ਭਾਈ ! ਅਸਲ ਵਿਚ ਜਿਸ ਜੀਵ ਰੂਪ ਇਸਤ੍ਰੀ ਦੇ ਅਡੋਲ ਹੋਏ ਹਿਰਦੇ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਮਾਤਮਾਂ ਆ ਟਿਕਦਾ ਹੈ, ਉਸ ਨੂੰ ਬਾਰ੍ਹਾਂ ਮਹੀਨੇ, ਸਾਰੀਆਂ ਰੁੱਤਾਂ, ਸਾਰੀਆਂ ਥਿਤਾਂ, ਸਾਰੇ ਦਿਨ।
2. ਸਾਰੀਆਂ ਘੜੀਆਂ, ਸਾਰੇ ਮਹੂਰਤ ਤੇ ਪਲ ਸੁਲੱਖਣੇ ਜਾਪਦੇ ਹਨ, (ਉਸ ਨੂੰ ਕਿਸੇ ਸੰਗ੍ਰਾਂਦ, ਮੱਸਿਆ ਆਦਿਕ ਦੀ ਹੀ ਪਵਿਤ੍ਰਤਾ ਦਾ ਭਰਮ ਭੁਲੇਖਾ ਨਹੀਂ ਰਹਿੰਦਾ)।
3. ਹੇ ਭਾਈ ! ਉਹ ਜੀਵ ਰੂਪ ਇਸਤ੍ਰੀ ਕਿਸੇ ਕੰਮ ਨੂੰ ਸ਼ੁਰੂ ਕਰਨ ਵਾਸਤੇ ਕੋਈ ਖਾਸ ਮਹੂਰਤ ਨਹੀਂ ਭਾਲਦੀ, ਕਿਉਂਕਿ;ਉਸਨੂੰ ਇਹ ਯਕੀਨ ਹੁੰਦਾ ਹੈ ਕਿ ਜਦੋਂ ਪਿਆਰਾ ਪ੍ਰਭੂ ਮਿਲ ਪਏ (ਭਾਵ, ਪ੍ਰਮਾਤਮਾਂ ਦਾ ਆਸਰਾ ਲਿਆਂ) ਸਭ ਕੰਮ ਰਾਸ ਆ ਜਾਂਦੇ ਹਨ, ਕਰਤਾਰ ਹੀ (ਜੀਵ ਨੂੰ ਸਫਲਤਾ ਦੇਣ ਦੀਆਂ) ਸਾਰੀਆਂ ਬਿਧੀਆਂ ਜਾਣਦਾ ਹੈ।
4. (ਪਰ ਇਹ ਸਿਦਕ ਸ਼ਰਧਾ ਦਾ ਆਤਮਕ ਸੋਹਜ ਪ੍ਰਮਾਤਮਾਂ ਆਪ ਹੀ ਦੇਂਦਾ ਹੈ) ਪ੍ਰਭੂ ਨੇ ਆਪ ਹੀ ਜੀਵ ਇਸਤ੍ਰੀ ਦੇ ਆਤਮਾਂ ਨੂੰ ਸੰਵਾਰਨਾ ਹੈ ਤੇ ਆਪ ਹੀ ਉਸ ਨੂੰ ਪਿਆਰਨਾ ਹੈ (ਉਸ ਦੀ ਮਿਹਰ ਨਾਲ ਹੀ) ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮੇਲ ਹੁੰਦਾ ਹੈ ਤੇ ਉਹ ਆਤਮਕ ਅਨੰਦ ਮਾਣਦੀ ਹੈ।
5. ਹੇ ਭਾਈ ! ਗੁਰੂ ਦੀ ਰਾਹੀਂ ਜਿਸ ਜੀਵ ਇਸਤ੍ਰੀ ਦੇ ਮੱਥੇ ਦਾ ਲੇਖ ਉਘੜਿਆ, (ਉਸ ਅਨੁਸਾਰ) ਜਦੋਂ ਪ੍ਰਭੂ ਪਤੀ ਨੇ ਉਸ ਨੂੰ ਆਪਣੇ ਚਰਨਾਂ ਨਾਲ ਜੋੜਿਆ, ਉਸ ਦੀ ਹਿਰਦਾ ਸੇਜ ਸੁੰਦਰ ਹੋ ਗਈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਸ ਸੁਭਾਗ ਜੀਵ ਇਸਤ੍ਰੀ ਨੂੰ ਪ੍ਰੀਤਮ ਪ੍ਰਭੂ ਦਿਨ ਰਾਤ ਮਿਲਿਆ ਰਹਿਦਾ ਹੈ, ਪ੍ਰਭੂ ਉਸ ਦਾ ਸਦਾ ਲਈ ਕਾਇਮ ਰਹਿਣ ਵਾਲਾ ਸੁਹਾਗ ਬਣ ਜਾਂਦਾ ਹੈ।੧੭।੧।

ਭਾਵਾਰਥ :—ਜਿਹੜਾ ਮਨੁੱਖ ਪ੍ਰਮਾਤਮਾਂ ਦੀ ਸਿਫਤ ਸਲਾਹ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾਂਦਾ ਹੈ, ਉਸ ਨੂੰ ਕਿਸੇ ਸੰਗ੍ਰਾਂਦ, ਮੱਸਿਆ ਆਦਿਕ ਖਾਸ ਪਵਿਤ੍ਰਤਾ ਦਾ ਭਰਮ ਭੁਲੇਖਾ ਨਹੀਂ ਰਹਿੰਦਾ, ਉਹ ਮਨੁੱਖ ਕਿਸੇ ਕੰਮ ਨੂੰ ਸ਼ੁਰੂ ਕਰਨ ਵਾਸਤੇ ਕੋਈ ਖਾਸ ਮਹੂਰਤ ਨਹੀਂ ਭਾਲਦਾ, ਉਸ ਨੂੰ ਯਕੀਨ ਹੁੰਦਾ ਹੈ ਕਿ ਪ੍ਰਮਾਤਮਾਂ ਦਾ ਆਸਰਾ ਲਿਆਂ ਸਭ ਕੰਮ ਰਾਸ ਆ ਜਾਂਦੇ ਹਨ।

ਤੁਖਾਰੀ ਮਹਲਾ ੧ ॥

1. ਪਹਿਲੈ ਪਹਰੈ ਨੈਣ ਸਲੋਨੜੀਏ
ਰੈਣਿ ਅੰਧਿਆਰੀ ਰਾਮ ॥
2. ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥
3. ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ॥
4. ਰੈਣਿ ਅੰਧੇਰੀ ਕਿਆ ਪਤਿ ਤੇਰੀ
ਚੋਰੁ ਪੜੈ ਘਰੁ ਮੂਸਏ ॥
5. ਰਾਖਣਹਾਰਾ ਅਗਮ ਅਪਾਰਾ
ਸੁਣਿ ਬੇਨੰਤੀ ਮੇਰੀਆ ॥
6 ਨਾਨਕ ਮੂਰਖੁ ਕਬਹਿ ਨ ਚੇਤੈ
ਕਿਆ ਸੂਝੈ ਰੈਣਿ ਅੰਧੇਰੀਆ ॥੧॥

ਪਦ ਅਰਥ :—ਪਹਿਲੈ ਪਹਰੈ—ਰਾਤ ਦੇ ਪਹਿਲੇ ਪਹਿਰ ਵਿਚ, ਜ਼ਿੰਦਗੀ ਦੀ ਰਾਤ ਦੇ ਪਹਿਲੇ ਪਹਿਰ ਵਿਚ, ਉਮਰ ਦੇ ਪਹਿਲੇ ਹਿਸੇ ਵਿਚ। ਸਲੋਨੜੀਏ—ਹੇ ਸੋਹਣੇ ਲੋਇਣਾਂ ਵਾਲੀਏ, ਹੇ ਸੋਹਣੀਆਂ ਅੱਖਾਂ ਵਾਲੀਏ। ਰੈਣਿ—ਰਾਤ। ਅੰਧਿਆਰੀ—ਹਨ੍ਹੇਰੀ,ਘੁੱਪ ਹਨ੍ਹੇਰੇ ਵਾਲੀ। ਰੈਣਿ ਅੰਧਿਆਰੀ—ਘੁੱਪ ਹਨ੍ਹੇਰੀ ਰਾਤ (ਜਿਸ ਵਿਚ ਅੱਖਾਂ ਨੂੰ ਕੁਝ ਭੀ ਨਹੀਂ ਦਿਸਦਾ)। ਵਖਰੁ—ਸੌਦਾ। ਰਾਖੁ—ਸੰਭਾਲ ਲੈ। ਮੁਈਏ—ਹੇ ਮੁਈ ਹੋਈ ਇਸਤ੍ਰੀਏ, ਹੇ ਆਤਮਕ ਜੀਵਨ ਵਲੋਂ ਮਰੀ ਹੋਈ ਜੀਵ ਇਸਤ੍ਰੀਏ। ਆਵੈ—ਆ ਰਹੀ ਹੈ। ਕਵਣੁ—ਕੌਣ ?। ਸੂਤੀ—ਸੁੱਤੀ ਹੋਈ, ਮਾਇਆ ਦੇ ਮੋਹ ਵਿਚ ਗਾਫਲ ਹੋਈ। ਜਮ ਰਸੁ—ਜਮਾਂ ਦਾ ਰਸ, ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ। ਚੂਸਏ—ਚੂਸੈ, ਚੂਸਦੀ ਰਹਿੰਦੀ ਹੈ। ਰੈਣਿ ਅੰਧੇਰੀ—ਹਨ੍ਹੇਰੀ ਰਾਤ। ਪਤਿ—ਇੱਜ਼ਤ। ਕਿਆ ਪਤਿ ਤੇਰੀ—ਤੇਰੀ ਕੀ ਇੱਜ਼ਤ ਹੋਵੇਗੀ ? ਤੈਨੂੰ ਇੱਜ਼ਤ ਨਹੀਂ ਮਿਲੇਗੀ। ਮੂਸਏ—ਮੂਸੈ, ਲੁੱਟਦਾ ਹੈ। ਅਗਮ—ਹੇ ਅਪਹੁੰਚ। ਅਪਾਰਾ—ਹੇ ਬੇਅੰਤ। ਕਿਆ ਸੂਝੈ—ਕੀ ਸੁਝਦਾ ਹੈ ? ਕੁਝ ਭੀ ਨਹੀਂ ਦਿਸਦਾ।੧।

ਅਰਥ :—

ਪ੍ਰ:—ਸ੍ਰੀ ਜੀਉ ! ਸਾਡੇ ਜੀਵਨਾਂ ਉਤੇ ਅਗਿਆਨਤਾ ਦਾ ਅਜਿਹਾ ਅੰਧੇਰਾ ਛਾਇਆ ਹੋਇਆ ਹੈ ਜਿਸ ਦੇ ਅਸਰ ਹੇਠ ਸਾਡਾ ਜੀਵਨ ਦੁਖੀ ਹੋਇਆਂ ਬੀਤਦਾ ਹੈ ਸਾਡੇ ਜੀਵਨ ਵਿਚ ਜਿਵੇਂ ਸੁਖ ਹਾਸਿਲ ਹੋ ਸਕਦਾ ਹੈ ਅਜਿਹਾ ਉਪਦੇਸ਼ ਬਖਸ਼ੋ ?

1. ਉ:—ਹੇ ਸੋਹਣੇ ਨੇਤ੍ਰਾਂ ਵਾਲੀਏ ! ਹੇ ਜੀਵ ਰੂਪ ਇਸਤ੍ਰੀਏ,

(ਵੇਖ ਤੈਨੂੰ) ਆਤਮਕ ਜੀਵਨ ਦਾ ਰਸਤਾ ਵੇਖਣ ਲਈ ਸੋਹਣੇ ਗਿਆਨ ਨੇਤ੍ਰ ਮਿਲੇ ਸਨ, ਪਰ ਜ਼ਿੰਦਗੀ ਦੀ ਰਾਤ ਦੇ ਪਹਿਲੇ ਹਿਸੇ ਵਿਚ (ਤੇਰੀਆਂ ਉਨ੍ਹਾਂ) ਅੱਖਾਂ ਵਾਸਤੇ (ਅਗਿਆਨਤਾ ਦੀ) ਹਨ੍ਹੇਰੀ ਰਾਤ ਹੀ (ਬਣੀ ਰਹਿੰਦੀ ਹੈ)।

ਪ੍ਰ.—ਸ੍ਰੀ ਜੀਉ ! ਇਸ ਦਾ ਕੋਈ ਸਾਧਨ ਦਸੋ, ਜਿਸਦੀ ਬਰਕਤ ਨਾਲ ਸਾਡਾ ਬਚਾ ਹੋ ਸਕਦਾ ਹੈ ?

2. ਉ:—(ਹੇ ਆਤਮਕ ਹਨੇਰੇ ਵਿਚ ਰਹਿ ਕੇ) ਆਤਮਕ ਮੌਤ ਸਹੇੜ ਰਹੀ ਜੀਵ ਇਸਤ੍ਰੀਏ, (ਅਜੇ ਭੀ ਹੋਸ਼ ਕਰ) ਆਪਣੇ ਆਤਮਕ ਜੀਵਨ ਦਾ ਸੌਦਾ ਸਾਂਭ ਕੇ ਰਖ, (ਕਿਉਂਕਿ) ਜਿਹੜੀ ਭੀ ਜੀਵ ਰੂਪ ਇਸਤ੍ਰੀ ਏਥੇ ਆਉਂਦੀ ਹੈ, (ਆਖਰ ਇਥੋਂ ਚਲੇ ਜਾਣ ਵਾਸਤੇ ਹਰੇਕ ਦੀ) ਵਾਰੀ ਆ (ਹੀ),ਜਾਂਦੀ ਹੈ।

3. ਹੇ ਭਾਈ ! ਜ਼ਰੂਰ (ਹੀ) ਹਰੇਕ ਦੀ ਵਾਰੀ ਆ ਜਾਂਦੀ ਹੈ (ਪਰ ਜਿਹੜੀ ਜੀਵ ਰੂਪ ਇਸਤ੍ਰੀ ਮਾਇਆ ਦੇ ਮੋਹ ਵਿਚ ਫਸ ਕੇ ਆਤਮਕ ਜੀਵਨ ਵਲੋਂ) ਬੇ-ਪ੍ਰਵਾਹ ਹੋਈ ਰਹਿੰਦੀ ਹੈ; ਉਹ ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ ਚੂਸਦੀ ਰਹਿੰਦੀ ਹੈ ? (ਦਸੋ, ਹੁਣ ਅਜਿਹੀ ਨੂੰ) ਜਗਾਏ ਭੀ ਕੌਣ ?

ਪ੍ਰ.—ਕਿਉਂ ਜੀ ! ਆਖਰ, ਮੈਨੂੰ ਕਰਨਾ ਕੀ ਚਾਹੀਦਾ ਹੈ ?

4. ਉ:—ਹੇ ਸੋਹਣੇ ਨੇਤ੍ਰਾਂ ਵਾਲੀ ਜੀਵ ਰੂਪ ਇਸਤ੍ਰੀਏ, ਯਾਦ ਰਖ ਜੇ ਤੇਰੀਆਂ ਅੱਖਾਂ ਵਾਸਤੇ ਤੈਨੂੰ ਆਤਮਕ ਜੀਵਨ ਵਲੋਂ ਹਨ੍ਹੇਰੀ ਰਾਤ (ਹੀ ਬਣੀ ਰਹੀ, ਤਾਂ) (ਲੋਕ ਪ੍ਰਲੋਕ ਵਿਚ ਕਿਤੇ ਭੀ) ਤੈਨੂੰ ਇੱਜ਼ਤ ਨਹੀਂ ਮਿਲੇਗੀ (ਅਜਿਹੀ ਸੁਤੀ ਹੋਈ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਕਾਮਾਦਿਕ ਹਰੇਕ) ਚੋਰ ਸੰਨ੍ਹ ਲਾਈ ਰਖਦਾ ਹੈ (ਤੇ, ਉਸ ਦਾ ਹਿਰਦਾ) ਲੁੱਟ ਲੈਂਦਾ ਹੈ।

5. ਹੇ ਜੀਵ ਰੂਪ ਇਸਤ੍ਰੀਏ ! (ਬੱਸ) ਤੂੰ ਇਉਂ ਹੀ ਅਰਦਾਸ ਕਰਦੀ ਰਹੁ ਕਿ, ਹੇ ਰਖਿਆ ਕਰਨ ਵਾਲੇ ਪ੍ਰਭੂ, ਹੇ ਅਪਹੁੰਚ ਪ੍ਰਭੂ, ਹੇ ਬੇਅੰਤ ਪ੍ਰਭੂ ! ਮੇਰੀ ਬੇਨਤੀ ਸੁਣ, (ਮੇਰੀ ਜੀਵਨ ਰਾਤ ਨੂੰ ਵਿਕਾਰਾਂ ਦਾ ਘੁੱਪ ਹਨ੍ਹੇਰਾ ਦਬਾਈ ਨਾ ਰਖੇ)।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਇਹ ਮੂਰਖ ਮਨੁੱਖ ਕਦੇ ਭੀ (ਪ੍ਰਮਾਤਮਾਂ ਨੂੰ) ਯਾਦ ਨਹੀਂ ਕਰਦਾ (ਵਿਕਾਰਾਂ ਦੀ ਘੁੱਪ) ਹਨੇਰੀ (ਜੀਵਨ) ਰਾਤ ਵਿਚ (ਉਸ ਨੂੰ ਆਤਮਕ ਜੀਵਨ ਦਾ ਸਹੀ ਰਸਤਾ) ਸੁੱਝਦਾ ਹੀ ਨਹੀਂ ।੧।

1. **ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ ॥**
2. **ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥**
3. **ਰਾਖਹੁ ਖੇਤੀ ਹਰਿਗੁਰ ਹੇਤੀ ਜਾਗਤ ਚੋਰੁ ਨ ਲਾਗੈ॥**
4. **ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥**
5. **ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥**
6. **ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥੨॥**

ਪਦ ਅਰਥ :—ਜਾਗੁ—ਸੁਚੇਤ ਹੋ । ਅਚੇਤੀ—ਹੇ ਅਚੇਤ ਜੀਵ ਇਸਤ੍ਰੀਏ, ਹੇ ਗਾਫਲ ਇਸਤ੍ਰੀਏ। ਖਾਜੈ—ਖਾਧੀ ਜਾ ਰਹੀ ਹੈ। ਖੇਤੀ—ਆਤਮਕ ਗੁਣਾਂ ਵਾਲੀ ਫਸਲ। ਹੇਤੀ—ਹੇਤਿ, ਪਿਆਰ ਦੀ ਬਰਕਤ ਨਾਲ। ਜਾਗਤ—(ਵਿਕਾਰਾਂ ਦੇ ਹੱਲੇ ਵਲੋਂ)ਸੁਚੇਤ ਰਿਹਾਂ। ਚੋਰੁ—(ਕਾਮਾਦਿਕ ਕੋਈ ਭੀ)ਚੋਰ। ਮਗਿ—ਰਸਤੇ ਉਤੇ, (ਮਾਰਗ—ਰਸਤਾ) । ਭਾਗੈ—ਭੱਜ ਜਾਦਾ। ਹੈ। ਰਵਿ—ਸੂਰਜ, ਗਿਆਨ, ਆਤਮਕ ਜੀਵਨ ਦੀ ਸੂਝ। ਸਸਿ—ਚੰਦ੍ਰਮਾਂ, ਸੀਤਲਤਾ, ਸ਼ਾਂਤੀ। ਦੀਪਕ—ਦੀਵੇ। ਦੁਆਰੈ—ਦਰ ਤੇ । ਮਨਿ—ਮਨ ਵਿਚੋਂ । ਸਾਚਾ—ਸਦਾ ਥਿਰ ਪ੍ਰਭੂ। ਮੁਖਿ—ਮੂੰਹ ਨਾਲ । ਧਿਆਵਏ—ਧਿਆਵੈ, ਧਿਆਉਂਦਾ ਹੈ। ਅਜਹੂ—ਅਜੇ ਭੀ। ਕਿਵ-ਕਿਵੇਂ ? । ਦੂਜੈ—(ਪ੍ਰਮਾਤਮਾਂ ਨੂੰ ਛਡ ਕੇ) ਹੋਰ ਦੇ (ਪਿਆਰ) ਵਿਚ । ਪਾਵਏ—ਪਾਵੈ, ਪਾ ਸਕਦਾ ਹੈ।੨।

ਅਰਥ :—

ਪ੍ਰ:—ਹੇ ਗੁਰੋ ! ਦਸੋ, ਹੁਣ ਮੈਂ ਕੀ ਕਰਾਂ ?

1. ਉ:—ਹੇ ਗਾਫਲ ਜੀਵ ਰੂਪ ਇਸਤ੍ਰੀਏ ! ਤੈਨੂੰ ਹੁਣ ਤਾਂ ਸਮਝ ਲੈਣਾ ਚਾਹੀਦਾ ਹੈ, ਕਿਉਂਕਿ, ਹੁਣ ਤਾਂ ਤੇਰੀ ਜ਼ਿੰਦਗੀ ਦੀ ਰਾਤ ਦਾ ਦੂਜਾ ਪਹਿਰ ਲੰਘ ਰਿਹਾ ਹੈ; ਹੁਣ ਤਾਂ ਮਾਇਆ ਦੇ ਮੋਹ ਦੀ ਨੀਂਦ ਵਿਚੋਂ ਤੈਨੂੰ ਸੁਚੇਤ ਹੋਣਾ ਚਾਹੀਦਾ ਹੈ।

ਪ੍ਰ:—ਸ੍ਰੀ ਜੀਉ ! ਮੈਨੂੰ ਤਾਂ ਇਹ ਭੀ ਕੋਈ ਸੋਝੀ ਨਹੀਂ ਕਿ, ਮੇਰਾ ਨੁਕਸਾਨ ਕੀ ਕੀ ਹੋ ਰਿਹਾ ਹੈ, ਮਿਹਰ ਕਰ ਕੇ ਮੈਨੂੰ ਇਹ ਭੀ ਸਮਝਾ ਦਿਓ ?

2. ਉ:—ਹੇ ਆਤਮਕ ਮੌਤ ਸਹੇੜ ਰਹੀ ਜੀਵ ਰੂਪ ਇਸਤ੍ਰੀਏ, ਸੁਣ ਤੂੰ ਆਪਣੇ ਆਤਮਕ ਜੀਵਨ ਦਾ ਸੌਦਾ ਸਾਂਭ ਕੇ ਰਖ, (ਕਿਉਂਕਿ) ਤੇਰੇ ਆਤਮਕ ਗੁਣਾਂ ਵਾਲੀ ਫਸਲ ਵਿਕਾਰਾਂ ਦੇ ਮੂੰਹ ਵਿਚ ਆ ਹੀ ਅਤੇ ਖਾਧੀ ਜਾ ਰਹੀ ਹੈ।

ਪ੍ਰ:—ਸ੍ਰੀ ਜੀਉ ! ਆਖਰ ਇਨ੍ਹਾਂ ਕਾਮਾਦਿਕ ਚੋਰਾਂ ਤੋਂ ਮੇਰੀ ਆਤਮਕ ਖੇਤੀ ਦਾ ਬਚਾ ਕਿਵੇਂ ਹੋ ਸਕਦਾ ਹੈ ?

3. ਉ:—ਹੇ ਭਾਈ ! ਬਚਾ ਦਾ ਇਕੋ ਹੀ ਸਾਧਨ ਹੈ ਕਿ, ਤੂੰ ਹਰੀ ਨਾਲ, ਗੁਰੂ ਨਾਲ ਪ੍ਰੇਮ ਪਾ ਕੇ (ਆਪਣੀ ਆਤਮਕ ਗੁਣਾਂ ਵਾਲੀ) ਫਸਲ ਸਾਂਭ ਕੇ ਰਖਣਾ ਕਰ, (ਕਿਉਂਕਿ) ਵਿਕਾਰਾਂ ਦੇ ਹਲਿਆਂ ਵਲੋਂ ਸੁਚੇਤ ਰਿਹਾਂ, (ਕਾਮਾਦਿਕ) ਕੋਈ ਭੀ ਚੋਰ (ਆਤਮਕ ਜੀਵਨ ਦੇ ਧਨ ਨੂੰ) ਸੰਨ੍ਹ ਨਹੀਂ ਲਾ ਸਕਦਾ।

4. ਹੇ ਭਾਈਓ ! ਵਿਕਾਰਾਂ ਵਿਚ ਫਸ ਕੇ ਜਮਾਂ ਦੇ ਰਸਤੇ ਉਤੇ ਨਾ ਤੁਰੋ ਅਤੇ ਦੁੱਖ ਨਾ ਸਹੇੜੋ (ਵਿਕਾਰਾਂ ਤੋਂ ਬਚੇ ਰਿਹਾਂ) ਜਮਰਾਜ ਦਾ ਡਰ-ਭਉ ਦੂਰ ਹੋ ਜਾਂਦਾ ਹੈ।

5. ਹੇ ਪਿਆਰੇ ! ਇਹ ਨਿਸਚਾ ਰਖੋ ਕਿ, ਜਿਸ ਮਨੁੱਖ ਦੇ ਮਨ ਵਿਚ ਸਦਾ ਹੀ ਕਾਇਮ ਰਹਿਣ ਵਾਲਾ ਪ੍ਰਮਾਤਮਾਂ ਵਸਦਾ ਰਹਿੰਦਾ ਹੈ, ਜਿਹੜਾ ਮਨੁੱਖ ਆਪਣੇ ਮੂੰਹ ਨਾਲ ਪ੍ਰਮੇਸ਼ਰ ਦਾ ਨਾਮ ਸਿਮਰਦਾ ਰਹਿੰਦਾ ਹੈ, ਗੁਰੂ ਦੀ ਮਤਿ ਦੀ ਬਰਕਤ ਨਾਲ ਉਸ ਦੇ ਹਿਰਦੇ ਵਿਚ ਗਿਆਨ ਅਤੇ ਸ਼ਾਂਤੀ ਦੇ ਦੀਵੇ (ਹਦਾ ਹੀ) ਜਗਦੇ ਰਹਿੰਦੇ ਹਨ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੂਰਖ ਮਨੁੱਖ ਅਜੇ ਭੀ ਪ੍ਰਮਾਤਮਾਂ ਨੂੰ ਯਾਦ ਨਹੀਂ ਕਰਦਾ (ਜਦੋਂ ਕਿ ਉਸ ਦੀ ਜ਼ਿੰਦਗੀ ਦੀ ਰਾਤ ਦਾ ਦੂਜਾ ਪਹਿਰ ਬੀਤ ਰਿਹਾ ਹੈ. ਪ੍ਰਮਾਤਮਾਂ ਨੂੰ ਭੁਲਾ ਕੇ) ਹੋਰ ਹੋਰ (ਪਿਆਰ) ਵਿਚ ਮਨੁੱਖ ਕਿਸੇ ਭੀ ਹਾਲਤ ਵਿਚ ਆਤਮਕ ਅਨੰਦ ਨਹੀਂ ਲਭ ਸਕਦਾ।੨।

1. ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥
2. ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥
3. ਮਾਇਆ ਸੁਤ ਦਾਰਾ ਜਗਤ ਪਿਆਰਾ
ਚੋਗ ਚੁਗੈ ਨਿਤ ਫਾਸੈ ॥
4. ਨਾਮੁ ਧਿਆਵੈ ਤਾ ਸੁਖੁ ਪਾਵੈ
ਗੁਰਮਤਿ ਕਾਲੁ ਨ ਗ੍ਰਾਸੈ ॥
5. ਜੰਮਣੁ ਮਰਣੁ ਕਾਲੁ ਨਹੀ ਛੋਡੈ
ਵਿਣੁ ਨਾਵੈ ਸੰਤਾਪੀ ॥
6. ਨਾਨਕ ਤੀਜੈ ਤ੍ਰਿਬਿਧਿ ਲੋਕਾ
ਮਾਇਆ ਮੋਹਿ ਵਿਆਪੀ ॥੩॥

ਪਦ ਅਰਥ :—ਨੀਦ ਵਿਆਪੀ–(ਮਾਇਆ ਦੇ ਮੋਹ ਦੀ) ਨੀਂਦ ਆਪਣਾ ਜੋਰ ਪਾਈ ਰਖਦੀ ਹੈ। ਸੁਤ–ਪੁੱਤਰ। ਦਾਰਾ–ਇਸਤ੍ਰੀ। ਦੂਖਿ–ਦੁੱਖ ਵਿਚ, ਚਿੰਤਾ ਫਿਕਰ ਵਿਚ। ਸੰਤਾਪੀ–ਕਲਪਦੀ ਰਹਿੰਦੀ ਹੈ। ਚੋਗ ਚੁਗੈ–(ਮਨੁੱਖ ਮਾਇਕ ਪਦਾਰਥਾਂ ਦੇ) ਭੋਗ ਭੋਗਦਾ ਰਹਿੰਦਾ ਹੈ। ਤਾ–ਤਦੋਂ। ਸੁਖੁ–ਆਤਮਕ ਅਨੰਦ। ਕਾਲੁ–ਮੌਤ, ਆਤਮਕ ਮੌਤ। ਗ੍ਰਾਸੈ–ਖਾਂਦੀ, ਆਪਣੇ ਕਾਬੂ ਵਿਚ ਰਖਦੀ। ਤੀਜੈ–ਜ਼ਿੰਦਗੀ ਦੀ ਰਾਤ ਦਾ ਤੀਜਾ ਪਹਿਰ ਗੁਜ਼ਰਦਿਆਂ ਹੀ। ਲੋਕਾ–ਹੇ ਲੋਕੋ। ਤ੍ਰਿਬਿਧਿ ਮਾਇਆ ਮੋਹ–ਤਿੰਨਾਂ ਗੁਣਾਂ ਵਾਲੀ ਮਾਇਆ ਦੇ ਮੋਹ ਵਿਚ (ਤਿੰਨ ਗੁਣ ਰਜੋ, ਤਮੋ, ਸਤੋ)। ਵਿਆਪੀ–ਫਸੀ ਰਹਿੰਦੀ ਹੈ।੩।

ਅਰਥ :—

ਪ੍ਰ:–ਸ੍ਰੀ ਜੀਉ ! ਕੀ, ਮਨੁੱਖ ਉਤੇ ਮਾਇਆ ਦੇ ਮੋਹ ਵਿਆਪਣ ਦਾ ਭੀ ਕੋਈ ਉਮਰ ਦਾ ਖਾਸ ਹਿੱਸਾ ਹੈ ?

1. ਉ:–ਹੇ ਭਾਈਓ ! ਅਸੀਂ ਤਾਂ ਵੇਖ ਰਹੇ ਹਾਂ ਕਿ ਜਦੋਂ ਮਨੁੱਖ ਦੀ ਜ਼ਿੰਦਗੀ ਦੀ ਰਾਤ ਦਾ ਤੀਜਾ ਪਹਿਰ ਭੀ ਲੰਘਦਾ ਜਾ ਰਿਹਾ ਹੁੰਦਾ ਹੈ, ਤਦੋਂ ਭੀ ਇਸ ਜੀਵ ਉਤੇ ਮਾਇਆ ਦੇ ਮੋਹ ਦੀ ਨੀਂਦ ਜ਼ੋਰ ਪਾਈ ਰਖਦੀ ਹੈ।

2. ਇਹ ਮਾਇਆ ਪੁੱਤ੍ਰ, ਇਸਤ੍ਰੀ ਆਦਿਕ ਕਈ ਕਿਸਮ ਦੇ ਚਿੰਤਾ ਫਿਕਰ ਵਿਚ ਮਨੁੱਖ ਦੀ ਜ਼ਿੰਦਗੀ ਨੂੰ ਕਲਪਾਉਂਦੀ ਰਹਿੰਦੀ ਹੈ।

3. ਹੇ ਭਾਈਓ ! ਵੇਖਣ ਵਿਚ ਆਉਂਦਾ ਹੈ ਕਿ ਹਰੇਕ ਮਨੁੱਖ ਮਾਤ੍ਰ ਨੂੰ ਮਾਇਆ ਦਾ ਪਿਆਰ, ਪੁੱਤ੍ਰਾਂ ਦਾ ਪਿਆਰ, ਇਸਤ੍ਰੀ ਦਾ ਪਿਆਰ, ਦੁਨੀਆਂ ਦਾ ਪਿਆਰ, (ਮੋਹੀ ਰਖਦਾ ਹੈ, ਜਿਉਂ ਜਿਉਂ ਮਨੁੱਖ) ਮਾਇਕ ਪਦਾਰਥਾਂ ਦੇ ਭੋਗ ਭੋਗਦਾ ਹੈ, ਤਿਉਂ ਤਿਉਂ ਸਦਾ (ਇਨ੍ਹਾਂ ਵਿਚ) ਫਸਿਆ ਰਹਿੰਦਾ ਹੈ ਤੇ ਦੁੱਖ ਪਾਉਂਦਾ ਹੈ।

ਪ੍ਰ:–ਹੇ ਗੁਰੋ ! ਇਸ ਮਨੁੱਖ ਦਾ ਕਾਲ ਤੋਂ ਬਚਾ ਕਿਵੇਂ ਹੋ ਸਕਦਾ ਹੈ ?

4. ਉ:–ਹੇ ਪਿਆਰੇ ! ਜਦੋਂ ਇਹ ਜੀਵ ਪ੍ਰਮੇਸ਼ਰ ਦਾ ਨਾਮ ਸਿਮਰਦਾ ਹੈ, ਤਦੋਂ ਹੀ ਇਹ ਆਤਮਕ ਅਨੰਦ ਹਾਸਲ ਕਰਦਾ ਹੈ ਤੇ ਗੁਰੂ ਦੀ ਮਤਿ ਦੀ ਬਰਕਤ ਨਾਲ ਆਤਮਕ ਮੌਤ ਇਸ ਨੂੰ ਆਪਣੇ ਕਾਬੂ ਵਿਚ ਨਹੀਂ ਰਖ ਸਕਦੀ।

5. ਹੇ ਭਾਈਓ ! ਪ੍ਰਮਾਤਮਾਂ ਦੇ ਨਾਮ ਤੋਂ ਖੁੰਝ ਕੇ ਮਨੁੱਖ ਦੀ ਜਿੰਦ ਸਦਾ ਹੀ ਕਲਪਦੀ ਰਹਿੰਦੀ ਹੈ, ਜਨਮ ਮਰਣ ਦਾ ਗੇੜ ਇਸ ਦੀ ਖਲਾਸੀ ਨਹੀਂ ਕਰਦਾ, ਆਤਮਕ ਮੌਤ ਇਸ ਦੀ ਖਲਾਸੀ ਨਹੀਂ ਕਰਦੀ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਲੋਕੋ ! ਜ਼ਿੰਦਗੀ ਦੀ ਰਾਤ ਦਾ ਤੀਜਾ ਪਹਿਰ ਲੰਘਦਿਆਂ ਭੀ (ਨਾਮ ਤੋਂ ਸੁੰਞਾ ਰਹਿਣ ਕਰਕੇ ਮਨੁੱਖ ਦੀ ਜਿੰਦ) ਤ੍ਰਿਗੁਣੀ ਮਾਇਆ ਦੇ ਮੋਹ ਵਿਚ ਹੀ ਫਸੀ ਰਹਿੰਦੀ ਹੈ।੩।

1. ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥
2. ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ ॥
3. ਗੁਰ ਪੂਛਿ ਜਾਗੇ ਨਾਮਿ ਲਾਗੇ
ਤਿਨਾ ਰੈਣਿ ਸੁਹੇਲੀਆ ॥
4. ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ
ਤਿਨਾ ਹਰਿ ਪ੍ਰਭੁ ਬੇਲੀਆ ॥
5. ਕਰ ਕੰਪਿ ਚਰਣ ਸਰੀਰੁ ਕੰਪੈ
ਨੈਣ ਅੰਧੁਲੇ ਤਨੁ ਭਸਮ ਸੇ ॥
6. ਨਾਨਕ ਦੁਖੀਆ ਜੁਗ ਚਾਰੇ
ਬਿਨੁ ਨਾਮ ਹਰਿ ਕੇ ਮਨਿ ਵਸੇ ॥੪॥

ਪਦ ਅਰਥ :—ਦਉਤ–ਉਦੇ, ਪ੍ਰਕਾਸ਼। ਬਿਹਾਗੈ–ਸੂਰਜ ਦਾ (ਵਿਹਾਗ–ਸੂਰਜ)। ਦਉਤੁ ਬਿਹਾਗੈ–ਸੂਰਜ ਦਾ ਉਦੈ (ਹੋ ਜਾਂਦਾ ਹੈ) ਸੂਰਜ ਚੜ੍ਹ ਪੈਂਦਾ ਹੈ, ਰਾਤ ਤੋਂ ਦਿਨ ਹੋ ਜਾਂਦਾ ਹੈ, ਕਾਲੇ ਕੇਸ ਤੋਂ ਧੌਲੇ ਹੋ ਜਾਂਦੇ ਹਨ। ਤਿਨ–

ਉਨ੍ਹਾਂ ਨੇ (ਬਹੁ ਵਚਨ) ਤਿਨਿ—ਇਕ ਵਚਨ। ਘਰੁ ਰਾਖਿਅੜਾ— ਹਿਰਦਾ ਘਰ ਵਿਕਾਰਾਂ ਤੋਂ ਬਚਾ ਲਿਆ, ਆਤਮਕ ਗੁਣਾਂ ਦੀ ਰਾਸ ਪੂੰਜੀ ਬਚਾ ਲਈ। ਜੁ—ਜਿਹੜਾ ਮਨੁੱਖ, ਜਿਹੜਾ ਜਿਹੜਾ ਮਨੁੱਖ। (ਅੱਖਰ 'ਜ' ਦੇਨਾਲ ਦੋ ਲਗਾਂ ਹਨ— ੋ ਅਤੇ ੁ। ਅਸਲ ਲਫਜ਼ 'ਜੋ' ਹੈ, ਇਥੇ 'ਜੁ' ਪੜ੍ਹਨਾ ਹੈ) । ਜਾਗੈ— ਜਾਗਦਾ ਰਹਿੰਦਾ ਹੈ, ਮਾਇਆ ਦੇ ਹਲਿਆਂ ਵਲੋਂ ਸੁਚੇਤ ਰਹਿੰਦਾ ਹੈ। ਅਨਦਿਨੁ—ਹਰ ਰੋਜ ਹਰ ਵੇਲੇ।,

ਗੁਰ ਪੂਛਿ—ਗੁਰੂ ਨੂੰ ਪੁਛ ਕੇ, ਗੁਰੂ ਦੀ ਸਿਖਿਆ ਉਤੇ ਤੁਰ ਕੇ। ਜਾਗੇ—ਜਿਹੜੇ ਜਾਗਦੇ ਰਹੇ, ਜਿਹੜੇ ਮਾਇਆ ਦੇ ਮੋਹ ਦੀ ਨੀਂਦ ਵਿਚ ਨਾ ਸੁੱਤੇ। ਨਾਮਿ—ਪ੍ਰਭੂ ਦੇ ਨਾਮ ਵਿਚ। ਲਾਗੇ—ਜੁੜੇ ਰਹੇ, ਲਗੇ ਰਹੇ। ਰੈਣਿ—ਰਾਤ, ਜ਼ਿੰਦਗੀ ਦੀ ਰਾਤ, ਸਾਰੀ ਜ਼ਿੰਦਗੀ।

ਸੁਹੇਲੀਆ—ਸੁਖਦਾਈ, ਸੌਖੀ। ਸਬਦੁ ਕਮਾਵਹਿ— ਸ਼ਬਦ ਅਨੁਸਾਰ ਜੀਵਨ ਬਤੀਤ ਕਰਦੇ ਹਨ। ਜਨਮਿ—ਜਨਮ ਵਿਚ, ਜਨਮ ਮਰਣ ਦੇ ਗੇੜ ਵਿਚ। ਬੇਲੀਆ—ਮਿੱਤਰ।

ਕਰ—ਹੱਥ। ਚਰਣ—ਪੈਰ । ਕੰਪਿ—ਕੰਬ ਕੇ। ਕੰਪੈ— (ਇਕ ਵਚਨ) ਕੰਬਦਾ ਹੈ। ਅੰਧੁਲੈ—ਅੰਨ੍ਹੇ ਜਿਹੇ। ਨੈਣ ਅੰਧੁਲੇ—ਅੱਖਾਂ ਅੰਨ੍ਹੀਆਂ ਜਿਹੀਆਂ, ਅੱਖੀਂ ਘੱਟ ਦਿਸਦਾ ਹੈ। ਤਨੁ—ਸਰੀਰ। ਭਸਮ ਸੇ—ਸੁਆਹ ਵਰਗਾ (ਰੁੱਖਾ)। ਜੁਗ ਚਾਰੇ—ਚੌਹਾਂ ਹੀ ਜੁਗਾਂ ਵਿਚ(ਜੁਗ ਕੋਈ ਭੀ ਹੋਵੇ। ਇਹ ਅਟੱਲ ਨਿਯਮ ਹੈ ਕਿ ਨਾਮ ਤੋਂ ਬਿਨਾ ਦੁੱਖ ਹੀ ਦੁੱਖ ਹੈ)। ਮਨਿ— ਮਨ ਵਿਚ।੪।

ਅਰਥ :—

ਪ੍ਰ:—ਕਿਉਂ ਜੀ! ਇਸ ਜ਼ਿੰਦਗੀ ਦਾ ਜਦੋਂ ਆਖਰੀ ਹਿੱਸਾ ਹੁੰਦਾ ਹੈ, ਮਨੁੱਖ ਉਸ ਵੇਲੇ ਤਾਂ ਜੀਵਨ ਦੀ ਸ਼ੁਭ ਗੁਣਾਂ ਦੀ ਪੂੰਜੀ ਬਚਾ ਹੀ ਸਕਦਾ ਹੈ, ਕਿ ਨਹੀਂ ?

1, ਉ.—ਹੇ ਭਾਈਓ ! ਬਚਾ ਤਾਂ ਸਕਦਾ ਹੈ ਪਰ, ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ, ਜਦੋਂ ਮਨੁੱਖ ਦੀ ਜ਼ਿੰਦਗੀ ਦੀ ਰਾਤ ਦਾ ਚੌਥਾ ਪਹਿਰ ਬੀਤ ਰਿਹਾ ਹੁੰਦਾ ਹੈ, ਤਦੋਂ ਰਾਤ ਤੋਂ ਦਿਨ ਹੋ ਜਾਂਦਾ ਹੈ (ਤਦੋਂ ਕਾਲੇ ਕੇਸਾਂ ਤੋਂ ਧੌਲੇ ਹੋ ਜਾਂਦੇ ਹਨ)।

2. ਪਰ, ਆਤਮਕ ਜੀਵਨ ਦੀ ਰਾਸ ਪੂੰਜੀ ਉਨ੍ਹਾਂ ਮਨੁੱਖਾਂ ਨੇ ਹੀ ਬਚਾਈ ਹੁੰਦੀ ਹੈ,ਜਿਹੜਾ ਜਿਹੜਾ ਹਰ ਵੇਲੇ (ਵਿਕਾਰਾਂ ਦ ਹਲਿਆਂ ਤੋਂ) ਸੁਚੇਤ ਰਹਿੰਦਾ ਹੈ।

3. ਹੇ ਭਾਈ ! ਜਿਹੜੇ ਮਨੁੱਖ ਗੁਰੂ ਦੀ ਸਿਖਿਆ ਲੇ ਕੇ (ਵਿਕਾਰਾਂ ਦੇ ਹਲਿਆਂ ਵਲੋਂ) ਸੁਚੇਤ ਰਹੇ, ਜਿਹੜੇ ਪ੍ਰਮਾਤਮਾਂ ਦੇ ਨਾਮ ਵਿਚ ਜੁੜੇ ਰਹੇ, ਉਨ੍ਹਾਂ ਦੀ ਜ਼ਿੰਦਗੀ ਦੀ ਰਾਤ (ਉਨ੍ਹਾਂ ਦੀ ਸਾਰੀ ਉਮਰ) ਸੌਖੀ ਲੰਘਦੀ ਹੈ।

4. ਹੇ ਭਾਈਓ ! ਜਿਹੜੇ ਮਨੁੱਖ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਬਤੀਤ ਕਰਦੇ ਹਨ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ (ਵਿਕਾਰਾਂ ਤੋਂ ਬਚਾਣ ਲਈ) ਪ੍ਰਮਾਤਮਾਂ (ਆਪ) ਉਨ੍ਹਾਂ ਦਾ ਮਦਦਗਾਰ ਬਣਿਆਂ ਰਹਿੰਦਾ ਹੈ।

5. ਹੇ ਭਾਈਓ ! ਮਨੁੱਖ ਦੀ ਜ਼ਿੰਦਗੀ ਦੀ ਰਾਤ ਦੇ ਚੌਥੇ ਪਹਿਰ ਵਿਚ ਹੱਥ ਪੈਰ ਕੰਬਣ ਲਗ ਪੈਂਦੇ ਹਨ, ਸਰੀਰ ਕੰਬਣ ਲਗ ਪੈਂਦਾ ਹੈ; ਅੱਖਾਂ ਤੋਂ ਘਟ ਦਿਸਦਾ ਹੈ, ਸਰੀਰ ਸੁਆਹ ਵਰਗਾ (ਰੁੱਖਾ ਜਿਹਾ) ਹੋ ਜਾਂਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਹੜਾ ਮਨੁੱਖ ਅਜੇ ਭੀ ਹਰੀ ਨਾਮ ਨਹੀਂ ਚੇਤੇ ਕਰਦਾ; ਉਸ ਨੂੰ ਭਾਗ ਹੀਣ ਹੀ ਜਾਣੋ। ਜੁੱਗ ਭਾਵੇਂ ਕੋਈ ਭੀ ਹੋਵੇ, ਇਹ ਪੱਕਾ ਨਿਯਮ ਹੈ ਕਿ, ਪ੍ਰਮਾਤਮਾਂ ਦਾ ਨਾਮ ਮਨ ਵਿਚ ਵਸਣ ਤੋਂ ਬਿਨਾ ਮਨੁੱਖ ਚੌਹਾਂ ਹੀ ਜੁਗਾਂ ਵਿਚ ਦੁੱਖੀ ਰਹਿੰਦਾ ਹੈ।

ਭਾਵ ਹੈ ਕਿ ਸਮਾਂ ਭਾਵੇਂ ਕੋਈ ਭੀ ਹੋਵੇ (ਸਤਿਜੁਗ ਹੋਵੇ, ਤ੍ਰੇਤਾ ਹੋਵੇ, ਦੁਆਪੁਰ ਹੋਵੇ, ਕਲਜੁਗ ਹੋਵੇ) ਪ੍ਰਮੇਸ਼ਰ ਜੀ ਦੇ ਨਾਮ ਸਿਮਰਨ ਤੋਂ ਬਿਨਾ ਆਤਮਕ ਅਨੰਦ ਕਦੇ ਭੀ ਪ੍ਰਾਪਤ ਨਹੀਂ ਹੋ ਸਕਦਾ।੪।

1. ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ ॥
2. ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥
3. ਬੰਧਿ ਚਲਾਇਆ ਜਾ ਪ੍ਰਭ ਭਾਇਆ
ਨਾ ਦੀਸੈ ਨਾ ਸੁਣੀਐ ॥
4. ਆਪਨ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥
5. ਘੜੀ ਚਸੇ ਕਾ ਲੇਖਾ ਲੀਜੈ
ਬੁਰਾ ਭਲਾ ਸਹੁ ਜੀਆ ॥
6. ਨਾਨਕ ਸੁਰਿ ਨਰ ਸਬਦਿ ਮਿਲਾਏ
ਤਿਨਿ ਪ੍ਰਭਿ ਕਾਰਣੁ ਕੀਆ ॥੫॥੨॥

ਪਦ ਅਰਥ :—ਖੂਲੀ—ਜਦੋਂ ਖੁੱਲ ਗਈ, ਜਦੋਂ ਖੁੱਲ੍ਹ ਜਾਂਦੀ ਹੈ। ਗੰਠਿ—ਗੰਢ, ਜ਼ਿੰਦਗੀ ਦੇ ਮਿਲੇ ਸੁਆਸਾਂ ਦੀ ਗੰਢ। ਉਠੋ—ਉੱਠ । ਰਸ ਕਸ—ਸਾਰੇ ਰਸ ਕਸ, ਸਭ ਰਸਾਂ ਦੇ ਪਦਾਰਥ। ਠਾਕੇ—ਰੋਕ ਲਏ ਜਾਂਦੇ ਹਨ। ਬੰਧਿ—ਬੰਨ੍ਹ ਕੇ। ਚਲਾਇਆ—ਜੀਵ ਨੂੰ ਅਗੇ ਤੋਰ ਲਿਆ ਜਾਂਦਾ ਹੈ। ਜਾ— ਜਦੋਂ। ਪ੍ਰਭ ਭਾਇਆ—ਪ੍ਰਭੂ ਨੂੰ ਚੰਗਾ ਲਗਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ। ਸਭਸੈ—ਹਰੇਕ ਜੀਵ ਦੀ। ਪਕੀ ਖੇਤੀ— ਪੱਕਾ ਹੋਇਆ ਫਸਲ। ਲੁਣੀਐ—ਕੱਟੀ ਜਾਂਦੀ ਹੈ, ਕਟਿਆ ਜਾਂਦਾ ਹੈ। ਚਸਾ—ਰਤਾ ਭਰ ਭੀ ਸਭਾਂ। ਲੀਜੈ—ਲਿਆ ਜਾਂਦਾ ਹੈ। ਸਹੁ—ਸਹਾਰ। ਜੀਆ—ਹੇ ਜੀਵ। ਸੁਰਿ ਨਰ—ਭਲੇ ਬੰਦੇ। ਸਬਦਿ—ਗੁਰੂ ਦੇ ਸ਼ਬਦ ਵਿਚ। ਤਿਨਿ—ਉਸ ਨੇ। ਪ੍ਰਭਿ—ਪ੍ਰਭੂ ਨੇ। ਤਿਨਿ ਪ੍ਰਭ—ਉਸ ਪ੍ਰਭੂ ਨੇ । ਕਾਰਣੁ—ਸਬੱਬ।੫।

ਅਰਥ :—

ਪ੍ਰ:—ਸ੍ਰੀ ਜੀਉ ! ਆਖਰ, ਇਸ ਜੀਵ ਦੀ ਇਥੋਂ ਤੁਰਨ ਸਮੇਂ

ਹਾਲਤ ਕੀ ਹੁੰਦੀ ਹੈ ?

1. ਉ:—ਹੇ ਭਾਈਓ ! ਜਦੋਂ ਜੀਵ ਦੀ ਜ਼ਿੰਦਗੀ ਦੇ ਮਿਲੇ ਸੁਆਸਾਂ ਦੀ ਗੰਢ ਖੁਲ੍ਹ ਜਾਂਦੀ ਹੈ, (ਭਾਵ, ਸੁਆਸ ਮੁੱਕ ਜਾਂਦੇ ਹਨ) ਤਾਂ ਪ੍ਰਮਾਤਮਾਂ ਵਲੋਂ ਲਿਖਿਆ ਹੁਕਮ ਆ ਜਾਂਦਾ ਹੈ (ਕਿ, ਹੇ ਜੀਵ ! ਉੱਠ ਤੁਰਨ ਲਈ ਤਿਆਰ ਹੋ ਜਾ)।

2.3 ਐ ਪਿਆਰੇ ! ਉਸ ਵੇਲੇ ਜੀਵ ਦੇ ਸਾਰੇ ਖਾਣ ਪੀਣ, ਸਾਰੇ ਸੁਖ ਰੋਕ ਲਏ ਜਾਂਦੇ ਹਨ, ਜੀਵ ਨੂੰ ਬੰਨ੍ਹ ਕੇ ਅਗੇ ਤੋਰ ਲਿਆ ਜਾਂਦਾ ਹੈ, ਭਾਵ ਜਾਣਾ ਚਾਹੇ ਜਾਂ ਨਾ ਜਾਣਾ ਚਾਹੇ, ਉਸਨੂੰ ਜਗਤ ਤੋਂ ਤੋਰ ਲਿਆ ਜਾਂਦਾ ਹੈ,(ਫਿਰ) ਨਾ ਜੀਵ ਦਾ ਇਥੇ ਕੁਝ ਦਿਸਦਾ ਹੈ, ਨਾ ਕੁਝ ਸੁਣਿਆ ਜਾਂਦਾ ਹੈ।

4. ਹੇ ਪਿਆਰੇ ! ਹਰੇਕ ਜੀਵ ਦੀ ਇਹ ਵਾਰੀ ਆ ਹੀ ਜਾਂਦੀ ਹੈ, (ਜਿਵੇਂ) ਕਿ, ਪੱਕਾ ਫਸਲ (ਆਖਰ) ਕੱਟਿਆ ਹੀ ਜਾਂਦਾ ਹੈ।

ਪ੍ਰ:—ਸ੍ਰੀ ਜੀਉ ! ਇਸ ਜੀਵ ਦੇ ਕੀਤੇ ਕਰਮਾਂ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

5. ਉ:—ਹੇ ਭਾਈਓ ! ਜੀਵ ਦੇ ਹਰੇਕ ਘੜੀ ਪਲ ਦੇ ਕੀਤੇ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਸ ਪ੍ਰਮਾਤਮਾਂ ਨੇ ਅਜਿਹਾ ਸਬਬ ਬਣਾ ਰਖਿਆ ਹੈ ਕਿ ਭਲ ਮਨੁੱਖਾਂ ਨੂੰ ਗੁਰੂ ਦੇ ਸ਼ਬਦ ਵਿਚ ਜੋੜੀ ਰਖਦਾ ਹੈ।੫।੨।

ਭਾਵਾਰਥ :—ਰਾਤ ਦੇ ਚਾਰ ਪਹਿਰਿਆਂ ਵਾਂਗ ਉਮਰ ਨੂੰ ਚਾਰ ਹਿਸਿਆਂ ਵਿਚ ਵੰਡ ਕੇ ਦਸਿਆ ਹੈ ਕਿ ਜਿਵੇਂ ਬੇਸੁਰਤ ਹੋ ਕੇ ਰਾਤ ਲੰਘਾਉਣ ਵਾਲਿਆਂ ਦੇ ਘਰ ਚੋਰ ਪੈਂਦੇ ਹਨ, ਤਿਵੇਂ ਹਰੀ ਨੂੰ ਵਿਸਾਰ ਕੇ ਜੀਉਣ ਵਾਲਿਆਂ ਦੇ ਗੁਣ ਲੁੱਟੇ ਜਾਂਦੇ ਹਨ, ਪਹਿਲੇ ਦੋ ਪਹਿਰਿਆਂ ਵਿਚ ਮਨੁੱਖ ਨੂੰ ਆਪਣੇ ਰੂਪ ਰਸ ਦੇ ਮਦ ਵਲੋਂ, ਜੋ ਜਮ ਦੇ ਮਗ ਵਲ ਲੈ ਜਾਂਦੇ ਹਨ, ਸੁਚੇਤ ਕੀਤਾ ਹੈ, ਤੀਜੇ ਵਿਚ ਸੁਤ, ਦਾਰਾ ਦੇ ਮੋਹ ਮਾਇਆ ਵਿਚ ਪੈ ਕੇ ਹਰੀ ਵਲੋਂ ਅਚੇਤ ਹੋਣ ਤੋਂ ਵਰਜਿਆ ਹੈ, ਚੌਥੇ ਤੇ ਪੰਜਵੇਂ ਵਿਚ ਸਰੀਰ ਦੇ ਕਮਜ਼ੋਰ ਪੈ ਜਾਣ ਵਲ ਇਸ਼ਾਰਾ ਕਰ ਕੇ ਰਸ ਕਸ ਵਾਲੀ ਜ਼ਿੰਦਗੀ ਵਲੋਂ ਰੋਕਿਆ ਹੈ।

ਤੁਖਾਰੀ ਮਹਲਾ ੧ ॥

1. **ਤਾਰਾ ਚੜਿਆ ਲੰਮਾ**
   ਕਿਉ ਨਦਰਿ ਨਿਹਾਲਿਆ ਰਾਮ ॥
2. **ਸੇਵਕ ਪੂਰ ਕਰੰਮਾ**
   ਸਤਿਗੁਰਿ ਸਬਦਿ ਦਿਖਾਲਿਆ ਰਾਮ ॥
3. **ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ**
   ਅਹਿਨਿਸਿ ਦੇਖਿ ਬੀਚਾਰਿਆ ॥
4. **ਧਾਵਤ ਪੰਚ ਰਹੇ ਘਰੁ ਜਾਣਿਆ**
   ਕਾਮੁ ਕ੍ਰੋਧੁ ਬਿਖੁ ਮਾਰਿਆ ॥
5. **ਅੰਤਰਿ ਜੋਤਿ ਭਈ ਗੁਰ ਸਾਖੀ**
   ਚੀਨੇ ਰਾਮ ਕਰੰਮਾ ॥
6. **ਨਾਨਕ ਹਉਮੈ ਮਾਰਿ ਪਤੀਣੇ**
   ਤਾਰਾ ਚੜਿਆ ਲੰਮਾ ॥੧॥

ਪਦ ਅਰਥ :—ਤਾਰਾ ਲੰਮਾ -ਬੋਦੀ ਵਾਲਾ ਤਾਰਾ, (ਨੋਟ :—ਜਦੋਂ ਬੋਦੀ ਵਾਲਾ ਤਾਰਾ ਚੜ੍ਹਦਾ ਹੈ ਤਾਂ ਲੋਕ ਬੜੀ ਤਾਂਘ ਨਾਲ ਵੇਖਦੇ ਹਨ। ਸੂਰਜ ਦੇ ਚਾਨਣ ਵਿਚ ਤਾਂ ਦਿਸਦਾ ਨਹੀਂ। ਹਨੇਰਾ ਪੈਂਦਿਆਂ ਹੀ ਲੋਕ ਅਕਾਸ਼ ਵਲ ਤਕਣ ਲਗ ਪੈਂਦੇ ਹਨ)। ਸਰਬ ਵਿਆਪਕ ਰੱਬੀ ਜੋਤ। ਕਿਉ—ਕਿਉਂ ? ਕਿਸ ਤਰ੍ਹਾਂ ? ਨਿਹਾਲਿਆ—ਵੇਖਿਆ ਜਾਏ। ਸੇਵਕ ਪੂਰ ਕਰੰਮਾ—ਉਸ ਸੇਵਕ ਦੇ ਪੂਰੇ ਕਰਮ (ਜਾਗ ਪੈਂਦੇ ਹਨ)। ਸਤਿਗੁਰਿ—ਗੁਰੂ ਨੇ। ਸਬਦਿ—ਸ਼ਬਦ ਦੀ ਰਾਹੀਂ।

ਸਚੁ—ਸਦਾ ਥਿਰ ਹਰਿ ਨਾਮ। ਸਮਾਲਿਆ—ਹਿਰਦੇ ਵਿਚ ਵਸਾਇਆ। ਅਹਿ—ਦਿਨ। ਨਿਸਿ—ਰਾਤ। ਦੇਖਿ—ਵੇਖ ਕੇ। ਬੀਚਾਰਿਆ—ਉਸ ਦੇ ਗੁਣਾਂ ਦੀ ਵੀਚਾਰ ਕਰਦਾ ਹੈ। ਪੰਚ—ਪੰਜ ਗਿਆਨ ਇੰਦ੍ਰੇ। ਧਾਵਤ ਰਹੇ—ਭਟਕਣ ਤੋਂ ਹਟ ਗਏ। ਬਿਖੁ—ਜ਼ਹਿਰ, ਆਤਮਕ ਮੌਤ ਲਿਆਉਣ ਵਾਲਾ ਜ਼ਹਿਰ।

ਅੰਤਰਿ—ਉਸ ਦੇ ਅੰਦਰ। ਜੋਤਿ—ਪ੍ਰਮਾਤਮਾਂ ਦਾ ਨੂਰ। ਗੁਰ ਸਾਖੀ—ਗੁਰੂ ਦੀ ਸਿਖਿਆ ਨਾਲ। ਚੀਨੇ—ਵੇਖਦਾ ਹੈ। ਰਾਮ ਕਰੰਮਾ—ਪ੍ਰਮੇਸ਼ਰ ਦੇ ਕੌਤਕਾਂ ਨੂੰ। ਮਾਰਿ—ਮਾਰ ਕੇ। ਪਤੀਣੇ—ਪਤੀਜ ਗਏ।੧।

ਅਰਥ :—

1. ਪ੍ਰ:—ਸ੍ਰੀ ਜੀਉ, ਆਪ ਜੀ ਦੇ ਕਥਨ ਮੁਤਾਬਕ ਉਹ ਵਿਆਪਕ ਸਰੂਪ ਪ੍ਰਮੇਸ਼ਰ ਸਾਰੇ ਜਗਤ ਵਿਚ ਆਪਣਾ ਪ੍ਰਕਾਸ਼ ਕਰ ਰਿਹਾ ਹੈ, ਪਰ, ਉਸਨੂੰ ਅੱਖਾਂ ਨਾਲ ਵੇਖਿਆ ਕਿਵੇਂ ਜਾਵੇ ?

2. ਉ:—ਹੇ ਭਾਈ ! ਗੁਰੂ ਨੇ ਆਪਣੇ ਸ਼ਬਦ ਦੀ ਰਾਹੀਂ (ਜਿਸ ਨੂੰ) ਦਰਸ਼ਨ ਕਰਾ ਦਿਤਾ, ਉਸ ਸੇਵਕ ਦੇ (ਸਮਝੋ) ਪੂਰੇ ਭਾਗ ਜਾਗ ਪਏ।

3. ਜਿਸ ਮਨੁੱਖ ਨੂੰ ਗੁਰੂ ਦੇ ਸ਼ਬਦ ਨੇ (ਸਰਬ ਵਿਆਪਕ ਪ੍ਰਮਾਤਮਾਂ) ਵਿਖਾਲ ਦਿਤਾ, ਉਹ ਸਦਾ ਥਿਰ ਹਰਿ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਦਾ ਦਰਸ਼ਨ ਕਰ ਕੇ ਉਹ ਮਨੁੱਖ ਦਿਨ ਰਾਤ ਉਸ ਦੇ ਗੁਣਾਂ ਨੂੰ ਆਪਣੇ ਚਿੱਤ ਵਿਚ ਵਸਾਂਦਾ ਹੈ।

4. ਹੇ ਪਿਆਰੇ ! ਉਹ ਮਨੁੱਖ (ਆਪਣੇ ਅਸਲ) ਘਰ ਨੂੰ ਜਾਣ ਲੈਂਦਾ ਹੈ, ਉਸ ਦੇ ਪੰਜ ਗਿਆਨ/ਇੰਦਰੇ (ਵਿਕਾਰਾਂ ਵਲ) ਭਟਕਣ ਤੋਂ ਹੱਟ ਜਾਂਦੇ ਹਨ, ਉਹ ਮਨੁੱਖ ਆਤਮਕ ਮੌਤ ਲਿਆਉਣ ਵਾਲੇ ਕਾਮ ਨੂੰ, ਕ੍ਰੋਧ ਨੂੰ ਮਾਰ ਮੁਕਾਂਦਾ ਹੈ।

5. ਹੇ ਭਾਈ! ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਉਸ ਮਨੁੱਖ ਦੇ ਅੰਦਰ ਰੱਬੀ ਜੋਤ ਪ੍ਰਗਟ ਹੋ ਜਾਂਦੀ ਹੈ, ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸ ਨੂੰ ਉਹ ਪ੍ਰਮਾਤਮਾਂ ਦੇ ਕੌਤਕ (ਜਾਣ ਕੇ) ਵੇਖਦਾ ਹੈ।

ਪ੍ਰ:–ਕਿਉਂ ਜੀ! ਅੰਦਰ ਜੋਤ ਪ੍ਰਗਟ ਹੋ ਜਾਣ ਵਾਲਿਆਂ ਦੀ ਪਛਾਣ ਕੀ ਹੈ?

6. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਨ੍ਹਾਂ ਮਨੁੱਖਾਂ ਦੇ ਅੰਦਰ ਸਰਬ ਵਿਆਪਕ ਪ੍ਰਭੂ ਦੀ ਜੋਤ ਜਗ ਪੈਂਦੀ ਹੈ, ਉਹ (ਆਪਣੇ ਅੰਦਰੋਂ) ਹਉਮੈਂ ਨੂੰ ਮਾਰ ਕੇ (ਪ੍ਰਮਾਤਮਾਂ ਦੇ ਚਰਨਾਂ ਵਿਚ) ਸਦਾ ਹੀ ਟਿਕੇ ਰਹਿੰਦੇ ਹਨ।੧।

1. ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥
2. ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥
3. ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ
ਗੁਰਮੁਖਿ ਸਾਬਤੁ ਜਾਗੇ ॥
4. ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ
ਹਰਿ ਚਰਨੀ ਲਿਵ ਲਾਗੇ ॥
5. ਪ੍ਰਗਟੀ ਜੋਤਿ ਜੋਤਿ ਮਹਿ ਜਾਤਾ
ਮਨਮੁਖਿ ਭਰਮਿ ਭੁਲਾਣੀ ॥
6. ਨਾਨਕ ਭੋਰੁ ਭਇਆ ਮਨੁ ਮਾਨਿਆ
ਜਾਗਤ ਰੈਣਿ ਵਿਹਾਣੀ ॥੨॥

ਪਦ ਅਰਥ :–ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਜਾਗਿ ਰਹੇ–(ਮਾਇਆ ਦੇ ਹਲਿਆਂ ਵਲੋਂ) ਸੁਚੇਤ ਰਹਿੰਦੇ ਹਨ। ਚੂਕੀ–ਮੁੱਕ ਜਾਂਦੀ ਹੈ। ਅਭਿਮਾਨੀ–ਅਹੰਕਾਰ ਵਾਲੀ ਦਸ਼ਾ। ਅਨਦਿਨੁ–ਹਰ ਰੋਜ਼, ਹਰ ਵੇਲੇ। ਭੋਰੁ–ਦਿਨ, ਆਤਮਕ ਜੀਵਨ ਦੀ ਸੂਝ ਦਾ ਚਾਨਣ। ਸਾਚਿ–ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਵਿਚ। ਸਮਾਨੀ–(ਸੁਰਤਿ) ਟਿਕੀ ਰਹਿੰਦੀ ਹੈ। ਮਨਿ–ਮਨ ਵਿਚ। ਭਾਨੀ–ਭਾ ਜਾਂਦੀ ਹੈ, ਪਿਆਰੀ ਲਗਦੀ ਹੈ। ਸਾਬਤੁ–ਸੰਪੂਰਨ, ਉਕਾਈ ਹੀਣ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ। ਸਾਚੁ ਨਾਮੁ–ਸਦਾ ਥਿਰ ਹਰਿ ਨਾਮ। ਗੁਰਿ–ਗੁਰੂ ਨੇ।

ਜੋਤਿ–ਹਰੇਕ ਜੋਤਿ ਵਿਚ, ਹਰੇਕ ਜੀਵ ਵਿਚ। ਜਾਤਾ–(ਪ੍ਰਮਾਤਮਾਂ ਨੂੰ ਵਸਦਾ) ਪਛਾਣ ਲਿਆ। ਮਨਮੁਖਿ–ਆਪਣੇ ਮਨ ਦੇ ਪਿਛੇ ਤੁਰਨ ਵਾਲੀ ਜੀਵ ਇਸਤ੍ਰੀ। ਭਰਮਿ–ਭਟਕਣਾ ਦੇ ਕਾਰਨ। ਭੁਲਾਣੀ–ਕੁਰਾਹੇ ਪਈ ਰਹਿੰਦੀ ਹੈ। ਮਾਨਿਆ–ਪਤੀਜਿਆ ਰਹਿਂਦਾ ਹੈ। ਰੈਣਿ–ਜ਼ਿੰਦਗੀ ਦੀ ਰਾਤ।੨।

ਅਰਥ :–

ਪ੍ਰ:–ਹੇ ਗੁਰੋ! ਜੋ ਸਹੀ ਰੂਪ ਵਿਚ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਹਨ ਉਨ੍ਹਾਂ ਦੀ ਪਛਾਣ ਕੀ ਹੈ?

1. ਉ:–ਹੇ ਭਾਈਓ! ਅਸਲ ਵਿਚ ਤਾਂ ਉਹ ਗੁਰੂ ਦੇ ਸਨਮੁਖ ਰਹਿਣ ਵਾਲੇ ਜੋ ਮਨੁੱਖ ਹਨ, ਉਹ (ਮਾਇਆ ਦੇ ਹਲਿਆਂ ਵਲੋਂ) ਸੁਚੇਤ ਰਹਿੰਦੇ ਹਨ; ਉਨ੍ਹਾਂ ਦੇ ਅੰਦਰੋਂ ਅਹੰਕਾਰ ਵਾਲੀ ਦਸ਼ਾ ਮੁੱਕ ਜਾਂਦੀ ਹੈ।

2. ਅਤੇ ਹੇ ਪਿਆਰੇ! ਉਨ੍ਹਾਂ ਦੇ ਅੰਦਰ ਹਰ ਵੇਲੇ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, (ਉਨ੍ਹਾਂ ਦੀ ਸੁਰਤਿ) ਸਦਾ ਕਾਇਮ ਰਹਿਣ ਵਾਲੇ ਪ੍ਰਮੇਸ਼ਰ ਵਿਚ ਟਿਕੀ ਰਹਿੰਦੀ ਹੈ।

3. ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਦੀ ਸੁਰਤਿ ਸਦਾ ਥਿਰ ਪ੍ਰਭੂ ਵਿਚ ਲੀਨ ਰਹਿੰਦੀ ਹੈ, (ਉਨ੍ਹਾਂ ਨੂੰ ਇਹ ਦਸ਼ਾ ਆਪਣੇ) ਮਨ ਵਿਚ ਪਿਆਰੀ ਲਗਦੀ ਹੈ, ਹੇ ਪਿਆਰੇ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸਦਾ ਹੀ ਸੁਚੇਤ ਰਹਿੰਦੇ ਹਨ।

4. (ਕਿਉਂਕਿ) ਗੁਰੂ ਨੇ ਉਨ੍ਹਾਂ ਨੂੰ ਆਤਮਕ ਜੀਵਨ ਦੇਣ ਵਾਲਾ ਸਦਾ ਹਰਿ ਨਾਮ ਬਖ਼ਸ਼ਿਆ ਹੁੰਦਾ ਹੈ, ਉਨ੍ਹਾਂ ਦੀ ਲਿਵ ਪ੍ਰਮਾਤਮਾਂ ਦੇ ਚਰਨਾਂ ਵਿਚ ਲਗੀ ਰਹਿੰਦੀ ਹੈ।

5. ਹੇ ਭਾਈ! ਅਜਿਹੇ ਗੁਰਮੁਖਾਂ ਦੇ ਅੰਦਰ ਪ੍ਰਮਾਤਮਾਂ ਦੀ ਜੋਤ ਦਾ ਚਾਨਣ ਹੋ ਜਾਂਦਾ ਹੈ, ਉਹ ਹਰੇਕ ਜੀਵ ਵਿਚ ਉਸੇ ਰੱਬੀ ਜੋਤ ਨੂੰ ਵਸਦੀ ਸਮਝਦੇ ਹਨ, ਪਰ ਹੇ ਪਿਆਰੇ! ਆਪਣੇ ਮਨ ਦੇ ਪਿਛੇ ਤੁਰਨ ਵਾਲੀ ਜੀਵ ਇਸਤ੍ਰੀ ਭਟਕਣਾ ਦੇ ਕਾਰਨ ਕੁਰਾਹੇ ਪਈ ਰਹਿੰਦੀ ਹੈ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਦੇ ਅੰਦਰ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਨ੍ਹਾਂ ਦਾ ਮਨ (ਉਸ ਚਾਨਣ ਵਿਚ ਪਰਚਿਆ ਰਹਿੰਦਾ ਹੈ, (ਮਾਇਆ ਦੇ ਹਲਿਆਂ ਵਲੋਂ) ਸੁਚੇਤ ਰਹਿੰਦਿਆਂ ਹੀ ਉਨ੍ਹਾਂ ਦੀ ਜੀਵਨ ਰਾਤ ਬੀਤਦੀ ਹੈ।੨।

1. ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥
2. ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥
3. ਰਵਿ ਰਹਿਆ ਸੋਈ ਅਵਰੁ ਨ ਕੋਈ
ਮਨ ਹੀ ਤੇ ਮਨੁ ਮਾਨਿਆ ॥
4. ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ
ਸੋ ਪ੍ਰਭੁ ਗੁਰਮੁਖਿ ਜਾਨਿਆ ॥
5. ਕਰਣ ਕਾਰਨ ਸਮਰਥ ਅਪਾਰਾ
ਤ੍ਰਿਬਿਧਿ ਮੇਟਿ ਸਮਾਈ ॥
6. ਨਾਨਕ ਅਵਗਣ ਗੁਣਹ ਸਮਾਣੇ
ਐਸੀ ਗੁਰਮਤਿ ਪਾਈ ॥੩॥

ਪਦ ਅਰਥ :–ਗੁਣੀ–ਗੁਣਾਂ ਨੇ। ਘਰੁ ਕੀਆ–ਟਿਕਾਣਾ ਬਣਾ ਲਿਆ। ਏਕੋ–ਇਕ (ਪ੍ਰਮਾਤਮਾਂ) ਹੀ। ਰਵਿ ਰਹਿਆ–ਸਭ ਥਾਈਂ ਮੌਜੂਦ ਦਿਸਦਾ ਹੈ। ਬੀਆ–ਦੂਜਾ। ਤੇ–ਤੋਂ। ਮਨ ਹੀ ਤੇ–ਮਨ ਤੋਂ ਹੀ, ਅੰਤਰ ਆਤਮੇ

ਹੀ। ਮਾਨਿਆ–ਪਤੀਜਿਆ ਰਹਿੰਦਾ ਹੈ,ਪਰਚਿਆ ਰਹਿੰਦਾ ਹੈ। ਜਿਨਿ–ਜਿਸ (ਪ੍ਰਮਾਤਮਾਂ) ਨੇ। ਘਟੁ ਘਟੁ ਥਾਪਿਆ–ਹਰੇਕ ਸਰੀਰ ਬਣਾਇਆ ਹੈ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਕਰਣ ਕਾਰਣ–(ਸਾਰੇ) ਜਗਤ ਦਾ ਮੂਲ। ਸਮਰਥ–ਸਭ ਤਾਕਤਾਂ ਦਾ ਮਾਲਕ। ਅਪਾਰਾ–ਬੇਅੰਤ। ਤ੍ਰਿਬਿਧਿ–ਤਿੰਨ ਕਿਸਮਾਂ ਵਾਲੀ, ਤ੍ਰਿਗੁਣੀ ਮਾਇਆ। ਮੇਟਿ–ਮਿਟਾ ਕੇ। ਗੁਣਹ–ਗੁਣਾਂ ਵਿਚ।੩।

ਅਰਥ :–

ਪ੍ਰ:–ਸ੍ਰੀ ਜੀਉ! ਜਿਸ ਮਨੁੱਖ ਦੇ ਹਿਰਦੇ ਅਕਾਸ਼ ਵਿਚ 'ਤਾਰਾ ਚੜਿਆ' ਹੋਇਆ ਹੋਵੇ, ਉਸ ਦੀ ਨਿਸ਼ਾਨੀ ਕੀ ਹੈ?

1. **ਉ:**–ਹੇ ਭਾਈਓ! ਜਿਸ ਮਨੁੱਖ ਦੇ ਹਿਰਦੇ ਅਕਾਸ਼ ਵਿਚ 'ਤਾਰਾ ਚੜਿਆ ਲੰਮਾ' ਹੋਵੇ, ਉਸ ਦੇ ਅੰਦਰੋਂ ਸਾਰੇ (ਹੀ) ਅਉਗਣ ਮੁੱਕ ਜਾਂਦੇ ਹਨ, (ਉਸ ਦੇ ਅੰਦਰ) ਗੁਣ ਆਪਣਾ ਟਿਕਾਣਾ ਆ ਬਣਾਂਦੇ ਹਨ।
2. ਹੇ ਪਿਆਰੇ! ਉਸ ਮਨੁੱਖ ਨੂੰ ਇਕੋ ਪ੍ਰਮਾਤਮਾਂ ਹੀ ਹਰ ਥਾਂ ਮੌਜੂਦ ਦਿਸਦਾ ਹੈ, ਉਸ ਤੋਂ ਬਿਨਾ ਹੋਰ ਕੋਈ ਦੂਜਾ ਨਹੀਂ ਦਿਸਦਾ।
3. ਹੇ ਭਾਈ! ਜਿਸ ਮਨੁੱਖ ਦੇ ਅੰਦਰ ਤਾਰਾ ਚੜਿਆ ਲੰਮਾ ਹੋਵੇ, ਉਸ ਨੂੰ ਹਰ ਥਾਂ ਇਕ ਪ੍ਰਮਾਤਮਾਂ ਹੀ ਵਸਦਾ ਦਿਸਦਾ ਹੈ, ਉਸ ਤੋਂ ਬਿਨਾ ਕੋਈ ਹੋਰ ਉਸ ਨੂੰ ਨਹੀਂ ਦਿਸਦਾ, ਉਸ ਮਨੁੱਖ ਦਾ ਮਨ ਅੰਤਰ ਆਤਮ (ਹਰਿ ਨਾਮ ਵਿਚ) ਪਰਚਿਆ ਰਹਿੰਦਾ ਹੈ।
4. ਐ ਪਿਆਰੇ! ਜਿਸ (ਪ੍ਰਮਾਤਮਾਂ) ਨੇ ਜਲ ਥਲ ਤਿੰਨੇ ਭਵਨ ਹਰੇਕ ਸਰੀਰ ਬਣਾਇਆ ਹੈ, ਉਹ ਮਨੁੱਖ ਉਸ ਪ੍ਰਮਾਤਮਾਂ ਨਾਲ ਗੁਰੂ ਦੀ ਰਾਹੀਂ ਡੂੰਘੀ ਸਾਂਝ ਬਣਾਈ ਰਖਦਾ ਹੈ।
5. ਹੇ ਭਾਈ! ਉਹ ਮਨੁੱਖ ਆਪਣੇ ਅੰਦਰੋਂ ਤ੍ਰਿਗੁਣੀ ਮਾਇਆ ਦਾ ਪ੍ਰਭਾਵ ਮਿਟਾ ਕੇ ਉਸ ਪ੍ਰਮਾਤਮਾਂ ਵਿਚ ਸਮਾਇਆ ਰਹਿੰਦਾ ਹੈ, ਜੋ ਸਾਰੇ ਜਗਤ ਦਾ ਮੂਲ ਹੈ, ਜੋ ਸਾਰੀਆਂ ਤਾਕਤਾਂ ਦਾ ਮਾਲਕ ਹੈ ਅਤੇ ਜੋ ਬੇਅੰਤ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਗੁਰੂ ਪਾਸੋਂ ਉਹ ਮਨੁੱਖ ਅਜਿਹੀ ਮਤਿ ਹਾਸਲ ਕਰ ਲੈਂਦਾ ਹੈ ਕਿ ਉਸ ਦੇ ਸਾਰੇ ਅਉਗਣ ਗੁਣਾਂ ਵਿਚ ਸਮਾ ਜਾਂਦੇ ਹਨ, ਭਾਵ ਗੁਣਾਂ ਦੇ ਕਾਰਨ ਉਸ ਦੇ ਸਾਰੇ ਹੀ ਅਉਗਣ ਮੁੱਕ ਜਾਂਦੇ ਹਨ।੩।

1. ਆਵਣ ਜਾਣ ਰਹੇ ਚੂਕਾ ਭੋਲਾ ਰਾਮ॥
2. ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ॥
3. ਹਉਮੈ ਗੁਰਿ ਖੋਈ ਪਰਗਟੁ ਹੋਈ
ਚੂਕੇ ਸੋਗ ਸੰਤਾਪੈ॥
4. ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ॥
5. ਪੇਈਅੜੈ ਘਰਿ ਸਬਦਿ ਪਤੀਣੀ
ਸਾਹੁਰੜੈ ਪਿਰ ਭਾਣੀ॥
6. ਨਾਨਕ ਸਤਿਗੁਰਿ ਮੇਲਿ ਮਿਲਾਈ
ਚੂਕੀ ਕਾਣਿ ਲੋਕਾਣੀ॥੪॥੩॥

ਪਦ ਅਰਥ :–ਆਵਣ ਜਾਣ–ਜਨਮ ਮਰਣ ਦੇ ਗੇੜ। ਰਹੇ–ਮੁੱਕ ਗਏ। ਚੂਕਾ–ਮੁਕ ਗਿਆ। ਭੋਲਾ–ਭੁਲਾਵਾ, ਭੈੜੀ ਜੀਵਨ ਚਾਲ। ਮਾਰਿ–ਮਾਰ ਕੇ। ਸਾਚਾ–ਸਦਾ ਥਿਰ, ਅਡੋਲ, ਵਿਕਾਰਾਂ ਦੇ ਹਲਿਆਂ ਤੋਂ ਅਡੋਲ, ਪਵਿੱਤ੍ਰ। ਚੋਲਾ–ਸਰੀਰ ਚੋਲਾ।

ਗੁਰਿ–ਗੁਰੂ ਨੇ। ਖੋਈ–ਨਾਸ ਕਰ ਦਿਤੀ। ਪਰਗਟੁ–ਪ੍ਰਸਿਧ, ਸੋਭਾ ਵਾਲੀ। ਚੂਕੇ–ਮੁੱਕ ਗਏ। ਸੋਗ–ਗ਼ਮ। ਸੰਤਾਪੈ–ਦੁੱਖ, ਕਲੇਸ਼। ਸਮਾਣੀ–ਲੀਨ ਹੋ ਗਈ। ਆਪੁ–ਆਪਣੇ ਆਪ ਨੂੰ। ਆਪੈ–ਆਪਣੇ ਆਪ ਨੂੰ।

ਪੇਈਅੜੈ ਪੇਕੇ (ਘਰ) ਵਿਚ। ਪੇਈਅੜੈ ਘਰਿ–ਪੇਕੇ ਘਰ ਵਿਚ, ਇਸ ਲੋਕ ਵਿਚ। ਸਬਦਿ–ਗੁਰੂ ਦੇ ਸ਼ਬਦ ਵਿਚ। ਪਤੀਣੀ–ਪਤੀਜੀ ਰਹੀ। ਸਾਹੁਰੜੈ–ਪ੍ਰਲੋਕ ਵਿਚ। ਪਿਰ ਭਾਣੀ–ਪਿਰ ਨੂੰ ਭਾ ਗਈ, ਪ੍ਰਭੂ ਪਤੀ ਨੂੰ ਚੰਗੀ ਲਗੀ। ਸ਼ਤਿਗੁਰਿ–ਗੁਰੂ ਨੇ। ਮੇਲਿ–ਮੇਲ ਕੇ। ਕਾਣਿ–ਮੁਥਾਜੀ। ਲੁਕਾਣੀ–ਜਗਤ ਦੀ।੪।

ਅਰਥ :–

ਪ੍ਰ:–ਸ੍ਰੀ ਜੀਉ! ਇਹ ਜਨਮ ਮਰਣ ਦਾ ਦੁਖਦਾਈ ਗੇੜ ਕਿਵੇਂ ਮੁਕਦਾ ਹੈ?

1. **ਉ:**–ਹੇ ਭਾਈਓ! ਅਸਲ ਵਿਚ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅਕਾਸ਼ ਵਿਚ ਤਾਰਾ ਚੜ੍ਹਿਆ ਲੰਮਾਂ ਉਨ੍ਹਾਂ ਦੇ ਜਨਮ ਮਰਣ ਦੇ ਗੇੜ ਮੁੱਕ ਗਏ ਅਤੇ ਉਨ੍ਹਾਂ ਦੀ ਕੋਝੀ ਜੀਵਨ ਚਾਲ (ਭੀ) ਖਤਮ ਹੋ ਗਈ।
2. ਉਹ (ਆਪਣੇ ਅੰਦਰੋਂ) ਹਉਮੈਂ ਦੂਰ ਕਰ ਕੇ (ਪ੍ਰਭੂ ਚਰਨਾਂ ਵਿਚ) ਜੁੜ ਗਏ, ਉਨ੍ਹਾਂ ਦਾ ਸਰੀਰ (ਵਿਕਾਰਾਂ ਦੇ ਹਲਿਆਂ ਦੇ ਟਾਕਰੇ ਤੇ) ਅਡੋਲ ਹੋ ਗਿਆ।
3. ਹੇ ਭਾਈ! ਜਿਸ ਜੀਵ ਰੂਪ ਇਸਤ੍ਰੀ ਦੀ ਗੁਰੂ ਨੇ ਹਉਮੈਂ ਦੂਰ ਕਰ ਦਿਤੀ ਉਹ ਲੋਕ ਪ੍ਰਲੋਕ ਵਿਚ ਸੋਭਾ ਵਾਲੀ ਹੋ ਗਈ, ਉਸ ਦੇ ਸਾਰੇ ਗ਼ਮ ਦੁੱਖ ਕਲੇਸ਼ ਮੁੱਕ ਗਏ।
4. ਐ ਪਿਆਰੇ! ਉਸ ਦੀ ਜਿੰਦ ਪ੍ਰਮਾਤਮਾਂ ਦੀ ਜੋਤ ਵਿਚ ਮਿਲੀ ਰਹਿੰਦੀ ਹੈ, ਉਹ ਆਪਣੇ ਆਤਮਕ ਜੀਵਨ ਦੀ ਸਦਾ ਪੜਤਾਲ ਕਰਦੀ ਰਹਿੰਦੀ ਹੈ।
5. ਹੇ ਭਾਈਓ! ਜਿਹੜੀ ਜੀਵ ਇਸਤ੍ਰੀ ਇਸ ਲੋਕ ਵਿਚ ਗੁਰੂ ਦੇ ਸ਼ਬਦ ਵਿਚ ਪਰਚੀ ਰਹਿੰਦੀ ਹੈ, ਉਹ ਪ੍ਰਲੋਕ ਵਿਚ (ਜਾ ਕੇ) ਪ੍ਰਭੂ ਪਤੀ ਨੂੰ ਭਾ ਜ ਦੀ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਸ ਜੀਵ ਇਸਤ੍ਰੀ ਨੂੰ (ਗੁਰੂ ਨੇ) ਆਪਣੇ

ਸ਼ਬਦ ਵਿਚ ਜੋੜ ਕੇ ਪ੍ਰਭੂ ਨਾਲ ਮਿਲਾ ਦਿਤਾ, ਉਸ ਨੂੰ ਦੁਨੀਆਂ ਦੀ ਮੁਥਾਜੀ ਨਹੀਂ ਰਹਿ ਜਾਂਦੀ ।੪।੩।

ਭਾਵਾਰਥ :–ਉਮਰ ਰੂਪੀ ਰਾਤ ਦੇ ਹਨੇਰੇ ਵਿਚ ਆਤਮਕ ਪ੍ਰਕਾਸ਼ ਰੂਪ ਬੇਦੀ ਵਾਲਾ ਤਾਰਾ ਚੜ੍ਹ ਸਕਦਾ ਹੈ, ਜੇਕਰ ਗੁਰੂ ਦੇ ਸ਼ਬਦ ਵਲ ਧਿਆਨ ਦੇਵੀਏ, ਇਸ ਚਾਨਣ ਵਿਚ ਪਾਪ ਰੂਪ ਚੋਰ ਘਰ ਦੇ ਨੇੜੇ ਨਹੀਂ ਆਉਂਦੇ, ਸਗੋਂ ਗੁਣਾਂ ਦੀ ਸੋਝੀ ਰਹਿੰਦੀ ਹੈ ਅਤੇ ਹਰ ਇਕ ਵਿਚ ਬੇਅੰਤ ਹਰੀ ਦੀ ਜੋਤ ਸਮਾਈ ਹੋਈ ਦਿਸਦੀ ਹੈ, ਜਿਸ ਨਾਲ ਮਨੁੱਖ ਹਉਮੈਂ ਨਹੀਂ ਕਰ ਸਕਦਾ ਅਤੇ ਹਰੀ ਨਾਲ ਮਿਲਿਆ ਰਹਿੰਦਾ ਹੈ ।

ਤੁਖਾਰੀ ਮਹਲਾ ੧ ॥

1. ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥
2. ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥
3. ਪਿਰਿ ਛੋਡੀ ਸੁਤੀ ਅਵਗਣਿ ਮੁਤੀ
ਤਿਸੁ ਧਨ ਵਿਧਣ ਰਾਤੇ ॥
4. ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ
ਹਉਮੈ ਲਗੀ ਤਾਤੇ ॥
5. ਉਡਰਿ ਹੰਸੁ ਚਲਿਆ ਫੁਰਮਾਇਆ
ਭਸਮੈ ਭਸਮ ਸਮਾਣੀ ॥
6. ਨਾਨਕ ਸਚੇ ਨਾਮ ਵਿਹੂਣੀ
ਭੁਲਿ ਭੁਲਿ ਪਛੋਤਾਣੀ ॥੧॥

ਪਦ ਅਰਥ :–ਭੁਲਾਵੜੈ–ਕੋਝੇ ਭੁਲਾਵੇ ਵਿਚ, ਕੋਝੇ ਭੁਲੇਖੇ ਵਿਚ । ਭੁਲੀ–ਕੁਰਾਹੇ ਪੈ ਗਈ । ਭੁਲਿ–ਗਲਤੀ ਕਰਕੇ । ਪਛੋਤਾਣੀ–ਅਫਸੋਸ ਕਰਦੀ ਰਹੀ, ਹੱਥ ਮਲਦੀ ਰਹੀ । ਪਿਰਿ–ਪਿਰ ਨੇ, ਪ੍ਰਭੂ ਪਤੀ ਨੇ । ਛੋਡਿਅੜੀ–ਤਿਆਗ ਦਿਤੀ, ਪਿਆਰ ਕਰਨਾ ਛਡ ਦਿਤਾ । ਸੁਤੀ–ਮਾਇਆ ਦੇ ਮੋਹ ਦੀ ਨੀਂਦ ਵਿਚ ਪਈ ਰਹੀ । ਸਾਰ–ਕਦਰ ।

ਅਵਗਣਿ–ਅਵਗਣ ਦੇ ਕਾਰਨ, ਇਸ ਭੁਲ ਦੇ ਕਾਰਨ, ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੀ ਰਹਿਣ ਦੀ, ਭੁੱਲ ਦੇ ਕਾਰਨ । ਮੁਤੀ–ਪਿਰ ਨੇ ਤਿਆਗ ਦਿਤੀ । ਤਿਸੁ ਧਨ ਰਾਤੇ–ਉਸ (ਜੀਵ) ਇਸਤ੍ਰੀ ਦੀ (ਜੀਵਨ) ਰਾਤ । ਵਿਧਣ–ਦੁੱਖ ਭਰੀ । ਕਾਮਿ–ਕਾਮ ਵਿਚ । ਕ੍ਰੋਧਿ–ਕ੍ਰੋਧ ਵਿਚ । ਵਿਗੁਤੀ–ਖੁਆਰ ਹੁੰਦੀ ਰਹੀ । ਤਾਤੇ–ਤਾਤਿ, ਈਰਖਾ ।

ਉਡਰਿ–ਉਡਕੇ । ਉਡਰਿ ਚਲਿਆ–ਉਡ ਤੁਰਿਆ । ਹੰਸੁ–ਜੀਵਾਤਮਾਂ । ਭਸਮ–ਮਿੱਟੀ । ਵਿਹੂਣੀ–ਸੱਖਣੀ ।੧।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਜੀਵ ਰੂਪ ਇਸਤ੍ਰੀ ਦਾ ਆਪਣੇ ਸਹੀ ਮਾਰਗ ਤੋਂ ਖੁੰਝ ਜਾਣ ਦਾ ਸਹੀ ਕਾਰਣ ਕੀ ਹੈ ?

1. **ਉ**:–ਹੇ ਭਾਈਓ ! ਅਸਲ ਕਾਰਣ ਇਹੋ ਹੈ ਕਿ ਜਿਹੜੀ ਜੀਵ ਰੂਪ ਇਸਤ੍ਰੀ ਪ੍ਰਮੇਸ਼ਰ ਦੇ ਨਾਮ ਤੋਂ ਵਾਂਝੀ ਰਹਿੰਦੀ ਹੈ, ਉਹ ਕੋਝੇ ਭੁਲੇਖੇ ਵਿਚ ਪੈ ਕੇ ਜੀਵਨ ਰਾਹ ਤੋਂ ਖੁੰਝ ਜਾਂਦੀ ਹੈ, ਮੁੜ ਮੁੜ ਗਲਤੀਆਂ ਕਰ ਕੇ ਪਛਤਾਂਦੀ ਰਹਿੰਦੀ ਹੈ ।

ਪ੍ਰ:–ਕਿਉਂ ਜੀ ! ਆਖਰ, ਇਸ ਦਾ ਫਲ ਕੀ ਹੁੰਦਾ ਹੈ ?

2. **ਉ**:–ਹੇ ਭਾਈ ! (ਅਜਿਹੀ ਜੀਵ ਇਸਤ੍ਰੀ) ਪ੍ਰਭੂ ਪਤੀ ਦੀ ਕਦਰ ਨਹੀਂ ਸਮਝਦੀ (ਮਾਇਆ ਦੇ ਮੋਹ ਦੀ ਨੀਂਦ ਵਿਚ) ਗਾਫ਼ਲ ਹੋ ਰਹੀ (ਅਜਿਹੀ ਜੀਵ ਇਸਤ੍ਰੀ) ਨੂੰ ਪ੍ਰਭੂ ਪਤੀ ਨੇ ਭੀ ਮਨੋ ਲਾਹ ਦਿਤਾ ਹੁੰਦਾ ਹੈ ।
3. ਹੇ ਭਾਈਓ ! ਮਾਇਆ ਦੇ ਮੋਹ ਦੀ ਨੀਂਦ ਵਿਚ ਸੁਤੀ ਹੋਈ ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਪਤੀ ਨੇ ਪਿਆਰ ਕਰਨਾ ਛਡ ਦਿਤਾ, (ਮਾਇਆ ਦੇ ਮੋਹ ਦੀ ਨੀਂਦ ਵਿਚ ਰਹਿਣ ਦੇ ਇਸ) ਔਗਣ ਦੇ ਕਾਰਨ ਤਿਆਗ ਦਿਤਾ, ਉਸ ਜੀਵ ਇਸਤ੍ਰੀ ਦੀ ਜ਼ਿੰਦਗੀ ਦੀ ਰਾਤ ਦੁਖਦਾਈ ਹੋ ਜਾਂਦੀ ਹੈ, (ਉਸ ਦੀ ਸਾਰੀ ਉਮਰ ਦੁਖਾਂ ਵਿਚ ਬੀਤਦੀ ਹੈ) ।
4. ਐ ਪਿਆਰੇ ! ਉਹ ਜੀਵ ਇਸਤ੍ਰੀ ਕਾਮ ਵਿਚ, ਕ੍ਰੋਧ ਵਿਚ, ਅਹੰਕਾਰ ਵਿਚ, (ਸਦਾ) ਖੁਆਰ ਹੁੰਦੀ ਰਹਿੰਦੀ ਹੈ, ਉਸ ਨੂੰ ਹਉਮੈਂ ਚੰਬੜੀ ਰਹਿੰਦੀ ਹੈ; ਉਸ ਨੂੰ ਈਰਖਾ ਚੰਬੜੀ ਰਹਿੰਦੀ ਹੈ ।

ਪ੍ਰ:–ਕਿਉਂ ਜੀ ! ਆਖਰ, ਫਲ ਕੀ ਹੁੰਦਾ ਹੈ ?

5. **ਉ**:–ਹੇ ਭਾਈਓ ! ਪ੍ਰਮਾਤਮਾਂ ਦੇ ਹੁਕਮ ਅਨੁਸਾਰ ਜੀਵਾਤਮਾਂ (ਤਾਂ ਆਖਰ ਸਰੀਰ ਨੂੰ ਛਡ ਕੇ) ਤੁਰ ਪੈਂਦਾ ਹੈ ਤੇ ਸਰੀਰ ਮਿੱਟੀ ਦੀ ਢੇਰੀ ਹੋ ਕੇ ਮਿੱਟੀ ਨਾਲ ਮਿਲ ਜਾਂਦਾ ਹੈ ।
6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਪ੍ਰਮਾਤਮਾਂ ਦੇ ਨਾਮ ਤੋਂ ਭੁਲੀ ਹੋਈ ਜੀਵ ਇਸਤ੍ਰੀ ਸਾਰੀ ਉਮਰ ਭੁਲਾਂ ਕਰ ਕਰ ਕੇ (ਅਨੇਕਾਂ ਦੁੱਖ ਸਹੇੜ ਕੇ) ਪਛਤਾਂਦੀ ਰਹਿੰਦੀ ਹੈ ।੧।

1. ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥
2. ਤੂ ਨਿਜਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥
3. ਬਿਨੁ ਅਪਨੇ ਨਾਹੈ ਕੋਇ ਨ ਚਾਹੈ
ਕਿਆ ਕਹੀਐ ਕਿਆ ਕੀਜੈ ॥
4. ਅੰਮ੍ਰਿਤ ਨਾਮੁ ਰਸਨ ਰਸੁ ਰਸਨਾ
ਗੁਰ ਸਬਦੀ ਰਸੁ ਪੀਜੈ ॥
5. ਵਿਣੁ ਨਾਵੈ ਕੋ ਸੰਗਿ ਨ ਸਾਥੀ
ਆਵੈ ਜਾਇ ਘਨੇਰੀ ॥
6. ਨਾਨਕ ਲਾਹਾ ਲੈ ਘਰਿ ਜਾਈਐ
ਸਾਚੀ ਸਚੁ ਮਤਿ ਤੇਰੀ ॥੨॥

ਪਦ ਅਰਥ :–ਨਾਹ–ਹੇ ਨਾਹ, ਹੇ ਨਾਥ, ਹੇ ਖਸਮ । ਨਿਜ ਘਰਿ–ਆਪਣੇ ਘਰ ਵਿਚ । ਹਉ–ਹਉਂ, ਮੈਂ । ਰੁਲਿ–ਰੁਲ ਕੇ, (ਵਿਕਾਰਾਂ ਵਿਚ) ਖੁਆਰ ਹੋ ਕੇ । ਬਿਨੁ ਨਾਹੈ–ਖਸਮ ਤੋਂ ਬਿਨਾ । ਨ ਚਾਹੈ –ਪਸੰਦ ਨਹੀਂ ਕਰਦਾ । ਕਿਆ

ਕਹੀਐ—ਕੀ ਆਖਣਾ ਚਾਹੀਦਾ ਹੈ ? । ਕਿਆ ਕੀਜੈ—ਕੀ ਕਰਨਾ ਚਾਹੀਦਾ ਹੈ । ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਨਾਮ ਅੰਮ੍ਰਿਤ । ਰਸਨ ਰਸੁ—ਸਾਰੇ ਰਸਾਂ ਤੋਂ ਸ੍ਰੇਸ਼ਟ ਰਸ । ਰਸਨਾ—ਜੀਭ ਨਾਲ । ਗੁਰ ਸਬਦੀ—ਗੁਰੂ ਦੇ ਸ਼ਬਦ ਵਿਚ ਜੁੜ ਕੇ । ਪੀਜੈ—ਪੀਣਾ ਚਾਹੀਦਾ ਹੈ ।

ਸੰਗਿ—ਸੰਗੀ । ਆਵੈ ਜਾਇ—ਜੰਮਦੀ ਮਰਦੀ ਹੈ, ਜਨਮ ਮਰਨ ਦੇ ਗੇੜ ਵਿਚ ਪਈ ਰਹਿੰਦੀ ਹੈ । ਘਨੇਰੀ—ਬਹੁਤ ਲੁਕਾਈ । ਲਾਹਾ—ਲਾਭ । ਘਰਿ—ਘਰ ਵਿਚ, ਪ੍ਰਭੂ ਚਰਨਾਂ ਵਿਚ । ਜਾਈਐ—ਜਾਣਾ ਚਾਹੀਦਾ ਹੈ । ਸਾਚੀ ਮਤਿ—ਪਵਿਤ੍ਰ ਮਤਿ । ਸਚੁ—ਸਦਾ ਥਿਰ ਹਰਿ ਨਾਮ (ਨੂੰ ਸਿਮਰਿਆਂ) ।੨।

ਅਰਥ :—

ਪ੍ਰ:—ਸ੍ਰੀ ਜੀਉ ! ਜਦੋਂ ਉਸ ਪ੍ਰਭੂ ਪਤੀ ਦਾ ਕਦੀ ਵਿਛੋੜਾ ਅਨੁਭਵ ਹੁੰਦਾ ਹੋਵੇ, ਤਾਂ ਕਿਸ ਤਰ੍ਹਾਂ, ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ?

1. ਉ:—ਹੇ ਭਾਈ ! ਵਿਛੋੜਾ ਅਨੁਭਵ ਹੋਣ ਸਮੇਂ ਇਉਂ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਪਿਆਰੇ (ਪ੍ਰਭੂ) ! ਪਤੀ, ਮੇਰੀ ਇਕ ਬੇਨਤੀ ਸੁਣ।
2. ਹੇ ਪ੍ਰਭੂ ਪਤੀ ਜੀਉ ! ਤੂੰ ਆਪਣੇ (ਨਿਜ ਸਰੂਪ) ਰੂਪੀ ਘਰ ਵਿਚ ਵਸ ਰਿਹਾ ਹੈਂ, ਪਰ, ਮੈਂ (ਤੈਥੋਂ ਵਿਛੜਕੇ ਵਿਕਾਰਾਂ ਵਿਚ)ਖੁਆਰ ਹੋਕੇ ਸੁਆਹ ਦੀ ਢੇਰੀ ਹੋ ਰਹੀ ਹਾਂ।
3. ਆਪਣੇ (ਪ੍ਰਭੂ) ਪਤੀ ਤੋਂ ਬਿਨਾ (ਪ੍ਰਭੂ ਪਤੀ ਤੋਂ ਵਿਛੜੀ ਜੀਵ ਇਸਤ੍ਰੀ ਨੂੰ) ਕੋਈ ਪਿਆਰ ਨਹੀਂ ਕਰਦਾ । ਪ੍ਰ:—(ਇਸ ਹਾਲਤ ਵਿਚ ਫਿਰ) ਕੀ ਆਖਣਾ ਚਾਹੀਦਾ ਹੈ ? ਕੀ ਕਰਨਾ ਚਾਹੀਦਾ ਹੈ ?
4. ਉ:—ਹੇ ਜੀਵ ਇਸਤ੍ਰੀ ! ਪ੍ਰਮਾਤਮਾਂ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਰਸ (ਦੁਨੀਆਂ ਦੇ) ਸਭ ਰਸਾਂ ਤੋਂ ਸ੍ਰੇਸ਼ਟ ਰਸ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਇਹ ਨਾਮ ਰਸ ਜੀਭ ਨਾਲ ਪੀਂਦੇ ਰਹਿਣਾ ਚਾਹੀਦਾ ਹੈ ।

ਪ੍ਰ:—ਸ੍ਰੀ ਜੀਉ ! ਆਖਰ, ਵਿਸ਼ਵਾਸ਼ ਕਿਸ ਰੂਪ ਵਿਚ ਹੋਣਾ ਚਾਹੀਦਾ ਹੈ ?

5. ਉ:—ਐ ਪਿਆਰੇ ! ਇਹੋ ਨਿਸਚਾ ਰਖੋ ਕਿ, ਪ੍ਰਮਾਤਮਾਂ ਦੇ ਨਾਮ ਤੋਂ ਬਿਨਾ (ਜਿੰਦ ਦਾ ਹੋਰ) ਕੋਈ ਸੰਗੀ ਨਹੀਂ ਕੋਈ ਸਾਥੀ ਨਹੀਂ, ਨਾਮ ਤੋਂ ਬਿਨਾ; ਨਾਮ ਤੋਂ ਖੁੰਝ ਕੇ, ਬਹੁਤ ਲੁਕਾਈ ਜਨਮ ਮਰਣ ਦੇ ਗੇੜ ਵਿਚ ਪਈ ਰਹਿੰਦੀ ਹੈ ।
6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਪ੍ਰਮਾਤਮਾਂ ਦਾ ਨਾਮ ਲਾਭ ਖੱਟ ਕੇ ਪ੍ਰਭੂ ਦੀ ਹਜ਼ੂਰੀ ਵਿਚ ਅਪੜ ਜਾਈਦਾ ਹੈ । ਹੇ ਭਾਈ ! ਪ੍ਰਮਾਤਮਾਂ ਦਾ ਸਦਾ ਥਿਰ ਨਾਮ ਜਪਿਆ ਕਰ (ਇਸ ਦੀ ਬਰਕਤ ਨਾਲ) ਤੇਰੀ ਮਤਿ ਵਿਕਾਰਾਂ ਦੇ ਹਲਿਆਂ ਤੋਂ ਅਡੋਲ ਹੋ ਜਾਏਗੀ ।੨।

1. ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥
2. ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥
3. ਮੁੰਧ ਨੈਣ ਭਰੇਦੀ ਗੁਣ ਸਾਰੇਦੀ
ਕਿਉ ਪ੍ਰਭ ਮਿਲਾ ਪਿਆਰੇ ॥
4. ਮਾਰਗੁ ਪੰਥੁ ਨ ਜਾਣਉ ਵਿਖੜਾ
ਕਿਉ ਪਾਈਐ ਪਿਰੁ ਪਾਰੇ ॥
5. ਮਤਿਗੁਰ ਸਬਦੀ ਮਿਲੈ ਵਿਛੰਨੀ
ਤਨੁ ਮਨੁ ਆਗੈ ਰਾਖੈ ॥
6. ਨਾਨਕ ਅੰਮ੍ਰਿਤ ਬਿਰਖੁ ਮਹਾਰਸ ਫਲਿਆ
ਮਿਲਿ ਪ੍ਰੀਤਮ ਰਸੁ ਚਾਖੈ ॥੩॥

ਪਦ ਅਰਥ :—ਸਾਜਨ—ਸਜਣ ਪ੍ਰਭੂ ਜੀ । ਦੇਸਿ—ਦੇਸ਼ ਵਿਚ (ਜੀਵ ਇਸਤ੍ਰੀ ਦੇ) ਹਿਰਦੇ ਦੇਸ਼ ਵਿਚ । ਵਿਦੇਸ—ਪਰਦੇਸ਼ । ਵਿਦੇਸੀ—ਪਰਦੇਸੀ, ਪਰਦੇਸ ਵਿਚ ਰਹਿਣ ਵਾਲਾ । ਦੇਦੀ—ਦੇਂਦੀ । ਸਾਰਿ—ਚੇਤੇ ਕਰ ਕੇ, ਯਾਦ ਕਰਕੇ । ਸਮਾਲੇ—(ਹਿਰਦੇ ਵਿਚ) ਸਾਂਭਦੀ ਹੈ । ਤਿਨ ਸਜਣਾ—ਉਨ੍ਹਾਂ ਸਜਣਾਂ ਨੂੰ ਪ੍ਰਭ ਸਜਣ ਜੀ ਨੂੰ । ਮੁੰਧ—ਅੰਞਾਣ ਜੀਵ ਇਸਤ੍ਰੀ । ਸਾਰੇਦੀ—ਸਾਰੇਂਦੀ, ਯਾਦ ਕਰਦੀ ਹੈ । ਕਿਉ ਪ੍ਰਭ ਮਿਲਾ—ਕਿਉਂ ਪ੍ਰਭ ਮਿਲਾਂ, ਮੈਂ ਕਿਵੇਂ ਪ੍ਰਭੂ ਨੂੰ ਮਿਲਾਂ ? । ਮਾਰਗੁ—ਰਸਤਾ । ਪੰਥੁ—ਰਸਤਾ । ਨ ਜਾਣਉ—ਨ ਜਾਣਉਂ, ਮੈਂ ਨਹੀਂ ਜਾਣਦੀ । ਵਿਖੜਾ—ਔਖਾ, ਅਉਕੜਾਂ ਭਰਿਆ । ਪਾਰੇ—(ਵਿਖੜੇ ਰਸਤੇ ਤੋਂ) ਪਾਰਲੇ ਪਾਸੇ । ਸਬਦੀ—ਸ਼ਬਦ ਦੀ ਰਾਹੀਂ । ਵਿਛੁੰਨੀ—ਵਿਛੁੜੀ ਹੋਈ ਜੀਵ ਇਸਤ੍ਰੀ । ਆਗੈ ਰਾਖੈ—(ਪ੍ਰਭੂ ਪਤੀ ਦੇ) ਅਗੇ ਰਖ ਦੇਂਦੀ ਹੈ, ਭੇਟਾ ਕਰ ਦੇਂਦੀ ਹੈ । ਅੰਮ੍ਰਿਤ ਬਿਰਖੁ—ਆਤਮਕ ਜੀਵਨ ਦੇਣ ਵਾਲਾ ਨਾਮ ਰੁੱਖ । ਮਹਾ ਰਸ ਫਲਿਆ—ਬੜੇ ਮਿੱਠੇ ਫਲਾਂ ਵਾਲਾ, ਜਿਸ ਨੂੰ ਉਚੇ ਆਤਮਕ ਗੁਣਾਂ ਦੇ ਬੜੇ ਮਿੱਠੇ ਫਲ ਲਗੇ ਹੋਏ ਹਨ । ਮਿਲਿ ਪ੍ਰੀਤਮ—ਪ੍ਰੀਤਮ ਪ੍ਰਭੂ ਨੂੰ ਮਿਲ ਕੇ । ਰਸੁ—ਸੁਆਦ । ਚਾਖੈ—ਚਖਦੀ ਹੈ ।੩।

ਅਰਥ :—

ਪ੍ਰ:—ਸ੍ਰੀ ਜੀਉ ! ਬਹੁਤ ਲੋਕ ਉਸ ਪ੍ਰਮੇਸ਼ਰ ਨੂੰ ਹਾਸਲ ਕਰਨ ਲਈ ਆਪਣਾਂ ਘਰ ਬਾਰ ਛਡ ਕੇ ਪ੍ਰਦੇਸਾਂ, ਬੀਆ ਬਾਨ ਜੰਗਲਾਂ ਵਿਚ ਲਭਦੇ ਹਨ; ਪਰ ਇਸ ਬਾਰੇ ਗੁਰਮਤਿ ਅਨੁਸਾਰ ਆਪ ਜੀ ਦੇ ਕੀ ਵੀਚਾਰ ਹਨ ?

1. ਉ:—ਹੇ ਭਾਈਓ ! ਉਨ੍ਹਾਂ ਬਾਰੇ ਤਾਂ ਇਉਂ ਹੀ ਜਾਣੋ ਕਿ, ਜਿਵੇਂ ਕੋਈ ਇਸਤ੍ਰੀ ਘਰ ਵਿਚ ਹੀ ਵਸਦੇ ਪਤੀ ਨੂੰ ਬਾਹਰ ਢੂੰਢਣ ਲਈ ਜਾਂਦੀ ਹੈ, ਕਿਉਂਕਿ; ਉਹ ਸਜਣ ਪ੍ਰਭੂ ਪਤੀ ਜੀ ਤਾਂ (ਹਰੇਕ ਜੀਵ ਰੂਪ ਇਸਤ੍ਰੀ ਦੇ) ਹਿਰਦੇ (ਘਰ) ਦੇਸ਼ ਵਿਚ ਵਸ ਰਹੇ ਹਨ, (ਪਰ ਨਾਮ ਤੋਂ ਹੀਣੀ ਜੀਵ ਇਸਤ੍ਰੀ ਦੁੱਖਾਂ ਵਿਚ ਘਿਰ ਕੇ ਉਸ ਨੂੰ) ਪਰਦੇਸ

ਵਿਚ ਵਸਦਾ ਜਾਣ ਕੇ (ਦੁੱਖਾਂ ਤੋਂ ਬਚਣ ਲਈ) ਤਰਲੇ ਭਰੇ ਸੁਨੇਹੇ ਭੇਜਦੀ ਹੈ।

2. ਹੇ ਭਾਈ ! ਨਾਮ ਤੋਂ ਵਾਂਝੀ ਹੋਈ ਅੰਞਾਣ ਜੀਵ ਇਸਤ੍ਰੀ (ਸਹੇੜੇ ਹੋਏ ਦੁੱਖਾਂ ਦੇ ਕਾਰਣ) ਵਿਰਲਾਪ ਕਰਦੀ ਹੈ ਤੇ ਉਸ ਸੱਜਣ ਪ੍ਰਭੂ ਜੀ ਨੂੰ ਮੁੜ ਮੁੜ ਯਾਦ ਕਰਦੀ ਹੈ।

3. ਹੇ ਭਾਈ ! (ਨਾਮ ਤੋਂ ਵਾਂਝੀ ਹੋਈ) ਅੰਞਾਣ ਜੀਵ ਇਸਤ੍ਰੀ (ਸਹੇੜੇ ਦੁੱਖਾਂ ਦੇ ਕਾਰਨ) ਵਿਰਲਾਪ ਕਰਦੀ ਹੈ, ਪ੍ਰਭੂ ਪਤੀ ਦੇ ਗੁਣ ਚੇਤੇ ਕਰਦੀ ਹੈ, (ਤੇ ਤਰਲੇ ਲੈਂਦੀ ਹੈ ਕਿ) ਪਿਆਰੇ ਪ੍ਰਭੂ ਨੂੰ ਕਿਵੇਂ ਮਿਲਾਂ।

4. ਅਤੇ ਇਉਂ ਪੁਕਾਰਾਂ ਕਰਦੀ ਹੈ ਕਿ, ਜਿਸ ਦੇਸ਼ ਵਿਚ ਉਹ ਪ੍ਰਭੂ ਪਤੀ ਵਸਦਾ ਹੈ, ਉਸ ਦਾ ਰਸਤਾ (ਤਾਂ ਅਨੇਕਾਂ ਵਿਕਾਰਾਂ ਦੀਆਂ) ਅਉਕੜਾਂ ਨਾਲ ਭਰਿਆ ਹੋਇਆ ਹੈ, ਮੈਂ ਉਹ ਰਸਤਾ ਜਾਣਦੀ ਭੀ ਨਹੀਂ ਹਾਂ, ਮੈਂ ਉਸ ਪਤੀ ਨੂੰ ਕਿਵੇਂ ਮਿਲਾਂ, ਉਹ ਤਾਂ (ਇਨ੍ਹਾਂ ਵਿਕਾਰਾਂ ਦੀਆਂ ਰੁਕਾਵਟਾਂ ਤੋਂ) ਪਾਰਲੇ ਪਾਸੇ ਰਹਿੰਦਾ ਹੈ।

ਪ੍ਰ:–ਸ੍ਰੀ ਜੀਉ ! ਉਸ ਪਤੀ ਦੇ ਮਿਲਾਪ ਦਾ ਕੋਈ ਆਪ ਹੀ ਮਾਰਗ ਦਸੋ ?

5.ਉ:–ਹੇ ਭਾਈ ! ਸੁਣ, ਜਿਹੜੀ ਵਿਛੜੀ ਹੋਈ ਜੀਵ ਇਸਤ੍ਰੀ ਗੁਰੂ ਦੇ ਸ਼ਬਦ ਦੀ ਰਾਹੀਂ, ਆਪਣਾ ਤਨ ਆਪਣਾ ਮਨ ਉਸਦੇ ਹਵਾਲੇ ਕਰ ਦੇਂਦੀ ਹੈ, ਉਹ ਉਸਨੂੰ ਮਿਲ ਪੈਂਦੀ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮਾਤਮਾਂ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਇਕ ਐਸਾ ਰੁੱਖ ਹੈ ਜਿਸ ਨੂੰ ਉਚੇ ਆਤਮਕ ਗੁਣਾਂ ਦੇ ਫਲ ਲਗੇ ਰਹਿੰਦੇ ਹਨ, (ਗੁਰੂ ਦੇ ਸ਼ਬਦ ਦੀ ਰਾਹੀਂ) ਆਪਣਾ ਤਨ ਮਨ ਭੇਟਾ ਕਰਨ ਵਾਲੀ ਜੀਵ ਇਸਤ੍ਰੀ ਪ੍ਰੀਤਮ ਪ੍ਰਭੂ ਨੂੰ ਮਿਲ ਕੇ (ਉਸ ਰੁੱਖ ਦੇ ਫਲਾਂ ਦਾ) ਸੁਆਦ ਚੱਖਦੀ ਰਹਿੰਦੀ ਹੈ।੩।

1. ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥
2. ਅਨਦਿਨੁ ਰਤੜੀਏ ਸਹਜਿ ਮਿਲੀਜੈ ॥
3. ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ
ਗਰਬੁ ਨਿਵਾਰਿ ਸਮਾਣੀ ॥
4. ਸਾਚੈ ਰਾਤੀ ਮਿਲੈ ਮਿਲਾਈ
ਮਨਮੁਖਿ ਆਵਣ ਜਾਣੀ ॥
5. ਜਬ ਨਾਚੀ ਤਬ ਘੂਘਟੁ ਕੈਸਾ
ਮਟੁਕੀ ਫੋੜਿ ਨਿਰਾਰੀ ॥
6. ਨਾਨਕ ਆਪੈ ਆਪੁ ਪਛਾਣੈ
ਗੁਰਮੁਖਿ ਤਤੁ ਬੀਚਾਰੀ ॥੪॥੪॥

ਪਦ ਅਰਥ :–ਮਹਲਿ–ਮਹਲ ਵਿਚ, ਪ੍ਰਭੂ ਦੀ ਹਜ਼ੂਰੀ ਵਿਚ। ਬੁਲਾਇੜੀਏ–ਹੇ ਸਦੀਏ ਹੋਈਏ। ਬਿਲਮ–ਦੇਰ, ਢਿਲ। ਨ ਕੀਜੈ-ਨਹੀਂ ਕਰਨੀ ਚਾਹੀਦੀ। ਅਨਦਿਨੁ–ਹਰ ਰੋਜ਼, ਹਰ ਵੇਲੇ। ਸਹਜਿ–ਸਹਿਜ ਵਿਚ, ਆਤਮਕ ਅਡੋਲਤਾ ਵਿਚ। ਮਿਲੀਜੈ–ਮਿਲੇ ਰਹਿਣਾ ਚਾਹੀਦਾ ਹੈ, ਟਿਕੇ ਰਹਿਣਾ ਚਾਹੀਦਾ ਹੈ।

ਸੁਖਿ–ਸੁਖ ਵਿਚ, ਅਨੰਦ ਵਿਚ। ਰੋਸੁ–ਗਿਲ੍ਹਾ। ਰੋਸੁ ਨ ਕੀਜੈ–ਰੋਸਾ ਨਹੀਂ ਕਰਨਾ ਚਾਹੀਦਾ, ਗਿਲ੍ਹਾ ਨਹੀਂ ਕਰਨਾ ਚਾਹੀਦਾ। ਗਰਬੁ–ਅਹੰਕਾਰ। ਨਿਵਾਰਿ–ਦੂਰ ਕਰਕੇ। ਸਾਚੈ–ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ। ਰਾਤੀ–ਰਤੀ ਹੋਈ, ਪ੍ਰੇਮ ਰੰਗ ਵਿਚ ਰੰਗੀ ਹੋਈ। ਮਿਲਾਈ–(ਗੁਰੂ ਦੀ) ਮਿਲਾਈ ਹੋਈ। ਮਨਮੁਖਿ–ਆਪਣੇ ਮਨ ਦੇ ਪਿਛੇ ਤੁਰਨ ਵਾਲੀ ਜੀਵ ਇਸਤ੍ਰੀ। ਆਵਣ ਜਾਣੀ–ਜਨਮ ਮਰਨ ਦੇ ਗੇੜ ਵਿਚ।

ਨਾਚੀ–ਨੱਚਣ ਲਗ ਪਈ। ਘੂਘਟੁ–ਘੁੰਡ। ਮਟਕੀ ਫੋੜਿ–ਸਰੀਰ ਦੇ ਮੋਹ ਨੂੰ ਤੋੜਕੇ। ਨਿਰਾਰੀ–ਨਿਰਾਲੀ, ਨਿਰਲੇਪ, ਵਖਰੀ। ਆਪੈ ਆਪੁ–ਆਪਣੇ ਆਪ ਨੂੰ, ਆਪਣੇ ਆਤਮਕ ਜੀਵਨ ਨੂੰ। ਪਛਾਣੈ–ਪਛਾਣਦਾ ਹੈ, ਪੜਤਾਲਦਾ ਹੈ। ਤਤੁ–ਅਸਲੀਅਤ, ਅਸਲ ਜੀਵਨ ਭੇਤ। ਬੀਚਾਰੀ–ਵੀਚਾਰਨ ਵਾਲਾ।੪।

ਅਰਥ :–

ਪ੍ਰ:–ਸ੍ਰੀ ਜੀਉ ! ਸਾਡੇ ਮਨਾਂ ਵਿਚ ਜਿਸ ਅਸੀਂ ਆਪਣੇ ਕੇਂਦਰ ਪ੍ਰਭੂ ਤੋਂ ਵਿਛੜੇ ਹੋਏ ਹਾਂ, ਉਸ ਦੇ ਮਿਲਾਪ ਦੀ ਅੰਤਰ ਆਤਮੇਂ ਸੂਖਮ ਜਿਹੀ ਖਿੱਚ ਤਾਂ ਹਰ ਵਕਤ ਬਣੀ ਹੀ ਰਹਿੰਦੀ ਹੈ, ਪਰ, ਸੰਸਾਰਕ ਵਾਸ਼ਨਾਵਾਂ ਅਜਿਹੀਆਂ ਪ੍ਰਬਲ ਹਨ ਜੋ ਕਿ ਮਨ ਵਿਚ ਉਸ ਦੇ ਮਿਲਾਪ ਵਿਚ ਬਿਘਨਾਕਾਰੀ ਬਣਦੀਆਂ ਹਨ, ਭਾਵ, ਹਰ ਸਮੇਂ ਮਨ ਵਿਚ ਢਿਲ ਹੀ ਬਣੀ ਰਹਿੰਦੀ ਹੈ, ਕੋਈ ਸਾਧਨ ਦਸੋ ?

1. ਉ:–ਹੇ ਪ੍ਰਭੂ ਦੀ ਹਜ਼ੂਰੀ ਵਿਚ ਸੱਦੀਏ ਹੋਈਏ, ਜੀਵ ਇਸਤ੍ਰੀਏ ਤੈਨੂੰ ਢਿੱਲ ਨਹੀਂ ਕਰਨੀ ਚਾਹੀਦੀ।

2. ਹੇ ਹਰ ਵੇਲੇ ਪ੍ਰੇਮ ਰੰਗ ਵਿਚ ਰੰਗੀ ਹੋਈਏ, ਆਤਮਕ ਅਡੋਲਤਾ ਵਿਚ ਟਿਕੇ ਰਹਿਣਾ ਚਾਹੀਦਾ ਹੈ, (ਭਾਵ, ਹੇ ਭਾਈ ! ਜਿਹੜੀ ਜੀਵ ਇਸਤ੍ਰੀ ਹਰ ਵੇਲੇ ਪ੍ਰਮਾਤਮਾਂ ਦੇ ਪਿਆਰ ਰੰਗ ਵਿਚ ਰੰਗੀ ਰਹਿੰਦੀ ਹੈ, ਜਿਹੜੀ ਪ੍ਰਭੂ ਦੀ ਯਾਦ ਵਿਚ ਵਲੋਂ ਕਦੇ ਭੀ ਢਿਲ ਨਹੀਂ ਕਰਦੀ, ਜਿਹੜੀ ਹਰ ਵੇਲੇ ਆਤਮਕ ਅਡੋਲਤਾ ਵਿਚ ਟਿਕੀ ਰਹਿੰਦੀ ਹੈ, ਉਸ ਜੀਵ ਇਸਤ੍ਰੀ ਨੂੰ ਪ੍ਰਮੇਸ਼ਰ ਆਪਣੇ ਚਰਨਾਂ ਵਿਚ ਜੋੜਦਾ ਹੈ)।

ਪ੍ਰ:–ਸ੍ਰੀ ਜੀਉ ! ਕਈ ਵਾਰ ਮਨ ਵਿਚ ਗਿਲ੍ਹਾ ਭੀ ਹੋ ਆਉਂਦਾ ਹੈ ਕਿ ਸਾਡੇ ਕੀਤੇ ਉੱਦਮ ਦਾ ਫਲ ਸਾਨੂੰ ਸ਼ੀਘਰ ਹੀ ਕਿਉਂ ਨਹੀਂ ਮਿਲਦਾ, ਦਸੋ, ਉਸ ਅਜਿਹੀ ਮਨ ਦੀ ਦਸ਼ਾ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ ?

3. ਉ:–ਹੇ ਭਾਈਓ ! ਅਸਲ ਵਿਚ ਅਜਿਹੀ ਅਵਸਥਾ ਵਿਚ

ਆਤਮਕ ਅਨੰਦ ਵਿਚ, ਆਤਮਕ ਅਡੋਲਤਾ ਵਿਚ ਟਿਕੇ ਰਹਿਣਾ ਚਾਹੀਦਾ ਹੈ (ਕਿਸੇ ਆਪਣੇ ਉੱਦਮ ਤੇ ਮਾਣ ਕਰ ਕੇ ਇਸ ਗਲ ਦੀ ਗਿਲ੍ਹਾ ਨਹੀਂ ਕਰਨਾ ਚਾਹੀਦਾ (ਕਿ ਮੇਰਾ ਉੱਦਮ ਛੇਤੀ ਸਫਲ ਕਿਉਂ ਨਹੀਂ ਹੁੰਦਾ) ਕਿਉਂਕਿ, ਜਿਹੜੀ ਭੀ ਜੀਵ ਇਸ਼ਤ੍ਰੀ ਪ੍ਰਭੂ ਦਾ ਮਿਲਾਪ ਹਾਸਲ ਕਰਦੀ ਹੈ ਉਹ ਅਹੰਕਾਰ ਦੂਰ ਕਰ ਕੇ (ਹੀ ਪ੍ਰਭੂ ਵਿਚ) ਲੀਨ ਹੁੰਦੀ ਹੈ।

ਪ੍ਰ:–ਕਿਉਂ ਜੀ! ਰੱਬੀ ਮਾਰਗ ਤੇ ਟੁਰਨ ਵਾਲਿਆਂ ਦਾ ਮਿਲਾਪ ਸਾਰਿਆਂ ਦਾ ਹੀ ਕਿਉਂ ਨਹੀਂ ਹੁੰਦਾ?

4. ਉ:–ਹੇ ਭਾਈ! ਅਸਲ ਵਿਚ ਚਾਹੁੰਦੇ ਤਾਂ ਸਾਰੇ ਹੀ ਹਨ, ਪਰ, ਜਿਸ ਨੂੰ ਗੁਰੂ ਮਿਲਾਂਦਾ ਹੈ, ਉਹੀ ਜੀਵ ਇਸਤ੍ਰੀ ਮਿਲਦੀ ਹੈ, ਕਿਉਂਕਿ, ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ। ਪਰ, ਆਪਣੇ ਮਨ ਦੇ ਪਿਛੇ ਤੁਰਨ ਵਾਲੀ ਜਨਮ ਮਰਨ ਦੇ ਗੇੜ ਵਿਚ ਹੀ ਪਈ ਰਹਿੰਦੀ ਹੈ।

ਪ੍ਰ:–ਸ੍ਰੀ ਜੀਉ! ਉਸ ਪ੍ਰਭੂ ਦੇ ਮਿਲਾਪ ਲਈ ਖਾਸ ਸਾਧਨ ਕਿਹੜਾ ਕਰਨਾ ਜ਼ਰੂਰੀ ਹੈ?

5. ਉ:–ਹੇ ਭਾਈਓ! ਵੇਖੋ, ਜਿਵੇਂ ਜਦੋਂ ਕੋਈ ਇਸਤ੍ਰੀ ਨੱਚਣ ਲਗ ਪਏ ਤਾਂ ਉਹ ਘੁੰਡ ਨਹੀਂ ਕਢਦੀ ਹੈ, (ਤਿਵੇਂ, ਜੇਹੜੀ ਜੀਵ ਇਸਤ੍ਰੀ ਪ੍ਰਭੂ ਪਿਆਰ ਦੇ ਰਾਹ ਤੇ ਤੁਰਦੀ ਹੈ ਉਹ) ਸਰੀਰ ਦਾ ਮੋਹ ਛਡ ਕੇ (ਮਾਇਆ ਤੋਂ) ਨਿਰਲੇਪ ਹੋ ਜਾਂਦੀ ਹੈ, ਭਾਵ ਲੋਕ ਲਾਜ ਦੀ ਮਟਕੀ ਭੰਨ ਕੇ ਅਲੱਗ ਹੋਣਾ ਪੈਂਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਗੁਰੂ ਦੇ ਦਸੇ ਰਸਤੇ ਉਤੇ ਤੁਰਨ ਵਾਲਾ ਮਨੁੱਖ ਸਦਾ ਆਪਣੇ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਅਸਲ ਜੀਵਨ ਰਾਹ ਨੂੰ ਆਪਣੇ ਵੀਚਾਰ ਮੰਡਲ ਵਿਚ ਟਿਕਾਈ ਰਖਦਾ ਹੈ।੪।੪।

ਭਾਵਾਰਥ:–ਦੇਹ ਅਤੇ ਪ੍ਰਮਾਤਮਾਂ ਰੂਪ ਆਤਮਾਂ ਦੇ ਸੰਬੰਧ ਨੂੰ ਇਸਤ੍ਰੀ ਪਤੀ ਵਾਲਾ ਸੰਬੰਧ ਦਸ ਕੇ ਕਹਿੰਦੇ ਹਨ ਕਿ ਅਉਗਣਾਂ ਕਰਕੇ ਵਿਛੋੜਾ ਹੁੰਦਾ ਹੈ, ਪਰ, ਜੇ ਗੁਣ ਯਾਦ ਕਰੀਏ, ਤਾਂ ਫੇਰ ਮੇਲ ਭੀ ਹੋ ਸਕਦਾ ਹੈ। ਗੁਣਾਂ ਦਾ ਯਾਦ ਕਰਨਾ ਗੁਰੂ ਦੇ ਸ਼ਬਦ ਰਾਹੀਂ ਹੀ ਹੁੰਦਾ ਹੈ ਅਤੇ ਪਤੀ ਆਪਣੇ ਮਹਿਲ ਵਿਚ ਬੁਲਾ ਕੇ ਸਹਿਜਾਨੰਦ ਵਾਲਾ ਮੇਲ ਬਖਸ਼ਸ਼ ਕਰਦਾ ਹੈ।

ਤੁਖਾਰੀ ਮਹਲਾ ੧ ॥

1. ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥

2. ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥

3. ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥

4. ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥

5. ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥

6. ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥

ਪਦ ਅਰਥ:–ਰੰਗੀਲੇ–ਚੋਜੀ, ਅਨੇਕਾਂ ਕੌਤਕ ਕਰਨ ਵਾਲੇ। ਹਮ–ਅਸੀਂ, ਮੈਂ। ਲਾਲੇ–ਗੋਲੇ, ਗੁਲਾਮ। ਗੁਰਿ–ਗੁਰੂ ਨੇ। ਅਲਖੁ–ਅ-ਲਖ, ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ। ਅਵਰੁ–ਹੋਰ। ਭਾਲੇ–ਭਾਲਦਾ, ਲੱਭਦਾ।

ਜਾ–ਜਦੋਂ। ਤਿਸੁ ਭਾਇਆ–ਉਸ (ਪ੍ਰਭੂ) ਨੂੰ ਚੰਗਾ ਲਗਾ। ਪ੍ਰਭਿ–ਪ੍ਰਭੂ ਨੇ। ਜਗਜੀਵਨੁ–ਜਗਤ ਦਾ ਜੀਵਨ, ਜਗਤ ਦਾ ਆਸਰਾ। ਪੁਰਖੁ–ਸਰਵ ਵਿਆਪਕ। ਬਿਧਾਤਾ–ਸਿਰਜਨਹਾਰ। ਸਹਜਿ–ਆਤਮਕ ਅਡੋਲਤਾ ਵਿਚ। ਬਨਵਾਰੀ–ਪ੍ਰਮਾਤਮਾਂ (ਬਨ-ਮਾਲੀ; ਸਾਰੀ ਬਨਸਪਤੀ ਹੈ ਜਿਸ ਦੀ ਮਾਲਾ।

ਨਦਰਿ-ਮਿਹਰ ਦੀ ਨਿਗਾਹ। ਤਾਰਹਿ–(ਤੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾਂਦਾ ਹੈਂ। ਤਰੀਐ–ਪਾਰ ਲੰਘ ਸਕੀਦਾ ਹੈ। ਸਚੁ–ਸਦਾ ਥਿਰ ਨਾਮ। ਦੀਨ ਦਇਆਲਾ–ਹੇ ਦੀਨਾਂ ਉਤੇ ਦਇਆ ਕਰਨ ਵਾਲੇ। ਪ੍ਰਣਵਤਿ–ਬੇਨਤੀ ਕਰਦਾ ਹੈ। ਦਾਸਨਿ ਦਾਸਾ–ਦਾਸਾਂ ਦਾ ਦਾਸ। ਸਰਬ–ਸਾਰੇ।੧।

ਅਰਥ:–

ਪ੍ਰ:–ਹੇ ਗੁਰੋ! ਸਾਨੂੰ ਉਹ ਢੰਗ ਦਸੋ, ਜਿਵੇਂ ਕਿ ਤੁਸੀਂ ਉਸ ਸਾਈਂ ਜੀ ਦੇ ਸਨਮੁਖ ਹੋ ਜੋਦੜੀਆਂ ਕਰਦੇ ਰਹਿੰਦੇ ਹੋ?

1. ਉ:–ਹੇ ਭਾਈਓ! ਉਹ ਮੇਰੇ ਸੋਹਣੇ ਪ੍ਰਭੂ ਜੀ ਅਨੇਕਾਂ ਕੌਤਕ ਕਰਨ ਵਾਲੇ ਹਨ, (ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ) ਮੈਂ ਉਸ ਸੋਹਣੇ ਪ੍ਰਭੂ ਦਾ (ਸਦਾ ਲਈ) ਗੁਲਾਮ ਹਾਂ, (ਇਹੋ ਹੀ ਮੇਰੀ ਅਰਦਾਸ ਰਹਿੰਦੀ ਹੈ)।

ਪ੍ਰ:–ਸ੍ਰੀ ਜੀਉ! ਉਸ ਪ੍ਰਭੂ ਨੂੰ ਤੱਕ ਲੈਣ ਵਾਲੇ ਦੀ ਪਛਾਣ ਕੀ ਹੈ?

2. ਉ:–ਹੇ ਪਿਆਰੇ! (ਜਿਸ ਮਨੁੱਖ ਨੂੰ) ਗੁਰੂ ਨੇ ਅਲੱਖ ਪ੍ਰਭੂ ਦੀ ਸੂਝ ਬਖਸ਼ ਦਿਤੀ ਹੈ (ਉਹ ਮਨੁੱਖ ਉਸਨੂੰ ਛਡਕੇ) ਕਿਸੇ ਹੋਰ ਦੀ ਭਾਲ ਨਹੀਂ ਕਰਦਾ। (ਬੱਸ; ਇਹੋ ਉਸਦੀ ਵਡੀ ਪਛਾਣ ਹੈ)।

3. ਹੇ ਪਿਆਰੇ! ਜਦੋਂ ਪ੍ਰਭੂ ਦੀ ਰਜ਼ਾ ਹੋਈ ਜਦੋਂ ਪ੍ਰਭੂ ਨੇ (ਕਿਸੇ ਜੀਵ ਉਤੇ) ਕਿਰਪਾ ਕੀਤੀ, ਤਾਂ ਗੁਰੂ ਨੇ ਉਸ ਅਲੱਖ ਪ੍ਰਭੂ ਦਾ ਗਿਆਨ ਦਿਤਾ।

4. ਤਦੋਂ ਉਸ ਨੂੰ ਆਤਮਕ ਅਡੋਲਤਾ ਵਿਚ ਟਿਕ ਕੇ ਉਹ ਪ੍ਰਮੇਸ਼ਰ ਮਿਲ ਪੈਂਦਾ ਹੈ, ਜਿਹੜਾ ਜਗਤ ਦਾ ਸਹਾਰਾ

ਹੈ; ਜਿਹੜਾ ਸਭ ਦਾਤਾਂ ਦੇਣ ਵਾਲਾ ਹੈ; ਜਿਹੜਾ ਸਰਬ ਵਿਆਪਕ ਹੈ ਅਤੇ ਸਿਰਜਣਹਾਰ ਹੈ।

ਪ੍ਰ:–ਕਿਉਂ ਜੀ ! ਕੀ, ਉਸ ਸਾਈਂ ਦੀ ਪ੍ਰਾਪਤੀ ਕਰਨ ਵਾਲੇ ਨੂੰ ਆਪਣੇ ਅੰਦਰ ਇਹ ਅਹਿਸਾਸ ਹੁੰਦਾ ਹੈ ਕਿ ਮੈਂ ਆਪਣੀ ਮਸ਼ੱਕਤ ਨਾਲ ਸਾਈਂ ਜੀ ਨੂੰ ਪ੍ਰਾਪਤ ਕੀਤਾ ਹੈ ?

5. ਉ:–ਹੇ ਭਾਈਓ ! ਉਹ ਤਾਂ ਨਿਰਮਾਣਤਾ ਸਹਿਤ ਇਉਂ ਹੀ ਜੋਦੜੀਆਂ ਕਰਦਾ ਰਹਿੰਦਾ ਹੈ ਕਿ, ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ! ਜਦੋਂ ਤੂੰ ਆਪਣਾ ਸਦਾ ਥਿਰ ਨਾਮ (ਕਿਸੇ ਨੂੰ) ਦੇਂਦਾ ਹੈਂ, ਜਦੋਂ ਤੂੰ ਮਿਹਰ ਦੀ ਨਿਗਾਹ ਕਰਦਾ ਹੈਂ ਜਦੋਂ ਤੂੰ (ਆਪ ਸੰਸਾਰ ਸਮੁੰਦਰ ਤੋਂ) ਪਾਰ ਲੰਘਾਂਦਾ ਹੈਂ ਤਦੋਂ ਹੀ ਪਾਰ ਲੰਘ ਸਕੀਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! ਤੇਰੇ ਦਾਸਾਂ ਦਾ ਦਾਸ ਬੇਨਤੀ ਕਰਦਾ ਹੈ ਕਿ ਤੂੰ ਸਾਰੇ ਜੀਵਾਂ ਦੀ ਰਖਿਆ ਕਰਨ ਵਾਲਾ ਹੈਂ ।੧।

1. ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥
2. ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥
3. ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ
ਤਾ ਕਾ ਅੰਤੁ ਨ ਪਾਇਆ ॥
4. ਰੰਗੀ ਜਿਨਸੀ ਜੰਤ ਉਪਾਏ
ਨਿਤ ਦੇਵੈ ਚੜੈ ਸਵਾਇਆ ॥
5. ਅਪਰੰਪਰੁ ਆਪੇ ਥਾਪਿ ਉਥਾਪੇ
ਤਿਸੁ ਭਾਵੈ ਸ ਹੋਵੈ ॥
6. ਨਾਨਕ ਹੀਰਾ ਹੀਰੈ ਬੇਧਿਆ
ਗੁਣ ਕੈ ਹਾਰਿ ਪਰੋਵੈ ॥੨॥

ਪਦ ਅਰਥ:–ਭਰਿਪੂਰਿ–ਭਰਪੂਰ ਹੈਂ, ਸਭ ਵਿਚ ਵਿਆਪਕ ਹੈਂ। ਧਾਰਿ ਰਹੇ–(ਪ੍ਰਭੂ ਜੀ ਸਾਰੀ ਸ੍ਰਿਸ਼ਟੀ ਨੂੰ) ਆਸਰਾ ਦੇ ਰਹੇ ਹਨ। ਸਬਦੇ–(ਗੁਰੂ ਦੇ) ਸ਼ਬਦ ਦੀ ਰਾਹੀਂ (ਇਹ ਸਮਝ ਆਉਂਦੀ ਹੈ)। ਰਵਿ ਰਹਿਆ–ਸਭ ਜੀਵਾਂ ਵਿਚ ਮੌਜੂਦ ਹੈ। ਗੁਰ ਰੂਪਿ–ਵਡੀ ਹਸਤੀ ਵਾਲਾ ਪ੍ਰਭੂ। ਮੁਰਾਰੇ–(ਮੁਰ-ਅਰਿ) ਪ੍ਰਮਾਤਮਾਂ। ਤ੍ਰਿਭਵਣ ਧਾਰੇ–ਤਿੰਨਾਂ ਭਵਨਾਂ ਨੂੰ ਸਹਾਰਾ ਦੇ ਰਿਹਾ ਹੈ। ਤਾ ਕਾ–ਉਸ (ਪ੍ਰਮਾਤਮਾਂ) ਦਾ। ਰੰਗੀ–ਕਈ ਰੰਗਾਂ ਦੇ। ਜਿਨਸੀ–ਕਈ ਜਿਨਸਾਂ ਦੇ। ਚੜੈ ਸਵਾਇਆ–(ਉਸ ਦਾ ਦਿਤਾ ਦਾਨ) ਵਧਦਾ ਰਹਿੰਦਾ ਹੈ।

ਅਪਰੰਪਰੁ-ਪਰੇ ਤੋਂ ਪਰੇ ਪ੍ਰਭੂ, ਜਿਸ ਦਾ ਪਾਰਲਾ ਬੰਨਾ ਨਹੀਂ ਲਭ ਸਕਦਾ। ਥਾਪਿ-ਪੈਦਾ ਕਰ ਕੇ। ਉਥਾਪੇ–ਨਾਸ ਕਰਦਾ ਹੈ। ਹੀਰਾ–ਪਵਿਤ੍ਰ ਹੋ ਚੁਕਿਆ ਜੀਵਾਤਮਾਂ। ਹੀਰੈ–ਮਹਾਨ ਉਚੇ ਪ੍ਰਮਾਤਮਾਂ ਵਿਚ। ਬੇਧਿਆ–ਵਿੱਝ ਜਾਂਦਾ ਹੈ। ਗੁਣ ਕੈ ਹਾਰਿ–ਗੁਣਾਂ ਦੇ ਹਾਰ ਵਿਚ ।੨।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਭੂ ਦੀ ਹਸਤੀ ਦਾ ਸਹੀ ਰੂਪ ਵਿਚ ਕਿਵੇਂ ਗਿਆਨ ਹੁੰਦਾ ਹੈ ਕਿ, ਉਹ ਕਿਹੋ ਜਿਹਾ ਹੈ ?

1.2 ਉ:–ਹੇ ਭਾਈਓ ! ਅਸਲ ਵਿਚ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਜੀਵਾਂ ਨੂੰ ਬਹੁਤ ਹੀ ਪਿਆਰ ਕਰਨ ਵਾਲਾ ਪ੍ਰਮਾਤਮਾਂ ਸਭ ਵਿਚ ਵਿਆਪਕ ਹੈ।

3. ਹੇ ਭਾਈ ! ਸਭ ਤੋਂ ਵੱਡੀ ਹਸਤੀ ਵਾਲਾ ਪ੍ਰਮਾਤਮਾਂ ਤਿੰਨਾਂ ਭਵਨਾਂ ਨੂੰ ਸਹਾਰਾ ਦੇ ਰਿਹਾ ਹੈ, (ਕਿਸੇ ਭੀ ਜੀਵ ਨੇ ਅਜੇ ਤਕ) ਉਸ (ਦੇ ਗੁਣਾਂ) ਦਾ ਅੰਤ ਨਹੀਂ ਲਭਾ।

4. ਐ ਪਿਆਰੇ ! ਉਹ ਪ੍ਰਮਾਤਮਾਂ ਅਨੇਕਾਂ ਰੰਗਾਂ ਦੇ ਅਨੇਕਾਂ ਕਿਸਮਾਂ ਦੇ ਜੀਵ ਪੈਦਾ ਕਰਦਾ ਹੈ, (ਸਭ ਜੀਵਾਂ ਨੂੰ) ਸਦਾ (ਦਾਨ) ਦੇਂਦਾ ਹੈ ਅਤੇ ਉਸ ਦਾ ਭੰਡਾਰਾ ਸਦਾ ਵਧਦਾ ਹੀ ਰਹਿੰਦਾ ਹੈ।

5. ਹੇ ਭਾਈ ! ਉਹ ਪ੍ਰਮਾਤਮਾਂ ਬਹੁਤ ਬੇਅੰਤ ਹੈ, ਉਹ ਆਪੇ ਹੀ ਪੈਦਾ ਕਰ ਕੇ ਆਪ ਹੀ ਨਾਸ ਕਰਦਾ ਹੈ, (ਜਗਤ ਵਿਚ) ਉਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲਗਦਾ ਹੈ।

ਪ੍ਰ:–ਕਿਉਂ ਜੀ ! ਉਸ ਪ੍ਰਮੇਸ਼ਰ ਦੀ ਏਕਤਾ ਕਿਵੇਂ ਹਾਸਿਲ ਹੁੰਦੀ ਹੈ ?

6. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜਾ ਜੀਵ ਉਸ ਪ੍ਰਮਾਤਮਾਂ ਦੇ ਗੁਣਾਂ ਦੇ ਹਾਰ ਵਿਚ (ਆਪਣੇ ਆਪ ਨੂੰ) ਪ੍ਰੋ ਲੈਂਦਾ ਹੈ ਉਹ ਪਵਿਤ੍ਰ ਹੋ ਚੁਕਿਆ ਜੀਵਾਤਮਾਂ ਮਹਾਨ ਉਚੇ ਪ੍ਰਮਾਤਮਾਂ ਵਿਚ ਇਕ ਰੂਪ ਹੋ ਜਾਂਦਾ ਹੈ ।੨।

1. ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥
2. ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥
3. ਸਚੁ ਸਾਚਿ ਪਛਾਤਾ ਸਾਚੈ ਰਾਤਾ
ਸਾਚੁ ਮਿਲੈ ਮਨਿ ਭਾਵੈ ॥
4. ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥
5. ਮੋਹਨਿ ਮੋਹਿ ਲੀਆ ਮਨੁ ਮੇਰਾ
ਬੰਧਨ ਖੋਲਿ ਨਿਰਾਰੇ ॥
6. ਨਾਨਕ ਜੋਤੀ ਜੋਤਿ ਸਮਾਣੀ
ਜਾ ਮਿਲਿਆ ਅਤਿ ਪਿਆਰੇ ॥੩॥

ਪਦ ਅਰਥ :–ਗੁਣਹਿ–ਪ੍ਰਮਾਤਮਾਂ ਦੇ ਗੁਣਾਂ ਵਿਚ। ਸਮਾਣੇ–ਲੀਨ ਹੋ ਜਾਂਦੇ ਹਨ। ਮਸਤਕਿ–(ਜਿਨ੍ਹਾਂ ਦੇ)ਮੱਥੇ ਉਤੇ। ਨਾਮ ਨਿਸਾਣੋ-(ਪ੍ਰਭੂ ਦੇ) ਨਾਮ (ਦੀ ਪ੍ਰਾਪਤੀ) ਦਾ ਨਿਸ਼ਾਨ ਲਗ ਜਾਂਦਾ ਹੈ, ਲੇਖ ਲਿਖਿਆ ਜਾਂਦਾ ਹੈ। ਸਚੁ–ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਵਿਚ। ਚੂਕਾ–ਮੁੱਕ ਗਿਆ। ਆਵਣ ਜਾਣੋ–ਜਨਮ ਮਰਨ ਦਾ ਗੇੜ।

ਸਚੁ ਪਛਾਤਾ–ਸਦਾ ਥਿਰ ਪ੍ਰਭੂ ਨਾਲ ਸਾਂਝ ਪਾ ਲਈ। ਸਾਚੈ–ਸਦਾ ਥਿਰ ਪ੍ਰਭੂ ਵਿਚ। ਮਨਿ ਭਾਵੈ (ਉਸ ਦੇ) ਮਨ

ਵਿਚ ਪਿਆਰਾ ਲਗਦਾ ਹੈ। ਸਾਚੇ ਊਪਰਿ-ਸਦਾ ਥਿਰ ਪ੍ਰਭੂ ਤੋਂ ਵਡਾ। ਸਾਚੇ ਸਾਚਿ-ਹਰ ਵੇਲੇ ਸਦਾ ਥਿਰ ਪ੍ਰਭੂ ਵਿਚ।

ਮੋਹਨਿ-ਮੋਹਨ ਪ੍ਰਭੂ ਨੇ। ਖੋਲਿ-ਖੋਲ੍ਹ ਕੇ, ਤੋੜ ਕੇ। ਨਿਰਾਰੇ-ਨਿਰਲੇਪ (ਕਰ ਦੇਂਦਾ ਹੈ)। ਜੋਤੀ-ਜੋਤ ਰੂਪ ਪ੍ਰਭੂ ਵਿਚ। ਜਾ-ਜਦੋਂ ।੩।

ਅਰਥ :-

ਪ੍ਰ:-ਸ੍ਰੀ ਜੀਉ ! ਉਸ ਪ੍ਰਭੂ ਦੇ ਗੁਣਾਂ ਦਾ ਉਚਾਰਨ ਤਾਂ ਬਹੁਤ ਲੋਕ ਕਰਦੇ ਨਜ਼ਰ ਆਉਂਦੇ ਹਨ, ਪਰ ਉਸ ਦੇ ਸਹੀ ਰੂਪ ਗੁਣਾਂ ਵਿਚ ਲੀਨਤਾ ਕਿਸ ਦੀ ਹੁੰਦੀ ਹੈ ?

1. **ਉ:**-ਹੇ ਭਾਈਓ ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ, ਜਿਨ੍ਹਾਂ ਦੇ ਮੱਥੇ ਉਤੇ ਪ੍ਰਮਾਤਮਾਂ ਦੇ ਨਾਮ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ, ਉਹੀ ਮਨੁੱਖ ਪ੍ਰਮਾਤਮਾਂ ਦੇ ਗੁਣ ਉਚਾਰ ਕੇ ਉਨ੍ਹਾਂ ਗੁਣਾਂ ਵਿਚ ਲੀਨ ਹੋਏ ਰਹਿੰਦੇ ਹਨ।

ਪ੍ਰ:-ਕਿਉਂ ਜੀ ! ਉਨ੍ਹਾਂ ਨੂੰ ਆਖਰ ਫਲ ਕੀ ਮਿਲਦਾ ਹੈ ?

2. **ਉ:**-ਹੇ ਭਾਈ ! ਜਿਹੜਾ ਮਨੁੱਖ ਸਦਾ ਥਿਰ ਹਰਿ ਨਾਮ ਉਚਾਰ ਕੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਵਿਚ ਲੀਨ ਹੋਇਆ ਰਹਿੰਦਾ ਹੈ, ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।
3. ਹੇ ਭਾਈ ! ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਵਿਚ ਲੀਨ ਰਹਿਣ ਵਾਲਾ ਮਨੁੱਖ ਸਦਾ ਕਾਇਮ ਪ੍ਰਭੂ ਨਾਲ ਡੂੰਘੀ ਸਾਂਝ ਪਾਈ ਰਖਦਾ ਹੈ, ਸਦਾ ਥਿਰ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ, ਉਸ ਨੂੰ ਸਦਾ ਥਿਰ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ, ਉਸ ਦੇ ਮਨ ਵਿਚ ਉਹੀ ਪਿਆਰਾ ਲਗਦਾ ਰਹਿੰਦਾ ਹੈ।

ਪ੍ਰ:-ਕਿਉਂ ਜੀ ! ਉਸ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

4. **ਉ:**-ਹੇ ਭਾਈਓ ! ਉਸ ਨੂੰ ਸਦਾ ਥਿਰ ਪ੍ਰਭੂ ਤੋਂ ਵਡਾ ਹੋਰ ਕੋਈ ਨਹੀਂ ਦਿਸਦਾ, ਉਹ ਹਰ ਵੇਲੇ ਸਦਾ ਥਿਰ ਪ੍ਰਭੂ ਵਿਚ ਲੀਨ ਹੋ ਰਿਹਾ ਹੁੰਦਾ ਹੈ।
5. ਹੇ ਭਾਈਓ ! ਉਸ ਦੇ ਅੰਦਰੋਂ ਤਾਂ ਸਦਾ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਪਿਆਰੇ ! ਉਸ ਮੋਹਨ (ਪ੍ਰਭੂ) ਨੇ ਮੇਰਾ ਮਨ (ਭੀ) ਮੋਹ ਲਿਆ ਹੋਇਆ ਹੈ, ਪ੍ਰਭੂ ਉਸ ਦੇ (ਮਾਇਆ ਮੋਹ ਦੇ) ਬੰਧਨ ਕੱਟ ਕੇ ਉਸ ਨੂੰ (ਮਾਇਆ ਤੋਂ) ਨਿਰਲੇਪ ਕਰ ਦੇਂਦਾ ਹੈ।
6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਕੋਈ (ਵਡਭਾਗੀ ਮਨੁੱਖ ਉਸ) ਅਤਿ ਪਿਆਰੇ ਪ੍ਰਮਾਤਮਾਂ ਨੂੰ ਮਿਲ ਪੈਂਦਾ ਹੈ ਉਸ ਦੀ ਜਿੰਦ ਪ੍ਰਭੂ ਦੀ ਜੋਤ ਵਿਚ ਲੀਨ ਹੋ ਜਾਂਦੀ ਹੈ ।੩।

1. ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥
2. ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥
3. ਦੇਵੈ ਸਚੁ ਦਾਨੋ ਸੋ ਪਰਵਾਨੋ
ਸਦ ਦਾਤਾ ਵਡ ਦਾਣਾ ॥
4. ਅਮਰੁ ਅਜੋਨੀ ਅਸਥਿਰੁ ਜਾਪੈ
ਸਾਚਾ ਮਹਲੁ ਚਿਰਾਣਾ ॥
5. ਦੋਤਿ ਉਚਾਪਤਿ ਲੇਖੁ ਨ ਲਿਖੀਐ
ਪ੍ਰਗਟੀ ਜੋਤਿ ਮੁਰਾਰੀ ॥
6. ਨਾਨਕ ਸਾਚਾ ਸਾਚੈ ਰਾਚਾ
ਗੁਰਮੁਖਿ ਤਰੀਐ ਤਾਰੀ ॥੪॥੫॥

ਪਦ ਅਰਥ :-ਸਚ ਘਰੁ-ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦਾ ਘਰ, ਸਚੇ ਦਾ ਘਰ। ਖੋਜਿ-ਖੋਜ ਕੇ। ਗੁਰ ਥਾਨੋ-ਗੁਰੂ ਦਾ ਥਾਂ। ਸਾਚਾ ਗੁਰ ਥਾਨੋ-ਸਦਾ ਥਿਰ ਸਾਧ ਸੰਗਤਿ। ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਿਆਂ। ਗੁਰਮੁਖਿ-ਗੁਰੂ ਦੇ ਸਨਮੁਖ ਰਿਹਾਂ, ਗੁਰੂ ਦੀ ਸ਼ਰਨ ਪਿਆਂ।

ਦੇਵੈ-(ਗੁਰੂ) ਦੇਂਦਾ ਹੈ। ਸਚੁ ਦਾਨੋ-ਸਦਾ ਥਿਰ ਹਰਿ ਨਾਮ ਦਾ ਦਾਨ। ਸੋ-ਉਹ ਮਨੁੱਖ। ਸਦ-ਸਦਾ। ਦਾਣਾ-ਸਿਆਣਾ। ਅਮਰੁ-ਕਦੇ ਨਾ ਮਰਨ ਵਾਲਾ। ਜਾਪੈ-ਜਪਦਾ ਹੈ। ਅਸਥਿਰੁ-ਸਦਾ ਕਾਇਮ ਰਹਿਣ ਵਾਲਾ। ਸਾਚਾ-ਸਦਾ ਥਿਰ। ਚਿਰਾਣਾ ਮਹਲੁ-ਮੁੱਢ ਕਦੀਮਾਂ ਦਾ ਟਿਕਾਣਾ।

ਦੋਤਿ-ਜੋਤਿ, ਨੂਰ, ਪ੍ਰਕਾਸ਼। ਉਚਾਪਤਿ ਲੇਖੁ-(ਵਿਕਾਰਾਂ ਦੇ) ਕਰਜ਼ੇ ਦਾ ਲੇਖ। ਨ ਲਿਖੀਐ-ਨਹੀਂ ਲਿਖਿਆ ਜਾਂਦਾ। ਮੁਰਾਰੀ-(ਮੁਰ-ਅਰਿ) ਪ੍ਰਮਾਤਮਾਂ। ਸਾਚਾ-ਸਦਾ ਥਿਰ ਹਰੀ ਦਾ ਰੂਪ। ਰਾਚਾ-ਮਸਤ, ਲੀਨ। ਤਰੀਐ-ਤਰ ਸਕੀਦਾ ਹੈ ।੪।

ਅਰਥ :-

ਪ੍ਰ:-ਹੇ ਗੁਰੋ ! ਪ੍ਰਮੇਸ਼ਰ ਦਾ ਸਹੀ ਟਿਕਾਣਾ ਕੌਣ ਲਭ ਸਕਦਾ ਹੈ ?

1. **ਉ:**-ਹੇ ਭਾਈਓ ! ਅਸਲ ਵਿਚ ਜਿਸ ਮਨੁੱਖ ਨੂੰ ਸਦਾ ਥਿਰ ਸਾਧ ਸੰਗਤ ਪ੍ਰਾਪਤ ਹੋ ਜਾਂਦੀ ਹੈ, ਉਹ ਮਨੁੱਖ (ਸਾਧ ਸੰਗਤ ਵਿਚ) ਖੋਜ ਕਰ ਕੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦਾ ਟਿਕਾਣਾ ਲਭ ਲੈਂਦਾ ਹੈ।
2. ਹੇ ਭਾਈ ! ਗੁਰੂ ਦੀ ਸ਼ਰਨ ਪਿਆਂ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪ੍ਰਾਪਤ ਹੁੰਦੀ ਹੈ; ਆਪਣੇ ਮਨ ਦੇ ਪਿਛੇ ਤੁਰਨੇ ਵਾਲੇ ਨੂੰ (ਇਹ ਦਾਤ) ਨਹੀਂ ਮਿਲਦੀ।

3.4 ਹੇ ਭਾਈਓ ! ਗੁਰੂ ਜਿਸ ਮਨੁਖ ਨੂੰ ਸਦਾ ਦਾਤਾਂ ਦੇਣ ਵਾਲੇ ਵਡੇ ਸਿਆਣੇ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦਾ ਨਾਮ ਦਾਨ ਦੇਂਦਾ ਹੈ, ਉਹ ਮਨੁੱਖ ਉਸ ਅਮਰ ਅਜੋਨੀ ਅਤੇ ਸਦਾ ਥਿਰ ਪ੍ਰਭੂ (ਦਾ ਨਾਮ ਸਦਾ) ਜਪਦਾ ਰਹਿੰਦਾ ਹੈ, ਉਸ ਮਨੁੱਖ ਨੂੰ ਪ੍ਰਮਾਤਮਾਂ ਦਾ ਮੁੱਢ ਕਦੀਮਾਂ

ਦਾ ਸਦਾ ਥਿਰ ਟਿਕਾਣਾ ਲਭ ਪੈਂਦਾ ਹੈ।

5. ਹੇ ਭਾਈ ! ਜਿਸ ਮਨੁੱਖ ਦੇ ਅੰਦਰ ਪ੍ਰਮਾਤਮਾਂ ਦੀ ਜੋਤ ਪ੍ਰਗਟ ਹੋ ਜਾਂਦੀ ਹੈ, ਉਸ ਜੋਤ ਦੀ ਬਰਕਤ ਨਾਲ ਉਸ ਮਨੁੱਖ ਦਾ ਵਿਕਾਰਾਂ ਦੇ ਕਰਜ਼ੇ ਦਾ ਹਿਸਾਬ ਲਿਖਣਾ ਬੰਦ ਹੋ ਜਾਂਦਾ ਹੈ, (ਭਾਵ ਉਹ ਮਨੁੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ)।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਮਨੁੱਖ ਸਦਾ ਥਿਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਉਹ ਮਨੁੱਖ ਹਰ ਵੇਲੇ ਸਦਾ ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ, ਹੇ ਭਾਈਓ ! ਗੁਰੂ ਦੀ ਸ਼ਰਨ ਪਿਆਂ ਹੀ (ਮਾਇਆ ਦੇ ਮੋਹ ਦੇ ਸਮੁੰਦਰ ਤੋਂ) ਇਹ ਤਾਰੀ ਤਰੀ ਜਾ ਸਕਦੀ ਹੈ ।੪।੫।

ਭਾਵਾਰਥ :–ਗੁਰੂ ਹਰੀ ਪਿਆਰੇ ਦੇ ਗੁਣ ਲਿਖਾ ਕੇ ਉਸ ਨਾਲ ਮੇਲ ਕਰ ਦੇਂਦਾ ਹੈ। ਫਿਰ ਕਰਮਾਂ ਦਾ ਲੇਖ ਮੁੱਕ ਜਾਂਦਾ ਹੈ ਅਤੇ ਸਚੇ ਮਹੱਲ ਵਿਚ ਵਾਸਾ ਮਿਲ ਜਾਂਦਾ ਹੈ।

ਤੁਖਾਰੀ ਮਹਲਾ ੧ ॥

1. ਏ ਮਨ ਮੇਰਿਆ ਤੂ ਸਮਝੁ
ਅਚੇਤ ਇਆਨਿਆ ਰਾਮ ॥
2. ਏ ਮਨ ਮੇਰਿਆ ਛਡਿ ਅਵਗਣ
ਗੁਣੀ ਸਮਾਨਿਆ ਰਾਮ ॥
3. ਬਹੁ ਸਾਦ ਲੁਭਾਣੇ ਕਿਰਤ ਕਮਾਣੇ
ਵਿਛੁੜਿਆ ਨਹੀ ਮੇਲਾ ॥
4. ਕਿਉ ਦੁਤਰੁ ਤਰੀਐ ਜਮ ਡਰਿ ਮਰੀਐ
ਜਮ ਕਾ ਪੰਥੁ ਦੁਹੇਲਾ ॥
5. ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ
ਅਵਘਟਿ ਰੁਧਾ ਕਿਆ ਕਰੇ ॥
6. ਬੰਧਨਿ ਬਾਧਿਆ ਇਨ ਬਿਧਿ ਛੂਟੈ
ਗੁਰਮੁਖਿ ਸੇਵੈ ਨਰਹਰੇ ॥੧॥

ਪਦ ਅਰਥ :–ਏ ਅਚੇਤ ਮਨ–ਹੇ ਗਾਫਲ ਮਨ, ਹੇ ਲਾ-ਪ੍ਰਵਾਹ ਮਨ । ਗੁਣੀ ਸਮਾਣਿਆ–(ਪ੍ਰਮਾਤਮਾਂ ਦੇ) ਗੁਣਾਂ ਵਿਚ ਲੀਨ ਹੋ।

ਬਹੁ ਸਾਦ–ਅਨੇਕਾਂ ਸੁਆਦਾਂ ਵਿਚ। ਲੁਭਾਣੇ–ਫਸਣ ਵਾਲੇ, ਲੱਭ ਕਰਨ ਵਾਲੇ। ਕਿਰਤ ਕਮਾਣੇ–ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ । ਦੁਤਰੁ–ਜਿਸ ਤੋਂ ਪਾਰ ਲੰਘਣਾ ਔਖਾ ਹੈ। ਡਰਿ–ਡਰ ਨਾਲ। ਮਰੀਐ–ਮਰੀਦਾ ਹੈ, ਸਹਿਮੇਂ ਰਹੀਦਾ ਹੈ। ਪੰਥੁ–ਰਸਤਾ। ਦੁਹੇਲਾ–ਦੁਖਦਾਈ।

ਮਨਿ–ਮਨ ਵਿਚ। ਜਾਤਾ–ਜਾਣਿਆਂ, ਸਾਂਝ ਪਾਈ। ਸਾਝ–ਸ਼ਾਮ ਵੇਲੇ । ਪ੍ਰਭਾਤਾ–ਸਵੇਰੇ । ਅਵਘਟਿ–ਅਉਖੇ ਰਸਤੇ ਵਿਚ। ਰੁਧਾ–ਰੁਕਿਆ ਹੋਇਆ, ਫਸਿਆ ਹੋਇਆ। ਕਿਆ ਕਰੇ–ਕੀ ਕਰ ਸਕਦਾ ਹੈ ? ਬੇ-ਵਸ ਹੋ ਜਾਂਦਾ ਹੈ। ਬੰਧਨਿ–ਬੰਧਨ ਨਾਲ (ਮਾਇਆ ਦੇ ਮੋਹ ਦੀ) ਰੱਸੀ ਨਾਲ। ਇਨਿ ਬਿਧਿ–ਇਸ ਤਰੀਕੇ ਨਾਲ । ਛੂਟੈ–ਬੰਧਨ ਵਿਚੋਂ ਨਿਕਲ ਸਕਦਾ ਹੈ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਸੇਵੈ–ਸਿਮਰੇ। ਨਰਹਰੇ–ਪ੍ਰਮਾਤਮਾਂ ।੧।

ਅਰਥ :–

ਪ੍ਰ:-ਸ੍ਰੀ ਜੀਓ ! ਸਾਡਾ ਇਹ ਗਾਫਲ ਮਨ ਹਰ ਵਕਤ ਹੀ ਮੰਦੇ ਕਰਮਾਂ ਵਲ ਨੂੰ ਪ੍ਰੇਰਤ ਰਹਿੰਦਾ ਹੈ, ਇਸ ਦੇ ਰੋਕਣ ਲਈ ਕੋਈ ਸਾਧਨ ਦਸੋ ?

1. **ਉ**:–ਹੇ ਭਾਈ ! ਇਸ ਅਮੋੜ ਮਨ ਨੂੰ ਹਰ ਵਕਤ ਇਉਂ ਹੀ ਸਮਝਾਂਦਾ ਰਿਹਾ ਕਰ ਕਿ, ਹੇ ਮੇਰੇ ਮਨ ! ਹੇ ਮੇਰੇ ਗਾਫਲ ਮਨ, ਹੇ ਮੇਰੇ ਅੰਞਾਣ ਮਨ ! ਤੂੰ ਹੋਸ਼ ਕਰ।

2. ਹੇ ਮੇਰੇ ਮਨ ! (ਤੂੰ) ਮੰਦੇ ਕਰਮ ਕਰਨੇ ਛਡ ਦੇ, (ਪ੍ਰਮਾਤਮਾਂ ਦੇ) ਗੁਣਾਂ (ਦੀ ਯਾਦ) ਵਿਚ ਲੀਨ ਰਿਹਾ ਕਰ।

ਪ੍ਰ:–ਹੇ ਗੁਰੋ ! ਅਨੇਕਾਂ ਜਤਨ ਕਰਨ ਤੋਂ ਭੀ ਇਹ ਮਨ ਪਦਾਰਥਾਂ ਦੇ ਰਸਾਂ ਵਿਚ ਲੀਨ ਰਹਿੰਦਾ ਹੈ, ਦਸੋ, ਕੀ ਉਪਾਉ ਕੀਤਾ ਜਾਵੇ ?

3. **ਉ**:–ਹੇ ਪਿਆਰੇ ! ਇਸ ਦਾ ਭੀ ਕੇਵਲ ਇਹੋ ਹੀ ਜਤਨ ਹੈ ਕਿ ਤੂੰ ਇਸ ਮਨ ਨੂੰ ਇਉਂ ਵਰਜਦਾ ਰਿਹਾ ਕਰ ਕਿ, ਹੇ ਮੇਰੇ ਮਨ ! ਵੇਖ ਜਿਹੜੇ ਮਨੁੱਖ ਅਨੇਕਾਂ (ਪਦਾਰਥਾਂ ਦੇ) ਸੁਆਦਾਂ ਵਿਚ ਫਸੇ ਰਹਿੰਦੇ ਹਨ, ਉਹ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ (ਪ੍ਰਮਾਤਮਾਂ ਤੋਂ) ਵਿਛੜੇ (ਹੀ) ਰਹਿੰਦੇ ਹਨ। ਵੇਖ, (ਇਨ੍ਹਾਂ ਸੰਸਕਾਰਾਂ ਦੇ ਕਾਰਣ ਹੀ) ਉਨ੍ਹਾਂ ਵਿਛੜਿਆਂ ਹੋਇਆਂ ਦਾ (ਆਪਣੇ ਆਪ ਪ੍ਰਮਾਤਮਾਂ ਨਾਲ) ਮਿਲਾਪ ਨਹੀਂ ਹੋ ਸਕਦਾ।

4. ਇਸ ਲਈ, ਹੇ ਮੇਰੇ ਮਨ ! ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣਾ ਬਹੁਤ ਔਖਾ ਹੈ (ਆਪਣੇ ਉੱਦਮ ਨਾਲ) ਪਾਰ ਨਹੀਂ ਲੰਘ ਸਕੀਦਾ, ਜਮਾਂ ਦੇ ਡਰ ਨਾਲ ਸਹਿਮੇਂ ਰਹੀਦਾ ਹੈ, ਏ ਮਨਾ ! ਸੁਣ, ਜਮਾਂ ਦੇ ਪਾਸੇ ਵਲ ਲੈ ਜਾਣ ਵਾਲਾ ਰਸਤਾ ਬੜਾ (ਹੀ) ਦੁੱਖਦਾਈ ਹੈ।

5. ਹੇ ਮੇਰੇ ਮਨ ! ਜਿਸ ਮਨੁੱਖ ਨੇ ਆਪਣੇ ਮਨ ਵਿਚ ਸਵੇਰੇ ਸ਼ਾਮ (ਕਿਸੇ ਭੀ ਵੇਲੇ) ਪ੍ਰਮੇਸ਼ਰ ਨਾਲ ਸਾਂਝ ਨਹੀਂ ਪਾਈ, ਉਹ (ਮਾਇਆ ਦੇ ਮੋਹ ਦੇ) ਔਖੇ ਰਾਹ ਵਿਚ ਫਸ ਜਾਂਦਾ ਹੈ, (ਇਸ ਵਿਚੋਂ ਨਿਕਲਣ ਲਈ) ਉਹ ਕੁਝ ਭੀ ਨਹੀਂ ਕਰ ਸਕਦਾ।

ਪ੍ਰ–ਸ੍ਰੀ ਜੀਓ ! ਦਸੋ,ਆਖਰ ਛੁੱਟਣ ਲਈ ਕੋਈ ਰਸਤਾ ਭੀ ਹੈ?

6. **ਉ**:–ਪਰ ਹਾਂ, ਹੇ ਭਾਈ ! ਮਾਇਆ ਦੇ ਮੋਹ ਦੀ ਰੱਸੀ ਨਾਲ ਬੱਝਾ ਹੋਇਆ ਉਹ ਮਨੁੱਖ ਇਸ ਤਰੀਕੇ ਨਾਲ ਹੀ ਖਲਾਸੀ ਪਾ ਸਕਦਾ ਹੈ ਕਿ, ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾਂ ਦਾ ਸਿਮਰਨ ਕਰਦਾ ਰਹੇ ।੧।

1. ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥
2. ਏ ਮਨ ਮੇਰਿਆ ਹਰਿ ਸੇਵਹੁ
ਪੁਰਖੁ ਨਿਰਾਲਾ ਰਾਮ ॥
3. ਹਰਿ ਸਿਮਰਿ ਏਕੰਕਾਰੁ ਸਾਚਾ
ਸਭੁ ਜਗਤੁ ਜਿੰਨਿ ਉਪਾਇਆ ॥
4. ਪਉਣੁ ਪਾਣੀ ਅਗਨਿ ਬਾਧੇ
ਗੁਰਿ ਖੇਲੁ ਜਗਤਿ ਦਿਖਾਇਆ ॥
5. ਆਚਾਰਿ ਤੂ ਵੀਚਾਰਿ ਆਪੇ
ਹਰਿ ਨਾਮੁ ਸੰਜਮ ਜਪ ਤਪੋ ॥
6. ਸਖਾ ਸੈਨੁ ਪਿਆਰੁ ਪ੍ਰੀਤਮੁ
ਨਾਮੁ ਹਰਿ ਕਾ ਜਪੁ ਜਪੋ ॥੨॥

ਪਦ ਅਰਥ :–ਆਲ–ਘਰ। ਆਲ ਜੰਜਾਲਾ–ਘਰ ਦੇ ਜੰਜਾਲ, ਘਰ ਦੀਆਂ ਫਾਹੀਆਂ, ਘਰ ਦੇ ਮੋਹ ਦੀਆਂ ਫਾਹੀਆਂ। ਸੇਵਹੁ–ਸਿਮਰੋ, ਸਿਮਰਦਾ ਰਹੁ। ਪੁਰਖੁ–ਸਰਬ ਵਿਆਪਕ ਪ੍ਰਭੂ। ਨਿਰਾਲਾ–ਨਿਰਲੇਪ।

ਏਕੰਕਾਰੁ–ਇਕ ਓਅੰਕਾਰ, ਜੋ ਇਕ ਆਪ ਹੀ ਆਪ ਅਤੇ ਸਰਬ ਵਿਆਪਕ ਹੈ। ਸਾਚਾ–ਸਦਾ ਕਾਇਮ ਰਹਿਣ ਵਾਲਾ। ਜਿੰਨਿ–ਜਿਨਿ, ਜਿਸ ਨੇ (ਛੰਤ ਦੀ ਚਾਲ ਪੂਰੀ ਰਖਣ ਲਈ ਇਕ ਮਾਤਰਾ ਵਧਾ ਕੇ 'ਜਿਨਿ' ਨੂੰ ਜਿੰਨਿ ਲਿਖਿਆ ਹੈ)। ਪਉਣੁ–ਹਵਾ। ਅਗਨਿ–ਅੱਗ। ਬਾਧੇ–(ਮਰਯਾਦਾ ਵਿਚ) ਬੰਨ੍ਹੇ ਹੋਏ ਹਨ। ਗੁਰਿ ਦਿਖਾਇਆ–ਜਿਸ ਨੂੰ ਗੁਰੂ ਨੇ ਵਿਖਾਲ ਦਿਤਾ। ਜਗਤਿ–ਜਗਤ ਵਿਚ। ਖੇਲੁ–(ਪ੍ਰਮਾਤਮਾਂ ਦਾ ਰਚਿਆ) ਤਮਾਸ਼ਾ।

ਆਚਾਰਿ–ਅਚਾਰੀ, ਕਰਮ ਕਾਂਡੀ, ਮਿਥੀ ਹੋਈ ਖਾਸ ਧਾਰਮਿਕ ਮਰਯਾਦਾ ਵਿਚ ਤੁਰਨ ਵਾਲਾ। ਆਚਾਰ–ਧਾਰਮਿਕ ਮਿਥੀ ਹੋਈ ਮਰਯਾਦਾ। ਵੀਚਾਰਿ–ਵੀਚਾਰੀ, ਵੀਚਾਰਵਾਨ, ਗਿਆਨਵਾਨ। ਆਪੇ–ਆਪ ਹੀ। ਸਖਾ–ਮਿੱਤਰ। ਸੈਨੁ–ਸਜਣ। ਜਪੋ–ਜਪੁ, ਜਪਦਾ ਰਹੁ।੨।

ਅਰਥ :–

ਪ੍ਰ:–ਗੁਰਦੇਵ ਜੀਉ ! ਘਰ ਦੇ ਮੋਹ ਦੀਆਂ ਅਜਿਹੀਆਂ ਕਰੜੀਆਂ ਫਾਹੀਆਂ ਹਨ, ਜਿਨ੍ਹਾਂ ਵਿਚ ਮਨ ਸਦਾ ਹੀ ਜਕੜਿਆ ਰਹਿੰਦਾ ਹੈ ? ਕੋਈ ਸਾਧਨ ਦਸੋ ?

1. ਉ:–ਹੇ ਪਿਆਰੇ ! ਇਨ੍ਹਾਂ ਫਾਹੀਆਂ ਤੋਂ ਛੁੱਟਣ ਲਈ ਭੀ ਇਉਂ ਹੀ ਮਨ ਨੂੰ ਸੋਝੀ ਦੇਂਦਾ ਰਹੁ ਕਿ, ਹੇ ਮੇਰੇ ਮਨ ! (ਤੂੰ) ਘਰ ਦੇ ਮੋਹ ਦੀਆਂ ਫਾਹੀਆਂ ਛਡ ਦੇ।

2. ਹੇ ਮੇਰੇ ਮਨ ! (ਤੂੰ) ਉਸ ਪ੍ਰਮਾਤਮਾਂ ਨੂੰ ਸਿਮਰਦਾ ਰਹੁ, ਜੋ ਸਭਨਾਂ ਵਿਚ ਵਿਆਪਕ ਭੀ ਹੈ ਅਤੇ ਨਿਰਲੇਪ ਭੀ ਹੈ।

ਪ੍ਰ:–ਸ੍ਰੀ ਜੀਉ ! ਕਈ ਵਾਰ ਮਨ ਵਲੋਂ ਇਹ ਸੁਆਲ ਭੀ ਉਠਦਾ ਹੈ ਕਿ, ਦਸੋ ਮੈਂ ਸਿਮਰਨ ਕਿਸ ਦਾ ਕਰਾਂ, ਜਦ ਕਿ ਕੋਈ ਹਸਤੀ ਮੇਰੇ ਸਾਹਮਣੇ ਪ੍ਰਤਖ ਹੀ ਨਹੀਂ ਦਿਸਦੀ?

3. ਉ:–ਹੇ ਭਾਈ ! ਉਸ ਨੂੰ ਪਿਆਰ ਨਾਲ ਇਉਂ ਹੀ ਸਮਝਾਇਆ ਕਰ ਕਿ, ਹੇ ਮਨ ! (ਤੂੰ) ਉਸ ਇਕ ਸਰਬ ਵਿਆਪਕ ਅਤੇ ਸਦਾ ਥਿਰ ਪ੍ਰਭੂ (ਦਾ ਨਾਮ) ਸਿਮਰਦਾ ਰਹੁ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ।

4. ਅਤੇ ਹਵਾ, ਪਾਣੀ, ਅੱਗ (ਆਦਿਕ ਤੱਤਾਂ) ਨੂੰ (ਮਰਯਾਦਾ ਵਿਚ) ਬੰਨ੍ਹਿਆ ਹੋਇਆ ਹੈ, (ਹੇ ਮੇਰੇ ਮਨ) ਉਹੀ ਮਨੁੱਖ ਨਾਮ ਸਿਮਰਦਾ ਹੈ ਜਿਸ ਨੂੰ ਗੁਰੂ ਨੇ ਜਗਤ ਵਿਚ (ਪ੍ਰਮਾਤਮਾਂ ਦਾ ਇਹ) ਤਮਾਸ਼ਾ ਵਿਖਾ ਦਿਤਾ ਹੈ (ਅਤੇ ਨਾਮ ਵਿਚ ਜੋੜਿਆ ਹੈ)।

ਪ੍ਰ:–ਸ੍ਰੀ ਜੀਉ ! ਕਈ ਵਾਰ ਸਾਡਾ ਕਮਜ਼ੋਰ ਮਨ ਕਰਮ ਕਾਂਡੀਆਂ ਨੂੰ ਵੇਖ ਕੇ ਜਪ ਤਪ ਕਰਨ ਵਲ ਪ੍ਰੇਰਿਆ ਜਾਂਦਾ ਹੈ, ਦਸੋ ਇਸ ਨੂੰ ਕਿਵੇਂ ਸਮਝਾਇਆ ਜਾਵੇ ?

5, ਉ.–ਹੇ ਭਾਈ ! ਇਸ ਮਨ ਨੂੰ ਇਹੋ ਸੋਝੀ ਕਰਾਉਂਦਾ ਰਿਹਾ ਕਰ ਕਿ, ਹੇ ਮਰੇ ਮਨ ! ਵੇਖ, ਪ੍ਰਮਾਤਮਾਂ ਦਾ ਨਾਮ ਹੀ ਅਨੇਕਾਂ ਸੰਜਮ, ਅਨੇਕਾਂ ਜਪ, ਅਨੇਕਾਂ ਤਪ ਹੈ, (ਇਸ ਲਈ ਤੂੰ) ਹੇ ਮੇਰੇ ਮਨ ! ਨਾਮ ਜਪਿਆਂ ਹੀ ਤੂੰ ਧਾਰਮਿਕ ਮਰਯਾਦਾ ਵਿਚ ਤੁਰਨ ਵਾਲਾ ਹੈਂ, ਨਾਮ ਜਪਿਆਂ ਹੀ ਤੂੰ ਉਚੀ ਆਤਮਕ ਜੀਵਨ ਦੀ ਵੀਚਾਰ ਦਾ ਮਾਲਕ ਹੈਂ।

ਪ੍ਰ:–ਸ੍ਰੀ ਜੀਉ ! ਸਾਡਾ ਇਹ ਮਨ ਅਜਿਹਾ ਅਭੋਲ ਹੈ, ਕਈ ਵਾਰ ਸੰਸਾਰਕ ਮਿਤ੍ਰਾਂ ਨੂੰ ਹੀ ਸੱਚੇ ਸੱਜਣ ਸਮਝ ਬੈਠਦਾ ਹੈ, ਦਸੋ ਕੀ ਇਲਾਜ ਕੀਤਾ ਜਾਵੇ ?

6. ਉ:–ਹੇ ਪਿਆਰੇ ! ਤੂੰ ਮਨ ਨੂੰ ਇਉਂ ਹੀ ਅਗਿਆਨਤਾ ਵਲੋਂ ਜਗਾਉਂਦਾ ਰਿਹਾ ਕਰ ਕਿ, ਹੇ ਮੇਰੇ ਮਨ ! ਵੇਖ ਤੂੰ ਪ੍ਰਮਾਤਮਾਂ ਦਾ ਨਾਮ (ਹੀ) ਸਦਾ ਜਪਦਾ ਰਹੁ, ਜਪਦਾ ਰਹੁ, (ਕਿਉਂਕਿ) ਅਸਲ ਵਿਚ ਇਹੀ ਹੈ ਮਿੱਤਰ, ਇਹੀ ਹੈ ਸੱਜਣ, ਇਹੀ ਹੈ ਪਿਆਰਾ ਪ੍ਰੀਤਮ।੨।

1. ਏ ਮਨ ਮੇਰਿਆ ਤੂ ਥਿਰੁ ਰਹੁ
ਚੋਟ ਨ ਖਾਵਹੀ ਰਾਮ ॥
2. ਏ ਮਨ ਮੇਰਿਆ ਗੁਣ ਗਾਵਹਿ
ਸਹਜਿ ਸਮਾਵਹੀ ਰਾਮ ॥
3. ਗੁਣ ਗਾਇ ਰਾਮ ਰਸਾਇ ਰਸੀਅਹਿ
ਗੁਰ ਗਿਆਨ ਅੰਜਨੁ ਸਾਰਹੇ ॥
4. ਤ੍ਰੈ ਲੋਕ ਦੀਪਕੁ ਸਬਦਿ ਚਾਨਣੁ
ਪੰਚ ਦੂਤ ਸੰਘਾਰਹੇ ॥
5. ਭੈ ਕਾਟਿ ਨਿਰਭਉ ਤਰਹਿ ਦੁਤਰੁ
ਗੁਰਿ ਮਿਲਿਐ ਕਾਰਜ ਸਾਰਏ ॥
6. ਰੂਪੁ ਰੰਗੁ ਪਿਆਰੁ ਹਰਿ ਸਿਉ
ਹਰਿ ਆਪਿ ਕਿਰਪਾ ਧਾਰਏ ॥੩॥

ਪਦ ਅਰਥ :–ਥਿਰੁ–(ਪ੍ਰਭੂ ਚਰਨਾਂ ਵਿਚ) ਅਡੋਲ। ਨ ਖਾਵਹੀ–ਨਾ ਖਾਵਹਿ, ਤੂੰ ਨਹੀਂ ਖਾਏਂਗਾ। ਚੋਟ–(ਵਿਕਾਰਾਂ

ਦੀ) ਸੱਟ। ਗੁਣ ਗਾਵਹਿ—(ਜੇ ਤੂੰ ਪ੍ਰਭੂ ਦੇ) ਗੁਣ ਗਾਂਦਾ ਰਹੇਂ। ਸਹਜਿ—ਸਹਿਜ ਵਿਚ, ਆਤਮਕ ਅਡੋਲਤਾ ਵਿਚ। ਸਮਾਵਹੀ—ਸਮਾਵਹਿ, ਤੂੰ ਸਮਾ ਜਾਏਂਗਾ।

ਗਾਇ-ਗਾ ਕੇ। ਗੁਣ ਰਾਮ—ਰਾਮ ਦੇ ਗੁਣ। ਰਸਾਇ—ਰਸਾ ਕੇ, ਸੁਆਦ ਨਾਲ। ਰਸੀਅਹਿ—ਤੂੰ ਰਸ ਜਾਏਂਗਾ; ਤੇਰੇ ਅੰਦਰ ਰਸ ਜਾਣਗੇ। ਅੰਜਨੁ—ਸੁਰਮਾਂ। ਗੁਰ ਗਿਆਨ ਅੰਜਨੁ—ਗੁਰੂ ਦੇ ਗਿਆਨ ਦਾ ਸੁਰਮਾਂ, ਗੁਰੂ ਦੀ ਬਖਸ਼ੀ ਆਤਮਕ ਜੀਵਨ ਦੀ ਸੂਝ ਦਾ ਸੁਰਮਾਂ। ਗਿਆਨ—ਆਤਮਕ ਜੀਵਨ ਦੀ ਸੂਝ। ਸਾਰਹੇ—ਸਾਰਹਿ; ਜੇ ਤੂੰ ਪਾ ਲਏਂ (ਅੱਖਾਂ ਵਿਚ)। ਦੀਪਕੁ—ਦੀਵਾ। ਤ੍ਰੈ ਲੋਕ—ਤਿੰਨ ਲੋਕ (ਧਰਤੀ, ਅਕਾਸ਼, ਪਤਾਲ) ਸਾਰਾ ਜਗਤ। ਤ੍ਰੈ ਲੋਕ ਦੀਪਕੁ—ਸਾਰੇ ਜਗਤ ਦਾ ਦੀਵਾ, ਸਾਰੇ ਜਗਤ ਨੂੰ ਚਾਨਣਾ ਦੇਣ ਵਾਲਾ ਪ੍ਰਭੂ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਦੂਤ—ਵੈਰੀ। ਪੰਚ ਦੂਤ—ਕਾਮਾਦਿਕ, ਪੰਜ ਵੈਰੀ। ਸੰਘਾਰਹੇ—ਸੰਘਾਰਹਿ—ਤੂੰ ਮਾਰ ਲਏਂਗਾ।

ਭੈ—ਸਾਰੇ ਡਰ। ਕਾਟਿ—ਕੱਟ ਕੇ। ਤਰਹਿ—ਤੂੰ ਪਾਰ ਲੰਘ ਜਾਏਂਗਾ। ਦੁਤਰੁ—(ਉਹ ਸੰਸਾਰ ਸਮੁੰਦਰ) ਜਿਸ ਤੋਂ ਪਾਰ ਲੰਘਣਾ ਔਖਾ ਹੈ। ਗੁਰਿ ਮਿਲਿਐ—ਜੇ ਗੁਰੂ ਮਿਲ ਪਏ। ਸਾਰਏ—ਸਾਰ ਦੇਂਦਾ ਹੈ, ਪ੍ਰਭੂ ਸਵਾਰ ਦੇਂਦਾ ਹੈ। ਕਾਰਜ—ਸਾਰੇ ਕੰਮ। ਸਿਉ—ਨਾਲ। ਧਾਰਏ—ਧਾਰੈ, ਧਾਰਦਾ ਹੈ।੩।

ਅਰਥ :—

ਪ੍ਰ:—ਸ੍ਰੀ ਜੀਉ! ਜਦੋਂ ਅਸੀਂ ਮਨ ਨੂੰ ਟਿਕਾਉਣ ਦਾ ਜਤਨ ਕਰਦੇ ਹਾਂ ਤਾਂ, ਕਿਸੇ ਨਾ ਕਿਸੇ ਵਿਕਾਰ ਦਾ ਹਮਲਾ ਹੁੰਦਾ ਵੇਖੀਦਾ ਹੈ, ਕੀ ਉਪਾਉ ਕੀਤਾ ਜਾਵੇ?

1. ਉ:—ਹੇ ਭਾਈ! ਤੁਸੀਂ ਇਸ ਮਨ ਨੂੰ ਇਉਂ ਹੀ ਪ੍ਰੇਰਦੇ ਰਿਹਾ ਕਰੋ ਕਿ; ਹੇ ਮੇਰੇ ਮਨ! ਵੇਖ ਤੂੰ ਪ੍ਰਮਾਤਮਾਂ ਦੇ ਚਰਨਾਂ ਵਿਚ ਅਡੋਲ ਟਿਕਿਆ ਰਿਹਾ ਕਰ, (ਇਸ ਤਰ੍ਹਾਂ) ਤੂੰ (ਵਿਕਾਰਾਂ ਦੀ) ਸੱਟ ਤੋਂ ਬਚਿਆ ਰਹੇਂਗਾ, ਵਿਕਾਰਾਂ ਦੀ ਸੱਟ ਨਹੀਂ ਖਾਏਂਗਾ।
2. ਹੇ ਮੇਰੇ ਮਨਾ! (ਜੇ ਤੂੰ ਪ੍ਰਮਾਤਮਾਂ ਦੇ) ਗੁਣ ਗਾਂਦਾ ਰਹੇਂ, ਤਾਂ ਤੂੰ ਆਤਮਕ ਅਡੋਲਤਾ ਵਿਚ ਲੀਨ ਰਹੇਂਗਾ।
3, ਹੇ ਮਨਾ! ਵੇਖ, ਪ੍ਰਮਾਤਮਾਂ ਦੇ ਪ੍ਰੇਮ ਨਾਲ ਗੁਣ ਗਾਇਆਂ (ਗੁਣ) ਤੇਰ ਅੰਦਰ ਰਸ ਜਾਣਗੇ, (ਹੇ ਮੇਰੇ ਮਨ) ਜੇ ਤੂੰ ਗੁਰੂ ਦੀ ਬਖਸ਼ੀ ਹੋਈ ਆਤਮਕ ਜੀਵਨ ਦੀ ਸੂਝ ਦਾ ਸੁਰਮਾਂ ਆਪਣੀਆਂ ਆਤਮਕ ਅੱਖਾਂ ਵਿਚ ਪਾ ਲਵੇਂ, ਤਾਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਦੀਵਾ (ਪ੍ਰਭੂ ਤੇਰੇ ਅਦਰ ਜਗ ਪਏਗਾ)।
4. ਐ ਪਿਆਰੇ! ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਤੇਰੇ ਅੰਦਰ ਆਤਮਕ ਜੀਵਨ ਦੀ ਸੂਝ ਦਾ) ਚਾਨਣ (ਹੋ ਜਾਏਗਾ) (ਇਸ ਤਰ੍ਹਾਂ ਤੂੰ) ਕਾਮਾਦਿਕ ਪੰਜ ਵੈਰੀਆਂ ਨੂੰ (ਆਪਣੇ ਅੰਦਰੋਂ) ਮਾਰ ਲਏਂਗਾ।
5. ਹੇ ਮੇਰੇ ਮਨ! (ਜੇ ਤੂੰ ਪ੍ਰਮਾਤਮਾਂ ਦੇ ਗੁਣ ਗਾਂਦਾ ਰਹੇਂਗਾ, ਤਾਂ (ਤੂੰ) ਆਪਣੇ ਅੰਦਰੋਂ ਦੁਨੀਆਂ ਦੇ ਸਾਰੇ) ਡਰ ਕੱਟਕੇ ਨਿਰਭਉ ਹੋ ਜਾਏਂਗਾ, ਇਸ ਸੰਸਾਰ ਸਮੁੰਦ੍ਰ ਤੋਂ ਪਾਰ ਲੰਘ ਜਾਏਂਗਾ, ਜਿਸ ਤੋਂ ਪਾਰ ਲੰਘਣਾ ਔਖਾ ਹੈ ਅਤੇ ਹੇ ਮੇਰੇ ਮਨ! ਜੇ ਗੁਰੂ ਮਿਲ ਪਏ ਤਾਂ ਪ੍ਰਮਾਤਮਾਂ ਜੀਵ ਦੇ ਸਾਰੇ ਕੰਮ ਸਵਾਰ ਦੇਂਦਾ ਹੈ।
6. ਹੇ ਮਨ! ਜਿਸ ਮਨੁੱਖ ਉਤੇ ਪ੍ਰਮਾਤਮਾਂ ਆਪ ਕਿਰਪਾ ਕਰਦਾ ਹੈ ਉਸ ਦਾ (ਸੋਹਣਾ ਆਤਮਕ) ਰੂਪ ਹੋ ਜਾਂਦਾ ਹੈ (ਸੋਹਣਾ ਆਤਮਕ) ਰੰਗ ਹੋ ਜਾਂਦਾ ਹੈ, ਪ੍ਰਮਾਤਮਾਂ ਨਾਲ ਉਸ ਦਾ ਪਿਆਰ ਬਣ ਜਾਂਦਾ ਹੈ।੩।

1. ਏ ਮਨ ਮੇਰਿਆ ਤੂ ਕਿਆ ਲੈ ਆਇਆ
ਕਿਆ ਲੈ ਜਾਇਸੀ ਰਾਮ ।
2: ਏ ਮਨ ਮੇਰਿਆ ਤਾ ਛੁਟਸੀ
ਜਾ ਭਰਮੁ ਚੁਕਾਇਸੀ ਰਾਮ ॥
3. ਧਨੁ ਸੰਚਿ ਹਰਿ ਹਰਿ ਨਾਮ ਵਖਰੁ
ਗੁਰ ਸਬਦਿ ਭਾਉ ਪਛਾਣਹੇ ॥
4. ਮੈਲੁ ਪਰਹਰਿ ਸਬਦਿ ਨਿਰਮਲੁ
ਮਹਲੁ ਘਰੁ ਸਚੁ ਜਾਣਹੇ ॥
5. ਪਤਿ ਨਾਮੁ ਪਾਵਹਿ ਘਰਿ ਸਿਧਾਵਹਿ
ਝੋਲਿ ਅੰਮ੍ਰਿਤ ਪੀ ਰਸੋ ॥
6. ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ
ਵਡਭਾਗਿ ਜਪੀਐ ਹਰਿ ਜਸੋ ॥੪॥

ਪਦ ਅਰਥ :—ਕਿਆ ਲੈ ਆਇਆ—(ਜੰਮਣ ਸਮੇਂ ਆਪਣੇ ਨਾਲ) ਕੀ ਲੈ ਕੇ ਤੂੰ ਆਇਆ ਸੀ? ਲੈ—ਲੈ ਕੇ। ਜਾਇਸੀ—ਤੂੰ ਜਾਏਂਗਾ। ਤਾ—ਤਦੋਂ। ਛੁਟਸੀ—(ਮਾਇਆ ਦੇ ਮੋਹ ਤੋਂ) ਖਲਾਸੀ ਹਾਸਲ ਕਰੇਂਗਾ। ਜਾ—ਜਦੋਂ। ਭਰਮੁ—ਮਾਇਆ ਦੀ ਖਾਤਰ, ਭਟਕਣਾ। ਚੁਕਾਇਸੀ—ਤੂੰ ਦੂਰ ਕਰੇਂਗਾ।

ਸੰਚਿ—ਇਕੱਠਾ ਕਰ। ਵਖਰੁ—ਸੌਦਾ ਵਿਹਾਝ। ਗੁਰ ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਭਾਉ—ਪ੍ਰੇਮ, ਪਿਆਰ। ਪਛਾਣਹੇ—ਪਛਾਣਹਿ, ਜੇ ਤੂੰ ਪਛਾਣ ਲਏਂ। ਮੈਲੁ—ਵਿਕਾਰਾਂ ਦੀ ਮੈਲ। ਪਰਹਰਿ—ਦੂਰ ਕਰ ਕੇ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਸਚੁ ਮਹਲੁ—ਸਦਾ ਥਿਰ ਟਿਕਾਣਾ। ਸਚੁ ਘਰੁ—ਸਦਾ ਥਿਰ ਘਰ। ਜਾਣਹੇ—ਜਾਣਹਿ, ਤੂੰ ਜਾਣ ਲਏਂਗਾ, ਤੂੰ ਲੱਭ ਲਏਂਗਾ।

ਪਤਿ—(ਲੋਕ ਪ੍ਰਲੋਕ ਦੀ) ਇੱਜ਼ਤ। ਘਰਿ—ਘਰ ਵਿਚ (ਅਸਲ) ਘਰ ਵਿਚ, ਪ੍ਰਭੂ ਦੀ ਹਜ਼ੂਰੀ ਵਿਚ। ਸਿਧਾਵਹਿ-ਤੂੰ ਪਹੁੰਚ ਜਾਏਂਗਾ। ਝੋਲਿ—ਹਿਲਾ ਕੇ, ਨਿਤਾਰ ਕੇ, ਪ੍ਰੇਮ ਨਾਲ। ਅੰਮ੍ਰਿਤ ਰਸੋ—ਅੰਮ੍ਰਿਤ ਰਸ, ਆਤਮਕ ਜੀਵਨ ਦੇਣ ਵਾਲਾ ਨਾਮ ਰਸ। ਧਿਆਈਐ—ਧਿਆਉਣਾ ਚਾਹੀਦਾ ਹੈ। ਰਸੁ—

ਸੁਆਦ । ਪਾਈਐ—ਮਿਲ ਸਕਦਾ ਹੈ । ਵਡਭਾਗਿ—ਵਡੀ ਕਿਸਮਤ ਨਾਲ । ਜਪੀਐ—ਜਪਿਆ ਜਾ ਸਕਦਾ ਹੈ । ਹਰਿ ਜਸੋ—ਹਰਿ ਜਸ ।੪। **ਅਰਥ :—**

ਪ੍ਰ:—ਸ੍ਰੀ ਜੀਉ ! ਸਾਡੇ ਲੋਭੀ ਮਨਾਂ ਵਿਚ ਸਦਾ ਹੀ ਵਧ ਤੋਂ ਵਧ ਮਾਇਆ ਇਕੱਠੀ ਕਰਨ ਦੀ ਦੌੜ ਭੱਜ ਬਣੀ ਰਹਿੰਦੀ ਹੈ, ਦਸੋ ਇਸ ਦੀ ਨਵਿਰਤੀ ਕਿਵੇਂ ਕੀਤੀ ਜਾਵੇ ?

1. ਉ:—ਹੇ ਭਾਈਓ ! ਤੁਸੀਂ ਇਸ ਮੂਰਖ ਮਨ ਨੂੰ ਹਮੇਸ਼ਾਂ ਇਉਂ ਹੀ ਸਮਝਾਇਆ ਕਰੋ ਕਿ, ਹੇ ਮੇਰੇ ਮਨ ! ਵੇਖ, ਨਾ ਤੂੰ (ਜਨਮ ਸਮੇਂ) ਆਪਣੇ ਨਾਲ ਕੁਝ ਲੈ ਕੇ ਆਇਆ ਸੀ, ਨਾ ਹੀ ਤੂੰ (ਇਥੋਂ ਤੁਰਨ ਵੇਲੇ) ਆਪਣੇ ਨਾਲ ਕੁਝ ਲੈ ਕੇ ਜਾਏਂਗਾ (ਇਸ ਲਈ ਦਸ ਤੂੰ ਵਿਅਰਥ ਹੀ ਮਾਇਆ ਦੇ ਮੋਹ ਦੀਆਂ ਫਾਹੀਆਂ ਵਿਚ ਕਿਉਂ ਫਸ ਰਿਹਾ ਹੈਂ) ।

2. ਹੇ ਮਨਾ ! ਸੁਣ, ਇਨ੍ਹਾਂ ਮਾਇਆ ਦੇ ਮੋਹ ਦੀਆਂ ਫਾਹੀਆਂ ਵਿਚੋਂ ਤਦੋਂ ਹੀ ਤੇਰੀ ਖਲਾਸੀ ਹੋਵੇਗੀ, ਜਦੋਂ ਤੂੰ (ਮਾਇਆ ਦੀ ਖਾਤਰ) ਭਟਕਣਾ ਛਡ ਦੇਵੇਂਗਾ ।

ਪ੍ਰ:—ਸ੍ਰੀ ਜੀਉ ! ਕਈ ਵਾਰ ਮਨ ਵਿਚੋਂ ਇਹ ਭੀ ਅਵਾਜ਼ ਆਉਂਦੀ ਹੈ ਕਿ, ਦਸੋ, ਮੈਂ ਵੇਹਲਾ ਤਾਂ ਰਹਿ ਨਹੀਂ ਸਕਦਾ, ਹੋਰ ਕਰਾਂ ਭੀ ਕੀ ?

3.4 ਉ:—ਹੇ ਪਿਆਰੇ ! ਫਿਰ ਤੂੰ ਇਸ ਭੋਲੇ ਮਨ ਨੂੰ ਇਉਂ ਸਮਝਾਇਆ ਕਰ ਕਿ, ਹੇ ਮਨਾ ! ਸੁਣ, ਤੂੰ ਪ੍ਰਮੇਸ਼ਰ ਜੀ ਦੇ ਨਾਮ ਦਾ ਧਨ ਇਕੱਠਾ ਕਰਿਆ ਕਰ; ਨਾਮ ਦਾ ਸੌਦਾ (ਵਿਹਾਝਿਆ ਕਰ) ਹੇ ਮਨ ! ਜੇ ਤੂੰ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰ ਪ੍ਰਭੂ ਦਾ) ਪਿਆਰ ਪਛਾਣ ਲਏਂ ਤਾਂ ਸ਼ਬਦ ਦੀ ਬਰਕਤ ਨਾਲ (ਵਿਕਾਰਾਂ ਦੀ) ਮੈਲ ਦੂਰ ਕਰ ਕੇ ਤੂੰ ਵਿਕਾਰਾਂ ਦੀ ਮੈਲ ਵਲੋਂ ਪਵਿਤ੍ਰ ਹੋ ਜਾਏਂਗਾ, ਇਸ ਤਰ੍ਹਾਂ, ਫਿਰ ਤੂੰ ਸਦਾ ਕਾਇਮ ਰਹਿਣ ਵਾਲਾ ਘਰ ਮਹੱਲ ਲਭ ਲਏਂਗਾ ।

5. ਇਸ ਲਈ, ਹੇ ਮਨਾ ! (ਤੂੰ) ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪ੍ਰੇਮ ਨਾਲ ਪੀਆ ਕਰ, (ਤਾਂ ਤੂੰ ਲੋਕ ਪ੍ਰਲੋਕ ਦੀ) ਇੱਜ਼ਤ (ਲੋਕ ਪ੍ਰਲੋਕ ਦਾ ਨਾਮਣਾ) ਖੱਟ ਲਏਂਗਾ, ਪ੍ਰਭੂ ਦੀ ਹਜ਼ੂਰੀ ਵਿਚ ਪਹੁੰਚ ਜਾਏਂਗਾ ।

6. (ਇਸ ਲਈ) ਹੇ ਮਨਾ ! ਤੈਨੂੰ (ਸਦਾ) ਪ੍ਰਮਾਤਮਾਂ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ, ਪਰ, ਇਸ ਨਾਮ ਦਾ ਸੁਆਦ ਗੁਰੂ ਦੇ ਸ਼ਬਦ ਦੀ ਰਾਹੀਂ (ਹੀ) ਪ੍ਰਾਪਤ ਹੋ ਸਕਦਾ ਹੈ, ਹੇ ਮਨਾ ! ਵਡੇ ਭਾਗਾਂ ਨਾਲ (ਹੀ) ਪ੍ਰਮੇਸ਼ਰ ਦੀ ਸਿਫਤ ਸਲਾਹ ਕੀਤੀ ਜਾ ਸਕਦੀ ਹੈ ।੪।

1. ਏ ਮਨ ਮੇਰਿਆ ਬਿਨੁ ਪਉੜੀਆ
ਮੰਦਰਿ ਕਿਉ ਚੜੈ ਰਾਮ ॥
2. ਏ ਮਨ ਮੇਰਿਆ ਬਿਨੁ ਬੇੜੀ
ਪਾਰਿ ਨ ਅੰਬੜੈ ਰਾਮ ॥
3. ਪਾਰਿ ਸਾਜਨੁ ਅਪਾਰੁ ਪ੍ਰੀਤਮੁ
ਗੁਰ ਸਬਦ ਸੁਰਤਿ ਲੰਘਾਵਏ ॥
4. ਮਿਲਿ ਸਾਧ ਸੰਗਤਿ ਕਰਹਿ ਰਲੀਆ
ਫਿਰਿ ਨ ਪਛੋਤਾਵਏ ॥
5. ਕਰਿ ਦਇਆ ਦਾਨੁ ਦਇਆਲ ਸਾਚਾ
ਹਰਿ ਨਾਮ ਸੰਗਤਿ ਪਾਵਓ ॥
6. ਨਾਨਕੁ ਪਇਅੰਪੈ ਸੁਣਹੁ ਪ੍ਰੀਤਮ
ਗੁਰ ਸਬਦਿ ਮਨੁ ਸਮਝਾਵਓ ॥੫॥੬॥

ਪਦ ਅਰਥ :—ਮੰਦਰਿ-ਮੰਦਰ ਉਤੇ, ਕੋਠੇ ਉਤੇ। ਕਿਉ ਚੜੈ-ਕਿਵੇਂ (ਕੋਈ) ਚੜ੍ਹ ਸਕਦਾ ਹੈ ? ਕੋਈ ਨਹੀਂ ਚੜ੍ਹ ਸਕਦਾ । ਨ ਅੰਬੜੈ—ਨਹੀਂ ਅਪੜ ਸਕਦਾ । ਪਾਰਿ—(ਦਰੀਆ ਦੇ) ਪਾਰਲੇ ਪਾਸੇ ।

ਪਾਰਿ—ਪਾਰਲੇ ਪਾਸੇ, (ਵਿਕਾਰਾਂ ਦੀਆਂ ਲਹਿਰਾਂ ਨਾਲ ਭਰਪੂਰ ਸੰਸਾਰ ਸਮੁੰਦਰ ਦੇ) ਪਾਰਲੇ ਪਾਸੇ । ਅਪਾਰੁ—ਬੇਅੰਤ ਪ੍ਰਭੂ । ਸਬਦ ਸੁਰਤਿ—ਸ਼ਬਦ ਦੀ ਸੁਰਤਿ, ਸ਼ਬਦ ਦੀ ਸੋਝੀ । ਲੰਘਾਵਏ—ਲੰਘਾਵੈ, ਪਾਰ ਲੰਘਾਂਦੀ ਹੈ । ਮਿਲਿ—ਮਿਲ ਕੇ । ਕਰਹਿ ਰਲੀਆ—ਜੇ ਤੂੰ ਆਤਮਕ ਅਨੰਦ ਮਾਣੇ । ਨ ਪਛੋਤਾਵਏ—ਨਾ ਪਛੋਤਾਵੈ, ਨਹੀਂ ਪਛਤਾਂਦਾ । ਦਇਆਲ—ਹੇ ਦਇਆਲ ਪ੍ਰਭੂ । ਸਾਚਾ ਦਾਨੁ—ਸਦਾ ਥਿਰ ਨਾਮ ਦਾ ਦਾਨ । ਪਾਵਓ—ਪਾਵਓਂ, ਮੈਂ ਪ੍ਰਾਪਤ ਕਰਾਂ । ਨਾਮ ਸੰਗਤਿ—ਨਾਮ ਦਾ ਸਾਥ । ਨਾਨਕ ਪਇਅੰਪੈ—ਨਾਨਕ ਬੇਨਤੀ ਕਰਦਾ ਹੈ । ਪ੍ਰੀਤਮ—ਹੇ ਪ੍ਰੀਤਮ । ਸਮਝਾਵਓ—ਸਮਝਾਵਊਂ, ਮੈਂ ਸਮਝਾਵਾਂ ।੫। **ਅਰਥ :—**

ਪ੍ਰ:—ਸ੍ਰੀ ਜੀਉ ! ਕਈ ਵਾਰ ਇਸ ਸਾਡੇ ਚੰਚਲ ਮਨ ਵਿਚ ਇਹ ਭੀ ਸੰਕਲਪ ਉਠਦਾ ਰਹਿੰਦਾ ਹੈ ਕਿ, ਜਦੋਂ ਉਸ ਪ੍ਰਭੂ ਦੇ ਟਿਕਾਣੇ ਦਾ ਹੀ ਕੋਈ ਗਿਆਨ ਨਹੀਂ; ਤਾਂ ਦਸੋ ਉਸ ਤਕ ਪੁਜਿਆ ਕਿਵੇਂ ਜਾਵੇ, ਇਸ ਬਾਰੇ ਭੀ ਕੁਝ ਸੋਝੀ ਦਿਓ ?

1. ਉ:—ਹੇ ਭਾਈਓ ! ਅਜਿਹੇ ਸਮੇਂ ਮਨ ਨੂੰ ਇਉਂ ਸਮਝਾਇਆ ਕਰੋ ਕਿ, ਹੇ ਮਨਾ ! ਵੇਖ, ਜਿਵੇਂ ਪਉੜੀਆਂ ਤੋਂ ਬਿਨਾ (ਕੋਈ ਭੀ ਮਨੁੱਖ) ਕੋਠੇ (ਦੀ ਛੱਤ) ਉਤੇ ਨਹੀਂ ਚੜ੍ਹ ਸਕਦਾ, ਤਿਵੇਂ ਉਚੇ ਆਤਮਕ ਟਿਕਾਣੇ ਤੇ ਵਸਦੇ ਪ੍ਰਮੇਸ਼ਰ ਤਕ ਸਿਮਰਨ ਦੀ ਪਉੜੀ ਤੋਂ ਬਿਨਾ ਪਹੁੰਚ ਨਹੀਂ ਹੋ ਸਕਦੀ ।

2. ਹੇ ਮਨਾ ! ਹੋਰ ਸੁਣ, ਜਿਵੇਂ ਬੇੜੀ ਤੋਂ ਬਿਨਾ ਮਨੁੱਖ ਨਦੀ ਦੇ ਪਾਰਲੇ ਪਾਸੇ ਨਹੀਂ ਅੱਪੜ ਸਕਦਾ ।

3. ਇਸੇ ਤਰ੍ਹਾਂ, ਹੇ ਮਨਾ ! ਸੁਣ ਉਹ ਸੱਜਣ ਪ੍ਰਭੂ, ਬੇਅੰਤ ਪ੍ਰਭੂ, (ਵਿਕਾਰਾਂ ਦੀਆਂ ਲਹਿਰਾਂ ਨਾਲ ਭਰਪੂਰ ਸੰਸਾਰ ਸਮੁੰਦਰ ਦੇ) ਪਾਰਲੇ ਪਾਸੇ (ਵਸਦਾ ਹੈ) ਗੁਰੂ ਦੇ ਸ਼ਬਦ ਦੀ ਸੂਝ (ਹੀ ਇਸ ਸੰਸਾਰ ਸਮੁੰਦਰ ਦੇ ਪਾਰਲੇ ਪਾਸੇ) ਲੰਘਾ ਸਕਦੀ ਹੈ ।

4. ਹੇ ਮਨਾ ! ਜੇ ਤੂੰ ਸਾਧ ਸੰਗਤ ਵਿਚ ਮਿਲ ਕੇ ਆਤਮਕ ਅਨੰਦ ਮਾਣਦਾ ਰਹੇਂ (ਤਾਂ ਤੂੰ ਭੀ ਇਸ ਸੰਸਾਰ ਸਮੁੰਦਰ ਦੇ ਪਾਰਲੇ ਪਾਸੇ ਪਹੁੰਚ ਜਾਏਂ, ਜਿਹੜਾ ਭੀ ਮਨੁੱਖ ਸਾਧ ਸੰਗਤ ਵਿਚ ਮਿਲ ਕੇ ਨਾਮ ਜਪਦਾ ਹੈ, ਉਸ ਨੂੰ) ਮੁੜ ਪਛਤਾਉਣਾ ਨਹੀਂ ਪੈਂਦਾ (ਕਿਉਂਕਿ, ਉਸ ਨੂੰ ਸੰਸਾਰ ਸਮੁੰਦਰ ਦੀਆਂ ਵਿਕਾਰ ਠਿਲਾਂ ਦੁੱਖ ਨਹੀਂ ਦੇ ਸਕਦੀਆਂ)।

ਪ੍ਰ:-ਸ੍ਰੀ ਜੀਉ ! ਨਾਮ ਦੀ ਪ੍ਰਾਪਤੀ ਲਈ ਆਖਰ ਸਾਧਨ ਕੀ ਕਰਨਾ ਚਾਹੀਦਾ ਹੈ ?

5. ਉ:-ਹੇ ਭਾਈਓ ! ਇਕੋ ਸਾਧਨ ਕਰਦੇ ਰਹੋ ਕਿ, ਹੇ ਦਇਆਲ ਪ੍ਰਭੂ ! (ਮੇਰੇ ਉਤੇ) ਦਇਆ ਕਰ, ਮੈਨੂੰ ਆਪਣੇ ਸਦਾ ਥਿਰ ਨਾਮ ਦਾ ਦਾਨ ਦੇਹ, ਮੈਂ ਤੇਰੇ ਨਾਮ ਦੀ ਸੰਗਤ ਹਾਸਿਲ ਕਰੀ ਰਖਾਂ।

6. ਬੇਨਤੀ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰੀਤਮ ਮੇਰੀ ਬੇਨਤੀ ਸੁਣ,ਮਿਹਰ ਕਰ, ਮੈਂ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਮਨ ਨੂੰ (ਆਤਮਕ ਜੀਵਨ ਦੀ) ਸੂਝ ਦੇਂਦਾ ਰਹਾਂ ।੫।੬।

ਭਾਵਾਰਥ :-ਮਨ ਨੂੰ ਸੰਬੋਧਨ ਕਰ ਕੇ ਸਮਝਾਂਦੇ ਹਨ ਕਿ, ਅਵਗੁਣ ਛਡ ਕੇ ਹਰੀ ਦੇ ਗੁਣ ਯਾਦ ਕਰ, ਤਾਂ ਕਿ ਸੰਸਾਰ ਦੇ ਬੰਧਨ ਟੁੱਟ ਕੇ ਵਿਛੋੜਾ ਦੂਰ ਹੋਵੇ ਅਤੇ ਆਪਣੇ ਮਾਲਕ ਦੇ ਸੱਚੇ ਮਹਿਲ ਵਿਚ ਵਾਸਾ ਮਿਲੇ, ਪਰ ਉਸ ਮਹਿਲ ਤਕ ਪਹੁੰਚਣ ਲਈ ਗੁਰੂ ਹੀ ਪਉੜੀ ਹੈ, ਉਸ ਦੀ ਸੰਗਤ ਵਿਚ ਸ਼ਬਦ ਨੂੰ ਸੁਣੋ ਅਤੇ ਹਰੀ ਦਾ ਜਸ ਕਰਦੇ ਹੋਏ ਉਸ ਅਪਾਰ ਸੱਜਣ ਨਾਲ ਇਕ ਮਿਕ ਹੋ ਜਾਓ।

ਤੁਖਾਰੀ ਛੰਤ ਮਹਲਾ ੪

੧ ਓ ਸਤਿਗੁਰ ਪ੍ਰਸਾਦਿ ॥

1. **ਅੰਤਰਿ ਪਿਰੀ ਪਿਆਰੁ**
ਕਿਉ ਪਿਰ ਬਿਨੁ ਜੀਵੀਐ ਰਾਮ ॥
2. **ਜਬ ਲਗੁ ਦਰਸੁ ਨ ਹੋਇ**
ਕਿਉ ਅੰਮ੍ਰਿਤੁ ਪੀਵੀਐ ਰਾਮ ॥
3. **ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ**
ਤਿਸੁ ਬਿਨੁ ਰਹਨੁ ਨ ਜਾਏ ॥
4. **ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ**
ਪਿਰ ਬਿਨੁ ਪਿਆਸ ਨ ਜਾਏ ॥
5. **ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ**
ਹਰਿ ਹਰਿ ਨਾਮੁ ਸਦ ਸਾਰਿਆ ॥
6. **ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ**
ਹਉ ਸਤਿਗੁਰ ਵਿਟਹੁ ਵਾਰਿਆ ॥੧॥

ਪਦ ਅਰਥ :-ਅੰਤਰਿ-ਅੰਦਰ, ਮੇਰੇ ਅੰਦਰ, ਮੇਰੇ ਹਿਰਦੇ ਵਿਚ। ਪਿਰੀ-ਪਿਰ ਦਾ, ਪ੍ਰਭੂ ਪਤੀ ਦਾ। ਕਿਉ ਜੀਵੀਐ-ਕਿਵੇਂ ਜੀਵਿਆ ਜਾ ਸਕਦਾ ਹੈ ? ਆਤਮਕ ਜੀਵਨ ਪ੍ਰਾਪਤ ਨਹੀਂ ਹੋ ਸਕਦਾ। ਜਬ ਲਗੁ-ਜਦੋਂ ਤਕ। ਦਰਸੁ-ਦਰਸ਼ਨ। ਅੰਮ੍ਰਿਤੁ-ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਕਿਉ ਪੀਵੀਐ-ਨਹੀਂ ਪੀਤਾ ਜਾ ਸਕਦਾ। ਹਰਿ ਬਿਨੁ ਜੀਵੀਐ-ਪ੍ਰਭੂ ਮਿਲਾਪ ਤੋਂ ਬਿਨਾ ਆਤਮਕ ਜੀਵਨ ਨਹੀਂ ਮਿਲ ਸਕਦਾ। ਰਹਨੁ ਨ ਜਾਇ-ਰਿਹਾ ਨਹੀਂ ਜਾ ਸਕਦਾ, ਸ਼ਾਂਤੀ ਨਹੀਂ ਮਿਲਦੀ। ਅਨਦਿਨੁ-ਹਰ ਰੋਜ਼, ਹਰ ਵੇਲੇ। ਪ੍ਰਿਉ ਪ੍ਰਿਉ ਕਰੇ-ਪਿਆਰੇ (ਪ੍ਰਭੂ) ਨੂੰ ਮੁੜ ਮੁੜ ਯਾਦ ਕਰਦੀ ਹੈ। ਪਿਆਸ-ਤ੍ਰਿਸ਼ਨਾ, ਮਾਇਆ ਦੀ ਤ੍ਰਿਸ਼ਨਾ (ਜਿਵੇਂ ਸ੍ਵਾਂਤੀ ਨਛਤ੍ਰ ਦੀ ਵਰਖਾ ਬੂੰਦ ਤੋਂ ਬਿਨਾ ਪਪੀਹੇ ਦੀ ਪਿਆਸ ਨਹੀਂ ਬੁਝਦੀ)।

ਕਰਹੁ-ਕਰਦੇ ਹੋ। ਹਰਿ ਪਿਆਰੇ-ਹੇ ਪਿਆਰੇ ਹਰੀ। ਸਦ-ਸਦਾ। ਸਾਰਿਆ-ਸੰਭਾਲਿਆ ਹੈ, ਯਾਦ ਕੀਤਾ ਹੈ। ਕੈ ਸਬਦਿ-ਦੇ ਸ਼ਬਦ ਦੀ ਰਾਹੀਂ। ਮੈ-ਮੈਨੂੰ। ਹਉ-ਮੈਂ। ਵਿਟਹੁ-ਤੋਂ। ਵਾਰਿਆ-ਕੁਰਬਾਨ ।੧।

ਅਰਥ :-

ਪ੍ਰ:-ਕਿਉਂ ਜੀ ! ਜਦੋਂ ਕਿਸੇ ਪ੍ਰਭੂ ਪਤੀ ਦੇ ਮਿਲਾਪ ਵਾਲੀ ਜੀਵ ਇਸਤ੍ਰੀ ਨੂੰ ਆਤਮਕ ਜੀਵਨ ਦੀ ਪ੍ਰਾਪਤੀ ਦੇ ਸੰਬੰਧ ਵਿਚ ਕੁਝ ਪੁਛਿਆ ਜਾਵੇ ਤਾਂ ਉਨ੍ਹਾਂ ਦਾ ਆਪਣਾ ਨਿਸਚਾ ਕਿਸ ਰੂਪ ਵਿਚ ਹੋਇਆ ਕਰਦਾ ਹੈ ?

1. ਉ:-ਹੇ ਭਾਈਓ ! ਉਨ੍ਹਾਂ ਦੇ ਨਿਸਚੇ ਭਰੇ ਅੰਤਰ ਆਤਮਾਂ ਵਿਚੋਂ ਤਾਂ ਸਦਾ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਸਖੀਏ ! ਮੇਰੇ ਹਿਰਦੇ ਵਿਚ (ਤਾਂ) ਪ੍ਰਭੂ ਪਤੀ ਦਾ ਪਿਆਰ ਵਸ ਰਿਹਾ ਹੈ (ਕਿਉਂਕਿ, ਮੇਰਾ ਨਿਸਚਾ ਹੈ ਕਿ) ਪ੍ਰਭੂ ਪਤੀ ਦੇ ਮਿਲਾਪ ਤੋਂ ਬਿਨਾ ਆਤਮਕ ਜੀਵਨ (ਕਦੇ ਭੀ) ਨਹੀਂ ਮਿਲ ਸਕਦਾ।
2. ਹੇ ਸਖੀਏ ! ਜਦੋਂ ਤਕ ਪ੍ਰਭੂ ਪਤੀ ਦਾ ਦਰਸ਼ਨ ਨਹੀਂ ਹੁੰਦਾ (ਤਦ ਤਕ) ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀਤਾ ਨਹੀਂ ਜਾ ਸਕਦਾ।
3. ਹੇ ਸਖੀਏ ! ਪ੍ਰਭੂ ਪਤੀ ਦੇ ਦਰਸ਼ਨ ਤੋਂ ਬਿਨਾ, ਆਤਮਕ ਜੀਵਨ ਦੇਣ ਵਾਲਾ ਨਾਮ ਜਲ (ਕਦੇ ਭੀ) ਪੀਤਾ ਨਹੀਂ ਜਾ ਸਕਦਾ, ਪ੍ਰਭੂ ਦੀ ਯਾਦ ਤੋਂ ਬਿਨਾ ਆਤਮਕ ਜੀਵਨ ਨਹੀਂ ਮਿਲ ਸਕਦਾ, ਪ੍ਰਭੂ ਪਤੀ ਦੇ ਮਿਲਾਪ ਤੋਂ ਬਿਨਾ ਆਤਮਕ ਸ਼ਾਂਤੀ ਨਹੀਂ ਮਿਲਦੀ।
4. ਹੇ ਸਖੀ ! ਜਿਸ ਜੀਵ ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ ਪਤੀ ਦਾ ਪਿਆਰ ਵਸਦਾ ਹੈ, ਉਹ ਹਰ ਵੇਲੇ ਦਿਨ ਰਾਤ ਪ੍ਰਭੂ ਪਤੀ ਨੂੰ ਮੁੜ ਮੁੜ ਯਾਦ ਕਰਦੀ ਰਹਿੰਦੀ ਹੈ, (ਹੇ ਸਖੀ) ਪ੍ਰਭੂ ਪਤੀ ਦੇ ਮਿਲਾਪ ਤੋਂ ਬਿਨਾ (ਮਾਇਆ ਦੀ) ਤ੍ਰਿਸ਼ਨਾ ਭੀ ਦੂਰ ਨਹੀਂ ਹੁੰਦੀ (ਜਿਵੇਂ ਸ੍ਵਾਂਤੀ ਨਛਤ੍ਰ ਦੀ ਵਰਖਾ ਬੂੰਦ ਤੋਂ ਬਿਨਾ ਪਪੀਹੇ ਦੀ ਪਿਆਸ ਨਹੀਂ ਮਿਟਦੀ)।

ਪ੍ਰ:–ਕਿਉਂ ਜੀ ! ਕੀ, ਇਸ ਪ੍ਰਭੂ ਪਤੀ ਦੇ ਮਿਲਾਪ ਦੀ ਉਨ੍ਹਾਂ ਦੇ ਅੰਦਰ ਆਪਣੀ ਕੀਤੀ ਹੋਈ ਕਮਾਈ ਦਾ ਭੀ ਕੁਝ ਅਹਿਸਾਸ ਹੁੰਦਾ ਹੈ ?

5. **ਉ:**–ਹੇ ਪਿਆਰੇ ! ਉਨ੍ਹਾਂ ਦੇ ਨਿਰਮਾਣ ਹਿਰਦੇ ਵਿਚੋਂ ਤਾਂ ਸਦਾ ਇਹੋ ਹੀ ਭਾਵ ਉਪਜਦੇ ਰਹਿੰਦੇ ਹਨ ਕਿ, ਹੇ ਪਿਆਰੇ ਹਰੀ ! (ਜਿਸ ਜੀਵ ਉਤੇ) ਤੂੰ ਆਪਣੀ ਮੇਹਰ ਕਰਦਾ ਹੈਂ, ਉਹ ਹਰ ਵੇਲੇ ਹਰਿ ਨਾਮ ਨੂੰ (ਆਪਣੇ ਹਿਰਦੇ ਵਿਚ) ਵਸਾਈ ਰਖਦਾ ਹੈ।

6. ਇਸ ਲਈ, ਹੇ ਭਾਈਓ ! ਮੈਂ ਤਾਂ ਆਪਣੇ ਗੁਰੂ ਤੋਂ ਸਦਾ (ਹੀ) ਸਦਕੇ ਹਾਂ, (ਕਿਉਂਕਿ) ਗੁਰੂ ਦੇ ਸ਼ਬਦ ਦੀ ਬਰਕਤ ਨਾਲ ਮੈਨੂੰ (ਭੀ) ਪ੍ਰਭੂ ਪ੍ਰੀਤਮ ਮਿਲ ਪਿਆ ਹੈ।੧।

1. ਜਬ ਦੇਖਾਂ ਪਿਰੁ ਪਿਆਰਾ
ਹਰਿ ਗੁਣ ਰਸਿ ਰਵਾ ਰਾਮ ॥
2. ਮੇਰੈ ਅੰਤਰਿ ਹੋਇ ਵਿਗਾਸੁ
ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥
3. ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ
ਬਿਨੁ ਦੇਖੇ ਤ੍ਰਿਪਤਿ ਨ ਆਵਏ ॥
4. ਸਬਦਿ ਸੀਗਾਰੁ ਹੋਵੈ ਨਿਤ ਕਾਮਣਿ
ਹਰਿ ਹਰਿ ਨਾਮੁ ਧਿਆਵਏ ॥
5. ਦਇਆ ਦਾਨੁ ਮੰਗਤ ਜਨ ਦੀਜੈ
ਮੈ ਪ੍ਰੀਤਮੁ ਦੇਹੁ ਮਿਲਾਏ ॥
6. ਅਨਦਿਨੁ ਗੁਰੁ ਗੋਪਾਲੁ ਧਿਆਈ
ਹਮ ਸਤਿਗੁਰ ਵਿਟਹੁ ਘੁਮਾਏ ॥੨॥

ਪਦ ਅਰਥ :–ਦੇਖਾਂ–ਮੈਂ ਦੇਖਦੀ ਹਾਂ । ਪਿਰੁ–ਪਤੀ। ਰਸਿ–ਰਸ ਨਾਲ, ਸੁਆਦ ਨਾਲ। ਰਵਾ–ਰਵਾਂ, ਮੈਂ ਯਾਦ ਕਰਦੀ ਹਾਂ। ਮੇਰੈ ਅੰਤਰਿ–ਮੇਰੇ ਅੰਦਰ, ਮੇਰੇ ਹਿਰਦੇ ਵਿਚ । ਵਿਗਾਸੁ–ਖਿੜਾਉ, ਖੁਸ਼ੀ । ਸਚੁ–ਸਦਾ ਕਾਇਮ ਰਹਿਣ ਵਾਲਾ ਪ੍ਰਭੂ । ਨਿਤ–ਸਦਾ । ਚਵਾ–ਚਵਾਂ, ਮੈਂ ਉਚਾਰਦੀ ਹਾਂ।

ਪ੍ਰਿਉ ਚਵਾ ਪਿਆਰੇ–ਪਿਆਰੇ ਪਤੀ ਨੂੰ ਯਾਦ ਕਰਦੀ ਹਾਂ। ਸਬਦਿ–ਗੁਰੂ ਦੇ ਸ਼ਬਦ ਵਿਚ (ਜੋੜ ਕੇ)। ਨਿਸਤਾਰੇ–(ਸੰਸਾਰ ਸਮੁੰਦਰ ਤੋਂ) ਪਾਰ ,ਲੰਘਾ ਲੈਂਦਾ ਹੈ। ਤ੍ਰਿਪਤਿ–(ਮਾਇਆ ਦੀ ਭੁੱਖ ਵਲੋਂ) ਰਜੇਵਾਂ । ਆਵਏ–ਆਵੈ, ਆਉਂਦੀ ਹੈ। ਕਾਮਣਿ-(ਜੀਵ)ਇਸਤ੍ਰੀ। ਧਿਆਵਏ -ਧਿਆਵੈ, ਧਿਆਉਂਦੀ ਹੈ।

ਮੰਗਤ ਜਨ ਦੀਜੈ–ਮੰਗਤੇ ਦਾਸ ਨੂੰ ਦਿਉ। ਮੈ–ਮੈਨੂੰ। ਦੇਹੁ ਮਿਲਾਏ–ਮਿਲਾ ਦੇਹ । ਅਨਦਿਨੁ–ਹਰ ਰੋਜ, ਹਰ ਵੇਲੇ। ਗੋਪਾਲੁ–(ਗੋ-ਸ੍ਰਿਸ਼ਟੀ)ਸ੍ਰਿਸ਼ਟੀ ਨੂੰ ਪਾਲਣ ਵਾਲਾ। ਧਿਆਈ–ਧਿਆਈਂ, ਮੈਂ ਧਿਆਉਂਦਾ ਹਾਂ। ਵਿਟਹੁ–ਤੋਂ। ਘੁਮਾਏ–ਘੁਮਾਈ, ਸਦਕੇ, ਕੁਰਬਾਨ ।੨।

ਅਰਥ :–

ਪ੍ਰ–ਸ੍ਰੀ ਜੀਉ ! ਜਦੋਂ ਕਿਸੇ ਪ੍ਰਭੂ ਪਿਆਰੇ ਪ੍ਰਮੇਸ਼ਰ ਦੀ ਪਿਆਰ ਭਰੀ ਸਖੀ ਨੂੰ ਪੁਛਿਆ ਜਾਏ ਕਿ ਤੈਨੂੰ ਦਰਸ਼ਨ ਕਰਨ ਨਾਲ ਹਾਸਲ ਕੀ ਹੁੰਦਾ ਹੈ ?

1. **ਉ**:–ਹੇ ਭਾਈ ! ਉਨ੍ਹਾਂ ਵਲੋਂ ਤਾਂ ਇਹੋ ਹੀ ਉੱਤਰ ਹੁੰਦਾ ਹੈ ਕਿ, ਹੇ ਸਖੀ ! ਮੈਂ ਤਾਂ ਜਦੋਂ ਪਿਆਰੇ ਪ੍ਰਭੂ ਪਤੀ ਦਾ ਦਰਸ਼ਨ ਕਰਦੀ ਹਾਂ, ਤਦੋਂ ਮੈਂ ਬੜੇ ਸੁਆਦ ਨਾਲ ਉਸ ਹਰੀ ਦੇ ਗੁਣ ਯਾਦ ਕਰਦੀ ਹਾਂ।

2. ਤਾਂ ਮੇਰੇ ਹਿਰਦੇ ਵਿਚ ਖਿੜਾਉ ਪੈਦਾ ਹੋ ਜਾਂਦਾ ਹੈ, ਤਾਹੀਓਂ, ਹੇ ਸਖੀ ! ਉਸ ਸਦਾ ਕਾਇਮ ਰਹਿਣ ਵਾਲੇ ਪਿਆਰੇ ਪ੍ਰਭੂ ਦਾ ਨਾਮ ਮੈਂ ਸਦਾ ਹੀ ਉਚਾਰਦੀ ਰਹਿੰਦੀ ਹਾਂ।

3. ਹੇ ਸਖੀ ! ਮੈਂ ਪਿਆਰੇ ਪ੍ਰੀਤਮ ਦਾ ਨਾਮ (ਸਦਾ) ਉਚਾਰਦੀ ਹਾਂ, ਉਹ ਪ੍ਰੀਤਮ ਪ੍ਰਭੂ ਗੁਰੂ ਦੇ ਸ਼ਬਦ ਦੀ ਰਾਹੀਂ ਜੀਵ ਇਸਤ੍ਰੀ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ, ਹੇ ਸਖੀ ! ਉਸ ਪ੍ਰਮੇਸ਼ਰ ਦਾ ਦਰਸ਼ਨ ਕਰਨ ਤੋਂ ਬਿਨਾ (ਮਾਇਆ ਵਲੋਂ) ਤ੍ਰਿਪਤ ਨਹੀਂ ਹੁੰਦੀ।

4. ਹੇ ਸਖੀਏ ! ਗੁਰੂ ਦੇ ਸ਼ਬਦ ਦੀ ਰਾਹੀਂ ਜਿਸ ਜੀਵ ਇਸਤ੍ਰੀ ਦਾ (ਆਤਮਕ) ਸ਼ਿੰਗਾਰ ਬਣਿਆ ਰਹਿੰਦਾ ਹੈ, (ਭਾਵ ਜਿਸ ਦਾ ਹਿਰਦਾ ਪਵਿਤ੍ਰ ਹੋ ਜਾਂਦਾ ਹੈ) ਉਹ ਹਰ ਵੇਲੇ ਪ੍ਰਮਾਤਮਾਂ ਦਾ ਨਾਮ ਸਿਮਰਦੀ ਰਹਿੰਦੀ ਹੈ।

5. ਤੇ ਉਹ ਸਦਾ ਹੀ ਗੁਰੂ ਦੇ ਦਰ ਤੇ ਨਿਤ ਅਰਦਾਸ ਕਰਦੀ ਹੈ ਕਿ, ਹੇ ਗੁਰੂ ! ਦਇਆ ਕਰ, ਮੈਨੂੰ ਮੰਗਤੇ ਦਾਸ ਨੂੰ ਇਹ ਦਾਨ ਦੇਹ ਕਿ ਮੈਨੂੰ ਪ੍ਰੀਤਮ ਪ੍ਰਭੂ ਮਿਲਾ ਦਿਓ।

6. ਅਤੇ ਮੈਂ ਆਪਣੇ ਗੁਰੂ ਤੋਂ ਸਦਾ ਸਦਕੇ ਜਾਂਦੀ ਹਾਂ, ਹਰ ਵੇਲੇ ਪ੍ਰਭੂ ਦੇ ਰੂਪ ਗੁਰੂ ਨੂੰ ਹਿਰਦੇ ਵਿਚ ਵਸਾਈ ਰਖਦੀ ਹਾਂ।੨।

1. ਹਮ ਪਾਥਰ ਗੁਰੁ ਨਾਵ
ਬਿਖੁ ਭਵਜਲੁ ਤਾਰੀਐ ਰਾਮ ॥
2. ਗੁਰ ਦੇਵਹੁ ਸਬਦੁ ਸੁਭਾਇ
ਮੈ ਮੂੜ ਨਿਸਤਾਰੀਐ ਰਾਮ ॥
3. ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ
ਤੂ ਅਗੰਮੁ ਵਡ ਜਾਣਿਆ ॥
4. ਤੂ ਆਪਿ ਦਇਆਲੁ ਦਇਆ ਕਰਿ ਮੇਲਹਿ
ਹਮ ਨਿਰਗੁਣੀ ਨਿਮਾਣਿਆ ॥
5. ਅਨੇਕ ਜਨਮ ਪਾਪ ਕਰਿ ਭਰਮੇ
ਹੁਣਿ ਤਉ ਸਰਣਾਗਤਿ ਆਏ ॥
6. ਦਇਆ ਕਰਹੁ ਰਖਿ ਲੇਵਹੁ ਹਰਿ ਜੀਉ
ਹਮ ਲਾਗਹ ਸਤਿਗੁਰ ਪਾਏ ॥੩॥

ਪਦ ਅਰਥ :–ਹਮ–ਅਸੀਂ ਜੀਵ। ਪਾਥਰ–ਪੱਥਰ। ਨਾਵ–ਬੇੜੀ। ਬਿਖੁ–ਜ਼ਹਿਰ,ਆਤਮਕ ਮੌਤ ਲਿਆਉਣ ਵਾਲਾ ਜ਼ਹਿਰ। ਭਵਜਲੁ–ਸੰਸਾਰ ਸਮੁੰਦ੍ਰ। ਤਰੀਐ–ਪਾਰ ਲੰਘਾ ਲੈ। ਗੁਰ ਸਬਦੁ–ਗੁਰੂ ਦਾ ਸ਼ਬਦ । ਸੁਭਾਇ–ਪਿਆਰ ਵਿਚ (ਜੁੜ ਕੇ)। ਮੈ–ਮੈਨੂੰ। ਮੂੜ–ਮੂਰਖ।

ਮੁਗਧ–ਮੂਰਖ, ਅਗਿਆਨੀ । ਮਿਤਿ–ਮਾਪ; ਤੇਰੀ ਮਿਤ, ਤੇਰਾ ਮਾਪ, ਤੂੰ ਕੇਡਾ ਵਡਾ ਹੈਂ, ਇਹ ਗਲ। ਅਗੰਮੁ–ਅਪਹੁੰਚ। ਵਡ–ਵਡਾ। ਦਇਆਲੁ–ਦਇਆ ਦਾ ਘਰ। ਕਰਿ–ਕਰ ਕੇ । ਨਿਰਗੁਣੀ–ਗੁਣ ਹੀਣ । ਨਿਮਾਣਿਆ–ਨਿਆਸਰਿਆਂ ਨੂੰ। ਕਰਿ–ਕਰ ਕੇ। ਭਰਮੇ–ਭਟਕਦੇ ਰਹੇ। ਤਉ–ਤੇਰੀ। ਹਮ ਲਾਗਹ–ਅਸੀਂ ਲਗੇ ਰਹੀਏ। ਪਾਏ–ਪੈਰੀਂ ।੩।

ਅਰਥ :–

ਪ੍ਰ:–ਸ੍ਰੀ ਜੀਉ! ਸਾਨੂੰ ਤਾਂ ਕਲਜੁਗੀ ਜੀਵਾਂ ਨੂੰ ਉਸ ਸਾਈਂ ਜੀ ਦੇ ਦਰ ਤੇ ਅਰਦਾਸ ਕਰਨ ਦੀ ਭੀ ਸੋਝੀ ਨਹੀਂ, ਕਿਰਪਾ ਕਰੋ ਕੋਈ ਢੰਗ ਦਸ ਦਿਓ ?

1. ਉ:–ਹੇ ਭਾਈਓ! ਇਉਂ ਹੀ ਅਰਦਾਸ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ਜੀਉ! ਅਸੀਂ ਜੀਵ (ਪਾਪਾਂ ਨਾਲ ਭਾਰੇ ਹੋ ਚੁਕੇ) ਪੱਥਰ ਹਾਂ, ਗੁਰੂ ਬੇੜੀ ਹੈ, (ਸਾਨੂੰ ਜੀਵਾਂ ਨੂੰ ਗੁਰੂ ਦੀ ਸ਼ਰਨ ਪਾ ਕੇ) ਆਤਮਕ ਮੌਤ ਲਿਆਉਣ ਵਾਲੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ।
2, ਹੇ ਪ੍ਰਭੂ! ਆਪਣੇ ਪਿਆਰ ਵਿਚ (ਜੋੜ ਕੇ) ਗੁਰੂ ਦਾ ਸ਼ਬਦ ਦੇਹ ਅਤੇ ਮੈਨੂੰ ਮੂਰਖ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈ।
3. ਹੇ ਪ੍ਰਭੂ! ਅਸੀਂ ਜੀਵ ਮੂਰਖ ਹਾਂ, ਅਗਿਆਨੀ ਹਾਂ। ਤੂੰ ਕੇਡਾ ਵਡਾ ਹੈਂ, ਇਸ ਗੱਲ ਦੀ ਸਮਝ ਸਾਨੂੰ ਨਹੀਂ ਪੈ ਸਕਦੀ। ਗੁਰੂ ਦੀ ਸ਼ਰਨ ਪੈ ਕੇ ਹੁਣ ਇਹ ਸਮਝਿਆ ਹੈ ਕਿ ਤੂੰ ਅਪਹੁੰਚ ਹੈਂ, ਤੂੰ ਸਭ ਤੋਂ ਵਡਾ ਹੈਂ।
4, ਹੇ ਪ੍ਰਭੂ! ਤੂੰ ਦਇਆ ਦਾ ਘਰ ਹੈਂ, ਸਾਨੂੰ ਗੁਣ ਹੀਣ ਨਿਮਾਣੇ ਜੀਵਾਂ ਨੂੰ ਤੂੰ ਆਪ ਹੀ ਮਿਹਰ ਕਰ ਕੇ (ਆਪਣੇ ਚਰਨਾਂ ਵਿਚ) ਮਿਲਾਂਦਾ ਹੈਂ।
5. ਹੇ ਪ੍ਰਭੂ ਜੀ! ਪਾਪ ਕਰ ਕਰ ਕੇ ਅਸੀਂ ਅਨੇਕਾਂ ਜਨਮਾਂ ਵਿਚ ਭਟਕਦੇ ਰਹੇ ਹਾਂ, ਹੁਣ ਤੇਰੀ ਮੇਹਰ ਨਾਲ ਤੇਰੀ ਸ਼ਰਨ ਆਏ ਹਾਂ।
6 ਹੇ ਹਰੀ ਜੀਉ! ਮਿਹਰ ਕਰੋ, ਰਖਿਆ ਕਰੋ ਕਿ ਅਸੀਂ ਗੁਰੂ ਦੀ ਚਰਨੀਂ ਲਗੇ ਰਹੀਏ।੩।

1. ਗੁਰੁ ਪਾਰਸੁ ਹਮ ਲੋਹ
ਮਿਲਿ ਕੰਚਨੁ ਹੋਇਆ ਰਾਮ॥
2. ਜੋਤੀ ਜੋਤਿ ਮਿਲਾਇ
ਕਾਇਆ ਗੜੁ ਸੋਹਿਆ ਰਾਮ॥
3. ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ
ਕਿਉ ਸਾਸਿ ਗਿਰਾਸਿ ਵਿਸਾਰੀਐ॥
4. ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੈ ਬਲਿਹਾਰੀਐ॥
5 ਸਤਿਗੁਰ ਆਗੈ ਸੀਸੁ ਭੇਟ ਦੇਉ
ਜੇ ਸਤਿਗੁਰ ਸਾਚੇ ਭਾਵੈ॥
6. ਆਪੇ ਦਇਆ ਕਰਹੁ ਪ੍ਰਭ ਦਾਤੇ
ਨਾਨਕ ਅੰਕਿ ਸਮਾਵੈ॥੪॥੧॥

ਪਦ ਅਰਥ :–ਲੋਹ–ਲੋਹਾ। ਮਿਲਿ–(ਗੁਰੂ ਪਾਰਸ ਨੂੰ) ਮਿਲ ਕੇ। ਕੰਚਨੁ-ਸੋਨਾ । ਜੋਤੀ–ਪ੍ਰਮਾਤਮਾਂ ਦੀ ਜੋਤ ਵਿਚ। ਜੋਤਿ–ਜਿੰਦ। ਮਿਲਾਇ–ਮਿਲਾ ਕੇ । ਕਾਇਆ–ਸਰੀਰ। ਗੜੁ–ਕਿਲ੍ਹਾ। ਸੋਹਿਆ–ਸੋਹਣਾ ਬਣ ਗਿਆ।

ਪ੍ਰਭਿ–ਪ੍ਰਭੂ ਨੇ। ਮੋਹਿਆ–ਮੋਹ ਲਿਆ ਹੈ, ਆਪਣੇ ਪ੍ਰੇਮ ਵਿਚ ਜਕੜ ਲਿਆ ਹੈ। ਸਾਸਿ–(ਹਰੇਕ) ਸਾਹ ਦੇ ਨਾਲ। ਗਿਰਾਸਿ–(ਹਰੇਕ) ਗਿਰਾਹੀ ਦੇ ਨਾਲ । ਕਿਉ ਵਿਸਾਰੀਐ–ਨਹੀਂ ਵਿਸਾਰਨਾ ਚਾਹੀਦਾ। ਅਗੋਚਰੁ–(ਅ-ਗੋ-ਚਰੁ) ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਸਬਦੀ–ਸ਼ਬਦ ਦੀ ਰਾਹੀਂ। ਹਉ–ਹਉਂ, ਮੈਂ। ਕੈ–ਤੋਂ।

ਸੀਸੁ-ਸਿਰ। ਦੇਉ–ਦੇਉਂ, ਮੈਂ ਦੇ ਦਿਆਂ। ਭਾਵੈ–ਚੰਗਾ ਲਗੇ। ਪ੍ਰਭ–ਹੇ ਪ੍ਰਭੂ। ਦਾਤੇ–ਹੇ ਦਾਤਾਰ। ਅੰਕਿ–ਅੰਕ ਵਿਚ, ਗੋਦ ਵਿਚ, ਚਰਨਾਂ ਵਿਚ। ਸਮਾਵੈ–ਲੀਨ ਹੋ ਜਾਂਦਾ ਹੈ।੪।

ਅਰਥ :–

ਪ੍ਰ:–ਸ੍ਰੀ ਜੀਉ! ਆਖਰ, ਗੁਰੂ ਦੇ ਮਿਲਾਪ ਦਾ ਫਲ ਕੀ ਹੋਇਆ ਕਰਦਾ ਹੈ ?

1. ਉ:–ਹੇ ਭਾਈਓ! ਗੁਰੂ ਪਾਰਸ ਹੈ, ਅਸੀਂ ਜੀਵ ਲੋਹਾ ਹਾਂ, (ਜਿਵੇਂ) ਲੋਹਾ ਪਾਰਸ ਨੂੰ ਮਿਲਕੇ ਸੋਨਾ ਹੋ ਜਾਂਦਾ ਹੈ।
2. ਤਿਵੇਂ, ਹੇ ਭਾਈ! ਗੁਰੂ ਦੀ ਰਾਹੀਂ ਪ੍ਰਮਾਤਮਾਂ ਦੀ ਜੋਤ ਵਿਚ (ਆਪਣੀ) ਜਿੰਦ ਮਿਲਾ ਕੇ (ਅਸਾਂ ਜੀਵਾਂ ਦਾ) ਸਰੀਰ ਕਿਲ੍ਹਾ ਸੁੰਦਰ ਬਣ ਜਾਂਦਾ ਹੈ।
3. ਹੇ ਭਾਈਓ! (ਜਿਸ ਜੀਵ ਨੂੰ) ਮੇਰੇ ਪ੍ਰਭੂ ਨੇ ਆਪਣੇ ਪ੍ਰੇਮ ਵਿਚ ਜੋੜ ਲਿਆ, ਉਸ ਦਾ ਸਰੀਰ ਕਿਲ੍ਹਾ ਸੋਹਣਾ ਹੋ ਜਾਂਦਾ ਹੈ, (ਇਸ ਲਈ) ਉਸ ਪ੍ਰਭੂ ਨੂੰ (ਹਰੇਕ) ਸਾਹ ਦੇ ਨਾਲ (ਹਰੇਕ) ਗਿਰਾਹੀ ਦੇ ਨਾਲ ਯਾਦ ਰਖਣਾ ਚਾਹੀਦਾ ਹੈ (ਉਸ ਨੂੰ) ਕਦੇ ਭੀ ਭੁਲਾਣਾ ਨਹੀਂ ਚਾਹੀਦਾ।
4. ਹੇ ਭਾਈ! ਮੈਂ (ਤਾਂ) ਉਸ ਅਦ੍ਰਿਸ਼ਟ ਅਗੋਚਰ (ਪ੍ਰਮਾਤਮਾਂ ਦੇ ਚਰਨਾਂ) ਨੂੰ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਮੈਂ ਗੁਰੂ ਤੋਂ ਸਦਕੇ ਹਾਂ।

ਪ੍ਰ:–ਸ੍ਰੀ ਜੀਉ! ਗੁਰੂ ਤੇ ਆਪ ਜੀ ਦੀ ਭਾਵਨਾਂ ਕਿਸ ਰੂਪ ਵਿਚ ਹੈ ?

5. ਉ:–ਹੇ ਭਾਈਓ ! ਮੈਂ ਤਾਂ ਇਹੋ ਹੀ ਭਾਵਨਾਂ ਰਖਦਾ ਹਾਂ ਕਿ, ਜੇ ਸਦਾ ਥਿਰ ਪ੍ਰਭੂ ਦੇ ਰੂਪ ਗੁਰੂ ਨੂੰ ਚੰਗਾ ਲਗੇ, ਤਾਂ ਮੈਂ ਆਪਣਾ ਸਿਰ ਗੁਰੂ ਦੇ ਅਗੇ ਭੇਟ ਕਰ ਦਿਆਂ ।

6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਦਾਤਾਰ ! ਹੇ ਪ੍ਰਭੂ ! ਜਿਸ ਮਨੁੱਖ ਉਤੇ ਤੂੰ ਆਪ ਹੀ ਮਿਹਰ ਕਰਦਾ ਹੈਂ, ਉਹ ਤੇਰੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ ।੪।੧।

ਭਾਵਾਰਥ :–ਇਸ ਮਹਾਂਵਾਕ ਵਿਚ ਪਪੀਹੇ ਵਤ ਹਰੀ ਪਿਆਰੇ ਦੇ ਮਿਲਣ ਦੀ ਤਾਂਘ ਦਸਦੇ ਹਨ । ਜਿਵੇਂ ਸਵਾਂਤੀ ਬੂੰਦ ਦੇ ਮਿਲਣ ਖੁਣੋ, ਪਪੀਹਾ ਰਹਿ ਨਹੀਂ ਸਕਦਾ, ਤਿਵੇਂ ਹਰੀ ਪਿਆਰੇ ਦੇ ਮਿਲਾਪ ਰੂਪ ਅੰਮ੍ਰਿਤ ਬਾਝੋਂ ਜੀਵ ਨੂੰ ਸ਼ਾਂਤੀ ਨਹੀਂ ਆਉਂਦੀ (੧) ਗੁਰ ਸ਼ਬਦ ਰਾਹੀਂ ਹਰੀ ਦੇ ਗੁਣ ਗਾਵੀਏ ਤਾਂ ਹਰੀ ਦੇ ਦਰਸ਼ਨ ਹੁੰਦੇ ਹਨ, ਇਸ ਲਈ ਗੁਰੂ ਦੇ ਚਰਨੀਂ ਲਗਣਾ ਚਾਹੀਦਾ ਹੈ (੨) ਮਨੁੱਖ ਪਾਪਾਂ ਕਰ ਕੇ ਕਈ ਜਨਮ ਵਿਛੜਿਆ ਰਹਿੰਦਾ ਹੈ, ਪਰ ਗੁਰੂ ਦੇ ਸ਼ਬਦ ਦੁਆਰਾ ਤਰ ਜਾਂਦਾ ਹੈ (੩) ਗੁਰੂ ਪਾਰਸ ਦੀ ਛੋਹ ਮਨੁੱਖ ਨੂੰ ਪਵਿਤ੍ਰ ਕਰ ਕੇ ਹਰੀ ਦੇ ਮਿਲਣ ਜੋਗ ਬਣਾ ਦੇਂਦੀ ਹੈ (੪) ।

ਤੁਖਾਰੀ ਮਹਲਾ ੪ ॥

1. ਹਰਿ ਹਰਿ ਅਗਮ ਅਗਾਧਿ
ਅਪਰੰਪਰ ਅਪਰਪਰਾ ॥
2. ਜੋ ਤੁਮ ਧਿਆਵਹਿ ਜਗਦੀਸ
ਤੇ ਜਨ ਭਉ ਬਿਖਮੁ ਤਰਾ ॥
3. ਬਿਖਮ ਭਉ ਤਿਨ ਤਰਿਆ ਸੁਹੇਲਾ
ਜਿਨ ਹਰਿ ਹਰਿ ਨਾਮੁ ਧਿਆਇਆ ॥
4. ਗੁਰ ਵਾਕਿ ਸਤਿਗੁਰ ਜੋ ਭਾਇ ਚਲੇ
ਤਿਨ ਹਰਿ ਹਰਿ ਆਪਿ ਮਿਲਾਇਆ ॥
5. ਜੋਤੀ ਜੋਤਿ ਮਿਲਿ ਜੋਤਿ ਸਮਾਣੀ
ਹਰਿ ਕ੍ਰਿਪਾ ਕਰਿ ਧਰਣੀ ਧਰਾ ॥
6. ਹਰਿ ਹਰਿ ਅਗਮ ਅਗਾਧਿ
ਅਪਰੰਪਰ ਅਪਰਪਰਾ ॥੧॥

ਪਦ ਅਰਥ :–ਅਗਮ–ਹੇ ਅਪਹੁੰਚ ਪ੍ਰਭੂ । ਅਗਾਧਿ–ਹੇ ਅਥਾਹ ਹਰੀ । ਅਪਰੰਪਰ–ਹੇ ਪਰੇ ਤੋਂ ਪਰੇ ਹਰੀ । ਅਪਰਪਰਾ–ਜਿਸ ਦਾ ਪਾਰਲਾ ਬੰਨਾ ਨਹੀਂ ਲਭਦਾ । ਧਿਆਵਹਿ–ਧਿਆਉਂਦੇ ਹਨ । ਜਗਦੀਸ–(ਜਗਤ ਈਸ) ਹੇ ਜਗਤ ਦੇ ਮਾਲਕ । ਤੇ ਜਨ–ਉਹ ਮਨੁੱਖ । ਭਉ–ਭਉਜਲ, ਸੰਸਾਰ ਸਮੁੰਦਰ । ਬਿਖਮੁ–ਔਖਾ (ਸੰਸਾਰ ਸਮੁੰਦਰ) । ਤਰਾ–ਤਰ ਜਾਂਦੇ ਹਨ, ਪਾਰ ਲੰਘ ਜਾਂਦੇ ਹਨ ।

ਤਿਨ ਤਰਿਆ–ਉਨ੍ਹਾਂ ਮਨੁੱਖਾਂ ਨੇ ਤਰਿਆ, ਉਹ ਮਨੁੱਖ ਪਾਰ ਲੰਘੇ । ਸੁਹੇਲਾ–ਸੌਖੇ ਹੀ । ਗੁਰ ਵਾਕਿ ਸਤਿਗੁਰ–ਗੁਰ ਸਤਿਗੁਰ ਵਾਕਿ, ਗੁਰੂ ਦੇ ਬਚਨ ਅਨੁਸਾਰ, ਗੁਰੂ ਦੀ ਸਿਖਿਆ ਉਤੇ ਤੁਰ ਕੇ । ਭਾਇ–ਪ੍ਰੇਮ ਵਿਚ, ਪ੍ਰੇਮ ਦੇ ਆਸਰੇ । ਚਲੇ–ਜੀਵਨ ਸਫਰ ਵਿਚ ਤੁਰਦੇ ਰਹੇ, ਜੀਵਨ ਬਤੀਤ ਕਰਦੇ ਰਹੇ ।

ਜੋਤੀ ਜੋਤਿ ਮਿਲਿ–ਚਾਨਣ ਰੂਪ ਪ੍ਰਭੂ ਦੀ ਜੋਤ ਵਿਚ ਮਿਲ ਕੇ । ਮਿਲਿ–ਮਿਲ ਕੇ । ਜੋਤਿ ਸਮਾਣੀ–ਉਨ੍ਹਾਂ ਦੀ ਜਿੰਦ ਲੀਨ ਹੋ ਗਈ । ਕਰਿ–ਕਰੀ, ਕੀਤੀ । ਧਰਣੀ ਧਰਾ–ਧਰਤੀ ਦਾ ਆਸਰਾ ਹਰੀ । ਧਰਣੀ–ਧਰਤੀ । ਧਰਾ–ਆਸਰਾ ।੧।

ਅਰਥ :–

ਪ੍ਰ:–ਗੁਰਦੇਵ ਜੀਉ ! ਇਸ ਜੀਵ ਦੇ ਸੰਸਾਰ ਸਮੁੰਦਰ ਤੋਂ ਪਾਰ ਹੋਣ ਦਾ ਆਪ ਜੀ ਸਹੀ ਵਸੀਲਾ ਕਿਹੜਾ ਅਨੁਭਵ ਕਰਦੇ ਹੋ ?

1. ਉ:–ਹੇ ਭਾਈਓ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਹੇ ਹਰੀ ! ਹੇ ਅਪਹੁੰਚ ਹਰੀ, ਹੇ ਅਥਾਹ ਹਰੀ, ਹੇ ਬੇਅੰਤ ਹਰੀ, ਹੇ ਪਰੇ ਤੋਂ ਪਰੇ ਹਰੀ ।

2. ਹੇ ਜਗਤ ਦੇ ਮਾਲਕ ਹਰੀ ! ਜਿਹੜੇ ਮਨੁੱਖ ਤੇਰਾ ਨਾਮ ਸਿਮਰਦੇ ਹਨ ।

3. ਉਹ ਮਨੁੱਖ ਤਰ ਜਾਂਦੇ ਹਨ, ਇਸ ਔਖੇ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਸੌਖੇ ਹੀ ਪਾਰ ਲੰਘ ਜਾਂਦੇ ਹਨ ।

4. ਹੇ ਭਾਈ ! ਜੋ ਮਨੁੱਖ (ਸਦਾ) ਗੁਰੂ ਸਤਿਗੁਰੂ ਦੀ ਸਿਖਿਆ ਉਤੇ ਤੁਰ ਕੇ ਪ੍ਰੇਮ ਦੇ ਆਸਰੇ ਜੀਵਨ ਬਤੀਤ ਕਰਦੇ ਰਹੇ, ਉਨ੍ਹਾਂ ਨੂੰ ਪ੍ਰਮਾਤਮਾਂ ਨੇ ਆਪ (ਆਪਣੇ ਚਰਨਾਂ ਵਿਚ) ਮਿਲਾ ਲਿਆ ਹੈ ।

5. ਹੇ ਧਰਤੀ ਦੇ ਆਸਰੇ ਹਰੀ, ਜਿਨ੍ਹਾਂ ਉਤੇ ਤੂੰ ਕਿਰਪਾ ਕੀਤੀ ਉਨ੍ਹਾਂ ਦੀ ਜਿੰਦ ਤੇਰੀ ਜੋਤਿ ਵਿਚ ਮਿਲ ਕੇ ਤੇਰੀ ਜੋਤ ਵਿਚ ਲੀਨ ਹੋਈ ਰਹਿੰਦੀ ਹੈ ।

6. ਹੇ ਹਰੀ ! ਹੇ ਅਪਹੁੰਚ ਹਰੀ, ਹੇ ਅਥਾਹ ਹਰੀ, ਹੇ ਪਰੇ ਤੋਂ ਪਰੇ ਹਰੀ ਹੇ ਬੇਅੰਤ ਹਰੀ, (ਇਹ ਸਭ ਆਪ ਦੀ ਹੀ ਮਿਹਰ ਹੈ) ।੧।

1. ਤੁਮ ਸੁਆਮੀ ਅਗਮ ਅਥਾਹ
ਤੂ ਘਟਿ ਘਟਿ ਪੂਰਿ ਰਹਿਆ ॥
2. ਤੂ ਅਲਖ ਅਭੇਉ ਅਗੰਮੁ
ਗੁਰ ਸਤਿਗੁਰ ਬਚਨਿ ਲਹਿਆ ॥
3. ਧਨੁ ਧੰਨੁ ਤੇ ਜਨ ਪੁਰਖ ਪੂਰੇ
ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥
4. ਬਿਬੇਕ ਬੁਧਿ ਬੀਚਾਰਿ ਗੁਰਮੁਖਿ
ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥
5. ਜਾ ਬਹਹਿ ਗੁਰਮੁਖਿ ਹਰਿਨਾਮੁ ਬੋਲਹਿ
ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥
6. ਤੁਮ ਸੁਆਮੀ ਅਗਮ ਅਥਾਹ
ਤੂ ਘਟਿ ਘਟਿ ਪੂਰਿ ਰਹਿਆ ॥੨॥

ਪਦ ਅਰਥ :—ਸੁਆਮੀ-ਮਾਲਕ । ਅਗਮ—ਹੇ ਅਪਹੁੰਚ । ਘਟਿ—ਸਰੀਰ ਵਿਚ । ਘਟਿ ਘਟਿ—ਹਰੇਕ ਸਰੀਰ ਵਿਚ । ਤੂ ਪੂਰਿ ਰਹਿਆ—ਤੂੰ ਵਿਆਪਕ ਹੈਂ । ਅਲਖ—ਅ-ਲਖ ਜਿਸ ਦਾ ਸਹੀ ਰੂਪ ਬਿਆਨ ਨਾ ਕੀਤਾ ਜਾ ਸਕੇ । ਅਭੇਉ—ਆ-ਭਉ, ਜਿਸ ਦਾ ਭੇਤ ਨਾ ਪਾਇਆ ਜਾ ਸਕੇ । ਅਗੰਮੁ—ਅਪਹੁੰਚ । ਬਚਨਿ—ਬਚਨ ਦੀ ਰਾਹੀਂ । ਗੁਰ ਬਚਨਿ—ਗੁਰੂ ਦੇ ਬਚਨ ਦੀ ਰਾਹੀਂ । ਲਹਿਆ ਲਭ ਲਿਆ ।

ਧਨੁ ਧੰਨੁ—ਧੰਨ ਹਨ ਧੰਨ ਹਨ, ਭਾਗਾਂ ਵਾਲੇ ਹਨ । ਤੇ ਜਨ—ਉਹ ਮਨੁੱਖ । ਮਿਲਿ—ਮਿਲ ਕੇ । ਰਵੇ—ਚੇਤੇ ਕੀਤੇ, ਯਾਦ ਕੀਤੇ । ਬਿਬੇਕ—ਪਰਖ, ਚੰਗੇ ਮੰਦੇ ਦੀ ਪਰਖ । ਬਿਬੇਕ ਬੁਧਿ-ਪਰਖ ਕਰ ਸਕਣ ਵਾਲੀ ਅਕਲ ਦੀ ਰਾਹੀਂ । ਬੀਚਾਰਿ—(ਪ੍ਰਭੂ ਦੇ ਗੁਣਾਂ ਨੂੰ) ਵੀਚਾਰ ਕੇ, ਮਨ ਵਿਚ ਵਸਾ ਕੇ । ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ । ਗੁਰ ਸਬਦਿ—ਗੁਰੂ ਸ਼ਬਦ ਦੀ ਰਾਹੀਂ । ਖਿਨੁ ਖਿਨੁ—ਹਰੇਕ ਖਿਨ, ਹਰ ਵੇਲੇ । ਚਵੇ—ਉਚਾਰੇ ।

ਜਾ—ਜਦੋਂ । ਬਹਹਿ—ਬਹਿੰਦੇ ਹਨ । ਖੜੇ—ਖਲੋਤੇ ਹੋਏ ਹਨ । ਕਹਿਆ—ਸਿਮਰਿਆ । ਸੁਆਮੀ—ਮਾਲਕ ।੨।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦੀ ਪ੍ਰਾਪਤੀ ਲਈ ਕਿਹੜਾ ਸਾਧਨ ਮੰਨਿਆ ਜਾਵੇ, ਇਸ ਬਾਰੇ ਆਪ ਆਪਣਾ ਨਿਸਚਾ ਕਰੋ ?

1. ਉ:—ਹੇ ਭਾਈਓ ! ਮੈਂ ਤਾਂ ਇਹੋ ਹੀ ਯਕੀਨ ਰਖਦਾ ਹਾਂ ਕਿ, ਹੇ ਅਪਹੁੰਚ ਪ੍ਰਭੂ, ਹੇ ਅਥਾਹ ਪ੍ਰਭੂ ! ਤੂੰ (ਸਭ ਦਾ) ਮਾਲਕ ਹੈਂ, ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ ।
2. ਹੇ ਪਿਆਰੇ ! ਉਹ ਅਦ੍ਰਿਸ਼ਟ; ਅਭੇਵ ਅਤੇ ਅਪਹੁੰਚ ਪ੍ਰਭੂ ਗੁਰੂ ਸਤਿਗੁਰੂ ਦੇ ਬਚਨ ਦੀ ਰਾਹੀਂ ਲਭ ਪੈਂਦਾ ਹੈ ।
3. ਹੇ ਭਾਈਓ ! ਉਹ ਮਨੁੱਖ ਭਾਗਾਂ ਵਾਲੇ ਹਨ, ਕਿਸਮਤ ਵਾਲੇ ਹਨ, ਜਿਨ੍ਹਾਂ ਨੇ ਗੁਰੂ ਸੰਤ ਦੀ ਸੰਗਤ ਵਿਚ ਮਿਲ ਕੇ ਪ੍ਰਮੇਸਰ ਦੇ ਗੁਣ ਯਾਦ ਕੀਤੇ ਹਨ ।
4. ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਚੰਗੇ ਮੰਦੇ ਕਰਮਾਂ ਦੀ ਪਰਖ ਕਰ ਸਕਣ ਵਾਲੀ ਅਕਲ ਦੀ ਰਾਹੀਂ ਪ੍ਰਮਾਤਮਾਂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਕੇ ਗੁਰੂ ਦ ਸ਼ਬਦ ਦੀ ਬਰਕਤ ਨਾਲ ਪ੍ਰਮਾਤਮਾਂ ਦੇ ਗੁਣਾਂ ਨੂੰ ਸਦਾ ਹਰ ਖਿਨ ਸਿਮਰਦੇ ਰਹਿੰਦੇ ਹਨ ।
5. ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ 'ਮਨੁੱਖ ਜਦੋਂ' (ਕਿਤੇ) ਬੈਠਦੇ ਹਨ ਤਾਂ ਪ੍ਰਮਾਤਮਾਂ ਦਾ ਨਾਮ ਉਚਾਰਦੇ ਹਨ ਜਦੋਂ ਖਲੋਤੇ ਹਨ ਤਦੋਂ ਭੀ ਹਰੀ ਦਾ ਨਾਮ ਹੀ ਉਚਾਰਦੇ ਹਨ । (ਭਾਵ, ਗੁਰਮੁਖ ਮਨੁੱਖ ਬੈਠੇ ਖਲੋਤੇ ਹਰ ਵੇਲੇ ਪ੍ਰਮਾਤਮਾਂ ਦਾ ਨਾਮ ਹੀ ਚੇਤੇ ਰਖਦੇ ਹਨ) ।
6. ਅਤੇ ਉਨ੍ਹਾਂ ਦਾ ਨਿਸਚਾ ਭੀ ਇਹੋ ਹੀ ਹੋਇਆ ਕਰਦਾ ਹੈ ਕਿ, ਹੇ ਅਪਹੁੰਚ ਪ੍ਰਭੂ, ਹੇ ਅਥਾਹ ਪ੍ਰਭੂ ! ਤੂੰ (ਸਭ ਜੀਵਾਂ ਦਾ) ਮਾਲਕ ਹੈਂ ਅਤੇ ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ ।੨।

1. **ਸੇਵਕ ਜਨ ਸੇਵਹਿ ਤੇ ਪਰਵਾਣੁ**
   ਜਿਨ ਸੇਵਿਆ ਗੁਰਮਤਿ ਹਰੇ ॥
2. **ਤਿਨ ਕੇ ਕੋਟਿ ਸਭਿ ਪਾਪ**
   ਖਿਨੁ ਪਰਹਰਿ ਹਰਿ ਦੂਰਿ ਕਰੇ ॥
3. **ਤਿਨ ਕੇ ਪਾਪ ਦੋਖ ਸਭਿ ਬਿਨਸੇ**
   ਜਿਨ ਮਨਿ ਚਿਤਿ ਇਕੁ ਅਰਾਧਿਆ ॥
4. **ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ**
   ਜਿਨ ਗੁਰ ਬਚਨੀ ਸਚੁ ਭਾਖਿਆ ॥
5. **ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ**
   ਹਰਿ ਜਪਿ ਭਉ ਬਿਖਮੁ ਤਰੇ ॥
6. **ਸੇਵਕ ਜਨ ਸੇਵਹਿ ਤੇ ਪਰਵਾਣੁ**
   ਜਿਨ ਸੇਵਿਆ ਗੁਰਮਤਿ ਹਰੇ ॥੩॥

ਪਦ ਅਰਥ :—ਸੇਵਹਿ—ਸੇਵਾ ਭਗਤੀ ਕਰਦੇ ਹਨ, ਸਿਮਰਦੇ ਹਨ । ਤੇ—ਉਹ ਮਨੁੱਖ । ਗੁਰਮਤਿ—ਗੁਰੂ ਦੀ ਮਤ ਉਤੇ ਤੁਰਕੇ । ਕੋਟਿ ਪਾਪ—ਕ੍ਰੋੜਾਂ ਪਾਪ । ਸਭਿ—ਸਾਰੇ । ਪਰਹਰਿ—ਦੂਰ ਕਰਕੇ । ਦੋਖ—ਐਬ, ਔਗਣ । ਬਿਨਸੇ—ਨਾਸ ਹੋ ਜਾਂਦੇ ਹਨ । ਮਨਿ—ਮਨ ਵਿਚ । ਚਿਤਿ—ਚਿਤ ਵਿਚ । ਇਕੁ—ਇਕ ਪ੍ਰਮਾਤਮਾਂ ਨੂੰ । ਸਫਲਿਓ—ਕਾਮਯਾਬ । ਸਭੁ—ਸਾਰਾ । ਕਰਤੈ—ਕਰਤਾਰ ਨੇ । ਬਚਨੀ—ਬਚਨਾਂ ਦੀ ਰਾਹੀਂ । ਸਚੁ—ਸਦਾ ਕਾਇਮ ਰਹਿਣ ਵਾਲਾ ਹਰਿ ਨਾਮ । ਭਾਖਿਆ—ਉਚਾਰਿਆ, ਜਪਿਆ । ਧੰਨੁ—ਭਾਗਾਂ ਵਾਲੇ । ਪੂਰੇ—ਸਭ ਗੁਣਾਂ ਵਾਲੇ । ਜਪਿ ਜਪ ਕੇ । ਭਉ—ਭਉ ਸਾਗਰ; ਸੰਸਾਰ ਸਮੁੰਦਰ । ਬਿਖਮੁ—ਔਖਾ ਤਰਿਆ ਜਾਣ ਵਾਲਾ । ਤਰੇ—ਪਾਰ ਲੰਘ ਗਏ ।੩।

ਅਰਥ :—

ਪ੍ਰ:—ਸ੍ਰੀ ਜੀਉ ! ਪ੍ਰਭੂ ਦੀ ਹਜ਼ੂਰੀ ਵਿਚ ਕੌਣ ਲੋਕ ਸਤਿਕਾਰ ਪਾਉਂਦੇ ਹਨ ?

1. ਉ:—ਹੇ ਭਾਈ ! ਪ੍ਰਮਾਤਮਾਂ ਦੇ ਭਗਤ (ਪ੍ਰਮਾਤਮਾਂ ਦੀ) ਸੇਵਾ ਭਗਤੀ ਕਰਦੇ ਹਨ, (ਜਿਸ ਦਾ ਸਦਕਾ) ਉਹ ਪ੍ਰਮੇਸ਼ਰ ਦੀ ਹਜ਼ੂਰੀ ਵਿਚ ਆਦਰ ਸਤਿਕਾਰ ਹ ਸਿਲ ਕਰਦੇ ਹਨ ।
2. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤ ਉਤੇ ਤੁਰਕੇ ਪਭੂ ਦੀ ਸੇਵਾ ਭਗਤੀ ਕੀਤੀ, ਪ੍ਰਮਾਤਮਾਂ ਨੇ ਉਨ੍ਹਾਂ ਦੇ ਸਾਰੇ ਪਾਪ ਇਕ ਖਿਨ ਵਿਚ ਹੀ ਦੂਰ ਕਰ ਦਿਤੇ ।
3. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਆਪਣੇ ਮਨ ਵਿਚ ਆਪਣੇ ਚਿਤ ਵਿਚ ਇਕ ਪ੍ਰਮਾਤਮਾਂ ਦਾ ਸਿਮਰਨ ਕੀਤਾ ਉਨ੍ਹਾਂ ਦੇ ਸਾਰੇ ਪਾਪ, ਉਨ੍ਹਾਂ ਦੇ ਸਾਰੇ ਔਗਣ ਨਾਸ ਹੋ ਗਏ !
4. ਐ ਪਿਆਰੇ ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਬਚਨਾਂ ਉਤੇ ਤੁਰ ਕੇ ਸਦਾ ਥਿਰ ਹਰਿ ਨਾਮ ਸਿਮਰਿਆ, ਕਰਤ ਰ ਨੇ

ਉਨ੍ਹਾਂ ਦਾ ਸਾਰਾ ਜਨਮ ਸਫਲ ਕਰ ਦਿਤਾ ।

5. ਹੇ ਭਾਈ ! ਉਹ ਮਨੁੱਖ ਭਾਗਾਂ ਵਾਲੇ ਹਨ, ਮਹਾਂ ਪੁਰਖ ਹਨ, ਗੁਣਾਂ ਦੇ ਭਾਂਡੇ ਹਨ, ਜਿਹੜੇ ਗੁਰੂ ਦੀ ਮਤ ਉਤੇ ਤੁਰ ਕੇ ਇਸ ਅਉਖੇ ਤਰੇ ਜਾਣ ਵਾਲੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।

6. ਹੇ ਭਾਈ ! ਪ੍ਰਮਾਤਮਾਂ ਦੇ ਭਗਤ (ਪ੍ਰਮਾਤਮਾਂ ਦੀ) ਸੇਵਾ ਭਗਤੀ ਕਰਦੇ ਹਨ, ਉਹ (ਪ੍ਰਮਾਤਮਾਂ ਦੀ ਹਜ਼ੂਰੀ ਵਿਚ) ਆਦਰ ਸਤਿਕਾਰ ਹਾਸਲ ਕਰਦੇ ਹਨ ।੩।

1. ਤੂ ਅੰਤਰਜਾਮੀ ਹਰਿ ਆਪਿ
ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥
2. ਹਮਰੈ ਹਾਥਿ ਕਿਛੁ ਨਾਹਿ
ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥
3. ਜਿਨ ਕਉ ਤੂ ਹਰਿ ਮੇਲਹਿ ਸੁਆਮੀ
ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥
4. ਤਿਨ ਕੀ ਗਣਤ ਨ ਕਰਿਅਹੁ ਕੋ ਭਾਈ
ਜੋ ਗੁਰ ਬਚਨੀ ਹਰਿ ਮੇਲਿ ਲਇਆ ॥
5. ਨਾਨਕ ਦਇਆਲੁ ਹੋਆ ਤਿਨ ਊਪਰਿ
ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥
6. ਤੂ ਅੰਤਰਜਾਮੀ ਹਰਿ ਆਪਿ ਜਿਉ
ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥੪॥੨॥

ਪਦ ਅਰਥ :–ਅੰਤਰਜਾਮੀ–ਅੰਦਰ ਤਕ ਪਹੁੰਚ ਵਾਲਾ, ਅੰਦਰ ਦੀ ਜਾਨਣ ਵਾਲਾ । ਜਿਉ–ਜਿਉਂ; ਜਿਵੇਂ, ਜਿਸ ਤਰ੍ਹਾਂ । ਚਲਾਵਹਿ–ਜੀਵਨ ਰਾਹ ਤੇ ਤੂੰ ਤੋਰਦਾ ਹੈਂ । ਹਉ–ਹਉਂ, ਮੈਂ । ਚਲਾ–ਚਲਾਂ, ਮੈਂ ਚਲਦਾ ਹਾ । ਹਾਥਿ–ਹੱਥ ਵਿਚ । ਜਾ–ਜਦੋਂ । ਆਇ–ਆ ਕੇ । ਮਿਲਾ–ਮਿਲਾਂ, ਮੈਂ ਮਿਲਦਾ ਹਾਂ ।

ਕਉ–ਨੂੰ । ਹਰਿ–ਹੇ ਹਰੀ । ਸੁਆਮੀ–ਹੇ ਸੁਆਮੀ । ਸਭੁ–ਸਾਰਾ । ਛੁਟਕਿ ਗਇਆ–ਮੁੱਕ ਗਿਆ, ਮੁਕ ਜਾਂਦਾ ਹੈ । ਗਣਤ–ਦੰਦ ਕਥਾ, ਨੁਕਤਾ ਚੀਨੀ, ਕਰਮਾਂ ਦੀ ਗਿਣਤੀ, ਵਿਚਾਰ । ਕੋ–ਕੋਈ ਧਿਰ । ਭਾਈ–ਹੇ ਭਾਈ । ਗੁਰ ਬਚਨੀ–ਗੁਰ ਬਚਨੀਂ ਗੁਰੂ ਦੇ ਬਚਨਾਂ ਦੀ ਰਾਹੀਂ । ਭਲਾ–ਭਲਾ ਜਾਣ ਕੇ । ਭਾਣਾ–ਰਜ਼ਾ, ਹੁਕਮ ।੪।

ਅਰਥ :–

ਪ੍ਰ:–ਸ੍ਰੀ ਜੀਉ ! ਜੀਵ ਨੂੰ ਜੀਵਨ ਰਾਹ ਤੇ ਤੁਰਦਿਆਂ ਨਿਸਚਾ ਕਿਸ ਰੂਪ ਵਿਚ ਰਖਣਾ ਚਾਹੀਦਾ ਹੈ ?

1. **ਉ**:–ਹੇ ਭਾਈਓ ! ਮਨੁੱਖ ਨੂੰ ਜੀਵਨ ਸਫਰ ਵਿਚ ਤੁਰਦਿਆਂ ਇਹੋ ਹੀ ਨਿਸਚਾ ਰਖਣਾ ਚਾਹੀਦਾ ਹੈ ਕਿ, ਹੇ ਹਰੀ ! ਤੂੰ ਆਪ ਸਭ ਦੇ ਦਿਲਾਂ ਦੀ ਜਾਨਣ ਵਾਲਾ ਹੈਂ ਹੇ ਪਿਆਰੇ ! ਤੂੰ (ਅਸਾਂ ਜੀਵਾਂ ਨੂੰ) ਜੀਵਨ ਰਾਹ ਉਤੇ ਤੋਰਦਾ ਹੈਂ, ਅਸੀਂ ਉਸੇ ਰਾਹ ਉਤੇ ਤੁਰਦੇ ਹਾਂ ।

2. ਹੇ ਹਰੀ ਜੀ ! ਅਸੀਂ ਜੀਵਾਂ ਦੇ ਵਸ ਵਿਚ ਕੁਝ ਨਹੀਂ, ਜਦੋਂ ਤੂੰ (ਮੈਨੂੰ ਆਪਣੇ ਚਰਨਾਂ ਵਿਚ) ਮਿਲਾਂਦਾ ਹੈਂ, ਤਦੋਂ (ਹੀ) ਮੈਂ ਆ ਕੇ ਮਿਲਦਾ ਹਾਂ ।

3. ਹੇ ਹਰੀ ! ਹੇ ਸੁਆਮੀ, ਜਿਨ੍ਹਾਂ ਨੂੰ ਤੂੰ (ਆਪਣੇ ਚਰਨਾਂ ਵਿਚ) ਜੋੜਦਾ ਹੈਂ, ਉਨ੍ਹਾਂ ਦੇ (ਪਿਛਲੇ ਕੀਤੇ ਕਰਮਾਂ ਦਾ) ਸਾਰਾ ਲੇਖਾ ਮੁੱਕ ਜਾਂਦਾ ਹੈ,(ਉਨ੍ਹਾਂ ਦੇ ਅੰਦਰੋਂ ਪਿਛਲੇ ਕੀਤੇ ਸਾਰੇ ਮੰਦ ਕਰਮਾਂ ਦੇ ਸੰਸਕਾਰ ਮਿਟ ਜਾਂਦੇ ਹਨ) ।

4. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਪ੍ਰਮਾਤਮਾਂ ਗੁਰੂ ਦੇ ਬਚਨਾਂ ਉਤੇ ਤੋਰ ਕੇ (ਆਪਣੇ ਨਾਲ) ਮਿਲਾਂਦਾ ਹੈ, ਕੋਈ ਭੀ ਧਿਰ ਉਨ੍ਹਾਂ ਦੇ (ਪਿਛਲੇ ਕਰਮਾਂ ਦੀ) ਵੀਚਾਰ ਨਾ ਕਰਿਓ, (ਕਿਉਂਕਿ) ਉਨ੍ਹਾਂ ਦੇ ਅੰਦਰੋਂ ਤਾਂ ਉਹ ਸਾਰੇ ਸੰਸਕਾਰ (ਹੀ) ਮਿਟ ਜਾਂਦੇ ਹਨ ।

5. ਹੇ ਭਾਈਓ ! ਜਿਹੜੇ ਮਨੁੱਖ ਗੁਰੂ ਦੀ ਰਜਾ ਨੂੰ ਮਿੱਠੀ ਕਰ ਕੇ ਮੰਨਦੇ ਹਨ, ਪ੍ਰਮਾਤਮਾਂ ਉਨ੍ਹਾਂ ਉਤੇ ਆਪ ਦਇਆਵਾਨ ਹੁੰਦਾ ਹੈ ।

6. ਹੇ ਹਰੀ ! ਤੂੰ ਆਪ ਸਭ ਦੇ ਦਿਲ ਦੀ ਜਾਨਣ ਵਾਲਾ ਹੈਂ, ਹੇ ਪਿਆਰੇ ! ਜਿਵੇਂ ਤੂੰ (ਅਸਾਂ ਜੀਵਾਂ ਨੂੰ) ਜੀਵਨ ਰਾਹ ਉਤੇ ਤੋਰਦਾ ਹੈਂ, ਮੈਂ ਉਸ ਤਰ੍ਹਾਂ ਹੀ ਤੁਰਦਾ ਹਾਂ ।੪।੨।

ਭਾਵਾਰਥ :–ਹਰੀ ਇਕ ਅਪਹੁੰਚ ਹਸਤੀ ਹੈ, ਪਰ ਗੁਰ ਸ਼ਬਦ ਰਾਹੀਂ ਮਨੁੱਖ ਐਸੀ ਹਸਤੀ ਨੂੰ ਭੀ ਮਿਲ ਸ਼ਕਦਾ ਹੈ (੧) ਕਿਉਂਕਿ, ਗੁਰਬਾਣੀ ਦੁਆਰਾ ਇਹ ਸਮਝ ਆ ਜਾਂਦੀ ਹੈ, ਕਿ ਹਰੀ ਹਰ ਇਕ ਜੀਵ ਵਿਚ ਸਮਾ ਰਿਹਾ ਹੈ, ਖਾਸ ਕਰ ਕੇ ਗੁਰੂ ਦੀ ਸੰਗਤ ਵਿਚ ਬਿਬੇਕ ਬੁਧੀ ਵਾਲੀ ਵੀਚਾਰ ਅਤੇ ਹਰੀ ਦਾ ਸਿਮਰਨ ਹੁੰਦਾ ਰਹਿੰਦਾ ਹੈ; ਜਿਥੋਂ ਹਰੀ ਹਰ ਪਾਸੇ ਪਸਰਿਆ ਦਿਸਦਾ ਹੈ (੨) ਨਾਲੇ ਸੇਵਾ ਕਰਨ ਕਰ ਕੇ ਜੀਵ ਦੇ ਜਨਮ ਜਨਮਾਤ੍ਰਾਂ ਦੇ ਪਾਪ ਦੂਰ ਹੋ ਜਾਂਦੇ ਹਨ (੩) ਗੁਰੂ ਦਾ ਭਾਣਾ ਮੰਨਣ ਨਾਲ ਹਰੀ ਪ੍ਰਸੰਨ ਹੋ ਕੇ ਕਰਮਾਂ ਦਾ ਲੇਖਾ ਮੇਟ ਦੇਂਦਾ ਹੈ ਅਤੇ ਜੀਵ ਨੂੰ ਆਪਣੇ ਭਾਣੇ ਅਨੁਸਾਰ ਚਲਾ ਕੇ ਆਪਣੇ ਨਾਲ ਮੇਲ ਲੈਂਦਾ ਹੈ (੪) ।

ਤੁਖਾਰੀ ਮਹਲਾ ੪ ॥

1. ਤੂ ਜਗਜੀਵਨੁ ਜਗਦੀਸੁ
ਸਭ ਕਰਤਾ ਸ੍ਰਿਸਟਿ ਨਾਥੁ ॥
2. ਤਿਨ ਤੂ ਧਿਆਇਆ ਮੇਰਾ ਰਾਮੁ
ਜਿਨ ਕੈ ਧੁਰਿ ਲੇਖੁ ਮਾਥੁ ॥
3. ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ
ਤਿਨ ਹਰਿ ਹਰਿ ਨਾਮੁ ਅਰਾਧਿਆ ॥
4. ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ
ਜਿਨ ਗੁਰ ਬਚਨੀ ਹਰਿ ਜਾਪਿਆ ॥
5. ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ
ਤਿਨ ਦੇਖੇ ਹਉ ਭਇਆ ਸਨਾਥੁ ॥

6. ਤੂ ਜਗਜੀਵਨੁ ਜਗਦੀਸੁ
ਸਭ ਕਰਤਾ ਸ੍ਰਿਸਟਿ ਨਾਥੁ ॥੧॥

ਪਦ ਅਰਥ :–ਜਗਜੀਵਨੁ–ਜਗਤ ਦਾ ਜੀਵਨ, ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ। ਜਗਦੀਸੁ–ਜਗਤ ਦਾ ਈਸ਼, ਜਗਤ ਦਾ ਮਾਲਕ। ਨਾਥੁ–ਖਸਮ। ਤੂ–ਤੈਨੂੰ। ਜਿਨ ਕੈ–ਜਿਨ੍ਹਾਂ ਦੇ ਭਾਗ ਵਿਚ। ਧੁਰਿ-ਧੁਰੋਂ, ਪ੍ਰਭੂ ਦੀ ਹਜ਼ੂਰੀ ਤੋਂ। ਲੇਖੁ-(ਸਿਮਰਨ ਦੇ ਸੰਸਕਾਰਾਂ ਦਾ) ਲੇਖ। ਮਾਥੁ-ਮੱਥਾ।

ਜਿਨ ਕਉ–ਜਿਨ੍ਹਾਂ ਵਾਸਤੇ। ਨਿਮਖ–ਅੱਖ ਫਰਕਨ ਜਿਤਨਾ ਸਮਾਂ। ਸਭਿ ਪਾਪ–ਸਾਰੇ ਪਾਪ। ਗੁਰਬਚਨੀ–ਗੁਰੂ ਦੇ ਬਚਨਾਂ ਉਤੇ ਤੁਰ ਕੇ। ਜਾਪਿਆ–ਜਪਿਆ। ਤੇ ਜਨ–ਉਹ ਬੰਦੇ। ਤਿਨ ਦੇਖੇ–ਉਨ੍ਹਾਂ ਨੂੰ ਵੇਖ ਕੇ, ਉਨ੍ਹਾਂ ਦਾ ਦਰਸ਼ਨ ਕਰ ਕੇ। ਹਉ–ਮੈਂ। ਸਨਾਥੁ–ਨਾਥ ਵਾਲਾ, ਖਸਮ ਵਾਲਾ।੧।

ਅਰਥ :–

ਪ੍ਰ:–ਸ੍ਰੀ ਜੀਉ! ਪ੍ਰਭੂ ਦੀ ਸਿਫਤ ਸਲਾਹ ਕਿਸ ਰੂਪ ਵਿਚ ਕਰਦੇ ਰਹੀਏ ?

1. **ਉ**.–ਹੇ ਭਾਈ! ਉਸ ਦੀ ਮਹਿਮਾਂ ਇਸ ਰੂਪ ਵਿਚ ਕਰਦੇ ਰਹੋ ਕਿ, ਹੇ ਪ੍ਰਭੂ! ਤੂੰ ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ ਹੈਂ, ਤੂੰ ਜਗਤ ਦਾ ਮਾਲਕ ਹੈਂ, ਤੂੰ ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਹੈਂ, ਤੂੰ ਸ੍ਰਿਸ਼ਟੀ ਦਾ ਖਸਮ ਹੈਂ।

2.3 ਹੇ ਪ੍ਰਭੂ! ਧੁਰ ਦਰਗਾਹ ਤੋਂ ਜਿਨ੍ਹਾਂ ਦੇ ਭਾਗਾਂ ਵਿਚ ਹਰਿ ਸਿਮਰਨ ਦੇ ਸੰਸਕਾਰਾਂ ਦਾ ਲੇਖ ਲਿਖਿਆ ਹੋਇਆ ਹੈ, ਜਿਨ੍ਹਾਂ ਦਾ ਮੱਥਾ ਭਾਗਾਂ ਵਾਲਾ ਹੈ, ਉਨ੍ਹਾਂ ਨੇ ਤੈਨੂੰ ਸਿਮਰਿਆ ਹੈ, ਉਨ੍ਹਾਂ ਨੇ ਰਾਮ ਨੂੰ ਸਿਮਰਿਆ ਹੈ।

4, ਹੇ ਭਾਈ! ਜਿਨ੍ਹਾਂ ਨੇ ਗੁਰੂ ਦੇ ਬਚਨਾਂ ਉਤੇ ਤੁਰ ਕੇ ਪ੍ਰਮਾਤਮਾਂ ਦਾ ਨਾਮ ਜਪਿਆ ਹੈ, ਉਨ੍ਹਾਂ ਦੇ ਸਾਰੇ ਪਾਪ ਅੱਖ ਝਮਕਣ ਦੇ ਸਮੇਂ ਵਿਚ ਹੀ ਦੂਰ ਹੋ ਜਾਂਦੇ ਹਨ।

5. ਹੇ ਭਾਈ! ਉਹ ਬੰਦੇ ਭਾਗਾਂ ਵਾਲੇ ਹਨ, ਮੁਬਾਰਕ ਹਨ; ਜਿਹੜੇ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦਾ ਦਰਸ਼ਨ ਕਰ ਕੇ ਮੈਂ (ਭੀ) ਖਸਮ ਵਾਲਾ (ਅਖਵਾਣ ਜੋਗਾ) ਹੋ ਗਿਆ ਹਾਂ (ਕਿਉਂਕਿ ਮੈਂ ਭੀ ਖਸਮ ਪ੍ਰਭੂ ਦਾ ਨਾਮ ਜਪਣ ਲਗ ਗਿਆ ਹਾਂ।)

6. ਹੇ ਪ੍ਰਭੂ! ਤੂੰ ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ ਹੈਂ ਤੂੰ ਜਗਤ ਦਾ ਮਾਲਕ ਹੈਂ, ਤੂੰ ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ ਹੈਂ ਤੂੰ ਸ੍ਰਿਸ਼ਟੀ ਦਾ ਖਸਮ ਹੈਂ।੧।

1. ਤੂ ਜਲਿ ਥਲਿ ਮਹੀਅਲਿ ਭਰਪੂਰਿ
ਸਭ ਊਪਰਿ ਸਾਚੁ ਧਣੀ ॥
2. ਜਿਨ ਜਪਿਆ ਹਰਿ ਮਨਿ ਚੀਤਿ
ਹਰਿ ਜਪਿ ਜਪਿ ਮੁਕਤੁ ਘਣੀ ॥
3. ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ
ਤਿਨ ਕੇ ਊਜਲ ਮੁਖ ਹਰਿ ਦੁਆਰਿ ॥
4. ਓਇ ਹਲਤਿ ਪਲਤਿ ਜਨ ਭਏ ਸੁਹੇਲੇ
ਹਰਿ ਰਾਖਿ ਲੀਏ ਰਖਨਹਾਰਿ ॥
5. ਹਰਿ ਸੰਤਸੰਗਤਿ ਜਨ ਸੁਣਹੁ ਭਾਈ
ਗੁਰਮੁਖਿ ਹਰਿ ਸੇਵਾ ਸਫਲ ਬਣੀ ॥
6. ਤੂ ਜਲਿ ਥਲਿ ਮਹੀਅਲਿ ਭਰਪੂਰਿ
ਸਭ ਊਪਰਿ ਸਾਚੁ ਧਣੀ ॥੨॥

ਪਦ ਅਰਥ :–ਜਲਿ–ਜਲ ਵਿਚ। ਥਲਿ–ਧਰਤੀ ਵਿਚ। ਮਹੀਅਲਿ–ਮਹੀਤਲਿ; (ਮਹੀ–ਧਰਤੀ। ਤਲਿ–ਤਲ ਉਤੇ) ਧਰਤੀ ਦੇ ਤਲ ਉਤੇ; ਪੁਲਾੜ ਵਿਚ। ਭਰਪੂਰਿ–ਵਿਆਪਕ। ਸਾਚੁ–ਸਦਾ ਕਾਇਮ ਰਹਿਣ ਵਾਲਾ। ਧਣੀ–ਮਾਲਕ। ਮਨਿ–ਮਨ ਵਿਚ। ਚੀਤਿ-ਚਿੱਤ ਵਿਚ। ਜਪਿ ਜਪਿ–ਮੁੜ ਮੁੜ ਜਪ ਕੇ। ਘਣੀ–ਬਹੁਤ ਲੁਕਾਈ।

ਤੇ–ਉਹ। ਮੁਕਤ–ਵਿਕਾਰਾਂ ਤੋਂ ਸੁਤੰਤ੍ਰ। ਤਿਨ ਕੇ ਮੁਖ–ਉਨ੍ਹਾਂ ਦੇ ਮੂੰਹ। ਉਜਲ–ਰੌਸ਼ਨ। ਦੁਆਰਿ–ਦੁਆਰੇ ਤੇ, ਦਰ ਤੇ। ਓਇ–ਉਹ ਬੰਦੇ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਸੁਹੇਲੇ-ਸੁਖੀ। ਰਖਨਹਾਰਿ–ਰਖਣਹਾਰ ਨੇ, ਬਚਾਣ ਦੀ ਸਮਰੱਥਾ ਵਾਲੇ ਨੇ।

ਭਾਈ–ਹੇ ਭਾਈ! ਗੁਰਮੁਖਿ–ਗੁਰੂ ਦੀ ਸ਼ਰਣ ਪੈਣ ਵਾਲੇ। ਸਫਲ–ਫਲ ਵਾਲੀ, ਕਾਮਯਾਬ।੨।

ਅਰਥ :–

ਪ੍ਰ:–ਸ੍ਰੀ ਜੀਉ! ਉਸ ਪ੍ਰਭੂ ਦਾ ਸਿਮਰਨ ਕਰਦੇ ਰਹਿਣ ਵਾਲਿਆਂ ਦਾ ਉਸ ਸਾਈਂ ਜੀ ਤੇ ਕੀ ਵਿਸ਼ਵਾਸ਼ ਹੋ ਆਉਂਦਾ ਹੈ ?

1, **ਉ**.–ਹੇ ਪਿਆਰੇ! ਉਨ੍ਹਾਂ ਦਾ ਤਾਂ ਇਹੋ ਹੀ ਨਿਸਚਾ ਹੋ ਆਉਂਦਾ ਹੈ ਕਿ, ਹੇ ਪ੍ਰਭੂ! ਤੂੰ ਜਲ ਵਿਚ, ਧਰਤੀ ਵਿਚ, ਅਕਾਸ਼ ਵਿਚ (ਹਰ ਥਾਂ) ਵਿਆਪਕ ਹੈਂ ਤੂੰ ਸਭ ਜੀਵਾਂ ਦੇ ਸਿਰ ਉਤੇ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ।

2. ਹੇ ਭਾਈਓ! ਜਿਨ੍ਹਾਂ ਮਨੁੱਖਾਂ ਨੇ ਆਪਣੇ ਮਨ ਵਿਚ ਆਪਣੇ ਚਿਤ ਵਿਚ ਪ੍ਰਭੂ ਦਾ ਨਾਮ (ਸਦਾ) ਜਪਿਆ ਹੈ (ਉਹ ਵਿਕਾਰਾਂ ਤੋਂ ਬਚ ਗਏ) ਹੇ ਭਾਈ! ਪ੍ਰਭੂ ਦਾ ਨਾਮ ਮੁੜ ਮੁੜ ਜਪ ਕੇ ਬੇਅੰਤ ਲੁਕਾਈ ਮੁਕਤ ਹੋ ਜਾਂਦੀ ਹੈ।

3. ਹੇ ਭਾਈ! ਜਿਹੜੇ ਪ੍ਰਾਣੀ ਪ੍ਰਮਾਤਮਾਂ ਦਾ ਨਾਮ ਜਪਦੇ ਹਨ, ਉਹ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ, ਪ੍ਰਮਾਤਮਾਂ ਦੇ ਦਰ ਤੇ ਉਨ੍ਹਾਂ ਦੇ ਮੂੰਹ ਉਜਲੇ ਹੁੰਦੇ ਹਨ, (ਪ੍ਰਭੂ ਦੇ ਦਰ ਆਦਰ ਸਤਿਕਾਰ ਪਾਉਂਦੇ ਹਨ)।

4. ਉਹ ਬੰਦੇ ਇਸ ਲੋਕ ਵਿਚ ਤੇ ਪ੍ਰਲੋਕ ਵਿਚ ਸੁਖੀ ਜੀਵਨ ਵਾਲੇ ਹੋ ਜਾਂਦੇ ਹਨ, ਬਚਾਣ ਦੀ ਸਮਰੱਥਾ ਵਾਲੇ ਪ੍ਰਮਾਤਮਾਂ

ਨੇ ਉਨ੍ਹਾਂ ਨੂੰ ਆਪ (ਵਿਕਾਰਾਂ ਤੋਂ) ਬਚਾ ਲਿਆ ਹੁੰਦਾ ਹੈ।

5. ਹੇ ਹਰੀ ਦੇ ਸੰਤ ਜਨੋ ! ਹੇ ਸਾਧ ਸੰਗਤ, ਹੇ ਭਾਈ, ਸੁਣੋ, ਗੁਰੂ ਦੀ ਸ਼ਰਨ ਪਇਆਂ ਹੀ ਪ੍ਰਮਾਤਮਾਂ ਦੀ ਕੀਤੀ ਹੋਈ ਸੇਵਾ ਭਗਤੀ ਕਾਮਯਾਬ ਹੁੰਦੀ ਹੈ।

6. ਹੇ ਪ੍ਰਭੂ ! ਤੂੰ ਜਲ ਵਿਚ ਧਰਤੀ ਵਿਚ ਅਕਾਸ਼ ਵਿਚ (ਹਰ ਥਾਂ) ਵਿਆਪਕ ਹੈਂ, ਤੂੰ ਸਭ ਜੀਵਾਂ ਦੇ ਸਿਰ ਉਤੇ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ ।੨।

1. ਤੂ ਥਾਨ ਥਨੰਤਰਿ ਹਰਿ ਏਕੁ
ਹਰਿ ਏਕੋ ਏਕੁ ਰਵਿਆ ॥
2. ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ
ਮੁਖਿ ਹਰਿ ਹਰਿ ਨਾਮੁ ਚਵਿਆ ॥
3. ਸਭਿ ਚਵਹਿ ਹਰਿ ਹਰਿ ਨਾਮੁ ਕਰਤੇ
ਅਸੰਖ ਅਗਣਤ ਹਰਿ ਧਿਆਵਏ ॥
4. ਸੋ ਧੰਨੁ ਧਨੁ ਹਰਿ ਸੰਤੁ ਸਾਧੂ
ਜੋ ਹਰਿ ਪ੍ਰਭ ਕਰਤੇ ਭਾਵਏ ॥
5. ਸੋ ਸਫਲੁ ਦਰਸਨੁ ਦੇਹੁ ਕਰਤੇ
ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥
6. ਤੂ ਥਾਨ ਥਨੰਤਰਿ ਹਰਿ ਏਕੁ
ਹਰਿ ਏਕੋ ਏਕੁ ਰਵਿਆ ॥੩॥

ਪਦ ਅਰਥ :—ਥਾਨ ਥਨੰਤਰਿ—ਥਾਨ ਥਾਨ ਅੰਤਰ, ਹਰੇਕ ਥਾਂ ਵਿਚ। ਰਵਿਆ—ਵਿਆਪਕ, ਮੌਜੂਦ। ਵਣਿ—ਵਣ ਵਿਚ । ਤ੍ਰਿਣਿ—ਤ੍ਰਿਣ ਵਿਚ, ਘਾਹ ਦੇ ਤੀਲੇ ਵਿਚ । ਤ੍ਰਿਭਵਣਿ—ਤਿੰਨ ਭਵਨੀ ਜਗਤ ਵਿਚ। ਮੁਖਿ—ਮੂੰਹ ਨਾਲ। ਚਵਿਆ—ਉਚਾਰਿਆ।

ਸਭਿ—ਸਾਰੇ ਜੀਵ । ਚਵਹਿ—ਉਚਾਰਦੇ ਹਨ । ਕਰਤੇ—ਕਰਤਾਰ ਦਾ। ਅਸੰਖ—ਜਿਨ੍ਹਾਂ ਦੀ ਸੰਖਿਆ ਨਹੀਂ ਹੋ ਸਕਦੀ, ਅਣਗਿਣਤ। ਧਿਆਵਏ—ਧਿਆਵੈ, ਧਿਆਉਂਦੀ ਹੈ। ਕਰਤੇ ਭਾਵਏ—ਕਰਤਾਰ ਨੂੰ ਪਿਆਰਾ ਲਗਦਾ ਹੈ।

ਸਫਲੁ—ਕਾਮਯਾਬ । ਸੋ—ਉਹ ਮਨੁੱਖ। ਦਰਸਨੁ—(ਉਸ ਮਨੁੱਖ ਦਾ) ਦਰਸ਼ਨ । ਕਰਤੇ—ਹੇ ਕਰਤਾਰ। ਜਿਸੁ ਹਿਰਦੈ—ਜਿਸ ਦੇ ਹਿਰਦੇ ਵਿਚ। ਸਦ—ਸਦਾ। ਚਵਿਆ—ਉਚਾਰਿਆ ।੩।

ਅਰਥ :—

ਪ੍ਰ:—ਸ੍ਰੀ ਜੀਉ ! ਸਿਮਰਨ ਦੀ ਬਰਕਤ ਨਾਲ ਮਨੁੱਖ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ ?

1. ਉ:—ਐ ਪਿਆਰੇ ! ਉਸ ਦੇ ਮਨ ਵਿਚੋਂ ਤਾਂ ਹਰ ਵਕਤ ਇਹੋ ਹੀ ਧੁਨੀ ਨਿਕਲਦੀ ਹੈ ਕਿ, ਹੇ ਹਰੀ ! ਹਰੇਕ ਥਾਂ ਵਿਚ ਇਕ ਤੂੰ ਹੀ ਤੂੰ ਮੌਜੂਦ ਹੈਂ।

2. ਹੇ ਪ੍ਰਭੂ ! ਜੰਗਲ ਵਿਚ ਘਾਹ ਦੇ ਤੀਲੇ ਵਿਚ, ਤ੍ਰਿਭਵਣੀ ਜਗਤ ਵਿਚ, ਹਰ ਥਾਂ ਤੂੰ ਹੀ ਤੂੰ ਵਸ ਰਿਹਾ ਹੈਂ, ਹੇ ਭਾਈ ! ਸਾਰੀ ਸ੍ਰਿਸ਼ਟੀ (ਭਾਵ, ਸਾਰੀ ਸ੍ਰਿਸ਼ਟੀ ਦੇ ਜੀਵ) ਆਪਣੇ ਮੂੰਹ ਨਾਲ ਹਰਿ ਨਾਮ ਹੀ ਉਚਾਰ ਰਹੀ ਹੈ।

3. ਹੇ ਭਾਈ ! ਅਸੰਖਾਂ ਜੀਵ, ਅਣਗਿਣਤ ਜੀਵ ਸਾਰੇ ਹੀ ਕਰਤਾਰ ਦਾ ਨਾਮ ਸਦਾ ਉਚਾਰ ਰਹੇ ਹਨ, ਹੇ ਭਾਈ ! ਸਾਰੀ ਸ੍ਰਿਸ਼ਟੀ ਹਰੀ ਦਾ ਨਾਮ ਹੀ ਸਿਮਰ ਰਹੀ ਹੈ।

4. ਹੇ ਭਾਈ ! ਹਰੀ ਦਾ ਉਹ ਸੰਤ ਹਰੀ ਦਾ ਉਹ ਸਾਧੂ ਧੰਨ ਹੈ, ਧੰਨ ਹੈ, ਜਿਹੜਾ ਹਰਿ ਪ੍ਰਭੂ ਨੂੰ, ਜਿਹੜਾ ਕਰਤਾਰ ਨੂੰ ਪਿਆਰਾ ਲਗਦਾ ਹੈ।

5.6 ਹੇ ਕਰਤਾਰ ! ਜਿਸਦੇ ਹਿਰਦੇ ਵਿਚ (ਤੂੰ ਵਸਦਾ ਹੈਂ) ਜੋ ਸਦਾ (ਤੇਰਾ) ਨਾਮ ਉਚਾਰਦਾ ਹੈ ਉਹ ਮਨੁੱਖ ਕਾਮਯਾਬ (ਜੀਵਨ ਵਾਲਾ) ਹੈ (ਮੈਨੂੰ ਉਸ ਦਾ) ਦਰਸ਼ਨ ਬਖਸ਼, ਹੇ ਹਰੀ ! ਹਰੇਕ ਥਾਂ ਵਿਚ ਇਕ ਤੂੰ ਹੀਂ ਤੂੰ ਮੌਜੂਦ ਹੈਂ ।੩।

1. ਤੇਰੀ ਭਗਤਿ ਭੰਡਾਰ ਅਸੰਖ
ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥
2. ਜਿਸ ਕੈ ਮਸਤਕਿ ਗੁਰ ਹਾਥੁ
ਤਿਸੁ ਹਿਰਦੈ ਹਰਿ ਗੁਣ ਟਿਕਹਿ ॥
3. ਹਰਿ ਗੁਣ ਹਿਰਦੈ ਟਿਕਹਿ ਤਿਸ ਕੈ
ਜਿਸੁ ਅੰਤਰਿ ਭਉ ਭਾਵਨੀ ਹੋਈ ॥
4. ਬਿਨੁ ਭੈ ਕਿਨੈ ਨ ਪ੍ਰੇਮ ਪਾਇਆ
ਬਿਨੁ ਭੈ ਪਾਰਿ ਨ ਉਤਰਿਆ ਕੋਈ ॥
5. ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ
ਜਿਸੁ ਤੂ ਆਪਣੀ ਕਿਰਪਾ ਕਰਹਿ ॥
6. ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ
ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥

ਪਦ ਅਰਥ :—ਭੰਡਾਰ—ਖਜ਼ਾਨੇ । ਅਸੰਖ—ਬੇਅੰਤ। ਸੁਆਮੀ—ਹੇ ਸੁਆਮੀ। ਜਿਸ ਕੈ ਮਸਤਕਿ—ਜਿਸ ਦੇ ਮੱਥੇ ਉਤੇ। ਗੁਰ ਹਾਥੁ—ਗੁਰੂ ਦਾ ਹੱਥ। ਟਿਕਹਿ—ਟਿਕ ਜਾਂਦੇ ਹਨ।

ਤਿਸ ਕੈ ਹਿਰਦੈ—ਉਸ (ਮਨੁੱਖ) ਦੇ ਹਿਰਦੇ ਵਿਚ। ਭਉ—ਡਰ-ਅਦਬ। ਭਾਵਨੀ—ਸ਼ਰਧਾ, ਪਿਆਰ। ਬਿਨੁ ਭੈ—ਡਰ ਅਦਬ ਤੋਂ ਬਿਨਾ। ਤਿਸਹਿ—ਉਸ (ਮਨੁੱਖ) ਨੂੰ ।੪।

ਅਰਥ :—

ਪ੍ਰ:—ਸ੍ਰੀ ਜੀਉ ! ਸੰਸਾਰ ਵਿਚ ਵਡੇ ਵਡੇ ਖਜ਼ਾਨੇ ਮੁੱਕ ਜਾਂਦੇ ਹਨ, ਪਰ, ਭਗਤਾਂ ਨੂੰ ਭਗਤੀ ਦੇ ਖਜ਼ਾਨਿਆਂ ਬਾਰੇ ਕੀ ਨਿਸਚਾ ਹੋਇਆ ਕਰਦਾ ਹੈ ?

1. ਉ:—ਹੇ ਭਾਈਓ ! ਉਨ੍ਹਾਂ ਦਾ ਤਾਂ ਇਹੋ ਹੀ ਵਿਸ਼ਵਾਸ਼ ਹੋ ਜਾਂਦਾ ਹੈ ਕਿ, ਹੇ ਹਰੀ, ਹੇ ਮੇਰੇ ਸੁਆਮੀ (ਤੇਰੇ ਘਰ ਵਿਚ) ਤੇਰੀ ਭਗਤੀ ਦੇ ਬੇਅੰਤ ਖਜ਼ਾਨੇ ਭਰੇ ਪਏ ਹਨ, ਪਰ, ਇਹ ਖਜ਼ਾਨੇ ਉਸ (ਮਨੁੱਖ) ਨੂੰ ਮਿਲਦੇ ਹਨ, ਜਿਸ ਨੂੰ ਤੂੰ (ਆਪ) ਦੇਂਦਾ ਹੈਂ।

2. ਹੇ ਭਾਈ ! ਜਿਸ ਦੇ ਮੱਥੇ ਉਤੇ ਗੁਰੂ ਦਾ ਹੱਥ ਹੋਵੇ, ਉਸ ਦੇ ਹਿਰਦੇ ਵਿਚ ਪ੍ਰਮਾਤਮਾਂ ਦੇ ਗੁਣ ਟਿਕੇ ਰਹਿੰਦੇ ਹਨ।

3. ਹੇ ਭਾਈ ! ਜਿਸ (ਮਨੁੱਖ) ਦੇ ਅੰਦਰ (ਪ੍ਰਮਾਤਮਾਂ ਦਾ) ਡਰ-ਅਦਬ ਹੈ, (ਪ੍ਰਮਾਤਮਾਂ ਵਾਸਤੇ) ਸ਼ਰਧਾ ਪਿਆਰ ਹੈ, ਉਸਦੇ ਹਿਰਦੇ ਵਿਚ ਪ੍ਰਮਾਤਮਾਂ ਦੇ ਗੁਣ ਟਿਕੇ ਰਹਿੰਦੇ ਹਨ।

ਪ੍ਰ–ਕਿਉਂ ਜੀ ! ਉਸ ਪ੍ਰਮੇਸ਼ਰ ਦਾ ਪਿਆਰ ਕਿਸ ਹਿਰਦੇ ਵਿਚ ਉਪਜਦਾ ਹੈ ?

4. ਉ:–ਐ ਪਿਆਰੇ ! ਪ੍ਰਮੇਸ਼ਰ ਦੇ ਡਰ ਅਦਬ ਤੋਂ ਬਿਨਾ ਕਿਸੇ ਭੀ ਮਨੁੱਖ ਨੇ (ਪ੍ਰਮਾਤਮਾਂ ਦਾ) ਪ੍ਰੇਮ ਪ੍ਰਾਪਤ ਨਹੀਂ ਕੀਤਾ, ਕੋਈ ਭੀ ਮਨੁੱਖ (ਪ੍ਰਮਾਤਮਾਂ ਦੇ) ਡਰ ਅਦਬ ਤੋਂ ਬਿਨਾ (ਇਸ ਸੰਸਾਰ ਸਮੁੰਦਰ ਤੋਂ) ਪਾਰ ਨਹੀਂ ਲੰਘ ਸਕਿਆ (ਕੋਈ ਭੀ ਵਿਕਾਰਾਂ ਤੋਂ ਬਚ ਨਹੀਂ ਸਕਿਆ)।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਉਸੇ ਹੀ ਮਨੁੱਖ ਦੇ ਹਿਰਦੇ ਵਿਚ ਤੇਰਾ ਡਰ ਅਦਬ ਤੇਰਾ ਪ੍ਰੇਮ ਪਿਆਰ ਪੈਦਾ ਹੁੰਦਾ ਹੈ, ਜਿਸ ਉਤੇ ਤੂੰ ਆਪਣੀ ਮਿਹਰ ਕਰਦਾ ਹੈਂ।

6. ਹੇ ਸੁਆਮੀ ! (ਤੇਰੇ ਘਰ ਵਿਚ) ਤੇਰੀ ਭਗਤੀ ਦੇ ਬੇਅੰਤ ਖਜ਼ਾਨੇ ਭਰੇ ਪਏ ਹਨ, (ਪਰ ਇਹ ਖਜ਼ਾਨੇ) ਉਸ (ਮਨੁੱਖ) ਨੂੰ ਮਿਲਦੇ ਹਨ, ਜਿਸ ਨੂੰ ਤੂੰ (ਆਪ) ਦੇਂਦਾ ਹੈਂ।੪।੩।

ਭਾਵਾਰਥ :–ਉਸ ਸਾਰੀ ਸ੍ਰਿਸ਼ਟੀ ਦੇ ਮਾਲਕ ਹਰੀ ਨੂੰ ਕੋਈ ਕਰਮਾਂ ਵਾਲਾ ਹੀ ਧਿਆਉਂਦਾ ਹੈ। ਉਸ ਦੇ ਪਾਪ ਦੂਰ ਹੋ ਜਾਂਦੇ ਹਨ ਅਤੇ ਉਸ ਦਾ ਦਰਸ਼ਨ ਕਰਨ ਨਾਲ ਹੋਰ ਭੀ ਬਚ ਨਿਕਲਦੇ ਹਨ (੧) ਸਭ ਥਾਂ ਭਰਪੂਰ ਹਰੀ ਨੂੰ ਜਪਣ ਵਾਲਾ ਮੁਕਤ ਹੋ ਜਾਂਦਾ ਹੈ, ਪਰ ਇਹ ਜਪਣਾ ਗੁਰੂ ਦੀ ਸੰਗਤ ਵਿਚੋਂ ਹੀ ਮਿਲਦਾ ਹੈ (੨) ਹਰ ਥਾਂ ਵਸਣ ਵਾਲਾ ਹਰੀ ਗੁਰੂ ਸੰਤ ਦੇ ਦਰਸ਼ਨਾਂ ਤੋਂ ਲਭਦਾ ਹੈ (੩) ਹਰੀ ਦੀ ਭਗਤੀ ਉਸੇ ਨੂੰ ਹੀ ਮਿਲਦੀ ਹੈ ਜਿਸ ਦੇ ਮੱਥੇ ਤੇ ਗੁਰੂ ਦਾ ਹੱਥ ਹੋਵੇ, ਉਹ ਭਾਗਾਂ ਵਾਲਾ ਪ੍ਰਾਣੀ ਭਉਦੇ ਰਾਹੀਂ ਪ੍ਰੇਮ ਸਿਖਦਾ ਅਤੇ ਗੁਣ ਗਾਉਂਦਾ ਹੋਇਆ, ਹਰੀ ਨਾਲ ਜਾ ਮਿਲਦਾ ਹੈ (੪)।

ਤੁਖਾਰੀ ਮਹਲਾ ੪ ॥

1. **ਨਾਵਣੁ ਪੁਰਬੁ ਅਭੀਚੁ**
   ਗੁਰ ਸਤਿਗੁਰ ਦਰਸੁ ਭਇਆ ॥
2. **ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥**
3. **ਗੁਰ ਦਰਸੁ ਪਾਇਆ ਅਗਿਆਨੁ ਗਵਾਇਆ**
   ਅੰਤਰਿ ਜੋਤਿ ਪ੍ਰਗਾਸੀ ॥
4. **ਜਨਮ ਮਰਣੁ ਦੁਖ ਖਿਨ ਮਹਿ ਬਿਨਸੇ**
   ਹਰਿ ਪਾਇਆ ਪ੍ਰਭੁ ਅਬਿਨਾਸੀ ॥
5. **ਹਰਿ ਆਪਿ ਕਰਤੈ ਪੁਰਬੁ ਕੀਆ**
   ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥
6. **ਨਾਵਣੁ ਪੁਰਬੁ ਅਭੀਚੁ**
   ਗੁਰ ਸਤਿਗੁਰ ਦਰਸੁ ਭਇਆ ॥੧॥

ਪਦ ਅਰਥ :–ਨਾਵਣੁ–ਇਸ਼ਨਾਨ, ਤੀਰਥ ਇਸ਼ਨਾਨ। ਪੁਰਬੁ–ਪਵਿਤ੍ਰ ਦਿਨ, ਚਾਨਣੇ ਪੱਖ ਦੀ ਪਹਿਲੀ ਪੂਰਨਮਾਸ਼ੀ। ਅਭੀਚੁ–(ਪੂਰਨ ਜਿਤ ਦੇਣ ਵਾਲਾ) ਉਹ ਲਗਨ ਜੋ ਕਿਤੇ ਪੈਂਡੇ ਪੈਣ ਵਾਸਤੇ ਸੁਭ ਸਮਝਿਆ ਜਾਂਦਾ ਹੈ। ਪੁਰਬੁ ਅਭੀਚੁ–ਉਹ ਪਵਿਤ੍ਰ ਦਿਨ ਜਦੋਂ ਤੀਰਥ ਇਸ਼ਨਾਨ ਵੈਰੀਆਂ ਉਤੇ ਜਿਤ ਦੇਣ ਵਾਲਾ ਮੰਨਿਆਂ ਜਾਂਦਾ ਹੈ।

ਗੁਰ ਸਤਿਗੁਰ ਦਰਸੁ–ਗੁਰੂ ਦਾ ਸਤਿਗੁਰੂ ਦਾ ਦਰਸ਼ਨ। ਦੁਰਮਤਿ ਮੈਲੁ–ਖੋਟੀ ਮਤਿ ਦੀ ਮੈਲ। ਹਰੀ–ਦੂਰ ਹੋ ਗਈ। ਅਗਿਆਨੁ–ਆਤਮਕ ਜੀਵਨ ਵਲੋਂ ਬੇ-ਸਮਝੀ। ਅੰਧੇਰੁ–ਹਨੇਰਾ। ਅੰਤਰਿ–ਅੰਦਰ। ਪ੍ਰਗਾਸੀ–ਪ੍ਰਗਟ ਹੋ ਗਈ। ਜੋਤਿ ਪ੍ਰਗਾਸੀ–ਜੋਤ ਨੇ ਪ੍ਰਕਾਸ਼ ਕੀਤਾ। ਜਨਮ ਮਰਣ ਦੁਖ–ਜਨਮ ਮਰਣ ਦੇ ਦੁੱਖ। ਬਿਨਸੇ–ਨਾਸ ਹੋ ਗਏ। ਅਬਿਨਾਸੀ–ਨਾਸ਼ ਰਹਿਤ।

ਆਪਿ ਕਰਤੈ–ਕਰਤਾਰ ਨੇ ਆਪ। ਕੀਆ–ਕੀਤਾ। ਕੁਲਖੇਤਿ–ਕੁਲਖੇਤ ਤੇ। ਨਾਵਣਿ–ਨਾਵਣ ਤੇ, ਨਾਵਣੇ (ਦੇ ਮੌਕੇ) ਤੇ, ਤੀਰਥ ਇਸ਼ਨਾਨ ਦੇ ਸਮੇਂ ਤੇ।੧।

ਉਥਾਨਕਾ :–ਗੁਰੂ ਅਮਰਦਾਸ ਜੀ ਸਿਖ ਬਣਨ ਤੋਂ ਪਹਿਲਾਂ ੧੯ ਵਾਰੀ ਤੀਰਥਾਂ ਦੀ ਯਾਤਰਾ ਕਰਨ ਗਏ ਸਨ, ਪਰ ਜਦੋਂ ਗੁਰੂ ਅੰਗਦ ਸਾਹਿਬ ਦੀ ਭੇਟਨਾ ਹੋਈ ਤਾਂ ਤੀਰਥ ਯਾਤਰਾ ਦਾ ਖਿਆਲ ਮਿਟ ਗਿਆ।

ਸਚਾ ਤੀਰਥੁ ਜਿਤੁ ਸਤਸਰਿ ਨਾਵਣ
ਗੁਰਮੁਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ
ਤਿਤੁ ਨਾਤੈ ਮਲੁ ਜਾਏ ॥ (ਸੂਹੀ ਮ: ੫, ਪੰਨਾ ੭੫੩

ਗੁਰੂ ਜੀ ਫੇਰ ਉਨ੍ਹਾਂ ਹੀ ਤੀਰਥ ਅਸਥਾਨਾਂ ਤੇ ਫੇਰੀ ਪਾਂਦੇ ਹਨ, ਪਰ ਹੁਣ ਮੰਤਵ ਕੁਝ ਹੋਰ ਹੈ। ਮੈਕਾਲਿਫ ਆਦਿ ਨੇ ਗਲਤ ਲਿਖਿਆ ਹੈ ਕਿ ਗੁਰੂ ਜੀ ਬਾਦਸ਼ਾਹ ਦੇ ਆਖੇ ਲਗ ਕੇ ਹਿੰਦੂ ਸ਼ਕਾਇਤੀਆਂ ਨੂੰ ਖੁਸ਼ ਕਰਨ ਲਈ ਤੀਰਥ ਯਾਤਰਾ ਲਈ ਗਏ। ਗੁਰੂ ਜੀ ਦਾ ਮੰਤਵ ਇਸੇ ਬਾਣੀ ਵਿਚ ਸਾਫ ਦਰਜ ਹੈ ਕਿ, 'ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾਂ ਭਾਵ ਗੁਰੂ ਜੀ ਨੇ ਤੀਰਥਾਂ ਉਤੇ ਜਾਣ ਦੀ ਤਕਲੀਫ ਲੋਕਾਂ ਦੇ ਉਧਾਰ ਲਈ ਕੀਤੀ, ਆਪ ਜੀ ਦਾ ਮਤਲਬ ਕੇਵਲ ਧਰਮ ਪ੍ਰਚਾਰ ਸੀ।

ਉਨ੍ਹੀਂ ਦਿਨੀਂ ਸਰਕਾਰ ਵਲੋਂ ਹਿਦੂ ਯਾਤਰੂਆਂ ਪਾਸੋਂ ਮਸੂਲ ਲਿਆ ਜਾਂਦਾ ਸੀ, ਪਰ ਇਸ ਮੌਕੇ ਤੇ ਬਾਦਸ਼ਾਹ ਵਲੋਂ ਗੁਰੂ ਦੀਆਂ ਸੰਗਤਾਂ ਨੂੰ ਮਾਫੀ ਸੀ, ਜਿਵੇਂ ਹੋਰ ਗੈਰ ਹਿੰਦੂਆਂ ਨੂੰ ਮਾਫੀ ਸੀ ਇਸ ਰਿਆਇਤ ਤੋਂ ਫਾਇਦਾ ਉਠਾ ਕੇ ਹੋਰ ਲੋਕ ਭੀ ਸਿਖ ਹੋਣ ਦਾ ਦਾਹਵਾ ਕਰ ਕੇ ਬਿਨਾ ਮਸੂਲ ਦਿਤੇ

ਸਿਖਾਂ ਨਾਲ ਪਾਰ ਲੰਘ ਗਏ, ਸਿਟਾ ਇਹ ਨਿਕਲਿਆ ਕਿ ਮਸੂਲੀਆਂ ਨੂੰ ਇਕ ਕੌਡੀ ਭੀ ਗੋਲਕ ਵਿਚ ਨ ਪਈ।

ਅਰਥ :—

ਪ੍ਰ:—ਸ੍ਰੀ ਜੀਉ ! ਹਿੰਦੂ ਮਤ ਅਨੁਸਾਰ ਅਭਿਜਿਤ ਲਗਨ ਵਾਲੇ ਪੁਰਬ ਸਮੇਂ ਲੋਕੀ ਗੰਗਾ ਤੇ ਇਕੱਠੇ ਹੁੰਦੇ ਹਨ ਅਤੇ ਇਸ ਸਮੇਂ ਪੁੰਨ ਦਾਨ ਕੀਤੇ ਹੋਏ ਸਫਲ ਸਮਝੇ ਜਾਂਦੇ ਹਨ ਅਤੇ ਜੋ ਸੂਰਮਾਂ ਦੁਸ਼ਮਣ ਨਾਲ ਲੜੇ ਉਸ ਨੂੰ ਭੀ ਫਤਹਿ ਹਾਸਿਲ ਹੋਣ ਦਾ ਫਲ ਮੰਨਿਆਂ ਜਾਂਦਾ ਹੈ, ਸੋ ਕੀ ਗੁਰਮਤਿ ਦੀ ਵੀਚਾਰ ਦੁਆਰਾ ਆਪ ਭੀ ਇਸ ਹਿੰਦੂ ਖਿਆਲ ਨਾਲ ਸਹਿਮਤ ਹੋ ?

1. **ਉ:**—ਹੇ ਭਾਈ ! ਗੁਰਮਤਿ ਤਾਂ ਇਸ ਵੀਚਾਰ ਧਾਰਾ ਨਾਲ ਸਹਿਮਤ ਹੈ ਕਿ, ਜਿਸ ਮਨੁੱਖ ਨੂੰ ਗੁਰੂ ਦਾ ਸਤਿਗੁਰੂ ਦਾ ਦਰਸ਼ਨ ਹੋ ਗਿਆ, (ਇਹੋ ਹੀ ਗੁਰੂ ਦਾ ਦਰਸ਼ਨ ਉਸ ਮਨੁੱਖ ਵਾਸਤੇ) ਸਹੀ ਰੂਪ ਵਿਚ ਤੀਰਥ ਇਸ਼ਨਾਨ ਹੈ, (ਉਸ ਮਨੁੱਖ ਵਾਸਤੇ) ਇਹੋ ਹੀ ਅਭੀਜ ਨਛਤਰ ਦਾ ਪਵਿਤ੍ਰ ਦਿਹਾੜਾ ਹੈ।

ਪ੍ਰ:—ਸ੍ਰੀ ਜੀਉ ! ਗੰਗਾ ਆਦਿਕ ਤੀਰਥਾਂ ਦੇ ਇਸ਼ਨਾਨ ਰਾਹੀਂ ਪਾਪਾਂ ਦੀ ਮੈਲ ਨਵਿਰਤ ਹੋਣ ਦਾ ਭੀ ਲੋਕੀ ਯਕੀਨ ਰਖਦੇ ਹਨ, ਪਰ ਗੁਰੂ ਦੇ ਦਰਸ਼ਨ ਦੁਆਰੇ ਆਪ ਜੀ ਹੋਰ ਕੀ ਪਵਿਤ੍ਰਤਾ ਮੰਨਦੇ ਹੋ ?

2. **ਉ:**—ਹੇ ਭਾਈਓ ! ਗੁਰੂ ਦੇ ਦਰਸ਼ਨ ਦੀ ਬਰਕਤ ਨਾਲ ਉਸ ਮਨੁੱਖ ਦੀ ਖੋਟੀ ਮਤਿ ਦੀ ਮੈਲ ਕੱਟੀ ਜਾਂਦੀ ਹੈ (ਅਤੇ ਉਸ ਮਨੁੱਖ ਦੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ ਵਾਲਾ ਹਨੇਰਾ (ਭੀ) ਦੂਰ ਹੋ ਜਾਂਦਾ ਹੈ।

3. ਹੇ ਭਾਈਓ ! ਇਹ ਵਿਸ਼ਵਾਸ਼ ਰਖੋ ਕਿ, ਜਿਸ ਮਨੁੱਖ ਨੇ ਗੁਰੂ ਦਾ ਦਰਸ਼ਨ ਕਰ ਲਿਆ, (ਉਸ ਨੇ ਆਪਣੇ ਅੰਦਰੋਂ) ਅਗਿਆਨਤਾ ਦਾ (ਹਨੇਰਾ) ਦੂਰ ਕਰ ਲਿਆ, ਉਸ ਦੇ ਅੰਦਰ ਪ੍ਰਮਾਤਮਾਂ ਦੀ ਜੋਤ ਨੇ ਆਪਣਾ ਪ੍ਰਕਾਸ਼ ਕਰ ਦਿਤਾ।

4. ਹੇ ਭਾਈ ! ਗੁਰੂ ਦੇ ਦਰਸ਼ਨ ਦੀ ਬਰਕਤ ਨਾਲ ਉਸ ਮਨੁੱਖ ਨੇ ਅਬਿਨਾਸ਼ੀ ਪ੍ਰਭੂ (ਦਾ ਮਿਲਾਪ) ਹਾਸਿਲ ਕਰ ਲਿਆ, ਉਸ ਮਨੁੱਖ ਦੇ ਜਨਮ ਤੋਂ ਮਰਣ ਤਕ ਦੇ ਸਾਰੇ ਦੁੱਖ ਨਾਸ ਹੋ ਗਏ।

5. ਹੇ ਪਿਆਰੇ ! ਗੁਰੂ (ਅਮਰਦਾਸ ਅਭੀਚ ਪੁਰਬ ਦੇ) ਤੀਰਥ ਇਸ਼ਨਾਨ (ਦੇ ਸਮੇਂ) ਤੇ ਕੁਲਖੇਤ ਤੇ ਗਿਆ, ਹਰੀ ਨੇ ਕਰਤਾਰ ਨੇ ਆਪ (ਗੁਰੂ ਦੇ ਜਾਣ ਦੇ ਇਸ ਉੱਦਮ ਨੂੰ ਉਥੇ ਇਕੱਠੇ ਹੋਏ ਲੋਕਾਂ ਵਾਸਤੇ) ਪਵਿਤ੍ਰ ਦਿਹਾੜਾ ਬਣਾ ਦਿਤਾ।

6. ਹੇ ਭਾਈਓ ! ਜਿਸ ਮਨੁੱਖ ਨੂੰ ਗੁਰੂ ਦਾ ਸਤਿਗੁਰੂ ਦਾ ਦਰਸ਼ਨ ਹੋ ਗਿਆ, (ਇਹੋ ਗੁਰ ਦਰਸ਼ਨ ਉਸ ਮਨੁੱਖ ਵਾਸਤੇ) ਤੀਰਥ ਇਸ਼ਨਾਨ ਹੈ, (ਉਸ ਮਨੁੱਖ ਵਾਸਤੇ) ਅਭੀਚ (ਨਛਤ੍ਰ ਦਾ) ਪਵਿਤ੍ਰ ਦਿਹਾੜਾ ਹੈ।੧।

1. ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥
2. ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥
3. ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ
ਸਭੁ ਲੋਕੁ ਵੇਖਣਿ ਆਇਆ ॥
4, ਜਿਨ ਦਰਸੁ ਸਤਿ ਗੁਰ ਗੁਰੂ ਕੀਆ
ਤਿਨ ਆਪਿ ਹਰਿ ਮੇਲਾਇਆ ॥
5. ਤੀਰਥ ਉਦਮੁ ਸਤਿਗੁਰੂ ਕੀਆ
ਸਭ ਲੋਕ ਉਧਰਣ ਅਰਥਾ ॥
6. ਮਾਰਗਿ ਪੰਥਿ ਚਲੇ
ਗੁਰ ਸਤਿਗੁਰ ਸੰਗਿ ਸਿਖਾ ॥੨॥

ਪਦ ਅਰਥ :—ਮਾਰਗਿ—ਮਾਰਗ ਉਤੇ, ਰਸਤੇ ਉਤੇ। ਪੰਥਿ—ਰਸਤੇ ਤੇ, ਰਾਹ ਤੇ । ਗੁਰ ਸੰਗਿ—ਗੁਰੂ ਦੇ ਨਾਲ। ਸਿਖਾ—ਅਨੇਕਾਂ ਸਿੱਖ । ਅਨਦਿਨੁ—ਹਰ ਰੋਜ਼, ਹਰ ਵੇਲੇ। ਬਾਣੀ—ਬਣੀ ਰਹਿੰਦੀ ਸੀ । ਖਿਨੁ ਖਿਨੁ—ਹਰੇਕ ਖਿਨ । ਨਿਮਖ—ਅੱਖ ਝਮਕਣ ਜਿਤਨਾ ਸਮਾਂ । ਵਿਖਾ—ਕਦਮ । ਨਿਮਖ ਨਿਮਖ—ਹਰੇਕ ਨਿਮਖ ਵਿਚ । ਵਿਖਾ ਵਿਖਾ—ਹਰੇਕ ਕਦਮ ਤੇ।

ਕੇਰੀ—ਦੀ। ਸਭੁ ਲੋਕੁ—ਸਾਰੀ ਲੁਕਾਈ, ਬਹੁਤ ਲੁਕਾਈ।

ਤੀਰਥ ਉਦਮੁ—ਤੀਰਥਾਂ ਤੇ ਜਾਣ ਦਾ ਉੱਦਮ। ਅਰਥਾ—ਵਾਸ਼ਤੇ। ਉਧਰਣ ਅਰਥਾ—ਬਚਾਣ ਵਾਸਤੇ, ਕੁਰਾਹੇ ਪਏ ਰਹਿਣ ਤੋਂ ਬਚਾਣ ਲਈ।੨।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਸਾਰੇ ਮਾਰਗ ਦੇ ਸਫਰ ਸਮੇਂ (ਗੁਰੂ ਅਮਰ ਦਾਸ ਜੀ ਦਾ ਸਾਰਾ ਸਮਾਂ ਕਿਸ ਰੂਪ ਵਿਚ ਗੁਜ਼ਰਿਆ ਹੈ ?

1. **ਉ:**—ਹੇ ਭਾਈਓ ! ਉਸ ਸਮੇਂ ਅਨੇਕਾਂ ਹੀ ਸਿਖ ਗੁਰੂ (ਅਮਰ ਦਾਸ ਜੀ) ਦੇ ਨਾਲ ਪੈਂਡੇ ਵਿਚ ਸਾਥ ਚਲੇ।

2. ਹੇ ਭਾਈ ! ਹਰੇਕ ਖਿਨ, ਨਿਮਖ ਨਿਮਖ, ਕਦਮ ਕਦਮ ਤੇ ਹਰ ਰੋਜ਼ ਪ੍ਰਮਾਤਮਾਂ ਦੀ ਭਗਤੀ (ਦਾ ਅਵਸਰ) ਬਣਿਆਂ ਰਹਿੰਦਾ ਸੀ।

3. ਐ ਪਿਆਰੇ ! ਉਸ ਸਾਰੇ ਪੈਂਡੇ ਵਿਚ ਸਦਾ ਪ੍ਰਮਾਤਮਾਂ ਦੀ ਭਗਤੀ ਦਾ ਉੱਦਮ ਬਣਿਆਂ ਰਹਿੰਦਾ ਸੀ; ਬਹੁਤ ਲੁਕਾਈ ਗੁਰੂ ਦਾ ਦਰਸ਼ਨ ਕਰਨ ਆਉਂਦੀ ਸੀ।

4. ਜਿਨ੍ਹਾਂ ਵਡਭਾਗੀ ਮਨੁੱਖਾਂ ਨੇ ਗੁਰੂ ਦਾ ਦਰਸ਼ਨ ਕੀਤਾ, ਪ੍ਰਮਾਤਮਾਂ ਨੇ ਆਪ ਉਨ੍ਹਾਂ ਨੂੰ (ਆਪਣੇ ਚਰਨਾਂ ਵਿਚ) ਜੋੜ ਲਿਆ (ਭਾਵ, ਜਿਹੜੇ ਮਨੁੱਖ ਗੁਰੂ ਦਾ ਦਰਸ਼ਨ ਕਰਦੇ ਹਨ, ਉਨ੍ਹਾਂ ਨੂੰ ਪ੍ਰਮਾਤਮਾਂ ਆਪਣੇ ਨਾਲ ਮਿਲਾ ਲੈਂਦਾ ਹੈ)।

5. ਹੇ ਭਾਈ ! (ਤੀਰਥਾਂ ਉਤੇ ਇਕੱਠੀ ਹੋਈ) ਸਾਰੀ ਲੁਕਾਈ ਨੂੰ (ਗਲਤ ਰਸਤੇ ਤੋਂ) ਬਚਾਣ ਲਈ ਸਤਿਗੁਰੂ ਨੇ ਤੀਰਥਾਂ

ਉਤੇ ਜਾਣ ਦਾ ਉੱਦਮ ਕੀਤਾ ਸੀ।

6. ਹੇ ਭਾਈਓ! ਸਤਿਗੁਰੂ ਦੇ ਨਾਲ ਅਨੇਕਾਂ ਸਿੱਖ ਉਸ ਲੰਮੇਂ ਪੈਂਡੇ ਵਿਚ ਗਏ (ਸਨ)।੨।

1. ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
2. ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
3. ਦੇਖਣਿ ਆਏ ਤੀਨਿ ਲੋਕ
ਸੁਰਿ ਨਰ ਮੁਨਿ ਜਨ ਸਭਿ ਆਇਆ॥
4. ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨ ਕੇ ਕਿਲਵਿਖ ਨਾਸ ਗਵਾਇਆ॥
5. ਜੋਗੀ ਦਿਗੰਬਰ ਸੰਨਿਆਸੀ
ਖਟੁ ਦਰਸਨ ਕਰਿ ਗਏ ਗੋਸਟਿ ਢੋਆ॥
6. ਪ੍ਰਥਮ ਆਏ ਕੁਲਖੇਤਿ
ਗੁਰ ਸਤਿਗੁਰ ਪੁਰਬੁ ਹੋਆ॥੩॥

ਪਦ ਅਰਥ :—ਪ੍ਰਥਮ—ਪਹਿਲਾਂ। ਕੁਲਖੇਤਿ—ਕੁਲਖੇਤ ਤੇ। ਗੁਰ ਪੁਰਬੁ—ਗੁਰੂ ਦਾ ਪਵਿਤ੍ਰ ਦਿਹਾੜਾ, ਗੁਰੂ ਦੇ ਕੁਲਖੇਤ ਆਉਣ ਨਾਲ ਸੰਬੰਧ ਰਖਣ ਵਾਲਾ ਪਵਿਤ੍ਰ ਦਿਨ। ਹੋਆ—ਹੋ ਗਿਆ, ਬਣ ਗਿਆ। ਸੰਸਾਰਿ—ਸੰਸਾਰ ਵਿਚ। ਤ੍ਰੈ ਲੋਆ—ਤਿੰਨੇ ਲੋਕ, ਤਿੰਨੇ ਲੋਕਾਂ ਦੇ ਜੀਵ, ਬੇਅੰਤ ਲੋਕ।

ਤੀਨਿ ਲੋਕ—(ਧਰਤੀ, ਅਕਾਸ਼, ਪਤਾਲ) ਤਿੰਨੇ ਲੋਕ, ਬੇਅੰਤ ਲੋਕ। ਸੁਰਿ ਨਰ—ਦੈਵੀ ਸੁਭਾਵ ਵਾਲੇ ਮਨੁੱਖ। ਮੁਨਿ ਜਨ—ਅਨੇਕਾਂ ਰਿਸ਼ੀ ਸੁਭਾਵ ਵਾਲੇ ਬੰਦੇ। ਸਭਿ—ਸਾਰੇ। ਪਰਸਿਆ—(ਦਰਸ਼ਨ) ਪਰਸਿਆ, ਦਰਸ਼ਨ ਕੀਤਾ। ਕਿਲਵਿਖ—ਪਾਪ।

ਦਿਗੰਬਰ—(ਦਿਗ—ਦਿਸ਼ਾ। ਅੰਬਰ—ਬਸਤ੍ਰ, ਕਪੜੇ। ਚਾਰੇ ਹੀ ਦਿਸ਼ਾ ਜਿਨ੍ਹਾਂ ਦੇ ਪਹਿਨਣ ਵਾਲੇ ਕਪੜੇ ਹਨ) ਨਾਂਗੇ। ਖਟੁ—ਛੇ। ਦਰਸਨ—ਭੇਖ। ਖਟ ਦਰਸਨ—ਛੇ ਭੇਖ, (ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ) ਛੇਆਂ ਭੇਖਾਂ ਦੇ ਸਾਧੂ। ਗੋਸਟਿ—ਚਰਚਾ, ਵਿਚਾਰ। ਢੋਆ—ਭੇਟਾ।੩।

ਅਰਥ :—

ਪ੍ਰ:—ਕਿਉਂ ਜੀ! ਗੁਰੂ ਅਮਰਦਾਸ ਜੀ ਨੇ ਪਹਿਲੇਂ ਇਹ ਸਫਰ ਲੋਕਾਂ ਦੇ ਉਧਾਰਨ ਵਾਸਤੇ ਕਿਥੋਂ ਆਰੰਭ ਕੀਤਾ ਸੀ?

1. ਉ:—ਹੇ ਭਾਈ! ਗੁਰੂ (ਅਮਰ ਦਾਸ) ਜੀ ਪਹਿਲਾਂ ਕੁਲਖੇਤ (ਕੁਰੂਖੇਤ੍ਰ) ਤੇ ਪਹੁੰਚੇ (ਉਥੋਂ ਦੇ ਲੋਕਾਂ ਵਾਸਤੇ ਉਹ ਦਿਨ) ਗੁਰੂ ਸਤਿਗੁਰੂ ਨਾਲ ਸੰਬੰਧ ਰਖਣ ਵਾਲਾ ਪਵਿਤ੍ਰ ਦਿਨ ਬਣ ਗਿਆ।

2. ਫਿਰ ਸੰਸਾਰ ਵਿਚ (ਭਾਵ, ਦੂਰ ਦੂਰ ਤਕ) ਸਤਿਗੁਰੂ ਜੀ ਦੇ ਕੁਲਖੇਤ ਆਉਣ ਦੀ ਖਬਰ ਹੋ ਗਈ, ਬੇਅੰਤ ਲੋਕ (ਦਰਸ਼ਨ ਕਰਨ ਲਈ) ਆ ਗਏ।

3. ਹੇ ਭਾਈ! (ਗੁਰੂ ਅਮਰ ਦਾਸ ਜੀ ਦਾ) ਦਰਸ਼ਨ ਕਰਨ ਲਈ ਬਹੁਤ ਲੋਕ ਆ ਪਹੁੰਚੇ, ਦੈਵੀ ਸੁਭਾਵ ਵਾਲੇ ਮਨੁੱਖ, ਰਿਸ਼ੀ ਸੁਭਾਵ ਵਾਲੇ ਮਨੁੱਖ, ਬਹੁਤ ਆ ਇਕੱਠੇ ਹੋਏ।

4. ਹੇ ਭਾਈ! ਜਿਨ੍ਹਾਂ (ਵਡਭਾਗੀ ਮਨੁੱਖਾਂ) ਨੇ ਪੂਰੇ ਗੁਰੂ ਸਤਿਗੁਰੂ ਦਾ ਦਰਸ਼ਨ ਕੀਤਾ, ਉਨ੍ਹਾਂ ਦੇ (ਪਿਛਲੇ ਸਾਰੇ) ਪਾਪ ਨਾਸ ਹੋ ਗਏ।

5. ਹੇ ਪਿਆਰੇ! ਜੋਗੀ, ਨਾਂਗੇ, ਸੰਨਿਆਸੀ; (ਸਾਰੇ ਹੀ) ਛੇ ਭੇਖਾਂ ਦੇ ਸਾਧੂ (ਦਰਸ਼ਨ ਕਰਨ ਆਏ) ਕਈ ਕਿਸਮ ਦੀ ਪਰਸਪਰ ਸ਼ੁਭ ਵੀਚਾਰ (ਉਹ ਸਾਧੂ ਲੋਕ ਆਪਣੇ ਵਲੋਂ ਗੁਰੂ ਦੇ ਦਰ ਤੇ) ਭੇਟਾ ਪੇਸ਼ ਕਰ ਕੇ ਗਏ।

6. ਹੇ ਭਾਈ! ਗੁਰੂ (ਅਮਰ ਦਾਸ) ਜੀ ਪਹਿਲਾਂ ਕੁਲਖੇਤ (ਕੁਰੂਖੇਤ੍ਰ) ਤੇ ਪਹੁੰਚੇ(ਉਥੋਂ ਦੇ ਲੋਕਾਂ ਵਾਸਤੇ ਉਹ ਦਿਨ) ਗੁਰੂ ਸਤਿਗੁਰੂ ਨਾਲ ਸੰਬੰਧ ਰਖਣ ਵਾਲਾ ਪਵਿੱਤਰ ਦਿਨ ਬਣ ਗਿਆ।੩।

1. ਦੁਤੀਆ ਜਮੁਨ ਗਏ ਗੁਰਿ
ਹਰਿ ਹਰਿ ਜਪਨੁ ਕੀਆ॥
2. ਜਾਗਾਤੀ ਮਿਲੇ ਦੇ ਭੇਟ ਗੁਰ
ਪਿਛੈ ਲੰਘਾਇ ਦੀਆ॥
3. ਸਭ ਛੁਟੀ ਸਤਿਗੁਰੂ ਪਿਛੈ
ਜਿਨਿ ਹਰਿ ਹਰਿ ਨਾਮੁ ਧਿਆਇਆ॥
4. ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ॥
5. ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ॥
6. ਦੁਤੀਆ ਜਮੁਨ ਗਏ ਗੁਰਿ
ਹਰਿ ਹਰਿ ਜਪਨੁ ਕੀਆ॥੪॥

ਪਦ ਅਰਥ :—ਦੁਤੀਆ—ਦੂਜੇ ਥਾਂ, ਫਿਰ। ਜਮੁਨ—ਜਮਨਾ (ਨਦੀ) ਤੇ। ਗੁਰਿ—ਗੁਰੂ (ਅਮਰ ਦਾਸ ਜੀ) ਨੇ। ਜਾਗਾਤੀ—ਮਸੂਲੀਏ, ਸਰਕਾਰੀ ਮਸੂਲ ਉਗਰਾਹੁਣ ਵਾਲੇ। ਦੇ—ਦੇਕੇ। ਗੁਰ ਪਿਛੈ—ਗੁਰੂ ਦੇ ਅਨੁਸਾਰ ਤੁਰਨ ਵਾਲਿਆਂ ਨੂੰ।

ਸਭ—ਸਾਰੀ ਲੁਕਾਈ। ਛੁਟੀ—(ਮਸੂਲ ਦੇਣ ਤੋਂ) ਬਚ ਗਈ। ਜਿਨਿ—ਜਿਸ (ਜਿਸ) ਨੇ। ਗੁਰ ਬਚਨਿ—ਗੁਰੂ ਦੇ ਹੁਕਮ ਉਤੇ। ਗੁਰ ਮਾਰਗਿ—ਗੁਰੂ ਦੇ ਦਸੇ ਰਸਤੇ ਉਤੇ। ਗੁਰ ਪੰਥਿ—ਗੁਰੂ ਦੇ ਰਾਹ ਉਤੇ। ਜੋ ਚਾਲੇ—ਜਿਹੜੇ (ਮਨੁੱਖ) ਤੁਰੇ। ਤਿਨ ਨੇੜਿ—ਉਨ੍ਹਾਂ ਦੇ ਨੇੜੇ। ਜਮੁ ਜਾਗਾਤੀ—ਮਸੂਲੀਏ ਜਮਰਾਜ।

ਸਭ ਜਗਤੁ—ਸਾਰੀ ਦੁਨੀਆਂ, ਸਾਰੀ ਲੋਕਾਈ। ਨਾਇ ਲਇਆ—ਜੇ ਨਾਮ ਲਿਆ ਜਾਏ। ਸਭਿ—ਸਾਰੇ ਜੀਵ। ਛੁਟਕਿ ਗਇਆ—(ਜਮ ਜਾਗਾਤ ਦੀ ਧੌਂਸ ਤੋਂ) ਬਚ ਗਏ।੪।

ਅਰਥ :—

ਪ੍ਰ:—ਸ੍ਰੀ ਜੀਉ! ਕੁਲਖੇਤ੍ਰ ਤੋਂ ਬਾਅਦ ਫਿਰ ਅਮਰ ਦਾਸ ਸਤਿਗੁਰੂ ਜੀ ਕਿਥੇ ਪਹੁੰਚੇ?

1. ਉ:-ਹੇ ਭਾਈਓ ! ਫਿਰ (ਗੁਰੂ ਅਮਰ ਦਾਸ ਜੀ) ਜਮਨਾਂ ਨਦੀ ਤੇ ਪਹੁੰਚੇ, ਸਤਿਗੁਰੂ ਜੀ ਨੇ (ਉਥੇ ਭੀ) ਪ੍ਰਮਾਤਮਾਂ ਦਾ ਨਾਮ ਹੀ ਜਪਿਆ ਜਪਾਇਆ।

2. (ਯਾਤ੍ਰੀਆਂ ਪਾਸੋਂ) ਸਰਕਾਰੀ ਮਸੂਲ ਉਗਰਾਹੁਣ ਵਾਲੇ ਭੀ ਭੇਟਾ ਰਖ ਕੇ (ਸਤਿਗੁਰੂ ਜੀ ਨੂੰ) ਮਿਲੇ, (ਆਪਣੇ ਆਪ ਨੂੰ ਗੁਰੂ ਦਾ ਸਿਖ ਆਖਣ ਵਾਲੇ ਸਭਨਾਂ ਨੂੰ ਉਨ੍ਹਾਂ ਮਸੂਲੀਆਂ ਨੇ ਬਿਨਾ ਮਸੂਲ ਲਏ) ਪਾਰ ਲੰਘਾ ਦਿਤਾ।

3.4. ਹੇ ਭਾਈ ! ਗੁਰੂ ਦੇ ਪਿਛੇ ਤੁਰਨ ਵਾਲੀ ਸਾਰੀ ਲੁਕਾਈ ਮਸੂਲ ਭਰਨ ਤੋਂ ਬਚ ਗਈ, (ਇਸੇ ਤਰ੍ਹਾਂ) ਜਿਸ ਜਿਸ ਨੇ ਪ੍ਰਮਾਤਮਾਂ ਦਾ ਨਾਮ ਸਿਮਰਿਆ, ਜਿਹੜੇ ਜਿਹੜੇ ਮਨੁੱਖ ਗੁਰੂ ਦੇ ਬਚਨਾਂ ਉਤੇ ਤੁਰਦੇ ਹਨ, ਗੁਰੂ ਦੇ ਦਸੇ ਰਸਤੇ ਉਤੇ ਤੁਰਦੇ ਹਨ, ਜਮਰਾਜ ਮਸੂਲੀਆ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

5. ਹੇ ਭਾਈ ! (ਜਿਹੜੀ) ਲੁਕਾਈ ਗੁਰੂ ਦਾ ਆਸਰਾ ਲੈਂਦੀ ਹੈ, (ਜਮਰਾਜ ਮਸੂਲੀਆ ਉਸ ਦੇ ਨੇੜੇ ਨਹੀਂ ਆਉਂਦਾ) ਹੇ ਭਾਈ ! ਜੇ ਗੁਰੂ ਦਾ ਨਾਮ ਲਿਆਂ (ਜੇ ਗੁਰੂ ਦੀ ਸ਼ਰਨ ਪੈ ਕੇ ਹਰਿ ਨਾਮ ਜਪਿਆ ਜਾਏ) ਤਾਂ (ਨਾਮ ਲੈਣ ਵਾਲੇ) ਸਾਰੇ ਜਮ ਜਗਾਤੀ ਦੀ ਧੌਂਸ ਤੋਂ ਬਚ ਜਾਂਦੇ ਹਨ।

6. ਹੇ ਭਾਈ ! ਫਿਰ ਗੁਰੂ (ਅਮਰ ਦਾਸ ਜੀ) ਜਮਨਾਂ ਨਦੀ ਤੇ ਪਹੁੰਚੇ, ਸਤਿਗੁਰੂ ਜੀ ਨੇ (ਉਥੇ ਭੀ) ਪ੍ਰਮਾਤਮਾਂ ਦਾ ਨਾਮ ਹੀ ਜਪਿਆ ਜਪਾਇਆ।੪।

1. ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ ॥
2. ਸਭ ਮੋਹੀ ਦੇਖਿ ਦਰਸਨੁ ਗੁਰ ਸੰਤ
ਕਿਨੈ ਆਢੁ ਨ ਦਾਮੁ ਲਇਆ ॥
3. ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ ॥
4. ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ ॥
5. ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ ॥
6. ਤ੍ਰਿਤੀਆ ਆਏ ਸੁਰਸਰੀ
ਤਹ ਕਉਤਕੁ ਚਲਤੁ ਭਇਆ ॥੫॥

ਪਦ ਅਰਥ :-ਤ੍ਰਿਤੀਆ-(ਦੋ ਥਾਵਾਂ ਤੋਂ ਹੋ ਕੇ) ਤੀਜੇ ਥਾਂ। ਸੁਰਸਰੀ-ਗੰਗਾ। ਤਹ-ਉਥੇ (ਗੰਗਾ ਤੇ)। ਕਉਤਕੁ-ਤਮਾਸ਼ਾ। ਚਲਤੁ-ਅਜਬ ਖੇਡ। ਸਭ-ਸਾਰੀ ਲੁਕਾਈ। ਮੋਹੀ-ਮਸਤ ਹੋ ਗਈ। ਦੇਖਿ-ਵੇਖ ਕੇ। ਦਰਸਨ ਗੁਰ ਸੰਤ-ਗੁਰੂ ਸੰਤ ਦਾ ਦਰਸ਼ਨ। ਕਿਨੈ-ਕਿਸੇ ਭੀ (ਮਸੂਲੀਏ) ਨੇ। ਆਢੁ ਦਾਮੁ-ਅੱਧੀ ਕੌਡੀ।

ਬੋਲਕ-(ਮਸੂਲੀਆਂ ਦੀਆਂ) ਗੋਲਕਾਂ ਵਿਚ। ਮੁੰਦਣਿ-(ਢੱਕਣ ਵਾਂਗ) ਮੂੰਹ ਬੰਦ ਹੋ ਜਾਣਾ। ਮੋਹਣ ਮੁੰਦਣਿ-ਇਉਂ ਮੋਹੇ ਗਏ ਕਿ ਮੂੰਹੋਂ ਬੋਲਣ ਜੋਗੇ ਨਾ ਰਹੇ। ਹਮ ਕਿਆ ਕਰਹ-ਅਸੀਂ ਕੀ ਕਰੀਏ ?। ਮਾਂਗਹ-ਅਸੀਂ ਮੰਗੀਏ। ਸਭ-ਸਾਰੀ ਲੁਕਾਈ। ਭਾਗਿ-ਭੱਜ ਕੇ। ਸਤਿਗੁਰ ਪਿਛੈ ਪਈ-ਗੁਰੂ ਦੀ ਸ਼ਰਨ ਜਾ ਪਈ ਹੈ।

ਕਰਿ ਵੀਚਾਰੁ-ਵਿਚਾਰ ਕਰ ਕੇ। ਉਪਾਵ-ਕਈ ਇਲਾਜ, ਕਈ ਹੀਲੇ (ਸੋਚੇ)। ਸਭਿ-ਸਾਰੇ (ਜਗਾਤੀ)। ਉਠਿ-ਉਠ ਕੇ।੫। **ਅਰਥ** :-

ਪ੍ਰ:-ਕਿਉਂ ਜੀ ! ਇਸ ਤੋਂ ਅਗੇ ਫਿਰ ਕਿਥੇ ਗਏ ਸਨ ?

1. ਉ:-ਹੇ ਭਾਈ ! (ਦੋ ਤੀਰਥਾਂ ਤੋਂ ਹੋ ਕੇ ਸਤਿਗੁਰੂ ਅਮਰਦਾਸ ਜੀ) ਤੀਜੇ ਥਾਂ ਗੰਗਾ ਪਹੁੰਚੇ, ਉਥੇ ਇਕ ਅਜਬ ਤਮਾਸ਼ਾ ਹੋਇਆ।

2. ਹੇ ਭਾਈ ! ਸੰਤ ਗੁਰੂ (ਅਮਰ ਦਾਸ ਜੀ) ਦਾ ਦਰਸ਼ਨ ਕਰ ਕੇ ਸਾਰੀ ਲੁਕਾਈ ਮਸਤ ਹੋ ਗਈ, (ਕਿਸੇ ਭੀ ਮਸੂਲੀਏ) ਨੇ ਕਿਸੇ ਭੀ ਯਾਤਰੂ ਪਾਸੋਂ ਅੱਧੀ ਕੌਡੀ (ਮਸੂਲ ਭੀ) ਵਸੂਲ ਨਾ ਕੀਤਾ।

3. ਹੇ ਭਾਈ ! (ਮਸੂਲੀਆਂ ਦੀਆਂ) ਗੋਲਕਾਂ ਵਿਚ ਅੱਧੀ ਕੌਡੀ ਭੀ ਮਸੂਲ ਨਾ ਪਿਆ, ਮਸੂਲੀਏ ਇਉਂ ਹੈਰਾਨ ਜਹੇ ਹੋ ਗਏ ਕਿ ਬੋਲਣ ਜੋਗੇ ਨਾ ਰਹੇ।

4: (ਆਖਣ ਲਗੇ) ਹੇ ਭਾਈ ! ਅਸੀਂ (ਹੁਣ) ਕੀ ਕਰੀਏ ? ਅਸੀਂ ਕਿਸ ਪਾਸੋਂ (ਮਸੂਲ) ਮੰਗੀਏ ? ਇਹ ਸਾਰੀ ਹੀ ਲੁਕਾਈ ਭੱਜ ਕੇ ਗੁਰੂ ਦੀ ਸ਼ਰਨ ਜਾ ਪਈ ਹੈ ਤੇ ਜਿਹੜੇ ਆਪਣੇ ਆਪ ਨੂੰ ਗੁਰੂ ਦਾ ਸਿਖ ਦਸ ਰਹੇ ਹਨ, ਉਨ੍ਹਾਂ ਪਾਸੋਂ ਅਸੀਂ ਮਸੂਲ ਲੈ ਨਹੀਂ ਸਕਦੇ)।

5. ਹੇ ਭਾਈ ! ਮਸੂਲੀਆਂ ਨੇ ਕਈ ਹੀਲੇ ਸੋਚੇ, ਕਈ ਸੋਚਾਂ ਸੋਚੀਆਂ, (ਆਖਰ ਉਨ੍ਹਾਂ ਨੇ) ਵੀਚਾਰ ਕਰ ਕੇ ਵੇਖ ਲਿਆ (ਕਿ, ਮਸੂਲ ਉਗਰਾਹੁਣ ਵਿਚ ਸਾਡੀ ਪੇਸ਼ ਨਹੀਂ ਜਾ ਸਕਦੀ) ਆਪਣੀਆਂ ਗੋਲਕਾਂ ਬੰਦ ਕਰ ਕੇ ਉਹ ਸਾਰੇ ਉਠਕੇ ਚਲੇ ਗਏ।

6. ਹੇ ਭਾਈਓ ! (ਦੋ ਤੀਰਥਾਂ ਤੇ ਹੋ ਕੇ ਸਤਿਗੁਰੂ ਅਮਰਦਾਸ ਜੀ) ਤੀਜੇ ਥਾਂ ਗੰਗਾ ਪਹੁੰਚੇ, ਉਥੇ ਇਕ ਅਜਬ ਤਮਾਸ਼ਾ ਹੋਇਆ।੫।

1. ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ ॥
2. ਗੁਰੁ ਸਤਿਗੁਰੁ ਗੁਰੁ ਗੋਵਿਦੁ
ਪੁਛਿ ਸਿਮ੍ਰਿਤਿ ਕੀਤਾ ਸਹੀ ॥
3. ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ
ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ॥
4. ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ
ਤਿਨ ਕਾ ਥਾਉ ਥੇਹੁ ਗਵਾਇਆ ॥

5. ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥
6. ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ ॥੬॥੪॥੧੦॥

ਪਦ ਅਰਥ :—ਮਿਲਿ—ਮਿਲ ਕੇ । ਮਹਾ ਜਨਾ—ਮਹਾਂ ਜਨਾਂ, ਵਡੇ ਬੰਦੇ, ਤੁਰਨੇ ਸਿਰ ਬੰਦੇ । ਨਗਰ ਮਹਾ ਜਨਾ—ਨਗਰ ਦੇ ਤੁਰਨੇ ਸਿਰ ਮਨੁੱਖ । ਓਟ—ਸ਼ਰਨ । ਗਹੀ—ਫੜੀ । ਪੁਛਿ—(ਗੁਰੂ ਨੂੰ) ਪੁੱਛ ਕੇ । ਸਹੀ ਕੀਤਾ—ਨਿਰਨਾ ਕਢਿਆ । ਗੁਰੂ ਸਤਿਗੁਰ ਗੁਰ ਗੋਵਿੰਦੁ ਸਿਮ੍ਰਿਤਿ—ਗੁਰੂ ਸਤਿਗੁਰੂ ਨੂੰ ਗੁਰੂ ਗੋਵਿੰਦ ਨੂੰ (ਹਿਰਦੇ ਵਿਚ ਵਸਾਣਾ ਹੀ) ਅਸਲ ਸਿਮ੍ਰਤੀ ਹੈ ।

ਸਭਨੀ—ਸਭਨੀਂ, ਸਾਰੇ ਤੁਰਨੇ ਸਿਰ ਮਨੁਖਾਂ ਨੇ । ਸੁਕਿ—ਸੁਖਦੇਵ ਨੇ । ਪ੍ਰਿਹਲਾਦਿ—ਪ੍ਰਹਿਲਾਦ ਨੇ । ਸ੍ਰੀ ਰਾਮਿ—ਸ੍ਰੀ ਰਾਮ (ਚੰਦ੍ਰ) ਨੇ । ਕਰਿ—ਕਰ ਕੇ, ਆਖ ਆਖ ਕੇ । ਕਰਿ ਗੁਰ ਗੋਵਿਦੁ—'ਗੁਰ ਗੋਬਿੰਦ' ਉਚਾਰ ਉਚਾਰ ਕੇ । ਦੇਹੀ—ਸਰੀਰ । ਦੇਹੀ ਨਗਰਿ-ਸਰੀਰ ਨਗਰ ਵਿਚ । ਦੇਹੀ ਕੋਟ—ਸਰੀਰ ਕਿਲ੍ਹੇ ਵਿਚ । ਵਟਵਾਰੇ—ਰਾਹ ਮਾਰ, ਡਾਕੂ । ਥਾਉ ਥੇਹੁ—ਸਾਰਾ ਹੀ ਨਿਸ਼ਾਨ ।੬।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਸਫਰ ਦਾ ਆਖਰ ਅੰਤ ਕਿਵੇਂ ਹੋਇਆ ਅਤੇ ਨਗਰ ਨਿਵਾਸੀਆ ਉਤੇ ਹਜ਼ੂਰ ਸਤਿਗੁਰੂ ਜੀ ਦਾ ਕੀ ਪ੍ਰਭਾਵ ਹੋਇਆ ?

1. **ਉ:**—ਹੇ ਭਾਈਓ ! ਨਗਰ ਦੇ ਤੁਰਨੇ ਸਿਰ ਪੈਂਚ ਇਕੱਠੇ ਹੋ ਭਾਵ ਮੁਖੀਏ ਮਨੁੱਖ ਮਿਲ ਕੇ (ਗੁਰੂ ਅਮਰ ਦਾਸ ਜੀ ਦੇ ਕੋਲ) ਆਏ, (ਉਨ੍ਹਾਂ ਨੇ) ਗੁਰੂ ਦੀ ਓਟ ਲਈ, ਸਤਿਗੁਰੂ ਦਾ ਪੱਲਾ ਫੜਿਆ ।

ਪ੍ਰ:—ਸ੍ਰੀ ਜੀਉ ! ਆਖਰ, ਉਨ੍ਹਾਂ ਨੇ ਨਿਸਚਾ ਕੀ ਕੀਤਾ ?

2. **ਉ.**—ਹੇ ਭਾਈ ! (ਗੁਰੂ ਪਾਸੋਂ) ਪੁੱਛ ਕੇ ਉਨ੍ਹਾਂ ਪੈਂਚਾਂ ਨੇ ਇਹ ਨਿਰਨਾਂ ਕਰ ਲਿਆ ਕਿ, 'ਗੁਰੂ ਸਤਿਗੁਰੂ' 'ਗੁਰ ਗੋਬਿੰਦ' ਨੂੰ ਹਿਰਦੇ ਵਿਚ ਵਸਾਣਾ ਹੀ ਅਸਲ ਸਿਮ੍ਰਤੀ ਹੈ ।

3. ਹੇ ਭਾਈ ! ਉਨ੍ਹਾਂ ਮਹਾਂ ਜਨਾਂ ਨੇ (ਗੁਰੂ ਪਾਸੋਂ ਪੁਛ ਕੇ) ਇਹ ਨਿਰਨਾ ਕਰ ਲਿਆ ਕਿ ਜਿਵੇਂ, ਸੁਖਦੇਵ ਨੇ; ਪ੍ਰਹਿਲਾਦ ਨੇ ਸ੍ਰੀ ਰਾਮ ਚੰਦਰ ਨੇ 'ਗੋਬਿੰਦ ਗੋਬਿੰਦ' ਆਖ ਆਖ ਕੇ ਗੁਰ ਗੋਬਿੰਦ ਦਾ ਨਾਮ ਸਿਮਰਿਆ ਸੀ (ਤਿਵੇਂ ਗੁਰ ਗੋਬਿੰਦ ਨੂੰ ਸਿਮਰਨਾ ਹੀ ਅਸਲ) ਸਿਮ੍ਰਤੀਆਂ ਤੇ ਸ਼ਾਸਤ੍ਰ ਹਨ, (ਉਨ੍ਹਾਂ ਸੁਕ ਪ੍ਰਹਲਾਦ ਸ੍ਰੀ ਰਾਮ ਨੇ), ਭੀ ਇਹੋ ਹੀ ਨਿਸਚਾ ਕੀਤਾ ਹੈ ।

4. ਸਰੀਰ ਨਗਰ ਵਿਚ ਵਸਣ ਵਾਲੇ ਸਰੀਰ ਕਿਲ੍ਹੇ ਵਿਚ ਵਸਣ ਵਾਲੇ (ਕਾਮਾਦਿਕ) ਪੰਜ ਚੋਰਾਂ ਨੂੰ; ਪੰਜ ਡਾਕੂਆਂ ਨੂੰ (ਮਾਰ ਕੇ) ਉਨ੍ਹਾਂ ਦਾ (ਆਪਣੇ ਅੰਦਰੋਂ) ਨਿਸ਼ਾਨ ਹੀ ਮਿਟਾ ਦਿਤਾ ਸੀ ।

5. ਹੇ ਭਾਈ ! (ਨਗਰ ਦੇ ਪੰਚਾਂ ਨੇ ਗੁਰੂ) ਨਾਨਕ ਦੇਵ ਦੀ ਰਾਹੀਂ ਗੁਰੂ ਦੇ ਉਪਦੇਸ਼ ਦੀ ਰਾਹੀਂ ਪ੍ਰਮਾਤਮਾਂ ਦੀ ਭਗਤੀ ਕਰਨ ਦੀ ਦਾਤਿ ਹਾਸਲ ਕਰ ਲਈ, (ਨਗਰ) ਵਿਚ) ਸਦਾ ਕੀਰਤਨ ਹੋਣ ਲਗ ਪਏ (ਇਹੀ ਉਨ੍ਹਾਂ ਮਹਾਂ ਜਨਾਂ ਵਾਸਤੇ) ਪੁਰਾਣਾਂ ਦੇ ਪਾਠ ਅਤੇ ਪੁੰਨ ਦਾਨ (ਹੋ ਗਏ) ।

6. ਹੇ ਭਾਈਓ ! ਨਗਰ ਦੇ ਪੈਂਚ ਮਨੁੱਖ ਮਿਲ ਕੇ ਗੁਰੂ ਅਮਰ ਦਾਸ ਜੀ ਦੇ ਕੋਲ ਆਏ (ਉਨ੍ਹਾਂ ਗੁਰੂ ਦੀ ਓਟ ਲਈ, ਉਨ੍ਹਾਂ ਸਤਿਗੁਰੂ ਦਾ ਪੱਲਾ ਫੜਿਆ ।੬।੪।੧੦।

ਤੁਖਾਰੀ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥

1. ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥
2. ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥
3. ਇਹੁ ਮਨੁ ਭੀਨਾ ਜਿਉ ਜਲ ਮੀਨਾ
ਲਾਗਾ ਰੰਗੁ ਮੁਰਾਰਾ ॥
4. ਕੀਮਤਿ ਕਹੀ ਨ ਜਾਈ ਠਾਕੁਰ
ਤੇਰਾ ਮਹਲੁ ਅਪਾਰਾ ॥
5. ਸਗਲ ਗੁਣਾ ਕੇ ਦਾਤੇ ਸੁਆਮੀ
ਬਿਨਉ ਸੁਨਹੁ ਇਕ ਦੀਨਾ ॥
6. ਦੇਹੁ ਦਰਸੁ ਨਾਨਕ ਬਲਿਹਾਰੀ
ਜੀਅੜਾ ਬਲਿ ਬਲਿ ਕੀਨਾ ॥੧॥

ਪਦ ਅਰਥ :—ਘੋਲਿ—ਘੋਲੀ, ਮੈਂ ਸਦਕੇ । ਘੁਮਾਈ—ਮੈਂ ਵਾਰਨੇ । ਲਾਲਨਾ—ਹੇ ਲਾਲਨ, ਹੇ ਸੋਹਣੇ ਲਾਲ । ਗੁਰਿ—ਗੁਰੂ ਦੀ ਰਾਹੀਂ । ਸੁਣਿ—ਸੁਣ ਕੇ । ਭੀਨਾ—(ਨਾਮ ਰਸ ਵਿਚ) ਭਿੱਜ ਗਿਆ ਹੈ ।

ਜਲ ਮੀਨਾ—ਪਾਣੀ ਦੀ ਮੱਛੀ (ਪਾਣੀ ਤੋਂ ਬਿਨਾ ਜੀਉ ਨਹੀਂ ਸਕਦੀ) । ਰੰਗੁ—ਪ੍ਰੇਮ । ਮੁਰਾਰਾ—ਹੇ ਮੁਰਾਰੀ (ਮੁਰ-ਅਰਿ ਮੁਰ ਦੈਂਤ ਦਾ ਵੈਰੀ) ਹੇ ਪ੍ਰਮਾਤਮਾਂ । ਠਾਕੁਰ—ਹੇ ਠਾਕਰ, ਹੇ ਮਾਲਕ । ਅਪਾਰਾ—ਅ-ਪਾਰ, ਬੇਅੰਤ ।

ਦਾਤੇ—ਹੇ ਦੇਣ ਵਾਲੇ । ਸੁਆਮੀ—ਹੇ ਮਾਲਕ । ਬਿਨਉ—ਬੇਨਤੀ । ਬਿਨਉ ਦੀਨਾ—ਦੀਨ ਦੀ ਬੇਨਤੀ । ਬਲਿਹਾਰੀ—ਕੁਰਬਾਨ । ਜੀਅੜਾ—ਨਿਕੀ ਜਿਹੀ ਜਿੰਦ । ਬਲਿ ਬਲਿ—ਕੁਰਬਾਨ ।੧।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਸਾਈਂ ਜੀ ਦੀ ਸਿਫਤੋ ਸਲਾਹ ਆਪ ਜੀ ਕਿਸ ਰੂਪ ਵਿਚ ਕਰਦੇ ਰਹਿੰਦੇ ਹੋ ?

1. **ਉ:**—ਹੇ ਭਾਈ ! ਮੈਂ ਤਾਂ ਇਉਂ ਹੀ ਉਸ ਪ੍ਰਭੂ ਦੀ ਮਹਿਮਾ ਕਰਦਾ ਹਾਂ ਕਿ) ਹੇ ਸੋਹਣੇ ਲਾਲ ! ਗੁਰੂ ਦੀ ਰਾਹੀਂ (ਗੁਰੂ

ਦੀ ਸ਼ਰਨ ਪੈ ਕੇ) ਮੈਂ ਆਪਣਾ ਇਹ ਮਨ (ਤੈਨੂੰ) ਦੇ ਦਿਤਾ ਹੈ,ਮੈਂ ਤੈਥੋਂ ਸਦਕੇ ਜਾਂਦਾ ਹਾਂ ਕੁਰਬਾਨ ਜਾਂਦਾ ਹਾਂ।

2. ਹੇ ਲਾਲ ! ਤੇਰੀ ਸਿਫਤ ਸਲਾਹ ਦੀ ਬਾਣੀ ਸੁਣ ਕੇ ਮੇਰਾ ਮਨ (ਤੇਰੇ ਨਾਮ ਰਸ ਨਾਲ) ਭਿੱਜ ਗਿਆ ਹੈ।

3. ਹੇ ਮੁਰਾਰੀ ! (ਮੇਰਾ ਇਹ) ਮਨ (ਤੇਰੇ ਨਾਮ ਰਸ ਨਾਲ ਇਉਂ) ਭਿੱਜ ਗਿਆ ਹੈ (ਮੇਰੇ ਅੰਦਰ ਤੇਰਾ ਇਤਨਾ) ਪਿਆਰ ਬਣ ਗਿਆ ਹੈ (ਕਿ ਇਸ ਨਾਮ ਜਲ ਤੋਂ ਬਿਨਾ ਇਹ ਮਨ ਜੀਉ ਨਹੀਂ ਸਕਦਾ) ਜਿਵੇਂ ਪਾਣੀ ਦੀ ਮੱਛੀ ਪਾਣੀ ਤੋਂ ਬਿਨਾ ਰਹਿ ਨਹੀਂ ਸਕਦੀ।

4. ਹੇ ਮੇਰੇ ਮਾਲਕ ! ਤੇਰਾ ਮੁੱਲ ਪਾਇਆ ਨਹੀਂ ਜਾ ਸਕਦਾ (ਤੂੰ ਕਿਸੇ ਦੁਨਿਆਵੀ ਪਦਾਰਥ ਦੇ ਇਵਜ ਮਿਲ ਨਹੀਂ ਸਕਦਾ) ਤੇਰੇ ਟਿਕਾਣੇ ਦਾ ਪਾਰਲਾ ਬੰਨਾ ਨਹੀਂ ਲਭ ਸਕਦਾ।

5. ਹੇ ਸਾਰੇ ਗੁਣ ਦੇਣ ਵਾਲੇ ਮਾਲਕ ! ਮੇਰੀ ਇਕ ਗਰੀਬ ਦੀ ਬੇਨਤੀ ਸੁਣ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਸਾਈਆਂ ਜ਼ੀਉ ! ਮੈਨੂੰ ਆਪਣਾ ਦਰਸ਼ਨ ਬਖਸ, ਮੈਂ ਤੈਥੋਂ ਸਦਕੇ ਹਾਂ, ਮੈਂ ਆਪਣੀ ਇਹ ਨਿਮਾਣੀ ਜਿਹੀ ਜਿੰਦ ਤੈਥੋਂ ਵਾਰਨੇ ਕਰਦਾ ਹਾਂ।੧।

1. ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ
2. ਖੰਨੀਐ ਵੰਞਾ ਦਰਸਨ ਤੇਰੇ ॥
3. ਦਰਸਨ ਤੇਰੇ ਸੁਣਿ ਪ੍ਰਭ ਮੇਰੇ
ਨਿਮਖ ਦ੍ਰਿਸਟਿ ਪੇਖਿ ਜੀਵਾ ॥
4. ਅੰਮ੍ਰਿਤ ਨਾਮੁ ਸੁਨੀਜੈ ਤੇਰਾ
ਕਿਰਪਾ ਕਰਹਿ ਤ ਪੀਵਾ ॥
5. ਆਸ ਪਿਆਸੀ ਪਿਰ ਕੈ ਤਾਈ
ਜਿਉ ਚਾਤ੍ਰਿਕੁ ਬੂੰਦੇਰੇ ॥
6. ਕਹੁ ਨਾਨਕ ਜੀਅੜਾ ਬਲਿਹਾਰੀ
ਦੇਹੁ ਦਰਸੁ ਪ੍ਰਭ ਮੇਰੇ ॥੨॥

ਪਦ ਅਰਥ :—ਸਭਿ ਗੁਣ—ਸਾਰੇ ਗੁਣ। ਵੰਞਾ—ਵੰਞਾਂ, ਮੈਂ (ਸਦਕੇ) ਜਾਂਦਾ ਹਾਂ। ਖੰਨੀਐ ਵੰਞਾ—ਮੈਂ ਟੋਟੇ ਟੋਟੇ ਹੁੰਦਾ ਹਾਂ। ਪ੍ਰਭ ਮੇਰੇ—ਹੇ ਮੇਰੇ ਪ੍ਰਭੂ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਦ੍ਰਿਸਟਿ—ਨਿਗਾਹ, ਨਜ਼ਰ। ਪੇਖਿ—ਵੇਖ ਕੇ। ਜੀਵਾ—ਜੀਵਾਂ, ਮੈਂ ਜੀਉਂਦਾ ਹਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ। ਸੁਨੀਜੈ—ਸੁਣਿਆਂ ਜਾਂਦਾ ਹੈ। ਕਰਹਿ—ਜੇ ਤੂੰ ਕਰੇਂ। ਤ—ਤਾਂ। ਪੀਵਾ—ਪੀਵਾਂ, ਮੈਂ ਪੀ ਸਕਦਾ ਹਾਂ।

ਪਿਆਸੀ—ਤਿਹਾਈ। ਆਸ ਪਿਆਸੀ—(ਪ੍ਰਭੂ ਪਤੀ ਦੇ ਦਰਸ਼ਨ ਦੀ) ਆਸ ਨਾਲ ਤਿਹਾਈ। ਕੈ ਤਾਈ—ਕੈ ਤਾਈਂ, ਦੀ ਖਾਤਰ। ਪਿਰ ਕੈ ਤਾਈ-ਪ੍ਰਭੂ ਪਤੀ (ਦੇ ਦਰਸ਼ਨ ਦੀ) ਖਾਤਰ। ਚਾਤ੍ਰਿਕੁ—ਪਪੀਹਾ। ਬੂੰਦੇਰੇ—(ਸ੍ਵਾਂਤੀ ਨਛਤ੍ਰ ਦੀ ਵਰਖਾ ਦੀ) ਬੂੰਦ ਵਾਸਤੇ।੨।

ਅਰਥ :—

ਪ੍ਰ:—ਸ੍ਰੀ ਜੀਉ, ਸਾਡੇ ਜੀਵਾਂ ਦੇ ਮਨਾਂ ਵਿਚ ਇਤਨੀ ਅਗਿਆਨ ਦੀ ਪਰਬਲਤਾ ਹੈ ਕਿ, ਸਾਨੂੰ ਇਸ ਤਨ ਦਾ ਅਭਿਮਾਨ ਸਦਾ ਹੀ ਮਨ ਵਿਚ ਬਣਿਆ ਰਹਿੰਦਾ ਹੈ, ਕੋਈ ਸਾਧਨ ਦਸੋ, ਇਸ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ ?

1. ਉ:—ਹੇ ਭਾਈਓ ! ਇਸ ਦਾ ਇਕੋ ਹੀ ਸਾਧਨ ਹੈ ਕਿ, ਉਸ ਪ੍ਰਭੂ ਜੀ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਿਹਾ ਕਰੋ ਕਿ, ਹੇ ਮੇਰ ਪ੍ਰਭੂ ਜੀ ! (ਮੇਰਾ) ਇਹ ਸਰੀਰ (ਤੇਰਾ ਹੀ ਦਿਤਾ ਹੋਇਆ ਹੈ) (ਮੇਰਾ) ਇਹ ਮਨ ਭੀ ਤੇਰਾ (ਬਖਸ਼ਿਆ ਹੋਇਆ ਹੈ) ਅਤੇ ਇਸ ਸਰੀਰ ਵਿਚ ਜੋ ਗੁਣ ਭੀ ਹਨ ਇਹ ਭੀ ਤੇਰੇ ਹੀ ਬਖਸ਼ੇ ਮਿਲਦੇ ਹਨ, (ਮੇਰਾ ਤਾਂ ਇਸ ਵਿਚ ਕੁਝ ਭੀ ਨਹੀਂ ਹੈ)।

2. (ਇਸ ਲਈ) ਮੈਂ ਤੇਰੇ ਦਰਸ਼ਨ ਤੋਂ ਕੁਰਬਾਨ ਜਾਂਦਾ ਹਾਂ।

3. ਹੇ ਮੇਰੇ ਪ੍ਰਭੂ ! (ਮੈਂ) ਤੇਰੇ ਦਰਸ਼ਨ (ਤੋਂ) ਸਦਕੇ ਜਾਂਦਾ ਹਾਂ, ਅੱਖ ਝਮਕਣ ਜਿਤਨੇ ਸਮੇਂ ਲਈ ਹੀ (ਮੇਰੇ ਵਲ) ਨਿਗਾਹ ਕਰ (ਤੈਨੂੰ) ਵੇਖ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ।

4. ਹੇ ਮੇਰੇ ਪ੍ਰਭੂ ਜੀਉ ! ਤੇਰਾ ਨਾਮ ਅਮਰ ਜੀਵਨ ਦੇਣ ਵਾਲਾ ਸੁਣੀਦਾ ਹੈ, ਜੇ ਤੂੰ (ਮੇਰੇ ਉਤੇ) ਮੇਹਰ ਕਰੇਂ ਤਾਂ ਹੀ ਮੈਂ (ਤੇਰਾ ਨਾਮ ਜਲ) ਪੀ ਸਕਦਾ ਹਾਂ।

5. ਹੇ ਮੇਰੇ ਪ੍ਰਭੂ ਪਤੀ ਜੀਉ ! ਤੇਰੇ ਦਰਸ਼ਨ ਦੀ ਖਾਤ੍ਰ ਮੇਰੇ ਅੰਦਰ ਤਾਂਘ ਪੈਦਾ ਹੋ ਰਹੀ ਹੈ, ਉਸ ਤਾਂਘ ਦੀ (ਮਾਨੋ) ਪਿਆਸ ਲਗੀ ਹੋਈ ਹੈ (ਦਰਸ਼ਨ ਤੋਂ ਬਿਨਾ ਉਹ ਪਿਆਸ ਮਿਟਦੀ ਨਹੀਂ) ਜਿਵੇਂ ਪਪੀਹਾ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਬੂੰਦ ਨੂੰ ਤਾਂਘਦਾ ਰਹਿੰਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮੇਰੇ ਪ੍ਰਭੂ ਜੀਉ ! ਮੈਨੂੰ (ਆਪਣਾ) ਦਰਸ਼ਨ ਦੇਹ, ਮੈਂ ਇਹ ਆਪਣੀ ਜਿੰਦ ਤੈਥੋਂ ਕੁਰਬਾਨ ਕਰਦਾ ਹਾਂ।੨।

1. ਤੂ ਸਾਚਾ ਸਾਹਿਬੁ ਸਾਹੁ ਅਮਿਤਾ ॥
2. ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ ॥
3. ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ
ਸਗਲ ਰੰਗ ਬਨਿ ਆਏ ॥
4. ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥
5. ਜਾ ਕਉ ਕ੍ਰਿਪਾ ਕਰੀ ਜਗਦੀਸੁਰਿ
ਤਿਨਿ ਸਾਧ ਸੰਗਿ ਮਨੁ ਜਿਤਾ ॥
6. ਕਹੁ ਨਾਨਕ ਜੀਅੜਾ ਬਲਿਹਾਰੀ
ਜੀਉ ਪਿੰਡੁ ਤਉ ਦਿਤਾ ॥੩॥

ਪਦ ਅਰਥ :—ਸਾਚਾ—ਸਦਾ ਕਾਇਮ ਰਹਿਣ ਵਾਲਾ।

ਸਾਹਿਬੁ—ਮਾਲਕ । ਅਮਿਤਾ—ਅਮਿੱਤਾ, ਅ-ਮਿੱਤ, ਹੱਦ ਬੰਨੇ ਤੋਂ ਪਰੇ । ਪ੍ਰਾਨ ਹਿਤ—ਮੇਰੇ ਪ੍ਰਾਣਾਂ ਦਾ ਹਿਤੂ । ਹਿਤ ਚਿਤਾ—ਹਿਤ ਚਿੱਤਾ, ਮੇਰੇ ਚਿਤ ਦਾ ਹਿਤੂ, ਮੇਰੀ ਜਿੰਦ ਦਾ ਹਿਤੂ ।

ਸੁਖ ਦਾਤਾ—ਸੁਖ ਦੇਣ ਵਾਲਾ । ਪ੍ਰਾਨ ਦਾਤਾ—ਜਿੰਦ ਦੇਣ ਵਾਲਾ । ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ । ਜਾਤਾ—ਪਛਾਣਦਾ ਹੈ । ਸਗਲ—ਸਾਰੇ । ਰੰਗ—ਆਤਮਕ ਅਨੰਦ । ਕਰਮੁ—ਕੰਮ । ਫੁਰਮਾਏ—ਫੁਰਮਾਇਆ, ਹੁਕਮ ਕੀਤਾ ਹੁੰਦਾ ਹੈ ।

ਜਾ ਕਉ—ਜਿਸ (ਮਨੁੱਖ) ਨੇ। ਸਾਧ ਸੰਗਿ—ਗੁਰੂ ਦੀ ਸੰਗਤ ਵਿਚ । ਜਿਤਾ—ਜਿੱਤਾ, ਜਿੱਤ ਲਿਆ । ਜੀਉ—ਜਿੰਦ । ਪਿੰਡੁ—ਸਰੀਰ । ਤਉ ਦਿਤਾ—ਤਉ ਦਿੱਤਾ, ਤੇਰਾ ਦਿਤਾ ਹੋਇਆ ।੩।

ਅਰਥ :—

ਪ੍ਰ:—ਗੁਰਦੇਵ ਜੀਉ ! ਸਾਨੂੰ ਉਸ ਪ੍ਰਮੇਸ਼ਰ ਦੀ ਸਿਫਤ ਕਰਦੇ ਰਹਿਣ ਦੀ ਸੋਝੀ ਬਖਸ਼ਸ਼ ਕਰੋ ?

1. ਉ:—ਹੇ ਪਿਆਰੇ ! ਉਸ ਪ੍ਰਭੂ ਦੇ ਸਨਮੁਖ ਹੋ ਇਉਂ ਉਸਦੀ ਸਿਫਤ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ! ਤੂੰ (ਅਸਾਂ ਜੀਵਾਂ ਦਾ) ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ ਤੂੰ ਬੇਅੰਤ ਵਡਾ ਸ਼ਾਹ ਹੈਂ ।
2. ਹੇ ਪ੍ਰਭੂ ! ਤੂੰ (ਸਾਡਾ) ਪ੍ਰੀਤਮ ਹੈਂ, (ਸਾਡਾ) ਪਿਆਰਾ ਹੈਂ, ਤੂੰ ਸਾਡੇ ਪ੍ਰਾਣਾਂ ਦਾ ਰਾਖਾ ਹੈਂ, ਤੂੰ ਸਾਡੀ ਜਿੰਦ ਦਾ ਰਾਖਾ ਹੈਂ ।
3. ਹੇ ਪ੍ਰਭੂ ! ਤੂੰ (ਸਾਨੂੰ) ਜਿੰਦ ਦੇਣ ਵਾਲਾ ਹੈਂ, ਸਾਰੇ ਸੁਖ ਦੇਣ ਵਾਲਾ ਹੈਂ, ਜੇਹੜਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਤੇਰੇ ਨਾਲ ਜਾਣ ਪਛਾਣ ਪਾਂਦਾ ਹੈ, ਉਸ ਦੇ ਅੰਦਰ ਸਾਰੇ ਆਤਮਕ ਅਨੰਦ ਪੈਦਾ ਹੋ ਜਾਂਦੇ ਹਨ ।
4. ਹੇ ਪ੍ਰਭੂ ! ਜਿਹੋ ਜਿਹਾ ਹੁਕਮ ਤੂੰ ਕੀਤਾ ਹੁੰਦਾ ਹੈ, ਜੀਵ ਉਹੀ ਕਰਮ ਕਰਦਾ ਹੈ ।
5. ਹੇ ਭਾਈ ! ਜਗਤ ਦੇ ਮਾਲਕ ਪ੍ਰਭੂ ਨੇ ਜਿਸ ਮਨੁੱਖ ਉਤੇ ਮਿਹਰ ਕੀਤੀ ਹੈ, ਉਸ ਨੇ ਗੁਰੂ ਦੀ ਸੰਗਤ ਵਿਚ (ਰਹਿਕੇ ਆਪਣੇ) ਮਨ ਨੂੰ ਵਸ ਵਿਚ ਕਰ ਲਿਆ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪ੍ਰਭੂ ਮੇਰੀ ਇਹ) ਨਿਮਾਣੀ ਜਿੰਦ ਤੈਥੋਂ ਸਦਕੇ ਹੈ, ਇਹ ਜਿੰਦ ਇਹ ਸਰੀਰ ਤੇਰਾ ਹੀ ਦਿਤਾ ਹੋਇਆ ਹੈ ।੩।

1. ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥
2. ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥
3. ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖ ਦਾਤੇ ॥
4. ਅਬਿਨਾਸੀ ਅਬਿਗਤ ਸੁਆਮੀ
ਪੂਰਨ ਪੁਰਖ ਬਿਧਾਤੇ ॥
5. ਉਸਤਤਿ ਕਹਨੁ ਨ ਜਾਇ ਤੁਮਾਰੀ
ਕਉਣੁ ਕਹੈ ਤੂ ਕਦ ਕਾ ॥
6. ਨਾਨਕ ਦਾਸੁ ਤਾ ਕੈ ਬਲਿਹਾਰੀ
ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥

ਪਦ ਅਰਥ :—ਨਿਰਗੁਣੁ—ਗੁਣ ਹੀਨ । ਕਾ ਸਦਕਾ—ਦੀ ਬਰਕਤ ਨਾਲ। ਸੰਤਨ ਕਾ ਸਦਕਾ—ਸੰਤਾਂ ਦੀ ਸ਼ਰਣ ਪੈਣ ਦੀ ਬਰਕਤ ਨਾਲ। ਸਤਿਗੁਰਿ—ਸਤਿਗੁਰੂ ਨੇ । ਮੋਹਿ ਪਾਪੀ—ਮੇਰਾ ਪਾਪੀ ਦਾ । ਢਾਕਨਹਾਰੇ—ਹੇ (ਸਾਡੇ ਪਰਦੇ) ਢੱਕਣ ਦੀ ਸਮਰਥਾ ਵਾਲੇ। ਜੀਅ ਦਾਤੇ—ਹੇ ਜਿੰਦ ਦੇਣ ਵਾਲੇ। ਪ੍ਰਾਨ ਦਾਤੇ—ਹੇ ਪ੍ਰਾਣ ਦੇਣ ਵਾਲੇ। ਸੁਖ ਦਾਤੇ—ਹੇ ਸੁਖ ਦੇਣ ਵਾਲੇ। ਅਬਿਗਤ—ਹੇ ਅਵਿਅਕਤ, ਹੇ ਅਦ੍ਰਿਸ਼ਟ । ਪੂਰਨ -ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ । ਪੁਰਖ—ਹੇ ਸਰਬ ਵਿਆਪਕ । ਬਿਧਾਤੇ—ਹੇ ਸਿਰਜਨਹਾਰ ।,

ਉਸਤਤਿ—ਵਡਿਆਈ । ਕਉਣੁ ਕਹੈ—ਕੌਣ ਦਸ ਸਕਦਾ ਹੈ ? ਕੋਈ ਨਹੀਂ ਦਸ ਸਕਦਾ । ਕਦ ਕਾ—ਕਦੋਂ ਦਾ ? ਤਾ ਕੈ—ਉਸ (ਗੁਰੂ) ਤੋਂ । ਨਿਮਕਾ—ਨਿਮਖ ਮਾਤ੍ਰ, ਅੱਖ ਝਮਕਣ ਜਿਤਨੇ ਸਮੇਂ ਲਈ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਉਸ ਸਾਈਂ ਜੀ ਦੀਆਂ ਬਖਸ਼ਸ਼ਾਂ ਨੂੰ ਕਿਸ ਰੂਪ ਵਿਚ ਚੇਤੇ ਕਰ ਕੇ ਉਸ ਦੀ ਸਿਫਤੋ ਸਲਾਹ ਕਰਦੇ ਰਹਿਣਾ ਚਾਹੀਦਾ ਹੈ ?

1. ਉ:—ਹੇ ਭਾਈਓ ! ਉਸ ਦੀ ਮਹਿਮਾਂ ਇਉਂ ਹੀ ਉਚਾਰਨ ਕਰਦੇ ਰਹੋ ਕਿ, ਹੇ ਪ੍ਰਭੂ ਜੀ ! ਸੰਤ ਜਨਾਂ ਦੀ ਸ਼ਰਣ ਪੈਣ ਦੀ ਬਰਕਤ ਨਾਲ ਤੂੰ ਮੈਨੂੰ ਗੁਨ ਹੀਣ ਨੂੰ (ਭੀ ਵਿਕਾਰਾਂ ਤੋਂ) ਬਚਾ ਲਿਆ ਹੈ ।
2. ਸਤਿਗੁਰੂ ਨੇ ਮੇਰੇ ਪਾਪੀ ਦਾ ਪੜਦਾ ਢੱਕ ਲਿਆ ਹੈ (ਭਾਵ, ਮੇਰੇ ਪਾਪਾਂ ਨੂੰ ਪ੍ਰਗਟ ਨਹੀਂ ਹੋਣ ਦਿਤਾ) ।
3. ਹੇ ਅਸਾਂ ਜੀਵਾਂ ਦੇ ਮਾਲਕ ! ਹੇ ਸਭ ਜੀਵਾਂ ਦਾ ਪਰਦਾ ਢੱਕਣ ਦੀ ਸਮਰਥਾ ਵਾਲੇ, ਹੇ ਜਿੰਦ ਦੇਣ ਵਾਲੇ, ਹੇ ਪ੍ਰਾਣ ਦੇਣ ਵਾਲੇ; ਹੇ ਸੁਖ ਦੇਣ ਵਾਲੇ ।
4. ਹੇ ਨਾਸ ਰਹਿਤ ਸੁਆਮੀ, ਹੇ ਅਦ੍ਰਿਸ਼ਟ ਸੁਆਮੀ, ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ, ਹੇ ਸਰਬ ਵਿਆਪਕ, ਹੇ ਸਿਰਜਨਹਾਰ ।
5. ਤੇਰੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ, ਕੋਈ ਨਹੀਂ ਦਸ ਸਕਦਾ ਕਿ ਤੂੰ ਕਦੋਂ ਦਾ ਹੈਂ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਦਾਸ ਉਸ ਤੋਂ ਕੁਰਬਾਨ ਹਾਂ (ਜਿਸ ਦੀ ਕ੍ਰਿਪਾ ਨਾਲ) ਪ੍ਰਮਾਤਮਾਂ ਦਾ ਨਾਮ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਮਿਲ ਜਾਂਦਾ ਹੈ ।੪।੧।੧੧।

ਗਿਣਤੀ ਦਾ ਵੇਰਵਾ :—

ਛੰਤ ਮ: ੧—੬ ਛੰਤ ਮ: ੪—੪ ਛੰਤ ਮ: ੫—੧ ਜੋੜ—੧੧

(ਰਾਗੁ ਤੁਖਾਰੀ ਸਮਾਪਤ)

ਰਾਗੁ ਕੇਦਾਰਾ

ਕੇਦਾਰਾ ਮਹਲਾ ੪ ਘਰੁ ੧

੧ ਓ ਸਤਿਗੁਰ ਪ੍ਰਸਾਦਿ ॥

1. ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥
2. ਅਗਮ ਅਗੋਚਰੁ ਨ ਜਾਈ ਹਰਿ ਲਖਿਆ
ਗੁਰੁ ਪੂਰਾ ਮਿਲੈ ਲਖਾਵੀਐ ਰੇ ॥ ਰਹਾਉ ॥
3. ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ
ਤਿਸੁ ਜਨ ਕਉ ਹਰਿ ਲਿਵ ਲਾਈਐ ਰੇ ॥
4. ਸਭੁ ਕੋ ਭਗਤਿ ਕਰੇ ਹਰਿ ਕੇਰੀ
ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥
5. ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ
ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥
6. ਜਿਸ ਨੋ ਨਾਮੁ ਦੇਇ ਮੇਰਾ ਸੁਆਮੀ
ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥
7. ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ
ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥
8. ਤਿਨ ਦੇਖੇ ਮੇਰਾ ਮਨੁ ਬਿਗਸੈ
ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥
9. ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ
ਮੋਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥
10. ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ
ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥

ਪਦ ਅਰਥ :—ਰੇ ਮੇਰੇ ਮਨ—ਹੇ ਮੇਰੇ ਮਨ । ਨਿਤ—ਸਦਾ । ਗਾਵੀਐ—ਗਾਵਣਾ ਚਾਹੀਦਾ ਹੈ, ਸਿਮਰਨਾ ਚਾਹੀਦਾ ਹੈ । ਅਗਮ—ਅਪਹੁੰਚ । ਅਗੋਚਰੁ—(ਅ-ਗੋ-ਚਰੁ । ਗੋ—ਗਿਆਨ ਇੰਦ੍ਰੇ । ਚਰ—ਪਹੁੰਚ) ਜੋ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ । ਨ ਜਾਈ ਲਖਿਆ—ਸਮਝਿਆ ਨਹੀਂ ਜਾ ਸਕਦਾ । ਲਖਾਵੀਐ—ਸਮਝਿਆ ਜਾ ਸਕਦਾ ਹੈ । ਰਹਾਉ ।

ਆਪੇ—ਆਪ ਹੀ । ਕਉ—ਨੂੰ । ਲਿਵ—ਲਗਨ, ਪ੍ਰੀਤ । ਲਾਵੀਐ-ਲਾਈ ਜਾਂਦੀ ਹੈ, ਲਗਦੀ ਹੈ । ਸਭੁ ਕੋ—ਹਰੇਕ ਜੀਵ । ਕੇਰੀ—ਦੀ । ਹਰਿ ਭਾਵੈ—(ਜਿਹੜਾ ਮਨੁੱਖ) ਹਰੀ ਨੂੰ ਚੰਗਾ ਲਗਦਾ ਹੈ । ਥਾਇ ਪਾਵੀਐ—ਥਾਂ ਤੇ ਪਾਇਆ ਜਾਂਦਾ ਹੈ, ਕਬੂਲ ਹੁੰਦਾ ਹੈ ।੧।

ਅਮੋਲਕੁ—ਜੋ ਕਿਸੇ (ਦੁਨਿਆਵੀ) ਮੁੱਲ ਤੋਂ ਨਹੀਂ ਮਿਲ ਸਕਦਾ । ਪਹਿ—ਪਾਸ, ਕੋਲ । ਦੇਵੈ—ਦੇਂਦਾ ਹੈ । ਤਾ—ਤਦੋਂ । ਧਿਆਵੀਐ—ਸਿਮਰਿਆ ਜਾ ਸਕਦਾ । ਦੇਇ—ਦੇਂਦਾ ਹੈ । ਤਿਸੁ ਲੇਖਾ—ਉਸ ਦੇ (ਕਰਮਾਂ) ਦਾ ਲੇਖਾ । ਸਭੁ—ਸਾਰਾ । ਛਡਾਵੀਐ—ਛਡਾਇਆ ਜਾਂਦਾ ਹੈ, ਮੁਕਾਇਆ ਜਾਂਦਾ ਹੈ ।੨।

ਅਰਾਧਹਿ—ਅਰਾਧਦੇ ਹਨ । ਸੇ—ਉਹ ਮਨੁੱਖ । ਧਨੁ ਜਨ—ਭਾਗਾਂ ਵਾਲੇ ਮਨੁੱਖ । ਕਹੀਅਹਿ—ਆਖੇ ਜਾਂਦੇ ਹਨ । ਮਸਤਕਿ—ਮੱਥੇ ਉਤੇ । ਧੁਰਿ—ਧੁਰ ਦਰਗਾਹ ਤੋਂ । ਭਾਗੁ ਲਿਖਿ ਪਾਵੀਐ—ਚੰਗੀ ਕਿਸਮਤ ਲਿਖ ਕੇ ਪਾਈ ਜਾਂਦੀ ਹੈ । ਤਿਨ ਦੇਖੇ—ਉਨ੍ਹਾਂ ਨੂੰ ਵੇਖਿਆਂ । ਬਿਗਸੈ—ਖਿੜ ਆਉਂਦਾ ਹੈ, ਖੁਸ਼ ਹੁੰਦਾ ਹੈ । ਸੁਤੁ—ਪੁੱਤਰ । ਮਿਲਿ ਮਾਤ—ਮਾਂ ਨੂੰ ਮਿਲ ਕੇ । ਗਲਿ—ਗਲ ਨਾਲ । ਲਾਵੀਐ—ਲਾਇਆ ਜਾਂਦਾ ਹੈ ।

ਬਾਰਿਕ—ਬੱਚੇ, ਬਾਲਕ । ਪ੍ਰਭ —ਹੇ ਪ੍ਰਭੂ । ਮੋਕਉ—ਮੈਨੂੰ । ਮਤੀ—ਸਿਖਿਆ । ਜਿਤੁ—ਜਿਸ (ਮਤਿ) ਦੀ ਰਾਹੀਂ । ਪਾਵੀਐ—ਲਭਿਆ ਜਾ ਸਕਦਾ ਹੈ । ਬਛੁਰਾ—ਵੱਛਾ । ਦੇਖਿ—ਵੇਖ ਕੇ । ਗਊ ਸੁਖੁ ਮਾਨੈ—ਗਾਂ ਸੁਖ ਮੰਨਦੀ ਹੈ, ਗਾਂ ਖੁਸ਼ ਹੁੰਦੀ ਹੈ । ਹਰਿ ਗਲਿ—ਹਰੀ ਦੇ ਗਲ ਨਾਲ । ਲਾਵੀਐ—ਲਾਇਆ ਜਾਂਦਾ ਹੈ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਇਹ ਸਾਡਾ ਮਨ ਸੰਸਾਰਕ ਵਿਵਹਾਰ ਕਰਦਾ ਹੋਇਆ ਕਦੇ ਥਕਦਾ ਹੀ ਨਹੀਂ, ਪਰ, ਪ੍ਰਭੂ ਦਾ ਨਾਮ ਸਿਮਰਨ ਵਲੋਂ ਸਦਾ ਹੀ ਆਲਸ ਕਰਦਾ ਰਹਿੰਦਾ ਹੈ, ਦਸੋ ਇਸਨੂੰ ਰੱਬੀ ਮਾਰਗ ਵਲ ਕਿਵੇਂ ਲਾਇਆ ਜਾਵੇ?

1. **ਉ**:—ਹੇ ਭਾਈ ! ਇਸ ਆਲਸੀ ਮਨ ਨੂੰ ਪਿਆਰ ਨਾਲ ਇਉਂ ਪ੍ਰੇਰਿਆ ਕਰ ਕਿ, ਹੇ ਮੇਰੇ ਮਨਾ ! (ਤੈਨੂੰ) ਪ੍ਰਮਾਤਮਾਂ ਦਾ ਨਾਮ ਸਦਾ ਹੀ ਸਿਮਰਨਾ ਚਾਹੀਦਾ ਹੈ ।

ਪ੍ਰ:—ਸ੍ਰੀ ਜੀਉ ! ਕਈ ਵਾਰ ਮਨ ਵਿਚੋਂ ਇਹ ਭੀ ਸੰਸਾ ਉਪਜਦਾ ਹੈ ਕਿ, ਜਦੋਂ ਉਸ ਕਰਤਾਰ ਦੀ ਹਸਤੀ ਵੇਖਣ ਵਿਚ ਹੀ ਨਹੀਂ ਆਉਂਦੀ ਤਾਂ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ ਭੀ ਕਿਸ ਪ੍ਰਕਾਰ ਕੀਤੀ ਜਾ ਸਕਦੀ ਹੈ, ਤਾਂ ਦਸੋ ਉਸ ਨੂੰ ਸਮਝਿਆ ਕਿਵੇਂ ਜਾ ਸਕਦਾ ਹੈ ?

2. **ਉ**:—ਹੇ ਮਨਾ ! ਸੁਣ, ਉਹ ਪ੍ਰਮਾਤਮਾਂ ਅਪਹੁੰਚ ਹੈ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ (ਮਨੁੱਖ ਦੀ ਆਪਣੀ ਅਕਲ ਨਾਲ ਉਹ) ਸਮਝਿਆ ਨਹੀਂ ਜਾ ਸਕਦਾ (ਪਰ ਹਾਂ,)ਜਦੋਂ ਪੂਰਾ ਗੁਰੂ ਮਿਲਦਾ ਹੈ, ਤਦੋਂ ਉਸਨੂੰ ਸਮਝਿਆ ਜਾ ਸਕਦਾ ਹੈ । ਰਹਾਉ ।

3. ਹੇ ਮੇਰੇ ਮਨ ! ਮੇਰਾ ਮਾਲਕ ਪ੍ਰਭੂ ਜਿਸ ਮਨੁੱਖ ਉਤੇ ਆਪ ਹੀ ਕ੍ਰਿਪਾ ਕਰਦਾ ਹੈ, ਉਸ ਮਨੁੱਖ ਨੂੰ ਪ੍ਰਭੂ (ਆਪਣੇ ਚਰਨਾਂ ਦਾ) ਆਪ ਹੀ ਪਿਆਰ ਲਾਂਦਾ ਹੈ ।

ਪ੍ਰ:–ਸ੍ਰੀ ਜੀਉ ! ਭਗਤੀ ਦੇ ਲਿਬਾਸ ਵਿਚ ਭਗਤੀ ਕਰਨ ਵਾਲੇ ਤਾਂ ਬਹੁਤ ਲੋਕ ਵੇਖਣ ਵਿਚ ਆਉਂਦੇ ਹਨ ਕੀ ਸਾਰਿਆਂ ਦੀ ਭਗਤੀ ਰੱਬੀ ਦਰ ਤੇ ਪ੍ਰਵਾਨ ਹੋ ਜਾਂਦੀ ਹੈ ?

4. ਉ:–ਹੇ ਭਾਈ ! ਆਪਣੇ ਵਲੋਂ ਤਾਂ ਹਰੇਕ ਜੀਵ ਹੀ ਪ੍ਰਮਾਤਮਾਂ ਦੀ ਭਗਤੀ ਕਰਦਾ ਹੈ, ਪਰ, (ਉਸ ਪ੍ਰਭੂ ਦੇ ਦਰ ਤੇ) ਉਹੀ ਮਨੁੱਖ ਪ੍ਰਵਾਨ ਹੁੰਦਾ ਹੈ, ਜਿਹੜਾ ਕਿ ਉਸਨੂੰ ਪਿਆਰਾ ਲਗਦਾ ਹੈ ।੧।

ਪ੍ਰ–ਕਿਉਂ ਜੀ ! ਕੀ ਨਾਮ ਕਿਸੇ ਦੁਨਿਆਵੀ ਸ਼ੈ ਵਾਂਗ ਮੁੱਲ ਨਹੀਂ ਖਰੀਦਿਆ ਜਾ ਸਕਦਾ ?

5. ਉ:–ਹੇ ਭਾਈ ! ਉਸ ਪ੍ਰਮਾਤਮਾਂ ਦਾ ਨਾਮ ਕਿਸੇ ਦੁਨਿਆਵੀ ਮੁੱਲ ਤੋਂ ਨਹੀਂ ਮਿਲ ਸਕਦਾ (ਉਸ ਦਾ ਇਹ ਨਾਮ ਉਸ) ਪ੍ਰਮਾਤਮਾਂ ਦੇ (ਆਪਣੇ) ਪਾਸ ਹੈ, ਜਦੋਂ ਕਿਸੇ ਨੂੰ ਪ੍ਰਮਾਤਮਾਂ ਨਾਮ ਦੀ ਦਾਤ ਦੇਂਦਾ ਹੈ, ਤਦੋਂ ਹੀ ਸਿਮਰਿਆ ਜਾ ਸਕਦਾ ਹੈ ।

6. ਹੇ ਪਿਆਰੇ ! ਮੇਰਾ ਮਾਲਕ ਪ੍ਰਭੂ ਜਿਸ ਮਨੁੱਖ ਨੂੰ ਆਪਣਾ ਨਾਮ ਦੇਂਦਾ ਹੈ ਉਸ (ਦੇ ਪਿਛਲੇ ਕੀਤੇ ਕਰਮਾਂ ਦਾ) ਸਾਰਾ ਹਿਸਾਬ ਮੁੱਕ ਜਾਂਦਾ ਹੈ ।੨।

7. ਐ ਪਿਆਰੇ ! ਜਿਹੜੇ ਮਨੁੱਖ ਪ੍ਰਮਾਤਮਾਂ ਦਾ ਨਾਮ ਸਿਮਰਦੇ ਹਨ ਉਹ ਮਨੁੱਖ ਵਡੇ ਭਾਗਾਂ ਵਾਲੇ ਆਖੇ ਜਾਂਦੇ ਹਨ, ਉਨ੍ਹਾਂ ਦੇ ਮੱਥੇ ਉਤੇ ਧੁਰੋਂ ਪ੍ਰਭੂ ਦੀ ਹਜੂਰੀ ਤੋਂ ਲਿਖੀ ਚੰਗੀ ਕਿਸਮਤ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦੀ ਹੈ ।

8. ਹੇ ਭਾਈਓ ! ਉਨ੍ਹਾਂ ਦਾ ਦਰਸ਼ਨ ਕੀਤਿਆਂ ਮੇਰਾ ਮਨ (ਇਉਂ) ਖੁਸ਼ ਹੁੰਦਾ ਹੈ ਜਿਵੇਂ ਪੁੱਤ੍ਰ (ਆਪਣੀ) ਮਾਂ ਨੂੰ ਮਿਲ ਕੇ (ਖੁਸ਼ ਹੁੰਦਾ ਹੈ) ਉਹ ਮਾਂ ਦੇ ਗਲ ਨਾਲ ਚੰਬੜ ਜ ਦਾ ਹੈ ।੩।

ਪ੍ਰ:–ਸ੍ਰੀ ਜੀਉ ! ਆਖਰ ਉਸ ਸਾਈਂ ਜੀ ਤੋਂ ਮੰਗ ਕੀ ਮੰਗਦੇ ਰਹਿਣਾ ਚਾਹੀਦਾ ਹੈ ?

9. ਉ:–ਹੇ ਭਾਈਓ ! ਇਕ ਇਹੋ ਹੀ ਮੰਗਦੇ ਰਹੋ ਕਿ, ਹੇ ਮੇਰੇ ਪਿਤਾ ਪ੍ਰਭੂ ਜੀਉ ! ਅਸੀਂ ਜੀਵ ਤੇਰੇ ਬੱਚੇ ਹਾਂ, (ਹੇ ਪ੍ਰਭੂ) ਮੈਨੂੰ ਅਜਿਹੀ ਮਤਿ ਦੇਵੋ, ਜਿਸ ਦੀ ਰਾਹੀਂ ਤੇਰਾ ਨਾਮ ਪ੍ਰਾਪਤ ਹੋਵੇ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀਉ ! ਜਿਵੇਂ ਗਾਂ (ਆਪਣੇ) ਵੱਛੇ ਨੂੰ ਵੇਖ ਕੇ ਖੁਸ਼ ਹੁੰਦੀ ਹੈ ਤਿਵੇਂ ਉਹ ਵਡਭਾਗੀ ਮਨੁੱਖ ਸੁਖ ਪ੍ਰਤੀਤ ਕਰਦਾ ਹੈ, ਜਿਸਨੂੰ ਪ੍ਰਮਾਤਮਾਂ ਆਪਣੇ ਗਲ ਨਾਲ ਲਾ ਲੈਂਦਾ ਹੈ।੪।੧।

ਭਾਵਾਰਥ :–ਇਸ ਮਹਾਂਵਾਕ ਵਿਚ ਸਤਿਗੁਰੂ ਜੀ ਪਿਆਰ ਦਾ ਜ਼ਿਕਰ ਕਰਦੇ ਹਨ ਕਿ, ਹਰੀ ਨੇ ਆਪਣੇ ਨਾਮ ਦਾ ਪਿਆਰ ਆਪਣੇ ਹੱਥ ਰਖਿਆ ਹੈ, ਉਹ ਜਿਸ ਨੂੰ ਕ੍ਰਿਪਾ ਕਰੇ ਉਸ ਨੂੰ ਹੀ ਮਿਲਦਾ ਹੈ, ਇਸ ਕ੍ਰਿਪਾ ਦਾ ਰੂਪ ਹਜ਼ੂਰ ਨੇ ਰਹਾਉ ਵਿਚ ਦਿਤਾ ਹੈ, ਅਰਥਾਤ ਗੁਰੂ ਵਸੀਲਾ ਹੈ, ਜਿਸ ਰਾਹੀਂ ਅਲੱਖ ਹਰੀ ਦਾ ਨਾਮ ਸਮਝ ਵਿਚ ਆ ਜਾਂਦਾ ਹੈ ।

ਕੇਦਾਰਾ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥
2. ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ
ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥
3. ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ
ਇਨ ਸੰਗਤਿ ਤੇ ਤੂ ਰਹੁ ਰੇ ॥
4. ਮਿਲਿ ਸਤ ਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ
ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮਨਾਮੁ ਰਸਾਇਣੁ
ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥
5. ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ
ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥
6. ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ
ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥

ਪਦ ਅਰਥ :–ਰੇ ਮੇਰੇ ਮਨ–ਹੇ ਮੇਰੇ ਮਨ । ਕਹੁ–ਉਚਾਰਿਆ ਕਰ । ਧੋਇ–ਧੋ ਕੇ । ਇਨ ਬਿਧਿ–ਇਸ ਤਰ੍ਹਾਂ । ਲਹੁ–ਲਭ ਲੈ । ਰਹਾਉ ।

ਅਭਿਮਾਨੁ–ਅਹੰਕਾਰ । ਬਿਖੈ ਰਸ–ਵਿਸ਼ਿਆਂ ਦੇ ਸੁਆਦ । ਇਨ ਸੰਗਤਿ ਤੇ–ਇਨ੍ਹਾਂ ਦੀ ਸੰਗਤ ਤੋਂ । ਰਹੁ–ਹਟ ਜਾਹ । ਮਿਲਿ–ਮਿਲ ਕੇ । ਕੀਜੈ–ਕਰਨੀ ਚਾਹੀਦੀ ਹੈ । ਗੋਸਟਿ–ਵਿਚਾਰ । ਹਰਿ ਗੋਸਟਿ-ਪ੍ਰਮਾਤਮਾਂ ਦੇ ਗੁਣਾਂ ਦੀ ਵਿਚਾਰ । ਸਾਧੂ ਸਿਉ–ਗੁਰੂ ਨਾਲ, ਗੁਰ ਸਿਖ ਨਾਲ । ਰਸਾਇਣੁ-(ਰਸ–ਆਯਨ) ਸਾਰੇ ਰਸਾਂ ਦਾ ਘਰ, ਸਭ ਤੋਂ ਸ੍ਰੇਸ਼ਟ ਰਸ । ਰਮਹੁ–ਸਿਮਰੋ ।੧।

ਅੰਤਰ ਕਾ–ਅਦਰ ਦਾ । ਜੋਰੁ–ਹੈਂਕੜ । ਆਪਨ ਗਹੁ–ਆਪਣੇ ਆਪ ਨੂੰ ਵਸ ਵਿਚ ਰਖੋ । ਕਉ–ਨੂੰ, ਉਤੇ । ਸੁਆਮੀ–ਹੇ ਸੁਆਮੀ । ਹਰੇ–ਹੇ ਹਰੀ । ਕਰਿ–ਬਣਾ ਦੇਹ ।੨।

ਅਰਥ :–

ਪ੍ਰ:–ਸ੍ਰੀ ਜੀਉ ! ਮਨ ਵਿਚ ਇਹ ਭੀ ਬਾਰ ਬਾਰ ਸ਼ੰਕਾ ਉਪਜਦਾ ਰਹਿੰਦਾ ਹੈ ਕਿ, ਜਦ ਕਿ ਉਸ ਦਾ ਨਿਵਾਸ ਅਸਥਾਨ ਹੀ ਕੋਈ ਖਾਸ ਨਹੀਂ, ਤਾਂ ਉਸ ਪ੍ਰਭੂ ਨੂੰ ਕਿਥੋਂ ਤੇ ਕਿਵੇਂ ਲਭਿਆ ਜਾ ਸਕਦਾ ਹੈ, ਕੋਈ ਸਾਧਨ ਦਸੋ ?

1. ਉ.–ਹੇ ਪਿਆਰੇ ! ਤੂੰ ਆਪਣੇ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਇਆ ਕਰ ਕਿ, ਹੇ ਮੇਰੇ ਮਨ (ਤੂੰ) ਪ੍ਰਮਾਤਮਾਂ ਦੇ (ਹੀ) ਗੁਣ ਗਾਉਂਦਾ ਰਿਹਾ ਕਰ ।

2. ਅਤੇ ਗੁਰੂ ਦੇ ਚਰਨ ਧੋ ਧੋ ਕੇ ਪੂਜਿਆ ਕਰ (ਭਾਵ ਅਹੰਕਾਰ ਛਡ ਕੇ ਗੁਰੂ ਦੀ ਸ਼ਰਨ ਪਿਆ ਰਹੁ, ਹੇ ਮਨ !

ਇਸ ਤਰੀਕੇ ਨਾਲ ਤੂੰ) ਪਿਆਰੇ ਪ੍ਰਭੂ ਨੂੰ ਲੱਭ ਲੈ।ਰਹਾਉ।

ਪ੍ਰ:—ਸ੍ਰੀ ਜੀਉ! ਮਨ ਵਿਚ ਹਰ ਵਕਤ ਵਿਸ਼ਿਆਂ ਵਿਕਾਰਾਂ ਦੇ ਹੀ ਸੰਸਕਾਰ ਬਣੇ ਰਹਿੰਦੇ ਹਨ ਇਸ ਦਾ ਕੀ ਉਪਾਉ ਕੀਤਾ ਜਾਵੇ?

3.ਉ—ਹੇ ਭਾਈ, ਮਨ ਨੂੰ ਇਉਂ ਹੀ ਹਰ ਸਮੇਂ ਸੰਬੋਧਨ ਕਰਦਾ ਰਹੁ ਕਿ, ਹੇ ਮੇਰੇ ਮਨਾ! ਤੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਿਸ਼ਿਆਂ ਦੇ ਚਸਕੇ ਇਨ੍ਹਾਂ ਦੇ ਸਾਥ ਤੋਂ ਸਦਾ ਪਰੇ ਟਿਕਿਆ ਰਹੁ।

4. ਹੇ ਮੇਰੇ ਮਨ! ਸਾਧ ਸੰਗਤ ਵਿਚ ਮਿਲ ਕੇ ਪ੍ਰਮਾਤਮਾਂ ਦੇ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਗੁਰਮੁਖਾਂ ਨਾਲ ਮਿਲ ਕੇ ਹਰਿ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਹੇ ਮੇਰੇ ਮਨ! ਪ੍ਰਮਾਤਮਾਂ ਦਾ ਰਸ ਸਭ ਰਸਾਂ ਨਾਲੋਂ ਸ੍ਰੇਸ਼ਟ ਰਸ ਹੈ, ਪ੍ਰਮਾਤਮਾਂ ਦਾ ਨਾਮ ਸਾਰੇ ਰਸਾਂ ਦਾ ਘਰ ਹੈ, ਸੋ, ਸਦਾ ਪ੍ਰਮਾਤਮਾਂ ਦਾ ਨਾਮ ਹੀ ਸਿਮਰਿਆ ਕਰ।੧।

5 ਹੇ ਭਾਈ, ਆਪਣੇ ਅੰਦਰ ਦਾ ਇਹ ਮਾਣ, ਹੈਂਕੜ ਦੂਰ ਕਰਕੇ ਤੂੰ ਬਹੁਤ ਕੁਝ ਜਾਣਦਾ ਹੈਂ (ਕਿ ਤੂੰ ਬੜਾ ਸਿਆਣਾ ਹੈਂ) ਹੇ ਭਾਈ! ਆਪਣੇ ਆਪ ਨੂੰ ਤੂੰ ਵੱਸ ਵਿਚ ਰਖ।

6. ਕਥਨ ਕਰਦੇ ਹਨ ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ! ਹੇ ਸੁਆਮੀ; ਦਾਸ ਉਤੇ ਦਇਆਵਾਨ ਹੋ, ਮੈਨੂੰ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾਈ ਰਖ।੨।੧।੨।

ਭਾਵਾਰਥ :—ਦਿਆਲੂ ਹਰੀ ਪਾਸ ਬੇਨਤੀ ਕਰਦੇ ਹਨ ਕਿ, ਹੇ ਪ੍ਰਭੂ! ਮੇਰਾ ਮਨ ਇਕ ਹੈ, ਪਰ ਅਨੇਕਾਂ ਵੈਰੀਆਂ ਨਾਲ ਘਿਰਿਆ ਹੋਇਆ ਹੈ; ਮੈਨੂੰ ਇਨ੍ਹਾਂ ਤੋਂ ਬਚਾਓ, ਹਿੰਦੂਆਂ ਦੇ ਸ਼ਾਸ਼ਤ੍ਰਾਂ ਦੇ ਦਸੇ ਹੋਸੇ ਤਰੀਕੇ ਇਨ੍ਹਾਂ ਤੋਂ ਨਹੀਂ ਬਚਾ ਸਕਦੇ ਇਕ ਤੇਰੇ ਚਰਨਾਂ ਦਾ ਆਸਰਾ ਹੈ ਜਾਂ ਤੇਰੇ ਸੰਤਾਂ ਦਾ ਆਸਰਾ ਹੀ ਬਚਾਉ ਦਾ ਸਾਧਨ ਹੈ, ਸੋ ਆਪਣੇ ਸੰਤਾਂ ਦੀ ਸੰਗਤ ਵਿਚ ਹੀ ਰਖੋ।

ਕੇਦਾਰਾ ਮਹਲਾ ੫ ਘਰੁ ੨

੧ ਓ ਸਤਿਗੁਰ ਪ੍ਰਸਾਦਿ॥

1. ਮਾਈ ਸੰਤ ਸੰਗਿ ਜਾਗੀ॥
2. ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ ਰਹਾਉ॥
3. ਦਰਸਨ ਪਿਆਸ ਲੋਚਨ ਤਾਰ ਲਾਗੀ॥
4. ਬਿਸਰੀ ਤਿਆਸ ਬਿਡਾਨੀ॥੧॥
5. ਅਬ ਗੁਰੁ ਪਾਇਓ ਹੈ ਸਹਜ ਸੁਖ ਦਾਇਕ
ਦਰਸਨੁ ਪੇਖਤ ਮਨੁ ਲਪਟਾਨੀ॥
6. ਦੇਖਿ ਦਮੋਦਰ ਰਹਸੁ ਮਨਿ ਉਪਜਿਓ
ਨਾਨਕ ਪ੍ਰਿਅ ਅੰਮ੍ਰਿਤ ਬਾਨੀ॥੨॥੧॥

ਪਦ ਅਰਥ :—ਮਾਈ-ਹੇ ਮਾਂ। ਸੰਤ ਸੰਗਿ—ਗੁਰੂ ਦੀ ਸੰਗਤ ਵਿਚ। ਜਾਗੀ—ਮਾਇਆ ਦੇ ਮੋਹ ਦੀ ਨੀਂਦ ਵਿਚੋਂ ਜਾਗ ਪੈਂਦੀ ਹੈ। ਪ੍ਰਿਅ ਰੰਗ—ਪਿਆਰੇ (ਪ੍ਰਭੂ) ਦੇ ਕੌਤਕ। ਦੇਖੈ—ਵੇਖਦੀ ਹੈ। ਜਪਤੀ—ਜਪਦੀ ਜਪਦੀ। ਨਿਧਾਨੀ—ਨਿਧਾਨ ਵਾਲੀ, ਖਜ਼ਾਨੇ ਵਾਲੀ, ਖਜ਼ਾਨੇ ਦੀ ਮਾਲਕ, ਸੁਖਾਂ ਦੇ ਖਜ਼ਾਨੇ ਦੀ ਮਾਲਕ। ਰਹਾਉ।

ਪਿਆਸ—ਤਾਂਘ। ਲੋਚਨ—ਅੱਖਾਂ। ਲੋਚਨ ਤਾਰ—ਅੱਖਾਂ ਦੀ ਤਾਰ। ਤਿਆਸ—ਤ੍ਰੇਹ, ਪਿਆਸ। ਬਿਡਾਨੀ—ਬਿਗਾਨੀ, ਹੋਰ ਹੋਰ ਪਾਸੇ ਦੀ।੧।

ਅਬ—ਹੁਣ। ਸਹਜ—ਆਤਮਕ ਅਡੋਲਤਾ। ਦਾਇਕ—ਦੇਣ ਵਾਲਾ। ਪੇਖਤ-ਵੇਖਦਿਆਂ। ਲਪਟਾਨੀ—ਮਗਨ ਹੋ ਜਾਂਦਾ ਹੈ। ਦੇਖਿ—ਵੇਖ ਕੇ। ਦਮੋਦਰ—(ਦਾਮ-ਉਦਰ। ਦਾਮ—ਰੱਸੀ, ਤੜਾਗੀ। ਉਦਰ-ਪੇਟ। ਜਿਸ ਦੇ ਲਕ ਦੁਆਲੇ ਤੜਾਗੀ ਹੈ, ਕ੍ਰਿਸ਼ਨ) ਪ੍ਰਮਾਤਮਾਂ। ਪ੍ਰਿਅ ਬਾਨੀ—ਪਿਆਰੇ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲੀ। ਰਹਸੁ—ਹੁਲਾਸ, ਖੁਸ਼ੀ।੨।

ਅਰਥ :—

ਪ੍ਰ:—ਸ੍ਰੀ ਜੀਉ! ਜੋ ਜੀਵ ਰੂਪ ਇਸਤ੍ਰੀ ਸਦਾ ਸੰਗਤ ਵਿਚ ਹੀ ਵਸਦੀ ਹੈ ਉਸਨੂੰ ਆਖਰ ਫਲ ਕੀ ਹਾਸਲ ਹੁੰਦਾ ਹੈ?

1.2 ਉ:—ਹੇ ਮਾਂ! ਇਉਂ ਹੀ ਯਕੀਨ ਕਰੋ ਕਿ, ਜੋ ਜੀਵ ਰੂਪ ਇਸਤ੍ਰੀ ਗੁਰੂ ਦੀ ਸੰਗਤ ਵਿਚ (ਟਿਕ ਕੇ ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦੀ ਹੈ, (ਉਹ ਹਰ ਪਾਸੇ) ਪਿਆਰੇ ਪ੍ਰਭੂ ਦੇ ਹੀ (ਕੀਤੇ) ਕੌਤਕ ਵੇਖਦੀ ਹੈ; ਉਹ ਜੀਵ ਰੂਪ ਇਸਤ੍ਰੀ ਪ੍ਰਮਾਤਮਾਂ ਦਾ ਨਾਮ ਜਪਦੀ ਜਪਦੀ ਸੁਖਾਂ ਦੇ ਖਜ਼ਾਨੇ ਵਾਲੀ ਬਣ ਜਾਂਦੀ ਹੈ। ਰਹਾਉ।

3-4. ਹੇ ਮਾਂ! ਜਿਹੜੀ ਜੀਵ ਰੂਪ ਇਸਤ੍ਰੀ ਮਾਇਆ ਦੇ ਮੋਹ ਵਲੋਂ ਜਾਗ ਪੈਂਦੀ ਹੈ ਉਸ ਸੰਗਤ ਵਿਚ ਟਿਕੀ ਹੋਈ ਦੀ ਸੁਰਤ ਅੰਦਰ ਪ੍ਰਮਾਤਮਾਂ ਦੇ ਦਰਸ਼ਨਾਂ ਦੀ ਤਾਂਘ ਬਣੀ ਰਹਿੰਦੀ ਹੈ (ਦਰਸ਼ਨਾਂ ਦੀ ਉਡੀਕ ਵਿਚ ਹੀ ਉਸ ਦੀਆਂ) ਅੱਖਾਂ ਦੀ ਤਾਰ ਬੱਝੀ ਰਹਿੰਦੀ ਹੈ, ਉਸ ਨੂੰ ਹੋਰ ਹੋਰ ਪਾਸੇ ਦੀ ਪਿਆਸ ਭੁੱਲ ਜਾਂਦੀ ਹੈ।੧।

5. ਹੇ ਮਾਂ! (ਮੈਨੂੰ ਭੀ ਹੁਣ ਆਤਮਕ ਅਡੋਲਤਾ ਦਾ ਅਨੰਦ ਦੇਣ ਵਾਲਾ ਗੁਰੂ ਮਿਲ ਪਿਆ ਹੈ ਉਸ ਦਾ ਦਰਸ਼ਨ ਕਰਕੇ (ਮੇਰਾ) ਮਨ (ਉਸ ਦੇ ਚਰਨਾਂ ਵਿਚ) ਲਿਪਟ ਗਿਆ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਾਂ! ਪ੍ਰਮਾਤਮਾਂ ਦਾ ਦਰਸ਼ਨ ਕਰਕੇ ਮਨ ਵਿਚ ਹੁਲਾਸ ਪੈਦਾ ਹੋ ਜਾਂਦਾ ਹੈ, ਹੇ ਮਾਂ! ਪਿਆਰੇ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਆਤਮਕ ਜੀਵਨ ਦੇਣ ਵਾਲੀ ਹੈ।੨।੧।

ਭਾਵਾਰਥ :—ਉਸ ਹਰੀ ਪ੍ਰਮਾਤਮਾਂ ਪਾਸ ਸਨਮੁਖ ਹੋ ਅਰਦਾਸ ਕਰਦੇ ਹਨ ਕਿ, ਹੇ ਸਾਈਂ ਜੀਉ! ਸਾਧ ਸੰਗਤ ਦੁਆਰੇ ਆਪਣੀ ਪ੍ਰੀਤੀ ਵਿਚ ਰੰਗ ਦਿਓ।

ਕੇਦਾਰਾ ਮਹਲਾ ੫ ਘਰੁ ੩

੧ ਓ ਸਤਿਗੁਰ ਪ੍ਰਸਾਦਿ ॥

1. **ਦੀਨ ਬਿਨਉ ਸੁਨੁ ਦਇਆਲ ॥**
2. **ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ਰਾਖੁ ਹੋ ਕਿਰਪਾਲ ॥ ਰਹਾਉ ॥**
3. **ਅਨਿਕ ਜਤਨ ਗਵਨੁ ਕਰਉ ॥**
4. **ਖਟੁ ਕਰਮ ਜੁਗਤਿ ਧਿਆਨੁ ਧਰਉ ॥**
5. **ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥**
6. **ਸਰਣਿ ਬੰਦਨ ਕਰੁਣਾਪਤੇ ॥**
7. **ਭਵ ਹਰਣ ਹਰਿ ਹਰਿ ਹਰਿ ਹਰੇ ॥**
8. **ਏਕ ਤੂਹੀ ਦੀਨ ਦਇਆਲ ॥**
9. **ਪ੍ਰਭ ਚਰਨ ਨਾਨਕ ਆਸਰੋ ॥**
10. **ਉਧਰੇ ਭ੍ਰਮ ਮੋਹ ਸਾਗਰ ॥**
11. **ਲਗਿ ਸੰਤਨਾ ਪਗ ਪਾਲ ॥੨॥੧॥੨॥**

ਪਦ ਅਰਥ :–ਦੀਨ ਬਿਨਉ–ਦੀਨ ਦੀ ਬੇਨਤੀ, ਗਰੀਬ ਦੀ ਬੇਨਤੀ। ਦਇਆਲ–ਹੇ ਦਿਆਲ। ਪੰਚ ਦਾਸ–ਪੰਜ ਕਾਮਾਦਿਕਾਂ ਦਾ ਗੁਲਾਮ। ਤੀਨਿ–ਰਜੋ, ਸਤੋ, ਤਮੋ ਇਹ ਤਿੰਨੇ ਹੀ। ਦੋਖੀ–ਵੈਰੀ। ਅਨਾਥ ਨਾਥ–ਹੇ ਅਨਾਥਾਂ ਦੇ ਨਾਥ। ਹੋ ਕਿਰਪਾਲ–ਹੇ ਕ੍ਰਿਪਾਲ ।੧। ਰਹਾਉ।

ਗਵਨੁ ਕਰਉ–(ਮੈਂ ਤੀਰਥਾਂ ਤੇ) ਗਵਨ ਕਰਦਾ ਹਾਂ। ਅਨਿਕ ਜਤਨ ਕਰਉ–ਮੈਂ ਕਈ ਜਤਨ ਕਰਦਾ ਹਾਂ। ਖਟ ਕਰਮ–ਬ੍ਰਾਹਮਣਾਂ ਵਾਸਤੇ ਜਰੂਰੀ ਮਿਥੇ ਹੋਏ ਛੇ ਕਰਮ। ਜੁਗਤਿ–ਮਰਯਾਦਾ। ਧਿਆਨ ਧਰਉ–ਮੈਂ ਸਮਾਧੀ ਲਾਂਦਾ ਹਾਂ। ਉਪਾਵ ਸਗਲ–ਸਾਰੇ ਹੀਲੇ। ਕਰਿ–ਕਰ ਕੇ। ਨਹ ਹੁਟਹਿ–ਥਕਦੇ ਨਹੀਂ ਹਨ। ਬਿਕ੍ਰਰਾਲ–ਡਰਾਉਣੇ (ਕਾਮਾਦਿਕ)।੧।

ਬੰਦਨ-ਸਿਰ ਨਿਵਾਉਣਾ। ਕਰੁਣਾਪਤੇ-ਹੇ ਕਰਣਾਂ ਦੇ ਪਤੀ (ਕਰਣ–ਤਰਸ) ਹੇ ਤਰਸ ਦੇ ਮਾਲਕ ਪ੍ਰਭੂ। ਭਵ ਹਰਣ–ਹੇ ਜਨਮ ਮਰਣ ਦੇ ਗੇੜ ਦਾ ਨਾਸ ਕਰਨ ਵਾਲੇ। ਹਰੇ–ਹੇ ਹਰੀ। ਦੀਨ ਦਇਆਲ–ਹੇ ਦੀਨਾਂ ਉਤੇ ਦਇਆ ਕਰਨ ਵਾਲੇ। ਉਧਰੇ–ਬਚ ਗਏ। ਸਾਗਰ–ਸਮੁੰਦਰ। ਲਗਿ–ਲਗ ਕੇ। ਪਗ ਪੈਰੀਂ। ਪਾਲ-ਪੱਲੇ ।੨।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਸਾਈਂ ਜੀ ਦੇ ਸਨਮੁਖ ਹੋ ਬੇਨਤੀ ਕਰਦੇ ਰਹਿਣ ਦੀ ਜਾਚ ਬਖਸ਼ੋ ?

1. **ਉ**:–ਹੇ ਪਿਆਰੇ ! ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਦਇਆਲੂ ਪ੍ਰਭੂ ! ਹੇ ਅਨਾਥਾਂ ਦੇ ਨਾਥ ਪ੍ਰਭੂ, ਮੇਰੀ ਗਰੀਬ ਦੀ ਬੇਨਤੀ ਸੁਣੋ।
2. ਹੇ ਪ੍ਰਭੂ ਜੀਉ ! (ਮੇਰਾ ਇਹ) ਇਕ ਮਨ ਹੈ, (ਕਾਮਾਦਿਕ) ਪੰਜਾਂ ਦਾ ਗੁਲਾਮ (ਬਣਿਆ ਪਿਆ) ਹੈ, ਮਾਇਆ ਦੇ ਤਿੰਨ ਗੁਣ ਇਸ ਦੇ ਵੈਰੀ ਹਨ। ਹੇ ਕ੍ਰਿਪਾਲ ਪ੍ਰਭੂ ! (ਮੈਨੂੰ ਇਨ੍ਹਾਂ ਤੋਂ) ਬਚਾ ਲੈ। ਰਹਾਉ।
3. ਹੇ ਪ੍ਰਭੂ ! (ਇਨ੍ਹਾਂ ਤੋਂ ਬਚਣ ਲਈ) ਮੈਂ ਕਈ ਜਤਨ ਕਰਦਾ ਹਾਂ; ਮੈਂ ਤੀਰਥਾਂ ਤੇ ਜਾਂਦਾ ਹਾਂ।
4. ਮੈਂ ਸਮਾਧੀਆਂ ਲਾਉਂਦਾ ਹਾਂ ! ਮੈਂ ਰੋਜ਼ਾਨਾ ਛੇ ਕਰਮਾਂ ਦੀ ਮਰਯਾਦਾ ਭੀ ਨਿਭਾਹੁੰਦਾ ਹਾਂ।
5. ਹੇ ਪ੍ਰਭੂ ! ਮੈਂ ਸਾਰੇ ਹੀਲੇ ਕਰ ਕੇ ਥਕ ਗਿਆ ਹਾਂ, ਪਰ ਇਹ ਡਰਾਉਣੇ ਵਿਕਾਰ (ਮੇਰੇ ਉਤੇ ਹਲੇ ਕਰਨੋਂ) ਥੱਕਦੇ ਨਹੀਂ ਹਨ ।੧।
6. ਹੇ ਦਇਆ ਦੇ ਮਾਲਕ ਪ੍ਰਭੂ।
7. ਹੇ ਜਨਮ ਮਰਣ ਦਾ ਗੇੜ ਦੂਰ ਕਰਨ ਵਾਲੇ ਹਰੀ ! ਮੈਂ ਤੇਰੀ ਸ਼ਰਣ ਆਇਆ ਹਾਂ।
8. ਹੇ ਦੀਨਾਂ ਉਤੇ ਦਇਆ ਕਰਣ ਵਾਲੇ (ਮੇਰਾ) ਸਿਰਫ ਤੂੰ ਹੀ (ਰਾਖਾ) ਹੈਂ।
9. ਹੇ ਪ੍ਰਭੂ ! ਨਾਨਕ ਨੂੰ ਤੇਰੇ ਹੀ ਚਰਨਾਂ ਦਾ ,ਆਸਰਾ ਹੈ।

10-11. ਹੇ ਪ੍ਰਭੂ ! ਤੇਰੇ ਸੰਤ ਜਨਾਂ ਦੀ ਚਰਨੀਂ ਲਗ ਕੇ, ਤੇਰੇ ਸੰਤ ਜਨਾਂ ਦਾ ਪੱਲਾ ਫੜ ਕੇ (ਅਨੇਕਾਂ ਜੀਵ) ਭਰਮ ਤੇ ਮੋਹ ਦੇ ਸਮੁੰਦਰ (ਵਿਚ ਡੁੱਬਣ) ਤੋਂ ਬਚ ਗਏ ।੨।੧।੨।

ਭਾਵਾਰਥ :–ਦਿਆਲੂ ਹਰੀ ਪਾਸ ਬੇਨਤੀ ਕਰਦੇ ਹਨ ਕਿ, ਮੇਰਾ ਮਨ ਇਕ ਹੈ, ਪਰ ਅਨੇਕਾਂ ਵੈਰੀਆਂ ਨਾਲ ਘਿਰਿਆ ਪਿਆ ਹੈ, ਇਨ੍ਹਾਂ ਤੋਂ ਬਚਾਓ, ਹਿੰਦੂਆਂ ਦੇ ਸ਼ਾਸਤ੍ਰ ਦੇ ਦਸੇ ਹੋਏ ਤਰੀਕੇ ਇਨ੍ਹਾਂ ਤੋਂ ਨਹੀਂ ਬਚਾ ਸਕਦੇ, ਇਕ ਤੇਰੇ ਚਰਨਾਂ ਦਾ ਆਸਰਾ ਹੈ ਜਾਂ ਤੇਰੇ ਸੰਤਾਂ ਦਾ।

(ਤਿੰਨ ਗੁਣ) ਮਨੁੱਖ ਆਮ ਤੌਰ ਤੇ ਤਿੰਨਾਂ ਹਾਲਤਾਂ ਵਿਚ ਰਹਿੰਦਾ ਹੈ, ਜਦ ਉਹ ਵਡਾ ਹੋਣ ਦੀ ਖਾਹਸ਼ ਕਰਦਾ ਇਧਰ ਉਧਰ ਦੌੜਦਾ ਹੈ, ਤਾਂ ਉਸ ਵਿਚ 'ਰਜ' ਗੁਣ ਦਾ ਜੋਰ ਹੁੰਦਾ ਹੈ, ਜਦ ਉਹ ਗੁੱਸੇ ਜਾਂ ਈਰਖਾ ਦੇ ਹਨੇਰੇ ਵਿਚ ਫਿਰਦਾ ਹੈ, ਤਾਂ ਉਸ ਵਿਚ 'ਤਮ' ਗੁਣ ਬਹੁਤਾ ਹੁੰਦਾ ਹੈ, ਕਈ ਵੇਰ ਉਹ ਛਡ ਛਡਾ ਕੇ ਵੈਰਾਗ ਮਈ ਹੋ ਜਾਂਦਾ ਹੈ ਤੇ ਦੁਖ ਸੁਖ ਉਸ ਉਤੇ ਅਸਰ ਨਹੀਂ ਕਰਦੇ, ਤਦੋਂ ਉਸ ਦੀ ਬ੍ਰਿਤੀ 'ਸਤ' ਗੁਣ ਵਾਲੀ ਹੁੰਦੀ ਹੈ, ਗੁਰਮਤ ਵਿਚ ਇਨ੍ਹਾਂ ਤਿੰਨਾਂ ਤੋਂ ਉਤੇ 'ਸਹਜ'ਪਦ ਜਾਂ ਤੁਰੀਆ (ਚੌਥੀ) ਅਵਸਥਾ ਹੈ ਜਿਥੇ ਗੁਰਮੁਖ ਪੁੱਜਦੇ ਹਨ, ਇਸ ਅਵਸਥਾ ਵਿਚ ਉਹ ਇਨ੍ਹਾਂ ਗੁਣਾਂ ਦੇ ਅਧੀਨ ਨਹੀਂ ਹੁੰਦੇ, ਸਗੋਂ ਇਨ੍ਹਾਂ ਤੇ ਕਾਬੂ ਪਾ ਕੇ ਲੋੜ ਅਨੁਸਾਰ ਆਪਣੇ ਫਰਜ਼ ਨੂੰ ਪੂਰਾ ਕਰਨ ਲਈ ਹਰ ਇਕ ਗੁਣ ਦਾ ਯੋਗ ਵਰਤਾਓ ਕਰਦੇ ਹਨ।

ਕੇਦਾਰਾ ਮਹਲਾ ੫ ਘਰੁ ੪

੧ ਓ ਸਤਿਗੁਰ ਪ੍ਰਸਾਦਿ ॥

1. **ਸਰਨੀ ਆਇਓ ਨਾਥ ਨਿਧਾਨ ॥**
2. **ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥**
3. **ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥**
4. **ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥**
5. **ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥**
6. **ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥**

ਪਦ ਅਰਥ :—ਨਾਥ—ਹੇ ਨਾਥ। ਨਿਧਾਨ—ਹੇ (ਸਭ ਸੁਖਾਂ ਦੇ) ਖਜ਼ਾਨੇ। ਮਨ ਭੀਤਰਿ—ਮਨ ਵਿਚ। ਮਾਗਨ ਕਉ—ਮੰਗਣ ਵਾਸਤੇ।੧। ਰਹਾਉ।

ਪੂਰਨ—ਹੇ ਸਭ ਗੁਣਾਂ ਨਾਲ ਭਰਪੂਰ। ਪਰਮੇਸ਼ਰ—ਹੇ ਪਰਮ ਈਸ਼ਰ, ਹੇ ਸਭ ਤੋਂ ਉਚੇ ਮਾਲਕ। ਮਾਨ—ਲਾਜ। ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ। ਸੁਆਮੀ—ਹੇ ਮਾਲਕ। ਰਸਨ—ਜੀਭ (ਨਾਲ)। ਬਖਾਨ—ਉਚਾਰਨੇ।੧।

ਗੋਪਾਲ—ਹੇ ਗੁਪਾਲ। ਦਮੋਦਰ—ਹੇ ਦਮੋਦਰ। ਕਥਾ—ਸਿਫਤ ਸਲਾਹ। ਗਿਆਨੁ—ਸੂਝ। ਰੰਗਿ—ਰੰਗ ਵਿਚ। ਰਾਗਹੁ—ਰਾਂਗਹੁ, ਰੰਗ ਦੇਹ। ਸੰਗਿ—ਨਾਲ। ਧਿਆਨੁ—ਸੁਰਤ।੨।

ਅਰਥ :—

ਪ੍ਰ:—ਸ੍ਰੀ ਜੀਉ ! ਨਾਮ ਦੇ ਸਿਮਰਨ ਕਰਨ ਵਾਲੇ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਇਆ ਕਰਦੀ ਹੈ ?

1.2 ਉ.—ਹੇ ਭਾਈ ! ਉਨ੍ਹਾਂ ਦੇ ਮਨ ਵਿਚੋਂ ਤਾਂ ਸਦਾ ਇਉਂ ਹੀ ਅਰਦਾਸ ਹੋਇਆ ਕਰਦੀ ਹੈ ਕਿ, ਹੇ ਨਾਥ ! ਹੇ (ਸਭ ਸੁਖਾਂ ਦੇ) ਖਜ਼ਾਨੇ ਮੇਰੇ ਮਨ ਵਿਚ (ਤਾਂ ਕੇਵਲ) ਤੇਰੇ ਨਾਮ ਦਾ ਪਿਆਰ ਪੈਦਾ ਹੋ ਗਿਆ ਹੈ, ਹੇ ਹਰੀ ! ਤੇਰੇ ਨਾਮ ਦਾ ਦਾਨ ਮੰਗਣ ਲਈ ਮੈਂ ਤੇਰੀ ਸ਼ਰਨ ਆਇਆ ਹਾਂ।੧। ਰਹਾਉ।

3. ਹੇ ਸੁਖ ਦਾਤੇ ! ਹੇ ਸਰਬ ਗੁਣ ਭਰਪੂਰ ! ਹੇ ਸਭ ਤੋਂ ਉਚੇ ਮਾਲਕ ਮੇਹਰ ਕਰ, (ਮੇਰੀ ਸ਼ਰਨ ਪਏ ਦੀ) ਲਾਜ ਰਖ।
4. ਹੇ ਸੁਆਮੀ ! ਗੁਰੂ ਦੀ ਸੰਗਤ ਵਿਚ (ਰਖਕੇ ਮੈਨੂੰ ਆਪਣਾ) ਪਿਆਰ ਬਖਸ਼ਣਾ ਕਰ, ਹੇ ਹਰੀ ! ਮੇਰੀ ਜਿਹਬਾ ਤੇਰੇ ਹੀ ਗੁਣ ਉਚਾਰਦੀ ਰਹੇ।੧।
5. ਹੇ ਗੋਪਾਲ ! ਹੇ ਦਇਆਲ, ਹੇ ਗੋਬਿੰਦ, ਹੇ ਦਮੋਦਰ, ਮੈਨੂੰ ਆਪਣੀ ਪਵਿਤ੍ਰ ਸਿਫਤ ਸਲਾਹ ਦੀ ਸੂਝ (ਬਖਸ਼)।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ ਮੈਨੂੰ ਆਪਣੇ (ਪਿਆਰ) ਰੰਗ ਵਿਚ ਰੰਗ ਦੇਹ (ਤਾਂ ਕਿ ਮੇਰੀ) ਸੁਰਤਿ ਤੇਰੇ ਸੋਹਣੇ ਚਰਨਾਂ ਵਿਚ ਹੀ ਟਿਕੀ ਰਵੇ।੨।੧।੩।

ਭਾਵਾਰਥ :—ਇਸ ਮਹਾਂਵਾਕ ਰਾਹੀਂ ਉਸ ਹਰੀ ਅਗੇ ਅਰਦਾਸ ਕਰਦੇ ਹਨ ਕਿ ਸਾਧ ਸੰਗਤ ਰਾਹੀਂ ਆਪਣੀ ਪ੍ਰੀਤੀ ਵਿਚ ਰੰਗ ਦਿਓ।

ਕੇਦਾਰਾ ਮਹਲਾ ੫ ॥

1. **ਹਰਿ ਕੇ ਦਰਸਨ ਕੋ ਮਨਿ ਚਾਉ ॥**
2. **ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥**
3. **ਕਰਉ ਸੇਵਾ ਸਤ ਪੁਰਖੁ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ ॥**
4. **ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥੧॥**
5. **ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥**
6. **ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥**

ਪਦ ਅਰਥ :—ਕੋ—ਦਾ। ਮਨਿ—ਮਨ ਵਿਚ। ਕਰਿ—ਕਰ ਕੇ। ਸਤ ਸੰਗਿ—ਸਾਧ ਸੰਗਤ ਵਿਚ। ਰਹਾਉ।

ਕਰਉ—ਕਰਉਂ, ਮੈਂ ਕਰਾਂ। ਸੇਵਾ ਸਤ ਪੁਰਖ—ਗੁਰਮੁਖਾਂ ਦੀ ਸੇਵਾ। ਪਿਆਰੇ—ਹੇ ਪਿਆਰੇ ਪ੍ਰਭੂ। ਜਤ—ਜਿਥੇ। ਸੁਨੀਐ—ਸੁਣਿਆਂ ਜਾਂਦਾ ਹੈ। ਤਤ—ਉਥੇ। ਮਨਿ—ਮਨ ਵਿਚ। ਰਹਸਾਉ—ਰਹਸੁ, ਖਿੜਾਉ। ਵਾਰੀ-ਫੇਰੀ। ਘੁਮਾਈ—ਮੈਂ ਸਦਕੇ ਜਾਂਦਾ ਹਾਂ। ਅਨੂਪੁ—(ਆਨ-ਊਪ) ਜਿਸ ਵਰਗਾ ਹੋਰ ਕੋਈ ਨਹੀਂ, ਬਹੁਤ ਹੀ ਸੁੰਦਰ। ਠਾਉ—ਥਾਂ।੧।

ਪ੍ਰਤਿਪਾਲਹਿ—ਤੂੰ ਪਾਲਦਾ ਹੈਂ। ਸਮਾਲਹਿ—ਤੂੰ ਸੰਭਾਲ ਕਰਦਾ ਹੈਂ। ਛਾਉ—ਆਸਰਾ। ਪੁਰਖ—ਹੇ ਸਰਬ ਵਿਆਪਕ। ਬਿਧਾਤੇ—ਹੇ ਸਿਰਜਨਹਾਰ। ਘਟਿ ਘਟਿ—ਹਰੇਕ ਘਟ ਵਿਚ। ਦਿਖਾਉ—ਮੈਂ ਵੇਖਦਾ ਹਾਂ।੨।

ਅਰਥ :—

ਪ੍ਰ:—ਸ੍ਰੀ ਜੀਉ ! ਹਰ ਮਨੁੱਖ ਦੇ ਮਨ ਵਿਚ ਕੋਈ ਨਾ ਕੋਈ ਤਾਂਘ ਬਣੀ ਰਹਿੰਦੀ ਹੈ, ਪਰ ਆਪ ਨੂੰ ਭੀ ਤਾਂਘ ਕੋਈ ਜ਼ਰੂਰ ਹੋਵੇਗੀ ?

1. ਉ:—ਹੇ ਭਾਈਓ ! ਮੇਰੇ ਮਨ ਵਿਚ (ਤਾਂ ਕੇਵਲ ਇਕ) ਹਰੀ ਦੇ ਦਰਸ਼ਨਾਂ ਦੀ ਹੀ ਤਾਂਘ ਹੈ।
2. (ਅਤੇ ਹਰੀ ਦੇ ਸਨਮੁਖ ਹੋ ਇਹੋ ਹੀ ਇਕ ਮੰਗ ਰਹਿੰਦੀ ਹੈ ਕਿ) ਹੇ ਹਰੀ ! ਮਿਹਰ ਕਰ ਕਿ, ਮੈਨੂੰ ਸਾਧ ਸੰਗਤ ਵਿਚ

ਮਿਲਾਈ ਰਖ, (ਤੇ ਉਥੇ ਰਖ ਕੇ) ਮੈਨੂੰ ਆਪਣਾ ਨਾਮ ਬਖਸ਼ਸ਼ ਕਰ। ਰਹਾਉ।

ਪ੍ਰ:–ਕਿਉਂ ਜੀ! ਕੋਈ ਹੋਰ ਭੀ ਮੰਗ ਹੈ?

3. ਉ:–ਹੇ ਭਾਈ! ਹੋਰ ਮੰਗ ਇਹ ਹੈ ਕਿ, ਹੇ ਪਿਆਰੇ ਹਰੀ! (ਮਿਹਰ ਕਰ) ਮੈਂ ਗੁਰਮੁਖਾਂ ਦੀ ਸੇਵਾ ਕਰਦਾ ਰਹਾਂ, (ਕਿਉਂਕਿ; ਗੁਰਮੁਖਾਂ ਦੀ ਸੰਗਤ ਵਿਚ) ਜਿਥੇ ਭੀ ਤੇਰਾ ਨਾਮ ਸੁਣਿਆ ਜਾਂਦਾ ਹੈ ਉਥੇ ਹੀ ਮਨ ਵਿਚ ਖੁਸ਼ੀ ਪੈਦਾ ਹੁੰਦੀ ਹੈ।

4. ਹੇ ਪ੍ਰਭੂ! ਮੈਂ ਤੈਥੋਂ ਵਾਰਨੇ ਜਾਂਦਾ ਹਾਂ, ਤੈਥੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, (ਜਿਥੇ ਤੂੰ ਵਸਦਾ ਹੈਂ) ਤੇਰਾ (ਉਹ) ਥਾਉਂ ਬਹੁਤ ਹੀ ਸੋਹਣਾ ਹੈ।੧।

5. ਹੇ ਪ੍ਰਭੂ! ਤੂੰ ਸਰਬ ਜੀਆਂ ਦੀ ਪਾਲਨਾ ਕਰਦਾ ਹੈਂ, ਤੂੰ ਸਭ ਦੀ ਸੰਭਾਲ ਕਰਦਾ ਹੈਂ, ਸਭ ਜੀਵਾਂ ਨੂੰ ਤੇਰਾ ਹੀ ਆਸਰਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ! ਹੇ ਸਰਬ ਵਿਆਪਕ ਸਿਰਜਨਹਾਰ! (ਮੇਹਰ ਕਰ),ਮੈਂ ਤੈਨੂੰ ਹੀ ਹਰੇਕ ਸਰੀਰ ਵਿਚ ਵੇਖਦਾ ਰਹਾਂ।੨।੨।੪।

ਭਾਵਾਰਥ:–ਹਰੀ ਕੋਲੋਂ ਕੇਵਲ ਉਸੇ ਹਰੀ ਦਾ ਦਰਸ਼ਨ ਮੰਗਦੇ ਹਨ, ਤਾਂ ਕਿ ਉਸ ਹਰੀ ਨੂੰ ਹੀ ਹਰ ਘਟ ਵਿਚ ਵਸਦਾ ਵੇਖ ਸਕਣ।

ਕੇਦਾਰਾ ਮਹਲਾ ੫ ॥

1 ਪ੍ਰਿਅ ਕੀ ਪ੍ਰੀਤਿ ਪਿਆਰੀ ॥
2. ਮਗਨ ਮਨੈ ਮਹਿ ਚਿਤਵਉ ਆਸਾ
ਨੈਨਹੁ ਤਾਰ ਤੁਹਾਰੀ ॥ ਰਹਾਉ ॥
3. ਓਇ ਦਿਨ ਪਹਰ ਮੂਰਤ ਪਲ ਕੈਸੇ
ਓਇ ਪਲ ਘਰੀ ਕਿਹਾਰੀ ॥
4. ਖੂਲੇ ਕਪਟ ਧਪਟ ਬੁਝਿ ਤ੍ਰਿਸਨਾ
ਜੀਵਉ ਪੇਖਿ ਦਰਸਾਰੀ ॥੧॥
5. ਕਉਨੁ ਸੁ ਜਤਨੁ ਉਪਾਉ ਕਿਨੇਹਾ
ਸੇਵਾ ਕਉਨ ਬੀਚਾਰੀ ॥
6 ਮਾਨੁ ਅਭਿਮਾਨੁ ਮੋਹੁ ਤਜਿ ਨਾਨਕ
ਸੰਤਹ ਸੰਗਿ ਉਧਾਰੀ ॥੨॥੩॥੫॥

ਪਦ ਅਰਥ:–ਪ੍ਰਿਅ ਕੀ–ਪਿਆਰੇ ਪ੍ਰਭੂ ਦੀ। ਪਿਆਰੀ–ਮਨ ਨੂੰ ਚੰਗੀ ਲਗਦੀ ਹੈ। ਮਗਨ–ਮਸਤ। ਮਨੈ ਮਹਿ–ਮਣੈ ਮਹਿ–ਮਨ ਵਿਚ ਹੀ। ਚਿਤਵਉ–ਚਿਤਵਉਂ, ਮੈਂ ਚਿਤਵਦਾ ਹਾਂ। ਨੈਨਹੁ–(ਮੇਰੀਆਂ) ਅੱਖਾਂ ਵਿਚ। ਤਾਰ ਤੁਹਾਰੀ–ਤੇਰੀ ਹੀ ਖਿੱਚ। ਰਹਾਉ।

ਓਇ–ਉਹ। ਮੂਰਤ–ਮਹੂਰਤ। ਕੈਸੇ–ਕਿਹੋ ਜਿਹੇ? ਬੜੇ ਹੀ ਸੁਹਾਵਣੇ। ਘਰੀ–ਘੜੀ। ਕਿਹਾਰੀ-ਕਿਹੋ ਜਿਹੀ? ਬੜੀ ਹੀ ਸੋਹਣੀ। ਕਪਟ–ਕਿਵਾੜ। ਧਪਟ–ਝਟਪਟ। ਬੁਝਿ–ਬੁਝ ਕੇ। ਜੀਵਉ–ਜੀਵਉਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਪੇਖਿ–ਵੇਖ ਕੇ।੧।

ਸੁ–ਉਹ। ਉਪਾਉ–ਹੀਲਾ। ਬੀਚਾਰੀ–ਬੀਚਾਰੀਂ, ਮੈਂ ਵਿਚਾਰਾਂ। ਤਜਿ–ਤਿਆਗ ਕੇ। ਸੰਗਿ–ਸੰਗਤਿ ਵਿਚ। ਉਧਾਰੀ–ਉਧਾਰ, ਪਾਰ ਉਤਾਰਾ।੨।

ਅਰਥ:–

ਪ੍ਰ:–ਸ੍ਰੀ ਜੀਉ! ਅਸਾਂ ਕਲਜੁਗੀ ਜੀਵਾਂ ਦੀ ਮਲੀਨ ਮਤ ਵਿਚ ਮਾਇਕੀ ਪਦਾਰਥਾਂ ਦੀ ਹਰ ਵਕਤ ਹੀ ਖਿੱਚ ਪਈ ਰਹਿੰਦੀ ਹੈ, ਕੀ ਤੁਹਾਡੇ ਮਨ ਵਿਚ ਭੀ ਕੋਈ ਖਿੱਚ ਬਣੀ ਰਹਿੰਦੀ ਹੈ?

1. ਉ:–ਹੇ ਭਾਈ! ਮੇਰੇ ਮਨ ਵਿਚ ਉਸ ਪਿਆਰੇ ਪ੍ਰਭੂ ਦੀ ਪ੍ਰੀਤ ਮੇਰੇ ਮਨ ਨੂੰ ਹਰ ਵਕਤ ਹੀ ਖਿੱਚ ਪਾਂਦੀ ਰਹਿੰਦੀ ਹੈ।

2. ਹੇ ਪ੍ਰਭੂ! ਆਪਣੇ ਮਨ ਵਿਚ ਹੀ ਮਸਤ (ਰਹਿ ਕੇ) ਮੈਂ (ਤੇਰੇ ਦਰਸ਼ਨਾਂ ਦੀਆਂ) ਆਸਾਂ ਚਿਤਵਦਾ ਰਹਿੰਦਾ ਹਾਂ, ਮੇਰੀਆਂ ਅੱਖਾਂ ਵਿਚ (ਤੇਰੇ ਹੀ ਦਰਸ਼ਨ ਦੀ) ਤਾਂਘ ਭਰੀ ਉਡੀਕ ਬਣੀ ਰਹਿੰਦੀ ਹੈ। ਰਹਾਉ।

ਪ੍ਰ:–ਗੁਰਦੇਵ ਜੀਉ! ਦਿਨ ਰਾਤ, ਘੜੀਆਂ ਪਹਿਰਾਂ ਦਾ ਸਮਾਂ ਤਾਂ ਗੁਜਰਦਾ ਹੀ ਜਾ ਰਿਹਾ ਹੈ, ਪਰ ਆਪ ਕਿਸ ਸਮੇਂ ਨੂੰ ਸਫਲਾ ਸਮਝਦੇ ਹੋ?

3. ਉ:–ਹੇ ਭਾਈਓ! ਮੈਂ ਤਾਂ ਸਮਝਦਾ ਹਾਂ ਕਿ ਉਹ ਦਿਹਾੜੇ, ਉਹ ਪਹਿਰ, ਉਹ ਮਹੂਰਤ; ਉਹ ਪਲ, ਬੜੇ ਹੀ ਭਾਗਾਂ ਵਾਲੇ ਹੁੰਦੇ ਹਨ,ਉਹ ਘੜੀ ਭੀ ਬੜੀ ਭਾਗਾਂ ਵਾਲੀ ਹੁੰਦੀ ਹੈ।

4. (ਜਦੋਂ ਕਿ ਮਨੁੱਖ ਦੇ ਅੰਦਰੋਂ) ਮਾਇਆ ਦੀ ਤ੍ਰਿਸ਼ਨਾ ਮਿਟ ਕੇ ਉਸ ਦੇ (ਮਨ ਦੇ ਬੰਦ ਹੋ ਚੁਕੇ) ਕਿਵਾੜ ਝਟਪਟ ਖੁੱਲ੍ਹ ਜਾਂਦੇ ਹਨ, ਹੇ ਭਾਈ! ਪ੍ਰਭੂ ਦਾ ਦਰਸ਼ਨ ਕਰ ਕੇ (ਮੇਰੇ ਅੰਦਰ ਤਾਂ) ਆਤਮਕ ਜੀਵਨ ਪੈਦਾ ਹੁੰਦਾ ਹੈ।੧।

ਪ੍ਰ:–ਸ੍ਰੀ ਜੀਉ! ਉਹ ਜਤਨ ਕਿਹੜਾ ਹੈ, ਉਹ ਹੀਲਾ ਤੇ ਸੇਵਾ ਕਿਹੜੀ ਹੈ, ਜਿਸ ਦਾ ਸਦਕਾ ਪ੍ਰਭੂ ਦਾ ਦਰਸ਼ਨ ਹੋ ਸਕੇ?

5. ਉ:–ਹੇ ਭਾਈ! ਮੈਂ ਉਹ ਕਿਹੜਾ ਜਤਨ ਦਸਾਂ? ਉਹ ਕਿਹੜਾ ਹੀਲਾ ਦਸਾਂ, ਮੈਂ ਉਹ ਕਿਹੜੀ ਸੇਵਾ ਵਿਚਾਰਾਂ (ਜਿਨ੍ਹਾਂ ਦਾ ਸਦਕਾ ਪਿਆਰੇ ਪ੍ਰਭੂ ਦਾ ਦਰਸ਼ਨ ਹੋ ਸਕਦਾ ਹੈ)।

ਪ੍ਰ–ਸ੍ਰੀ ਜੀਉ, ਆਖਰ ਪ੍ਰਭੂ ਦਾ ਮਿਲਾਪ ਕਿਵੇਂ ਹੋ ਸਕਦਾ ਹੈ?

6. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਸੰਤਾਂ ਦੀ ਸੰਗਤ ਵਿਚ ਮਾਣ; ਅਹੰਕਾਰ ਮੋਹ, ਤਿਆਗ ਕੇ ਹੀ ਪਾਰ ਉਤਾਰਾ ਹੁੰਦਾ ਹੈ (ਤੇ ਪ੍ਰਭੂ ਦਾ ਮਿਲਾਪ ਹੁੰਦਾ ਹੈ)।੨।੩।੫।

ਭਾਵਾਰਥ:–ਹਰੀ ਦੇ ਦਰਸ਼ਨਾਂ ਦੀ ਤਾਂਘ ਦਸਦੇ ਹਨ ਅਤੇ ਪੁਛਦੇ ਹਨ ਕਿ ਉਹ ਜਤਨ ਕਿਹੜਾ ਹੈ ਜਿਸ

ਰਾਹੀਂ ਮਨ ਦੇ ਪੜਦੇ ਖੁਲ੍ਹ ਜਾਣ ਤੇ ਹੋਰ ਤ੍ਰਿਸ਼ਨਾ ਮਰਕੇ ਇਕ ਹਰੀ ਦੀ ਲਗਨ ਲਗ ਜਾਵੇ, ਉਹ ਉਪਾਉ ਸਤਿਸੰਗ ਹੀ ਹੈ।

ਕੇਦਾਰਾ ਮਹਲਾ ੫ ॥

1. **ਹਰਿ ਹਰਿ ਹਰਿ ਗੁਨ ਗਾਵਹੁ ॥**
2. **ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥**
3. **ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧ ਸੰਗਿ ਮਨੁ ਲਾਵਹੁ ॥**
4. **ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥੧॥**
5. **ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥**
6. **ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥**

ਪਦ ਅਰਥ :–ਗੋਪਾਲ–ਹੇ ਗੋਪਾਲ । ਜਪਾਵਹੁ–ਜਪਣ ਵਿਚ ਸਹਾਇਤਾ ਕਰੋ । ਰਹਾਉ ।

ਪ੍ਰਭ–ਹੇ ਪ੍ਰਭੂ ! ਤੇ–ਤੋਂ । ਆਨ–ਹੋਰ ਹੋਰ । ਆਨ ਬਿਖੈ ਤੇ–ਹੋਰ ਹੋਰ ਵਿਸ਼ਿਆਂ ਤੋਂ । ਸਾਧ ਸੰਗਿ–ਗੁਰੂ ਦੀ ਸੰਗਤ ਵਿਚ । ਲਾਵਹੁ–(ਹੇ ਪ੍ਰਭੂ) ਤੂੰ ਜੋੜਦਾ ਹੈਂ । ਕਟਿਓ–ਕੱਟਿਆ ਜਾਂਦਾ ਹੈ । ਗੁਰ ਬਚਨੀ–ਗੁਰੂ ਦੇ ਬਚਨਾਂ ਦੀ ਰਾਹੀਂ । ਦਿਖਾਵਹੁ–ਤੂੰ ਦਿਖਾਂਦਾ ਹੈਂ ।੧।

ਰੇਨ–ਚਰਨ ਧੂੜ । ਅਹੰਬੁਧਿ–ਹਉਮੈਂ ਵਾਲੀ ਬੁਧਿ । ਤਜਾਵਹੁ–ਛਡਣ ਵਿਚ ਸਹਾਇਤਾ ਕਰੋ । ਦਇਆਲਾ–ਹੇ ਦਇਆਲ । ਵਡਭਾਗੀ–ਵਡੇ ਭਾਗਾਂ ਨਾਲ । ਪਾਵਹੁ–(ਮਿਲਾਪ) ਹਾਸਲ ਕਰ ਸਕੋਗੇ ।੨।

ਅਰਥ :–

ਪ੍ਰ:–ਗੁਰਦੇਵ ਜੀਉ ! ਪ੍ਰਭੂ ਦਾ ਮਿਲਾਪ ਕਰਨ ਲਈ ਕੋਈ ਸਾਧਨ ਦਸੋ ?

1. **ਉ**:–ਹੇ ਭਾਈਓ ! ਪ੍ਰਭੂ ਜੀ ਦੇ ਮਿਲਾਪ ਕਰਨ ਦਾ ਕੇਵਲ ਇਕੋ ਹੀ ਸਾਧਨ ਹੈ ਕਿ, ਸਦਾ ਹੀ ਉਸ ਹਰਿ ਹਰਿ ਪ੍ਰਭੂ ਦੇ ਗੁਣ ਗਾਂਦੇ ਰਿਹਾ ਕਰੋ।
2. ਅਤੇ ਇਉਂ ਅਰਦਾਸ ਕਰਦੇ ਰਿਹਾ ਕਰੋ ਕਿ, ਹੇ ਗੋਪਾਲਮ ਹੇ ਗੋਬਿੰਦ, (ਮੇਰੇ ਉਤੇ) ਮਿਹਰ ਕਰ, ਮੈਨੂੰ ਆਪਣਾ ਨਾ ! ਜਪਣ ਵਿਚ (ਮੇਰੀ ਸਦਾ ਹੀ) ਸਹਾਇਤਾ ਕਰ । ਰਹਾਉ ।
3. ਹੇ ਸਾਈਆਂ ਜੀਉ ! ਮੈਨੂੰ ਪੂਰਨ ਵਿਸ਼ਵਾਸ ਹੈ ਕਿ, ਤੂੰ ਜਿਨ੍ਹਾਂ ਮਨੁਖਾਂ ਦਾ ਮਨ ਸਾਧ ਸੰਗਤ ਵਿਚ ਲਾਂਦਾ ਹੈਂ ਉਨ੍ਹਾਂ ਨੂੰ ਤੂੰ ਹੋਰ ਹੋਰ ਵਿਸ਼ਿਆਂ ਵਿਚੋਂ ਕਢ ਲਿਆ ਹੈ ।
4. ਹੇ ਪ੍ਰਭੂ ! ਜਿਨ੍ਹਾਂ ਨੂੰ ਤੂੰ ਆਪਣਾ ਦਰਸ਼ਨ ਦੇਂਦਾ ਹੈਂ, ਗੁਰੂ ਦੇ ਬਚਨਾਂ ਦੀ ਰਾਹੀਂ ਉਨ੍ਹਾਂ ਦਾ ਭਰਮ, ਉਨ੍ਹਾਂ ਦਾ ਡਰ; ਉਨ੍ਹਾਂ ਦਾ ਮੋਹ ਕਟਿਆ ਜਾਂਦਾ ਹੈ ।੧।
5. ਹੇ ਦਇਆਲ ਪ੍ਰਭੂ ! (ਮਿਹਰ ਕਰ ਮੈਨੂੰ) ਆਪਣੀ ਭਗਤੀ (ਦੀ ਦਾਤਿ) ਬਖਸ਼ (ਮਿਹਰ ਕਰ, ਮੇਰੇ ਅੰਦਰੋਂ) ਹਉਮੈਂ ਦੂਰ ਕਰ, ਮੇਰਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋਇਆ ਰਹੇ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਭਾਈਓ ! ਤੁਸੀਂ ਵਡੇ ਭਾਗਾਂ ਨਾਲ (ਹੀ) ਪ੍ਰਮੇਸ਼ਰ ਦਾ ਮਿਲਾਪ ਹਾਸਲ ਕਰ ਸਕਦੇ ਹੋ ।੨।੪।੬।

ਭਾਵਾਰਥ :–ਸਤਿ ਸੰਗਤ ਦੀ ਰਾਹੀਂ ਹੀ ਹਰੀ ਦੀ ਭਗਤੀ ਮਿਲਦੀ ਹੈ, ਜਿਸ ਨਾਲ ਹਉਮੈਂ, ਭਰਮ, ਮੋਹ ਆਦਿ ਔਗੁਣ ਦੂਰ ਹੁੰਦੇ ਅਤੇ ਗੁਣ ਗਾ ਕੇ ਹਰੀ ਨੂੰ ਮਿਲਣ ਦਾ ਰਸਤਾ ਲਭਦਾ ਹੈ ।

ਕੇਦਾਰਾ ਮਹਲਾ ੫ ॥

1. **ਹਰਿ ਬਿਨੁ ਜਨਮੁ ਅਕਾਰਥ ਜਾਤ ॥**
2. **ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥**
3. **ਧਨੁ ਜੋਬਨੁ ਸੰਪੈ ਸੁਖ ਭੋਗਵੈ ਸੰਗਿ ਨ ਨਿਬਹਤ ਮਾਤ ॥**
4. **ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ ॥੧॥**
5. **ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ ॥**
6. **ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥੨॥੫॥੭॥**

ਪਦ ਅਰਥ :–ਅਕਾਰਥ–ਵਿਅਰਥ । ਜਾਤ–ਜਾਂਦਾ ਹੈ । ਤਜਿ–ਛਡ ਕੇ, ਭੁਲਾ ਕੇ । ਆਨ ਰੰਗਿ–ਹੋਰ (ਪਦਾਰਥਾਂ) ਦੇ ਪਿਆਰ ਵਿਚ । ਰਾਚਤ–ਮਸਤ । ਮਿਥਿਆ–ਵਿਅਰਥ । ਪਹਿਰਤ–ਪਹਿਨਦਾ । ਖਾਤ–ਖਾਂਦਾ । ਰਹਾਉ ।

ਜੋਬਨ–ਜੁਆਨੀ । ਸੰਪੈ–ਦੌਲਤ । ਭੋਗਵੈ–(ਅੱਖਰ 'ਭ' ਦੇ ਨਾਲ ਦੋ ਲਗਾਂ ਹਨ ੋ ਅਤੇ ੁ । ਅਸਲ ਪਾਠ ਹੈ 'ਭੋਗਵੈ' । ਏਥੇ 'ਭੁਗਵੈ' ਪੜ੍ਹਨਾ ਹੈ) । ਸੰਗਿ–ਨਾਲ । ਮਾਤ–ਮਾਤ੍ਰ, ਰਤਾ ਭਰ ਭੀ । ਮ੍ਰਿਗ ਤ੍ਰਿਸਨਾ–ਮ੍ਰਿਗ ਨੀਰ (ਰੇਤਲੇ ਇਲਾਕਿਆਂ ਵਿਚ ਸੂਰਜ ਦੀਆਂ ਕਿਰਣਾ ਨਾਲ ਰੇਤ ਇਉਂ ਜਾਪਦੀ ਹੈ, ਜਿਵੇਂ ਪਾਣੀ ਠਾਠਾਂ ਮਾਰ ਰਿਹਾ ਹੈ । ਤ੍ਰੇਹ ਨਾਲ ਘਾਬਰੇ ਹੋਏ ਮ੍ਰਿਗ, ਪਸੂ ਆਦਿਕ ਉਸ ਰੇਤ ਥੱਲੇ ਨੂੰ ਪਾਣੀ ਸਮਝ ਕੇ ਉਸ ਵਲ ਦੌੜਦੇ ਹਨ, ਨੇੜੇ ਦਾ ਰੇਤ ਥਲਾ ਤਾਂ ਧਰਤੀ ਹੀ ਦਿਸਦਾ ਹੈ, ਪਰ ਦੂਰ ਵਾਲਾ ਰੇਤ ਥਲਾ ਪਾਣੀ ਜਾਪਦਾ ਹੈ । ਤਿਹਾਇਆ ਮ੍ਰਿਗ ਪਾਣੀ ਦੀ ਖਾਤਰ ਦੌੜ ਦੌੜਕੇ ਕਈ ਵਾਰੀ ਜਾਨ ਗਵਾ ਬੈਠਦਾ ਹੈ) । ਬਾਵਰ–ਕਮਲਾ, ਝੱਲਾ । ਦ੍ਰੁਮ–ਰੁੱਖ । ਰਾਤ–ਰਤਾ ਹੋਇਆ, ਮਸਤ ।੧।

ਮਦ–ਨਸ਼ਾ । ਕੈ ਖਾਤ–ਦੇ ਟੋਏ ਵਿਚ । ਕਰੁ–ਹੱਥ ।

ਗਹਿ ਲੇਹੁ—ਫੜ ਲੈ । ਹੋਇ—ਹੋ ਕੈ । ਸਹਾਤ—ਸਹਾਈ । ਪ੍ਰਭ—ਹੇ ਪ੍ਰਭੂ ।੨। **ਅਰਥ** :—

ਪ੍ਰ—ਸ੍ਰੀ ਜੀਉ, ਗੁਰਮਤਿ ਅਨੁਸਾਰ ਇਸ ਜ਼ਿੰਦਗ਼ੀ ਦੇ ਵਿਅਰਥ ਚਲੇ ਜਾਣ ਦਾ ਸਹੀ ਕਾਰਣ ਕੀ ਮੰਨਿਆ ਗਿਆ ਹੈ ?

1. **ਉ**:—ਹੇ ਭਾਈਓ ! ਅਸਲ ਵਿਚ ਤਾਂ ਪ੍ਰਮਾਤਮਾ (ਦੇ ਭਜਨ) ਤੋਂ ਬਿਨਾ (ਮਨੁੱਖ ਦੀ) ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ।
2. (ਜਿਹੜਾ ਮਨੁੱਖ) ਸਾਈਂ ਜੀ ! (ਦੀ ਯਾਦ) ਭੁਲਾ ਕੇ ਹੋਰ ਹੋਰ ਰੰਗ ਵਿਚ ਮਸਤ ਰਹਿੰਦਾ ਹੈ, ਉਸ ਦਾ ਪਹਿਨਣਾ ਖਾਣਾ ਸਭੋ ਕੁਛ ਵਿਅਰਥ ਹੈ । ਰਹਾਉ ।
3. ਹੇ ਭਾਈਓ ! ਭਾਵੇਂ (ਮਨੁੱਖ ਇਥੇ) ਧਨ ਦੌਲਤ (ਇਕੱਠੀ ਕਰਦਾ ਹੈ), ਜੁਆਨੀ ਸੁਖ ਮਾਣਦਾ ਹੈ, ਪਰ ਇਨ੍ਹਾਂ ਵਿਚੋਂ ਕੋਈ ਭੀ ਚੀਜ਼ ਜਗਤ ਤੋਂ ਤੁਰਨ ਵੇਲੇ ਰਤਾ ਭਰ ਭੀ (ਮਨੁੱਖ ਦੇ) ਨਾਲ ਨਹੀਂ ਜਾਂਦੀ ।
4. ਪਰ, ਫਿਰ ਭੀ ਇਹ ਝੱਲਾ ਮਨੁੱਖ ਮਾਇਆ ਦੇ ਇਸ ਠੱਗ ਨੀਰੇ ਨੂੰ ਵੇਖ ਕੇ ਇਸ ਵਿਚ ਮਸਤ ਰਹਿੰਦਾ ਹੈ, (ਮਾਨੋ) ਰੁੱਖ ਦੀ ਛਾਂ ਦੀ ਮੌਜ ਵਿਚ ਮਸਤ ਹੈ ।੧

ਪ੍ਰ:—ਕਿਉਂ ਜੀ ! ਇਸ ਨੂੰ ਸੋਝੀ ਕਿਉਂ ਨਹੀ ਆਉਂਦੀ ?

5. **ਉ**:—ਹੇ ਪਿਆਰੇ ! ਜਿਵੇਂ ਇਕ ਨਸ਼ਈ ਨਸ਼ੇ ਵਿਚ ਮਗਨ ਰਹਿੰਦਾ ਹੈਂ, ਤਿਵੇਂ ਹੀ ਇਹ ਮਨੁੱਖ (ਦੁਨੀਆਂ ਦੇ) ਮਾਣ ਮੋਹ ਦੇ ਭਾਰੇ ਨਸ਼ੇ ਵਿਚ ਮੋਹਿਆ ਰਹਿੰਦਾ ਹੈ, ਜਿਸ ਦਾ ਸਦਕਾ ਇਹ ਕਾਮ, ਕ੍ਰੋਧ ਦੇ ਟੋਏ ਵਿਚ (ਹੀ) ਡਿੱਗਾ ਰਹਿੰਦਾ ਹੈ ।

ਪ੍ਰ:—ਸ੍ਰੀ ਜੀਉ ! ਆਖਰ, ਇਸ ਤੋਂ ਬਚੇ ਰਹਿਣ ਦਾ ਸਾਧਨ ਕੀ ਹੈ ?

6. **ਪ੍ਰ**:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਸਾਧਨ ਇਕੋ ਅਰਦਾਸ ਹੈ, ਜੋ ਇਉਂ ਹੀ ਕਰਦੇ ਰਹੋ ਕਿ, ਹੇ ਪ੍ਰਭੂ ਜੀ ! ਤੁਸੀਂ ਆਪ ਹੀ ਸਹਾਈ ਬਣ ਕੇ ਦਾਸ ਨੂੰ ਹੱਥ ਫੜ ਕੇ (ਇਸ ਟੋਏ ਵਿਚ ਡਿਗਣੋ) ਬਚਾ ਲੈ ।੨।੫।੭।

ਭਾਵਾਰਥ :—ਹਰੀ ਤੋਂ ਬਿਨਾ ਖਾਣਾ ਪੀਣਾ ਤੇ ਪਹਿਨਣਾ ਸਭ ਅਕਾਰਥ ਹੈ, ਰੱਬ ਆਪ ਹੀ ਬਚਾਵੇ ਤਾਂ ਹੀ ਬਚ ਸਕੀਦਾ ਹੈ।

ਕੇਦਾਰਾ ਮਹਲਾ ੫ ॥

1. **ਹਰਿ ਬਿਨੁ ਕੋਇ ਨ ਚਾਲਸਿ ਸਾਥ ॥**
2. **ਦੀਨਾ ਨਾਥ ਕਰੁਣਾਪਤਿ ਸੁਆਮੀ**
ਅਨਾਥਾ ਕੇ ਨਾਥ ॥ ਰਹਾਉ ॥
3. **ਸੁਤ ਸੰਪਤਿ ਬਿਖਿਆ ਰਸ ਭੋਗਵਤ**
ਨਹ ਨਿਬਹਤ ਜਮ ਕੈ ਪਾਥ ॥
4. **ਨਾਮੁ ਨਿਧਾਨੁ ਗਾਉ ਗੁਨ ਗੋਬਿੰਦ**
ਉਧਰੁ ਸਾਗਰ ਕੇ ਖਾਤ ॥੧॥
5. **ਸਰਨਿ ਸਮਰਥ ਅਕਥ ਅਗੋਚਰ**
ਹਰਿ ਸਿਮਰਤ ਦੁਖ ਲਾਥ ॥
6. **ਨਾਨਕ ਦੀਨ ਧੂਰਿ ਜਨ ਬਾਂਛਤ**
ਮਿਲੈ ਲਿਖਤ ਧੁਰਿ ਮਾਥ ॥੨॥੬॥੮॥

ਪਦ ਅਰਥ :—ਸਾਥ—ਨਾਲ । ਨ ਚਾਲਸਿ—ਨਹੀਂ ਜਾਂਦਾ । ਦੀਨਾ ਨਾਥ—ਹੇ ਗਰੀਬਾਂ ਦੇ ਖਸਮ । ਕਰੁਣਾਪਤਿ—ਹੇ ਤਰਸ ਦੇ ਮਾਲਕ, ਹੇ ਮਿਹਰਾਂ ਦੇ ਸਾਈਂ । ਅਨਾਥਾਂ ਦੇ ਨਾਥ—ਹੇ ਨਿਆਸਰਿਆਂ ਦੇ ਆਸਰੇ । ਰਹਾਉ ।

ਸੁਤ—ਪੁੱਤਰ । ਸੰਪਤਿ—ਧਨ । ਬਿਖਿਆ—ਮਾਇਆ । ਭੋਗਵਤ—(ਅੱਖਰ 'ਭ' ਦੇ ਨਾਲ ਦੋ ਲਗਾਂ ਹਨ ੋ ਅਤੇ ੁ । ਅਸਲ ਲਫਜ਼ ਹੈ 'ਭੋਗਵਤ' । ਇਥੇ 'ਭੁਗਵਤ' ਪੜ੍ਹਨਾ ਹੈ) । ਪਾਥ—ਰਸਤਾ । ਜਮ ਕੈ ਪਾਥ—ਜਮਰਾਜ ਦੇ ਰਸਤੇ ਪਿਆਂ । ਨਿਧਾਨੁ—ਖਜ਼ਾਨਾ । ਗਾਉ—ਗਾਇਆ ਕਰ । ਉਧਰੁ—(ਆਪਣੇ ਆਪ ਨੂੰ) ਬਚਾ ਲੈ । ਸਾਗਰ-(ਸੰਸਾਰ) ਸਮੁੰਦਰ । ਖਾਤ—(ਵਿਕਾਰਾਂ ਦਾ) ਗੜ੍ਹਾ, ਟੋਆ ।੧।

ਸਮਰਥ—ਹੇ ਸਭ ਤਾਕਤਾਂ ਦੇ ਮਾਲਕ । ਅਕਥ—ਜਿਸ ਦੇ ਸਹੀ ਸਰੂਪ ਦਾ ਬਿਆਨ ਨਾ ਹੋ ਸਕੇ । ਅਗੋਚਰ—(ਅ-ਗੋ-ਚਰ । ਗੋ—ਗਿਆਨ ਇੰਦ੍ਰੇ) ਜੋ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ । ਲਾਥ—ਲਹਿ ਜਾਂਦੇ ਹਨ । ਦੀਨ—ਗਰੀਬ । ਧੂਰਿ ਜਨ—ਸੰਤ ਜਨਾਂ ਦੀ ਚਰਨ ਧੂੜ । ਬਾਛਤ—ਮੰਗਦਾ । ਲਿਖਤ ਧੁਰਿ ਮਾਥ—ਧੁਰ ਦਰਗਾਹ ਤੋਂ ਲਿਖੇ ਅਨੁਸਾਰ ।੨।

ਅਰਥ :—

ਪ੍ਰ:—ਸ੍ਰੀ ਜੀਉ ! ਆਖਰ, ਜਗਤ ਤੋਂ ਤੁਰਨ ਸਮੇਂ ਮਨੁੱਖ ਦੇ ਨਾਲ ਕਿਹੜੀ ਸ਼ੈ ਜਾਂਦੀ ਹੈ ?

1. **ਉ**:—ਭਾਈਓ ! (ਅਸਲ ਵਿਚ ਜਗਤ ਤੋਂ ਤੁਰਨ ਵੇਲੇ) ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕੋਈ (ਜੀਵ ਦੇ) ਨਾਲ ਨਹੀਂ ਜਾਂਦਾ ।
2. ਇਸ ਲਈ, ਹੇ ਭਾਈਓ ! ਮੈਂ ਤਾਂ ਇਉਂ ਹੀ ਨਿਸਚਾ ਕੀਤਾ ਹੈ ਕਿ, ਹੇ ਦੀਨਾਂ ਦੇ ਨਾਥ, ਹੇ ਮਿਹਰਾਂ ਦੇ ਸਾਈਂ, ਹੇ ਸੁਆਮੀ, ਹੇ ਅਨਾਥਾਂ ਦੇ ਨਾਥ, (ਇਕ ਤੇਰਾ ਨਾਮ ਹੀ ਸਾਥੀ ਹੈ) । ਰਹਾਉ ।
3. ਹੇ ਭਾਈਓ ! (ਮਨੁੱਖ ਦੇ ਪਾਸ) ਪੁੱਤਰ (ਹੁੰਦੇ ਹਨ) ਧਨ (ਹੁੰਦਾ ਹੈ), (ਮਨੁੱਖ) ਮਾਇਆ ਦੇ ਅਨੇਕਾਂ ਰਸ ਭੋਗਦਾ ਹੈ, ਪਰ, ਜਮਰਾਜ ਦੇ ਰਸਤੇ ਤੁਰਨ ਵੇਲੇ ਕੋਈ (ਭੀ) ਸਾਥ ਨਹੀਂ ਨਿਬਾਹੁੰਦਾ ।

ਪ੍ਰ:—ਕਿਉਂ ਜੀ ! ਮੈਂ ਵਿਕਾਰਾਂ ਦੇ ਟੋਏ ਵਿਚੋਂ ਡਿਗਣੋਂ ਕਿਵੇਂ ਬਚ ਸਕਾਂਗਾ ?

4. **ਉ**:—ਹੇ ਭਾਈ ! ਅਸਲ ਵਿਚ ਇਕ ਪ੍ਰਮਾਤਮਾ ਦਾ ਨਾਮ ਹੀ (ਨਾਲ ਨਿਭਣ ਵਾਲਾ ਅਸਲ) ਖਜ਼ਾਨਾ ਹੈ, (ਉਸੇ)

ਗੋਬਿੰਦ ਦੇ ਗੁਣ ਗਾਇਆ ਕਰ, (ਇਸ ਤਰ੍ਹਾਂ ਆਪਣੇ ਆਪ ਨੂੰ) ਸੰਸਾਰ ਸਮੁੰਦਰ ਦੇ (ਵਿਕਾਰਾਂ ਦੇ) ਟੋਏ (ਵਿਚ ਡਿਗਣ) ਤੋਂ ਬਚਾ ਲੈ ।੧।

5. ਅਤੇ ਹੇ ਭਾਈ ! ਇਉਂ ਬੇਨਤੀਆਂ ਕਰਦਾ ਰਿਹਾ ਕਰ ਕਿ, ਹੇ ਸਮਰਥ, ਹੇ ਅਕੱਥ ਹੇ ਅਗੋਚਰ, ਹੇ ਹਰੀ, (ਮੈਂ ਤੇਰੀ) ਸ਼ਰਨ (ਆਇਆ ਹਾਂ) ਮੈਨੂੰ ਯਕੀਨ ਹੈ ਕਿ ਤੇਰਾ ਨਾਮ ਸਿਮਰਦਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਦਾਸ ਗਰੀਬ ਤੇਰੇ ਸੰਤ ਜਨਾਂ ਦੀ ਚਰਨ ਧੂੜ ਮੰਗਦਾ ਹੈ, ਪਰ, ਇਹ ਚਰਨ ਧੂੜ ਉਸੇ ਮਨੁੱਖ ਨੂੰ ਹੀ ਮਿਲਦੀ ਹੈ, ਜਿਸ ਦੇ ਮੱਥੇ ਉਤੇ ਧੁਰ ਦਰਗਾਹ ਤੋਂ ਲਿਖੀ ਹੁੰਦੀ ਹੈ ।੨।੬।੮।

ਭਾਵਾਰਥ :—ਸਾਕ ਸੰਬੰਧੀ ਧਨ ਦੌਲਤ ਕਿਸੇ ਨੇ ਭੀ ਨਾਲ ਨਹੀਂ ਨਿਭਣਾ, ਕੇਵਲ ਹਰੀ ਦਾ ਨਾਮ ਹੀ ਪਾਰ ਲੰਘਾ ਸਕਦਾ ਹੈ, ਪਰ ਇਹ ਮਿਲਦਾ ਤਦੇ ਹੈ, ਜੇ ਹਰੀ ਦੀ ਕਿਰਪਾ ਹੋਵੇ ।

ਕੇਦਾਰਾ ਮਹਲਾ ੫ ਘਰੁ ੫

ੴ ਸਤਿਗੁਰ ਪ੍ਰਸਾਦਿ ॥

1. **ਬਿਸਰਤ ਨਾਹਿ ਮਨ ਤੇ ਹਰੀ ॥**
2. **ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ ਰਹਾਉ ॥**
3. **ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥**
4. **ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥**
5. **ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥**
6. **ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥੨॥੧॥੯॥**

ਪਦ ਅਰਥ :—ਤੇ—ਤੋਂ । ਹਰੀ—ਪ੍ਰਮਾਤਮਾ । ਅਬ—ਹੁਣ । ਮਹਾ—ਬਹੁਤ । ਪ੍ਰਬਲ—ਤਕੜੀ । ਆਨ—ਹੋਰ । ਬਿਖੈ—ਵਿਸ਼ੇ । ਜਰੀ—ਸੜ ਗਏ । ਰਹਾਉ ।

ਬੂੰਦ—(ਸ੍ਵਾਂਤੀ ਨਛਤ੍ਰ ਦੀ ਵਰਖਾ ਦੀ) ਕਣੀ । ਕਹਾ ਤਿਆਗਿ—ਕਿਥੇ ਤਿਆਗ ਸਕਦਾ ਹੈਂ ? ਨਹੀਂ ਛਡ ਸਕਦਾ । ਚਾਤ੍ਰਿਕ—ਪਪੀਹਾ । ਮੀਨ—ਮੱਛੀ । ਘਰੀ—ਘੜੀ । ਰਸਨਾ—ਜੀਭ ਨਾਲ । ਟੇਵ—ਆਦਤ । ਪਰੀ—ਪੈ ਜਾਂਦੀ ਹੈ ।੧।

ਨਾਦ—(ਘੰਡੇਹੇੜੇ ਦੀ) ਅਵਾਜ਼ । ਕੁਰੰਕ—ਹਰਨ । ਬੇਧਿ—ਵਿੰਨ੍ਹਿਆਂ ਜਾਂਦਾ ਹੈ । (ਸਰੀ—ਸਰੀਂ, ਤੀਰਾਂ ਨਾਲ) ਸਰ—ਤੀਰ । ਤੀਖਨ ਸਰੀ—ਤੇਜ ਤੀਰਾਂ ਨਾਲ । ਰਸਾਲ—(ਰਸ-ਆਲਯ—ਰਸਾਂ ਦਾ ਘਰ(ਮਿੱਠੇ । ਗਾਠਿ—ਗੰਢ । ਬਾਧਿ ਧਰੀ—ਬੰਨ੍ਹ ਲਈ ।੨।

ਅਰਥ :—

ਪ੍ਰ:—ਸ੍ਰੀ ਜੀਉ ! ਜਿਸ ਦੇ ਮਨ ਤੋਂ ਕਦੀ ਭੀ ਪ੍ਰਭੂ ਜੀ ਦਾ ਨਾਮ ਨਹੀਂ ਭੁੱਲਦਾ ਉਸਨੂੰ ਆਖਰ ਫਲ ਕੀ ਪ੍ਰਾਪਤ ਹੁੰਦਾ ਹੈ ?

1. ਉ:—ਹੇ ਭਾਈਓ ! (ਜਿਸ ਮਨੁੱਖ ਦੇ) ਮਨ ਵਿਚੋਂ ਕਦੇ ਭੀ ਉਹ ਪ੍ਰਮਾਤਮਾ ਨਹੀਂ ਭੁਲਦਾ ।
2. ਉਸ ਦੇ ਅੰਤਰ ਆਤਮੇਂ ਵਿਚ ਉਸ ਸਾਈਂ ਜੀ ਦੇ ਨਾਮ ਦਾ ਇਹ ਪਿਆਰ ਇਤਨਾ ਬਲਵਾਨ ਹੋ ਜਾਂਦਾ ਹੈ ਕਿ, ਹੋਰ ਸਾਰੇ ਵਿਸ਼ੇ (ਇਸੇ ਪਿਆਰ-ਅਗਨੀ ਵਿਚ) ਸੜ ਜਾਂਦੇ ਹਨ । ਰਹਾਉ ।

ਪ੍ਰ:—ਸ੍ਰੀ ਜੀਉ ! ਉਸ ਪ੍ਰੀਤ ਦੀ ਰੂਪ ਰੇਖਾ ਪ੍ਰਤਖ ਰੂਪ ਵਿਚ ਕੋਈ ਉਦਾਹਰਣ ਦੇ ਕੇ ਉਚਾਰਨ ਕਰੋ, ਤਾਂ ਕਿ ਸਾਨੂੰ ਭੀ ਸਮਝ ਪੈ ਸਕੇ ?

3. ਉ:—ਹੇ ਭਾਈਓ ! (ਉਸ ਪ੍ਰੀਤ ਦੇ ਕਾਰਨਾਮੇਂ ਵੇਖੋ) ਕਿ, ਪਪੀਹਾ (ਸ੍ਵਾਂਤੀ ਨਛਤ੍ਰ ਦੀ ਵਰਖਾ ਦੀ ਬੂੰਦ ਛਡ ਕੇ ਕਿਸੇ ਹੋਰ ਬੂੰਦ ਨਾਲ ਤ੍ਰਿਪਤ ਨਹੀਂ ਹੁੰਦਾ (ਅਨੇਕਾਂ ਹੀ ਸਰੋਵਰ ਪਾਣੀ ਦੇ ਭਰੇ ਖਲੋਤੇ ਹੁੰਦੇ ਹਨ) । ਫਿਰ ਹੋਰ ਸੁਣੋ, ਮੱਛੀ (ਦਾ ਪਾਣੀ ਨਾਲ ਇਤਨਾ ਪਿਆਰ ਹੈ ਕਿ ਉਹ ਪਾਣੀ ਤੋਂ ਬਿਨਾਂ)ਇਕ ਘੜੀ ਭੀ ਜੀਊ ਨਹੀਂ ਸਕਦੀ ।

ਪ੍ਰ:—ਕਿਉਂ ਜੀ ! ਮੈਨੂੰ ਕਿਹੜਾ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

4. ਉ:—ਹੇ ਭਾਈ ! ਤੂੰ ਭੀ ਇਸ ਪਪੀਹੇ ਅਤੇ ਮੱਛੀ ਦੇ ਪਿਆਰ ਵਾਂਗ ਪ੍ਰਭੂ ਪਿਆਰ ਵਿਚ ਭਿੱਜ ਕੇ ਆਪਣੀ ਜੀਭ ਨਾਲ (ਉਸ) ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੇ ਗੁਣ ਗਾਇਆ ਕਰ, (ਹੇ ਪਿਆਰੇ) ਜਿਹੜਾ ਮਨੁੱਖ ਸਦਾ ਹਰਿ ਗੁਣ ਉਚਾਰਦਾ ਹੈ, ਉਸ ਨੂੰ ਇਹ ਆਦਤ ਹੀ ਬਣ ਜਾਂਦੀ ਹੈ (ਫਿਰ ਉਹ ਗੁਣ ਉਚਾਰਨ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ) ।੧।

ਪ੍ਰ:—ਸ੍ਰੀ ਜੀਉ ! ਕੋਈ ਹੋਰ ਉਦਾਹਰਣ ਦਿਓ ?

5. ਉ:—ਹੇ ਪਿਆਰੇ ! ਪ੍ਰੀਤ ਦਾ ਹੋਰ ਕਾਰਨਾਮਾਂ ਸੁਣ ਹਰਨ (ਘੰਡੇਹੇੜੇ ਦੀ) ਅਵਾਜ਼ ਨਾਲ ਮੋਹਿਆ ਜਾਂਦਾ ਹੈ, (ਉਹ ਉਸ ਵਿਚ ਇਤਨਾ ਮਸਤ ਹੁੰਦਾ ਹੈ ਕਿ ਸ਼ਿਕਾਰੀ ਦੇ) ਤ੍ਰਿਖੇ ਤੀਰਾਂ ਨਾਲ ਵਿੱਝ ਜਾਂਦਾ ਹੈ ।
6. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਨੂੰ ਪ੍ਰਭੂ ਦੇ ਸੋਹਣੇ ਚਰਨ ਮਿੱਠੇ ਲਗਦੇ ਹਨ, (ਉਹ ਮਨੁੱਖ ਇਨ੍ਹਾਂ ਚਰਨਾਂ ਨਾਲ ਆਪਣੇ ਮਨ ਦੀ ਪੱਕੀ) ਗੰਢ ਬੰਨ੍ਹ ਲੈਂਦਾ ਹੈ ।੨।੧।੯।

ਭਾਵਾਰਥ :—ਜਦੋਂ ਕਿਸੇ ਮਨੁੱਖ ਦੇ ਅੰਦਰ ਉਸ ਹਰੀ ਦੇ ਪਿਆਰ ਦੀ ਪ੍ਰਬਲਤਾ ਵਧੇਰੇ ਵਧ ਜਾਂਦੀ ਹੈ ਤਾਂ ਹੋਰ ਕਿਸੇ ਕਿਸਮ ਦਾ ਵਿਸ਼ਾ ਜਾਂ ਪਿਆਰ ਨੇੜੇ ਨਹੀਂ ਢੁੱਕਦਾ ।

ਕੇਦਾਰਾ ਮਹਲਾ ੫ ॥

1. ਪ੍ਰੀਤਮ ਬਸਤ ਰਿਦ ਮਹਿ ਖੋਰ ॥
2. ਭਰਮ ਭੀਤਿ ਨਿਵਾਰਿ ਠਾਕੁਰ
ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥
3. ਅਧਿਕ ਗਰਤ ਸੰਸਾਰ ਸਾਗਰ
ਕਰਿ ਦਇਆ ਚਾਰਹੁ ਧੋਰ ॥
4. ਸੰਤ ਸੰਗਿ ਹਰਿ ਚਰਨ ਬੋਹਿਥ
ਉਧਰਤੇ ਲੈ ਮੋਰ ॥੧॥
5. ਗਰਭ ਕੁੰਟ ਮਹਿ ਜਿਨਹਿ ਧਾਰਿਓ
ਨਹੀ ਬਿਖੈ ਬਨ ਮਹਿ ਹੋਰ ॥
6. ਹਰਿ ਸਕਤ ਸਰਨ ਸਮਰਥ ਨਾਨਕ
ਆਨ ਨਹੀ ਨਿਹੋਰ ॥੨॥੨॥੧੦॥

ਪਦ ਅਰਥ :–ਪ੍ਰੀਤਮ–ਹੇ ਪ੍ਰੀਤਮ। ਰਿਦ ਮਹਿ–(ਮੇਰੇ) ਹਿਰਦੇ ਵਿਚ। ਬਸਤ–ਵਸ ਰਹੀ ਹੈ। ਖੋਰ–ਖੋਟ, ਕੋਰਾ ਪਨ। ਭੀਤਿ–ਕੰਧ। ਨਿਵਾਰਿ–ਦੂਰ ਕਰ। ਠਾਕੁਰ–ਹੇ ਠਾਕਰ। ਗਹਿ ਲੇਹੁ–(ਮੇਰੀ ਬਾਂਹ) ਫੜ ਲੈ। ਓਰ–ਪਾਸੇ।੧। ਰਹਾਉ।

ਅਧਿਕ–ਕਈ, ਬਥੇਰੇ। ਗਰਤ–ਟੋਏ, ਗੜੇ। ਸਾਗਰ–ਸਮੁੰਦ੍ਰ। ਚਾਰਹੁ–ਚਾੜ੍ਹ ਲਵੋ। ਧੋਰ–ਕੰਢੇ ਤੇ। ਸੰਗਿ–ਸੰਗਤ ਵਿਚ। ਬੋਹਿਥ–ਜਹਾਜ਼। ਉਧਰਤੇ–ਬਚਾ ਲੈਂਦੇ ਹਨ। ਮੋਰ ਲੈ–ਮੈਨੂੰ ਲੈ ਕੇ।੧।

ਗਰਭ ਕੁੰਟ ਮਹਿ–ਗਰਭ ਕੁੰਡ ਵਿਚ, ਮਾਂ ਦੇ ਪੇਟ ਵਿਚ। ਜਿਨਹਿ–ਜਿਸ (ਹਰੀ) ਹੈ। ਧਾਰਿਓ–ਬਚਾਈ ਰਖਿਆ। ਬਨ–ਪਾਣੀ। ਬਿਖੈ ਬਨ–ਵਿਸ਼ਿਆਂ ਦਾ ਸਮੁੰਦਰ। ਸਕਤ–ਸ਼ਕਤੀ ਵਾਲਾ। ਸਰਨ ਸਮਰਥ–ਸ਼ਰਨ ਪਿਆਂ ਨੂੰ ਬਚਾਣ ਦੀ ਤਾਕਤ ਵਾਲਾ। ਨਿਹੋਰ–ਮੁਥਾਜੀ। ਆਨ–ਹੋਰ।੨।

ਅਰਥ :–

ਪ੍ਰ.–ਸ੍ਰੀ ਜੀਉ ! ਮੇਰੇ ਹਿਰਦੇ ਅੰਦਰ ਉਸ ਪ੍ਰਭੂ ਦਾ ਪਿਆਰ ਪੈਦਾ ਨਹੀਂ ਹੁੰਦਾ, ਕੋਈ ਯਤਨ ਦਸੋ; ਜਿਸ ਦੀ ਬਰਕਤ ਨਾਲ ਮੇਰਾ ਹਿਰਦਾ ਭੀ ਪਿਆਰ ਵਾਲਾ ਹੋ ਸਕੇ ?

1. **ਉ**:–ਹੇ ਪਿਆਰੇ ! ਉਸ ਪ੍ਰਭੂ ਪਿਆਰੇ ਦੇ ਪਿਆਰ ਦੀ ਪ੍ਰਾਪਤੀ ਲਈ ਕੇਵਲ ਇਕੋ ਹੀ ਸਾਧਨ ਅਰਦਾਸ ਹੈ ਜੋ ਸਦਾ ਇਉਂ ਹੀ ਕਰਦਾ ਰਿਹਾ ਕਰ ਕਿ, ਹੇ ਪ੍ਰੀਤਮ ਪ੍ਰਭੂ ਜੀਉ ! (ਮੇਰੇ) ਹਿਰਦੇ ਅੰਦਰ (ਬਹੁਤ ਹੀ) ਕੋਰਾ ਪਨ ਦਿਸ ਰਿਹਾ ਹੈ, ਬਹੁਤ ਹੀ ਸਖਣਾ ਪਨ ਹੈ (ਜੋ ਕਿ ਤੇਰੇ ਚਰਨਾਂ ਨਾਲ ਮੇਰਾ ਪਿਆਰ ਨਹੀਂ ਬਣਨ ਦੇਂਦਾ)।
2. ਹੇ ਮੇਰੇ ਠਾਕਰ ! (ਮੇਰੇ ਅੰਦਰੋ) ਭਟਕਣਾ ਦੀ ਕੰਧ ਦੂਰ ਕਰ ਦਿਓ, (ਕਿਉਂਕਿ ਇਹ ਕੰਧ ਮੈਨੂੰ ਤੇਰੇ ਨਾਲੋਂ ਪਰ੍ਹੇ ਰਖ ਰਹੀ ਹੈ) ਸੋ, ਮੇਰਾ ਹੱਥ ਫੜ ਕੇ ਮੈਨੂੰ ਆਪਣੇ ਪਾਸੇ (ਜੋੜ) ਲੈ, ਭਾਵ ਆਪਣੇ ਚਰਨਾਂ ਵਿਚ ਜੋੜ ਲੈ।੧।
3. ਹੇ ਸਾਈਆਂ ਜੀਉ ! (ਤੇਰੇ ਇਸ) ਸੰਸਾਰ ਸਮੁੰਦਰ ਵਿਚ (ਵਿਕਾਰਾਂ ਦੇ) ਅਨੇਕਾਂ ਹੀ ਗੜੇ ਹਨ, ਮਿਹਰ ਕਰ ਮੈਨੂੰ ਇਨ੍ਹਾਂ ਤੋਂ ਬਚਾ ਕੇ ਕੰਢੇ ਚਾੜ੍ਹ ਲੈ।
4. ਹੇ ਹਰੀ ! ਸੰਤ ਜਨਾਂ ਦੀ ਸੰਗਤ ਵਿਚ (ਰਖ ਕੇ ਮੈਨੂੰ ਆਪਣੇ) ਚਰਨਾਂ ਦੇ ਜਹਾਜ਼ (ਵਿਚ ਚਾੜ੍ਹ ਲੈ) (ਤੇਰੇ ਇਹ ਚਰਨ) ਮੈਨੂੰ ਇਹ ਪਾਰ ਲੰਘਾਣ ਦੇ ਸਮਰਥ ਹਨ।
5. ਹੇ ਭਾਈ ! ਵੇਖ, ਜਿਸ ਪ੍ਰਮਾਤਮਾ ਨੇ ਮਾਂ ਦੇ ਪੇਟ ਵਿਚ ਬਚਾਈ ਰਖਿਆ ਹੈ ਅਤੇ ਵਿਸ਼ੇ ਵਿਕਾਰਾਂ ਦੇ ਸਮੁੰਦਰ ਵਿਚ (ਡੁਬਦੇ ਨੂੰ ਬਚਾਣ ਵਾਲਾ ਭੀ ਉਸ ਤੋਂ ਬਿਨਾਂ) ਕੋਈ ਹੋਰ ਨਹੀਂ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਪ੍ਰਭੂ ਸਭ ਤਾਕਤਾਂ ਦਾ ਮਾਲਕ ਹੈ, ਸ਼ਰਨ ਪਏ ਨੂੰ ਬਚਾ ਸਕਣ ਵਾਲਾ ਹੈ, ਜਿਹੜਾ ਮਨੁੱਖ ਉਸ ਦੀ ਸ਼ਰਨ ਆ ਪੈਂਦਾ ਹੈ, ਉਸ ਨੂੰ ਕੋਈ ਭੀ ਹੋਰ ਮੁਥਾਜੀ ਨਹੀਂ ਰਹਿ ਜਾਂਦੀ।੨।੨।੧੦।

ਭਾਵਾਰਥ :–ਪ੍ਰਭੂ ਪਿਆਰ ਤੋਂ ਸਖਣੇ ਹਿਰਦਿਆਂ ਵਾਲੇ ਮਨੁੱਖਾਂ ਨੂੰ ਤਕ ਕੇ ਉਪਦੇਸ਼ ਉਚਾਰਨ ਕਰਦੇ ਹਨ ਕਿ, ਐ ਪਿਆਰੇ ! ਹਿਰਦੇ ਦੇ ਖਾਲੀ ਪਨ ਨੂੰ ਹਰੀ ਦਾ ਪਿਆਰ ਹੀ ਭਰ ਸਕਦਾ ਹੈ, ਕਿਉਂਕਿ, ਉਸ ਪ੍ਰਭੂ ਦੇ ਪਿਆਰ ਵਿਚ ਬੜੀ ਸ਼ਕਤੀ ਹੈ।

ਕੇਦਾਰਾ ਮਹਲਾ ੫ ॥

1. ਰਸਨਾ ਰਾਮ ਰਾਮ ਬਖਾਨੁ ॥
2. ਗੁਨ ਗੋੁਪਾਲ ਉਚਾਰੁ ਦਿਨੁ ਰੈਨਿ
ਭਏ ਕਲਮਲ ਹਾਨ ॥ ਰਹਾਉ ॥
3. ਤਿਆਗਿ ਚਲਨਾ ਸਗਲ ਸੰਪਤ
ਕਾਲੁ ਸਿਰ ਪਰਿ ਜਾਨੁ ॥
4. ਮਿਥਨ ਮੋਹ ਦੁਰੰਤ ਆਸਾ ਝੂਠੁ ਸਰਪਰ ਮਾਨੁ ॥੧॥
5. ਸਤਿ ਪੁਰਖ ਅਕਾਲ ਮੂਰਤਿ
ਰਿਦੈ ਧਾਰਹੁ ਧਿਆਨੁ ॥
6. ਨਾਮੁ ਨਿਧਾਨੁ ਲਾਭੁ ਨਾਨਕ
ਬਸਤੁ ਇਹ ਪਰਵਾਨੁ ॥੨॥੩॥੧੧॥

ਪਦ ਅਰਥ :–ਰਸਨਾ–ਜੀਭ (ਨਾਲ)। ਬਖਾਨੁ–ਉਚਾਰਿਆ ਕਰ। ਗੋੁਪਾਲ–(ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ। ਅਸਲ ਲਫਜ਼ ਹੈ 'ਗੋਪਾਲ' ਇਥੇ 'ਗੁਪਾਲ' ਪੜ੍ਹਨਾ ਹੈ)। ਰੈਨਿ–ਰਾਤ। ਕਲਮਲ-ਪਾਪ। ਭਏ ਹਾਨ–ਨਾਸ ਹੋ ਗਏ। ਰਹਾਉ।

ਤਿਆਗਿ–ਛਡਕੇ। ਸੰਪਤ–ਧਨ ਪਦਾਰਥ। ਕਾਲ–ਮੌਤ। ਪਰਿ–ਉਤੇ। ਜਾਨੁ–ਸਮਝ ਰਖ। ਮਿਥਨ ਮੋਹ–ਨਾਸਵੰਤ ਪਦਾਰਥਾਂ ਦਾ ਮੋਹ। ਦੁਰੰਤ–(ਦੁਰ-ਅੰਤ) ਕਦੇ ਨਾ ਮੁਕਣ ਵਾਲੀਆਂ। ਝੂਠੁ–ਨਾਸਵੰਤ। ਸਰਪਰ-ਜ਼ਰੂਰ। ਮਾਨ–ਮੰਨ।੧।

ਸਤਿ-ਸਦਾ ਕਾਇਮ ਰਹਿਣ ਵਾਲਾ। ਪੁਰਖ-ਸਰਵ ਵਿਆਪਕ । ਅਕਾਲ-ਅ-ਕਾਲ, ਮੌਤ ਰਹਿਤ । ਮੂਰਤਿ-ਸਰੂਪ। ਅਕਾਲ ਮੂਰਤਿ-ਜਿਸ ਦੀ ਹਸਤੀ ਮੌਤ ਰਹਿਤ ਹੈ। ਰਿਦੈ-ਹਿਰਦੇ ਵਿਚ। ਨਿਧਾਨੁ-ਖਜ਼ਾਨਾ । ਬਸਤੁ-ਚੀਜ਼। ਪਰਵਾਨ-ਕਬੂਲ।੨। **ਅਰਥ :-**

ਪ੍ਰ:-ਗੁਰਦੇਵ ਜੀਉ ! ਮੇਰੇ ਪਾਪ ਕਰਮ ਤਾਂ ਜਨਮ ਜਨਮਾਤ੍ਰਾਂ ਦੇ ਅਨੇਕਾਂ ਹੀ ਹਨ, ਉਨ੍ਹਾਂ ਦੇ ਕਟੇ ਜਾਣ ਲਈ ਕਿਹੜਾ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

1. ਉ:-ਹੇ ਭਾਈ ! (ਤੂੰ ਆਪਣੀ) ਜੀਭ ਨਾਲ ਹਰ ਵੇਲੇ (ਹੀ) ਪ੍ਰਮੇਸ਼ਰ ਜੀ ਦਾ ਨਾਮ ਜਪਦਾ ਰਿਹਾ ਕਰ ।
2. ਅਤੇ ਦਿਨੇ ਰਾਤ ਉਸ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੇ ਗੁਣ ਗਾਇਆ ਕਰ, ਹੇ ਪਿਆਰੇ ! (ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ, ਉਸ ਦੇ ਸਾਰੇ ਹੀ) ਪਾਪ ਨਾਸ ਹੋ ਜਾਂਦੇ ਹਨ। ਰਹਾਉ ।

ਪ੍ਰ:-ਸ੍ਰੀ ਜੀਉ ! ਧਨ ਪਦਾਰਥਾਂ ਦੀ ਲਗਨ ਪ੍ਰਭੂ ਨਾਮ ਸਿਮਰਨ ਵਲ ਰੁਚੀ ਲਗਣ ਹੀ ਨਹੀਂ ਦੇਂਦੀ, ਦਸੋ ਕੀ ਇਲਾਜ ਕੀਤਾ ਜਾਏ ?

3. ਉ:-ਹੇ ਪਿਆਰਿਆ ! ਇਉਂ ਨਿਸਚਾ ਕਰ ਕਿ, ਸਾਰਾ ਧਨ ਪਦਾਰਥ ਛਡ ਕੇ (ਆਖਿਰ ਹਰੇਕ ਪ੍ਰਾਣੀ ਨੇ ਇਥੋਂ) ਚਲੇ ਜਾਣਾ ਹੈ, (ਇਸ ਲਈ ਹੇ ਭਾਈ ! ਤੂੰ) ਮੌਤ ਨੂੰ (ਸਦਾ ਆਪਣੇ) ਸਿਰ ਉਤੇ (ਖਲੋਤੀ) ਸਮਝ ।
4. ਹੇ ਭਾਈ ! ਨਾਸਵੰਤ ਪਦਾਰਥਾਂ ਦਾ ਮੋਹ ਕਦੇ ਨਾ ਮੁਕਣ ਵਾਲੀਆਂ ਆਸਾਂ ਇਨ੍ਹਾਂ ਨੂੰ ਨਿਸਚੇ ਕਰ ਕੇ ਨਾਸਵੰਤ ਮੰਨਣਾ ਕਰ ।੧।

ਪ੍ਰ:-ਸ੍ਰੀ ਜੀਉ ! ਦਸੋ, ਆਖਰ ਮੈਂ ਕਰਦਾ ਕੀ ਰਵ੍ਹਾਂ ?

5. ਉ:-ਹੇ ਪਿਆਰਿਆ ! ਤੂੰ ਆਪਣੇ ਹਿਰਦੇ ਵਿਚ ਉਸ ਪ੍ਰਮਾਤਮਾ ਦਾ ਧਿਆਨ ਧਰਿਆ ਕਰ, ਜਿਹੜਾ ਸਦਾ ਕਾਇਮ ਰਹਿਣ ਵਾਲਾ ਹੈ, ਜਿਹੜਾ ਸਦਾ ਹੀ ਵਿਆਪਕ ਹੈ ਅਤੇ ਜਿਹੜਾ ਨਾਸ ਰਹਿਤ ਹੋਣ ਵਾਲਾ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਸ ਪ੍ਰਮੇਸ਼ਰ ਜੀ ਦਾ ਨਾਮ (ਹੀ ਅਸਲ) ਖਜ਼ਾਨਾ ਹੈ, (ਅਸਲ) ਖੱਟੀ ਹੈ, ਇਹੋ ਹੀ ਸ਼ੈ (ਪ੍ਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੁੰਦੀ ਹੈ।੨।੩।੧੧।

ਭਾਵਾਰਥ:-ਹੋਰ ਸਾਰੇ ਝੂਠੇ ਪਦਾਰਥਾਂ ਦਾ ਮੋਹ ਛਡਕੇ ਅਸਲੀ ਸੁਖਾਂ ਦੇ ਘਰ ਕੇਵਲ ਇਕ ਹਰੀ ਦਾ ਹੀ ਧਿਆਨ ਧਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਕੇਦਾਰਾ ਮਹਲਾ ੫ ॥

1. ਹਰਿ ਕੇ ਨਾਮ ਕੋ ਆਧਾਰੁ ॥
2. ਕਲਿ ਕਲੇਸ ਨ ਕਛੁ ਬਿਆਪੈ
ਸੰਤ ਸੰਗਿ ਬਿਉਹਾਰੁ ॥ ਰਹਾਉ ॥
3. ਕਰਿ ਅਨੁਗ੍ਰਹੁ ਆਪਿ ਰਾਖਿਓ
ਨਹ ਉਪਜਤਉ ਬੇਕਾਰੁ ॥
4. ਜਿਸੁ ਪਰਾਪਤਿ ਹੋਇ ਸਿਮਰੈ
ਤਿਸੁ ਦਹਤ ਨਹ ਸੰਸਾਰੁ ॥੧॥
5. ਸੁਖ ਮੰਗਲ ਆਨੰਦ ਹਰਿ ਹਰਿ
ਪ੍ਰਭ ਚਰਨ ਅੰਮ੍ਰਿਤ ਸਾਰੁ ॥
6. ਨਾਨਕ ਦਾਸ ਸਰਨਾਗਤੀ
ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥

ਪਦ ਅਰਥ :-ਕੋ-ਦਾ । ਆਧਾਰੁ-ਆਸਰਾ । ਕਲਿ-ਝਗੜੇ। ਕਛੁ ਕੋਈ ਭੀ (ਵਿਕਾਰ) । ਨਬਿਆਪੈ-ਜ਼ੋਰ ਨਹੀਂ ਪਾ ਸਕਦਾ। ਸੰਗਿ-ਨਾਲ, ਸੰਗਤ ਵਿਚ। ਬਿਉਹਾਰੁ-(ਹਰਿ ਨਾਮ ਦਾ) ਵਣਜ । ਰਹਾਉ ।

ਕਰਿ-ਕਰ ਕੇ । ਅਨੁਗ੍ਰਹੁ-ਕਿਰਪਾ । ਰਾਖਿਓ-ਰਖਿਆ ਕੀਤੀ। ਉਪਜਤਉ-ਪੈਦਾ ਹੁੰਦਾ। ਬੇਕਾਰੁ-(ਕੋਈ) ਵਿਕਾਰ। ਪਰਾਪਤਿ ਹੋਇ-ਧੁਰੋਂ ਮਿਲੇ । ਦਹਤ ਨਹ-ਨਹੀਂ ਸਾੜਦਾ। ਸੰਸਾਰੁ-ਸੰਸਾਰ ਦੇ ਵਿਕਾਰਾਂ ਦੀ ਅੱਗ ।੧।

ਮੰਗਲ-ਖੁਸ਼ੀਆਂ। ਅੰਮ੍ਰਿਤ-ਆਤਮਕ ਜੀਵਨ ਦੇਣ ਵਾਲੇ। ਸਾਰੁ-ਸੰਭਾਲ (ਹਿਰਦੇ ਵਿਚ)। ਸਰਨਾਗਤੀ-ਸ਼ਰਨ ਆਇਆ ਹੈ। ਛਾਰੁ-ਚਰਨਾਂ ਦੀ ਧੂੜ ।੨।

ਅਰਥ :-

ਪ੍ਰ:-ਗੁਰਦੇਵ ਜੀਉ ! ਹਰ ਮਨੁੱਖ ਦੇ ਜੀਵਨ ਵਲ ਤਕਦੇ ਹਾਂ ਤਾਂ ਦੁਨੀਆਂ ਦਾ ਕੋਈ ਨਾ ਕੋਈ ਝਗੜਾ ਕਲੇਸ਼ ਇਸ ਜੀਵ ਨੂੰ ਚੰਬੜਿਆ ਹੀ ਰਹਿੰਦਾ ਹੈ, ਕੀ ਇਨ੍ਹਾਂ ਤੋਂ ਛੁੱਟਣ ਲਈ ਕੋਈ ਸਾਧਨ ਹੈ ?

1. ਉ:-ਹੇ ਭਾਈ ! ਅਸਲ ਵਿਚ ਜਿਸ ਮਨੁੱਖ ਨੂੰ ਸਦਾ ਹੀ ਪ੍ਰਮਾਤਮਾ ਦੇ ਨਾਮ ਦਾ ਆਸਰਾ ਰਹਿੰਦਾ ਹੈ।
2. ਅਤੇ ਜੋ ਮਨੁੱਖ ਸੰਤ ਜਨਾਂ ਦੀ ਸੰਗਤ ਵਿਚ ਰਹਿ ਕੇ ਹਰੀ ਨਾਮ ਦਾ ਵਣਜ ਕਰਦਾ ਹੈ, (ਦੁਨੀਆਂ ਦੇ) ਝਗੜੇ ਕਲੇਸ਼ (ਇਨ੍ਹਾਂ ਵਿਚੋਂ) ਕੋਈ ਭੀ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਰਹਾਉ।
3. ਅਤੇ ਹੇ ਭਾਈ ! ਪ੍ਰਮਾਤਮਾ ਆਪ ਮਿਹਰ ਕਰ ਕੇ ਜਿਸ ਮਨੁੱਖ ਦੀ ਰਖਿਆ ਕਰਦਾ ਹੈ, ਉਸ ਦੇ ਅੰਦਰ ਕੋਈ ਭੀ ਵਿਕਾਰ ਪੈਦਾ ਨਹੀਂ ਹੁੰਦਾ ।
4. ਹੇ ਭਾਈ ! ਜਿਸ ਮਨੁੱਖ ਨੂੰ ਨਾਮ ਦੀ ਦਾਤ ਧੁਰ ਦਰਗਾਹ ਤੋਂ ਮਿਲਦੀ ਹੈ ਉਹੀ ਹਰਿ ਨਾਮ ਸਿਮਰਦਾ ਹੈ, (ਫਿਰ ਉਸ ਦੇ ਆਤਮਕ ਜੀਵਨ) ਨੂੰ ਸੰਸਾਰ (ਭਾਵ, ਸੰਸਾਰ ਦੇ ਵਿਕਾਰਾਂ ਦੀ ਅੱਗ) ਸਾੜ ਨਹੀਂ ਸਕਦੀ ।੧।

ਪ੍ਰ:-ਸ੍ਰੀ ਜੀਉ ! ਮੇਰੇ ਅੰਦਰ ਸੁਖ, ਅਨੰਦ, ਖੇੜਾ ਕਿਵੇਂ ਪੈਦਾ ਹੋ ਸਕਦਾ ਹੈ ?

5. ਉ.-ਹੇ ਪਿਆਰੇ ! ਹਰੀ ਪ੍ਰਭੂ ਦੇ ਚਰਨ ਆਤਮਕ ਜੀਵਨ

ਦੇਣ ਵਾਲੇ ਹਨ, ਇਨ੍ਹਾਂ ਨੂੰ ਆਪਣੇ ਹਿਰਦੇ ਵਿਚ ਸੰਭਾਲਕੇ ਰਖ, (ਇਸ ਤਰ੍ਹਾਂ ਤੇਰੇ ਅੰਦਰ) ਆਤਮਕ ਸੁਖ ਖੁਸ਼ੀਆਂ ਅਨੰਦ (ਪੈਦਾ ਹੋਣਗੇ)।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ! ਤੇਰਾ ਦਾਸ ਤੇਰੀ ਸ਼ਰਨ ਆਇਆ ਹੈ, ਤੇਰੇ ਸੰਤ ਜਨਾਂ ਦੀ ਚਰਨ ਧੂੜੀ (ਮੰਗਦਾ ਹੈ) ।੨।੪।੧੨।

ਭਾਵਾਰਥ :–ਜਿਸ ਉਤੇ ਪ੍ਰਭੂ ਜੀ ਦੀ ਕ੍ਰਿਪਾ ਹੋਵੇ, ਉਸ ਨੂੰ ਸੰਸਾਰ ਦੇ ਮਾਇਕੀ ਪਦਾਰਥਾਂ ਦਾ ਮੋਹ ਨਹੀਂ ਪੋਹ ਸਕਦਾ।

ਕੇਦਾਰਾ ਮਹਲਾ ੫ ॥

1. ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥
2. ਜੀਵਨ ਰੂਪ ਬਿਸਾਰਿ ਜੀਵਹਿ
ਤਿਹ ਕਤ ਜੀਵਨ ਹੋਤ ॥ ਰਹਾਉ ॥
3. ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥
4. ਆਠ ਪਹਰ ਮਹਾ ਸ੍ਰਮੁ ਪਾਇਆ
ਜੈਸੇ ਬਿਰਖ ਜੰਤੀ ਜੋਤ ॥੧॥
5. ਤਜਿ ਗੁਪਾਲ ਜਿ ਆਨ ਲਾਗੇ
ਸੇ ਬਹੁ ਪ੍ਰਕਾਰੀ ਰੋਤ ॥
6. ਕਰ ਜੋਰਿ ਨਾਨਕ ਦਾਨੁ ਮਾਗੈ
ਹਰਿ ਰਖਉ ਕੰਠਿ ਪਰੋਤ ॥੨॥੫॥੧੩॥

ਪਦ ਅਰਥ :–ਧ੍ਰਿਗੁ–ਫਿਟਕਾਰ ਜੋਗ। ਸ੍ਰੋਤ–ਕੰਨ। ਜੀਵਨ ਰੂਪ–ਉਹ ਪ੍ਰਭੂ ਜੋ ਨਿਰਾ ਜੀਵਨ ਹੀ ਜੀਵਨ ਹੈ, ਜੋ ਸਭ ਦਾ ਜੀਵਨ ਹੈ। ਬਿਸਾਰਿ–ਭੁਲਾ ਕੇ। ਜੀਵਹਿ–(ਜੋ ਮਨੁੱਖ) ਜੀਉਂਦੇ ਹਨ। ਤਿਨ–ਉਨ੍ਹਾਂ ਦਾ। ਕਤ–ਕਾਹਦਾ ?। ਰਹਾਉ।

ਬਿੰਜਨ–ਭੋਜਨ। ਬਾਹਕ–ਚੁਕਣ ਵਾਲੇ, ਢੋਣ ਵਾਲੇ। ਖੋਤ–ਖੋਤੇ। ਸ੍ਰਮੁ–ਥਕੇਵਾਂ। ਬਿਰਖ–ਬਲਦ। ਜੰਤੀ–ਕੋਹਲੂ (ਅਗੇ)। ਜੋਤ–ਜੋਇਆ ਹੁੰਦਾ ਹੈ ।੧।

ਤਜਿ–ਤਜ ਕੇ, ਭੁਲਾ ਕੇ। ਗੁੋਪਾਲ–(ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ । ਅਸਲ ਲਫ਼ਜ਼ 'ਗੋਪਾਲ' ਹੈ, ਇਥੇ ਪੜ੍ਹਨਾ ਹੈ 'ਗੁਪਾਲ')। ਜਿ–ਜਿਹੜੇ ਮਨੁੱਖ। ਆਨ–ਹੋਰ ਹੋਰ ਪਾਸੇ। ਸੇ–ਉਹ ਬੰਦੇ। ਰੋਤ–ਰੋਂਦੇ ਹਨ, ਦੁਖੀ ਹੁੰਦੇ ਹਨ। ਕਰ–ਹੱਥ। ਜੋਰਿ–ਜੋੜ ਕੇ। ਮਾਗੈ–ਮੰਗਦਾ ਹੈ। ਰਖਉ–ਰਖਉਂ, ਮੈਂ ਰਖਾਂ। ਕੰਠਿ–ਗਲੇ ਵਿਚ। ਪਰੋਤ–ਪਰੋ ਕੇ ।੨।

ਅਰਥ :–

ਪ੍ਰ:–ਸ੍ਰੀ ਜੀਉ ! ਕਈ ਮਨੁੱਖ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਕੰਨਾਂ ਨਾਲ ਕਦੀ ਭੀ ਸਾਈਂ ਜੀ ਦਾ ਜੱਸ ਸਰਵਣ ਨਹੀਂ ਕੀਤਾ, ਅਜਿਹੇ ਕੰਨਾਂ ਬਾਰੇ ਆਪ ਜੀ ਕੀ ਕਹਿਣਾ ਚਾਹੋਗੇ?

1. **ਉ**:–ਹੇ ਭਾਈ ! ਜੋ ਪ੍ਰਮਾਤਮਾ ਦਾ ਨਾਮ ਸੁਣਨ ਤੋਂ ਸਖਣੇ ਕੰਨ ਹਨ, (ਉਸ ਮਨੁੱਖ ਦੇ) ਕੰਨ ਤਾਂ ਸਮਝੋ ਫਿਟਕਾਰ ਜੋਗ ਹਨ (ਕਿਉਂਕਿ, ਅਜਿਹੇ ਕੰਨ ਤਾਂ ਫਿਰ ਨਿੰਦਾ ਚੁਗਲੀ ਸੁਣਨ ਵਿਚ ਹੀ ਰੁੱਝੇ ਰਹਿੰਦੇ ਹਨ)।

2. ਐ ਪਿਆਰੇ ! ਜਿਹੜੇ ਮਨੁੱਖ ਸਾਰੇ ਜਗਤ ਦੇ ਜੀਵਨ ਪ੍ਰਭੂ ਨੂੰ ਭੁਲਾ ਕੇ ਜੀਉਂਦੇ ਹਨ, (ਭਾਵ ਜ਼ਿੰਦਗੀ ਦੇ ਦਿਨ ਗੁਜ਼ਾਰਦੇ ਹਨ) ਉਨ੍ਹਾਂ ਦਾ ਜੀਉਣਾ ਕਾਹਦਾ ਹੈ ? (ਉਨ੍ਹਾਂ ਦੇ ਜੀਉਣ ਨੂੰ ਤਾਂ ਜੀਉਣਾ ਹੀ ਨਹੀਂ ਕਿਹਾ ਜਾ ਸਕਦਾ)। ਰਹਾਉ।

ਪ੍ਰ:–ਸ੍ਰੀ ਜੀਉ ! ਉਨ੍ਹਾਂ ਅਜਿਹੇ ਲੋਕਾਂ ਨੂੰ ਭਾਵੇਂ ਪ੍ਰਭੂ ਵਿਸਰਿਆ ਹੀ ਰਹਿੰਦਾ ਹੈ, ਪਰ, ਉਹ ਵੇਖਣ ਵਿਚ ਆਉਂਦੇ ਹਨ ਕਿ ਅਨੇਕਾਂ ਹੀ ਤਰ੍ਹਾਂ ਦੇ ਚੰਗੇ ਚੰਗੇ ਖਾਣੇ ਖਾਂਦੇ ਪੀਂਦੇ ਹਨ, ਉਹ ਇਉਂ ਪ੍ਰਤੀਤ ਹੁੰਦੇ ਹਨ ਕਿ ਬੜੇ ਹੀ ਸੁਖੀਏ ਹਨ ?

3. **ਉ**:–ਹੇ ਭਾਈਓ ! ਹਰੀ ਦੇ ਨਾਮ ਨੂੰ ਵਿਸਾਰ ਕੇ ਜਿਹੜੇ ਮਨੁੱਖ ਅਨੇਕਾਂ ਹੀ ਚੰਗੇ ਚੰਗੇ ਖਾਣੇ ਖਾਂਦੇ ਪੀਂਦੇ ਹਨ (ਉਨ੍ਹਾਂ ਨੂੰ ਤਾਂ ਇਉਂ ਹੀ ਸਮਝੋ) ਜਿਵੇਂ ਭਾਰ ਢੋਣ ਵਾਲੇ ਖੋਤੇ ਹੋਇਆ ਕਰਦੇ ਹਨ।

4. ਹੇ ਭਾਈ ! ਜਾਂ ਇਉਂ ਹੀ ਜਾਣੋ ਕਿ, ਹਰਿ ਨਾਮ ਨੂੰ ਵਿਸਾਰਨ ਵਾਲੇ ਅੱਠੇ ਪਹਿਰ (ਮਾਇਆ ਦੀ ਖਾਤਰ ਦੌੜ ਭਜ ਕਰਦੇ ਹੋਏ) ਬੜਾ ਹੀ ਥਕੇਵਾਂ ਸਹਾਰਦੇ ਹਨ, ਜਿਵੇਂ ਕੋਈ ਬਲਦ ਕੋਹਲੂ ਅਗੇ ਜੋਇਆ ਹੁੰਦਾ ਹੈ ।੧।

5. ਹੇ ਭਾਈਓ ! ਇਉਂ ਹੀ ਨਿਸਚਾ ਕਰੋ ਕਿ, ਜੋ ਲੋਕ ਸ੍ਰਿਸ਼ਟੀ ਦੇ ਪਾਲਣਹਾਰ (ਦਾ ਨਾਮ) ਤਿਆਗ ਕੇ ਹੋਰ ਹੋਰ ਆਹਰਾਂ (ਕੰਮਾਂ) ਵਿਚ ਲਗੇ ਹੋਏ ਹਨ, ਉਹ ਕਈ ਤਰੀਕਿਆਂ ਨਾਲ ਦੁਖੀਏ ਹੀ ਹੁੰਦੇ ਰਹਿੰਦੇ ਹਨ।

ਪ੍ਰ:–ਸ੍ਰੀ ਜੀਉ ! ਆਖਰ, ਆਪ ਜੀ ਦੀ ਉਸ ਪ੍ਰਭੂ ਤੋਂ ਮੰਗ ਕੀ ਹੈ ?

6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮੇਰੀ ਤਾਂ ਇਕੋ ਹੀ ਮੰਗ ਹੈ ਕਿ, ਹੇ ਹਰੀ ! (ਤੇਰਾ ਦਾਸ ਤਾਂ ਦੋਵੇਂ) ਹੱਥ ਜੋੜ ਕੇ ਤੇਰੇ ਨਾਮ ਦਾ ਹੀ) ਦਾਨ ਮੰਗਦਾ ਹੈ, ਆਪਣਾ ਨਾਮ ਦੇਹ ਮੈਂ (ਇਸ ਨੂੰ ਆਪਣੇ) ਗਲੇ ਵਿਚ ਪ੍ਰੋ ਕੇ ਰਖਾਂ ।੨।੫।੧੩।

ਭਾਵਾਰਥ :–ਇਸ ਸੰਸਾਰ ਦੇ ਮਾਇਕੀ ਰਸ ਹਰੀ ਦੇ ਨਾਮ ਰਸ ਦੇ ਮੁਕਾਬਲੇ ਵਿਚ ਕੁਝ ਭੀ ਨਹੀਂ ਹਨ, ਉਨ੍ਹਾਂ ਵਲ ਭੱਜ ਦੌੜ ਕਰਨੀ ਨਿਰੀ ਖੋਤੇ ਜਾਂ ਬਲਦ ਵਾਲੀ ਹੀ ਮਿਹਨਤ ਸਮਝੀ ਜਾਵੇਗੀ।

ਕੇਦਾਰਾ ਮਹਲਾ ੫ ॥

1. ਸੰਤਹ ਧੂਰਿ ਲੇ ਮੁਖਿ ਮਲੀ ॥
2. ਗੁਣਾ ਅਚੁਤ ਸਦਾ ਪੂਰਨ
ਨਹ ਦੋਖ ਬਿਆਪਹਿ ਕਲੀ ॥ ਰਹਾਉ ॥

3. **ਗੁਰ ਬਚਨਿ ਕਾਰਜ ਸਰਬ ਪੂਰਨ**
ਈਤ ਊਤ ਨ ਹਲੀ ॥
4. **ਪ੍ਰਭ ਏਕ ਅਨਿਕ ਸਰਬਤ ਪੂਰਨ**
ਬਿਖੈ ਅਗਨਿ ਨ ਜਲੀ ॥੧॥
5. **ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ ॥**
6. **ਪ੍ਰਭ ਚਰਨ ਸਰਨ ਅਨਾਥੁ ਆਇਓ**
ਨਾਨਕ ਹਰਿ ਸੰਗਿ ਚਲੀ ॥੨॥੬॥੧੪॥

ਪਦ ਅਰਥ :—ਧੂਰਿ—ਚਰਨ ਧੂੜ । ਲੇ—(ਜਿਸ ਨੇ) ਲੈ ਕੇ । ਮੁਖਿ—(ਆਪਣੇ) ਮੂੰਹ ਉਤੇ । ਅਚੁਤ—ਅਬਿਨਾਸੀ । ਗੁਣਾ ਅਚੁਤ—ਅਬਿਨਾਸੀ ਪ੍ਰਭੂ ਦੇ ਗੁਣ (ਹਿਰਦੇ ਵਿਚ ਵਸਣ) ਨਾਲ । ਪੂਰਨ—ਸਰਵ ਵਿਆਪਕ । ਦੋਖ ਕਲੀ—ਕਲਜੁਗ ਦੇ ਵਿਕਾਰ, ਜਗਤ ਦੇ ਵਿਕਾਰ (ਨੋਟ :—ਲਫਜ਼ 'ਕਲੀ' ਇਥੇ ਕਿਸੇ ਖਾਸ 'ਜੁਗ' ਦਾ ਲਖਾਇਕ ਨਹੀਂ ਹੈ)। ਰਹਾਉ ।

ਬਚਨ—ਬਚਨਿ ਦੀ ਰਾਹੀਂ । ਸਰਬ—ਸਾਰੇ । ਈਤ ਊਤ—ਇਧਰ ਉਧਰ । ਹਲੀ—ਡੋਲਦਾ । ਬਿਖੈ ਅਗਨਿ—ਵਿਸ਼ਿਆਂ ਦੀ ਅੱਗ (ਵਿਚ) । ਜਲੀ—ਸੜਦਾ ।੧।

ਗਹਿ—ਫੜਕੇ । ਭੁਜਾ—ਬਾਂਹ । ਜੋਤਿ—ਜਿੰਦ । ਜੋਤੀ—ਪ੍ਰਭੂ ਦੀ ਜੋਤ ਵਿਚ । ਅਨਾਥੁ—ਨਿਮਾਣਾ । ਸੰਗਿ—ਨਾਲ ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਜਗਤ ਦੇ ਵਿਕਾਰਾਂ ਦੀ ਅਜਿਹੀ ਪ੍ਰਬਲਤਾ ਹੈ ਜੋ ਕਿ ਹਰ ਜੀਵ ਨੂੰ ਆਪਣੇ ਅਧੀਨ ਰਖਦੀ ਹੈ, ਦਸੋ, ਇਸ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?

1. **ਉ**.—ਹੇ ਭਾਈ ! ਜਿਸ ਮਨੁੱਖ ਨੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੈ ਕੇ (ਆਪਣੇ) ਮੱਥੇ ਉਤੇ ਮਲ ਲਈ ਹੈ ।
2. ਅਤੇ ਸੰਤਾਂ ਦੀ ਸੰਗਤ ਵਿਚ ਮਿਲ ਕੇ ਜਿਸ ਨੇ ਪ੍ਰਮਾਤਮਾ ਦੇ ਗੁਣ ਗਾਏ ਹਨ, ਅਬਿਨਾਸੀ ਤੇ ਸਰਵ ਵਿਆਪਕ ਪ੍ਰਭੂ ਦੇ ਗੁਣ ਹਿਰਦੇ ਵਿਚ ਵਸਾਣ ਦੀ ਬਰਕਤ ਨਾਲ ਜਗਤ ਦੇ ਵਿਕਾਰ ਉਸ ਮਨੁੱਖ ਉਤੇ ਆਪਨਾ ਜ਼ੋਰ ਨਹੀਂ ਪਾ ਸਕਦੇ । ਰਹਾਉ ।
3. ਹੇ ਭਾਈ ! ਜਿਸ ਮਨੁੱਖ ਨੇ ਸੰਤ ਜਨਾਂ ਦੀ ਚਰਨ ਧੂੜ ਆਪਣੇ ਮੱਥੇ ਉਤੇ ਲਾਈ ਹੈ, ਗੁਰੂ ਦੇ ਉਪਦੇਸ਼ ਦਾ ਸਦਕਾ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ ਅਤੇ ਉਸ ਦਾ ਮਨ ਭੀ ਇਧਰ ਉਧਰ ਨਹੀਂ ਡੋਲਦਾ ।
4. ਹੇ ਭਾਈਓ ! ਉਸ ਨੂੰ ਇਉਂ ਹੀ ਦਿਸ ਪੈਂਦਾ ਹੈ ਕਿ ਇਕੋ ਹੀ ਪ੍ਰਮਾਤਮਾ ਅਨੇਕਾਂ ਰੂਪਾਂ ਵਿਚ ਸਭ ਥਾਈਂ ਵਿਆਪਕ ਹੈ, (ਅਜਿਹਾ) ਮਨੁੱਖ ਵਿਕਾਰਾਂ ਦੀ ਅੱਗ ਵਿਚ ਭੀ ਨਹੀਂ ਸੜਦਾ (ਭਾਵ ਉਸ ਦਾ ਆਤਮਕ ਜੀਵਨ ਵਿਕਾਰਾਂ ਦੀ ਅੱਗ ਵਿਚ ਤਬਾਹ ਨਹੀਂ ਹੁੰਦਾ) ।੧।
5. ਹੇ ਪਿਆਰੇ ! ਉਹ ਪ੍ਰਭੂ ਜਿਸ ਆਪਣੇ ਦਾਸ ਨੂੰ (ਉਸ ਦੀ) ਬਾਂਹ ਫੜ ਕੇ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ਉਸ ਦੀ ਜਿੰਦ ਪ੍ਰਭੂ ਦੀ ਜੋਤ ਵਿਚ ਲੀਨ ਹੋ ਜਾਂਦੀ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ, ਜਿਹੜਾ ਵੀ ਅਨਾਥ (ਪ੍ਰਾਣੀ) ਪ੍ਰਭੂ ਦੇ ਚਰਨਾਂ ਦੀ ਸ਼ਰਨ ਵਿਚ ਆ ਜਾਂਦਾ ਹੈ, ਉਹ ਪ੍ਰਾਣੀ (ਫਿਰ) ਪ੍ਰਭੂ ਦੀ ਯਾਦ ਵਿਚ ਹੀ ਜੀਵਨ ਰਾਹ ਤੇ ਤੁਰਿਆ ਰਹਿੰਦਾ ਹੈ ।੨।੬।੧੪।

ਭਾਵਾਰਥ :—ਸਤ ਸੰਗਤ ਵਿਚ ਗੁਰੂ ਦੇ ਸ਼ਬਦ ਦੀ ਰਾਹੀਂ ਹਰੀ ਦੇ ਗੁਣ ਗਾਉਣ ਨਾਲ ਹਰੀ ਹਰ ਥਾਂ ਪ੍ਰਤਖ ਦਿਸਦਾ ਹੈ, ਜਿਸ ਨਾਲ ਪਾਪ ਨੇੜੇ ਨਹੀਂ ਆਉਂਦੇ ਅਤੇ ਹਰੀ ਨਾਲ ਮੇਲ ਬਣਿਆਂ ਰਹਿੰਦਾ ਹੈ ।

ਕੇਦਾਰਾ ਮਹਲਾ ੫ ॥

1. **ਹਰਿ ਕੇ ਨਾਮ ਕੀ ਮਨ ਰੁਚੈ ॥**
2. **ਕੋਟਿ ਸਾਂਤਿ ਅਨੰਦ ਪੂਰਨ**
ਜਲਤ ਛਾਤੀ ਬੁਝੈ ॥ ਰਹਾਉ ॥
3. **ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥**
4. **ਰੇਨੁ ਜਨ ਕੀ ਲਗੀ ਮਸਤਕਿ**
ਅਨਿਕ ਤੀਰਥ ਸੁਚੈ ॥੧॥
5. **ਚਰਨ ਕਮਲ ਧਿਆਨ ਭੀਤਰਿ**
ਘਟਿ ਘਟਹਿ ਸੁਆਮੀ ਸੁਝੈ ॥
6. **ਸਰਨਿ ਦੇਵ ਅਪਾਰ ਨਾਨਕ**
ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥

ਪਦ ਅਰਥ :—ਮਨ—ਮਨ ਨੂੰ । ਰੁਚੈ—ਰੁਚੀ, ਚਾਹ ਲਗਨ । ਕੋਟਿ—ਕਿਲ੍ਹੇ ਵਿਚ, ਹਿਰਦੇ ਦੇ ਕਿਲ੍ਹੇ ਵਿਚ । ਜਲਤ—(ਵਿਕਾਰਾਂ ਦੀ) ਬਲ ਰਹੀ (ਅੱਗ) । ਛਾਤੀ—ਹਿਰਦਾ । ਬੁਝੈ—(ਅੱਗ) ਬੁੱਝ ਜਾਂਦੀ ਹੈ । ਰਹਾਉ ।

ਸੰਤ ਮਾਰਗਿ—ਗੁਰੂ ਦੇ (ਦਸੇ) ਰਾਹ ਉਤੇ । ਚਲਤ—ਤੁਰ ਰਿਹਾ । ਪਤਿਤ—ਵਿਕਾਰਾਂ ਵਿਚ ਡਿਗੇ ਹੋਏ । ਮੁਚੈ—ਬਹੁਤ, ਅਨੇਕਾਂ । ਉਧਰੇ—(ਵਿਕਾਰਾਂ ਤੋਂ) ਬਚ ਜਾਂਦੇ ਹਨ । ਰੇਨੁ—ਚਰਨ ਧੂੜ । ਜਨ—ਪ੍ਰਭੂ ਦਾ ਭਗਤ । ਮਸਤਕਿ—ਮੱਥੇ ਉਤੇ । ਸੁਚੈ - ਸੁੱਚ, ਪਵਿਤ੍ਰ ।੧।

ਭੀਤਰਿ—ਵਿਚ । ਧਿਆਨ ਭੀਤਰਿ—ਧਿਆਨ ਵਿਚ, ਯਾਦ ਵਿਚ । ਘਟਿ—ਘਟ ਵਿਚ । ਘਟਿ ਘਟਹਿ—ਹਰੇਕ ਸਰੀਰ ਵਿਚ । ਸੁਝੈ—ਦਿਸਦਾ ਹੈ । ਦੇਵ—ਪ੍ਰਕਾਸ਼ ਰੂਪ ਪ੍ਰਭੂ । ਅਪਾਰ—ਬੇਅੰਤ । ਬਹੁਰਿ—ਮੁੜ । ਲੁਝੈ—ਝਗੜਦਾ ।੨।

ਅਰਥ :—

ਪ੍ਰ:—ਸ੍ਰੀ ਜੀਉ ! ਵਿਕਾਰਾਂ ਦੀ ਅਗਨ ਨਾਲ ਜਲ ਰਹੇ ਹਿਰਦੇ ਵਿਚ ਸ਼ਾਂਤੀ ਅਨੰਦ, ਪੂਰਨ ਸ਼ਾਂਤੀ ਕਿਵੇਂ ਬਣੀ ਰਹਿ ਸਕਦੀ ਹੈ ?

1. **ਉ**:- ਹੇ ਭਾਈਓ ! ਜਿਸ ਮਨੁੱਖ ਦੇ ਮਨ ਵਿਚ ਪ੍ਰਮੇਸ਼ਰ ਜੀ ਦੇ ਨਾਮ ਦੀ ਲਗਨ ਲਗ ਜਾਂਦੀ ਹੈ ।

2. ਉਸ ਦੇ ਹਿਰਦੇ ਵਿਚ ਪੂਰਨ ਸ਼ਾਂਤੀ ਤੇ ਅਨੰਦ ਬਣਿਆ ਰਹਿੰਦਾ ਹੈ ਅਤੇ ਉਸ ਦੇ ਹਿਰਦੇ ਵਿਚ (ਵਿਕਾਰਾਂ ਦੀ ਪਹਿਲੀ) ਬਲ ਰਹੀ ਅੱਗ ਬੁਝ ਜਾਂਦੀ ਹੈ। ਰਹਾਉ।

3. ਹੇ ਵਾਈ! ਜਿਹੜਾ ਮਨੁੱਖ ਗੁਰੂ ਦੇ ਦਸੇ ਰਾਹ ਤੇ ਤੁਰਦਾ ਹੈ (ਉਸ ਦੀ ਸੰਗਤ ਵਿਚ ਰਹਿ ਕੇ) ਅਨੇਕਾਂ ਵਿਕਾਰੀ ਮਨੁੱਖ (ਵਿਕਾਰਾਂ ਤੋਂ) ਬਚ ਜਾਂਦੇ ਹਨ।

4. ਐ ਪਿਆਰੇ! ਜਿਸ ਮਨੁੱਖ ਦੇ ਮੱਥੇ ਉਤੇ ਪ੍ਰਮਾਤਮਾ ਦੇ ਸੇਵਕ ਦੀ ਚਰਨ ਧੂੜ ਲਗਦੀ ਹੈ (ਉਸ ਦੇ ਅੰਦਰ) ਮਾਨੋ ਅਨੇਕਾਂ ਤੀਰਥਾਂ (ਦੇ ਇਸ਼ਨਾਨ) ਦੀ ਪਵਿਤ੍ਰਤਾ ਹੋ ਜਾਂਦੀ ਹੈ।੧।

5. ਹੇ ਭਾਈਓ! ਜਿਸ ਮਨੁੱਖ ਦੀ ਸੁਰਤਿ ਪ੍ਰਭੂ ਦੇ ਸੋਹਣੇ ਚਰਨਾਂ ਦੇ ਧਿਆਨ ਵਿਚ ਟਿਕੀ ਰਹਿੰਦੀ ਹੈ, ਉਸ ਨੂੰ ਮਾਲਕ ਪ੍ਰਭੂ ਹਰੇਕ ਸ੍ਰੀਰ ਵਿਚ ਵਸਦਾ ਦਿਸ ਪੈਂਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਹੜਾ ਮਨੁੱਖ ਉਸ ਚਾਨਣ ਰੂਪ ਬੇਅੰਤ ਪ੍ਰਭੂ ਦੀ ਸ਼ਰਨ ਵਿਚ ਆ ਜਾਂਦਾ ਹੈ, ਜਮਦੂਤ ਉਸ ਨਾਲ ਮੁੜ ਕੋਈ ਭੀ ਝਗੜਾ ਨਹੀਂ ਪਾਂਦਾ।੨।੭।੧੫।

ਭਾਵਾਰਥ :—ਮਨੁੱਖ ਹਰ ਵਕਤ ਸ਼ਾਂਤੀ ਦੇ ਆਹਰ ਵਿਚ ਲਗਾ ਰਹਿੰਦਾ ਹੈ ਪਰ, ਹਰੀ ਦੇ ਪ੍ਰੇਮ ਵਿਚ ਕ੍ਰੋੜਾਂ ਸ਼ਾਂਤੀਆਂ ਹਨ ਅਤੇ ਅਨੰਦ ਹਨ, ਤੀਰਥ ਇਸ਼ਨਾਨ ਅਤੇ ਮੁਕਤੀਆਂ ਹਨ।

ਕੇਦਾਰਾ ਛੰਤ ਮਹਲਾ ੫

੧ ਓ ਸਤਿਗੁਰ ਪ੍ਰਸਾਦਿ ॥

1. ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥
2. ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ ॥
3. ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥
4. ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ
ਘਟਿ ਘਟਿ ਨਦਰਿ ਨਿਹਾਲਿਆ ॥
5. ਜੋ ਸਰਨੀ ਆਵੈ ਸਰਬ ਸੁਖ ਪਾਵੈ
ਤਿਲੁ ਨਹੀ ਭੰਨੈ ਘਾਲਿਆ ॥
6. ਹਰਿ ਗੁਣ ਨਿਧਿ ਗਾਏ ਸਹਜ ਸੁਭਾਏ
ਪ੍ਰੇਮ ਮਹਾ ਰਸ ਮਾਤਾ ॥
7. ਨਾਨਕ ਦਾਸ ਤੇਰੀ ਸਰਣਾਈ
ਤੂ ਪੂਰਨ ਪੁਰਖੁ ਬਿਧਾਤਾ ॥੧॥

ਪਦ ਅਰਥ :-ਪ੍ਰੀਤਮ—ਹੇ ਪ੍ਰੀਤਮ। ਰਹਾਉ।

ਪੂਰਿ ਰਹਿਆ—ਮੌਜੂਦ ਹੈ। ਸਰਬਤ੍ਰ ਮੈ—ਸਭ ਥਾਈਂ, ਸਭਨਾਂ ਵਿਚ। ਪੁਰਖੁ—ਸਰਬ ਵਿਆਪਕ ਪ੍ਰਭੂ। ਬਿਧਾਤਾ—ਸਿਰਜਨਹਾਰ। ਮਾਰਗੁ—ਰਸਤਾ। ਹਰਿ ਕੀਆ—ਹਰੀ ਨੇ ਹੀ ਬਣਾਇਆ। ਸੰਗਿ—ਸੰਗਤ ਵਿਚ। ਜਾਤਾ—ਜਾਣਿਆਂ ਜਾਂਦਾ ਹੈ। ਘਟਿ ਘਟਿ—ਹਰੇਕ ਸਰੀਰ ਵਿਚ। ਨਦਰਿ—ਨਜ਼ਰ ਨਾਲ। ਨਿਹਾਲਿਆ—ਵੇਖਿਆ ਜਾਂਦਾ ਹੈ। ਸਰਬ ਸੁਖ—ਸਾਰੇ ਸੁਖ। ਤਿਲੁ—ਰਤਾ ਭਰ ਭੀ। ਘਾਲਿਆ—ਕੀਤੀ ਹੋਈ ਮਿਹਨਤ।

ਨਿਧਿ—ਖਜ਼ਾਨਾ। ਗਾਏ—ਜੋ ਗਾਂਦਾ ਹੈ। ਸਹਜ ਸੁਭਾਏ—ਆਤਮਕ ਅਡੋਲਤਾ ਅਤੇ ਪ੍ਰੇਮ ਵਿਚ। ਮਾਤਾ—ਮਸਤ।੧।

ਅਰਥ :—

ਪ੍ਰ:—ਸ੍ਰੀ ਜੀਉ! ਹਰ ਮਨੁੱਖ ਆਪਣੀ ਇੱਛਾ ਅਨੁਸਾਰ ਆਪਣੇ ਪਿਆਰੇ ਪਦਾਰਥਾਂ ਦੀ ਚਾਹ ਰਖਦਾ ਹੈ, ਕੀ ਤੁਹਾਡੇ ਅੰਦਰ ਭੀ ਕਿਸੇ ਦੇ ਮਿਲਾਪ ਦੀ ਸੱਧਰ ਹੈ?

1. **ਉ**:—ਹੇ ਭਾਈ! ਮੇਰੇ ਅੰਤਰ ਆਤਮੇ ਤਾਂ ਇਕੋ ਹੀ ਆਸ਼ਾ ਹੈ ਕਿ, ਹੇ ਮੇਰੇ ਪਿਆਰੇ! ਹੇ ਮੇਰੇ ਪ੍ਰੀਤਮ (ਤੂੰ ਮੈਨੂੰ) ਮਿਲ। ਰਹਾਉ।

ਪ੍ਰ:—ਸ੍ਰੀ ਜੀਉ! ਉਹ ਪ੍ਰੀਤਮ ਦਾ ਨਿਵਾਸ ਕਿਸ ਥਾਂ ਹੈ?

2. **ਉ**:—ਹੇ ਭਾਈ! ਉਹ ਸਰਬ ਵਿਆਪਕ ਸਿਰਜਨਹਾਰ ਸਭ ਥਾਈਂ ਮੌਜੂਦ ਹੈ।

ਪ੍ਰ:—ਕਿਉਂ ਜੀ! ਉਸ ਦੇ ਮਿਲਾਪ ਦਾ ਮਾਰਗ ਕਿਹੜਾ ਹੈ?

3. **ਉ**:—ਹੇ ਭਾਈ! ਪ੍ਰਭੂ (ਨੂੰ ਮਿਲਣ) ਦਾ ਰਸਤਾ ਪ੍ਰਭੂ ਨੇ ਆਪ ਹੀ ਬਣਾਇਆ ਹੈ (ਉਹ ਰਸਤਾ ਇਹ ਹੈ ਕਿ) ਸੰਤ ਜਨਾ ਦੀ ਸੰਗਤ ਵਿਚ ਹੀ ਉਸ ਨਾਲ ਡੂੰਘੀ ਸਾਂਝ ਪੈਂਦੀ ਹੈ।

4. ਹੇ ਭਾਈ! ਸੰਤ ਜਨਾਂ ਦੀ ਸੰਗਤ ਵਿਚ ਹੀ ਸਿਰਜਨਹਾਰ ਅਕਾਲ ਪੁਰਖ ਨਾਲ ਜਾਣ ਪਛਾਣ ਹੋ ਸਕਦੀ ਹੈ, (ਸੰਤ ਜਨਾਂ ਦੀ ਸੰਗਤ ਵਿਚ ਰਹਿ ਕੇ ਹੀ ਉਸ ਨੂੰ) ਹਰੇਕ ਸਰੀਰ ਵਿਚ ਅਖੀਂ ਵੇਖਿਆ ਜਾ ਸਕਦਾ ਹੈ।

5. ਹੇ ਪਿਆਰੇ! ਜਿਹੜਾ ਮਨੁੱਖ (ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਪ੍ਰਭੂ ਦੀ) ਸ਼ਰਨ ਆਉਂਦਾ ਹੈ; ਉਹ ਸਾਰੇ ਸੁਖ ਹਾਸਿਲ ਕਰ ਲੈਂਦਾ ਹੈ, ਪ੍ਰਭੂ ਉਸ ਮਨੁੱਖ ਦੀ ਕੀਤੀ ਹੋਈ ਮਿਹਨਤ ਨੂੰ ਰਤਾ ਭਰ ਭੀ ਨਹੀਂ ਗਵਾਂਦਾ।

6. ਹੇ ਭਾਈ! ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕਕੇ ਪਿਆਰ ਨਾਲ ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਗੁਣ ਗਾਂਦਾ ਹੈ, ਉਹ ਸਭ ਤੋਂ ਉਚੇ ਪ੍ਰੇਮ-ਰਸ ਵਿਚ ਮਸਤ ਰਹਿੰਦਾ ਹੈ।

7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ! ਤੇਰੇ ਦਾਸ ਤੇਰੀ ਸ਼ਰਨ ਵਿਚ ਰਹਿੰਦੇ ਹਨ, ਤੂੰ ਸਭ ਗੁਣਾਂ ਨਾਲ ਭਰਪੂਰ ਹੈਂ, ਤੂੰ ਸਰਬ ਵਿਆਪਕ ਹੈਂ, ਤੂੰ (ਸਾਰੇ ਜਗਤ ਦਾ) ਰਚਨਹਾਰ ਹੈਂ।੧।

1. ਹਰਿ ਪ੍ਰੇਮ ਭਗਤਿ ਜਨ ਬੇਧਿਆ
ਸੇ ਆਨ ਕਤ ਜਾਹੀ ॥
2. ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ ॥
3. ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ
ਚਾਤ੍ਰਿਕ ਬੂੰਦ ਪਿਆਸਿਆ ॥

4. ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ
ਸੂਰਜ ਕਿਰਣਿ ਪ੍ਰਗਾਸਿਆ ॥
5. ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ
ਅਨਦਿਨੁ ਹਰਿ ਗੁਣ ਗਾਹੀ ॥
6. ਨਾਨਕ ਦਾਸੁ ਕਹੈ ਬੇਨੰਤੀ
ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥

ਪਦ ਅਰਥ :–ਜਨ–ਜਿਹੜੇ ਮਨੁੱਖ । ਬੇਧਿਆ–ਵਿੰਨ੍ਹੇ ਜਾਂਦੇ ਹਨ । ਸੇ–ਉਹ ਮਨੁੱਖ । ਆਨ ਕਤ–ਹੋਰ ਕਿਥੇ ? ਕਿਸੇ ਭੀ ਹੋਰ ਥਾਂ ਨਹੀਂ । ਜਾਹੀ–ਜਾਹਿ, ਜਾਂਦੇ; ਜਾ ਸਕਦੇ । ਮੀਨੁ–ਮਛੀ । ਬਿਛੋਹਾ–(ਪਾਣੀ ਦਾ) ਵਿਛੋੜਾ । ਮਰਿ ਪਾਹੀ–ਮਰਿ ਪਾਹਿ, (ਮੱਛੀਆਂ) ਮਰ ਜਾਂਦੀਆਂ ਹਨ ।

ਕਿਉ ਰਹੀਐ–ਕਿਵੇਂ ਰਿਹਾ ਜਾ ਸਕਦਾ ਹੈ, ਨਹੀਂ ਰਿਹਾ ਜਾ ਸਕਦਾ । ਕਿਨਿ–ਕਿਸ ਪਾਸੋਂ ? ਕਿਸੇ ਭੀ ਪਾਸੋਂ ਨਹੀਂ । ਕਿਨਿ ਸਹੀਐ–ਕਿਵੇਂ ਸਹਾਰਿਆ ਜਾ ਸਕਦਾ ? ਕਿਸੇ ਪਾਸੋਂ ਭੀ ਸਹਾਰਿਆ ਨਹੀਂ ਜਾ ਸਕਦਾ । ਚਾਤ੍ਰਿਕ–ਪਪੀਹਾ । ਬੂੰਦ–(ਸ੍ਵਾਂਤੀ ਨਛਤ੍ਰ ਦੀ ਵਰਖਾ ਦੀ) ਕਣੀ । ਰੈਨਿ–ਰਾਤ । ਕਬ–ਕਦੋਂ ? । ਪ੍ਰਗਾਸਿਆ–ਚਾਨਣ ਕਰੇ ।

ਦਰਸਿ–ਦਰਸ਼ਨ ਵਿਚ । ਸਭਾਗਾ–ਭਾਗਾਂ ਵਾਲਾ । ਅਨਦਿਨੁ–ਹਰ ਰੋਜ਼; ਹਰ ਵੇਲੇ । ਗਾਹੀ–ਗਾਹਿ, ਗਾਂਦੇ ਹਨ । ਕਹੈ–ਆਖਦਾ ਹੈ । ਕਤ–ਕਿਥੇ ? । ਟਿਕਾਹੀ–ਟਿਕਾਹਿ, ਟਿਕਹਿ, ਟਿਕ ਸਕਦੇ ਹਨ ।੨।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਜਨ ਹਰੀ ਦੀ ਪ੍ਰੇਮਾ ਭਗਤੀ ਵਿਚ ਰਚ ਜਾਂਦੇ ਹਨ, ਉਨ੍ਹਾਂ ਦੀ ਪਛਾਣ ਕੀ ਹੈ ?

1. **ਉ**:–ਹੇ ਭਾਈਓ ! ਜਿਹੜੇ ਮਨੁੱਖ ਹਰੀ ਦੀ ਪ੍ਰੇਮਾ ਭਗਤੀ ਵਿਚ ਵਿਝ ਜਾਂਦੇ ਹਨ, ਉਹ (ਹਰੀ ਨੂੰ ਛਡ ਕੇ) ਕਿਸੇ ਹੋਰ ਥਾਂ ਨਹੀਂ ਜਾ ਸਕਦੇ ।

ਪ੍ਰ:–ਸ੍ਰੀ ਜੀਉ ! ਜੇ ਕਦੀ ਉਨ੍ਹਾਂ ਨੂੰ ਪ੍ਰੇਮ ਦਾ ਵਿਛੋੜਾ ਹੋ ਜਾਵੇ ਫਿਰ ਉਨ੍ਹਾਂ ਦੀ ਦਸ਼ਾ ਕੀ ਹੁੰਦੀ ਹੈ ?

2. **ਉ**–ਐ ਪਿਆਰੇ ! ਉਨ੍ਹਾਂ ਦੀ ਦਸ਼ਾ ਭੀ ਇਸੀ ਪ੍ਰਕਾਰ ਹੁੰਦੀ ਹੈ ਜਿਵੇਂ ਕਿ, ਮੱਛੀ (ਪਾਣੀ ਦਾ) ਵਿਛੋੜਾ ਨਹੀਂ ਸਹਾਰ ਸਕਦੀ, ਪਾਣੀ ਤੋਂ ਬਿਨਾਂ ਮੱਛੀਆਂ ਮਰ ਜਾਂਦੀਆਂ ਹਨ ।
3. ਹੇ ਭਾਈ ! ਜਿਨ੍ਹਾਂ ਦੇ ਮਨ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਵਿੱਝ ਗਏ ਹਨ, ਉਨ੍ਹਾਂ ਵਿਚੋਂ ਕਿਸੇ ਪਾਸੋਂ ਭੀ ਪ੍ਰਮਾਤਮਾ (ਦੀ ਯਾਦ) ਤੋਂ ਬਿਨਾ ਰਿਹਾ ਨਹੀਂ ਜਾ ਸਕਦਾ, ਕਿਸੇ ਪਾਸੋਂ ਭੀ ਵਿਛੋੜੇ ਦਾ ਦੁਖ ਸਹਾਰਿਆ ਨਹੀਂ ਜਾ ਸਕਦਾ; (ਜਿਵੇਂ) ਪਪੀਹਾ ਹਰ ਵੇਲੇ ਸ੍ਵਾਂਤੀ ਬੂੰਦ ਲਈ ਤਰਸਦਾ ਹੈ ।
4. ਹੇ ਪਿਆਰੇ ! ਜਾਂ ਇਉਂ ਜਾਣੋ ਕਿ, ਜਦ ਤਕ ਰਾਤ ਨਾ ਮੁੱਕੇ, ਜਦ ਤਕ ਸੂਰਜ ਦੀ ਕਿਰਨ ਲੋਅ ਨਾ ਕਰੇ, ਚਕਵੀ ਨੂੰ ਸੁਖ ਨਹੀਂ ਮਿਲ ਸਕਦਾ ।
5. ਹੇ ਭਾਈ ! ਇਸੇ ਤਰ੍ਹਾਂ (ਪ੍ਰਭੂ ਪਿਆਰ ਵਿਚ ਵਿੱਝੇ ਹੋਏ ਮਨੁੱਖਾਂ ਲਈ) ਉਹ ਦਿਨ ਭਾਗਾਂ ਵਾਲਾ ਹੁੰਦਾ ਹੈ, ਜਦੋਂ ਉਨ੍ਹਾਂ ਦਾ ਮਨ ਪ੍ਰਭੂ ਦੇ ਦੀਦਾਰ ਵਿਚ ਜੁੜਦਾ ਹੈ, ਉਹ ਹਰ ਵਕਤ ਪ੍ਰਭੂ ਦੇ ਗੁਣ ਗਾਂਦੇ ਰਹਿੰਦੇ ਹਨ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਨ੍ਹਾਂ ਦੇ ਮਨ ਪ੍ਰਭੂ ਪ੍ਰੇਮ ਵਿਚ ਵਿੱਝੇ ਹੋਏ ਹਨ, (ਉਨ੍ਹਾਂ ਦੇ) ਪ੍ਰਾਣ ਪ੍ਰਮਾਤਮਾ ਦੀ ਯਾਦ ਤੋਂ ਬਿਨਾਂ ਕਿਤੇ ਭੀ ਧੀਰਜ ਨਹੀਂ ਪਾ ਸਕਦੇ ।

1. ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥
2. ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਨੁ ਨ ਆਵੈ ॥
3. ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ
ਚਰਨ ਕਮਲ ਮਨੁ ਬੇਧਿਆ ॥
4. ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ
ਕਤਹੁ ਨ ਜਾਇ ਨਿਖੇਧਿਆ ॥
5. ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ
ਸੋ ਸੁਖੁ ਅੰਕਿ ਨ ਮਾਵੈ ॥
6. ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ
ਹਰਿ ਚਰਨਹ ਸੰਗਿ ਸਮਾਵੈ ॥੩॥

ਪਦ ਅਰਥ :–ਸਾਸ–ਸਾਹ । ਦੇਹੁਰੀ–ਸਰੀਰ । ਕਤ ਪਾਵੈ–ਕਿਥੇ ਪਾ ਸਕਦੀ ਹੈ ? ਨਹੀਂ ਪਾ ਸਕਦੀ । ਦਰਸ ਬਿਹੂਨਾ–ਪ੍ਰਭੂ ਦੇ ਦਰਸ਼ਨ ਤੋਂ ਬਿਨਾਂ ।

ਰਹਣਾ–ਜੀਊਣਾ । ਚਰਨ ਕਮਲ–ਸੋਹਣੇ ਚਰਨਾਂ ਵਿਚ । ਬੇਧਿਆ–ਵਿਝ ਗਿਆ । ਰਸਿਕ–ਰਸੀਆ, ਪ੍ਰੇਮੀ । ਬੈਰਾਗੀ–ਵੈਰਾਗਵਾਨ । ਨਾਮਿ–ਨਾਮ ਵਿਚ । ਲਿਵ–ਲਗਨ । ਕਤਹੁ–ਕਿਤੋਂ ਭੀ । ਨਿਖੇਧਿਆ–ਨਿਰਾਦਰਿਆ ।

ਸਿਉ–ਨਾਲ । ਜਾਇ–ਜਾ ਕੇ । ਅੰਕਿ–ਸਰੀਰ ਵਿਚ । ਮਾਵੈ–ਮਿਉਂਦਾ, ਸਮਾਉਂਦਾ । ਹੋਹੁ–ਤੁਸੀਂ ਹੁੰਦੇ ਹੋ । ਸੁਆਮੀ–ਹੇ ਸੁਆਮੀ । ਸੰਗਿ–ਨਾਲ । ਸਮਾਵੈ–ਲੀਨ ਰਹਿੰਦਾ ਹੈ ।੩।

ਅਰਥ :–

ਪ੍ਰ:–ਗੁਰਦੇਵ ਜੀਉ ! ਪ੍ਰਭੂ ਜੀ ਦੇ ਸਾਧੂਆਂ ਦੀ ਸੋਭਾ ਸਹੀ ਰੂਪ ਵਿਚ ਕਿਵੇਂ ਹੁੰਦੀ ਹੈ ?

1. **ਉ**:–ਹੇ ਭਾਈ ! ਜਿਵੇਂ ਸਾਹ (ਆਉਣ) ਤੋਂ ਬਿਨਾਂ ਮਨੁੱਖ ਦਾ ਸਰੀਰ ਕਿਤੇ ਭੀ ਸੋਭਾ ਨਹੀਂ ਪਾ ਸਕਦਾ ।
2. ਇਸੇ ਤਰ੍ਹਾਂ ਪ੍ਰਮਾਤਮਾ ਦੇ ਦਰਸ਼ਨ ਤੋਂ ਬਿਨਾਂ ਸਾਧੂ ਜਨ (ਸੋਭਾ ਨਹੀਂ ਪਾ ਸਕਦਾ) ਪ੍ਰਭੂ ਦੇ ਦਰਸ਼ਨ ਤੋਂ ਬਿਨਾਂ ਮਨੁੱਖ ਦਾ ਮਨ ਇਕ ਖਿਨ ਲਈ ਭੀ ਟਿਕ ਨਹੀਂ ਸਕਦਾ ।
3. ਹੇ ਭਾਈਓ ! ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਜੋ ਜੀਊਣਾ ਹੈ, ਉਹ ਜੀਊਣਾ ਤਾਂ ਨਰਕ (ਦਾ ਦੁੱਖ ਸਹਾਰਨ (ਦੇ

ਤੁੱਲ) ਹੈ। ਪਰ ਜੇ ਕਿਸੇ ਮਨੁੱਖ ਦਾ ਮਨ ਪ੍ਰਮਾਤਮਾਂ ਦੇ ਸੋਹਣੇ ਚਰਨਾਂ ਵਿਚ ਵਿਝ ਜਾਂਦਾ ਹੈ।

4. ਉਹ ਮਨੁੱਖ ਪ੍ਰਮਾਤਮਾ ਦੇ ਨਾਮ ਦਾ ਰਸੀਆ ਹੋ ਜਾਂਦਾ ਹੈ, ਨਾਮ ਦਾ ਪ੍ਰੇਮੀ ਹੋ ਜਾਂਦਾ ਹੈ, ਨਾਮ ਵਿਚ ਉਸ ਦੀ ਲਗਨ ਲਗੀ ਰਹਿੰਦੀ ਹੈ, ਉਸ ਦੀ ਕਿਤੇ ਭੀ ਨਿਰਾਦਰੀ ਨਹੀਂ ਹੁੰਦੀ।

5. ਹੇ ਭਾਈ! ਸਾਧ ਸੰਗਤ ਵਿਚ ਟਿਕੇ ਰਹਿਣਾ (ਤੇ ਸਾਧ ਸੰਗਤ ਦੀ ਬਰਕਤ ਨਾਲ) ਪ੍ਰਭੂ ਨਾਲ ਮਿਲਾਪ ਹੋ ਜਾਣਾ (ਇਸ ਤੋਂ ਐਸਾ ਅਨੰਦ ਪੈਦਾ ਹੁੰਦਾ ਹੈ ਕਿ) ਉਹ ਅਨੰਦ ਲੁਕਿਆ ਨਹੀਂ ਰਹਿ ਸਕਦਾ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਾਲਕ ਪ੍ਰਭੂ ਜਿਸ ਮਨੁੱਖ ਉਤੇ ਤੂੰ ਦਇਆਵਾਨ ਹੁੰਦਾ ਹੈਂ, ਉਹ ਤੇਰੇ ਚਰਨਾਂ ਵਿਚ ਹੀ ਲੀਨ ਰਹਿੰਦਾ ਹੈ।੩।

1. ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ ॥
2. ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ ॥
3. ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ
ਪਾਵਨ ਬਿਰਦੁ ਬਖਾਨਿਆ ॥
4. ਭਗਤਿ ਵਛਲੁ ਸੁਨਿ ਅੰਚਲੋ ਗਹਿਆ
ਘਟਿ ਘਟਿ ਪੂਰ ਸਮਾਨਿਆ ॥
5. ਸੁਖ ਸਾਗਰੋ ਪਾਇਆ ਸਹਜ ਸੁਭਾਇਆ
ਜਨਮ ਮਰਨ ਦੁਖ ਹਾਰੇ ॥
6. ਕਰੁ ਗਹਿ ਲੀਨੇ ਨਾਨਕ ਦਾਸ ਅਪਨੇ
ਰਾਮ ਨਾਮ ਉਰਿ ਹਾਰੇ ॥੪॥੧॥

ਪਦ ਅਰਥ:-ਪ੍ਰਭ ਮਿਲੇ-ਪ੍ਰਭੂ ਜੀ ਮਿਲ ਪਏ। ਕਰੁਣਾ-ਤਰਸ, ਦਇਆ। ਧਾਰੇ-ਧਾਰਿ, ਧਾਰਕੇ। ਨਿਰਗੁਣੁ-ਗੁਣ ਹੀਣ। ਅਨਾਥੁ-ਨਿਮਾਣਾ। ਦੋਖ-ਐਬ, ਉਕਾਈਆਂ। ਸਾਰੇ-ਸੌਂਪ ਦਿਤੇ। ਪਾਵਨ-ਪਵਿੱਤ੍ਰ (ਕਰਨਾ)। ਬਿਰਦੁ-ਮੁੱਢ ਕਦੀਮਾਂ ਦਾ ਸੁਭਾਓ। ਬਖਾਨਿਆ-ਕਿਹਾ ਜਾਂਦਾ ਹੈ। ਭਗਤਿ ਵਛਲੁ-ਭਗਤੀ ਨੂੰ ਪਿਆਰ ਕਰਨ ਵਾਲਾ। ਸੁਨਿ-ਸੁਣਕੇ। ਅੰਚਲੁ-ਪਲਾ (ਅੱਖਰ 'ਲ' ਦੇ ਨਾਲ ਦੋ ਲਗਾਂ ਹਨ, ੋ ਅਤੇ ੁ। ਅਸਲ ਲਫ਼ਜ਼ ਹੈ 'ਅੰਚਲੁ' ਇਥੇ 'ਅੰਚਲੋ' ਪੜ੍ਹਨਾ ਹੈ)। ਗਹਿਆ-(ਮੈਂ) ਫੜ ਲਿਆ। ਘਟਿ ਘਟਿ-ਹਰੇਕ ਸਰੀਰ ਵਿਚ। ਪੂਰ-ਪੂਰਨ ਤੌਰ ਤੇ।

ਸਾਗਰੁ-ਸਮੁੰਦਰ (ਅਸਲ ਲਫ਼ਜ਼ 'ਸਾਗਰੁ' ਹੈ। ਇਥੇ 'ਸਾਗਰੋ' ਪੜ੍ਹਨਾ ਹੈ)। ਸਹਜ ਸੁਭਾਇਆ-ਆਤਮਕ ਅਡਲਤਾ ਦ ਸੁਭਾਉ ਨਾਲ, ਬਿਨਾਂ ਕਿਸੇ ਹਠ ਆਦਿਕ ਦੇ ਜਤਨ ਨਾਲ। ਹਾਰੇ-ਥੱਕ ਗਏ। ਕਰੁ-ਹੱਥ। ਗਹਿ-ਫੜ ਕੇ। ਉਰਿ-ਹਿਰਦੇ ਵਿਚ। ਹਾਰੇ-ਹਾਰ।੪।

ਅਰਥ:-

ਪ੍ਰ:-ਸ੍ਰੀ ਜੀਉ! ਆਖਰ, ਆਪ ਜੀ ਨੂੰ ਪ੍ਰਭੂ ਮਿਲਾਪ ਲਈ ਸਾਧਨ ਕੀ ਕਰਨਾ ਪਿਆ ਹੈ?

1. ਉ:-ਐ ਪਿਆਰੋ! ਅਸਲ ਸਾਧਨ ਤਾਂ ਕੇਵਲ ਪ੍ਰਭੂ ਦੀ ਆਪਣੀ ਹੀ ਮੇਹਰ ਹੈ, ਪਰ ਪ੍ਰਭੂ ਜੀ ਦੀ ਭਾਲ ਕਰਦਿਆਂ ਕਰਦਿਆਂ (ਆਖਰ) ਪ੍ਰਭੂ ਜੀ (ਆਪ ਹੀ) ਦਇਆ ਕਰ ਕੇ (ਮੈਨੂੰ) ਮਿਲ ਪਏ (ਭਾਵ ਪ੍ਰਭੂ ਦਾ ਮਿਲਾਪ ਪ੍ਰਭੂ ਦੀ ਅਪਣੀ ਮਿਹਰ ਨਾਲ ਹੀ ਹੁੰਦਾ ਹੈ)।

ਪ੍ਰ:-ਗੁਰਦੇਵ ਜੀਉ! ਆਖਰ ਆਪ ਜੀ ਵਿਚ ਮਿਲਾਪ ਦਾ ਸਾਧਨ ਕੋਈ ਗੁਣ ਤਾਂ ਜ਼ਰੂਰ ਹੀ ਹੋਵਗਾ?

2. ਉ:-ਹੇ ਭਾਈਓ! ਮੇਰੇ ਵਿਚ ਕੋਈ ਭੀ ਗੁਣ ਨਹੀਂ ਸੀ, ਮੈਂ ਤਾਂ ਨੀਵੇਂ ਜੀਵਨ ਵਾਲਾ ਸਾਂ, ਮੈਂ ਅਨਾਥ ਸਾਂ, ਪ੍ਰਭੂ ਜੀ ਨੇ ਮੇਰੇ ਅਉਗਣਾਂ ਵਲ (ਉੱਕਾ ਹੀ) ਧਿਆਨ ਨਹੀਂ ਦਿਤਾ।

3. ਐ ਪਿਆਰੇ! ਪ੍ਰਭੂ ਜੀ ਨੇ ਮੇਰੇ ਔਗਣ ਨਹੀਂ ਵਿਚਾਰੇ, ਮੈਨੂੰ ਉਸ ਨੇ ਪੂਰਨ ਸੁਖ ਦੇ ਦਿਤੇ (ਇਸੇ ਲਈ ਤਾਂ ਇਹ) ਕਿਹਾ ਜਾਂਦਾ ਹੈ ਕਿ ਪਤਿਤਾਂ ਨੂੰ ਪਵਿੱਤਰ ਕਰਨਾ (ਉਸ ਪ੍ਰਭੂ ਦਾ) ਮੁੱਢ ਕਦੀਮਾਂ ਦਾ ਸੁਭਾਉ ਹੈ।

4. ਹੇ ਪਿਆਰੇ! ਇਹ ਸੁਣ ਕੇ ਕਿ ਪ੍ਰਭੂ ਭਗਤੀ ਨੂੰ ਪਿਆਰ ਕਰਨ ਵਾਲਾ ਹੈ, ਮੈਂ ਉਸ ਦਾ ਪੱਲਾ ਪਕੜ ਲਿਆ ਹੈ ਤੇ ਭਗਤੀ ਦੀ ਦਾਤ ਮੰਗੀ (ਕਿਉਂਕਿ, ਹੇ ਭਾਈ!) ਮੈਨੂੰ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਪ੍ਰਭੂ ਸਾਰੇ ਸਰੀਰਾਂ ਵਿਚ ਪੂਰਨ ਹੈ।

5. ਹੇ ਭਾਈਓ! ਜਦੋਂ ਮੈਂ ਉਸ ਦਾ ਪੱਲਾ ਫੜ ਲਿਆ, ਤਾਂ ਉਹ ਸੁਖਾਂ ਦਾ ਸਮੁੰਦਰ ਪ੍ਰਭੂ ਮੈਨੂੰ ਆਪ ਮੁਹਾਰਾ ਹੀ ਮਿਲ ਪਿਆ, ਜਨਮ ਤੋਂ ਮਰਨ ਤਕ ਦੇ ਮੇਰੇ ਸਾਰੇ ਹੀ ਦੁੱਖ ਥੱਕ ਗਏ (ਮੁਕ ਗਏ)।੪।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਪ੍ਰਭੂ ਆਪਣੇ ਦਾਸਾਂ ਦਾ ਹੱਥ ਫੜ ਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ, ਪ੍ਰਮਾਤਮਾ ਦਾ ਨਾਮ (ਉਨ੍ਹਾਂ ਸੇਵਕਾਂ ਦੇ) ਹਿਰਦੇ ਵਿਚ ਹਾਰ ਬਣਿਆ ਰਹਿੰਦਾ ਹੈ।੪।੧।

ਭਾਵਾਰਥ:-

ਹਰੀ ਹਰ ਥਾਂ ਵਸ ਰਿਹਾ ਹੈ, ਪਰ ਸਤ ਸੰਗਤ ਦੁਆਰਾ ਇਹ ਸਮਝ ਆਉਂਦੀ ਹੈ, ਹਰੀ ਦੇ ਗੁਣ ਗਾ ਗਾ ਕੇ ਉਸ ਦੇ ਦਰਸ਼ਨ ਹੁੰਦੇ ਰਹਿੰਦੇ ਹਨ (੧)।

ਇਕ ਵਾਰ ਹਰੀ ਦੀ ਲਗਨ ਲਗ ਜਾਏ ਤਾਂ ਫਿਰ ਹੋਰ ਸਾਰੇ ਹੀ ਰਸ ਭੁੱਲ ਜਾਂਦੇ ਹਨ (੨)।

ਫਿਰ ਤਾਂ ਪ੍ਰੇਮੀ ਨੂੰ ਹਰੀ ਬਿਨਾਂ ਜੀਉਣਾ ਔਖਾ ਹੋ ਜਾਂਦਾ ਹੈ (੩)।

ਅੰਤ ਵਿਚ ਹਰੀ ਨਾਲ ਮੇਲ ਦੀ ਹਾਲਤ ਬਿਆਨ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਾਡੇ ਦੋਸ਼ਾਂ ਦਾ ਖਿਆਲ ਨਾ ਕਰਦੇ ਹੋਏ ਹਰੀ ਨੇ ਨਿਰੀ ਆਪਣੀ ਕਿਰਪਾ ਦੁਆਰਾ ਸਾਨੂੰ ਮੇਲ ਲਿਆ ਹੈ (੪)।

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

੧ ੴ ਸਤਿਗੁਰ ਪ੍ਰਸਾਦਿ ॥

1. **ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥**
2. **ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥**
3. **ਤੇਰਾ ਜਨੁ ਏਕੁ ਆਧੁ ਕੋਈ ॥**
4. **ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥੧॥ ਰਹਾਉ ॥**
5. **ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**
6. **ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥**
7. **ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥**
8. **ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥**
9. **ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥**
10. **ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥**

ਪਦ ਅਰਥ :–ਬਿਬਰਜਿਤ–ਮਮੂੰ, ਵਰਜੇ ਹੋਏ, ਤਿਆਗਣ ਜੋਗ, ਮਾੜੇ। ਉਸਤਤਿ–ਵਡਿਆਈ, ਕਿਸੇ ਬੰਦੇ ਦੀ ਵਡਿਆਈ, ਖੁਸ਼ਾਮਦ। ਅਭਿਮਾਨਾ–ਅਹੰਕਾਰ। ਕੰਚਨੁ–ਸੋਨਾ। ਸਮ–ਬਰਾਬਰ। ਤੇ–ਉਹ ਬੰਦੇ।੧।

ਏਕੁ ਆਧੁ–ਕੋਈ ਵਿਰਲਾ। ਹਰਿ ਪਦੁ–ਰੱਬੀ-ਮਿਲਾਪ ਦੀ ਅਵਸਥਾ। ਚੀਨੈ–ਪਛਾਣਦਾ ਹੈ।੧। ਰਹਾਉ।

ਰਜ ਗੁਣ–ਮਾਇਆ ਦਾ ਉਹ ਗੁਣ ਜੋ ਮੋਹ ਅਹੰਕਾਰ ਆਦਿਕ ਦਾ ਮੂਲ ਹੈ। ਤਮ ਗੁਣ–ਉਹ ਗੁਣ ਜਿਸ ਦੇ ਕਾਰਨ ਆਤਮਕ ਜੀਵਨ ਦਾ ਸਾਹ ਘੁਟਿਆ ਜਾਏ। (ਤਮ–ਸਾਹ ਘੁਟਿਆ ਜਾਣਾ)। ਸਤੋ ਗੁਣ–ਮਾਇਆ ਦੇ ਗੁਣਾਂ ਵਿਚੋਂ ਪਹਿਲਾ ਗੁਣ ਜਿਸ ਦਾ ਨਤੀਜਾ ਸ਼ਾਂਤੀ, ਦਇਆ, ਦਾਨ, ਖਿਮਾ, ਪ੍ਰਸੰਨਤਾ ਆਦਿਕ ਹੈ, ਇਸ ਅਵਸਥਾ ਵਿਚ ਮਨੁੱਖ ਸ਼ਾਂਤੀ, ਦਇਆ ਆਦਿਕ ਕੰਮਾਂ ਤੇ ਜ਼ੋਰ ਦੇਂਦਾ ਹੈ ਤੇ ਇਨ੍ਹਾਂ ਦੇ ਕਰਨਾ ਨਾਲ ਹੀ ਉਸ ਨੂੰ ਜੀਵਨ ਹੁਲਾਰਾ ਆਉਂਦਾ ਹੈ।੨।

ਨਿਹਕਾਮਾ–ਕਾਮਨਾ ਰਹਿਤ। ਸੁਚਿ–ਪਵਿਤ੍ਰਤਾ, ਸਰੀਰਕ ਸੁਚ। ਸੰਜਮ–ਇੰਦ੍ਰਿਆਂ ਨੂੰ ਕਾਬੂ ਕਰਨ ਦੇ ਜਤਨ। ਚਿਤਵਤ–ਸਿਮਰਦਿਆਂ।੩।

ਮੰਦਰਿ–ਮੰਦਰ ਵਿਚ, ਘਰ ਵਿਚ। ਦੀਪਕੁ–ਦੀਵਾ। ਪਰਗਾਸਿਆ–ਜਗ ਪਿਆ। ਤਹ–ਉਥੇ। ਪੂਰ ਰਹੇ–ਪ੍ਰਗਟ ਹੋਏ।੪।

ਅਰਥ :–

ਪ੍ਰ:–ਸ੍ਰੀ ਕਬੀਰ ਜੀਉ! ਭਗਵਾਨ ਦੀ ਪ੍ਰਾਪਤੀ ਦੇ ਮਾਰਗ ਤੇ ਚਲਣ ਵਾਲੇ ਪਾਂਧੀਆਂ ਦਾ ਪਰਮ ਮਨੋਰਥ ਤਾਂ ਅਸਲ ਭਗਵਾਨ ਦਾ ਸਰੂਪ ਹੋ ਜਾਣਾ ਹੀ ਹੋਇਆ ਕਰਦਾ ਹੈ, ਸੋ, ਮੈਂ ਭੀ ਇਹੋ ਹੀ ਫਲ ਦੀ ਇੱਛਾ ਰੱਖਦਾ ਹਾਂ, ਪਰ ਮੈਨੂੰ ਦਸੋ ਕਿ, ਕਿਹੜੇ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ? ਜਿਨ੍ਹਾਂ ਗੁਣਾਂ ਦੀ ਬਰਕਤ ਨਾਲ ਮੈਂ ਭਗਵਾਨ ਦੇ ਸਰੂਪ ਵਿਚ ਲੀਨ ਹੋ ਸਕਾਂ?

1. **ਉ:**–ਹੇ ਭਾਈ! ਭਗਵਾਨ ਦਾ ਸਰੂਪ ਬਣਨ ਲਈ ਛੇ ਗੁਣਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੈ, ਕਿਸੇ ਮਨੁੱਖ ਦੀ ਖੁਸ਼ਾਮਦ ਕਰਨੀ ਜਾਂ ਕਿਸੇ ਦੇ ਐਬ ਫਰੋਲਣੇ, ਇਹ ਦੋਵੇਂ ਕੰਮ ਮਾੜੇ ਹਨ ਇਨ੍ਹਾਂ ਨੂੰ ਤਿਆਗ ਦੇ (ਅਤੇ ਇਹ ਖਿਆਲ ਭੀ) ਛਡ ਦਿਓ ਕਿ ਕੋਈ ਤੁਹਾਡਾ ਆਦਰ ਕਰਦਾ ਹੈ (ਜਾਂ ਕੋਈ ਆਕੜ ਵਿਖਾਉਂਦਾ ਹੈ)।
2. ਹੇ ਭਾਈ! ਜੋ ਮਨੁੱਖ ਲੋਹੇ ਤੇ ਸੋਨੇ ਨੂੰ (ਭਾਵ, ਨਿਰਾਦਰੀ ਅਤੇ ਆਦਰ ਨੂੰ ਇਕੋ ਜਿਹਾ ਜਾਣਦੇ ਹਨ (ਸਮਝੋ ਇਨ੍ਹਾਂ ਗੁਣਾਂ ਦੇ ਧਾਰਨੀ ਮਨੁੱਖ ਭਗਵਾਨ ਦਾ ਰੂਪ ਹੀ ਹਨ)।੧।

ਪ੍ਰ:–ਕਬੀਰ ਜੀਉ! ਅਜਿਹੇ ਭਗਵਾਨ ਦਾ ਸਰੂਪ ਬਣਨ ਵਾਲਿਆਂ ਦੀ ਤੁਹਾਡੇ ਖਿਆਲ ਮੁਤਾਬਕ ਕਿਤਨੇ ਕੁ ਲੋਕਾਂ ਦੀ ਗਿਣਤੀ ਹੋਵੇਗੀ?

3. **ਉ:**–ਹੇ ਭਾਈ! ਮੈਂ ਤਾਂ ਆਪਣੇ ਇਸ ਖਿਆਲ ਨੂੰ ਉਸ ਭਗਵਾਨ ਦੇ ਸਨਮੁਖ ਹੋ ਇਉਂ ਹੀ ਪ੍ਰਗਟ ਕੀਤਾ ਕਰਦਾ ਹਾਂ ਕਿ, ਹੇ ਪ੍ਰਭੂ! ਕੋਈ ਵਿਰਲਾ ਹੀ ਮਨੁੱਖ ਪੂਰਾ ਹੋ ਕੇ ਰਹਿੰਦਾ ਹੈ।

ਪ੍ਰ:–ਕਬੀਰ ਜੀਉ! ਉਸ ਬੰਦੇ ਦੀ ਪਛਾਣ ਕੀ ਹੈ?

4. **ਉ:**–ਹੇ ਭਾਈ! ਅਸਲ ਵਿਚ ਜੋ ਉਸ ਦਾ ਬਣਦਾ ਹੈ; ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ (ਆਦਿਕ ਵਿਕਾਰ) ਮਾੜੇ ਲਗਦੇ ਹਨ (ਜੋ ਮਨੁੱਖ ਇਨ੍ਹਾਂ ਵਿਕਾਰਾਂ ਨੂੰ ਤਿਆਗਦਾ ਹੈ), ਉਹੀ ਮਨੁੱਖ ਪ੍ਰਭੂ-ਮਿਲਾਪ ਵਾਲੀ ਅਵਸਥਾ ਨਾਲ ਸਾਂਝ ਪਾਂਦਾ ਹੈ।੧। ਰਹਾਉ।
5. ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ; ਜੀਵਾਂ ਦੇ ਕੀ ਵਸ ਹੈ, ਕੋਈ ਜੀਵ ਰਜੋ ਗੁਣੀ ਹੈ, ਕੋਈ ਤਮੋਗੁਣ ਵਿਚ ਹਨ, ਕੋਈ ਸਤੋਗੁਣ ਵਿਚ ਹਨ, ਪਰ, ਹੇ ਪ੍ਰਭੂ! ਇਹ ਸਭੋ ਕੁਝ ਤੇਰੀ ਮਾਇਆ ਹੀ ਕਹੀ ਜਾ ਸਕਦੀ ਹੈ।
6. ਜੋ ਮਨੁੱਖ (ਇਨ੍ਹਾਂ ਤੋਂ ਉਤਾਹਾਂ) ਚੌਥੀ ਅਵਸਥਾ (ਪ੍ਰਭੂ-ਮਿਲਾਪ ਨਾਲ ਜਾਣ ਪਛਾਣ ਕਰਦਾ ਹੈ, ਉਸੇ ਨੂੰ ਹੀ ਉਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ।੨।

ਪ੍ਰ:—ਕਬੀਰ ਜੀਉ ! ਕੀ, ਤੁਸਾਂ ਪ੍ਰਭੂ ਜੀ ਦੇ ਮਿਲਾਪ ਲਈ ਤੀਰਥ ਬ੍ਰਤ ਆਦਿ ਕਰਮ ਕਰਨੇ ਜ਼ਰੂਰੀ ਨਹੀਂ ਸਮਝਦੇ ?

7. ਉ:—ਹੇ ਭਾਈ ! ਉਹ ਮਨੁੱਖ ਤਾਂ ਸਦਾ ਹੀ ਤੀਰਥ ਵਰਤ ਸੁਚ ਸੰਜਮ ਆਦਿਕ ਨੇਮਾਂ ਵਲੋਂ ਨਿਸ਼ਕਾਮ ਰਹਿੰਦਾ ਹੈ, (ਭਾਵ, ਇਨ੍ਹਾਂ ਕਰਮਾਂ ਦੇ ਕਰਨ ਦੀ ਉਸ ਨੂੰ ਚਾਹ ਹੀ ਨਹੀਂ ਰਹਿੰਦੀ) ਜੋ ਨਾਮ ਦਾ ਚਿੰਤਨ ਕਰਦਾ ਹੈ।

8. ਕਿਉਂਕਿ, ਉਹ ਮਨੁੱਖ ਸਦਾ ਸਰਬ ਵਿਆਪਕ ਪ੍ਰਭੂ ਨੂੰ ਸਿਮਰਦਾ ਹੈ. ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਤੇ ਭਟਕਣਾ ਭੀ ਦੂਰ ਹੋ ਜਾਂਦੀ ਹੈ (ਇਸ ਲਈ, ਉਸ ਨੂੰ ਬਾਹਰਲੇ ਤੀਰਥ ਆਦਿਕਾਂ ਦੀ ਕੋਈ ਵਾਸ਼ਨਾਂ ਹੀ ਨਹੀਂ ਰਹਿ ਜਾਂਦੀ) ।੩।

ਪ੍ਰ:—ਕਬੀਰ ਜੀਉ ! ਸਾਡੇ ਮਨਾਂ ਵਿਚ ਸਦਾ ਹੀ ਅਗਿਆਨਤਾ ਦਾ ਅੰਧੇਰਾ ਬਣਿਆ ਰਹਿੰਦਾ ਹੈ, ਇਹ ਕਿਵੇਂ ਦੂਰ ਹੋ ਸਕਦਾ ਹੈ ?

9. ਉ:—ਹੇ ਭਾਈ ! ਵੇਖ, ਜਿਸ ਘਰ ਵਿਚ ਦੀਵਾ ਜਗ ਪਏ ਉਥੋਂ ਹਨੇਰਾ ਦੂਰ ਹੋ ਜਾਂਦਾ ਹੈ।

10. ਹੇ ਭਾਈ ! ਮੈਂ ਪ੍ਰਭੂ ਦਾ ਜਨ ਦਾਸ ਕਬੀਰ ਆਖਦਾ ਹਾਂ ਕਿ; ਜਿਵੇਂ ਜਿਸ ਘਰ ਵਿਚ ਦੀਵਾ ਜਗ ਪਏ ਉਥੋਂ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਹੀ ਜਿਸ ਹਿਰਦੇ ਵਿਚ ਨਿਰਭਉ ਪ੍ਰਭੂ ਜੀ ਪ੍ਰਗਟ ਹੋ ਜਾਏ ਉਸ ਦੇ ਅੰਦਰੋਂ ਅਗਿਆਨ ਦਾ ਅੰਧੇਰਾ ਅਤੇ ਉਸ ਦੀ ਭਟਕਣਾ ਮਿਟ ਜਾਂਦੀ ਹੈ ।੪।੧।

ਭਾਵਾਰਥ :—ਇਸ ਸ਼ਬਦ ਵਿਚ ਕਬੀਰ ਜੀ ਸੰਤ ਦਾ ਕਰਤਬ ਅੰਕਤ ਕਰਦੇ ਹਨ ਕਿ, ਸੰਤ ਸਦਾ ਹੀ ਵਿਕਾਰਾਂ ਤੋਂ ਪ੍ਰਹੇਜ਼ ਕਰਦਾ ਹੈ, ਉਹ ਨਾ ਕਿਸੇ ਦੀ ਨਿੰਦਾ ਅਤੇ ਨਾ ਹੀ ਕਿਸੇ ਦੀ ਫੋਕੀ ਖੁਸ਼ਾਮਦ ਕਰਦਾ ਹੈ, ਤੀਰਥ ਆਦਿਕਾਂ ਵਲੋਂ ਬੇ-ਪ੍ਰਵਾਹ ਹੋ ਜਾਂਦਾ ਹੈ, ਉਸ ਦੇ ਅੰਦਰ ਕੋਈ ਭੀ ਭਟਕਣਾ ਨਹੀਂ ਰਹਿ ਜਾਂਦੀ, ਤਿੰਨਾਂ ਗੁਣਾਂ ਤੋਂ ਪੈਦਾ ਹੋਈਆਂ ਹਾਲਤਾਂ ਤੋਂ ਉਚਾ ਉਠ ਕੇ ਉਚੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ।

1. ਕਿਨਹੀ ਬਨਜਿਆ ਕਾਂਸੀ ਤਾਂਬਾ
ਕਿਨਹੀ ਲਉਗ ਸੁਪਾਰੀ ॥
2. ਸੰਤਹੁ ਬਨਜਿਆ ਨਾਮੁ ਗੋਬਿਦ ਕਾ
ਐਸੀ ਖੇਪ ਹਮਾਰੀ ॥੧॥
3. ਹਰਿ ਕੇ ਨਾਮ ਕੇ ਬਿਆਪਾਰੀ ॥
4. ਹੀਰਾ ਹਾਥਿ ਚੜਿਆ ਨਿਰਮੋਲਕੁ
ਛੂਟਿ ਗਈ ਸੰਸਾਰੀ ॥੧॥ ਰਹਾਉ ॥
5. ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥
6. ਸਾਚੀ ਬਸਤੁ ਕੇ ਭਾਰ ਚਲਾਏ
ਪਹੁਚੇ ਜਾਇ ਭੰਡਾਰੀ ॥੨॥
7. ਆਪਹਿ ਰਤਨ ਜਵਾਹਰ ਮਾਨਿਕ
ਆਪੈ ਹੈ ਪਾਸਾਰੀ ॥
8. ਆਪੈ ਦਹ ਦਿਸ ਆਪ ਚਲਾਵੈ
ਨਿਹਚਲੁ ਹੈ ਬਿਆਪਾਰੀ ॥੩॥
9. ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ
ਗਿਆਨ ਗੋਨਿ ਭਰਿ ਡਾਰੀ ॥
10. ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਨਿਬਹੀ ਖੇਪ ਹਮਾਰੀ ॥੪॥੨॥

ਪਦ ਅਰਥ :—ਬਨਜਿਆ—ਵਣਜ ਕੀਤਾ। ਸੰਤਹੁ—ਸੰਤਾਂ ਨੇ। ਖੇਪ—ਸੌਦਾ ।੧।

ਬਿਆਪਾਰੀ—ਵਪਾਰੀ। ਹਾਥਿ ਚੜਿਆ ਲਭ ਪਿਆ। ਸੰਸਾਰੀ—ਸੰਸਾਰ ਵਿਚ ਗ੍ਰਸੇ ਰਹਿਣ ਵਾਲੀ ਸੁਰਤ ।੧। ਰਹਾਉ।

ਬਿਉਹਾਰੀ—ਵਪਾਰੀ। ਚਲਾਏ—ਲੱਦ ਲਏ। ਭੰਡਾਰੀ—(ਰੱਬੀ) ਖਜ਼ਾਨੇ ਵਿਚ ।੨।

ਆਪਹਿ—ਪ੍ਰਭੂ ਆਪ ਹੀ। ਪਾਸਾਰੀ—ਪਸਾਰੀ, ਸੌਦਾ ਵੇਚਣ ਵਾਲਾ। ਦਹਦਿਸ—ਦਸੀਂ ਪਾਸੀ। ਨਿਹਚਲੁ—ਸਦਾ ਥਿਰ ਰਹਿਣ ਵਾਲਾ ।੩।

ਸੁਰਤਿ-(ਪ੍ਰਭੂ ਚਰਨਾਂ ਵਿਚ ਜੁੜੀ ਹੋਈ) ਸੁਰਤ। ਗੋਨਿ—ਛੱਟ। ਭਰਿ ਡਾਰੀ—ਭਰ ਲਈ। ਨਿਬਹੀ—ਤੋੜ ਪਹੁੰਚ ਗਈ ਹੈ ।੪।

ਅਰਥ :—

ਪ੍ਰ:—ਕਬੀਰ ਜੀਉ ! ਮੈਂ ਜਗਤ ਵਿਚ ਕਈ ਤਰ੍ਹਾਂ ਦੇ ਵਣਜ ਕਰਨ ਵਾਲੇ ਵਣਜਾਰੇ ਵੇਖਦਾ ਹਾਂ, ਕਈ ਕੈਂਹ, ਤਾਂਬੇ ਆਦਿਕ ਦਾ ਵਣਜ ਕਰਦੇ ਹਨ, ਕਈ ਲੌਂਗ ਸੁਪਾਰੀ ਆਦਿਕ ਦਾ ਵਣਜ ਕਰਦੇ ਹਨ, ਪਰ, ਸੰਤਾਂ ਦਾ ਵਣਜ ਕਿਹੜਾ ਹੈ ਜਿਸ ਨੂੰ ਉਹ ਸਾਰਿਆਂ ਤੋਂ ਉੱਚਾ ਤੇ ਸੁੱਚਾ ਸਮਝ ਕੇ ਕਰਦੇ ਹਨ ?

1. ਉ:—ਹੇ ਪਿਆਰੇ ! ਇਹ ਠੀਕ ਹੈ ਕਿ, ਕਈ ਲੋਕ ਕੈਂਹ ਤਾਂਬੇ ਆਦਿਕ ਦਾ ਵਣਜ ਕਰਦੇ ਹਨ ਅਤੇ ਕਈ ਲੋਕ ਲੌਂਗ ਸਪਾਰੀ ਆਦਿਕ ਵਣਜਦੇ ਹਨ।

2. ਪਰ. ਹੇ ਭਾਈ ! ਪ੍ਰਭੂ ਦੇ ਸੰਤਾਂ ਨੇ ਤਾਂ ਪ੍ਰਮਾਤਮਾਂ ਦਾ (ਹੀ) ਨਾਮ ਵਣਜਿਆ ਹੈ, ਹੇ ਭਾਈ ! ਸਾਡੀ ਭੀ ਇਹੋ ਹੀ ਖੇਪ ਹੈ, ਭਾਵ, ਮੈਂ ਭੀ ਇਹੀ ਸੌਦਾ ਲੱਦਿਆ ਹੈ, ਜੋ ਭਾਰ ਹਰੀ ਦੇ ਖਜ਼ਾਨੇ ਵਿਚ ਜਾ ਪਏ ਹਨ ।੧।

3. ਹੇ ਭਾਈਓ ! ਜੋ ਮਨੁੱਖ ਪ੍ਰਭੂ ਦੇ ਨਾਮ ਦਾ ਵਣਜ ਕਰਦੇ ਹਨ।

4. ਉਨ੍ਹਾਂ ਨੂੰ ਪ੍ਰਭੂ ਦਾ ਨਾਮ ਰੂਪ ਅਮੋਲਕ ਹੀਰਾ ਲਭ ਪੈਂਦਾ ਹੈ ਅਤੇ ਉਨ੍ਹਾਂ ਦੀ ਉਹ ਬ੍ਰਿਤੀ ਮੁੱਕ ਜਾਂਦੀ ਹੈ, ਜੋ ਸਦਾ ਹੀ ਸੰਸਾਰ ਵਿਚ ਜੋੜੀ ਰਖਦੀ ਹੈ ।੧। ਰਹਾਉ।

ਪ੍ਰ:—ਕਿਉਂ ਜੀ ! ਇਸ ਅਮੋਲਕ ਨਾਮ ਦੇ ਵਣਜ ਕਰਨ ਵਿਚ ਸਾਰੇ ਲੋਕ ਹੀ ਕਿਉਂ ਨਹੀਂ ਲਗ ਜਾਂਦੇ ?

5. ਉ:—ਹੇ ਭਾਈਓ ! ਅਸਲ ਵਿਚ ਇਹ ਕਿਸੇ ਦੇ ਆਪਣੇ

ਵਸ ਵਿਚ ਨਹੀਂ ਹੈ, (ਕਿਉਂਕਿ) ਸਚੇ ਨਾਮ ਦਾ ਵਪਾਰ ਕਰਨ ਵਾਲੇ ਬੰਦੇ ਤਦੋਂ ਹੀ ਸੱਚੇ ਨਾਮ ਵਿਚ ਲਗਦੇ ਹਨ ਜਦੋਂ ਪ੍ਰਭੂ ਆਪ ਉਨ੍ਹਾਂ ਨੂੰ ਇਸ ਵਣਜ ਵਿਚ ਲਾਂਦਾ ਹੈ।

6. ਐ ਪਿਆਰੇ ! ਉਹ ਮਨੁੱਖ ਇਸ ਸਦਾ ਥਿਰ ਰਹਿਣ ਵਾਲੇ ਨਾਮ ਰੂਪ ਵਸਤੂ ਦੇ ਭਾਰ ਲੱਦ ਲੈਂਦੇ ਹਨ, ਭਾਵ, ਲੱਦੇ, ਲੱਦ ਤੁਰਦੇ ਹਨ ਤੇ ਪ੍ਰਭੂ ਦੀ ਹਜ਼ੂਰੀ ਵਿਚ ਜਾ ਅੱਪੜਦੇ ਹਨ ।੨।

7. ਹੇ ਭਾਈ ! ਅਜਿਹੇ ਵਣਜਾਰਿਆਂ ਦੀ ਅਜਿਹੀ ਦਿਬ ਦ੍ਰਿਸ਼ਟੀ ਜਾਗ ਉਠਦੀ ਹੈ ਕਿ, ਉਹ ਇਉਂ ਹੀ ਤਕਦੇ ਹਨ ਕਿ ਉਹ ਪ੍ਰਭੂ ਆਪ ਹੀ ਰਤਨ ਹੈ, ਆਪ ਹੀ ਹੀਰਾ ਹੈ, ਆਪ ਹੀ ਮੋਤੀ ਹੈ, ਉਹ ਆਪ ਹੀ ਇਸਦਾ ਹੱਟ ਚਲਾ ਰਿਹਾ ਹੈ।

8. ਉਹ ਆਪ ਹੀ ਸਦਾ ਥਿਰ ਰਹਿਣ ਵਾਲਾ ਸੌਦਾਗਰ ਹੈ, ਉਹ ਆਪ ਹੀ ਜੀਵ ਵਣਜਾਰਿਆਂ ਨੂੰ (ਜਗਤ ਵਿਚ) ਦਸੀਂ ਪਾਸੀਂ ਤੋਰ ਰਿਹਾ ਹੈ।

ਪ੍ਰ:–ਕਬੀਰ ਜੀ ! ਵਣਜ ਕਰਨ ਵਾਲਿਆਂ ਪਾਸ ਤਾਂ ਬੈਲ ਹੁੰਦਾ ਹੈ, ਉਸ ਬੈਲ ਉਤੇ ਛੱਟ ਲੱਦੀ ਹੋਇਆ ਕਰਦੀ ਹੈ, ਉਹ ਕਿਸੇ ਮਾਰਗ ਤੇ ਭੀ ਟੁਰੇ ਜਾਂਦੇ ਨਜ਼ਰ ਆਇਆ ਕਰਦੇ ਹਨ, ਪਰ ਇਹ ਸਾਰੀ ਸਮੱਗਰੀ ਤੁਹਾਡੇ ਪਾਸ ਕਿਹੜੀ ਹੈ ਜਿਸ ਦੇ ਰਾਹੀਂ ਤੁਸੀਂ ਆਪਣੀ ਮੰਜਲ ਤੇ ਪੁਜਣਾ ਹੈ ?

9. ਉ:–ਹੇ ਭਾਈਓ ! ਸਾਡੇ ਸੂਖਮ ਵਣਜ ਦੀ ਅੰਤ੍ਰੀਵ ਸਮੱਗਰੀ ਭੀ ਸੂਖਮ ਹੀ ਹੈ, (ਭਾਵ) ਮੈਂ ਆਪਣੇ ਮਨ ਨੂੰ ਬੈਲ ਬਣਾ ਕੇ (ਪ੍ਰਭੂ ਚਰਨ ਵਿਚ ਜੁੜੀ ਆਪਣੀ) ਸੁਰਤ ਦੀ ਰਾਹੀਂ ਪੰਧ ਤੁਰ ਕੇ (ਗੁਰੂ ਦੇ ਦਸੇ) ਗਿਆਨ ਦੀ ਛੱਟ ਭਰ ਲਈ ਹੈ।

10. ਕਬੀਰ ਜੀ ਕਹਿੰਦੇ ਹਨ ਕਿ, ਹੇ ਸੰਤ ਜਨੋ ! ਸੁਣੋ; ਮੇਰਾ ਵਣਜਿਆ ਹੋਇਆ ਨਾਮ ਵੱਖਰ ਬੜਾ ਹੀ ਲਾਹੇਵੰਦ ਹੋਇਆ ਹੈ ।੪।੨।

ਭਾਵਾਰਥ :–ਕਬੀਰ ਜੀ ਇਸ ਸ਼ਬਦ ਵਿਚ ਭੀ ਸੰਤ ਦਾ ਹੀ ਕਰਤੱਬ ਦਰਸਾ ਰਹੇ ਹਨ ਕਿ, ਉਨ੍ਹਾਂ ਸੰਤਾਂ ਦੀ ਸੰਸਾਰ ਵਲ ਸਦਾ ਦੌੜਦੀ ਸੁਰਤ ਪ੍ਰਭੂ ਜੀ ਦੇ ਚਰਨਾਂ ਵਿਚ ਟਿਕ ਜਾਂਦੀ ਹੈ। ਜਿਵੇਂ ਦੁਨੀਆਂਦਾਰ ਮਾਇਕੀ ਵਣਜ ਵਪਾਰ ਵਾਸਤੇ ਤਨੋ ਮਨੋ ਦੌੜ ਭੱਜ ਕਰਦਾ ਹੈ, ਤਿਵੇਂ ਪ੍ਰਭੂ ਚਰਨਾਂ ਵਿਚ ਜੁੜਿਆ, ਬੰਦਾ ਪ੍ਰਭੂ ਪ੍ਰੀਤ ਨੂੰ ਹੀ ਆਪਣੇ ਜੀਵਨ ਦਾ ਨਿਸ਼ਾਨਾ ਸਮਝਦਾ ਹੈ।

1. ਰੀ ਕਲਵਾਰਿ ਗਵਾਰਿ ਮੂਢ ਮਤਿ
ਉਲਟੋ ਪਵਨੁ ਫਿਰਾਵਉ ॥
2, ਮਨੁ ਮਤਵਾਰ ਮੇਰ ਸਰ ਭਾਠੀ
ਅੰਮ੍ਰਿਤ ਧਾਰ ਚੁਆਵਉ ॥੧॥
3 ਬੋਲਹੁ ਭਈਆ ਰਾਮ ਕੀ ਦੁਹਾਈ ॥
4. ਪੀਵਹੁ ਸੰਤ ਸਦਾ ਮਤਿ ਦੁਰਲਭ
ਸਹਜੇ ਪਿਆਸ ਬੁਝਾਈ ॥੧॥ ਰਹਾਉ ॥
5. ਭੈ ਬਿਚਿ ਭਾਉ ਭਾਇ ਕੋਊ ਬੂਝਹਿ
ਹਰਿ ਰਸੁ ਪਾਵੈ ਭਾਈ ॥
6. ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ
ਭਾਵੈ ਤਿਸਹਿ ਪੀਆਈ ॥੨॥
7. ਨਗਰੀ ਏਕੈ ਨਉ ਦਰਵਾਜੇ
ਧਾਵਤੁ ਬਰਜਿ ਰਹਾਈ ॥
8. ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ
ਤਾ ਮਨੁ ਖੀਵਾ ਭਾਈ ॥੩॥
9. ਅਭੈ ਪਦ ਪੂਰਿ ਤਾਪ ਤਹ ਨਾਸੇ
ਕਹਿ ਕਬੀਰ ਬੀਚਾਰੀ ॥
10. ਉਲਟ ਚਲੰਤੇ ਇਹੁ ਮਦੁ ਪਾਇਆ
ਜੈਸੇ ਖੋਂਦ ਖੁਮਾਰੀ ॥੪॥੩॥

ਪਦ ਅਰਥ :–ਰੀ ਕਲਵਾਰਿ–ਹੇ ਕਲਾਲਣ । ਰੀ ਗਵਾਰਿ–ਹੇ ਗਵਾਰਨ। ਮੂਢ-ਮੂਰਖ। ਪਵਨੁ-ਚੰਚਲ (ਮਨ)। ਉਲਟੋ ਪਵਨੁ–ਉਲਟਿਆ ਹੋਇਆ ਚੰਚਲ (ਮਨ) ਵਿਗੜਿਆ ਹੋਇਆ ਚੰਚਲ ਮਨ। ਫਿਰਾਵਉ–ਫਿਰਾਵਉਂ, ਮੈਂ ਫਿਰ ਰਿਹਾ ਹਾਂ, ਮੈਂ ਮੋੜ ਰਿਹਾਂ, ਮੈਂ ਵਿਗਾੜ ਵਲੋਂ ਵਰਜ ਰਿਹਾ ਹਾਂ। ਮਤਵਾਰ–ਮਤਵਾਲਾ, ਮਸਤ। ਮੇਰ–ਸਭ ਤੋਂ ਉਚਾ ਪਰਬਤ ਜਿਸ ਵਿਚ ਸੋਨਾ ਤੇ ਹੀਰੇ ਆਦਿਕ ਮਿਲਦੇ ਮੰਨੇ ਗਏ ਹਨ(੨), ਮਾਲਾ ਦਾ ਸਭ ਤੋਂ ਉਚਾ ਉਪਰਲਾ ਮਣਕਾ (੩), ਸਰੀਰ ਦਾ ਸਭ ਤੋਂ ਉਚਾ ਸ਼ਰੋਮਣੀ ਹਿੱਸਾ, ਦਿਮਾਗ਼ ਦਸਮ ਦੁਆਰ। ਸਰ–ਬਰਾਬਰ, ਵਰਗਾ। ਭਾਠੀ–ਭੱਠੀ, ਜਿਸ ਵਿਚ ਅਰਕ ਸ਼ਰਾਬ ਆਦਿਕ ਕਢੇ ਜਾਂਦੇ ਹਨ। ਅੰਮ੍ਰਿਤ ਧਾਰ–(ਨਾਮ) ਅੰਮ੍ਰਿਤ ਦੀਆਂ ਧਾਰਾਂ। ਚੁਆਵਉ–ਚੁਆਵਉਂ, ਮੈਂ ਚੁਆ ਰਿਹਾ ਹਾਂ, ਮੈਂ ਕੱਢ ਰਿਹਾ ਹਾਂ ।੧।

ਭਈਆ–ਹੇ ਭਾਈ, ਹੇ ਸਜਣ। ਦੁਹਾਈ–ਹੋਰ ਗਲਾਂ ਛਡਕੇ ਇਕ ਹੀ ਗਲ ਨੂੰ ਮੁੜ ਮੁੜ ਆਖੀ ਜਾਣ ਨੂੰ ਦੁਹਾਈ ਪਾ ਦੇਣਾ ਆਖੀਦਾ ਹੈ। ਰਾਮ ਕੀ ਦੁਹਾਈ–ਹੋਰ ਖਿਆਲ ਛਡ ਕੇ ਪ੍ਰਮਾਤਮਾਂ ਦੇ ਨਾਮ ਦਾ ਮੁੜ ਮੁੜ ਉਚਾਰਨ। ਬੋਲਹੁ ਰਾਮ ਕੀ ਦੁਹਾਈ–ਮੁੜ ਮੁੜ ਪ੍ਰਭੂ ਦੇ ਨਾਮ ਦਾ ਜਾਪ ਜਪੋ। ਸੰਤ–ਹੇ ਸੰਤ ਜਨੋ। ਪੀਵਹੁ–(ਪ੍ਰਭੂ ਦੇ ਨਾਮ ਦਾ ਜਾਪ ਰੂਪ ਅੰਮ੍ਰਿਤ) ਪੀਓ। ਦੁਰਲਭ–ਜੋ ਬਹੁਤ ਮੁਸ਼ਕਲ ਨਾਲ ਲੱਭੇ। ਸਦਾ ਮਤਿ ਦੁਰਲਭ–ਹੇ ਸੰਤ ਜਨੋ, ਰਾਮ ਦੀ ਦੁਹਾਈ ਰੂਪ ਅੰਮ੍ਰਿਤ ਪੀਣ ਨਾਲ। ਤੁਹਾਡੀ ਮੱਤ ਸਦਾ ਲਈ ਐਸੀ ਬਣ ਜਾਏਗੀ ਜੋ ਮੁਸ਼ਕਲ ਨਾਲ ਮਿਲਦੀ ਹੈ। ਸਹਜੇ-ਸਹਜ ਅਵਸਥਾ ਵਿਚ (ਅਪੜਕੇ) ਪਿਆਸ ਬੁਝਾਈ–(ਇਹ ਅੰਮ੍ਰਿਤ ਮਾਇਆ ਦੀ) ਪਿਆਸ ਬੁਝਾ ਦੇਂਦਾ ਹੈ ।੧। ਰਹਾਉ।

ਭੈ ਵਿਚਿ–ਪ੍ਰਭੂ ਦੇ ਅਦਬ ਵਿਚ (ਰਿਹਾਂ)। ਭਾਉ–(ਪ੍ਰਭੂ ਨਾਲ) ਪਿਆਰ। ਭਾਇ–(ਉਸ) ਪਿਆਰ ਦੀ ਰਾਹੀਂ। ਕੋਊ–ਕੋਈ ਵਿਰਲੇ ਵਿਰਲੇ। ਹਰਿ ਰਸੁ–ਹਰਿ ਨਾਮ ਅੰਮ੍ਰਿਤ ਦਾ ਸੁਆਦ। ਭਾਈ–ਹੇ ਭਾਈ। ਘਟ–ਸਰੀਰ, ਜੀਵ। ਭਾਵੈ–(ਜੋ ਉਸ ਪ੍ਰਭੂ ਨੂੰ) ਚੰਗਾ ਲਗਦਾ ਹੈ। ਤਿਸਹਿ–ਉਸ ਨੂੰ ਹੀ ।੨।

ਨਗਰੀ ਏਕੈ–ਇਸ ਆਪਣੇ ਸਰੀਰ ਰੂਪ ਨਗਰ ਵਿਚ ਹੀ। ਧਾਵਤ–ਭਟਕਦੇ ਮਨ ਨੂੰ। ਤ੍ਰਿਕੁਟੀ–ਤ੍ਰਿਊੜੀ, ਖਿੱਝ। ਦਸਵਾ ਦਰੁ–ਦਸਵਾਂ ਦਰਵਾਜ਼ਾ, ਦਿਮਾਗ। ਖੁਲੈ–ਖੁਲ੍ਹ ਜਾਂਦਾ ਹੈ, (ਪ੍ਰਭੂ ਚਰਨਾਂ ਨਾਲ) ਸੰਬੰਧ ਪੈਦਾ ਕਰ ਲੈਂਦਾ ਹੈ। ਖੀਵਾ–ਮਸਤ। ਭਾਈ–ਹੇ ਸੱਜਣ ।੩।

ਅਭੈ ਪਦ–ਨਿਰਭੈਤਾ ਵਾਲੀ ਅਵਸਥਾ, ਮਨ ਦੀ ਉਹ ਹਾਲਤ ਜਿਥੇ ਦੁਨੀਆਂ ਦੇ ਕੋਈ ਡਰ ਨਹੀਂ ਪੋਂਹਦੇ। ਤਹ–ਉਸ ਅਵਸਥਾ ਵਿਚ, ਉਥ। ਕਹਿ–ਕਹੇ, ਆਖਦਾ ਹੈ। ਬੀਚਾਰੀ–ਵਿਚਾਰ ਕੇ, ਸੋਚ ਸਮਝ ਕੇ। ਉਬਟ–ਔਖੀ ਘਾਟੀ, ਔਖੇ ਚੜ੍ਹਾਈ ਵਾਲੇ ਪਾਸੇ। ਮਦ-ਨਸ਼ਾ। ਖੁਮਾਰੀ–ਮਸਤੀ, ਨਸ਼ਾ। ਖੰਦ–ਦਾਖ ਦਾ ਰਸ, ਅੰਗੂਰੀ ਸ਼ਰਾਬ ਦਾ ਨਸ਼ਾ ।੪।

ਅਰਥ :–

ਪ੍ਰ:–ਹੇ ਕਬੀਰ ਜ਼ੀਉ! ਜਦ ਭੀ ਅਸੀਂ ਕਦੇ ਆਪਣੀ ਬੁਧੀ ਨੂੰ ਅਕਲ ਨੂੰ ਪ੍ਰਭੂ ਜੀ ਵਲ ਜੋੜਨ ਦਾ ਯਤਨ ਕਰਦੇ ਹਾਂ, ਤਾਂ ਇਹ ਸਾਡੀ ਬੁਧੀ ਸੰਸਾਰ ਦੇ ਮਾਇਕੀ ਪਦਾਰਥਾਂ ਵਲ ਹੀ ਦੌੜਦੀ ਰਹਿੰਦੀ ਹੈ, ਪਰ ਤੁਸਾਂ ਉਸ ਬੁਧੀ ਨੂੰ ਵਾਸ਼ਨਾਂ ਵਲੋਂ ਹੋੜਨ ਲਈ ਕੀ ਸਾਧਨ ਕਰਦੇ ਹੋ ?

1. ਉ:–ਹੇ ਭਾਈ! ਇਹ ਜੋ ਸਾਡੀ ਬੁਧੀ ਮਾਇਆ ਦਾ ਨਸ਼ਾ ਵੰਡਣ ਵਾਲੀ (ਕਲਾਲਣ) ਗਵਾਰਨ ਹੈ (ਮੈਂ ਤਾਂ ਇਸ ਨੂੰ ਹਮੇਸ਼ਾਂ ਇਉਂ ਹੀ ਸਮਝਾਉਣ ਦਾ ਯਤਨ ਕਰਦਾ ਹਾਂ ਕਿ) ਹੇ ਮੇਰੀ ਮੂਰਖ ਬੁਧੀ (ਸੁਣ) ਮੈਂ ਤਾਂ (ਨਾਮ ਅੰਮ੍ਰਿਤ ਦੀ ਮੌਜ ਵਿਚ) ਆਪਣੇ ਵਿੰਗੇ ਜਾਂਦੇ ਚੰਚਲ ਮਨ ਨੂੰ ਮਾਇਆ ਵਲੋਂ ਵਰਜ ਰਿਹਾ ਹਾਂ, (ਤੂੰ ਇਸ ਵਿਚ ਮੱਤ ਰੋਕਾਂ ਪਾ)।

ਪ੍ਰ:–ਕਿਉਂ ਜੀ ! ਆਖਰ, ਤੁਹਾਨੂੰ ਇਸ ਦਾ ਫਲ ਕੀ ਮਿਲ ਰਿਹਾ ਹੈ ?

2. ਉ:–ਹੇ ਭਾਈਓ ! ਹੁਣ ਮੈਂ ਪ੍ਰਭੂ ਚਰਨਾਂ ਵਿਚ ਜੁੜੀ ਸੁਰਤ ਦੀ ਭੱਠੀ ਬਣਾ ਕੇ, ਜਿਉਂ ਜਿਉਂ (ਨਾਮ) ਅੰਮ੍ਰਿਤ ਦੀਆਂ ਧਾਰਾਂ ਚੋਂਦਾ ਹਾਂ, ਤਿਉਂ ਤਿਉਂ ਮੇਰਾ ਮਨ (ਉਸ ਵਿਚ ਮਸਤ ਹੁੰਦਾ ਜਾ ਰਿਹਾ ਹੈ। ਭਾਵ, ਦਸਮ ਦੁਆਰਾ ਇਕ ਭੱਠੀ ਵੱਤ ਹੈ, ਮਨ ਨੂੰ ਦਸਮੇਂ ਦੁਆਰ ਦੀ ਭੱਠੀ ਵਿਚੋਂ ਅੰਮ੍ਰਿਤ ਚੁਆ ਕੇ ਮਤਵਾਲਾ ਬਣਾਉ; ਮੇਰੇ ਦਸਮ ਦੁਆਰਾ ਸੁਰਤ ਦੀ ਉਹ ਉਚੀ ਤੇ ਸਾਫ ਹਾਲਤ ਹੈ, ਜਿਸ ਵਿਚ ਨਾ ਸਰੀਰਕ ਰੁਝੇਵਿਆਂ ਦਾ ਖਿਆਲ ਤੇ ਨਾ ਮਨ ਦੀ ਉਧੇੜ ਬਾਕੀ ਰਹਿ ਜਾਂਦੀ ਹੈ, ਆਤਮਾਂ ਦੇ ਅੰਦਰ ਜਿਥੇ ਕੇਵਲ ਵਾਹਿਗੁਰੂ ਹੀ ਅਨੁਭਵ ਹੁੰਦਾ ਹੈ।

ਪ੍ਰ:–ਕਬੀਰ ਜੀਉ ! ਸਾਡੇ ਮਨਾਂ ਦੀ ਮਾਇਕੀ ਪਿਆਸ ਬੁਝਾਉਣ ਲਈ ਸਾਨੂੰ ਭੀ ਕੋਈ ਸੁਭ ਉਪਦੇਸ਼ ਬਖਸ਼ੋ, ਜਿਸ ਦੀ ਬਰਕਤ ਨਾਲ ਸਾਨੂੰ ਭੀ ਉਹ ਸਹਜ ਅਵਸਥਾ ਪ੍ਰਾਪਤ ਹੋ ਜਾਏ, ਜਿਸ ਵਿਚ ਕਿ ਆਪ ਜੀ ਦਾ ਸਦਾ ਹੀ ਟਿਕਾਉ ਰਹਿੰਦਾ ਹੈ ?

3. ਉ:–ਹੇ ਭਾਈਓ ! (ਤੁਸਾਂ ਭੀ) ਮੁੜ ਮੁੜ ਪ੍ਰਭੂ ਦੇ ਨਾਮ ਦਾ ਜਾਪ ਜਪੋ।

4. ਹੇ ਸੰਤ ਜਨੋ ! ਪ੍ਰਭੂ ਦੇ ਨਾਮ ਦਾ ਜਾਪ ਰਸ ਅੰਮ੍ਰਿਤ ਪੀਓ। ਇਸ ਨਾਮ ਰਸ ਅੰਮ੍ਰਿਤ ਦੇ ਪੀਣ ਨਾਲ ਤੁਹਾਡੀ ਮਤ ਸਦਾ ਲਈ ਐਸੀ ਬਣ ਜਾਏਗੀ, ਜੋ ਕਿ (ਬੜੀ) ਮੁਸ਼ਕਲ ਨਾਲ ਬਣਿਆ ਕਰਦੀ ਹੈ, (ਇਹ ਅੰਮ੍ਰਿਤ) ਸਹਿਜ ਅਵਸਥਾ ਵਿਚ (ਅਪੜਾ ਕੇ ਮਾਇਆ ਦੀ) ਪਿਆਸ ਬੁਝਾ ਦੇਂਦਾ ਹੈ ।੧। ਰਹਾਉ।

ਪ੍ਰ:–ਕਬੀਰ ਜੀਉ ! ਅਸੀਂ ਨਾਮ ਜਪਣ ਦਾ ਜਤਨ ਤਾਂ ਬਹੁਤ ਕਰਦੇ ਹਾਂ, ਪਰ ਉਸ ਪ੍ਰਭੂ ਦਾ ਪਿਆਰ ਸਾਡੇ ਅੰਦਰ ਨਹੀ' ਉਪਜਦਾ ਇਸ ਦਾ ਕੋਈ ਸਾਧਨ ਦਸੋ ?

5. ਉ.–ਹੇ ਭਾਈਓ ! ਅਸਲ ਵਿਚ ਇਹ ਪ੍ਰਭੂ ਪਿਆਰ ਦੀ ਪ੍ਰਾਪਤੀ ਦਾ ਮਾਰਗ ਅਤਿ ਬਿਖੜਾ ਹੈ, ਇਸ ਵਿਚ ਕਾਹਲਾ ਪਨ ਨਹੀਂ, ਸਗੋਂ ਧੀਰਜਤਾ ਦੀ ਲੋੜ ਹੈ, (ਕਿਉਂਕਿ) ਜੋ ਜੋ ਮਨੁੱਖ ਇਸ ਹਰਿ ਨਾਮ ਅੰਮ੍ਰਿਤ ਦਾ ਸੁਆਦ (ਸਹਿਜੇ ਸਹਿਜੇ) ਚੱਖਦਾ ਹੈ, ਪ੍ਰਭੂ ਦੇ ਡਰ ਵਿਚ ਰਹਿ ਕੇ ਉਸ ਦੇ ਅੰਦਰ ਪ੍ਰਭੂ ਦਾ ਪ੍ਰੇਮ ਪੈਦਾ ਹੁੰਦਾ ਹੈ।

6. ਉਸ ਪ੍ਰੇਮ ਦੀ ਬਰਕਤ ਨਾਲ ਉਹ ਵਿਰਲੇ (ਭਾਗਾਂ ਵਾਲੇ) ਬੰਦੇ ਇਹ ਗਲ ਸਮਝ ਲੈਂਦੇ ਹਨ ਕਿ ਜਿਤਨੇ ਭੀ ਜੀਵ ਹਨ, ਉਨ੍ਹਾਂ ਸਭਨਾਂ ਦੇ ਅੰਦਰ ਇਹ ਨਾਮ ਅੰਮ੍ਰਿਤ ਮੌਜੂਦ ਹੈ, (ਪਰ ਹੇ ਭਾਈਓ) ਜੋ ਜੀਵ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ ਇਹ ਅੰਮ੍ਰਿਤ ਉਸੇ ਨੂੰ ਹੀ ਪਿਆਲਦਾ ਹੈ ।੨।

ਪ੍ਰ–ਕਬੀਰ ਜੀਉ ! ਆਖਰ ਨਾਮ ਰਸ ਪੀਣ ਵਾਲੇ ਦੀ ਮਾਨਸਕ ਦਸ਼ਾ ਵਿਚ ਕੀ ਬਦਲ ਆ ਜਾਂਦੀ ਹੈ ?

7. ਉ:–ਹੇ ਭਾਈਓ ! ਜੋ ਮਨੁੱਖ ਉਸ ਰਾਮ ਨਾਮ ਦੇ ਸਿਮਰਨ ਦਾ ਸਦਾ ਹੀ ਜਾਪ ਜਪਦਾ ਹੈ, ਉਹ ਮਨੁੱਖ ਇਸ ਨੌਂ ਗੋਲਕਾਂ ਵਾਲੇ ਸਰੀਰ ਦੇ ਅੰਦਰ ਹੀ ਭਟਕਦੇ ਮਨ ਨੂੰ ਮਾਇਆ ਵਲੋਂ ਵਰਜ ਕੇ ਰੋਕ ਰਖਦਾ ਹੈ।

8. ਹੇ ਭਾਈ ! ਉਸ ਦੀ ਤਿੰਨਾਂ ਗੁਣਾਂ ਦੀ (ਗੁੰਝਲ) ਤ੍ਰਿਕੁਟੀ ਮੁੱਕ ਜਾਂਦੀ ਹੈ, (ਭਾਵ, ਮਾਇਆ ਦੇ ਕਾਰਨ ਪੈਦਾ ਹੋਈ ਖਿੱਝ ਖਤਮ ਹੋ ਜਾਂਦੀ ਹੈ) ਉਸ ਦੀ ਸੁਰਤ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਤੇ (ਉਸ ਮਿਲਾਪ ਵਿਚ ਉਸ ਦਾ) ਮਨ ਮਗਨ ਰਹਿੰਦਾ ਹੈ ।੩।

9. ਹੇ ਪਿਆਰੇ ! ਹੁਣ ਮੈਂ ਕਬੀਰ ਇਹ ਗਲ ਬੜੇ ਯਕੀਨ

ਨਾਲ ਆਖਦਾ ਹਾਂ ਕਿ (ਰਾਮ ਦੀ ਦੁਹਾਈ) ਦੀ ਬਰਕਤ ਨਾਲ ਮਨ ਵਿਚ ਉਹ ਹਾਲਤ ਪੈਦਾ ਹੋ ਜਾਂਦੀ ਹੈ ਜਿਥੇ ਇਸ ਨੂੰ ਦੁਨੀਆਂ ਦੇ ਕੋਈ ਡਰ ਨਹੀਂ ਪੋਂਹਦੇ, ਮਨ ਦੇ ਸਾਰੇ ਕਲੇਸ਼ ਨਾਸ ਹੋ ਜਾਂਦੇ ਹਨ; (ਭਾਵ) ਅਭੈ ਪਦਵੀ ਪੂਰਨ ਕਰਨ ਨਾਲ ਤਿੰਨ ਤਾਪ ਨਾਸ ਹੁੰਦੇ ਹਨ (ਤਿੰਨ ਤਾਪ : ਆਧਿ–ਮਨ ਦੇ ਦੁੱਖ) ਬਿਆਧਿ–ਸਰੀਰ ਦੇ ਦੁੱਖ। ਉਪਾਧਿ–(ਭੁਲੇਖੇ ਦੇ ਦੁੱਖ)।

ਪ੍ਰ:–ਕਬੀਰ ਜੀਉ ! ਇਹ ਨਾਮ ਦਾ ਨਸ਼ਾ ਜੋ ਤੁਹਾਨੂੰ ਮਿਲਿਆ ਹੈ, ਦਸੋ ਇਹ ਸਾਨੂੰ ਕਿਵੇਂ ਮਿਲ ਸਕਦਾ ਹੈ ?

10. **ਉ**:–ਹੇ ਭਾਈਓ ! ਇਹ ਨਾਮ ਅੰਮ੍ਰਿਤ ਹਾਸਲ ਕਰਨ ਵਾਲਾ ਰਾਹ, ਔਖਾ ਪਹਾੜੀ ਰਾਹ ਹੈ, ਇਸ ਔਖੇ ਚੜ੍ਹਾਈ ਦੇ ਰਾਹ ਚਾੜ੍ਹਦਿਆਂ ਹੀ ਇਹ ਨਸ਼ਾ ਪ੍ਰਾਪਤ ਹੁੰਦਾ ਹੈ, (ਤੇ ਇਹ ਨਸ਼ਾ ਇਉਂ ਹੈ) ਜਿਵੇਂ ਅੰਗੂਰੀ ਸ਼ਰਾਬ ਦਾ ਨਸ਼ਾ ਹੁੰਦਾ ਹੈ ਜਾਂ ਖੌਦ ਖੁਮਾਰੀ–ਉਸ ਨੂੰ ਭੀ ਕਹਿਆ ਜਾਂਦਾ ਹੈ ਜਦ ਕਿ ਪਸ਼ੂ ਨੂੰ ਕੰਮੋਂ ਹਟਾ ਕੇ ਤੇ ਕਿੱਲੇ ਬੰਨ੍ਹ ਕੇ ਛੋਲੀਆ ਆਦਿ ਤਾਕਤ ਵਾਲੇ ਭੋਜਨ ਖਿਲਾਏ ਜਾਣ ਖੌਦੋਂ ਕਦਿਆ ਪਸ਼ੂ ਬੜਾ ਤਕੜਾ ਤੇ ਮਸਤ ਹੁੰਦਾ ਹੈ। ਕਹਿੰਦੇ ਹਨ ਕਿ ਇਹ ਨਾਮ ਨਸ਼ਾ ਪੀ ਕੇ ਭੀ ਮਨੁੱਖ ਖੌਦ ਖੁਮਾਰੀ ਵਾਂਗੂੰ ਪ੍ਰਤੀਤ ਹੁੰਦਾ ਹੈ ।੪।੩।

ਭਾਵਾਰਥ :–ਇਸ ਸਾਰੇ ਸਬਦ ਵਿਚ ਕਬੀਰ ਜੀ 'ਰਾਮ ਦੀ ਦੁਹਾਈ' ਦਾ ਜ਼ਿਕਰ ਕਰਦੇ ਹਨ, ਸਿਮਰਨ ਦੀ ਬਰਕਤ ਨਾਲ ਜੋ ਤਬਦੀਲੀ ਜੀਵਨ ਵਿਚ ਪੈਦਾ ਹੁੰਦੀ ਹੈ, ਉਸੇ ਦਾ ਜ਼ਿਕਰ ਸ਼ਬਦ ਦੇ ਚੌਂਹਾਂ ਬੰਦਾਂ ਵਿਚ ਕੀਤਾ ਗਿਆ ਹੈ। ਨਾਮ ਸਿਮਰਨ ਦਾ ਸਿੱਟਾ ਹੈ ਕਿ ਮਾਇਆ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਮਨ ਨਾਮ ਅੰਮ੍ਰਿਤ ਦੀ ਧਾਰ ਵਿਚ ਮਸਤ ਰਹਿੰਦਾ ਹੈ, ਮਾਇਆ ਦੇ ਮੋਹ ਦੇ ਕਾਰਨ ਉਪਜੀ ਖਿੱਝ ਭੀ ਦੂਰ ਹੋ ਜਾਂਦੀ ਹੈ, ਸੋ, ਮਨ ਨੂੰ ਮਾਇਆ ਵਲੋਂ ਉਲਟਾ ਕੇ ਹਰੀ ਦੇ ਨਾਮ ਰਸ ਵਿਚ ਲਾਉਣ ਲਈ ਹੀ ਪ੍ਰੇਰਿਆ ਹੈ।

1. ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ
ਗਤਿ ਨਹੀ ਏਕੈ ਜਾਨੀ ॥
2. ਫੂਟੀ ਆਖੈ ਕਛੂ ਨ ਸੂਝੈ
ਬੂਡਿ ਮੂਏ ਬਿਨੁ ਪਾਨੀ ॥੧॥
3. ਚਲਤ ਕਤ ਟੇਢੇ ਟੇਢੇ ਟੇਢੇ ॥
4. ਅਸਤਿ ਚਰਮ ਬਿਸਟਾ ਕੇ ਮੂੰਦੇ
ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥
5. ਰਾਮ ਨ ਜਪਹੁ ਕਵਨ ਭ੍ਰਮ ਭੂਲੇ
ਤੁਮ ਤੇ ਕਾਲੁ ਨ ਦੂਰੇ ॥
6. ਅਨਿਕ ਜਤਨ ਕਰਿ ਇਹ ਤਨੁ ਰਾਖਹੁ
ਰਹੈ ਅਵਸਥਾ ਪੂਰੇ ॥੨॥
7. ਆਪਨ ਕੀਆ ਕਛੂ ਨ ਹੋਵੈ
ਕਿਆ ਕੋ ਕਰੈ ਪਰਾਨੀ ॥
8. ਜਾ ਤਿਸੁ ਭਾਵੈ ਸਤਿਗੁਰੁ ਭੇਟੈ
ਏਕੋ ਨਾਮੁ ਬਖਾਨੀ ॥੩॥
9. ਬਲੂਆ ਕੇ ਘਰੂਆ ਮਹਿ ਬਸਤੇ
ਫੁਲਵਤ ਦੇਹ ਅਇਆਨੇ ॥
10. ਕਹੁ ਕਬੀਰ ਜਿਹ ਰਾਮੁ ਨ ਚੇਤਿਓ
ਬੂਡੇ ਬਹੁਤੁ ਸਿਆਨੇ ॥੪॥੪॥

ਪਦ ਅਰਥ :–ਲੀਨੇ–ਗ੍ਰਸੇ ਹੋਏ। ਏਕੈ ਗਤਿ–ਇਕ ਪ੍ਰਭੂ (ਦੇ ਮੇਲ) ਦੀ ਅਵਸਥਾ। ਫੂਟੀ ਆਖੈ–ਅੱਖਾਂ ਫੁੱਟ ਜਾਣ ਕਰ ਕੇ, ਅੰਨ੍ਹਾਂ ਹੋ ਜਾਣ ਦੇ ਕਾਰਨ। ਬੂਡਿ ਮੂਏ–ਡੁੱਬ ਮੂਏ ।੧।

ਕਤ-ਕਾਹਦੇ ਲਈ ? ਕਿਉਂ ? । ਅਸਤਿ–ਹੱਡੀ। ਚਰਮ-ਚੰਮੜੀ। ਮੂੰਦੇ–ਭਰੇ ਹੋਏ। ਬੇਢੇ–ਵੇਹੜੇ ਹੋਏ, ਲਿੱਬੜੇ ਹੋਏ ।੧। ਰਹਾਉ।

ਤੁਮ ਤੇ–ਤੈਥੋਂ। ਰਾਖਹੁ-ਪਾਲ ਰਹੇ ਹੋ, ਰਾਖੀ ਕਰ ਰਹੇ ਹੋ। ਰਹੈ–ਰਹਿ ਜਾਂਦਾ ਹੈ, ਨਾਸ ਹੋ ਜਾਂਦਾ ਹੈ। ਅਵਸਥਾ–ਉਮਰ ।੨।

ਪਰਾਨੀ–ਜੀਵ। ਭੇਟੈ–ਮਿਲਦਾ ਹੈ। ਬਖਾਨੀ–ਉਚਾਰਦਾ ਹੈ ।੩।

ਬਲੂਆ-ਰੇਤ। ਘਰੂਆ–ਨਿੱਕਾ ਜਿਹਾ ਘਰ। ਫੁਲਵਤ–ਫੁੱਲਦਾ, ਮਾਣ ਕਰਦਾ। ਦੇਹ–ਸਰੀਰ। ਅਇਆਨੇ–ਹੇ ਅੰਞਾਣ। ਜਿਹ–ਜਿਨ੍ਹਾਂ ਨੇ ।੪।

ਅਰਥ :–

ਪ੍ਰ:–ਕਬੀਰ ਜੀਉ ! ਮੇਰਾ ਮਨ ਮਾਇਆ ਦੀ ਤ੍ਰਿਸ਼ਨਾ ਵਿਚ ਹੀ ਲੀਨ ਰਹਿੰਦਾ ਹੈ, ਇਸ ਨੂੰ ਵਰਜਨ ਲਈ ਕੋਈ ਸੁਭ ਉਪਦੇਸ਼ ਦਿਓ ?

1. **ਉ**:–ਹੇ ਭੋਲੇ ! ਅੰਞਾਣ ਮਨੁੱਖ, ਸੁਣ ਤੂੰ, ਕਾਮ, ਕ੍ਰੋਧ ਅਤੇ ਤ੍ਰਿਸ਼ਨਾ ਆਦਿਕ ਵਿਚ ਹੀ ਗ੍ਰਸੇ ਰਹਿ ਕੇ ਇਹ ਨਹੀਂ ਸਮਝਿਆ ਕਿ ਇਕ ਹਰੀ ਦੀ ਪ੍ਰਾਪਤੀ ਦੀ ਅਵਸਥਾ ਕਿਵੇਂ ਪ੍ਰਾਪਤ ਹੋਵੇਗੀ, ਭਾਵ ਪ੍ਰਭੂ ਨਾਲ ਮਿਲਾਪ ਕਿਵੇਂ ਹੋਵੇਗਾ।
2. ਹੇ ਅੰਞਾਣ ! ਮਾਇਆ ਵਿਚ ਤੂੰ ਅੰਨ੍ਹਾਂ ਹੋ ਰਿਹਾ ਹੈਂ, (ਮਾਇਆ ਤੋਂ ਬਿਨਾ) ਕੁਝ ਹੋਰ ਤੈਨੂੰ ਸੁਝਦਾ ਹੀ ਨਹੀਂ, ਤੂੰ ਤਾਂ ਪਾਨੀ ਤੋਂ ਬਿਨਾ ਹੀ(ਰੜੇ ਹੀ)ਡੁੱਬ ਮੋਇਆ ਹੈਂ।੧।
3. ਹੇ ਭੋਲਿਆ ਜੀਵ ! ਵੇਖ, ਤੂੰ ਕਿਉਂ ਆਕੜ ਆਕੜ ਕੇ ਤੁਰਦਾ ਹੈਂ।
4. (ਸੋਚ ਕੇ ਵੇਖ, ਆਖਰ) ਹੈਂ ਤਾਂ ਤੂੰ ਹੱਡੀਆਂ, ਚਮੜੀ ਤੇ ਵਿਸ਼ਟੇ ਨਾਲ ਹੀ ਭਰਿਆ ਹੋਇਆ ਅਤੇ ਦੁਰਗੰਧ ਨਾਲ ਹੀ ਲਿਬੜਿਆ ਹੋਇਆ ਹੈਂ ।੧। ਰਹਾਉ।
5. ਹੇ ਅੰਞਾਣ ! ਵੇਖ, ਤੂੰ ਪ੍ਰਭੂ ਨੂੰ ਨਹੀਂ ਸਿਮਰਦਾ, ਕਿਹੜੇ

ਭੁਲੇਖਿਆਂ ਵਿਚ ਭੁਲਿਆ ਹੈਂ ? (ਕੀ ਤੇਰਾ ਇਹ ਖਿਆਲ ਹੈ ਕਿ ਮੌਤ ਨਹੀਂ ਆਵੇਗੀ ?) (ਯਾਦ ਰਖ) ਮੌਤ ਤੈਥੋਂ ਦੂਰ ਨਹੀਂ ਹੈ।

6. ਹੇ ਭੋਲਿਆ ! ਜਿਸ ਸਰੀਰ ਨੂੰ (ਤੂੰ) ਅਨੇਕਾਂ ਯਤਨ ਕਰ ਕੇ ਪਾਲ ਰਿਹਾ ਹੈਂ, ਇਹ ਉਮਰ ਪੂਰੀ ਹੋਣ ਤੇ ਢਹਿ ਪਵੇਗਾ ।੨।

ਪ੍ਰ:—ਕਿਉਂ ਜੀ ! ਇਸ ਵਿਚਾਰ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸਮਝਦੇ ?

7. ਉ.—ਪਰ, ਹੇ ਭਾਈਓ ! ਅਸਲ ਵਿਚ ਜੀਵ ਦੇ ਭੀ ਕੀ ਵੱਸ ਹੈ ? (ਕਿਉਂਕਿ) ਜੀਵ ਦਾ ਆਪਣਾ ਕੀਤਾ ਕੁਝ ਭੀ ਨਹੀਂ ਹੋ ਸਕਦਾ।

8. ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ (ਤਾਂ ਜੀਵ ਨੂੰ) ਗੁਰੂ ਮਿਲਦਾ ਹੈ, (ਤੇ ਗੁਰੂ ਦੀ ਮਿਹਰ ਨਾਲ) ਇਹ ਪ੍ਰਭੂ ਦੇ ਨਾਮ ਨੂੰ ਹੀ ਸਿਮਰਦਾ ਹੈ ।੩।

ਪ੍ਰ:—ਕਬੀਰ ਜੀਉ ! ਸਾਨੂੰ ਦੇਹ ਦਾ ਅਧਿਆਸ ਹੀ ਹਰ ਵਕਤ ਬਣਿਆ ਰਹਿੰਦਾ ਹੈ, ਦਸੋ ਕੀ ਯਤਨ ਕੀਤਾ ਜਾਵੇ ?

9. ਉ.—ਹੇ ਭੋਲਿਆ ! ਸੁਣ, ਤੂੰ ਜਿਸ ਸਰੀਰ ਦਾ ਮਾਣ ਕਰਦਾ ਹੈਂ, ਇਹ ਤੇਰਾ ਸਰੀਰ ਰੇਤ ਦੇ ਘਰ ਸਮਾਨ ਹੈ ਤੂੰ ਰੇਤ ਦੇ ਘਰ ਵਿਚ ਵਸਦਾ ਹੈਂ ਤੇ ਇਸ ਸਰੀਰ ਉਤੇ (ਤੂੰ) ਮਾਣ ਕਰਦਾ ਹੈਂ।

10. ਕਬੀਰ ਜੀ ਕਥਨ ਕਰਦੇ ਹਨ ਕਿ, ਜਿਨ੍ਹਾਂ ਬੰਦਿਆਂ ਨੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ, ਉਹ ਬੜੇ ਬੜੇ ਸਿਆਣੇ ਭੀ (ਸੰਸਾਰ ਸਮੁੰਦਰ) ਵਿਚ ਹੀ ਡੁੱਬ ਗਏ ਹਨ ।੪।੪।

ਭਾਵਾਰਥ :—ਸਰੀਰਕ ਚੇਸ਼ਟਾ ਵਾਲੇ ਰਸਾਂ ਨਾਲ ਕੋਈ ਅੰਤ ਨਿਭਣ ਵਾਲੀ ਖੁਸ਼ੀ ਨਹੀਂ ਮਿਲਦੀ, ਇਸ ਅਸਾਰ ਸਰੀਰ ਦੇ ਮਾਣ ਵਿਚ ਰੱਬ ਨੂੰ ਵਿਸਾਰ ਦੇਣਾ ਮੂਰਖਤਾ ਹੈ, ਪਰ; ਵੀਚਾਰਨ ਤੋਂ ਸੋਝੀ ਆਉਂਦੀ ਹੈ ਕਿ ਇਹ ਤਾਂ ਕੇਵਲ ਰੇਤ ਦੇ ਘਰ ਵਰਗਾ ਹੈ। ਪਰ ਇਸ ਦੇ ਭਰਮ ਵਿਚੋਂ ਕਢ ਕੇ ਗੁਰੂ ਹੀ ਹਰੀ ਦੇ ਨਾਮ ਵਿਚ ਲਾਉਂਦਾ ਹੈ।

1. ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥
2. ਭਾਉ ਭਗਤਿ ਸਿਉ ਕਾਜੁ ਨ ਕਛੂਐ
ਮੇਰੋ ਕਾਮੁ ਦੀਵਾਨ ॥੧॥
3 ਰਾਮੁ ਬਿਸਾਰਿਓ ਹੈ ਅਭਿਮਾਨਿ ॥
4 ਕਨਿਕ ਕਾਮਨੀ ਮਹਾ ਸੁੰਦਰੀ
ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥
5. ਲਾਲਚ ਝੂਠ ਬਿਕਾਰ ਮਹਾ ਮਦ
ਇਹ ਬਿਧਿ ਅਉਧ ਬਿਹਾਨਿ ॥
6. ਕਹਿ ਕਬੀਰ ਅੰਤ ਕੀ ਬੇਰ
ਆਇ ਲਾਗੋ ਕਾਲੁ ਨਿਦਾਨਿ ॥੨॥੫॥

ਪਦ ਅਰਥ :—ਟੇਢੀ—ਵਿੰਗੀ। ਚਲੇ—ਤੁਰਦੇ ਹਨ। ਬੀਰੇ—ਪਾਨ ਦੇ ਬੀੜੇ। ਖਾਨ ਲਾਗੇ—ਖਾਣ ਲਗਦੇ ਹਨ, ਖਾਣ ਵਿਚ ਮਸਤ ਹਨ। ਭਾਉ—ਪਿਆਰ । ਸਿਉ—ਨਾਲ। ਕਛੂਐ ਕਾਜ ਨ—ਕੋਈ ਕੰਮ ਨਹੀਂ, ਕੋਈ ਲੋੜ ਨਹੀਂ। ਦੀਵਾਨ—ਕਚਹਿਰੀ, ਹਕੂਮਤ ।੧।

ਅਭਿਮਾਨਿ—ਅਹੰਕਾਰ ਵਿਚ । ਕਨਿਕ—ਸੋਨਾ । ਕਾਮਨੀ—ਇਸਤ੍ਰੀ । ਮਹਾ—ਬੜੀ। ਪੇਖਿ—ਵੇਖ ਕੇ। ਸਚੁ—ਸਦਾ ਟਿਕੇ ਰਹਿਣ ਵਾਲੇ। ਮਾਨਿ—ਮਾਨੈ, ਮੰਨਦਾ ਹੈ, ਸਮਝਦਾ ਹੈ ।੧। ਰਹਾਉ।

ਮਦ—ਅਹੰਕਾਰ। ਇਹ ਬਿਧਿ—ਇਹਨੀ ਢੰਗੀਂ, ਇਨ੍ਹਾਂ ਤਰੀਕਿਆਂ ਨਾਲ। ਅਉਧ—ਉਮਰ। ਬਿਹਾਨਿ—ਗੁਜ਼ਰਦੀ ਹੈ, ਬੀਤਦੀ ਹੈ। ਕਹਿ—ਕਹੇ, ਆਖਦਾ ਹੈ। ਬੇਰ—ਸਮੇਂ। ਆਇ—ਲਾਗੋ—ਆ ਅੱਪੜਦਾ ਹੈ । ਕਾਲੁ—ਮੌਤ । ਨਿਦਾਨਿ—ਓੜਕ ਨੂੰ ।੨।

ਅਰਥ :—

ਪ੍ਰ:—ਕਬੀਰ ਜੀਉ ! ਇਸ ਜੀਵ ਦੇ ਅੰਤਰ ਆਤਮੇਂ ਪ੍ਰਭੂ ਦੀ ਪ੍ਰੇਮਾਂ ਭਗਤੀ ਕਿਉਂ ਨਹੀਂ ਵਸਦੀ ?

1. ਉ:—ਹੇ ਭਾਈ ! ਅਸਲ ਵਿਚ ਇਹ ਜੀਵ ਅਹੰਕਾਰ ਵਿਚ ਮਸਤ ਹੋਇਆ, ਵਿੰਗੀ ਪੱਗ ਬੰਨ੍ਹਦਾ ਹੈ, ਆਕੜ ਕੇ ਤੁਰਦਾ ਹੈ ਅਤੇ ਪਾਨਾਂ ਦੇ ਬੀੜੇ ਖਾਂਦਾ ਹੈ।

2. ਅਤੇ ਆਖਦਾ ਹੈ ਕਿ, ਮੇਰਾ ਕੰਮ ਹੈ ਹਕੂਮਤ ਕਰਨੀ; (ਇਸ ਤਰ੍ਹਾਂ ਦੇ ਅਹੰਕਾਰ ਭਰੇ ਹਿਰਦੇ ਵਿਚੋਂ ਇਹੋ ਹੀ ਸ਼ਬਦ ਨਿਕਲਦੇ ਹਨ ਕਿ) ਪ੍ਰਭੂ ਨਾਲ ਪਿਆਰ ਜਾਂ ਪ੍ਰਭੂ ਦੀ ਭਗਤੀ ਦੀ ਮੈਨੂੰ ਕੋਈ ਲੋੜ ਹੀ ਨਹੀਂ ।੧।

3. ਹੇ ਭਾਈ ! ਇਸ ਤਰ੍ਹਾਂ ਦੇ ਅਹੰਕਾਰ ਵਿਚ (ਆ ਕੇ) ਮਨੁੱਖ ਪ੍ਰਮਾਤਮਾਂ ਨੂੰ ਭੁਲਾ ਦੇਂਦਾ ਹੈ।

4. ਅਤੇ ਇਹ ਸੋਨਾ ਤੇ ਬੜੀ ਸੋਹਣੀ ਇਸਤ੍ਰੀ (ਨੂੰ) ਵੇਖ ਵੇਖ ਕੇ ਮੰਨ ਬੈਠਦਾ ਹੈ ਕਿ ਇਹ ਸਦਾ ਰਹਿਣ ਵਾਲੇ ਹਨ ।੧। ਰਹਾਉ।

5. ਐ ਪਿਆਰੇ ! ਮਾਇਆ ਦੇ ਲਾਲਚ, ਝੂਠ, ਵਿਕਾਰ, ਬੜਾ ਅਹੰਕਾਰ—ਇਨ੍ਹਾਂ ਗੱਲਾਂ ਨਾਲ ਹੀ (ਸਾਰੀ) ਉਮਰ ਗੁਜ਼ਰ ਜਾਂਦੀ ਹੈ।

6. ਕਬੀਰ ਜੀ ਕਥਨ ਕਰਦੇ ਹਨ ਕਿ; ਹੇ ਭਾਈ ! ਆਖਰ ਉਮਰ ਮੁੱਕਣ ਤੇ ਮੌਤ(ਸਿਰ ਤੇ)ਆ ਹੀ ਅਪੜਦੀ ਹੈ।੨।੫।

ਭਾਵਾਰਥ :—ਕੂੜੇ ਧਨ, ਇਸਤ੍ਰੀ, ਹਕੂਮਤ ਦੇ ਮਾਣ ਵਿਚ ਰੱਬ ਨੂੰ ਵਿਸਾਰ ਕੇ ਮਨੁੱਖ ਜੀਵਨ ਨੂੰ ਅਜਾਈਂ ਗਵਾ ਜਾਂਦਾ ਹੈ। ਭਾਉ ਭਗਤੀ ਨੂੰ ਛਡ ਕੇ ਹੋਛੇ ਰਸਾਂ ਵਿਚ ਲਗਣ ਨਾਲ ਆਖਰ ਮੌਤ ਹੀ ਮਿਲਦੀ ਹੈ।

1. **ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥**
2. **ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥੧॥ ਰਹਾਉ ॥**
3. **ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥**
4. **ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥੧॥**
5. **ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥**
6. **ਕਹਤੁ ਕਬੀਰੁ ਰਾਮ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥੨॥੬॥**

ਪਦ ਅਰਥ :–ਨਉਬਤਿ ਬਜਾਇ–ਹਕੂਮਤ ਦਾ ਨਗਾਰਾ ਵਜਾ ਕੇ, ਹਕੂਮਤ ਕਰ ਕੇ । ਚਲੇ–ਤੁਰ ਪਏ। ਇਤਨ ਕੁ ਖਟੀਆ–ਮਾਇਆ ਇਤਨੀ ਕਮਾਈ। ਗਠੀਆ–ਗੰਢਾਂ ਬੰਨ੍ਹ ਲਈਆਂ। ਮਟੀਆ–ਮਿੱਟੀ ਵਿਚ (ਦਬ ਰਖੀ) ।੧। ਰਹਾਉ ।

ਦੇਹਰੀ–ਦਹਲੀਜ਼ । ਮਿਹਰੀ–ਮਹਿਲੀ, ਵਹੁਟੀ । ਦੁਆਰੈ–ਬਾਹਰਲੇ ਦਰਵਾਜ਼ੇ ਤੱਕ। ਮਾਇ–ਮਾਂ। ਮਰਹਟ–ਮਰਘਟ, ਮਸਾਣ। ਹੰਸੁ–ਜਿੰਦ।੧।

ਵੈ–ਉਹ। ਬਿਤ–ਧਨ । ਪੁਰ–ਨਗਰ। ਪਾਟਨ–ਸ਼ਹਿਰ। ਬਹੁਰਿ–ਫਿਰ ਕਦੇ। ਆਇ–ਆ ਕੇ। ਕੀ ਨ–ਕਿਉਂ ਨਹੀਂ ?। ਅਕਾਰਥ–ਵਿਅਰਥ ।੨।

ਅਰਥ :–

ਪ੍ਰ:–ਕਬੀਰ ਜੀਉ ! ਇਹ ਸਾਡਾ ਮਨ ਪ੍ਰਵਾਰ ਦੇ ਮੋਹ ਵਿਚ ਇਤਨਾ ਗਲਤਾਨ ਹੈ ਕਿ ਇਸ ਨੂੰ ਉਸ ਪ੍ਰਭੂ ਦੇ ਨਾਮ ਸਿਮਰਨ ਦਾ ਕਦੀ ਭੀ ਧਿਆਨ ਨਹੀਂ ਆਉਂਦਾ ਕੋਈ ਅਜੇਹਾ ਉਪਦੇਸ਼ ਦਿਓ ਜਿਸ ਦਾ ਸਦਕਾ ਮਨ ਵਿਚ ਕੂੜੇ ਪ੍ਰਵਾਰ ਵਲੋਂ ਮਨ ਉਪ੍ਰਾਮ ਹੋ ਕੇ ਉਸ ਰੱਬੀ ਮਾਰਗ ਤੇ ਟੁਰ ਪਵੇ, ਜਿਸ ਤੋਂ ਕਿ ਇਹ ਹਰ ਵਕਤ ਹੀ ਆਲਸੀ ਰਹਿੰਦਾ ਹੈ ?

1. ਉ:–ਹੇ ਭਾਈ, ਮਨ ਨੂੰ ਹਮੇਸ਼ਾਂ ਇਉਂ ਹੀ ਸਮਝਾਇਆ ਕਰ ਕਿ, ਹੇ ਮੇਰੇ ਭੋਲੇ ਮਨਾ ! ਵੇਖ ਜੇ ਕਦੀ ਮਨੁੱਖ (ਰਾਜਾ ਭੀ ਬਣ ਜਾਏ ਤਾਂ ਭੀ) ਥੋੜੇ ਹੀ ਦਿਨ ਰਾਜ ਮਾਨ ਕੇ (ਭਾਵ, ਹਕੂਮਤ ਕਰ ਕੇ) ਆਖਰ ਇਥੋਂ ਤੁਰ ਹੀ ਪੈਂਦਾ ਹੈ।

ਪ੍ਰ:–ਕਬੀਰ ਜੀਉ ! ਗੁਜ਼ਰ ਚੁੱਕੇ ਸਾਰੇ ਜੀਵਨ ਵਿਚ ਇਕੱਠੀ ਕੀਤੀ ਮਾਇਆ ਨੂੰ ਛਡਣ ਲਈ ਮਨ ਨਹੀਂ ਕਰਦਾ, ਦਸੋ ਕੀ ਕੀਤਾ ਜਾਏ ?

2. ਉ:–ਹੇ ਭੋਲਿਆ ! ਵੇਖ, ਜੇ ਤੂੰ ਇਤਨਾ ਧਨ ਭੀ ਜੋੜ ਲਏਂ ਕਿ ਗੰਢਾਂ ਬੰਨ੍ਹ ਲਏਂ, ਜ਼ਮੀਨ ਵਿਚ ਦੱਬ ਰਖੇਂ ਤਾਂ ਭੀ ਕੋਈ ਚੀਜ਼ (ਅੰਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ ।੧। ਰਹਾਉ ।

ਪ੍ਰ:–ਕਬੀਰ ਜੀਉ ! ਮੈਂ ਵੇਖਦਾ ਹਾਂ ਕਿ ਮੇਰੇ ਸਾਰੇ ਪ੍ਰਵਾਰ ਦਾ ਮੇਰੇ ਨਾਲ ਅਤਿਅੰਤ ਮੋਹ ਪਿਆਰ ਹੈ, ਉਹ ਮੇਰਾ ਵਿਛੋੜਾ ਪਲ ਭਰ ਭੀ ਨਹੀਂ ਸਹਾਰਦੇ, ਦਸੋ ? ਮੈਂ ਭੀ ਉਨ੍ਹਾਂ ਦੇ ਦਿਲੀ ਪਿਆਰ ਨੂੰ ਕਿਵੇਂ ਤਿਆਗ ਸਕਦਾ ਹਾਂ ?

3. ਉ:–ਐ ਭੋਲਿਆ ! ਸੁਣ, ਇਹ ਉਨ੍ਹਾਂ ਦੇ ਦਿਲੀ ਪਿਆਰ ਹੋਣ ਦਾ ਤੈਨੂੰ ਕੇਵਲ ਭੁਲੇਖਾ ਹੀ ਹੈ, ਕਿਉਂਕਿ ਇਹਨਾਂ ਦਾ ਮੋਹ ਪਿਆਰ ਕਿਸੇ ਹੱਦ ਤਕ ਹੀ ਹੈ ? ਵੇਖ, ਜਦੋਂ ਮਨੁੱਖ ਮਰ ਜਾਂਦਾ ਹੈ ਤਾਂ, ਘਰ ਦੀ ਦਹਲੀਜ਼ ਉਤੇ ਬੈਠੀ ਵਹੁਟੀ ਰੋਂਦੀ ਹੈ, ਬਾਹਰਲੇ ਬੂਹੇ ਤਕ ਉਸਦੀ ਮਾਂ (ਉਸਦੇ ਮੁਰਦੇ ਸਰੀਰ ਦਾ) ਸਾਥ ਕਰਦੀ ਹੈ।

4. ਮਸਾਣਾਂ ਤਕ ਹੋਰ ਲੋਕ ਤੇ ਪ੍ਰਵਾਰ ਦੇ ਬੰਦੇ ਜਾਂਦੇ ਹਨ, (ਪਰ ਵੇਖ ਲੈ ਆਖਰ) ਜਿੰਦ (ਇਥੋਂ) ਇਕਲੀ ਹੀ ਜਾਂਦੀ ਹੈ ੧।

5. ਉਹ (ਆਪਣੇ) ਪੁੱਤਰ, ਧਨ, ਨਗਰ ਸ਼ਹਿਰ ਮੁੜ ਕਦੇ ਆ ਕੇ ਨਹੀਂ ਵੇਖ ਸਕਦੀ।

6. ਕਬੀਰ ਜੀ, ਕਥਨ ਕਰਦੇ ਹਨ ਕਿ, ਹੇ ਭਾਈ ! ਤੂੰ ਪ੍ਰਮਾਤਮਾਂ ਦਾ ਸਿਮਰਨ ਕਿਉਂ ਨਹੀਂ ਕਰਦਾ, (ਕਿਉਂਕਿ) ਸਿਮਰਨ ਤੋਂ ਬਿਨਾ ਤਾਂ ਇਹ ਜੀਵਨ ਬਿਰਥਾ ਹੀ ਚਲਾ ਜਾਂਦਾ ਹੈ ।੨।੬।

ਭਾਵਾਰਥ :–ਇਸ ਸ਼ਬਦ ਵਿਚ ਕਬੀਰ ਜੀ ਵੈਰਾਗ ਮਈ ਉਪਦੇਸ਼ ਦੇਂਦੇ ਹਨ ਕਿ ਇਹ ਧਨ, ਹਕੂਮਤ, ਪੁੱਤਰ; ਇਸਤ੍ਰੀ ਆਦਿਕ ਸਭ ਨਾਲੋਂ ਆਖਰ ਸਾਥ ਟੁੱਟ ਹੀ ਜਾਂਦਾ ਹੈ, ਇਹ ਸੰਸਾਰਕ ਵਡਿਆਈ ਭੀ ਚਾਰ ਦਿਨਾਂ ਦੀ ਹੈ, ਇਨ੍ਹਾਂ ਦੇ ਮੋਹ ਵਿਚ ਫਸ ਕੇ ਹੀ ਨਾਮ ਤੋਂ ਬਿਨਾ ਮਨੁੱਖ ਦਾ ਜੀਵਨ ਵਿਅਰਥ ਚਲਾ ਜਾਂਦਾ ਹੈ, ਸੋ, ਇਸ ਲਈ ਜੀਵਨ ਦੀ ਸਫਲਤਾ ਲਈ ਹਰ ਮਨੁੱਖ ਨੂੰ ਪ੍ਰਭੂ ਜੀ ਦੇ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਹਨ।

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

੧ ਓ ਸਤਿਗੁਰ ਪ੍ਰਸਾਦਿ ॥

1. **ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥**
2. **ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥**
3. **ਰੇ ਚਿਤ ਚੇਤਿ ਚੇਤ ਅਚੇਤ ॥**
4. **ਕਾਹੇ ਨ ਬਾਲਮੀਕਹਿ ਦੇਖ ॥**
5. **ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ ਰਹਾਉ ॥**
6. **ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥**
7. **ਲੋਗੁ ਬਪੁਰੋ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥**

8. ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ
ਗਏ ਹਰਿ ਕੈ ਪਾਸਿ ॥
9. ਐਸੇ ਦੁਰਮਤਿ ਨਿਸਤਰੇ
ਤੂ ਕਿਉ ਨ ਤਰਹਿ ਰਵਿਦਾਸ ॥੩॥੧॥

ਪਦ ਅਰਥ :–ਖਟੁ ਕਰਮ–(ਮਨੂ ਸਿਮਰਤੀ ਵਿਚ ਦਸੇ ਛੇ ਕਰਮ ਜੋ ਹਰੇਕ ਬ੍ਰਾਹਮਣ ਲਈ ਕਰਨੇ ਜ਼ਰੂਰੀ ਹਨ)। ਵਿਦਿਆ ਪੜ੍ਹਨੀ ਤੇ ਪੜ੍ਹਾਣੀ, ਜੱਗ ਕਰਨਾ ਤੇ ਕਰਾਣਾ, ਦਾਨ ਦੇਣਾ ਤੇ ਲੈਣਾ। ਸੰਜੁਗਤੁ–ਸਮੇਤ, ਸਹਿਤ । ਚਰਨਾਰਬਿੰਦ– ਚਰਨ+ਅਰਬਿੰਦ, ਚਰਨ ਕਮਲ। ਸੁਪਚ–ਚੰਡਾਲ, ਜ ਕੁੱਤੇ ਨੂੰ ਰਿੰਨ੍ਹ ਲਏ। ਤੁਲਿ–ਬਰਾਬਰ। ਸਮਾਨਿ–ਵਰਗਾ।੧।

ਰੇ ਅਚੇਤ ਚਿਤ–ਹੇ ਗਾਫ਼ਲ ਮਨ। ਕਾਹੇ ਨ–ਕਿਉਂ ਨਹੀਂ ?। ਪਦਹਿ–ਦਰਜੇ ਉਤੇ । ਅਮਰਿਓ–ਅੱਪੜਿਆ। ਬਿਸੇਖ–ਵਿਸ਼ੇਸ਼ਤਾ, ਵਡਿਆਈ।੧। ਰਹਾਉ।

ਸੁਆਨ ਸਤ੍ਰੁ–ਕੁੱਤਿਆਂ ਦਾ ਵੈਰੀ, ਕੁੱਤੇ ਨੂੰ ਮਾਰ ਕੇ ਖਾ ਜਾਣ ਵਾਲਾ। ਅਜਾਤੁ–ਨੀਚ, ਚੰਡਾਲ। ਹਤੁ–ਪਿਆਰ। ਬਪੁਰਾ–ਵਿਚਾਰਾ, ਨਿਮਾਣਾ। ਸਰਾਹੈ–ਸਿਫਤ ਕਰੇ।੨।

ਲੁਭਤੁ–ਲੁਬਧਕ, ਸ਼ਿਕਾਰੀ । ਕੁੰਚਰੁ–ਹਾਥੀ । ਦੁਰਮਤਿ–ਭੈੜੀ ਮਤ ਵਾਲੇ।੩।

ਅਜਾਮਲ–ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ ਜਿਸਨੇ ਇਕ ਵੇਸਵਾ ਨਾਲ ਵਿਆਹ ਕੀਤਾ ਸੀ, ਉਸ ਵੇਸਵਾ ਦੇ ਉਦਰ ਤੋਂ ੧੦ ਪੁੱਤਰ ਜਨਮੇਂ। ਛੋਟੇ ਪੁੱਤਰ ਦਾ ਨਾਮ ਨਾਰਾਇਣ ਹੋਣ ਕਰ ਕੇ ਅਜਾਮਲ ਨਾਰਾਇਣ ਦਾ ਭਗਤ ਬਣ ਗਿਆ ਅਤੇ ਮੁਕਤੀ ਦਾ ਅਧਿਕਾਰੀ ਹੋ ਗਿਆ।

ਕੁੰਚਰੁ–ਹਾਥੀ, ਗਜ। ਇਕ ਗੰਧਰਬ ਜੋ ਦੈਵਲ ਰਿਖੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ। ਵਰੁਣ ਦੇਵਤੇ ਦੇ ਤਲਾਬ ਵਿਚ ਤੰਦੂਏ ਨੇ ਇਸ ਨੂੰ ਗ੍ਰਸ ਲਿਆ ਸੀ। ਜ਼ਦੋਂ ਨਿਰਬਲ ਹੋ ਕੇ ਇਹ ਡੁਬਣ ਲਗਾ, ਤਦ ਕਮਲ ਸੁੰਡ ਵਿਚ ਲੈ ਕੇ ਈਸ਼੍ਵਰ ਨੂੰ ਅਰਾਧਦੇ ਹੋਏ ਨੇ ਸਹਾਇਤਾ ਲਈ ਪੁਕਾਰ ਕੀਤੀ ਸੀ। ਭਗਵਾਨ ਨੇ ਤੰਦੂਏ ਦੇ ਬੰਧਨਾਂ ਤੋਂ ਗਜਰਾਜ ਨੂੰ ਮੁਕਤ ਕੀਤਾ ਸੀ। ਇਹ ਕਥਾ ਭਾਗਵਤ ਦੇ ਅੱਠਵੇਂ ਅਸਕੰਧ ਦੇ ਦੂਜੇ ਅਧਿਆਇ ਵਿਚ ਹੈ।

ਪਿੰਗੁਲਾ–ਜਨਕ ਪੁਰੀ ਵਿਚ ਇਕ ਗਨਕਾ ਰਹਿੰਦੀ ਸੀ, ਜਿਸ ਦਾ ਨਾਮ ਪਿੰਗਲਾ ਸੀ। ਉਸ ਨੇ ਇਕ ਦਿਨ ਇਕ ਧਨੀ ਸੁੰਦਰ ਨੌਂ ਜੁਆਨ ਵੇਖਿਆ, ਉਸ ਉਤੇ ਮੋਹਤ ਹੋ ਗਈ, ਪਰ ਉਹ ਉਸ ਪਾਸ ਨ ਆਇਆ। ਪਿੰਗਲਾ ਦੀ ਸਾਰੀ ਰਾਤ ਬੇਚੈਨੀ ਵਿਚ ਬੀਤੀ। ਅੰਤ ਨੂੰ ਉਸ ਦੇ ਮਨ ਵਿਚ ਵੈਰਾਗ ਪੈਦਾ ਹੋਇਆ ਕਿ ਜੇ ਅਜੇਹਾ ਪ੍ਰੇਮ ਮੈਂ ਪ੍ਰਮੇਸ਼ਰ ਵਿਚ ਲਾਂਦੀ ਤਾਂ ਕਿਹਾ ਚੰਗਾ ਫਲ ਮਿਲਦਾ। ਪਿੰਗਲਾ ਕਰਤਾਰ ਦੇ ਸਿਮਰਨ ਵਿਚ ਲਗ ਕੇ ਅੰਤ ਮੁਕਤ ਹੋ ਗਈ।

ਅਰਥ :–

ਪ੍ਰ:–ਭਗਤ ਜੀਉ ! ਚੌਹਾਂ ਵਰਣਾਂ ਵਿਚ ਹਿੰਦੂ ਮਤ ਦੇ ਸ਼ਾਸ਼ਤ੍ਰਾਂ ਨੇ ਬ੍ਰਾਹਮਣ ਵਰਣ ਨੂੰ ਉੱਤਮ ਮੰਨਿਆ ਹੈ, ਪਰ ਆਪ ਜੀ ਦੇ ਇਸ ਸੰਬੰਧ ਵਿਚ ਕੀ ਵੀਚਾਰ ਹਨ ?

1. **ਉ**:–ਹੇ ਭਾਈਓ ! ਸੁਣੋ, ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਜੇ ਕੋਈ ਮਨੁੱਖ ਉਚੀ ਬ੍ਰਾਹਮਣ ਕੁਲ ਦਾ ਭੀ ਹੋਵੇ ਤੇ ਛੇ ਕਰਮ ਕਰਦਾ ਹੋਵੇ, ਪਰ ਜੇ ਉਸ ਦੇ ਹਿਰਦੇ ਵਿਚ ਪ੍ਰਮੇਸ਼ਰ ਦੀ ਭਗਤੀ ਨਹੀਂ।
2. ਜੇ ਉਸ ਨੂੰ ਪ੍ਰਭੂ ਦੇ ਸੋਹਣੇ ਚਰਨਾਂ ਦੀਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ, ਤਾਂ (ਸਮਝੋ) ਉਹ ਚੰਡਾਲ ਦੇ ਬਰਾਬਰ ਹੈ, ਚੰਡਾਲਾ ਵਰਗਾ ਹੈ।੧।
3. (ਇਸ ਲਈ) ਭਗਤ ਜੀ ਮਨ ਨੂੰ ਸੰਬੋਧਨ ਕਰਦੇ ਹਨ ਕਿ, ਹੇ ਮੇਰੇ ਗਾਫਲ ਮਨ (ਤੂੰ) ਪ੍ਰਭੂ ਨੂੰ ਸਿਮਰ।
4. ਹੇ ਮਨ ! ਤੂੰ ਬਾਲਮੀਕ ਵਲ ਕਿਉਂ ਨਹੀਂ ਦੇਖਦਾ ?।
5. ਵੇਖ, ਉਹ ਇਕ ਨੀਵੀਂ ਜਾਤ ਤੋਂ ਬੜੇ ਵਡੇ ਦਰਜੇ ਉਤੇ ਅੱਪੜ ਗਿਆ, ਇਹ ਵਡਿਆਈ ਪ੍ਰਮਾਤਮਾ ਦੀ ਭਗਤੀ ਦੇ ਕਾਰਨ ਹੀ ਸੀ।੧। ਰਹਾਉ।
6. ਹੇ ਮੇਰੇ ਮਨ ! ਵੇਖ, (ਬਾਲਮੀਕ) ਕੁੱਤਿਆਂ ਦਾ ਵੈਰੀ ਸੀ ਸਭ ਲੋਕਾਂ ਨਾਲੋਂ ਚੰਡਾਲ ਸੀ, ਪਰ ਉਸ ਨੇ ਪ੍ਰਭੂ ਨਾਲ ਪਿਆਰ ਕੀਤਾ।
7. ਹੇ ਮਨਾ ! ਵੇਖ; ਵਿਚਾਰਾ ਜਗਤ ਤਾਂ ਉਸ ਦੀ ਕੀ ਵਡਿਆਈ ਕਰ ਸਕਦਾ ਹੈ ? ਉਸ ਦੀ ਸੋਭਾ ਤਾਂ ਤ੍ਰਿਲੋਕੀ ਵਿਚ ਖਿੱਲਰ ਗਈ ਹੈ।੨।
8. ਹੇ ਮਨ ! ਵੇਖ, ਅਜਾਮਲ, ਪਿੰਗਲਾ, ਸ਼ਿਕਾਰੀ, ਕੁੰਚਰ, ਇਹ ਸਾਰੇ (ਮੁਕਤ ਹੋ ਕੇ) ਪ੍ਰਭੂ ਚਰਨਾਂ ਵਿਚ ਜਾ ਅੱਪੜੇ।
9. ਹੇ ਰਵਿਦਾਸ ! ਵੇਖ, ਜੇ ਅਜਿਹੀ ਭੈੜੀ ਮੱਤ ਵਾਲੇ ਤਰ ਗਏ, ਤਾਂ ਤੂੰ (ਇਸ ਸੰਸਾਰ ਸਾਗਰ ਤੋਂ) ਕਿਉਂ ਨਾ ਪਾਰ ਲੰਘੇਂਗਾ ?।੩।੧।

ਭਾਵਾਰਥ :–ਕਾਂਸ਼ੀ ਦਾ ਉਘਾ ਭਗਤ ਜੋ ਰਾਮਾਂ ਨੰਦ ਦਾ ਚੇਲਾ ਤੇ ਕਬੀਰ ਜੀ ਦਾ ਸਮਕਾਲੀ ਸੀ ਇਹ ਚਮਾਰ ਦਾ ਕੰਮ ਕਰਨ ਵਾਲਾ ਸੀ। ਇਸ ਸ਼ਬਦ ਵਿਚ ਆਪ ਨਾਮ ਸਿਮਰਨ ਦੀ ਵਡਿਆਈ ਅੰਕਤ ਕਰਦੇ ਹਨ; ਸਿਮਰਨ ਵਡੇ ਵਡੇ ਪਾਪੀਆਂ ਨੂੰ ਤਾਰ ਦੇਂਦਾ ਹੈ. ਪਰ ਉਚੀ ਕੁਲ ਵਾਲਾ ਤੇ ਕਰਮ ਕਾਂਡੀ ਹੋਣ ਨਾਲ ਹਰੀ ਦੀ ਨਜ਼ਰਾਂ ਵਿਚ ਪ੍ਰਵਾਨ ਨਹੀਂ ਹੋਈਦਾ, ਸਿਮਰਨ ਤੋਂ ਸਖਣਾ ਮਨੁੱਖ ਤਾਂ ਅਸਲ ਨੀਚ ਹੀ ਮੰਨਿਆਂ ਜਾਂਦਾ ਹੈ।

(ਰਾਗੁ ਕੇਦਾਰਾ ਸਮਾਪਤ)

ਰਾਗੁ ਭੈਰਉ

ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

1. ਤੁਝ ਤੇ ਬਾਹਰਿ ਕਿਛੂ ਨ ਹੋਇ ॥
2. ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥
3. ਕਿਆ ਕਹੀਐ ਕਿਛੁ ਕਹੀ ਨ ਜਾਇ ॥
4. ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥
5. ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥
6. ਕਿਸੁ ਆਗੈ ਕੀਚੈ ਅਰਦਾਸਿ ॥੨॥
7. ਆਖਣੁ ਸੁਨਣਾ ਤੇਰੀ ਬਾਣੀ ॥
8. ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥
9. ਕਰੇ ਕਰਾਏ ਜਾਣੈ ਆਪਿ ॥
10. ਨਾਨਕ ਦੇਖੈ ਥਾਪਿ ਉਥਾਪਿ ॥੪॥੧॥

ਪਦ ਅਰਥ :—ਤੁਝ ਤੇ ਬਾਹਰਿ—ਤੇਰੀ ਮਰਜ਼ੀ ਦੇ ਉਲਟ। ਦੇਖਹਿ—ਤੂੰ ਸੰਭਾਲ ਕਰਦਾ ਹੈਂ। ਜਾਣਹਿ ਸੋਇ—ਤੂੰ ਹੀ ਉਸ (ਆਪਣੇ ਕੀਤੇ) ਨੂੰ ਸਮਝਦਾ ਹੈਂ।੧

ਅਹੈ-ਹੈ, ਹੋ ਰਿਹਾ ਹੈ। ਰਜਾਇ—ਮਰਜ਼ੀ, ਹੁਕਮ, ਮਰਯਾਦਾ।੧। ਰਹਾਉ।

ਕੀਚੈ—ਕੀਤਾ ਜਾਏ।੨।

ਬਾਣੀ—ਸਿਫਤ ਸਲਾਹ। ਵਿਡਾਣ—ਅਮਚਰਜ ਕੌਤਕ। ਵਿਡਾਣੀ—ਅਸਚਰਜ ਕੌਤਕ ਕਰਨ ਵਾਲਾ। ਸਰਬ ਵਿਡਾਣੀ—ਹੇ ਸਾਰੇ ਅਸਚਰਜ ਕੌਤਕ ਕਰਸ ਵਾਲੇ।੩।

ਥਾਪਿ-ਬਣਾਕੇ, ਪੈਦਾ ਕਰਕੇ। ਉਥਾਪਿ—ਢਹਿਕੇ।੪।

ਅਰਥ :—

ਪ੍ਰ:—ਸ੍ਰੀ ਜੀਉ ! ਜੋ ਮਨੁੱਖ ਸਿਮਰਨ ਕਰਨ ਵਿਚ ਪ੍ਰਪੱਕ ਹੋ ਜਾਂਦੇ ਹਨ, ਉਨ੍ਹਾਂ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤਦੀ ਹੈ ?

1. ਉ:—ਹੇ ਭਾਈ ! ਉਨ੍ਹਾਂ ਦੇ ਮਨ ਵਿਚ ਤਾਂ ਇਉਂ ਹੀ ਨਿਸਚਾ ਹੋ ਜਾਂਦਾ ਕਿ, ਹੇ ਪ੍ਰਭੂ ! (ਜਗਤ ਵਿਚ) ਜੋ ਭੀ ਕੁਝ ਹੋ ਰਿਹਾ ਹੈ (ਇਹ) ਸਭ ਤੇਰੀ ਮਰਜੀ ਅਨੁਸਾਰ ਹੀ ਹੋ ਰਿਹਾ, (ਭਾਵੇਂ. ਉਹ ਜੀਵਾਂ ਵਾਸਤੇ ਸੁਖ ਹੈ ਚਾਹੇ ਦੁੱਖ ਹੈ)।
2. ਤੂੰ ਆਪ ਹੀ ਉਤਪਤੀ ਕਰਕੇ ਉਸ ਦੀ ਸੰਭਾਲ ਕਰਦਾ ਹੈ, ਤੂੰ ਹੀ ਉਸ ਆਪਣੇ ਕੀਤੇ ਨੂੰ ਆਪ ਹੀ ਸਮਝਦਾ ਹੈਂ।੧।

3.4 ਹੇ ਭਾਈ ! ਜੇ ਜੀਵਾਂ ਨੂੰ ਕੋਈ ਕਸ਼ਟ ਮਿਲ ਰਿਹਾ ਹੈ ਤਾਂ ਭੀ ਉਸ ਦੇ ਰੋਸ ਵਜੋਂ ਅਸੀਂ ਜੀਵ ਕੀ ਆਖ ਸਕਦੇ ਹਾਂ ? ਸਾਨੂੰ ਤੇਰੀ ਰਜ਼ਾ ਦੀ ਸਮਝ ਨਹੀਂ ਹੈ, ਇਸ ਵਾਸਤੇ ਸਾਥੋਂ (ਜੀਵਾਂ ਪਾਸੋਂ) ਕੋਈ ਗਿਲ੍ਹਾ ਕੀਤਾ ਨਹੀਂ ਜਾ ਸਕਦਾ (ਕੋਈ ਗਿਲ੍ਹਾ ਫੱਬਦਾ ਨਹੀਂ ਹੈ)।੧। ਰਹਾਉ।

5. (ਜਗਤ ਵਿਚ) ਕੋਈ ਭੀ ਕੰਮ ਤੇਰੀ ਮਰਜ਼ੀ ਦੇ ਵਿਰੁੱਧ ਨਹੀਂ ਹੋ ਰਿਹਾ।
6. ਅਸਾਂ ਜੀਵਾਂ ਨੂੰ ਦੁਖਦਾਈ ਜੋ ਤੇਰੀ ਰਜ਼ਾ ਵਿਚ ਐਸੀ ਘਟਨਾ ਵਾਪਰੇ ਤਾਂ ਤੈਥੋਂ ਬਿਨਾ ਕਿਸੇ ਹੋਰ ਅਗੇ ਅਰਜ਼ੋਈ ਭੀ ਨਹੀਂ ਕੀਤੀ ਜਾ ਸਕਦੀ।
7. ਸੋ ਅਸੀਂ ਜੀਵਾਂ ਨੇ ਜਿਹੜਾ ਭੀ ਕੋਈ ਤਰਲਾ ਕਰਨਾ ਹੈ, ਉਹ ਤੇਰੇ ਪਾਸ ਹੀ ਕਰਨਾ ਹੈ।੨।
8. ਇਸ ਲਈ, ਹੇ ਸਾਰੇ ਅਸਚਰਜ ਕੌਤਕ ਕਰਨ ਵਾਲੇ ਪ੍ਰਭੂ ਤੂੰ ਆਪ ਹੀ (ਆਪਣੇ ਕੀਤੇ ਕੰਮਾਂ ਦੇ ਰਾਜ਼)ਸਮਝਦਾ ਹੈਂ।
9. ਸੋ (ਸਾਨੂੰ ਜੀਵਾਂ ਨੂੰ) ਇਹੀ ਫਬਦਾ ਹੈ ਕਿ ਅਸੀਂ ਤੇਰੀ ਸਿਫਤ ਸਲਾਹ ਹੀ ਕਰਦੇ ਤੇ ਸੁਣਦੇ ਰਹੀਏ।੩।
10. ਕਥਨ ਕਰਦੇ ਹਨ ਕਿ, ਹੇ ਪ੍ਰਭੂ ! ਤੂੰ ਜਗਤ ਨੂੰ ਰਚਕੇ ਤੇ ਢਾਹ ਕੇ ਭੀ ਆਪ ਹੀ ਸੰਭਾਲ ਕਰਦਾ ਹੈਂ. ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ ਆਪ ਹੀ (ਜੀਵਾਂ ਪਾਸੋਂ) ਕਰਾਂਦਾ ਹੈ, ਆਪ ਹੀ (ਸਾਰੇ ਭੇਦ ਨੂੰ) ਸਮਝਦਾ ਹੈ (ਕਿ ਕਿਉਂ ਇਹ ਕੁਝ ਕਰ ਤੇ ਕਰਾ ਰਿਹਾ ਹੈ)।੪।੧।

ਭਾਵਾਰਥ :—ਉਸ ਸਾਈਂ ਜੀ ਦੇ ਨਾਮ ਸਿਮਰਨ ਦੀ ਬਰਕਤ ਨਾਲ ਨਾਮੀ ਨੂੰ ਇਹ ਸਮ ਦ੍ਰਿਸ਼ਟੀ ਪ੍ਰਾਪਤ ਹੋ ਆਉਂਦੀ ਹੈ ਕਿ ਉਹ ਇਸ ਸ੍ਰਿਸ਼ਟੀ ਦਾ ਮਾਲਕ ਹੈ ਅਤੇ ਜੋ ਕੁਝ ਭੀ ਹੋ ਰਿਹਾ ਹੈ ਇਹ ਸਭੋ ਕੁਝ ਉਸ ਸਾਈਂ ਜੀ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ।

ੴ ਸਤਿਗੁਰ ਪ੍ਰਸਾਦਿ ॥
ਰਾਗੁ ਭੈਰਉ ਮਹਲਾ ੧ ਘਰੁ ੨ ॥

1. ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥
2. ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥੧॥
3. ਭਵਜਲੁ ਬਿਨੁ ਸਬਦੈ ਕਿਉ ਤਰੀਐ ॥
4. ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥
5. ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥

6. ਆਪੇ ਦਾਤਿ ਕਰੀ ਗੁਰਿ ਦਾਤੈ
ਪਾਇਆ ਅਲਖ ਅਭੇਵਾ ॥੨॥
7. ਮਨੁ ਰਾਜਾ ਮਨੁ ਮਨ ਤੇ ਮਾਨਿਆ
ਮਨਸਾ ਮਨਹਿ ਸਮਾਈ ॥
8. ਮਨੁ ਜੋਗੀ ਮਨੁ ਬਿਨਸਿ ਬਿਓਗੀ
ਮਨੁ ਸਮਝੈ ਗੁਣ ਗਾਈ ॥੩॥
9. ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ
ਤੇ ਵਿਰਲੇ ਸੰਸਾਰਾ ॥
10. ਨਾਨਕ ਸਾਹਿਬੁ ਭਰਿਪੁਰਿ ਲੀਣਾ
ਸਾਚ ਸਬਦਿ ਨਿਸਤਾਰਾ ॥੪॥੧॥੨॥

ਪਦ ਅਰਥ :–ਸਬਦਿ–ਸ਼ਬਦ ਦੀ ਰਾਹੀਂ । ਕੈ ਸਬਦਿ–ਦੇ ਸ਼ਬਦ ਦੀ ਰਾਹੀਂ । ਮੁਨਿ–ਮੋਨਧਾਰੀ ਸਾਧੂ, ਸਦਾ ਚੁਪ ਸਾਧੀ ਰਖਣ ਵਾਲੇ । ਕੇਤੇ–ਕਿਤਨੇ ਹੀ, ਬੇਅੰਤ । ਇੰਦ੍ਰਾਦਿਕ–ਇੰਦ੍ਰ ਆਦਿਕ, ਇੰਦ੍ਰ ਅਤੇ ਉਸ ਵਰਗੇ ਹੋਰ । ਬ੍ਰਹਮਾਦਿ–ਬ੍ਰਹਮਾ ਆਦਿ, ਬ੍ਰਹਮਾ ਤੇ ਉਸ ਵਰਗੇ ਹੋਰ । ਸਨਕ ਸਨੰਦਨ–ਬ੍ਰਹਮਾਂ ਦੇ ਪੁੱਤਰ । ਪਾਰਿ–ਪਰੇ–(ਭਵਜਲ ਤੋਂ) ਪਾਰ ਲੰਘ ਗਏ ।੧।

ਭਵਜਲੁ–ਸੰਸਾਰ ਸਮੁੰਦਰ । ਕਿਉ ਤਰੀਐ–ਕਿਵੇਂ ਤਰਿਆ ਜਾਏ ? ਨਹੀਂ ਤਰਿਆ ਜਾ ਸਕਦਾ । ਰੋਗਿ–ਰੋਗ ਵਿਚ, ਦੁਬਿਧਾ ਦੇ ਰੋਗ ਵਿਚ । ਬਿਆਪਿਆ–ਗ੍ਰਸਿਆ ਹੋਇਆ ਫਸਿਆ ਹੋਇਆ । ਦੁਬਿਧਾ–ਦੋ ਕਿਸਮਾਂ, ਪਨ, ਮੇਰ ਤੇਰ । ਡੁਬਿ–ਡੁੱਬ ਕੇ । ਡੁਬਿ ਡੁਬਿ–ਮੁੜ ਮੁੜ ਡੁੱਬ ਕੇ । ਮਰੀਐ–ਆਤਮਕ ਮੌਤ ਸਹੇੜ ਲਈਦੀ ਹੈ ।੧। ਰਹਾਉ ।

ਦੇਵਾ–ਪ੍ਰਕਾਸ਼ ਰੂਪ, ਚਾਨਣ ਦਾ ਸੋਮਾਂ । ਅਭੇਵਾ–ਜਿਸ ਦਾ ਭੇਤ ਨਾ ਪੈ ਸਕੇ । ਗੁਰਿ–ਗੁਰੂ ਨੇ । ਦਾਤੈ–ਦਾਤੇ ਨੇ ।੨।

ਰਾਜਾ–ਬਲੀ ਹਾਕਮ, ਇੰਦ੍ਰਿਆਂ ਦਾ ਮਾਲਕ, ਇੰਦ੍ਰਿਆਂ ਉਤੇ ਕਾਬੂ ਪਾ ਸਕਣ ਵਾਲਾ । ਮਨ ਤੇ–ਮਨ ਤੋਂ, ਮਨ (ਦੇ ਮਾਇਕ ਫੁਰਨਿਆਂ) ਤੋਂ । ਮਾਨਿਆ–ਮੰਨ ਗਿਆ, ਵਰਜਿਆ ਗਿਆ । ਮਨਸਾ–ਮਨ ਦੀ ਵਾਸ਼ਨਾ । ਮਨਹਿ–ਮਨ ਹੀ, ਮਨ ਵਿਚ ਹੀ । ਜੋਗੀ–ਪ੍ਰਭੂ ਚਰਨਾਂ ਵਿਚ ਮਿਲਿਆ ਹੋਇਆ । ਬਿਨਸਿ–ਬਿਨਸ ਕੇ, ਮਰ ਕੇ, ਆਪਾ ਭਾਵ ਵਲੋਂ ਖਤਮ ਹੋ ਕੇ । ਬਿਓਗੀ–ਬ੍ਰਿਹੀ, ਪ੍ਰੇਮੀ । ਗਾਈ–ਗਾਏ ਗਾਂਦਾ ਹੈ ।੩।

ਗੁਰ ਤੇ–ਗੁਰੂ ਤੋਂ, ਗੁਰੂ ਤੋਂ ਉਪਦੇਸ਼ ਲੈ ਕੇ । ਤੇ–ਉਹ ਬੰਦੇ। ਭਰਿਪੁਰਿ–ਸਾਰੇ ਜਗਤ ਵਿਚ ਨੱਕਾ ਨੱਕ ਭਰਿਆ ਹੋਇਆ । ਲੀਣ–ਸਾਰੇ ਜਗਤ ਵਿਚ ਵਿਆਪਕ । ਸਬਦਿ–ਸ਼ਬਦ ਵਿਚ ਜੁੜਿਆਂ ।੪।

ਅਰਥ :–

ਪ੍ਰ:–ਸ੍ਰੀ ਜੀਉ ! ਆਪ ਜੀ ਗੁਰੂ ਦੇ ਸ਼ਬਦ ਦੀ ਮਹਿਮਾ ਅਨੇਕਾਂ ਥਾਵਾਂ ਤੇ ਅੰਕਤ ਕਰਦੇ ਆ ਰਹੇ ਹੋ, ਸੋ, ਇਸ ਗੁਰੂ ਦੇ ਸ਼ਬਦ ਵਿਚ ਆਖਰ ਕਿਤਨੀ ਕੁ ਸ਼ਕਤੀ ਹੈ ?

1. ਉ:–ਹੇ ਭਾਈ ! ਗੁਰੂ ਦੇ ਸ਼ਬਦ ਦੀ ਸ਼ਕਤੀ ਬਿਆਨੀ ਨਹੀਂ ਜਾ ਸਕਦੀ, ਵੇਖੋ, ਇੰਦ੍ਰ, ਬ੍ਰਹਮਾਂ ਅਤੇ ਉਨ੍ਹਾਂ ਵਰਗੇ ਹੋਰ ਅਨੇਕਾਂ ਸਮਾਧੀਆਂ ਲਾਣ ਵਾਲੇ ਸਾਧੂ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਦੇ ਰਹੇ ।

2. ਅਤੇ ਬ੍ਰਹਮਾਂ ਦੇ ਪੁੱਤ੍ਰ ਸਨਕ, ਸਨੰਦਨ ਤੇ ਹੋਰ ਅਨੇਕਾਂ ਤਪੀ ਸਾਧੂ ਗੁਰੂ ਦੀ ਮਿਹਰ ਨਾਲ ਹੀ ਭਵਜਲ ਤੋਂ ਪਾਰ ਲੰਘੇ ਹਨ ।੧।

3. ਇਸ ਲਈ, ਹੇ ਭਾਈਓ ! ਗੁਰੂ ਦੇ ਸ਼ਬਦ (ਦੀ ਅਗਵਾਈ) ਤੋਂ ਬਿਨਾ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕੀਦਾ ਹੈ ।

4. (ਕਿਉਂਕਿ) ਪ੍ਰਮੇਸ਼ਰ ਦੇ ਨਾਮ ਤੋਂ ਵਾਂਝਿਆਂ ਰਹਿ ਕੇ ਜਗਤ (ਮੇਰ ਤੇਰ ਵਿਤਕਰੇ ਦੇ) ਰੋਗ ਵਿਚ ਫਸਿਆ ਰਹਿੰਦਾ ਹੈ ਤੇ ਮੇਰ ਤੇਰ (ਦੇ ਡੂੰਘੇ ਪਾਣੀਆਂ) ਵਿਚ ਮੁੜ ਮੁੜ ਡੁੱਬ ਕੇ (ਗੋਤੇ ਖਾ ਕੇ ਆਖਰ) ਆਤਮਕ ਮੌਤ ਸਹੇੜ ਲਈਦੀ ਹੈ ।੧। ਰਹਾਉ ।

5. ਹੇ ਭਾਈਓ ! ਮੈਂ ਤਾਂ ਇਉਂ ਹੀ ਨਿਸਚਾ ਰਖਦਾ ਹਾਂ ਕਿ; ਗੁਰੂ (ਆਤਮਕ ਜੀਵਨ ਦੇ) ਚਾਨਣ ਦਾ ਸੋਮਾਂ ਹੈ, ਗੁਰੂ ਹੀ ਅਲਖ ਅਭੇਵ ਪ੍ਰਮਾਤਮਾਂ (ਦਾ ਰੂਪ) ਹੈ, ਗੁਰੂ ਦੇ ਦਸੇ ਰਸਤੇ ਤੇ ਤੁਰਿਆਂ ਹੀ ਗੁਰੂ ਦੀ ਦਸੀ ਹੋਈ ਕਾਰ ਕਮਾਇਆਂ ਹੀ ਤਿੰਨ ਭਵਣਾਂ (ਵਿਚ ਵਿਆਪਕ ਪ੍ਰਭੂ) ਦੀ ਸੂਝ ਪੈਂਦੀ ਹੈ ।

6. ਹੇ ਪਿਆਰੇ ! ਨਾਮ ਦੀ ਦਾਤ ਦੇਣ ਵਾਲੇ ਗੁਰੂ ਨੇ ਜਿਸ ਮਨੁੱਖ ਨੂੰ ਆਪ (ਨਾਮ ਦੀ) ਦਾਤ ਦਿਤੀ, ਉਸ ਨੂੰ ਅਲੱਖ ਅਭੇਵ ਪ੍ਰਭੂ ਲਭ ਪਿਆ ਹੈ ।੨।

7. ਹੇ ਭਾਈ ! ਗੁਰੂ ਦੀ ਮਿਹਰ ਨਾਲ ਜਿਹੜਾ ਮਨ ਆਪਣੇ ਸਰੀਰਕ ਇੰਦ੍ਰਿਆਂ ਉਤੇ ਕਾਬੂ ਪਾਣ ਜੋਗ ਹੋ ਗਿਆ, ਉਹ ਮਨ ਮਾਇਕ ਫੁਰਨਿਆਂ ਦੇ ਪਿਛੇ ਦੌੜ ਭੱਜ ਬੰਦ ਕਰਨੀ ਮੰਨ ਗਿਆ, ਉਸ ਮਨ ਦੀ ਵਾਸ਼ਨਾ ਉਸ ਦੇ ਆਪਣੇ ਹੀ ਅੰਦਰ ਲੀਨ ਹੋ ਗਈ, ਭਾਵ ਮੁੱਕ ਗਈ ।

8. ਐ ਪਿਆਰੇ ! ਗੁਰੂ ਦੀ ਮਿਹਰ ਨਾਲ ਮਨ ਪ੍ਰਭੂ ਚਰਨਾਂ ਦਾ ਮਿਲਾਪੀ ਹੋ ਗਿਆ, ਉਹ ਮਨ ਆਪਾ ਭਾਵ ਵਲੋਂ ਖਤਮ ਹੋ ਕੇ ਪ੍ਰਭੂ (ਦੀਦਾਰ) ਦਾ ਪ੍ਰੇਮੀ ਹੋ ਗਿਆ, ਉਹ ਮਨ ਉਚੀ ਸੂਝ ਵਾਲਾ ਹੋ ਗਿਆ ਤੇ ਪ੍ਰਭੂ ਦੀ ਸਿਫਤ ਸਲਾਹ ਕਰਨ ਲਗ ਪਿਆ ।੩।

9. ਹੇ ਭਾਈਓ ! ਜਗਤ ਵਿਚ ਉਹ ਵਿਰਲੇ ਬੰਦੇ ਹਨ ਜਿਨ੍ਹਾਂ ਨੇ ਗੁਰੂ ਦੀ ਸ਼ਰਨ ਪੈ ਕੇ ਆਪਣਾ ਮਨ ਵਸ ਵਿਚ ਕੀਤਾ ਹੈ ਤੇ ਗੁਰੂ ਦੇ ਸ਼ਬਦ ਨੂੰ ਆਪਣੇ ਮਨ ਵਿਚ ਵਸਾਇਆ ਹੈ ।

ਪ੍ਰ:–ਸ੍ਰੀ ਜੀਓ ! ਅਜਿਹੇ ਮਨੁੱਖ ਦੀ ਪਛਾਣ ਕੀ ਹੈ ?

10. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਨ੍ਹਾਂ ਨੇ ਇਹ ਪਦਵੀ ਪਾ ਲਈ ਹੈ, ਉਨ੍ਹਾਂ ਨੂੰ ਮਾਲਕ ਪ੍ਰਭੂ ਸਾਰੇ ਜਗਤ ਵਿਚ (ਨੱਕਾ ਨੱਕ) ਵਿਆਪਕ ਦਿਸ ਪੈਂਦਾ ਹੈ, ਗੁਰੂ ਦੇ ਸੱਚੇ ਸ਼ਬਦ ਦੀ ਬਰਕਤ ਨਾਲ (ਸੰਸਾਰ ਸਮੁੰਦ੍ਰ ਦੇ ਮੇਰ ਤੇਰ ਦੇ ਡੂੰਘੇ ਪਾਣੀਆਂ ਵਿਚੋਂ) ਉਹ ਪਾਰ ਲੰਘ ਜਾਂਦੇ ਹਨ ।੪।੧।੨।

ਨੋਟ :–'ਘਰੁ ੨' ਦਾ ਇਹ ਪਹਿਲਾ ਸ਼ਬਦ ਹੈ। ਅੰਕ ੧ ਦਾ ਇਹੀ ਭਾਵ ਹੈ।

ਭਾਵਾਰਥ :–ਵਡੇ ਵਡੇ ਰਿਸ਼ੀ ਮੁਨੀ ਤੇ ਦੇਵਤੇ ਗੁਰੂ ਦੇ ਸ਼ਬਦ ਰਾਹੀਂ ਹੀ ਤਰਦੇ ਆਏ ਹਨ (੧) ਗੁਰੂ ਅਲੱਖ ਅਭੇਵ ਹਰੀ ਦਾ ਰੂਪ ਹੈ, ਇਸੇ ਲਈ ਅਲੱਖ ਅਭੇਵ ਹਰੀ ਦੀ ਸੋਝੀ ਕਰਾ ਸਕਦਾ ਹੈ (੨) ਤੇ ਮਨ ਦੀਆਂ ਸਾਰੀਆਂ ਹਾਲਤਾਂ ਵਿਚ ਉਸ ਦੀ ਨਿਸ਼ਾ ਕਰਾ ਸਕਦਾ ਹੈ (੩) ਐਸੇ ਜਨ ਵਿਰਲੇ ਹੀ ਹੁੰਦੇ ਹਨ, ਜੋ ਗੁਰੂ ਦੀ ਰਾਹੀਂ ਉਪਰ ਦਸੇ ਦੋ ਕੰਮ ਕਰਦੇ ਹਨ ਅਰਥਾਤ ਮਨ ਨੂੰ ਮਾਰਨਾ ਅਤੇ ਅਲੱਖ ਅਭੇਵ ਹਰੀ ਨੂੰ ਹਰ ਥਾਂ ਪਸਰਿਆ ਹੋਇਆ ਵੇਖਣਾ ।੪।

ਭੈਰਉ ਮਹਲਾ ੧ ॥

1. ਨੈਨੀ ਦ੍ਰਿਸਟਿ ਨਹੀ ਤਨੁ ਹੀਨਾ
ਜਰਿ ਜੀਤਿਆ ਸਿਰਿ ਕਾਲੋ ॥
2. ਰੂਪੁ ਰੰਗੁ ਰਹਸੁ ਨਹੀ ਸਾਚਾ
ਕਿਉ ਛੋਡੈ ਜਮ ਜਾਲੋ ॥੧॥
3. ਪ੍ਰਾਣੀ ਹਰਿ ਜਪਿ ਜਨਮੁ ਗਇਓ ॥
4. ਸਾਚ ਸਬਦ ਬਿਨੁ ਕਬਹੁ ਨ ਛੂਟਸਿ
ਬਿਰਥਾ ਜਨਮੁ ਭਇਓ ॥੧॥ ਰਹਾਉ ॥
5. ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ
ਕਠਿਨ ਪੀਰ ਅਤਿ ਭਾਰੀ ॥
6. ਗੁਰਮੁਖਿ ਰਾਮ ਜਪਹੁ ਰਸੁ ਰਸਨਾ
ਇਨ ਬਿਧਿ ਤਰੁ ਤੂ ਤਾਰੀ ॥੨॥
7. ਬਹਰੇ ਕਰਨ ਅਕਲਿ ਭਈ ਹੋਛੀ
ਸਬਦ ਸਹਜੁ ਨਹੀ ਬੂਝਿਆ ॥
8. ਜਨਮੁ ਪਦਾਰਥੁ ਮਨਮੁਖਿ ਹਾਰਿਆ
ਬਿਨੁ ਗੁਰ ਅੰਧੁ ਨ ਸੂਝਿਆ ॥੩॥
9. ਰਹੈ ਉਦਾਸੁ ਆਸ ਨਿਰਾਸਾ
ਸਹਜ ਧਿਆਨਿ ਬੈਰਾਗੀ ॥
10. ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ
ਰਾਮ ਨਾਮਿ ਲਿਵ ਲਾਗੀ ॥੪॥੨॥੩॥

ਪਦ ਅਰਥ :–ਨੈਨੀ–ਅੱਖਾਂ ਵਿਚ । ਦ੍ਰਿਸਟਿ–ਵੇਖਣ ਦੀ ਤਾਕਤ । ਹੀਨਾ–ਕਮਜ਼ੋਰ, ਲਿੱਸਾ । ਜਰਿ–ਜਰ ਨੇ, ਬੁਢੇਪੇ ਨੇ । ਸਿਰਿ-ਸਿਰ ਉਤੇ । ਕਾਲੋ–ਕਾਲੁ, ਮੌਤ । ਰਹਸੁ–ਖਿੜਾਉ । ਸਾਚਾ–ਸਦਾ ਕਾਇਮ ਰਹਿਣ ਵਾਲਾ, ਰੱਬੀ । ਜਮ ਜਾਲੋ–ਜਮ ਦਾ ਜਾਲ, ਜਮ ਦੀ ਫਾਹੀ ।੧।

ਜਨਮੁ–ਮਨੁੱਖਾ ਜਨਮ । ਗਇਓ–ਲੰਘਦਾ ਜਾ ਰਿਹਾ ਹੈ। ਨ ਛੂਟਸਿ–ਤੂੰ (ਜਮ ਜਾਲ ਤੋਂ) ਖਲਾਸੀ ਨਹੀਂ ਪਾ ਸਕੇਂਗਾ ।੧। ਰਹਾਉ ।

ਹਉ–ਮੈਂ ਮੈਂ, ਮੈਂ ਵਡਾ, ਮੈਂ ਵਡਾ, ਹਉਮੈਂ । ਮਮ–ਮੇਰਾ । ਮਮਤਾ–ਮਲਕੀਅਤਾਂ ਦੀ ਤਾਂਘ । ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ । ਰਸ–(ਸਿਮਰਨ ਦਾ) ਸੁਆਦ । ਰਸਨਾ–ਜੀਭ (ਨਾਲ) । ਇਨ ਬਿਧਿ–ਇਨ੍ਹਾਂ ਤਰੀਕਿਆਂ ਨਾਲ ।੨।

ਬਹਰੇ–ਬੋਲੇ । ਕਰਨ–ਕੰਨ । ਅਕਲਿ–ਮਤਿ ਸਮਝ । ਹੋਛੀ–ਥੋੜ੍ਹ ਵਿਤੀ । ਸਹਜੁ–ਅਡੋਲ ਅਵਸਥਾ, ਸ਼ਾਂਤ ਰਸ । ਸ਼ਬਦ ਸਹਜੁ–ਸਿਫਤ ਸਲਾਹ ਦਾ ਸ਼ਾਂਤ ਰਸ । ਮਨਮੁਖਿ–ਮਨ ਵਲ ਮੂੰਹ ਕਰ ਕੇ, ਮਨ ਦੇ ਪਿਛੇ ਤੁਰ ਕੇ । ਅੰਧੁ–ਅੰਨ੍ਹਾ ।੩।

ਉਦਾਸੁ–ਉਪਰਾਮ, ਨਿਰਲੇਪ । ਨਿਰਾਸਾ–ਆਸਾਂ ਤੋਂ ਨਿਰਾਲਾ । ਸਹਜ ਧਿਆਨਿ–ਅਡੋਲਤਾ ਦੀ ਸਮਾਧੀ ਵਿਚ । ਧਿਆਨਿ–ਧਿਆਨ ਵਿਚ, ਸਮਾਧੀ ਵਿਚ । ਬੈਰਾਗੀ–ਵੈਰਾਗਵਾਨ, ਨਿਰਮੋਹ । ਛੂਟਸਿ–ਮਾਇਆ ਦੇ ਮੋਹ ਤੋਂ ਬਚੇਗਾ । ਨਾਮਿ–ਨਾਮ ਵਿਚ ।੪।

ਅਰਥ :–

ਪ੍ਰ:–ਸ੍ਰੀ ਜੀਓ ! ਆਪ ਜੀ ਬੰਦਗੀ ਕਰਦੇ ਰਹਿਣ ਦੀ ਹਰ ਸਮੇਂ ਹੀ ਪ੍ਰੇਰਨਾ ਕਰਦੇ ਰਹਿੰਦੇ ਹੋ, ਪਰ, ਮੇਰੇ ਮਨ ਵਿਚ ਤਾਂ ਹਰ ਵਕਤ ਇਹੋ ਹੀ ਸੰਸਕਾਰ ਬਣਿਆ ਰਹਿੰਦਾ ਹੈ, ਕਿ ਉਮਰ ਦੇ ਅੰਤ ਸਮੇਂ ਬੁਢਾਪੇ ਵਿਚ ਪ੍ਰਭੂ ਜੀ ਦਾ ਨਾਮ ਸਿਮਰਨ ਕਰ ਲਵਾਂਗੇ, ਪਹਿਲੀ ਉਮਰ ਵਿਚ ਸੰਸਾਰ ਦੇ ਮਾਇਕੀ ਪਦਾਰਥ ਖਾਣ ਪੀਣ ਦੀ ਇੱਛਾ ਮੁਕਾ ਲੈਣੀ ਚਾਹੀਦੀ ਹੈ, ਕੀ ਆਪ ਭੀ ਮੇਰੇ ਇਸ ਖਿਆਲ ਨਾਲ ਸਹਿਮਤ ਹੋ ?

1. ਉ:–ਹੇ ਪ੍ਰਾਣੀ ! ਵੇਖ, ਜਦ ਤੇਰੀਆਂ ਅੱਖਾਂ ਵਿਚ ਵੇਖਣ ਦੀ (ਪੂਰੀ) ਤਾਕਤ ਨਾ ਰਹੀ, ਤੇਰਾ ਸਰੀਰ ਲਿੱਸਾ ਹੋ ਗਿਆ ਅਤੇ ਬੁਢੇਪੇ ਨੇ ਤੈਨੂੰ ਜਿੱਤ ਲਿਆ, (ਭਾਵ, ਬੁਢੇਪੇ ਨੇ ਜ਼ੋਰ ਆ ਪਾਇਆ) ਤਾਂ ਤੇਰੇ ਸਿਰ ਉਤੇ ਹੁਣ ਮੌਤ ਕੂਕ ਰਹੀ ਹੋਵੇਗੀ।

2. ਹੇ ਭੋਲਿਆ ! ਵੇਖ, ਇਹ ਰੂਪ ਤੇ ਰੰਗ (ਰਹਸ) (ਸੁਆਦ) ਸੱਚੇ ਨਹੀਂ, ਭਾਵ ਤੂੰ ਝੂਠੇ ਨਾਸਵਾਨ ਰੂਪ ਰਸ ਵਿਚ ਲਗਾ ਹੋਇਆ ਹੈਂ (ਇਸ ਲਈ ਦਸ ਤੈਨੂੰ ਉਸ ਸ਼ਮੇਂ ਦੇਰ ਕਾਲ ਤਕ) ਜਮਾਂ ਦਾ ਜਾਲ ਕਿਵੇਂ ਛਡ ਸਕਦਾ ਹੈ, ਅਰਥਾਤ, ਬੁਢੇਪਾ ਆਉਣ ਤੋਂ ਪਹਿਲੇ ਪਹਿਲੇ ਨਾ ਤੇਰਾ ਰੱਬੀ ਰੂਪ ਬਣਿਆ, ਨਾ ਤੈਨੂੰ ਰੱਬੀ ਰੰਗ ਚੜ੍ਹਿਆ, ਨਾ ਤੇਰੇ ਅੰਦਰ ਰੱਬੀ ਖੇੜਾ ਹੀ ਆਇਆ, ਹੁਣ (ਦਸ) ਅੰਤ ਦੇ

ਸਮੇਂ ਹੁਣ ਤੈਨੂੰ ਜਮਾਂ ਦਾ ਜਾਲ ਬਹੁਤੀ ਦੇਰ ਤਕ ਕਿਵੇਂ ਛਡ ਸਕਦਾ ਹੈ ? ਇਸ ਲਈ ਯਾਦ ਰਖ ਨਾਮ ਸਿਮਰਨ ਕਰਨ ਦਾ ਤੈਨੂੰ ਸਮਾਂ ਹੀ ਨਹੀਂ ਮਿਲ ਸਕਣਾ ।੧।

3. ਸੋ, ਹੇ ਪ੍ਰਾਣੀ ! ਤੂੰ ਹੁਣ ਹੀ ਪ੍ਰਮਾਤਮਾਂ ਦਾ ਸਿਮਰਨ ਕਰ, (ਕਿਉਂਕਿ) ਜੀਵਨ ਬਹੁਤ ਸ਼ੀਘਰਤਾ ਨਾਲ ਬੀਤਦਾ ਜਾ ਰਿਹਾ ਹੈ ।

4. ਹੇ ਪਿਆਰੇ ! ਪ੍ਰਮਾਤਮਾਂ ਦੀ ਸਿਫਤ ਸਲਾਹ ਤੋਂ ਵਾਂਝਿਆਂ ਰਹਿ ਕੇ (ਮਾਇਆ ਦੇ ਮੋਹ ਤੋਂ ਜਮ ਦੇ ਜਾਲ ਤੋਂ) ਤੂੰ ਕਦੇ ਭੀ ਬਚਿਆ ਨਹੀਂ ਰਹਿ ਸਕੇਂਗਾ, ਤੇਰੀ ਜ਼ਿੰਦਗੀ ਵਿਅਰਥ ਹੀ ਚਲੀ ਜਾਵੇਗੀ ।੧। ਰਹਾਉ ।

5. ਹੇ ਪ੍ਰਾਣੀ ! ਵੇਖ, ਹੁਣ ਤੇਰੇ ਸਰੀਰ ਵਿਚ ਕਾਮ (ਜ਼ੋਰ ਪਾ ਰਿਹਾ) ਹੈ, ਕ੍ਰੋਧ (ਪ੍ਰਬਲ) ਹੈ, ਹਉਮੈਂ ਹੈ, ਮਲਕੀਅਤਾਂ ਦੀ ਤਾਂਘ ਹੈ, ਇਨ੍ਹਾਂ ਸਭਨਾਂ ਦੀ ਤਾਂਘ ਹੈ, ਇਨ੍ਹਾਂ ਸਭਨਾਂ ਦੀ ਵਡੀ ਔਖੀ ਪੀੜ ਉਠ ਰਹੀ ਹੈ (ਇਨ੍ਹਾਂ ਵਿਕਾਰਾਂ ਵਿਚ ਡੁੱਬਣੋਂ ਨਾਮ ਤੋਂ ਸੱਖਣੇ ਰਹਿ ਕੇ ਤੇਰਾ ਬਚਾ ਕਿਵੇਂ ਹੋ ਸਕਦਾ ਹੈ ? ਭਾਵ ਬਚਾ ਨਹੀਂ ਹੋ ਸਕਦਾ) ।

ਪ੍ਰ:- ਸ੍ਰੀ ਜੀਉ ! ਆਖਰ ਦਸੋ, ਮੇਰਾ ਇਨ੍ਹਾਂ ਵਿਕਾਰਾਂ ਵਲੋਂ ਪਾਰ ਉਤਾਰਾ ਕਿਵੇਂ ਹੋ ਸਕਦਾ ਹੈ ?

6. ਉ:-ਹੇ ਭਾਈ ! ਤੂੰ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾਂ ਦਾ ਭਜਨ ਕਰਿਆ ਕਰ ਅਤੇ ਜੀਭ ਨਾਲ (ਸਿਮਰਨ ਦਾ) ਸੁਆਦ ਲੈਂਦਾ ਰਹੁ, ਇਨ੍ਹਾਂ ਤਰੀਕਿਆਂ ਨਾਲ (ਇਨ੍ਹਾਂ ਵਿਕਾਰਾਂ ਦੇ ਡੂੰਘੇ ਪਾਣੀਆਂ ਵਿਚੋਂ ਸਿਮਰਨ ਦੀ) ਤਾਰੀ ਲਾ ਕੇ ਪਾਰ ਲੰਘ ਜਾਏਂਗਾ ।੨।

7. ਹੇ ਸਜਨਾ ! ਮੈਨੂੰ ਪ੍ਰਤੀਤ ਇਉਂ ਹੀ ਹੋ ਰਿਹਾ ਹੈ ਕਿ, ਪ੍ਰਭੂ ਦੀ ਸਿਫਤ ਸਲਾਹ ਸੁਣਨ ਵਲੋਂ ਤੇਰੇ ਕੰਨ ਬੋਲੇ (ਹੀ ਰਹੇ) ਅਤੇ ਤੇਰੀ ਮਤ ਭੀ ਥੋੜ੍ਹ ਵਿਤੀ ਹੀ ਹੋ ਗਈ ਹੈ, (ਭਾਵ, ਰਤਾ ਰਤਾ ਗੱਲ ਤੇ ਛਿਥਾ ਪੈਣ ਦਾ ਤੇਰਾ ਸੁਭਾਉ ਬਣ ਗਿਆ ਹੈ) ਸਿਫਤ ਸਲਾਹ ਦਾ ਸ਼ਾਂਤ ਰਸ ਤੂੰ ਸਮਝ ਨਹੀਂ ਸਕਿਆ ।

8. ਹੇ ਭੋਲਿਆ ! ਤੂੰ ਆਪਣੇ ਮਨ ਦੇ ਪਿਛੇ ਲੱਗ ਕੇ ਕੀਮਤੀ ਮਨੁੱਖਾ ਜਨਮ ਗਵਾ ਲਿਆ ਹੈ, ਗੁਰੂ ਦੀ ਸ਼ਰਨ ਨਾ ਆਉਣ ਕਰ ਕੇ ਤੂੰ (ਆਤਮਕ ਜੀਵਨ ਵਲੋਂ) ਅੰਨ੍ਹਾ ਹੀ ਰਿਹਾ, ਤੈਨੂੰ (ਆਤਮਕ ਜੀਵਨ ਦੀ) ਸਮਝ (ਹੀ) ਨਾ ਆਈ ।੩।

ਪ੍ਰ.-ਸ੍ਰੀ ਜੀਉ ! ਦਸੋ, ਆਖਰ ਇਹ ਮਨੁੱਖ ਸੰਸਾਰ ਵਿਚ ਰਹਿੰਦਾ ਹੋਇਆ ਨਿਰਮੋਹ ਜੀਵਨ ਕਿਵੇਂ ਗੁਜ਼ਾਰ ਸਕਦਾ ਹੈ ।

9. ਉ.-ਹੇ ਭਾਈ ! ਜੋ ਮਨੁੱਖ ਦੁਨੀਆਂ ਵਿਚ ਰਹਿੰਦਾ ਹੋਇਆ ਹੀ ਦੁਨੀਆਂ ਵਲੋਂ ਉਪਰਾਮ ਰਹਿੰਦਾ ਹੈ ਅਤੇ ਆਸਾਂ ਤੋਂ ਨਿਰਲੇਪ ਰਹਿੰਦਾ ਹੈ, ਉਹ ਅਡੋਲਤਾ ਦੀ ਸਮਾਧੀ ਵਿਚ ਟਿਕਿਆ ਰਹਿਕੇ ਉਹ (ਦੁਨੀਆਂ ਤੋਂ) ਨਿਰਮੋਹ ਰਹਿੰਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਬੇਨਤੀ ਪੂਰਵਕ ਕਿ, ਹੇ ਭਾਈ ! ਜੋ ਮਨੁੱਖ ਗੁਰੂ ਦੇ ਦਸੇ ਰਾਹ ਉਤੇ ਤੁਰਦਾ ਹੈ ਉਹ (ਵਿਕਾਰਾਂ ਦੀ ਫਾਹੀ ਤੋਂ) ਖਲਾਸੀ ਪਾ ਲੈਂਦਾ ਹੈ; ਪ੍ਰਭੂ ਦੇ ਨਾਮ ਵਿਚ ਉਸ ਦੀ ਸੁਰਤਿ ਟਿਕੀ ਰਹਿੰਦੀ ਹੈ ।੪।੨।੩।

ਭਾਵਾਰਥ:-ਸੰਸਾਰ ਦੇ ਸਾਰੇ ਮਨੁੱਖ ਮਾਇਆ ਦੇ ਹੋਛੇ ਰਸਾਂ ਵਿਚ ਮਸਤ ਹੋਏ ਅਮੋਲਕ ਜਨਮ ਵਿਅਰਥ ਗਵਾ ਰਹੇ ਹਨ, ਪਰ ਇਸ ਜਨਮ ਦੀ ਸਫਲਤਾ ਗੁਰੂ ਦੇ ਦਸੇ ਹੋਏ ਨਾਮ ਦੁਆਰੇ ਹੀ ਹੁੰਦੀ ਹੈ ।

ਭੈਰਉ ਮਹਲਾ ੧ ॥

1. ਭੂੰਡੀ ਚਾਲ ਚਰਣ ਕਰ ਖਿਸਰੇ
ਤੁਚਾ ਦੇਹ ਕੁਮਲਾਨੀ ॥
2. ਨੇਤ੍ਰੀ ਧੁੰਧਿ ਕਰਨ ਭਏ ਬਹਰੇ
ਮਨਮੁਖਿ ਨਾਮੁ ਨ ਜਾਨੀ ॥੧॥
3. ਅੰਧੁਲੇ ਕਿਆ ਪਾਇਆ ਜਗਿ ਆਇ ॥
4. ਰਾਮੁ ਰਿਦੈ ਨਹੀ ਗੁਰ ਕੀ ਸੇਵਾ
ਚਾਲੇ ਮੂਲੁ ਗਵਾਇ ॥੧॥ ਰਹਾਉ ॥
5. ਜਿਹਵਾ ਰੰਗਿ ਨਹੀ ਹਰਿ ਰਾਤੀ
ਜਬ ਬੋਲੈ ਤਬ ਫੀਕੇ ॥
6. ਸੰਤ ਜਨਾ ਕੀ ਨਿੰਦਾ ਵਿਆਪਸਿ
ਪਸੂ ਭਏ ਕਦੇ ਹੋਹਿ ਨ ਨੀਕੇ ॥੨॥
7. ਅੰਮ੍ਰਿਤ ਕਾ ਰਸੁ ਵਿਰਲੀ ਪਾਇਆ
ਸਤਿਗੁਰ ਮੇਲਿ ਮਿਲਾਏ ॥
8. ਜਬ ਲਗੁ ਸਬਦ ਭੇਦੁ ਨਹੀ ਆਇਆ
ਤਬ ਲਗੁ ਕਾਲੁ ਸੰਤਾਏ ॥੩॥
9. ਅਨ ਕੋ ਦਰੁ ਘਰੁ ਕਬਹੂ ਨ ਜਾਨਸਿ
ਏਕੋ ਦਰੁ ਸਚਿਆਰਾ ॥
10. ਗੁਰ ਪਰਸਾਦਿ ਪਰਮ ਪਦੁ ਪਾਇਆ
ਨਾਨਕੁ ਕਹੈ ਵਿਚਾਰਾ ॥੪॥੩॥੪॥

ਪਦ ਅਰਥ:-ਭੂੰਡੀ-ਕੋਝੀ, ਬੇ-ਢਬੀ, ਭੱਦੀ । ਕਰ-ਹੱਥ । ਖਿਸਰੇ-ਢਿਲੇ ਹੋ ਗਏ । ਤੁਚਾ-ਚਮੜੀ । ਦੇਹ-ਸਰੀਰ (ਦੀ) । ਨੇਤ੍ਰੀ-ਅੱਖਾਂ ਵਿਚ । ਕਰਨ-ਕੰਨ । ਬਹਰੇ-ਬੋਲੇ । ਮਨਮੁਖਿ-ਮਨ ਦੇ ਪਿਛੇ ਤੁਰਨ ਵਾਲਾ ਬੰਦਾ ।੧।

ਜਗ-ਜਗਤ ਵਿਚ । ਆਇ-ਆ ਕੇ, ਜਨਮ ਲੈ ਕੇ । ਰਿਦੈ-ਹਿਰਦੇ ਵਿਚ । ਮੂਲੁ-ਰਾਸਿ, ਪੂੰਜੀ ।੧। ਰਹਾਉ ।

ਰੰਗਿ-ਰੰਗ ਵਿਚ, ਪ੍ਰੇਮ ਵਿਚ । ਰਾਤੀ-ਰੱਤੀ, ਰੰਗੀ । ਫੀਕੇ-ਖਰ੍ਹਵੇ । ਵਿਆਪਹਿ-ਰੁੱਝਾ ਰਹਿੰਦਾ ਹੈ । ਨੀਕੇ-ਚੰਗੇ।੨।

ਸਤਿਗੁਰ ਮੇਲਿ-ਗੁਰੂ ਦੀ ਸੰਗਤ ਵਿਚ । ਸਬਦ ਭੇਦੁ-ਸ਼ਬਦ ਦਾ ਭੇਦ, ਸ਼ਬਦ ਦਾ ਰਸ । ਕਾਲੁ-ਮੌਤ (ਦਾ ਡਰ) ।੩।

ਅਨ ਕੋ—(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦਾ। ਸਚਿਆਰਾ—ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ। ਪਰਸ ਦਿ—ਕਿਰਪਾ ਨਾਲ। ਪਰਮ ਪਦੁ—ਸਭ ਤੋਂ ਉਚਾ ਆਤਮਕ ਦਰਜਾ। ਵਿਚਾਰ ਦੀ ਗੱਲ।੪।

ਅਰਥ :—

ਪ੍ਰ:—ਸ੍ਰੀ ਜੀਉ ! ਹੁਣ ਮੇਰੇ ਜੀਵਨ ਦਾ ਅੰਤ ਸਮਾਂ ਨੇੜੇ ਆ ਗਿਆ ਹੈ, ਦਸੋ, ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ ?

1. ਉ:—ਹੇ ਅੰਨ੍ਹੇ ਜੀਵ ! ਹੁਣ ਬੁਢੇਪੇ ਵਿਚ ਤੇਰੀ ਤੋਰ ਬੇਢਬੀ, ਭੱਦੀ, ਕੋਝੀ ਹੋ ਚੁੱਕੀ ਹੈ, ਤੇਰੇ ਪੈਰ ਹੱਥ ਢਿਲਕ ਪਏ ਹਨ, ਤੇਰੇ ਸਰੀਰ ਦੀ ਚਮੜੀ ਉਤੇ ਝੁਰੜੀਆਂ ਪੈ ਰਹੀਆਂ ਹਨ।

2. ਤੇਰੀਆਂ ਅੱਖਾਂ ਅਗੇ ਹਨੇਰਾ ਹੋਣ ਲਗ ਪਿਆ ਹੈ, ਤੇਰੇ ਕੰਨ ਭੀ ਬੋਲੇ ਹੋ ਚੁਕੇ ਹਨ, ਪਰ, ਹੇ ਮਨ ਦੇ ਪਿਛੇ ਤੁਰਨ ਵਾਲੇ ਮਨਮੁਖ ਤੂੰ ਅਜੇ ਭੀ ਪ੍ਰਮੇਸ਼ਰ ਜੀ ਦੇ ਨਾਮ ਨਾਲ ਸਾਂਝ ਨਹੀਂ ਪਾਈ।੧।

3. ਹੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਜੀਵ ! ਤੂੰ ਜਗਤ ਵਿਚ ਜਨਮ ਲੈ ਕੇ ਆਤਮਕ ਜੀਵਨ ਦਾ ਅਸਲੀ ਲਾਭ ਕੁਝ ਭੀ ਨਾ ਖੱਟਿਆ।

4. ਸਗੋਂ ਤੂੰ ਮੂਲ ਭੀ ਗਵਾ ਲਿਆ ਜਿਹੜਾ ਕੋਈ ਪਹਿਲਾਂ ਆਤਮਕ ਜੀਵਨ ਸੀ ਉਹ ਭੀ ਤੂੰ ਨਾਸ ਕਰ ਲਿਆ, (ਕਿਉਂਕਿ) ਤੂੰ ਪ੍ਰਮਾਤਮਾਂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ, ਤੇ ਤੂੰ ਗੁਰੂ ਦੀ ਦਸੀ ਹੋਈ ਕਾਰ ਨਹੀਂ ਕੀਤੀ।੧। ਰਹਾਉ।

5 ਹੇ ਅੰਨ੍ਹੇ ਜੀਵ ! ਵੇਖ, ਹੁਣ ਭੀ ਤੇਰੀ ਜੀਭ ਪ੍ਰਭੂ ਦੀ ਯਾਦ ਦੇ ਪਿਆਰ ਵਿਚ ਨਹੀਂ ਭਿੱਜੀ, ਜਦੋਂ ਭੀ ਬੋਲਦੀ ਹੈ ਫਿਕੇ ਬੋਲ ਹੀ ਬੋਲਦੀ ਹੈ।

6. ਹੇ ਅੰਨ੍ਹੇ ਜੀਵ ! ਤੇਰੇ ਜੀਵਨ ਦਾ ਅੰਤ ਦਾ ਸਮਾਂ ਆ ਗਿਆ ਹੈ, ਪਰ, ਤੂੰ ਅਜੇ ਭੀ ਸਦਾ ਭਲੇ ਬੰਦਿਆਂ ਦੀ ਨਿੰਦਿਆ ਵਿਚ ਰੁੱਝਾ ਰਹਿੰਦਾ ਹੈਂ, ਤੇਰੇ ਸਾਰੇ ਹੀ ਕੰਮ ਪਸ਼ੂਆਂ ਵਾਲੇ ਹੋਏ ਪਏ ਹਨ, (ਇਸੇ ਤਰ੍ਹਾਂ ਰਿਹਾਂ) ਇਹ ਕਦੇ ਭੀ ਚੰਗੇ ਨਹੀਂ ਹੋ ਸਕਣਗੇ।੨।

ਪ੍ਰ:—ਸ੍ਰੀ ਜੀਉ ! ਤਾਂ ਫਿਰ ਸਾਰੇ ਹੀ ਜੀਵ ਨਾਮ ਰਸ ਨੂੰ ਪ੍ਰਾਪਤ ਕਰਨ ਦਾ ਉਪਰਾਲਾ ਕਿਉਂ ਨਹੀਂ ਕਰਦੇ ?

7. ਉ:—ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਜੀਵਾਂ ਦੇ ਭੀ ਕੀ ਵਸ ਹੈ ? ਇਸ ਆਤਮਕ ਜੀਵਨ ਦੇਣ ਵਾਲੇ ਸ੍ਰੇਸ਼ਟ ਨਾਮ ਦੇ ਜਾਪ ਦਾ ਸੁਆਦ ਉਨ੍ਹਾਂ ਵਿਰਲਿਆਂ ਬੰਦਿਆਂ ਨੂੰ ਹੀ ਆਉਂਦਾ ਹੈ ਜਿਨ੍ਹਾਂ ਨੂੰ (ਪ੍ਰਮਾਤਮਾਂ ਆਪ) ਸਤਿਗੁਰੂ ਦੀ ਸੰਗਤ ਵਿਚ ਮਿਲਾਂਦਾ ਹੈ ?

ਪ੍ਰ:—ਕਿਉਂ ਜੀ ! ਮਨੁੱਖ ਨੂੰ ਮੌਤ ਦਾ ਡਰ ਕਿਤਨਾ ਕੁ ਚਿਰ ਵਿਆਪਦਾ ਰਹਿੰਦਾ ਹੈ ?

8. ਉ:—ਹੇ ਭਾਈ ! ਇਹ ਯਕੀਨ ਰਖੋ ਕਿ ਜਿਤਨਾ ਸਮਾਂ ਮਨੁੱਖ ਨੂੰ ਉਸ ਸਾਈਂ ਜੀ ਦੀ ਸਿਫਤ ਸਲਾਹ ਦਾ ਰਸ ਨਹੀਂ ਆਉਂਦਾ ਉਦੋਂ ਤਕ (ਇਹ ਅਜਿਹੇ ਕੰਮ ਕਰਦਾ ਰਹਿੰਦਾ ਹੈ ਜਿਨ੍ਹਾਂ ਕਰ ਕੇ) ਇਸ ਨੂੰ ਮੌਤ ਦਾ ਡਰ ਦੁਖੀ ਹੀ ਕਰਦਾ ਰਹਿੰਦਾ ਹੈ।੩।

ਪ੍ਰ:—ਕਿਉਂ ਜੀ ! ਆਖਰ, ਇਸ ਨੂੰ ਆਤਮਕ ਉਚੀ ਪਦਵੀ ਕਿਵੇਂ ਮਿਲ ਸਕਦੀ ਹੈ ?

9. ਉ:—ਹੇ ਭਾਈ ! ਜੋ ਮਨੁੱਖ ਇਕ ਪ੍ਰਮਾਤਮਾਂ ਦਾ ਸੱਚਾ ਦਰ ਹੀ ਮੱਲੀ ਰਖਦਾ ਹੈ ਤੇ ਪ੍ਰਮਾਤਮਾਂ ਤੋਂ ਬਿਨਾ ਕਿਸੇ ਹੋਰ ਦਾ ਦਰਵਾਜ਼ਾ, ਹੋਰ ਦਾ ਘਰ ਨਹੀਂ ਭਾਲਦਾ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਹ ਵਿਚਾਰ ਦੀ ਗੱਲ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਜੋ ਮਨੁੱਖ ਇਕੋ ਸਚੇ ਪ੍ਰਭੂ ਦੇ ਦਰ ਨੂੰ ਮੱਲੀ ਰਖਦਾ ਹੈ, ਉਹ ਸਭ ਤੋਂ ਉਚਾ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ।੪।੩।੪।

ਭਾਵਾਰਥ :—ਇਕ ਗੁਰੂ ਨੂੰ ਮੰਨਣ ਵਾਲਾ ਮਨੁੱਖ ਹੀ ਹਰੀ ਦੇ ਨਾਮ ਰਸ ਵਿਚ ਰੁਚੀ ਰਖਦਾ ਹੈ, **ਪਰ** ਗੁਰੂ ਤੋਂ ਬੇਮੁਖ ਮਨਮੁਖ ਦੀ ਰੁਚੀ ਤਾਂ ਹਰੀ ਦੇ ਨਾਮ **ਰਸ** ਵਿਚ ਹੁੰਦੀ ਹੀ ਨਹੀਂ, ਉਹ ਤਾਂ ਸਗੋਂ ਹਰੀ ਰਸ ਵਾਲਿਆਂ ਗੁਰਮੁਖਾਂ ਦੀ ਨਿੰਦਾ ਹੀ ਕਰਦਾ ਰਹਿੰਦਾ ਹੈ, ਇਸ ਲਈ ਉਸ ਦੀ ਬ੍ਰਿਤੀ ਪਸ਼ੂਆਂ ਵਾਲੀ ਬਣ ਜਾਂਦੀ ਹੈ ਅਤੇ ਜ਼ਿੰਦਗੀ ਦੀ ਹਰ ਇਕ ਗੱਲ ਕੋਝੀ ਹੁੰਦੀ ਹੈ, ਇਸੇ ਲਈ ਹਰ ਵਕਤ ਉਸ ਨੂੰ ਮੌਤ ਦਾ ਡਰ ਸਤਾਉਂਦਾ ਰਹਿੰਦਾ ਹੈ, ਪਰ ਉਸ ਨੂੰ ਭੀ ਜਦੋਂ ਗੁਰੂ ਦਾ ਮਿਲਾਪ ਹੋ ਜਾਏ ਤਾਂ ਸੋਝੀ ਹੋ ਆਉਂਦੀ ਹੈ।

ਭੈਰਉ ਮਹਲਾ ੧ ॥

1. ਸਗਲੀ ਰੈਣਿ ਸੋਵਤ ਗਲਿ ਫਾਹੀ
ਦਿਨਸੁ ਜੰਜਾਲਿ ਗਵਾਇਆ ॥
2. ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ
ਜਿਨਿ ਇਹੁ ਜਗਤੁ ਉਪਾਇਆ ॥੧॥
3. ਮਨ ਰੇ ਕਿਉ ਛੂਟਸਿ ਦੁਖੁ ਭਾਰੀ ॥
4. ਕਿਆ ਲੇ ਆਵਸਿ ਕਿਆ ਲੇ ਜਾਵਸਿ
ਰਾਮ ਜਪਹੁ ਗੁਣਕਾਰੀ ॥੧॥ ਰਹਾਉ ॥
5. ਊਂਧਉ ਕਵਲੁ ਮਨਮੁਖ ਮਤਿ ਹੋਛੀ
ਮਨਿ ਅੰਧੈ ਸਿਰਿ ਧੰਧਾ ॥
6. ਕਾਲੁ ਬਿਕਾਲੁ ਸਦਾ ਸਿਰਿ ਤੇਰੈ
ਬਿਨੁ ਨਾਵੈ ਗਲਿ ਫੰਧਾ ॥੨॥
7. ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ
ਸਬਦ ਸੁਰਤਿ ਨਹੀ ਭਾਈ ॥
8. ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ
ਅੰਧਲਉ ਧੰਧੁ ਕਮਾਈ ॥੩॥

9. ਖੋਇਓ ਮੂਲੁ ਲਾਭੁ ਕਹ ਪਾਵਸਿ
ਦੁਰਮਤਿ ਗਿਆਨ ਵਿਹੂਣੇ ॥
10. ਸਬਦੁ ਬੀਚਾਰਿ ਰਾਮ ਰਸੁ ਚਾਖਿਆ
ਨਾਨਕ ਸਾਚਿ ਪਤੀਣੇ ॥੪॥੪॥੫॥

ਪਦ ਅਰਥ :-ਰੈਣਿ-ਰਾਤ । ਸੋਵਤ-ਕਾਮਾਦਿਕ ਵਿਕਾਰਾਂ ਵਿਚ ਮਸਤ ਰਹਿੰਦਾ ਹੈ । ਗਲਿ-ਗਲ ਵਿਚ। ਜੰਜਾਲਿ-ਮਾਇਆ ਕੱਠੀ ਕਰਨ ਦੇ ਧੰਧੇ ਵਿਚ। ਜਾਨਿਆ-ਸਾਂਝ ਪਾਈ। ਜਿਨਿ-ਜਿਸ (ਪ੍ਰਭੂ) ਨੇ ।੧।

ਦੁਖੁ-ਮਾਇਆ ਦੇ ਮੋਹ ਦਾ ਦੁੱਖ । ਕਿਆ ਲੇ ਆਵਸਿ-ਕੀ ਨਾਲ ਲੈ ਕੇ ਆਉਂਦਾ ਹੈਂ ? ਖਾਲੀ ਹੱਥ ਆਉਂਦਾ ਹੈਂ । ਗੁਣਕਾਰੀ-ਆਤਮਕ ਗੁਣ ਪੈਦਾ ਕਰਨ ਵਾਲਾ ।੧। ਰਹਾਉ ।

ਉਂਧਉ-ਉਲਟਾ, ਪੁੱਠਾ । ਕਵਲੁ-ਹਿਰਦਾ ਕਵਲ । ਹੋਛੀ-ਥੋੜ੍ਹ ਦਿਲੀ। ਮਨਿ-ਮਨ ਦੀ ਰਾਹੀਂ । ਮੰਨਿ ਅੰਧੇ-ਅੰਨ੍ਹੇ ਮਨ ਦੀ ਰਾਹੀਂ। ਧੰਧਾ-ਜੰਜਾਲ, ਮਾਇਆ ਦੇ ਮੋਹ ਦਾ (ਜੰਜਾਲ) ਝੰਬੇਲਾ । ਬਿਕਾਲੁ-ਬਿ-ਕਾਲੁ, (ਮੌਤ ਦੇ ਉਲਟ) ਜਨਮ ।੨।

ਡਗਰੀ-ਹੈਂਕੜ ਭਰੀ। ਫੁਨਿ-ਭੀ। ਅੰਧੁਲੇ-(ਵਿਕਾਰਾਂ ਵਿਚ) ਅੰਨ੍ਹੇ। ਨਹੀ ਭਾਈ-ਚੰਗੀ ਨਹੀਂ ਲਗੀ। ਤ੍ਰਿਗੁਣ ਮਾਇਆ-ਤ੍ਰਿਗੁਣੀ ਮਾਇਆ ਦਾ (ਪ੍ਰਭਾਵ) । ਅੰਧੁਲਉ-ਮਾਇਆ ਵਿਚ ਅੰਨ੍ਹਾਂ ਹੋਇਆ ਜੀਵ। ਧੰਧੁ-ਮਾਇਆ ਦੀ ਖਾਤਰ ਦੌੜ ਭੱਜ ।੩।

ਮੂਲੁ-ਉਹ ਆਤਮਕ ਜੀਵਨ ਜੋ ਪਹਿਲਾਂ ਪੱਲੇ ਸੀ। ਕਹ-ਕਿਥੋਂ ?। ਬੀਚਾਰਿ-ਵਿਚਾਰ ਕੇ । ਸਾਚਿ-ਸਦਾ ਥਿਰ ਪ੍ਰਭੂ (ਦੀ ਯਾਦ) ਵਿਚ। ਪਤੀਣੇ-ਪਤੀਜੇ ਹੋਏ, ਪ੍ਰਸੰਨ ।੪।

ਅਰਥ :-

ਪ੍ਰ:-ਸ੍ਰੀ ਜੀਉ ! ਮੈਂ ਰੱਬੀ ਮਾਰਗ ਤੇ ਮਨ ਨੂੰ ਟੋਰਨ ਦਾ ਬੜਾ ਹੀ ਯਤਨ ਕਰਦਾ ਹਾਂ, ਪਰ ਉਸ ਮਾਰਗ ਵਲ ਇਸ ਦੀ ਰੁੱਚੀ ਹੀ ਨਹੀਂ, ਕੋਈ ਸਾਧਨ ਦਸੋ, ਤਾਂ ਕਿ ਇਹ ਮੇਰਾ ਮਨ ਉਸ ਰੱਬੀ ਮਾਰਗ ਤੇ ਚਲ ਸਕੇ ?

1. ਉ:-ਹੇ ਭਾਈ ! (ਉਸ ਰੱਬ ਵਲੋਂ ਥਿੜਕੇ ਹੋਏ ਮਨ ਨੂੰ ਇਉਂ ਤਾੜਨਾ ਕਰਿਆ ਕਰ ਕਿ) ਹੇ ਮਨਾ ! ਵੇਖ, ਤੂੰ ਸਾਰੀ ਰਾਤ ਕਾਮਾਦਿਕ ਵਿਕਾਰਾਂ ਦੇ ਸੰਕਲਪਾਂ ਦੀ ਨੀਂਦ ਵਿਚ ਹੀ ਗਲਤਾਨ ਰਹਿੰਦਾ ਹੈਂ, (ਇਨ੍ਹਾਂ ਹੀ ਵਿਕਾਰਾਂ ਦੇ ਸੰਸਕਾਰਾਂ ਦੀ) ਫਾਹੀ ਤੇਰੇ ਗਲ ਵਿਚ ਪੈਂਦੀ ਜਾਂਦੀ ਹੈ ਅਤੇ ਤੂੰ ਸਾਰਾ ਦਿਨ ਮਾਇਆ ਕਮਾਉਣ ਦੇ ਧੰਧੇ ਵਿਚ ਹੀ ਗੁਜ਼ਾਰ ਦੇਂਦਾ ਹੈਂ ।

2. ਪਰ, ਹੇ ਭੋਲਿਆ ਮਨਾ ! ਤੂੰ ਇਕ ਖਿਨ, ਇਕ ਪਲ, ਇਕ ਘੜੀ ਭੀ ਉਸ ਪ੍ਰਮਾਤਮਾਂ ਨਾਲ ਸਾਂਝ ਨਹੀਂ ਪਾਂਦਾ ਜਿਸ ਪ੍ਰਭੂ ਨੇ ਇਹ ਸਾਰਾ ਸੰਸਾਰ ਪੈਦਾ ਕੀਤਾ ਹੈ ।੧।

3. ਹੇ ਮਨਾ ! ਤੂੰ ਮਾਇਆ ਦੇ ਮੋਹ ਦਾ ਭਾਰੀ ਦੁੱਖ ਸਹਾਰ ਰਿਹਾ ਹੈਂ, (ਸੁਣ, ਜੇ ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤਾਂ ਦਸ ਇਸ ਦੁੱਖ ਤੋਂ) ਕਿਵੇਂ ਖਲਾਸੀ ਪਾਏਂਗਾ ? ।

4. ਹੇ ਭੋਲਿਆ ! ਤੂੰ ਦਿਨੇ ਰਾਤ ਮਾਇਆ ਦੀ ਖਾਤਰ ਭਟਕ ਰਿਹਾ ਹੈਂ, ਦਸ, ਜਦੋਂ ਤੂੰ ਜੰਮਿਆਂ ਸੀ, ਕਿਹੜੀ ਮਾਇਆ ਆਪਣੇ ਨਾਲ ਲੈ ਕੇ ਆਇਆ ਸੀ ? ਅਤੇ ਇਥੋਂ ਤੁਰਨ ਸਮੇਂ ਭੀ ਕੋਈ ਚੀਜ਼ ਨਾਲ ਨਹੀਂ ਲੈ ਕੇ ਜਾਵੇਂਗਾ । ਇਸ ਲਈ ਪ੍ਰਮਾਤਮਾਂ ਦਾ ਨਾਮ ਜਪ, ਇਹੀ ਹੈ ਆਤਮਕ ਜੀਵਨ ਦੇ ਗੁਣ ਪੈਦਾ ਕਰਨ ਵਾਲਾ ।੧। ਰਹਾਉ ।

ਪ੍ਰ:-ਸ੍ਰੀ ਜੀਉ ! ਆਖਰ ਦਸੋ, ਮੈਂ ਕੀ ਕਰਾਂ ?

5. ਉ.-ਹੇ ਭਾਈ ! ਵੇਖ, ਤੇਰਾ ਆਪਣੇ ਮਨ ਦੇ ਪਿਛੇ ਤੁਰਨ ਦੇ ਕਾਰਨ ਹੀ ਤੇਰਾ ਹਿਰਦਾ ਕਮਲ ਪ੍ਰਭੂ ਦੀ ਯਾਦ ਵਲੋਂ ਉਲਟਿਆ ਪਿਆ ਹੈ, ਤੇਰੀ ਸਮਝ ਥੋੜ੍ਹ ਵਿਤੀ ਹੋਈ ਪਈ ਹੈ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਮਨ (ਦੀ ਅਗਵਾਈ) ਦੇ ਕਾਰਨ ਤੇਰੇ ਸਿਰ ਉਤੇ ਮਾਇਆ ਦੇ ਜੰਜਾਲਾਂ ਦੀ ਪੰਡ ਬੱਝੀ ਪਈ ਹੈ ।

6. (ਇਸੇ ਲਈ) ਜਨਮ ਮਰਨ (ਦਾ ਗੇੜ) ਸਦਾ ਤੇਰੇ ਸਿਰ ਉਤੇ ਟਿਕਿਆ ਪਿਆ ਹੈ, ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਤੇਰੇ ਗਲ ਵਿਚ ਮੋਹ ਦੀ ਫਾਹੀ ਪਈ ਹੋਈ ਹੈ ।੨।

7. ਹੇ ਭੋਲਿਆ ! ਹੈਂਕੜ ਭਰੀ ਟੇਢੀ, ਤੇਰੀ ਚਾਲ ਹੈ, ਤੇਰੀਆਂ ਅੱਖਾਂ ਭੀ (ਵਿਕਾਰਾਂ ਵਿਚ) ਅੰਨ੍ਹੀਆਂ ਹੋਈਆਂ ਪਈਆਂ ਹਨ, ਪ੍ਰਭੂ ਦੀ ਸਿਫਤ ਸਲਾਹ ਵਲ ਧਿਆਨ ਦੇਣਾ ਤੈਨੂੰ ਚੰਗਾ ਹੀ ਨਹੀਂ ਲਗਦਾ ।

ਪ੍ਰ:-ਸ੍ਰੀ ਜੀਉ ! ਮੈਂ ਵੇਦ ਸ਼ਾਸ਼ਤ੍ਰਾਂ ਦੇ ਪੜ੍ਹਦੇ ਰਹਿਣ ਵਿਚ ਤਾਂ ਯਕੀਨ ਰਖਦਾ ਹਾਂ ਕੀ, ਮੈਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ ?

8. ਉ:-ਹੇ ਭੋਲਿਆ ! ਸੁਣ, ਤੂੰ ਵੇਦ ਸ਼ਾਸ਼ਤ੍ਰ ਪੜ੍ਹਦਾ ਹੋਇਆ ਭੀ ਤ੍ਰੈਗੁਣੀ ਮਾਇਆ ਦੇ ਮੋਹ ਵਿਚ ਫਸਿਆ ਪਿਆ ਹੈਂ ਤੂੰ (ਮੋਹ ਵਿਚ) ਅੰਨ੍ਹਾਂ ਹੋਇਆ ਪਿਆ ਹੈਂ ਤੇ ਮਾਇਆ ਦੀ ਖਾਤਰ ਹੀ ਤੂੰ ਦੌੜ ਭਜ ਕਰਦਾ ਹੈਂ ।

9. ਹੇ ਗਿਆਨ ਤੋਂ ਹੀਣੇ ਜੀਵ ! ਤੂੰ ਭੈੜੀ ਮਤਿ ਲਗ ਕੇ ਉਹ ਆਤਮਕ ਜੀਵਨ ਭੀ ਗਵਾ ਬੈਠਾ ਹੈਂ ਜੋ ਪਹਿਲਾਂ ਤੇਰੇ ਪੱਲੇ ਸੀ (ਇਥੇ ਜਨਮ ਲੈ ਕੇ ਹੋਰ) ਆਤਮਕ ਲਾਭ ਤੂੰ ਕਿਥੋਂ ਖੱਟਣਾ ਸੀ ?

10. ਹੇ ਭਾਈ ! ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਜਿਨ੍ਹਾਂ ਬੰਦਿਆਂ ਨੇ ਸਿਫਤ ਸਲਾਹ ਦੀ ਬਾਣੀ ਨੂੰ ਮਨ ਵਿਚ ਵਸਾ ਕੇ ਪ੍ਰਭੂ ਨਾਮ (ਦੇ ਸਿਮਰਨ) ਦਾ ਸੁਆਦ ਚਖਿਆ ਹੈ, ਉਹ ਉਸ ਸਦਾ ਥਿਰ ਪ੍ਰਭੂ ਦੀ ਯਾਦ) ਵਿਚ ਹੀ ਮਸਤ ਰਹਿੰਦੇ ਹਨ ।੪।੪।੫।

ਭਾਵਾਰਥ :-ਮਨਮੁਖ ਦਾ ਦਿਲ ਮੂਧੇ ਪਏ ਕਵਲ

ਵਾਂਗ ਹੁੰਦਾ ਹੈ, ਜਿਸ ਵਿਚ ਨਾਮ ਅੰਮ੍ਰਿਤ ਨਹੀਂ ਪੈ ਸਕਦਾ, ਉਹ ਤਾਂ ਹੋਛੀ ਮਤਿ ਦੁਆਰਾ ਸ਼ਾਸਤ੍ਰ ਵੇਦਾਂ ਦੇ ਤ੍ਰਿਗੁਣੀ ਭਰਮਾਂ ਵਿਚ ਪਿਆ ਰਹਿੰਦਾ ਹੈ ਅਤੇ ਗੁਰ ਸ਼ਬਦ ਵਲ ਰੁੱਚੀ ਕਰਨੋਂ ਕਤਰਾਉਂਦਾ ਹੈ, ਸਿੱਟਾ ਇਹ ਨਿਕਲਦਾ ਹੈ ਕਿ ਉਸਦੀ ਜ਼ਿੰਦਗੀ ਅਗਿਆਨਤਾ ਵਿਚ ਨਿਸਫਲ ਜਾਂਦੀ ਹੈ, ਪਰ, ਉਹ ਨਾਮ ਰਸ ਤਾਂ ਕੇਵਲ ਗੁਰੂ ਦੀ ਸ਼ਰਨ ਪਿਆਂ ਹੀ ਮਿਲ ਸਕਦਾ ਹੈ।

ਭੈਰਉ ਮਹਲਾ ੧ ॥

1. **ਗੁਰ ਕੈ ਸੰਗਿ ਰਹੈ ਦਿਨੁ ਰਾਤੀ**
ਰਾਮੁ ਰਸਨਿ ਰੰਗਿ ਰਾਤਾ ॥
2. **ਅਵਰੁ ਨ ਜਾਨਸਿ ਸਬਦੁ ਪਛਾਨਸਿ**
ਅੰਤਰਿ ਜਾਨਿ ਪਛਾਤਾ ॥੧॥
3. **ਸੋ ਜਨੁ ਐਸਾ ਮੈ ਮਨਿ ਭਾਵੈ ॥**
4. **ਆਪੁ ਮਾਰਿ ਅਪਰੰਪਰਿ ਰਾਤਾ**
ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥
5. **ਅੰਤਰਿ ਬਾਹਰਿ ਪੁਰਖੁ ਨਿਰੰਜਨੁ**
ਆਦਿ ਪੁਰਖੁ ਆਦੇਸੋ ॥
6. **ਘਟ ਘਟ ਅੰਤਰਿ ਸਰਬ ਨਿਰੰਤਰਿ**
ਰਵਿ ਰਹਿਆ ਸਚੁ ਵੇਸੋ ॥੨॥
7. **ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ**
ਮਿਥਿਆ ਮੈਲੁ ਨ ਰਾਈ ॥
8. **ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ**
ਸਬਦਿ ਰਤੇ ਪਤਿ ਪਾਈ ॥੩॥
9. **ਗੁਣੀ ਗੁਣੀ ਮਿਲਿ ਲਾਹਾ ਪਾਵਸਿ**
ਗੁਰਮੁਖਿ ਨਾਮਿ ਵਡਾਈ ॥
10. **ਸਗਲੇ ਦੂਖ ਮਿਟਹਿ ਗੁਰ ਸੇਵਾ**
ਨਾਨਕ ਨਾਮੁ ਸਖਾਈ ॥੪॥੫॥੬॥

ਪਦ ਅਰਥ :—ਕੈ ਸੰਗਿ—ਦੀ ਸੰਗਤ ਵਿਚ। ਗੁਰ ਕੈ ਸੰਗਿ—ਗੁਰੂ ਦੀ ਯਾਦ ਵਿਚ। ਰਸਨਿ—ਰਸਨਾ ਉਤੇ, ਜੀਭ ਉਤੇ। ਰੰਗਿ—ਪ੍ਰੇਮ ਵਿਚ। ਰਾਤਾ—ਰੰਗਿਆ, ਮਸਤ। ਅੰਤਰਿ—ਅੰਦਰ ਵਸਦਾ। ਜਾਨਿ—ਜਾਣ ਕੇ, ਸਮਝ ਕੇ।੧।

ਜਨੁ—ਦਾਸ। ਮੈ ਮਨਿ—ਮੇਰੇ ਮਨ ਵਿਚ। ਭਾਵੈ—ਪਿਆਰਾ ਲਗਦਾ ਹੈ। ਆਪੁ—ਆਪਾ ਭਾਵ। ਅਪਰੰਪਰਿ—ਅਪਰੰਪਰ ਵਿਚ, ਬੇਅੰਤ ਪ੍ਰਭੂ ਵਿਚ, ਉਸ ਵਿਚ ਜੋ ਪਰੇ ਤੋਂ ਪਰੇ ਹੈ ੧। ਰਹਾਉ।

ਪੁਰਖੁ-ਵਿਆਪਕ। ਨਿਰੰਜਨੁ—ਮਾਇਆ ਦੇ ਭਾਵ ਤੋਂ ਰਹਿਤ ਪ੍ਰਭੂ। ਪੁਰਖ ਆਦੇਸੋ—ਵਿਆਪਕ ਪ੍ਰਭੂ ਨੂੰ ਨਮਸ਼ਕਾਰ। ਘਟ—ਸਰੀਰ, ਹਿਰਦਾ। ਸਰਬ ਨਿਰੰਤਰਿ-ਇਕ ਰਸ ਸਭ ਵਿਚ। ਸਚੁ ਵੇਸੋ—ਜਿਸ ਦਾ ਸਰੂਪ ਸਦਾ ਕਾਇਮ ਰਹਿਣ ਵਾਲਾ ਹੈ।੨।

ਮਿਥਿਆ ਝੂਠ। ਰਾਈ—ਰਤਾ ਭਰ ਭੀ। ਸਬਦਿ—ਸ਼ਬਦ ਵਿਚ। ਪਤਿ—ਇੱਜਤ।੩।

ਗੁਣੀ—ਗੁਣਵਾਨ। ਮਿਲਿ—ਮਿਲ ਕੇ। ਲਾਹਾ—ਲਾਭ। ਨਾਮਿ—ਨਾਮ ਵਿਚ (ਜੁੜ ਕੇ)। ਮਿਟਹਿ—ਮਿਟ ਜਾਂਦੇ ਹਨ। ਸਖਾਈ—ਮਿੱਤਰ।੪।

ਅਰਥ :—

ਪ੍ਰ:—ਸ੍ਰੀ ਜੀਉ! ਜੋ ਉਸ ਪ੍ਰਭੂ ਜੀ ਦੇ ਸਹੀ ਰੂਪ ਵਿਚ ਦਾਸ ਹਨ ਉਨ੍ਹਾਂ ਦੀ ਪਛਾਣ ਕੀ ਹੈ ?

1. **ਉ**:—ਹੇ ਭਾਈ! ਉਹ ਅਜਿਹਾ ਦਾਸ ਦਿਨੇ ਰਾਤ ਗੁਰੂ ਦੀ ਸੰਗਤ ਵਿਚ (ਹੀ) ਰਹਿੰਦਾ ਹੈ, ਭਾਵ, ਗੁਰੂ ਨੂੰ ਆਪਣੇ ਮਨ ਵਿਚ ਵਸਾਈ ਰਖਦਾ ਹੈ ਅਤੇ ਉਹ ਪ੍ਰਮਾਤਮਾਂ (ਦੇ ਨਾਮ) ਨੂੰ ਭੀ ਆਪਣੀ ਜੀਭ ਉਤੇ ਰਖਦਾ ਹੈ ਅਤੇ ਉਸੇ ਪ੍ਰਭੂ ਜੀ ਦੇ ਪ੍ਰੇਮ ਰੰਗ ਵਿਚ ਰੰਗਿਆ ਰਹਿੰਦਾ ਹੈ।
2. ਹੇ ਭਾਈ! ਉਹ ਦਾਸ ਸਦਾ ਸਿਫ਼ਤ ਸਲਾਹ ਨਾਲ ਸਾਂਝ ਪਾਂਦਾ ਹੈ, (ਨਿੰਦਿਆ ਆਦਿਕ ਕਿਸੇ) ਹੋਰ (ਬੋਲ) ਨੂੰ ਨਹੀਂ ਜਾਣਦਾ, ਪ੍ਰਭੂ ਨੂੰ ਆਪਣੇ ਅੰਦਰ ਵੱਸਦਾ ਜਾਣਕੇ ਸਦਾ ਉਸ ਨਾਲ ਸਾਂਝ ਪਾਈ ਰਖਦਾ ਹੈ।੧।

ਪ੍ਰ:—ਕਿਉਂ ਜੀ! ਅਜਿਹੇ ਦਾਸ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ ?

3. **ਉ**:—ਹੇ ਭਾਈਓ! ਮੇਰੇ ਮਨ ਵਿਚ ਤਾਂ (ਪ੍ਰਮਾਤਮਾਂ ਦਾ) ਅਜਿਹਾ ਦਾਸ ਹੀ ਪਿਆਰਾ ਲਗਦਾ ਹੈ।
4. ਜੋ ਆਪਾ ਭਾਵ (ਸੁਆਰਥ) ਮੁਕਾ ਕੇ ਬੇਅੰਤ ਪ੍ਰਭੂ (ਦੇ ਪਿਆਰ) ਵਿਚ ਮਸਤ ਰਹਿੰਦਾ ਹੈ ਤੇ ਸਤਿਗੁਰਾਂ ਦੀ ਦਸੀ ਕਾਰ ਕਰਦਾ ਹੈ, (ਭਾਵ, ਉਨ੍ਹਾਂ ਪੂਰਨਿਆਂ ਤੇ ਤੁਰਦਾ ਹੈ ਜੋ ਗੁਰੂ ਨੇ ਪਾ ਦਿਤੇ ਹਨ)।੧। ਰਹਾਉ।
5. ਹੇ ਭਾਈਓ! ਮੈਨੂੰ ਤਾਂ ਉਹੀ ਦਾਸ ਪਿਆਰਾ ਲਗਦਾ ਹੈ ਜੋ ਉਸ ਅਕਾਲ ਪੁਰਖ ਨੂੰ (ਸਦਾ) ਨਮਸ਼ਕਾਰ ਕਰਦਾ ਹੈ ਜੋ ਕਿ ਸਾਰੇ ਸੰਸਾਰ ਦਾ ਮੁੱਢ ਹੈ। (ਉਸ ਦਾਸ ਨੂੰ ਉਹ ਪ੍ਰਮਾਤਮਾਂ) ਅੰਦਰ ਬਾਹਰ ਹਰ ਥਾਂ ਵਿਆਪਕ ਦਿਸਦਾ ਹੈ, ਉਸ ਪ੍ਰਭੂ ਦੇ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ।
6. (ਉਸ ਸੇਵਕ ਨੂੰ) ਉਹ ਸਦਾ ਥਿਰ ਸਰੂਪ ਪ੍ਰਭੂ ਹਰੇਕ ਸਰੀਰ ਵਿਚ ਇਕ ਰਸ ਸਭ ਜੀਵਾਂ ਦੇ ਅੰਦਰ ਮੌਜੂਦ ਪ੍ਰਤੀਤ ਹੁੰਦਾ ਹੈ।੨।
7. ਹੇ ਭਾਈ! ਜੇਹੜੇ ਬੰਦੇ ਸਦਾ ਥਿਰ ਪ੍ਰਭੂ (ਦੇ ਪਿਆਰ) ਵਿਚ ਮਸਤ ਰਹਿੰਦੇ ਹਨ, ਜਿਨ੍ਹਾਂ ਦੀ ਜੀਭ ਉਤੇ ਆਤਮਕ ਜੀਵਨ ਦੇਣ ਵਾਲਾ ਨਾਮ ਟਿਕਿਆ ਰਹਿੰਦਾ ਹੈ, ਝੂਠ ਦੀ ਮੈਲ ਉਨ੍ਹਾਂ ਦੇ ਅੰਦਰ ਰਤਾ ਭੀ ਨਹੀਂ ਹੁੰਦੀ।
8. ਹੇ ਪਿਆਰੇ! ਉਹ ਬੰਦੇ ਪਵਿਤ੍ਰ ਨਾਮ (ਜਪਦੇ ਹਨ) ਆਤਮਕ ਜੀਵਨ ਦੇਣ ਵਾਲੇ ਨਾਮ ਦਾ ਸੁਆਦ ਚਖਦੇ ਹਨ, ਸਿਫ਼ਤ ਸਲਾਹ ਦੀ ਬਾਣੀ ਵਿਚ ਸਦਾ ਮਸਤ ਰਹਿੰਦੇ

ਹਨ ਅਤੇ (ਲੋਕ ਪ੍ਰਲੋਕ ਵਿਚ) ਇੱਜ਼ਤ ਖੱਟਦੇ ਹਨ ।੩।

9. ਹੇ ਭਾਈ ! ਅਜਿਹਾ ਗੁਣਵਾਨ (ਸੇਵਕ) ਗੁਣਵਾਨ (ਸੇਵਕ) ਨੂੰ ਮਿਲ ਕੇ (ਨਾਮ ਸਿਮਰਨ ਦੀ ਸਾਂਝ ਬਣਾ ਕੇ) ਪ੍ਰਭੂ ਨਾਮ ਦਾ ਲਾਭ ਖੱਟਦਾ ਹੈ, ਗੁਰੂ ਦੇ ਦਸੇ ਰਾਹ ਉਤੇ ਤੁਰਕੇ ਨਾਮ ਵਿਚ ਜੁੜ ਕੇ ਇੱਜ਼ਤ ਪਾਂਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਗੁਰੂ ਦੀ ਦਸੀ ਕਾਰ ਕਰ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ, ਪ੍ਰਭੂ ਦਾ ਨਾਮ ਉਸ ਦਾ (ਸਦਾ ਦਾ) ਮਿੱਤਰ ਬਣ ਜਾਂਦਾ ਹੈ ।੪।੫।੬।

ਭਾਵਾਰਥ :–ਸਤਿਗੁਰੂ ਜੀ ਇਸ ਮਹਾਂਵਾਕ ਵਿਚ ਆਪਣਾ ਅੰਤ੍ਰੀਵ ਭਾਵ ਦਰਸਾ ਰਹੇ ਹਨ ਕਿ ਸਾਨੂੰ ਤਾਂ ਉਹ ਚੰਗਾ ਲਗਦਾ ਹੈ, ਜੋ ਸਦਾ ਗੁਰੂ ਦੀ ਸੰਗਤ ਵਿਚ ਰਹਿ ਕੇ ਸ਼ਬਦ ਨੂੰ ਵਿਚਾਰਦਾ ਤੇ ਹਰੀ ਰਸ ਵਿਚ ਰਹਿੰਦਿਆਂ ਹੋਇਆਂ ਗੁਰੂ ਦੀ ਸੇਵਾ ਕਰਦਾ ਹੈ, ਐਸਾ ਰਸ ਹਰ ਵਕਤ ਤੇ ਹਰ ਥਾਂ ਪਵਿਤ੍ਰ ਹਰੀ ਨੂੰ ਹਾਜ਼ਰ ਨਾਜ਼ਰ ਦੇਖਦਾ ਹੈ, ਇਸ ਲਈ, ਉਸ ਦੇ ਨੇੜੇ ਅਪਵਿਤ੍ਰਤਾ ਨਹੀਂ ਆਉਂਦੀ ਤੇ ਗੁਣੀਆਂ ਨੂੰ ਮਿਲਕੇ ਗੁਣ ਗ੍ਰਹਿਣ ਕਰਦਾ ਰਹਿੰਦਾ ਹੈ ।

ਭੈਰਉ ਮਹਲਾ ੧ ॥

1. **ਹਿਰਦੈ ਨਾਮੁ ਸਰਬ ਧਨੁ ਧਾਰਣੁ**
   ਗੁਰ ਪਰਸਾਦੀ ਪਾਈਐ ॥
2. **ਅਮਰ ਪਦਾਰਥ ਤੇ ਕਿਰਤਾਰਥ**
   ਸਹਜ ਧਿਆਨਿ ਲਿਵ ਲਾਈਐ ॥੧॥
3. **ਮਨ ਰੇ ਰਾਮ ਭਗਤਿ ਚਿਤੁ ਲਾਈਐ ॥**
4. **ਗੁਰਮੁਖਿ ਰਾਮ ਨਾਮੁ ਜਪਿ ਹਿਰਦੈ**
   ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥
5. **ਭਰਮੁ ਭੇਦੁ ਭਉ ਕਬਹੁ ਨ ਛੂਟਸਿ**
   ਆਵਤ ਜਾਤ ਨ ਜਾਨੀ ॥
6. **ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ**
   ਡੂਬਿ ਮੁਏ ਬਿਨੁ ਪਾਨੀ ॥੨॥
7. **ਧੰਧਾ ਕਰਤ ਸਗਲੀ ਪਤਿ ਖੋਵਸਿ**
   ਭਰਮੁ ਨ ਮਿਟਸਿ ਗਵਾਰਾ ॥
8. **ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ**
   ਅੰਧੁਲੇ ਧੰਧੁ ਪਸਾਰਾ ॥੩॥
9. **ਅਕੁਲ ਨਿਰੰਜਨ ਸਿਉ ਮਨੁ ਮਾਨਿਆ**
   ਮਨ ਹੀ ਤੇ ਮਨੁ ਮੂਆ ॥
10. **ਅੰਤਰਿ ਬਾਹਰਿ ਏਕੋ ਜਾਨਿਆ**
    ਨਾਨਕ ਅਵਰੁ ਨ ਦੂਆ ॥੪॥੬॥੭॥

ਪਦ ਅਰਥ :–ਸਰਬ–ਸਾਰੇ ਜੀਵਾਂ ਦਾ । ਧਾਰਣੁ–ਆਸਰਾ, ਸਹਾਰਾ ਪਰਸਾਦੀ–ਕ੍ਰਿਪਾ ਨਾਲ । ਪਾਈਐ–ਮਿਲਦਾ ਹੈ । ਅਮਰ ਪਦਾਰਥ ਤੇ–ਆਤਮਕ ਜੀਵਨ ਦੇਣ ਵਾਲੀ ਇਸ ਕੀਮਤੀ ਚੀਜ਼ ਦੀ ਬਰਕਤ ਨਾਲ । ਤੇ–ਤੋਂ, ਦੀ ਰਾਹੀਂ । ਕਿਰਤਾਰਥ–(ਕਿਰਤ–ਅਰਥ) ਜਿਸ ਦਾ ਮਨੋਰਥ ਪੂਰਾ ਹੋ ਗਿਆ,ਸਫਲ, ਕਾਮਯਾਬ ਜੀਵਨ ਵਾਲਾ । ਧਿਆਨਿ–ਧਿਆਨ ਵਿਚ, ਸਮਾਧੀ ਵਿਚ, ਟਿਕਾਉ ਵਿਚ (ਟਿਕ ਕੇ । ਸਹਜ ਧਿਆਨਿ–ਆਤਮਕ ਅਡੋਲਤਾ ਦੇ ਟਿਕਾਉ ਵਿਚ (ਟਿਕ ਕੇ) ।੧।

ਗੁਰਮੁਖਿ–ਗੁਰੂ ਵਲ ਮੂੰਹ ਕਰ ਕੇ, ਗੁਰੂ ਦੇ ਦਸੇ ਰਾਹ ਤੇ ਤੁਰ ਕੇ । ਸਹਜ–ਅਡੋਲਤਾ, ਸ਼ਾਂਤੀ । ਸੇਤੀ–ਨਾਲ । ਸਹਜ ਸੇਤੀ–ਸ਼ਾਂਤੀ ਵਾਲਾ ਜੀਵਨ ਗੁਜ਼ਾਰਦਿਆਂ । ਘਰਿ–ਘਰ ਵਿਚ, ਆਪਣੇ ਮੂਲ ਵਿਚ, ਪ੍ਰਭੂ ਚਰਨਾਂ ਵਿਚ ।੧।ਰਹਾਉ।

ਭਰਮੁ–ਭਟਕਣਾ । ਭੇਦੁ–(ਪ੍ਰਭੂ ਨਾਲੋਂ) ਵਿੱਥ । ਭਉ–ਡਰ; ਸਹਿਮ । ਆਵਤ ਜਾਤ–ਜੰਮਦਿਆਂ ਮਰਦਿਆਂ । ਡੂਬਿ ਮੁਏ–ਵਿਕਾਰਾਂ ਦੇ ਪਾਣੀਆਂ ਵਿਚ, ਗੋਤੇ ਖਾ ਖਾ ਕੇ ਆਤਮਕ ਮੌਤ ਸਹੇੜ ਲਈ । ਬਿਨੁ ਪਾਨੀ–ਪਾਣੀ ਤੋਂ ਖਾਲੀ ਹੀ ਰਹੇ, ਵਿਸ਼ਿਆਂ ਨਾਲ ਤ੍ਰਿਪਤੀ ਭੀ ਨਾ ਹੋਈ ।੨।

ਪਤਿ–ਇੱਜ਼ਤ । ਧੰਧਾ–ਮਾਇਆ ਦੀ ਖਾਤਰ ਦੌੜ ਭੱਜ । ਭਰਮੁ–ਭਟਕਣਾ । ਗਵਾਰਾ–ਹੇ ਮੂਰਖ । ਅੰਧੁਲੇ–ਹੇ ਅੰਨ੍ਹੇ । ਪਸਾਰਾ–ਖਿਲਾਰਾ, ਸੁਰਤ ਦਾ ਖਿੰਡਾਉ ।੩।

ਅਕੁਲ–ਉਹ ਜਿਸ ਦੀ ਕੋਈ ਖਾਸ ਕੁਲ ਨਹੀਂ । ਨਿਰੰਜਨ–ਜਿਸ ਉਤੇ ਮਾਇਆ ਦਾ ਪ੍ਰਭਾਵ ਨਹੀਂ (ਨਿਰ-ਅੰਜਨ) । ਅੰਜਨ–ਕਾਲਖ, ਮਾਇਆ ਦੀ ਕਾਲਖ । ਸਿਉ–ਨਾਲ । ਮਾਨਿਆ–ਗਿੱਝ ਗਿਆ । ਮਨ ਤੇ–ਮਨ ਤੋਂ, ਮਨ ਦੇ ਮਾਇਕ ਫੁਰਨਿਆਂ ਵਲੋਂ । ਮਨੁ ਮੂਆ–ਮਨ ਮਰ ਜਾਂਦਾ ਹੈ । ਮਨ ਦਾ ਚਾਉ, ਉਤਸ਼ਾਹ ਮੁੱਕ ਜਾਂਦਾ ਹੈ ।੪।

ਅਰਥ :–

ਪ੍ਰ:–ਸ੍ਰੀ ਜੀਉ ! ਦੁਨੀਆਵੀ ਧਨ ਤਾਂ ਮਨੁੱਖਾਂ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ, ਪਰ ਨਾਮ ਧਨ ਜੀਵਾਂ ਦੀਆਂ ਕਿਹੜੀਆਂ ਲੋੜਾਂ ਪੂਰੀਆਂ ਕਰਦਾ ਹੈ ?

1. ਉ:–ਹੇ ਭਾਈ ! ਪ੍ਰਮਾਤਮਾਂ ਦਾ ਨਾਮ ਧਨ ਹਿਰਦੇ ਵਿਚ ਟਿਕਾਣਾ ਸਭ ਜੀਵਾਂ ਲਈ ਆਤਮਕ ਲੋੜਾਂ ਪੂਰੀਆਂ ਕਰਨ ਵਾਸਤੇ ਸੱਚਾ ਧਨ (ਅਤੇ ਆਤਮਕ ਜੀਵਨ ਦਾ) ਸਹਾਰਾ ਬਣਦਾ ਹੈ, (ਪਰ, ਇਹ ਧਨ) ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ ।

2. ਪਰ, ਆਤਮਕ ਜੀਵਨ ਦੇਣ ਵਾਲੇ ਇਸ ਕੀਮਤੀ ਧਨ ਦੀ ਬਰਕਤ ਨਾਲ ਕਾਮਯਾਬ ਜ਼ਿੰਦਗੀ ਦੇਣ ਵਾਲਾ ਹੋ ਜਾਈਦਾ ਹੈ, ਆਤਮਕ ਅਡੋਲਤਾ ਦੇ ਟਿਕਾਓ ਵਿਚ ਟਿਕੇ ਰਹਿ ਕੇ ਸੁਰਤਿ (ਪ੍ਰਭੂ ਚਰਨਾਂ ਵਿਚ) ਜੁੜੀ ਰਹਿੰਦੀ ਹੈ ।੧।

ਪ੍ਰ.–ਸ੍ਰੀ ਜੀਉ ! ਮਨ ਬੜਾ ਹੀ ਆਲਸੀ ਹੈ ਇਹ ਭਗਤੀ ਵਲ

ਤੁਰਨੋਂ ਸਦਾ ਹੀ ਝਿਜਕਦਾ ਹੈ, ਦਸੋ ਇਸ ਨੂੰ ਕਿਵੇਂ ਸਮਝਾਇਆ ਜਾਵੇ ?

3. ਉ:—ਹੇ ਭਾਈ ! ਮਨ ਨੂੰ ਇਉਂ ਸਮਝਾਇਆ ਕਰ ਕਿ, ਹੇ ਮਨਾ ! ਸੁਣ, ਤੈਨੂੰ ਪ੍ਰਮਾਤਮਾਂ ਦੀ ਭਗਤੀ ਵਿਚ ਜੁੜਨਾ ਚਾਹੀਦਾ ਹੈ ।

4. ਹੇ ਮਨਾ ! ਗੁਰੂ ਦੇ ਦਸੇ ਰਾਹ ਤੇ ਤੁਰ ਕੇ ਪ੍ਰਮਾਤਮਾਂ ਦਾ ਨਾਮ ਹਿਰਦੇ ਵਿਚ ਸਿਮਰ (ਇਸ ਤਰ੍ਹਾਂ) ਸ਼ਾਂਤੀ ਵਾਲਾ ਜੀਵਨ ਗੁਜ਼ਾਰਦਿਆਂ ਪ੍ਰਮਾਤਮਾਂ ਦੇ ਚਰਨਾਂ ਵਿਚ ਪਹੁੰਚ ਜਾਈਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਮਨ ਦੀ ਭਟਕਣਾ ਹਰ ਵਕਤ ਡਰ ਵਿਚ ਰਖਦੀ ਹੈ, ਇਹ ਕਿਵੇਂ ਦੂਰ ਹੋ ਸਕੇਗੀ ?

5. ਉ:—ਹੇ ਪਿਆਰੇ ! ਉਸ ਪ੍ਰਮਾਤਮਾਂ ਦੇ ਨਾਮ ਸਿਮਰਨ ਤੋਂ ਬਿਨਾ ਭਟਕਣਾ, ਪ੍ਰਭੂ ਨਾਲੋਂ ਵਿੱਥ, ਡਰ ਸਹਿਮ ਕਦੇ ਭੀ ਨਹੀਂ ਮੁਕਦਾ, ਜਨਮ ਮਰਣ ਦਾ ਗੇੜ ਬਣਿਆਂ ਰਹਿੰਦਾ ਹੈ (ਸਹੀ ਜੀਵਨ ਦੀ ਸਮਝ ਨਹੀਂ ਪੈਂਦੀ) ।

6. ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਕੋਈ ਭੀ ਬੰਦਾ (ਮਾਇਆ ਦੀ ਤ੍ਰਿਸ਼ਨਾਂ ਤੋਂ) ਖਲਾਸੀ ਨਹੀਂ ਪਾ ਸਕਦਾ । (ਵਿਕਾਰਾਂ ਦੇ ਪਾਣੀ ਵਿਚ) ਗੋਤੇ ਖਾ ਖਾ ਕੇ ਆਤਮਕ ਮੌਤ ਸਹੇੜ ਲੈਂਦਾ ਹੈ, ਵਿਸ਼ਿਆਂ ਨਾਲ ਤ੍ਰਿਪਤੀ ਭੀ ਨਹੀਂ ਹੁੰਦੀ ।੨।

7. ਹੇ ਮੂਰਖ ਮਨ ! ਸੁਣ, ਤੂੰ ਨਿਰੀ ਮਾਇਆ ਦੀ ਖਾਤਰ ਦੌੜ ਭੱਜ ਕਰਦਿਆਂ ਆਪਣੀ ਇੱਜ਼ਤ ਗਵਾ ਲਏਂਗਾ, (ਯਾਦ ਰੱਖ) ਇਸ ਤਰ੍ਹਾਂ ਤੇਰੀ ਭਟਕਣਾ ਭੀ ਨਹੀਂ ਮੁਕੇਗੀ ।

8. ਹੇ ਅੰਨ੍ਹੇ (ਮਨ) ਵੇਖ, ਗੁਰੂ ਦੇ ਸ਼ਬਦ (ਨਾਲ ਪਿਆਰ ਕਰਨ) ਤੋਂ ਬਿਨਾ ਮਾਇਆ ਦੀ ਤ੍ਰਿਸ਼ਨਾਂ ਤੋਂ ਕਦੇ ਭੀ ਖਲਾਸੀ ਨਹੀਂ ਹੋਵੇਗੀ, ਇਹ ਦੌੜ ਭੱਜ ਟਿਕੀ ਰਹੇਗੀ, ਸੁਰਤੀ ਦਾ ਇਹ ਖਿੰਡਾਉ ਬਣਿਆ ਹੀ ਰਹੇਗਾ ।੩।

9. ਹੇ ਪਿਆਰੇ ! ਜਿਹੜਾ ਮਨ ਉਸ ਪ੍ਰਭੂ ਨਾਲ ਗਿੱਝ ਜਾਂਦਾ ਹੈ ਜੋ ਕਿ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ ਅਤੇ ਜਿਸ ਦੀ ਕੋਈ ਖਾਸ ਕੁਲ ਨਹੀਂ ਹੈ, ਮਾਇਕ ਫੁਰਨਿਆਂ ਵਲੋਂ ਉਸ ਮਨ ਦਾ ਚਾਉ ਉਤਸ਼ਾਹ ਹੀ ਮੁੱਕ ਜਾਂਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਮਨ ਆਪਣੇ ਅੰਦਰ ਤੇ ਸਾਰੇ ਸੰਸਾਰ ਵਿਚ ਇਕ ਪ੍ਰਮਾਤਮਾਂ ਨੂੰ ਹੀ ਪਛਾਣਦਾ ਹੈ; ਉਸ ਪ੍ਰਭੂ ਤੋਂ ਬਿਨਾ ਕੋਈ ਹੋਰ ਉਸ ਨੂੰ ਨਹੀਂ ਸੁਝਦਾ ।੪।੬।੭।

ਭਾਵਾਰਥ :—ਹਰੀ ਨਾਮ ਜੋ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ, ਇਹ ਸਰਵੋਤਮ ਚੀਜ਼ ਹੈ, ਇਸ ਤੋਂ ਬਿਨਾ ਹੋਰ ਸਾਰੇ ਕੰਮ ਨਿਰੇ ਧੰਧੇ ਪਿਟਣੇ ਹੀ ਦਿਸਦੇ ਹਨ । ਭਰਮ ਨਹੀਂ ਦੂਰ ਹੁੰਦਾ ਅਤੇ ਮੁਕਤੀ ਨਹੀਂ ਮਿਲਦੀ, ਨਾਮ ਦੁਆਰੇ ਹੀ ਮਨ ਦੇ ਭਰਮ ਦੂਰ ਹੋ ਕੇ ਪੂਰਨ ਸ਼ਾਂਤੀ ਮਿਲਦੀ ਹੈ ਅਤੇ ਹਰ ਥਾਂ ਹਰੀ ਪੂਰਨ ਰੂਪ ਵਿਚ ਵਿਆਪਕ ਦਿਸਦਾ ਹੈ ।

ਭੈਰਉ ਮਹਲਾ ੧ ॥

1. ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ ॥
2. ਰਾਮ ਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ ॥੧॥
3. ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
4. ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥
5. ਪੁਸਤਕ ਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤਿਕਾਲ ਕਰੈ ॥
6. ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ ॥੨॥
7. ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
8. ਰਾਮ ਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥
9. ਜਟਾ ਮੁਕਟੁ ਤਨਿ ਭਸਮ ਲਗਾਈ
ਬਸਤ੍ਰ ਛੋਡਿ ਤਨਿ ਨਗਨੁ ਭਇਆ ॥
10. ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਂਧੈ ਭੇਖੁ ਭਇਆ ॥੪॥
11. ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ
ਜਤ੍ਰ ਕਤ੍ਰ ਤੂ ਸਰਬ ਜੀਆ ॥
12. ਗੁਰ ਪਰਸਾਦਿ ਰਾਖਿ ਲੇ ਜਨ ਕਉ
ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥

ਪਦ ਅਰਥ :—ਹੋਮ -ਹਵਨ । ਦੇਹ -ਸਰੀਰ । ਮੁਕਤਿ—ਦੁੱਖਾਂ ਤੋਂ ਖਲਾਸੀ । ਨਾਮਿ—ਨਾਮ ਵਿਚ (ਜੁੜਕੇ) । ਗੁਰਮੁਖਿ—ਗੁਰੂ ਦੇ ਦਸੇ ਰਸਤੇ ਤੁਰ ਕੇ ।੧।

ਬਿਰਥੇ—ਵਿਅਰਥ । ਜਗਿ—ਜਗਤ ਵਿਚ । ਬਿਖੁ—ਜ਼ਹਿਰ, ਵਿਕਾਰਾਂ ਦੀ ਜ਼ਹਿਰ । ਮਰਿ—ਮਰੈ, ਆਤਮਕ ਮੌਤ ਮਰਦਾ ਹੈ, ਉਚੇ ਆਤਮਕ ਗੁਣ ਗਵਾ ਲੈਂਦਾ ਹੈ । ਭ੍ਰਮਨਾ—ਭਟਕਣਾ ।੧ ਰਹਾਉ ।

ਵਖਾਣੈ—(ਹੋਰਨਾਂ ਨੂੰ) ਸਮਝਾਂਦਾ ਹੈ । ਤਿ ਕਾਲ—ਤਿੰਨ ਵੇਲੇ, (ਸਵੇਰੇ, ਦੁਪਹਿਰ ਤੇ ਸ਼ਾਮ) । ਕਹਾ—ਕਿਥੇ ? । ਪ੍ਰਾਣੀ—ਹੇ ਪ੍ਰਾਣੀ । ਉਰਝਿ-ਉਲਝ ਕੇ, (ਵਿਕਾਰਾਂ ਵਿਚ) ਫਸ ਕੇ ।੨।

ਡੰਡ—ਜੋਗੀ ਵਾਲਾ ਡੰਡਾ । ਕਮੰਡਲ—ਖੱਪਰ; ਚਿਪੀ । ਸਿਖਾ—ਬੋਦੀ, ਚੋਟੀ । ਸੂਤ -ਜਨਊ । ਤੀਰਥਿ ਗਵਨੁ—ਤੀਰਥ ਉਤੇ ਜਾਣਾ, ਤੀਰਥ ਯਾਤਰਾ । ਭ੍ਰਮਨੁ—(ਧਰਤੀ ਉਤੇ)ਭੌਣਾ।੩।

ਜਟਾ ਮੁਕਟੁ—ਜਟਾਂ ਦਾ ਜੂੜਾ । ਤਨਿ -ਸਰੀਰ ਉਤੇ ।

ਭਸਨ—ਸੁਆਹ । ਛੋਡਿ—ਛੱਡ ਕੇ । ਨਗਨੁ—ਨੰਗਾ । ਬਾਂਧੇ—ਬਧੇ ਹੋਏ (ਮਨੁੱਖ ਨੂੰ) । ਕਿਰਤੇ—ਕੀਤੇ ਹੋਏ ਕਰਮਾਂ ਦੇ ਸੰਸਕਾਰ । ਕਿਰਤ ਕੈ ਬਾਂਧੈ—ਕੀਤੇ ਕਰਮ ਦੇ ਸੰਸਕਾਰਾਂ ਦੇ ਬਧੇ ਮਨੁੱਖ ਨੂੰ । ਭੇਖੁ—ਧਾਰਮਿਕ ਲਿਬਾਸ ।੪।

ਜੇਤੇ ਜੀਅ—ਜਿਤਨੇ ਭੀ ਜੀਵ ਹਨ । ਜਲਿ—ਜਲ ਵਿਚ । ਥਲਿ—ਧਰਤੀ ਵਿਚ । ਮਹੀਅਲਿ—ਮਹੀ ਤਲਿ, ਧਰਤੀ ਦੇ ਤਲ ਉਪਰ, ਧਰਤੀ ਦੇ ਉਪਰਲੇ ਪੁਲਾੜ ਵਿਚ, ਅਕਾਸ ਵਿਚ । ਜਤ੍ਰ ਕਤ੍ਰ—ਜਿਥੇ ਕਿਥੇ, ਹਰ ਥਾਂ । ਜਨ ਕਉ—(ਆਪਣੇ) ਦਾਸ ਨੂੰ । ਰਾਖਿ ਲੇ—ਰਖ ਲੈਂਦਾ ਹੈ । ਝੋਲਿ—ਹਿਲਾਕੇ, ਸੁਆਦ ਨਾਲ ।੫।

ਅਰਥ :—

ਪ੍ਰ:—ਸ੍ਰੀ ਜੀਉ ! ਕਈ ਲੋਕ ਜਗ ਪੁੰਨ ਦਾਨ ਤਪ ਪੂਜਾ ਆਦਿ ਕਰਮ ਕਰਨ ਨਾਲ ਹੀ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਮੰਨਦੇ ਹਨ, ਕੀ ਗੁਰਮਤਿ ਭੀ ਇਸ ਨਾਲ ਸਹਿਮਤ ਹੈ ?

1. ਉ:—ਹੇ ਭਾਈ ! (ਜੇ ਮਨੁੱਖ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤਾਂ) ਜਗ, ਹਵਨ, ਪੁੰਨ ਦਾਨ, ਤਪ,ਪੂਜਾ ਆਦਿਕ ਕਰਮ ਕੀਤਿਆਂ ਸਰੀਰ (ਫਿਰ ਭੀ) ਦੁੱਖੀ ਹੀ ਰਹਿੰਦਾ ਹੈ, ਭਾਵ ਹਰ ਤਰ੍ਹਾਂ ਦਾ ਦੁੱਖ ਹੀ ਸਹਾਰਦਾ ਹੈ) ।
2. ਹੇ ਭਾਈ ! ਵਿਕਾਰਾਂ ਤੋਂ ਅਤੇ ਵਿਕਾਰਾਂ ਤੋਂ ਪੈਦਾ ਹੋਏ ਦੁੱਖਾਂ ਤੋਂ ਖਲਾਸੀ ਕੋਈ ਮਨੁੱਖ ਪ੍ਰਮਾਤਮਾਂ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾ ਨਹੀਂ ਪ੍ਰਾਪਤ ਕਰ ਸਕਦਾ; ਇਹ ਖਲਾਸੀ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਨਾਮ ਵਿਚ ਜੁੜਿਆਂ ਹੀ ਮਿਲਦੀ ਹੈ ।
3 ਹੇ ਪਿਆਰੇ ! ਪ੍ਰਮਾਤਮਾਂ ਦਾ ਨਾਮ ਜਪਣ ਤੋਂ ਵਾਂਝੇ ਰਹਿ ਕੇ ਮਨੁੱਖ ਦਾ ਜਗਤ ਵਿਚ ਜਨਮ (ਲੈਣਾ) ਵਿਅਰਥ ਹੀ ਹੋ ਜਾਂਦਾ ਹੈ ।
4. ਐ ਪਿਆਰੇ ! ਜਿਹੜਾ ਮਨੁੱਖ ਵਿਸ਼ਿਆਂ ਦੀ ਜ਼ਹਿਰ ਖਾਂਦਾ ਰਹਿੰਦਾ ਹੈ, ਵਿਸ਼ਿਆਂ ਦੀਆਂ ਹੀ ਨਿਤ ਗੱਲਾਂ ਕਰਦਾ ਹੈ ਤੇ ਪ੍ਰਭੂ ਸਿਮਰਨ ਤੋਂ ਖਾਲੀ ਰਹਿੰਦਾ ਹੈ, ਉਸ ਦੀ ਜ਼ਿੰਦਗੀ ਵਿਅਰਥ ਰਹਿੰਦੀ ਹੈ ਉਹ ਆਤਮਕ ਮੌਤੇ ਮਰ ਜਾਂਦਾ ਹੈ ਅਤੇ ਸਦਾ ਹੀ ਭਟਕਦਾ ਰਹਿੰਦਾ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ ! ਕਈ ਪੰਡਤ ਲੋਕ ਵਿਆਕਰਣ ਪੜ੍ਹਦੇ ਰਹਿੰਦੇ ਹਨ, ਤਿੰਨ ਵੇਲੇ ਸੰਧਿਆ ਕਰਮ ਕਰਦੇ ਹਨ ਕੀ ਉਹ ਮੌਤ ਤੋਂ ਛੁਟਕਾਰਾ ਪਾ ਲੈਂਦੇ ਹਨ ?

5. ਉ:—ਹੇ ਭਾਈਓ ! (ਜੋ ਪੰਡਤ ਲੋਕ ਸੰਸਕ੍ਰਿਤ) ਪੁਸਤਕਾਂ ਦੇ ਪਾਠ ਤੇ ਵਿਆਕਰਣ ਆਦਿਕ ਆਪਣੇ ਵਿਦਿਆਰਥੀਆਂ ਆਦਿਕਾਂ ਨੂੰ) ਸਮਝਾਂਦਾ ਹੈ, ਤਿੰਨ ਵੇਲੇ (ਹਰ ਰੋਜ਼) ਸੰਧਿਆ ਕਰਮ ਭੀ ਕਰਦਾ ਹੈ ।
6. ਪਰ, ਹੇ ਪ੍ਰਾਣੀ ! ਗੁਰੂ ਦੇ ਸ਼ਬਦ ਤੋਂ ਬਿਨਾ ਉਸ ਨੂੰ (ਵਿਸ਼ਿਆਂ ਦੇ ਜ਼ਹਿਰ ਤੋਂ) ਖਲਾਸੀ ਬਿਲਕੁਲ ਨਹੀਂ ਮਿਲਦੀ, ਪ੍ਰਮਾਤਮਾਂ ਦੇ ਨਾਮ ਤੋਂ ਵਾਂਝਿਆਂ ਉਹ ਵਿਕਾਰਾਂ ਵਿਚ ਫਸਿਆ ਰਹਿ ਕੇ ਆਤਮਕ ਮੌਤ ਸਹੇੜ ਲੈਂਦਾ ਹੈ।੨।
7. ਹੇ ਭਾਈਓ ! ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਜੋਗੀ ਹੱਥ ਵਿਚ ਡੰਡਾ ਤੇ ਖੱਪਰ ਫੜ ਲੈਂਦਾ ਹੈ, ਬ੍ਰਾਹਮਣ ਬੋਦੀ ਰਖਦਾ ਹੈ, ਜਨੇਊ ਤੇ ਧੋਤੀ ਪਹਿਨਦਾ ਹੈ ।
8. ਪਰ, ਤ੍ਰਿਨ੍ਹੀਂ ਕੰਮੀਂ ਪ੍ਰਮਾਤਮਾਂ ਦਾ ਨਾਮ ਸਿਮਰਨ ਤੋਂ ਬਿਨਾ (ਮਨ ਨੂੰ) ਸ਼ਾਂਤੀ ਨਹੀਂ ਆ ਸਕਦੀ, ਜੋ ਪੁਰਖ ਹਰੀ ਦਾ ਨਾਮ ਸਿਮਰਦਾ ਹੈ, ਉਹ (ਵਿਸ਼ੇ ਵਿਕਾਰਾਂ ਦੇ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ।੩।
9. ਹੇ ਭਾਈ ! ਜੇ ਕਿਸੇ ਨੇ ਜਟਾਂ ਦਾ ਜੂੜਾ ਕਰ ਲਿਆ,ਪਿੰਡੇ ਤੇ ਸੁਆਹ ਮਲ ਲਈ, ਸਰੀਰ ਉਤੋਂ ਕਪੜੇ ਉਤਾਰ ਕੇ ਨੰਗਾ ਰਹਿਣ ਲਗ ਪਿਆ ।
10. ਪਰ, ਹੇ ਭਾਈ ! ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੱਝੇ ਹੋਏ ਲਈ (ਇਹ ਸਾਰਾ ਅਡੰਬਰ) ਨਿਰਾ ਬਾਹਰਲਾ ਧਾਰਮਕ ਲਿਬਾਸ ਹੀ ਹੈ, ਪ੍ਰਭੂ ਦਾ ਨਾਮ ਜਪਣ ਤੋਂ ਬਿਨਾ ਮਾਇਆ ਦੀ ਤ੍ਰਿਸ਼ਨਾ ਵਲੋਂ ਮਨ ਰੱਜਦਾ ਨਹੀਂ ।੪।
11. ਪਰ, ਹੇ ਪ੍ਰਭੂ ! ਇਨ੍ਹਾਂ ਜੀਵਾਂ ਦੇ ਕੁਝ ਵਸ ਨਹੀਂ ਹੈ, ਪਾਣੀ ਵਿਚ, ਧਰਤੀ ਵਿਚ, ਅਕਾਸ਼ ਵਿਚ, ਜਿਤਨੇ ਭੀ ਜੀਵ ਵਸਦੇ ਹਨ ਸਭਨਾਂ ਵਿਚ ਤੂੰ ਆਪ ਹੀ ਹਰ ਥਾਂ ਮੌਜੂਦ ਹੈਂ ।
12. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਸ ਜੀਵ ਨੂੰ ਪ੍ਰਭੂ ਗੁਰੂ ਦੀ ਕ੍ਰਿਪਾ ਦੀ ਰਾਹੀਂ (ਵਿਸ਼ੇ ਵਿਕਾਰਾਂ ਤੋਂ) ਬਚਾਂਦਾ ਹੈ, ਉਹ ਪ੍ਰਮਾਤਮਾਂ ਦੇ ਨਾਮ ਦਾ ਰਸ ਬੜੇ ਸੁਆਦ ਨਾਲ ਪੀਂਦਾ ਹੈ ।੫।੭।੮।

ਭਾਵਾਰਥ :—ਇਸ ਮਹਾਂਵਾਕ ਅੰਦਰ ਸਤਿਗੁਰੂ ਜੀ ਪ੍ਰਭੂ ਦੇ ਨਾਮ ਦੀ ਮਹਿਮਾਂ ਅੰਕਤ ਕਰਦੇ ਹਨ ਕਿ ਨਾਮ ਦੇ ਮੁਕਾਬਲੇ ਤੇ ਹੋਮ, ਜੱਗ, ਪੂਜਾ, ਪਾਠ, ਸਿਖਾ ਸੂਤ ਤੇ ਹੋਰ ਭੇਖ ਕਿਸੇ ਭੀ ਕੰਮ ਦੇ ਨਹੀਂ ।

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧

੧ ੴ ਸਤਿਗੁਰ ਪ੍ਰਸਾਦਿ ॥

1. **ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**
2. **ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥**
3. **ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
4. **ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥੧॥ਰਹਾਉ॥**
5. **ਚਾਰੇ ਵਰਨ ਆਖੈ ਸਭੁ ਕੋਈ ॥**
6. **ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥**
7. **ਮਾਟੀ ਏਕ ਸਗਲ ਸੰਸਾਰਾ ॥**
8. **ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥**
9. **ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥**
10. **ਘਟਿ ਵਧਿ ਕੋ ਕਰੈ ਬੀਚਾਰਾ ॥੪॥**

11. ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥
12. ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥

ਪਦ ਅਰਥ :—ਗਰਬੁ—ਅਹੰਕਾਰ। ਬ੍ਰਹਮੁ—ਪ੍ਰਮਾਤਮਾਂ। ਬਿੰਦੇ—(ਜੋ) ਜਾਣਦਾ ਹੈ, ਸਾਂਝ ਪਾ ਲੈਂਦਾ ਹੈ।੧।

ਮੂਰਖ—ਹੇ ਮੂਰਖ । ਤੇ—ਤੋਂ । ਵਿਕਾਰਾ—ਭੈੜਾ ।੧। ਰਹਾਉ।

ਚਾਰੇ—ਚਾਰ ਹੀ । ਵਰਨ—ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ। ਸਭ ਕੋਈ—ਹਰੇਕ ਮਨੁੱਖ। ਤੇ—ਤੋਂ। ਬਿੰਦ—ਬੀਰਜ, ਅਸਲਾ। ਬ੍ਰਹਮੁ ਬਿੰਦ ਤੇ—ਪ੍ਰਮਾਤਮਾਂ ਦੀ ਜੋਤ ਰੂਪ ਅਸਲੇ ਤੋਂ। ਸਭ—ਸਾਰੀ। ਉਪਤਿ—ਉਤਪੱਤੀ।੨।

ਸਗਲ—ਸਾਰਾ । ਬਹੁ ਬਿਧਿ—ਕਈ ਕਿਸਮਾਂ ਦੇ। ਘੜੈ—ਘੜਦਾ ਹੈ।੩।

ਮਿਲਿ—ਮਿਲਕੇ। ਦੇਹੀ—ਸਰੀਰ। ਆਕਾਰਾ—ਸ਼ਕਲ। ਕੋ ਕਰੈ—ਕੌਣ ਕਰ ਸਕਦਾ ਹੈ ? । ਘਟਿ—ਥੋੜ੍ਹੇ । ਵਧਿ—ਵਧੀਕ, ਬਹੁਤੇ।੪।

ਕਹਤੁ—ਆਖਦਾ ਹੈ । ਜੀਉ—ਜੀਵ। ਕਰਮ ਬੰਧੁ—ਆਪਣੇ ਕੀਤੇ ਹੋਏ ਕਰਮਾਂ ਦਾ ਬੱਧਾ ਹੋਇਆ । ਭੇਟੇ—ਮਿਲਿਆਂ। ਮੁਕਤਿ—(ਕਰਮਾਂ ਦੇ ਬੰਧਨਾਂ ਤੋਂ) ਖਲਾਸੀ।੫।

ਅਰਥ :—

ਪ੍ਰ:—ਗੁਰਦੇਵ ਜੀਉ ! ਕਈ ਵਾਰ ਬ੍ਰਾਹਮਣ ਲੋਕਾਂ ਨਾਲ ਵੀਚਾਰ ਵਟਾਂਦਰਾ ਕਰਨ ਦਾ ਮੌਕਾ ਬਣਦਾ ਹੈ, ਉਹ ਬ੍ਰਾਹਮਣ ਲੋਕ ਆਪਣੇ ਆਪ ਨੂੰ ਇਹ ਸਮਝਦੇ ਹਨ ਕਿ ਅਸੀਂ ਬ੍ਰਹਮਾਂ ਦੇ ਮੁਖ ਤੋਂ ਪੈਦਾ ਹੋਏ ਹਾਂ; ਇਸ ਲਈ ਅਸੀਂ ਸਾਰਿਆਂ ਤੋਂ ਉੱਤਮ ਤੇ ਕਲਿਆਣ ਹੋਣ ਦਾ ਹੱਕ ਰਖਦੇ ਹਾਂ, ਬਾਕੀ ਲੋਕ ਸਾਥੋਂ ਨੀਵੇਂ ਦਰਜੇ ਦੇ ਹਨ, ਸੋ, ਗੁਰਮਤ ਦੁਆਰੇ ਉਨ੍ਹਾਂ ਨੂੰ ਕੀ ਦਸਣਾ ਜੋਗ ਹੈ ?

1. **ਉ**:—ਹੇ ਭਾਈਓ ! ਉਨ੍ਹਾਂ ਲੋਕਾਂ ਨੂੰ ਤਾਂ ਗੁਰਮਤਿ ਇਹੋ ਹੀ ਕਹਿੰਦੀ ਹੈ ਕਿ, ਹੇ ਭਾਈ ! ਕੋਈ ਭੀ ਧਿਰ (ਉਚੀ) ਜ਼ਾਤ ਦਾ ਮਾਣ ਨਾ ਕਰਿਓ, ਕਿਉਂਕਿ, ਜ਼ਾਤ ਦੇ ਆਸਰੇ ਬ੍ਰਾਹਮਣ ਨਹੀਂ ਬਣੀਦਾ।

ਪ੍ਰ:—ਕਿਉਂ ਜੀ ! ਦਸੋ, ਗੁਰਮਤਿ ਅਨੁਸਾਰ ਬ੍ਰਾਹਮਣ ਕਿਸ ਨੂੰ ਮੰਨਿਆਂ ਜਾਂਦਾ ਹੈ ?

2. **ਉ**:—ਹੇ ਭਾਈਓ ! ਅਸਲ ਵਿਚ ਉਹੀ ਮਨੁੱਖ ਬ੍ਰਾਹਮਣ ਬਣ ਜਾਂਦਾ ਹੈ ਜਿਹੜਾ ਮਨੁੱਖ (ਬ੍ਰਹਮ) ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ।੧।

3. (ਇਸ ਲਈ) ਹੇ ਮੂਰਖ, ਹੇ ਗਵਾਰ, (ਉਚੀ) ਜ਼ਾਤ ਦਾ ਮਾਣ ਨਾ ਕਰ।

4. ਇਸ ਮਾਣ ਅਹੰਕਾਰ ਤੋਂ (ਭਾਈਚਾਰਕ ਜੀਵਨ ਵਿਚ) ਕਈ ਵਿਗਾੜ ਚਲ ਪੈਂਦੇ ਹਨ।੧। ਰਹਾਉ।

ਪ੍ਰ:—ਸ੍ਰੀ ਜੀਉ ! ਆਮ ਲੋਕ ਤਾਂ ਇਹੋ ਹੀ ਆਖਦੇ ਹਨ ਕਿ ਚਾਰ ਹੀ ਵਰਨ ਭਿੰਨ ਭਿੰਨ ਹਨ, ਪਰ, ਗੁਰਮਤ ਵਿਚ ਇਸ ਬਾਰੇ ਕੀ ਵੀਚਾਰ ਕਹੇ ਗਏ ਹਨ ?

5. **ਉ**:—ਹੇ ਭਾਈਓ ! ਇਹ ਤਾਂ ਠੀਕ ਹੈ ਕਿ ਹਰੇਕ ਮਨੁੱਖ ਇਹੀ ਆਖਦਾ ਹੈ ਕਿ, ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ ਇਹ ਚਾਰ ਹੀ ਵਖ ਵਖ ਵਰਣ ਹਨ।

6. ਪਰ, ਹੇ ਭਾਈ ! ਇਹ ਲੋਕ ਇਹ ਨਹੀਂ ਸਮਝਦੇ ਕਿ, ਪ੍ਰਮਾਤਮਾਂ ਦੀ ਜੋਤ ਰੂਪ ਅਸਲੇ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ।੨।

ਪ੍ਰ:—ਸ੍ਰੀ ਜੀਉ ! ਇਸ ਖਿਆਲ ਦੀ ਪ੍ਰਪੱਕਤਾ ਲਈ ਕੋਈ ਉਦਾਹਰਣ ਦਿਓ ?

7.8 **ਉ**:—ਹੇ ਭਾਈਓ ! ਵੇਖੋ, ਜਿਵੇਂ ਕੋਈ ਘੁਮਿਆਰ ਇਕੋ ਮਿੱਟੀ ਤੋਂ ਕਈ ਕਿਸਮਾਂ ਦੇ ਭਾਂਡੇ ਘੜ ਲੈਂਦਾ ਹੈ। ਤਿਵੇਂ, ਇਹ ਸਾਰਾ ਸੰਸਾਰ ਹੈ, ਪ੍ਰਮਾਤਮਾਂ ਨੇ ਆਪਣੀ ਹੀ ਜੋਤ ਤੋਂ ਬਣਾਇਆ ਹੋਇਆ ਹੈ।੩।

9. ਹੇ ਭਾਈਓ ! ਪੰਜ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ।

10. ਕੋਈ ਇਹ ਨਹੀਂ ਆਖ ਸਕਦਾ ਕਿ ਕਿਸੇ (ਵਰਣ ਵਾਲੇ) ਵਿਚ ਬਹੁਤ ਤੱਤ ਹਨ, ਕਿਸੇ (ਵਰਣ ਵਾਲੇ) ਵਿਚ ਥੋੜੇ ਤੱਤ ਹਨ।੪।

ਪ੍ਰ:—ਸ੍ਰੀ ਜੀਉ ! ਆਖਰ, ਆਪ ਇਹ ਦਸੋ ਕਿ ਜੀਵ ਦੀ ਬੰਧਨਾਂ ਤੋਂ ਖਲਾਸੀ ਕਿਵੇਂ ਹੋ ਸਕਦੀ ਹੈ ?

11. **ਉ**—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਭਾਵੇਂ ਕੋਈ ਬ੍ਰਾਹਮਣ ਹੈ ਭਾਵੇਂ ਕੋਈ ਸ਼ੂਦਰ ਹੈ) ਹਰੇਕ ਜੀਵ ਆਪੋ ਆਪਣੇ (ਸੰਸਕਾਰਾਂ) ਦਾ ਬੱਝਾ ਹੋਇਆ ਹੈ।

12. (ਇਸ ਲਈ) ਗੁਰੂ ਨੂੰ ਮਿਲਣ ਤੋਂ ਬਿਨਾ (ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੰਧਨਾਂ ਤੋਂ) ਕਿਸੇ ਦੀ ਖਲਾਸੀ ਨਹੀਂ ਹੋ ਸਕਦੀ।੫।੧।

ਭਾਵਾਰਥ :—ਇਸ ਸ਼ਬਦ ਵਿਚ ਜ਼ਾਤ ਪਾਤ ਦੇ ਭਰਮ ਨੂੰ ਇਹ ਸਿਧਾਂਤਕ ਵੀਚਾਰ ਦਸ ਕੇ ਦੂਰ ਕਰਦੇ ਹਨ ਕਿ ਸਾਰੇ ਪ੍ਰਾਣੀ ਇਕੋ ਹਰੀ ਦੀ ਉਲਾਦ ਹਨ, ਇਨ੍ਹਾਂ ਵਿਚ ਊਚ ਨੀਚ ਕੋਈ ਭੀ ਨਹੀਂ ਹੋ ਸਕਦਾ।

ਭੈਰਉ ਮਹਲਾ ੩ ॥

1. ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥
2. ਏ ਸੂਤੇ ਅਪਣੈ ਅਹੰਕਾਰੀ ॥੧॥
3. ਮਾਇਆ ਮਦਿ ਮਾਤਾ ਰਹਿਆ ਸੋਇ ॥
4. ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥
5. ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥
6. ਪੰਚ ਦੂਤ ਓਹੁ ਵਸਗਤਿ ਕਰੈ ॥੨॥

7. ਸੋ ਜਾਗੈ ਜੋ ਤਤੁ ਬੀਚਾਰੈ ॥
8. ਆਪਿ ਮਰੈ ਅਵਰਾ ਨਹ ਮਾਰੈ ॥੩॥
9. ਸੋ ਜਾਗੈ ਜੋ ਏਕੋ ਜਾਣੈ ॥
10. ਪਰਕਿਰਤਿ ਛੋਡੈ ਤਤੁ ਪਛਾਣੈ ॥੪॥
11. ਚਹੁ ਵਰਨਾ ਵਿਚਿ ਜਾਗੈ ਕੋਇ ॥
12. ਜਮੈ ਕਾਲੈ ਤੇ ਛੂਟੈ ਸੋਇ ॥੫॥
13. ਕਹਤ ਨਾਨਕ ਜਨੁ ਜਾਗੈ ਸੋਇ ॥
14. ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥

ਪਦ ਅਰਥ :—ਗ੍ਰਿਹੀ—ਗ੍ਰਿਹਸਤੀ। ਪੰਡਿਤ—(ਬਹੁ ਵਚਨ)। ਭੇਖਧਾਰੀ—ਛੇ ਭੇਖਾਂ ਦੇ ਸਾਧੂ। ਏ—ਇਹ ਸਾਰੇ। ਸੂਤੇ—ਸੁਤੇ ਹੋਏ ਹਨ। ਅਪਨੈ ਅਹੰਕਾਰੀ—ਆਪਣੇ ਅਹੰਕਾਰ, ਆਪੋ ਆਪਣੇ ਅਹੰਕਾਰ ਵਿਚ।੧।

ਮਦਿ—ਨਸ਼ੇ ਵਿਚ। ਮਾਤਾ—ਮਸਤ। ਰਹਿਆ ਸੋਇ—ਸੌਂ ਰਿਹਾ ਹੈ। ਜਾਗਤੁ ਰਹੈ—ਜਿਹੜਾ ਸੁਚੇਤ ਰਹਿੰਦਾ ਹੈ। ਮੂਸੈ—ਠੱਗਦਾ।੧। ਰਹਾਉ।

ਜਿਸੁ—ਜਿਸ ਨੂੰ। ਦੂਤ—ਵੈਰੀ। ਓਹੁ—ਉਹ ਮਨੁੱਖ। ਵਸਗਤਿ—ਵਸ ਵਿਚ।੨।

ਤਤੁ—ਜਗਤ ਦਾ ਅਸਲਾ, ਪ੍ਰਮਾਤਮਾਂ। ਬੀਚਾਰੈ—ਮਨ ਵਿਚ ਵਸਾਂਦਾ ਹੈ। ਮਰੈ—(ਵਿਕਾਰਾਂ ਵਲੋਂ) ਮਰਦਾ ਹੈ। ਅਵਰਾ—ਹੋਰਨਾਂ ਨੂੰ।੩।

ਏਕੋ—ਸਿਰਫ ਪ੍ਰਮਾਤਮਾਂ। ਜਾਣੈ—ਡੂੰਘੀ ਸਾਂਝ ਪਾਂਦਾ ਹੈ। ਪਰਕਿਰਤਿ—ਮਾਇਆ (ਮਾਇਆ ਦਾ ਮੋਹ)।੪।

ਕੋਇ—ਕੋਈ ਵਿਰਲਾ। ਜਮੈ ਤੇ—ਜਮ ਤੋਂ। ਕਾਲੇ ਤੇ—ਕਾਲ ਤੋਂ। ਜਮੈ ਕਾਲੇ ਤੇ—ਜਨਮ ਮਰਣ ਦੇ ਗੇੜ ਤੋਂ, ਆਤਮਕ ਮੌਤ ਤੋਂ। ਛੂਟੈ—ਬਚ ਜਾਂਦਾ ਹੈ।੫।

ਜਨੁ ਸੋਇ—ਉਹੀ ਮਨੁੱਖ। ਜਾ ਕੀ ਨੇਤ੍ਰੀ—ਜਿਸ ਦੀਆਂ ਅੱਖਾਂ ਵਿਚ। ਗਿਆਨ—ਆਤਮਕ ਜੀਵਨ ਦੀ ਸੂਝ। ਅੰਜਨੁ—ਸੁਰਮਾਂ।੬।

ਅਰਥ :—

ਪ੍ਰ:—ਸ੍ਰੀ ਜੀਉ! ਸਾਰੇ ਹੀ ਲੋਕ ਪ੍ਰਭੂ ਦੀ ਯਾਦ ਤੋਂ ਗਾਫਲ ਕਿਉਂ ਹੋਏ ਰਹਿੰਦੇ ਹਨ?

1. **ਉ**:—ਹੇ ਭਾਈ! ਅਸੀਂ ਤਾਂ ਵੇਖ ਰਹੇ ਹਾਂ ਕਿ, ਜੋਗੀ, ਗ੍ਰਿਹਸਤੀ, ਪੰਡਤ, ਭੇਖਾਂ ਦੇ ਸਾਧੂ,
2. ਇਹ ਸਾਰੇ ਹੀ ਆਪੋ ਆਪਣੇ (ਕਿਸੇ ਨਾ ਕਿਸੇ) ਅਹੰਕਾਰ ਵਿਚ (ਪੈ ਕੇ ਪ੍ਰਭੂ ਦੀ ਯਾਦ ਵਲੋਂ) ਗਾਫਿਲ ਹੋਏ ਰਹਿੰਦੇ ਹਨ।੧।
3. ਹੇ ਭਾਈਓ! ਇਹ ਜੀਵ ਮਾਇਆ ਦੇ (ਮੋਹ ਦੇ) ਨਸ਼ੇ ਵਿਚ ਮਸਤ ਹੋ ਕ ਪ੍ਰਭੂ ਦੀ ਯਾਦ ਵਲੋਂ ਗਾਫਲ ਹੋਇਆ ਰਹਿੰਦਾ ਹੈ (ਤੇ ਇਸ ਦੇ ਆਤਮਕ ਜੀਵਨ ਦੀ ਰਾਸ ਪੂੰਜੀ ਨੂੰ ਕਾਮਾਦਿਕ ਲੁੱਟਦੇ ਰਹਿੰਦੇ ਹਨ)।

ਪ੍ਰ:—ਸ੍ਰੀ ਜੀਉ! ਇਨ੍ਹਾਂ ਕਾਮਾਦਿਕ ਲੁਟੇਰਿਆਂ ਤੋਂ ਕਿਵੇਂ ਬਚਿਆ ਜਾਂਦਾ ਹੈ?

4. **ਉ**—ਪਰ, ਐ ਪਿਆਰਿਓ! ਜਿਹੜਾ ਮਨੁੱਖ ਪ੍ਰਭੂ ਦੀ ਯਾਦ ਦੀ ਬਰਕਤ ਨਾਲ ਸੁਚੇਤ ਰਹਿੰਦਾ ਹੈ, ਉਸ ਨੂੰ ਕੋਈ ਵਿਕਾਰ ਲੁੱਟ ਨਹੀਂ ਸਕਦਾ।੧। ਰਹਾਉ।

ਪ੍ਰ:—ਸ੍ਰੀ ਜੀਉ! ਇਨ੍ਹਾਂ ਕਾਮਾਦਿਕ ਲੁਟੇਰਿਆਂ ਤੋਂ ਬਚਣ ਲਈ ਸਾਰੇ ਹੀ ਜੀਵ ਸੁਚੇਤ ਕਿਉਂ ਨਹੀਂ ਰਹਿੰਦੇ?

5. **ਉ**:—ਹੇ ਭਾਈਓ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਸਿਰਫ ਉਹੀ ਮਨੁੱਖ ਸੁਚੇਤ ਰਹਿੰਦਾ ਹੈ, ਜਿਸ ਨੂੰ ਗੁਰੂ ਮਿਲ ਪੈਂਦਾ ਹੈ।
6. ਹੇ ਭਾਈ! ਉਹੀ ਮਨੁੱਖ (ਸਿਮਰਨ ਦੀ ਬਰਕਤ ਨਾਲ) ਕਾਮਾਦਿਕ ਪੰਜੇ ਵੈਰੀਆਂ ਨੂੰ ਆਪਣੇ ਵਸ ਵਿਚ ਕਰੀ ਰਖਦਾ ਹੈ।੨।
7. ਹੇ ਭਾਈਓ! ਸਿਰਫ ਉਹੀ ਮਨੁੱਖ ਹੀ ਸੁਚੇਤ ਰਹਿੰਦਾ ਹੈ, ਜੋ ਪ੍ਰਮਾਤਮਾਂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਂਦਾ ਹੈ।
8. ਉਹ ਮਨੁੱਖ (ਵਿਕਾਰਾਂ ਵਲੋਂ) ਆਪਣੇ ਆਪ ਨੂੰ ਬਚਾਈ ਰਖਦਾ ਹੈ, ਉਹ ਮਨੁੱਖ ਹੋਰਨਾਂ ਉਤੇ ਧਕਾ ਵਧੀਕੀ ਨਹੀਂ ਕਰਦਾ, (ਭਾਵ, ਉਹ ਨਿਰਾ ਹੋਰਨਾਂ ਉਤੇ ਹਮਲੇ ਕਰਨ ਨੂੰ ਹੀ ਛੱਤ੍ਰੀ ਪੁਣਾ ਨਹੀਂ ਸਮਝਦਾ ਬਲਕਿ ਵਡੀ ਬਹਾਦਰੀ ਇਸ ਵਿਚ ਹੀ ਮੰਨਦਾ ਹੈ ਕਿ ਆਪਣੇ ਆਪ ਉਤੇ ਕਾਬੂ ਪਾਵੇ)।੩।
9. ਹੇ ਭਾਈ! ਸਿਰਫ ਉਹੀ ਮਨੁੱਖ (ਮਾਇਆ ਦੇ ਮੋਹ ਦੀ ਨੀਂਦ ਵਲੋਂ) ਸੁਚੇਤ ਰਹਿੰਦਾ ਹੈ ਜਿਹੜਾ ਸਿਰਫ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪਾਂਦਾ ਹੈ।
10. ਜਿਹੜਾ ਮਾਇਆ (ਦੇ ਮੋਹ) ਨੂੰ ਤਿਆਗਦਾ ਹੈ ਅਤੇ ਆਪਣੇ ਅਸਲੇ ਪ੍ਰਭੂ ਨਾਲ ਜਾਣ ਪਛਾਣ ਬਣਾਂਦਾ ਹੈ।੪।

ਪ੍ਰ:—ਕਿਉਂ ਜੀ! ਕੀ ਉਹ ਕੋਈ ਖਾਸ ਵਰਣ ਹੈ ਜੋ ਮਾਇਆ ਦੇ ਮੋਹ ਦੀ ਨੀਂਦ ਵਲੋਂ ਸੁਚੇਤ ਰਹਿ ਸਕਦਾ ਹੋਵੇ?

11. **ਉ**:—ਹੇ ਭਾਈ! (ਕੋਈ ਬ੍ਰਾਹਮਣ ਹੋਵੇ, ਖੱਤਰੀ ਹੋਵੇ, ਵੈਸ਼ ਹੋਵੇ, ਸ਼ੂਦਰ ਹੋਵੇ) ਚੌਹਾਂ ਵਰਨਾਂ ਵਿਚੋਂ ਕੋਈ ਵਿਰਲਾ (ਮਾਇਆ ਦੇ ਮੋਹ ਦੀ ਨੀਂਦ ਤੋਂ) ਸੁਚੇਤ ਰਹਿੰਦਾ ਹੈ (ਕਿਸੇ ਖਾਸ ਵਰਣ ਦਾ ਕੋਈ ਲਿਹਾਜ ਨਹੀਂ)।
12. (ਜਿਹੜਾ ਜਾਗਦਾ ਹੈ) ਉਹ ਆਤਮਕ ਮੌਤ ਤੋਂ ਬਚਿਆ ਰਹਿੰਦਾ ਹੈ।੫।
13. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ! ਉਹ ਮਨੁੱਖ ਹੀ ਮਾਇਆ ਦੇ ਮੋਹ ਦੀ ਨੀਂਦ ਤੋਂ ਜਾਗਦਾ ਹੈ।
14. ਜਿਸ ਦੇ ਮਨ ਬੁਧੀ ਨੇਤ੍ਰਾਂ ਵਿਚ ਆਤਮਕ ਜੀਵਨ ਦੀ ਸੂਝ ਦਾ ਸੁਰਮਾਂ ਪਿਆ ਹੁੰਦਾ ਹੈ।੬।੨।

ਭਾਵਾਰਥ :—ਜ਼ਾਤ ਦੇ ਅਹੰਕਾਰ ਵਿਚ ਮਨੁੱਖ ਸੁਤੇ

ਰਹਿੰਦੇ ਹਨ, ਉਨ੍ਹਾਂ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ, ਪਰ, ਜਿਸ ਨੂੰ ਸਤਿਗੁਰੂ ਮਿਲੇ ਉਸ ਨੂੰ ਅਸਲੀਅਤ ਦੀ ਸਮਝ ਪੈਂਦੀ ਹੈ, ਉਹ ਬ੍ਰਾਹਮਣ, ਛੱਤ੍ਰੀ ਅਤੇ ਸ਼ੂਦਰ ਵਾਲੀਆਂ ਕਮਜ਼ੋਰੀਆਂ ਛਡ ਕੇ ਅਸਲੀ ਗਿਆਨ, ਅਸਲੀ ਬੀਰਤਾ, ਅਸਲੀ ਸੇਵਾ ਦਾ ਭੇਦ ਸਮਝਦਾ ਹੈ।

ਭੈਰਉ ਮਹਲਾ ੩ ॥

1. **ਜਾ ਕਉ ਰਾਖੈ ਅਪਣੀ ਸਰਣਾਈ ॥**
2. **ਸਾਚੇ ਲਾਗੈ ਸਾਚਾ ਫਲੁ ਪਾਈ ॥੧॥**
3. **ਰੇ ਜਨ ਕੈ ਸਿਉ ਕਰਹੁ ਪੁਕਾਰਾ ॥**
4. **ਹੁਕਮੇ ਹੋਆ ਹੁਕਮੇ ਵਰਤਾਰਾ ॥੧॥ ਰਹਾਉ ॥**
5. **ਏਹੁ ਆਕਾਰੁ ਤੇਰਾ ਹੈ ਧਾਰਾ ॥**
6. **ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥੨॥**
7. **ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥**
8. **ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥**
9. **ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥**
10. **ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥**

ਪਦ ਅਰਥ :–ਜਾ ਕਉ–ਜਿਸ (ਮਨੁੱਖ) ਨੂੰ। ਸਾਚੇ–ਸਾਚਿ ਹੀ. ਸਦਾ ਥਿਰ ਹਰਿ ਨਾਮ ਵਿਚ। ਸਾਚਾ ਫਲੁ–ਸਦਾ ਥਿਰ ਰਹਿਣ ਵਾਲਾ ਹਰਿ ਨਾਮ ਫਲ। ਪਾਈ–ਹਾਸਲ ਕਰਦਾ ਹੈ ।੧।

ਰੇ ਜਨ–ਹੇ ਭਾਈ! ਕੈ ਸਿਉ–ਪ੍ਰਮਾਤਮਾਂ ਨੂੰ ਛਡਕੇ ਹੋਰ ਕਿਸ ਅਗੇ ?। ਕਰਹੁ–ਤੁਸੀਂ ਕਰਦੇ ਹੋ। ਹੁਕਮੇ–ਹੁਕਮ ਵਿਚ ਹੀ। ਹੋਆ–(ਜਗਤ) ਬਣਿਆ। ਵਰਤਾਰਾ–ਹਰੇਕ ਕਾਰ ਵਿਹਾਰ ।੧। ਰਹਾਉ।

ਆਕਾਰੁ–ਜਗਤ। ਧਾਰਾ–ਟਿਕਾਇਆ ਹੋਇਆ। ਬਿਨਸੈ–ਨਾਸ ਹੋ ਜਾਂਦਾ ਹੈ। ਕਰਤ–ਪੈਦਾ ਕਰਦਿਆਂ। ਬਾਰਾ–ਬਾਰ ਦੇਰ, ਚਿਰ ।੨।

ਕਰਿ–ਕਰ ਕੇ। ਪ੍ਰਸਾਦੁ–ਕ੍ਰਿਪਾ। ਤੇ–ਤੋਂ, ਦੀ ਰਾਹੀਂ। ਪਰਮ ਪਦੁ–ਸਭ ਤੋਂ ਉਚਾ ਆਤਮਕ ਦਰਜਾ ।੩।

ਮਾਰਿ ਜੀਵਾਲ–ਮਾਰੇ ਜੀਵਾਲੇ–ਮਾਰਦਾ ਹੈ ਜੀਵਾਲਦਾ ਹੈ। ਸੋਇ–ਉਹ ਆਪ ਹੀ। ਭਰਮਿ–ਭਟਕਣਾ ਵਿਚ (ਪੈ ਕੇ)। ਨ ਭੂਲਹੁ–ਕੁਰਾਹੇ ਨਾ ਪਵੋ ।੪।

ਅਰਥ :–

ਪ੍ਰ:–ਸ੍ਰੀ ਜੀਉ! ਉਸ ਹਰੀ ਦੇ ਨਾਮ ਵਿਚ ਸਦਾ ਕੌਣ ਜੁੜਿਆ ਰਹਿੰਦਾ ਹੈ?

1. ਉ:–ਹੇ ਭਾਈਓ! ਅਸਲ ਵਿਚ ਜਿਸ ਮਨੁੱਖ ਨੂੰ ਪ੍ਰਮਾਤਮਾਂ ਆਪਣੇ ਚਰਨਾਂ ਵਿਚ ਜੋੜੀ ਰਖਦਾ ਹੈ।
2. ਉਹੀ ਮਨੁੱਖ ਸਦਾ ਕਾਇਮ ਰਹਿਣ ਵਾਲੇ ਹਰੀ ਦੇ ਹਰਿਨਾਮ ਨੂੰ ਹਾਸਲ ਕਰਦਾ ਹੈ ।੧।
3. ਹੇ ਭਾਈ! ਕੋਈ ਭੀ ਔਕੜ ਆਉਣ ਤੇ ਤੁਸੀਂ ਪ੍ਰਮਾਤਮਾਂ ਨੂੰ ਛਡ ਕੇ ਕਿਸੇ ਹੋਰ ਅਗੇ ਤਰਲੇ ਨਾ ਕਰਦੇ ਫਿਰੋ।
4. ਇਹ ਜਗਤ ਪ੍ਰਮਾਤਮਾਂ ਦੇ ਹੁਕਮ ਵਿਚ ਹੀ ਬਣਿਆ ਹੈ, ਉਸ ਦੇ ਹੁਕਮ ਵਿਚ ਹੀ ਹਰੇਕ ਘਟਨਾਂ ਵਾਪਰ ਰਹੀ ਹੈ ।੧। ਰਹਾਉ।
5. ਹੇ ਪ੍ਰਭੂ! ਇਹ ਸਾਰਾ ਜਗਤ ਤੇਰੇ ਹੀ ਆਸਰੇ ਹੈ, ਜਦੋਂ ਤੂੰ ਚਾਹੇਂ.
6. ਇਹ ਇਕ ਖਿਨ ਵਿਚ ਨਾਸ ਹੋ ਜਾਂਦਾ ਹੈ, ਇਸ ਨੂੰ ਪੈਦਾ ਕਰਦਿਆਂ ਭੀ (ਤੈਨੂੰ) ਚਿਰ ਨਹੀਂ ਲਗਦਾ ।੨।

ਪ੍ਰ:–ਸ੍ਰੀ ਜੀਉ! ਜਦ ਕਿ ਗੁਰਮਤਿ ਦੇ ਵੀਚਾਰ ਦੁਆਰਾ ਇਹ ਸੰਸਾਰ ਇਕ ਚਾਰ ਦਿਨਾਂ ਦੀ ਖੇਡ ਰੂਪ ਹੀ ਹੈ, ਤਾਂ ਇਸਨੂੰ ਹਰ ਬੰਦਾ ਹੀ ਤਮਾਸ਼ਾ ਰੂਪ ਕਿਉਂ ਨਹੀਂ ਸਮਝਦਾ?

7.8. ਉ:–ਹੇ ਭਾਈਓ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਉਸ ਪ੍ਰਮਾਤਮਾਂ ਨੇ ਮਿਹਰ ਕਰ ਕੇ ਜਿਸ ਮਨੁੱਖ ਨੂੰ ਇਹ ਸੰਸਾਰ ਇਕ ਤਮਾਸ਼ਾ ਜਿਹਾ ਹੀ ਵਿਖਾਲ ਦਿਤਾ ਹੈ, ਉਹ ਮਨੁੱਖ ਗੁਰੂ ਦੀ ਕਿਰਪਾ ਨਾਲ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ।

9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਹ (ਪ੍ਰਮਾਤਮਾਂ) ਹੀ (ਜੀਵਾਂ ਨੂੰ) ਮਾਰਦਾ ਹੈ ਤੇ ਜੀਵਾਲਦਾ ਹੈ।
10. ਹੇ ਭਾਈਓ! ਤੁਸੀਂ ਸਾਰੇ, ਇਸ ਤਰ੍ਹਾਂ (ਅਸਲੀਅਤ ਨੂੰ) ਸਮਝੋ, ਤੇ ਕੋਈ ਭੀ ਧਿਰ ਭਟਕਣਾ ਵਿਚ ਪੈ ਕੇ ਕੁਰਾਹੇ ਨਾ ਪਵੋ ।੪।੩।

ਭਾਵਾਰਥ :–ਸਾਰਿਆਂ ਸਿਧਾਂਤਾਂ ਤੋਂ ਉਚਾ ਗਿਆਨ ਇਹੋ ਹੀ ਹੈ ਕਿ ਸਭੋ ਕੁਝ ਉਸ ਹਰੀ ਦੇ ਹੁਕਮ ਵਿਚ ਹੋ ਰਿਹਾ ਹੈ; ਜਿਸ ਨੂੰ ਉਹ ਆਪਣਾ ਬਣਾਵੇ ਉਹੀ ਉਸ ਦਾ ਬਣ ਸਕਦਾ ਹੈ, ਕਿਸੇ ਦੀ ਆਪਣੀ ਸ਼ਕਤੀ ਨਹੀਂ ਹੈ।

ਭੈਰਉ ਮਹਲਾ ੩ ॥

1. **ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥**
2. **ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥੧॥**
3. **ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥**
4. **ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥**
5. **ਉਸਤਤਿ ਨਿੰਦਾ ਕਰੇ ਕਿਆ ਕੋਈ ॥**
6. **ਜਾਂ ਆਪੇ ਵਰਤੈ ਏਕੋ ਸੋਈ ॥੨॥**
7. **ਗੁਰ ਪਰਸਾਦੀ ਪਿਰਮ ਕਸਾਈ ॥**
8. **ਮਿਲਉਗੀ ਦਇਆਲ ਪੰਚ ਸਬਦ ਵਜਾਈ ॥੩॥**
9. **ਭਨਤਿ ਨਾਨਕੁ ਕਰੇ ਕਿਆ ਕੋਇ ॥**
10. **ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥**

ਪਦ ਅਰਥ :–ਕਾਮਣਿ–ਇਸਤ੍ਰੀ, ਜੀਵ ਇਸਤ੍ਰੀ। ਕੰਤੁ–ਖਸਮ। ਕਰੀ–ਕਰੀਂ, ਮੈਂ ਕਰਦੀ ਹਾਂ। ਸੀਗਾਰੁ–(ਆਤਮਕ ਜੀਵਨ ਦਾ) ਸ਼ਿੰਗਾਰ ।੧।

ਜਾ–ਜਦੋਂ । ਤਿਸੁ ਭਾਵੈ–ਉਸ (ਪ੍ਰਭੂ ਪਤੀ) ਨੂੰ ਚੰਗਾ ਲਗਦਾ ਹੈ । ਤਾ–ਤਦੋਂ । ਕਰੇ ਭੋਗ–(ਮੈਨੂੰ) ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ । ਸਾਚੇ ਸਾਹਿਬ ਜੋਗੁ–ਸਦਾ ਕਾਇਮ ਰਹਿਣ ਵਾਲੇ ਮਾਲਕ ਜੋਗਾ, ਸਦਾ ਥਿਰ ਪ੍ਰਭੂ ਦੇ ਹਵਾਲੇ ਕਰ ਦਿਤਾ ਹੈ ।੧। ਰਹਾਉ ।

ਉਸਤਤਿ–ਸੋਭਾ । ਕਰੇ ਕਿਆ ਕੋਈ–ਕਿਸੇ ਦੀ ਕੀਤੀ ਦਾ ਮੇਰੇ ਤੇ ਅਸਰ ਨਹੀਂ ਹੁੰਦਾ । ਆਪੇ--ਪ੍ਰਭੂ ਆਪ ਹੀ । ਵਰਤੈ–(ਉਸਤਤਿ ਕਰਨ ਵਾਲੇ ਅਤੇ ਨਿੰਦਾ ਕਰਨ ਵਾਲੇ ਵਿਚ) ਮੌਜੂਦ ਹੈ । ਸੋਈ–ਉਹ ਆਪ ਹੀ ।੨।

ਪਰਸਾਦੀ–ਪਰਸਾਦਿ, ਕਿਰਪਾ ਨਾਲ । ਪਿਰਮ ਕਸਾਈ–ਪਿਆਰ ਦੀ ਖਿੱਚ । ਮਿਲਉਗੀ–ਮਿਲਊਂਗੀ, ਮੈਂ ਮਿਲਾਂਗੀ । ਪੰਚ ਸਬਦ ਵਜਾਈ–ਪੰਚ ਸ਼ਬਦ ਵਜਾਇ, (ਜਿਵੇਂ ਪੰਜਾਂ ਕਿਸਮਾਂ ਦੇ ਸਾਜ਼ ਵਜਾ ਕੇ ਬੜਾ ਵਧੀਆ ਸੰਗੀਤਕ ਰਸ ਬਣਦਾ ਹੈ, ਤਿਵੇਂ ਪੂਰਨ ਖਿੜਾਉ ਅਨੰਦ ਨਾਲ) ।੩।

ਭਨਤਿ–ਆਖਦਾ ਹੈ । ਕਰੇ ਕਿਆ ਕੋਇ–ਕੋਈ ਕਿਆ ਕਰੇ ? ਕੋਈ ਕੀ ਵਿਗਾੜ ਸਕਦਾ ਹੈ ।੪।

ਅਰਥ :–

ਪ੍ਰ:–ਸ੍ਰੀ ਜੀਉ ! ਅਸੀਂ ਕਲਜੁਗੀ ਜੀਵਾਂ ਨੂੰ ਉਸ ਪ੍ਰਮੇਸ਼ਰ ਜੀ ਦੇ ਚਰਨਾਂ ਵਿਚ ਅਰਦਾਸ ਕਰਨ ਦੀ ਭੀ ਸੋਝੀ ਨਹੀਂ ਕ੍ਰਿਪਾ ਕਰੋ ਤੇ ਸਾਨੂੰ ਬੇਨਤੀਆਂ ਕਰਨ ਦੀ ਜਾਚ ਦਸ ਦਿਓ?

1. **ਉ:**–ਹੇ ਭਾਈਓ ! ਤੁਸੀਂ ਭੀ ਮੇਰੇ ਵਾਂਗੂ ਇਉਂ ਹੀ ਜੋਦੜੀਆਂ ਕਰਦੇ ਰਿਹਾ ਕਰੋ ਕਿ, ਹੇ ਸਖੀ ! ਮੈਂ (ਜੀਵ) ਇਸਤ੍ਰੀ ਹਾਂ, (ਉਹ) ਕਰਤਾਰ ਮੇਰਾ ਪਤੀ ਹੈ ।
2. ਮੈਂ ਉਹੋ ਜਿਹਾ ਹੀ ਸ਼ਿੰਗਾਰ ਕਰਦੀ ਹਾਂ ਜਿਹੋ ਜਿਹਾ (ਉਹ) ਆਪ ਕਰਾਂਦਾ ਹੈ (ਮੈਂ ਆਪਣੇ ਜੀਵਨ ਨੂੰ ਉਤਨਾ ਕੁ ਸੋਹਣਾ ਹੀ ਬਣਾ ਸਕਦੀ ਹਾਂ, ਜਿਤਨਾ ਉਹ ਬਣਵਾਂਦਾ ਹੈ) ।੧।
3. ਹੇ ਸਖੀ ! ਮੇਰਾ ਆਪਣਾ ਜ਼ੋਰ ਕੋਈ ਨਹੀਂ; ਜਦੋਂ ਉਸ ਦੀ ਰਜ਼ਾ ਹੁੰਦੀ ਹੈ ਮੈਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ।
4. ਪਰ, ਹੇ ਸਖੀ ! ਮੈਂ ਆਪਣਾ ਤਨ, ਆਪਣਾ ਮਨ (ਉਸ) ਸਦਾ ਕਾਇਮ ਰਹਿਣ ਵਾਲੇ ਮਾਲਕ ਪ੍ਰਭੂ ਦੇ ਹਵਾਲੇ ਕਰ ਚੁਕੀ ਹਾਂ ।੧। ਰਹਾਉ ।

ਪ੍ਰ:–ਕਿਉਂ ਜੀ ! ਅਜਿਹੀ ਜੀਵ ਰੂਪੀ ਇਸਤ੍ਰੀ ਜੋ ਆਪਣਾ ਤਨ ਮਨ ਪ੍ਰਭੂ ਦੇ ਹਵਾਲੇ ਕਰ ਦੇਣ ਵਾਲੀ ਹੈ, ਉਸ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤ ਰਹੀ ਹੁੰਦੀ ਹੈ ?

5.6 **ਉ:**–ਹੇ ਭਾਈ ! **ਉਸ** ਦੇ ਅੰਦਰੋਂ ਤਾਂ ਸਦਾ ਇਹੋ ਨਿਸਚੇ ਭਰੇ ਵਾਕ ਨਿਕਲਦੇ ਹਨ ਕਿ, ਹੇ ਸਖੀ ! ਸੁਣ ਹੁਣ ਜਦੋਂ ਮੈਨੂੰ ਇਹ ਨਿਸਚਾ ਹੋ ਗਿਆ ਹੈ ਕਿ, ਉਸਤਤਿ ਕਰਨ ਵਾਲਿਆਂ ਵਿਚ ਭੀ ਉਹੀ ਹੈ, ਨਿੰਦਾ ਕਰਨ ਵਾਲਿਆਂ ਵਿਚ ਭੀ ਉਹੀ ਹੈ । ਇਕ ਪ੍ਰਮਾਤਮਾਂ ਹੀ ਸਭ ਵਿਚ ਬੈਠਾ ਪ੍ਰੇਰਨਾ ਕਰਦਾ ਹੈ (ਹੁਣ ਕਿਸੇ ਦੀ ਕੀਤੀ ਉਸਤਤਿ ਜਾਂ ਨਿੰਦਾ ਦਾ ਮੇਰੇ ਉਤੇ ਕੋਈ ਅਸਰ ਨਹੀਂ ਹੁੰਦਾ ।੨।

7. ਹੇ ਸਖੀ ! ਹੁਣ ਤਾਂ ਮੇਰੇ ਅੰਦਰ ਗੁਰੂ ਦੀ ਕ੍ਰਿਪਾ ਨਾਲ (ਮੇਰੇ ਅੰਦਰ ਪ੍ਰਭੂ ਪਤੀ ਵਾਸਤੇ) ਪਿਆਰ ਦੀ ਖਿੱਚ ਬਣ ਗਈ ਹੈ ।

8: ਹੁਣ ਮੈਂ ਉਸ ਦਇਆ ਦੇ ਸੋਮੇਂ ਪ੍ਰਭੂ ਨੂੰ ਪੂਰਨ ਖਿੜਾਉ ਅਨੰਦ ਨਾਲ ਮਿਲਦੀ ਹਾਂ ।੩।

9.10 ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਸਖੀ ! ਜਿਸ ਜੀਵ ਨੂੰ ਉਹ ਪ੍ਰਭੂ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ, ਕੋਈ ਭੀ ਹੋਰ ਜੀਵ ਉਸ ਦਾ ਕੁਝ ਵਿਗਾੜ ਨਹੀਂ ਸਕਦਾ ।੪।੪।

ਭਾਵਾਰਥ :–ਉਸ ਹਰੀ ਦੇ ਮਿਲਾਪ ਲਈ ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਉਹ ਹਰੀ ਸਰਬ ਕਲਾ ਸਮਰਥ ਹੈ, ਉਹ ਜਿਸ ਨੂੰ ਆਪ ਆਪਣੇ ਨਾਲ ਮੇਲਣਾ ਚਾਹੇ ਉਸੇ ਨੂੰ ਆਪਣਾ ਮਿਲਾਪ ਬਖਸ਼ਸ਼ ਕਰਦਾ ਹੈ, ਕਿਸੇ ਦੇ ਅੰਦਰ ਆਪਣੇ ਆਪ ਮਿਲਾਪ ਕਰਨ ਦੀ ਸ਼ਕਤੀ ਨਹੀਂ ।

ਭੈਰਉ ਮਹਲਾ ੩ ॥

1. **ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥**
2. **ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥**
3. **ਇਸੁ ਮਨ ਕਉ ਕੋਈ ਖੋਜਹੁ ਭਾਈ ॥**
4. **ਮਨੁ ਖੋਜਤ ਨਾਮੁ ਨਉਨਿਧਿ ਪਾਈ ॥੧॥ ਰਹਾਉ ॥**
5. **ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥**
6. **ਮਮਤਾ ਲਾਇ ਭਰਮਿ ਭੋੁਲਾਇਆ ॥੨॥**
7. **ਇਸੁ ਮਨ ਤੇ ਸਭ ਪਿੰਡ ਪਰਾਣਾ ॥**
8. **ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥**
9. **ਕਰਮੁ ਹੋਵੈ ਗੁਰੁ ਕਿਰਪਾ ਕਰੈ ॥**
10. **ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥**
11. **ਮਨ ਕਾ ਸੁਭਾਉ ਸਦਾ ਬੈਰਾਗੀ ॥**
12. **ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥**
13. **ਕਹਤ ਨਾਨਕੁ ਜੋ ਜਾਣੈ ਭੇਉ ॥**
14. **ਆਦਿ ਪੁਰਖੁ ਨਿਰੰਜਨ ਦੇਉ ॥੬॥੫॥**

ਪਦ ਅਰਥ :–ਮੁਨਿ–ਮੋਨ ਧਾਰੀ ਸਾਧੂ । ਜਿ–ਜਿਹੜਾ । ਦੁਬਿਧਾ–ਦੋ ਕਿਸਮਾਂ ਪਨ, ਮੇਰ ਤੇਰ । ਬ੍ਰਹਮੁ–ਪ੍ਰਮਾਤਮਾਂ । ਬੀਚਾਰੇ–ਮਨ ਵਿਚ ਵਸਾਂਦਾ ਹੈ ।੧।

ਕਉ–ਨੂੰ । ਖੋਜਹੁ–ਪੜਤਾਲ ਕਰਦੇ ਰਹੋ । ਭਾਈ–ਹੇ ਭਾਈ । ਖੋਜਤ–ਪੜਤਾਲ ਕਰਦਿਆਂ । ਨਉ ਨਿਧਿ–(ਧਰਤੀ ਦੇ ਸਾਰੇ) ਨੌਂ ਖਜ਼ਾਨੇ । ਪਾਈ–ਪ੍ਰਾਪਤ ਹੋ ਜਾਂਦਾ ਹੈ ।੧। ਰਹਾਉ ।

ਮੂਲੁ–ਮੁੱਢ । ਕਰਿ–ਬਣਾ ਕੇ । ਕਰਤੈ–ਕਰਤਾਰ ਨੇ । ਮਮਤਾ–(ਮਮ-ਮੇਰਾ) ਮਲਕੀਅਤ ਬਨਾਣ ਦਾ ਸੁਭਾਉ,

ਅਪਣੱਤ । ਭਰਮਿ–ਭਰਮ ਵਿਚ; ਭਟਕਣਾ ਵਿਚ । ਭੁਲਾਇਆ–(ਅੱਖਰ 'ਭ' ਦੇ ਨਾਲ ਦੋ ਲਗਾਂ ਹਨ– ੋ ਤੇ ੁ । ਅਸਲ ਲਫ਼ਜ਼ ਹੈ, 'ਭੁਲਾਇਆ' ਇਥੇ 'ਭੋਲਾਇਆ' ਪੜ੍ਹਨਾ ਹੈ) ।੨।

ਤੇ–ਤੋਂ । ਮਨ ਤੇ–ਮਨ ਤੋਂ, ਮਨ ਦੇ ਸੰਸਕਾਰਾਂ ਤੋਂ । ਪਿੰਡ ਪਰਾਣਾ–ਸਰੀਰ ਤੇ ਪ੍ਰਾਣ, ਜਨਮ ਮਰਣ ਦਾ ਗੇੜ। ਕੈ ਵੀਚਾਰਿ–ਦੇ ਵੀਚਾਰ ਦੀ ਰਾਹੀਂ । ਬੁਝਿ–ਸਮਝ ਕੇ। ਸਮਾਣਾ–(ਜਨਮ ਮਰਨ) ਮੁੱਕ ਜਾਂਦਾ ਹੈ ।੩।

ਕਰਮੁ–(ਪ੍ਰਮਾਤਮਾਂ ਦੀ) ਮਿਹਰ । ਜਾਗੈ–ਸੁਚੇਤ ਹੋ ਜਾਂਦਾ ਹੈ । ਮਰੈ–ਮੁੱਕ ਜਾਂਦੀ ਹੈ ।੪।

ਸੁਭਾਉ–ਅਸਲਾ । ਬੈਰਾਗੀ–ਮਾਇਆ ਤੋਂ ਨਿਰਲੇਪ। ਅਤੀਤੁ–ਵਿਰਕਤ । ਅਨਰਾਗੀ–ਰਾਗ ਰਹਿਤ (ਅਨ-ਰਾਗੀ) ਨਿਰਮੋਹ ।੫।

ਭੇਉ–ਭੇਤ । ਪੁਰਖੁ–ਸਰਵ ਵਿਆਪਕ ਪ੍ਰਭੂ । ਨਿਰੰਜਨ–ਨਿਰ-ਅੰਜਨ । ਅੰਜਨ–(ਮਾਇਆ ਦੇ ਮੋਹ ਦੀ ਕਾਲਖ) ਨਿਰਲੇਪ । ਦੇਉ–ਪ੍ਰਕਾਸ਼ ਰੂਪ ਪ੍ਰਭੂ ।੬।

ਅਰਥ :–

ਪ੍ਰ:–ਸ੍ਰੀ ਜੀਉ ! ਬਹੁਤ ਲੋਕ ਮੋਨਧਾਰੀ ਵੇਖੀਦੇ ਹਨ, ਜੋ ਕਿ ਚੁੱਪ ਰਹਿਣ ਵਿਚ ਹੀ ਆਪਣੀ ਕਲਿਆਣ ਮੰਨਦੇ ਹਨ, ਪਰ ਗੁਰਮਤਿ ਵਿਚ ਉਹ ਕਿਹੋ ਜਿਹਾ ਮੋਨੀ ਹੈ ਜੋ ਕਿ ਰੱਬੀ ਦਰਬਾਰ ਵਿਚ ਪ੍ਰਵਾਣ ਹੋ ਸਕਦਾ ਹੋਵੇ ?

1. ਉ:–ਹੇ ਭਾਈਓ ! ਗੁਰਮਤਿ ਅਨੁਸਾਰ ਤਾਂ ਅਸਲ ਮੋਨ ਧਾਰ ਸਾਧੂ ਉਹ ਹੈ ਜਿਹੜਾ (ਆਪਣੇ) ਮਨ ਦੀ ਮੇਰ ਤੇਰ ਮੁਕਾ ਦੇਂਦਾ ਹੈ ।
2. ਅਤੇ ਮੇਰ ਤੇਰ ਮੁਕਾ ਕੇ (ਉਸ ਮੇਰ ਤੇਰ ਦੇ ਥਾਂ) ਪ੍ਰਮਾਤਮਾਂ ਨੂੰ ਆਪਣੇ ਮਨ ਵਿਚ ਵਸਾਂਦਾ ਹੈ ।੧।

ਪ੍ਰ:–ਸ੍ਰੀ ਜੀਉ ! ਦਸੋ, ਕਿ ਸਾਨੂੰ ਨਾਮ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

3. ਉ:–ਹੇ ਭਾਈਓ ! ਤੁਸੀਂ ਆਪਣੇ ਇਸ ਮਨ ਨੂੰ ਖੋਜਦੇ ਰਿਹਾ ਕਰੋ ।
4. ਹੇ ਪਿਆਰੇ ! ਜੋ ਆਪਣੇ ਮਨ (ਦੀ ਦੌੜ ਭੱਜ) ਦੀ ਪੜਤਾਲ ਕਰਦਾ ਹੈ, ਉਸ ਨੂੰ ਪ੍ਰਮਾਤਮਾਂ ਦਾ ਨਾਮ ਮਿਲ ਜਾਂਦਾ ਹੈ, ਇਹ ਨਾਮ ਹੀ (ਮਾਨੋ) ਧਰਤੀ ਦੇ ਨੌਂ ਖਜ਼ਾਨੇ ਹਨ ।੧। ਰਹਾਉ ।

ਪ੍ਰ:–ਗੁਰਦੇਵ ਜੀਉ ! ਇਨ੍ਹਾਂ ਜੀਵਾਂ ਦੇ ਕੁਰਾਹੇ ਪੈਣ ਦਾ ਅਸਲ ਕਾਰਨ ਕੀ ਹੈ ?

5. ਉ:–ਹੇ ਭਾਈਓ ! (ਜਗਤ ਰਚਨਾ ਦੇ) ਮੁੱਢ ਮੋਹ ਨੂੰ ਬਣਾ ਕੇ (ਉਸ) ਕਰਤਾਰ ਨੇ ਜਗਤ ਨੂੰ ਪੈਦਾ ਕੀਤਾ ਹੈ ।
6. ਉਸੇ ਪ੍ਰਭੂ ਨੇ ਜੀਵਾਂ ਨੂੰ ਅਪਣੱਤ ਚੰਬੋੜ ਕੇ (ਮਾਇਆ ਦੀ ਖਾਤਰ) ਭਟਕਣਾ ਵਿਚ ਪਾ ਕੇ (ਆਪ ਹੀ) ਕੁਰਾਹੇ ਪਾ ਦਿਤਾ ਹੈ ।੨।

ਪ੍ਰ:–ਸ੍ਰੀ ਜੀਉ ! ਇਸ ਜੀਵ ਨੂੰ ਜੰਮਣ ਮਰਣ ਦੇ ਚੱਕ੍ਰ ਵਿਚ ਪੈਣ ਦਾ ਅਸਲ ਕਾਰਨ ਕੀ ਬਣਦਾ ਹੈ ?

7. ਉ–ਹੇ ਭਾਈਓ ! ਇਸ ਮਨ (ਦੇ ਮੇਰ ਤੇਰ ਅਪਣੱਤ ਆਦਿਕ ਸੰਸਕਾਰਾਂ) ਤੋਂ ਹੀ ਸਾਰਾ ਜਨਮ ਮਰਣ ਦਾ ਸਿਲਸਲਾ ਬਣਦਾ ਹੈ ।
8. ਪਰ, ਮਨ ਦੇ (ਸੁਚੱਜੇ) ਵਿਚਾਰਾਂ ਦੀ ਰਾਹੀਂ ਪ੍ਰਮਾਤਮਾਂ ਦੀ ਰਜ਼ਾ ਨੂੰ ਸਮਝ ਕੇ ਜੀਵ ਪ੍ਰਮਾਤਮਾਂ ਵਿਚ ਲੀਨ ਹੋ ਜਾਂਦਾ ਹੈ ।੩।

ਪ੍ਰ–ਕਿਉਂ ਜੀਉ, ਮਨੁੱਖ ਦੇ ਅੰਦਰੋਂ ਦੁਬਿਧਾ ਕਿਵੇਂ ਮੁਕਦੀ ਹੈ?

9. ਉ:–ਹੇ ਭਾਈ ! ਜਦੋਂ ਪ੍ਰਮਾਤਮਾਂ ਦੀ ਮਿਹਰ ਹੁੰਦੀ ਹੈ, ਤਾਂ ਗੁਰੂ (ਜੀਵ ਉਤੇ) ਕਿਰਪਾ ਕਰਦਾ ਹੈ ।
10. ਤਾਂ ਇਹ ਜੀਵ ਦਾ ਮਨ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦਾ ਹੈ, ਤਦੋਂ ਇਸ ਮਨ ਦੀ ਦੁਬਿਧਾ ਮੇਰ ਤੇਰ ਮੁੱਕ ਜਾਂਦੀ ਹੈ ।੪।
11. ਹੇ ਭਾਈਓ ! (ਜੀਵ ਦੇ) ਮਨ ਦਾ ਅਸਲਾ ਉਹ ਪ੍ਰਭੂ ਹੈ, ਜੋ ਮਾਇਆ ਤੋਂ ਸਦਾ ਨਿਰਲੇਪ ਰਹਿੰਦਾ ਹੈ ।
12. ਅਤੇ ਜੋ ਸਭ ਵਿਚ ਵਸਦਾ ਹੈ, ਜੋ ਵਿਰਕਤ ਹੈ; ਜੋ ਨਿਰਮੋਹ ਹੈ ।੫।
13. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜਾ ਮਨੁੱਖ (ਆਪਣੇ ਇਸ ਅਸਲੇ ਬਾਰੇ) ਇਹ ਭੇਤ ਸਮਝ ਲੈਂਦਾ ਹੈ ਉਹ (ਪ੍ਰਮਾਤਮਾਂ ਦੀ ਯਾਦ ਵਿਚ ਜੁੜ ਕੇ ਪ੍ਰਮਾਤਮਾਂ ਦੇ ਨਾਮ ਦੀ ਬਰਕਤ ਆਪਣੇ ਅੰਦਰੋਂ ਮਮਤਾ ਦੁਬਿਧਾ ਆਦਿਕ ਮੁਕਾਕੇ) ਉਸ ਪ੍ਰਮਾਤਮਾਂ ਦਾ ਰੂਪ ਬਣ ਜਾਂਦਾ ਹੈ ।
14. ਜੋ ਸਭ ਦਾ ਮੁੱਢ ਹੈ, ਜੋ ਸਭ ਵਿਚ ਵਿਆਪਕ ਹੈ ਅਤੇ ਜੋ ਮਾਇਆ ਦੇ ਮੋਹ ਤੋਂ ਨਿਰਲੇਪ, ਚਾਨਣ ਰੂਪ ਹੈ ।੬।੫।

ਭਾਵਾਰਥ :–ਕਈ ਲੋਕ ਮੋਨ ਧਾਰੀ ਹੋਣ ਉਤੇ ਬਹੁਤ ਮਾਣ ਕਰਦੇ ਹਨ, ਅਸਲ ਵਿਚ ਮੋਨੀ ਉਹ ਹੈ ਜੋ ਮਨ ਦੇ ਉਚਾਣ ਨਿਵਾਣ ਨੂੰ ਸਮਝ ਕੇ ਉਸ ਨੂੰ ਕਾਬੂ ਕਰ ਕੇ ਇਕ ਪ੍ਰਮੇਸਰ ਵਲ ਲਾਵੇ ।

ਭੈਰਉ ਮਹਲਾ ੩ ॥

1. **ਰਾਮ ਨਾਮੁ ਜਗਤ ਨਿਸਤਾਰਾ ॥**
2. **ਭਵਜਲੁ ਪਾਰਿ ਉਤਾਰਣਹਾਰਾ ॥੧॥**
3. **ਗੁਰ ਪਰਸਾਦੀ ਹਰਿ ਨਾਮੁ ਸਮੑਾਲਿ ॥**
4. **ਸਦ ਹੀ ਨਿਬਹੈ ਤੇਰੈ ਨਾਲਿ ॥੧॥ ਰਹਾਉ ॥**
5. **ਨਾਮੁ ਨ ਚੇਤਹਿ ਮਨਮੁਖ ਗਾਵਾਰਾ ॥**
6. **ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥੨॥**
7. **ਆਪੇ ਦਾਤਿ ਕਰੇ ਦਾਤਾਰੁ ॥**
8. **ਦੇਵਣਹਾਰੇ ਕਉ ਜੈਕਾਰੁ ॥੩॥**

9. ਨਦਰਿ ਕਰੇ ਸਤਿਗੁਰੂ ਮਿਲਾਏ ॥
10. ਨਾਨਕ ਹਿਰਦੈ ਨਾਮੁ ਵਸਾਏ ॥੪॥੬॥

ਪਦ ਅਰਥ :—ਜਗਤ ਨਿਸਤਾਰਾ—ਸੰਸਾਰ ਦਾ ਪਾਰ ਉਤਾਰਾ ਕਰਦਾ ਹੈ । ਭਵਜਲੁ—ਸੰਸਾਰ ਸਮੁੰਦਰ । ਉਤਾਰਣਹਾਰਾ—(ਪਾਰ) ਉਤਾਰਨ ਦੀ ਸਮਰਥਾ ਵਾਲਾ ।੧।

ਪਰਸਾਦੀ—ਪਰਸਾਦਿ, ਕ੍ਰਿਪਾ ਨਾਲ । ਸਮ੍ਾਲਿ—ਹਿਰਦੇ ਵਿਚ ਵਸਾਉ । ਸਦ—ਸਦਾ । ਨਿਬਹੈ—ਸਾਥ ਦੇਂਦਾ ਹੈ ।੧। ਰਹਾਉ ।

ਨ ਚੇਤਹਿ—ਯਾਦ ਨਹੀਂ ਕਰਦੇ । ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ ਬੰਦੇ । ਗਾਵਾਰਾ—ਮੂਰਖ ਬੰਦੇ । ਕੈਸੇ ਪਾਵਹਿ ਪਾਰਾ—ਪਾਰਲਾ ਬੰਨਾ ਕਿਵੇਂ ਲਭ ਸਕਦੇ ਹਨ ? ।੨।

ਆਪੇ—ਆਪ ਹੀ । ਦਾਤਿ—ਨਾਮ ਦੀ ਬਖਸ਼ਸ਼ । ਦਾਤਾਰੁ—ਦਾਤਾਂ ਦੇਣ ਵਾਲਾ ਪ੍ਰਭੂ । ਕਉ—ਨੂੰ । ਜੈਕਾਰੁ—ਸਿਫਤ ਸਲਾਹ ਕਰੋ ।੩।

ਨਦਰਿ—(ਮਿਹਰ ਦੀ) ਨਿਗਾਹ । ਹਿਰਦੈ—ਹਿਰਦੇ ਵਿਚ ।੪।

ਅਰਥ :—

ਪ੍ਰ:—ਸ੍ਰੀ ਜੀਉ ! ਨਾਮ ਸਿਮਰਨ ਵਿਚ ਕਿਤਨੀ ਕੁ ਸ਼ਕਤੀ ਹੈ ? ਇਹ ਦਸਣ ਦੀ ਕ੍ਰਿਪਾ ਕਰੋ ?

1. **ਉ:**—ਹੇ ਭਾਈ ! ਪ੍ਰਮਾਤਮਾਂ ਦਾ ਨਾਮ ਦੁਨੀਆਂ ਦਾ ਪਾਰ ਉਤਾਰਾ ਕਰਦਾ ਹੈ ।
2. (ਜੀਵਾਂ ਨੂੰ) ਸੰਸਾਰ ਸਮੁੰਦਰ ਤੋਂ ਪਾਰ ਲੰਘਾਣ ਦੀ ਸਮਰਥਾ ਰਖਣ ਵਾਲਾ ਹੈ ।੧।
3. ਹੇ ਭਾਈ ! ਗੁਰੂ ਦੀ ਕ੍ਰਿਪਾ ਨਾਲ (ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਕੇ) ਪ੍ਰਮੇਸ਼ਰ ਦਾ ਨਾਮ (ਆਪਣੇ ਹਿਰਦੇ ਵਿਚ) ਸੰਭਾਲਨਾ ਕਰ ।
4. ਇਹ ਹਰਿ ਨਾਮ ਸਦਾ ਹੀ ਤੇਰੇ ਨਾਲ ਸਾਥ ਦੇਵੇਗਾ ।੧। ਰਹਾਉ ।
5. ਹੇ ਭਾਈਓ ! ਵੇਖਣ ਵਿਚ ਆਉਂਦਾ ਹੈ ਕਿ, ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮੂਰਖ ਮਨੁੱਖ ਪ੍ਰਮਾਤਮਾਂ ਦਾ ਨਾਮ ਨਹੀਂ ਸਿਮਰਦੇ ।
6. ਹੇ ਭਾਈ ! ਨਾਮ ਤੋਂ ਬਿਨਾ ਉਹ ਕਿਸੇ ਤਰ੍ਹਾਂ ਭੀ (ਸੰਸਾਰ ਸਾਗਰ ਦੇ ਵਿਕਾਰਾਂ ਤੋਂ) ਪਾਰ ਨਹੀਂ ਲੰਘ ਸਕਦੇ ।੨।
7. ਹੇ ਭਾਈ ! ਅਸਲ ਵਿਚ ਇਹ ਕਿਸੇ ਦੇ ਵਸ,ਦੀ ਗੱਲ ਨਹੀਂ ਨਾਮ ਦੀ ਬਖਸ਼ਸ਼ ਦਾਤਾਰ ਪ੍ਰਭੂ ਆਪ ਹੀ ਕਰਦਾ ਹੈ ।
8. (ਇਸ ਵਾਸਤੇ) ਦੇਣ ਦੀ ਸਮਰੱਥਾ ਵਾਲੇ ਪ੍ਰਭੂ ਦੇ ਅਗੇ ਹੀ ਸਿਰ ਨਿਵਾਉਣਾ ਚਾਹੀਦਾ ਹੈ, (ਪ੍ਰਭੂ ਪਾਸੋਂ ਹੀ ਨਾਮ ਦੀ ਦਾਤ ਮੰਗਣੀ ਚਾਹੀਦੀ ਹੈ) ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ; ਉਸ ਨੂੰ ਗੁਰੂ ਦਾ ਮਿਲਾਪ ਕਰਵਾਂਦਾ ਹੈ ।
10, ਉਹੀ ਮਨੁੱਖ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਂਦਾ ਹੈ ।੪।੬।

ਭਾਵਾਰਥ :—ਇਸ ਮਹਾਂਵਾਕ ਅੰਦਰ ਸਤਿਗੁਰੂ ਜੀ ਉਸ ਹਰੀ ਦੇ ਨਾਮ ਦੀ ਮਹਿਮਾਂ ਅੰਕਤ ਕਰਦੇ ਹਨ, ਪਰ ਇਹ ਨਾਮ ਗੁਰੂ ਦੀ ਬਖਸ਼ਸ਼ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ।

ਭੈਰਉ ਮਹਲਾ ੩ ॥

1. ਨਾਮੇ ਉਧਰੇ ਸਭਿ ਜਿਤਨੇ ਲੋਅ ॥
2. ਗੁਰਮੁਖਿ ਜਿਨਾ ਪਰਾਪਤਿ ਹੋਇ ॥੧॥
3. ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥
4. ਗੁਰਮੁਖਿ ਨਾਮੁ ਵਡਿਆਈ ਦੇਇ ॥੧॥ ਰਹਾਉ ॥
5. ਰਾਮ ਨਾਮਿ ਜਿਨ ਪ੍ਰੀਤਿ ਪਿਆਰੁ ॥
6. ਆਪਿ ਉਧਰੇ ਸਭਿ ਕੁਲ ਉਧਾਰਣਹਾਰੁ ॥੨॥
7. ਬਿਨੁ ਨਾਵੈ ਮਨਮੁਖ ਜਮ ਪੁਰਿ ਜਾਹਿ ॥
8. ਅਉਖੇ ਹੋਵਹਿ ਚੋਟਾ ਖਾਹਿ ॥੩॥
9. ਆਪੇ ਕਰਤਾ ਦੇਵੈ ਸੋਇ ॥
10. ਨਾਨਕ ਨਾਮੁ ਪਰਾਪਤਿ ਹੋਇ ॥੪॥੭॥

ਪਦ ਅਰਥ :—ਨਾਮੇ—ਨਾਮਿ ਹੀ, ਨਾਮ ਦੀ ਰਾਹੀਂ ਹੀ । ਉਧਰੇ—ਵਿਕਾਰਾਂ ਤੋਂ ਬਚੇ ਹਨ । ਸਭਿ—ਸਾਰੇ । ਲੋਅ—ਚੌਦਾਂ ਲੋਕ, ਚੌਦਾ ਲੋਕਾਂ ਦੇ ਜੀਵ । ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸ਼ਰਨ ਪੈ ਕੇ । ਪਰਾਪਤਿ ਹੋਇ—(ਹਰਿ ਨਾਮ) ਮਿਲਦਾ ਹੈ ।੧।

ਕਰੇਇ—ਕਰਦਾ ਹੈ । ਵਡਿਆਈ—ਇੱਜ਼ਤ । ਦੇਇ—ਦੇਂਦਾ ਹੈ ।੧। ਰਹਾਉ ।

ਰਾਮ ਨਾਮਿ—ਪ੍ਰਮਾਤਮਾਂ ਦੇ ਨਾਮ ਵਿਚ । ਸਭਿ ਕੁਲ—ਸਾਰੀਆਂ ਕੁਲਾਂ ਨੂੰ । ਉਧਾਰਣਹਾਰਾ—ਵਿਕਾਰਾਂ ਤੋਂ ਬਚਾਣ ਦੀ ਸਮਰਥਾ ਵਾਲਾ ।੨।

ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ । ਜਮ ਪੁਰਿ—ਜਮਰਾਜ ਦੇ ਦੇਸ਼ ਵਿਚ । ਜਾਹਿ—ਜਾਂਦੇ ਹਨ । ਅਉਖੇ—ਦੁਖੀ । ਖਾਹਿ—ਖਾਂਦੇ ਹਨ ।੩।

ਆਪੇ—ਆਪ ਹੀ । ਸੋਇ ਕਰਤਾ—ਉਹ ਕਰਤਾਰ ਹੀ ।੪।

ਅਰਥ :—

ਪ੍ਰ:—ਸ੍ਰੀ ਜੀਉ ! ਨਾਮ ਨੇ ਕਿਤਨੇ ਕੁ ਮਨੁੱਖਾਂ ਦਾ ਉਧਾਰ ਕੀਤਾ ਹੈ ?

1. **ਉ:**—ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੂੰ ਗੁਰੂ ਦੀ ਰਾਹੀਂ ਪ੍ਰਮਾਤਮਾਂ ਦਾ ਨਾਮ ਮਿਲ ਜਾਂਦਾ ਹੈ, (ਉਹ ਸੰਸਾਰ ਦੇ ਵਿਕਾਰਾਂ ਤੋਂ ਬਚ ਜਾਂਦੇ ਹਨ) ।

2, ਪਰ, ਇਹ ਦਾਤ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਨੂੰ ਗੁਰੂ ਦੁਆਰੇ ਨਾਮ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ ।੧।

ਪ੍ਰ:—ਕਿਉਂ ਜੀ ! ਇਹ ਨਾਮ ਦੀ ਦਾਤ ਦਸੋ, ਸਾਨੂੰ ਕਿਵੇਂ ਮਿਲ ਸਕਦੀ ਹੈ ?

3. ਉ:—ਹੇ ਭਾਈ ! (ਜਿਸ ਮਨੁੱਖ ਉਤੇ) ਪ੍ਰਮਾਤਮਾਂ ਆਪਣੀ ਕਿਰਪਾ ਕਰਦਾ ਹੈ ।

4. ਉਸ ਨੂੰ ਗੁਰੂ ਦੀ ਸ਼ਰਨ ਪਾ ਕੇ (ਆਪਣਾ) ਨਾਮ ਦੇਂਦਾ ਹੈ, (ਹੇ ਪਿਆਰੇ ! ਲੋਕ ਪ੍ਰਲੋਕ ਵਿਚ) (ਇਹੀ ਅਸਲ) ਇੱਜ਼ਤ ਹੈ ।੧। ਰਹਾਉ ।

5, ਹੇ ਭਾਈ ! ਜਿਨ੍ਹਾਂ ਮਨੁੱਖਾਂ ਦੀ ਨਾਮ ਨਾਲ ਪ੍ਰੀਤ ਹੈ, ਜਿਨ੍ਹਾਂ ਦਾ ਪਿਆਰ ਹੈ ।

6. ਹੇ ਪਿਆਰੇ ! ਉਹ ਆਪ ਸੰਸਾਰ ਤੋਂ ਪਾਰ ਹੋ ਗਏ, ਉਨ੍ਹਾਂ ਵਿਚ ਹਰੇਕ ਆਪਣੀਆਂ ਸਾਰੀਆਂ ਕੁਲਾਂ ਨੂੰ ਬਚਾਣ ਜੋਗਾ ਹੋ ਗਿਆ ।੨।

ਪ੍ਰ:—ਸ੍ਰੀ ਜੀਉ ! ਜੋ ਮਨੁੱਖ ਨਾਮ ਤੋਂ ਸਖਣੇ ਹਨ, ਉਨ੍ਹਾਂ ਬਾਰੇ ਕੀ ਸਮਝਣਾ ਚਾਹੀਦਾ ਹੈ ?

7. ਉ:—ਹੇ ਭਾਈ ! ਜੋ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਹਨ, ਉਹ ਮਨੁੱਖ ਪ੍ਰਮਾਤਮਾਂ ਦੇ ਨਾਮ ਤੋਂ ਖੁੰਝ ਕੇ ਜਮਰਾਜ ਦੇ ਦੇਸ਼ ਵਿਚ ਜਾਂਦੇ ਹਨ ।

8 ਉਹ ਦੁੱਖੀ ਹੁੰਦੇ ਹਨ ਤੇ (ਨਿਤ ਵਿਕਾਰਾਂ ਦੀਆਂ) ਚੋਟਾਂ ਸਹਾਰਦੇ ਹਨ ।੩।

ਪ੍ਰ—ਕਿਉਂ ਜੀ ! ਇਹ ਨਾਮ ਦੀ ਦਾਤ ਪ੍ਰਾਪਤ ਕਿਵੇਂ ਹੁੰਦੀ ਹੈ ?

9. ਉ:—ਹੇ ਭਾਈ ! ਜਿਸ ਮਨੁੱਖ ਨੂੰ ਕਰਤਾਰ ਆਪ ਹੀ (ਨਾਮ ਦੀ ਦਾਤ) ਦੇਂਦਾ ਹੈ ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ; ਹੇ ਭਾਈ ! ਉਸੇ ਨੂੰ ਹੀ ਉਸ ਦਾ ਨਾਮ ਮਿਲ ਸਕਦਾ ਹੈ ।੪।੭।

ਭਾਵਾਰਥ :—ਇਸ ਸ਼ਬਦ ਵਿਚ ਭੀ ਨਾਮ ਦੀ ਮਹਿਮਾ ਅੰਕਤ ਕੀਤੀ ਗਈ ਹੈ ।

ਭੈਰਉ ਮਹਲਾ ੩ ॥

1. **ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ॥**
2. **ਰਾਮ ਨਾਮ ਸਬਦਿ ਬੀਚਾਰੇ ॥੧॥**
3. **ਹਰਿ ਜੀਉ ਅਪਣੀ ਕਿਰਪਾ ਧਾਰੁ ॥**
4. **ਗੁਰਮੁਖਿ ਨਾਮੇ ਲਗੈ ਪਿਆਰੁ ॥੧॥ ਰਹਾਉ ॥**
5. **ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ ॥**
6. **ਪੂਰੈ ਗੁਰਿ ਮੇਲਾਵਾ ਹੋਇ ॥੨॥**
7. **ਨਿਜ ਘਰਿ ਵਸੈ ਸਹਜਿ ਸੁਭਾਇ ॥**
8. **ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥**
9. **ਆਪੇ ਵੇਖੈ ਵੇਖਣਹਾਰੁ ॥**
10. **ਨਾਨਕ ਨਾਮੁ ਰਖਹੁ ਉਰ ਧਾਰਿ ॥੪॥੮॥**

ਪਦ ਅਰਥ :—ਸਨਕਾਦਿਕ—ਸਨਕ ਆਦਿਕ, ਸਨਕ, ਸਨੰਦਨ, ਸਨਤ ਕੁਮਾਰ, ਸਨਾਤਨ—ਬ੍ਰਹਮਾਂ ਦੇ ਚਾਰ ਪੁੱਤਰ । ਉਧਾਰੇ—(ਸੰਸਾਰ ਸਮੁੰਦਰ ਤੋਂ) ਬਚਾਏ । ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ । ਬੀਚਾਰੇ—ਵਿਚਾਰ ਕੀਤੀ, ਆਪਣੇ ਮਨ ਵਿਚ ਵਸਾਏ ।੧।

ਹਰਿ ਜੀਉ—ਹੇ ਹਰੀ । ਧਾਰੁ—ਕਰ । ਗੁਰਮੁਖਿ—ਗੁਰੂ ਦੀ ਰਾਹੀਂ । ਨਾਮੇ—ਨਾਮ ਵਿਚ ਹੀ । ਲਗੈ—ਬਣਿਆ ਰਹੇ ।੧। ਰਹਾਉ ।

ਅੰਤਰਿ—(ਜਿਸ ਮਨੁੱਖ ਦੇ) ਅੰਦਰ । ਸਾਚੀ—ਸਦਾ ਕਾਇਮ ਰਹਿਣ ਵਾਲੀ । ਪੂਰੈ ਗੁਰਿ—ਪੂਰੇ ਗੁਰੂ ਦੀ ਰਾਹੀਂ । ਮੇਲਾਵਾ—ਮਿਲਾਪ ।੨।

ਨਿਜ ਘਰਿ—ਆਪਣੇ (ਅਸਲ) ਘਰ ਵਿਚ, ਪ੍ਰਭੂ ਚਰਨਾਂ ਵਿਚ ।੩।

ਆਪੇ—ਆਪ ਹੀ । ਵੇਖੈ—ਸੰਭਾਲਦਾ ਹੈ । ਵੇਖਣਹਾਰੁ—ਸੰਭਾਲ ਕਰ ਸਕਣ ਵਾਲਾ ਪ੍ਰਭੂ । ਉਰ—ਹਿਰਦਾ । ਧਾਰਿ—ਧਾਰ ਕੇ, ਟਿਕਾ ਕੇ ।੪।

ਅਰਥ :—

ਪ੍ਰ—ਕਿਉਂ ਜੀ ! ਇਸ ਨਾਮ ਨੇ ਜੇ ਕਿਸੇ ਦਾ ਪਿਛੇ ਉਧਾਰ ਕੀਤਾ ਹੈ ਤਾਂ ਉਦਾਹਰਣ ਦੇਣ ਦੀ ਕਿਰਪਾ ਕਰੋ ?

1. ਉ:—ਹੇ ਭਾਈਓ ! ਵੇਖੋ, ਸਨਕ, ਸਨੰਦਨ, ਸਨਤਕੁਮਾਰ, ਸਨਾਤਨ—ਬ੍ਰਹਮਾਂ ਦੇ ਇਨ੍ਹਾਂ ਚਾਰ ਪੁੱਤਰਾਂ ਨੇ ਪ੍ਰਮੇਸ਼ਰ ਦੇ ਨਾਮ ਨੂੰ ਪਿਆਰ ਨਾਲ ਮਨ ਵਿਚ ਵਸਾਇਆ ।

2. ਪ੍ਰਮਾਤਮਾਂ ਦੇ ਇਸ ਪਿਆਰ ਨੇ ਉਨ੍ਹਾਂ ਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿਤਾ ।

ਪ੍ਰ:—ਸ੍ਰੀ ਜੀਉ ! ਸਾਨੂੰ ਉਸ ਪ੍ਰਭੂ ਤੋਂ ਕੀ ਮੰਗ ਕਰਦੇ ਰਹਿਣਾ ਚਾਹੀਦਾ ਹੈ ?

3. ਉ:—ਹੇ ਭਾਈਓ ! ਇਹੋ ਹੀ ਮੰਗ ਕਰਦੇ ਰਹੋ ਕਿ, ਹੇ ਹਰਿ ਜੀਉ ! (ਮੇਰੇ ਉਤੇ) ਆਪਣੀ ਕ੍ਰਿਪਾ ਕਰੀ ਰਖ ।

4. ਤਾਂ ਕਿ ਗੁਰੂ ਦੀ ਸ਼ਰਨ ਪੈ ਕੇ (ਮੇਰਾ) ਪਿਆਰ (ਤੇਰੇ) ਨਾਮ ਵਿਚ ਹੀ ਬਣਿਆ ਰਹੇ ।੧। ਰਹਾਉ ।

5.6 ਹੇ ਭਾਈ ! ਪੂਰੇ ਗੁਰੂ ਦੀ ਰਾਹੀਂ ਜਿਸ ਮਨੁੱਖ ਦੇ ਅੰਦਰ ਪ੍ਰਮਾਤਮਾਂ ਦੀ ਸਦਾ ਕਾਇਮ ਰਹਿਣ ਵਾਲੀ ਪ੍ਰੀਤ ਭਗਤੀ ਪੈਦਾ ਹੁੰਦੀ ਹੈ । ਪ੍ਰਮਾਤਮਾਂ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ ।੨।

7. ਹੇ ਭਾਈ ! ਉਹ ਪੁਰਖ ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ ਪਿਆਰ ਵਿਚ ਟਿਕ ਕੇ ਪ੍ਰਭੂ ਦੀ ਹਜ਼ੂਰੀ ਵਿਚ ਨਿਵਾਸ ਕਰੀ ਰਖਦਾ ਹੈ ।

8. ਗੁਰੂ ਦੀ ਸ਼ਰਨ ਪੈ ਕੇ (ਜਿਸ ਮਨੁੱਖ ਦੇ) ਮਨ ਵਿਚ ਪ੍ਰਮਾਤਮਾਂ ਦਾ ਨਾਮ ਆ ਵਸਦਾ ਹੈ ।੩।

9. ਹੇ ਭਾਈ ! ਸਭ ਜੀਵਾਂ ਦੀ ਸੰਭਾਲ ਕਰਨ ਦੇ ਸਮਰੱਥ ਜਿਹੜਾ ਪ੍ਰਭੂ ਆਪ ਹੀ ਸਭ ਦੀ ਸੰਭਾਲ ਕਰ ਰਿਹਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਉਸ ਦਾ ਨਾਮ ਆਪਣੇ ਹਿਰਦੇ ਵਿਚ ਪ੍ਰੋ ਕੇ ਰਖ ।੪।੮।

ਭਾਵਾਰਥ : ਇਸ ਮਹਾਂਵਾਕ ਵਿਚ ਭੀ ਨਾਮ ਦੀ ਮਹੱਤਤਾ ਉਚਾਰਨ ਕਰਦੇ ਹੋਏ ਹਰ ਪ੍ਰਾਣੀ ਮਾਤ੍ਰ ਨੂੰ ਨਾਮ ਦੇ ਚਿੰਤਨ ਕਰਨ ਦੀ ਪ੍ਰੇਰਨਾ ਕਰਦੇ ਹਨ ।

ਭੈਰਉ ਮਹਲਾ ੩ ॥

1. **ਕਲਜੁਗ ਮਹਿ ਰਾਮ ਨਾਮੁ ਉਰ ਧਾਰੁ ॥**
2. **ਬਿਨੁ ਨਾਵੈ ਮਾਥੈ ਪਾਵੈ ਛਾਰੁ ॥੧॥**
3. **ਰਾਮ ਨਾਮੁ ਦੁਲਭੁ ਹੈ ਭਾਈ ॥**
4. **ਗੁਰ ਪਰਸਾਦਿ ਵਸੈ ਮਨਿ ਆਈ ॥੧॥ ਰਹਾਉ ॥**
5. **ਰਾਮ ਨਾਮੁ ਜਨ ਭਾਲਹਿ ਸੋਇ ॥**
6. **ਪੂਰੇ ਗੁਰ ਤੇ ਪ੍ਰਾਪਤਿ ਹੋਇ ॥੨॥**
7. **ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥**
8. **ਗੁਰ ਕੈ ਸਬਦਿ ਨਾਮ ਨੀਸਾਣੁ ॥੩॥**
9. **ਸੋ ਸੇਵਹੁ ਜੋ ਕਲ ਰਹਿਆ ਧਾਰਿ ॥**
10. **ਨਾਨਕ ਗੁਰਮੁਖਿ ਨਾਮੁ ਪਿਆਰਿ ॥੪॥੯॥**

ਪਦ ਅਰਥ :- ਕਲਜੁਗ ਮਹਿ—ਕਲਜੁਗ ਵਿਚ; ਵਿਕਾਰਾਂ ਭਰੇ ਜਗਤ ਵਿਚ। (ਨੋਟ :—ਇਥੇ ਕਿਸੇ ਖਾਸ 'ਜੁਗ' ਦਾ ਜ਼ਿਕਰ ਨਹੀਂ ਕਰ ਰਹ)। ਉਰ-ਹਿਰਦਾ । ਧਾਰੁ—ਵਸਾਈ ਰਖ। ਮਾਥੈ—(ਆਪਣੇ) ਮੱਥੇ ਉਤੇ, ਮੂੰਹ ਉਤੇ। ਪਾਵੈ—ਉਹ ਮਨੁੱਖ ਪਾਂਦਾ ਹੈ । ਛਾਰੁ—(ਲੋਕ ਪ੍ਰਲੋਕ ਦੀ ਨਿਰਾਦਰੀ ਦੀ) ਸੁਆਹ, ਮੁਕਾਲਖ। ਮਾਥੈ ਪਾਵੈ—ਆਪਣੇ ਮੂੰਹ ਉਤੇ ਪਾਂਦਾ ਹੈ, ਖੱਟਦਾ ਹੈ ।੧।

ਦੁਲਭੁ—ਦੁਰਲੱਭ, ਮੁਸ਼ਕਲ ਨਾਲ ਮਿਲਣ ਵਾਲਾ। ਭਾਈ—ਹੇ ਭਾਈ। ਪਰਸਾਦਿ—ਕਿਰਪਾ ਨਾਲ । ਮਨਿ—ਮਨ ਵਿਚ ।੧। ਰਹਾਉ।

ਜਨ ਸੋਇ—ਉਹ ਮਨੁੱਖ । ਭਾਲਹਿ—ਭਾਲਦੇ ਹਨ, ਖੋਜਦੇ ਹਨ, ਭਾਲ ਕਰਦੇ ਹਨ। ਤੇ—ਤੋਂ । ਪ੍ਰਾਪਤਿ-ਪ੍ਰਾਪਤੀ, ਮੇਲ, ਸੰਜੋਗ ।੨।

ਮੰਨਹਿ—ਠੀਕ ਸਮਝਦੇ ਹਨ। ਸੇ ਜਨ—ਉਹ ਮਨੁਖ। ਪਰਵਾਣੁ—ਕਬੂਲ, ਸਤਿਕਾਰੇ ਜਾਂਦੇ ਹਨ । ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਨੀਸਾਣੁ—ਪਰਵਾਨਾ, ਰਾਹਦਾਰੀ। ਨਾਮ ਨੀਸਾਣੁ—ਨਾਮ ਦਾ ਪ੍ਰਵਾਨਾ ।੩।

ਸੋ—ਉਸ ਪ੍ਰਮਾਤਮਾਂ ਨੂੰ। ਸੇਵਹੁ—ਸਿਮਰੋ । ਕਲ—ਕਲਾ,ਸੱਤਿਆ। ਰਹਿਆ ਧਾਰਿ—ਟਿਕ ਰਿਹਾ ਹੈ। ਪਿਆਰਿ—ਪਿਆਰ ਕਰ, ਪਿਆਰ ਨਾਲ ਹਿਰਦੇ ਵਿਚ ਵਸਾਓ ।੪।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਵਿਚ ਵਿਕਾਰਾਂ ਦੀ ਬੜੀ ਪ੍ਰਬਲਤਾ ਹੈ ਇਨ੍ਹਾਂ ਤੋਂ ਕਿਵੇਂ ਬਚਿਆ ਜਾਵੇ ?

1. ਉ:—ਹੇ ਭਾਈਓ ! ਇਸ ਵਿਕਾਰਾਂ ਭਰੇ ਜਗਤ ਵਿਚ (ਵਿਕਾਰਾਂ ਤੋਂ ਬਚਣ ਲਈ) ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰਖ।
2. ਹੇ ਭਾਈ ! (ਜਿਹੜਾ ਮਨੁੱਖ) ਨਾਮ ਤੋਂ ਖਾਲੀ (ਰਹਿੰਦਾ ਹੈ, ਉਹ ਲੋਕ ਪ੍ਰਲੋਕ ਦੀ) ਨਿਰਾਦਰੀ ਹੀ ਖੱਟਦਾ ਹੈ ।੧।
3. ਹੇ ਭਾਈਓ ! (ਹੋਰ ਪਦਾਰਥਾਂ ਦੇ ਟਾਕਰੇ ਤੇ) ਪ੍ਰਮਾਤਮਾਂ ਦਾ ਨਾਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ।
4. ਐ ਪਿਆਰੇ ! ਇਹ ਤਾਂ ਗੁਰੂ ਦੀ ਕ੍ਰਿਪਾ ਨਾਲ ਕਿਸੇ ਭਾਗਾਂ ਵਾਲੇ ਦੇ ਮਨ ਵਿਚ ਆ ਕੇ ਵਸਦਾ ਹੈ ।੧। ਰਹਾਉ।
5. ਹੇ ਭਾਈ ! ਇਹ ਕਿਸੇ ਦੇ ਵੱਸ ਦੀ ਗਲ ਨਹੀਂ ਪੂਰੇ ਗੁਰੂ ਪਾਸੋਂ (ਜਿਨ੍ਹਾਂ ਮਨੁੱਖਾਂ ਦੇ ਭਾਗਾਂ ਵਿਚ) ਹਰਿ ਨਾਮ ਦੀ ਪ੍ਰਾਪਤੀ (ਲਿਖੀ ਹੋਈ ਹੈ)।
6. ਸਿਰਫ ਉਹ ਮਨੁੱਖ ਹੀ ਪ੍ਰਮੇਸ਼ਰ ਦਾ ਨਾਮ ਭਾਲਦੇ ਹਨ ।੨।

ਪ੍ਰ:—ਸ੍ਰੀ ਜੀਉ ! ਉਹ ਕਿਹੜੇ ਮਨੁੱਖ ਹਨ ਜੋ ਰੱਬੀ ਦਰਬਾਰ ਵਿਚ ਕਬੂਲੇ ਜਾਂਦੇ ਹਨ ?

7. ਉ:—ਹੇ ਭਾਈ ! ਉਹੀ ਮਨੁੱਖ ਰੱਬ ਦੀ ਹਜ਼ੂਰੀ ਵਿਚ ਸਤਿਕਾਰੇ ਜਾਂਦੇ ਹਨ, ਜੋ ਮਨੁਖ ਪ੍ਰਮਾਤਮਾਂ ਦੀ ਰਜ਼ਾ ਨੂੰ (ਮਿੱਠਾ ਕਰ ਕੇ) ਮੰਨਦੇ ਹਨ।
8. ਅਤੇ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਜਿਨ੍ਹਾਂ ਨੂੰ ਹਰਿ ਨਾਮ (ਦੀ ਪ੍ਰਾਪਤੀ) ਦਾ ਪ੍ਰਵਾਨਾ (ਮਿਲ ਜਾਂਦਾ ਹੈ) ।੩।

ਪ੍ਰ:—ਸ੍ਰੀ ਜੀਉ ! ਗੁਰਮਤਿ ਅਨਸਾਰ ਸੇਵਾ ਭਗਤੀ ਕਿਸ ਦੀ ਕਰਦੇ ਰਹਿਣਾ ਚਾਹੀਦਾ ਹੈ ?

9. ਉ:—ਹੇ ਭਾਈ ! ਜਿਹੜਾ ਪ੍ਰਮਾਤਮਾਂ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਨੂੰ ਆਪਣੀ ਸੱਤਿਆ ਨਾਲ ਤੋਰ ਰਿਹਾ ਹੈ, ਉਸੇ ਦੀ ਸੇਵਾ ਭਗਤੀ ਕਰੋ।
10. ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ ਹੇ ਭਾਈ ! ਗੁਰੂ ਦੀ ਰਾਹੀਂ ਉਸ ਦੇ ਹੀ ਨਾਮ ਨੂੰ ਪਿਆਰ ਕਰੋ ।੪।੯।

ਭਾਵਾਰਥ :—ਹਰ ਜੁਗ ਵਿਚ ਅਨੇਕਾਂ ਮਨੁੱਖ ਆਪਣੇ ਉਧਾਰ ਕਰਨ ਲਈ ਅਨੇਕਾਂ ਹੀ ਵਸੀਲੇ ਕਰਦੇ ਆਏ ਹਨ, ਪਰ, ਇਸ ਸ਼ਬਦ ਵਿਚ ਜੀਵਾਂ ਦੇ ਉਧਾਰਨ ਦਾ ਇਕੋ ਸਾਧਨ ਹਰੀ ਦਾ ਨਾਮ ਦਰਸਾ ਰਹੇ ਹਨ।

ਭੈਰਉ ਮਹਲਾ ੩ ॥

1. **ਕਲਜੁਗ ਮਹਿ ਬਹੁ ਕਰਮ ਕਮਾਹਿ ॥**
2. **ਨਾ ਰੁਤਿ ਨ ਕਰਮ ਥਾਇ ਪਾਹਿ ॥੧॥**
3. **ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥**
4. **ਗੁਰਮੁਖਿ ਸਾਚਾ ਲਗੈ ਪਿਆਰੁ ॥੧॥ ਰਹਾਉ ॥**
5. **ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥**
6. **ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥**
7. **ਗਿਆਨ ਅੰਜਨੁ ਸਤਿਗੁਰ ਤੇ ਹੋਇ ॥**
8. **ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥**
9. **ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥**

10. **ਨਾਨਕ ਗੁਰਮੁਖਿ ਹਿਰਦੈ**
ਰਾਮ ਨਾਮੁ ਲੇਹੁ ਜਮਾਈ ॥੪॥੧੦॥

ਪਦ ਅਰਥ :–ਕਮਾਹਿ-ਕਮਾਂਦੇ ਹਨ । ਰੁਤਿ–ਮੌਸਮ । ਥਾਇ ਪਾਹਿ–ਕਬੂਲ ਹੁੰਦੇ ।੧।

ਸਾਰੁ–ਸ੍ਰੇਸ਼ਟ । ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ । ਸਾਚਾ–ਸਦਾ ਹੀ ਕਾਇਮ ਰਹਿਣ ਵਾਲਾ ।੧। ਰਹਾਉ ।

ਖੋਜਿ–ਖੋਜ ਕੇ । ਘਰੈ ਮਹਿ–ਹਿਰਦੇ ਘਰ ਵਿਚ ਹੀ । ਨਾਮਿ–ਨਾਮ ਵਿਚ ।੨।

ਗਿਆਨ ਅੰਜਨੁ–ਆਤਮਕ ਜੀਵਨ ਦੀ ਸੂਝ ਦਾ ਸੁਰਮਾਂ । ਤੇ–ਤੋਂ, ਪਾਸੋਂ । ਰਵਿ ਰਹਿਆ–ਵਿਆਪਕ ਹੈ । ਤਿਹੁ ਲੋਇ–ਤਿੰਨਾਂ ਹੀ ਲੋਕਾਂ ਵਿਚ ।੩।

ਹਿਰਦੈ–ਹਿਰਦੇ ਵਿਚ । ਲੇਹੁ ਜਮਾਈ–ਬੀਜ ਲਵੋ ।੪।

ਅਰਥ :–

ਪ੍ਰ:–ਗੁਰਦੇਵ ਜੀਉ ! ਜਗਤ ਵਿਚ ਅਨੇਕਾਂ ਲੋਕ, ਅਨੇਕਾਂ ਤਰ੍ਹਾਂ ਦੇ ਕਰਮ ਕਰਦੇ ਵੇਖਣ ਵਿਚ ਆ ਰਹੇ ਹਨ, ਕੀ ਇਨ੍ਹਾਂ ਲੋਕਾਂ ਦੇ ਕੀਤੇ ਕਰਮ ਪ੍ਰਵਾਨੇ ਜਾਣਗੇ ? ਗੁਰਮਤਿ ਵਿਚ ਇਨ੍ਹਾਂ ਬਾਰੇ ਕੀ ਵੀਚਾਰ ਅੰਕਤ ਹਨ ?

1. ਉ:–ਹੇ ਭਾਈਓ ! ਇਹ ਠੀਕ ਹੈ ਕਿ, ਕਰਮ ਕਾਂਡੀ ਲੋਕ ਕਲਜੁਗ ਵਿਚ ਭੀ ਕਈ ਤਰ੍ਹਾਂ ਦੇ ਹੋਰ ਹੋਰ ਮਿਥੇ ਧਾਰਮਿਕ ਕਰਮ ਕਰਦੇ ਹਨ ।

2. ਪਰ; ਯਕੀਨ ਕਰੋ ਕਿ, ਉਨ੍ਹਾਂ ਦੇ ਉਹ ਕਰਮ (ਪ੍ਰਮਾਤਮਾਂ ਦੀ ਹਜ਼ੂਰੀ ਵਿਚ) ਕਬੂਲ ਨਹੀਂ ਹੁੰਦੇ । (ਕਿਉਂਕਿ, ਸ਼ਾਸਤ੍ਰਾਂ ਅਨੁਸਾਰ ਭੀ ਸਿਮਰਨ ਤੋਂ ਬਿਨਾ ਹੋਰ ਕਿਸੇ ਕਰਮ ਦੀ ਹੁਣ) ਰੁੱਤ ਨਹੀਂ ਹੈ ।੧।

ਪ੍ਰ:–ਸ੍ਰੀ ਜੀਉ ! ਸ਼ਾਸਤ੍ਰਾਂ ਦੀ ਮਰਯਾਦਾ ਇਨ੍ਹਾਂ ਕਰਮਾਂ ਬਾਰੇ ਕੀ ਹੈ ?

3. ਉ:–ਹੇ ਭਾਈਓ ! ਜੇ ਸ਼ਾਸ਼ਤ੍ਰਾਂ ਦੀ ਮਰਯਾਦਾ ਵਲ ਭੀ ਵੇਖੋ, ਤਾਂ ਭੀ ਕਲਯੁਗ ਵਿਚ ਪ੍ਰਮਾਤਮਾਂ ਦਾ ਨਾਮ (ਜਪਣਾ ਹੀ) ਸ੍ਰੇਸ਼ਟ ਕੰਮ ਹੈ ।

4. (ਕਿਉਂਕਿ) ਗੁਰੂ ਦੀ ਸ਼ਰਨ ਪੈ ਕੇ (ਨਾਮ ਸਿਮਰਿਆਂ ਪ੍ਰਮਾਤਮਾਂ ਨਾਲ) ਸਦਾ ਕਾਇਮ ਰਹਿਣ ਵਾਲਾ ਪਿਆਰ ਬਣ ਜਾਂਦਾ ਹੈ ।੧। ਰਹਾਉ ।

ਪ੍ਰ:-ਸ੍ਰੀ ਜੀਉ ! ਦਸੋ, ਗੁਰਮਤਿ ਅਨੁਸਾਰ ਪ੍ਰਭੂ ਨੂੰ ਕਿਥੋਂ ਲਭਿਆ ਜਾ ਸਕਦਾ ਹੈ ?

5. ਉ:–ਹੇ ਪਿਆਰੇ ! ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਆਪਣਾ ਤਨ, ਆਪਣਾ ਮਨ ਖੋਜਿਆ ਹੈ ਤਾਂ ਹਿਰਦੇ ਘਰ ਵਿਚ ਹੀ ਉਸ ਨੇ ਪ੍ਰਭੂ ਨੂੰ ਲਭ ਲਿਆ ।

6. ਪਰ, ਇਹ ਤਦੋਂ ਹੀ ਹੋਇਆ ਜਦੋਂ ਗੁਰੂ ਦੀ ਸ਼ਰਨ ਦੁਆਰ ਪ੍ਰਮੇਸ਼ਰ ਦੇ ਨਾਮ ਵਿਚ ਚਿੱਤ ਨੂੰ ਜੋੜਨਾ ਕੀਤਾ ।੨।

7. ਹੇ ਭਾਈ ! ਜਿਸ ਮਨੁੱਖ ਨੂੰ ਗੁਰੂ ਪਾਸੋਂ ਆਤਮਕ ਜੀਵਨ ਦੀ ਸੂਝ ਦੇਣ ਵਾਲਾ ਸੁਰਮਾਂ ਮਿਲ ਗਿਆ ।

8. ਉਸ ਨੂੰ (ਫਿਰ) ਸਾਰੇ ਜਗਤ ਵਿਚ ਪ੍ਰਮਾਤਮਾਂ ਦਾ ਨਾਮ ਹੀ ਵਿਆਪਕ ਰੂਪ ਹੋਇਆ ਨਜ਼ਰ ਆਉਂਦਾ ਹੈ ।੩।

9. ਇਸ ਲਣ (ਹੇ ਭਾਈਓ ! ਸ਼ਾਸਤ੍ਰਾਂ ਅਨੁਸਾਰ ਭੀ) ਕਲਜੁਗ ਵਿਚ ਸਿਰਫ ਹਰਿ ਨਾਮ ਸਿਮਰਨ ਦੀ ਹੀ ਰੁੱਤ ਹੈ, ਕਿਸੇ ਹੋਰ ਕਰਮ ਕਾਂਡ ਕਰਨ ਦੀ ਰੁੱਤ ਨਹੀਂ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਗੁਰੂ ਦੀ ਸ਼ਰਨ ਪੈ ਕੇ ਆਪਣੇ ਹਿਰਦੇ ਵਿਚ ਪ੍ਰਮੇਸ਼ਰ ਦੇ ਨਾਮ ਦਾ ਬੀਜ ਬੀਜ ਲਵੋ ।੪।੧੦।

ਭਾਵਾਰਥ :–ਇਸ ਸ਼ਬਦ ਦੁਆਰਾ ਕਰਮ ਕਾਂਡੀ ਲੋਕਾਂ ਨੂੰ ਸੰਬੋਧਨ ਕਰਦੇ ਹਨ ਕਿ ਜੋ ਲੋਕ ਸਿਮਰਨ ਤੋਂ ਖੁੰਝ ਕੇ ਸਿਰਫ ਕਰਮ ਕਾਂਡ ਨੂੰ ਹੀ ਜੀਵਨ ਦਾ ਸਹੀ ਰਸਤਾ ਸਮਝ ਰਹੇ ਹਨ, ਉਹ ਲੋਕ ਅਸਲੀਅਤ ਤੋਂ ਖੁੰਝੇ ਹੋਏ ਹਨ ।

ਭੈਰਉ ਮਹਲਾ ੩ ਘਰੁ ੨

੧ ੴ ਸਤਿਗੁਰ ਪ੍ਰਸਾਦਿ ॥

1. **ਦੁਬਿਧਾ ਮਨਮੁਖ ਰੋਗਿ ਵਿਆਪੇ**
ਤ੍ਰਿਸਨਾ ਜਲਹਿ ਅਧਿਕਾਈ ॥
2. **ਮਰਿ ਮਰਿ ਜੰਮਹਿ ਠਉਰ ਨ ਪਾਵਹਿ**
ਬਿਰਥਾ ਜਨਮੁ ਗਵਾਈ ॥੧॥
3. **ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥**
4. **ਹਉਮੈ ਰੋਗੀ ਜਗਤੁ ਉਪਾਇਆ**
ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥
5. **ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ**
ਬਿਨੁ ਸਬਦੈ ਸੁਰਤਿ ਨ ਪਾਈ ॥
6. **ਤ੍ਰੈ ਗੁਣ ਸਭੇ ਰੋਗਿ ਵਿਆਪੇ**
ਮਮਤਾ ਸੁਰਤਿ ਗਵਾਈ ॥੨॥
7. **ਇਕਿ ਆਪੇ ਕਾਢਿ ਲਏ ਪ੍ਰਭਿ**
ਆਪੇ ਗੁਰ ਸੇਵਾ ਪ੍ਰਭਿ ਲਾਏ ॥
8. **ਹਰਿ ਨਾ ਨਾਮੁ ਨਿਧਾਨੋ ਪਾਇਆ**
ਸੁਖੁ ਵਸਿਆ ਮਨਿ ਆਏ ॥੩॥
9. **ਚਉਥੀ ਪਦਵੀ ਗੁਰਮੁਖਿ ਵਰਤਹਿ**
ਤਿਨ ਨਿਜ ਘਰਿ ਵਾਸਾ ਪਾਇਆ ॥
10. **ਪੂਰੈ ਸਤਿਗੁਰਿ ਕਿਰਪਾ ਕੀਨੀ**
ਵਿਚਹੁ ਆਪੁ ਗਵਾਇਆ ॥੪॥
11. **ਏਕਸੁ ਕੀ ਸਿਰਿ ਕਾਰ ਏਕ**
ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥
12. **ਨਾਨਕ ਨਿਹਚਲੁ ਸਾਚਾ ਏਕੋ**
ਨਾ ਓਹੁ ਮਰੈ ਨ ਜਾਇਆ ॥੫॥੧॥੧੧॥

ਪਦ ਅਰਥ :–ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਦੁਬਿਧਾ ਰੋਗਿ–ਮੇਰ ਤੇਰ ਦੇ ਆਤਮਕ ਰੋਗ ਵਿਚ। ਵਿਆਪੇ-ਫਸੇ ਹੋਏ। ਜਲਹਿ–ਸੜਦੇ ਹਨ। ਅਧਿਕਾਈ–ਬਹੁਤ। ਮਰਿ-ਮਰ ਕੇ। ਠਉਰ–ਜਨਮ ਮਰਨ ਦੇ ਚੱਕਰ ਤੋਂ ਟਿਕਾਣਾ। ਗਵਾਈ–ਗਵਾਇ, ਗਵਾ ਕੇ।੧।

ਪ੍ਰੀਤਮ–ਹੇ ਪ੍ਰੀਤਮ। ਬੁਝਾਈ–ਆਤਮਕ ਜੀਵਨ ਦੀ ਸੂਝ। ਉਪਾਇਆ–ਬਣਾ ਦਿਤਾ ਹੈ। ਨ ਜਾਈ–ਦੂਰ ਨਹੀਂ ਹੁੰਦਾ।੧। ਰਹਾਉ।

ਮੁਨਿ–ਰਿਸ਼ੀ, ਮੋਨਧਾਰੀ ਸਾਧੂ। ਕੇਤੇ–ਅਨੇਕਾਂ। ਸੁਰਤਿ–ਆਤਮਕ ਜੀਵਨ ਦੀ ਸੂਝ। ਨ ਪਾਈ–ਨਹੀਂ ਮਿਲਦੀ। ਤ੍ਰੈ ਗੁਣ ਸਭੇ–ਸਾਰੇ ਤ੍ਰੈ ਗੁਣੀ ਜੀਵ। ਮਮਤਾ–ਅਪਣੱਤ (ਨੇ)। ਸੁਰਤਿ ਗਵਾਈ–(ਉਨ੍ਹਾਂ ਦੀ) ਹੋਸ਼ ਭੁਲਾ ਰਖੀ ਹੈ।੨।

ਇਕਿ–ਕਈ। ਪ੍ਰਭਿ ਆਪੇ-ਪ੍ਰਭੂ ਨੇ ਆਪ ਹੀ। ਨਿਧਾਨੇ–ਖਜ਼ਾਨਾ। ਮਨਿ–ਮਨ ਵਿਚ। ਆਏ–ਆਇ।੩।

ਚਉਥੀ ਪਦਵੀ–ਤਿੰਨਾਂ ਗੁਣਾਂ ਦੇ ਅਸਰ ਤੋਂ ਉਤਲੇ ਆਤਮਕ ਮੰਡਲ ਵਿਚ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਨਿਜ ਘਰਿ–ਆਪਣੇ (ਅਸਲ) ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ। ਸਤਿਗੁਰਿ–ਸਤਿਗੁਰ ਨੇ। ਵਿਚਹੁ–ਆਪਣੇ ਅੰਦਰੋਂ। ਆਪੁ–ਆਪਾ ਭਾਵ।੪।

ਸਿਰਿ–ਸਿਰ ਉਤੇ। ਏਕਸੁ ਕੀ–ਇਕ ਪ੍ਰਮਾਤਮਾਂ ਦੀ ਹੀ। ਜਿਨਿ–ਜਿਸ (ਪ੍ਰਮਾਤਮਾਂ) ਨੇ। ਨਿਹਚਲੁ–ਅਟੱਲ। ਸਾਚਾ–ਸਦਾ ਕਾਇਮ ਰਹਿਣ ਵਾਲਾ। ਨ ਜਾਇਆ–ਨਾ ਜੰਮਦਾ ਹੈ।੫।

ਅਰਥ :–

ਪ੍ਰ:–ਸ੍ਰੀ ਜੀਉ ! ਜਗਤ ਦਾ ਹਰ ਮਨੁੱਖ ਆਪੋ ਆਪਣੀ ਇੱਛਾ ਮੁਤਾਬਿਕ ਮਾਇਕੀ ਪਦਾਰਥਾਂ ਦੀ ਪ੍ਰਭੂ ਤੋਂ ਮੰਗ ਕਰਦਾ ਹੈ, ਪਰ, ਉਹ ਗੁਰਮਤਿ ਅਨੁਸਾਰ ਕਿਹੜੀ ਮੰਗ ਹੈ ਜੋ ਸਾਨੂੰ ਹਮੇਸ਼ਾਂ ਹੀ ਮੰਗਦੇ ਰਹਿਣਾ ਚਾਹੀਦਾ ਹੈ ?

1. ਉ:–ਹੇ ਭਾਈਓ ! ਉਸ ਪ੍ਰਭੂ ਤੋਂ ਸਦਾ ਇਹੋ ਹੀ ਮੰਗ ਮੰਗਦੇ ਰਹੋ ਕਿ, ਹੇ ਮੇਰੇ ਪ੍ਰੀਤਮ ਪ੍ਰਭੂ ! ਅਸੀਂ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਵਿਤਕਰੇ ਦੇ ਆਤਮਕ ਰੋਗ ਵਿਚ ਜਕੜੇ ਪਏ ਹਾਂ ਅਤੇ ਮਾਇਆ ਦੇ ਲਾਲਚ ਦੀ ਅੱਗ ਵਿਚ ਬਹੁਤ ਹੀ ਸੜਦੇ ਹਾਂ।
2. ਇਸ ਤਰ੍ਹਾਂ ਹੀ ਅਸੀਂ ਆਪਣਾ ਕੀਮਤੀ ਜਨਮ ਵਿਅਰਥ ਗਵਾ ਕੇ ਜੰਮਣ ਮਰਣ ਦੇ ਗੇੜ ਵਿਚ ਪਏ ਰਹਿੰਦੇ ਹਾਂ, ਇਸ ਗੇੜ ਵਿਚੋਂ ਸਾਨੂੰ ਖਲਾਸੀ ਹੀ ਨਹੀਂ ਮਿਲਦੀ।੧।
3. ਇਸ ਲਈ, ਹੇ ਮੇਰੇ ਪ੍ਰੀਤਮ ਪ੍ਰਭੂ ! (ਸਾਡੇ ਉਤੇ) ਮਿਹਰ ਕਰੋ, ਸਾਨੂੰ ਆਤਮਕ ਜੀਵਨ ਦੀ ਸੋਝੀ ਬਖਸ਼ੋ।
4. ਹੇ ਪ੍ਰਭੂ ਜੀਉ ! ਹਉਮੈਂ ਨੇ ਸਾਰੇ ਜਗਤ ਨੂੰ ਹੀ (ਆਤਮਕ ਤੌਰ ਤੇ) ਰੋਗੀ ਬਣਾ ਰਖਿਆ ਹੈ, ਸੋ, ਇਹ ਰੋਗ ਗੁਰੂ ਦੇ ਸ਼ਬਦ ਤੋਂ ਬਿਨਾ ਦੂਰ ਨਹੀਂ ਹੋ ਸਕਦਾ।੧। ਰਹਾਉ।
5. ਹੇ ਸਾਈਆਂ ਜੀਉ ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ, ਅਨੇਕਾਂ ਹੀ ਮੁਨੀ ਲੋਕ ਸਿਮ੍ਰਤੀਆਂ ਪੜ੍ਹਦੇ ਹਨ, ਸ਼ਾਸਤ੍ਰ ਭੀ ਪੜ੍ਹਦੇ ਹਨ, ਪਰ, ਗੁਰੂ ਦੇ ਸ਼ਬਦ ਤੋਂ ਬਿਨਾ ਆਤਮਕ ਜੀਵਨ ਦੀ ਸੂਝ ਕਿਸੇ ਨੂੰ ਭੀ ਪ੍ਰਾਪਤ ਨਹੀਂ ਹੁੰਦੀ।
6. ਇਹ ਸਾਰੇ ਹੀ ਤ੍ਰੈ ਗੁਣੀ ਜੀਵ ਹਉਮੈਂ ਦੇ ਰੋਗ ਵਿਚ ਫਸੇ ਪਏ ਹਨ, ਮਮਤਾ ਨੇ ਉਨ੍ਹਾਂ ਦੀ (ਸਾਰੀ ਹੀ) ਹੋਸ਼ ਭੁਲਾ ਰਖੀ ਹੈ।੨।

ਪ੍ਰ:–ਕਿਉਂ ਜੀ ! ਕੋਈ ਇਸ ਰੋਗ ਤੋਂ ਬਚਿਆ ਭੀ ਹੈ ?

7. ਉ:–ਪਰ, ਹੇ ਭਾਈ ! ਕਈ ਐਸੇ ਭੀ (ਭਾਗਾਂ ਵਾਲੇ) ਹਨ ਜਿਨ੍ਹਾਂ ਨੂੰ ਪ੍ਰਭੂ ਨੇ ਆਪ ਹੀ (ਮਮਤਾ ਵਿਚੋਂ) ਬਚਾ ਰਖਿਆ ਹੈ, (ਕਿਉਂਕਿ) ਪ੍ਰਭੂ ਨੇ ਉਨ੍ਹਾਂ ਨੂੰ ਗੁਰੂ ਦੀ ਸੇਵਾ ਵਿਚ ਲਾ ਰਖਿਆ ਹੈ।
8. ਹੇ ਭਾਈ ! ਉਨ੍ਹਾਂ ਨੇ ਪ੍ਰਮਾਤਮਾਂ ਦਾ ਨਾਮ ਖਜ਼ਾਨਾ ਲਭ ਲਿਆ ਹੈ, (ਇਸ ਵਾਸਤੇ ਉਨ੍ਹਾਂ ਦੇ) ਮਨ ਵਿਚ ਆਤਮਕ ਅਨੰਦ ਆ ਵਸਿਆ ਹੈ।੩।

ਪ੍ਰ:–ਕਿਉਂ ਜੀ ! ਅਜਿਹੇ ਲੋਕ ਕੀ ਘਰ ਬਾਰ ਨੂੰ ਤਿਆਗ ਕੇ ਜੰਗਲ ਵਾਸੀ ਹੋ ਜਾਂਦੇ ਹਨ ?

9. ਉ:–ਹੇ ਭਾਈਓ ! ਉਹ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਤਿੰਨਾਂ ਗੁਣਾਂ ਦੇ ਅਸਰ ਤੋਂ ਉਤਲੇ ਆਤਮਕ ਮੰਡਲ ਵਿਚ ਰਹਿ ਕੇ, ਭਾਵ ਸਹਿਜ ਅਵਸਥਾ ਵਿਚ ਟਿਕੇ ਹੋਏ ਜਗਤ ਨਾਲ ਵਰਤਨ ਵਿਹਾਰ ਉਸੇ ਤਰ੍ਹਾਂ ਹੀ ਰਖਦੇ ਹਨ, ਅਰਥਾਤ ਉਨ੍ਹਾਂ ਨੂੰ ਜਗਤ ਦੀ ਕੋਈ ਲਿਪਾਏ-ਮਾਨਗੀ ਨਹੀਂ, ਉਹ ਸਦਾ ਪ੍ਰਭੂ ਦੇ ਚਰਨਾਂ ਵਿਚ ਟਿਕੇ ਰਹਿੰਦੇ ਹਨ।
10. ਉਨ੍ਹਾਂ ਉਤੇ ਪੂਰੇ ਗੁਰੂ ਨੇ ਮਿਹਰ ਕੀਤੀ ਹੋਈ ਹੈ, (ਇਸ ਵਾਸਤੇ ਉਨ੍ਹਾਂ ਨੇ ਆਪਣੇ) ਅੰਦਰੋਂ ਆਪਾ ਭਾਵ ਦੂਰ ਕਰ ਲਿਆ ਹੈ।੪।

ਪ੍ਰ:–ਸ੍ਰੀ ਜੀਉ ! ਸਾਰੇ ਲੋਕ ਹੀ ਆਪਾ ਭਾਵ ਮਿਟਾ ਕੇ ਇਸ ਜਗਤ ਵਿਚ ਰਹਿੰਦੇ ਹੋਏ ਨਿਰਲੇਪ ਜੀਵਨ ਕਿਉਂ ਨਹੀਂ ਬਿਤਾਉਂਦੇ ?

11. ਉ:–ਹੇ ਭਾਈਓ ! ਅਸਲ ਵਿਚ ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜੀਵਾਂ ਦੇ ਭੀ ਕੀ ਵਸ ਹੈ ? ਕਿਉਂਕਿ, ਜਿਸ ਪ੍ਰਮਾਤਮਾਂ ਨੇ ਬ੍ਰਹਮਾਂ ਵਿਸ਼ਨੂੰ ਸ਼ਿਵ (ਵਰਗੇ ਵਡੇ ਵਡੇ ਦੇਵਤੇ) ਪੈਦਾ ਕੀਤੇ ਹਨ, ਉਸੇ ਦਾ ਹੀ ਹੁਕਮ ਹਰੇਕ ਜੀਵ ਦੇ ਸਿਰ ਉਤੇ ਚਲ ਰਿਹਾ ਹੈ।
12. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਸਦਾ ਕਾਇਮ ਰਹਿਣ ਵਾਲਾ, ਸਦਾ ਅਟੱਲ ਰਹਿਣ ਵਾਲਾ ਇਕ ਪ੍ਰਮਾਤਮਾਂ ਹੀ ਹੈ ਉਹ ਨਾ ਕਦੇ

ਮਰਦਾ ਹੈ, ਨਾ ਜੰਮਦਾ ਹੈ ।੫।੧।੧੧।

ਭਾਵਾਰਥ :-ਗੁਰੂ ਨੂੰ ਨਾ ਮੰਨਣ ਵਾਲੇ ਮਨਮੁਖ ਦੁਬਿਧਾ ਵਿਚ ਪਏ ਹੋਏ ਇਕ ਹਰੀ ਨੂੰ ਨਹੀਂ ਮੰਨਦੇ, ਉਸ ਦੀ ਥਾਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਦੇ ਅਤੇ ਉਨ੍ਹਾਂ ਦੀ ਦਸੀ ਕਾਰ (ਨਾਮ ਜਾਪ ਨੂੰ) ਛਡ ਕੇ ਸਿਮ੍ਰਤੀਆਂ ਸ਼ਾਸਤ੍ਰਾਂ ਦੇ ਦਸੇ ਤ੍ਰੈ ਗੁਣੀ ਕੰਮਾਂ ਵਿਚ ਲਗੇ ਰਹਿੰਦੇ ਹਨ. ਪਰ, ਜਦੋਂ ਇਹੋ ਹੀ ਗਰਮੁਖ ਹੋ ਜਾਣ ਤਾਂ ਗੁਰਬਾਣੀ ਦੀ ਦਸੀ ਹੋਈ ਕਾਰ, ਇਕ ਹਰੀ ਦੇ ਨਾਮ ਜਾਪ ਵਿਚ ਲਗ ਜਾਂਦੇ ਹਨ ਅਤੇ ਜਨਮ ਮਰਨ ਦੇ ਗੇੜ ਵਿਚੋਂ ਨਿਕਲਕੇ ਮੁਕਤਿ ਹਾਸਲ ਕਰ ਲੈਂਦੇ ਹਨ ।

ਭੈਰਉ ਮਹਲਾ ੩ ॥

1. ਮਨਮੁਖਿ ਦੁਬਿਧਾ ਸਦਾ ਹੈ ਰੋਗੀ
ਰੋਗੀ ਸਗਲ ਸੰਸਾਰਾ ॥
2. ਗੁਰਮੁਖਿ ਬੂਝਹਿ ਰੋਗੁ ਗਵਾਵਹਿ
ਗੁਰ ਸਬਦੀ ਵੀਚਾਰਾ ॥੧॥
3. ਹਰਿ ਜੀਉ ਸਤਸੰਗਤਿ ਮੇਲਾਇ ॥
4. ਨਾਨਕ ਤਿਸ ਨੋ ਦੇਇ ਵਡਿਆਈ
ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥
5. ਮਮਤਾ ਕਾਲਿ ਸਭਿ ਰੋਗਿ ਵਿਆਪੇ
ਤਿਨ ਜਮ ਕੀ ਹੈ ਸਿਰਿ ਕਾਰਾ ॥
6. ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ
ਜਿਨ ਹਰਿ ਰਾਖਿਆ ਉਰਿ ਧਾਰਾ ॥੨॥
7. ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ
ਸੇ ਜਗ ਮਹਿ ਕਾਹੇ ਆਇਆ ॥
8. ਗੁਰ ਕੀ ਸੇਵਾ ਕਦੇ ਨ ਕੀਨੀ
ਬਿਰਥਾ ਜਨਮੁ ਗਵਾਇਆ ॥੩॥
9 ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥
10. ਜੋ ਇਛਹਿ ਸੋਈ ਫਲੁ ਪਾਵਹਿ
ਗੁਰਬਾਣੀ ਸੁਖੁ ਪਾਏ ॥੪॥੨॥੧੨॥

ਪਦ ਅਰਥ :-ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ । ਦੁਬਿਧਾ ਰੋਗੀ-ਮੇਰ ਤੇਰ ਦੇ ਰੋਗ ਵਿਚ ਫਸਿਆ ਹੋਇਆ । ਸਗਲ-ਸਾਰਾ । ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ । ਬੂਝਹਿ-(ਸਹੀ ਜੀਵਨ ਜੁਗਤ ਨੂੰ) ਸਮਝ ਲੈਂਦੇ ਹਨ । ਗੁਰ ਸਬਦੀ-ਗੁਰੂ ਦੇ ਸ਼ਬਦ ਦੀ ਰਾਹੀਂ ।੧।

ਹਰਿ ਜੀਉ-ਹੇ ਪ੍ਰਭੂ ਜੀ । ਦੇਇ-ਦੇਂਦਾ ਹੈ । ਨਾਮਿ-ਨਾਮ ਵਿਚ । ਲਾਇ-ਜੋੜਦਾ ਹੈ ।੧। ਰਹਾਉ ।

ਕਾਲਿ-ਮੌਤ ਵਿਚ, ਆਤਮਕ ਮੌਤ ਵਿਚ । ਸਭਿ-ਸਾਰੇ ਜੀਵ । ਰੋਗਿ-(ਦੁਬਿਧਾ ਦੇ) ਰੋਗ ਵਿਚ । ਵਿਆਪੇ-ਗ੍ਰਸੇ ਹੋਏ । ਸਿਰਿ-ਸਿਰ ਉਤੇ । ਕਾਰਾ-ਹਕੂਮਤ, ਦਬਦਬਾ । ਜਿਨ-ਜਿਨ੍ਹਾਂ ਨੇ । ਉਰਿ-ਹਿਰਦੇ ਵਿਚ ।੨।

ਗੁਰਮੁਖਿ-ਗੁਰੂ ਦੀ ਰਾਹੀਂ । ਜਾਤਾ-ਜਾਣਿਆ, ਡੂੰਘੀ ਸਾਂਝ ਪਾਈ । ਕਾਹੇ-ਕਾਹਦੇ ਲਈ ? ਵਿਅਰਥ ਹੀ । ਕੀਨੀ-ਕੀਤੀ । ਬਿਰਥਾ-ਵਿਅਰਥ ।੩।

ਸੇ-ਉਹ ਮਨੁੱਖ । ਇਛਹਿ-ਲੋੜਦੇ ਹਨ, ਚਾਹੁੰਦੇ ਹਨ, ਮੰਗਦੇ ਹਨ । ਪਾਏ-ਪ੍ਰਾਪਤ ਕਰਦਾ ਹੈ ।੪।

ਅਰਥ :-

ਪ੍ਰ:-ਸ੍ਰੀ ਜੀਉ ! ਮਨਮੁਖ ਦੀ ਪਛਾਣ ਕੀ ਹੈ ?

1. ਉ:-ਹੇ ਭਾਈਓ ! ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ (ਸਮਝੋ) ਸਦਾ ਹੀ ਮੇਰ ਤੇਰ ਦੇ ਰੋਗ ਵਿਚ ਫਸਿਆ ਰਹਿੰਦਾ ਹੈ (ਹੇ ਭਾਈ ! ਅਸੀਂ ਤਾਂ ਵੇਖਦੇ ਹਾਂ ਕਿ ਮਨ ਦਾ ਮੁਰੀਦ) ਸਾਰਾ ਜਗਤ ਹੀ ਇਸੇ ਰੋਗ ਦਾ ਸ਼ਿਕਾਰ ਹੋਇਆ ਰਹਿੰਦਾ ਹੈ ।

ਪ੍ਰ-ਕਿਉਂ ਜੀ ! ਇਸ ਰੋਗ ਤੋਂ ਕਿਸੇ ਦਾ ਬਚਾ ਭੀ ਹੋਇਆ ਹੈ?

2. ਉ:-ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਸਹੀ ਜੀਵਨ ਜੁਗਤ ਨੂੰ) ਸਮਝ ਲੈਂਦੇ ਹਨ (ਉਹ) ਗੁਰੂ ਦੇ ਸ਼ਬਦ ਦੀ ਬਰਕਤ ਨਾਲ ਵੀਚਾਰ ਕਰ ਕੇ (ਇਹ) ਰੋਗ (ਆਪਣੇ ਅੰਦਰੋਂ) ਦੂਰ ਕਰ ਲੈਂਦੇ ਹਨ ।੧।

ਪ੍ਰ-ਸ੍ਰੀ ਜੀਉ ! ਕੀ ਉਨ੍ਹਾਂ ਦੇ ਅੰਦਰ ਭੀ ਕੋਈ ਮੰਗ ਹੁੰਦੀ ਹੈ ?

3. ਉ:-ਹੇ ਭਾਈਓ ! ਉਨ੍ਹਾਂ ਦੇ ਅੰਤਰ ਆਤਮੇ ਕੇਵਲ ਇਕੋ ਹੀ ਮੰਗ ਹੋਇਆ ਕਰਦੀ ਹੈ ਕਿ, ਹੇ ਪ੍ਰਭੂ ਜੀ ! (ਮੈਨੂੰ) ਸਾਧ ਸੰਗਤ ਦੇ ਮੇਲ ਵਿਚ ਹੀ ਮਿਲਾਈ ਰਖੋ ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜਾ ਮਨੁੱਖ (ਸਾਧ ਸੰਗਤ ਵਿਚ ਮਿਲ ਕੇ) ਪ੍ਰਮਾਤਮਾਂ ਦੇ ਨਾਮ ਵਿਚ ਆਪਣਾ ਚਿੱਤ ਜੋੜਦਾ ਹੈ (ਪ੍ਰਮਾਤਮਾਂ) ਉਸ ਨੂੰ ਲੋਕ ਪ੍ਰਲੋਕ ਵਿਚ ਇੱਜ਼ਤ ਬਖਸ਼ਦਾ ਹੈ ।੧।ਰਹਾਉ।

5. ਹੇ ਭਾਈ ! ਜੋ ਜੀਵ ਮਮਤਾ ਦੇ (ਜਾਲ ਵਿਚ) ਫਸੇ ਹੋਏ ਹਨ, ਉਹ ਸਾਰੇ ਹੀ ਆਤਮਕ ਰੋਗ ਵਿਚ ਫਸੇ ਰਹਿੰਦੇ ਹਨ । ਉਨ੍ਹਾਂ ਦੇ ਸਿਰ ਉਤੇ (ਮਾਨੋ) ਜਮਰਾਜ ਦਾ ਹੁਕਮ ਚਲ ਰਿਹਾ ਹੈ ।

ਪ੍ਰ:-ਕਿਉਂ ਜੀ ! ਜਮਰਾਜ ਤੋਂ ਬਚਾ ਕਿਨ੍ਹਾਂ ਦਾ ਹੁੰਦਾ ਹੈ ?

6. ਉ:-ਹੇ ਭਾਈਓ ! ਜਿਨ੍ਹਾਂ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਨੇ ਪ੍ਰਮਾਤਮਾਂ ਦੀ (ਯਾਦ ਨੂੰ) ਆਪਣੇ ਹਿਰਦੇ ਵਿਚ ਵਸਾ ਰਖਿਆ ਹੈ, ਜਮਰਾਜ ਉਨ੍ਹਾਂ ਦੇ ਨੇੜੇ ਨਹੀਂ ਢੁਕਦਾ ।੨।

ਪ੍ਰ:-ਸ੍ਰੀ ਜੀਉ ! ਜੋ ਲੋਕ ਨਾਮ ਤੋਂ ਸਖਣੇ ਹਨ ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

7. ਉ:-ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾਂ ਦੇ ਨਾਮ ਨਾਲ ਸਾਂਝ ਨਹੀਂ ਪਾਈ, ਉਨ੍ਹਾਂ ਦਾ ਤਾਂ ਆਉਣਾ ਹੀ ਜਗਤ ਵਿਚ ਵਿਅਰਥ ਚਲਾ ਜਾਂਦਾ ਹੈ ।

8. ਜਿਨ੍ਹਾਂ ਨੇ ਕਦੇ ਭੀ ਗੁਰੂ ਦੀ ਸੇਵਾ ਨਹੀਂ ਕੀਤੀ ਉਨ੍ਹਾਂ ਨੇ ਤਾਂ (ਆਪਣਾ ਸਾਰਾ ਜੀਵਨ ਹੀ) ਅਜਾਈਂ ਗਵਾ ਲਿਆ ਹੈ ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਮਨੁੱਖ (ਗੁਣਾਂ ਦੇ) ਪੂਰੇ (ਭਾਂਡੇ) ਹਨ, ਵਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੂੰ ਪ੍ਰਭੂ ਜੀ ਨੇ ਗੁਰੂ ਦੀ ਸੇਵਾ ਵਿਚ ਜੋੜ ਦਿਤਾ ਹੈ ।
10. ਉਹ ਮਨੁੱਖ (ਪ੍ਰਮਾਤਮਾਂ ਪਾਸੋਂ) ਜੋ ਕੁਝ ਮੰਗਦੇ ਹਨ ਉਹੀ ਪ੍ਰਾਪਤ ਕਰ ਲੈਂਦੇ ਹਨ, ਹੇ ਭਾਈ ! ਜਿਹੜਾ ਭੀ ਮਨੁੱਖ ਗੁਰੂ ਦੀ ਬਾਣੀ ਦਾ ਆਸਰਾ ਲੈਂਦਾ ਹੈ ਉਹ (ਸਦੀਵੀ ਕਾਲ) ਆਤਮਕ ਅਨੰਦ ਮਾਣਦਾ ਹੈ ।੪।੨।੧੨।

ਭਾਵਾਰਥ :-ਨਾਮ ਤੋਂ ਸਖਣਾ ਸਾਰਾ ਜਗਤ ਹੀ ਦ੍ਵੈਤ ਦੇ ਰੋਗ ਵਿਚ ਗ੍ਰਸਿਆ ਹੋਇਆ ਰੋਗੀ ਹੋ ਰਿਹਾ ਹੈ, ਪਰ ਇਕ ਗੁਰਮੁਖ ਹੀ ਵਡੇ ਭਾਗਾਂ ਵਾਲੇ ਹਨ ਜੋ ਸਤਿਗੁਰਾਂ ਦੁਆਰੇ ਨਾਮ ਦੀ ਦਾਤ ਪ੍ਰਾਪਤ ਕਰ ਕੇ ਆਪਣਾ ਜੀਵਨ ਸਫਲ ਕਰਦੇ ਅਤੇ ਆਤਮਕ ਸੁਖ ਹਾਸਲ ਕਰਦੇ ਹਨ ।

ਭੈਰਉ ਮਹਲਾ ੩ ॥

1. ਦੁਖ ਵਿਚਿ ਜੰਮੈ ਦੁਖਿ ਮਰੈ
ਦੁਖ ਵਿਚਿ ਕਾਰ ਕਮਾਇ ॥
2. ਗਰਭ ਜੋਨੀ ਵਿਚਿ ਕਦੇ ਨ ਨਿਕਲੈ
ਬਿਸਟਾ ਮਾਹਿ ਸਮਾਇ ॥੧॥
3. ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥
4. ਪੂਰੇ ਗੁਰ ਕੀ ਸੇਵ ਨ ਕੀਨੀ
ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥
5. ਗੁਰ ਕਾ ਸਬਦੁ ਸਭਿ ਰੋਗ ਗਵਾਏ
ਜਿਸ ਨੋ ਹਰਿ ਜੀਉ ਲਾਏ ॥
6. ਨਾਮੇ ਨਾਮਿ ਮਿਲੈ ਵਡਿਆਈ
ਜਿਸ ਨੋ ਮੰਨਿ ਵਸਾਏ ॥੨॥
7. ਸਤਿਗੁਰੁ ਭੇਟੈ ਤਾ ਫਲੁ ਪਾਏ
ਸਚੁ ਕਰਣੀ ਸੁਖ ਸਾਰੁ ॥
8. ਸੇ ਜਨ ਨਿਰਮਲ ਜੋ ਹਰਿ ਲਾਗੇ
ਹਰਿ ਨਾਮੇ ਧਰਹਿ ਪਿਆਰੁ ॥੩॥
9. ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ
ਜਿਨ ਸਤਿਗੁਰੁ ਪੂਰਾ ਧਿਆਇਆ ॥
10. ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ
ਜਿਨੀ ਰਾਮ ਨਾਮਿ ਚਿਤੁ ਲਾਇਆ ॥੪॥੩॥੧੩॥

ਪਦ ਅਰਥ:-ਜੰਮੈ-ਜੰਮਦਾ ਹੈ । ਦੁਖਿ-ਦੁੱਖ ਵਿਚ । ਕਮਾਇ-ਕਮਾਂਦਾ ਹੈ, ਕਰਦਾ ਹੈ । ਗਰਭ ਜੋਨੀ ਵਿਚਿ-ਜਨਮ ਮਰਨ ਦੇ ਗੇੜ ਵਿਚ (ਸਦਾ ਪਿਆ ਰਹਿੰਦਾ ਹੈ) । ਬਿਸਟਾ-ਵਿਕਾਰਾਂ ਦਾ ਗੰਦ । ਸਮਾਇ-ਲੀਨ ਰਹਿੰਦਾ ਹੈ ।੧।

ਧ੍ਰਿਗੁ-ਫਿਟਕਾਰ ਜੋਗ ;। ਮਨਮੁਖਿ-ਮਨਮੁਖ ਨੇ, ਆਪਣੇ ਮਨ ਦੇ ਪਿਛੇ ਤੁਰਨ ਵਾਲਾ । ਨ ਭਾਇਆ-ਪਿਆਰਾ ਨਾ ਲਗਾ ।੧। ਰਹਾਉ ।

ਸਭਿ-ਸਾਰੇ । ਲਾਏ-(ਲਗਨ) ਲਾਂਦਾ ਹੈ । ਨਾਮੇ ਨਾਮਿ-ਹਰ ਵੇਲੇ ਨਾਮ ਵਿਚ । ਮੰਨਿ-ਮਨਿ, ਮਨ ਵਿਚ ।੨।

ਭੇਟੈ-ਮਿਲ ਪੈਂਦਾ ਹੈ । ਸਚੁ-ਸਦਾ ਥਿਰ ਹਰਿ ਨਾਮ (ਦਾ ਸਿਮਰਨ) । ਕਰਣੀ-ਕਰਨ ਜੋਗ ਕੰਮ, ਕਰਤੱਬ। ਸੁਖ ਸਾਰੁ-ਸੁਖਾਂ ਦਾ ਤਤ, ਸਭ ਤੋਂ ਸ੍ਰੇਸ਼ਟ ਸੁਖ । ਨਾਮੇ-ਨਾਮ ਵਿਚ ਹੀ । ਧਰਹਿ- ਧਰਦੇ ਹਨ ।੩।

ਰੇਣੁ-ਚਰਨ ਧੂੜ । ਮਸਤਕਿ-ਮੱਥੇ ਉਤੇ । ਲਾਈ-ਲ ਈਂ, ਮੈਂ ਲਾਵਾਂ । ਪੂਰੈ ਭਾਗਿ-ਪੂਰੀ ਕਿਸਮਤ ਨਾਲ । ਪਾਈਐ-ਪਾਈਦੀ ਹੈ, ਮਿਲਦੀ ਹੈ ।੪।

ਅਰਥ : -

ਪ੍ਰ:-ਸ੍ਰੀ ਜੀਉ ! ਮਨਮੁਖ ਨੂੰ ਸਜ਼ਾ ਕੀ ਮਿਲਦੀ ਹੈ ?
1. ਉ:-ਹੇ ਭਾਈਓ ! ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ, ਦੁੱਖ ਵਿਚ ਜੰਮਦਾ ਹੈ, ਦੁੱਖ ਵਿਚ ਮਰਦਾ ਹੈ (ਸਾਰੀ ਉਮਰ) ਦੁੱਖ ਵਿਚ ਹੀ ਕਾਰ ਵਿਹਾਰ ਕਰਦਾ ਹੈ ।
2. ਉਹ ਸਦਾ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ, (ਜਦ ਤਕ ਉਹ ਮਨ ਦਾ ਮੁਰੀਦ ਹੈ ਤਦ ਤਕ ਕਦੇ ਭੀ ਉਹ ਇਸ ਗੇੜ ਵਿਚੋਂ ਨਿਕਲ ਨਹੀਂ ਸਕਦਾ, ਕਿਉਂਕਿ, ਉਹ ਸਦਾ ਵਿਕਾਰਾਂ ਦੇ ਗੰਦ ਵਿਚ ਜੁੜਿਆ ਰਹਿੰਦਾ ਹੈ।੧।
3. ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਆਪਣਾ ਜੀਵਨ ਗਵਾ ਲੈਂਦਾ ਹੈ, ਉਸ ਨੂੰ (ਲੋਕ ਪ੍ਰਲੋਕ ਵਿਚ) ਫਿਟਕਾਰਾਂ ਹੀ ਪੈਂਦੀਆਂ ਹਨ ।
4. (ਉਸ ਨੇ ਸਾਰੀ ਉਮਰ) ਨਾ ਪੂਰੇ ਗੁਰੂ ਦਾ ਆਸਰਾ ਲਿਆ ਅਤੇ ਨਾ ਹੀ ਉਸ ਨੂੰ ਪ੍ਰਮੇਸ਼ਰ ਜੀ ਦਾ ਨਾਮ ਹੀ ਪਿਆਰਾ ਲਗਾ ।੧। ਰਹਾਉ ।

ਪ੍ਰ:-ਸ੍ਰੀ ਜੀਉ ! ਹਉਮੈਂ ਦਾ ਦੀਰਘ ਰੋਗ ਕਿਵੇਂ ਦੂਰ ਹੋ ਸਕਦਾ ਹੈ ?
5. ਉ:-ਹੇ ਭਾਈਓ ! ਗੁਰੂ ਦਾ ਸ਼ਬਦ ਸਾਰੇ ਹੀ ਰੋਗ ਦੂਰ ਕਰ ਦੇਂਦਾ ਹੈ (ਪਰ ਗੁਰੂ ਦੇ ਸ਼ਬਦ ਵਿਚ ਉਹੀ ਮਨੁੱਖ ਜੁੜਦਾ ਹੈ) ਜਿਸ ਨੂੰ ਪ੍ਰਮੇਸ਼ਰ (ਸ਼ਬਦ ਦੀ) ਲਗਨ ਲਾਂਦਾ ਹੈ ।
6. ਹੇ ਭਾਈ ! ਜਿਸ ਮਨੁੱਖ ਨੂੰ (ਸ਼ਬਦ ਦੀ ਲਗਨ ਲਾ ਕੇ ਉਸ ਦੇ) ਮਨ ਵਿਚ (ਆਪਣਾ ਨਾਮ) ਵਸਾਂਦਾ ਹੈ, ਸਦਾ ਹਰਿ ਨਾਮ ਵਿਚ ਟਿਕੇ ਰਹਿਣ ਕਰਕੇ ਉਸ ਨੂੰ ਲੋਕ ਪ੍ਰਲੋਕ ਦੀ ਇੱਜ਼ਤ ਮਿਲਦੀ ਹੈ ।੨।
7. ਹੇ ਭਾਈਓ ! ਸਦਾ ਥਿਰ ਹਰਿ ਨਾਮ ਦਾ ਸਦਾ ਸਿਮਰਨ ਹੀ (ਅਸਲ) ਕਰਤੱਬ ਹੈ, ਨਾਮ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਸੁਖ ਹੈ, ਪਰ ਇਹ (ਹਰਿ ਨਾਮ ਸ਼ਿਮਰਨ) ਫਲ

ਮਨੁੱਖ ਨੂੰ ਤਦੋਂ ਹੀ ਮਿਲਦਾ ਹੈ, ਜਦੋਂ ਇਸ ਨੂੰ ਗੁਰੂ ਦਾ ਮਿਲਾਪ ਹੁੰਦਾ ਹੈ।

8. ਹੇ ਭਾਈ ! ਜਿਹੜੇ ਮਨੁੱਖ ਪ੍ਰਮਾਤਮਾਂ ਦੀ ਯਾਦ ਵਿਚ ਜੁੜਦੇ ਹਨ, ਪ੍ਰਭੂ ਦੇ ਨਾਮ ਵਿਚ ਪਿਆਰ ਪਾਂਦੇ ਹਨ, ਉਹ ਮਨੁੱਖ ਪਵਿਤ੍ਰ ਜੀਵਨ ਵਾਲੇ ਹੋ ਜਾਂਦੇ ਹਨ ।੩।

ਪ੍ਰ:–ਸ੍ਰੀ ਜੀਉ ! ਸਿਮਰਨ ਕਰਨ ਵਾਲੇ ਮਨੁਖਾਂ ਦਾ ਤੁਹਾਡੇ ਮਨ ਵਿਚ ਕਿਤਨਾ ਕੁ ਸਤਿਕਾਰ ਹੈ ?

9. ਉ:–ਹੇ ਭਾਈਓ ! ਜਿਹੜੇ ਮਨੁੱਖ ਪੂਰੇ ਗੁਰੂ ਨੂੰ ਹਿਰਦੇ ਵਿਚ ਵਸਾਂਦੇ ਹਨ, ਜੇ ਮੈਨੂੰ ਉਨ੍ਹਾਂ ਦੀ ਚਰਨ ਧੂੜ ਮਿਲ ਜਾਏ, ਤਾਂ ਉਹ ਧੂੜ ਮੈਂ ਆਪਣੇ ਮੱਥੇ ਉਤੇ ਲਾਵਾਂ।

10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜੇ ਮਨੁੱਖ ਸਦਾ ਆਪਣਾ ਚਿਤ ਪ੍ਰਮੇਸ਼ਰ ਦੇ ਨਾਮ ਵਿਚ ਜੋੜੀ ਰਖਦੇ ਹਨ, ਉਨ੍ਹਾਂ ਦੇ ਚਰਨਾਂ ਦੀ ਧੂੜ ਪੂਰੀ ਕਿਸਮਤ ਨਾਲ ਹੀ ਮਿਲਦੀ ਹੈ ।੪।੩।੧੩।

ਭਾਵਾਰਥ :–ਮਨਮੁਖ ਲੋਕ ਪ੍ਰਭੂ ਦੇ ਨਾਮ ਤੋਂ ਬੇਮੁਖ ਹੋ ਸਦਾ ਹੀ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ, ਪਰ ਇਕੋ ਹੀ ਗੁਰੂ ਦਾ ਸ਼ਬਦ ਹੈ ਜਿਸ ਨੂੰ ਕਮਾ ਕੇ ਗੁਰਮੁਖ ਲੋਕ ਪ੍ਰਲੋਕ ਵਿਚ ਇੱਜ਼ਤ ਹਾਸਲ ਕਰਦੇ, ਉਨ੍ਹਾਂ ਗੁਰਮੁਖਾਂ ਦੀ ਚਰਨ ਧੂੜ ਭੀ ਵਡੀ ਕਿਸਮਤ ਨਾਲ ਹੀ ਮਿਲਦੀ ਹੈ।

ਭੈਰਉ ਮਹਲਾ ੩ ॥

1. ਸਬਦੁ ਬੀਚਾਰੇ ਸੋ ਜਨੁ ਸਾਚਾ
ਜਿਨ ਕੈ ਹਿਰਦੈ ਸਾਚਾ ਸੋਈ ॥
2. ਸਾਚੀ ਭਗਤਿ ਕਰਹਿ ਦਿਨੁ ਰਾਤੀ
ਤਾਂ ਤਨਿ ਦੂਖੁ ਨ ਹੋਈ ॥੧॥
3. ਭਗਤੁ ਭਗਤੁ ਕਹੈ ਸਭੁ ਕੋਈ ॥
4. ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ
ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥
5. ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ
ਲਾਹਾ ਲਾਭੁ ਕਿਦੂ ਹੋਈ ॥
6. ਜਮਕਾਲੁ ਸਦਾ ਹੈ ਸਿਰ ਊਪਰਿ
ਦੂਜੈ ਭਾਇ ਪਤਿ ਖੋਈ ॥੨॥
7. ਬਹਲੇ ਭੇਖ ਭਵਹਿ ਦਿਨੁ ਰਾਤੀ
ਹਉਮੈ ਰੋਗੁ ਨ ਜਾਈ ॥
8. ਪੜਿ ਪੜਿ ਲੂਝਹਿ ਬਾਦੁ ਵਖਾਣਹਿ
ਮਿਲਿ ਮਾਇਆ ਸੁਰਤਿ ਗਵਾਈ ॥੩॥
9. ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ
ਨਾਮਿ ਮਿਲੈ ਵਡਿਆਈ ॥
10. ਨਾਨਕ ਨਾਮੁ ਜਿਨਾ ਮਨਿ ਵਸਿਆ
ਦਰਿ ਸਾਚੈ ਪਤਿ ਪਾਈ ॥੪॥੪॥੧੪॥

ਪਦ ਅਰਥ :–ਬੀਚਾਰੇ–ਮਨ ਵਿਚ ਵਸਾਂਦਾ ਹੈ। ਸਾਚਾ–ਟਿਕਵੇਂ ਜੀਵਨ ਵਾਲਾ (ਮਾਇਆ ਦੇ ਹਲਿਆਂ ਵਲੋਂ) ਅਡੋਲ ਚਿਤ। ਕੈ ਹਿਰਦੈ–ਦੇ ਹਿਰਦੇ ਵਿਚ। ਸਾਚਾ–ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ। ਸਾਚੀ ਭਗਤਿ–ਸਦਾ ਥਿਰ ਪ੍ਰਭੂ ਦੀ ਭਗਤੀ। ਕਰਹਿ–ਕਰਦੇ ਹਨ। ਤਨਿ–ਸਰੀਰ ਵਿਚ। ਨ ਹੋਈ–ਪੈਦਾ ਨਹੀਂ ਹੁੰਦਾ ।੧।

ਕਹੈ–ਆਖਦਾ ਹੈ । ਸਭੁ ਕੋਈ–ਹਰੇਕ ਮਨੁੱਖ । ਮਿਲੈ–ਮਿਲਦਾ ਹੈ ।੧। ਰਹਾਉ।

ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਮੂਲੁ–ਰਾਸ-ਪੂੰਜੀ; ਸਰਮਾਇਆ । ਲਾਭੁ–ਨਫਾ। ਮਾਗਹਿ–ਮੰਗਦੇ ਹਨ। ਕਿਦੂ–ਕਿਵੇਂ ? ਜਮਕਾਲੁ–ਆਤਮਕ ਮੌਤ। ਦੂਜੈ ਭਾਇ–ਮਾਇਆ ਦੇ ਪਿਆਰ ਵਿਚ । ਪਤਿ–ਇੱਜ਼ਤ। ਖੋਈ–ਗਵਾ ਲਈ ।੨।

ਬਹਲੇ–ਕਈ, ਅਨੇਕਾਂ। ਭਵਹਿ–ਭੌਂਦੇ, ਹਨ (ਤੀਰਥ ਆਦਿਕਾਂ ਤੇ)। ਨ ਜਾਈ–ਦੂਰ ਨਹੀਂ ਹੁੰਦਾ। ਪੜਿ–ਪੜ੍ਹਕੇ। ਲੂਝਹਿ–ਝਗੜਦੇ ਹਨ, ਬਹਿਸਾਂ ਕਰਦੇ ਹਨ, ਸ਼ਾਸਤ੍ਰ ਅਰਥ ਕਰਦੇ ਹਨ। ਬਾਦੁ–ਝਗੜਾ, ਬਹਿਸ, ਚਰਚਾ। ਵਖਾਣਹਿ–ਉਚਾਰਦੇ ਹਨ, ਬੋਲਦੇ ਹਨ। ਮਿਲਿ–ਮਿਲ ਕੇ । ਸੁਰਤਿ–ਆਤਮਕ ਜੀਵਨ ਵਾਲੇ ਪਾਸੇ ਦੀ ਹੋਸ਼ ।੩।

ਸੇਵਹਿ–ਸ਼ਰਨ ਪੈਂਦੇ ਹਨ। ਪਰਮ ਗਤਿ–ਸਭ ਤੋਂ ਉਚੀ ਆਤਮਕ ਅਵਸਥਾ। ਨਾਮਿ–ਨਾਮ ਵਿਚ (ਜੁੜੇ ਰਹਿਣ ਦੇ ਕਾਰਨ) । ਵਡਿਆਈ–(ਲੋਕ ਪ੍ਰਲੋਕ ਦੀ) ਇੱਜ਼ਤ। ਮਨਿ–ਮਨ ਵਿਚ। ਦਰਿ–ਦਰ ਤੇ। ਦਰਿ ਸਾਚੈ–ਸਦਾ ਥਿਰ ਪ੍ਰਭੂ ਦੇ ਦਰ ਤੇ। ਪਤਿ–ਇੱਜ਼ਤ ।੪।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਵਿਚ ਵਿਕਾਰਾਂ ਦੇ ਬੜੇ ਹੀ ਪ੍ਰਬਲ ਹਮਲੇ ਹੁੰਦੇ ਰਹਿੰਦੇ ਹਨ, ਇਨ੍ਹਾਂ ਤੋਂ ਮਨੁੱਖ ਦਾ ਬਚਾ ਕਿਵੇਂ ਹੋ ਸਕਦਾ ਹੈ ?

1. ਉ:–ਹੇ ਭਾਈਓ ! ਇਨ੍ਹਾਂ ਦਾ ਇਕੋ ਹੀ ਬਚਾ ਹੈ ਕਿ, ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ (ਆਪਣੇ) ਮਨ ਵਿਚ ਵਸਾਂਦਾ ਹੈ, ਉਹ ਮਨੁੱਖ ਮਾਇਆ ਦੇ ਹਲਿਆਂ ਵਲੋਂ ਅਡੋਲ ਚਿੱਤ ਹੋ ਜਾਂਦਾ ਹੈ।

2. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ ਵੱਸ ਪੈਂਦਾ ਹੈ, ਜਿਹੜੇ ਮਨੁੱਖ ਦਿਨੇ ਰਾਤ ਸਦਾ ਥਿਰ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਦੇ ਸਰੀਰ ਵਿਚ ਕੋਈ ਭੀ (ਵਿਕਾਰ) ਦਾ ਦੁੱਖ ਪੈਦਾ ਨਹੀਂ ਹੁੰਦਾ ।੧।

ਪ੍ਰ.–ਸ੍ਰੀ ਜੀਉ ! ਭਗਤੀ ਦੇ ਲਿਬਾਸ ਵਿਚ ਤਾਂ ਅਨੇਕਾਂ ਹੀ ਭਗਤ ਵੇਖਣ ਵਿਚ ਆਉਂਦੇ ਹਨ ਅਤੇ ਉਹ ਆਪਣੇ ਆਪ ਨੂੰ ਭਗਤ ਹੋਣ ਦਾ ਦਾਵਾ ਭੀ ਕਰਦੇ ਹਨ, ਪਰ,

ਗੁਰਮਤਿ ਅਨੁਸਾਰ ਭਗਤ ਕਿਸਨੂੰ ਮੰਨਿਆਂ ਜਾ ਸਕਦਾ ਹੈ ?

3. ਉ:–ਹੇ ਭਾਈਓ ! ਇਹ ਠੀਕ ਹੈ ਕਿ ਆਪ ਨੂੰ ਭਗਤ ਭਗਤ ਕਹਿਣ ਵਾਲੇ ਤਾਂ ਅਨੇਕਾਂ ਹੀ ਲੋਕ ਹਨ।

4. ਪਰ, ਵਿਸ਼ਵਾਸ ਰਖੋ ਕਿ, ਗੁਰੂ ਦੀ ਸ਼ਰਣ ਪੈਣ ਤੋਂ ਬਿਨਾ ਪ੍ਰਮੇਸ਼ਰ ਦੀ ਭਗਤੀ ਨਹੀਂ ਹੋ ਸਕਦੀ, ਹੇ ਭਾਈ ! ਪੂਰੀ ਕਿਸਮਤ ਨਾਲ ਹੀ (ਕਿਸੇ ਮਨੁੱਖ ਨੂੰ) ਉਹ ਪ੍ਰਮੇਸ਼ਰ ਮਿਲਦਾ ਹੈ।੧। ਰਹਾਉ।

5. ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਤਾਂ (ਆਪਣਾ ਸਰਮਾਇਆ (ਹੀ) ਗਵਾ ਲੈਂਦੇ ਹਨ) ਪਰ ਉਹ ਮੰਗਦੇ ਹਨ (ਆਤਮਕ) ਲਾਭ (ਹੇ ਭਾਈ !) ਦਸੋ, ਉਨ੍ਹਾਂ ਨੂੰ ਖੱਟੀ ਕਿਵੇਂ ਹੋ ਸਕਦੀ ਹੈ ? ਲਾਭ ਕਿਥੋਂ ਮਿਲੇ ?

6. ਉਨ੍ਹਾਂ ਦੇ ਸਿਰ ਉਤੇ ਤਾਂ ਆਤਮਕ ਮੌਤ ਸਦਾ ਹੀ ਸਵਾਰ ਰਹਿੰਦੀ ਹੈ, ਉਨ੍ਹਾਂ ਨੇ ਤਾਂ ਮਾਇਆ ਦੇ ਪਿਆਰ ਵਿਚ (ਫਸ ਕੇ) ਲੋਕ ਪ੍ਰਲੋਕ ਦੀ ਇੱਜ਼ਤ ਹੀ ਗਵਾ ਲਈ ਹੁੰਦੀ ਹੈ।੨।

ਪ੍ਰ:–ਕਿਉਂ ਜੀ ! ਕਈ ਲੋਕ ਧਾਰਮਿਕ ਲਿਬਾਸਾਂ ਵਿਚ ਸਦਾ ਤੀਰਥਾਂ ਤੇ ਹੀ ਭਰਮਦੇ ਰਹਿੰਦੇ ਹਨ ਕੀ, ਉਨ੍ਹਾਂ ਨੂੰ ਕੋਈ ਪ੍ਰਮਾਰਥ ਲਾਭ ਹੋ ਸਕੇਗਾ ?

7. ਹੇ ਭਾਈਓ ! ਜਿਹੜੇ ਲੋਕ ਕਈ (ਧਾਰਮਿਕ) ਭੇਖ ਕਰ ਕੇ ਹੀ ਦਿਨ ਰਾਤ (ਥਾਂ ਥਾਂ) ਭੌਂਦੇ ਫਿਰਦੇ ਹਨ (ਉਨ੍ਹਾਂ ਲੋਕਾਂ ਨੂੰ ਆਪਣੇ ਇਸ ਤਿਆਗ ਦੀ ਹਉਮੈਂ ਹੋ ਜ਼ਾਂਦੀ ਹੈ) ਉਨ੍ਹਾਂ ਦਾ ਇਹ ਹਉਮੈਂ ਦਾ ਰੋਗ ਦੂਰ ਨਹੀਂ ਹੁੰਦਾ। (ਇਸ ਲਈ, ਉਹ ਪ੍ਰਮਾਰਥਕ ਲਾਭ ਤੋਂ ਸਖਣੇ ਹੀ ਰਹਿ ਜਾਂਦੇ ਹਨ)।

ਪ੍ਰ:–ਸ੍ਰੀ ਜੀਉ ! ਕਈ ਲੋਕ ਬੇਦ ਸ਼ਾਸਤ੍ਰਾਂ ਦੀ ਚਰਚਾ ਜੀਵਨ ਭਰ ਹੀ ਕਰਦੇ ਰੇਹਿੰਦੇ ਹਨ, ਕੀ ਉਨ੍ਹਾਂ ਨੂੰ ਭੀ ਜੀਵਨ ਦੀ ਕੁਝ ਸੋਝੀ ਆ ਜਾਂਦੀ ਹੈ ?

8. ਉ:–ਹੇ ਭਾਈ ! ਜਿਹੜੇ ਪੰਡਤ ਲੋਕ ਵੇਦ ਸ਼ਾਸਤ੍ਰ ਆਦਿਕ ਪੜ੍ਹ ਪੜ੍ਹ ਕੇ ਫਿਰ ਆਪੋ ਵਿਚ) ਮਿਲ ਕੇ ਬਹਿਸ ਕਰਦੇ ਹਨ, ਚਰਚਾ ਕਰਦੇ ਹਨ ਉਨ੍ਹਾਂ ਨੇ ਭੀ ਮਾਇਆ ਦੇ ਮੋਹ ਦੇ ਕਾਰਨ (ਆਤਮਕ ਜੀਵਨ ਵਲੋਂ ਆਪਣੀ) ਹੋਸ਼ ਗਵਾ ਲਈ ਹੁੰਦੀ ਹੈ।੩।

ਪ੍ਰ:–ਕਿਉਂ ਜੀ ! ਆਖਰ, ਉਹ ਕਿਹੜਾ ਮਨੁੱਖ ਹੈ ਜਿਸ ਨੂੰ ਲੋਕ ਪ੍ਰਲੋਕ ਵਿਚ ਇੱਜ਼ਤ ਪ੍ਰਾਪਤ ਹੋ ਸਕਦੀ ਹੋਵੇ ?

9. ਉ:–ਹੇ ਪਿਆਰੇ ! ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪੈਂਦੇ ਹਨ, ਉਹ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰ ਲੈਂਦੇ ਹਨ; ਪ੍ਰਮਾਤਮਾਂ ਦੇ ਨਾਮ ਵਿਚ ਜੁੜੇ ਰਹਿਣ ਕਰਕੇ ਉਨ੍ਹਾਂ ਨੂੰ ਲੋਕ ਪ੍ਰਲੋਕ ਦੀ ਇੱਜ਼ਤ ਮਿਲ ਜਾਂਦੀ ਹੈ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪ੍ਰਮਾਤਮਾਂ ਦਾ ਨਾਮ ਆ ਵਸਿਆ ਹੈ, ਉਨ੍ਹਾਂ ਨੇ ਸਦਾ ਥਿਰ ਪ੍ਰਭੂ ਦੇ ਦਰ ਤੇ ਇੱਜ਼ਤ ਖੱਟ ਲਈ ਹੈ।੪।੪।੧੪।

ਭਾਵਾਰਥ :–ਗੁਰੂ ਦੀ ਸ਼ਰਣ ਵਿਚ ਆਉਣ ਤੋਂ ਬਿਨਾ ਪਾਠ, ਭੇਖ ਸਭ ਦ੍ਵੈਤ ਭਾਵ ਵਲ ਲੈ ਜਾਂਦੇ ਹਨ; ਨਾ ਹਉਮੈਂ ਦਾ ਦੁੱਖ ਜਾਂਦਾ ਹੈ ਅਤੇ ਨਾ ਹੀ ਨਾਮ ਦੀ ਹੀ ਪ੍ਰਾਪਤੀ ਹੁੰਦੀ ਹੈ, ਅਜਿਹੇ ਮਨੁੱਖ ਲੋਕ ਪ੍ਰਲੋਕ ਦੀ ਇੱਜ਼ਤ ਵਲੋਂ ਸੱਖਣੇ ਹੀ ਰਹਿੰਦੇ ਹਨ, ਪਰ ਜ ਮਨੁੱਖ ਗੁਰੂ ਦੀ ਸ਼ਰਨ ਦੁਆਰੇ ਨਾਮ ਪ੍ਰਾਪਤ ਕਰਦਾ ਹੈ ਉਸ ਨੂੰ ਲੋਕ ਪ੍ਰਲੋਕ ਵਿਚ ਸਤਿਕਾਰਿਆ ਜਾਂਦਾ ਹੈ।

ਭੈਰਉ ਮਹਲਾ ੩ ॥

1. ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥
2. ਉਦਰੁ ਨੈ ਸਾਣੁ ਨ ਭਰੀਐ ਕਬਹੂ
ਤ੍ਰਿਸਨਾ ਅਗਨਿ ਪਚ ਏ ॥੧॥
3. ਸਦਾ ਅਨੰਦੁ ਰਾਮ ਰਸਿ ਰਾਤੇ ॥
4. ਹਿਰਦੈ ਨਾਮੁ ਦੁਬਿਧਾ ਮਨਿ ਭਾਗੀ
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥
5. ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ
ਸਿਰਿ ਸਿਰਿ ਧੰਧੈ ਲਾਏ ॥
6. ਮਾਇਆ ਮੋਹੁ ਕੀਆ ਜਿਨਿ ਆਪੇ
ਆਪੇ ਦੂਜੈ ਲਾਏ ॥੨॥
7. ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ
ਸਭਿ ਤੁਧੈ ਮਾਹਿ ਸਮਾਏ ॥
8. ਗੁਰਮੁਖਿ ਗਿਆਨੁ ਤਤੁ ਬੀਚਾਰਾ
ਜੋਤੀ ਜੋਤਿ ਮਿਲਾਏ ॥੩॥
9. ਸੋ ਪ੍ਰਭੁ ਸਾਚਾ ਸਦ ਹੀ ਸਾਚਾ
ਸਾਚਾ ਸਭੁ ਆਕਾਰਾ ॥
10. ਨਾਨਕ ਸਤਿਗੁਰਿ ਸੋਝੀ ਪਾਈ
ਸਚਿ ਨਾਮਿ ਨਿਸਤਾਰਾ ॥੪॥੫॥੧੫॥

ਪਦ ਅਰਥ :–ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਆਸਾ–(ਹੋਰ ਹੋਰ ਮਾਇਆ ਜੋੜਨ ਦੀ) ਤਾਂਘ। ਉਤਰੈ–ਮੁਕਦੀ। ਦੂਜੈ ਭਾਇ–ਮਾਇਆ ਦੇ ਪਿਆਰ ਵਿਚ। ਖੁਆਏ–(ਸਹੀ ਜੀਵਨ ਰਾਹ ਤੋਂ) ਖੁੰਝੇ ਹੋਏ ਹਨ। ਉਦਰੁ–ਪੇਟ। ਨੈ–ਨਦੀ। ਸਾਣੁ–ਵਾਂਗ। ਪਛਾਏ–(ਉਨ੍ਹਾਂ ਨੂੰ) ਸਾੜਦੀ ਹੈ।੧।

ਰਸਿ–ਸੁਆਦ ਵਿਚ। ਰਾਤੇ–ਰਤੇ ਹੋਏ, ਮਸਤ। ਹਿਰਦੈ–ਹਿਰਦੇ ਵਿਚ। ਦੁਬਿਧਾ–ਮੇਰ ਤੇਰ। ਮਨਿ–ਮਨ ਵਿਚ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਪੀ–ਪੀ ਕੇ। ਤ੍ਰਿਪਤਾਤੇ–ਰੱਜ ਜਾਂਦੇ ਹਨ।੧। ਰਹਾਉ।

ਜਿਨਿ–ਜਿਸ ਨੇ। ਸਾਜੀ–ਪੈਦਾ ਕੀਤੀ, ਰਚੀ। ਸਿਰਿ ਸਿਰਿ–ਹਰੇਕ ਦੇ ਸਿਰ ਉਤੇ, ਹਰੇਕ ਦੇ ਕੀਤੇ ਅਨੁਸਾਰ।

ਧੰਧੈ–ਧੰਧੇ ਵਿਚ । ਆਪੇ–ਆਪ ਹੀ। ਦੂਜੈ–ਮਾਇਆ (ਦੇ ਮੋਹ) ਵਿਚ ।੨।

ਕਿਹੁ-ਕੁਝ । ਸਭਿ–ਸਾਰੇ ਜੀਵ । ਮਾਹਿ–ਵਿਚ । ਗੁਰਮੁਖਿ–ਗੁਰੂ ਦੀ ਰਾਹੀਂ । ਗਿਆਨੁ–ਆਤਮਕ ਜੀਵਨ ਦੀ ਸੂਝ। ਬੀਚਾਰ–ਮਨ ਵਿਚ ਵਸਾਇਆ। ਜੋਤੀ–ਪ੍ਰਭੂ ਦੀ ਜੋਤ ਵਿਚ।੩।

ਸਾਚਾ–ਸਦਾ ਕਾਇਮ ਰਹਿਣ ਵਾਲਾ। ਸਦ–ਸਦਾ। ਸਾਚਾ–ਸਦਾ ਹੋਂਦ ਵਾਲਾ। ਅਕਾਰਾ–ਜਗਤ। ਸਤਿਗੁਰਿ–ਗੁਰੂ ਨੇ। ਸਚਿ ਨਾਮਿ–ਸਦਾ ਥਿਰ ਹਰਿ ਨਾਮ ਵਿਚ (ਜੋੜਕੇ)। ਨਿਸਤਾਰਾ–ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿਤਾ ।੪।

ਅਰਥ :–

ਪ੍ਰ:–ਸ੍ਰੀ ਜੀਉ ! ਮਨਮੁਖ ਦੀ ਪਛਾਣ ਕਿਵੇਂ ਕੀਤੀ ਜਾਵੇ ?

1. ਉ:–ਹੇ ਭਾਈਓ ! ਜੋ ਮਨਮੁਖ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਹਨ, (ਉਨ੍ਹਾਂ ਦੀ ਇਹੋ ਹੀ ਪਛਾਣ ਹੈ ਕਿ ਉਨ੍ਹਾਂ ਦੇ ਅੰਦਰੋਂ (ਹੋਰ ਹੋਰ ਮਾਇਆ ਜੋੜਨ ਦੀ) ਲਾਲਸਾ ਦੂਰ ਨਹੀਂ ਹੁੰਦੀ, (ਇਸੇ ਲਈ ਹੀ) ਮਾਇਆ ਦੇ ਪਿਆਰ ਵਿਚ ਉਹ ਸਹੀ ਜੀਵਨ ਰਾਹ ਤੋਂ ਖੁੰਝੇ ਰਹਿੰਦੇ ਹਨ।
2. ਹੇ ਭਾਈ ! ਉਨ੍ਹਾਂ ਦਾ ਪੇਟ ਨਦੀ ਵਾਂਗ (ਮਾਇਆ ਨਾਲ) ਕਦੇ ਭੀ ਰੱਜਦਾ ਨਹੀਂ; ਉਨ੍ਹਾਂ ਨੂੰ ਤ੍ਰਿਸ਼ਨਾਂ ਦੀ ਅਗਨ (ਸਦਾ ਹੀ) ਸਾੜਦੀ ਰਹਿੰਦੀ ਹੈ ।੧।

ਪ੍ਰ:–ਕਿਉਂ ਜੀ ! ਗੁਰਮੁਖਾਂ ਦੀ ਕੀ ਨਿਸ਼ਾਨੀ ਹੈ ?

3. ਉ:–ਹੇ ਭਾਈ ! ਜਿਹੜੇ ਮਨੁੱਖ ਪ੍ਰਮਾਤਮਾਂ ਦੇ ਨਾਮ ਰਸ ਵਿਚ ਭਿਜੇ ਰਹਿੰਦੇ ਹਨ (ਉਹ ਗੁਰਮੁਖ ਹਨ) ਉਨ੍ਹਾਂ ਦੇ ਅੰਦਰ ਹੀ ਸਦਾ ਅਨੰਦ ਬਣਿਆ ਰਹਿੰਦਾ ਹੈ।
4. ਹੇ ਪਿਆਰੇ ! ਉਨ੍ਹਾਂ ਗੁਰਮੁਖਾਂ ਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਆ ਵਸਦਾ ਹੈ, (ਇਸੇ ਲਈ) ਉਨ੍ਹਾਂ ਦੀ ਮੇਰ ਤੇਰ ਦੂਰ ਹੋ ਜਾਂਦੀ ਹੈ, ਪ੍ਰਭੂ ਦਾ ਅਮਰ ਜੀਵਨ ਦੇਣ ਵਾਲਾ ਨਾਮ ਰਸ ਪੀ ਕੇ ਉਹ (ਮਾਇਆ ਵਲੋਂ ਸਦਾ) ਹੀ ਰਜ਼ੇ ਰਹਿੰਦੇ ਹਨ ।੧। ਰਹਾਉ।

ਪ੍ਰ–ਕਿਉਂ ਜੀ ! ਇਹ ਜੀਵ ਮਾਇਆ ਦੀ ਦੌੜ ਭੱਜ ਤਿਆਗਕੇ ਪ੍ਰਭੂ ਦੀ ਸ਼ਰਨ ਕਿਉਂ ਨਹੀਂ ਹਾਸਿਲ ਕਰ ਲੈਂਦੇ ?

5. ਉ–ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜੀਵਾਂ ਦੇ ਭੀ ਕੀ ਵੱਸ ਹੈ ? ਜਿਸ (ਪ੍ਰਮਾਤਮਾਂ) ਨੇ ਇਹ ਜਗਤ ਰਚਿਆ ਹੈ ਉਹ ਪ੍ਰਭੂ ਆਪ ਹੀ ਸਭ ਜੀਵਾਂ ਨੂੰ ਪਿਛਲੀ ਕੀਤੀ ਕਮਾਈ ਅਨੁਸਾਰ ਮਾਇਆ ਦੀ ਦੌੜ ਭੱਜ ਵਿਚ ਲਾਈ ਰਖਦਾ ਹੈ ।੬।
6. ਹੇ ਪਿਆਰੇ ! ਜਿਸ ਪ੍ਰਭੂ ਨੇ ਇਹ ਮਾਇਆ ਦਾ ਮੋਹ ਬਣਾਇਆ ਹੈ, ਉਹ ਆਪ ਹੀ (ਜੀਵਾਂ ਨੂੰ) ਮਾਇਆ ਦੇ ਮੋਹ ਵਿਚ ਜੋੜੀ ਰਖਦਾ ਹੈ ।੨।

ਪ੍ਰ:–ਸ੍ਰੀ ਜੀਉ ! ਕੀ ਮਾਇਆ ਮੋਹ ਦੇ ਤਿਆਗ ਵਾਸਤੇ ਉਸ ਪ੍ਰਭੂ ਜੀ ਨੂੰ ਕੁਝ ਕਿਹਾ ਨਹੀਂ ਜਾ ਸਕਦਾ ?

7. ਉ:–ਹੇ ਭਾਈਓ ! ਸੁਣੋ, ਮਾਇਆ ਦੇ ਮੋਹ ਬਾਰੇ ਉਸ ਪ੍ਰਮਾਤਮਾਂ ਨੂੰ ਕੁਝ ਤਾਂ ਹੀ ਕਿਹਾ ਜਾ ਸਕਦਾ ਹੈ, ਜੇ ਉਹ ਸਾਥੋਂ ਓਪਰਾ ਹੋਵੇ, ਸੋ ਹੇ ਪ੍ਰਭੂ ਜੀ ! ਸਾਰੇ ਜੀਵ ਤੇਰੇ ਵਿਚ ਹੀ ਲੀਨ ਹਨ, ਜਿਵੇਂ ਦਰਿਆ ਦੀਆਂ ਲਹਿਰਾਂ ਦਰਿਆ ਵਿਚ ਹੀ ਲੀਨ ਹੁੰਦੀਆਂ ਹਨ।
8. ਹੇ ਭਾਈ ! ਜਿਸ ਮਨੁੱਖ ਨੇ ਗੁਰੂ ਦੁਆਰੇ ਆਤਮਕ ਜੀਵਨ ਦੀ ਅਸਲ ਸੂਝ ਨੂੰ ਵੀਚਾਰਿਆ ਹੈ, ਉਸ ਦੀ ਜਿੰਦ ਪ੍ਰਭੂ ਦੀ ਜੋਤ ਵਿਚ ਜੁੜੀ ਰਹਿੰਦੀ ਹੈ ।੩।
9. ਹੇ ਭਾਈ ! ਉਹ ਪ੍ਰਮਾਤਮਾਂ ਸਦਾ ਕਾਇਮ ਰਹਿਣ ਵਾਲਾ ਹੈ, ਸਦਾ ਹੀ ਹੋਂਦ ਵਾਲਾ ਹੈ, ਇਹ ਸਾਰਾ ਜਗਤ ਭੀ ਸਦਾ ਹੋਂਦ ਵਾਲਾ ਹੈ (ਕਿਉਂਕਿ, ਇਸ ਵਿਚ ਪ੍ਰਮਾਤਮਾਂ ਹੀ ਸਭ ਥਾਂ ਵਿਆਪਕ ਹੈ)।
10. ਹੇ ਪਿਆਰੇ ! ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਜਿਸ ਮਨੁੱਖ ਨੂੰ ਗੁਰੂ ਨੇ ਆਤਮਕ ਜੀਵਨ ਦੀ ਸਮਝ ਬਖਸ਼ੀ ਹੈ, ਉਸਨੂੰ ਉਸਨੇ ਪ੍ਰਭੂ ਦੇ ਨਾਮ ਵਿਚ ਜੋੜ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿਤਾ ਹੈ ।੪।੫।੧੫।

ਭਾਵਾਰਥ :–ਗੁਰੂ ਤੋਂ ਸਖਣੇ ਰਹਿਣ ਵਾਲੇ ਮਨੁੱਖ ਦੇ ਅੰਦਰੋਂ ਆਸਾ ਤ੍ਰਿਸ਼ਨਾ ਨਹੀਂ ਜਾਂਦੀ, ਜਦੋਂ ਭੀ ਗੁਰੂ ਦੇ ਰਾਹੀਂ ਤੱਤ ਗਿਆਨ ਲੈ ਕੇ ਹਰੀ ਰਸ ਵਿਚ ਲੀਨ ਹੋਈਏ ਤਾਂ ਦ੍ਵੈਤ ਭਾਵ ਦੂਰ ਹੁੰਦਾ ਹੈ, ਜਿਸ ਦੀ ਬਰਕਤ ਨਾਲ ਸਦੀਵੀ ਅਨੰਦ ਵਿਚ ਮਗਨਤਾ ਰਹਿੰਦੀ ਹੈ।

ਭੈਰਉ ਮਹਲਾ ੩ ॥

1. **ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ**
   ਸਤਜੁਗਿ ਪਰਮ ਹੰਸ ਬੀਚਾਰੀ ॥
2. **ਦੁਆਪੁਰਿ ਤ੍ਰੇਤੈ ਮਾਣਸ ਵਰਤਹਿ**
   ਵਿਰਲੈ ਹਉਮੈ ਮਾਰੀ ॥੧॥
3. **ਕਲਿ ਮਹਿ ਰਾਮ ਨਾਮਿ ਵਡਿਆਈ ॥**
4. **ਜੁਗਿ ਜੁਗਿ ਗੁਰਮੁਖਿ ਏਕੋ ਜਾਤਾ**
   ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥
5. **ਹਿਰਦੈ ਨਾਮੁ ਲਖੈ ਜਨੁ ਸਾਚਾ**
   ਗੁਰਮੁਖਿ ਮੰਨਿ ਵਸਾਈ ॥
6. **ਆਪਿ ਤਰੇ ਸਗਲੇ ਕੁਲ ਤਾਰੇ**
   ਜਿਨੀ ਰਾਮ ਨਾਮਿ ਲਿਵ ਲਾਈ ॥੨॥
7. **ਮੇਰਾ ਪ੍ਰਭੁ ਹੈ ਗੁਣ ਕਾ ਦਾਤਾ**
   ਅਵਗਣ ਸਬਦਿ ਜਲਾਏ ॥
8. **ਜਿਨ ਮਨਿ ਵਸਿਆ ਸੇ ਜਨ ਸੋਹੇ**
   ਹਿਰਦੈ ਨਾਮੁ ਵਸਾਏ ॥੩॥
9. **ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ**
   ਰੰਗ ਸਿਉ ਰਲੀਆ ਮਾਣੈ ॥

10. ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ
ਨਾਨਕ ਨਾਮੁ ਵਖਾਣੈ ॥੪॥੬॥੧੬॥

ਪਦ ਅਰਥ :–ਕਲਿ–ਕਲਜੁਗ । ਪ੍ਰੇਤ–ਭੂਤ ਪ੍ਰੇਤ, ਉਹ ਰੂਹਾਂ ਜਿਨ੍ਹਾਂ ਦੀ ਗਤੀ ਨਹੀਂ ਹੋਈ । ਪਛਾਤਾ–ਸਾਂਝ ਪਾਈ । ਸਤਜੁਗਿ–ਸਤਜੁਗ ਵਿਚ । ਪਰਮ ਹੰਸ–ਸਭ ਤੋਂ ਉਚੇ ਹੰਸ, ਸਭ ਤੋਂ ਚੰਗੇ ਜੀਵਨ ਵਾਲੇ, ਮਹਾ ਪੁਰਖ । ਬੀਚਾਰੀ–ਵੀਚਾਰਵਾਨ, ਜਿਨ੍ਹਾਂ ਨੇ ਨਾਮ ਨੂੰ ਮਨ ਵਿਚ ਵਸਾਇਆ ਹੈ । ਦੁਆਪੁਰਿ–ਦੁਆਪੁਰ ਵਿਚ । ਤ੍ਰੇਤੈ–ਤ੍ਰੇਤੇ ਵਿਚ । ਮਾਣਸ–ਮਨੁੱਖ । ਵਰਤਹਿ--ਵਰਤਣ ਵਿਹਾਰ ਕਰਦੇ ਹਨ । ਵਿਰਲੈ–ਕਿਸੇ ਵਿਰਲੇ ਨੇ ।੧।

ਜੁਗਿ–ਜੁਗ ਵਿਚ । ਜੁਗਿ ਜੁਗਿ–ਹਰੇਕ ਜੁਗ ਵਿਚ । ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਨੇ । ਜਾਤਾ–ਜਾਣਿਆ । ਮੁਕਤਿ–ਵਿਕਾਰਾਂ ਤੋਂ ਖਲਾਸੀ । ਨ ਪਾਈ–(ਕਿਸੇ ਮਨੁੱਖ ਨੇ ਭੀ) ਹਾਸਲ ਨਹੀਂ ਕੀਤੀ । ਰਹਾਉ ।

ਹਿਰਦੈ–ਹਿਰਦੇ ਵਿਚ । ਲਖੈ–ਵੇਖ ਲੈਂਦਾ ਹੈ, ਵਸਦਾ ਸਹੀ ਕਰ ਲੈਂਦਾ ਹੈ । ਜਨੁ–(ਜਿਹੜਾ) ਮਨੁੱਖ । ਸਾਚਾ–ਸਦਾ ਥਿਰ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਮੰਨਿ–ਮਨਿ, ਮਨ ਵਿਚ । ਤਰੇ–ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ । ਸਗਲੇ ਕੁਲ–ਸਾਰੀਆਂ ਕੁਲਾਂ । ਨਾਮਿ–ਨਾਮ ਵਿਚ । ਲਿਵ–ਲਗਨ ।੨।

ਸਬਦਿ–ਗੁਰੂ ਦੇ ਸ਼ਬਦ ਵਿਚ (ਜੋੜ ਕੇ) । ਜਲਾਏ–ਸਾੜਦਾ ਹੈ । ਮਨਿ–ਮਨ ਵਿਚ । ਸੇ–ਉਹ । ਸੋਹੈ–ਸੋਹਣੇ ਜੀਵਨ ਵਾਲੇ ਬਣ ਗਏ । ਵਸਾਏ–ਵਸਾਇ, ਵਸਾ ਕੇ ।੩।

ਘਰੁ–(ਪ੍ਰਭੂ ਦਾ) ਘਰ । ਦਰੁ–(ਪ੍ਰਭੂ ਦਾ) ਦਰਵਾਜਾ । ਮਹਲੁ–(ਪ੍ਰਭੂ ਦਾ) ਟਿਕਾਣਾ । ਰੰਗ ਸਿਉ–ਆਤਮਕ ਅਨੰਦ ਨਾਲ । ਕਰਿ–ਕਰ ਕੇ; ਸਮਝ ਕੇ । ਵਖਾਣੈ–(ਸਦਾ) ਉਚਾਰਦਾ ਹੈ ।੪।

ਅਰਥ :–

ਪ੍ਰ:–ਸ੍ਰੀ ਜੀਉ ! ਜਿਨ੍ਹਾਂ ਲੋਕਾਂ ਨੇ ਆਪਣੇ ਹਿਰਦੇ ਵਿਚ ਵਸਦੇ ਪ੍ਰਮੇਸ਼ਰ ਦੀ ਪਛਾਣ ਨਹੀਂ ਕੀਤੀ ਉਨ੍ਹਾਂ ਦਾ ਗੁਰਮਤਿ ਵਿਚ ਕੀ ਰੂਪ ਮੰਨਿਆ ਗਿਆ ਹੈ ?

1. ਉ:–ਹੇ ਭਾਈ ! ਗੁਰਮਤਿ ਵਿਚ ਜਿਨ੍ਹਾਂ ਰੂਹਾਂ ਦੀ ਗਤੀ ਨਹੀਂ ਹੋਈ ਉਨ੍ਹਾਂ ਨੂੰ ਹੀ ਪ੍ਰੇਤ ਨਹੀਂ ਮੰਨਿਆਂ, ਪਰ ਕਲਜੁਗ ਵਿਚ ਤਾਂ ਸਿਰਫ ਉਹੀ ਸਹੀ ਰੂਪ ਵਿਚ ਪ੍ਰੇਤ ਮੰਨੇ ਗਏ ਹਨ, ਜਿਨ੍ਹਾਂ ਨੇ ਪ੍ਰਮਾਤਮਾਂ ਨੂੰ (ਆਪਣੇ ਹਿਰਦੇ ਵਿਚ ਵਸਦਾ) ਨਹੀਂ ਪਛਾਣਿਆ ।

ਪ੍ਰ:–ਕਿਉਂ ਜੀ ! ਕੀ ਸਤਿਜੁਗ ਵਿਚ ਸਾਰੇ ਹੀ ਲੋਕ ਪਰਮ ਹੰਸ ਸਨ ?

ਉ:–ਹੇ ਭਾਈ ! ਸਾਰੇ ਲੋਕ ਸਤਿਜੁਗ ਵਿਚ ਭੀ ਪਰਮ ਹੰਸ ਨਹੀਂ, ਸਗੋਂ ਸਤਯੁਗ ਵਿਚ ਸਭ ਤੋਂ ਉਚੇ ਜੀਵਨ ਵਾਲੇ ਉਹੀ ਹਨ, ਜਿਹੜੇ ਆਤਮਕ ਜੀਵਨ ਦੀ ਸੂਝ ਵਾਲੇ ਹੋ ਗਏ । (ਭਾਵ, ਚਾਰ ਤਰ੍ਹਾਂ ਦੇ ਸੰਨਿਆਸੀਆਂ ਦੀ ਇਕ ਸ਼੍ਰੇਣੀ । ਇਸ ਤੋਂ ਉੱਤਮ ਪੁਰਸ਼ਾਂ ਲਈ ਵਰਤਿਆ ਜਾਂਦਾ ਹੈ । ਇਨ੍ਹਾਂ ਸੱਤਰਾਂ ਵਿਚ ਪ੍ਰੇਤ ਹੰਸ ਤੇ ਮਨੁੱਖਾਂ ਦੇ ਲੱਛਣ ਦਸੇ ਹਨ) ।

2. ਹੇ ਭਾਈ ! ਦੁਆਪੁਰ ਵਿਚ ਤ੍ਰੇਤੇ ਵਿਚ ਭੀ (ਸਤਜੁਗ ਅਤੇ ਕਲਜੁਗ ਵਰਗੇ ਹੀ) ਮਨੁੱਖ ਵਸਦੇ ਹਨ, ਤਦੋਂ ਭੀ ਕਿਸੇ ਵਿਰਲੇ ਨੇ ਹੀ (ਆਪਣੇ ਅੰਦਰੋਂ) ਹਉਮੈਂ ਦੂਰ ਕੀਤੀ ।੧।

ਪ੍ਰ:–ਕਿਉਂ ਜੀ ! ਕਲਜੁਗ ਵਿਚ ਵਡਿਆਈ ਸਹੀ ਰੂਪ ਵਿਚ ਕਿਸ ਸਾਧਨ ਦੁਆਰਾ ਮੰਨੀ ਗਈ ਹੈ ?

3. ਉ:–ਹੇ ਭਾਈਓ ! ਅਸਲ ਵਿਚ ਯੁਗ ਭਾਵੇਂ ਕੋਈ ਭੀ ਹੋਵੇ ਹਰੇਕ ਜੁਗ ਵਿਚ ਗੁਰੂ ਦੀ ਸ਼ਰਣ ਪੈਣ ਵਾਲੇ ਮਨੁੱਖ ਨੇ (ਹੀ) ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪਾਈ ਹੈ ।

4. ਐ ਪਿਆਰੇ ! ਕਿਸੇ ਭੀ ਜੁਗ ਵਿਚ ਪ੍ਰਮਾਤਮਾਂ ਦੇ ਨਾਮ ਤੋਂ ਬਿਨਾ ਕਿਸੇ ਨੇ ਭੀ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਨਹੀਂ ਕੀਤੀ ।(ਇਸ ਲਈ) ਇਸ ਕਲਜੁਗ ਵਿਚ ਭੀ ਪ੍ਰਮਾਤਮਾਂ ਦੇ ਨਾਮ ਵਿਚ ਜੁੜਿਆਂ ਹੀ ਲੋਕ ਪ੍ਰਲੋਕ ਦੀ ਇੱਜ਼ਤ ਮਿਲਦੀਹੈ ।੧। ਰਹਾਉ ।

5. ਹੇ ਭਾਈ ! ਜਿਹੜਾ ਮਨੁੱਖ ਸਦਾ ਥਿਰ ਹਰਿ ਨਾਮ (ਆਪਣੇ ਅੰਦਰ ਵਸਦਾ) ਸਹੀ ਕਰ ਲੈਂਦਾ ਹੈ, ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ (ਹਰਿ ਨਾਮ ਨੂੰ ਆਪਣੇ) ਮਨ ਵਿਚ ਵਸਾ ਲੈਂਦਾ ਹੈ (ਉਹ ਮਨੁੱਖ ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ।

6. ਹੇ ਭਾਈ ! ਜਿਨ੍ਹਾਂ ਭੀ ਮਨੁੱਖਾਂ ਨੇ ਪ੍ਰਮਾਤਮਾਂ ਦੇ ਨਾਮ ਵਿਚ ਲਗਨ ਬਣਾਈ, ਉਹ ਆਪ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ, ਉਨ੍ਹਾਂ ਨੇ ਆਪਣੀਆਂ ਸਾਰੀਆਂ ਕੁਲਾਂ ਭੀ ਪਾਰ ਲੰਘਾ ਲਈਆਂ ।੨।

7. ਹੇ ਭਾਈਓ ! ਉਹ ਮੇਰਾ ਪ੍ਰਮਾਤਮਾਂ ਗੁਣ ਬਖਸ਼ਣ ਵਾਲਾ ਹੈ, ਉਹ (ਜੀਵ ਨੂੰ ਗੁਰੂ ਦੇ) ਸ਼ਬਦ ਵਿਚ (ਜੋੜ ਕੇ ਉਸਦੇ ਸਾਰੇ) ਔਗਣ ਸਾੜ ਦੇਂਦਾ ਹੈ ।

8. ਹੇ ਭਾਈ ! ਜਿਨ੍ਹਾਂ ਦੇ ਮਨ ਵਿਚ ਪ੍ਰਮੇਸ਼ਰ ਦਾ ਨਾਮ ਆ ਵਸਦਾ ਹੈ, ਉਹ ਹਿਰਦੇ ਵਿਚ ਵਸਾ ਕੇ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ ।੩।

ਪ੍ਰ:–ਸ੍ਰੀ ਜੀਉ ! ਗੁਰੂ ਦੇ ਮਿਲਾਪ ਦੁਆਰਾ ਲਾਭ ਕੀ ਹੁੰਦਾ ਹੈ?

9-10. ਉ:–ਹੇ ਭਾਈ ! ਜਿਸ ਮਨੁੱਖ ਨੂੰ ਗੁਰੂ ਪ੍ਰਮਾਤਮਾਂ ਦਾ ਘਰ ਪ੍ਰਮਾਤਮਾਂ ਦਾ ਦਰ ਪ੍ਰਮਾਤਮਾਂ ਦਾ ਮਹਲ ਵਿਖਾ ਦੇਂਦਾ ਹੈ, ਉਹ ਮਨੁੱਖ ਪ੍ਰੇਮ ਨਾਲ ਪ੍ਰਭੂ ਚਰਨਾਂ ਦਾ ਮਿਲਾਪ ਮਾਣਦਾ ਹੈ । ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਗੁਰੂ ਉਸ ਮਨੁੱਖ ਨੂੰ ਜਿਹੜਾ ਉਪਦੇਸ਼

ਦੇਂਦਾ ਹੈ, ਉਹ ਮਨੁੱਖ ਉਸ ਨੂੰ ਭਲਾ ਜਾਣ ਕੇ ਮੰਨ ਲੈਂਦਾ ਹੈ ਅਤੇ ਪ੍ਰਮਾਤਮਾਂ ਦਾ ਨਾਮ ਸਿਮਰਦਾ ਰਹਿੰਦਾ ਹੈ ।੪।੬।੧੬।

ਭਾਵਾਰਥ :—ਸਮੇਂ ਸਮੇਂ ਮਨੁੱਖ ਦੇ ਸੁਭਾਉ ਬਦਲਦੇ ਰਹਿੰਦੇ ਹਨ, ਸਤਿਯੁਗ ਵਿਚ ਤਿਆਗੀ ਤੇ ਵੀਚਾਰਵਾਨ ਲੋਕ ਸਨ, ਦੁਆਪਰ ਤੇ ਤ੍ਰੇਤੇ ਵਿਚ ਸਾਧਾਰਨ ਮਨੁੱਖ ਸਨ, ਕਲਜੁਗ ਵਿਚ ਮਨੁੱਖ ਭੂਤਨਿਆਂ ਵਰਗੇ ਹੋ ਗਏ, ਪਰ ਇਨ੍ਹਾਂ ਸਮਿਆਂ ਵਿਚ ਹਉਮੈਂ ਦਾ ਤਿਆਗ ਘਟ ਹੀ ਦਿਸਦਾ ਸੀ । ਇਹ ਤਾਂ ਨਾਮ ਦੀ ਕਮਾਈ ਨਾਲ ਹੀ ਹੋ ਸਕਦਾ ਹੈ, ਨਾਮ ਦੀ ਕਮਾਈ ਹਰ ਇਕ ਜੁਗ ਵਿਚ ਮੁਕਤ ਕਰਨ ਵਾਲੀ ਹੈ, ਕਲਯੁਗ ਵਿਚ ਇਸ ਦੀ ਖਾਸ ਵਿਸ਼ੇਸ਼ਤਾ ਹੈ, ਇਹ ਗੁਰੂ ਦੁਆਰੇ ਹੀ ਪ੍ਰਾਪਤ ਹੁੰਦੀ ਹੈ ।

ਭੈਰਉ ਮਹਲਾ ੩ ॥

1. ਮਨਸਾ ਮਨਹਿ ਸਮਾਇ ਲੈ
ਗੁਰ ਸਬਦੀ ਵੀਚਾਰ ॥
2. ਗੁਰ ਪੂਰੇ ਤੇ ਸੋਝੀ ਪਵੈ
ਫਿਰਿ ਮਰੈ ਨ ਵਾਰੋ ਵਾਰ ॥੧॥
3. ਮਨ ਮੇਰੇ ਰਾਮ ਨਾਮੁ ਆਧਾਰੁ ॥
4. ਗੁਰ ਪਰਸਾਦਿ ਪਰਮ ਪਦੁ ਪਾਇਆ
ਸਭ ਇਛ ਪੁਜਾਵਣਹਾਰੁ ॥੧॥ ਰਹਾਉ ॥
5. ਸਭ ਮਹਿ ਏਕੋ ਰਵਿ ਰਹਿਆ
ਗੁਰ ਬਿਨੁ ਬੂਝ ਨ ਪਾਇ ॥
6. ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ
ਅਨਦਿਨੁ ਹਰਿ ਗੁਣ ਗਾਇ ॥੨॥
7. ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥
8. ਸਤਿਗੁਰੁ ਜਿਨੀ ਨ ਸੇਵਿਆ ਦਾਤਾ
ਸੇ ਅੰਤਿ ਗਏ ਪਛੁਤਾਹਿ ॥੩॥
9. ਸਤਿਗੁਰ ਸੇਵਿ ਸਦਾ ਸੁਖੁ ਪਾਇਆ
ਫਿਰਿ ਦੁਖੁ ਨ ਲਾਗੈ ਧਾਇ ॥
10. ਨਾਨਕ ਹਰਿ ਭਗਤਿ ਪਰਾਪਤਿ ਹੋਈ
ਜੋਤੀ ਜੋਤਿ ਸਮਾਇ ॥੪॥੭॥੧੭॥

ਪਦ ਅਰਥ :—ਮਨਸਾ—ਮਨ ਦਾ ਫੁਰਨਾ । ਮਨਹਿ—ਮਨ ਵਿਚ ਹੀ । ਸਮਾਇ ਲੈ—ਲੀਨ ਕਰ ਦੇ । ਗੁਰ ਸਬਦੀ—ਗੁਰੂ ਦੇ ਸ਼ਬਦ ਦੀ ਰਾਹੀਂ । ਵੀਚਾਰ—ਪ੍ਰਮਾਤਮਾਂ ਦੇ ਗੁਣਾਂ ਦੀ ਵਿਚਾਰ । ਤੇ—ਤੋਂ, ਪਾਸੋਂ । ਪਵੈ—ਪੈਂਦੀ ਹੈ । ਵਾਰੋ ਵਾਰ—ਮੁੜ ਮੁੜ ।੧।

ਮਨ—ਹੇ ਮਨ । ਅਧਾਰੁ—ਆਸਰਾ । ਪਰਸਾਦਿ—ਕਿਰਪਾ ਨਾਲ । ਪਰਮ ਪਦੁ—ਸਭ ਤੋਂ ਉਚਾ ਆਤਮਕ ਦਰਜਾ । ਪੁਜਾਵਣਹਾਰੁ—ਪੂਰੀਆਂ ਕਰ ਸਕਣ ਵਾਲਾ ।੧। ਰਹਾਉ ।

ਏਕੋ—ਇਕ ਪ੍ਰਮਾਤਮਾਂ ਹੀ । ਰਵਿ ਰਹਿਆ—ਵਿਆਪਕ ਹੈ । ਬੂਝ—ਸਮਝ । ਗੁਰਮੁਖਿ—ਗੁਰੂ ਦੀ ਰਾਹੀਂ । ਅਨਦਿਨੁ—ਹਰ ਰੋਜ਼, ਹਰ ਵੇਲੇ । ਗਾਇ—ਗਾਂਦਾ ਹੈ ।੨।

ਹੋਰ ਥੈ—ਕਿਸੇ ਹੋਰ ਥਾਂ ਤੋਂ । ਨ ਪਾਹਿ—ਨਹੀਂ ਪਾ ਸਕਦੇ । ਪਛੁਤਾਹਿ—ਪਛਤਾਉਂਦੇ ਹਨ ।੩।

ਧਾਇ-ਧਾ ਕੇ, ਦੌੜ ਕੇ, ਹੱਲਾ ਕਰ ਕੇ । ਪਰਾਪਤਿ ਹੋਈ—ਭਾਗਾਂ ਅਨੁਸਾਰ ਮਿਲ ਗਈ । ਜੋਤਿ—ਜਿੰਦ । ਜੋਤੀ—ਪ੍ਰਮਾਤਮਾਂ ਦੀ ਜੋਤ ਵਿਚ । ਸਮਾਇ—ਲੀਨ ਹੋ ਜਾਂਦੀ ਹੈ ।੪।

ਅਰਥ :—

ਪ੍ਰ:—ਸ੍ਰੀ ਜੀਉ ! ਮਨੁੱਖ ਜਨਮ ਮਰਨ ਦੇ ਗੇੜ ਵਿਚ ਪੈਣ ਤੋਂ ਕਿਵੇਂ ਬਚ ਸਕਦਾ ਹੈ ?

1. ਉ:—ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਪ੍ਰਭੂ ਦੇ ਗੁਣਾਂ ਨੂੰ) ਮਨ ਵਿਚ ਵਸਾਕੇ ਮਨ ਦੇ (ਮਾਇਕ) ਫੁਰਨਿਆਂ ਨੂੰ ਮਨ ਵਿਚ ਹੀ ਲੀਨ ਕਰ ਦੇਂਦਾ ਹੈ ।

2. ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਹਾਸਲ ਹੋ ਜਾਂਦੀ ਹੈ ਉਹ ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ ।੧।

3. (ਇਸ ਲਈ) ਹੇ ਭਾਈ ! ਇਸ ਮਨ ਨੂੰ ਇਉਂ ਹੀ ਸਮਝਾਉਂਦਾ ਰਹੁ ਕਿ, ਹੇ ਮੇਰੇ ਮਨ ! ਪ੍ਰਮਾਤਮਾਂ ਦੇ ਨਾਮ ਨੂੰ (ਆਪਣਾ) ਆਸਰਾ ਬਣਾ ।

4. ਹੇ ਭਾਈ ! ਜਿਹੜਾ ਮਨੁੱਖ ਹਰਿ ਨਾਮ ਨੂੰ ਆਪਣਾ ਆਸਰਾ ਬਣਾਉਂਦਾ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰਦਾ ਹੈ, (ਕਿਉਂਕਿ) ਹੇ ਮਨ ! ਪ੍ਰਭੂ ਹਰੇਕ ਇੱਛਾ ਪੂਰੀ ਕਰ ਸਕਣ ਵਾਲਾ ਹੈ ।੧। ਰਹਾਉ ।

5. ਹੇ ਭਾਈ ! ਸਭ ਜੀਵਾਂ ਵਿਚ ਇਕ ਪ੍ਰਮਾਤਮਾਂ ਹੀ ਵਿਆਪਕ ਹੈ, ਪਰ, ਗੁਰੂ ਤੋਂ ਬਿਨਾ ਇਹ ਸਮਝ ਨਹੀਂ ਪੈਂਦੀ ।

6. ਹੇ ਪਿਆਰੇ ! ਜਿਸ ਮਨੁੱਖ ਦੇ ਅੰਦਰ ਗੁਰੂ ਦੀ ਰਾਹੀਂ ਪ੍ਰਮੇਸ਼ਰ ਪ੍ਰਗਟ ਹੋ ਜਾਂਦਾ ਹੈ, ਉਹ ਹਰ ਵੇਲੇ ਪ੍ਰਮਾਤਮਾਂ ਦੇ ਗੁਣ ਗਾਂਦਾ ਰਹਿੰਦਾ ਹੈ ।੨।

ਪ੍ਰ:—ਸ੍ਰੀ ਜੀਉ ! ਸਾਰੇ ਸੁੱਖਾਂ ਦੇ ਦੇਣ ਵਾਲਾ ਸਹੀ ਰੂਪ ਵਿਚ ਕੌਣ ਹੈ ?

7. ਉ:—ਹੇ ਭਾਈਓ ! ਸਹੀ ਰੂਪ ਵਿਚ ਸੁਖ ਦੇਣ ਵਾਲਾ ਤਾਂ ਸਿਰਫ ਪ੍ਰਭੂ ਹੀ ਹੈ, (ਜਿਹੜੇ ਮਨੁੱਖ ਪ੍ਰਮਾਤਮਾਂ ਦਾ ਆਸਰਾ ਨਹੀਂ ਲੈਂਦੇ) ਉਹ ਹੋਰ ਹੋਰ ਥਾਂ ਤੋਂ ਸੁਖ ਪ੍ਰਾਪਤ ਨਹੀਂ ਕਰ ਸਕਦੇ ।

ਪ੍ਰ:—ਸ੍ਰੀ ਜੀਉ ! ਇਹ ਨਾਮ ਦੀ ਦਾਤ ਪ੍ਰਾਪਤ ਕਿਥੋਂ ਹੋ ਸਕਦੀ ਹੈ ?

8. ਉ:—ਹੇ ਭਾਈ ! (ਇਹ ਪ੍ਰਮਾਤਮਾਂ ਦੇ ਨਾਮ ਦੀ ਦਾਤ) ਦੇਣ ਵਾਲਾ ਕੇਵਲ ਗੁਰੂ ਹੀ ਹੈ, ਜਿਨ੍ਹਾਂ ਨੇ ਗੁਰੂ ਦੀ ਸ਼ਰਨ

ਨਹੀਂ ਲਈ ਉਹ ਆਖਰ, ਇਥੋਂ ਜਾਣ ਵੇਲੇ ਪਛੋਤਾਪ ਕਰਦੇ ਹੋਏ ਹੀ ਜਾਣਗੇ ।੩।

9. ਐ ਪਿਆਰੇ ! ਜਿਸ ਮਨੁੱਖ ਨੇ ਗੁਰੂ ਦਾ ਆਸਰਾ ਲਿਆ ਹੈ, ਉਸ ਨੇ ਸਦੀਵੀ ਰਹਿਣ ਵਾਲਾ ਅਨੰਦ ਮਾਣਿਆ ਹੈ ਉਸਨੂੰ ਕੋਈ ਭੀ ਦੁੱਖ ਹੱਲਾ ਕਰਕੇ ਚੰਬੜ ਨਹੀਂ ਸਕਦਾ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਸ ਮਨੁੱਖ ਨੂੰ ਭਾਗਾਂ ਨਾਲ ਪ੍ਰਭੂ ਦੀ ਭਗਤੀ ਪ੍ਰਾਪਤ ਹੋ ਗਈ, ਉਸ ਦੀ ਜਿੰਦ ਪ੍ਰਮਾਤਮਾਂ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ ।੪।੭।੧੭।

ਭਾਵਾਰਥ :—ਹਰ ਮਨੁੱਖ ਮਨ ਦੀਆਂ ਪ੍ਰਬਲ ਵਾਸ਼ਨਾ ਦੇ ਵੇਗ ਵਿਚ ਵਹਿਆ ਜਾ ਰਿਹਾ ਹੈ, ਪਰ ਇਹ ਵਾਸ਼ਨਾਵਾਂ ਗੁਰੂ ਦੇ ਉਪਦੇਸ਼ ਦੁਆਰਾ ਹੀ ਮਰਦੀਆਂ ਹਨ, ਕਿਉਂਕਿ, ਗੁਰੂ ਦੁਆਰੇ ਸੱਚੀ ਪ੍ਰਭੂ ਭਗਤੀ ਮਿਲਦੀ ਹੈ ਜਿਸ ਭਗਤੀ ਦੀ ਬਰਕਤ ਹਰ ਥਾਂ ਹੀ ਹਰੀ ਪਸਰਿਆ ਹੋਇਆ ਅਨੁਭਵ ਹੁੰਦਾ ਹੈ ।

ਭੈਰਉ ਮਹਲਾ ੩ ॥

1. ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ ॥
2. ਮਰਿ ਮਰਿ ਜੰਮੈ ਸਦਾ ਦੁਖੁ ਪਾਏ
ਦਰ ਕੀ ਖਬਰਿ ਨ ਪਾਈ ॥੧॥
3. ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥
4. ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ
ਗੁਰ ਸਬਦੇ ਭਵਜਲੁ ਤਰਣਾ ॥੧॥ ਰਹਾਉ ॥
5. ਭੇਖ ਕਰੈ ਬਹੁਤੁ ਚਿਤੁ ਡੋਲੈ
ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥
6. ਅੰਤਰਿ ਤਿਸਾ ਭੂਖ ਅਤਿ ਬਹੁਤੀ
ਭਉਕਤ ਫਿਰੈ ਦਰਬਾਰੁ ॥੨॥
7. ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ
ਤਿਨ ਕਉ ਮੁਕਤਿ ਦੁਆਰਿ ॥
8. ਅੰਤਰਿ ਸਾਂਤਿ ਸਦਾ ਸੁਖੁ ਹੋਵੈ
ਹਰਿ ਰਾਖਿਆ ਉਰ ਧਾਰਿ ॥੩॥
9. ਜਿਉ ਤਿਸੁ ਭਾਵੈ ਤਿਵੈ ਚਲਾਵੈ
ਕਰਣਾ ਕਿਛੂ ਨ ਜਾਈ ॥
10. ਨਾਨਕ ਗੁਰਮੁਖਿ ਸਬਦੁ ਸਮ੍ਹਾਲੇ
ਰਾਮ ਨਾਮਿ ਵਡਿਆਈ ॥੪॥੮॥੧੮॥

ਪਦ ਅਰਥ :—ਬਉਰਾਨਾ—ਕਮਲਾ, ਝੱਲਾ । ਭੁਲਾ—ਕੁਰਾਹੇ ਪਿਆ ਹੋਇਆ । ਖਾਈ—ਖਾਂਦਾ ਹੈ । ਮਰਿ ਮਰਿ ਜੰਮੈ—ਮੁੜ ਮੁੜ ਮਰਕੇ ਜੰਮਦਾ ਹੈ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ । ਦਰ ਕੀ—ਪ੍ਰਭੂ ਦੇ ਦਰ ਦੀ । ਖਬਰਿ—ਸੂਝ ।੧।

ਮਨ—ਹੇ ਮਨ । ਹਿਰਦੈ—ਹਿਰਦੇ ਵਿਚ । ਸਦਾ—ਸਦਾ । ਸਬਦੇ—ਸ਼ਬਦ ਦੀ ਰਾਹੀਂ । ਭਵਜਲੁ—ਸੰਸਾਰ ਸਮੁੰਦਰ ।੧। ਰਹਾਉ ।

ਡੋਲੈ-ਡੋਲਦਾ ਹੈ । ਅੰਤਰਿ-(ਉਸ ਦੇ) ਅੰਦਰ । ਤਿਸਾ—ਤ੍ਰਿਸ਼ਨਾ । ਫਿਰੈ—ਫਿਰਦਾ ਹੈ । ਦਰ ਬਾਰੁ—(ਹਰੇਕ ਘਰ ਦੇ) ਦਰ ਦਾ ਬੂਹਾ (ਖੜਕਾਂਦਾ ਹੈ) ।੨।

ਸਬਦਿ—ਸ਼ਬਦ ਦੀ ਰਾਹੀਂ । ਮਰਹਿ—ਮਰਦੇ ਹਨ, ਦੁਨੀਆਂ ਦੀਆਂ ਖਾਹਸ਼ਾਂ ਵਲੋਂ ਮਰਦੇ ਹਨ । ਜੀਵਹਿ—ਆਤਮਕ ਜੀਵਨ ਹਾਸਲ ਕਰ ਲੈਂਦੇ ਹਨ । ਮੁਕਤਿ—ਵਿਕਾਰਾਂ ਤੋਂ ਖਲਾਸੀ । ਦੁਆਰਿ—ਪ੍ਰਭੂ ਦੇ ਦਰ ਤੇ (ਪਹੁੰਚ) । ਉਰ—ਹਿਰਦਾ । ਧਾਰਿ—ਧਾਰ ਕੇ ।੩।

ਤਿਸੁ—ਉਸ (ਪ੍ਰਮਾਤਮਾਂ) ਨੂੰ । ਭਾਵੈ—ਚੰਗਾ ਲਗਦਾ ਹੈ । ਚਲਾਵੈ—ਜੀਵਨ ਰਾਹ ਤੇ ਤੋਰਦਾ ਹੈ । ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ । ਸਮ੍ਹਾਲੇ—ਹਿਰਦੇ ਵਿਚ ਵਸਾਂਦਾ ਹੈ । ਨਾਮਿ—ਨਾਮ ਦੀ ਰਾਹੀਂ ।੪।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਜੀਵ ਨੂੰ ਬਾਰ ਬਾਰ ਜੰਮਣ ਮਰਨ ਦਾ ਦੁਖ ਕਿਉਂ ਸਦਾ ਹੀ ਸਹਾਰਨਾ ਪੈਂਦਾ ਹੈ ?

1. **ਉ**:—ਹੇ ਭਾਈਓ ! (ਅਸਲ ਵਿਚ) ਗੁਰੂ ਦੀ ਸ਼ਰਨ ਤੋਂ ਬਿਨਾ ਇਹ ਸਾਰਾ ਹੀ ਜਗਤ (ਵਿਕਾਰਾਂ ਵਿਚ) ਝੱਲਾ ਹੋਇਆ ਫਿਰਦਾ ਹੈ, ਕੁਰਾਹੇ ਪੈ ਕੇ (ਵਿਕਾਰਾਂ ਦੀਆਂ) ਚੋਟਾਂ ਖਾਂਦਾ ਰਹਿੰਦਾ ਹੈ ।
2. ਇਸ ਲਈ, ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਸਦਾ ਹੀ ਦੁੱਖ ਸਹਿੰਦਾ ਹੈ ਅਤੇ ਪ੍ਰਮਾਤਮਾਂ ਦੇ ਦਰ ਦੀ ਉਸ ਨੂੰ ਕੋਈ ਸੋਝੀ ਨਹੀਂ ਪੈਂਦੀ ।੧।

ਪ੍ਰ:—ਸ੍ਰੀ ਜੀਉ ! ਨਾਮ ਜਪਦੇ ਰਹਿਣ ਦਾ ਯਤਨ ਤਾਂ ਬਹੁਤ ਕਰਦੇ ਹਾਂ, ਪਰ ਨਾਮ ਵਿਚ ਪਿਆਰ ਨਹੀਂ ਪੈਂਦਾ; ਕੋਈ ਸਾਧਨ ਦਸੋ ?

3. **ਉ**:—ਹੇ ਭਾਈ ! ਮਨ ਨੂੰ ਇਉਂ ਸਮਝਾਇਆ ਕਰੋ ਕਿ, ਹੇ ਮੇਰੇ ਮਨ ! (ਤੂੰ) ਸਦਾ ਹੀ ਗੁਰੂ ਦੀ ਸ਼ਰਨ ਪਿਆ ਰਹੁ ।
4. ਹੇ ਭਾਈ ! (ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਪਿਆ ਰਹਿੰਦਾ ਹੈ, ਉਸ ਨੂੰ ਆਪਣੇ) ਹਿਰਦੇ ਵਿਚ ਪ੍ਰਮਾਤਮਾਂ ਦਾ ਨਾਮ ਸਦਾ (ਹੀ) ਪਿਆਰਾ ਲਗਦਾ ਹੈ, (ਇਸ ਤਰ੍ਹਾਂ) ਉਹ ਗੁਰੂ ਦੇ ਸ਼ਬਦ ਦੀ ਰਾਹੀਂ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ ।੧। ਰਹਾਉ ।

ਪ੍ਰ:—ਕਿਉਂ ਜੀ ! ਬਹੁਤ ਲੋਕ ਸਰੀਰ ਦਾ ਭੇਖ ਬਦਲ ਕੇ ਵਿਚਰਦੇ ਫਿਰਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਹਾਸਿਲ ਹੋਵੇਗਾ ?

5. **ਉ**:—ਹੇ ਭਾਈਓ ! ਜਿਹੜਾ ਮਨੁੱਖ ਗੁਰੂ ਦੀ ਸ਼ਰਣ ਤੋਂ ਖੁੰਝ ਕੇ ਕਈ (ਧਾਰਮਿਕ) ਭੇਖ ਬਣਾਂਦਾ ਹੈ, ਉਸ ਦਾ ਮਨ ਤਾਂ (ਵਿਕਾਰਾਂ ਵਿਚ ਹੀ) ਡੋਲਦਾ ਰਹਿੰਦਾ ਹੈ, ਉਸ ਦੇ ਅੰਦਰ ਕਾਮ (ਦਾ ਜ਼ੋਰ) ਹੈ, ਕ੍ਰੋਧ (ਦਾ ਜ਼ੋਰ) ਹੈ,

ਅਹੰਕਾਰ (ਦਾ ਜ਼ੋਰ) ਹੈ।

6. ਉਸ ਦੇ ਅੰਦਰ ਮਾਇਆ ਦੀ ਬੜੀ ਤ੍ਰਿਸ਼ਨਾ ਹੈ, ਮਾਇਆ ਦੀ ਬੜੀ ਭੁੱਖ ਹੈ, (ਉਹ ਕੁੱਤੇ ਵਾਂਗ ਰੋਟੀ ਦੀ ਖ਼ਾਤਰ) (ਹਰੇਕ ਘਰ ਦੇ) ਦਰ ਦਾ ਬੂਹਾ ਖੜਕਾਂਦਾ ਫਿਰਦਾ ਹੈ।੨।

ਪ੍ਰ:-ਸ੍ਰੀ ਜੀਉ! ਆਖਰ ਇਨ੍ਹਾਂ ਵਿਕਾਰਾਂ ਤੋਂ ਖਲਾਸੀ ਕਿਵੇਂ ਹੋ ਸਕਦੀ ਹੈ?

7. ਉ:-ਹੇ ਭਾਈ! ਜਿਹੜੇ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਵਿਕਾਰਾਂ ਵਲੋਂ) ਮਰਦੇ ਹਨ ਉਹ ਫਿਰ ਆਤਮਕ ਜੀਵਨ ਹਾਸਲ ਕਰ ਲੈਂਦੇ ਹਨ, ਉਨ੍ਹਾਂ ਨੂੰ ਫਿਰ ਵਿਕਾਰਾਂ ਤੋਂ ਖਲਾਸੀ ਮਿਲ ਜਾਂਦੀ ਹੈ, ਪ੍ਰਮਾਤਮਾਂ ਦੇ ਦਰ ਤੇ (ਉਨ੍ਹਾਂ ਦੀ ਪਹੁੰਚ ਹੋ ਜਾਂਦੀ ਹੈ)।

8. ਹੇ ਭਾਈ! ਉਨ੍ਹਾਂ ਦੇ ਅੰਦਰ ਫਿਰ ਸਦਾ ਹੀ ਸ਼ਾਂਤੀ ਬਣੀ ਰਹਿੰਦੀ ਹੈ; ਉਨ੍ਹਾਂ ਦੇ ਅੰਦਰ ਸਦਾ ਅਨੰਦ ਬਣਿਆਂ ਰਹਿੰਦਾ ਹੈ, ਕਿਉਂਕਿ, ਉਨ੍ਹਾਂ ਨੇ ਪ੍ਰਮਾਤਮਾਂ (ਦੇ ਨਾਮ) ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਿਆ ਹੈ।੩।

ਪ੍ਰ:-ਸ੍ਰੀ ਜੀਉ! ਇਹ ਸ਼ਾਂਤੀ ਪ੍ਰਾਪਤ ਕਰਨ ਲਈ ਸਾਰੇ ਹੀ ਲੋਕ ਉਪਰਾਲਾ ਕਿਉਂ ਨਹੀਂ ਕਰਦੇ?

9. ਉ:-ਹੇ ਭਾਈ! ਯਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਜੀਵਾਂ ਦੇ ਕੁਝ ਵਸ ਨਹੀਂ, ਕਿਉਂਕਿ, ਜਿਵੇਂ ਪ੍ਰਮਾਤਮਾਂ ਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਉਹ ਜੀਵਾਂ ਨੂੰ ਜੀਵਨ ਰਾਹ ਤੇ ਤੋਰਦਾ ਹੈ, ਅਸਾਂ ਜੀਵਾਂ ਦਾ ਉਸ ਦੇ ਸਾਹਮਣੇ ਕੋਈ ਭੀ ਜੋਰ ਨਹੀਂ ਚਲ ਸਕਦਾ।

ਪ੍ਰ:-ਕਿਉਂ ਜੀ! ਲੋਕ ਪ੍ਰਲੋਕ ਵਿਚ ਇੱਜ਼ਤ ਹਾਸਲ ਕਿਵੇਂ ਕੀਤੀ ਜਾਵੇ?

10. ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਂਦਾ ਹੈ, ਪ੍ਰਮਾਤਮਾਂ ਦੇ ਨਾਮ ਵਿਚ ਜੁੜਨ ਕਰ ਕੇ ਉਸ ਨੂੰ (ਲੋਕ ਪ੍ਰਲੋਕ ਦੀ) ਇੱਜਤ ਮਿਲ ਜਾਂਦੀ ਹੈ।੪।੮।੧੮।

ਭਾਵਾਰਥ :-ਗੁਰਮਤਿ ਦੁਆਰਾ ਸਾਨੂੰ ਇਹੋ ਹੀ ਸੋਝੀ ਮਿਲਦੀ ਹੈ ਕਿ ਗੁਰੂ ਤੋਂ ਬਿਨਾ ਮਨੁੱਖ ਦੀ ਅਕਲ ਟਿਕਾਣੇ ਨਹੀਂ ਰਹਿੰਦੀ ਅਤੇ ਭੇਖਾਂ ਦੰਭਾਂ ਵਿਚ ਪਿਆ ਰਹਿੰਦਾ ਹੈ, ਪਰ, ਗੁਰੂ ਦਾ ਸ਼ਬਦ ਗ੍ਰਹਿਣ ਕਰਨ ਨਾਲ ਹੀ ਭਟਕਦੇ ਮਨ ਨੂੰ ਸ਼ਾਂਤੀ ਆਉਂਦੀ ਹੈ ਅਤੇ ਹੁਕਮੀ ਬੰਦਾ ਬਣੀਦਾ ਹੈ।

ਭੈਰਉ ਮਹਲਾ ੩ ॥

1. ਹਉਮੈ ਮਾਇਆ ਮੋਹਿ ਖੁਆਇਆ
ਦੁਖੁ ਖਟੇ ਦੁਖ ਖਾਇ ॥
2. ਅੰਤਰਿ ਲੋਭ ਹਲਕੁ ਦੁਖੁ ਭਾਰੀ
ਬਿਨੁ ਬਿਬੇਕ ਭਰਮਾਇ ॥੧॥
3. ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥
4. ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ
ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥
5. ਪਸੂਆ ਕਰਮ ਕਰੈ ਨਹੀ ਬੂਝੈ
ਕੂੜੁ ਕਮਾਵੈ ਕੂੜੋ ਹੋਇ ॥
6. ਸਤਿਗੁਰੁ ਮਿਲੈ ਤ ਉਲਟੀ ਹੋਵੈ
ਖੋਜਿ ਲਹੈ ਜਨੁ ਕੋਇ ॥੨॥
7. ਹਰਿ ਹਰਿ ਨਾਮੁ ਰਿਦੈ ਸਦ ਵਸਿਆ
ਪਾਇਆ ਗੁਣੀ ਨਿਧਾਨੁ ॥
8. ਗੁਰ ਪਰਸਾਦੀ ਪੂਰਾ ਪਾਇਆ
ਚੂਕਾ ਮਨ ਅਭਿਮਾਨੁ ॥੩॥
9. ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥
10. ਆਪੇ ਗੁਰਮੁਖਿ ਦੇ ਵਡਿਆਈ
ਨਾਨਕ ਨਾਮਿ ਸਮਾਏ ॥੪॥੯॥੧੯॥

ਪਦ ਅਰਥ :-ਮੋਹਿ-ਮੋਹ ਵਿਚ (ਫਸ ਕੇ)। ਖੁਆਇਆ-(ਜੀਵਨ ਰਾਹ ਤੋਂ) ਖੁੰਝ ਗਿਆ। ਖਾਇ-ਖਾਂਦਾ ਹੈ, ਸਹਾਰਦਾ ਹੈ। ਅੰਤਰਿ-ਅੰਦਰ। ਬਿਬੇਕ-(ਚੰਗੇ ਮੰਦੇ ਕੰਮ ਦੀ) ਖਬਰ ਕਰਨ ਦੀ ਸਮਰਥਾ। ਭਰਮਾਇਆ-ਭਟਕਦਾ ਫਿਰਦਾ ਹੈ।੧।

ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦਾ। ਧ੍ਰਿਗੁ-ਫਿਟਕਾਰ ਜੋਗ। ਸੈਸਾਰਿ-ਸੰਸਾਰ ਵਿਚ। ਸੁਪਨੈ-ਸੁਪਨੇ ਵਿਚ ਭੀ, ਕਦੇ ਭੀ। ਸਿਉ-ਨਾਲ।੧। ਰਹਾਉ।

ਪਸੂਆ ਕਰਮ-ਪਸ਼ੂਆਂ ਵਾਲੇ ਕਰਮ। ਕਰੈ-ਕਰਦਾ ਹੈ। ਕੂੜੋ-ਕੂੜ ਹੀ। ਤ-ਤਾਂ, ਤਦੋਂ। ਉਲਟੀ ਹੋਵੈ-ਮਾਇਆ ਦੇ ਮੋਹ ਵਲੋਂ ਸੁਰਤਿ ਪਰਤਦੀ ਹੈ। ਜਨੁ ਕੋਇ-ਕੋਈ ਵਿਰਲਾ ਮਨੁੱਖ। ਲਹੈ-ਲੱਭ ਲੈਂਦਾ ਹੈ।੨।

ਰਿਦੈ-ਹਿਰਦੇ ਵਿਚ। ਸਦ-ਸਦਾ। ਨਿਧਾਨੁ-ਖਜ਼ਾਨਾ। ਪਰਸਾਦੀ-ਪਰਸਾਦਿ, ਕਿਰਪਾ ਨਾਲ। ਪੂਰਾ-ਅਭੁਲ ਪ੍ਰਮਾਤਮਾਂ। ਮਨ ਅਭਿਮਾਨ-ਮਨ ਦਾ ਅਹੰਕਾਰ। ਚੂਕਾ-ਮੁੱਕ ਗਿਆ।੩।

ਆਪੇ-ਆਪ ਹੀ। ਮਾਰਗਿ-ਰਸਤੇ ਉਤੇ। ਗੁਰਮੁਖਿ-ਗੁਰੂ ਦੀ ਰਾਹੀਂ। ਦੇ-ਦੇਂਦਾ ਹੈ। ਨਾਮਿ-ਨਾਮ ਵਿਚ।੪।

ਅਰਥ :-

ਪ੍ਰ:-ਸ੍ਰੀ ਜੀਉ! ਇਸ ਜੀਵ ਦੇ ਜੀਵਨ ਰਾਹ ਤੋਂ ਸਦਾ ਹੀ ਖੁੰਝੇ ਰਹਿਣ ਦਾ ਸਹੀ ਕਾਰਣ ਕੀ ਹੈ?

1. ਉ:-ਹੇ ਭਾਈ! ਅਸਲ ਕਾਰਣ ਹੈ ਕਿ, ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦਾ ਹਉਮੈਂ ਦੇ ਕਾਰਨ, ਮਾਇਆ ਦੇ ਮੋਹ ਦੇ ਕਾਰਨ ਜੀਵਨ ਰਾਹ ਤੋਂ ਖੁੰਝੇ ਰਹਿਣ ਦਾ ਹੀ ਇਕ ਵਸੀਲਾ ਬਣ ਜਾਂਦਾ ਹੈ, ਜਿਸ ਕਰ ਕੇ ਇਹ ਜੀਵਨ ਦੇ ਸਹੀ ਮਾਰਗ ਤੋਂ ਖੁੰਝਿਆ ਹੀ ਰਹਿੰਦਾ ਹੈ, ਉਹ ਫਿਰ

ਉਹੀ ਕੁਝ ਕਰਦਾ ਰਹਿੰਦਾ ਹੈ, ਜਿਸ ਤੋਂ ਉਹ ਦੁੱਖ ਹੀ ਸਹੇੜਦਾ ਹੈ, ਦੁੱਖ ਹੀ ਸਹਾਰਦਾ ਹੈ ।੨।

2. ਹੇ ਭਾਈ ! ਉਸ ਦੇ ਅੰਦਰ ਲੋਭ ਹੀ (ਟਿਕਿਆ ਰਹਿੰਦਾ ਹੈ, ਜਿਵੇਂ ਕੁੱਤੇ ਨੂੰ) ਹਲਕ (ਹੋ ਜਾਂਦਾ) ਹੈ (ਕੁੱਤਾ ਆਪ ਭੀ ਦੁਖੀ ਹੁੰਦਾ ਹੈ ਲੋਕਾਂ ਨੂੰ ਭੀ ਦੁੱਖੀ ਕਰਦਾ ਹੈ, ਇਸੇ ਤਰ੍ਹਾਂ ਲੋਭੀ ਨੂੰ ਬਹੁਤ ਦੁੱਖ ਬਣਿਆਂ ਰਹਿੰਦਾ ਹੈ) ਚੰਗੇ ਮੰਦੇ ਕੰਮ ਦੀ ਪਰਖ ਨਾ ਕਰ ਸਕਣ ਕਰ ਕੇ ਉਹ (ਮਾਇਆ ਦੀ ਖਾਤਰ) ਭਟਕਦਾ ਫਿਰਦਾ ਹੈ ।੧।

3. ਹੇ ਭਾਈ ! ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦਾ ਜਗਤ ਵਿਚ ਜੀਵਨ (ਢੰਗ) ਇਹੋ ਜਿਹਾ ਹੀ ਰਹਿੰਦਾ ਹੈ, ਕਿ ਉਸ ਨੂੰ ਫਿਟਕਾਰਾਂ ਹੀ ਪੈਂਦੀਆਂ ਰਹਿੰਦੀਆਂ ਹਨ ।

4. (ਕਿਉਂਕਿ) ਉਹ ਪ੍ਰਮਾਤਮਾਂ ਦਾ ਨਾਮ ਕਦੇ ਭੀ ਯਾਦ ਨਹੀਂ ਕਰਦਾ, ਪ੍ਰਭੂ ਨਾਲ ਉਸ ਦਾ ਕਦੇ ਭੀ ਪਿਆਰ ਨਹੀਂ ਬਣਦਾ ।੧। ਰਹਾਉ ।

5. ਹੇ ਭਾਈਓ ! ਮਨ ਦਾ ਮੁਰੀਦ ਮਨੁੱਖ ਪਸ਼ੂਆਂ ਵਾਲੇ ਹੀ ਕੰਮ ਕਰਦਾ ਹੈ, ਉਸ ਨੂੰ ਸਮਝ ਨਹੀਂ ਆਉਂਦੀ (ਕਿ ਇਹ ਜੀਵਨ ਰਾਹ ਗਲਤ ਹੈ) ਨਾਸਵੰਤ ਮਾਇਆ ਦੀ ਖਾਤਰ ਦੌੜ ਭੱਜ ਕਰਦਾ ਕਰਦਾ ਉਸੇ ਦਾ ਰੂਪ ਹੋਇਆ ਰਹਿੰਦਾ ਹੈ ।

ਪ੍ਰ:—ਸ੍ਰੀ ਜੀਉ ! ਕੀ ਅਜਿਹੇ ਬੰਦੇ ਦੀ ਭੀ ਸੁਰਤੀ ਵਿਚ ਬਦਲਾਅ ਆ ਸਕਦੀ ਹੈ ?

6. ਉ:—ਹੇ ਭਾਈ ! ਜੇ ਕਰ ਉਸ ਨੂੰ ਗੁਰੂ ਮਿਲ ਜਾਏ ਤਾਂ ਉਸ ਦੀ ਸੁਰਤਿ ਭੀ ਮਾਇਆ ਵਲੋਂ ਪਰਤ ਜਾਂਦੀ ਹੈ, ਫਿਰ ਉਹ ਭੀ ਖੋਜ ਕਰ ਕੇ ਪ੍ਰਮਾਤਮਾਂ ਦਾ ਮਿਲਾਪ ਪ੍ਰਾਪਤ ਕਰ ਲੈਂਦਾ ਹੈ (ਪਰ) ਅਜਿਹਾ ਹੁੰਦਾ ਕੋਈ ਵਿਰਲਾ ਹੀ ਹੈ ।੧।

7. ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਸਦਾ ਵਸਿਆ ਰਹਿੰਦਾ ਹੈ, ਉਹ ਮਨੁੱਖ ਗੁਣਾਂ ਦੇ ਖਜ਼ਾਨੇ ਪ੍ਰਮਾਤਮਾਂ ਨੂੰ ਮਿਲ ਪੈਂਦਾ ਹੈ ।

8. ਗੁਰੂ ਦੀ ਕ੍ਰਿਪਾ ਨਾਲ ਉਸ ਨੂੰ ਪੂਰਨ ਪ੍ਰਭੂ ਮਿਲ ਪੈਂਦਾ ਹੈ, ਉਸ ਦੇ ਮਨ ਦਾ ਹੰਕਾਰ ਦੂਰ ਹੋ ਜਾਂਦਾ ਹੈ ।੩।

ਪ੍ਰ:—ਕਿਉਂ ਜੀ ! ਹਰ ਮਨੁੱਖ ਨੂੰ ਜੀਵਨ ਦੀ ਸਹੀ ਸੋਝੀ ਕਿਉਂ ਨਹੀਂ ਹੋ ਸਕਦੀ ?

9. ਉ:—ਹੇ ਭਾਈ ! ਇਸ ਜੀਵ ਦੇ ਕੀ ਵਸ ਹੈ, ਕਿਉਂਕਿ, ਪ੍ਰਮਾਤਮਾਂ ਆਪ ਹੀ ਸਭ ਕੁਝ ਕਰਦਾ ਹੈ ਆਪ ਹੀ (ਜੀਵਾਂ ਪਾਸੋਂ) ਕਰਾਂਦਾ ਹੈ, ਆਪ ਹੀ (ਜੀਵਾਂ ਨੂੰ) ਸਹੀ ਜੀਵਨ ਰਾਹ ਤੇ ਪਾਂਦਾ ਹੈ, ਆਪ ਹੀ ਗੁਰੂ ਦੀ ਰਾਹੀਂ ਇੱਜ਼ਤ ਬਖਸ਼ਦਾ ਹੈ ।

10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਜਿਸ ਉਤੇ ਪ੍ਰਮਾਤਮਾਂ ਮਿਹਰ ਕਰਦਾ ਹੈ) ਉਹੀ ਹਰਿ ਨਾਮ ਵਿਚ ਲੀਨ ਰਹਿੰਦਾ ਹੈ ।੪।੯।੧੯।

ਭਾਵਾਰਥ : ਗੁਰੂ ਤੋਂ ਸਖਣੇ ਮਨੁੱਖ ਦੀ ਅਕਲ ਟਿਕਾਣੇ ਨਹੀਂ ਰਹਿੰਦੀ ਅਤੇ ਭੇਖਾਂ ਦੰਭਾਂ ਵਿਚ ਪਿਆ ਰਹਿੰਦਾ ਹੈ, ਪਰ ਗੁਰੂ ਦਾ ਸ਼ਬਦ ਗ੍ਰਹਿਣ ਕਰਨ ਨਾਲ ਮਨ ਨੂੰ ਸ਼ਾਂਤੀ ਆਉਂਦੀ ਹੈ ਅਤੇ ਹੁਕਮੀ ਬੰਦਾ ਬਣਦਾ ਹੈ ਅਤੇ ਸੁਚੇਤ ਹੋ ਕੇ ਕੂੜ ਤੇ ਅਹੰਕਾਰ ਤੋਂ ਛੁਟਕਾਰਾ ਪਾਉਂਦਾ ਹੈ ।

ਭੈਰਉ ਮਹਲਾ ੩ ॥

1. ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥
2. ਦੂਜੈ ਭਾਇ ਫਾਥੇ ਜਮ ਜਾਲਾ ॥
3. ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥
4. ਹਰਿ ਸੁਖਦਾਤਾ ਮੇਰੈ ਨਾਲਾ ॥੧॥
5. ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥
6. ਸਾਸਨਾ ਤੇ ਬਾਲਕੁ ਗਮੁ ਨ ਕਰੈ ॥੧॥ ਰਹਾਉ ॥
7. ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥
8. ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥
9. ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥
10. ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥੨॥
11. ਸੰਡਾ ਮਰਕਾ ਸਭਿ ਜਾਇ ਪੁਕਾਰੇ ॥
12. ਪ੍ਰਹਿਲਾਦੁ ਆਪਿ ਵਿਗੜਿਆ
ਸਭਿ ਚਾਟੜੇ ਵਿਗਾੜੇ ॥
13. ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥
14. ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥
15. ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥
16. ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥
17. ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥
18. ਹਰਣਾਖਸੁ ਨਖੀ ਬਿਦਾਰਿਆ
ਪ੍ਰਹਲਾਦੁ ਲੀਆ ਉਬਾਰਿ ॥੪॥
19. ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥
20. ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
21. ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥
22. ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥

ਪਦ ਅਰਥ :—ਦੂਜੈ ਭਾਇ—(ਪ੍ਰਭੂ ਨੂੰ ਛਡ ਕੇ) ਹੋਰ ਦੇ ਪਿਆਰ ਵਿਚ (ਰਹਿਣ ਵਾਲੇ) । ਜਮ ਜਾਲਾ—ਜਮ ਦਾ ਜਾਲ, ਆਤਮਕ ਮੌਤ ਦਾ ਜਾਲ । ਪ੍ਰਤਿਪਾਲਾ—ਰਾਖੀ ।੧।

ਉਪਦੇਸਿ—ਉਪਦੇਸ਼ ਨਾਲ । ਉਚਰੈ—ਉਚਾਰਦਾ ਹੈ, ਜਪਦਾ ਹੈ । ਸਾਸਨਾ—ਤਾੜਨਾ, ਦੰਡ, ਸਰੀਰਕ ਕਸ਼ਟ । ਤੇ—ਤੋਂ । ਗਮੁ—ਗਮ । ਗਮੁ ਨ ਕਰੈ—ਘਾਬਰਦਾ ਨਹੀਂ, ਡਰਦਾ ਨਹੀਂ ।੧। ਰਹਾਉ ।

ਉਪਦੇਸੈ–ਸਮਝਾਂਦੀ ਹੈ। ਪ੍ਰਹਿਲਾਦ–ਹੇ ਪ੍ਰਹਿਲਾਦ। ਪੂਤੁ–ਹੇ ਪੁਤ੍ਰ। ਜੀਉ–ਜਿੰਦ। ਲੇਹੁ ਉਬਾਰੇ–ਬਚਾ ਲੈ। ਮਾਇ–ਹੇ ਮਾਂ। ਨ ਛੋਡਾ–ਨ ਛੋਡਾਂ, ਮੈਂ ਨਹੀਂ ਛਡਦਾ। ਗੁਰਿ–ਗੁਰੂ ਨੇ। ਦੀਆ ਬੁਝਾਇ–ਸਮਝਾ ਦਿਤਾ ਹੈ।੨।

ਸੰਡਾ ਮਰਕਾ–ਸੰਡ ਅਤੇ ਅਮਰਕ। ਸਾਰਿ–ਸਾਰੇ। ਜਾਇ–ਜਾ ਕੇ। ਚਾਟੜੇ–ਪੜ੍ਹਨ ਵਾਲੇ ਮੁੰਡ। ਮਹਿ–ਵਿਚ। ਮੰਤ੍ਰ ਪਕਾਇਆ–ਸਲਾਹ ਪੱਕੀ ਕੀਤੀ। ਰਘੁਰਾਇਆ–ਪ੍ਰਮਾਤਮਾਂ।੩।

ਹਾਥਿ–ਹੱਥ ਵਿਚ। ਖੜਗੁ–ਤਲਵਾਰ। ਕਰਿ–ਕਰ ਕੇ, ਲੈ ਕੇ। ਅਤਿ ਅਹੰਕਾਰਿ–ਬੜੇ ਹੀ ਅਹੰਕਾਰ ਨਾਲ। ਕਹਾ–ਕਹਾਂ? ਕਿਥੇ?। ਲਏ ਉਬਾਰਿ–ਉਬਾਰਿ ਲਏ, (ਜੋ ਤੈਨੂੰ) ਬਚਾ ਲਏ। ਭੈਆਨ–ਭਿਆਨਕ। ਉਪਾੜਿ–ਪਾੜ ਕੇ। ਨਖੀ–ਨਖੀਂ, ਨਹੁੰਆਂ ਨਾਲ। ਬਿਦਾਰਿਆ–ਚੀਰ ਦਿਤਾ।੪।

ਕਾਰਜ–ਸਾਰੇ ਕੰਮ। ਉਧਾਰੇ–ਬਚਾ ਲਏ। ਕੈ ਸਬਦਿ–ਦੇ ਸ਼ਬਦ ਦੀ ਰਾਹੀਂ। ਬਿਖ–ਜ਼ਹਿਰ, ਆਤਮਕ ਮੌਤ ਲਿਆਉਣ ਵਾਲੀ ਜ਼ਹਿਰ। ਨਾਮਿ–ਨਾਮ ਵਿਚ (ਜੋੜ ਕੇ)। ਨਿਸਤਾਰੇ–ਪਾਰ ਲੰਘਾਂਦਾ ਹੈ।੫।

ਅਰਥ :–

ਪ੍ਰ.–ਸ੍ਰੀ ਜੀਉ! ਪ੍ਰਹਿਲਾਦ ਭਗਤ ਬਾਰੇ ਕੁਝ ਜਾਣਕਾਰੀ ਕਰਾਓ, ਕਿ ਉਸ ਭਗਤ ਦਾ ਪੜ੍ਹਾਉਣ ਵਾਲਿਆਂ ਉਸਤਾਦਾਂ ਨਾਲ ਕੀ ਵੀਚਾਰ ਵਟਾਂਦਰਾ ਹੋਇਆ ਸੀ?

1. **ਉ:**–ਹੇ ਭਾਈ! ਪ੍ਰਹਿਲਾਦ ਆਪਣੇ ਪੜ੍ਹਾਉਣ ਵਾਲਿਆਂ ਨੂੰ ਹਮੇਸ਼ਾਂ ਇਉਂ ਹੀ ਆਖਦਾ ਰਹਿੰਦਾ ਹੈ ਕਿ, ਮੇਰੀ ਪਟੀ ਉਤੇ ਹਰੀ ਦਾ ਨਾਮ ਲਿਖ ਦਿਓ. ਗੋਬਿੰਦ ਦਾ ਨਾਮ ਲਿਖ ਲਿਓ, ਗੋਪਾਲ ਦਾ ਨਾਮ ਲਿਖ ਦਿਓ।

2. (ਕਿਉਂਕਿ, ਮੈਨੂੰ ਇਹ ਸੋਝੀ ਹੈ ਕਿ) ਜਿਹੜੇ ਲੋਕ ਨਿਰੇ ਮਾਇਆ ਦੇ ਪਿਆਰ ਵਿਚ ਰਹਿੰਦੇ ਹਨ, ਉਹ ਆਤਮਕ ਮੌਤ ਦੇ ਜਾਲ ਵਿਚ ਹੀ ਫਸੇ ਰਹਿੰਦੇ ਹਨ।

3. ਹੇ ਭਾਈ! ਪ੍ਰਹਿਲਾਦ ਦੇ ਅੰਤਰ ਆਤਮੇਂ ਇਹ ਨਿਸਚਾ ਹੋ ਆਇਆ ਸੀ ਕਿ ਮੇਰਾ ਗੁਰੂ ਮੇਰੀ ਰਾਖੀ ਕਰ ਰਿਹਾ ਹੈ।

4. ਸਾਰੇ ਸੁਖ ਦੇਣ ਵਾਲਾ ਪ੍ਰਮਾਤਮਾਂ (ਹਰ ਵੇਲੇ) ਮੇਰੇ ਅੰਗ ਸੰਗ ਵੱਸਦਾ ਹੈ।੧।

ਪ੍ਰ:–ਕਿਉਂ ਜੀ! ਪ੍ਰਹਿਲਾਦ ਕਿਸ ਪੜ੍ਹਾਈ ਪੜ੍ਹਨ ਤੇ ਯਕੀਨ ਰਖਦਾ ਸੀ?

5. **ਉ:**–ਹੇ ਭਾਈ! ਉਹ ਪ੍ਰਹਿਲਾਦ (ਆਪਣੇ) ਗੁਰੂ ਦੀ ਸਿਖਿਆ ਉਤੇ ਤੁਰ ਕੇ (ਕੇਵਲ) ਪ੍ਰਮਾਤਮਾਂ ਦਾ ਨਾਮ (ਹੀ) ਜਪਦਾ ਹੈ।

ਪ੍ਰ:–ਸ੍ਰੀ ਜੀਉ! ਅਸੀਂ ਤਾਂ ਸੁਣਿਆਂ ਹੈ ਕਿ ਉਸ ਪ੍ਰਹਿਲਾਦ ਨੂੰ ਉਸ ਦੇ ਪਿਤਾ ਹਰਣਾਖਸ ਵਲੋਂ ਤਾੜਨਾਂ ਬੜੀ ਕੀਤੀ ਗਈ ਸੀ, ਕੀ ਉਹ ਡੋਲਿਆ ਨਹੀਂ?

6. **ਉ:**–ਹੇ ਭਾਈ! ਉਹ ਬਾਲਕ (ਪ੍ਰਹਿਲਾਦ) ਕਿਸੇ ਭੀ ਸਰੀਰਕ ਕਸ਼ਟ ਤੋਂ ਡਰਦਾ ਨਹੀਂ ਸੀ, (ਕਿਉਂਕਿ, ਉਸ ਦੇ ਅੰਦਰ ਪ੍ਰਭੂ ਦੇ ਨਾਮ ਸਿਮਰਨ ਨੇ ਨਿਰਭੈਤਾ ਪੈਦਾ ਕਰ ਦਿਤੀ ਹੈ)।੧। ਰਹਾਉ।

ਪ੍ਰ:–ਸ੍ਰੀ ਜੀਉ! ਅਸੀਂ ਤਾਂ ਸੁਣਿਆਂ ਹੈ ਕਿ ਉਸ ਪ੍ਰਹਿਲਾਦ ਦੀ ਮਾਂ ਨੇ ਭੀ ਉਸ ਨੂੰ ਆ ਕੇ ਕੁਝ ਸਮਝਾਉਣ ਦਾ ਯਤਨ ਕੀਤਾ ਸੀ, ਮਾਂ ਦੇ ਪੁੱਤ੍ਰ ਪ੍ਰਤੀ ਕੀ ਬਚਨ ਸਨ?

7. **ਉ:**–ਹੇ ਭਾਈਓ! ਉਸ ਵੇਲੇ ਪ੍ਰਹਿਲਾਦ ਨੂੰ ਉਸ ਦੀ ਮਾਂ ਇਉਂ ਸਮਝਾਉਂਦੀ ਹੈ ਕਿ, ਪਿਆਰੇ ਪ੍ਰਹਿਲਾਦ।

8. ਪੁਤ੍ਰ (ਤੂੰ) ਪ੍ਰਮਾਤਮਾਂ ਦਾ ਨਾਮ ਛਡ ਦੇਹ, ਆਪਣੀ ਜਿੰਦ ਬਚਾ ਲੈ।

ਪ੍ਰ.–ਕਿਉਂ ਜੀ! ਇਸ ਮਾਂ ਦੇ ਦਿਤੇ ਉਪਦੇਸ਼ ਦਾ ਪ੍ਰਹਿਲਾਦ ਤੇ ਕੀ ਅਸਰ ਹੋਇਆ?

9.10 **ਉ:**–ਹੇ ਭਾਈ! (ਅਗੋਂ) ਪ੍ਰਹਿਲਾਦ ਆਖਦਾ ਹੈ ਕਿ, ਹੇ ਮੇਰੀ ਮਾਂ ਸੁਣ! ਮੈਂ ਪ੍ਰਮੇਸ਼ਰ ਜੀ ਦਾ ਨਾਮ ਨਹੀਂ ਛਡਾਂਗਾ, (ਕਿਉਂਕਿ) (ਇਹ ਨਾਮ ਜਪਣਾ ਮੈਨੂੰ ਮੇਰੇ) ਗੁਰੂ ਨੇ ਸਮਝਾ ਦਿਤਾ ਹੈ।੨।

11. ਹੇ ਭਾਈ! ਇਥੇ ਹੀ ਬੱਸ ਨਹੀਂ, ਇਸ ਪ੍ਰਹਿਲਾਦ ਨੂੰ ਪੜ੍ਹਾਉਣ ਵਾਲੇ ਸ਼ੁਕਰ ਦੇ ਦੋਵੇਂ ਪੁੱਤਰ ਸੰਡ ਅਮਰਕੇ ਅਤੇ ਹੋਰ ਸਾਰਿਆਂ ਨੇ ਜਾ ਕੇ (ਹਰਨਾਖਸ਼ ਕੋਲ) ਇਉਂ ਪੁਕਾਰ ਕੀਤੀ ਕਿ,

12. ਪ੍ਰਹਿਲਾਦ ਆਪ ਵਿਗੜਿਆ ਹੋਇਆ ਹੈ (ਉਸ ਨੇ) ਸਾਰੇ ਮੁੰਡੇ ਭੀ ਵਿਗਾੜ ਦਿਤੇ ਹਨ।

13. ਹੇ ਭਾਈਓ! ਇਹ ਸੁਣ ਕੇ ਉਨ੍ਹਾਂ ਦੁਸ਼ਟਾਂ ਨੇ ਰਲ ਕੇ (ਇਹ) ਸਲਾਹ ਪਕੀ ਕੀਤੀ (ਕਿ ਪ੍ਰਹਿਲਾਦ ਨੂੰ ਮਾਰ ਮੁਕਾਈਏ)।

14. ਪਰ, ਹੇ ਭਾਈ! ਪ੍ਰਹਿਲਾਦ ਦਾ ਰਾਖਾ ਆਪ ਪ੍ਰਮਾਤਮਾਂ ਬਣ ਗਿਆ।੩।

15. ਹੇ ਭਾਈਓ! ਉਸ ਵੇਲੇ ਹਰਨਾਖਸ਼ ਹੱਥ ਵਿਚ ਤਲਵਾਰ ਫੜਕੇ ਬੜੇ ਅਹੰਕਾਰ ਨਾਲ ਪ੍ਰਹਿਲਾਦ ਉਤੇ ਟੁੱਟ ਪਿਆ।

16. ਅਤੇ ਅਹੰਕਾਰ ਭਰੇ ਬਚਨ ਕਹਿਣ ਲਗਾ, ਦਸ ਕਿਥੇ ਹੈ ਤੇਰਾ ਹਰੀ, ਜਿਹੜਾ ਤੈਨੂੰ ਬਚਾ ਲਏ?

17. ਹੇ ਭਾਈ! ਇਹ ਕਹਿਣ ਦੀ ਢਿਲ ਸੀ ਕਿ ਝੱਟ ਇਕ ਖਿਨ ਵਿਚ ਹੀ ਪ੍ਰਭੂ ਭਿਆਨਕ ਰੂਪ (ਧਾਰ ਕੇ) ਥੰਮ੍ਹ ਪਾੜ ਕੇ ਨਿਕਲ ਆਇਆ।

18. (ਉਸ ਨੇ ਨਰ ਸਿੰਘ ਰੂਪ ਵਿਚ) ਹਰਨਾਖਸ਼ ਨੂੰ ਆਪਣੇ ਨਹੁੰਆਂ ਨਾਲ ਚੀਰ ਦਿਤਾ, (ਅਤੇ ਇਉਂ) ਪ੍ਰਹਿਲਾਦ ਨੂੰ ਬਚਾ ਲਿਆ।੪।

19. ਹੇ ਭਾਈਓ! ਉਹ ਪ੍ਰਮਾਤਮਾਂ ਸਦਾ ਹੀ ਆਪਣੇ ਭਗਤਾਂ ਦੇ ਸਾਰੇ ਕੰਮ ਸਵਾਰਦਾ ਹੈ।

20. ਹੇ ਭਾਈ ! ਵੇਖ, ਉਸ ਨੇ ਪ੍ਰਹਿਲਾਦ ਦੀਆਂ ਇਕੀ ਕੁਲਾਂ (ਭੀ) ਤਾਰ ਦਿਤੀਆਂ ।

ਪ੍ਰ:–ਕਿਉਂ ਜੀ ! ਪ੍ਰਹਿਲਾਦ ਵਿਚ ਇਹ ਇਤਨੀ ਸ਼ਕਤੀ ਕਿਥੋਂ ਆ ਗਈ ਸੀ ?

21. ਉ:–ਹੇ ਭਾਈ ! ਅਸਲ ਵਿਚ ਪ੍ਰਮਾਤਮਾਂ ਆਪ ਹੀ ਆਪਣੇ ਸੰਤਾਂ ਨੂੰ ਗੁਰੂ ਦੇ ਸਬਦ ਵਿਚ ਜੋੜ ਕੇ (ਉਨ੍ਹਾਂ ਦੇ ਅੰਦਰੋਂ) ਆਤਮਕ ਮੌਤ ਲਿਆਉਣ ਵਾਲੀ ਹਉਮੈਂ ਮੁਕਾ ਦਿੰਦਾ ਹੈ ।

22. ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਹਰਿ ਨਾਮ ਵਿਚ ਜੋੜ ਕੇ ਉਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਦੀ ਸ਼ਕਤੀ ਪ੍ਰਵਾਨ ਕਰ ਦੇਂਦਾ ਹੈ ।੫।੧੦।੨੦।

ਭਾਵਾਰਥ :–ਇਸ ਮਹਾਂਵਾਕ ਵਿਚ ਪ੍ਰਹਿਲਾਦ ਭਗਤ ਦੀ ਮਿਸਾਲ ਲੈ ਕੇ ਦਸਦੇ ਹਨ ਕਿ, ਇਕ ਵੇਰ ਗੁਰੂ ਦਾ ਦ੍ਰਿੜ੍ਹ ਕਰਾਇਆ ਉਪਦੇਸ਼ ਭਗਤਾਂ ਨੂੰ ਨਹੀਂ ਭੁਲਦਾ ਅਤੇ ਹਰੀ ਨਾਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਾਉਣ ਲਈ ਤਿਆਰ ਕਰ ਦੇਂਦਾ ਹੈ ਇਸੇ ਭਾਵ ਦੀ ਪੂਰਤੀ ਲਈ ਗੁਰਬਾਣੀ ਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਅਸੀਂ ਕਈ ਉਦਾਹਰਣ ਲੈ ਸਕਦੇ ਹਾਂ ।

ਭੈਰਉ ਮਹਲਾ ੩ ॥

1. ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ
ਆਪੇ ਰਾਖਾ ਸੋਈ ॥

2. ਜੋ ਤੇਰੀ ਸਦਾ ਸਰਣਾਈ
ਤਿਨ ਮਨਿ ਦੁਖੁ ਨ ਹੋਈ ॥੧॥

3. ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥

4. ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ
ਸਬਦੇ ਮੇਲਿ ਮਿਲਾਇਆ ॥੧॥ ਰਹਾਉ ॥

5. ਅਨਦਿਨੁ ਭਗਤਿ ਕਰਹਿ ਦਿਨ ਰਾਤੀ
ਦੁਬਿਧਾ ਸਬਦੇ ਖੋਈ ॥

6. ਸਦਾ ਨਿਰਮਲ ਹੈ ਸਚਿ ਰਾਤੇ
ਸਚੁ ਵਸਿਆ ਮਨਿ ਸੋਈ ॥੨॥

7. ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ
ਬਿਰਥਾ ਜਨਮੁ ਗਵਾਇਆ ॥

8. ਸੰਤ ਜਨਾ ਕੀ ਨਿੰਦਾ ਕਰਹਿ
ਦੁਸਟੁ ਦੈਤੁ ਚਿੜਾਇਆ ॥੩॥

9. ਪ੍ਰਹਲਾਦੁ ਦੁਬਿਧਾ ਨ ਪੜੈ ਹਰਿਨਾਮੁ ਨ ਛੋਡੈ
ਡਰੈ ਨ ਕਿਸੈ ਦਾ ਡਰਾਇਆ ॥

10. ਸੰਤ ਜਨਾ ਕਾ ਹਰਿ ਜੀਉ ਰਾਖਾ
ਦੈਤੈ ਕਾਲੁ ਨੇੜਾ ਆਇਆ ॥੪॥

11. ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ॥

12. ਨਾਨਕ ਹਰਣਾਖਸੁ ਨਖੀ ਬਿਦਾਰਿਆ
ਅੰਧੈ ਦਰ ਕੀ ਖਬਰਿ ਨ ਪਾਈ ॥੫॥੧੧॥੨੧॥

ਪਦ ਅਰਥ :–ਦੈਤ–ਦੈਂਤ, ਦੁਸ਼ਟ, ਦੁਰਜਨ । ਆਪੇ–ਆਪ ਹੀ (ਪ੍ਰਮਾਤਮਾਂ ਨੇ)। ਤਿਨ ਮਨਿ–ਉਨ੍ਹਾਂ ਦੇ ਮਨ ਵਿਚ ।੧।

ਜੁਗਿ ਜੁਗਿ–ਹਰੇਕ ਜੁਗ ਵਿਚ । ਦੈਤ ਪੁਤ੍ਰ–ਦੈਂਤ (ਹਰਣਾਖਸ਼) ਦਾ ਪੁੱਤ੍ਰ । ਤਰਪਣੁ–ਪਿਤਰਾਂ ਨਿਮਿਤ ਪਾਣੀ ਅਰਪਣ ਕਰਨਾ–ਇਹ ਹਰ ਰੋਜ਼ ਕੀਤੇ ਜਾਣ ਵਾਲੇ ਪੰਜ ਜੱਗਾਂ ਵਿਚੋਂ ਇਕ ਹੈ । ਹਰੇਕ ਹਿੰਦੂ ਇਸ ਦਾ ਕਰਨਾ ਜ਼ਰੂਰੀ ਸਮਝਦਾ ਹੈ ।

ਗਾਇਤ੍ਰੀ–ਇਕ ਬੜੀ ਪਵਿਤ੍ਰ ਤੁਕ, ਪਵਿਤ੍ਰ ਮੰਤ੍ਰ ਜੋ ਪੂਜਾ ਕਰਨ ਵੇਲੇ ਹਰੇਕ ਬ੍ਰਾਹਮਣ ਸਵੇਰੇ ਸ਼ਾਮ ਪੜ੍ਹਦਾ ਹੈ। ਇਸ ਦੇ ਮੁੜ ਮੁੜ ਪਾਠ ਨਾਲ ਵਡੇ ਵਡੇ ਪਾਪ ਭੀ ਨਾਸ ਹੋ ਜਾਂਦੇ ਮੰਨੇ ਹਨ ।

ਸਬਦੇ–ਗੁਰੂ ਦੇ ਸ਼ਬਦ ਵਿਚ । ਮੇਲਿ–ਜੋੜ ਕੇ । ਮਿਲਾਇਆ–ਆਪਣੇ ਨਾਲ ਮਿਲਾ ਲਿਆ ।੧। ਰਹਾਉ ।

ਅਨਦਿਨੁ–ਹਰ ਰੋਜ਼, ਹਰ ਵੇਲੇ । ਕਰਹਿ–ਕਰਦੇ ਹਨ । ਦੁਬਿਧਾ–ਮੇਰ ਤਰ, ਵਿਤਕਰਾ । ਖੋਈ–ਮੁਕਾ ਲਈ । ਨਿਰਮਲ–ਪਵਿਤ੍ਰ । ਸਚਿ–ਸਦਾ ਥਿਰ ਹਰਿ ਨਾਮ ਵਿਚ । ਰਾਤੇ–ਰੰਗੇ ਹੋਏ, ਮਸਤ, ਰੱਤੇ ਹੋਏ । ਸਚੁ–ਸਦਾ ਕਾਇਮ ਰਹਿਣ ਵਾਲਾ ਪ੍ਰਭੂ । ਮਨਿ–ਉਨ੍ਹਾਂ ਦੇ ਮਨ ਵਿਚ ।੨।

ਪੜਹਿ–ਪੜ੍ਹਦੇ ਹਨ । ਦੁਬਿਧਾ ਪੜਹਿ–ਵਿਤਕਰੇ ਪੈਦਾ ਕਰਨ ਵਾਲੀ ਵਿਦਿਆ ਪੜ੍ਹਦੇ ਹਨ । ਮੂਲੁ–ਜਗਤ ਦਾ ਪੈਦਾ ਕਰਨ ਵਾਲਾ । ਬਿਰਥਾ–ਵਿਅਰਥ । ਦੁਸਟੁ ਦੈਤੁ–(ਹਰਨਾਖਸ਼) ਦੈਂਤ ਨੂੰ । ਚਿੜਾਇਆ–ਚੁਕਿਆ, (ਪ੍ਰਹਿਲਾਦ ਦੇ ਵਿਰੁੱਧ) ਗੁੱਸੇ ਵਿਚ ਲਿਆਂਦਾ ।੩।

ਪੜੈ–ਪੜ੍ਹਦਾ ਹੈ । ਕਾਲੁ–ਮੌਤ । ਦੈਤੈ–ਦੈਂਤ ਦਾ ।੪।

ਪੈਜ–ਲਾਜ, ਇੱਜ਼ਤ । ਦੇਇ–ਦੇਂਦਾ ਹੈ । ਨਖੀ–ਨਖੀਂ, ਨੌਹਾਂ ਨਾਲ । ਬਿਦਾਰਿਆ–ਚੀਰ ਦਿਤਾ । ਅੰਧੈ–(ਅਹੰਕਾਰ ਵਿਚ) ਅੰਨ੍ਹੇ ਹੋ ਚੁਕੇ ਨੇ । ਦਰ–ਪ੍ਰਮੇਸ਼ਰ ਦਾ ਦਰ । ਖਬਰਿ–ਸੂਝ ।੫।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਸੰਤ ਜਨ ਸਦਾ ਹੀ ਪ੍ਰਭੂ ਦੀ ਬੰਦਗੀ ਕਰਨ ਵਾਲੇ ਹਨ ਉਨ੍ਹਾਂ ਨੂੰ ਭੀ ਸੁਣਦੇ ਅਤੇ ਵੇਖਦੇ ਹਾਂ ਕਿ ਦੈਂਤਾਂ ਦੁਆਰੇ ਕਸ਼ਟ ਹੁੰਦੇ ਆਏ ਹਨ, ਇਸ ਦਾ ਅਸਲ ਕਾਰਨ ਕੀ ਹੈ ?

1. ਉ:–ਹੇ ਭਾਈਓ ! ਅਸਲ ਵਿਚ ਤਾਂ ਪ੍ਰਮਾਤਮਾਂ ਆਪ ਹੀ (ਆਪਣੇ) ਸੰਤ ਜਨਾਂ ਨੂੰ ਦੁੱਖ ਦੇਣ ਲਈ ਉਨ੍ਹਾਂ ਨੂੰ ਦੈਂਤ ਚੰਬੋੜ ਦੇਂਦਾ ਹੈ, ਪਰ, ਉਹ ਪ੍ਰਭੂ ਆਪ ਹੀ (ਸੰਤ ਜਨਾਂ ਦਾ) ਰਾਖਾ ਬਣਦਾ ਹੈ ।

ਪ੍ਰ:–ਸ੍ਰੀ ਜੀਉ ! ਸਾਡੇ ਮਨ ਕਮਜ਼ੋਰ ਹਨ ਭਗਤਾਂ ਨੂੰ ਕਸ਼ਟ ਵਿਚ ਪਿਆ ਵੇਖ ਕੇ ਅਸੀਂ ਡਾਵਾਂ ਡੋਲ ਹੋ ਜਾਂਦੇ ਹਾਂ ਕਿ, ਇਉਂ ਕਿਉਂ ਹੋ ਰਿਹਾ ਹੈ ?

2. ਉ–ਹੇ ਭਾਈਓ ! ਅਸਲ ਵਿਚ ਤਾਂ ਇਹੋ ਹੀ ਵਿਸ਼ਵਾਸ਼ ਰਖਣਾ ਚਾਹੀਦਾ ਹੈ ਕਿ, ਹੇ ਪ੍ਰਭੂ ! ਜਿਹੜੇ ਮਨੁੱਖ ਤੇਰੀ ਸ਼ਰਨ ਵਿਚ ਸਦਾ ਟਿਕੇ ਰਹਿੰਦੇ ਹਨ, (ਦੁਸ਼ਟ ਭਾਵੇਂ ਉਨ੍ਹਾਂ ਨੂੰ ਕਿਤਨੇ ਹੀ ਕਸ਼ਟ ਦੇਣ) ਉਨ੍ਹਾਂ ਦੇ ਮਨ ਵਿਚ ਕੋਈ ਭੀ ਤਕਲੀਫ ਨਹੀਂ ਹੁੰਦੀ ।੧।

3. ਹੇ ਭਾਈਓ ! ਵੇਖੋ, ਉਹ (ਪ੍ਰਮਾਤਮਾਂ) ਹਰੇਕ ਜੁਗ ਵਿਚ (ਆਪਣੇ) ਭਗਤਾਂ ਦੀ ਇੱਜ਼ਤ ਰਖਦਾ ਆਇਆ ਹੈ ।

ਪ੍ਰ:–ਸ੍ਰੀ ਜੀਉ ! ਇਸ ਭਾਵ ਨੂੰ ਦਰਸਾਉਣ ਲਈ ਕੋਈ ਉਦਾਹਰਣ ਦਿਓ ?

4. ਉ:–ਹੇ ਭਾਈਓ ! (ਵੇਖੋ) ਹਰਨਾਖਸ਼ ਦਾ ਪੁੱਤ੍ਰ ਪ੍ਰਹਿਲਾਦ ਗਾਇਤ੍ਰੀ (ਮੰਤ੍ਰ ਦਾ ਪਾਠ ਕਰਨਾ, ਪਿਤਰਾਂ ਦੀ ਪ੍ਰਸੰਨਤਾ ਵਾਸਤੇ) ਪੂਜਾ, ਅਰਚਾ (ਕਰਨੀ) ਇਹ ਕੁਝ ਭੀ ਨਹੀਂ ਸੀ ਜਾਣਦਾ, ਪਰ, (ਪ੍ਰਮਾਤਮਾਂ ਨੇ ਉਸ ਨੂੰ ਗੁਰੂ ਦੇ) ਸ਼ਬਦ ਵਿਚ ਜੋੜ ਕੇ (ਆਪਣੇ ਚਰਨਾਂ ਵਿਚ) ਜੋੜ ਲਿਆ ।੧। ਰਹਾਉ ।

5. ਹੇ ਭਾਈਓ ! ਇਹ ਵਿਸ਼ਵਾਸ਼ ਰਖੋ ਕਿ; ਜਿਹੜੇ ਮਨੁੱਖ ਦਿਨ ਰਾਤ ਹਰ ਵੇਲੇ ਪ੍ਰਮੇਸ਼ਰ ਦੀ ਭਗਤੀ ਕਰਦੇ ਹਨ, ਉਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰੋਂ) ਮੇਰ ਤੇਰ ਮੁਕਾ ਲਈ ਹੁੰਦੀ ਹੈ ।

6. ਹੇ ਭਾਈ ! ਜਿਹੜੇ ਮਨੁੱਖ ਸਦਾ ਥਿਰ ਹਰਿ ਨਾਮ ਵਿਚ ਰੱਤੇ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਉਹ ਸਦਾ ਥਿਰ ਪ੍ਰਭੂ ਹੀ ਵਸਿਆ ਰਹਿੰਦਾ ਹੈ ਉਨ੍ਹਾਂ ਦਾ ਜੀਵਨ ਸਦਾ ਹੀ ਪਵਿਤ੍ਰ ਟਿਕਿਆ ਰਹਿੰਦਾ ਹੈ ।੨।

ਪ੍ਰ:–ਸ੍ਰੀ ਜੀਉ ! ਕਈ ਲੋਕ ਜੀਵਨ ਵਿਦਿਆ ਪੜ੍ਹਨ ਵਿਚ ਹੀ ਗੁਜ਼ਾਰ ਦੇਂਦੇ ਹਨ ਕੀ ਉਨ੍ਹਾਂ ਨੂੰ ਭੀ ਕੋਈ ਲਾਭ ਪ੍ਰਾਪਤ ਹੁੰਦਾ ਹੋਵੇਗਾ ?

7. ਉ:–ਹੇ ਭਾਈ ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ, ਕਈ ਮੂਰਖ ਲੋਕ ਮੇਰ ਤੇਰ (ਪੈਦਾ ਕਰਨ ਵਾਲੀ ਵਿਦਿਆ ਹੀ ਨਿਤ ਪੜ੍ਹਦੇ ਰਹਿੰਦੇ ਹਨ) ਉਹ ਕਦੇ ਰਚਨਹਾਰ ਕਰਤਾਰ ਨਾਲ ਸਾਂਝ ਹੀ ਨਹੀਂ ਪਾਉਂਦੇ, ਉਹ ਇਸਤਰ੍ਹਾਂ ਆਪਣਾ ਜੀਵਨ ਵਿਅਰਥ ਹੀ ਗਵਾ ਲੈਂਦੇ ਹਨ ।

8. ਹੇ ਭਾਈ ! ਉਹ ਸੰਤ ਜਨਾਂ ਦੀ ਨਿੰਦਾ ਭੀ ਕਰਦੇ ਰਹਿੰਦੇ ਹਨ, (ਹੇ ਭਾਈ !) (ਇਹੋ ਜਿਹੇ ਮੂਰਖ ਸੰਡ ਅਮਰਕ ਆਦਿਕਾਂ ਨੇ ਹੀ) ਦੁਸ਼ਟ ਦੈਂਤ (ਹਰਨਾਖਸ਼) ਨੂੰ ਪ੍ਰਹਿਲਾਦ ਦੇ ਵਿਰੁਧ) ਭੜਕਾਇਆ ਸੀ ।੩।

9. ਪਰ, ਹੇ ਭਾਈ ! ਉਹ ਪ੍ਰਹਿਲਾਦ ਮੇਰ ਤੇਰ (ਪੈਦਾ ਕਰਨ ਵਾਲੀ ਵਿਦਿਆ) ਨਹੀਂ ਪੜ੍ਹਦਾ, ਉਹ ਪ੍ਰਮਾਤਮਾਂ ਦਾ ਨਾਮ ਨਹੀਂ ਛਡਦਾ, ਉਹ ਕਿਸੇ ਦਾ ਭੀ ਡਰਾਇਆ ਡਰਦਾ ਨਹੀਂ ।

10. ਹੇ ਪਿਆਰੇ ! ਉਹ ਪ੍ਰਮਾਤਮਾਂ ਆਪਣੇ ਸੰਤ ਜਨਾਂ ਦਾ ਰਖਵਾਲਾ ਆਪ ਹੈ, (ਪ੍ਰਹਿਲਾਦ ਨਾਲ ਅੱਡਾ ਲਾ ਕੇ ਮੂਰਖ ਹਰਨਾਖਸ਼) ਦੈਂਤ ਦਾ ਕਾਲ ਸਗੋਂ ਨੇੜੇ ਆ ਪਹੁੰਚਿਆ ।੪।

11. ਹੇ ਭਾਈਓ ! ਇਉਂ ਨਿਸਚਾ ਕਰ ਲਓ ਕਿ, ਭਗਤਾਂ ਦੀ ਇੱਜ਼ਤ ਤੇ ਪ੍ਰਭੂ ਦੀ ਇੱਜ਼ਤ ਸਾਂਝੀ ਹੈ, ਭਗਤਾਂ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਜਾਣ ਕੇ ਪ੍ਰਮਾਤਮਾਂ (ਭਗਤਾਂ ਦੀ ਮਦਦ ਕਰ ਕੇ) ਆਪਣੀ ਇੱਜ਼ਤ ਆਪ ਬਚਾਂਦਾ ਹੈ, ਆਪਣੇ ਭਗਤਾਂ ਨੂੰ ਸਦਾ ਵਡਿਆਈ ਬਖਸ਼ਦਾ ਹੈ ।

12. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਤਾਂਹੀਏ ਪ੍ਰਮਾਤਮਾਂ ਨੇ (ਨਰ ਸਿੰਘ ਰੂਪ ਧਾਰ ਕੇ) ਹਰਨਾਖਸ਼ ਨੂੰ (ਆਪਣੇ) ਨੌਂਹਾਂ ਨਾਲ ਚੀਰ ਦਿਤਾ (ਤਾਕਤ ਦੇ ਮਾਣ ਵਿਚ) ਅੰਨ੍ਹੇ ਹੋ ਚੁੱਕੇ (ਹਰਨਾਖਸ਼) ਨੇ ਪ੍ਰਮੇਸ਼ਰ ਦੇ ਦਰ ਦਾ ਭੇਤ ਨਾ ਸਮਝਿਆ ।੫।੧੧।੨੧।੮।੨੧।੨੯।

ਭਾਵਾਰਥ :–ਹਰੀ ਆਪਣੇ ਭਗਤਾਂ ਦੀ ਸਦਾ ਹੀ ਰਖਦਾ ਆਇਆ ਹੈ; ਗੁਰੂ ਸ਼ਬਦ ਰਾਹੀਂ, ਵੇਖੋ, ਭਗਤ ਪ੍ਰਹਿਲਾਦ ਦੀ ਮਿਸਾਲ ਪ੍ਰਤੱਖ ਹੀ ਵੇਖਣ ਵਿਚ ਆਉਂਦੀ ਹੈ ।

–ਸ਼ਬਦਾਂ ਦਾ ਵੇਰਵਾ–

ਭੈਰਉ ਮਹਲਾ ੧	੮
ਭੈਰਉ ਮਹਲਾ ੩	੨੧
ਕੁਲ ਜੋੜ	੨੯

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥
2. ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ ॥੧॥
3. ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ ॥
4. ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿਨਾਮਿ ਤਰਾਇਣੁ॥੧॥ਰਹਾਉ॥
5. ਸੰਗਤਿ ਸਾਧ ਮੇਲਿ ਹਰਿ ਗਾਇਣੁ ॥
6. ਗੁਰਮਤੀ ਲੇ ਰਾਮ ਰਸਾਇਣੁ ॥੨॥
7. ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥
8. ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥
9. ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥
10. ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥੪॥੧॥

ਪਦ ਅਰਥ :–ਕਰਿ–ਕਰ ਕੇ। ਪਗਿ–ਪੈਰ ਵਿਚ, ਚਰਨੀਂ। ਲਾਇਣੁ–ਲਾਣ ਵਾਲਾ ਹੈ। ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ। ਭਜੁ–ਜਪਿਆ ਕਰ। ਸਮਾਇਣੁ–ਜਾਗ (ਨਾਮ ਦੀ) ।੧।

ਮਨ–ਹੇ ਮਨ। ਸੁਖਦਾਤਾ–ਸੁਖਾਂ ਦਾ ਦਾਤਾ। ਗੁਰਮੁਖਿ–ਗੁਰੂ ਦੀ ਰਾਹੀਂ। ਭਵਜਲੁ–ਸੰਸਾਰ ਸਮੁੰਦਰ। ਨਾਮਿ–ਨਾਮ ਵਿਚ (ਜੋੜ ਕੇ) ।੧। ਰਹਾਉ।

ਮੇਲ–ਮੇਲਿ ਵਿਚ। ਹਰਿ ਗਾਇਣੁ–ਹਰੀ ਦੀ ਸਿਫਤ ਸਲਾਹ। ਗੁਰਮਤੀ–ਗੁਰੂ ਦੀ ਮਤ ਉਤੇ ਤੁਰ ਕੇ। ਰਸਾਇਣੁ–(ਰਸ-ਆਯਨ) ਸਾਰੇ ਰਸਾਂ ਦਾ ਘਰ ।੨।

ਗਿਆਨ ਸਰਿ–ਗਿਆਨ ਦੇ ਸਰੋਵਰ ਵਿਚ। ਸਾਧੂ–ਗੁਰੂ। ਅੰਮ੍ਰਿਤ–ਅਮਰ ਜੀਵਨ ਦੇਣ ਵਾਲਾ। ਨਾਇਣੁ–ਇਸ਼ਨਾਨ। ਸਭਿ–ਸਾਰੇ। ਕਿਲਵਿਖ–ਪਾਪ ।੩।

ਆਪੇ–ਆਪ ਹੀ। ਧਰਾਇਣੁ–ਆਸਰਾ। ਮੇਲਿ–ਮਿਲਾ (ਆਪਣੇ ਚਰਨਾਂ ਵਿਚ)। ਦਾਸ ਦਸਾਇਣੁ–ਦਾਸਾਂ ਦਾ ਦਾਸ ।੪।

ਅਰਥ :-

ਪ੍ਰ:–ਸ੍ਰੀ ਜੀਉ! ਹਰੀ ਦੇ ਨਾਮ ਜਪਦੇ ਰਹਿਣ ਲਈ ਕੀ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ?

1. ਉ:–ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਮੇਰੇ ਮਨ (ਪ੍ਰਮਾਤਮਾਂ ਆਪ) ਕਿਰਪਾ ਕਰ ਕੇ (ਜਿਸ ਮਨੁੱਖ ਨੂੰ ਆਪਣੇ) ਸੰਤ ਜਨਾਂ ਦੀ ਚਰਨੀਂ ਲਾਂਦਾ ਹੈ, (ਉਹੀ ਮਨੁੱਖ ਨਾਮ ਜਪਦਾ ਹੈ)।
2. ਇਸ ਲਈ, ਹੇ ਮਨ! ਤੂੰ ਭੀ ਗੁਰੂ ਦੀ ਸ਼ਰਨੀਂ ਪਉ ਤੇ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਮੇਸ਼ਰ ਜੀ ਦਾ ਨਾਮ ਜਪ, ਆਪਣੀ ਸੁਰਤ ਵਿਚ ਹਰਿ ਨਾਮ ਦੀ ਜਾਗ ਲਾ ।੧।
3. ਹੇ ਮੇਰੇ ਮਨ! ਹਰੀ ਦਾ ਨਾਮ ਜਪਿਆ ਕਰ, ਨਾਰਾਇਣ ਨਾਰਾਇਣ ਜਪਦਾ ਰਿਹਾ ਕਰ।
4. ਹੇ ਭਾਈਓ! ਸਾਰੇ ਸੁਖਾਂ ਦਾ ਦੇਣ ਵਾਲਾ ਪ੍ਰਮਾਤਮਾਂ ਜਿਸ ਮਨੁੱਖ ਉਤੇ ਕਿਰਪਾ ਕਰਦਾ ਹੈ ਉਸ ਨੂੰ ਗੁਰੂ ਦੀ ਸ਼ਰਨ ਵਿਚ ਰਖ ਕੇ ਆਪਣੇ ਨਾਮ ਦੀ ਰਾਹੀਂ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ ।੧। ਰਹਾਉ।
5. ਹੇ ਮੇਰੇ ਮਨ! ਸਾਧ ਸੰਗਤ ਦੇ ਮੇਲ ਵਿਚ ਟਿਕ ਕੇ ਪ੍ਰਮਾਤਮਾਂ ਦੀ ਸਿਫਤ ਸਲਾਹ ਕਰਿਆ ਕਰ।
6. ਗੁਰੂ ਦੀ ਮਤ ਉਤੇ ਤੁਰ ਕੇ ਪ੍ਰਮਾਤਮਾਂ ਦਾ ਨਾਮ ਜਪਿਆ ਕਰ, ਇਹ ਨਾਮ ਹੀ ਸਾਰੇ ਰਸਾਂ ਦਾ ਘਰ ਹੈ ।੨।
7. ਹੇ ਮਨ! ਜਿਹੜਾ ਮਨੁੱਖ ਗੁਰੂ ਦੇ ਆਤਮਕ ਜੀਵਨ ਦੇਣ ਵਾਲੇ ਗਿਆਨ ਸਰੋਵਰ ਵਿਚ ਇਸ਼ਨਾਨ ਕਰਦਾ ਹੈ।
8. ਉਸ ਦੇ ਸਾਰੇ ਪਾਪ, ਸਾਰੇ ਐਬ ਦੂਰ ਹੋ ਜਾਂਦੇ ਹਨ ।੩।
9. ਹੇ ਭਾਈਓ! ਸਦਾ ਇਉਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਪ੍ਰਭੂ! ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈਂ ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਆਸਰਾ ਹੈਂ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਸਾਈਂ ਜੀਉ! ਆਪਣੇ ਦਾਸ ਨੂੰ (ਆਪਣੇ ਚਰਨਾਂ ਵਿਚ) ਮਿਲਾਈ ਰਖ, ਮੈਂ ਤੇਰੇ ਦਾਸਾਂ ਦਾ ਦਾਸ ਹਾਂ ।੪।੧।

ਭਾਵਾਰਥ :–ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਅਨੇਕਾਂ ਲੋਕੀਂ ਜਤਨ ਕਰਦੇ ਹਨ, ਪਰ ਜੇ ਹਰੀ ਦੀ ਕ੍ਰਿਪਾ ਹੋਵੇ ਤਾਂ ਗੁਰੂ ਦੇ ਸ਼ਬਦ ਦੀ ਰਾਹੀਂ ਹਰੀ ਦਾ ਨਾਮ ਸਿਮਰਨ ਕਰਕੇ ਪਾਪ ਦੂਰ ਹੁੰਦ ਤੇ ਪਾਰ ਉਤਾਰਾ ਹੁੰਦਾ ਹੈ।

ਭੈਰਉ ਮਹਲਾ ੪ ॥

1. **ਬੋਲਿ ਹਰਿ ਨਾਮੁ ਸਫਲ ਸਾ ਘਰੀ ॥**
2. **ਗੁਰ ਉਪਦੇਸਿ ਸਭਿ ਦੁਖ ਪਰਹਰੀ ॥੧॥**
3. **ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥**
4. **ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤ ਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ ਰਹਾਉ ॥**
5. **ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥**
6. **ਕੋਟ ਕੋਟੰਤਰ ਤੇਰ ਪਾਪ ਪਰਹਰੀ ॥੨॥**
7. **ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥**
8. **ਇਸਨਾਨੁ ਕੀਓ ਅਠਸਠਿ ਸੁਰਸਰੀ ॥੩॥**
9. **ਹਮ ਮੂਰਖ ਕਉ ਹਰਿ ਕਿਰਪਾ ਕਰੀ ॥**
10. **ਜਨੁ ਨਾਨਕੁ ਤਾਰਿਓ ਤਾਰਣ ਹਰੀ ॥੪॥੨॥**

ਪਦ ਅਰਥ :–ਬੋਲਿ–ਬੋਲਿਆ ਕਰ, ਜਪਿਆ ਕਰ। ਸਾ ਘਰੀ–ਉਹ ਘੜੀ। ਉਪਦੇਸਿ–ਉਪਦਸ਼ ਦੀ ਰਾਹੀਂ। ਸਭਿ ਦੁਖ–ਸਾਰੇ ਦੁੱਖ। ਪਰਹਰੀ–ਪਰਹਰਿ, ਦੂਰ ਕਰ ਲੈ ।੧।

ਮਨ–ਹੇ ਮਨ। ਨਾਮੁ ਨਰਹਰੀ–ਪ੍ਰਮਾਤਮਾਂ ਦਾ ਨਾਮ (ਨਰ ਹਰੀ–ਨਰ ਸਿੰਘ)। ਕਰਿ–ਕਰ ਕੇ। ਮੇਲਹੁ-ਤੂੰ ਮਿਲਾਂਦਾ ਹੈਂ। ਸੰਗਿ–ਨਾਲ। ਸਿੰਧੁ ਭਉ–ਭਵਸਾਗਰ ਸਿੰਧੁ–ਸਾਗਰ, ਸਮੁੰਦ੍ਰ। ਤਰੀ–ਤਰ ਜਾਂਦਾ ਹੈ ।੧। ਰਹਾਉ।

ਜਗਜੀਵਨੁ–ਜਗਤ ਦਾ ਆਸਰਾ। ਮਨਿ–ਮਨ ਵਿਚ। ਸਿਮਰੀ–ਸਿਮਰਿ। ਕੋਟ ਕੋਟੰਤਰ–ਕੋਟ ਕੋਟ ਅੰਤਰ, ਹੋਰ ਹੋਰ ਅਨੇਕਾਂ ਸਰੀਰ। ਕੋਟ ਕੋਟੰਤਰ ਪਾਪ–ਅਨੇਕਾਂ ਜਨਮਾਂ ਦੇ ਪਾਪ। ਪਰਹਰੀ–ਦੂਰ ਕਰ ਦੇਵੇਗਾ ।੨।

ਮੁਖਿ–ਮੂੰਹ ਉਤੇ, ਮੱਥੇ ਉਤੇ। ਪਰੀ–ਪੈਂਦੀ ਹੈ। ਅਠਸਠਿ–ਅਠਾਹਠ (ਤੀਰਥ)। ਸੁਰਸਰੀ–ਗੰਗਾ ।੩।

ਹਮ ਮੂਰਖ ਕਉ–ਮੈਂ ਮੂਰਖ ਉਤੇ। ਕਰੀ–ਕੀਤੀ ਹੈ। ਤਾਰਿਓ–ਤਾਰ ਲਿਆ ਹੈ। ਤਾਰਣ ਹਰੀ–ਤਾਰਣ ਹਾਰ ਹਰੀ ਨੇ ।੪।

ਅਰਥ :–

ਪ੍ਰ:–ਸ੍ਰੀ ਜੀਉ! ਸਾਡਾ ਮਨ ਨਾਮ ਜਪਣ ਵਲੋਂ ਹਰ ਸਮੇਂ ਹੀ ਆਲਸ ਕਰਦਾ ਹੈ, ਦਸੋ ਕੀ ਸਾਧਨ ਕੀਤਾ ਜਾਏ?

1. ੳ:–ਹੇ ਭਾਈ ! ਮਨ ਨੂੰ ਸਦਾ ਇਉਂ ਹੀ ਸਮਝਾਉਂਦਾ ਰਿਹਾ ਕਰ ਕਿ, ਹੇ ਮੇਰੇ ਮਨ ! (ਤੂੰ) ਪ੍ਰਮਾਤਮਾਂ ਦਾ ਨਾਮ ਜਪਿਆ ਕਰ, (ਕਿਉਂਕਿ, ਜਿਸ ਘੜੀ ਨਾਮ ਜਪੀਦਾ ਹੈ) ਉਹੀ ਘੜੀ ਸੁਲੱਖਣੀ ਹੁੰਦੀ ਹੈ।
2. ਹੇ ਮੇਰੇ ਮਨ ! ਗੁਰੂ ਦੇ ਉਪਦੇਸ਼ ਦੀ ਰਾਹੀਂ (ਹਰਿ ਨਾਮ ਜਪ ਕੇ ਆਪਣੇ) ਸਾਰੇ ਦੁੱਖ ਦੂਰ ਕਰ ਲੈ।੧।
3. ਹੇ ਮੇਰੇ ਮਨ ! ਹਰੀ ਦਾ ਪ੍ਰਮਾਤਮਾਂ ਦਾ ਨਾਮ ਜਪਿਆ ਕਰ।
4. (ਤੇ ਆਖਿਆ ਕਰ, ਹੇ ਪ੍ਰਭੂ !) ਕਿਰਪਾ ਕਰ ਕੇ ਜਿਸ ਮਨੁੱਖ ਨੂੰ ਤੂੰ ਪੂਰਾ ਗੁਰੂ ਮਿਲਾਂਦਾ ਹੈਂ, ਉਹ ਸਤਿਸੰਗਤ ਨਾਲ (ਮਿਲ ਕੇ ਤੇਰਾ ਨਾਮ ਜਪ ਕੇ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੧। ਰਹਾਉ।
5. ਹੇ ਭਾਈ ! ਜਗਤ ਦੇ ਆਸਰੇ ਪ੍ਰਮਾਤਮਾਂ ਦਾ ਧਿਆਨ ਧਰਿਆ ਕਰ ਆਪਣੇ ਮਨ ਵਿਚ ਹਰਿ ਨਾਮ ਸਿਮਰਿਆ ਕਰ।
6. ਹੇ ਭਾਈ ! ਉਹ ਪ੍ਰਮਾਤਮਾਂ ਤੇਰੇ ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਦੇਵੇਗਾ।੨।
7. ਹੇ ਮੇਰੇ ਮਨ ! ਵੇਖ, ਜਿਸ ਮਨੁੱਖ ਦੇ ਮੱਥੇ ਉਤੇ ਸਾਧ ਸੰਗਤ ਦੀ ਚਰਨ ਧੂੜ ਲਗਦੀ ਹੈ।
8. ਉਸ ਨੇ (ਮਾਨੋਂ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ, ਗੰਗਾ ਦਾ ਇਸ਼ਨਾਨ ਕਰ ਲਿਆ।੩।
9. ਹੇ ਭਾਈ ! ਸਭ ਨੂੰ ਤਾਰਨ ਦੀ ਸਮਰਥਾ ਵਾਲੇ ਹਰੀ ਨੇ, ਮੈਂ ਮੂਰਖ ਉਤੇ ਭੀ ਕਿਰਪਾ ਕੀਤੀ ਹੈ।
10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, (ਹੇ ਭਾਈ ! ਆਪਣਾ ਨਾਮ ਦੇ ਕੇ) ਮੈਂ ਦਾਸ ਨੂੰ ਭੀ ਉਸ ਨੇ ਸੰਸਾਰ ਸਾਗਰ ਤੋਂ ਪਾਰ ਲੰਘਾ ਲਿਆ।੪।੨।

ਭਾਵਾਰਥ :–ਇਸ ਸ਼ਬਦ ਵਿਚ ਗੁਰੂ ਦੇ ਮਿਲਾਪ ਦਾ ਸਾਧਨ ਹਰੀ ਦੀ ਮਿਹਰ ਹੀ ਦਰਸਾ ਰਹੇ ਹਨ, ਜਿਸ ਗੁਰੂ ਦੀ ਸੰਗਤ ਵਿਚੋਂ ਤੀਰਥਾਂ ਦੇ ਇਸ਼ਨਾਨ ਦਾ ਪੁੰਨ ਮਿਲਦਾ ਹੈ, ਦੁੱਖ ਅਤੇ ਪਾਪ ਦੂਰ ਹੁੰਦੇ ਹਨ ਤੇ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ।

ਭੈਰਉ ਮਹਲਾ ੪ ॥

1. **ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥**
2. **ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥**
3. **ਹਰਿ ਹਰਿ ਨਾਮੁ ਜਪਹੁ ਬਨਵਾਲੀ ॥**
4. **ਕਰਿ ਕਿਰਪਾ ਮੇਲਹੁ ਸਤਸੰਗਤਿ ॥**
ਤੂਟਿ ਗਈ ਮਾਇਆ ਜਮ ਜਾਲੀ ॥੧॥ਰਹਾਉ ॥
5. **ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥**
6. **ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥**
7. **ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥**
8. **ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥**
9. **ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥**
10. **ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥**

ਪਦ ਅਰਥ :–ਕਰਣੀ–ਕਰਨ ਜੋਗ ਕੰਮ। ਸੁਕ੍ਰਿਤੁ ਕਰਣੀ–ਸਭ ਤੋਂ ਸ੍ਰੇਸ਼ਟ ਕਰਨ ਜੋਗ ਕੰਮ। ਸਾਰੁ–(ਹਿਰਦੇ ਵਿਚ) ਸੰਭਾਲ ਲੈ। ਜਪਮਾਲੀ–ਮਾਲਾ। ਹਿਰਦੈ–ਹਿਰਦੇ ਵਿਚ। ਫੇਰਿ–ਫੇਰਿਆ ਕਰ ਇਸ ਮਾਲਾ ਨੂੰ। ਨਾਲੀ–ਨਾਲ।੧।

ਨਾਮੁ ਬਨਵਾਲੀ–ਪ੍ਰਮਾਤਮਾਂ ਦਾ ਨਾਮ। ਕਰਿ–ਕਰਕੇ। ਜਮ ਜਾਲੀ–ਜਮ ਦੀ ਜਾਲੀ, ਆਤਮਕ ਮੌਤ ਲਿਆਉਣ ਵਾਲੀ ਫਾਹੀ।੧। ਰਹਾਉ।

ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਜਿਨਿ–ਜਿਸ (ਮਨੁੱਖ) ਨੇ। ਸੇਵਾ ਘਾਲ ਘਾਲੀ–ਸੇਵਾ ਭਗਤੀ ਦੀ ਮਿਹਨਤ ਕੀਤੀ। ਤਿਸੁ ਸਬਦੁ–ਉਸ ਦਾ ਸ਼ਬਦ। ਘੜੀਐ–ਘੜਿਆ ਜਾਂਦਾ ਹੈ। ਤਿਸੁ ਘੜੀਐ ਸਬਦੁ–ਉਸ ਦਾ ਸਿਮਰਨ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ। ਸਚੀ ਟਕਸਾਲੀ–ਜਤ, ਧੀਰਜ, ਉਚੀ ਮਤਿ, ਆਤਮਕ ਜੀਵਨ ਦੀ ਸੂਝ, ਭਉ, ਆਦਿਕ ਦੀ ਸਦਾ ਥਿਰ ਟਕਸਾਲ ਵਿਚ।੨।

ਅਗਮ–ਅਪਹੁੰਚ। ਅਗੋਚਰੁ–(ਅ-ਗੋ-ਚਰੁ) ਜਿਸ ਤਕ ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਗੁਰਿ–ਗੁਰੂ ਨੇ। ਦਿਖਾਲੀ–ਦਰਸ਼ਨ ਕਰਾ ਦਿਤਾ। ਕਾਇਆ–ਸਰੀਰ। ਭਾਲੀ–ਭਾਲਿ, ਭਾਲ ਕੇ, ਖੋਜ ਕੇ।੩।

ਹਮ–ਅਸੀਂ ਜੀਵ। ਬਾਰਿਕ–ਬਚੇ। ਨਦਰਿ–ਮਿਹਰ ਦੀ ਨਿਗਾਹ ਨਾਲ। ਨਿਹਾਲੀ–ਨਿਹਾਲਿ, ਤੱਕ ਕੇ।੪।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਮਨੁੱਖ ਜਾਮੇਂ ਵਿਚ ਮੈਨੂੰ ਕਰਨ ਜੋਗ ਕਿਹੜਾ ਸ੍ਰੇਸ਼ਟ ਕਰਮ ਹੈ ਜਿਸ ਨੂੰ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ ?

1. ੳ:–ਹੇ ਭਾਈ ! (ਤੂੰ) ਪ੍ਰਮਾਤਮਾਂ ਦਾ ਨਾਮ ਹਿਰਦੇ ਵਿਚ (ਸਦਾ ਹੀ) ਸੰਭਾਲ ਰਖ ਇਹੀ ਸਭ ਤੋਂ ਸਰੇਸ਼ਟ ਕਰਨ ਜੋਗ ਕੰਮ ਹੈ ਅਤੇ ਇਹੋ ਹੀ ਮਾਲਾ ਹੈ।
2. (ਇਸੇ ਹਰਿ ਨਾਮ ਸਿਮਰਨ ਦੀ ਮਾਲਾ ਨੂੰ ਆਪਣੇ) ਹਿਰਦੇ ਵਿਚ ਫੇਰਿਆ ਕਰ, ਇਹ ਹਰਿ ਨਾਮ (ਹੀ ਸਦਾ) ਤੇਰੇ ਨਾਲ ਸਾਥ ਕਰੇਗਾ।੧।

3.4 ਹੇ ਭਾਈ ! ਸਦਾ (ਹੀ) ਪ੍ਰਮਾਤਮਾਂ ਦਾ ਨਾਮ ਜਪਦੇ ਰਿਹਾ ਕਰੋ ਅਤੇ ਸਦਾ ਅਰਦਾਸ ਕਰਿਆ ਕਰੋ ਕਿ, ਹੇ ਪ੍ਰਭੂ ! ਸਾਨੂੰ ਸਤਿ ਸੰਗਤ ਵਿਚ ਮਿਲਾਈ ਰਖ, ਕਿਉਂਕਿ, ਜਿਸ ਨੂੰ ਤੂੰ ਕਿਰਪਾ ਕਰ ਕੇ ਸਾਧ ਸੰਗਤ ਵਿਚ ਰਖਦਾ ਹੈਂ; ਉਸਦੀ ਮਾਇਆ ਦੇ ਮੋਹ ਦੀ ਆਤਮਕ ਮੌਤ ਲਿਆਉਣ ਵਾਲੀ ਫਾਹੀ ਟੁੱਟ ਜਾਂਦੀ ਹੈ।੧। ਰਹਾਉ।

5. ਹੇ ਭਾਈਓ ! ਜਿਸ (ਮਨੁੱਖ) ਨੇ ਗੁਰੂ ਦੀ ਸ਼ਰਨ ਪੈ ਕੇ ਹਰਿ ਨਾਮ ਸਿਮਰਨ ਦੀ ਮਿਹਨਤ ਕੀਤੀ, (ਜਤ, ਧੀਰਜ,

ਉਚੀ ਮਤਿ, ਆਤਮਕ ਜੀਵਨ ਦੀ ਸੂਝ ਭਉ ਆਦਿਕ ਦੀ।

6. ਸਦਾ ਥਿਰ ਰਹਿਣ ਵਾਲੀ ਟਕਸਾਲ ਵਿਚ ਉਸ ਮਨੁੱਖ ਦਾ ਹਰਿ ਨਾਮ ਸਿਮਰਨ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ ।੨।

ਪ੍ਰ:–ਸ੍ਰੀ ਜੀਉ ! ਹਰਿ ਨਾਮ ਸਿਮਰਨ ਦੀ ਮਾਲਾ ਫੇਰਨ ਨਾਲ ਮਨੁੱਖ ਨੂੰ ਆਖਰ ਫਲ ਕੀ ਮਿਲਦਾ ਹੈ ?

7. ਉ:–ਹੇ ਭਾਈਓ ! ਜਿਸ ਮਨੁੱਖ ਨੇ ਹਰਿ ਨਾਮ ਸਿਮਰਨ ਦੀ ਮਾਲਾ ਹਿਰਦੇ ਵਿਚ ਫੇਰੀ ਹੈ, ਗੁਰੂ ਨੇ ਉਸ ਨੂੰ ਅਪਹੁੰਚ ਤੇ ਅਗੋਚਰ ਪ੍ਰਮਾਤਮਾਂ (ਉਸ ਦੇ ਅੰਦਰ ਹੀ) ਵਿਖਾਲ ਦਿਤਾ ।

8. (ਗੁਰੂ ਦੀ ਸਹਾਇਤਾ ਨਾਲ) ਉਸ ਨੇ ਪ੍ਰਮਾਤਮਾਂ ਨੂੰ ਆਪਣੇ ਸਰੀਰ ਨਗਰ ਦੇ ਅੰਦਰ ਹੀ ਭਾਲ ਕੇ ਲਭ ਲਿਆ ਹੈ ।੩।

ਪ੍ਰ:–ਕਿਉਂ ਜੀ ! ਸੰਸਾਰ ਸਾਗਰ ਤੋਂ ਪਾਰ ਹੋਣ ਲਈ ਕੀ ਸਾਧਨ ਕੀਤਾ ਜਾਏ ?

9. ਉ:–ਹੇ ਭਾਈ ! ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਹਰੀ ! ਅਸੀਂ ਜੀਵ ਤੇਰੇ ਬੱਚੇ ਹਾਂ, ਤੂੰ ਸਾਡਾ ਪਾਲਣਹਾਰ ਪਿਤਾ ਹੈਂ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਤਾ ਜੀਉ ! ਤੁਸੀਂ ਸਾਨੂੰ ਮਿਹਰ ਦੀ ਨਿਗਾਹ ਕਰ ਕੇ (ਆਪਣੇ ਨਾਮ ਦੀ ਮਾਲਾ ਦੇ ਕੇ) ਸਾਨੂੰ ਦਾਸਾਂ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਲਓ ।੪।੩।

ਭਾਵਾਰਥ :–ਹਰੀ ਦੀ ਕ੍ਰਿਪਾ ਨਾਲ ਜਦੋਂ ਗੁਰੂ ਦਾ ਮਿਲਾਪ ਹੁੰਦਾ ਹੈ, ਉਸ ਦੀ ਸੰਗਤ ਦੀ ਰਾਹੀਂ ਸੇਵਾ ਕਰ ਕੇ ਮਨੁੱਖ ਦਾ ਆਚਰਣ ਚੰਗੀ ਤਰ੍ਹਾਂ ਘੜਿਆ ਜਾਂਦਾ ਹੈ, ਕਿਉਂਕਿ ਹਰੀ ਉਸ ਨੂੰ ਆਪਣੇ ਅੰਦਰ ਹੀ ਵਸਦਾ ਦਿਸ ਆਉਂਦਾ ਹੈ ਤੇ ਉਹ ਸੁਕ੍ਰਿਤ (ਭਲਾਈ) ਨੂੰ ਜਪਮਾਲਾ ਵਾਂਗ ਜਪਦਾ ਹੈ, ਭਾਵ ਉਹ ਭਲਾਈ ਤੋਂ ਕਦੇ ਵਖਰਾ ਨਹੀਂ ਹੋ ਸਕਦਾ ।

ਭੈਰਉ ਮਹਲਾ ੪ ॥

1. ਸਭਿ ਘਟ ਤੇਰੇ ਤੂ ਸਭਨਾ ਮਾਹਿ ॥
2. ਤੁਝ ਤੇ ਬਾਹਰਿ ਕੋਈ ਨਾਹਿ ॥੧॥
3. ਹਰਿ ਸੁਖਦਾਤਾ ਮੇਰੇ ਮਨ ਜਾਪੁ ॥
4. ਹਉ ਤੁਧੁ ਸਾਲਾਹੀ
ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ ਰਹਾਉ ॥
5. ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ॥
6. ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥੨॥
7. ਜਿਸ ਕਉ ਤੁਮ ਹਰਿ ਰਾਖਿਆ ਭਾਵੈ ॥
8. ਤਿਸ ਕੈ ਨੇੜੈ ਕੋਇ ਨ ਜਾਵੈ ॥੩॥
9. ਤੂ ਜਲਿ ਥਲਿ ਮਹੀਅਲਿ ਸਭਤੈ ਭਰਪੂਰਿ ॥
10. ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ ॥੪॥੪॥

ਪਦ ਅਰਥ :–ਸਭਿ–ਸਾਰੇ । ਘਟ–ਘੜੇ, ਸਰੀਰ । ਮਾਹਿ–ਵਿਚ । ਤੇ–ਤੋਂ ।੧।

ਮਨ–ਹੇ ਮਨ । ਹਉ–ਮੈਂ । ਸਾਲਾਹੀ–ਸਲਾਹੀਂ, ਸਲਾਹੁੰਦਾ ਹਾਂ । ਪ੍ਰਭੁ -ਮਾਲਕ ।੧। ਰਹਾਉ ।

ਜਹ ਜਹ–ਜਿਥੇ ਜਿਥੇ । ਦੇਖਾ–ਦੇਖਾਂ, ਮੈਂ ਵੇਖਦਾ ਹਾਂ । ਸੋਇ–ਉਹੀ । ਵਸਿ–ਵਸ ਵਿਚ । ਅਵਰੁ–ਹੋਰ ।੨।

ਰਾਖਿਆ ਭਾਵੈ–ਰਖਣਾ ਚਾਹੇ ।੩।

ਜਲਿ–ਜਲ ਵਿਚ । ਥਲਿ–ਥਲ ਵਿਚ । ਮਹੀਅਲਿ–ਮਹੀ ਤਲਿ, ਧਰਤੀ ਦੇ ਤਲ ਉਪਰ, ਪੁਲਾੜ ਵਿਚ, ਅਕਾਸ਼ ਵਿਚ । ਸਭਤੈ–ਹਰ ਥਾਂ । ਜਨ ਨਾਨਕ–ਹੇ ਦਾਸ ਨਾਨਕ ।੪।

ਅਰਥ :–

ਪ੍ਰ:–ਸ੍ਰੀ ਜੀਉ ! ਹਿਰਦੇ ਵਿਚ ਨਾਮ ਸਿਮਰਨ ਦੀ ਮਾਲਾ ਫੇਰਦੇ ਰਹਿਣ ਨਾਲ ਆਖਰ, ਮਨ ਦੀ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

1. ਉ:–ਹੇ ਭਾਈ ! ਉਹ ਮਨ ਕਰਕੇ ਇਉਂ ਹੀ ਸਦਾ ਅਨੁਭਵ ਕਰਦਾ ਹੈ ਕਿ, ਹੇ ਪ੍ਰਭੂ ! (ਇਹ) ਸਾਰੇ ਸਰੀਰ ਤੇਰੇ (ਹੀ) ਬਣਾਏ ਹੋਏ ਹਨ, ਤੂੰ (ਇਨ੍ਹਾਂ) ਸਾਰਿਆਂ ਵਿਚ ਵਸਦਾ ਹੈਂ ।

2. ਕੋਈ ਭੀ ਸਰੀਰ ਤੇਰੀ ਜੋਤ ਤੋਂ ਬਿਨਾ ਨਹੀਂ ਹੈ ।੧।

3. ਹੇ ਭਾਈ ! ਪਰ ਉਹ ਮਨੁੱਖ ਇਸ ਅਵਸਥਾ ਵਿਚ ਪੁੱਜ ਕੇ ਭੀ ਆਪਣੇ ਮਨ ਨੂੰ ਇਉਂ ਹੀ ਪ੍ਰੇਰਦੇ ਰਹਿੰਦੇ ਹਨ ਕਿ, ਹੇ ਮੇਰੇ ਮਨ ! ਤੂੰ ਸਦਾ ਪ੍ਰਮਾਤਮਾਂ ਦਾ ਨਾਮ ਜਪਿਆ ਕਰ, (ਇਹੋ ਹੀ) ਸਾਰੇ ਸੁਖ ਦੇਣ ਵਾਲਾ ਹੈ ।

4. ਅਤੇ ਅਰਦਾਸ ਇਉਂ ਹੀ ਕਰਦੇ ਰਹਿੰਦੇ ਹਨ ਕਿ, ਹੇ ਹਰੀ, ਮੇਹਰ ਕਰ, ਮੈਂ ਤੇਰੀ ਹੀ ਸਿਫਤ ਸਲਾਹ ਕਰਦਾ ਰਹਾਂ, ਤੂੰ ਮੇਰਾ ਮਾਲਕ ਹੈਂ ਅਤੇ ਤੂੰਹੀਂ ਮੇਰਾ ਪਿਉ ਹੈਂ ।੧। ਰਹਾਉ ।

5. ਹੇ ਭਾਈਓ ! ਹੁਣ ਮੈਂ ਜਿਧਰ ਜਿਧਰ ਦੇਖਦਾ ਹਾਂ, ਉਧਰ ਉਧਰ ਉਹ ਹਰੀ ਪ੍ਰਭੂ ਹੀ ਵੱਸ ਰਿਹਾ ਹੈ ।

6. ਹੇ ਪ੍ਰਭੂ ! ਸਾਰੀ ਸ੍ਰਿਸ਼ਟੀ ਤੇਰੇ ਵੱਸ ਵਿਚ ਹੈ, ਤੈਥੋਂ ਬਿਨਾ ਤੇਰੇ ਵਰਗਾ ਹੋਰ ਕੋਈ ਨਹੀਂ ਹੈ ।੨।

7-8. ਹੇ ਹਰੀ ! ਜਿਸ ਦੀ ਤੂੰ ਰਖਿਆ ਕਰਨਾ ਚਾਹੇਂ, ਕੋਈ (ਵੈਰੀ ਆਦਿਕ) ਉਸ ਦੇ ਨੇੜੇ ਹੀ ਨਹੀਂ ਆਉਂਦਾ ।੩।

9. ਹੇ ਹਰੀ ! ਤੂੰ ਜਲ ਵਿਚ ਹੈਂ, ਤੂੰ ਧਰਤੀ ਵਿਚ ਹੈਂ, ਤੂੰ ਅਕਾਸ਼ ਵਿਚ ਹੈਂ, ਤੂੰ ਹਰ ਥਾਂ ਵਿਆਪਕ ਹੈਂ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਉਸ ਹਰੀ ਦਾ ਨਾਮ ਜਪਿਆ ਕਰ, ਜੋ ਹਰ ਥਾਂ ਹਾਜਰ ਨਾਜ਼ਰ ਹੈ ਤੇ (ਪ੍ਰਤਖ ਦਿਸ ਰਿਹਾ ਹੈ) ।੪।੪।

ਭਾਵਾਰਥ : ਹਰੀ ਹਰ ਥਾਂ ਹੀ ਹਾਜ਼ਰ ਹਜ਼ੂਰ ਹੈ, ਜਿਸ ਨੂੰ ਇਹ ਅਨੁਭਵ ਹੋ ਜਾਵੇ, ਉਸ ਦੇ ਨੇੜੇ ਕਦੀ ਭੀ ਕੋਈ ਦੁੱਖ ਪਾਪ ਨਹੀਂ ਆ ਸਕਦੇ ।

ਭੈਰਉ ਮਹਲਾ ੪ ਘਰੁ ੨

੧ ੴ ਸਤਿਗੁਰ ਪ੍ਰਸਾਦਿ ॥

1. **ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ**
ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥
2. **ਮਸਤਕਿ ਭਾਗੁ ਹੋਵੈ ਜਿਸੁ ਲਿਖਿਆ**
ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥
3. **ਮਧੁਸੂਦਨੁ ਜਪੀਐ ਉਰ ਧਾਰਿ ॥**
4. **ਦੇਹੀ ਨਗਰਿ ਤਸਕਰ ਪੰਚ ਧਾਤੂ**
ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥
5. **ਜਿਨ ਕਾ ਹਰਿ ਸੇਤੀ ਮਨੁ ਮਾਨਿਆ**
ਤਿਨ ਕਾਰਜ ਹਰਿ ਆਪਿ ਸਵਾਰਿ ॥
6. **ਤਿਨ ਚੂਕੀ ਮੁਹਤਾਜੀ ਲੋਕਨ ਕੀ**
ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥
7. **ਮਤਾ ਮਸੂਰਤਿ ਤਾਂ ਕਿਛੁ ਕੀਜੈ**
ਜੇ ਕਿਛੁ ਹੋਵੈ ਹਰਿ ਬਾਹਰਿ ॥
8. **ਜੋ ਕਿਛੁ ਕਰੇ ਸੋਈ ਭਲ ਹੋਸੀ**
ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥
9. **ਹਰਿ ਜੋ ਕਿਛੁ ਕਰੇ ਸੁ ਆਪੇ ਆਪੇ**
ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥
10. **ਨਾਨਕ ਸੋ ਪ੍ਰਭੁ ਸਦਾ ਧਿਆਈਐ**
ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ॥੪॥੧॥੫॥

ਪਦ ਅਰਥ :—ਮੂਰਤਿ—ਸਰੂਪ । ਹਿਰਦੈ—ਹਿਰਦੇ ਵਿਚ । ਮੁਰਾਰਿ—(ਮੁਰ—ਅਰਿ । ਅਰਿ—ਵੈਰੀ) ਪ੍ਰਮਾਤਮਾਂ । ਜਿਸੁ ਮਸਤਕਿ—ਜਿਸਦੇ ਮੱਥੇ ਉਤੇ । ਭਾਗੁ—ਚੰਗੀ ਕਿਸਮਤ । ਗੁਰਮਤਿ—ਗੁਰੂ ਦੀ ਸਿਖਿਆ ਅਨੁਸਾਰ । ਸਮ੍ਹਾਰਿ—ਸਮ੍ਹਾਰੇ, ਸੰਭਾਲਦਾ ਹੈ ।੧।

ਮਧੁਸੂਦਨੁ—(ਮਧੁ ਦੈਂਤ ਨੂੰ ਮਾਰਨ ਵਾਲਾ) ਪ੍ਰਮਾਤਮਾਂ । ਉਰ—ਹਿਰਦਾ । ਧਾਰਿ—ਟਿਕਾ ਕੇ, ਵਸਾ ਕੇ । ਦੇਹੀ—ਸਰੀਰ । ਨਗਰਿ—ਨਗਰ ਵਿਚ । ਤਸਕਰ—ਚੋਰ । ਧਾਤੂ—ਧਾਵਨ ਵਾਲੇ, ਭਟਕਣਾ ਵਿਚ ਪਾਣ ਵਾਲੇ । ਸਬਦੀ—ਸ਼ਬਦ ਦੀ ਰਾਹੀਂ । ਕਾਢੇ ਮਾਰਿ—ਮਾਰ ਕੇ ਕਢ ਦਿਤੇ ।੧। ਰਹਾਉ ।

ਸੇਤੀ—ਨਾਲ । ਮਾਨਿਆ—ਗਿਝ ਗਿਆ । ਕਾਰਜ—ਸਾਰੇ ਕੰਮ । ਸਵਾਰਿ—ਸਵਾਰੇ, ਸਵਾਰਦਾ ਹੈ । ਚੂਕੀ—ਮੁੱਕ ਗਈ । ਮੁਹਤਾਜੀ—ਗਰਜ਼ । ਅੰਗੀਕਾਰੁ—ਸਹਾਇਤਾ । ਕਰਤਾਰਿ—ਕਰਤਾਰ ਨੇ ।੨।

ਮਤਾ—ਆਪਣੇ ਮਨ ਦੀ ਸਲਾਹ । ਮਸੂਰਤਿ—ਮਸ਼ਵਰਾ । ਕੀਜੈ—ਕੀਤਾ ਜਾ ਸਕਦਾ ਹੈ । ਹਰਿ ਬਾਹਰਿ—ਪ੍ਰਮਾਤਮਾਂ ਤੋਂ ਬਾਹਰਾ । ਭਲ—ਭਲਾ । ਹੋਸੀ—ਹੋਵੇਗਾ । ਅਨਦਿਨੁ—ਹਰ ਰੋਜ਼, ਹਰ ਵੇਲੇ ।੩।

ਆਪੇ—ਆਪ ਹੀ । ਪੂਛਿ—ਪੁੱਛਕੇ । ਬੀਚਾਰਿ—ਵੀਚਾਰ ਕਰ ਕੇ । ਜਿਨਿ—ਜਿਸ (ਪ੍ਰਭੂ) ਨੇ । ਧਾਰਿ—ਧਾਰ ਕੇ ।੪।

ਅਰਥ :—

ਪ੍ਰ:—ਸ੍ਰੀ ਜੀਉ ! ਪ੍ਰਮਾਤਮਾਂ ਦੀ ਭਗਤੀ ਕਰਨ ਵਾਲੇ ਭਗਤ ਨੂੰ ਆਖਰ ਕਿਸ ਰੂਪ ਦੀ ਪ੍ਰਾਪਤੀ ਮੰਨੀ ਜਾਂਦੀ ਹੈ ?

1. ਉ:—ਹੇ ਭਾਈ ! ਪ੍ਰਮਾਤਮਾਂ ਦਾ ਭਗਤ ਜਿਸ ਦੇ ਹਿਰਦੇ ਵਿਚ (ਸਦਾ) ਪ੍ਰਮੇਸ਼ਰ ਦਾ ਨਾਮ ਵਸਦਾ ਹੈ, ਉਹ ਪ੍ਰਮਾਤਮਾਂ ਦਾ ਹੀ ਰੂਪ ਹੋ ਜਾਂਦਾ ਹੈ ।
2. ਪਰ, ਹੇ ਭਾਈਓ ! ਉਹੀ ਮਨੁੱਖ ਗੁਰੂ ਦੀ ਮਤਿ ਲੈ ਕੇ ਪ੍ਰਮਾਤਮਾਂ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲਦਾ ਹੈ ਜਿਸ ਦੇ ਮੱਥੇ ਉਤੇ (ਧੁਰੋਂ) ਚੰਗੀ ਕਿਸਮਤ (ਦਾ ਲੇਖ) ਲਿਖਿਆ ਹੁੰਦਾ ਹੈ ।੧।
3. (ਇਸ ਲਈ, ਹੇ ਭਾਈ ! ਦੈਂਤਾਂ ਦੇ ਨਾਸ ਕਰਨ ਵਾਲੇ) ਪ੍ਰਮੇਸ਼ਰ ਦਾ ਨਾਮ ਹਿਰਦੇ ਵਿਚ ਵਸਾ ਕੇ ਜਪਣਾ ਚਾਹੀਦਾ ਹੈ ।
4. ਐ ਪਿਆਰੇ ! ਜਿਹੜਾ ਮਨੁੱਖ ਨਾਮ ਜਪਦਾ ਹੈ, ਉਹ ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਆਪਣੇ) ਸਰੀਰ ਨਗਰ ਵਿਚ (ਵਸ ਰਹੇ)ਭਟਕਣਾ ਵਿਚ ਪਾਣ ਵਾਲੇ (ਕਾਮਾਦਿਕ) ਪੰਜ ਚੋਰਾਂ ਨੂੰ ਮਾਰ ਕੇ ਬਾਹਰ ਕੱਢ ਦੇਂਦਾ ਹੈ ।੧।ਰਹਾਉ।
5. ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਦਾ ਮਨ ਪ੍ਰਮੇਸ਼ਰ (ਦੀ ਯਾਦ) ਵਿਚ ਗਿੱਝ ਜਾਂਦਾ ਹੈ, ਉਨ੍ਹਾਂ ਦੇ ਸਾਰੇ ਕੰਮ ਪ੍ਰਮਾਤਮਾਂ ਆਪ ਸਵਾਰਦਾ ਹੈ ।
6. ਹੇ ਭਾਈ ! ਕਰਤਾਰ ਨੇ ਉਨ੍ਹਾਂ ਦੀ ਸਦਾ ਹੀ ਸਹਾਇਤਾ ਕੀਤੀ ਹੁੰਦੀ ਹੈ, (ਇਸ ਵਾਸਤੇ) ਉਨ੍ਹਾਂ ਦੇ ਅੰਦਰੋਂ ਲੋਕਾਂ ਦੀ ਮੁਥਾਜੀ ਮੁੱਕ ਚੁਕੀ ਹੁੰਦੀ ਹੈ ।੨।
7. ਹੇ ਭਾਈ ! ਵੇਖੋ, ਆਪਣੇ ਮਨ ਦੀ ਸਲਾਹ ਆਪਣੇ ਮਨ ਦਾ ਮਸ਼ਵਰਾ ਤਦੋਂ ਹੀ ਕੋਈ ਕੀਤਾ ਜਾ ਸਕਦਾ ਹੈ, ਜੇ ਪ੍ਰਮਾਤਮਾਂ ਤੋਂ ਬਾਹਰ ਕੋਈ ਕੰਮ ਕੀਤਾ ਹੀ ਜਾ ਸਕਦਾ ਹੋਵੇ, ਜਾਂ ਹੋ ਹੀ ਸਕਦਾ ਹੋਵੇ ।
8. (ਇਸ ਲਈ) ਹੇ ਭਾਈ ! ਜੋ ਕੁਝ ਪ੍ਰਮਾਤਮਾਂ ਕਰਦਾ ਹੈ ਉਹ ਸਾਡੇ ਭਲੇ ਵਾਸਤੇ ਹੀ ਹੁੰਦਾ ਹੈ, ਇਸ ਵਾਸਤੇ, ਹੇ ਪਿਆਰੇ ! ਹਰ ਵੇਲੇ ਪ੍ਰਮੇਸ਼ਰ ਜੀ ਦਾ ਨਾਮ ਸਿਮਰਦੇ ਰਿਹਾ ਕਰੋ ।੩।
9. ਹੇ ਭਾਈਓ ! ਉਹ ਪ੍ਰਮਾਤਮਾਂ ਜੋ ਕੁਝ ਕਰਦਾ ਹੈ ਆਪ ਹੀ ਕਰਦਾ ਹੈ, ਆਪ ਹੀ ਕਰਦਾ ਹੈ, ਉਹ ਕਿਸੇ ਪਾਸੋਂ ਪੁੱਛ ਕੇ ਨਹੀਂ ਕਰਦਾ, ਕਿਸੇ ਨਾਲ ਵੀਚਾਰ ਕਰਕੇ ਨਹੀਂ ਕਰਦਾ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਉਸ ਪ੍ਰਮਾਤਮਾਂ ਦਾ ਨਾਮ ਸਿਮਰਨਾ ਚਾਹੀਦਾ ਹੈ ਜਿਸ ਨੇ ਮਿਹਰ ਕਰ ਕੇ (ਅਸਾਂ ਨੂੰ) ਗੁਰੂ ਮਿਲਾਇਆ ਹੈ ।੪।੧।੫।

ਭਾਵਾਰਥ :—ਹਰੀ ਬਿਨਾ ਹੋਰ ਕੋਈ ਸਹਾਈ ਨਹੀਂ

ਹੋ ਸਕਦਾ, ਉਹ ਆਪੇ ਮਿਹਰ ਕਰੇ ਤਾਂ ਗੁਰੂ ਮਿਲਾਂਦਾ ਹੈ, ਜਿਸ ਦੇ ਸ਼ਬਦ ਦੁਆਰਾ ਪਾਪ ਦੂਰ ਹੁੰਦੇ ਤੇ ਹਰੀ ਸਿਮਰਨ ਮਿਲਦਾ ਹੈ।

ਭੈਰਉ ਮਹਲਾ ੪ ॥

1. ਤੇ ਸਾਧੂ ਹਰਿ ਮੇਲਹੁ ਸੁਆਮੀ
ਜਿਨ ਜਪਿਆ ਗਤਿ ਹੋਇ ਹਮਾਰੀ ॥
2. ਤਿਨ ਕਾ ਦਰਸੁ ਦੇਖਿ ਮਨੁ ਬਿਗਸੈ
ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥
3. ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥
4. ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ
ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ਰਹਾਉ॥
5. ਤਿਨ ਮਤਿ ਊਤਮ ਤਿਨ ਪਤਿ ਊਤਮ
ਜਿਨ ਹਿਰਦੈ ਵਸਿਆ ਬਨਵਾਰੀ ॥
6. ਤਿਨ ਕੀ ਸੇਵਾ ਲਾਇ ਹਰਿ ਸੁਆਮੀ
ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥
7. ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ
ਤੇ ਹਰਿ ਦਰਗਹ ਕਾਢੇ ਮਾਰੀ ॥
8. ਤੇ ਨਰ ਨਿੰਦਕ ਸੋਭ ਨ ਪਾਵਹਿ
ਤਿਨ ਨਕ ਕਾਟੇ ਸਿਰਜਨਹਾਰੀ ॥੩॥
9. ਹਰਿ ਆਪਿ ਬੁਲਾਵੈ ਆਪੇ ਬੋਲੈ
ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥
10. ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ
ਜਨ ਨਾਨਕ ਕਿਆ ਏਹਿ ਜੰਤ ਵਿਚਾਰੀ॥੪॥੨॥੬॥

ਪਦ ਅਰਥ :–ਤੇ–ਉਹ। ਹਰਿ–ਹੇ ਹਰੀ। ਸੁਆਮੀ–ਹੇ ਸੁਆਮੀ। ਜਿਨ ਜਪਿਆ–ਜਿਨ੍ਹਾਂ ਨੂੰ ਯਾਦ ਕੀਤਿਆਂ। ਗਤਿ–ਉਚੀ ਆਤਮਕ ਅਵਸਥਾ। ਦੇਖਿ–ਵੇਖ ਕੇ। ਬਿਗਸੈ–ਖਿੜ ਪੈਂਦਾ ਹੈ। ਤਿਨ ਕਉ–ਉਨ੍ਹਾਂ ਉਤੇ। ਹਉ–ਹਉਂ, ਮੈਂ। ਬਲਿਹਾਰੀ–ਕੁਰਬਾਨ।੧।

ਹਿਰਦੈ–ਹਿਰਦੇ ਵਿਚ। ਜਪਿ–ਜਪੀਂ, ਮੈਂ ਜਪਾਂ। ਮੁਰਾਰੀ ਨਾਮੁ–(ਮੁਰ–ਅਰਿ)। ਅਰਿ–ਵੈਰੀ, ਪ੍ਰਮਾਤਮਾਂ ਦਾ ਨਾਮ। ਜਗਤ ਪਿਤਾ–ਹੇ ਜਗਤ ਦੇ ਪਿਤਾ। ਸੁਆਮੀ–ਹੇ ਸੁਆਮੀ। ਦਾਸਨਿ ਦਾਸ ਕੀਜੈ–ਦਾਸਾਂ ਦਾ ਦਾਸ ਬਣਾ ਲੈ। ਪਨਿਹਾਰੀ–ਪਾਣੀ ਢੋਣ ਵਾਲਾ ਸੇਵਕ।੧। ਰਹਾਉ।

ਪਤਿ–ਇੱਜ਼ਤ। ਜਿਨ ਹਿਰਦੈ–ਜਿਨ੍ਹਾਂ ਦੇ ਹਿਰਦੇ ਵਿਚ। ਬਨਵਾਰੀ–(ਸਾਰੀ ਬਨਾਸਪਤੀ ਹੈ ਮਾਲਾ ਜਿਸ ਦੀ) ਪ੍ਰਮਾਤਮਾਂ। ਹਰਿ ਸੁਆਮੀ–ਹੇ ਹਰਿ ਸੁਆਮੀ, ਹੇ ਹਰੀ, ਹੇ ਸੁਆਮੀ। ਲਾਇ–ਜੋੜੀ ਰੱਖ। ਤਿਨ ਸਿਮਰਤ–ਉਨ੍ਹਾਂ ਨੂੰ ਯਾਦ ਕੀਤਿਆਂ।੨।

ਜਿਨ–ਜਿਨ੍ਹਾਂ (ਮਨੁੱਖਾਂ) ਨੇ। ਤੇ–ਉਹ ਬੰਦੇ। ਕਾਢੇ ਮਾਰੀ–ਮਾਰਕੇ ਕੱਢੇ ਜਾਂਦੇ ਹਨ। ਸੋਭ–ਸੋਭਾ। ਸਿਰਜਨਹਾਰੀ–ਸਿਰਜਨਹਾਰ ਨੇ।੩।

ਨਿਰੰਜਨੁ–ਨਿਰਅੰਜਨੁ, ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ (ਅੰਜਨੁ–ਕਾਲਖ)। ਨਿਰੰਕਾਰੁ–ਅਕਾਰ ਰਹਿਤ, ਜਿਸ ਦਾ ਕੋਈ ਖਾਸ ਸਰੂਪ ਨਹੀਂ ਦਸਿਆ ਜਾ ਸਕਦਾ। ਨਿਰਾਹਾਰੀ–ਨਿਰ-ਅਹਾਰੀ (ਅਹਾਰ–ਖੁਰਾਕ)। ਜਿਸ ਨੂੰ ਕਿਸੇ ਖੁਰਾਕ ਦੀ ਲੋੜ ਨਹੀਂ ਪੈਂਦੀ। ਹਰਿ–ਹੇ ਹਰੀ। ਤੁਧੁ–ਤੈਨੂੰ। ਵਿਚਾਰੀ–ਵਿਚਾਰੇ, ਨਿਮਾਣੇ।੪।

ਅਰਥ :–

ਪ੍ਰ.–ਸ੍ਰੀ ਜੀਉ! ਗੁਰਮਤਿ ਅਨੁਸਾਰ ਉਸ ਅਕਾਲ ਪੁਰਖ ਪ ਸੋਂ ਕੀ ਮੰਗ ਮੰਗਦੇ ਰਹਿਣਾ ਚਾਹੀਦਾ ਹੈ?

1. ਉ:–ਹੇ ਭਾਈ! ਗੁਰਮਤਿ ਅਨਸਾਰ ਸਹੀ ਮੰਗ ਤਾਂ ਇਹੋ ਹੀ ਮੰਗਦੇ ਰਹਿਣਾ ਜੋਗ ਹੈ ਕਿ, ਹੇ ਹਰੀ, ਹੇ ਸੁਆਮੀ, ਮੈਨੂੰ ਉਨ੍ਹਾਂ ਗੁਰਮੁਖਾਂ ਦਾ ਮਿਲਾਪ ਕਰਾ ਦੇਹ, ਜਿਨ੍ਹਾਂ ਨੂੰ ਯਾਦ ਕੀਤਿਆਂ ਮੇਰੀ ਉਚੀ ਆਤਮਕ ਅਵਸਥਾ ਬਣ ਜਾਏ।
2. ਉਨ੍ਹਾਂ ਦਾ ਦਰਸ਼ਨ ਕਰ ਕੇ ਮੇਰਾ ਮਨ ਖਿੜਿਆ ਰਹੇ, ਹੇ ਹਰੀ! ਮੈਂ ਇਕ ਇਕ ਛਿਨ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।੧।
3. ਹੇ ਹਰੀ! ਹੇ ਜਗਤ ਦੇ ਪਿਤਾ, ਹੇ ਸੁਆਮੀ, ਮੇਰੇ ਉਤੇ ਮਿਹਰ ਕਰ, ਮੈਂ (ਸਦਾ) ਤੇਰਾ ਨਾਮ ਜਪਦਾ ਰਹਾਂ।
4. (ਮੇਰੇ ਉਤੇ) ਮਿਹਰ ਕਰ, ਮਿਹਰ ਕਰ, ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈ, ਮੈਨੂੰ ਆਪਣੇ ਦਾਸਾਂ ਦਾ ਪਾਣੀ ਢੋਣ ਵਾਲਾ ਸੇਵਕ ਬਣਾ ਲੈ।੧। ਰਹਾਉ।
5. ਹੇ ਭਾਈ! ਜਿਨ੍ਹਾਂ (ਗੁਰਮੁਖਾਂ) ਦੇ ਹਿਰਦੇ ਵਿਚ ਪ੍ਰਮਾਤਮਾਂ ਦਾ ਨਾਮ (ਸਦਾ) ਵਸਦਾ ਹੈ, ਉਨ੍ਹਾਂ ਦੀ ਮਤਿ ਸਰੇਸ਼ਟ ਹੁੰਦੀ ਹੈ, ਉਨ੍ਹਾਂ ਨੂੰ (ਲੋਕ ਪ੍ਰਲੋਕ ਵਿਚ) ਉਚੀ ਅਜ਼ਾਦੀ ਮਿਲਦੀ ਹੈ।
6. ਹੇ ਹਰੀ! ਹੇ ਸੁਆਮੀ! (ਮੈਨੂੰ ਉਨ੍ਹਾਂ ਗੁਰਮੁਖਾਂ ਦੀ) ਸੇਵਾ ਵਿਚ ਲਾਈ ਰਖ, ਉਨ੍ਹਾਂ ਨੂੰ ਯਾਦ ਕੀਤਿਆਂ ਮੈਨੂੰ ਉਚੀ ਆਤਮਕ ਅਵਸਥਾ ਮਿਲ ਸਕਦੀ ਹੈ।੨।

ਪ੍ਰ:–ਸ੍ਰੀ ਜੀਉ! ਰੱਬੀ ਦਰਬਾਰ ਵਿਚੋਂ ਧੱਕੇ ਮਾਰ ਕੇ ਕਿਨ੍ਹਾਂ ਬੰਦਿਆਂ ਨੂੰ ਕਢਿਆ ਜਾਵੇਗਾ?

7. ਉ:–ਹੇ ਭਾਈ! (ਜਿਸ ਗੁਰੂ ਦੀ ਸ਼ਰਨ ਪਿਆਂ ਉਚੀ ਆਤਮਕ ਅਵਸਥਾ ਮਿਲ ਜਾਂਦੀ ਹੈ) ਜਿਨ੍ਹਾਂ ਮਨੁੱਖਾਂ ਨੂੰ ਅਜਿਹਾ ਸਾਧੂ ਗੁਰੂ ਨਹੀਂ ਮਿਲਿਆ, ਉਹ ਮਨੁੱਖ ਪ੍ਰਮਾਤਮਾਂ ਦੀ ਹਜ਼ੂਰੀ ਵਿਚੋਂ ਧੱਕੇ ਮਾਰ ਕੇ ਕਢਿਆ ਜਾਵੇਗਾ।
8. ਹੇ ਭਾਈ! ਉਹ ਨਿੰਦਕ ਮਨੁੱਖ (ਕਿਤੇ ਭੀ) ਸੋਭਾ ਨਹੀਂ ਪਾਂਦੇ, ਸਿਰਜਨਹਾਰ ਨੇ (ਆਪ) ਉਨ੍ਹਾਂ ਦਾ ਨੱਕ ਕੱਟ ਦਿਤਾ ਹੋਇਆ ਹੈ।੩।
9. ਹੇ ਭਾਈ! ਜੀਵਾਂ ਦੇ ਭੀ ਕੀ ਵੱਸ ਹੈ? ਜਿਹੜਾ ਪ੍ਰਮਾਤਮਾਂ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿੰਦਾ ਹੈ, ਜਿਸ ਪ੍ਰਮਾਤਮਾਂ ਦਾ ਕੋਈ ਖਾਸ ਸਰੂਪ ਨਹੀਂ ਦਸਿਆ ਜਾ ਸਕਦਾ, ਜਿਸ

ਪ੍ਰਮਾਤਮਾਂ ਨੂੰ (ਜੀਵਾਂ ਵਾਂਗ) ਕਿਸੇ ਖੁਰਾਕ ਦੀ ਲੋੜ ਨਹੀਂ; ਉਹ ਪ੍ਰਮਾਤਮਾਂ ਆਪ ਹੀ (ਸਭ ਜੀਵਾਂ ਨੂੰ) ਬੋਲਣ ਦੀ ਪ੍ਰੇਰਨਾ ਕਰਦਾ ਹੈ, ਉਹ ਪ੍ਰਮਾਤਮਾਂ ਆਪ ਹੀ (ਸਭ ਜੀਵਾਂ ਵਿਚ ਬੈਠਾ) ਬੋਲਦਾ ਹੈ।

10. ਕਥਨ ਕਰਦ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ! ਜਿਸ ਮਨੁੱਖ ਨੂੰ ਤੂੰ (ਆਪਣੇ ਨਾਲ) ਮਿਲਾਂਦਾ ਹੈਂ, ਉਹੀ ਤੈਨੂੰ ਮਿਲ ਸਕਦਾ ਹੈ, ਇਨ੍ਹਾਂ ਜੀਵਾਂ ਨਿਮਾਣਿਆਂ ਦੇ ਕੁਝ ਭੀ ਵੱਸ ਨਹੀਂ ਹੈ।੪।੨।੬।

ਭਾਵਾਰਥ :–ਹਰੀ ਦੀ ਅਪਾਰ ਕਿਰਪਾ ਹੋਵੇ ਤਾਂ ਗੁਰੂ ਦਾ ਮਿਲਾਪ ਹੁੰਦਾ ਹੈ ਜਿਸ ਦੀ ਸੰਗਤ ਕਰ ਕੇ ਮਨੁੱਖ ਦਾ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੁੰਦਾ ਹੈ।

ਭੈਰਉ ਮਹਲਾ ੪ ॥

1. ਸਤਸੰਗਤਿ ਸਾਈ ਹਰਿ ਤੇਰੀ
ਜਿਤੁ ਹਰਿ ਕੀਰਤਿ ਹਰਿ ਸੁਨਣੇ ॥
2. ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ
ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥
3. ਜਗਜੀਵਨੁ ਹਰਿ ਧਿਆਇ ਤਰਣੇ ॥
4. ਅਨੇਕ ਅਸੰਖ ਨਾਮ ਹਰਿ ਤੇਰੇ
ਨ ਜਾਹੀ ਜਿਹਵਾ ਇਤੁ ਗਨਣੇ ॥੧॥ ਰਹਾਉ ॥
5. ਗੁਰਸਿਖ ਹਰਿ ਬੋਲਹੁ ਹਰਿ ਗਾਵਹੁ
ਲੇ ਗੁਰਮਤਿ ਹਰਿ ਜਪਣੇ ॥
6. ਜੋ ਉਪਦੇਸੁ ਸੁਣੇ ਗੁਰ ਕੇਰਾ
ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥
7. ਧੰਨੁ ਸੁ ਵੰਸੁ ਧੰਨੁ ਸੁ ਪਿਤਾ
ਧੰਨੁ ਸੁ ਮਾਤਾ ਜਿਨਿ ਜਨ ਜਣੇ ॥
8. ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ
ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥
9. ਹਰਿ ਹਰਿ ਅਗਮ ਨਾਮ ਹਰਿ ਤੇਰੇ
ਵਿਚਿ ਭਗਤਾ ਹਰਿ ਧਰਣੇ ॥
10. ਨਾਨਕ ਜਨਿ ਪਾਇਆ ਮਤਿ ਗੁਰਮਤਿ
ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥

ਪਦ ਅਰਥ:–ਸਾਈ–ਉਹੀ। ਜਿਤੁ–ਜਿਸ ਵਿਚ। ਕੀਰਤਿ–ਸਿਫਤ ਸਲਾਹ। ਸੁਨਣੇ–ਸੁਣੀ ਜਾਏ। ਭੀਨਾ–ਭਿੱਜ ਗਿਆ। ਤਿਨ ਚਰਣੇ–ਉਨ੍ਹਾਂ ਦੇ ਚਰਨ। ਹਮ ਸ੍ਰੇਵਹ–ਅਸੀਂ ਸੇਵੀਏ, ਮੈਂ ਸੇਵਾਂ।੧।

ਜਗਜੀਵਨੁ–ਜਗਤ ਦਾ ਆਸਰਾ ਪ੍ਰਭੂ। ਧਿਆਇ–ਸਿਮਰ ਕੇ। ਤਰਣੇ–(ਸੰਸਾਰ ਸਮੁੰਦ੍ਰ ਤੋਂ) ਪਾਰ ਲੰਘੀਦਾ ਹੈ। ਅਸੰਖ–ਅਣਗਿਣਤ। ਹਰਿ–ਹੇ ਹਰੀ। ਜਿਹਵਾ–ਜੀਭ। ਇਤੁ–ਇਸ ਦੀ ਰਾਹੀਂ। ਜਿਹਵਾ ਇਤੁ–ਇਸ ਜੀਭ ਨਾਲ।੧। ਰਹਾਉ।

ਗੁਰਸਿਖ–ਹੇ ਗੁਰੂ ਦੇ ਸਿਖੋ। ਲੈ–ਲੈ ਕੇ। ਕੇਰਾ–ਦਾ। ਘਣੇ–ਬਹੁਤ।੨।

ਧੰਨੁ–ਸੋਭਾ ਵਾਲਾ। ਵੰਸੁ–ਕੁਲ, ਖਾਨਦਾਨ। ਜਿਨਿ–ਜਿਸ ਨੇ। ਜਨ–ਭਗਤ। ਜਣੇ–ਜੰਮੇਂ, ਜਨਮ ਦਿਤਾ। ਜਿਨ–ਜਿਨ੍ਹਾਂ ਨੇ। ਸਾਸਿ–(ਹਰੇਕ) ਸਾਹ ਨਾਲ। ਗਿਰਾਸਿ–(ਹਰੇਕ) ਗਿਰਾਹੀ ਨਾਲ। ਸੇ–ਉਹ। ਸਾਚੀ–ਸਦਾ ਕਾਇਮ ਰਹਿਣ ਵਾਲੀ। ਬਣੇ–ਸੋਭਾ ਵਾਲੇ ਹੋਏ।੩।

ਅਗਮ–ਅਪਹੁੰਚ। ਧ ਣੇ ·ਰਖੇ ਹੋਏ ਹਨ। ਜਨਿ–ਜਨ ਨੇ, ਜਿਸ ਸੇਵਕ ਨੇ। ਪਾਰਿ ਪਵਣੇ–ਪਾਰ ਲੰਘ ਜਾਂਦੇ ਹਨ।੪।

ਅਰਥ :–

ਪ੍ਰ:–ਸ੍ਰੀ ਜੀਉ! ਆਪ ਜੀ ਸਹੀ ਰੂਪ ਵਿਚ ਸਾਧ ਸੰਗਤ ਕਿਸ ਇਕੱਠ ਨੂੰ ਅਨੁਭਵ ਕਰਦੇ ਹੋ?

1. **ਉ**:–ਹੇ ਭਾਈਓ! ਮੇਰੇ ਅੰਦਰੋਂ ਤਾਂ ਇਹੋ ਹੀ ਅਵਾਜ਼ ਨਿਕਲਦੀ ਰਹਿੰਦੀ ਹੈ ਕਿ, ਹੇ ਹਰੀ! (ਉਹੀ ਇਕੱਠ) ਤੇਰੀ ਸਾਧ ਸੰਗਤ (ਅਖਵਾ ਸਕਦੀ) ਹੈ, ਜਿਸ ਵਿਚ ਹੇ ਹਰੀ! ਤੇਰੀ ਸਿਫਤ ਸਲਾਹ ਸੁਣੀ ਜਾਂਦੀ ਹੈ।
2. ਹੇ ਭਾਈ! ਸਾਧ ਸੰਗਤ ਵਿਚ ਰਹਿ ਕੇ ਜਿਨ੍ਹਾਂ ਮਨੁੱਖਾਂ ਨੇ ਪ੍ਰਮਾਤਮਾਂ ਦਾ ਨਾਮ ਸੁਣਿਆ ਹੈ, (ਸਾਧ ਸੰਗਤ ਵਿਚ ਟਿਕ ਕੇ) ਜਿਨ੍ਹਾਂ ਦਾ ਮਨ (ਹਰਿ ਨਾਮ ਅੰਮ੍ਰਿਤ ਵਿਚ) ਭਿੱਜ ਗਿਆ ਹੈ ਮੈਂ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਨੀ (ਆਪਣੀ) ਸੁਭਾਗਤਾ ਸਮਝਦਾ ਹਾਂ।੧।
3. ਹੇ ਭਾਈ! ਜਗਤ ਦੇ ਜੀਵਨ ਪ੍ਰਭੂ ਨੂੰ ਸਿਮਰ ਕੇ ਸੰਸਾਰ ਸਾਗਰ ਤੋਂ ਪਾਰ ਲੰਘ ਜਾਈਦਾ ਹੈ।
4. ਹੇ ਹਰੀ! (ਤੇਰੀਆਂ ਸਿਫਤਾਂ ਤੋਂ ਬਣੇ ਹੋਏ) ਤੇਰੇ ਨਾਮ ਅਨੇਕਾਂ ਹਨ, ਅਨਗਿਣਤ ਹਨ, ਇਸ ਜੀਭ ਨਾਲ ਗਿਣੇ ਨਹੀਂ ਜਾ ਸਕਦੇ।੧। ਰਹਾਉ।

ਪ੍ਰ:–ਸ੍ਰੀ ਜੀਉ! ਸਾਨੂੰ ਹਮੇਸ਼ਾਂ ਗੁਰੂ ਦੀ ਸਿਖਿਆ ਸੁਣ ਕੇ ਸਾਧਨ ਕੀ ਕਰਦੇ ਰਹਿਣਾ ਚਾਹੀਦਾ ਹੈ?

5. **ਉ**:–ਹੇ ਗੁਰੂ ਦੇ ਸਿਖੋ! ਗੁਰੂ ਦੀ ਸਿਖਿਆ ਲੈ ਕੇ ਪ੍ਰਮੇਸ਼ਰ ਜੀ ਦਾ ਨਾਮ ਹੀ ਉਚਾਰਦੇ ਰਿਹਾ ਕਰੋ ਅਤੇ ਪ੍ਰਮਾਤਮਾਂ ਦੀ ਸਿਫਤ ਸਲਾਹ ਹੀ ਗਾਉਂਦੇ ਰਿਹਾ ਕਰੋ, ਹਰੀ ਦਾ ਨਾਮ ਜਪਿਆ ਕਰੋ।
6. ਹੇ ਗੁਰਸਿਖੋ! ਜਿਹੜਾ ਮਨੁੱਖ ਗੁਰੂ ਦਾ ਉਪਦੇਸ਼ (ਸ਼ਰਧਾ ਨਾਲ) ਸੁਣਦਾ ਹੈ, ਉਹ ਹਰੀ ਦੇ ਦਰ ਤੋਂ ਬਹੁਤ ਸੁਖ ਪ੍ਰਾਪਤ ਕਰਦਾ ਹੈ।੨।
7. ਹੇ ਭਾਈਓ! ਭਾਗਾਂ ਵਾਲੀ ਉਹ ਕੁਲ ਹੈ; ਧੰਨ ਹੈ ਉਹ ਪਿਤਾ ਤੇ ਧੰਨ ਹੈ ਉਹ ਮਾਂ ਜਿਸ ਨੇ ਭਗਤ ਜਨਾਂ ਨੂੰ ਜਨਮ ਦਿਤਾ ਹੈ।
8. ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਆਪਣ ਹਰੇਕ ਸਾਹ ਦੇ ਨਾਲ ਆਪਣੀ ਹਰੇਕ ਗਿਰਾਹੀ ਦੇ ਨਾਲ ਪ੍ਰਮਾਤਮਾਂ ਦਾ ਨਾਮ

ਸਿਮਰਿਆ ਹੈ, ਉਹ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੀ ਦਰਗਾਹ ਵਿਚ ਸੋਭਾ ਵਾਲੇ ਬਣ ਜਾਂਦੇ ਹਨ ।੩।

9. ਹੇ ਹਰੀ ! (ਤੇਰੇ ਬੇਅੰਤ ਗੁਣਾਂ ਦੇ ਕਾਰਨ) ਤੇਰੇ ਬੇਅੰਤ ਹੀ ਨਾਮ ਹਨ, ਤੂੰ ਉਹ ਆਪਣੇ ਨਾਮ ਆਪਣੇ ਭਗਤਾਂ ਦੇ ਹਿਰਦੇ ਵਿਚ ਟਿਕਾਏ ਹੋਏ ਹਨ ।

10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਸ ਜਿਸ ਸੇਵਕ ਨੇ ਗੁਰੂ ਦੀ ਮਤਿ ਉਤੇ ਤੁਰ ਕੇ ਪ੍ਰਮਾਤਮਾ ਦਾ ਨਾਮ ਪ੍ਰਾਪਤ ਕੀਤਾ ਹੈ, ਉਹ ਸਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।੪।੩।੭।

ਭਾਵਾਰਥ :–ਹਰੀ ਦੇ ਮਿਲਾਪ ਲਈ ਅਨੇਕਾਂ ਹੀ ਲੋਕ ਅਨੇਕਾਂ ਹੀ ਸਾਧਨ ਕਰਦ ਹਨ, ਪਰ, ਧੰਨ ਹੈ ਗੁਰੂ ਜਿਸ ਦੇ ਮਿਲਾਪ ਹੋਣ ਨਾਲ ਹੀ ਹਰੀ ਦਾ ਮਿਲਾਪ ਹੁੰਦਾ ਹੈ ।

ਭੈਰਉ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਸਗਲੀ ਥੀਤਿ ਪਾਸਿ ਡਾਰਿ ਰਾਖੀ ॥**
2. **ਅਸਟਮ ਥੀਤਿ ਗੋਵਿੰਦ ਜਨਮਾ ਸੀ ॥੧॥**
3. **ਭਰਮਿ ਭੂਲੇ ਨਰ ਕਰਤ ਕਚਰਾਇਣ ॥**
4. **ਜਨਮ ਮਰਣ ਤੇ ਰਹਤ ਨਾਰਾਇਣ ॥੧॥ਰਹਾਉ॥**
5. **ਕਰਿ ਪੰਜੀਰੁ ਖਵਾਇਓ ਚੋਰ ॥**
6. **ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥**
7. **ਸਗਲ ਪਰਾਧ ਦੇਹਿ ਲੋਰੋਨੀ ॥**
8. **ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥**
9. **ਜਨਮਿ ਨ ਮਰੈ ਨ ਆਵੈ ਨ ਜਾਇ ॥**
10. **ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥**

ਪਦ ਅਰਥ :–ਸਗਲੀ ਥੀਤਿ–ਸਾਰੀਆਂ ਥਿੱਤਾਂ । ਥੀਤਿ–ਚੰਦ੍ਰਮਾਂ ਦੇ ਹਿਸਾਬ ਨਾਲ ਗਿਣੇ ਹੋਏ ਦਿਨ । ਮੱਸਿਆ ਤੋਂ ਪੂਰਨਮਾਸ਼ੀ ਤਕ ਸੁਕਲ ਪੱਖ (ਸੁਦੀ) ਪੂਰਨਮਾਸ਼ੀ ਤੋਂ ਮੱਸਿਆ ਤਕ ਕ੍ਰਿਸ਼ਨ ਪੱਖ (ਵਦੀ) । ਮਹਾਂ ਪੁਰਖਾਂ ਦੇ ਜਨਮ ਦਿਨ ਆਮ ਤੌਰ ਤੇ ਇਨ੍ਹਾਂ ਥਿਤਾਂ ਅਨੁਸਾਰ ਗਿਣੀਦੇ ਆ ਰਹੇ ਹਨ । ਕ੍ਰਿਸ਼ਨ ਜੀ ਦਾ ਜਨਮ ਭਾਦਰੋਂ ਵਦੀ ਅਸ਼ਟਮੀ ਹੈ (ਭਾਦਰੋਂ ਦੀ ਪੂਰਨਮਾਸ਼ੀ ਤੋਂ ਪਿਛੋਂ ਅੱਠਵਾਂ ਦਿਨ) । ਅਸਟਮ–ਅੱਠਵੀਂ । ਗੋਵਿੰਦ ਜਨਮਾ ਸੀ (ਕ੍ਰਿਸ਼ਨ ਰੂਪ ਵਿਚ) ਪ੍ਰਮਾਤਮਾਂ ਦਾ ਜਨਮ ।੧।

ਭਰਮਿ–ਭੁਲੇਖੇ ਵਿਚ । ਭੂਲੇ ਨਰ–ਹੇ ਕੁਰਾਹੇ ਪਏ ਹੋਏ ਮਨੁੱਖ । ਕਚਰਾਇਣ–ਕੱਚੀਆਂ ਗੱਲਾਂ, ਉਹ ਗੱਲਾਂ ਜੋ ਦਲੀਲ ਦੀ ਕਸਵੱਟੀ ਉਤੇ ਨਾ ਠਹਿਰ ਸਕਣ । ਤ–ਤੋਂ । ਨਾਰਾਇਣ–ਪ੍ਰਮਾਤਮਾਂ ।੧। ਰਹਾਉ ।

ਕਰਿ–ਬਣਾ ਕੇ । ਚੋਰ–ਚੋਰੀ ਚੋਰੀ, ਲੁਕਾ ਕੇ । ਜਨਮਿ ਨ ਮਰੈ–ਜੰਮ ਕੇ ਨਹੀਂ ਮਰਦਾ, ਨਾ ਜੰਮਦਾ ਹੈ ਨਾ ਮਰਦਾ ਹੈ । ਰੇ ਸਾਕਤ–ਹੇ ਰੱਬ ਤੋਂ ਟੁੱਟੇ ਹੋਏ । ਰੇ ਢੋਰ–ਹੇ ਮਹਾ ਮੂਰਖ ।੨।

ਸਗਲ ਪਰਾਧ–ਸਾਰੇ ਅਪਰਾਧਾਂ (ਦਾ ਮੂਲ) । ਦੇਹਿ–ਦੇਹਿ–ਤੂੰ ਦੇਂਦਾ ਹੈਂ । ਲੋਰੋਨੀ-ਲੋਰੀ । ਸੁ–ਉਹ । ਜਲਉ–ਸੜ ਜਾਏ । ਜਿਤੁ-ਜਿਸ (ਮੂੰਹ) ਨਾਲ । ਕਹਹਿ–ਤੂੰ ਆਖਦਾ ਹੈਂ, ਕਹਹਿਂ ।੩।

ਨ ਆਵੈ ਨ ਜਾਇ–ਨਾ ਆਉਂਦਾ ਹੈ ਨਾ ਜਾਂਦਾ ਹੈ । ਸਮਾਇ ਰਹਿਓ–ਸਭ ਥਾਂ ਵਿਆਪਕ ਹੈ ।੪।

ਅਰਥ :–

ਉਥਾਨਕਾ :–ਇਕ ਪੰਡਤ ਸਰੋਤਿਆਂ ਨੂੰ ਇਹ ਕਥਾ ਸੁਣਾ ਰਿਹਾ ਹੈ ਕਿ ਉਸ ਪ੍ਰਮੇਸ਼ਰ ਨੇ ਭਾਦਰੋਂ ਅਸ਼ਟਮੀ ਨੂੰ ਕ੍ਰਿਸ਼ਨ ਰੂਪ ਵਿਚ ਜਨਮ ਲਿਆ ਸੀ, ਤਾਂ ਗੁਰੂ ਅਰਜਨ ਦੇਵ ਜੀ ਇਸ ਕੁਰਾਹੇ ਪਏ ਹੋਏ ਪੰਡਤ ਨੂੰ ਉਸ਼ ਸਰਵ ਵਿਆਪੀ ਪ੍ਰਮੇਸ਼ਰ ਜੀ ਦੀ ਸੋਝੀ ਦੇਣ ਹਿਤ ਇਹ ਮਹਾਂਵਾਕ ਉਚਾਰਨ ਕਰਦੇ ਹਨ ।

1. **ਉ**:–ਹੇ ਪੰਡਤ ਜੀ ! ਇਹ ਤੇਰਾ ਖਿਆਲ ! ਗਲਤ ਹੈ ਕਿ ਪ੍ਰਮਾਤਮਾਂ ਨੇ ਹੋਰ ਸਾਰੀਆਂ ਥਿਤਾਂ ਲਾਂਭੇ ਰਹਿਣ ਦਿਤੀਆਂ !
2. ਅਤੇ (ਭਾਦਰੋਂ ਵਦੀ) ਅਸ਼ਟਮੀ ਥਿਤ ਨੂੰ ਉਸ ਨੇ ਜਨਮ ਲਿਆ ਸੀ ।
3. ਹੇ ਭਟਕਣਾ ਦੇ ਕਾਰਨ ਕੁਰਾਹੇ ਪਏ ਹੋਏ ਮਨੁੱਖ ਤੂੰ ਇਹ ਕੱਚੀਆਂ ਗਲਾਂ ਕਰ ਰਿਹਾ ਹੈਂ ਕਿ ਪ੍ਰਮਾਤਮਾਂ ਨੇ ਭਾਦਰੋਂ ਵਦੀ ਅਸ਼ਟਮੀ ਨੂੰ ਕ੍ਰਿਸ਼ਨ ਰੂਪ ਵਿਚ ਜਨਮ ਲਿਆ ਹੈ ।

ਪ੍ਰ–ਸ੍ਰੀ ਜੀਉ ! ਆਪ ਜੀ ਦਸੋ ਇਸ ਬਾਰੇ ਕੀ ਕਹਿਣਾ ਚਾਹੋਗੇ?

4. **ਉ**:–ਹੇ ਭਾਈ ! ਮੈਂ ਤਾਂ ਗੁਰਮਤਿ ਅਨੁਸਾਰ ਇਹੋ ਵਿਸ਼ਵਾਸ਼ ਰਖਦਾ ਹਾਂ ਕਿ ਉਹ ਪ੍ਰਮਾਤਮਾਂ ਜੰਮਣ ਮਰਣ ਤੋਂ ਰਹਿਤ ਹੈ, (ਉਹ ਸਥਿਰ ਰੂਪ ਹੈ) ।੧। ਰਹਾਉ ।
5. **ਉ**:–ਹੇ ਭਾਈ ! ਸੁਣ, ਤੂੰ ਪੰਜੀਰ ਬਣਾ ਕੇ ਲੁਕਾ ਕੇ (ਆਪਣੇ ਵਲੋਂ ਪ੍ਰਮਾਤਮਾਂ ਨੂੰ ਕ੍ਰਿਸ਼ਨ ਮੂਰਤੀ ਦੇ ਰੂਪ ਵਿਚ) ਖਵਾਂਦਾ ਹੈਂ (ਫਲਜੀਰਾ–ਚੋਰੀ ਚੋਰੀ ਠਾਕਰ ਨੂੰ ਖਵਾਂਦੇ ਹਨ, ਭਾਵ ਪਰਦਾ ਸੁਟਕੇ ਠਾਕਰ ਨੂੰ ਭੋਗ ਲਵਾਂਦੇ ਹਨ) ।
6. ਹੇ ਰੱਬ ਤੋਂ ਟੁੱਟੇ ਹੋਏ ਮੂਰਖ ! (ਵੇਖ ਉਹ) ਪ੍ਰਮਾਤਮਾਂ ਨਾ ਜੰਮਦਾ ਹੈ ਨਾ ਹੀ ਮਰਦਾ ਹੈ ।੨।

ਪ੍ਰ:–ਕਿਉਂ ਜੀ ! ਮੈਂ ਜੋ ਕ੍ਰਿਸ਼ਨ ਦੀ ਮੂਰਤੀ ਨੂੰ ਕਿਸੇ ਪਾਲਕੀ ਪੰਗੂੜੇ ਵਿਚ ਬੈਠਾ ਕੇ ਲੋਰੀਆਂ ਦਾਂਦਾ ਹਾਂ ਕੀ ਆਪ ਜੀ ਇਸ ਨੂੰ ਪ੍ਰਭੂ ਦੀ ਪੂਜਾ ਨਹੀਂ ਸਮਝਦੇ ?

7. **ਉ**:–ਹੇ ਭਾਈ ! ਵੇਖ, ਜੋ ਤੂੰ ਕ੍ਰਿਸ਼ਨ ਦੀ ਮੂਰਤੀ ਨੂੰ ਲੋਰੀ ਦੇਂਦਾ ਹੈਂ ਤੂੰ ਸਮਝਦਾ ਹੈਂ ਕਿ ਮੈਂ ਪ੍ਰਮਾਤਮਾਂ ਨੂੰ ਲੋਰੀ ਦੇਂਦਾ ਹਾਂ, ਪਰ ਯਾਦ ਰਖ ਤੇਰਾ ਇਹ ਕੰਮ ਸਾਰੇ ਅਪਰਾਧਾਂ ਦਾ ਮੂਲ ।

ਪ੍ਰ:–ਕਿਉਂ ਜੀ ! ਤੁਸੀਂ ਮੇਰੀ ਕ੍ਰਿਸ਼ਨ ਮੂਰਤੀ ਦੇ ਰੂਪ ਵਿਚ ਭਗਵਾਨ ਨੂੰ ਲੋਰੀਆਂ ਦੇਂਦੇ ਰਹਿਣ ਨੂੰ ਅਪਰਾਧ ਰੂਪ ਵਿਚ ਕਿਵੇਂ ਵੇਖਦੇ ਹੋ ?

8. ਉ:–ਹੇ ਭਾਈ ! ਸੁਣ, ਤੂੰ ਇਹ ਜੋ ਨਿਸਚਾ ਰਖਦਾ ਹੈਂ ਕਿ ਉਹ ਮਾਲਕ ਪ੍ਰਭੂ ਜੂਨਾਂ ਵਿਚ ਆਉਂਦਾ ਹੈ, ਇਹੋ ਵਡਾ ਅਪਰਾਧ ਹੈ, ਪਰ ਮੈਂ ਤਾਂ ਤੇਰੇ ਇਸ ਵਿਸ਼ਵਾਸ਼ ਨੂੰ ਇਉਂ ਹੀ ਅਨੁਭਵ ਕਰਦਾ ਹਾਂ ਕਿ, ਸੜ ਜਾਏ (ਤੇਰਾ) ਉਹ ਮੂੰਹ ਜਿਸ ਦੀ ਰਾਹੀਂ ਤੂੰ ਇਹ ਆਖਦਾ ਹੈਂ ਕਿ ਮਾਲਕ ਪ੍ਰਭੂ ਜੂਨਾਂ ਵਿਚ ਆਉਂਦਾ ਹੈ ।੩।

ਪ੍ਰ:–ਸ੍ਰੀ ਜੀਉ ! ਇਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

9. ਉ:–ਹੇ ਭਾਈ ! ਸੱਚ ਤਾਂ ਇਹੋ ਹੀ ਹੈ ਕਿ ਉਹ ਮਾਲਕ ਨਾ ਜੰਮਦਾ ਹੈ ਨਾ ਮਰਦਾ ਹੈ ਨਾ ਆਉਂਦਾ ਹੈ ਨਾ ਜਾਂਦਾ ਹੈ ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਪ੍ਰਮਾਤਮਾਂ ਸਭ ਥਾਈਂ ਹੀ ਵਿਆਪਕ ਹੈ ।੪।੧।

ਭਾਵਾਰਥ : ਇਸ ਸ਼ਬਦ ਵਿਚ ਹਜ਼ੂਰ ਉਨ੍ਹਾਂ ਭਰਮ ਭੁਲੇਖਿਆਂ ਵਿਚ ਪਏ ਹੋਏ ਲੋਕਾਂ ਨੂੰ ਸੋਝੀ ਦੇਣ ਦੀ ਪ੍ਰੇਰਨਾ ਕਰਦੇ ਹਨ, ਜੋ ਲੋਕ ਇਕ ਉਸ ਸਰਬ ਵਿਆਪੀ ਪ੍ਰਮੇਸ਼ਰ ਨੂੰ ਛਡ ਕੇ ਉਸ ਦੀ ਥਾਂ ਕ੍ਰਿਸ਼ਨ ਆਦਿ ਮਨੁੱਖਾਂ ਨੂੰ ਮੰਨਦੇ ਤੇ ਉਨ੍ਹਾਂ ਦੇ ਦਿਨ ਮਨਾਉਂਦੇ ਹਨ, ਸੋ, ਉਨ੍ਹਾਂ ਲੋਕਾਂ ਨੂੰ ਕੱਚੇ ਦਰਸਾ ਰਹੇ ਹਨ ।

ਭੈਰਉ ਮਹਲਾ ੫ ॥

1. **ਊਠਤ ਸੁਖੀਆ ਬੈਠਤ ਸੁਖੀਆ ॥**
2. **ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥**
3. **ਰਾਖਾ ਏਕੁ ਹਮਾਰਾ ਸੁਆਮੀ ॥**
4. **ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥**
5. **ਸੋਇ ਅਚਿੰਤਾ ਜਾਗਿ ਅਚਿੰਤਾ ॥**
6. **ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥**
7. **ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥**
8. **ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥**

ਪਦ ਅਰਥ :–ਊਠਤ ਬੈਠਤ–ਉਠਦਾ ਬੈਠਦਾ ਹਰ ਵਕਤ । ਸੁਖੀਆ–ਆਤਮਕ ਅਨੰਦ ਵਿਚ । ਭਉ–(ਕਿਸੇ ਕਿਸਮ ਦਾ) ਡਰ । ਜਾਂ–ਜਦੋਂ । ਐਸੇ–ਇਸ ਤਰ੍ਹਾਂ । ਬੁਝੀਆ–(ਮਨੁੱਖ) ਸਮਝਦਾ ਹੈ ।੧।

ਹਮਾਰਾ–ਅਸਾਂ ਜੀਵਾਂ ਦਾ । ਸੁਆਮੀ–ਮਾਲਕ । ਘਟਾ ਕਾ–ਘਟਾਂ ਕਾ, ਸਰੀਰਾਂ ਦਾ । ਅੰਤਰਜਾਮੀ–ਦਿਲ ਦੀ ਜਾਨਣ ਵਾਲਾ ।੧। ਰਹਾਉ ।

ਸੋਇ–ਸੌਂਦਾ ਹੈ । ਜਾਗਿ–ਜਾਗੇ, ਜਾਗਦਾ ਹੈ । ਅਚਿੰਤਾ–ਚਿੰਤਾ ਰਹਿਤ ਹੋ ਕੇ । ਜਹਾ ਕਹਾ–ਜਿਥੇ ਕਿਥੇ, ਹਰ ਥਾਂ । ਪ੍ਰਭੁ ਤੂੰ–ਤੂੰ ਪ੍ਰਭੂ ਹੀ । ਵਰਤੰਤਾ–ਮੌਜੂਦ ਹੈਂ ।੨।

ਘਰਿ–ਘਰ ਵਿਚ । ਸੁਖਿ–ਅਨੰਦ ਵਿਚ । ਬਾਹਰਿ–ਘਰੋਂ ਬਾਹਰ । ਸੁਖੁ–ਅਨੰਦ । ਕਹੁ–ਆਖ । ਗੁਰਿ–ਗੁਰੂ ਨੇ । ਮੰਤ੍ਰੁ–ਉਪਦੇਸ਼ । ਦ੍ਰਿੜਾਇਆ–ਹਿਰਦੇ ਵਿਚ ਪੱਕਾ ਕਰ ਦਿਤਾ ।੩।

ਅਰਥ :–

ਪ੍ਰ:–ਸ੍ਰੀ ਜੀਉ ! ਸੰਸਾਰ ਦਾ ਹਰ ਮਨੁੱਖ ਹਰ ਸਮੇਂ ਦੁਖੀਆ ਹੀ ਵੇਖਣ ਵਿਚ ਆਉਂਦਾ ਹੈ, ਪਰ ਅਜਿਹਾ ਉਹ ਕਿਹੜਾ ਬੰਦਾ ਹੈ ਜੋ ਸਦਾ ਹੀ ਸੁਖੀਆ ਹੋਵੇ ?

1. ਉ:–ਹੇ ਭਾਈ ! ਅਸਲ ਵਿਚ ਉਹੀ ਮਨੁੱਖ ਉਠਦਾ ਬੈਠਦਾ ਹਰ ਵੇਲੇ ਹੀ ਆਤਮਕ ਅਨੰਦ ਮਾਣਦਾ ਹੈ, (ਪਰ, ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ ਕਿ)
2. ਪ੍ਰਮਾਤਮਾਂ ਹੀ ਸਭ ਦਾ ਰਾਖਾ ਹੈ, ਤਦੋਂ ਉਸ ਨੂੰ ਕੋਈ ਭੀ ਕਿਸੇ ਕਿਸਮ ਦਾ ਮੌਤ ਆਦਿਕ ਦਾ ਡਰ ਪੋਹ ਨਹੀਂ ਸਕਦਾ,।
3. ਹੇ ਭਾਈ ! ਜਦੋਂ ਕੋਈ ਮਨੁੱਖ ਇਉਂ ਅਨੁਭਵ ਕਰਦਾ ਹੈ ਕਿ ਅਸਾਂ ਜੀਵਾਂ ਦਾ ਰਾਖਾ ਇਕ ਮਾਲਕ ਪ੍ਰਭੂ ਹੀ ਹੈ ।
4. ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਨਣ ਵਾਲਾ ਹੈ ।੧। ਰਹਾਉ ।
5. ਹੇ ਭਾਈ ! ਉਹ ਮਨੁੱਖ ਨਿਸਚਿੰਤ ਹੋ ਕੇ ਸੌਂਦਾ ਹੈ, ਨਿਸਚਿੰਤ ਹੋ ਜਾਗਦਾ ਹੈ ।
6. ਪਰ, ਜਦ ਕੋਈ ਇਹ ਅਨੁਭਵ ਕਰ ਲੈਂਦਾ ਹੈ ਕਿ, ਹੇ ਪ੍ਰਭੂ ! ਤੂੰ ਹੀ ਸਭ ਥਾਵਾਂ ਵਿਚ ਹੀ ਮੌਜੂਦ ਹੈਂ ।
7. ਹੇ ਭਾਈ ! ਉਹ ਮਨੁੱਖ ਆਪਣੇ ਘਰ ਵਿਚ (ਭੀ) ਸੁਖੀ ਵਸਦਾ ਹੈ ਉਹ ਘਰੋਂ ਬਾਹਰ ਜਾ ਕੇ ਭੀ ਅਨੰਦ ਮਾਣਦਾ ਹੈ ।
8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਗੁਰੂ ਨੇ ਜਿਸ ਮਨੁੱਖ ਦੇ ਅੰਦਰ (ਇਹ) ਉਪਦੇਸ਼ ਪੱਕਾ ਕਰ ਦਿਤਾ ਹੈ ।੩।੨।

ਭਾਵਾਰਥ :–ਸੁਖੀ ਉਹੀ ਹੈ, ਜੋ ਉਸ ਨਿਰੰਕਾਰ ਨੂੰ ਘਟ ਘਟ ਵਿਚ ਵਿਆਪਕ ਜਾਣ ਕੇ ਸਿਮਰਦਾ ਹੈ ।

ਭੈਰਉ ਮਹਲਾ ੫ ॥

1. **ਵਰਤ ਨ ਰਹਉ ਨ ਮਹ ਰਮਦਾਨਾ ॥**
2. **ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥**
3. **ਏਕੁ ਗੁਸਾਈ ਅਲਹੁ ਮੇਰਾ ॥**
4. **ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥**
5. **ਹਜ ਕਾਬੈ ਜਾਉ ਨ ਤੀਰਥ ਪੂਜਾ ॥**
6. **ਏਕੋ ਸੇਵੀ ਅਵਰੁ ਨ ਦੂਜਾ ॥੨॥**
7. **ਪੂਜਾ ਕਰਉ ਨ ਨਿਵਾਜ ਗੁਜਾਰਉ ॥**
8. **ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥**
9. **ਨਾ ਹਮ ਹਿੰਦੂ ਨ ਮੁਸਲਮਾਨ ॥**
10. **ਅਲਹ ਰਾਮ ਕੇ ਪਿੰਡੁ ਪਰਾਨ ॥੪॥**
11. **ਕਹੁ ਕਬੀਰ ਇਹੁ ਕੀਆ ਵਖਾਨਾ ॥**
12. **ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥**

ਪਦ ਅਰਥ :–ਰਹਉ–ਰਹਉਂ, ਮੈਂ ਰਹਿੰਦਾ ਹਾਂ। ਮਹ ਰਮਦਾਨਾ-ਮਾਹ ਰਮਜਾਨਾ ਰਮਜਾਨ ਦਾ ਮਹੀਨਾ (ਜਦੋਂ ਰੋਜ਼ੇ ਰਖੇ ਜਾਂਦੇ ਹਨ)। ਤਿਸੁ–ਉਸ ਪ੍ਰਭੂ ਨੂੰ। ਸੇਵੀ–ਸੇਵੀਂ,ਮੈਂ ਸਿਮਰਦਾ ਹਾਂ। ਰਖੈ–ਰਖਿਆ ਕਰਦਾ ਹੈ। ਨਿਦਾਨਾ–ਆਖਰ ਨੂੰ ।੧।

ਗੁਸਾਈ–ਗੋ-ਸਾਈਂ, ਧਰਤੀ ਦਾ ਖਸਮ। ਅਲਹੁ–ਅੱਲਾ ਮੁਸਲਮਾਨਾਂ ਦਾ ਨਾਮ ਪ੍ਰਮਾਤਮਾਂ ਵਾਸਤੇ। ਦੁਹਾ ਨੇਬੇਰਾ–ਦੋਹਾਂ ਤੋਂ (ਸੰਬੰਧ) ਨਿਬੇੜ ਲਿਆ ਹੈ, ਦੋਹਾਂ ਨਾਲੋਂ ਮੁਕਾ ਲਿਆ ਹੈ ।੧। ਰਹਾਉ।

ਜਾਉ ਨ–ਜਾਉਂ ਨਾ, ਮੈਂ ਨਹੀਂ ਜਾਂਦਾ। ਏਕੋ ਸੇਵੀ–ਇਕ ਪ੍ਰਮਾਤਮਾਂ ਨੂੰ ਹੀ ਮੈਂ ਸਿਮਰਦਾ ਹਾਂ ।੨।

ਕਰਉ ਨ-ਕਰਉਂ ਨਾ, ਮੈਂ ਨਹੀਂ ਕਰਦਾ। ਨਿਵਾਜ–ਨਿਮਾਜ਼। ਨ ਗੁਜਾਰਉ–ਨਾ ਗੁਜ ਰਉਂ, ਮੈਂ ਨਹੀਂ ਗੁਜਾਰਦਾ, ਮੈਂ ਨਮਾਜ਼ ਨਹੀਂ ਪੜ੍ਹਦਾ। ਲੈ–ਲੈ ਕੇ। ਰਿਦੈ–ਹਿਰਦੇ ਵਿਚ। ਨਮਸਕਾਰਉ–ਨਮਸਕਾਰਉਂ, ਮੈਂ ਸਿਰ ਨਿਵਾਂਦਾ ਹਾਂ ।੩।

ਹਮ–ਅਸੀਂ। ਪਿੰਡ-ਸਰੀਰ। ਪਰਾਨ–ਪ੍ਰਾਣ, ਜਿੰਦ। ਕੇ–ਦੇ (ਦਿਤੇ ਹੋਏ) ।੪।

ਕਹੁ–ਆਖ। ਕਬੀਰ–ਹੇ ਕਬੀਰ। ਗੁਰ ਮਿਲਿ–ਗੁਰੂ ਨੂੰ ਮਿਲ ਕੇ। ਪੀਰ ਮਿਲਿ–ਪੀਰ ਨੂੰ ਮਿਲ ਕੇ। ਖੁਦਿ–ਆਪਣਾ ।੫।

ਅਰਥ :–

ਪ੍ਰ:–ਸ੍ਰੀ ਜੀਉ ! ਕੀ, ਆਪ ਜੀ ਮਾਨਸਕ ਅਵਸਥਾ ਦੀ ਉਚਾਈ ਦੇ ਮਾਰਗ ਪਰ ਚਲਦੇ ਰਹਿਣ ਲਈ ਕਿਸੇ ਵਰਤ ਆਦਿ ਰਖਣ ਵਿਚ ਯਕੀਨ ਰਖਦੇ ਹੋ ਜਾਂ ਕਿ ਰੋਜ਼ੇ ਆਦਿਕ ਰਖਣ ਨੂੰ ਆਤਮਕ ਜੀਵਨ ਦੀ ਉਚਾਈ ਦਾ ਸਾਧਨ ਮੰਨਦੇ ਹੋ ?

1. **ਉ:**–ਹੇ ਭਾਈਓ ! ਅਸਲ ਵਿਚ ਨਾ ਮੈਂ (ਹਿੰਦੂ ਦੇ) ਵਰਤਾਂ ਦਾ ਆਸਰਾ ਲੈਂਦਾ ਹਾਂ ਅਤੇ ਨਾ ਹੀ ਮੈਂ (ਮੁਸਲਮਾਨਾਂ ਦੇ) ਰਮਜਾਨ ਦੇ ਮਹੀਨੇ (ਵਿਚ ਰਖੇ ਰੋਜਿਆਂ ਤੇ) ਯਕੀਨ ਰਖਦਾ ਹਾਂ।

ਪ੍ਰ:–ਸ੍ਰੀ ਜੀਉ ! ਫਿਰ ਆਪ ਜੀ ਦਾ ਵਿਸ਼ਵਾਸ਼ ਕਿਸ ਰੂਪ ਵਿਚ ਸਮਝਿਆ ਜਾਏ ?

2 **ਉ**,–ਹੇ ਪਿਆਰੇ ! ਮੈਂ ਤਾਂ (ਸਿਰਫ)) ਉਸੇ ਪ੍ਰਮੇਸ਼ਰ ਨੂੰ ਸਿਮਰਦਾ ਹਾਂ ਜਿਹੜਾ ਆਖਿਰ (ਹਰੇਕ ਦੀ) ਰਖਿਆ ਕਰਦਾ ਹੈ ।੧।

3. ਹੇ ਭਾਈਓ ! ਮੇਰਾ ਤਾਂ ਸਿਰਫ ਇਕ ਉਹੀ ਹੈ (ਜਿਸ ਨੂੰ ਹਿੰਦੂ) ਗੁਸਾਈਂ (ਆਖਦਾ ਹੈ ਅਤੇ ਜਿਸ ਨੂੰ ਮੁਸਲਮਾਨ) ਅੱਲਾ ਕਹਿੰਦਾ ਹੈ।

4. ਇਸ ਲਈ, ਐ ਪਿਆਰੇ ! ਮੈਂ ਤਾਂ ਹਿੰਦੂ ਅਤੇ ਤੁਰਕ ਦੋਹਾਂ ਨਾਲੋਂ ਹੀ (ਆਪਣੀ) ਸਾਂਝ ਮੁਕਾ ਲਈ ਹੈ ।੧। ਰਹਾਉ।

ਪ੍ਰ:–ਕਿਉਂ ਜੀ ! ਕਾਬੇ ਦਾ ਹਜ ਕਰਨ ਬਾਰੇ ਅਤੇ ਤੀਰਥਾਂ ਤੇ ਪੂਜਾ ਕਰਨ ਸੰਬੰਧੀ ਆਪ ਜੀ ਦੇ ਕੀ ਵੀਚਾਰ ਹਨ ?

5. **ਉ:**–ਹੇ ਪਿਆਰਿਓ ! ਨਾ ਮੈਂ ਕਾਬੇ ਦਾ ਹੱਜ ਕਰਨ ਜਾਂਦਾ ਹਾਂ (ਜਿਵੇਂ ਕਿ ਮੁਸਲਮਾਨ ਜਾਂਦੇ ਹਨ) ਨਾ ਮੈਂ (ਹਿੰਦੂਆਂ ਵਾਂਗ) ਤੀਰਥਾਂ ਤੇ ਪੂਜਾ ਕਰਨ ਜਾਂਦਾ ਹਾਂ।

6. ਹੇ ਭਾਈ ! ਮੈਂ ਤਾਂ ਸਿਰਫ ਇਕ ਪ੍ਰਮਾਤਮਾਂ ਨੂੰ ਸਿਮਰਦਾ ਹਾਂ, ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ) ।੨।

7. ਹੇ ਭਾਈ ! ਮੈਂ ਨਾ (ਹਿੰਦੂਆਂ ਵਾਂਗ ਦੇਵ) ਪੂਜਾ ਕਰਦਾ ਹਾਂ ਅਤੇ ਨਾ ਹੀ (ਮੁਸਲਮਾਨਾਂ ਵਾਂਗ) ਨਮਾਜ਼ ਹੀ ਪੜ੍ਹਦਾ ਹਾਂ।

8. ਹੇ ਪਿਆਰੇ ! ਮੈਂ ਤਾਂ ਸਿਰਫ ਨਿਰੰਕਾਰ ਨੂੰ ਹਿਰਦੇ ਵਿਚ ਵਸਾ ਕੇ (ਉਸ ਅੱਗੇ ਹੀ) ਸਿਰ ਨਿਵਾਂਦਾ ਹਾਂ ।੩।

ਪ੍ਰ:–ਸ੍ਰੀ ਜੀਉ ! ਆਤਮਾਂ ਦੀ ਉਚਾਈ ਵਾਸਤੇ ਆਖਰ ਕਿਸੇ ਹਿੰਦੂ ਜਾਂ ਕਿਸੇ ਮੁਸਲਮਾਨ ਨੂੰ ਤਾਂ ਆਗੂ ਬਣਾਉਣਾ ਹੀ ਪੈਂਦਾ ਹੈ, ਆਪ ਜੀ ਕਿਸੇ ਤੇ ਯਕੀਨ ਰਖਦੇ ਹੋ ?

9. **ਉ:**–ਹੇ ਭਾਈਓ ! ਅਸਲ ਵਿਚ ਮੈਂ ਤਾਂ ਆਤਮਕ ਜੀਵਨ ਦੀ ਅਗਵਾਈ ਵਾਸਤੇ ਨਾ ਕਿਸੇ ਹਿੰਦੂ (ਦਾ ਮੁਥਾਜ) ਹਾਂ ਅਤੇ ਨਾ ਹੀ ਮੈਂ ਕਿਸੇ ਮੁਸਲਮਾਨ ਦੀ (ਮੁਥਾਜੀ) ਕਰਦਾ ਹਾਂ।

ਪ੍ਰ:–ਕਿਉਂ ਜੀ ! ਆਖਰ ਆਪ ਜੀ ਦਾ ਭਰੋਸਾ ਕੀ ਹੈ ?

10. **ਉ:**–ਹੇ ਪਿਆਰੇ ! ਮੇਰਾ ਯਕੀਨ ਤਾਂ ਇਹੋ ਹੀ ਹੈ ਕਿ, ਸਾਡੇ ਇਹ ਸਰੀਰ, ਸਾਡੀ ਇਹ ਜਿੰਦ (ਉਸ ਪ੍ਰਮਾਤਮਾਂ) ਦੇ ਦਿਤੇ ਹੋਏ ਹਨ (ਜਿਸ ਨੂੰ ਮੁਸਲਮਾਨ) ਅੱਲਾ (ਆਖਦਾ ਹੈ, ਜਿਸ ਨੂੰ ਹਿੰਦੂ) ਰਾਮ (ਕਹਿੰਦਾ ਹੈ) ।੪।

11. ਹੇ ਭਾਈਓ ! ਸੁਣੋ, ਕਬੀਰ ਜੀ ਕਥਨ ਕਰਦੇ ਹਨ ਕਿ, ਮੈਂ ਤਾਂ ਇਹ ਗੱਲ ਖੋਹਲ ਕੇ ਦਸਦਾ ਹਾਂ।

12. ਕਿ ਹੇ ਭਾਈ ! ਮੈਂ ਤਾਂ ਆਪਣੇ ਗੁਰੂ ਪੀਰ ਨੂੰ ਮਿਲ ਕੇ ਆਪਣੇ ਉਸ ਖਸਮ ਪ੍ਰਭੂ ਨਾਲ ਡੂੰਘੀ ਸਾਂਝ ਪਾ ਰਖੀ ਹੈ ।੫।੩।

ਭਾਵਾਰਥ :–ਇਸ ਮਹਾਂਵਾਕ ਵਿਚ ਸਤਿਗੁਰੂ ਜੀ ਆਪਣਾ ਮਤ, ਵਰਤ ਨੇਮ ਕਰਨ ਵਾਲੇ ਹਿੰਦੂਆਂ ਅਤੇ ਨਮਾਜ਼ ਰੋਜ਼ੇ ਰਖਣ ਵਾਲੇ ਮੁਸਲਮਾਨਾਂ ਤੋਂ ਵਖਰਾ ਦਸ ਕੇ ਇਕ ਨਿਰੰਕਾਰ ਦੇ ਪੁਜਾਰੀ ਹੋਣ ਦਾ ਦਾਹਵਾ ਕਰਦੇ ਹਨ।

ਨੋਟ :–ਇਸ ਸ਼ਬਦ ਦਾ ਸਿਰਲੇਖ ਹੈ 'ਮਹਲਾ ੫' ਪਰ ਅਖੀਰ ਤੇ ਲਫਜ਼ 'ਨਾਨਕ' ਦੇ ਥਾਂ 'ਕਬੀਰ' ਹੈ।

ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਲਿਖਿਆ ਹੋਇਆ ਹੈ, ਪਰ ਹੈ ਇਹ ਕਬੀਰ ਜੀ ਦੇ ਕਿਸੇ ਸ਼ਬਦ ਦੇ ਪ੍ਰਥਾਇ।

ਹੁਣ ਪਾਠਕ ਜਨ ਵੇਖ ਸਕਦੇ ਹਨ ਕਿ ਇਸੇ ਰਾਗ ਵਿਚ ਕਬੀਰ ਜੀ ਦਾ ਸ਼ਬਦ ਨੰ: ੭ ਉਸ ਵਿਚੋਂ ਹੇਠ ਲਿਖੀਆਂ ਤੁਕਾਂ ਪੜ੍ਹ ਕੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ

ਇਸ ਸ਼ਬਦ ਨਾਲ ਰਲਾਓ :–

ਹਮਰਾ ਝਗਰਾ ਰਹਾ ਨ ਕੋਊ ॥
ਪੰਡਤ ਮੁਲਾਂ ਛਾਡੇ ਦੋਊ ।੧। ਰਹਾਉ ॥
... ...
ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥੩॥

ਗੁਰੂ ਅਰਜਨ ਸਾਹਿਬ ਆਪਣੇ ਸ਼ਬਦ ਵਿਚ ਕਬੀਰ ਜੀ ਦੇ ਦਿਤੇ ਖਿਆਲ ਦੀ ਵਿਆਖਿਆ ਕਰ ਰਹੇ ਹਨ।

ਭੈਰਉ ਮਹਲਾ ੫ ॥

1. **ਦਸ ਮਿਰਗੀ ਸਹਜੇ ਬੰਧਿ ਆਨੀ ॥**
2. **ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥**
3. **ਸੰਤਸੰਗਿ ਲੇ ਚੜਿਓ ਸਿਕਾਰ ॥**
4. **ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥**
5. **ਆਖੇਰ ਬਿਰਤਿ ਬਾਹਰਿ ਆਇਓ ਧਾਇ ॥**
6. **ਅਹੇਰਾ ਪਾਇਓ ਘਰ ਕੈ ਗਾਂਇ ॥੨॥**
7. **ਮ੍ਰਿਗ ਪਕਰੇ ਘਰਿ ਆਣੇ ਹਾਟਿ ॥**
8. **ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥**
9. **ਏਹੁ ਅਹੇਰਾ ਕੀਨੋ ਦਾਨੁ ॥**
10. **ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥**

ਪਦ ਅਰਥ :–ਮਿਰਗੀ–ਹਿਰਨੀਆਂ। ਦਸ ਮਿਰਗੀ–ਦਸ ਹਿਰਨੀਆਂ, ਦਸ ਇੰਦ੍ਰੀਆਂ। ਸਹਜੇ–ਆਤਮਕ ਅਡੋਲਤਾ ਵਿਚ (ਟਿਕ ਕੇ)। ਬੰਧਿ–ਬੰਨ੍ਹ ਕੇ । ਆਨੀ–ਲੈ ਆਂਦੀਆਂ। ਪਾਂਚ ਮਿਰਗ–(ਕਾਮਾਦਿਕ) ਪੰਜ ਮਿਰਗ। ਬੇਧੇ–ਵਿੰਨ੍ਹ ਲਏ। ਸਿਵ ਕੀ ਬਾਨੀ–ਜ਼ਿਵ ਦੇ ਤੀਰਾਂ ਨਾਲ, ਕਦੇ ਖੱਤਾ ਨਾ ਖਾਣ ਵਾਲੇ ਤੀਰਾਂ ਨਾਲ, ਗੁਰੂ ਦੀ ਬਾਣੀ ਨਾਲ।੧।

ਸੰਤ ਸੰਗਿ ਲੇ–ਸੰਤ ਜਨਾਂ ਨੂੰ (ਆਪਣੇ) ਨਾਲ ਲੈ ਕੇ, ਸਾਧ ਸੰਗਤ ਵਿਚ ਟਿਕ ਕੇ। ਚੜਿਓ ਸਿਕਾਰ–ਸ਼ਿਕਾਰ ਖੇਡਣ ਲਈ ਚੜ੍ਹ ਪਿਆ, ਕਾਮਾਦਿਕ ਹਿਰਨਾਂ ਨੂੰ ਫੜਨ ਲਈ ਤਿਆਰੀ ਕਰ ਲਈ। ਮ੍ਰਿਗ ਪਕਰੇ–(ਪੰਜੇ ਕਾਮਾਦਿਕ) ਹਿਰਨ ਕਾਬੂ ਕਰ ਲਏ। ਘੋਰ–ਘੋੜੇ।੧। ਰਹਾਉ।

ਅਖੇਰ–ਅਖੇਤ, ਸ਼ਿਕਾਰ ਖੇਡਣਾ। ਬਿਰਤਿ–ਕਿਤਾ, ਸੁਭਾਉ। ਅਖੇਰ ਬਿਰਤਿ–ਵਿਸ਼ੇ ਵਿਕਾਰਾਂ ਦਾ ਕਸਬ (ਸੁਭਾਉ)। ਧਾਇ–ਧਾ ਕੇ, ਦੌੜ ਕੇ। ਅਹੇਰਾ–ਸ਼ਿਕਾਰ, ਜਿਸ ਨੂੰ ਪਕੜਨਾ ਸੀ ਉਹ (ਮਨ)। ਕੈ ਗਾਂਇ–ਦੇ ਗ੍ਰਾਮ ਵਿਚ, ਦੇ ਪਿੰਡ ਵਿਚ। ਘਰ ਕੈ ਗਾਂਇ–ਸਰੀਰ ਘਰ ਦੇ ਪਿੰਡ ਵਿਚ, ਸਰੀਰ ਦੇ ਅੰਦਰ ਹੀ।੨।

ਮ੍ਰਿਗ–(ਕਾਮਾਦਿਕ ਪੰਜੇ) ਹਿਰਨ। ਘਰਿ–ਘਰ ਵਿਚ। ਘਰਿ ਆਣੇ–ਘਰ ਵਿਚ ਲੈ ਆਂਦੇ। ਘਰਿ ਆਣੇ ਹਾਟਿ–ਹੱਟੀ ਵਿਚ ਲੈ ਆਂਦੇ, ਵਸ ਵਿਚ ਕਰ ਲਏ। ਚੁਖ ਚੁਖ–ਰਤਾ ਰਤਾ ਕਰ ਕੇ। ਲੈ ਗਏ–(ਸੰਤ ਜਨ) ਲੈ ਗਏ। ਬਾਂਢੇ ਬਾਟਿ–ਬਿਗ ਨੇ ਰਸਤੇ ਵਿਚ, ਓਪਰੇ ਪਿੰਡ ਵਿਚ (ਮੇਰੇ ਅੰਦਰੋਂ ਕਢ ਕੇ) ਹੋਰ ਥਾਂ (ਲੈ ਗਏ), ਮੇਰੇ ਅੰਦਰੋਂ ਸੰਤ ਜਨਾਂ ਨੇ ਉਨ੍ਹਾਂ ਨੂੰ ਉਕਾ ਹੀ ਕੱਢ ਦਿਤਾ।੩।

ਅਹੇਰਾ–ਸ਼ਿਕਾਰ, ਜਿਸ (ਮਨ) ਨੂੰ ਫੜਨਾ ਸੀ ਉਹ। ਕੈ ਘਰਿ–ਦੇ ਘਰ ਵਿਚ, ਦੇ ਹਿਰਦੇ ਵਿਚ।੪।

ਅਰਥ :–

ਪ੍ਰ:–ਸ੍ਰੀ ਜੀਉ ! ਇਹ ਦਸੇ ਇੰਦ੍ਰੀਆਂ ਤੇ ਪੰਜੇ ਕਾਮਾਦਿਕ ਬੜੇ ਹੀ ਬਲਵਾਨ ਸੂਰਮੇਂ, ਮਨੁੱਖ ਨੂੰ ਆਪਣੇ ਕਾਬੂ ਵਿਚ ਰਖਣ ਵਾਲੇ ਹਨ, ਪਰ ਆਪ ਜੀ ਨੇ ਇਨ੍ਹਾਂ ਨੂੰ ਕਿਹੜੀ ਸ਼ਕਤੀ ਨਾਲ ਕਾਬੂ ਕੀਤਾ ਹੈ ?

1. ਉ.–ਹੇ ਭਾਈਓ ! ਹੋਰ ਤਾਂ ਮੇਰੇ ਪਾਸ ਕੋਈ ਭੀ ਸ਼ਕਤੀ ਨਹੀਂ ਸੀ, ਪਰ ਸੰਤ ਜਨਾਂ ਦੀ ਸਹਾਇਤਾ ਨਾਲ, ਸਾਧ ਸੰਗਤ ਦੀ ਬਰਕਤ ਨਾਲ ਮੈਂ ਆਤਮਕ ਅਡੋਲਤਾ ਵਿਚ ਟਿਕ ਕੇ ਦਸੇ ਹਿਰਨੀਆਂ, (ਭਾਵ ਦਸੇ ਇੰਦ੍ਰੀਆਂ) ਬੰਨ੍ਹ ਕੇ ਲੈ ਆਂਦੀਆਂ (ਭਾਵ, ਵਸ ਵਿਚ ਕਰ ਲਈਆਂ)।
2. ਹੇ ਭਾਈ ! ਜੋ ਪੰਜ ਕਾਮਾਦਿਕ ਹਿਰਨ ਸਨ ਇਨ੍ਹਾਂ ਨੂੰ ਕਦੇ ਭੀ ਖਤਾ ਨਾ ਖਾਣ ਵਾਲੇ ਗੁਰੂ ਦੇ ਸ਼ਬਦ ਰੂਪੀ ਤੀਰਾਂ ਨਾਲ ਵਿੰਨ੍ਹ ਲਿਆ ਹੈ।੧।
3. ਪਰ, ਹੇ ਪਿਆਰੇ ! ਇਹ ਸਭੋ ਕੁਝ ਤਦੋਂ ਹੀ ਹੋਇਆ ਹੈ, ਜਦੋਂ ਮੈਂ ਸੰਤ ਜਨਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਚੜ੍ਹ ਪਿਆ, (ਭਾਵ, ਸਾਧ ਸੰਗਤ ਵਿਚ ਟਿਕ ਕੇ ਕਾਮਾਦਿਕ ਹਿਰਨਾਂ ਨੂੰ ਫੜਨ ਲਈ ਤਿਆਰੀ ਕਰ ਲਈ)।

ਪ੍ਰ:–ਸ੍ਰੀ ਜੀਉ ! ਬਾਹਰਲੇ ਸ਼ਿਕਾਰ ਖੇਡਣ ਲਈ ਤਾਂ ਘੋੜੇ ਅਤੇ ਹੋਰ ਹਥਿਆਰਾਂ ਦੀ ਲੋੜ ਪੈਂਦੀ ਹੈ, ਪਰ, ਆਪ ਜੀ ਪਾਸ ਘੋੜੇ ਤੇ ਹਥਿਆਰ ਕਿਹੜੇ ਸਨ ਜਿਨ੍ਹਾਂ ਨਾਲ ਤੁਸਾਂ ਨੇ ਇਨ੍ਹਾਂ ਵਿਕਾਰਾਂ ਰੂਪ ਇੰਦ੍ਰੀਆਂ ਦਾ ਸ਼ਿਕਾਰ ਕਰ ਲਿਆ ਹੈ, ਭਾਵ ਇਨ੍ਹਾਂ ਨੂੰ ਕਾਬੂ ਕਰ ਲਿਆ ਹੈ ?

4. **ਉ**:–ਹੇ ਭਾਈ ! ਅਸਲ ਵਿਚ ਇਨ੍ਹਾਂ ਸੂਖਮ ਵਿਕਾਰਾਂ ਨੂੰ ਮਾਰਨ ਲਈ ਕਿਸੇ ਬਾਹਰਲੇ ਹਥਿਆਰਾਂ ਦੀ ਲੋੜ ਹੀ ਨਹੀਂ ਪਈ, ਕਿਉਂਕਿ, ਇਨ੍ਹਾਂ ਵਿਕਾਰਾਂ ਨੂੰ ਮਾਰਨ ਲਈ ਕੇਵਲ ਗੁਰੂ ਦਾ ਸੂਖਮ ਸ਼ਬਦ ਹੀ ਕਾਫੀ ਹੈ, ਇਸ ਲਈ ਮੈਂ ਸਤਿ ਸੰਗਤ ਦੁਆਰਾ ਗੁਰੂ ਦੇ ਸ਼ਬਦ ਰਾਹੀਂ ਇਨ੍ਹਾਂ ਨੂੰ ਕਾਬੂ ਕਰ ਲਿਆ ਹੈ।੧। ਰਹਾਉ।

ਪ੍ਰ–ਸ੍ਰੀ ਜੀਉ ! ਇਨ੍ਹਾਂ ਵਿਕਾਰਾਂ ਦਾ ਸੁਭਾਉ ਤਾਂ ਬੜਾ ਬਲਵਾਨ ਹੈ ਇਸ ਦਾ ਤਿਆਗ ਤੁਸੀਂ ਕਿਵੇਂ ਕਰ ਲਿਆ ਹੈ ?

5. **ਉ**:–ਹੇ ਭਾਈ ! ਇਹ ਤਾਂ ਠੀਕ ਹੈ ਕਿ, ਵਿਕਾਰਾਂ ਦਾ ਜਜ਼ਬਾ ਬੜਾ ਹੀ ਬਲਵਾਨ ਹੈ, ਪਰ, ਮੈਂ ਤਾਂ ਸਾਧ ਸੰਗਤ ਦੀ ਬਰਕਤ ਨਾਲ ਸੰਤ ਜਨਾਂ ਦੀ ਸਹਾਇਤਾ ਨਾਲ ਵਿਸ਼ੇ ਵਿਕਾਰਾਂ ਦਾ ਸ਼ਿਕਾਰ ਖੇਡਣ ਦਾ ਸੁਭਾਉ (ਮੇਰੇ ਅੰਦਰੋਂ) ਦੌੜ ਕੇ ਬਾਹਰ ਨਿਕਲ ਗਿਆ ਹੈ।

6, ਹੇ ਪਿਆਰੇ ! ਮੈਂ ਜਿਸ ਮਨ ਨੂੰ ਪਕੜਨਾ ਸੀ ਉਹ ਮਨ ਸ਼ਿਕਾਰ ਮੈਨੂੰ ਆਪਣੇ ਸਰੀਰ ਦੇ ਅੰਦਰੋਂ ਹੀ ਲਭ ਪਿਆ ਹੈ (ਤੇ, ਮੈਂ ਉਸ ਨੂੰ ਕਾਬੂ ਕਰ ਲਿਆ ਹੈ) ।੨।

ਪ੍ਰ:—ਸ੍ਰੀ ਜੀਉ ! ਹੁਣ ਆਪ ਜੀ ਨੂੰ ਕਿਵੇਂ ਪ੍ਰਤੀਤ ਹੁੰਦਾ ਹੈ ?

7. ਉ:—ਹੇ ਭਾਈਓ ! ਹੁਣ ਮੈਨੂੰ ਇਉਂ ਅਨੁਭਵ ਹੋਣ ਲਗ ਪਿਆ ਹੈ ਕਿ, ਪੰਜਾਂ ਕਾਮਾਦਿਕ ਹਿਰਨਾਂ ਨੂੰ ਫੜ ਕੇ ਮੈਂ ਆਪਣੇ ਘਰ ਵਿਚ ਲੈ ਆਂਦਾ, ਆਪਣੀ ਹੱਟੀ ਵਿਚ ਲੈ ਆਂਦਾ ਹੈ ।

ਪ੍ਰ:—ਇਸ ਬਾਰੇ ਆਪ ਜੀ ਨੂੰ ਸਾਧਨ ਕੀ ਕਰਨਾ ਪਿਆ ਹੈ ?

8. ਉ:—ਹੇ ਭਾਈਓ ! ਮੈਂ ਸਾਧਨ ਤਾਂ ਕੋਈ ਭੀ ਨਹੀਂ ਕਰ ਸਕਿਆ, ਪਰ ਸੰਤ ਜਨ ਉਨ੍ਹਾਂ ਨੂੰ ਰਤਾ ਰਤਾ ਕਰ ਕੇ (ਮੇਰੇ ਅੰਦਰੋਂ) ਦੂਰ ਦੁਰਾਡੇ ਥਾਂ ਲੈ ਗਏ, (ਭਾਵ, ਮੇਰੇ ਅੰਦਰੋਂ ਸੰਤ ਜਨਾਂ ਨੇ ਪੰਜਾਂ ਕਾਮਾਦਿਕ ਹਿਰਨਾਂ ਨੂੰ ਉਕਾ ਹੀ ਕੱਢ ਦਿਤਾ) ।੩।

ਪ੍ਰ:—ਕਿਉਂ ਜੀ ! ਆਖਰ, ਇਸ ਸ਼ਿਕਾਰ ਖੇਡਣ ਦਾ ਤੁਹਾਨੂੰ ਫਲ ਕੀ ਹਾਸਲ ਹੋਇਆ ਹੈ ?

9. ਉ: -ਹੇ ਭਾਈਓ ! ਅਸਲ ਵਿਚ ਸੰਤ ਜਨਾਂ ਨੇ ਇਹ ਫੜਿਆ ਹੋਇਆ ਸ਼ਿਕਾਰ (ਭਾਵ ਇਹ ਵੱਸ ਵਿਚ ਕੀਤਾ ਹੋਇਆ ਮੇਰਾ ਮਨ) ਮੈਨੂੰ ਬਖਸ਼ੀਸ਼ ਵਿਚ ਹੀ ਦੇ ਦਿਤਾ ਹੈ । (ਦਾਨ ਵਜੋਂ ਅਰਪਨ ਕਰ ਦਿਤਾ ਹੈ) ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਹੁਣ ਮੇਰੇ ਹਿਰਦੇ ਵਿਚ ਸਿਰਫ ਪ੍ਰਮਾਤਮਾਂ ਦਾ ਨਾਮ ਹੀ ਨਾਮ ਹੈ (ਮਨ ਵਸ ਵਿਚ ਆ ਗਿਆ ਹੈ ਤੇ ਕਾਮਾਦਿਕ ਭੀ ਆਪਣਾ ਜ਼ੋਰ ਨਹੀਂ ਪਾ ਸਕਦੇ) ।੪।੪।

ਭਾਵਾਰਥ :—ਇਸ ਸ਼ਬਦ ਵਿਚ ਸ਼ਿਕਾਰ ਦਾ ਅਲੰਕਾਰ ਲੈ ਕੇ ਦਸ ਰਹੇ ਹਨ ਕਿ ਸਤਿ ਸੰਗਤ ਨੂੰ ਨਾਲ ਲੈ ਕੇ ਪਾਪਾਂ ਦਾ ਪ੍ਰਹਾਰ ਕਰਨ ਚੜ੍ਹੇ ਅਤੇ ਗੁਰਬਾਣੀ ਦੇ ਬੇ-ਖਤਾਂ ਤੀਰਾਂ ਨਾਲ ਕਾਮਾਦਿਕ ਮਿਰਗ ਮਾਰੇ ਅਤੇ ਆਪਣੇ ਅੰਦਰੋਂ ਹੀ ਨਾਮ ਦਾ ਸ਼ਿਕਾਰ ਮਿਲ ਗਿਆ, ਜੋ ਸਤ ਸੰਗੀਆਂ ਨਾਲ ਮਿਲ ਕੇ ਖਾਧਾ ।

ਭੈਰਉ ਮਹਲਾ ੫ ॥

1. ਜੇ ਸਉ ਲੋਚਿ ਲੋਚਿ ਖਾਵਾਇਆ ॥
2. ਸਾਕਤ ਹਰਿ ਹਰਿ ਚੀਤਿ ਨ ਆਇਆ ॥੧॥
3. ਸੰਤ ਜਨਾ ਕੀ ਲੇਹੁ ਮਤੇ ॥
4. ਸਾਧ ਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥
5. ਪਾਥਰ ਕਉ ਬਹੁ ਨੀਰੁ ਪਵਾਇਆ ॥
6. ਨਹ ਭੀਗੈ ਅਧਿਕ ਸੂਕਾਇਆ ॥੨॥
7. ਖਟੁ ਸਾਸਤ੍ਰ ਮੂਰਖੈ ਸੁਨਾਇਆ ॥
8. ਜੈਸੇ ਦਹ ਦਿਸ ਪਵਨੁ ਝੁਲਾਇਆ ॥੩॥
9. ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥
10. ਤਿਉ ਸਾਕਤ ਤੇ ਕੋ ਨ ਬਰਾਸਾਇਆ ॥੪॥
11. ਤਿਤ ਹੀ ਲਾਗਾ ਜਿਤੁ ਕੋ ਲਾਇਆ ॥
12. ਕਹੁ ਨਾਨਕ ਪ੍ਰਭਿ ਬਣਤ ਬਣਾਇਆ ॥੫॥੫॥

ਪਦ ਅਰਥ :—ਸਉ—ਸੌ ਵਾਰੀ । ਲੋਚਿ—ਲੋਚ ਕੇ, ਤਾਂਘ ਨਾਲ । ਲੋਚਿ ਲੋਚਿ—ਬੜੀ ਤਾਂਘ ਨਾਲ । ਜੇ ਖਵਾਇਆ—ਜੇ (ਨਾਮ ਭੋਜਨ) ਖਵਾਇਆ ਜਾਏ । ਸਾਕਤ ਚੀਤਿ—ਸਾਕਤ ਦੇ ਚਿਤ ਵਿਚ । ਸਾਕਤ—ਪ੍ਰਭੂ ਨਾਲੋਂ ਟੁੱਟਾ ਹੋਇਆ ਮਨੁੱਖ।੧।

ਮਤੇ—ਮਤਿ, ਸਿਖਿਆ । ਸਾਧ ਸੰਗਿ -ਸਾਧ ਸੰਗਤ ਵਿਚ । ਪਰਮ ਗਤੇ—ਸਭ ਤੋਂ ਉੱਚੀ ਆਤਮਕ ਅਵਸਥਾ ।੧। ਰਹਾਉ ।

ਕਉ—ਨੂੰ । ਨੀਰੁ—ਪਾਣੀ । ਭੀਗੈ—ਭਿੱਜਦਾ । ਅਧਿਕ—ਬਹੁਤ ।੨।

ਖਟੁ—ਛੇ । ਮੂਰਖੈ—ਮੂਰਖ ਨੂੰ । ਦਹ ਦਿਸ—ਦਸੀਂ ਪਾਸੀਂ । ਦਿਸ—ਪਾਸਾ । ਪਵਨੁ—ਹਵਾ ।੩।

ਕਣ—ਅੰਨ ਦੇ ਦਾਣੇ । ਖਲਹਾਨੁ—ਖਲਵਾੜਾ । ਗਾਹਨ ਪਾਇਆ—ਗਾਹਿਆ ਜਾਏ । ਤੇ—ਤੋਂ । ਕੋ—ਕੋਈ ਭੀ ਮਨੁੱਖ । ਬਰਾਸਾਇਆ—ਲਾਭ ਉਠਾ ਸਕਦਾ ।੪।

ਤਿਤ ਹੀ—ਉਸ (ਕੰਮ) ਵਿਚ ਹੀ । ਜਿਤੁ—ਜਿਸ (ਕੰਮ) ਵਿਚ । ਕੋ—ਕੋਈ ਮਨੁੱਖ । ਪ੍ਰਭਿ—ਪ੍ਰਭੂ ਨੇ । ਬਣਤ—ਮਰਯਾਦਾ ।੫।

ਅਰਥ :—

ਪ੍ਰ:—ਸ੍ਰੀ ਜੀਉ ! ਪ੍ਰਭੂ ਦਾ ਨਾਮ ਤਾਂ ਬਹੁਤ ਲੋਕ ਸਰਵਣ ਕਰਦੇ ਹਨ, ਪਰ ਸਾਰਿਆਂ ਦੇ ਅੰਤਰ ਆਤਮੇਂ ਕਿਉਂ ਨਹੀਂ ਟਿਕ ਸਕਦਾ ?

1. ਉ:—ਹੇ ਪਿਆਰੇ ! ਇਹ ਠੀਕ ਹੈ ਕਿ ਪ੍ਰਮਾਤਮਾਂ ਦਾ ਨਾਮ ਬਹੁਤ ਲੋਕ ਸੁਣਦੇ ਹਨ, ਪਰ, ਹੇ ਭਾਈ ! ਜੋ ਮਨੁੱਖ ਪ੍ਰਮਾਤਮਾਂ ਵਲੋਂ ਟੁਟੇ ਹੋਏ ਸਾਕਤ ਜਨ ਹਨ, ਜੇ ਉਨ੍ਹਾਂ ਨੂੰ ਸੌ ਵਾਰੀ ਭੀ ਬੜੀ ਤਾਂਘ ਨਾਲ (ਉਸ ਦੇ ਆਤਮਕ ਜੀਵਨ ਦੀ ਕਾਇਮੀ ਲਈ ਨਾਮ) ਭੋਜਨ ਖਵਾਲਣ ਦਾ ਯਤਨ ਕੀਤਾ ਜਾਏ ।

2. ਤਾਂ ਭੀ ਉਸ ਦੇ ਚਿਤ ਵਿਚ ਪ੍ਰਮੇਸ਼ਰ ਜੀ ਦਾ ਨਾਮ (ਭੋਜਨ) ਟਿਕ ਨਹੀਂ ਸਕਦਾ ।੧।

ਪ੍ਰ:—ਸ੍ਰੀ ਜੀਉ ! ਨਾਮ ਹਿਰਦੇ ਵਿਚ ਟਿਕਾਉਣ ਲਈ ਕੀ ਸਾਧਨ ਕਰੀਏ ?

3.4 ਉ:—ਹੇ ਭਾਈ ! ਕੁਸੰਗੀ ਬੰਦਿਆਂ ਦੀ ਸੰਗਤ ਕਰਨ ਦੇ ਥਾਂ ਸੰਤ ਜਨਾਂ ਪਾਸੋਂ (ਸਹੀ ਜੀਵਨ ਜੁਗਤ ਦੀ) ਸਿਖਿਆ ਲਿਆ ਕਰੋ, ਜਿਸ ਦੀ ਬਰਕਤ ਨਾਲ ਤੁਸੀਂ ਸਭ ਤੋਂ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲਓਗੇ ।੧।ਰਹਾਉ।

ਪ੍ਰ:—ਸ੍ਰੀ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਜੋ ਸਾਕਤ

ਲੋਕ ਭੀ ਹਨ ਉਹ ਭੀ ਸੰਗਤ ਵਿਚ ਹੀ ਵਸਦੇ ਹਨ, ਪਰ ਉਨ੍ਹਾਂ ਤੇ ਅਸਰ ਕਿਉਂ ਨਹੀਂ ਹੁੰਦਾ ?

5. ਉ:-ਹੇ ਭਾਈ ! ਉਨ੍ਹਾਂ ਸਾਕਤਾਂ ਨੂੰ ਇਉਂ ਹੀ ਜਾਣੋ ਕਿ, ਜਿਵੇਂ ਜੇ ਕਿਸੇ ਪੱਥਰ ਉਤੇ ਬਹੁਤ ਸਾਰਾ ਪਾਣੀ ਸੁਟਾਇਆ ਜਾਵੇ।

6. ਤਾਂ ਭੀ ਉਹ ਪੱਥਰ ਅੰਦਰੋਂ ਭਿੱਜਦਾ ਨਹੀਂ (ਅੰਦਰੋਂ ਉਹ) ਬਿਲਕੁਲ ਸੁੱਕਾ ਹੀ ਰਹਿੰਦਾ ਹੈ (ਹੇ ਪਿਆਰੇ) ਇਹੋ ਹੀ ਹਾਲ ਸਾਕਤ ਲੋਕਾਂ ਦਾ ਹੈ ।੨।

ਪ੍ਰ:-ਸ੍ਰੀ ਜੀਉ ! ਇਸ ਦੀ ਸਪਸ਼ਟਤਾ ਲਈ ਕੋਈ ਹੋਰ ਉਦਾਹਰਣ ਦਿਓ ?

7. ਉ:-ਹੇ ਭਾਈਓ ! ਜਾਂ ਇਉਂ ਹੀ ਸਮਝੋ ਕਿ, ਜੇ ਕਿਸੇ ਅਨਪੜ੍ਹ ਮੂਰਖ ਨੂੰ ਛੇ ਸ਼ਾਸਤ੍ਰ ਸੁਣਾਏ ਜਾਣ, ਉਹ ਅਨਪੜ੍ਹ ਵਿਚਾਰਾ ਕੀ ਸਮਝੇ ਉਨ੍ਹਾਂ ਸ਼ਾਸਤਰਾਂ ਨੂੰ ? ਉਸਦੇ ਭਾਣੇ ਤਾਂ ਇਉਂ ਹੀ ਹੈ,

8. ਜਿਵੇਂ ਉਸ ਦੇ ਦਸੀਂ ਪਾਸੀਂ (ਨਿਰੀ) ਹਵਾ ਹੀ ਚਲ ਰਹੀ ਹੈ (ਹੇ ਭਾਈ ! ਇਹੋ ਹੀ ਹਾਲ ਸਾਕਤ ਪੁਰਖ ਦਾ ਹੈ) ।੩।

ਪ੍ਰ:-ਗੁਰਦੇਵ ਜੀਉ ! ਆਖਰ, ਅਜਿਹੇ ਰੱਬ ਦੇ ਟੁੱਟੇ ਹੋਏ ਮਨੁੱਖਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

9. ਉ:-ਹੇ ਭਾਈ ! ਵੇਖੋ, ਜਿਵੇਂ ਅੰਨ ਦੇ ਦਾਣਿਆਂ ਤੋਂ ਬਿਨਾ ਕੋਈ ਖਲਵਾੜਾ ਗਾਹਿਆ ਜਾਏ (ਉਸ ਵਿਚੋਂ ਦਾਣਿਆਂ ਦਾ ਬੋਹਲ ਨਹੀਂ ਬਣੇਗਾ)।

10. ਹੇ ਪਿਆਰੇ ! ਤਿਵੇਂ ਹੀ ਪ੍ਰਮੇਸ਼ਰ ਜੀ ਦੇ ਚਰਨਾਂ ਨਾਲੋਂ ਟੁੱਟੇ ਹੋਏ ਮਨੁੱਖ ਪਾਸੋਂ ਕੋਈ ਮਨੁੱਖ ਆਤਮਕ ਜੀਵਨ ਦੀ ਖੁਰਾਕ ਪ੍ਰਾਪਤ ਨਹੀਂ ਕਰ ਸਕਦਾ।

ਪ੍ਰ:-ਸ੍ਰੀ ਜੀਉ ! ਆਖਰ ਇਹ ਸਾਕਤ ਰੱਬ ਵਲ ਲਗਣ ਦਾ ਉਪਰਾਲਾ ਕਿਉਂ ਨਹੀਂ ਕਰਦਾ ?

11. ਉ:-ਹੇ ਭਾਈਓ ! ਅਸਲ ਵਿਚ ਸਾਕਤ ਦੇ ਭੀ ਕੀ ਵਸ ਹੈ ? ਕਿਉਂਕਿ, ਹਰ ਕੋਈ ਉਸੇ (ਕੰਮ) ਵਿਚ ਹੀ ਲਗਦਾ ਹੈ ਜਿਸ ਵਿਚ ਪ੍ਰਮਾਤਮਾਂ ਵਲੋਂ ਉਹ ਲਾਇਆ ਜਾਂਦਾ ਹੈ।

12. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਕੋਈ ਸਾਕਤ ਹੈ ਤੇ ਕੋਈ ਸੰਤ ਹੈ, ਇਹ) ਖੇਡ ਪ੍ਰਭੂ ਨੇ ਆਪ ਹੀ ਬਣਾਈ ਹੋਈ ਹੈ ।੫।੫।

ਭਾਵਾਰਥ :-ਮਨਮੁਖ ਨੂੰ ਉਸ ਪ੍ਰਮੇਸ਼ਰ ਜੀ ਦਾ ਨਾਮ ਨਹੀਂ ਭਾਉਂਦਾ, ਕਿਉਂਕਿ, ਉਹ ਪੱਥਰ ਵਾਂਗ ਅਭਿੱਗ ਨਿਕੋਰਾ ਹੁੰਦਾ ਹੈ, ਪਰ, ਉਹ ਭੀ ਕੀ ਕਰੇ ਪ੍ਰਮੇਸ਼ਰ ਜੀ ਨੇ ਉਸ ਦੀ ਬ੍ਰਿਤੀ ਹੀ ਐਸੀ ਬਣਾਈ ਹੈ।

ਭੈਰਉ ਮਹਲਾ ੫ ॥

1. ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥
2. ਜਿਨਹਿ ਉਪਾਏ ਤਿਸ ਕਉ ਪੀਰ ॥੧॥
3. ਗੁਰੁ ਗੋਬਿੰਦੁ ਜੀਅ ਕੈ ਕਾਮ ॥
4. ਹਲਤਿ ਪਲਤਿ ਜਾ ਕੀ ਸਦ ਛਾਮ ॥੧॥ ਰਹਾਉ ॥
5. ਪ੍ਰਭੁ ਆਰਾਧਨ ਨਿਰਮਲ ਰੀਤਿ ॥
6. ਸਾਧਸੰਗਿ ਬਿਨਸੀ ਬਿਪਰੀਤਿ ॥੨॥
7. ਮੀਤ ਹੀਤ ਧਨੁ ਨਹ ਪਾਰਣਾ ॥
8. ਧੰਨਿ ਧੰਨਿ ਮੇਰੇ ਨਾਰਾਇਣਾ ॥੩॥
9. ਨਾਨਕੁ ਬੋਲੈ ਅੰਮ੍ਰਿਤ ਬਾਣੀ ॥
10. ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥

ਪਦ ਅਰਥ :-ਜੀਉ-ਜਿੰਦ। ਜਿਨਿ-ਜਿਸ (ਪ੍ਰਮਾਤਮਾਂ) ਨੇ। ਰਚਿਓ-ਬਣਾਇਆ ਹੈ। ਪੀਰ-ਦਰਦ, ਸਨੇਹ ।੧।

ਜੀਅ ਕੈ ਕਾਮ-ਜਿੰਦ ਦੇ ਕੰਮ, ਜਿੰਦ ਵਾਸਤੇ ਲਾਭਦਾਇਕ। ਹਲਤਿ-ਇਸ ਲੋਕ ਵਿਚ। ਪਲਤਿ-ਪ੍ਰਲੋਕ ਵਿਚ। ਜਾ ਕੀ-ਜਿਸ (ਪ੍ਰਮਾਤਮਾਂ) ਦੀ। ਸਦ-ਸਦਾ। ਛਾਮ-ਛਾਂ, ਸਾਮ, ਆਸਰਾ ।੧। ਰਹਾਉ।

ਰੀਤਿ-ਜੀਵਨ ਮਰਯਾਦਾ, ਜੀਵਨ ਜੁਗਤਿ। ਨਿਰਮਲ-ਪਵਿੱਤਰ। ਸੰਗਿ-ਸੰਗਤ ਵਿਚ। ਬਿਨਸੀ-ਨਾਸ ਹੋ ਜਾਂਦੀ ਹੈ। ਬਿਪਰੀਤਿ-(ਸਿਮਰਨ ਤੋਂ) ਉਲਟੀ ਜੀਵਨ ਜੁਗਤਿ ।੨।

ਹੀਤ-ਹਿਤੂ, ਸ਼ਨੇਹੀ। ਪਾਰਣਾ-ਪਰਨਾ, ਆਸਰਾ। ਧੰਨਿ-ਸਲਾਹੁਣ ਜੋਗ। ਨਾਰਾਇਣਾ-ਹੇ ਨਾਰਾਇਣ, ਹੇ ਪ੍ਰਮਾਤਮਾਂ ।੩।

ਅੰਮ੍ਰਿਤ-ਆਤਮਕ ਜੀਵਨ ਦੇਣ ਵਾਲੀ। ਜਾਣੀ-ਜਾਣਿ, ਸਮਝੀਂ।੪।

ਅਰਥ :-

ਪ੍ਰ:-ਸ੍ਰੀ ਜੀਉ ! ਇਸ ਜਗਤ ਦੇ ਅਣਗਿਣਤ ਜੀਵਾਂ ਦੀ ਸੰਭਾਲ ਕਰਨ ਵਾਲੀ ਉਹ ਕਿਹੜੀ ਸ਼ਕਤੀ ਹੈ, ਜਿਸ ਨੇ ਇਸ ਨੂੰ ਹਰ ਪੱਖੋਂ ਆਪਣੇ ਵੱਸ ਵਿਚ ਰਖਿਆ ਹੈ ?

1. ਉ:-ਹੇ ਭਾਈਓ ! ਅਸਲ ਵਿਚ ਜਿਸ (ਪ੍ਰਮਾਤਮਾਂ) ਨੇ ਜਿੰਦ ਪ੍ਰਾਣ (ਦੇ ਕੇ ਜੀਵਾਂ ਦੇ) ਸਰੀਰ ਰਚੇ ਹਨ।

2. ਹੇ ਭਾਈ ! ਜਿਸ ਪ੍ਰਮਾਤਮਾਂ ਨੇ ਜੀਵ ਪੈਦਾ ਕੀਤੇ ਹਨ, ਉਸ ਨੂੰ ਹੀ (ਇਨ੍ਹਾਂ ਸਾਰੇ ਜੀਵਾਂ ਦਾ) ਦਰਦ ਹੈ ।੧।

ਪ੍ਰ:-ਸ੍ਰੀ ਜੀਉ ! ਗੁਰਮਤਿ ਅਨੁਸਾਰ ਲੋਕ ਪ੍ਰਲੋਕ ਵਿਚ ਜੀਵਾਂ ਦਾ ਸਹੀ ਸਹਾਇਕ ਕੌਣ ਹੈ ?

3. ਉ:-ਹੇ ਭਾਈ ! ਜਿਸ (ਗੁਰੂ) ਦਾ ਜਿਸ (ਗੋਬਿੰਦ) ਦਾ ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਸਦਾ ਮਨੁੱਖ ਨੂੰ ਆਸਰਾ ਹੈ।

4. ਉਹ ਗੁਰੂ (ਹੀ) ਉਹ ਗੋਬਿੰਦ (ਹੀ) ਜਿੰਦ ਦੀ ਸਹਾਇਤਾ ਕਰਨ ਵਾਲਾ ਹੈ ।੧। ਰਹਾਉ।

5. ਹੇ ਭਾਈ ! ਉਸ ਪ੍ਰਮਾਤਮਾਂ ਨੂੰ ਸਿਮਰਨਾ ਹੀ ਪਵਿਤਰ ਜੀਵਨ ਜੁਗਤ ਹੈ। (ਹੇ ਭਾਈ ! ਇਹ ਜੀਵਨ ਜੁਗਤ ਸਾਧ ਸੰਗਤ ਵਿਚ ਪ੍ਰਾਪਤ ਹੁੰਦੀ ਹੈ)।

6. ਹੇ ਪਿਆਰੇ ! ਸਾਧ ਸੰਗਤ ਵਿਚ ਰਹਿ ਕੇ (ਸਿਮਰਨ ਤੋਂ) ਉਲਟੀ ਜੀਵਨ ਜੁਗਤ ਨਾਸ ਹੋ ਜਾਂਦੀ ਹੈ, (ਭਾਵ ਸਿਮਰਨ ਨਾ ਕਰਨ ਦੀ ਮਾੜੀ ਵਾਦੀ ਖਤਮ ਹੋ ਜਾਂਦੀ ਹੈ) ।੨।

ਪ੍ਰ:–ਕਿਉਂ ਜੀ ! ਜੋ ਸਾਡੇ ਹਿਤੂ ਮਿੱਤ੍ਰ ਅਤੇ ਧਨ ਆਦਿਕ ਹਨ ਕੀ ਇਹ ਮਨੁੱਖ ਦੇ ਸਹਾਇਕ ਨਹੀਂ ਹੁੰਦੇ ?

7. ਉ:–ਹੇ ਭਾਈ ! ਵੇਖ, ਮਿੱਤ੍ਰ, ਹਿਤੂ, ਧਨ ਇਹ (ਮਨੁੱਖ ਦੀ ਜਿੰਦ ਦਾ) ਸਹਾਰਾ ਨਹੀਂ ਹਨ ।

8. ਹੇ ਮੇਰੇ ਪਿਆਰੇ ਪ੍ਰਮਾਤਮਾਂ ! (ਤੂੰ ਹੀ ਅਸਾਂ ਜੀਵਾਂ ਦਾ ਆਸਰਾ ਹੈਂ) ਤੂੰਹੀਂ ਸਲਾਹੁਣੇ ਜੋਗ ਹੈਂ ਤੂੰਹੀਂ ਸਲਾਹੁਣੇ ਜੋਗ ਹੈਂ ।੩।

ਪ੍ਰ:–ਸ੍ਰੀ ਜੀਉ ! ਆਖਰ, ਮੈਨੂੰ ਕੀ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

9. ਉ:–ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮੈਂ ਤਾਂ ਤੈਨੂੰ ਅਮਰ ਜੀਵਨ ਦੇਣ ਵਾਲਾ (ਇਹ) ਬਚਨ ਆਖਦਾ ਹਾਂ ।

10. ਕਿ, ਹੇ ਭਾਈ ! ਇਕ ਪ੍ਰਮਾਤਮਾਂ ਤੋਂ ਬਿਨਾ ਕਿਸੇ ਹੋਰ ਨੂੰ (ਜ਼ਿੰਦਗੀ ਦਾ ਸਹਾਰਾ) ਨਾ ਸਮਝੀਂ ।੪ ੬।

ਭਾਵਾਰਥ :–ਮਨੁੱਖ ਦੀ ਬਿਰਤੀ ਪ੍ਰਮੇਸ਼ਰ ਤੋਂ ਉਲਟ ਹੋ ਰਹੀ ਹੈ, ਪਰ ਇਹ ਉਲਟੀ ਬਿਰਤੀ ਤਦੋਂ ਬਦਲ ਜਾਂਦੀ ਹੈ, ਜਦੋਂ ਸਾਡਾ ਦਰਦੀ ਰੱਬ ਮਿਹਰ ਕਰਦਾ ਹੈ ਤੇ ਸਾਧ ਸੰਗਤ ਦੇ ਕੇ ਹਰੀ ਦੀ ਅਰਾਧਨਾਂ ਤੇ ਨਿਰਮਲ ਕਰਣੀ ਦਾ ਦਾਨ ਬਖਸ਼ਸ਼ ਕਰਦਾ ਹੈ ।

ਭੈਰਉ ਮਹਲਾ ੫ ॥

1. **ਆਗੈ ਦਯੁ ਪਾਛੈ ਨਾਰਾਇਣ ॥**
2. **ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥੧॥**
3. **ਪ੍ਰਭੂ ਹਮਾਰੈ ਸਾਸਤ੍ਰ ਸਉਣ ॥**
4. **ਸੂਖ ਸਹਜ ਆਨੰਦ ਗ੍ਰਿਹ ਭਉਣ ॥੧॥ ਰਹਾਉ ॥**
5. **ਰਸਨਾ ਨਾਮੁ ਕਰਨ ਸੁਣਿ ਜੀਵੇ ॥**
6. **ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥੨॥**
7. **ਜਨਮ ਜਨਮ ਕੇ ਦੂਖ ਨਿਵਾਰੇ ॥**
8. **ਅਨਹਦ ਸਬਦ ਵਜੇ ਦਰਬਾਰੇ ॥੩॥**
9. **ਕਰਿ ਕਿਰਪਾ ਪ੍ਰਭਿ ਲੀਏ ਮਿਲਾਏ ॥**
10. **ਨਾਨਕ ਪ੍ਰਭ ਸਰਣਾਗਤਿ ਆਏ ॥੪॥੭॥**

ਪਦ ਅਰਥ :–ਆਗੈ–ਅਗਾਹਾਂ ਆਉਣ ਵਾਲੇ ਸਮੇਂ ਵਿਚ । ਪਾਛੈ–ਪਿਛਲੇ ਲੰਘ ਚੁਕੇ ਸਮੇਂ ਵਿਚ । ਦਯੁ–ਤਰਸ ਕਰਨ ਵਾਲਾ ਪ੍ਰਭੂ । ਮਧਿ ਭਾਗਿ–ਵਿਚਕਾਰਲੇ ਹਿਸੇ ਵਿਚ, ਹੁਣ ਭੀ । ਰਸਾਇਣ–ਸਾਰੇ ਰਸਾਂ ਦਾ ਘਰ, ਸਾਰੇ ਸੁਖ ਦੇਣ ਵਾਲਾ ।੧।

ਹਮਾਰੈ–ਸਾਡੇ ਵਾਸਤੇ । ਸਉਣ–ਸ਼ਗਨ, ਚੰਗਾ ਮਹੂਰਤ । ਸ਼ਾਸ਼ਤ੍ਰ ਸਉਣ–ਸ਼ਗਨ ਦਸਣ ਵਾਲਾ ਸ਼ਾਸ਼ਤ੍ਰ । ਭਉਣ–ਭਵਨ, ਘਰ ।੧। ਰਹਾਉ ।

ਰਸਨਾ–ਜੀਭ (ਨਾਲ) । ਕਰਨ–ਕੰਨਾਂ ਨਾਲ । ਸੁਣਿ–ਸੁਣ ਕੇ । ਜੀਵੇ–ਆਤਮਕ ਜੀਵਨ ਹਾਸਲ ਕਰ ਗਏ । ਸਿਮਰਿ ਸਿਮਰਿ–ਸਦਾ ਸਿਮਰ ਕੇ । ਅਮਰ–ਅ-ਮਰ, ਆਤਮਕ ਮੌਤ ਤੋਂ ਬਚੇ ਹੋਏ । ਥਿਰੁ–(ਵਿਕਾਰਾਂ ਵਲੋਂ) ਅਡੋਲ ਚਿਤ । ਥੀਵੇ–ਹੋ ਗਏ ।੨।

ਨਿਵਾਰੇ–ਦੂਰ ਕਰ ਲਏ । ਅਨਹਦ–ਬਿਨਾ ਵਜਾਏ, ਇਕ ਰਸ । ਸਬਦ–(ਪੰਜਾਂ ਕਿਸਮਾਂ ਦੇ ਸਾਜਾਂ ਦੇ) ਅਵਾਜ਼ । ਦਰਬਾਰੇ–ਦਰਬਾਰ ਵਿਚ, ਹਿਰਦੇ ਵਿਚ ।੩।

ਕਰਿ–ਕਰ ਕੇ । ਪ੍ਰਭਿ–ਪ੍ਰਭੂ ਨੇ । ਨਾਨਕ–ਹੇ ਨਾਨਕ।੪।

ਅਰਥ :–

ਪ੍ਰ:–ਸ੍ਰੀ ਜੀਉ ! ਸਾਡੀ ਹਰ ਵਕਤ ਰਖਿਆ ਕਰਨ ਵਾਲੀ ਉਹ ਕਿਹੜੀ ਸ਼ਕਤੀ ਹੈ ਜਿਸ ਤੇ ਸਾਨੂੰ ਯਕੀਨ ਰਖਣਾ ਚਾਹੀਦਾ ਹੈ ?

1. ਉ:–ਹੇ ਭਾਈਓ ! ਅਸਲ ਵਿਚ ਹਰ ਮਨੁੱਖ ਨੂੰ ਇਉਂ ਹੀ ਨਿਸਚਾ ਰਖਣਾ ਚਾਹੀਦਾ ਹੈ ਕਿ, ਅਗਾਹਾਂ ਆਉਣ ਵਾਲੇ ਸਮੇਂ ਵਿਚ (ਇਕ) ਉਹ ਪ੍ਰਮੇਸ਼ਰ ਹੀ (ਅਸਾਂ ਜੀਵਾਂ ਉਤੇ) ਤਰਸ ਕਰਨ ਵਾਲਾ ਹੈ ਅਤੇ ਪਿਛੇ ਲੰਘ ਚੁਕੇ ਸਮੇਂ ਵਿਚ ਭੀ ਪ੍ਰਮਾਤਮਾਂ ਹੀ (ਸਾਡਾ ਰਾਖਾ ਸੀ) ।

2. ਅਤੇ ਹੁਣ ਭੀ ਸਾਰੇ ਸੁਖਾਂ ਦਾ ਦਾਤਾ ਪ੍ਰਭੂ ਹੀ (ਸਾਡੇ ਨਾਲ) ਪਿਆਰ ਕਰਨ ਵਾਲਾ ਹੈ ।੧।

ਪ੍ਰ:–ਸ੍ਰੀ ਜੀਉ ! ਸਾਨੂੰ ਕਈ ਵਾਰ ਚੰਗੇ ਮਹੂਰਤ ਪੁਛਣ ਲਈ ਕਿਸੇ ਜੋਤਸ਼ੀ ਪਾਸ ਜਾਣਾ ਪੈਂਦਾ ਹੈ ਉਹ ਸਾਨੂੰ ਸਉਣ ਸ਼ਾਸਤ੍ਰ ਅਨੁਸਾਰ ਸਾਡੇ ਚੰਗੇ ਮਹੂਰਤਾਂ ਬਾਰੇ ਸਾਨੂੰ ਸੋਝੀ ਦੇਂਦਾ ਹੈ, ਇਸ ਬਾਰੇ ਆਪ ਜੀ ਦੇ ਗੁਰਮਤਿ ਅਨੁਸਾਰ ਕੀ ਵੀਚਾਰ ਹਨ ?

3. ਉ:–ਹੇ ਭਾਈਓ ! ਅਸੀਂ ਤਾਂ ਇਉਂ ਹੀ ਵਿਸ਼ਵਾਸ਼ ਰਖਦੇ ਹਾਂ ਕਿ, ਚੰਗਾ ਮਹੂਰਤ ਦਸਣ ਵ ਸਤੇ ਸਾਡੇ ਲਈ ਤਾਂ ਇਕ ਪ੍ਰਭੂ ਦਾ ਨਾਮ ਹੀ ਸਉਣ ਸ਼ਾਸਤ੍ਰ ਹੈ ।

4. ਹੇ ਭਾਈ ! ਜਿਸ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ, ਉਸ ਹਿਰਦੇ ਘਰ ਵਿਚ ਸਦਾ ਆਤਮਕ ਅਡੋਲਤਾ ਦੇ ਸੁਖ ਹਨ, ਅਨੰਦ ਹਨ ।੧। ਰਹਾਉ ।

ਪ੍ਰ.–ਸ੍ਰੀ ਜੀਉ ! ਕੀ ਇਸ ਤਰ੍ਹਾਂ ਦੇ ਸਾਧਨ ਕਰਨ ਨਾਲ ਕਿਸੇ ਨੂੰ ਆਤਮਕ ਜੀਵਨ ਦਾ ਲਾਭ ਭੀ ਪ੍ਰਾਪਤ ਹੋਇਆ ਹੈ ?

5. ਉ:–ਹੇ ਭਾਈ ! ਇਕ ਦੋ ਨਹੀਂ ਸਗੋਂ ਅਨੇਕਾਂ ਹੀ ਜੀਵ ਜੀਭ ਨਾਲ ਨਾਮ (ਜਪ ਕੇ) ਕੰਨਾਂ ਨਾਲ (ਨਾਮ) ਸੁਣ ਕੇ ਆਤਮ ਜੀਵਨ ਪ੍ਰਾਪਤ ਕਰ ਗਏ ।

6. ਹੇ ਭਾਈ ! ਪ੍ਰਮੇਸ਼ਰ ਦਾ ਨਾਮ ਸਦਾ ਹੀ ਸਿਮਰ ਕੇ (ਅਨੇਕਾਂ ਜੀਵ) ਆਤਮਕ ਮੌਤ ਤੋਂ ਬਚ ਗਏ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਚਿੱਤ ਹੋ ਗਏ ।੨।

7. ਐ ਪਿਆਰੇ ! ਜਿਨ੍ਹਾਂ ਨੇ ਪ੍ਰਮਾਤਮਾਂ ਦੇ ਨਾਮ ਨੂੰ ਜੀਵਨ ਦਾ ਆਸਰਾ ਬਣਾਇਆ ਹੈ, ਉਨ੍ਹਾਂ ਨੇ ਆਪਣੇ ਅਨੇਕਾਂ ਹੀ ਜਨਮਾਂ ਦੇ ਦੁੱਖ ਪਾਪ ਦੂਰ ਕਰ ਲਏ ।

8. ਅਤੇ ਉਨ੍ਹਾਂ ਦੇ ਹਿਰਦੇ ਦਰਬਾਰ ਵਿਚ ਇਉਂ ਇਕ ਰਸ ਅਨੰਦ ਬਣ ਗਿਆ, ਜਿਵੇਂ ਪੰਜਾਂ ਹੀ ਕਿਸਮਾਂ ਦੇ ਸਾਜ ਵਜਣ ਨਾਲ ਸੰਗੀਤਕ ਰਸ ਬਣਦਾ ਹੈ ।੩।

9. ਹੇ ਪਿਆਰੇ ! ਪ੍ਰਮਾਤਮਾਂ ਨੇ ਕ੍ਰਿਪਾ ਕਰ ਕੇ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਜੋੜ ਲਿਆ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਜਿਹੜੇ ਮਨੁੱਖ ਸ਼ਗਨ ਆਦਿਕਾਂ ਦੇ ਭਰਮਾਂ ਨੂੰ ਛਡ ਕੇ ਸਿਧੇ ਪ੍ਰਮਾਤਮਾਂ ਦੀ ਸ਼ਰਨ ਆ ਪਏ ਹਨ ।੪।੭।

ਭਾਵਾਰਥ :-ਹਰੀ ਦੀ ਅਰਾਧਨਾ ਕਰਨ ਨਾਲ ਹਰੀ ਹਰ ਪਾਸੇ ਦਿਸਦਾ ਹੈ; ਜੋ ਕੰਨਾਂ ਨਾਲ ਅਤੇ ਜੀਭ ਨਾਲ ਉਸੇ ਦੇ ਗੁਣ ਗਾਉਂਦੇ ਤੇ ਸੁਣਦੇ ਹਨ, ਉਹ ਇਸ ਤਰ੍ਹਾਂ ਜਨਮਾਂ ਜਨਮਾਤ੍ਰਾਂ ਦੇ ਦੁਖ ਦੂਰ ਕਰ ਕੇ ਪਰਮ ਅਨੰਦ ਵਿਚ ਲੀਨ ਰਹਿੰਦੇ ਹਨ ।

ਭੈਰਉ ਮਹਲਾ ੫ ॥

1. ਕੋਟਿ ਮਨੋਰਥ ਆਵਹਿ ਹਾਥ ॥
2. ਜਮ ਮਾਰਗ ਕੇ ਸੰਗੀ ਪਾਂਥ ॥੧॥
3 ਗੰਗਾ ਜਲੁ ਗੁਰ ਗੋਬਿੰਦ ਨਾਮ ॥
4. ਜੋ ਸਿਮਰੈ ਤਿਸ ਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ ਰਹਾਉ ॥
5. ਪੂਜਾ ਜਾਪ ਤਾਪ ਇਸਨਾਨ ॥
6. ਸਿਮਰਤ ਨਾਮ ਭਏ ਨਿਹਕਾਮ ॥੨॥
7. ਰਾਜ ਮਾਲ ਸਾਦਨ ਦਰਬਾਰ ॥
8, ਸਿਮਰਤ ਨਾਮ ਪੂਰਨ ਆਚਾਰ ॥੩॥
9. ਨਾਨਕ ਦਾਸ ਇਹੁ ਕੀਆ ਬੀਚਾਰੁ ॥
10. ਬਿਨੁ ਹਰਿਨਾਮ ਮਿਥਿਆ ਸਭ ਛਾਰੁ ॥੪॥੮॥

ਪਦ ਅਰਥ :-ਕੋਟਿ-ਕ੍ਰੋੜਾਂ । ਮਨੋਰਥ-ਮਨ ਦੇ ਰੱਥ, ਮਨ ਦੀਆਂ ਮੰਗਾਂ । ਆਵਹਿ ਹਾਥ-ਹੱਥਾਂ ਵਿਚ ਆ ਜਾਂਦੇ ਹਨ, ਮਿਲ ਜਾਂਦੇ ਹਨ । ਪਾਂਥ-ਪੰਥ ਵਿਚ ਸਾਥ ਦੇਣ ਵਾਲਾ (ਪੰਥ-ਰਸਤਾ, ਪੰਧ-ਸਫਰ) । ਸੰਗੀ-ਸਾਥੀ । ਜਮ ਮਾਰਗ ਕੇ-ਮੌਤ ਦੇ ਰਸਤੇ ਉਤੇ, ਮਰਨ ਤੋਂ ਪਿਛੋਂ ।੧।

ਗੋਬਿੰਦ ਨਾਮ-ਪ੍ਰਮਾਤਮਾਂ ਦਾ ਨਾਮ । ਜੋ-ਜਿਹੜਾ ਮਨੁੱਖ । ਗਤਿ-ਉਚੀ ਆਤਮਕ ਅਵਸਥਾ, ਮੁਕਤੀ । ਬਹੁੜਿ-ਮੁੜ, ਫਿਰ । ਭ੍ਰਮਾਪ-ਭਟਕਣਾ ।੧। ਰਹਾਉ ।

ਨਿਹਕਾਮ-ਵਾਸ਼ਨਾ ਤੋਂ ਰਹਿਤ ।੨।

ਸਾਦਨ-(ਸਦਨ) ਘਰ । ਪੂਰਨ ਅਚਾਰ-ਸੁਚਾ ਆਚਰਨ ।੩।

ਦਾਸ-ਦਾਸਾਂ ਨੇ । ਮਿਥਿਆ-ਨਾਸਵੰਤ । ਛਾਰੁ-ਸੁਆਹ (ਦੇ ਤੁਲ) ।੪।

ਅਰਥ :-

ਪ੍ਰ:-ਸ੍ਰੀ ਜੀਉ ! ਮਨੁੱਖ ਦੇ ਮਨ ਵਿਚ ਤਾਂ ਅਨੇਕਾਂ ਹੀ ਮੰਗਾਂ ਹਨ, ਕੋਈ ਅਜਿਹਾ ਇਕੋ ਹੀ ਸਾਧਨ ਦਸੋ, ਜਿਸ ਦੇ ਕਰਦੇ ਰਹਿਣ ਨਾਲ ਉਹ ਪੂਰੀਆਂ ਹੋ ਸਕਣ ?

1. **ਉ:**-ਹੇ ਭਾਈਓ ! ਅਸਲ ਵਿਚ ਜਿਹੜਾ ਭੀ ਮਨੁੱਖ ਪ੍ਰਭੂ ਦਾ ਨਾਮ ਜਪਦਾ ਹੈ ਉਸ ਦੇ ਮਨ ਦੀਆਂ (ਇਕ ਦੋ ਨਹੀਂ ਸਗੋਂ) ਕ੍ਰੋੜਾਂ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ ।

2 ਅਤੇ ਮਰਨ ਤੋਂ ਪਿਛੋਂ ਭੀ ਇਹ ਨਾਮ ਹੀ ਉਸ ਦਾ ਸਾਥੀ ਬਣਦਾ ਹੈ, ਸਹਾਇਕ ਬਣਦਾ ਹੈ ।੧।

ਪ੍ਰ:-ਸ੍ਰੀ ਜੀਉ ! ਬਹੁਤ ਲੋਕ ਗੰਗਾ ਦੇ ਜਲ ਨੂੰ ਪਵਿਤ੍ਰ ਮੰਨਦੇ ਹਨ, ਪਰ ਆਪ ਜੀ ਦੇ ਵਿਚਾਰਾਂ ਅਨੁਸਾਰ ਇਸ ਬਾਰ ਆਪ ਦੀ ਕੀ ਸੋਚਨੀ ਹੈ ?

3. **ਉ:**-ਹੇ ਭਾਈਓ ! ਅਸਲ ਵਿਚ ਮੈਂ ਤਾਂ ਇਉਂ ਹੀ ਅਨੁਭਵ ਕਰਦੇ ਹਾਂ ਕਿ, ਗੁਰੂ ਗੋਬਿੰਦ ਦਾ ਨਾਮ (ਹੀ ਅਸਲ) ਗੰਗਾ ਜਲ ਹੈ ।

4. ਹੇ ਪਿਆਰੇ ! ਜਿਹੜਾ ਮਨੁੱਖ (ਗੋਬਿੰਦ ਦਾ ਨਾਮ) ਸਿਮਰਦਾ ਹੈ ਉਸ ਦੀ ਉਚੀ ਆਤਮਕ ਅਵਸਥਾ ਬਣ ਜਾਂਦੀ ਹੈ ਜਿਹੜਾ ਇਸ ਨਾਮ ਜਲ ਗੰਗਾ ਜਲ ਨੂੰ ਪੀਂਦਾ ਹੈ, ਉਹ ਮੁੜ ਜੂਨਾਂ ਵਿਚ ਨਹੀਂ ਭਟਕਦਾ ।੧। ਰਹਾਉ ।

ਪ੍ਰ:-ਕਿਉਂ ਜੀ ! ਤੀਰਥ ਇਸ਼ਨਾਨ ਜਪ ਤਪ ਕਰਨ ਬਾਰੇ ਆਪ ਦੀ ਕੀ ਰਾਇ ਹੈ ?

5. **ਉ:**-ਹੇ ਭਾਈ ! ਅਸਲ ਵਿਚ ਹਰਿ ਨਾਮ ਹੀ (ਦੇਵ) ਪੂਜਾ ਹੈ, ਨਾਮ ਹੀ ਜਪ ਤਪ ਹੈ, ਨਾਮ ਹੀ ਤੀਰਥ ਇਸ਼ਨਾਨ ਹੈ ।

6. ਐ ਪਿਆਰੇ ! ਨਾਮ ਸਿਮਰਦਿਆਂ, ਭਾਵ (ਨਾਮ ਸਿਮਰਨ ਕਰਨ ਵਾਲੇ) ਦੁਨੀਆਂ ਦੀਆਂ ਵਾਸ਼ਨਾਂ ਤੋਂ ਰਹਿਤ ਹੋ ਜਾਂਦੇ ਹਨ ।੨।

ਪ੍ਰ:-ਸ੍ਰੀ ਜੀਉ ! ਅਸੀਂ ਤਾਂ ਵੇਖ ਰਹੇ ਹਾਂ ਕਿ, ਜੋ ਲੋਕ ਮਹਿਲ ਮਾੜੀਆਂ ਅਤੇ ਰਾਜ ਦਰਬਾਰਾਂ ਵਾਲੇ ਹਨ, ਉਹ ਬੜਾ ਸੁਖ ਮਾਣਦੇ ਨਜ਼ਰ ਆਉਂਦੇ ਹਨ ?

7. **ਉ:**-ਹੇ ਭਾਈ ! ਜੋ ਲੋਕ ਤੁਹਾਨੂੰ ਰਾਜ ਮਾਲ, ਮਹਿਲ ਮਾੜੀਆਂ ਅਤੇ ਦਰਬਾਰ ਲਾਉਣ ਵਾਲੇ ਸੁਖ ਪ੍ਰਾਪਤ ਕਰਦੇ ਦਿਸ ਰਹੇ ਹਨ, (ਭਾਵ ਜੋ ਸੁਖ ਇਨ੍ਹਾਂ ਸੰਸਾਰਕ ਸ਼ੈਆਂ ਵਿਚ ਹਨ) ।

8. ਹੇ ਭਾਈ ! ਉਹ ਸੁਖ ਨਾਮ ਸਿਮਰਨ ਵਾਲਿਆਂ ਨੂੰ ਨਾਮ ਦਾ ਸਿਮਰਨ ਕਰਨ ਦੀ ਬਰਕਤ ਨਾਲ (ਸੁਭਾਵਕ ਹੀ) ਹਾਸਲ ਹੋ ਜਾਂਦੇ ਹਨ ਅਤੇ ਨਾਮ ਸਿਮਰਨ ਦਾ ਸਦਕਾ ਮਨੁੱਖ ਦਾ ਆਚਰਨ ਭੀ ਉਚਾ ਬਣ ਜਾਂਦਾ ਹੈ ।੩।

9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ

ਭਾਈਓ ! ਪ੍ਰਭੂ ਦੇ ਸੇਵਕਾਂ ਨੇ ਇਹ ਨਿਸਚਾ ਕਰ ਲਿਆ ਹੁੰਦਾ ਹੈ ।

10. ਕਿ, ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਹੋਰ ਸਾਰੀ (ਮਾਇਆ) ਨਾਸਵੰਤ ਹੈ, ਸੁਆਹ (ਦੇ ਤੁਲ) ਹੈ ।੪।੮।

ਭਾਵਾਰਥ :—ਜਿਨ੍ਹਾਂ ਸੰਸਾਰੀ ਸੁਖਾਂ ਨੂੰ ਮਨੁੱਖ ਪ੍ਰਾਪਤ ਕਰਨ ਲਈ ਜੀਵਨ ਭਰ ਹੀ ਜਤਨ ਕਰਦਾ ਹੈ, ਇਹ ਸੁਖ ਨਾਮ ਸਿਮਰਨ ਦੀ ਬਰਕਤ ਨਾਲ ਸੁਭਾਵਕ ਹੀ ਹਾਸਲ ਹੋ ਜਾਂਦੇ ਹਨ, ਸੋ ਇਸ ਮਹਾਂਵਾਕ ਦੁਆਰੇ ਸਤਿਗੁਰੂ ਜੀ ਹਰ ਪ੍ਰਾਣੀ ਮਾਤ੍ਰ ਨੂੰ ਸਿਮਰਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਭੈਰਉ ਮਹਲਾ ੫ ॥

1. ਲੇਪੁ ਨ ਲਾਗੋ ਤਿਲ ਕਾ ਮੂਲਿ ॥
2. ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥
3. ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
4. ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥
5. ਅਪਣਾ ਖਸਮੁ ਜਨਿ ਆਪਿ ਧਿਆਇਆ ॥
6. ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥
7. ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥
8. ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥
9. ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥
10. ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥

ਪਦ ਅਰਥ :—ਲੇਪੁ—ਮਾੜਾ ਅਸਰ । ਤਿਲ ਕਾ—ਤਿਲ ਜਿਤਨਾ ਭੀ, ਰਤਾ ਭਰ ਭੀ । ਨ ਮੂਲਿ—ਬਿਲਕੁਲ ਨਹੀਂ । ਦੁਸਟੁ—ਪਾਪੀ, ਭੈੜਾ, ਚੰਦਰਾ ।੧।

ਹਰਿ ਜਨ—ਪ੍ਰਮਾਤਮਾਂ ਦ ਭਗਤ, ਪ੍ਰਮਾਤਮਾਂ ਦੇ ਸੇਵਕ । ਪਾਰਬ੍ਰਹਮਿ—ਪ੍ਰਮਾਤਮਾਂ ਨੇ । ਗੁਰ ਪਰਤਾਪਿ—ਗੁਰੂ ਦੇ ਪ੍ਰਤਾਪ ਨਾਲ ।੧। ਰਹਾਉ ।

ਜਨਿ—ਜਨ ਨੇ, ਸੇਵਕ ਨੇ । ਇਆਣਾ—ਮੂਰਖ । ਪਚਾਇਆ—ਸਾੜਿਆ, ਨਾਸ ਕੀਤਾ ।੨।

ਈਹਾਂ ਊਹਾ—ਇਸ ਲੋਕ ਅਤੇ ਪ੍ਰਲੋਕ ਵਿਚ । ਮਾਥਾ ਕਾਲਾ—ਮੂੰਹ ਕਾਲਾ ।੩।

ਪਰਮੇਸਰਿ—ਪ੍ਰਮੇਸ਼ਰ ਨੇ । ਮਲੇਛੁ—ਭੈੜੀ ਨੀਅਤ ਵਾਲਾ । ਪਚਿਆ—ਮਾਰਿਆ । ਨਿਰਾਸੁ—ਜਿਸ ਦੀ ਆਸ ਪੂਰੀ ਨਾ ਹੋ ਸਕੀ ।੪।

ਅਰਥ :—

ਉਥਾਨਕਾ :—ਪ੍ਰਿਥੀ ਚੰਦ ਨੇ ਬਾਲਕ ਹਰਿ ਗੋਬਿੰਦ ਦੇ ਖਿਡਾਵੇ ਬ੍ਰਾਹਮਣ ਨੂੰ ਪ੍ਰੇਰਕੇ ਜ਼ਹਿਰ ਦੇਣ ਲਈ ਭੇਜਿਆ, ਪਰ ਪਤਾ ਲਗ ਜਾਣ ਨਾਲ ਬਚਾਉ ਹੋ ਗਿਆ, ਉਹ ਬ੍ਰਾਹਮਣ ਆਪਣੀ ਮੰਦੀ ਭਾਵਨਾ ਕਰ ਕੇ ਪਟ ਦੇ ਦਰਦ ਨਾਲ ਹੀ ਆਖਰ ਮਰ ਗਿਆ, ਗੁਰੂ ਅਰਜਨ ਦੇਵ ਜੀ ਨੇ ਧੰਨਵਾਦ ਵਿਚ ਇਹ ਸ਼ਬਦ ਉਚਾਰਨ ਕੀਤਾ ।

ਪ੍ਰ:—ਸ੍ਰੀ ਜੀਉ ! ਸੁਣਿਆ ਹੈ ਕਿ ਪ੍ਰਿਥੀ ਚੰਦ ਨੇ ਬਾਲਕ ਹਰਿ ਗੋਬਿੰਦ ਦੇ ਖਿਡਾਵੇ ਬ੍ਰਾਹਮਣ ਨੂੰ ਪ੍ਰੇਰ ਕੇ ਜ਼ਹਿਰ ਦੇਣ ਲਈ ਭੇਜਿਆ ਸੀ, ਕੀ ਉਸ ਸਾਹਿਬਜ਼ਾਦੇ ਦਾ ਕੋਈ ਨੁਕਸਾਨ ਤਾਂ ਨਹੀਂ ਹੋਇਆ ?

1. **ਉ:**—ਹੇ ਭਾਈਓ ! ਅਸਲ ਵਿਚ ਉਸ ਪ੍ਰਮਾਤਮਾਂ ਦੀ ਮੇਹਰ ਆਪਣੇ ਸੇਵਕ ਉਤੇ ਹੋਈ ਹੈ, ਜਿਸ ਕਰ ਕੇ ਬਾਲਕ (ਗੁਰੂ) ਹਰਿ ਗੋਬਿੰਦ ਉਤੇ ਦੁਸ਼ਟ ਦੀ ਮੰਦੀ ਕਰਤੂਤ ਦਾ ਬਿਲਕੁਲ ਰਤਾ ਭਰ ਭੀ ਮਾੜਾ ਅਸਰ ਨਹੀਂ ਹੋ ਸਕਿਆ ।
2. ਪਰ, ਹੇ ਭਾਈ ! ਗੁਰੂ ਦੇ ਪ੍ਰਤਾਪ ਨਾਲ ਉਹ ਚੰਦਰਾ ਬ੍ਰਾਹਮਣ (ਪੇਟ ਵਿਚ) ਸੂਲ ਉਠਣ ਨਾਲ ਮਰ ਗਿਆ ਹੈ ।੧।
3. ਹੇ ਭਾਈਓ ! ਪ੍ਰਮਾਤਮਾਂ ਨੇ ਆਪਣੇ ਸੇਵਕਾਂ ਦੀ ਰਖਿਆ (ਸਦਾ ਹੀ) ਆਪ ਕੀਤੀ ਹੈ ।
4. ਹੇ ਭਾਈ ! ਵੇਖੋ, ਵਿਸਾਹ-ਘਾਤੀ ਬ੍ਰਾਹਮਣ ਦੁਸ਼ਟ ਗੁਰੂ ਦੇ ਪ੍ਰਤਾਪ ਨਾਲ (ਆਪ ਹੀ) ਮਰ ਗਿਆ ਹੈ ।੧। ਰਹਾਉ ।
5. ਹੇ ਭਾਈਓ ! ਸੇਵਕ ਨੇ ਆਪਣੇ ਮਾਲਕ ਪ੍ਰਭੂ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਇਆ ਹੈ, (ਇਸੇ ਲਈ, ਪ੍ਰਮਾਤਮਾਂ ਨੇ ਆਪਣੇ ਸੇਵਕ ਦੀ ਆਪ ਰਖਿਆ ਕੀਤੀ ਹੈ)।
6. ਪਰ, ਉਹ ਬੇਸਮਝ ਦੁਸ਼ਟ (ਇਸ ਰੱਬੀ ਭੇਤ ਨੂੰ ਸਮਝ ਨਾ ਸਕਿਆ ਅਤੇ ਪ੍ਰਮਾਤਮਾਂ ਨੇ) ਆਪ ਹੀ ਉਸ ਨੂੰ ਮਾਰ ਮੁਕਾਇਆ ।੨।
7. ਹੇ ਭਾਈ ! ਉਹ ਪ੍ਰਭੂ ਮਾਂ ਪਿਉ (ਵਾਂਗ) ਆਪਣੇ ਸੇਵਕ ਦਾ ਸਦਾ ਆਪ ਹੀ ਰਾਖਾ ਬਣਦਾ ਹੈ ।
8. ਹੇ ਭਾਈਓ ! ਇਸੇ ਲਈ ਪ੍ਰਭੂ ਦੇ ਸੇਵਕ ਦੇ ਦੋਖੀ ਦਾ ਮੂੰਹ ਲੋਕ ਪ੍ਰਲੋਕ ਦੁਹੀਂ ਸਰਾਈਂ ਕਾਲਾ ਹੁੰਦਾ ਹੈ ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਆਪਣੇ ਸੇਵਕ ਦੀ ਪ੍ਰਮੇਸ਼ਰ ਨੇ (ਸਦਾ ਹੀ) ਅਰਦਾਸ ਸੁਣੀ ਹੈ ।
10. ਹੇ ਭਾਈ ! (ਵੇਖੋ, ਪ੍ਰਮੇਸ਼ਰ ਦੇ ਸੇਵਕ ਉਤੇ ਵਾਰ ਕਰਨ ਵਾਲਾ) ਦੁਸ਼ਟ ਪਾਪੀ (ਆਪ ਹੀ) ਮਰ ਮਿਟਿਆ ਤੇ ਬੇ-ਮੁਰਾਦਾ ਹੀ ਰਿਹਾ ।੪।੯।

ਭਾਵਾਰਥ :—ਬਾਲਕ ਹਰਿ ਗੋਬਿੰਦ ਜੀ ਨੂੰ ਉਨ੍ਹਾਂ ਦੇ ਬ੍ਰਾਹਮਣ ਖਿਡਾਵੇ ਨੇ ਪ੍ਰਿਥੀ ਚੰਦ ਦੇ ਆਖੇ ਲਗ ਕੇ ਜ਼ਹਿਰ ਦੇਣਾ ਚਾਹਿਆ, ਪਰ ਪਤਾ ਲਗ ਜਾਣ ਤੇ ਬਚਾਉ ਹੋ ਗਿਆ । ਬ੍ਰਾਹਮਣ ਆਪਣੀ ਮੰਦੀ ਭਾਵਨੀ ਕਰ ਕ ਪੇਟ ਦੇ ਦਰਦ ਨਾਲ ਮਰ ਗਿਆ, ਧੰਨਵਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ । ਜਿਸ ਵਿਚ ਹਜ਼ੂਰ ਨੇ ਇਹ ਸਿਧਾਂਤ ਅੰਕਤ ਕੀਤਾ ਹੈ ਕਿ ਉਹ ਪ੍ਰਮੇਸ਼ਰ ਜਿਸ ਦੀ ਰਖਿਆ ਕਰਦਾ ਹੈ ਉਸ ਨੂੰ ਦੁਨੀਆਂ ਦੀ ਕੋਈ ਭੀ ਤਾਕਤ ਮਾਰਨ ਲਈ ਸਮਰਥ ਨਹੀਂ ਹੋ ਸਕਦੀ, ਆਖਰ ਉਸ ਦਾ ਹੀ ਨਾਸ ਹੁੰਦਾ ਹੈ ।

ਭੈਰਉ ਮਹਲਾ ੫ ॥

1. ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
2. ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥
3. ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥
4. ਨਾਮ ਬਿਨਾ ਸਭ ਦੁਨੀਆ ਛਾਰੁ ॥੧॥
5. ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥
6. ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥੨॥
7. ਨੀਧਰਿਆ ਧਰ ਪਨਹ ਖੁਦਾਇ ॥
8. ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥੩॥
9. ਨਾਨਕ ਕਉ ਖੁਦਿ ਖਸਮ ਮਿਹਰਵਾਨ ॥
10. ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥੪॥੧੦॥

ਪਦ ਅਰਥ :–ਖੂਬੁ–ਸੋਹਣਾ, ਚੰਗਾ, ਮਿੱਠਾ। ਝੂਠੁ–ਛੇਤੀ ਮੁੱਕ ਜਾਣ ਵਾਲਾ। ਦੁਨੀ–ਦੁਨੀਆਂ ਦਾ। ਗੁਮਾਨੁ–ਮਾਣ ।੧। ਰਹਾਉ।

ਨਗਜ–ਨਗਜ਼–ਸੋਹਣੇ, ਸੁੰਦਰ। ਅਪਾਰੁ–ਬੇਅੰਤ (ਸੋਹਣਾ)। ਸਭ–ਸਾਰੀ। ਛਾਰੁ–ਸੁਆਹ (ਦੇ ਤੁਲ) ।੧।

ਅਚਰਜੁ–ਹੈਰਾਨ ਕਰਨ ਵਾਲਾ ਕੰਮ। ਕਦਮ–ਚਰਨ। ਸਲਾਹ–ਸਲਾਹੁਣ ਜੋਗ। ਗਨੀਵ–ਗਨੀਵਤ, ਅਮੋਲਕ। ਸਚੇ–ਸਦਾ ਕਾਇਮ ਰਹਿਣ ਵਾਲੇ ।੨।

ਨੀਧਰਿਆ ਧਰ–ਨਿਆਸਰਿਆਂ ਦਾ ਆਸਰਾ। ਪਨਹ–ਪਨਾਹ, ਓਟ। ਖੁਦਾਇ–ਪ੍ਰਮਾਤਮਾਂ। ਗਰੀਬ ਨਿਵਾਜੁ–ਗਰੀਬਾਂ ਉਤੇ ਮਿਹਰ ਕਰਨ ਵਾਲਾ। ਰੈਣਿ–ਰਾਤ। ਧਿਆਇ–ਸਿਮਰਿਆ ਕਰ ।੩।

ਕਉ–ਜਿਸ ਕਉ, ਜਿਸ ਮਨੁੱਖ ਉਤੇ। ਖੁਦਿ–ਖੁਦਿ, ਆਪ। ਅਲਹੁ–ਅੱਲਾ, ਪ੍ਰਮਾਤਮਾਂ। ਜੀਅ–ਜਿੰਦ ਤੋਂ ।੪।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਦੀ ਉਸਤਤ ਕਰਨ ਦੀ ਜਾਚ ਬਖਸ਼ੋ ?

1. **ਉ:**–ਹੇ ਭਾਈ ! ਉਸ ਪ੍ਰਮੇਸ਼ਰ ਦੇ ਸਨਮੁਖ ਹੋ ਇਉਂ ਹੀ ਕਹਿੰਦੇ ਰਿਹਾ ਕਰੋ ਕਿ, ਹੇ ਪ੍ਰਭੂ ! ਤੇਰਾ ਨਾਮ ਸੋਹਣਾ ਹੈ, ਤੇਰਾ ਨਾਮ ਮਿੱਠਾ ਹੈ, ਤੇਰਾ ਨਾਮ ਚੰਗਾ ਹੈ।
2. ਪਰ, ਹੇ ਭਾਈ ! ਇਉਂ ਭੀ ਨਿਸਚਾ ਕਰੋ ਕਿ ਦੁਨੀਆਂ ਦਾ ਮਾਣ ਝੂਠਾ ਹੈ; ਛੇਤੀ ਮੁਕ ਜਾਣ ਵਾਲਾ ਹੈ, ਦੁਨੀਆ ਦੇ ਮਾਣ ਦਾ ਕੀ ਭਰੋਸਾ ਹੈ ? ।੧। ਰਹਾਉ।
3. ਹੇ ਪ੍ਰਭੂ ! ਤੇਰੀ ਭਗਤੀ ਕਰਨ ਵਾਲੇ ਬੰਦੇ ਸੋਹਣੇ ਹਨ, ਉਨ੍ਹਾਂ ਦਾ ਦਰਸ਼ਨ ਬੇਅੰਤ (ਅਮੋਲਕ) ਹੈ।
4. ਹੇ ਪ੍ਰਭੂ ! ਤੇਰੇ ਨਾਮ ਤੋਂ ਬਿਨਾ (ਜੀਵ ਵਾਸਤੇ) ਸਾਰੀ ਦੁਨੀਆਂ (ਦਾ ਧਨ ਪਦਾਰਥ) ਸੁਆਹ (ਦੇ ਤੁਲ) ਹੈ ।੧।
5. ਹੇ ਪ੍ਰਭੂ ! ਤੇਰੀ ਕੁਦਰਤ ਇਕ ਹੈਰਾਨ ਕਰਨ ਵਾਲਾ ਤਮਾਸ਼ਾ ਹੈ, ਤੇਰੇ ਚਰਨ ਸਲਾਹੁਣੇ ਜੋਗ ਹਨ।
6. ਹੇ ਸਦਾ ਕਾਇਮ ਰਹਿਣ ਵਾਲੇ ਪਾਤਸ਼ਾਹ, ਤੇਰੀ ਸਿਫਤ ਸਲਾਹ (ਇਕ) ਅਮੋਲਕ (ਖਜ਼ਾਨਾ) ਹੈ ।੨।
7. ਹੇ ਭਾਈ ! ਉਹ ਗਰੀਬਾਂ ਉਤੇ ਮੇਹਰ ਕਰਨ ਵਾਲਾ ਹੈ ਉਹ ਨਿਆਸਰਿਆਂ ਦਾ ਆਸਰਾ ਹੈ, (ਨਿਓਟਿਆਂ ਦੀ) ਓਟ ਹੈ।
8. (ਇਸ ਲਈ, ਹੇ ਭਾਈ !) ਦਿਨ ਰਾਤ ਉਸੇ ਪ੍ਰਮੇਸ਼ਰ ਦਾ ਨਾਮ ਜਪਿਆ ਕਰ ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਸ ਮਨੁੱਖ ਉਤੇ ਮਾਲਕ ਪ੍ਰਭੂ ਆਪ ਦਇਆਵਾਨ ਹੁੰਦਾ ਹੈ।
10. ਉਸ ਦੀ ਜਿੰਦ ਤੋਂ, ਉਸ ਦੇ ਪ੍ਰਾਣਾਂ ਤੋਂ ਉਹ ਕਦੇ ਭੀ ਨਹੀਂ ਵਿਸਾਰਦਾ ।੪।੧੦।

ਭਾਵਾਰਥ :–ਉਸ ਹਰੀ ਦੀ ਸਿਫਤ ਸਲਾਹ ਅਤੀ ਸੋਹਣੀ ਹੈ ਤੇ ਗੁਣਕਾਰੀ ਹੈ। ਇਹ ਕਦੀ ਭੀ ਨਹੀਂ ਵਿਸਰਨੀ ਚਾਹੀਦੀ, ਪਰ ਇਹ ਦਾਤ ਉਸੇ ਨੂੰ ਹੀ ਹਾਸਲ ਹੁੰਦੀ ਹੈ ਜਿਸ ਉਤੇ ਪ੍ਰਮੇਸ਼ਰ ਆਪ ਹੀ ਮਿਹਰ ਕਰਦਾ ਹੈ।

ਭੈਰਉ ਮਹਲਾ ੫ ॥

1. ਸਾਚ ਪਦਾਰਥੁ ਗੁਰਮੁਖਿ ਲਹਹੁ ॥
2. ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ।੧॥
3. ਜੀਵਤ ਜੀਵਤ ਜੀਵਤ ਰਹਹੁ ॥
4. ਰਾਮ ਰਸਾਇਣੁ ਨਿਤ ਉਠਿ ਪੀਵਹੁ ॥
ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ਰਹਾਉ॥
5. ਕਲਿਜੁਗ ਮਹਿ ਇਕ ਨਾਮਿ ਉਧਾਰੁ ॥
6. ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥

ਪਦ ਅਰਥ :–ਸਾਚ–ਸਦਾ ਕਾਇਮ ਰਹਿਣ ਵਾਲਾ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਲਹਹੁ–ਲਭ ਲਵੋ। ਭਾਣਾ–ਰਜ਼ਾ, ਉਹ ਗੱਲ ਜੋ ਪ੍ਰਭੂ ਨੂੰ ਚੰਗੀ ਲਗਦੀ ਹੈ। ਸਤਿ ਕਰਿ–ਸਹੀ ਜਾਣ ਕੇ, ਆਪਣੇ ਭਲੇ ਵਾਸਤੇ ਸਮਝ ਕੇ। ਸਹਹੁ–ਸਹਾਰੋ ।੧।

ਜੀਵਤ ਜੀਵਤ ਜੀਵਤ–ਸਦਾ ਹੀ ਆਤਮਕ ਜੀਵਨ ਵਾਲੇ। ਰਸਾਇਣੁ–ਰਸ-ਆਯਨ, ਰਸਾਂ ਦਾ ਘਰ, ਸਭ ਤੋਂ ਸ੍ਰੇਸ਼ਟ ਰਸ। ਨਿਤ ਉਠਿ–ਸਦਾ ਉਠ ਕੇ, ਸਦਾ ਆਹਰ ਨਾਲ। ਰਸਨਾ–ਜੀਭ ਨਾਲ ।੧। ਰਹਾਉ।

ਕਲਿਜੁਗ ਮਹਿ–ਕਲਜੁਗ ਵਿਚ, ਜਗਤ ਵਿਚ। ਨਾਮਿ–ਨਾਮ ਦੀ ਰਾਹੀਂ। ਉਧਾਰੁ–ਸੰਸਾਰ ਸਮੁੰਦਰ ਤੋਂ ਪਾਰ ਉਤਾਰਾ। ਬ੍ਰਹਮ ਬੀਚਾਰੁ–ਪ੍ਰਮਾਤਮਾਂ ਦੇ ਮਿਲਾਪ ਦੀ ਸੋਚ ।੨।

ਅਰਥ :–

ਪ੍ਰ:–ਸ੍ਰੀ ਜੀਉ ! ਜਗਤ ਵਿਚ ਉਹ ਕਿਹੜਾ ਸਤ ਰਹਿਣ ਵਾਲਾ ਪਦਾਰਥ ਹੈ ਜੋ ਕਿ ਸਾਡੇ ਗ੍ਰਹਿਣ ਕਰਨ ਜੋਗ ਹੈ ?

1. **ਉ:**-ਹੇ ਭਾਈ ! ਇਕ ਸਦਾ ਹੀ ਕਾਇਮ ਰਹਿਣ ਵਾਲਾ

(ਹਰਿ ਨਾਮ) ਧਨ ਗੁਰੂ ਦੀ ਸ਼ਰਨ ਪੈ ਕੇ ਹਾਸਲ ਕਰਦੇ ਰਹੋ (ਇਹੀ ਗ੍ਰਹਿਣ ਕਰਨੇ ਜੋਗ ਹੈ)।

2. ਅਤੇ ਪ੍ਰਮਾਤਮਾਂ ਵਲੋਂ ਵਰਤੀ ਰਜ਼ਾ ਨੂੰ (ਆਪਣੇ) ਭਲੇ ਵਾਸਤੇ ਜਾਣ ਕੇ (ਸਦਾ ਹੀ) ਸਹਾਰਦੇ ਰਹੋ।੧।
3. ਹੇ ਪਿਆਰੇ ! ਇਸ ਤਰ੍ਹਾਂ (ਤੁਸੀਂ) ਸਦਾ ਆਤਮਕ ਜੀਵਨ ਵਾਲੇ ਬਣੇ ਰਹੋ।
4. ਅਤੇ ਸਦਾ ਹੀ ਆਹਰ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਨਾਮ ਰਸ ਪੀਂਦੇ ਰਹੋ।੧। ਰਹਾਉ।
ਹੇ ਭਾਈ ! ਸਦਾ ਹੀ ਪ੍ਰਮਾਤਮਾਂ ਦਾ ਨਾਮ ਆਪਣੀ ਜੀਭ ਨਾਲ ਉਚਾਰਦੇ ਰਹੋ।
5. ਹੇ ਪਿਆਰੇ ! ਸਿਰਫ ਹਰਿ ਨਾਮ ਦੀ ਰਾਹੀਂ ਹੀ ਜਗਤ ਵਿਚ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਾ ਹੁੰਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮਾਤਮਾਂ ਨਾਲ ਮਿਲਾਪ ਦੀ ਜੁਗਤ (ਮੈਂ ਤੁਹਾਨੂੰ ਇਹੀ) ਦਸਦਾ ਹਾਂ।੨।੧੧।

ਭਾਵਾਰਥ :–ਭਾਵੇਂ ਅਨੇਕਾਂ ਲੋਕ ਅਨੇਕਾਂ ਹੀ ਜਤਨ ਕਰਦੇ ਹਨ, ਪਰ, ਸੱਚੀ ਗੱਲ ਤਾਂ ਇਹੋ ਹੀ ਹੈ ਕਿ ਮਨੁੱਖ ਦਾ ਉਧਾਰ ਕਰਨ ਵਾਲਾ ਕਲਜੁਗ ਵਿਚ ਕੇਵਲ ਹਰਿ ਨਾਮ ਹੀ ਹੈ।

ਭੈਰਉ ਮਹਲਾ ੫ ॥

1. ਸਤਿਗੁਰੁ ਸੇਵਿ ਸਰਬ ਫਲ ਪਾਏ ॥
2. ਜਨਮ ਜਨਮ ਕੀ ਮੈਲੁ ਮਿਟਾਏ ॥੧॥
3. ਪਤਿਤ ਪਾਵਨ ਪ੍ਰਭ ਤੇਰੋ ਨਾਉ ॥
4. ਪੂਰਬਿ ਕਰਮ ਲਿਖੇ ਗੁਣ ਗਾਉ ॥੧॥ ਰਹਾਉ ॥
5. ਸਾਧੂ ਸੰਗਿ ਹੋਵੈ ਉਧਾਰੁ ॥
6. ਸੋਭਾ ਪਾਵੈ ਪ੍ਰਭ ਕੈ ਦੁਆਰ ॥੨॥
7. ਸਰਬ ਕਲਿਆਣ ਚਰਣ ਪ੍ਰਭ ਸੇਵਾ ॥
8. ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ ॥੩॥
9. ਨਾਨਕ ਪਾਇਆ ਨਾਮ ਨਿਧਾਨੁ ॥
10 ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ॥੪॥੧੨॥

ਪਦ ਅਰਥ :–ਸੇਵਿ–ਸੇਵ ਕੇ, ਸ਼ਰਨ ਪੈ ਕੇ। ਸਰਬ ਫਲ–ਸਾਰੇ ਫਲ (ਦੇਣ ਵਾਲਾ ਹਰਿ ਨਾਮ)। ਪਾਏ–ਹਾਸਲ ਕਰ ਲੈਂਦਾ ਹੈ।੧।

ਪਤਿਤ ਪਾਵਨ–(ਵਿਕਾਰਾਂ ਵਿਚ) ਡਿਗੇ ਹੋਇਆਂ ਨੂੰ ਪਵਿਤ੍ਰ ਕਰਨ ਵਾਲਾ। ਪ੍ਰਭ–ਹੇ ਪ੍ਰਭੂ। ਗੁਣ ਗਾਉ–ਗੁਣਾਂ ਦਾ ਗਾਵਣ। ਪੂਰਬਿ–ਪਿਛਲੇ ਜਨਮ ਵਿਚ। ਕਰਮ ਲਿਖੇ–ਕੀਤੇ ਕਰਮਾਂ ਦੇ ਲਿਖੇ ਸੰਜਕਾਰਾਂ ਅਨੁਸਾਰ।੧। ਰਹਾਉ।

ਸਾਧੂ ਸੰਗਿ–ਗੁਰੂ ਦੀ ਸੰਗਤ ਵਿਚ। ਉਧਾਰੁ-ਪਾਰ ਉਤਾਰਾ। ਪ੍ਰਭ ਕੈ ਦੁਆਰ–ਪ੍ਰਭੂ ਦੇ ਦਰ ਤੇ।੨।

ਸਰਬ ਕਲਿਆਣ–ਸਾਰੇ ਸੁਖ। ਬਾਛਹਿ–ਲੋਚਦੇ ਹਨ। ਸਭਿ–ਸਾਰੇ। ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ।੩।

ਨਿਧਾਨੁ–ਖਜਾਨਾ। ਜਪਿ ਜਪਿ–ਹਰ ਵੇਲੇ ਜਪ ਕੇ। ਉਧਰਿਆ–ਪਾਰ ਲੰਘ ਗਿਆ।੪।

ਅਰਥ :–

ਪ੍ਰ:–ਸ੍ਰੀ ਜੀਉ ! ਸਾਰੇ ਫਲ ਦੇਣ ਵਾਲਾ ਉਹ ਕਿਹੜਾ ਸਾਧਨ ਹੈ, ਜਿਸ ਨੂੰ ਕਰਦੇ ਰਹਿਣਾ ਚਾਹੀਦਾ ਹੈ ?

1. **ਉ**:–ਹੇ ਭਾਈਓ ! ਜਿਸ ਨੂੰ ਗੁਰੂ ਮਿਲ ਪੈਂਦਾ ਹੈ, ਉਹ ਗੁਰੂ ਦੀ ਸ਼ਰਨ ਪੈ ਕੇ ਸਾਰੇ ਹੀ ਫਲ ਦੇਣ ਵਾਲਾ ਹਰਿ ਨਾਮ ਪ੍ਰਾਪਤ ਕਰ ਲੈਂਦਾ ਹੈ।
2. (ਇਸ ਤਰ੍ਹਾਂ) ਉਹ ਜਨਮਾਂ ਜਨਮਾਂ ਦੇ ਵਿਕਾਰਾਂ ਦੀ ਮੈਲ ਭੀ ਦੂਰ ਕਰ ਲੈਂਦਾ ਹੈ।੧।
3. ਹੇ ਭਾਈਓ ! ਨਿਸਚਾ ਇਹੋ ਰਖੋ ਕਿ, ਹੇ ਪ੍ਰਭੂ ! ਤੇਰਾ ਨਾਮ ਵਿਕਾਰੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ।
4. (ਪਰ) ਹੇ ਪ੍ਰਭੂ ! ਤੇਰੇ ਗੁਣ ਗਾਉਣ ਦੀ ਦਾਤ ਉਸੇ ਨੂੰ ਹੀ ਮਿਲਦੀ ਹੈ, ਜਿਸਦੇ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਅਨੁਸਾਰ (ਗੁਰੂ ਦੀ ਪ੍ਰਾਪਤੀ ਉਸ ਦੇ ਭਾਗਾਂ ਵਿਚ) ਲਿਖੀ ਹੋਵੇ।੧। ਰਹਾਉ।
5. ਐ ਪਿਆਰੇ ! ਗੁਰੂ ਦੀ ਸੰਗਤ ਵਿਚ ਰਿਹਾਂ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ।
6. ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਹ ਪ੍ਰਮਾਤਮਾਂ ਦੇ ਦਰ ਤੇ ਸੋਭਾ ਖੱਟਦਾ ਹੈ।੨।
7. ਹੇ ਪਿਆਰੇ ! ਪ੍ਰਭੂ ਦੇ ਚਰਨਾਂ ਦੀ ਸੇਵਾ ਭਗਤੀ ਤੋਂ ਸਾਰੇ ਸੁਖ ਪ੍ਰਾਪਤ ਹੁੰਦੇ ਹਨ, (ਇਸ ਲਈ, ਸੇਵਾ ਭਗਤੀ ਕਰਦੇ ਰਹੋ)।
8. ਹੇ ਭਾਈਓ ! ਜਿਹੜਾ ਮਨੁੱਖ ਪ੍ਰਭੂ ਦੇ ਚਰਨਾਂ ਦੀ ਸ਼ਰਨ ਲੈਂਦਾ ਹੈ, ਉਸ ਦੇ ਚਰਨਾਂ ਦੀ ਧੂੜ ਨੂੰ ਸਾਰੇ ਦੇਵਤੇ ਸਾਰੇ ਦੈਵੀ ਗੁਣਾਂ ਵਾਲੇ ਮਨੁੱਖ ਲੋੜਦੇ ਹਨ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਗੁਰੂ ਦੀ ਸ਼ਰਨ ਵਿਚ ਰਹਿਕੇ)ਨਾਮ ਖਜ਼ਾਨਾ ਮਿਲ ਜਾਂਦਾ ਹੈ।
10. ਗੁਰੂ ਦੀ ਸੰਗਤ ਵਿਚ ਹਰਿ ਨਾਮ ਜਪ ਜਪ ਕੇ ਸਾਰਾ ਹੀ ਜਗਤ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੪।੧੨।

ਭਾਵਾਰਥ :–ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰਨ ਵਾਲਾ ਕੇਵਲ ਹਰੀ ਦਾ ਨਾਮ ਹੀ ਹੈ, ਪਰ ਇਹ ਨਾਮ ਗੁਰੂ ਦੀ ਸੇਵਾ ਰਾਹੀਂ ਮਿਲਦਾ ਹੈ।

ਭੈਰਉ ਮਹਲਾ ੫ ॥

1. ਅਪਣੇ ਦਾਸ ਕਉ ਕੰਠਿ ਲਗਾਵੈ ॥
2. ਨਿੰਦਕ ਕਉ ਅਗਨਿ ਮਹਿ ਪਾਵੈ ॥੧॥
3. ਪਾਪੀ ਤੇ ਰਾਖੇ ਨਾਰਾਇਣ ॥
4. ਪਾਪੀ ਕੀ ਗਤਿ ਕਤਹੂ ਨਾਹੀ
ਪਾਪੀ ਪਚਿਆ ਆਪ ਕਮਾਇਣ ॥੧॥ ਰਹਾਉ ॥

5. ਦਾਸ ਰਾਮ ਜੀਉ ਲਾਗੀ ਪ੍ਰੀਤਿ ॥
6. ਨਿੰਦਕ ਕੀ ਹੋਈ ਬਿਪਰੀਤਿ ॥੨॥
7. ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥
8. ਦੋਖੀ ਅਪਣਾ ਕੀਤਾ ਪਾਇਆ ॥੩॥
9. ਆਇ ਨ ਜਾਈ ਰਹਿਆ ਸਮਾਈ ॥
10. ਨਾਨਕ ਦਾਸ ਹਰਿ ਕੀ ਸਰਣਾਈ ॥੪॥੧੩॥

ਪਦ ਅਰਥ :–ਕਉ-ਨੂੰ । ਕੰਠਿ–ਗਲ ਨਾਲ । ਅਗਨਿ ਮਹਿ–ਨਿੰਦਾ ਦੀ ਅੱਗ ਵਿਚ, (ਨਿੰਦਾ ਕਰਨ ਵੇਲੇ ਨਿੰਦਕ ਦੇ ਆਪਣੇ ਅੰਦਰ ਈਰਖਾ ਦੀ ਅੱਗ ਬਲ ਰਹੀ ਹੁੰਦੀ ਹੈ) । ਪਾਵੈ–ਪਾਈ ਰਖਦਾ ਹੈ ।੧।

ਤੇ–ਤੋਂ । ਰਾਖੇ–ਰਖਿਆ ਕਰਦਾ ਹੈ । ਗਤਿ–ਉਚੀ ਆਤਮਕ ਅਵਸਥਾ । ਕਤਹੂ–ਕਿਤੇ ਭੀ । ਪਚਿਆ–ਸੜਿਆ ਰਹਿੰਦਾ ਹੈ, ਅੰਦਰੇ ਅੰਦਰ ਸੜਦਾ ਭੁਜਦਾ ਰਹਿੰਦਾ ਹੈ । ਆਪ ਕਮਾਇਣ–ਨਿੰਦਾ ਈਰਖਾ ਦੇ ਆਪਣੇ ਕਮਾਏ ਕਰਮਾਂ ਦੇ ਕਾਰਨ ।੧। ਰਹਾਉ ।

ਬਿਪ੍ਰੀਤਿ–(ਬਿ-ਪ੍ਰੀਤਿ) ਉਲਟੇ ਪਾਸੇ ਪ੍ਰੀਤ, ਭੈੜੇ ਕੰਮਾਂ ਨਾਲ ਪਿਆਰ ।੨।

ਪਾਰਬ੍ਰਹਮਿ–ਪ੍ਰਮਾਤਮਾਂ ਨੇ । ਬਿਰਦੁ–ਮੁੱਢ ਕਦੀਮਾਂ ਦਾ ਸੁਭਾਉ । ਦੋਖੀ–ਨਿੰਦਕ ।੩।

ਆਇ ਨ ਜਾਈ–ਜਿਹੜਾ ਪ੍ਰਭੂ ਨਾ ਜੰਮਦਾ ਹੈ ਨਾ ਮਰਦਾ ਹੈ । ਰਹਿਆ ਸਮਾਈ–ਜਿਹੜਾ ਪ੍ਰਭੂ ਸਭ ਥਾਂ ਵਿਆਪਕ ਹੈ ।੪। **ਅਰਥ :–**

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਦਾ ਆਪਣੇ ਪਿਆਰੇ ਸੇਵਕਾਂ ਨਾਲ ਕਿਤਨਾ ਕੁ ਗੂੜ੍ਹਾ ਸੰਬੰਧ ਹੈ ?

1. ਉ:–ਹੇ ਭਾਈਓ ! ਉਹ ਪ੍ਰਮੇਸ਼ਰ ਤਾਂ ਆਪਣੇ ਸੇਵਕ ਨੂੰ (ਸਦਾ ਹੀ ਆਪਣੇ) ਗਲ ਨਾਲ ਲਾਈ ਰਖਦਾ ਹੈ ।
2. ਹੇ ਭਾਈ ! ਉਹ ਪ੍ਰਭੂ ਆਪਣੇ ਸੇਵਕ ਦੇ ਦੋਖੀ ਨੂੰ (ਈਰਖਾ ਦੀ ਅੰਦਰੇ ਅੰਦਰ ਧੁਖ ਰਹੀ) ਅੱਗ ਵਿਚ ਪਾਈ ਰਖਦਾ ਹੈ ।੧।
3. ਹੇ ਪਿਆਰੇ ! ਨਿੰਦਕ ਦੋਖੀ ਪਾਸੋਂ ਪ੍ਰਮਾਤਮਾਂ (ਆਪਣੇ ਸੇਵਕ ਨੂੰ ਸਦਾ ਆਪ ਹੀ) ਬਚਾਂਦਾ ਹੈ ।

ਪ੍ਰ:–ਕਿਉਂ ਜੀ ! ਉਸ ਸੇਵਕ ਦੇ ਦੋਖੀ ਨੂੰ ਜੀਵਨ ਵਿਚ ਕੀ ਘਾਟ ਪਈ ਰਹਿੰਦੀ ਹੈ ?

4. ਉ:–ਹੇ ਭਾਈਓ ! ਉਸ ਨਿੰਦਕ ਦੋਖੀ ਦੀ ਆਤਮਕ ਅਵਸਥਾ ਕਿਤੇ ਭੀ ਉਚੀ ਨਹੀਂ ਹੋ ਸਕਦੀ, (ਕਿਉਂਕਿ) ਉਹ ਨਿੰਦਕ ਦੋਖੀ ਆਪਣੇ ਕਮਾਏ ਕਰਮਾਂ ਅਨੁਸਾਰ (ਸਦਾ ਨਿੰਦਾ ਈਰਖਾ ਦੀ ਅੱਗ ਵਿਚ ਅੰਦਰੇ ਅੰਦਰ) ਸੜਦਾ ਰਹਿੰਦਾ ਹੈ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਸੇਵਕ ਅਤੇ ਨਿੰਦਕ ਦੀ ਕ੍ਰਿਆ ਵਿਚ ਕੀ ਫਰਕ ਦੇਖਿਆ ਜਾਂਦਾ ਹੈ ?

5. ਉ:–ਹੇ ਭਾਈ ! ਪ੍ਰਮਾਤਮਾਂ ਦੇ ਸੇਵਕ ਦੀ (ਤਾਂ ਸਦਾ) ਪ੍ਰਮਾਤਮਾਂ ਨਾਲ ਹੀ ਪ੍ਰੀਤ ਲਗੀ ਰਹਿੰਦੀ ਹੈ ।
6. ਪਰ, ਸੇਵਕ ਦੇ ਦੋਖੀ ਦਾ (ਨਿੰਦਾ ਈਰਖਾ ਆਦਿਕ) ਭੈੜੇ ਕੰਮਾਂ ਨਾਲ (ਹੀ) ਪਿਆਰ ਬਣਿਆ ਰਹਿੰਦਾ ਹੈ ।੨।
7. ਹੇ ਭਾਈ ! ਉਸ ਪ੍ਰਮਾਤਮਾਂ ਨੇ ਸਦਾ ਹੀ (ਆਪਣੇ ਸੇਵਕ ਦੀ ਲਾਜ ਰਖ ਕੇ) ਆਪਣਾ ਮੁੱਢ ਕਦੀਮਾਂ ਦਾ (ਇਹ) ਸੁਭਾਉ (ਜਗਤ ਵਿਚ) ਪ੍ਰਗਟ ਕੀਤਾ ਹੈ ।
8. ਪਰ, ਸੇਵਕ ਦੇ ਨਿੰਦਕ ਦੋਖੀ ਨੇ (ਭੀ ਸਦਾ) ਹੀ ਆਪਣੇ ਕੀਤੇ ਮੰਦੇ ਕਰਮਾਂ ਦਾ ਫਲ ਭੁਗਤਿਆ ਹੈ ।੩।
9. ਹੇ ਪਿਆਰੇ ! ਜਿਹੜਾ ਪ੍ਰਮਾਤਮਾਂ ਨਾ ਜੰਮਦਾ ਹੈ ਨਾ ਮਰਦਾ ਹੈ, ਜਿਹੜਾ ਪ੍ਰਮਾਤਮਾਂ ਸਭ ਥਾਈਂ ਵਿਆਪਕ ਹੈ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਸ ਪ੍ਰਭੂ ਦੇ ਦਾਸ (ਸਦਾ) ਉਸੇ ਦੀ ਸ਼ਰਨ ਵਿਚ ਪਏ ਰਹਿੰਦੇ ਹਨ ।੪।੧੩।

ਭਾਵਾਰਥ :–ਜਿਹੜਾ ਸੇਵਕ ਹਰੀ ਦੇ ਪਾਸੇ ਲਗਦਾ ਹੈ, ਹਰੀ ਉਸ ਨੂੰ ਆਪਣੀ ਲਗਨ ਦੇਂਦਾ ਹੈ ਅਤੇ ਨਿੰਦਕ ਉਲਟੇ ਰਾਹ ਪਿਆ ਰਹਿੰਦਾ ਹੈ, ਅੰਤ ਉਸ ਦਾ ਬੁਰਾ ਹੀ ਹੁੰਦਾ ਹੈ, ਜਿਵੇਂ ਸੁਲਹੀ ਖਾਂ ਆਦਿਕਾਂ ਦੇ ਬਾਣੀ ਵਿਚ ਅਨੇਕਾਂ ਹੀ ਉਦਾਹਰਣ ਆਉਂਦੇ ਹਨ ।

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. ਸ੍ਰੀਧਰ ਮੋਹਨ ਸਗਲ ਉਪਾਵਨ
ਨਿਰੰਕਾਰ ਸੁਖਦਾਤਾ ॥
2. ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ
ਕਵਨ ਬਿਖਿਆ ਰਸ ਮਾਤਾ ॥੧॥
3. ਰੇ ਮਨ ਮੇਰੇ ਤੂ ਗੋਵਿਦ ਭਾਜੁ ॥
4. ਅਵਰ ਉਪਾਵ ਸਗਲ ਮੈ ਦੇਖੇ
ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥੧॥ਰਹਾਉ॥
5. ਠਾਕੁਰੁ ਛੋਡਿ ਦਾਸੀ ਕਉ ਸਿਮਰਹਿ
ਮਨਮੁਖ ਅੰਧ ਅਗਿਆਨਾ ॥
6. ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ
ਨਿਗੁਰੇ ਪਸੂ ਸਮਾਨਾ ॥੨॥
7. ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ
ਸਾਕਤ ਕਹਤੇ ਮੇਰਾ ॥
8. ਅਹੰਬੁਧਿ ਦੁਰਮਤਿ ਹੈ ਮੈਲੀ
ਬਿਨੁ ਗੁਰ ਭਵਜਲਿ ਫੇਰਾ ॥੩॥
9. ਹੋਮ ਜਗ ਜਪ ਤਪ ਸਭਿ ਸੰਜਮ
ਤਟਿ ਤੀਰਥਿ ਨਹੀ ਪਾਇਆ ॥

10. **ਮਿਟਿਆ ਆਪੁ ਪਏ ਸਰਣਾਈ**
ਗੁਰਮੁਖਿ ਨਾਨਕ ਜਗਤੁ ਤਰਾਇਆ॥੪॥੧॥੧੪॥

ਪਦ ਅਰਥ :—ਸ੍ਰੀ-ਸ੍ਰੀ ਲਛਮੀ । ਸ੍ਰੀਧਰ-ਲਛਮੀ ਦਾ ਆਸਰਾ, ਪ੍ਰਮਾਤਮਾਂ। ਸਗਲ ਉਪਾਵਨ-ਸਭਨਾਂ ਨੂੰ ਪੈਦਾ ਕਰਨ ਵਾਲਾ। ਨਿਰੰਕਾਰ-ਉਹ ਜਿਸ ਦਾ ਕੋਈ ਖਾਸ ਸਰੂਪ ਦਸਿਆ ਨਹੀਂ ਜਾ ਸਕਦਾ। ਛੋਡਿ-ਛਡ ਕੇ। ਕਰਹਿ-ਤੂੰ ਕਰਦਾ ਹੈਂ। ਅਨ ਸੇਵਾ-ਕਿਸੇ ਹੋਰ ਦੀ ਸੇਵਾ ਭਗਤੀ। ਬਿਖਿਆ-ਮਾਇਆ । ਕਵਨ ਰਸ-ਕਿਹੜੇ ਰਸਾਂ ਵਿਚ ? ਕੋਝੇ ਸੁਆਦਾਂ ਵਿਚ। ਮਾਤਾ-ਮਸਤ ।੧।

ਭਾਜੁ-ਭਜੁ, ਜਪਿਆ ਕਰ। ਉਪਾਵ-ਹੀਲੇ। ਜੋ-ਜਿਹੜਾ ਭੀ ਉਪਾਉ । ਚਿਤਵੀਐ-ਸੋਚਿਆ ਜਾਂਦਾ ਹੈ । ਤਿਤੁ-ਉਸ (ਉਪਾਉ) ਨਾਲ। ਬਿਗਰਸਿ-ਵਿਗੜ ਜਾਂਦਾ ਹੈ ।੧। ਰਹਾਉ ।

ਦਾਸੀ ਕਉ-ਮਾਇਆ ਦਾਸੀ ਨੂੰ। ਸਿਮਰਹਿ-ਸਿਮਰਦੇ ਹਨ। ਮਨਮੁਖ-ਆਪਣੇ ਮਨ ਦੇ ਪਿਛੇ ਤੁਰਨ ਵਾਲੇ। ਅੰਧ-ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਮਨੁੱਖ । ਅਗਿਆਨਾ-ਆਤਮਕ ਜੀਵਨ ਦੀ ਸੂਝ ਤੋਂ ਸਖਣੇ। ਤਿਨ-ਉਨ੍ਹਾਂ ਨੂੰ। ਪਸੂ ਸਮਾਨਾ-ਪਸ਼ੂਆਂ ਵਾਲੇ ਜੀਵਨ ਵਾਲੇ ।੨।

ਜੀਉ-ਜਿੰਦ। ਪਿੰਡੁ-ਸਰੀਰ । ਸਾਕਤ-ਪ੍ਰਮਾਤਮਾਂ ਨਾਲੋਂ ਟੁੱਟੇ ਹੋਏ। ਅਹੰਬੁਧਿ-ਹਉਮੈਂ ਵਾਲੀ ਅਕਲ ਦੇ ਕਾਰਨ । ਦੁਰਮਤਿ-ਖੋਟੀ ਮਤਿ । ਭਵਜਲਿ-ਸੰਸਾਰ ਸਮੁੰਦਰ ਵਿਚ।੩।

ਸਭਿ-ਸਾਰੇ। ਸੰਜਮ-ਇੰਦ੍ਰੀਆਂ ਨੂੰ ਵਸ ਵਿਚ ਰਖਣ ਦੇ ਸਾਧਨ। ਤਟਿ-(ਨਦੀ ਦੇ) ਕੰਢੇ ਉਤੇ । ਤੀਰਥਿ-ਤੀਰਥ ਉਤੇ। ਆਪੁ-ਆਪਾ ਭਾਵ। ਗੁਰਮੁਖਿ-ਗੁਰੂ ਦੀ ਰਾਹੀਂ ।੪।

ਅਰਥ :-

ਪ੍ਰ:-ਸ੍ਰੀ ਜੀਉ ! ਇਹ ਸਾਡਾ ਅਮੋੜ ਮਨ ਅਨੇਕਾਂ ਵਾਰ ਪ੍ਰਮੇਸ਼ਰ ਵਲ ਪ੍ਰੇਰਦੇ ਰਹਿਣ ਤੋਂ ਭੀ ਪ੍ਰਭੂ ਨੂੰ ਛਡ ਕੇ ਹੋਰ ਅਨੇਕਾਂ ਹੀ ਦੇਵੀ ਦੇਵਾਂ ਦੀ ਪੂਜਾ ਕਰਨ ਵਲ ਪ੍ਰੇਰਤ ਰਹਿੰਦਾ ਹੈ, ਇਸ ਨੂੰ ਮੋੜਨ ਲਈ ਕੋਈ ਸਾਧਨ ਦਸੋ, ਤਾਂ ਕਿ ਇਹ ਰੱਬ ਵਲ ਨੂੰ ਟੁਰਿਆ ਰਵੇ ?

1. ਉ:-ਹੇ ਭਾਈ ! ਤੂੰ ਇਸ ਅਮੋੜ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ ਮਨ ! ਸੁਣ, ਜਿਹੜਾ ਸੋਹਣਾ ਪ੍ਰਭੂ ਲਛਮੀ ਦਾ ਆਸਰਾ ਹੈ, ਜਿਹੜਾ ਅਕਾਰ ਰਹਿਤ ਪ੍ਰਭੂ ਸਭਨਾਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਸਾਰੇ ਸੁਖ ਦੇਣ ਵਾਲਾ ਹੈ।
2. ਹੇ ਮਨਾ ! ਤੂੰ ਉਸ ਨੂੰ ਛਡ ਕੇ ਹੋਰ ਹੋਰ ਦੀ ਸੇਵਾ ਪੂਜਾ ਕਰਦਾ ਹੈਂ, (ਅਤੇ ਹੇ ਭੋਲਿਆ !) ਤੂੰ ਮਾਇਆ ਦੇ ਕੋਝੇ ਸੁਆਦਾਂ ਵਿਚ ਮਸਤ ਹੋ ਰਿਹਾ ਹੈਂ ।੧।
3. (ਇਸ ਲਈ) ਐ ਪਿਆਰੇ ! ਤੂੰ ਇਸ ਮਨ ਨੂੰ ਇਉਂ ਹੀ ਪ੍ਰੇਰਦਾ ਰਿਹਾ ਕਰ ਕਿ, ਹੇ ਮੇਰੇ ਮਨ ! ਤੂੰ ਸਦਾ ਪ੍ਰਮਾਤਮਾਂ ਦਾ ਹੀ ਨਾਮ ਜਪਿਆ ਕਰ।
4. ਹੇ ਪਿਆਰੇ ! ਸਿਮਰਨ ਤੋਂ ਬਿਨਾ ਹੋਰ ਸਾਰੇ ਹੀਲੇ (ਕਰਦੇ ਲੋਕ) ਮੈਂ ਵੇਖੇ ਹਨ, ਆਖਰ, (ਇਹੀ ਨਤੀਜਾ ਨਿਕਲਦਾ ਵੇਖਿਆ ਹੈ ਕਿ) ਹੋਰ ਜਿਹੜਾ ਭੀ ਹੀਲਾ ਸੋਚਿਆ ਜਾਂਦਾ ਹੈ ਉਸ (ਹੀਲੇ) ਨਾਲ (ਆਤਮਕ ਜੀਵਨ ਦਾ) ਕੰਮ (ਸਗੋਂ) ਵਿਗੜਦਾ (ਹੀ) ਹੈ ।੧। ਰਹਾਉ।

ਪ੍ਰ:-ਸ੍ਰੀ ਜੀਉ ! ਮਨਮੁਖ ਦੀ ਸਹੀ ਪਛਾਣ ਕੀ ਹੈ ?

5. ਉ:-ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨਮੁਖ ਮਨੁੱਖ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁੱਕੇ ਮਨੁੱਖ, ਆਤਮਕ ਜੀਵਨ ਦੀ ਸੂਝ ਤੋਂ ਸਖਣੇ ਮਨੁੱਖ, ਮਾਲਕ ਪ੍ਰਭੂ ਨੂੰ ਛਡ ਕੇ ਉਸ ਦੀ ਦਾਸੀ (ਮਾਇਆ) ਨੂੰ ਹੀ ਹਰ ਵੇਲੇ ਚੇਤੇ ਰਖਦੇ ਹਨ।
6. ਹੇ ਭਾਈਓ ! ਅਜਿਹੇ ਨਿਗੁਰੇ ਮਨੁੱਖ, ਪਸ਼ੂਆਂ ਵਾਲੇ ਜੀਵਨ ਵਾਲੇ ਮਨੁੱਖ ਉਨ੍ਹਾਂ ਬੰਦਿਆਂ ਨੂੰ ਨਿੰਦਦੇ ਹਨ ਜਿਹੜੇ ਪ੍ਰਮਾਤਮਾਂ ਦੀ ਭਗਤੀ ਕਰਦੇ ਹਨ ।੨।

ਪ੍ਰ:-ਕਿਉਂ ਜੀ ! ਮਨਮੁਖ ਦੀ ਹੋਰ ਕੀ ਨਿਸ਼ਾਨੀ ਹੈ ?

7. ਉ:-ਹੇ ਭਾਈਓ ! ਅਸਲੀਅਤ ਤਾਂ ਇਹੋ ਹੀ ਹੈ ਕਿ, ਇਹ ਜਿੰਦ, ਇਹ ਸਰੀਰ, ਇਹ ਧਨ, ਸਭ ਕੁਝ ਪ੍ਰਮਾਤਮਾਂ ਦਾ ਦਿਤਾ ਹੋਇਆ ਹੈ, ਪਰ ਮਾਦਾ ਪ੍ਰਸਤੀ, (ਮਾਇਆਧਾਰੀ) ਪ੍ਰਭੂ ਤੋਂ ਟੁੱਟੇ ਹੋਏ ਲੋਕ ਕਹਿੰਦੇ ਰਹਿੰਦੇ ਹਨ ਕਿ ਇਹ ਹਰੇਕ ਚੀਜ਼ ਸਾਡੀ ਹੈ।

ਪ੍ਰ:-ਸ੍ਰੀ ਜੀਉ ! ਆਖਰ, ਉਨ੍ਹਾਂ ਲੋਕਾਂ ਦਾ ਅੰਤ ਕਿਹੋ ਜਿਹਾ ਹੁੰਦਾ ਹੈ ?

8. ਉ:-ਹੇ ਭਾਈਓ ! ਉਨ੍ਹਾਂ ਦੀ ਅਕਲ ਹਉਮੈਂ ਵਾਲੀ ਬੁਧੀ ਦੇ ਕਾਰਨ ਖੋਟੀ ਹੋਈ ਰਹਿੰਦੀ ਹੈ, ਮੈਲੀ ਹੋਈ ਰਹਿੰਦੀ ਹੈ, ਗੁਰੂ ਦੀ ਸ਼ਰਨ ਤੋਂ ਬਿਨਾ ਉਨ੍ਹਾਂ ਦਾ ਗੇੜ ਸੰਸਾਰ ਸਮੁੰਦਰ ਵਿਚ ਬਣਿਆਂ ਹੀ ਰਹਿੰਦਾ ਹੈ ।੩।

ਪ੍ਰ-ਕਿਉਂ ਜੀ, ਜੋ ਲੋਕ ਜਪ ਤਪ ਆਦਿਕ ਸਾਧਨ ਕਰਦੇ ਹਨ ਕੀ ਉਨ੍ਹਾਂ ਦਾ ਮਿਲਾਪ ਪ੍ਰਮੇਸ਼ਰ ਨਾਲ ਨਹੀਂ ਹੋ ਸਕੇਗਾ ?

9. ਉ:-ਹੇ ਭਾਈਓ ! ਇਹ ਨਿਸਚਾ ਰਖੋ ਕਿ, ਹੋਮ, ਜਗ, ਜਪ ਤਪ, ਸਾਧਨਾਂ ਨਾਲ ਇੰਦ੍ਰੀਆਂ ਨੂੰ ਵਸ ਵਿਚ ਕਰਨ ਵਾਲੇ ਸਾਰੇ ਸਾਧਨਾਂ ਨਾਲ, ਕਿਸੇ ਪਵਿਤ੍ਰ ਨਦੀ ਦੇ ਕੰਢੇ ਉਤੇ ਕਿਸੇ ਤੀਰਥ ਉਤੇ (ਇਸ਼ਨਾਨ ਕੀਤਿਆਂ) ਪ੍ਰਭੂ ਜੀ ਦਾ ਮਿਲਾਪ ਨਹੀਂ ਹੋ ਸਕਦਾ।

ਪ੍ਰ:-ਸ੍ਰੀ ਜੀਉ ! ਆਖਰ ਆਪ ਗੁਰਮਤਿ ਅਨੁਸਾਰ ਪ੍ਰਭੂ ਮਿਲਾਪ ਦਾ ਕਿਹੜਾ ਸਾਧਨ ਮੰਨਦੇ ਹੋ ?

10. ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜੋ ਮਨੁੱਖ ਪ੍ਰਮੇਸ਼ਰ ਦੀ ਸ਼ਰਨ ਪੈਂਦੇ ਹਨ ਉਨ੍ਹਾਂ ਦੇ ਅੰਦਰੋਂ ਆਪਾ ਭਾਵ ਮਿਟ ਜਾਂਦਾ ਹੈ ਉਨ੍ਹਾਂ ਨੂੰ

ਪ੍ਰਮੇਸ਼ਰ ਗੁਰੂ ਦੀ ਸ਼ਰਨ ਪਾ ਕੇ (ਜਗਤ ਦੇ ਜੀਵਾਂ ਨੂੰ) ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ ।੪।੧।੧੪।

ਭਾਵਾਰਥ :–ਸਾਰਿਆਂ ਤੋਂ ਉਚੇ ਹਰੀ ਨੂੰ ਛਡ ਕੇ ਉਸ ਦੀ ਦਾਸੀ ਮਾਇਆ ਦਾ ਖਿਆਲ ਕਰਨਾ ਮੂਰਖਤਾ ਹੈ, ਆਪਾ ਭਾਵ ਛਡ ਕੇ ਕੇਵਲ ਆਪਣਾ ਦਿਲ ਹਰੀ ਦੇ ਅਰਪਨ ਕਰ ਕੇ ਉਸੇ ਦਾ ਧਿਆਨ ਕਰਦੇ ਰਹਿਣਾ ਚਾਹੀਦਾ ਹੈ ।

ਭੈਰਉ ਮਹਲਾ ੫ ॥

1. ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ
ਗ੍ਰਿਹਿ ਪੇਖਿਓ ਉਦਾਸਾਏ ॥
2. ਦੰਡਧਾਰ ਜਟਧਾਰੈ ਪੇਖਿਓ
ਵਰਤ ਨੇਮ ਤੀਰਥਾਏ ॥੧॥
3. ਸੰਤਸੰਗਿ ਪੇਖਿਓ ਮਨ ਮਾਏਂ ॥
4. ਊਭ ਪਇਆਲ ਸਰਬ ਮਹਿ ਪੂਰਨ
ਰਸਿ ਮੰਗਲ ਗੁਣ ਗਾਏ ॥੧॥ ਰਹਾਉ॥
5. ਜੋਗ ਭੇਖ ਸੰਨਿਆਸੈ ਪੇਖਿਓ
ਜਤਿ ਜੰਗਮ ਕਾਪੜਾਏ ॥
6. ਤਪੀ ਤਪੀਸੁਰ ਮੁਨਿ ਮਹਿ ਪੇਖਿਓ
ਨਟ ਨਾਟਿਕ ਨਿਰਤਾਏ ॥੨॥
7. ਚਹੁ ਮਹਿ ਪੇਖਿਓ ਖਟ ਮਹਿ ਪੇਖਿਓ
ਦਸ ਅਸਟੀ ਸਿੰਮ੍ਰਿਤਾਏ ॥
8. ਸਭ ਮਿਲਿ ਏਕੋ ਏਕੁ ਵਖਾਨਹਿ
ਤਉ ਕਿਸ ਤੇ ਕਹਉ ਦੁਰਾਏ ॥੩॥
9. ਅਗਹ ਅਗਹ ਬੇਅੰਤ ਸੁਆਮੀ
ਨਹ ਕੀਮ ਕੀਮ ਕੀਮਾਏ ॥
10. ਜਨ ਨਾਨਕ ਤਿਨ੍ ਕੈ ਬਲਿ ਬਲਿ ਜਾਈਐ
ਜਿਹ ਘਟਿ ਪਰਗਟੀਆਏ ॥੪॥੨॥੧੫॥

ਪਦ ਅਰਥ :–ਬਨ ਮਹਿ–ਜੰਗਲ ਵਿਚ । ਤ੍ਰਿਣ–ਘਾਹ ਦਾ ਤੀਲਾ,ਬਨਸਪਤੀ । ਗ੍ਰਿਹਿ–ਘਰ ਵਿਚ । ਉਦਾਸਾਏ–ਘਰਾਂ ਤੋਂ ਉਦਾਸ ਤਿਆਗੀਆਂ ਵਿਚ । ਦੰਡਧਾਰ–ਹੱਥ ਵਿਚ ਡੰਡਾ ਰਖਣ ਵਾਲੇ ਜੋਗੀਆਂ ਵਿਚ । ਜਟਧਾਰੈ–ਜਟਾਂਧਾਰੀ ਜੋਗੀ ਵਿਚ ।੧।

ਸੰਤਸੰਗਿ–ਸੰਤ ਜਨਾਂ ਦੀ ਸੰਗਤ ਵਿਚ । ਮਨ ਮਾਏਂ–ਮਨ ਮਾਹਿ, ਆਪਣੇ ਮਨ ਵਿਚ ਹੀ । ਊਭ–ਅਕਾਸ਼ ਵਿਚ । ਪਇਆਲ–ਪਾਤਾਲ ਵਿਚ । ਪੂਰਨ-ਵਿਆਪਕ । ਰਸਿ–ਅਨੰਦ ਨਾਲ । ਮੰਗਲ ਗੁਣ–ਆਤਮਕ ਅਨੰਦ ਦੇਣ ਵਾਲੇ ਗੁਣ । ਗਾਏ–ਗਾਇ, ਗਾ ਕੇ ।੧। ਰਹਾਉ ।

ਸੰਨਿਆਸੈ-ਸੰਨਿਆਸ ਵਿਚ । ਕਾਪੜਾਏ–ਕਾਪੜੀਏ ਸਾਧੂਆਂ ਵਿਚ । ਤਪੀਸੁਰ–(ਤਪੀ-ਈਸ਼ਰ) ਵਡੇ ਵਡੇ ਤਪੀ।੨।

ਚਹੁ ਮਹਿ–ਚਾਰ ਵੇਦਾਂ ਵਿਚ । ਖਟ ਮਹਿ–ਛੇ ਸ਼ਾਸਤ੍ਰਾਂ ਵਿਚ । ਦਸ ਅਸਟੀ–ਅਠਾਰਾਂ ਪੁਰਾਣਾਂ ਵਿਚ । ਮਿਲਿ–ਮਿਲ ਕੇ । ਵਖਾਨਹਿ–ਆਖਦੇ ਹਨ । ਤਉ–ਤਦੋਂ, ਤਾਂ । ਕਹਉ–ਕਹਉਂ, ਮੈਂ ਆਖਾਂ । ਕਿਸ ਤੇ–ਕਿਸ ਤੋਂ ? । ਦੁਰਾਏ–ਦੂਰ, ਲੁਕਿਆ ਹੋਇਆ ।੩।

ਅਗਹ–ਅਥਾਹ । ਕੀਮ–ਕੀਮਤ, ਮੁੱਲ । ਤਿਨ ਕੈ–ਉਨ੍ਹਾਂ ਤੋਂ । ਬਲਿ ਬਲਿ–ਸਦਕੇ, ਕੁਰਬਾਨ । ਜਾਈਐ–ਜਾਣਾ ਚਾਹੀਦਾ ਹੈ । ਜਿਹ ਘਟਿ–ਜਿਸ (ਜਿਸਿ) ਦੇ ਹਿਰਦੇ ਵਿਚ । ਪਰਗਟੀਆਏ–ਪ੍ਰਗਟ ਹੋ ਪਿਆ ਹੈ ।੪।੧।੧੫।

ਅਰਥ :–

ਪ੍ਰ:–ਸ੍ਰੀ ਜੀਉ ! ਜਦੋਂ ਉਹ ਪ੍ਰਭੂ ਕਿਸੇ ਦੇ ਅੰਤਰ ਆਤਮੇਂ ਪ੍ਰਗਟ ਹੋ ਜਾਏ ਤਾਂ ਉਸ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤ ਰਹੀ ਹੁੰਦੀ ਹੈ ? ਕੀ, ਹੁਣ ਆਪ ਜੀ ਨੂੰ ਉਸ ਪ੍ਰਭੂ ਦੇ ਪ੍ਰਗਟ ਹੋਣ ਨਾਲ ਕਿਸ ਰੂਪ ਵਿਚ ਪ੍ਰਤੀਤ ਹੋ ਰਿਹਾ ਹੈ ?

1. **ਉ**:–ਹੇ ਭਾਈਓ ! ਮੈਂ ਤਾਂ ਹੁਣ ਜੰਗਲ ਵਿਚ ਬਨਸਪਤੀ ਵਿਚ (ਪ੍ਰਭੂ ਨੂੰ ਹੀ ਵਸਦਾ) ਵੇਖ ਲਿਆ, ਘਰ ਵਿਚ ਭੀ ਉਸੇ ਨੂੰ ਵੇਖ ਲਿਆ ਤੇ ਤਿਆਗੀ ਵਿਚ ਭੀ ਉਸੇ ਨੂੰ ਵੇਖ ਲਿਆ ਹੈ ।

2. ਹੇ ਭਾਈ ! ਹੁਣ ਮੈਂ ਉਸ ਨੂੰ ਦੰਡ ਧਾਰੀਆਂ ਵਿਚ, ਜਟਾਂ ਧਾਰੀਆਂ ਵਿਚ (ਭੀ) ਵੱਸਦਾ ਵੇਖ ਲਿਆ, ਵਰਤ ਨੇਮ ਅਤੇ ਤੀਰਥ ਯਾਤਰਾ ਕਰਨ ਵਾਲਿਆਂ ਵਿਚ ਭੀ ਵੇਖ ਲਿਆ ਹੈ ।੧।

ਪ੍ਰ:–ਸ੍ਰੀ ਜੀਉ ! ਜਤਨ ਤਾਂ ਅਸੀਂ ਭੀ ਕਰਦੇ ਹਾਂ ਕਿ, ਉਸ ਵਿਆਪਕ ਪ੍ਰਭੂ ਨੂੰ ਆਪਣੇ ਮਨ ਵਿਚ ਪ੍ਰਗਟ ਰੂਪ ਵਿਚ ਤਕੀਏ, ਪਰ ਸਾਨੂੰ ਤਾਂ ਉਸ ਦੀ ਲੱਖਤਾ ਨਹੀਂ ਹੁੰਦੀ, ਆਪ ਜੀ ਨੂੰ ਇਹ ਦਾਤ ਕਿਵੇਂ ਪ੍ਰਾਪਤ ਹੋਈ ਹੈ ?

3. **ਉ**:–ਹੇ ਭਾਈਓ ! ਅਸਲ ਵਿਚ ਮੈਂ ਤਾਂ ਉਸ ਨੂੰ ਸੰਤ ਜਨਾਂ ਦੀ ਸੰਗਤ ਵਿਚ ਮਿਲਕੇ ਮਨ ਅੰਦਰ ਹੀ ਲੱਖ ਲਿਆ ਹੈ ।

ਪ੍ਰ:–ਸ੍ਰੀ ਜੀਉ ! ਸੰਗਤ ਵਿਚ ਮਿਲ ਕੇ ਤੁਸੀਂ ਸਾਧਨ ਕੀ ਕੀਤਾ ਸੀ ?

4. **ਉ**:–ਹੇ ਭਾਈ ! ਮੈਂ ਤਾਂ ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਉਸ ਪ੍ਰਮਾਤਮਾਂ ਦੇ ਅਨੰਦ ਦੇਣ ਵਾਲੇ ਗੁਣਾਂ ਨੂੰ ਸੁਆਦ ਨਾਲ ਗਾਉਣਾ ਕੀਤਾ (ਜਿਸ ਦੀ ਬਰਕਤ ਨਾਲ) ਉਸ ਨੂੰ ਮੈਂ ਮਨ ਵਿਚ ਹੀ ਵਸਦਾ ਵੇਖ ਲਿਆ, ਤਾਂ ਅਕਾਸ਼, ਪਾਤਾਲ ਸਭਨਾਂ ਵਿਚ ਹੀ ਉਹ ਵਸਦਾ ਦਿਸ ਪਿਆ ।੧। ਰਹਾਉ ।

5. ਹੇ ਪਿਆਰੇ ! ਜਦੋਂ ਮੈਂ ਉਸ ਪ੍ਰਮਾਤਮਾਂ ਨੂੰ ਆਪਣੇ ਅੰਦਰ ਵਸਦਾ ਵੇਖਿਆ, ਤਦੋਂ ਉਸ ਪ੍ਰਮਾਤਮਾਂ ਨੂੰ ਜੋਗੀਆਂ ਵਿਚ ਸਾਰੇ ਭੇਖਾਂ ਵਿਚ ਸੰਨਿਆਸੀਆਂ ਵਿਚ, ਜੰਗਮਾਂ ਵਿਚ, ਕਾਪੜੀਏ ਸਾਧੂਆਂ ਵਿਚ, ਸਭਨਾਂ ਵਿਚ ਹੀ ਵੱਸਦਾ ਵੇਖ ਲਿਆ ਹੈ ।

6. ਹੇ ਪਿਆਰੇ ! ਤਦੋਂ ਮੈਂ ਉਸ ਨੂੰ ਤਪੀਆਂ ਵਿਚ, ਵਡੇ ਵਡੇ ਤਪੀਆਂ ਵਿਚ, ਮੁਨੀਆਂ ਵਿਚ, ਨਾਟਕ ਕਰਨ ਵਾਲੇ ਨਟਾਂ ਵਿਚ, ਰਾਸ ਧਾਰੀਆਂ ਵਿਚ (ਸਭਨਾਂ ਵਿਚ ਵਸਦਾ) ਵੇਖ ਲਿਆ ਹੈ ।੨।

7. ਹੇ ਭਾਈਓ ! (ਜਦੋਂ ਮੈਂ ਸਾਧ ਸੰਗਤ ਦੀ ਕ੍ਰਿਪਾ ਨਾਲ ਉਸ ਪ੍ਰਮੇਸ਼ਰ ਨੂੰ ਆਪਣੇ ਅੰਦਰ ਹੀ ਵਸਦਾ ਵੇਖ ਲਿਆ, ਤਦੋਂ ਮੈਂ ਉਸ ਨੂੰ) ਚਾਰ ਵੇਦਾਂ ਵਿਚ, ਛੇ ਸ਼ਾਸਤ੍ਰਾਂ ਵਿਚ, ਅਠਾਰਾਂ ਪੁਰਾਣਾਂ ਵਿਚ, (ਸਾਰੀਆਂ) ਸਿਮ੍ਰਤੀਆਂ ਵਿਚ ਭੀ ਵੱਸਦਾ ਵੇਖ ਲਿਆ ।

8. ਹੇ ਭਾਈ ! (ਜਦੋਂ ਮੈਂ ਇਹ ਵੇਖ ਲਿਆ ਕਿ) ਸਾਰੇ ਜੀਅ ਜੰਤ ਮਿਲ ਕੇ ਸਿਰਫ ਇਕ ਪ੍ਰਮਾਤਮਾਂ ਦੇ ਹੀ ਗੁਣ ਗਾ ਰਹੇ ਹਨ, ਤਾਂ ਹੁਣ ਮੈਂ ਉਸ ਨੂੰ ਕਿਸ ਪਾਸੋਂ ਦੂਰ ਬੈਠਾ ਆਖ ਸਕਦਾ ਹਾਂ ? ।੩।

ਪ੍ਰ:–ਸ੍ਰੀ ਜੀਉ ! ਇਹ ਦਸੋ, ਹੁਣ ਆਪ ਜੀ ਦਾ ਪ੍ਰਮੇਸ਼ਰ ਬਾਰੇ ਕੀ ਨਿਸਚਾ ਹੈ ?

9. ਉ:–ਹੇ ਭਾਈਓ ! ਮੈਂ ਤਾਂ ਇਉਂ ਹੀ ਨਿਸਚਾ ਕੀਤਾ ਹੈ ਕਿ, ਉਹ ਪ੍ਰਮੇਸ਼ਰ ਅਥਾਹ ਹੈ, ਅਥਾਹ ਹੈ, ਬੇਅੰਤ ਹੈ, ਉਸ ਦਾ ਮੁੱਲ ਨਹੀਂ ਪੈ ਸਕਦਾ, ਉਹ ਕਿਸੇ ਦੁਨਿਆਵੀ ਪਦਾਰਥ ਦੇ ਬਦਲੇ ਭੀ ਨਹੀਂ ਮਿਲ ਸਕਦਾ ।

ਪ੍ਰ:–ਹੇ ਗੁਰੋ ! ਜਦ ਕਿ ਉਹ ਸਾਰਿਆਂ ਵਿਚ ਵਸਦਾ ਹੈ, ਤਾਂ ਉਹ ਸਾਰਿਆਂ ਨੂੰ ਹੀ ਨਜ਼ਰ ਕਿਉਂ ਨਹੀਂ ਆਉਂਦਾ ?

10. ਉ:–ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਵਸਦਾ ਤਾਂ ਸਭਨਾਂ ਵਿਚ ਹੀ ਹੈ, ਪਰ, ਜਿਸ ਜਿਸ (ਵਡਭਾਗੀ) ਦੇ ਹਿਰਦੇ ਵਿਚ ਉਹ ਪ੍ਰਤੱਖ ਰੂਪ ਵਿਚ ਪ੍ਰਗਟ ਹੋ ਗਿਆ ਹੈ, ਸੋ, ਉਨ੍ਹਾਂ ਤੋਂ ਸਦਾ ਹੀ ਕੁਰਬਾਨ ਸਦ ਕੇ ਜਾਣਾ ਚਾਹੀਦਾ ਹੈ ।੪।੨।੧੫।

ਭਾਵਾਰਥ :–ਜਦੋਂ ਕਿਸੇ ਦੇ ਅੰਤਰ ਆਤਮੇਂ ਹਰੀ ਪ੍ਰਗਟ ਹੋ ਜਾਂਦਾ ਹੈ, ਤਾਂ ਉਸ ਨੂੰ ਬਨ, ਤ੍ਰਿਣ ਸਭ ਥਾਵਾਂ ਤੇ ਹਰੀ ਹੀ ਵਿਆਪਕ ਨਜ਼ਰ ਆਉਂਦਾ ਹੈ ।

ਭੈਰਉ ਮਹਲਾ ੫ ॥

1. **ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥**
2. **ਬਿਖੁ ਸੰਚੈ ਨਿਤ ਡਰਤਾ ਫਿਰੈ ॥**
3. **ਹੈ ਨਿਕਟੇ ਅਰੁ ਭੇਦੁ ਨ ਪਾਇਆ ॥**
4. **ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥**
5. **ਨੇੜੈ ਨੇੜੈ ਸਭੁ ਕੋ ਕਹੈ ॥**
6. **ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ ਰਹਾਉ ॥**
7. **ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥**
8. **ਦਰਬੁ ਹਿਰੈ ਮਿਥਿਆ ਕਰਿ ਖਾਇ ॥**
9. **ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥**
10. **ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥**
11. **ਨਿਕਟਿ ਨ ਜਾਨੈ ਬੋਲੈ ਕੂੜੁ ॥**
12. **ਮਾਇਆ ਮੋਹਿ ਮੂਠਾ ਹੈ ਮੂੜੁ ॥**
13. **ਅੰਤਰਿ ਵਸਤੁ ਦਿਸੰਤਰਿ ਜਾਇ ॥**
14. **ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥**
15. **ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥**
16. **ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥**
17. **ਅੰਤਰਿ ਬਾਹਰਿ ਨਿਕਟੇ ਸੋਇ ॥**
18. **ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥**

ਪਦ ਅਰਥ :–ਨਿਕਟਿ–(ਆਪਣੇ) ਨੇੜੇ (ਵਸਦਾ)। ਬੁਝੈ–(ਜਿਹੜਾ ਮਨੁੱਖ) ਸਮਝਦਾ ਹੈ । ਕਿਉ ਕਰੈ–ਨਹੀਂ ਕਰ ਸਕਦਾ । ਬਿਖੁ–ਜ਼ਹਿਰ, ਆਤਮਕ ਮੌਤ ਲਿਆਉਣ ਵਾਲੀ ਮਾਇਆ । ਸੰਚੈ–ਇਕੱਠੀ ਕਰਦਾ ਹੈ । ਨਿਕਟੇ–ਨੇੜੇ ਹੀ । ਅਰੁ–ਅਤੇ, ਪਰ । ਸਭ–ਸਾਰੀ ਲੁਕਾਈ ।੧।

ਸਭੁ ਕੋ–ਸਾਰੇ ਪ੍ਰਾਣੀ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਲਹੈ–ਲੱਭਦਾ ਹੈ ।੧। ਰਹਾਉ ।

ਪਰ ਗ੍ਰਿਹਿ–ਪਰਾਏ ਘਰ ਵਿਚ । ਜਾਇ–ਜਾਂਦਾ ਹੈ । ਦਰਬੁ–ਧਨ । ਹਿਰੈ–ਚੁਰਾਂਦਾ ਹੈ । ਮਿਥਿਆ–ਨਾਸਵੰਤ । ਮਿਥਿਆ ਕਰਿ–ਇਹ ਆਖ ਆਖ ਕੇ ਭੀ ਕਿ ਸਭ ਕੁਝ ਨਾਸਵੰਤ ਹੈ । ਠਗਉਰੀ–ਠਗ-ਮੂਰੀ, ਠਗ ਬੂਟੀ; ਧਤੂਰਾ, ਸੂਝ ਬੂਝ ਮੁਕਾ ਦੇਣ ਵਾਲੀ ਬੂਟੀ । ਸੰਗਿ–(ਆਪਣੇ) ਨਾਲ । ਭਰਮਿ–ਭਟਕਣਾ ਵਿਚ (ਪੈ ਕੇ) । ਭੁਲਾਨਿਆ–ਕੁਰਾਹੇ ਪਿਆ ਰਹਿੰਦਾ ਹੈ ।੨।

ਕੂੜੁ–ਝੂਠ । ਮੋਹਿ–ਮੋਹ ਵਿਚ । ਮੂਠਾ ਹੈ–ਠਗਿਆ ਜਾ ਰਿਹਾ ਹੈ । ਮੂੜੁ–ਮੂਰਖ਼ ਮਨੁੱਖ । ਅੰਤਰਿ–ਅੰਦਰ । ਦਿਸੰਤਰਿ–ਦੇਸ ਅੰਤਰਿ–ਹੋਰ ਦੇਸ਼ ਵਿਚ, ਬਾਹਰ ।੩।

ਮਸਤਕਿ–ਮੱਥੇ ਉਤੇ । ਕਰਮ–ਬਖਸ਼ਸ਼, ਪ੍ਰਮਾਤਮਾਂ ਦੀ ਮਿਹਰ (ਦਾ ਲੇਖ) । ਲਿਲਾਟ–ਮੱਥੇ (ਉਤੇ) । ਸੇਵੇ–ਸ਼ਰਨ ਪੈਂਦਾ ਹੈ । ਕਪਾਟ–ਕਵਾੜ, ਬੰਦ ਹੋਏ ਹੋਏ ਭਿੱਤ । ਸੋਇ–ਉਹ (ਪ੍ਰਮਾਤਮਾਂ) ਹੀ । ਕੋਇ–(ਪ੍ਰਮਾਤਮਾਂ ਤੋਂ ਬਿਨਾ) ਕੋਈ (ਹੋਰ) ।੪। **ਅਰਥ** :–

ਪ੍ਰ:–ਸ੍ਰੀ ਜੀਉ ! ਜੋ ਪ੍ਰਮੇਸ਼ਰ ਨੂੰ ਨੇੜੇ ਸਮਝਣ ਵਾਲਾ ਹੈ ਉਸ ਦੀ ਪਛਾਣ ਕੀ ਹੈ ਅਤੇ ਦੂਰ ਜਾਨਣ ਵਾਲੇ ਦੀ ਨਿਸ਼ਾਨੀ ਕੀ ਹੈ ?

1. ਉ:–ਹੇ ਭਾਈਓ ! ਜੋ ਪ੍ਰਮਾਤਮਾਂ ਨੂੰ ਆਪਣੇ ਨੇੜੇ ਸਮਝਣ ਵਾਲਾ ਮਨੁੱਖ ਹੈ, ਉਹ (ਕਿਸੇ ਭੀ ਨਾਲ ਕੋਈ) ਬੁਰਾਈ ਨਹੀਂ ਕਰ ਸਕਦਾ ।

2. ਪਰ, ਐ ਪਿਆਰੇ ! ਜਿਹੜਾ ਮਨੁੱਖ ਆਤਮਕ ਮੌਤ ਲਿਆਉਣ ਵਾਲੀ ਮਾਇਆ ਨੂੰ ਹਰ ਵੇਲੇ ਜੋੜਦਾ ਰਹਿੰਦਾ ਹੈ, ਉਹ ਮਨੁੱਖ (ਹਰਕ ਪਾਸੋਂ) ਸਦਾ ਹੀ ਡਰਦਾ ਫਿਰਦਾ ਹੈ ।

3. ਹੇ ਭਾਈਓ ! ਉਹ ਪ੍ਰਮੇਸ਼ਰ ਹਰੇਕ ਦੇ ਨੇੜੇ ਤਾਂ ਜ਼ਰੂਰ ਵਸਦਾ ਹੈ, ਪਰ ਨਿਤ ਮਾਇਆ ਜੋੜਨ ਵਾਲਾ ਮਨੁੱਖ ਇਸ ਭੇਤ ਨੂੰ ਸਮਝ ਨਹੀਂ ਸਕਦਾ।

4. ਕਿਉਂਕਿ, ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਸਾਰੀ ਲੁਕਾਈ ਮਾਇਆ ਦੇ ਮੋਹ ਵਿਚ ਫਸੀ ਰਹਿੰਦੀ ਹੈ ।੧।

ਪ੍ਰ:—ਸ੍ਰੀ ਜੀਉ ! ਅਸੀਂ ਤਾਂ ਜਿਸ ਨਾਲ ਭੀ ਵੀਚਾਰ ਵਟਾਂਦਰਾ ਕਰਦੇ ਹਾਂ, ਹਰ ਮਨੁੱਖ ਇਹੋ ਹੀ ਕਹਿੰਦਾ ਸੁਣੀਦਾ ਹੈ ਕਿ, ਪ੍ਰਮੇਸ਼ਰ ਸਭਨਾਂ ਦੇ ਨੇੜੇ ਹੀ ਵਸਦਾ ਹੈ, ਕੀ ਉਨ੍ਹਾਂ ਦੇ ਇਹ ਕਹਿਣ ਵਿਚ ਨਿਸਚਾ ਭੀ ਹੁੰਦਾ ਹੈ ?

5. ਉ:—ਹੇ ਭਾਈਓ ! ਅਸਲ ਵਿਚ (ਆਖਣ ਨੂੰ ਤਾਂ) ਹਰੇਕ ਪ੍ਰਾਣੀ ਇਹੋ ਆਖ ਦੇਂਦਾ ਹੈ (ਕਿ ਪ੍ਰਮਾਤਮਾਂ ਸਭ ਦੇ) ਨੇੜੇ ਹੈ, ਸਭ ਦੇ ਨੇੜੇ ਹੈ।

6. ਪਰ, ਹੇ ਭਾਈ ! ਕੋਈ ਵਿਰਲਾ ਮਨੁੱਖ ਹੀ ਗੁਰੂ ਦੀ ਸ਼ਰਨ ਪੈ ਕੇ ਇਸ ਡੂੰਘੇ ਭੇਤ ਨੂੰ ਸਮਝਦਾ ਹੈ ।੧। ਰਹਾਉ।

ਪ੍ਰ:—ਸ੍ਰੀ ਜੀਉ ! ਜੋ ਲੋਕ ਪ੍ਰਮੇਸ਼ਰ ਨੂੰ ਨੇੜੇ ਕਹਿਣ ਵਾਲੇ ਹਨ, ਉਨ੍ਹਾਂ ਨੂੰ ਹੀ ਅਸੀਂ ਵੇਖਦੇ ਹਾਂ ਕਿ ਪਰਾਏ ਘਰਾਂ ਵਿਚ ਚੋਰੀਆਂ ਕਰਨ ਜਾਂਦੇ ਹਨ ?

7. ਉ:—ਹੇ ਭਾਈ ! ਇਸ ਤੋਂ ਤਾਂ ਇਹੋ ਹੀ ਸਿਧ ਹੁੰਦਾ ਹੈ ਕਿ, ਉਹ ਕੇਵਲ ਕਹਿਣ ਮਾਤ੍ਰ ਹੀ ਕਹਿੰਦਾ ਹੈ, ਕਿਉਂਕਿ, ਉਹੀ ਮਨੁੱਖ ਪਰਾਏ ਘਰ ਵਿਚ (ਚੋਰੀ ਦੀ ਨੀਅਤ ਨਾਲ) ਜਾਂਦਾ ਹੈ, ਜਿਹੜਾ ਪ੍ਰਮਾਤਮਾਂ ਨੂੰ ਆਪਣੇ ਨੇੜੇ ਵਸਦਾ ਹੋਇਆ ਨਹੀਂ ਵੇਖਦਾ।

8. ਉਹ ਮਨੁੱਖ ਪਰਾਇਆ ਧਨ ਚੁਰਾਂਦਾ ਹੈ ਤੇ ਧਨ ਨੂੰ ਨਾਸਵੰਤ ਆਖ ਆਖ ਕੇ ਭੀ ਪਰਾਇਆ ਮਾਲ ਖਾਈ ਜਾਂਦਾ ਹੈ।

ਪ੍ਰ:—ਕਿਉਂ ਜੀ ! ਉਨ੍ਹਾਂ ਲੋਕਾਂ ਦੀ ਇਹ ਦਸ਼ਾ ਕਿਉਂ ਹੋ ਰਹੀ ਹੈ ?

9. ਉ:—ਹੇ ਭਾਈਓ ! ਅਸਲ ਗਲ ਤਾਂ ਇਉਂ ਹੀ ਸਮਝੋ ਕਿ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਭਟਕਣਾ ਵਿਚ ਪੈ ਕੇ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ।

10. ਮਾਇਆ ਠਗ ਬੂਟੀ ਉਸ ਉਤੇ ਆਪਣਾ ਪ੍ਰਭਾਵ ਪਾਈ ਰਖਦੀ ਹੈ, (ਇਸ ਵਾਸਤੇ ਉਹ ਪ੍ਰਮਾਤਮਾਂ ਨੂੰ ਆਪਣੇ) ਨਾਲ ਵਸਦਾ ਨਹੀਂ ਸਮਝਦਾ ।੨।

11. ਹੇ ਭਾਈ ! (ਉਹੀ ਮਨੁੱਖ) ਝੂਠ ਬੋਲਦਾ ਹੈ ਜਿਹੜਾ ਪ੍ਰਮਾਤਮਾਂ ਨੂੰ ਆਪਣੇ ਨਾਲ ਵਸਦਾ ਨਹੀਂ ਸਮਝਦਾ।

12. ਐ ਪਿਆਰੇ ! ਉਹ ਮੂਰਖ ਤਾਂ ਮਾਇਆ ਦੇ ਮੋਹ ਵਿਚ ਫਸਕੇ (ਆਪਣੀ ਆਤਮਕ ਰਾਸ ਪੂੰਜੀ) ਲੁਟਾਈ ਜਾਂਦਾ ਹੈ।

13. ਹੇ ਪਿਆਰੇ ! ਪ੍ਰਮਾਤਮਾਂ ਦਾ ਨਾਮ ਧਨ (ਤਾਂ ਉਂਝ) ਉਸ ਦੇ ਹਿਰਦੇ ਵਿਚ ਵਸਦਾ ਹੈ, (ਪਰ, ਉਹ ਨਿਰੀ ਮਾਇਆ ਦੀ ਖਾਤਰ ਹੀ) ਬਾਹਰ ਭਟਕਦਾ ਫਿਰਦਾ ਹੈ।

14. ਹੇ ਭਾਈਓ ! ਗੁਰੂ ਦੀ ਸ਼ਰਨ ਤੋਂ ਬਿਨਾ (ਜਗਤ) ਭਟਕਣਾ ਦੇ ਕਾਰਨ ਕੁਰਾਹੇ ਪਿਆ ਰਹਿੰਦਾ ਹੈ ।੩।

ਪ੍ਰ:—ਸ੍ਰੀ ਜੀਉ ! ਆਖਰ ਮਨ ਦੇ ਦਰਵਾਜੇ ਦੇ ਕਿਵਾੜ ਬੰਦ ਹਨ, ਇਹ ਕਿਵੇਂ ਖੁਲ੍ਹ ਸਕਦੇ ਹਨ ?

15. ਉ:—ਹੇ ਭਾਈਓ ! ਅਸਲ ਵਿਚ ਜਿਸ ਮਨੁੱਖ ਦੇ ਮੱਥੇ ਉਤੇ, ਲਿਲਾਟ ਉਤੇ (ਪ੍ਰਮਾਤਮਾਂ ਦੀ) ਬਖਸ਼ਸ਼ (ਦਾ ਲੇਖ) ਲਿਖਿਆ ਉਘੜ ਪੈਂਦਾ ਹੈ।

16. ਉਹ ਗੁਰੂ ਦੀ ਸ਼ਰਨ ਆ ਪੈਂਦਾ ਹੈ, ਉਸ ਦੇ ਮਨ ਦੇ ਕਿਵਾੜ ਖੁੱਲ੍ਹ ਜਾਂਦੇ ਹਨ।

ਪ੍ਰ:—ਗੁਰਦੇਵ ਜੀਉ ! ਉਸ ਦੀ ਪਛਾਣ ਕੀ ਹੈ ?

17. ਉ:—ਹੇ ਭਾਈ ! ਉਸ ਨੂੰ ਆਪਣੇ ਅੰਦਰ ਤੇ ਬਾਹਰ ਜਗਤ ਵਿਚ ਇਕ ਪ੍ਰਮਾਤਮਾਂ ਹੀ ਵਸਦਾ ਦਿਸਦਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਸ ਨੂੰ ਫਿਰ ਇਉਂ ਹੀ ਜਾਪਦਾ ਹੈ ਕਿ, ਪ੍ਰਮੇਸ਼ਰ ਜੀ ਤੋਂ ਬਿਨਾ ਕੋਈ ਹੋਰ ਨਾ ਜੰਮਦਾ ਹੈ ਅਤੇ ਨਹੀਂ ਮਰਦਾ ਹੈ ।੪।੩।੧੬।

ਭਾਵਾਰਥ :—ਜਦੋਂ ਕਿਸੇ ਮਨੁੱਖ ਦੀ ਸੁਰਤੀ ਵਿਚ ਕੇਵਲ ਇਕੋ ਹੀ ਪ੍ਰਮਾਤਮਾਂ ਦਿਸਦਾ ਨਜ਼ਰ ਆਉਂਦਾ ਹੈ, ਤਾਂ ਫਿਰ ਉਸ ਪਾਸੋਂ ਕੋਈ ਭੀ ਪਾਪ ਨਹੀਂ ਹੁੰਦਾ, ਪਰ ਹਰੀ ਨੂੰ ਹਰ ਥਾਂ ਵਿਆਪਕ ਵੇਖਣ ਲਈ ਗੁਰੂ ਦੀ ਸਹਾਇਤਾ ਜ਼ਰੂਰ ਚਾਹੀਦੀ ਹੈ।

ਭੈਰਉ ਮਹਲਾ ੫ ॥

1. ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥
2. ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥
3. ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥
4. ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥੧॥
5. ਰਾਖਹੁ ਰਾਖਹੁ ਕਿਰਪਾ ਧਾਰਿ ॥
6. ਤੇਰੀ ਸਰਣਿ ਤੇਰੈ ਦਰਵਾਰਿ ॥੧॥ ਰਹਾਉ ॥
7. ਜਿਨਿ ਸੇਵਿਆ ਨਿਰਭਉ ਸੁਖਦਾਤਾ ॥
8. ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥
9. ਜੋ ਤੂ ਕਰਹਿ ਸੋਈ ਫੁਨਿ ਹੋਇ ॥
10. ਮਾਰੈ ਨ ਰਾਖੈ ਦੂਜਾ ਕੋਇ ॥੨॥
11. ਕਿਆ ਤੂ ਸੋਚਹਿ ਮਾਣਸ ਬਾਣਿ ॥
12. ਅੰਤਰਜਾਮੀ ਪੁਰਖੁ ਸੁਜਾਣੁ ॥
13. ਏਕ ਟੇਕ ਏਕੋ ਆਧਾਰੁ ॥
14. ਸਭ ਕਿਛੁ ਜਾਣੈ ਸਿਰਜਣਹਾਰੁ ॥੩॥
15. ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥
16. ਤਿਸੁ ਜਨ ਕੇ ਸਭਿ ਕਾਜ ਸਵਾਰਿ ॥
17. ਤਿਸ ਕਾ ਰਾਖਾ ਏਕੋ ਸੋਇ ॥
18. ਜਨ ਨਾਨਕ ਅਪੜਿ ਨ ਸਾਕੈ ਕੋਇ ॥੪॥੪॥੧੭॥

ਪਦ ਅਰਥ:-ਸੰਸਾਰੇ-ਸੰਸਾਰ ਵਿਚ। ਕੋਟਿ-ਕ੍ਰੋੜਾਂ। ਚੋਜ ਵਿਡਾਣੀ-ਅਸਚਰਜ ਚੋਜਾਂ ਵਾਲਾ।੧।

ਧਾਰਿ-ਧਾਰ ਕੇ, ਕਰ ਕੇ। ਦਰਵਾਰਿ-ਦਰ ਦੇ ਬੂਹੇ ਤੇ, ਦਰ ਤੇ।੧। ਰਹਾਉ।

ਜਿਨਿ-ਜਿਸ (ਮਨੁੱਖ) ਨੇ। ਤਿਨਿ-ਉਸ (ਮਨੁੱਖ) ਨੇ। ਏਕੁ ਪਰਾਤਾ-ਇਕ ਪ੍ਰਮਾਤਮਾਂ ਨੂੰ ਪਛਾਣਿਆ। ਫੁਨਿ-ਮੁੜ।੨।

ਬਾਨਿ-ਆਦਤ। ਸੁਜਾਣੁ-ਸਿਆਣਾ। ਅਧਾਰੁ-ਆਸਰਾ।੩।

ਸਭਿ-ਸਾਰੇ। ਸਵਾਰਿ-ਸਵਾਰੇ, ਸਵਾਰਦਾ ਹੈ।੪।

ਅਰਥ :-

ਪ੍ਰ.-ਹੇ ਗੁਰੋ! ਉਸ ਸਾਈਂ ਜੀ ਦੇ ਦਰ ਤੇ ਸਨਮੁਖ ਹੋ ਜੋਦੜੀਆਂ ਕਰਨ ਦੀ ਜਾਚ ਦਸੋ?

1. **ਉ**:-ਹੇ ਭਾਈ! ਉਸ ਪ੍ਰਭੂ ਦੇ ਦਰ ਤੇ ਇਉਂ ਹੀ ਅਰਦਾਸਾਂ ਕਰਦੇ ਰਿਹਾ ਕਰੋ ਕਿ, ਹੇ ਸਾਈਆਂ ਜੀਉ! ਜਿਸ ਨੂੰ ਤੂੰ ਬਚਾਏਂ ਉਸ ਨੂੰ ਕੋਈ ਮਾਰ ਨਹੀਂ ਸਕਦਾ।
2. (ਕਿਉਂਕਿ) ਇਸ ਸਾਰੇ ਸੰਸਾਰ ਵਿਚ ਸਾਰੀ (ਉਤਪਤੀ) ਤੇਰੇ ਹੀ ਅਧੀਨ ਹੈ।
3. ਹੇ ਭਾਈਓ! ਵੇਖੋ, ਜੀਵ ਆਪਣੇ ਵਾਸਤੇ ਕ੍ਰੋੜਾਂ ਹੀਲੇ ਸੋਚਦਾ ਰਹਿੰਦਾ ਹੈ।
4. ਪਰ, ਹੁੰਦਾ ਓਹੀ ਕੁਝ ਹੈ ਜੋ ਅਸਚਰਜ ਚੋਜ ਕਰਨ ਵਾਲਾ ਪ੍ਰਮੇਸ਼ਰ ਕਰਦਾ ਹੈ।੧।

ਪ੍ਰ:-ਸ੍ਰੀ ਜੀਉ! ਮੈਂ ਆਪਣੀ ਰਖਿਆ ਲਈ ਕੀ ਸਾਧਨ ਕਰਦਾ ਰਵਾਂ?

5. ਉ:-ਹੇ ਪਿਆਰੇ! ਤੂੰ ਇਉਂ ਹੀ ਜੋਦੜੀਆਂ ਕਰਦਾ ਰਹੁ ਕਿ, ਹੇ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ, ਮੈਂ ਤੇਰੇ ਦਰ ਤੇ ਆਇਆ ਹਾਂ।
6. ਮੇਹਰ ਕਰ ਕੇ ਮੇਰੀ ਰਖਿਆ ਕਰ, ਰਖਿਆ ਕਰ।੧।ਰਹਾਉ।

ਪ੍ਰ:-ਸ੍ਰੀ ਜੀਉ! ਮਨ ਵਿਚ ਕੋਈ ਨਾ ਕੋਈ ਡਰ ਭੈ ਬਣਿਆ ਹੀ ਰਹਿੰਦਾ ਹੈ, ਦਸੋ, ਇਸ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ?

7. **ਉ**:-ਹੇ ਭਾਈ! ਅਸਲ ਗਲ ਤਾਂ ਇਹੋ ਹੀ ਹੈ ਕਿ ਜਿਸ ਮਨੁੱਖ ਨੇ ਨਿਰਭਉ ਅਤੇ ਸਾਰੇ ਸੁਖ ਦੇਣ ਵਾਲੇ ਪ੍ਰਮਾਤਮਾਂ ਦੀ ਸ਼ਰਨ ਲਈ ਹੈ।
8. ਹੇ ਪਿਆਰੇ! (ਉਸ ਨੇ ਆਪਣਾ ਹਰੇਕ) ਡਰ ਦੂਰ ਕਰ ਲਿਆ ਅਤੇ ਉਸ ਨੇ ਇਕ ਪ੍ਰਮਾਤਮਾਂ ਦੀ ਭੀ ਪਛਾਣ ਕਰ ਲਈ, ਭਾਵ, ਉਸ ਨਾਲ ਡੂੰਘੀ ਸਾਂਝ ਪਾ ਲਈ ਹੈ।
9. ਹੇ ਭਾਈ! ਉਸ ਦੀ ਦ੍ਰਿਸ਼ਟੀ ਵਿਚ ਫਿਰ ਇਉਂ ਹੀ ਜਾਪਦਾ ਹੈ ਕਿ; ਹੇ ਪ੍ਰਭੂ ਜੋ ਕੁਝ ਤੂੰ ਕਰਦਾ ਹੈਂ, ਉਹੀ ਹੁੰਦਾ ਹੈ।
10. (ਤੈਥੋਂ ਬਿਨਾ) ਦੂਜਾ ਨਾ ਕਿਸੇ ਨੂੰ ਕੋਈ ਮਾਰ ਸਕਦਾ ਹੈ ਅਤੇ ਨਾ ਹੀ ਬਚਾ ਹੀ ਸਕਦਾ ਹੈ।੨।
11. ਹੇ ਭਾਈ! (ਤੂੰ ਆਪਣੇ) ਮਨੁੱਖਾ ਸੁਭਾਉ ਅਨੁਸਾਰ ਕੀ ਸੋਚਾਂ ਸੋਚਦਾ ਰਹਿੰਦਾ ਹੈਂ?
12. ਹੇ ਪਿਆਰੇ! ਤੂੰ ਇਹ ਨਿਸਚਾ ਰਖ ਕਿ, ਉਹ ਸਰਬ ਵਿਆਪਕ ਪ੍ਰਮਾਤਮਾਂ ਹਰੇਕ ਦੇ ਦਿਲ ਦੀ ਜਾਨਣ ਵਾਲਾ ਹੈ ਅਤੇ ਉਹ ਸਿਆਣਾ ਹੈ।
13. ਹੇ ਭਾਈ! (ਅਸਾਂ ਜੀਵਾਂ ਦੀ) ਉਹੀ ਟੇਕ ਹੈ ਅਤੇ ਉਹੀ ਆਸਰਾ ਹੈ।
14. ਹੇ ਭਾਈ! ਉਹ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਉਹ ਪ੍ਰਭੂ ਸਭੋ ਕੁਝ ਜਾਣਦਾ ਹੈ।੩।

ਪ੍ਰ-ਹੇ ਗੁਰੋ, ਅਸਾਂ ਜੀਵਾਂ ਨੂੰ ਤਾਂ ਸੰਸਾਰਕ ਕਾਰਜਾਂ ਦੀ ਪੂਰਤੀ ਲਈ ਹਰ ਵਕਤ ਹੀ ਸੰਸਾ ਬਣਿਆ ਰਹਿੰਦਾ ਹੈ. ਕੋਈ ਸਾਧਨ ਦਸੋ?

15. **ਉ**:-ਹੇ ਭਾਈਓ! ਉਹ ਕਰਤਾਰ ਜਿਸ ਮਨੁੱਖ ਉਤੇ ਮੇਹਰ ਦੀ ਨਿਗਾਹ ਕਰਦਾ ਹੈ।
16. ਵਿਸ਼ਵਾਸ਼ ਰਖੋ ਕਿ, ਉਸ ਸੇਵਕ ਦੇ ਉਹ ਸਾਰੇ ਹੀ ਕੰਮ ਸਵਾਰਦਾ ਹੈ।
17. ਹੇ ਭਾਈਓ! ਉਸ ਮਨੁੱਖ ਦਾ ਰਾਖਾ ਉਹ ਪ੍ਰਮਾਤਮਾਂ ਆਪ ਹੀ ਬਣਿਆ ਰਹਿੰਦਾ ਹੈ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਜਗਤ ਦਾ ਕੋਈ ਭੀ ਜੀਵ ਉਸ ਦੀ ਬਰਾਬਰੀ ਨਹੀਂ ਕਰ ਸਕਦਾ।੪।੪।੧੭।

ਭਾਵਾਰਥ :-ਜੇਕਰ ਇਕ ਸਰਬ ਸ਼ਕਤੀਵਾਨ ਤੇ ਘਟ ਘਟ ਦੀਆਂ ਜਾਨਣ ਵਾਲੇ ਹਰੀ ਦਾ ਆਸਰਾ ਫੜ ਲਿਆ ਜਾਵੇ ਤਾਂ ਮਨੁੱਖ ਨੂੰ ਕਿਸੇ ਫਿਕਰ ਦੀ ਲੋੜ ਹੀ ਨਹੀਂ ਰਹਿੰਦੀ ਅਤੇ ਨਾ ਹੀ ਕਿਸੇ ਹੋਰ ਦੇ ਆਸਰਾ ਤੱਕਣ ਦੀ ਆਸ ਰਹਿੰਦੀ ਹੈ।

ਭੈਰਉ ਮਹਲਾ ੫ ॥

1. **ਤਉ ਕੜੀਐ ਜੇ ਹੋਵੈ ਬਾਹਰਿ ॥**
2. **ਤਉ ਕੜੀਐ ਜੇ ਵਿਸਰੈ ਨਰਹਰਿ ॥**
3. **ਤਉ ਕੜੀਐ ਜੇ ਦੂਜਾ ਭਾਏ ॥**
4. **ਕਿਆ ਕੜੀਐ ਜਾਂ ਰਹਿਆ ਸਮਾਏ ॥੧॥**
5. **ਮਾਇਆ ਮੋਹਿ ਕੜੇ ਕੜਿ ਪਚਿਆ ॥**
6. **ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ॥੧॥ਰਹਾਉ॥**
7. **ਤਉ ਕੜੀਐ ਜੇ ਦੂਜਾ ਕਰਤਾ ॥**
8. **ਤਉ ਕੜੀਐ ਜੇ ਅਨਿਆਇ ਕੋ ਮਰਤਾ ॥**
9. **ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥**
10. **ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥੨॥**

11. ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥
12 ਤਉ ਕੜੀਐ ਜੇ ਭੂਲਿ ਰੰਞਾਣੈ ॥
13. ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥
14. ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥੩॥
15. ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥
16. ਜਿਉ ਭਾਵੈ ਤਿਉ ਕਰਹਿ ਨਿਬੇਰਾ ॥
17. ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥
18. ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥

ਪਦ ਅਰਥ :—ਤਉ—ਤਦੋਂ, ਤਾਂ ਹੀ । ਕੜੀਐ—ਚਿੰਤਾ ਕਰੀ ਦੀ ਹੈ, ਖਿਝੀ ਦਾ ਹੈ । ਵਿਸਰੈ—ਭੁਲ ਜਾਂਦਾ ਹੈ । ਨਰਹਰਿ—ਪ੍ਰਮਾਤਮਾਂ । ਭਾਏ—ਚੰਗਾ ਲਗਦਾ ਹੈ । ਕਿਆ ਕੜੀਐ—ਝੂਰਨ ਦੀ ਲੋੜ ਨਹੀਂ ਪੈਂਦੀ । ਜਾਂ—ਜਦੋਂ ।੧।

ਮੋਹਿ—ਮੋਹ ਵਿਚ (ਫਸਕੇ) । ਕੜੇ ਕੜਿ—ਕੜਿ ਕੜਿ, ਖਿਝ ਖਿਝ ਕੇ । ਪਚਿਆ—ਸੜ ਮਰਦਾ ਹੈ । ਭ੍ਰਮਿ—ਭਟਕ ਕੇ । ਖਪਿਆ—ਦੁਖੀ ਹੁੰਦਾ ਹੈ ।੧। ਰਹਾਉ ।

ਅਨਿਆਇ—ਅ-ਨਿਆਇ, ਨਿਆਂ ਦੇ ਉਲਟ, ਪ੍ਰਮਾਤਮਾਂ ਦੇ ਹੁਕਮ ਤੋਂ ਬਾਹਰਾ । ਕੋ—ਕੋਈ ਜੀਵ । ਭਰਪੂਰਿ—ਹਰ ਥਾਂ, ਨਕਾ ਨੱਕ । ਸਮਾਹੀ—(ਹੇ ਪ੍ਰਭੂ) ਤੂੰ ਵਿਆਪਕ ਹੈਂ ।੨।

ਧਿਙਾਣੈ—ਬਦੋ ਬਦੀ, ਪ੍ਰਮਾਤਮਾਂ ਤੋਂ ਬੇ-ਵੱਸਾ । ਭੂਲਿ—ਭੁਲ ਕੇ, ਭੁਲੇਖੇ ਨਾਲ । ਰੰਞਾਣੈ—ਦੁਖੀ ਕਰਦਾ ਹੈ । ਗੁਰਿ—ਗੁਰੂ ਨੇ । ਪ੍ਰਭ ਤੇ—ਪ੍ਰਭੂ ਤੋਂ, ਪ੍ਰਭੂ ਦੇ ਹੁਕਮ ਨਾਲ । ਕਾੜਾ—ਖਿਝ, ਚਿੰਤਾ । ਛੋਡਿ—ਛਡ ਕੇ । ਅਚਿੰਤ—ਬੇ-ਫਿਕਰ । ਸੋਤੇ—ਸੌਂਦੇ ਹਾਂ, ਰਹਿੰਦੇ ਹਾਂ ।੩।

ਪ੍ਰਭ—ਹੇ ਪ੍ਰਭੂ । ਠਾਕੁਰੁ—ਮਾਲਕ । ਸਭੁ ,ਕੋ—ਹਰੇਕ ਜੀਵ । ਕਰਹਿ—ਤੂੰ ਕਰਦਾ ਹੈਂ । ਨਿਬੇਰਾ—ਫੈਸਲਾ । ਦੁਤੀਆ—ਦੂਜਾ, ਤੈਥੋਂ ਬਿਨਾ ਕੋਈ ਹੋਰ । ਨਾਸਤਿ—ਨ-ਅਸਤਿ—ਨਹੀਂ ਹੈ । ਪੈਜ—ਲਾਜ, ਇੱਜ਼ਤ ।੪।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਦਾ ਹਰ ਮਨੁੱਖ ਚਿੰਤਾਤੁਰ ਵੇਖੀਦਾ ਹੈ, ਪਰ, ਆਪ ਜੀ ਹਮੇਸ਼ਾਂ ਸ਼ਾਂਤ ਚਿਤ ਬੇ-ਫਿਕਰੀ ਵਿਚ ਰਹਿੰਦੇ ਹੋ, ਇਸ ਅਚਿੰਤ ਅਵਸਥਾ ਦੇ ਪ੍ਰਾਪਤ ਹੋਣ ਦਾ ਅਸਲ ਕਾਰਨ ਕੀ ਹੈ ?

1. ਉ:—ਹੇ ਭਾਈਓ ! (ਅਸਲ ਕਾਰਣ ਇਹ ਹੈ, ਜੇ ਜੀਵ ਨੂੰ ਇਹ ਖਿਆਲ ਬਣਿਆ ਰਹੇ, ਕਿ ਪ੍ਰਮੇਸ਼ਰ ਮੈਥੋਂ ਵਖਰਾ) ਕਿਤੇ ਦੂਰ (ਵਸਦਾ) ਹੈ, ਤਦੋਂ (ਹਰ ਗਲ) ਚਿੰਤਾ ਕਰੀਦੀ ਹੈ ।

2. ਹੇ ਭਾਈਓ ! ਤਦੋਂ ਭੀ ਝੂਰਦੇ ਰਹੀਦਾ ਹੈ, ਜੇ ਪ੍ਰਮੇਸ਼ਰ (ਸਾਡੇ ਮਨੋ) ਭੁਲ ਜਾਏ ।

3. ਹੇ ਪਿਆਰੇ ! ਜਦੋਂ ਪ੍ਰਮਾਤਮਾਂ ਤੋਂ ਬਿਨਾ ਕੋਈ ਹੋਰ ਪਦਾਰਥ (ਪ੍ਰਮੇਸ਼ਰ ਜੀ ਨਾਲੋਂ ਵਧੀਕ) ਪਿਆਰਾ ਲਗਣ ਲਗ ਪੈਂਦਾ ਹੈ, ਤਦੋਂ ਭੀ ਝੂਰਦੇ ਰਹੀਦਾ ਹੈ ।

ਪ੍ਰ:—ਸ੍ਰੀ ਜੀਉ ! ਆਖਰ, ਇਹ ਭੀ ਦਸ ਦਿਓ ਕਿ, ਚਿੰਤਾ ਰਹਿਤ ਅਵਸਥਾ ਕਿਵੇਂ ਪ੍ਰਾਪਤ ਹੁੰਦੀ ਹੈ ?

4. ਉ:—ਹੇ ਭਾਈਓ ! ਜਦੋਂ (ਇਹ ਯਕੀਨ ਬਣਿਆ ਰਹੇ ਕਿ ਪ੍ਰਮਾਤਮਾਂ) ਹਰੇਕ ਥਾਂ ਵਿਆਪਕ ਹੈ, ਤਦੋਂ ਚਿੰਤਾ, ਝੋਰਾ ਮਿਟ ਜਾਂਦਾ ਹੈ ।੧।

ਪ੍ਰ:—ਸ੍ਰੀ ਜੀਉ ! ਇਸ ਜੀਵ ਦੇ ਬਾਰ ਬਾਰ ਮਰਦੇ ਰਹਿਣ ਦਾ ਸਹੀ ਕਾਰਣ ਕੀ ਹੈ ?

5. ਉ:—ਹੇ ਭਾਈ ! ਅਸਲ ਵਿਚ, ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਖਿੱਝ ਖਿੱਝ ਕੇ ਆਤਮਕ ਮੌਤੇ ਮਰਦਾ ਰਹਿੰਦਾ ਹੈ ।

6. ਐ ਪਿਆਰੇ ! ਪ੍ਰਮਾਤਮਾਂ ਦੇ ਨਾਮ ਤੋਂ ਬਿਨਾ (ਮਾਇਆ ਦੀ ਖਾਤਰ) ਭਟਕ ਭਟਕਕੇ ਖੁਆਰ ਹੁੰਦਾ ਰਹਿੰਦਾ ਹੈ।੧।ਰਹਾਉ।

7. ਹੇ ਭਾਈਓ ! ਜੇ ਇਹ ਭੀ ਖਿਆਲ ਬਣਿਆ ਰਹੇ ਕਿ ਪ੍ਰਮੇਸ਼ਰ ਤੋਂ ਬਿਨਾ ਕੋਈ ਹੋਰ ਕੁਝ ਕਰ ਸਕਣ ਵਾਲਾ ਭੀ ਹੈ, ਤਦੋਂ ਭੀ ਚਿੰਤਾ ਫਿਕਰ ਵਿਚ ਫਸੇ ਰਹੀਦਾ ਹੈ ।

8. ਹੇ ਭਾਈਓ ! ਤਦੋਂ ਭੀ ਝੁਰੀਦਾ ਹੈ ਜੇ ਇਹ ਖਿਆਲ ਬਣੇ ਕਿ ਕੋਈ ਪ੍ਰਾਣੀ ਪ੍ਰਮਾਤਮਾਂ ਦੇ ਹੁਕਮ ਤੋਂ ਬਾਹਰ ਮਰ ਸਕਦਾ ਹੈ । ਭਾਵ ਕੋਈ ਅਨਿਆਈ ਮੌਤ ਮਰਦਾ ਹੈ ।

9. ਹੇ ਭਾਈ ! ਜੇ ਇਹ ਯਕੀਨ ਟਿਕ ਜਾਏ ਕਿ ਪ੍ਰਮਾਤਮਾਂ ਸਾਡੀਆਂ ਲੋੜਾਂ ਨੂੰ ਜਾਣਦਾ ਨਹੀਂ ਹੈ, ਤਾਂ ਭੀ ਝੁਰਦੇ ਹੀ ਰਹੀਦਾ ਹੈ ।

10. ਹੇ ਭਾਈਓ ! ਜਦੋਂ ਇਹ ਜਾਣ ਲਈਦਾ ਹੈ ਕਿ. ਹੇ ਪ੍ਰਭੂ ! ਤੂੰ ਤਾਂ ਹਰ ਥਾਂ ਮੌਜੂਦ ਹੈਂ (ਤਾਂ) ਫਿਰ ਅਸੀਂ ਚਿੰਤਾ ਫਿਕਰ ਕਿਉਂ ਕਰੀਏ ? ।੨।

11-12. ਹੇ ਭਾਈ ! ਅਸੀਂ ਤਾਂ ਇਉਂ ਹੀ ਵਿਸ਼ਵਾਸ਼ ਕਰਦੇ ਹਾਂ ਕਿ, ਕੁਝ ਭੀ ਪ੍ਰਭੂ ਦੇ ਹੁਕਮ ਤੋਂ ਬਾਹਰਾ ਨਹੀਂ ਹੁੰਦਾ ਕਿਸੇ ਨੂੰ ਭੀ ਉਹ ਭੁਲੇਖੇ ਨਾਲ ਦੁਖੀ ਨਹੀਂ ਕਰਦਾ, ਫਿਰ ਚਿੰਤਾ ਫਿਕਰ ਕਿਉਂ ਕੀਤਾ ਜਾਏ ।

13. ਹੇ ਭਾਈ ! ਗੁਰੂ ਨੇ ਇਹ ਦਸਿਆ ਹੈ ਕਿ ਜੋ ਕੁਝ ਹੁੰਦਾ ਹੈ ਉਹ ਸਭ ਪ੍ਰਭੂ ਦੇ ਹੁਕਮ ਨਾਲ ਹੀ ਹੁੰਦਾ ਹੈ ।

14. ਹੇ ਪਿਆਰੇ ! ਅਸੀਂ ਤਾਂ ਇਸ ਵਾਸਤੇ ਚਿੰਤਾ ਫਿਕਰ ਛਡਕੇ (ਉਸੇ ਦੀ ਰਜ਼ਾ ਵਿਚ) ਬੇ-ਫਿਕਰ ਟਿਕੇ ਹੋਏ ਹਾਂ।੩।

15. ਹੇ ਭਾਈ ! ਸਾਡਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਹੇ ਪ੍ਰਭੂ ! ਤੂੰ ਸਭ ਜੀਵਾਂ ਦਾ ਮਾਲਕ ਹੈਂ, ਹਰੇਕ ਜੀਵ ਤੇਰਾ (ਪੈਦਾ ਕੀਤਾ ਹੋਇਆ) ਹੈ ।

16. ਜਿਵੇਂ ਤੇਰੀ ਰਜ਼ਾ ਹੁੰਦੀ ਹੈ, ਤੂੰ (ਜੀਵਾਂ ਦੀ ਕਿਸਮਤ ਦਾ) ਫੈਸਲਾ ਕਰਦਾ ਹੈਂ ।

17. ਹੇ ਪ੍ਰਭੂ ! ਤੈਥੋਂ ਬਿਨਾ (ਤੇਰੇ ਬਰਾਬਰ ਦਾ) ਹੋਰ ਕੋਈ ਨਹੀਂ ਹੈ ਤੂੰ ਹੀ ਹਰ ਥਾਂ ਵਿਆਪਕ ਹੈਂ ।

18. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਭੂ ਦੇ ਦਰ ਤੇ ਹੀ ਅਰਦਾਸ ਕਰਿਆ ਕਰ ਕਿ, ਹੇ ਪ੍ਰਭ ! ਮੈਂ ਤੇਰੀ ਸ਼ਰਨ ਆਇਆ ਹਾਂ, ਮੇਰੀ ਲਾਜ ਰਖੋ।੪।੫।੧੮।

ਭਾਵਾਰਥ :—ਜਦ ਤਕ ਇਹ ਖਿਆਲ ਬਣਿਆ ਰਹੇ ਕਿ ਸਭ ਕੁਝ ਹਰੀ ਹੀ ਕਰਦਾ ਹੈ ਅਤੇ ਜੋ ਕੁਝ ਕਰਦਾ ਹੈ ਉਹ ਠੀਕ ਕਰਦਾ ਹੈ, ਤਦ ਤੋੜੀ ਮਨ ਨੂੰ ਕੋਈ ਝੋਰਾ ਨਹੀਂ ਹੁੰਦਾ, ਫਿਕਰ ਉਸ ਨੂੰ ਪੈਂਦਾ ਹੈ ਜਿਹੜਾ ਹਰੀ ਨੂੰ ਛਡ ਕੇ ਮਾਇਆ ਮੋਹ ਵਿਚ ਪੈ ਜਾਂਦਾ ਹੈ ।

ਭੈਰਉ ਮਹਲਾ ੫ ॥

1. ਬਿਨੁ ਬਾਜੇ ਕੈਸੋ ਨਿਰਤਿਕਾਰੀ ॥
2. ਬਿਨੁ ਕੰਠੈ ਕੈਸੇ ਗਾਵਨਹਾਰੀ ॥
3. ਜੀਲ ਬਿਨਾ ਕੈਸੇ ਬਜੈ ਰਬਾਬ ॥
4. ਨਾਮ ਬਿਨਾ ਬਿਰਥੇ ਸਭਿ ਕਾਜ ॥੧॥
5. ਨਾਮ ਬਿਨਾ ਕਹਹੁ ਕੋ ਤਰਿਆ ॥
6. ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥੧॥ ਰਹਾਉ ॥
7. ਬਿਨੁ ਜਿਹਵਾ ਕਹਾ ਕੋ ਬਕਤਾ ॥
8. ਬਿਨੁ ਸ੍ਰਵਨਾ ਕਹਾ ਕੋ ਸੁਨਤਾ ॥
9. ਬਿਨੁ ਨੇਤ੍ਰਾ ਕਹਾ ਕੋ ਪੇਖੈ ॥
10. ਨਾਮ ਬਿਨਾ ਨਰੁ ਕਹੀ ਨ ਲੇਖੈ ॥੨॥
11. ਬਿਨੁ ਬਿਦਿਆ ਕਹਾ ਕੋਈ ਪੰਡਿਤ ॥
12. ਬਿਨੁ ਅਮਰੈ ਕੈਸੇ ਰਾਜ ਮੰਡਿਤ ॥
13. ਬਿਨੁ ਬੂਝੇ ਕਹਾ ਮਨੁ ਠਹਰਾਨਾ ॥
14. ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥
15. ਬਿਨੁ ਬੈਰਾਗ ਕਹਾ ਬੈਰਾਗੀ ॥
16. ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥
17. ਬਿਨੁ ਬਸਿ ਪੰਚ ਕਹਾ ਮਨ ਚੂਰੇ ॥
18. ਨਾਮ ਬਿਨਾ ਸਦ ਸਦ ਹੀ ਝੂਰੇ ॥੪॥
19. ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥
20. ਬਿਨੁ ਪੇਖੇ ਕਹੁ ਕੈਸੋ ਧਿਆਨੁ ॥
21. ਬਿਨੁ ਭੈ ਕਥਨੀ ਸਰਬ ਬਿਕਾਰ ॥
22. ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥

ਪਦ ਅਰਥ :—ਕੈਸੇ—ਕਿਹੋ ਜਿਹਾ ? ਫਬਦਾ ਨਹੀਂ । ਨਿਰਤਿਕਾਰੀ—ਨਾਚ । ਕੰਠ—ਗਲਾ । ਜੀਲ—ਤੰਦੀ । ਸਭਿ—ਸਾਰੇ ।੧।

ਕਹਹੁ—ਦਸੋ । ਕੋ ਕੌਣ ?। ਕੈਸੇ—ਕਿਵੇਂ ।੧।ਰਹਾਉ।

ਜਿਹਵਾ—ਜੀਭ । ਕਹਾ—ਕਹਾਂ ? ਕਿਥੇ ? । ਕੋ—ਕੋਈ । ਬਕਤਾ—ਬੋਲਣ ਜੋਗਾ । ਸ੍ਰਵਨਾ—ਕੰਨਾਂ । ਪੇਖੈ—ਵੇਖ ਸਕਦਾ ਹੈ । ਕਹੀ ਨ ਲੇਖੈ—ਕਿਤੇ ਭੀ ਲੇਖੇ ਵਿਚ ਨਹੀਂ, ਕਿਤੇ ਭੀ ਇੱਜ਼ਤ ਨਹੀਂ ਪਾ ਸਕਦਾ ।੨।

ਅਮਰ—ਹੁਕਮ । ਰਾਜ ਮੰਡਿਤ—ਰਾਜ ਦੀ ਸਜਾਵਟ । ਠਹਰਾਨਾ—ਟਿਕ ਸਕਦਾ ਹੈ । ਬਉਰਾਨਾ—ਝੱਲਾ ।੩।

ਬੈਰਾਗ—ਉਪਰਾਮਤਾ, ਨਿਰਮੋਹਤਾ । ਹਉ—ਹਉਮੈਂ । ਬਸਿ—ਵਸ ਵਿਚ । ਪੰਚ—ਕਾਮਾਦਿਕ ਪੰਜੇ । ਚੂਰੇ—ਮਾਰਿਆ ਜਾ ਸਕੇ । ਸਦ—ਸਦਾ ।੪।

ਦੀਖਿਆ—ਉਪਦੇਸ਼ । ਗਿਆਨੁ—ਆਤਮਕ ਜੀਵਨ ਦੀ ਸੂਝ । ਬਿਨੁ ਪੇਖੇ - ਵੇਖਣ ਤੋਂ ਬਿਨਾ । ਕਹੁ—ਦਸੋ । ਕੈਸੋ—ਕਿਹੋ ਜਿਹਾ ? । ਬਿਨੁ ਭੈ—ਡਰ ਅਦਬ ਤੋਂ ਬਿਨਾ । ਕਥਨੀ ਸਰਬ—ਸਾਰੀ ਕਹਿਣੀ । ਵਿਕਾਰ—ਵਿਕਾਰਾਂ ਦਾ ਮੂਲ ।੫।

ਅਰਥ :—

ਪ੍ਰ:—ਸ੍ਰੀ ਜੀਉ ! ਅਸੀਂ ਆਪ ਜੀ ਵਲੋਂ ਹਮੇਸ਼ਾਂ ਇਹੋ ਹੀ ਸ਼ੁਭ ਉਪਦੇਸ਼ ਸਰਵਣ ਕਰਦੇ ਹਾਂ ਕਿ, ਨਾਮ ਤੋਂ ਬਿਨਾ ਸੰਸਾਰ ਦੇ ਹੋਰ ਸਾਰੇ ਕਾਜ ਨਿਕੰਮੇਂ ਹਨ, ਪਰ ਇਸ ਖਿਆਲ ਦੀ ਪੂਰਤੀ ਲਈ ਕੁਝ ਉਦਾਹਰਣ ਦਿਓ, ਤਾਂ ਕਿ ਅਸੀਂ ਭੀ ਸਮਝ ਸਕੀਏ ?

1. **ਉ**:—ਹੇ ਭਾਈਓ ! ਸੁਣੋ, ਇਕ ਨਹੀਂ ਅਸੀਂ ਤੁਹਾਨੂੰ ਕਈ ਕੁ ਦੁਨਿਆਵੀ ਮਿਸਾਲਾਂ ਦੇ ਕੇ ਸਮਝਾਉਂਦੇ ਹਾਂ ਕਿ, ਵੇਖੋ ਜਿਵੇਂ, ਸਾਜਾਂ ਤੋਂ ਬਿਨਾ ਨਾਚ ਨਹੀਂ ਫਬਦਾ, (ਭਾਵ ਨਾਚ ਦੇ ਨਾਲ ਜੇ ਸਾਜ ਨਹੀਂ ਵਜਦੇ ਤਾਂ ਉਹ ਨਾਚ ਸਜਦਾ ਹੀ ਨਹੀਂ) । (੧)
2. ਹੇ ਭਾਈ ! ਜਿਵੇਂ ਗਲੇ ਤੋਂ ਬਿਨਾ ਕੋਈ ਭੀ ਗਵਈਆ ਗਾ ਨਹੀਂ ਸਕਦਾ । (੨)
3. ਜਿਵੇਂ, ਤੰਦੀ ਤੋਂ ਬਿਨਾ ਰਬਾਬ ਨਹੀਂ ਵਜ ਸਕਦੀ । (੩)
4. ਹੇ ਭਾਈਓ ! (ਇਸੇ ਹੀ ਤਰ੍ਹਾਂ) ਪ੍ਰਮਾਤਮਾਂ ਦਾ ਨਾਮ ਸਿਮਰਨ ਤੋਂ ਬਿਨਾ (ਦੁਨੀਆਂ ਵਾਲੇ ਹੋਰ) ਸਾਰੇ ਕੰਮ ਕਾਜ ਵਿਅਰਥ ਚਲੇ ਜਾਂਦੇ ਹਨ ।੧।
5. (ਇਸ ਲਈ) ਹੇ ਭਾਈ ! ਦਸੋ, ਪ੍ਰਮਾਤਮਾਂ ਦਾ ਨਾਮ ਸਿਮਰਨ ਤੋਂ ਬਿਨਾ ਕੌਣ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ ?
6. ਹੇ ਭਾਈ ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਕੌਣ ਕੋਈ ਪਾਰ ਲੰਘ ਸਕਦਾ ? ।੧। ਰਹਾਉ ।

ਪ੍ਰ:—ਸ੍ਰੀ ਜੀਉ ! ਕੋਈ ਹੋਰ ਦ੍ਰਿਸ਼ਟਾਂਤ ਦਿਓ ?

7. **ਉ**:—ਹੇ ਭਾਈਓ ! ਜਿਵੇਂ ਜੀਭ ਤੋਂ ਬਿਨਾ ਕੋਈ ਬੋਲਣ ਜੋਗਾ ਨਹੀਂ ਹੋ ਸਕਦਾ । (੪)
8. ਕੰਨਾਂ ਤੋਂ ਬਗੈਰ ਕੋਈ ਸੁਣ ਨਹੀਂ ਸਕਦਾ । (੫)
9. ਅਤੇ ਅੱਖਾਂ ਤੋਂ ਬਿਨਾ ਕੋਈ ਵੇਖ ਨਹੀਂ ਸਕਦਾ । (੬)
10. ਹੇ ਭਾਈ ! (ਇਸੇ ਤਰ੍ਹਾਂ) ਪ੍ਰਮੇਸ਼ਰ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਕਿਸੇ ਭੀ ਪੁੱਛ ਗਿੱਛ ਵਿਚ ਨਹੀਂ ਹੈ ।੨।

ਪ੍ਰ:—ਗੁਰਦੇਵ ਜੀਉ ! ਕੋਈ ਹੋਰ ਭੀ ਦ੍ਰਿਸ਼ਟਾਂਤ ਦਿਓ ?

11. **ਉ**:—ਹੇ ਭਾਈਓ ! ਸੁਣੋ, ਜਿਵੇਂ ਵਿਦਿਆ ਪ੍ਰਾਪਤ ਕਰਨ

ਤੋਂ ਬਿਨਾ ਕੋਈ ਪੰਡਤ ਨਹੀਂ ਬਣ ਸਕਦਾ। (੭)

12. ਜਿਵੇਂ (ਰਾਜਿਆਂ ਦੇ) ਹੁਕਮ ਚਲਣ ਤੋਂ ਬਿਨਾ ਰਾਜ ਦੀਆਂ ਸਜਾਵਟਾਂ ਕਿਸੇ ਭੀ ਕੰਮ ਦੀਆਂ ਨਹੀਂ ਹਨ। (੮)

13. ਹੇ ਭਾਈ! ਆਤਮਕ ਜੀਵਨ ਦੀ ਸੂਝ ਤੋਂ ਬਿਨਾ ਮਨੁੱਖ ਦਾ ਮਨ ਕਿਤੇ ਭੀ ਟਿਕ ਨਹੀਂ ਸਕਦਾ। (੯)

14. ਹੇ ਪਿਆਰੇ! ਜੇ ਵੀਚਾਰ ਦ੍ਰਿਸ਼ਟੀ ਨਾਲ ਤਕੋ ਤਾਂ ਇਉਂ ਹੀ ਪ੍ਰਤੀਤ ਹੋਵੇਗਾ ਕਿ, ਪ੍ਰਮਾਤਮਾਂ ਦੇ ਨਾਮ ਤੋਂ ਬਿਨਾ ਸਾਰਾ ਜਗਤ ਹੀ ਝੱਲਾ ਹੋਇਆ ਫਿਰਦਾ ਹੈ।੩।

ਪ੍ਰ:–ਗੁਰਦੇਵ ਜੀਉ! ਜਗਤ ਵਿਚ ਤਾਂ ਵੈਰਾਗੀਆਂ ਦੇ ਲਿਬਾਸ ਵਿਚ ਅਨੇਕਾਂ ਹੀ ਲੋਕ ਫਿਰਦੇ ਹਨ, ਪਰ, ਆਪ ਜੀ ਗੁਰਮਤਿ ਅਨੁਸਾਰ ਕਿਸ ਨੂੰ ਵੈਰਾਗੀ ਮੰਨਦੇ ਹੋ?

15. ਉ:–ਹੇ ਭਾਈ! ਸੁਣੋ, ਜੇ ਕਿਸੇ ਵੈਰਾਗੀ ਕਹਾਉਣ ਵਾਲੇ ਦੇ ਅੰਦਰ ਮਾਇਆ ਵਲੋਂ ਨਿਰਮੋਹਤਾ ਨਹੀਂ, ਤਾਂ ਉਹ ਦਸੋ ਵੈਰਾਗੀ ਕਾਹਦਾ ਹੈ?

ਪ੍ਰ:–ਸ੍ਰੀ ਜੀਉ! ਕਈ ਮਨੁੱਖ ਅੰਨ ਬਸਤ੍ਰ ਤਿਆਗ ਕੇ ਆਪਣੇ ਆਪ ਨੂੰ ਤਿਆਗੀ ਅਖਵਾਉਂਦੇ ਹਨ, ਪਰ ਦਸੋ, ਗੁਰਮਤਿ ਵਿਚ ਕਿਸਨੂੰ ਤਿਆਗੀ ਮੰਨਿਆਂ ਗਿਆ ਹੈ?

16. ਉ:–ਹੇ ਭਾਈਓ! ਗੁਰਮਤਿ ਅਨੁਸਾਰ ਤਾਂ ਹਉਮੈਂ ਨੂੰ ਤਿਆਗਣ ਤੋਂ ਬਿਨਾ ਕੋਈ ਭੀ ਤਿਆਗੀ ਨਹੀਂ ਅਖਵਾ ਸਕਦਾ।

ਪ੍ਰ:–ਹੇ ਗੁਰੋ! ਬਹੁਤੇ ਲੋਕ ਮਨ ਨੂੰ ਮਾਰਨ ਦੇ ਅਨੇਕਾਂ ਹੀ ਸਾਧਨ ਕਰਦੇ ਹਨ, ਕੀ, ਉਹ ਇਸ ਤਰ੍ਹਾਂ ਮਨ ਨੂੰ ਮਾਰ ਸਕਦੇ ਹਨ?

17. ਉ:–ਹੇ ਭਾਈਓ! ਕਾਮਾਦਿਕ ਪੰਜਾਂ ਨੂੰ ਵਸ ਕਰਨ ਤੋਂ ਬਿਨਾ ਮਨ ਨੂੰ ਮਾਰਿਆ ਨਹੀਂ ਜਾ ਸਕਦਾ, (ਇਹੋ ਗੁਰਮਤਿ ਦਾ ਸਹੀ ਸਿਧਾਂਤ ਹੈ)।

18. (ਇਸ ਲਈ) ਹੇ ਭਾਈ! ਪ੍ਰਮਾਤਮਾਂ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਸਦਾ ਹੀ ਸਦਾ ਹੀ ਚਿੰਤਾ ਫਿਕਰਾਂ ਵਿਚ ਪਿਆ ਰਹਿੰਦਾ ਹੈ।੪।

19. ਹੇ ਭਾਈਓ! ਇਹ ਨਿਸਚਾ ਕਰੋ ਕਿ ਗੁਰੂ ਦੇ ਉਪਦੇਸ਼ ਤੋਂ ਬਿਨਾ ਆਤਮਕ ਜੀਵਨ ਦੀ ਸੂਝ ਨਹੀਂ ਹੋ ਸਕਦੀ।

ਪ੍ਰ:–ਸ੍ਰੀ ਜੀਉ! ਕਈ ਲੋਕ ਕਈ ਕਈ ਘੰਟੇ ਅੱਖਾਂ ਬੰਦ ਕਰਕੇ ਸਮਾਧੀ ਵਿਚ ਬੈਠੇ ਰਹਿੰਦੇ ਹਨ ਕੀ ਉਨ੍ਹਾਂ ਦੀ ਇਹ ਸਮਾਧੀ ਗਿਆਨ ਫਲ ਦੇ ਦੇਣ ਵਾਲੀ ਮੰਨੀ ਜਾਵੇਗੀ?

20. ਉ:–ਹੇ ਭਾਈਓ! ਦਸੋ, ਉਹ ਸਮਾਧੀ (ਹੀ) ਕਾਹਦੀ ਹੈ ਜੇ (ਕਰ ਉਸਨੂੰ) ਆਪਣੇ ਇਸ਼ਟ ਦਾ ਦਰਸ਼ਨ ਨਹੀਂ ਹੁੰਦਾ।

ਪ੍ਰ:–ਸ੍ਰੀ ਜੀਉ! ਵੇਖਣ ਵਿਚ ਆਉਂਦਾ ਹੈ ਕਿ, ਬਹੁਤ ਲੋਕ ਉਚੀ ਪੱਧਰ ਦਾ ਗਿਆਨ ਹੀ ਕਥਨ ਕਰਦੇ ਰਹਿੰਦੇ ਹਨ, ਕੀ, ਉਨ੍ਹਾਂ ਨੂੰ ਪੂਰਨ ਗਿਆਨਵਾਨ ਸਮਝ ਲੈਣਾ ਚਾਹੀਦਾ ਹੈ?

21. ਉ:–ਹੇ ਭਾਈਓ! ਇਹ ਨਿਸਚਾ ਕਰੋ ਕਿ, ਪ੍ਰਮਾਤਮਾਂ ਦਾ ਡਰ, ਅਦਬ ਹਿਰਦੇ ਵਿਚ ਰਖਣ ਤੋਂ ਬਿਨਾ ਮਨੁੱਖ ਦੀ ਸਾਰੀ ਹੀ ਚੁੰਚ ਗਿਆਨਤਾ (ਕੇਵਲ) ਵਿਕਾਰਾਂ ਦਾ ਹੀ ਮੁੱਲ ਹੈ।

22. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਹ ਵੀਚਾਰ ਪ੍ਰਮੇਸ਼ਰ ਦੇ ਦਰ ਤੇ ਪਹੁੰਚਾਣ ਵਾਲੀ ਹੈ।੫।੬।੧੯।

ਭਾਵਾਰਥ:–ਇਸ ਸ਼ਬਦ ਵਿਚ ਸੰਸਾਰ ਦੀਆਂ ਜਰੂਰੀ ਗਲਾਂ ਦੇ ੯ ਉਦਾਹਰਣ ਦੇ ਕੇ ਇਹ ਸਿਧਾਂਤ ਸਿਧ ਕਰਦੇ ਹਨ ਕਿ ਗੁਰੂ ਤੋਂ ਨਾਮ ਪ੍ਰਾਪਤ ਕੀਤੇ ਤੋਂ ਬਿਨਾ ਸੰਸਾਰ ਵਿਚ ਆਉਣ ਜਾਣ ਵਲੋਂ ਖਲਾਸੀ ਨਹੀਂ ਹੋ ਸਕਦੀ। ਇਸ ਲਈ ਮਨੁੱਖ ਦਾ ਮੁਖ ਪ੍ਰਯੋਜਨ ਪ੍ਰਭੂ ਦੇ ਨਾਮ ਸਿਮਰਨ ਕਰਦੇ ਰਹਿਣਾ ਹੀ ਹੈ।

ਭੈਰਉ ਮਹਲਾ ੫ ॥

1. ਹਉਮੈ ਰੋਗੁ ਮਾਨੁਖ ਕਉ ਦੀਨਾ ॥
2. ਕਾਮ ਰੋਗਿ ਮੈਗਲੁ ਬਸਿ ਲੀਨਾ ॥
3. ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
4. ਨਾਦ ਰੋਗਿ ਖਪਿ ਗਏ ਕੁਰੰਗਾ ॥੧॥
5. ਜੋ ਜੋ ਦੀਸੈ ਸੋ ਸੋ ਰੋਗੀ ॥
6. ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥
7. ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥
8. ਬਾਸਨ ਰੋਗਿ ਭਵਰੁ ਬਿਨਸਾਨੋ ॥
9. ਹੇਤ ਰੋਗ ਕਾ ਸਗਲ ਸੰਸਾਰਾ ॥
10. ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥
11. ਰੋਗੇ ਮਰਤਾ ਰੋਗੇ ਜਨਮੈ ॥
12 ਰੋਗੇ ਫਿਰਿ ਫਿਰਿ ਜੋਨੀ ਭਰਮੈ ॥
13. ਰੋਗ ਬੰਧ ਰਹਨੁ ਰਤੀ ਨ ਪਾਵੈ ॥
14. ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥
15. ਪਾਰਬ੍ਰਹਮਿ ਜਿਸੁ ਕੀਨੀ ਦਇਆ ॥
16. ਬਾਹ ਪਕੜਿ ਰੋਗਹੁ ਕਢਿ ਲਇਆ ॥
17. ਤੂਟੇ ਬੰਧਨ ਸਾਧਸੰਗੁ ਪਾਇਆ ॥
18. ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥

ਪਦ ਅਰਥ:–ਕਉ–ਨੂੰ। ਰੋਗਿ–ਰੋਗ ਨੇ। ਮੈਗਲੁ–ਹਾਥੀ। ਬਸਿ–ਵਸ ਵਿਚ। ਰੋਗਿ–ਰੋਗ ਵਿਚ। ਪਚਿ ਮੁਏ–ਸੜ ਮੁਏ। ਦ੍ਰਿਸਟਿ ਰੋਗ–ਵਖਣ ਦੇ ਰੋਗ ਵਿਚ। ਨਾਦ–(ਘੰਡੇ ਹੇੜੇ ਦੀ) ਅਵਾਜ਼ (ਹਿਰਨਾਂ ਨੂੰ ਫੜਨ ਲਈ ਮੜ੍ਹੇ ਹੋਏ ਘੜੇ ਦੀ) ਅਵਾਜ਼। ਕੁਰੰਗ–ਹਿਰਨ।੧।

ਜੋਗੀ–(ਪ੍ਰਭੂ ਵਿਚ) ਜੁੜਿਆ ਹੋਇਆ।੧। ਰਹਾਉ।

ਮੀਨੁ–ਮੱਛ। ਗ੍ਰਸਿਆਨੋ–ਪਕੜਿਆ ਹੋਇਆ। ਬਾਸਨ–ਸੁਗੰਧੀ। ਹੇਤ–ਮੋਹ। ਤ੍ਰਿਬਿਧਿ ਰੋਗ ਮਹਿ–ਤ੍ਰਿਗੁਣੀ

ਮਾਇਆ ਦੇ ਮੋਹ ਵਿਚ । ਬਧੇ–ਬਝੇ ਹੋਏ । ਬਿਕਾਰਾ–ਵਿਕਾਰ, ਐਬ ।੨।

ਰੋਗੇ–ਰੋਗ ਵਿਚ ਹੀ। ਫਿਰਿ ਫਿਰਿ–ਮੁੜ ਮੁੜ। ਭਰਮੈ–ਭਟਕਦਾ ਹੈ। ਬੰਧੁ–ਬੰਧਨ। ਰਹਨੁ–ਭਟਕਣਾ ਤੋਂ ਖਲਾਸੀ, ਸ਼ਾਂਤੀ, ਟਿਕਾਉ। ਰਤੀ–ਰਤੀ ਭਰ ਭੀ। ਕਤਹਿ–ਕਿਸੇ ਤਰ੍ਹਾਂ ਭੀ ।੩।

ਪਾਰਬ੍ਰਹਮਿ–ਪਾਰਬ੍ਰਹਮ ਨੇ । ਪਕੜਿ–ਫੜ ਕੇ । ਰੋਗਹੁ–ਰੋਗ ਤੋਂ। ਗੁਰਿ–ਗੁਰੂ ਨੇ ।੪।

ਅਰਥ :–

ਪ੍ਰ:–ਹੇ ਗੁਰੋ ! ਬਾਣੀ ਵਿਚ ਸਾਰੇ ਸੰਸਾਰ ਨੂੰ ਹੀ ਰੋਗਾਂ ਨਾਲ ਗ੍ਰਸਿਆ ਹੋਇਆ ਮੰਨਿਆਂ ਗਿਆ ਹੈ, ਪਰ ਆਪ ਜੀ ਉਨ੍ਹਾਂ ਰੋਗਾਂ ਤੋਂ ਸਾਨੂੰ ਜਾਣੂ ਕਰਾਓ, ਕਿ ਕਿਸ ਨੂੰ ਕਿਸ ਕਿਸ ਰੋਗ ਨੇ ਰੋਗੀ ਕੀਤਾ ਹੋਇਆ ਹੈ ?

1. **ਉ:**–ਹੇ ਭਾਈਓ ! ਅਸਲ ਵਿਚ ਇਹ ਰੋਗ ਭੀ **ਸੁਤੰਤ੍ਰ** ਨਹੀਂ, ਸਗੋਂ ਇਹ ਭੀ ਪ੍ਰਮੇਸਰ ਦੇ ਹੁਕਮ ਵਿਚ ਹੀ ਮੰਨੇ **ਜਾਣੇ ਚਾਹੀਦੇ** ਹਨ, ਕਿਉਂਕਿ, ਇਨ੍ਹਾਂ ਨੂੰ ਨਾ ਹੀ ਕੋਈ **ਲੈਣ ਦੀ ਇੱਛਾ** ਕਰਦਾ ਹੈ ਅਤੇ ਨਾ ਹੀ ਆਪਣੇ ਆਪ ਕਿਸੇ ਨੂੰ ਆ ਕੇ ਗ੍ਰਸ ਹੀ ਸਕਦੇ ਹਨ, ਇਹ ਤਾਂ ਇਉਂ ਹੀ ਜਾਣੋ ਕਿ, ਉਸ ਪ੍ਰਮਾਤਮਾਂ ਨੇ ਹੀ ਇਸ ਮਨੁੱਖ ਨੂੰ ਹਉਮੈਂ ਦਾ ਰੋਗ ਦੇ ਰਖਿਆ ਹੈ।
2. ਹੇ ਭਾਈ ! ਕਾਮ ਵਾਸ਼ਨਾਂ ਦੇ ਰੋਗ ਨੇ **ਹਾਥੀ** ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ।
3. ਅਤੇ ਦੀਵੇ ਦੀ ਲਾਟ ਨੂੰ ਵੇਖਣ ਦੇ ਰੋਗ ਕਾਰਣ ਪਤੰਗੇ (ਦੀਵੇ ਦੀ ਲਾਟ ਉਤੇ) ਸੜ ਮਰਦੇ ਹਨ।
4. (ਘੰਡੇ ਹੇੜੇ ਦੀ) ਅਵਾਜ਼ (ਸੁਣਨ) ਦੇ ਰੋਗ ਦੇ ਕਾਰਣ ਹਿਰਨ ਖੁਆਰ ਹੁੰਦੇ ਹਨ ।੧।

ਪ੍ਰ–ਸ੍ਰੀ ਜੀਉ ! ਕੀ ਸੰਸਾਰ ਵਿਚ ਕੋਈ ਰੋਗ ਤੋਂ ਰਹਿਤ ਭੀ ਹੈ ?

5**ਉ:**–ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ,ਜਿਹੜਾ ਜਿਹੜਾ ਜੀਵ (ਭੀ ਜਗਤ ਵਿਚ) ਦਿਸ ਰਿਹਾ ਹੈ, ਉਹ ਹਰੇਕ ਹੀ ਕਿਸੇ ਨਾ ਕਿਸੇ ਰੋਗ ਵਿਚ ਫਸਿਆ ਹੋਇਆ ਹੈ।

6. ਪਰ, ਅਸਲ ਵਿਚ ਇਕ ਜੋਗੀ ਮੇਰਾ ਸਤਿਗੁਰੂ (ਹੀ) ਸਭ ਰੋਗਾਂ ਤੋਂ ਰਹਿਤ ਹੈ ।੧। ਰਹਾਉ।
7. ਹੇ ਭਾਈ ! ਵੇਖੋ. ਜੀਭ ਦੇ ਰੋਗ ਦੇ ਕਾਰਨ ਮੱਛੀ ਫੜੀ ਜਾਂਦੀ ਹੈ।
8. ਅਤੇ ਵਾਸ਼ਨਾਂ (ਸੁਗੰਧੀ ਦੇ) ਰੋਗ ਦੇ ਕਾਰਨ (ਫੁਲ ਦੀ ਸੁਗੰਧੀ ਲੈਣ ਦੇ ਰਸ ਦੇ ਕਾਰਨ) ਭੌਰਾ (ਫੁੱਲ ਵਿਚ ਮੀਟਿਆ ਜਾ ਕੇ) ਨਾਸ ਹੋ ਜਾਂਦਾ ਹੈ।
9. ਹੇ ਭਾਈ ! ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤਕੀਏ ਤਾਂ ਸਾਰਾ ਜਗਤ ਹੀ ਮੋਹ ਦੇ ਰੋਗ ਦਾ ਸ਼ਿਕਾਰ ਹੋਇਆ ਪਿਆ ਹੈ।
10. ਹੇ ਪਿਆਰੇ ! ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ, ਤ੍ਰਿਗੁਣੀ ਮਾਇਆ ਦੇ ਮੋਹ ਦੇ ਰੋਗ ਵਿਚ ਬੱਝੇ ਹੋਏ ਜੀਵ ਅਨੇਕਾਂ ਹੀ ਵਿਕਾਰ ਕਰਦੇ ਹਨ ।੨।
11. ਹੇ ਭਾਈ ! ਸਹੀ ਵਿਚਾਰ ਕਰਨ ਤੋਂ ਇਹੋ ਹੀ ਸਿਧਾਂਤ ਪ੍ਰਗਟ ਹੁੰਦਾ ਹੈ ਕਿ, ਮਨੁੱਖ (ਕਿਸੇ ਨਾ ਕਿਸੇ ਆਤਮਕ) ਰੋਗ ਵਿਚ (ਫਸਿਆ ਹੋਇਆ) ਹੀ ਮਰ ਜਾਂਦਾ ਹੈ, (ਅਤੇ ਕਿਸੇ ਨਾ ਕਿਸੇ ਆਤਮਕ) ਰੋਗ ਵਿਚ (ਫਸਿਆ ਹੋਇਆ) ਹੀ ਜੰਮਦਾ ਹੈ।
12. ਹੇ ਭਾਈ ! ਉਸੇ ਰੋਗ ਦੇ ਕਾਰਣ ਹੀ ਜੀਵ ਮੁੜ ਮੁੜ ਜੂਨਾਂ ਵਿਚ ਭਟਕਦਾ ਰਹਿੰਦਾ ਹੈ।
13. ਐ ਪਿਆਰੇ ! ਰੋਗ ਦੇ ਬੰਧਨਾਂ ਦੇ ਕਾਰਣ (ਜੂਨਾਂ ਵਿਚ) ਭਟਕਣ ਤੋਂ ਰਤਾ ਭਰ ਭੀ ਖਲਾਸੀ ਨਹੀਂ ਪਾ ਸਕਦਾ।

ਪ੍ਰ:–ਸ੍ਰੀ ਜ਼ੀਉ ! ਆਖਰ ਕੋਈ ਸਾਧਨ ਦਸੋ, ਜਿਸ ਦੁਆਰੇ ਇਹ ਰੋਗ ਦੂਰ ਹੋ ਸਕਦਾ ਹੈ ?

14.**ਉ:**–ਹੇ ਪਿਆਰੇ ! ਇਹ ਯਕੀਨ ਰਖੋ ਕਿ, ਗੁਰੂ ਦੀ ਸ਼ਰਨ ਲੈਣ ਤੋਂ ਬਿਨਾ (ਇਹ) ਰੋਗ ਕਿਸੇ ਤਰ੍ਹਾਂ ਭੀ ਕਿਸੇ ਹੋਰ ਸਾਧਨ ਨਾਲ ਦੂਰ ਨਹੀਂ ਹੋ ਸਕਦਾ ।੩।

15.16 ਹੇ ਭਾਈ ! ਜਿਸ ਮਨੁੱਖ ਉਤੇ ਪ੍ਰਮਾਤਮਾਂ ਨੇ ਮਿਹਰ ਕਰ ਦਿਤੀ ਹੈ, ਉਸ ਨੂੰ ਉਸਨੇ ਬ੍ਰਿਤੀ ਰੂਪ ਬਾਂਹ ਤੋਂ ਫੜਕੇ ਰੋਗ ਵਿਚੋਂ ਬਚਾ ਲਿਆ ਹੈ।

17. ਹੇ ਭਾਈਓ ! ਜਦੋਂ ਉਸ ਨੇ ਗੁਰੂ ਦੀ ਸੰਗਤ ਪ੍ਰਾਪਤ ਕੀਤੀ, ਉਸ ਦੇ (ਫਿਰ) (ਸਾਰੇ ਹੀ ਆਤਮਕ ਰੋਗਾਂ ਦੇ) ਬੰਧਨ ਟੁੱਟ ਗਏ।
18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! (ਜਿਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਪਿਆ ਹੈ) ਗੁਰੂ ਨੇ ਉਸ ਦਾ ਰੋਗ ਮਿਟਾ ਦਿਤਾ ।੪।੭।੨੦।

ਭਾਵਾਰਥ .–ਹਾਥੀ, ਪਤੰਗੇ, ਹਿਰਨ, ਮੱਛੀ, ਭਵਰੇ ਦੇ ਖਾਸ ਵਿਕਾਰਾਂ ਨੂੰ ਲੈ ਕੇ ਦਸਦੇ ਹਨ ਕਿ ਮਨੁੱਖ ਵਿਚ ਭੀ ਤਿੰਨਾਂ ਗੁਣਾਂ ਦੇ ਵਸ ਕਰ ਕੇ ਹਉਮੈਂ ਦਾ ਰੋਗ ਹੈ, ਜਿਸ ਕਰ ਕੇ ਉਸ ਨੂੰ ਟਿਕਾਉ ਨਹੀਂ ਮਿਲਦਾ ਤੇ ਹਰੀ ਤੋਂ ਵਿਛੜਿਆ ਹੋਇਆ ਜਨਮ ਮਰਨ ਦੇ ਚੱਕ੍ਰ ਵਿਚ ਪਿਆ ਰਹਿੰਦਾ ਹੈ, ਪਰ, ਇਸ ਦੀਰਘ ਰੋਗ ਤੋਂ ਕੇਵਲ ਗੁਰੂ ਹੀ ਬਚਾ ਸਕਦਾ ਹੈ, ਜੋ ਕਿ ਗੁਰੂ ਆਪ ਭੀ ਇਸ ਰੋਗ ਤੋਂ ਬਰੀ ਹੈ।

ਭੈਰਉ ਮਹਲਾ ੫ ॥

1. **ਚੀਤਿ ਆਵੈ ਤਾਂ ਮਹਾ ਅਨੰਦ ॥**
2. **ਚੀਤਿ ਆਵੈ ਤਾਂ ਸਭਿ ਦੁਖ ਭੰਜ ।**
3. **ਚੀਤਿ ਆਵੈ ਤਾਂ ਸਰਧਾ ਪੂਰੀ ॥**
4. **ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥**
5. **ਅੰਤਰਿ ਰਾਮ ਰਾਇ ਪ੍ਰਗਟੇ ਆਇ ॥**
6. **ਗੁਰਿ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥**

7. ਚੀਤਿ ਆਵੈ ਤਾਂ ਸਰਬ ਕੋ ਰਾਜਾ ॥
8. ਚੀਤਿ ਆਵੈ ਤਾਂ ਪੂਰੇ ਕਾਜਾ ॥
9. ਚੀਤਿ ਆਵੈ ਤਾਂ ਰੰਗਿ ਗੁਲਾਲ ॥
10. ਚੀਤਿ ਆਵੈ ਤਾਂ ਸਦਾ ਨਿਹਾਲ ॥੨॥
11. ਚੀਤਿ ਆਵੈ ਤਾਂ ਸਦ ਧਨਵੰਤਾ ॥
12. ਚੀਤਿ ਆਵੈ ਤਾਂ ਸਦ ਨਿਭਰੰਤਾ ॥
13. ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥
14. ਚੀਤਿ ਆਵੈ ਤਾਂ ਚੂਕੀ ਕਾਣੇ ॥੩॥
15. ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥
16. ਚੀਤਿ ਆਵੈ ਤਾਂ ਸੁੰਨਿ ਸਮਾਇਆ ॥
17. ਚੀਤਿ ਆਵੈ ਸਦ ਕੀਰਤਨੁ ਕਰਤਾ ॥
18. ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥

ਪਦ ਅਰਥ :–ਚੀਤਿ–ਚਿਤ ਵਿਚ । ਆਵੈ–(ਪ੍ਰਮਾਤਮਾਂ) ਆ ਵਸਦਾ ਹੈ। ਸਭਿ–ਸਾਰੇ। ਭੰਜ–ਨਾਸ। ਨ ਝੂਰੀ–ਚਿੰਤਾ ਫਿਕਰ ਨਹੀਂ ਕਰਦਾ ।੧।

ਅੰਤਰਿ–(ਜਿਸ ਮਨੁੱਖ ਦੇ) ਹਿਰਦੇ ਵਿਚ। ਰਾਮਰਾਇ–ਪ੍ਰਭੂ ਪਾਤਸ਼ਾਹ। ਆਇ–ਆ ਕੇ। ਗੁਰਿ ਪੂਰੈ–ਪੂਰੇ ਗੁਰੂ ਦੀ ਰਾਹੀਂ। ਰੰਗੁ–ਆਤਮਕ ਅਨੰਦ ।੧। ਰਹਾਉ।

ਕੋ–ਦਾ। ਪੂਰੇ–ਸਿਰੇ ਚੜ੍ਹ ਜਾਂਦੇ ਹਨ। ਰੰਗਿ-ਰੰਗ ਵਿਚ। ਨਿਹਾਲ–ਪ੍ਰਸੰਨ, ਖਿੜੇ ਮੱਥੇ।੨।

ਸਦ–ਸਦਾ। ਨਿਭਰੰਤਾ–ਭ੍ਰਾਂਤੀ ਤੋਂ ਬਿਨਾ, ਭਟਕਣਾ ਤੋਂ ਬਚ ਜਾਂਦਾ ਹੈ। ਚੂਕੀ–ਮੁਕ ਜਾਂਦੀ ਹੈ। ਕਾਣੇ–ਕਾਣ, ਮੁਥਾਜੀ ।੩।

ਸਹਜ ਘਰੁ–ਆਤਮਕ ਅਡੋਲਤਾ ਦਾ ਟਿਕਾਣਾ। ਸੁੰਨਿ–ਸੁੰਨ ਵਿਚ, ਉਸ ਅਵਸਥਾ ਵਿਚ ਜਿਥੇ ਮਾਇਕ ਫੁਰਨਿਆਂ ਵਲੋਂ ਸੁੰਞ ਹੀ ਸੁੰਞ ਹੈ, ਅਫੁਰ ਅਵਸਥਾ ਵਿਚ। ਕੀਰਤਨੁ–ਸਿਫਤ ਸਲਾਹ । ਮਾਨਿਆ–ਪਤੀਜ ਜਾਂਦਾ ਹੈ, ਗਿੱਝ ਜਾਂਦਾ ਹੈ।੪।

ਅਰਥ :–

ਪ੍ਰ:–ਸ੍ਰੀ ਜੀਉ ! ਜਿਸ ਪ੍ਰਮੇਸ਼ਰ ਨੂੰ ਹਿਰਦੇ ਅੰਦਰ ਵਸਾਉਣ ਦੀ ਆਪ ਜੀ ਸਦਾ ਹੀ ਪ੍ਰੇਰਨਾ ਕਰਦੇ ਹੋ, ਆਖਰ ਉਸਦਾ ਫਲ ਕੀ ਹਾਸਲ ਹੁੰਦਾ ਹੈ ?

1. ਉ:–ਹੇ ਭਾਈਓ ! ਜਿਸ ਮਨੁੱਖ ਦੇ ਅੰਤਰ ਆਤਮੇਂ ਭਾਵ ਹਿਰਦੇ ਵਿਚ ਉਹ ਪ੍ਰਮੇਸ਼ਰ ਆ ਵਸਦਾ ਹੈ, ਤਦੋਂ ਉਸ ਦੇ ਅੰਦਰ ਬੜਾ ਹੀ ਅਨੰਦ ਬਣ ਜਾਂਦਾ ਹੈ. (ਜਿਸ ਨੂੰ ਕਿ ਬਿਆਨ ਹੀ ਨਹੀਂ ਕੀਤਾ ਜਾ ਸਕਦਾ)।
2. ਤਦੋਂ ਉਸ ਦੇ ਸਾਰੇ ਦੁਖਾਂ ਦਾ (ਭੀ) ਨਾਸ ਹੋ ਜਾਂਦਾ ਹੈ, ਜਦੋਂ ਉਸ ਦੇ ਚਿੱਤ ਵਿਚ ਉਹ ਪ੍ਰਭੂ ਜੀ ਆ ਵਸਦਾ ਹੈ।
3. ਹੇ ਭਾਈਓ ! ਉਸ ਦੇ ਚੇਤੇ ਆਉਣ ਦੀ ਬਰਕਤ ਨਾਲ ਉਸ ਦੀ ਹਰੇਕ ਸੱਧਰ ਭੀ ਪੂਰੀ ਹੋ ਜਾਂਦੀ ਹੈ।
4. ਚਿੱਤ ਵਿਚ ਵਸੇ ਰਹਿਣ ਦਾ ਹੀ ਸਦਕਾ ਉਹ ਕਦੇ ਭੀ ਕੋਈ ਚਿੰਤਾ ਫਿਕਰ ਨਹੀਂ ਕਰਦਾ ।੧।

ਪ੍ਰ:–ਸ੍ਰੀ ਜੀਉ ! ਦਸੋ, ਇਹ ਦਾਤ ਪ੍ਰਾਪਤ ਕਿਸ ਸਾਧਨ ਦੁਆਰਾ ਹੁੰਦੀ ਹੈ ?

5. ਉ: -ਹੇ ਭਾਈ ! ਸਾਧਨ ਤਾਂ ਕੇਵਲ ਇਕੋ ਹੀ ਹੈ ਕਿ, ਜਦੋਂ ਪੂਰੇ ਗੁਰੂ ਦੀ ਰਾਹੀਂ ਜਿਸ ਮਨੁੱਖ ਦੇ ਹਿਰਦੇ ਵਿਚ ਉਹ ਪ੍ਰਭੂ ਪਾਤਸ਼ਾਹ ਪ੍ਰਗਟ ਹੋ ਜਾਂਦਾ ਹੈ।
6. (ਬੱਸ ਫਿਰ) ਉਸ ਦੇ ਅੰਦਰ ਰੰਗ ਲਾ ਦੇਂਦਾ ਹੈ. (ਭਾਵ, ਆਤਮਕ ਅਨੰਦ ਬਣਾ ਦੇਂਦਾ ਹੈ) ।੧। ਰਹਾਉ।
7. ਐ ਪਿਆਰੇ ! ਜਦੋਂ ਕਿਸੇ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਆ ਵਸਦਾ ਹੈ, ਤਦੋਂ ਉਹ (ਮਾਨੋਂ) ਸਭ ਦਾ ਰਾਜਾ ਬਣ ਜਾਂਦਾ ਹੈ।
8. ਚਿੱਤ ਵਿਚ ਵਸੇ ਰਹਿਣ ਦੀ ਬਰਕਤ ਨਾਲ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।
9. ਹੇ ਭਾਈ ! ਚਿੱਤ ਵਿਚ ਵਸੇ ਰਹਿਣ ਨਾਲ ਉਹ ਗੂੜ੍ਹੇ ਆਤਮਕ ਅਨੰਦ ਵਿਚ ਮਸਤ ਰਹਿੰਦਾ ਹੈ।
10. ਚਿੱਤ ਵਿਚ ਪ੍ਰਭੂ ਵਸਦੇ ਰਹਿਣ ਨਾਲ ਹੀ ਉਹ (ਸਦੀਵੀ ਕਾਲ) ਹਰ ਸਮੇਂ ਹੀ ਖਿੜੇ ਮੱਥ ਰਹਿੰਦਾ ਹੈ ।੨।

ਪ੍ਰ:–ਸ੍ਰੀ ਜੀਉ ! ਵੇਖਣ ਵਿਚ ਆਉਂਦਾ ਹੈ ਕਿ, ਜੋ ਲੋਕ ਪ੍ਰਮੇਸ਼ਰ ਨੂੰ ਆਪਣੇ ਚਿੱਤ ਵਿਚ ਵਸਾਈ ਰਖਣ ਦਾ ਉਪਰਾਲਾ ਕਰਦੇ ਹਨ, ਉਹ ਮਾਇਕੀ ਧਨ ਵਲੋਂ ਕਮਜ਼ੋਰ ਹੀ ਰਹਿੰਦੇ ਹਨ, ਇਸ ਦਾ ਕੀ ਕਾਰਨ ਹੈ ?

11. ਉ:–ਹੇ ਭਾਈਓ ! ਅਸਲ ਵਿਚ ਜਦੋਂ ਪ੍ਰਮਾਤਮਾਂ ਕਿਸੇ ਦੇ ਹਿਰਦੇ ਵਿਚ ਆ ਵਸਦਾ ਹੈ, ਤਦੋਂ ਉਹ ਸਦਾ ਲਈ ਸਚੇ ਨਾਮ ਧਨ ਦਾ ਸ਼ਾਹ ਬਣ ਜਾਂਦਾ ਹੈ।
12. ਹੇ ਭਾਈ ! ਪ੍ਰਭੂ ਚਿੱਤ ਵਿਚ ਆ ਵਸਣ ਨਾਲ ਹੀ ਉਹ ਸਦਾ ਲਈ ਮਾਇਆ ਦੀ ਖਾਤਰ ਭਟਕਣਾ ਤੋਂ ਬਚਿਆ ਹੀ ਰਹਿੰਦਾ ਹੈ।
13. (ਕਿਉਂਕਿ) ਚਿੱਤ ਵਿਚ ਵਸੇ ਰਹਿਣ ਨਾਲ ਹੀ ਤਦੋਂ ਉਹ ਸਾਰੇ (ਆਤਮਕ) ਅਨੰਦ ਮਾਣਦਾ ਹੈ।
14. ਹੇ ਭਾਈ ! ਤਦੋਂ ਚਿੱਤ ਵਿਚ ਵਸੇ ਰਹਿਣ ਦੀ ਬਰਕਤ ਨਾਲ ਉਸਨੂੰ ਕਿਸੇ ਦੀ ਭੀ ਮੁਥਾਜੀ ਨਹੀਂ ਰਹਿ ਜਾਂਦੀ।੩।
15. ਹੇ ਪਿਆਰੇ ! ਜਦੋਂ ਕਿਸੇ ਮਨੁੱਖ ਦੇ ਹਿਰਦੇ ਵਿਚ ਪ੍ਰਮਾਤਮਾ ਆ ਵਸਦਾ ਹੈ, ਤਦੋਂ ਉਹ ਮਨੁੱਖ ਆਤਮਕ ਅਡੋਲਤਾ ਦਾ ਟਿਕਾਣਾ ਲਭ ਲੈਂਦਾ ਹੈ।
16. ਹੇ ਭਾਈ ! ਪ੍ਰਭੂ ਚਿੱਤ ਵਿਚ ਵਸੇ ਰਹਿਣ ਨਾਲ ਹੀ ਉਹ ਉਸ ਆਤਮਕ ਅਵਸਥਾ ਵਿਚ ਲੀਨ ਰਹਿੰਦਾ ਹੈ ਜਿਥੇ ਮਾਇਆ ਵਾਲੇ ਫੁਰਨੇ ਨਹੀਂ ਉਠਦੇ।

ਪ੍ਰ:–ਕਿਉਂ ਜੀ ! ਉਸ ਦੀ ਮਾਨਸਕ ਕ੍ਰਿਆ ਉਸ ਅਵਸਥਾ ਵਿਚ ਕਿਸ ਰੂਪ ਵਿਚ ਵਰਤਦੀ ਹੈ ?

17. ਉ:—ਹੇ ਭਾਈ ! ਪ੍ਰਭੂ ਨੂੰ ਚਿਤ ਵਿਚ ਵਸਾਉਣ ਵਾਲਾ ਤਦੋਂ ਉਹ ਸਦਾ ਪ੍ਰਮੇਸ਼ਰ ਦੀ ਸਿਫਤ ਸਲਾਹ ਹੀ ਕਰਦਾ ਰਹਿੰਦਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਤਦੋਂ ਉਸ ਦਾ ਮਨ (ਕੇਵਲ ਇਕ) ਪ੍ਰਮਾਤਮਾਂ ਨਾਲ ਹੀ ਗਿੱਝ ਜਾਂਦਾ ਹੈ।੪।੮।੨੧।

ਭਾਵਾਰਥ :-ਹਰ ਮਨੁੱਖ ਸੰਸਾਰ ਦੇ ਅਨੇਕਾਂ ਹੀ ਪ੍ਰਕਾਰ ਦੇ ਲਾਭ ਪ੍ਰਾਪਤ ਕਰਨ ਦੇ ਸਾਧਨਾਂ ਵਿਚ ਰੁੱਝਾ ਰਹਿੰਦਾ ਹੈ; ਪਰ ਹਜੂਰ ਜੀ ਨੇ ਇਸ ਮਹਾਂਵਾਕ ਵਿਚ ਹਰੀ ਨੂੰ ਚੇਤੇ ਕਰਦੇ ਰਹਿਣ ਨਾਲ ਸਾਰੇ ਹੀ ਮਨੋਰਥਾਂ ਦੀ ਪੂਰਤੀ ਹੋਣੀ ਅੰਕਤ ਕੀਤੀ ਹੈ, ਇਸ ਲਈ ਹਰ ਪ੍ਰਾਣੀ ਨੂੰ ਸਿਮਰਨ ਕਰਦੇ ਰਹਿਣ ਦੀ ਹੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1. ਬਾਪੁ ਹਮਾਰਾ ਸਦ ਚਰੰਜੀਵੀ ॥
2. ਭਾਈ ਹਮਾਰੇ ਸਦ ਹੀ ਜੀਵੀ ॥
3. ਮੀਤ ਹਮਾਰੇ ਸਦਾ ਅਬਿਨਾਸੀ ॥
4. ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥੧॥
5. ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥
6. ਗੁਰਿ ਪੂਰੈ ਪਿਤਾ ਸੰਗਿ ਮੇਲੇ ॥੧॥ ਰਹਾਉ ॥
7. ਮੰਦਰ ਮੇਰੇ ਸਭ ਤੇ ਊਚੇ ॥
8. ਦੇਸ ਮੇਰੇ ਬੇਅੰਤ ਅਪੂਛੇ ॥
9. ਰਾਜੁ ਹਮਾਰਾ ਸਦ ਹੀ ਨਿਹਚਲੁ ॥
10. ਮਾਲੁ ਹਮਾਰਾ ਅਖੂਟੁ ਅਬੇਚਲੁ ॥੨॥
11. ਸੋਭਾ ਮੇਰੀ ਸਭ ਜੁਗ ਅੰਤਰਿ ॥
12. ਬਾਜ ਹਮਾਰੀ ਥਾਨ ਥਨੰਤਰਿ ॥
13. ਕੀਰਤਿ ਹਮਰੀ ਘਰਿ ਘਰਿ ਹੋਈ ॥
14. ਭਗਤਿ ਹਮਾਰੀ ਸਭਨੀ ਲੋਈ ॥੩॥
15. ਪਿਤਾ ਹਮਾਰੇ ਪ੍ਰਗਟੇ ਮਾਝ ॥
16. ਪਿਤਾ ਪੂਤ ਰਲਿ ਕੀਨੀ ਸਾਂਝ ॥
17. ਕਹੁ ਨਾਨਕ ਜਉ ਪਿਤਾ ਪਤੀਨੇ ॥
18. ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥

ਪਦ ਅਰਥ :—ਬਾਪੁ—ਪਿਤਾ, ਪ੍ਰਭੂ ਪਿਤਾ। ਸਦ—ਸਦਾ। ਸਦ ਚਰੰਜੀਵੀ—ਸਦਾ ਚਿਰੰਜੀਵੀ, ਸਦਾ ਹੀ ਕਾਇਮ ਰਹਿਣ ਵਾਲਾ। ਭਾਈ—ਸਤਸੰਗੀ, ਆਤਮਕ ਜੀਵਨ ਦੀ ਸਾਂਝ ਰਖਣ ਵਾਲੇ। ਜੀਵੀ—ਆਤਮਕ ਜੀਵਨ ਵਾਲੇ। ਅਬਿਨਾਸੀ—ਅਟੱਲ ਆਤਮਕ ਜੀਵਨ ਵਾਲੇ। ਕੁਟੰਬੁ—ਪ੍ਰਵਾਰ, ਇੰਦ੍ਰੀਆਂ, ਬ੍ਰਿਤੀਆਂ। ਨਿਜ ਘਰਿ—ਆਪਣੇ (ਅਸਲ) ਘਰ ਵਿਚ, ਪ੍ਰਭੂ ਚਰਨਾਂ ਵਿਚ। ਵਾਸੀ—ਵਸਣ ਵਾਲਾ, ਟਿਕੇ ਰਹਿਣ ਵਾਲਾ।੧।

ਹਮ—ਅਸਾਂ। ਸੁਖੁ—ਆਤਮਕ ਅਨੰਦ। ਸਭਹਿ—ਸਾਰੇ (ਭਾਈ, ਮੀਤ, ਕੁਟੰਬ)। ਸੁਹੇਲੇ—ਸੁਖੀ। ਗੁਰਿ ਪੂਰੈ—ਪੂਰੇ ਗੁਰੂ ਨੇ। ਸੰਗਿ—ਨਾਲ। ਮੇਲੇ—ਮਿਲਾ ਦਿਤਾ।੧। ਰਹਾਉ।

ਮੰਦਰ ਮੇਰੇ—ਮੇਰੇ ਘਰ, ਮੇਰੀ ਜਿੰਦ ਦੇ ਟਿਕੇ ਰਹਿਣ ਵਾਲੇ ਆਤਮਕ ਅਸਥਾਨ, ਉਹ ਅਵਸਥਾ ਜਿਥੇ ਮੇਰੀ ਜਿੰਦ ਟਿਕੀ ਰਹਿੰਦੀ ਹੈ। ਤੇ—ਤੋਂ। ਦੇਸ ਮੇਰੇ—ਮੇਰੀ ਜਿੰਦ ਦੇ ਆਤਮਕ ਟਿਕਾਣੇ। ਅਪੂਛੇ-ਮਨ ਦੀ ਪੁੱਛ ਤੋਂ ਪਰੇ। ਨਿਹਚਲੁ—ਸਦਾ ਕਾਇਮ ਰਹਿਣ ਵਾਲਾ। ਰਾਜੁ—ਹਕੂਮਤ; ਆਪਣੇ ਇੰਦ੍ਰਿਆਂ ਉਤੇ ਹਕੂਮਤ। ਮਾਲੁ—ਸਰਮਾਇਆ, ਹਰਿ ਨਾਮ ਸਰਮਾਇਆ। ਅਖੂਟੁ—ਕਦੇ ਨਾ ਮੁਕਣ ਵਾਲਾ।੨।

ਸਭ ਜੁਗ ਅੰਤਰਿ—ਸਾਰੇ ਜੁਗਾਂ ਵਿਚ। ਬਾਜ—ਮਸ਼ਹੂਰੀ। ਥਾਨ ਥਨੰਤਰਿ—ਥਾਨ ਥਾਨ ਅੰਤਰ, ਹਰੇਕ ਥਾਨ ਵਿਚ। ਕੀਰਤਿ—ਵਡਿਆਈ। ਘਰਿ ਘਰਿ—ਹਰੇਕ ਘਰ ਵਿਚ। ਭਗਤਿ—ਸੇਵਾ ਮਾਨਤਾ। ਲੋਈ—ਲੋਕਾਂ ਵਿਚ।੩।

ਮਾਝ—(ਸਾਡੇ) ਹਿਰਦੇ ਵਿਚ। ਰਲਿ—ਰਲ ਕੇ, ਮਿਲ ਕੇ। ਸਾਂਝ—ਪਿਆਰ। ਜਉ—ਜਦੋਂ। ਪਤੀਨੇ—(ਪੁੱਤਰ ਉਤੇ) ਪ੍ਰਸੰਨ ਹੋ ਗਏ। ਏਕੈ ਰੰਗਿ—ਇਕੋ ਪਿਆਰ ਵਿਚ। ਲੀਨੇ—ਲੀਨ ਹੋ ਗਏ, ਇਕ ਮਿਕ ਹੋ ਗਏ।੪।

ਅਰਥ :-

ਪ੍ਰ:—ਹੇ ਗੁਰੋ ! ਗੁਰੂ ਜੀ ਦੇ ਮਿਲਾਪ ਦੀ ਬਰਕਤ ਨਾਲ ਆਪ ਜੀ ਨੂੰ ਵਡੇਰਾ ਲਾਭ ਕੀ ਪ੍ਰਤੀਤ ਹੋਇਆ ਹੈ ?

1. ਉ:—ਹੇ ਪਿਆਰੇ ! ਮੈਨੂੰ ਜਦੋਂ ਪੂਰੇ ਗੁਰੂ ਨੇ ਪ੍ਰਭੂ ਪਿਤਾ ਨਾਲ ਮਿਲਾ ਦਿਤਾ, ਤਦੋਂ ਮੈਨੂੰ ਪੂਰਨ ਨਿਹਚਾ ਬਣ ਗਿਆ ਕਿ, ਅਸਾਂ ਜੀਵਾਂ ਦਾ ਪ੍ਰਮੇਸ਼ਰ ਪਿਤਾ ਸਦਾ ਹੀ ਕਾਇਮ ਰਹਿਣ ਵਾਲਾ ਹੈ।

2. ਅਤੇ ਮੇਰੇ ਨਾਲ ਆਤਮਕ ਸਾਂਝ ਰਖਣ ਵਾਲੇ ਭੀ ਸਦਾ ਹੀ ਆਤਮਕ ਜੀਵਨ ਵਾਲੇ ਬਣ ਗਏ।

3. ਅਤੇ ਮੇਰੇ ਨਾਲ ਹਰਿ ਨਾਮ ਸਿਮਰਨ ਦਾ ਪ੍ਰੇਮ ਰਖਣ ਵਾਲੇ ਸਦਾ ਲਈ ਅਟੱਲ ਜੀਵਨ ਵਾਲੇ ਹੋ ਗਏ।

4. ਹੇ ਭਾਈਓ ! ਹੁਣ ਤਾਂ ਮਰਾ ਸਾਰਾ ਇੰਦ੍ਰੀਆਂ ਦਾ ਪਰਵਾਰ ਭੀ ਪ੍ਰਭੂ ਚਰਨਾਂ ਵਿਚ ਟਿਕੇ ਰਹਿਣ ਵਾਲਾ ਬਣ ਗਿਆ ਹੈ।੧।

5.6 ਹੇ ਪਿਆਰੇ ! ਇਹ ਸਭੋ ਕੁਝ ਤਦੋਂ ਹੀ ਬਣ ਆਇਆ ਜਦੋਂ ਕਿ ਪੂਰੇ ਗੁਰੂ ਨੇ ਮੈਨੂੰ ਪ੍ਰਭੂ ਪਿਤਾ ਦੇ ਨਾਲ ਮਿਲਾ ਦਿਤਾ ਅਤੇ ਮੈਨੂੰ ਆਤਮਕ ਅਨੰਦ ਪ੍ਰਾਪਤ ਹੋ ਗਿਆ, (ਮੇਰੇ ਨਾਲ ਸੰਬੰਧ ਰਖਣ ਵਾਲੇ ਮੀਤ ਭਾਈ ਸਾਰੇ ਇੰਦ੍ਰੇ ਇਹ) ਸਾਰੇ ਹੀ ਆਤਮਕ ਅਨੰਦ ਦੀ ਬਰਕਤ ਨਾਲ ਸੁਖੀ ਹੋ ਗਏ।੧। ਰਹਾਉ।

7. ਹੇ ਭਾਈ ! (ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ ਪਿਤਾ ਨਾਲ ਮਿਲਾ ਦਿਤਾ; ਤਦੋਂ ਮੇਰੀ ਜਿੰਦ ਦੇ ਟਿਕ ਰਹਿਣ ਵਾਲੇ ਟਿਕਾਣੇ ਸਾਰੀਆਂ (ਮ ਇਕ ਪ੍ਰੇਰਨਾ) ਤੋਂ ਉਚੇ ਹੋ ਗਏ।

8. ਹੇ ਭਾਈਓ ! ਮੇਰੀ ਜਿੰਦ ਦੇ ਆਤਮਕ ਅਸਥਾਨ ਹੁਣ

ਇਤਨੇ ਉਚੇ ਹੋ ਗਏ ਕਿ, ਜਮਰਾਜ ਭੀ ਉਥੇ ਕੁਝ ਪੁਛਣ ਜੋਗਾ ਹੀ ਨਾ ਰਿਹਾ।

9. ਐ ਪਿਆਰੇ ! ਤਦੋਂ ਮੇਰੀ ਆਪਣੇ ਇੰਦ੍ਰਿਆਂ ਉਤੇ ਹਕੂਮਤ ਸਦਾ ਲਈ ਹੀ ਅਟੱਲ ਹੋ ਗਈ।

10. ਹੇ ਭਾਈਓ ! ਤਦੋਂ ਮੇਰੇ ਪਾਸ ਇਤਨਾ ਨਾਮ ਖਜ਼ਾਨਾ ਇਕੱਠਾ ਹੋ ਗਿਆ, ਜੋ ਮੁੱਕ ਹੀ ਨਾ ਸਕੇ, ਜੋ ਸਦਾ ਲਈ ਕਾਇਮ ਰਹੇ ,੨।

11. ਹੇ ਪਿਆਰੇ ! ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ ਪਿਤਾ ਨਾਲ ਮਿਲਾ ਦਿਤਾ; ਤਾਂ ਹੁਣ ਮੈਨੂੰ (ਇਹ ਭੀ) ਸਮਝ ਆ ਗਈ ਕਿ ਇਹ ਜੋ ਪ੍ਰਭੂ ਦੀ ਸੋਭਾ ਸਾਰੇ ਜੁਗਾਂ ਵਿਚ ਹੋ ਰਹੀ ਹੈ ਮੇਰੇ ਵਾਸਤੇ ਭੀ ਇਹੀ ਸੋਭਾ ਹੈ।

12. ਅਤੇ (ਇਹ ਜੋ) ਹਰੇਕ ਥਾਂ ਵਿਚ ਪ੍ਰਭੂ ਦੀ ਮਸ਼ਹੂਰੀ ਹੋ ਰਹੀ ਹੈ ਮੇਰੇ ਲਈ ਭੀ ਇਹੀ ਵਡਿਆਈ ਹੈ।

13. ਹੇ ਭਾਈ ! ਹੁਣ ਮੈਨੂੰ ਇਹ ਭੀ ਸੋਝੀ ਆ ਗਈ ਹੈ ਕਿ, ਇਹ ਜੋ ਹਰੇਕ ਘਰ ਵਿਚ (ਪ੍ਰਭੂ ਦੀ) ਸਿਫਤ ਸਲਾਹ ਹੋ ਰਹੀ ਹੈ, ਮੇਰੇ ਲਈ ਭੀ ਇਹੀ ਹੈ।

14. ਅਤੇ (ਇਹ ਜੋ) ਸਭਨਾਂ ਲੋਕਾਂ ਵਿਚ (ਪ੍ਰਭੂ ਦੀ) ਭਗਤੀ ਹੋ ਰਹੀ ਹੈ, ਮੇਰੇ ਲਈ ਭੀ ਇਹੀ ਹੈ, (ਭਾਵ ਹੈ ਕਿ ਪ੍ਰਭੂ ਚਰਨਾਂ ਵਿਚ ਮਿਲਾਪ ਦੀ ਬਰਕਤ ਨਾਲ ਮੈਨੂੰ ਕਿਸੇ ਸੋਭਾ ਮਸ਼ਹੂਰੀ; ਕੀਰਤੀ ਮਾਣ, ਆਦਰ ਦੀ ਵਾਸ਼ਨਾ ਨਹੀਂ ਰਹੀ) ।੩।

15. ਹੇ ਭਾਈਓ ! ਇਉਂ ਹੀ ਨਿਸਚਾ ਕਰੋ ਕਿ, ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ ਪਿਤਾ ਨਾਲ ਮਿਲਾ ਦਿਤਾ ਤਾਂ ਪ੍ਰਭੂ ਪਿਤਾ ਜੀ ਮੇਰੇ ਹਿਰਦੇ ਵਿਚ ਪ੍ਰਗਟ ਹੋ ਪਏ।

16, ਹੇ ਭਾਈ ! ਹੁਣ ਪ੍ਰਭੂ ਪਿਤਾ ਨੇ ਮੇਰੇ ਨਾਲ ਇਉਂ ਪਿਆਰ ਪਾ ਲਿਆ, ਜਿਵੇਂ, ਪਿਉ ਆਪਣੇ ਪੁੱਤਰ ਨਾਲ ਪਿਆਰ ਬਣਾਂਦਾ ਹੈ।

17.18 ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਪਿਤਾ ਪ੍ਰਭੂ (ਆਪਣੇ ਕਿਸੇ ਪੁੱਤ੍ਰ ਉਤੇ) ਦਇਆਵਾਨ ਹੁੰਦਾ ਹੈ, ਤਦੋਂ ਪ੍ਰਭੂ ਪਿਤਾ ਤੇ ਜੀਵ ਪੁੱਤ੍ਰ ਇਕੋ ਪਿਆਰ ਵਿਚ ਇਕ ਮਿਕ ਹੋ ਜਾਂਦੇ ਹਨ ।੪।੯।੨੨।

ਭਾਵਾਰਥ :–ਹਰ ਸੰਸਾਰੀ ਬੰਦਾ ਸੰਸਾਰ ਦੀ ਵਡਿਆਈ ਅਤੇ ਸੁਖ ਪ੍ਰਾਪਤੀ ਦੀ ਲਾਲਸਾ ਕਰਦਾ ਹੈ, ਪਰ ਹਰੀ ਜਿਹਾ ਵਡਾ ਜਿਸਦਾ ਬਾਪ ਹੋਵੇ ਉਸ ਦੀ ਵਡਿਆਈ ਤੇ ਉਸ ਦੇ ਸੁਖਾਂ ਦਾ ਅੰਤ ਨਹੀਂ ਰਹਿੰਦਾ। ਪਰ, ਅੰਤਰ ਆਤਮੇਂ ਉਸਨੂੰ ਕਿਸੇ ਦੁਨਿਆਵੀ ਮਾਣ, ਵਡਿਆਈ ਅਤੇ ਮਸ਼ਹੂਰੀ ਦੀ ਲਾਲਸਾ ਨਹੀਂ ਰਹਿੰਦੀ।

ਭੈਰਉ ਮਹਲਾ ੫ ॥

1. ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥
2. ਹਮ ਅਪਰਾਧੀ ਤੁਮ ਬਖਸਾਤੇ ॥
3. ਜਿਸੁ ਪਾਪੀ ਕਉ ਮਿਲੈ ਨ ਢੋਈ ॥
4. ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥
5. ਸੁਖੁ ਪਾਇਆ ਸਤਿਗੁਰੂ ਮਨਾਇ ॥
6. ਸਭ ਫਲ ਪਾਏ ਗੁਰੁ ਧਿਆਇ ॥੧॥ ਰਹਾਉ ॥
7. ਪਾਰਬ੍ਰਹਮ ਸਤਿਗੁਰ ਆਦੇਸੁ ॥
8. ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥
9. ਚੂਕਾ ਪੜਦਾ ਤਾਂ ਨਦਰੀ ਆਇਆ ॥
10. ਖਸਮੁ ਤੂਹੈ ਸਭਨਾ ਕੇ ਰਾਇਆ ॥੨॥
11. ਤਿਸੁ ਭਾਣਾ ਸੂਕੇ ਕਾਸਟ ਹਰਿਆ ॥
12. ਤਿਸੁ ਭਾਣਾ ਤਾਂ ਥਲ ਸਿਰਿ ਸਿਰਿਆ ॥
13. ਤਿਸੁ ਭਾਣਾ ਤਾਂ ਸਭਿ ਫਲ ਪਾਏ ॥
14. ਚਿੰਤ ਗਈ ਲਗਿ ਸਤਿਗੁਰ ਪਾਏ ॥੩॥
5. ਹਰਾਮਖੋਰ ਨਿਰਗੁਣ ਕਉ ਤੂਠਾ ॥
16. ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥
17. ਪਾਰਬ੍ਰਹਮ ਗੁਰ ਭਏ ਦਇਆਲਾ ॥
18. ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥

ਪਦ ਅਰਥ :–ਨਿਰਵੈਰ–ਹੇ ਕਿਸੇ ਨਾਲ ਵੈਰ ਨਾ ਰਖਣ ਵਾਲੇ। ਦਾਤੇ–ਹੇ ਦਾਤਾਰ। ਬਖਸਾਤੇ–ਬਖਸ਼ਣ ਵਾਲੇ। ਕਉ–ਨੂੰ। ਢੋਈ–ਆਸਰਾ। ਨਿਰਮਲ–ਪਵਿੱਤਰ ।੧।

ਮਨਾਇ–ਮਨਾ ਕੇ, ਪ੍ਰਸੰਨ ਕਰ ਕੇ। ਪਾਏ–ਹਾਸਲ ਕਰ ਲਏ ।੧। ਰਹਾਉ।

ਪਾਰਬ੍ਰਹਮ–ਹੇ ਪਾਰਬ੍ਰਹਮ। ਆਦੇਸੁ–ਨਮਸ਼ਕਾਰ। ਚੂਕਾ–ਮੁੱਕ ਗਿਆ। ਪੜਦਾ–ਮਾਇਆ ਦੇ ਮੋਹ ਵਾਲੀ ਵਿੱਥ। ਨਦਰੀ ਆਇਆ–ਦਿਸ ਪਿਆ। ਰਾਇਆ–ਹੇ ਪਾਤਸ਼ਾਹ ।੨।

ਤਿਸੁ ਭਾਣਾ–ਉਸ (ਪ੍ਰਭੂ) ਨੂੰ ਚੰਗਾ ਲਗੇ। ਕਾਸਟ–ਕਾਠ, ਲੱਕੜ। ਥਲ ਸਿਰਿ–ਥਲ ਦੇ ਸਿਰ ਉਤੇ। ਸਿਰਿਆ–ਸਰ, ਸਰੋਵਰ। ਸਭਿ–ਸਾਰੇ। ਸਤਿਗੁਰ ਪਾਏ–ਗੁਰੂ ਦੀ ਚਰਨੀਂ ।੩।

ਹਰਾਮਖੋਰ–ਬਿਗਾਨਾ ਹੱਕ ਖਾਣ ਵਾਲਾ। ਤੂਠਾ–ਦਇਆਵਾਨ ਹੋ ਜਾਂਦਾ ਹੈ। ਸੀਤਲੁ–ਠੰਡਾ, ਸ਼ਾਂਤ। ਮਨਿ–ਮਨ ਵਿਚ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਵੂਠਾ–ਵਸ ਪਿਆ। ਦੇਖਿ–ਵੇਖ ਕੇ। ਨਿਹਾਲ–ਪ੍ਰਸੰਨ ।੪।

ਅਰਥ :–

ਪ੍ਰ.–ਹੇ ਗੁਰੋ ! ਉਸ ਨਿਰਵੈਰ ਪ੍ਰਭੂ ਤੇ ਗੁਰੂ ਦੇ ਸਨਮੁਖ ਹੋ ਕੇ ਅਰਦਾਸ ਕਰਦੇ ਰਹਿਣ ਦੀ ਸਾਨੂੰ ਜਾਚ ਦਸੋ ?

1. ਉ:–ਹੇ ਭਾਈ ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਅਰਦਾਸਾਂ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਕਿਸੇ ਨਾਲ ਵੈਰ ਨਾ ਰਖਣ ਵਾਲੇ ਗੁਰੂ ਪੁਰਖ, ਹੇ ਦਾਤਾਰ ਪ੍ਰਭੂ ਜੀਉ !

2. ਅਸੀਂ ਜੀਵ ਭੁਲਾਂ ਕਰਨ ਵਾਲੇ ਹਾਂ, ਤੁਸੀਂ (ਸਾਡੀਆਂ) ਭੁਲਾਂ ਬਖਸ਼ਣ ਵਾਲੇ ਹੋ।

3. ਹੇ ਸਤਿਗੁਰੂ ਜੀਉ ! ਜਿਸ ਪਾਪੀ ਨੂੰ ਹੋਰ ਕਿਤੇ ਆਸਰਾ ਨਹੀਂ ਮਿਲਦਾ।

4. ਪਰ, ਜਦੋਂ ਉਹ ਤੇਰੀ ਸ਼ਰਨ ਆ ਜਾਂਦਾ ਹੈ, ਤਾਂ ਉਹ ਪਵਿਤ੍ਰ ਜੀਵਨ ਵਾਲਾ ਬਣ ਜਾਂਦਾ ਹੈ ।੧।

ਪ੍ਰ:—ਸ੍ਰੀ ਜੀਉ ! ਆਤਮਕ ਅਨੰਦ ਪ੍ਰਾਪਤੀ ਦਾ ਕੋਈ ਸਾਧਨ ਦਸੋ ?,

5. ਉ:—ਹੇ ਪਿਆਰੇ ! (ਕੇਵਲ ਇਕ) ਗੁਰੂ ਨੂੰ ਹੀ ਪ੍ਰਸੰਨ ਕਰਕੇ (ਮਨੁੱਖ) ਆਤਮਕ ਅਨੰਦ ਪ੍ਰਾਪਤ ਕਰ ਲੈਂਦਾ ਹੈ।

6. ਅਤੇ ਗੁਰੂ ਨੂੰ ਹੀ ਹਿਰਦੇ ਵਿਚ ਵਸ ਕੇ (ਮਨੁੱਖ) ਸਾਰੇ (ਇੱਛਤ) ਫਲ ਹਾਸਲ ਕਰ ਲੈਂਦਾ ਹੈ ।੧। ਰਹਾਉ ।,

ਪ੍ਰ:—ਸ੍ਰੀ ਜੀਉ ! ਹੋਰ ਸਾਧਨ ਕੀ ਕਰਦੇ ਰਹੀਏ ?

7. ਉ:—ਹੇ ਭਾਈਓ ! ਮਨ ਕਰ ਕੇ ਇਉਂ ਭੀ ਉਚਾਰਨ ਕਰਦੇ ਰਹ ਕਿ, ਹੇ ਗੁਰੂ, ਹੇ ਪ੍ਰਭੂ, ਤੈਨੂੰ ਮੇਰੀ ਨਮਸ਼ਕਾਰ ਹੈ।

8. ਹੇ ਸਾਈਆਂ ਜੀਉ ! ਅਸਾਂ ਜੀਵਾਂ ਦਾ ਇਹ ਮਨ (ਇਹ) ਤਨ ਤੇਰਾ ਹੀ ਦਿਤਾ ਹੋਇਆ ਹੈ; (ਜੋ ਕੁਝ ਦਿਸ ਰਿਹਾ ਹੈ) ਸਾਰਾ ਤੇਰਾ ਹੀ ਦੇਸ਼ ਹੈ. (ਸਭ ਥਾਂ ਤੂੰ ਹੀ ਵੱਸ ਰਿਹਾ ਹੈਂ)।

ਪ੍ਰ:—ਸ੍ਰੀ ਜੀਉ ! ਜਦੋਂ ਉਹ ਵਿਆਪਕ ਹੈ ਤਾਂ ਦਿਸਦਾ ਕਿਉਂ ਨਹੀਂ ?

9. ਉ:—ਹੇ ਭਾਈਓ ! ਜਦੋਂ ਕਿਸੇ ਜੀਵ ਦੇ ਅੰਦਰੋਂ ਮਾਇਆ ਦੇ ਮੋਹ ਦਾ ਪੜਦਾ ਮੁੱਕ ਜਾਂਦਾ ਹੈ, ਤਦੋਂ ਉਸ ਨੂੰ (ਉਹ ਸਾਈਂ ਜੀ) ਸਭਨਾਂ ਥਾਵਾਂ ਵਿਚ ਵਿਆਪਕ ਦਿਸ ਪੈਂਦਾ ਹੈ।

10. ਹੇ ਪਿਆਰੇ ! ਤਦੋਂ ਉਸ ਨੂੰ ਇਹ ਭੀ ਸੂਝ ਹੋ ਆਉਂਦੀ ਹੈ ਕਿ, ਹੇ ਸਭ ਜੀਵਾਂ ਦੇ ਪਾਤਸ਼ਾਹ ! ਤੂੰ (ਸਭ ਦਾ) ਹੀ ਖਸਮ ਹੈਂ ।੨।

ਪ੍ਰ:—ਸ੍ਰੀ ਜੀਉ ! ਜੇ ਕਦੀ ਹਰੀ ਪ੍ਰਸੰਨ ਹੋ ਜਾਏ ਤਾਂ ਫਿਰ ਕੀ ਹਾਸਲ ਹੁੰਦਾ ਹੈ ?

11. ਉ:—ਹੇ ਭਾਈ ! ਜੇ ਉਸ ਪ੍ਰਭੂ ਨੂੰ ਚੰਗਾ ਲਗੇ ਤਾਂ ਸੁੱਕੇ ਕਾਸ਼ਟ ਹਰੇ ਹੋ ਜਾਂਦੇ ਹਨ, ਭਾਵ, ਹਰੀ ਰਸ ਵਲੋਂ ਸੁੱਕਾ ਹੋਇਆ ਮਨ ਫਿਰ ਰਸ ਪੂਰਤ ਹੋ ਜਾਂਦਾ ਹੈ।

12. ਐ ਪਿਆਰੇ ! ਜੇ ਉਸ ਪ੍ਰਭੂ ਨੂੰ ਚੰਗਾ ਲਗੇ ਤਾਂ ਥਲ ਉਤੇ ਸਰੋਵਰ ਬਣ ਜਾਂਦਾ ਹੈ, ਸੁੱਕੀ ਧਰਤੀ ਉਤੇ ਸਰੋਵਰ ਹੋ ਜਾਂਦੇ ਹਨ, ਭਾਵ ਹੈ ਕਿ, ਜੇ ਹਰੀ ਦੀ ਮੇਹਰ ਹੋਵੇ, ਤਾਂ ਸੁੱਕੇ ਭਗਤੀ ਹੀਣ ਦਿਨਾਂ ਵਿਚ ਹੀ ਪ੍ਰੇਮ ਦੀ ਲਹਿਰ ਵਗ ਪੈਂਦੀ ਹੈ।

13. ਹੇ ਪਿਆਰੇ ! ਜਦੋਂ ਕੋਈ ਮਨੁੱਖ ਉਸ ਪ੍ਰਭੂ ਨੂੰ ਚੰਗਾ ਲਗ ਪਏ, ਤਦੋਂ ਉਹ ਸਾਰ ਫਲ ਪ੍ਰਾਪਤ ਕਰ ਲੈਂਦਾ ਹੈ।

14. ਅਤੇ ਗੁਰੂ ਦੇ ਚਰਨੀਂ ਲਗ ਕੇ (ਉਸ ਦੇ ਅੰਦਰੋਂ) ਚਿੰਤਾ ਦੂਰ ਹੋ ਜਾਂਦੀ ਹੈ ।੩।

ਪ੍ਰ:—ਸ੍ਰੀ ਜੀਉ ! ਬਹੁਤ ਗੁਣ ਹੀਣ ਲੋਕ ਅਜਿਹੇ ਹਨ ਜੋ ਜੀਵਨ ਦਾ ਵਧੇਰੇ ਹਿੱਸਾ ਪਰਾਇਆ ਹੱਕ ਖਾਣ ਵਿਚ ਹੀ ਗੁਜ਼ਾਰ ਦੇਂਦੇ ਹਨ, ਕੀ ਉਨ੍ਹਾਂ ਦਾ ਭੀ ਕਿਵੇਂ ਉਧਾਰ ਹੋ ਸਕਦਾ ਹੈ ?

15. ਉ:—ਹੇ ਭਾਈਓ ! ਜੇ ਕਦੀ ਉਸ ਪਰਾਇਆ ਹੱਕ ਖਾਣ ਵਾਲੇ ਗੁਣ ਹੀਣ ਮਨੁੱਖ ਉਤੇ ਭੀ ਪ੍ਰਮਾਤਮਾਂ ਦਇਆਵਾਨ ਹੋ ਜਾਏ।

16. ਤਾਂ ਉਸ ਦਾ ਮਨ, ਉਸ ਦਾ ਤਨ (ਭੀ) ਸ਼ਾਂਤ ਹੋ ਜਾਂਦਾ ਹੈ, ਕਿਉਂਕਿ, ਉਸ ਦੇ ਮਨ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਆ ਵਸਦਾ ਹੈ।

17. ਹੇ ਭਾਈਓ ! ਜਿਨ੍ਹਾਂ ਸੇਵਕਾਂ ਉਤੇ ਗੁਰੂ ਪ੍ਰਮਾਤਮਾਂ ਦਇਆਵਾਨ ਹੁੰਦੇ ਹਨ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਸੇਵਕ ਦਰਸ਼ਨ ਕਰ ਕੇ ਨਿਹਾਲ ਹੋ ਜਾਂਦੇ ਹਨ ।੪ ੧੦।੨੩।

ਭਾਵਾਰਥ:—ਹਰ ਮਨੁੱਖ ਆਪਣੇ ਮਨੋਰਥਾਂ ਦੀ ਪੂਰਤੀ ਲਈ ਜੀਵਨ ਭਰ ਭੱਜ ਦੌੜ ਕਰਦਾ ਰਹਿੰਦਾ ਹੈ, ਪਰ ਫਿਰ ਭੀ ਸਫਲ ਨਹੀਂ ਹੁੰਦਾ; ਜੇ ਕਦੀ ਇਹ ਹਰੀ ਦਾ ਨਾਮ ਚਿੰਤਨ ਕਰਦਾ ਰਵੇ ਤਾਂ ਇਸ ਦੇ ਸਾਰੇ ਹੀ ਮਨੋਰਥ ਸੁਭਾਵਕ ਹੀ ਪੂਰੇ ਹੋ ਜਾਂਦੇ ਹਨ।

ਭੈਰਉ ਮਹਲਾ ੫ ॥

1. ਸਤਿਗੁਰੁ ਮੇਰਾ ਬੇਮੁਹਤਾਜੁ ॥
2. ਸਤਿਗੁਰ ਮੇਰੇ ਸਚਾ ਸਾਜੁ ॥
3. ਸਤਿਗੁਰੁ ਮੇਰਾ ਸਭਸ ਕਾ ਦਾਤਾ ॥
4. ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥
5. ਗੁਰ ਜੈਸਾ ਨਾਹੀ ਕੋ ਦੇਵ ॥
6. ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ਰਹਾਉ॥
7. ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥
8. ਸਤਿਗੁਰੁ ਮੇਰਾ ਮਾਰਿ ਜੀਵਾਲੈ ॥
9. ਸਤਿਗੁਰ ਮੇਰੇ ਕੀ ਵਡਿਆਈ ॥
10. ਪ੍ਰਗਟੁ ਭਈ ਹੈ ਸਭਨੀ ਥਾਈ ॥੨॥
11. ਸਤਿਗੁਰੁ ਮੇਰਾ ਤਾਣੁ ਨਿਤਾਣੁ ॥
12. ਸਤਿਗੁਰੁ ਮੇਰਾ ਘਰਿ ਦੀਬਾਣੁ ॥
13. ਸਤਿਗੁਰ ਕੈ ਹਉ ਸਦ ਬਲਿ ਜਾਇਆ ॥
14. ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥੩॥
15. ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥
16. ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥
17. ਨਾਨਕ ਸੋਧੇ ਸਿੰਮ੍ਰਿਤਿ ਬੇਦ ॥
18. ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥

ਪਦ ਅਰਥ :—ਬੇ 'ਮੁਹਤਾਜ—ਕਿਸੇ ਦਾ ਅਰਥੀਆ ਨਹੀਂ। ਸਚਾ—ਸਦਾ ਕਾਇਮ ਰਹਿਣ ਵਾਲਾ। ਸਾਜੁ—

ਮਰਯਾਦਾ । ਸਭਸ ਕਾ-ਸਭ ਜੀਵਾਂ ਦਾ । ਬਿਧਾਤਾ-ਸਿਰਜਨਹਾਰ ਪ੍ਰਭੂ (ਦਾ ਰੂਪ) ।੧।

ਕੋਈ-ਕੋਈ । ਦੇਵ-ਦੇਵਤਾ । ਮਸਤਕਿ-ਮੱਥੇ ਉਤੇ । ਭਾਗੁ-ਚੰਗੀ ਕਿਸਮਤ ।੧। ਰਹਾਉ ।

ਪ੍ਰਤਿਪਾਲੈ-ਪਾਲਣਾ ਕਰਦਾ ਹੈ । ਮਾਰਿ-(ਮਾਇਆ ਦੇ ਮੋਹ ਵਲੋਂ) ਮਾਰ ਕੇ । ਜੀਵਾਲੈ-ਆਤਮਕ ਜੀਵਨ ਦੇਂਦਾ ਹੈ । ਵਡਿਆਈ-ਸੋਭਾ ।੨।

ਤਾਣੁ-ਸਹਾਰਾ । ਨਿਤਾਣੁ-ਨਿਆਸਰਾ ਮਨੁੱਖ । ਘਰਿ-ਹਿਰਦੇ ਘਰ ਵਿਚ । ਦੀਬਾਣੁ-ਆਸਰਾ । ਕੈ-ਤੋਂ । ਹਉ-ਮੈਂ । ਸਦ-ਸਦਾ । ਬਲਿ ਜਾਇਆ-ਸਦਕੇ ਹਾਂ । ਜਿਨਿ-ਜਿਸ(ਗੁਰੂ) ਨੇ । ਪ੍ਰਗਟੁ-ਪਰਤੱਖ, ਸਿਧਾ । ਮਾਰਗੁ-ਰਸਤਾ ।੩।

ਜਿਨਿ-ਜਿਸ (ਮਨੁੱਖ) ਨੇ । ਨ ਬਿਆਪੈ-ਜ਼ੋਰ ਨਹੀਂ ਪਾ ਸਕਦਾ । ਨ ਸੰਤਾਪੈ-ਦੁਖੀ ਨਹੀਂ ਕਰ ਸਕਦਾ । ਸੋਧੇ-ਖੋਜ ਵੇਖੇ ਹਨ । ਭੇਦ-ਫਰਕ, ਵਿੱਥ ।੪।

ਅਰਥ :-

ਪ੍ਰ:-ਸ੍ਰੀ ਜੀਉ ! ਆਪ ਜੀ, ਗੁਰੂ ਵਿਚ ਕਿਹੜੇ ਕਿਹੜੇ ਵਿਸ਼ੇਸ਼ ਗੁਣ ਅਨੁਭਵ ਕਰਦੇ ਹੋ ?

1. **ਉ:**-ਹੇ ਭਾਈਓ ! ਗੁਰੂ ਤਾਂ ਬੇਅੰਤ ਗੁਣਾਂ ਦਾ ਭੰਡਾਰ ਹਨ, ਪਰ, ਜੇ ਗੁਰੂ ਨੂੰ ਸੁਭਾਵਕ ਹੀ ਅਸਥੂਲ ਦ੍ਰਿਸ਼ਟੀ ਨਾਲ ਤਕੀਏ ਤਾਂ ਉਨ੍ਹਾਂ ਮੇਰੇ ਗੁਰਾਂ ਵਿਚ (੧੧) ਗੁਣ ਤਾਂ ਸੁਭਾਵਕ ਹੀ ਵੇਖਣ ਵਿਚ ਆਉਂਦੇ ਹਨ (੧) ਉਹ ਮੇਰੇ ਪਿਆਰੇ ਗੁਰੂ ਨੂੰ ਕਿਸੇ ਦੀ ਮੁਥਾਜੀ ਨਹੀਂ ਹੈ (ਭਾਵ, ਗੁਰੂ ਦੀ ਕੋਈ ਆਪਣੀ ਕਿਸੇ ਤੋਂ ਜ਼ਾਤੀ ਗਰਜ਼ ਨਹੀਂ ਹੈਂ) ।
2. ਹੇ ਭਾਈ ! ਗੁਰੂ ਦੀ ਇਹ ਸਦਾ ਕਾਇਮ ਰਹਿਣ ਵਾਲੀ ਮਰਯਾਦਾ ਹੈ (ਕਿ ਉਹ ਸਦਾ ਬੇ-ਗਰਜ਼ ਹੈ) ।
3. (੨) ਐ ਪਿਆਰੇ ! ਉਹ ਮੇਰਾ ਗੁਰੂ ਸਭ ਜੀਵਾਂ ਨੂੰ (ਦਾਤਾਂ) ਦੇਣ ਵਾਲਾ ਹੈ ।
4. (੩) ਹੇ ਭਾਈਓ ! ਮੈਨੂੰ ਤਾਂ ਇਹ ਪੂਰਨ ਵਿਸ਼ਵਾਸ਼ ਹੈ ਕਿ, ਗੁਰੂ ਅਤੇ ਉਹ ਸਿਰਜਨਹਾਰ ਅਕਾਲ ਪੁਰਖ ਇਕੋ ਸਰੂਪ ਹਨ ।੧।
5. (੪) ਹੇ ਪਿਆਰੇ ! ਉਸ ਮੇਰੇ ਗੁਰੂ ਵਰਗਾ ਹੋਰ ਕੋਈ ਦੇਵਤਾ ਨਹੀਂ ਹੈ ।

ਪ੍ਰ:-ਸ੍ਰੀ ਜੀਉ ! ਐਸੇ ਗੁਣਾਂ ਦੇ ਭੰਡਾਰ ਗੁਰੂ ਦੀ ਸ਼ਰਨ ਵਿਚ ਸਾਰੇ ਹੀ ਲੋਕ ਕਿਉਂ ਨਹੀਂ ਆ ਪੈਂਦੇ ?

6. **ਉ:**-ਹੇ ਭਾਈ ! ਚਾਹੁੰਦੇ ਤਾਂ ਸਾਰੇ ਹੀ ਜੀਵ ਹਨ, ਪਰ ਜਿਸ (ਮਨੁੱਖ) ਦੇ ਮੱਥੇ ਉਤੇ ਚੰਗੀ ਕਿਸਮਤ (ਜਾਗ ਪਏ) ਉਹ ਮਨੁੱਖ ਹੀ ਗੁਰੂ ਦੀ ਸ਼ਰਨ ਪੈਂਦਾ ਹੈ ।੧। ਰਹਾਉ ।
7. (੫) ਹੇ ਭਾਈ ! ਉਹ ਪਿਆਰਾ ਗੁਰੂ ਸਭ ਜੀਵਾਂ ਦੀ ਰਖਿਆ ਕਰਦਾ ਹੈ ।
8. (੬) ਹੇ ਪਿਆਰੇ ! ਜਿਹੜਾ ਭੀ ਮਨੁੱਖ ਉਸ ਦੇ ਦਰ ਤੇ ਆਉਂਦਾ ਹੈ, ਉਸ ਨੂੰ ਮਾਇਆ ਦੇ ਮੋਹ ਵਲੋਂ ਮਾਰ ਕੇ ਆਤਮਕ ਜੀਵਨ ਦੇ ਦੇਂਦਾ ਹੈ ।

9.10 ਹੇ ਭਾਈਓ ! ਗੁਰੂ ਦੀ ਇਹ ਉਚੀ ਸੋਭਾ ਸਭਨੀ ਥਾਈਂ ਰੌਸ਼ਨ ਹੋ ਗਈ ਹੈ ।੨।

11. (੭) ਹੇ ਭਾਈਓ ! ਜਿਸ ਮਨੁੱਖ ਦਾ ਹੋਰ ਕੋਈ ਭੀ ਆਸਰਾ ਨਹੀਂ (ਪਰ, ਜਦੋਂ ਉਹ ਗੁਰੂ ਦੀ ਸ਼ਰਨ ਆ ਪੈਂਦਾ ਹੈ) ਗੁਰੂ (ਉਸ ਦਾ) ਆਸਰਾ ਬਣ ਜਾਂਦਾ ਹੈ ।
12. (੮) ਉਹ ਗੁਰੂ ਉਸ ਦੇ ਹਿਰਦੇ ਘਰ ਵਿਚ ਸਹਾਰਾ ਦੇਂਦਾ ਹੈ ।

ਪ੍ਰ:-ਸ੍ਰੀ ਜੀਉ ! ਤੁਹਾਡੇ ਆਪਣੇ ਅੰਤਰ ਆਤਮੇਂ ਉਸ ਗੁਰੂ ਦਾ ਕਿਤਨਾ ਕੁ ਮਾਣ ਸਤਿਕਾਰ ਹੈ ?

13. **ਉ:**-ਹੇ ਭਾਈਓ ! ਮੈਂ ਤਾਂ ਅਜਿਹੇ ਗੁਰੂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ ।
14. ਜਿਸ (ਗੁਰੂ ਨੇ) ਆਤਮਕ ਜੀਵਨ ਦਾ) ਮੈਨੂੰ ਸਿਧਾ ਰਾਹ ਵਿਖਾਲ ਦਿਤਾ ਹੈ ।੩।

ਪ੍ਰ:-ਸ੍ਰੀ ਜੀਉ ! ਇਨ੍ਹਾਂ ਗੁਣਾਂ ਤੋਂ ਬਿਨਾ ਕੋਈ ਗੁਰੂ ਵਿਚ ਹੋਰ ਭੀ ਗੁਣ ਹੈ ?

15. **ਉ:**-(੯) ਹੇ ਭਾਈਓ ! ਇਉਂ ਨਿਸਚਾ ਕਰੋ ਕਿ, ਜਿਸ (ਮਨੁੱਖ ਨੇ) ਗੁਰੂ ਦੀ ਸ਼ਰਨ ਲਈ ਹੈ, ਕੋਈ ਭੀ ਡਰ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ ।
16. (੧੦) ਹੇ ਭਾਈ ! ਕੋਈ ਭੀ ਦੁੱਖ ਕਲੇਸ਼ ਉਸ ਨੂੰ ਸਤਾ ਨਹੀਂ ਸਕਦਾ ।

ਪ੍ਰ:-ਸ੍ਰੀ ਜੀਉ ! ਕੀ, ਇਹ ਵੀਚਾਰ ਕੇਵਲ ਤੁਹਾਡੇ ਹੀ ਹਨ, ਜਾਂ ਕਿ ਇਨ੍ਹਾਂ ਵੀਚਾਰਾਂ ਨਾਲ ਕੋਈ ਹੋਰ ਭੀ ਸਹਿਮਤ ਹੈ ?

17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰਿਓ ! ਅਸੀਂ ਤਾਂ ਸਿਮ੍ਰਤੀਆਂ ਵੇਦ (ਆਦਿਕ ਧਰਮ ਪੁਸਤਕਾਂ) ਖੋਜ ਕੇ ਵੇਖੀਆਂ ਹਨ ।
18. (੧੧) ਹੇ ਭਾਈਓ ! ਸਭਨਾਂ ਦਾ ਇਹੋ ਹੀ ਵੀਚਾਰ ਹੈ ਕਿ, ਗੁਰੂ ਸਭ ਤੋਂ ਉਚਾ ਹੈ, ਗੁਰੂ ਅਤੇ ਪ੍ਰਮਾਤਮਾਂ ਵਿਚ ਕੋਈ ਭੀ ਫਰਕ ਨਹੀਂ ਹੈ ।੪।੧੧।੨੪।

ਭਾਵਾਰਥ :-ਇਸ ਸ਼ਬਦ ਵਿਚ ਸਤਿਗੁਰੂ ਜੀ ਗੁਰੂ ਦੇ ਉਨ੍ਹਾਂ ੧੧ ਗੁਣਾਂ ਦਾ ਹੀ ਜ਼ਿਕਰ ਕਰ ਰਹੇ ਹਨ ਜੋ ਸਰਸਰੀ ਨਿਗਾਹ ਮਾਰਨ ਨਾਲ ਵੇਖਣ ਵਿਚ ਆਉਂਦੇ ਹਨ, ਪਰ, ਉਹ ਗੁਰੂ ਤਾਂ ਬੇਅੰਤ ਇਲਾਹੀ ਗੁਣਾਂ ਦਾ ਮਾਲਕ ਹੈ, ਇਸ ਲਈ, ਉਸੇ ਦੀ ਸੇਵਾ ਕਰਨੀ ਉੱਤਮ ਹੈ, ਕਿਉਂਕਿ, ਉਹ ਗੁਰੂ ਹਰੀ ਨੂੰ ਮਿਲਾਣ ਦਾ ਰਸਤਾ ਦਰਸਾਉਣ ਦੀ ਸਮਰਥਾ ਰਖਦਾ ਹੈ ।

ਭੈਰਉ ਮਹਲਾ ੫ ॥

1. **ਨਾਮੁ ਲੈਤ ਮਨੁ ਪਰਗਟੁ ਭਇਆ ॥**
2. **ਨਾਮੁ ਲੈਤ ਪਾਪੁ ਤਨ ਤੇ ਗਇਆ ॥**

3. **ਨਾਮੁ ਲੈਤ ਸਗਲ ਪੁਰਬਾਇਆ ॥**
4. **ਨਾਮੁ ਲੈਤ ਅਠਸਠਿ ਮਜਨਾਇਆ ॥੧॥**
5. **ਤੀਰਥੁ ਹਮਰਾ ਹਰਿ ਕੋ ਨਾਮੁ ॥**
6. **ਗੁਰਿ ਉਪਦੇਸਿਆ ਤਤੁ ਗਿਆਨੁ ॥੧॥ ਰਹਾਉ ॥**
7. **ਨਾਮੁ ਲੈਤ ਦੁਖੁ ਦੂਰਿ ਪਰਾਨਾ ॥**
8. **ਨਾਮੁ ਲੈਤ ਅਤਿ ਮੂੜ ਸੁਗਿਆਨਾ ॥**
9. **ਨਾਮੁ ਲੈਤ ਪਰਗਟਿ ਉਜੀਆਰਾ ॥**
10. **ਨਾਮੁ ਲੈਤ ਛੁਟੇ ਜੰਜਾਰਾ ॥੨॥**
11. **ਨਾਮੁ ਲੈਤ ਜਮੁ ਨੇੜਿ ਨ ਆਵੈ ॥**
12. **ਨਾਮੁ ਲੈਤ ਦਰਗਹ ਸੁਖੁ ਪਾਵੈ ॥**
13. **ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥**
14. **ਨਾਮੁ ਹਮਾਰੀ ਸਾਚੀ ਰਾਸਿ ॥੩॥**
15. **ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥**
16. **ਹਰਿ ਕੀਰਤਿ ਮਨ ਨਾਮੁ ਅਧਾਰੁ ॥**
17. **ਨਾਨਕ ਉਧਰੇ ਨਾਮ ਪੁਨਹਚਾਰ ॥**
18. **ਅਵਰਿ ਕਰਮ ਲੋਕਹ ਪਤੀਆਰ ॥੪॥੧੨॥੨੫॥**

ਪਦ ਅਰਥ :–ਲੈਤ–ਲੈਂਦਿਆਂ, ਜਪਦਿਆਂ । ਪਰਗਟੁ–ਰੌਸ਼ਨ । ਤਨ ਤੇ–ਸ੍ਰੀਰ ਤੋਂ । ਸਗਲ ਪੁਰਬਾਇਆ–ਸਾਰੇ ਪੁਰਬ, ਸਾਰੇ ਪਵਿਤ੍ਰ ਦਿਹਾੜੇ । ਅਠਸਠਿ–ਅਠਾਹਠ (ਤੀਰਥ) । ਮਜਨਾਇਆ- ਇਸ਼ਨਾਨ (ਹੋ ਜਾਂਦਾ ਹੈ) ।੧।

ਹਮਰਾ–ਸਾਡਾ । ਕੋ–ਦਾ । ਗੁਰਿ–ਗੁਰੂ ਨੇ । ਤਤੁ ਗਿਆਨ–ਗਿਆਨ ਦਾ ਤੱਤ, ਆਤਮਕ ਜੀਵਨ ਦੀ ਸੂਝ ਦਾ ਨਿਚੋੜ ।੧। ਰਹਾਉ ।

ਦੂਰਿ ਪਰਾਨਾ–ਦੂਰ ਹੋ ਜਾਂਦਾ ਹੈ । ਅਤਿ ਮੂੜ–ਵਡਾ ਮੂਰਖ । ਸੁਗਿਆਨਾ–ਚੰਗਾ ਸਿਆਣਾ । ਪਰਗਟਿ–ਪਰਗਟੇ, ਪਰਗਟ ਹੋ ਜਾਂਦਾ ਹੈ । ਛੁਟੇ-ਮੁੱਕ ਜਾਂਦੇ ਹਨ । ਜੰਜਾਰਾ–ਜੰਜਾਲ, ਮਨ ਦੀਆਂ ਮੋਹ ਦੀਆਂ ਫਾਹੀਆਂ ।੨।

ਨੇੜਿ–ਨੇੜੇ । ਦਰਗਹ–ਪ੍ਰਮਾਤਮਾਂ ਦੀ ਹਜ਼ੂਰੀ ਵਿਚ । ਕਹੈ ਸਾਬਾਸਿ–ਆਦਰ, ਸਤਿਕਾਰ ਕਰਦਾ ਹੈ । ਸਾਚੀ–ਸਦਾ ਕ ਇਮ ਰਹਿਣ ਵਾਲੀ । ਰਾਸਿ–ਪੂੰਜੀ, ਸਰਮਾਇਆ ।੩।

ਗੁਰਿ–ਗੁਰੂ ਨੇ । ਸਾਰੁ–ਸਰੇਸ਼ਟ । ਕੀਰਤਿ–ਸਿਫਤ ਸਲਾਹ । ਅਧਾਰੁ–ਆਸਰਾ । ਉਧਰੇ–ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ । ਪੁਨਹਚਾਰ–ਕੀਤੇ ਪਾਪਾਂ ਦੀ ਨਵਿਰਤੀ ਲਈ ਪ੍ਰਾਸਚਿਤ ਕਰਮ । ਅਵਰਿ-ਹੋਰ । ਲੋਕਹ ਪਤੀਆਰ–ਲੋਕਾਂ ਨੂੰ ਆਪਣੇ ਧਾਰਮਿਕ ਹੋਣ ਦੀ ਤਸੱਲੀ ਦੇਣ ਲਈ ।੪।

ਅਰਥ :–

ਪ੍ਰ:–ਸ੍ਰੀ ਜੀਉ ! ਮਨ ਵਿਚ ਵਿਕਾਰਾਂ ਦਾ ਹਨੇਰਾ ਸਦਾ ਹੀ ਬਣਿਆ ਰਹਿੰਦਾ ਹੈ, ਇਸ ਵਿਚੋਂ ਨਿਕਲ ਕੇ ਮਨ ਅੰਦਰ ਰੌਸ਼ਨੀ ਕਿਵੇਂ ਆ ਸਕਦੀ ਹੈ ?

1. ਉ:–ਹੇ ਭਾਈਓ ! ਜਦੋਂ ਮਨੁੱਖ ਪ੍ਰਮੇਸ਼ਰ ਦਾ ਨਾਮ ਜਪਦਾ ਹੈ (ਤਾਂ ਮਨੁੱਖ ਦਾ) ਮਨ ਵਿਕਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਰੌਸ਼ਨ ਹੋ ਆਉਂਦਾ ਹੈ ।
2. (ਕਿਉ ਕਿ) ਨਾਮ ਸਿਮਰਦਿਆਂ (ਹਰੇਕ ਕਿਸਮ ਦਾ) ਪਾਪ ਸਰੀਰ ਤੋਂ ਦੂਰ ਹੋ ਜਾਂਦਾ ਹੈ ।

ਪ੍ਰ:–ਸ੍ਰੀ ਜੀਉ ! ਤੀਰਥ ਇਸ਼ਨਾਨ ਕਰਨ ਬਾਰੇ ਆਪ ਜੀ ਦੇ ਕੀ ਵੀਚਾਰ ਹਨ ?

3. ਉ:–ਹੇ ਭਾਈਓ ! ਕੇਵਲ ਨਾਮ ਨੂੰ ਹੀ ਜਪਦੇ ਰਹਿਣ ਨਾਲ (ਮਾਨੋਂ) ਸਾਰੇ ਹੀ ਪੁਰਬ ਮਨਾਏ ਗਏ ਹਨ ।
4. ਐ ਪਿਆਰੇ ! ਨਾਮ ਨੂੰ ਜਪਦੇ ਰਹਿਣ ਨਾਲ ਹੀ (ਮਾਨੋਂ) ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ ਹੈ ।੧।

ਪ੍ਰ:–ਹੇ ਗੁਰੋ ! ਕੀ ਗੁਰਮਤਿ ਅਨੁਸਾਰ ਤੁਸੀਂ ਆਪਣਾ ਖਾਸ ਤੀਰਥ ਭੀ ਕੋਈ ਮੰਨਦੇ ਹੋ ?

5. ਉ:–ਹੇ ਭਾਈਓ ! ਅਸਲ ਵਿਚ ਗੁਰਮਤਿ ਅਨੁਸਾਰ ਸਾਡਾ ਤਾਂ ਪ੍ਰਮੇਸ਼ਰ ਦਾ ਨਾਮ (ਸਿਮਰਦੇ ਰਹਿਣਾ) ਹੀ ਤੀਰਥ ਹੈ ।
6. (ਕਿਉਂਕਿ) ਹੇ ਭਾਈ ! ਗੁਰੂ ਨੇ (ਸਾਨੂੰ) ਆਤਮਕ ਜੀਵਨ ਦੀ ਸੂਝ ਦਾ ਇਹ ਨਿਚੋੜ ਸਮਝਾ ਦਿਤਾ ਹੈ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਜਗਤ ਦਾ ਹਰ ਜੀਵ ਦੁਖੀਆ ਵੇਖੀਦਾ ਹੈ, ਪਰ, ਇਸ ਦੁੱਖ ਦੀ ਨਵਿਰਤੀ ਲਈ ਕਿਹੜਾ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

7. ਉ:–ਹੇ ਭਾਈ ! ਇਹ ਨਿਸਚਾ ਰਖੋ ਕਿ, ਪ੍ਰਮੇਸ਼ਰ ਦਾ ਨਾਮ ਜਪਦਿਆਂ (ਹਰੇਕ) ਦੁਖ ਦੂਰ ਹੋ ਜਾਂਦਾ ਹੈ ।
8. ਹੇ ਪਿਆਰੇ ! ਕੇਵਲ ਨਾਮ ਨੂੰ ਜਪਦਿਆਂ ਹੀ ਵਡਾ ਭਾਰਾ ਮੂਰਖ ਭੀ ਆਤਮਕ ਜੀਵਨ ਦੀ ਸੋਹਣੀ ਸੂਝ ਵਾਲਾ ਹੋ ਜ ਦਾ ਹੈ ।
9. ਹੇ ਭਾਈ ! ਨਾਮ ਨੂੰ ਜਪਦਿਆਂ ਮਨ ਵਿਚ ਆਤਮਕ ਜੀਵਨ ਦਾ ਚਾਨਣਾ ਹੋ ਜਾਂਦਾ ਹੈ ।
10. (ਕਿਉਂਕਿ) ਨਾਮ ਜਪਦਿਆਂ (ਮਨ ਦੀਆਂ ਮਾਇਆ ਦੇ ਮੋਹ ਦੀਆਂ ਸ ਰੀਆਂ) ਫਾਹੀਆਂ ਮੁੱਕ ਜਾਂਦੀਆਂ ਹਨ ।੨।
11. ਹੇ ਭਾਈਓ ! ਪ੍ਰਮੇਸ਼ਰ ਦਾ ਨਾਮ ਜਪਦਿਆਂ ਜਮ (ਮਨੁੱਖ ਦੇ) ਨੇੜੇ ਨਹੀਂ ਆਉਂਦਾ ਹੈ ।
12. ਐ ਪਿਆਰੇ ! ਮਨੁੱਖ ਪ੍ਰਮੇਸ਼ਰ ਦੀ ਹਜ਼ੂਰੀ ਵਿਚ ਟਿਕ ਕੇ ਆਤਮਕ ਅਨੰਦ ਮਾਣਦਾ ਹੈ ।
13. ਹੇ ਭਾਈ ! ਨਾਮ ਦਾ ਸਿਮਰਨ ਕਰਦਿਆਂ ਪ੍ਰਮਾਤਮਾਂ (ਭੀ) ਆਦਰ ਮਾਣ ਦੇਂਦਾ ਹੈ ।
14. ਇਸ ਲਈ ਹੇ ਭਾਈਓ,. ਪ੍ਰਮਾਤਮਾਂ ਦਾ ਨਾਮ ਹੀ ਅਸਾਂ ਜੀਵਾਂ ਵਾਸਤੇ ਸਦਾ ਕਾਇਮ ਰਹਿਣ ਵਾਲਾ ਸਰਮਾਇਆ ਹੈ ।੩।
15. ਹੇ ਪਿਆਰੇ ! ਮੈਨੂੰ ਤਾਂ ਗੁਰੂ ਨੇ ਇਹ ਸਭ ਤੋਂ ਵਧੀਆ ਉਪਦੇਸ਼ ਦੇ ਦਿਤਾ ਹੈ ।
16. ਕਿ, ਪ੍ਰਮਾਤਮਾਂ ਦੀ ਸਿਫਤ ਸਲਾਹ ਪ੍ਰਮਾਤਮਾਂ ਦਾ ਨਾਮ (ਹੀ) ਮਨ ਦਾ ਆਸਰਾ ਹੈ ।

17. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਮਨੁੱਖ (ਵਿਕਾਰਾਂ ਦੀਆਂ ਲਹਿਰਾਂ ਤੋਂ) ਪਾਰ ਲੰਘ ਜਾਂਦੇ ਹਨ, ਜਿਹੜੇ ਨਾਮ ਜਪਣ ਦਾ ਪ੍ਰਾਸਚਿਤ ਕਰਮ ਕਰਦੇ ਹਨ।

ਪ੍ਰ:—ਸ੍ਰੀ ਜੀਉ ! ਕੀ ਹੋਰ ਜਿਤਨੇ ਭੀ ਕਰਮ ਕਰਦੇ ਨਜ਼ਰ ਆਉਂਦੇ ਹਨ ਇਹ ਕਿਸੇ ਭੀ ਲੇਖੇ ਵਿਚ ਨਹੀਂ ?

18. ਉ:—ਹੇ ਭਾਈਓ ! ਅਸਲ ਵਿਚ ਤਾਂ ਹੋਰ ਸਾਰੇ (ਪ੍ਰਾਸਚਿਤ) ਕਰਮ ਲੋਕਾਂ ਦੀ ਤਸੱਲੀ ਕਰਾਣ ਵਾਸਤੇ ਹਨ (ਕਿ ਅਸੀਂ ਧਾਰਮਿਕ ਬਣ ਗਏ ਹਾਂ) ।੪।੧੨।੧੫।

ਭਾਵਾਰਥ:—ਸੰਸਾਰ ਦੇ ਅਨੇਕਾਂ ਲੋਕੀ ਅਨੇਕਾਂ ਪ੍ਰਕਾਰ ਦੇ ਪ੍ਰਾਸਚਿਤ ਕਰਮ ਕਰਦੇ ਹਨ, ਪਰ ਕੇਵਲ ਇਕ ਨਾਮ ਜਪਦੇ ਰਹਿਣ ਦਾ ਰਸਤਾ ਹੀ ਉੱਤਮ ਹੈ ਜੋ ਕਿ, ਸਾਰੇ ਧਾਰਮਿਕ ਕਰਮਾਂ ਤੋਂ ਉੱਤਮ ਹੈ।

ਭੈਰਉ ਮਹਲਾ ੫ ॥

1. ਨਮਸਕਾਰ ਤਾ ਕਉ ਲਖ ਬਾਰ ॥
2. ਇਹੁ ਮਨੁ ਦੀਜੈ ਤਾ ਕਉ ਵਾਰਿ ॥
3. ਸਿਮਰਨਿ ਤਾ ਕੈ ਮਿਟਹਿ ਸੰਤਾਪ ॥
4. ਹੋਇ ਅਨੰਦੁ ਨ ਵਿਆਪਹਿ ਤਾਪ ॥੧॥
5. ਐਸੋ ਹੀਰਾ ਨਿਰਮਲ ਨਾਮ ॥
6. ਜਾਸੁ ਜਪਤ ਪੂਰਨ ਸਭਿ ਕਾਮ ॥੧॥ ਰਹਾਉ ॥
7. ਜਾ ਕੀ ਦ੍ਰਿਸਟਿ ਦੁਖ ਡੇਰਾ ਢਹੈ ॥
8. ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ ॥
9. ਅਨਿਕ ਭਗਤ ਜਾ ਕੇ ਚਰਨ ਪੂਜਾਰੀ ॥
10. ਸਗਲ ਮਨੋਰਥ ਪੂਰਨਹਾਰੀ ॥੨॥
11. ਖਿਨ ਮਹਿ ਊਣੇ ਸੁਭਰ ਭਰਿਆ ॥
12. ਖਿਨ ਮਹਿ ਸੂਕੇ ਕੀਨੇ ਹਰਿਆ ॥
13. ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ॥
14. ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ॥੩॥
15. ਸਭ ਮਹਿ ਏਕੁ ਰਹਿਆ ਭਰਪੂਰਾ ॥
16. ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥
17. ਹਰਿ ਕੀਰਤਨੁ ਤਾ ਕੋ ਆਧਾਰੁ ॥
18. ਕਹੁ ਨਾਨਕ ਜਿਸੁ ਆਪਿ ਦਇਆਰੁ॥੪॥੧੩॥੨੬॥

ਪਦ ਅਰਥ :—ਤਾ ਕਉ—ਉਸ (ਪ੍ਰਮਾਤਮਾਂ) ਨੂੰ। ਬਾਰ-ਵਾਰੀ। ਵਾਰਿ ਦੀਜੈ—ਸਦਕੇ ਕਰ ਦੇਈਏ। ਤਾ ਕੈ ਸਿਮਰਨਿ—ਉਸ (ਪ੍ਰਭੂ) ਦੇ ਸਿਮਰਨ ਦੀ ਬਰਕਤ ਨਾਲ। ਮਿਟਹਿ—ਮਿਟ ਜਾਂਦੇ ਹਨ। ਸੰਤਾਪ—ਦੁੱਖ ਕਲੇਸ਼। ਨ ਵਿਆਪਹਿ—ਆਪਣਾ ਜੋਰ ਨਹੀਂ ਪਾ ਸਕਦੇ ।੧।

ਹੀਰਾ—ਕੀਮਤੀ ਪਦਾਰਥ। ਨਿਰਮਲ—ਪਵਿੱਤਰ ਕਰਨ ਵਾਲਾ)। ਜਾਸ ਜਪਤ—ਜਿਸ ਨੂੰ ਜਪਦਿਆਂ। ਸਭਿ—(ਸਾਰੇ। ਕਾਮ—ਕੰਮ ।੧। ਰਹਾਉ।

ਜਾ ਕੀ ਦ੍ਰਿਸਟਿ—ਜਿਸ ਦੀ (ਮਿਹਰ ਦੀ) ਨਿਗਾਹ ਨਾਲ। ਢਹੈ-ਢਹਿ ਜਾਂਦਾ ਹੈ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ। ਸੀਤਲੁ-ਠੰਡਾ, ਸ਼ਾਂਤੀ ਦੇਣ ਵਾਲਾ। ਮਨਿ—ਮਨ ਵਿਚ। ਗਹੈ—ਫੜ ਰਖਦਾ ਹੈ। ਪੂਜਾਰੀ-ਪੂਜਾ ਕਰਨ ਵਾਲੇ। ਮਨੋਰਥ—ਮੰਗਾਂ, ਲੋੜਾਂ। ਪੂਰਨਹਾਰੀ—ਪੂਰੀਆਂ ਕਰਨ ਵਾਲਾ ।੨।

ਊਣੇ—ਖਾਲੀ। ਸੁਭਰ—ਨਕਾ ਨੱਕ ।੩।

ਰਹਿਆ ਭਰਪੂਰ—ਪੂਰਨ ਤੌਰ ਤੇ ਵਸ ਰਿਹਾ ਹੈ। ਜਾਪੈ—ਜਪਦਾ ਹੈ। ਤਾ ਕੈ—ਉਸ ਦੇ ਹਿਰਦੇ ਵਿਚ। ਆਧਾਰੁ—ਆਸਰਾ। ਦਇਆਰ—ਦਇਆਵਾਨ ।੪।

ਅਰਥ :—

ਪ੍ਰ:—ਸ੍ਰੀ ਜੀਉ ! ਕਿਸੇ ਦੁਨਿਆਵੀ ਮਾਲਕ ਦੇ ਸਨਮੁਖ ਜਾ ਕੇ ਇਕ ਜਾਂ ਦੋ ਵਾਰ ਹੀ ਨਮਸ਼ਕਾਰ ਕਰਨੀ ਪੈਂਦੀ ਹੈ, ਪਰ, ਉਸ ਪ੍ਰਮੇਸ਼ਰ ਨੂੰ ਨਮਸ਼ਕਾਰ ਕਰਦੇ ਰਹਿਣ ਦਾ ਕਿਤਨਾ ਕੁ ਸੰਕੇਤ ਹੈ ?

1. ਉ:—ਹੇ ਭਾਈਓ ! ਉਸ ਪ੍ਰਮਾਤਮਾਂ ਅਗੇ ਤਾਂ (ਇਕ ਦੋ ਵਾਰ ਨਹੀਂ) ਸਗੋਂ ਲੱਖਾਂ ਵਾਰੀ ਨਮਸ਼ਕਾਰ ਕਰਦੇ ਰਹਿਣਾ ਚਾਹੀਦਾ ਹੈ।

2. ਅਤੇ ਆਪਣਾ ਇਹ ਮਨ (ਭੀ) ਉਸ ਪ੍ਰਮਾਤਮਾਂ ਦੇ ਅਗੇ ਭੇਟਾ ਕਰ ਦੇਣਾ ਚਾਹੀਦਾ ਹੈ।

ਪ੍ਰ:—ਸ੍ਰੀ ਜੀਉ ! ਪ੍ਰਭੂ ਜੀ ਨੂੰ ਨਮਸ਼ਕਾਰ ਕਰਨ ਦਾ ਫਲ ਕੀ ਹੁੰਦਾ ਹੈ ?

3. ਉ:—ਹੇ ਪਿਆਰੇ ! ਉਸ ਪ੍ਰਮਾਤਮਾਂ ਦਾ ਨਾਮ ਸਿਮਰਨ ਕਰਦੇ ਰਹਿਣ ਦੀ ਬਰਕਤ ਨਾਲ (ਸਾਰੇ) ਦੁੱਖ, ਕਲੇਸ਼ ਮਿਟ ਜਾਂਦੇ ਹਨ।

4. ਹੇ ਭਾਈ ! (ਮਨ ਵਿਚ) ਖੁਸ਼ੀ ਪੈਦਾ ਹੁੰਦੀ ਹੈ, ਕੋਈ ਭੀ ਦੁੱਖ ਆਪਣਾ ਜੋਰ ਨਹੀਂ ਪਾ ਸਕਦੇ ।੧।

5 ਹੇ ਭਾਈ ! (ਜੀਵਾਂ ਦੇ ਹਿਰਦੇ) ਪਵਿਤ੍ਰ ਕਰਨ ਵਾਲਾ ਹਰਿ ਨਾਮ ਅਜਿਹਾ (ਪਵਿਤ੍ਰ ਤੇ) ਕੀਮਤੀ ਪਦਾਰਥ ਹੈ।

6. ਉਸ ਨੂੰ ਜਪਦਿਆਂ ਸਾਰੇ ਕੰਮ ਸਫਲ ਹੋ ਜਾਂਦੇ ਹਨ ।੧। ਰਹਾਉ।

7. ਹੇ ਭਾਈਓ ! ਜਿਸ ਪ੍ਰਮੇਸ਼ਰ ਦੀ ਮਿਹਰ ਦੀ ਨਿਗਾਹ ਨਾਲ (ਮਨੁੱਖ ਦੇ ਅੰਦਰੋਂ) ਦੁੱਖਾਂ ਦਾ ਡੇਰਾ ਢਹਿ ਜਾਂਦਾ ਹੈ, (ਭਾਵ, ਸਾਰੇ ਦੁੱਖ ਕੂਚ ਕਰ ਜਾਂਦੇ ਹਨ)।

8. ਐ ਪਿਆਰੇ ! ਜਿਹੜਾ ਮਨੁੱਖ ਉਸ ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ (ਆਪਣੇ) ਮਨ ਵਿਚ ਵਸਾ ਲੈਂਦਾ ਹੈ (ਉਸ ਦਾ ਹਿਰਦਾ) ਠੰਡਾ ਠਾਰ ਹੋ ਜਾਂਦਾ ਹੈ।

9. ਹੇ ਭਾਈ ! ਵੇਖੋ, ਅਨੇਕਾਂ ਹੀ ਭਗਤ ਜਿਸ ਪ੍ਰਮਾਤਮਾਂ ਦੇ ਚਰਨ ਪੂਜ ਰਹੇ ਹਨ।

10. ਐ ਪਿਆਰੇ ! ਉਹ ਪ੍ਰਭੂ (ਆਪਣੇ ਭਗਤਾਂ ਦੇ) ਸਾਰੇ ਹੀ

ਮਨੋਰਥ ਪੂਰੇ ਕਰਨ ਵਾਲਾ ਹੈ।੨।

11. ਹੇ ਭਾਈਓ ! (ਉਸ ਪ੍ਰਮਾਤਮਾਂ ਦਾ ਨਾਮ) ਖਾਲੀ (ਹਿਰਦਿਆਂ) ਨੂੰ ਇਕ ਖਿਨ ਵਿਚ (ਗੁਣਾਂ ਨਾਲ) ਨਕਾ ਨਕ ਭਰ ਦੇਂਦਾ ਹੈ।

12. ਐ ਪਿਆਰੇ ! ਜੋ ਮਨੁੱਖ ਆਤਮਕ ਜੀਵਨ ਵਲੋਂ ਸੁੱਕੇ ਹੋਏ ਹਨ, ਉਨ੍ਹਾਂ ਨੂੰ ਇਕ ਖਿੰਨ ਵਿਚ (ਦੈਵੀ ਗੁਣਾਂ ਦੀ) ਹਰਿਆਵਲਤਾ ਨਾਲ ਭਰ ਦੇਂਦਾ ਹੈ।

13. ਹੇ ਭਾਈ ! ਜਿਸ ਮਨੁੱਖ ਨੂੰ ਕਿਤੇ ਭੀ ਆਸਰਾ ਨਹੀਂ ਮਿਲਦਾ, ਪ੍ਰਮਾਤਮਾਂ ਉਸ ਨੂੰ ਇਕ ਖਿਨ ਵਿਚ ਸਹਾਰਾ ਦੇ ਦੇਂਦਾ ਹੈ।

14. ਹੇ ਪਿਆਰੇ ! ਜਿਸ ਮਨੁੱਖ ਨੂੰ ਕਿਤੇ ਕੋਈ ਆਦਰ ਸਤਿਕਾਰ ਨਹੀਂ ਦੇਂਦਾ, ਉਹ ਪ੍ਰਮੇਸ਼ਰ ਉਸ ਨੂੰ ਇਕ ਖਿਨ ਵਿਚ ਮਾਣ ਆਦਰ ਬਖਸ਼ ਦੇਂਦਾ ਹੈ।੩।

15. ਹੇ ਭਾਈਓ ! ਇਉਂ ਹੀ ਨਿਸਚਾ ਕਰਦੇ ਰਹਿਣਾ ਚਾਹੀਦਾ ਹੈ ਕਿ, ਸਭ ਜੀਵਾਂ ਵਿਚ ਉਹ ਪ੍ਰਮਾਤਮਾਂ ਹੀ ਪੂਰਨ ਤੌਰ ਤੇ ਵੱਸ ਰਿਹਾ ਹੈ।

ਪ੍ਰ:—ਸ੍ਰੀ ਜੀਉ ! ਉਸ ਸਰਵ ਵਿਆਪੀ ਪ੍ਰਮੇਸ਼ਰ ਨੂੰ ਸਾਰੇ ਲੋਕ ਹੀ ਕਿਉਂ ਨਹੀਂ ਜਪਦੇ ?

16. ਉ:—ਹੇ ਭਾਈ ! ਜਪਣਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ ਉਸ ਦਾ ਨਾਮ ਉਹ ਮਨੁੱਖ (ਹੀ) ਜਪਦਾ ਹੈ ਜਿਸ ਨੂੰ ਪੂਰਾ ਗੁਰੂ ਪ੍ਰੇਰਨਾ ਕਰਦਾ ਹੈ।

17. ਹੇ ਭਾਈਓ ! ਉਸੇ ਮਨੁੱਖ ਦੇ ਹਿਰਦੇ ਵਿਚ ਪ੍ਰਮਾਤਮਾਂ ਦੀ ਸਿਫਤ ਸਲਾਹ ਆਸਰਾ ਰੂਪ ਬਣ ਜਾਂਦੀ ਹੈ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਉਤੇ ਪ੍ਰਮਾਤਮਾਂ ਆਪ ਹੀ ਦਇਆਵਾਨ ਹੁੰਦਾ ਹੈ।੪।੧੩।੨੬।

ਭਾਵਾਰਥ :—ਹਰ ਮਨੁੱਖ ਹੀ ਸੰਸਾਰਕ ਮਨੋਰਥਾਂ ਦੀ ਪੂਰਤੀ ਲਈ ਦਿਨੇ ਰਾਤ ਜਤਨ ਕਰਦਾ ਰਹਿੰਦਾ ਹੈ, ਪਰ, ਫਿਰ ਭੀ ਇਛਾਵਾਂ ਅਧੂਰੀਆਂ ਹੀ ਰਹਿ ਜਾਂਦੀਆਂ ਹਨ, ਇਕ ਹਰੀ ਦਾ ਨਾਮ ਹੀ ਹੈ ਜਿਸ ਦਾ ਚਿੰਤਨ ਕਰਦੇ ਰਹਿਣ ਨਾਲ ਮਨੁੱਖ ਨੂੰ ਹਰ ਤਰ੍ਹਾਂ ਦੀ ਹੀ ਸਫਲਤਾ ਹਾਸਲ ਹੋ ਜਾਂਦੀ ਹੈ।

ਭੈਰਉ ਮਹਲਾ ੫ ॥

1. ਮੋਹਿ ਦੁਹਾਗਨਿ ਆਪਿ ਸੀਗਾਰੀ ॥
2. ਰੂਪ ਰੰਗ ਦੇ ਨਾਮਿ ਸਵਾਰੀ ॥
3. ਮਿਟਿਓ ਦੁਖੁ ਅਰੁ ਸਗਲ ਸੰਤਾਪ ॥
4. ਗੁਰ ਹੋਏ ਮੇਰੇ ਮਾਈ ਬਾਪ ॥੧॥
5. ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥
6. ਕਰਿ ਕਿਰਪਾ ਭੇਟੇ ਮੋਹਿ ਕੰਤ ॥੧॥ ਰਹਾਉ ॥
7. ਤਪਤਿ ਬੁਝੀ ਪੂਰਨ ਸਭ ਆਸਾ ॥
8. ਮਿਟੇ ਅੰਧੇਰ ਭਏ ਪਰਗਾਸਾ ॥
9. ਅਨਹਦ ਸਬਦ ਅਚਰਜ ਬਿਸਮਾਦ ॥
10. ਗੁਰੁ ਪੂਰਾ ਪੂਰਾ ਪਰਸਾਦ ॥੨॥
11. ਜਾ ਕਉ ਪ੍ਰਗਟ ਭਏ ਗੋਪਾਲ ॥
12. ਤਾ ਕੈ ਦਰਸਨਿ ਸਦਾ ਨਿਹਾਲ ॥
13. ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥
14. ਜਾ ਕਉ ਸਤਿਗੁਰਿ ਦੀਓ ਨਾਮੁ ॥੩॥
15. ਜਾ ਕਉ ਭੇਟਿਓ ਠਾਕੁਰੁ ਅਪਨਾ ॥
16 ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥
17. ਕਹੁ ਨਾਨਕ ਜੋ ਜਨ ਪ੍ਰਭ ਭਾਏ ॥
18. ਤਾ ਕੀ ਰੇਨੁ ਬਿਰਲਾ ਕੋ ਪਾਏ ॥੪॥੧੪॥੨੭।

ਪਦ ਅਰਥ :—ਮੋਹਿ—ਮੈਨੂੰ। ਦੋਹਾਗਨਿ-ਮੰਦੇ ਭਾਗਾਂ ਵਾਲੀ ਨੂੰ। ਸੀਗਾਰੀ—ਸ਼ਿੰਗਾਰ ਲਿਆ, ਸਜਾ ਲਿਆ। ਦੇ—ਦੇ ਕੇ। ਨਾਮਿ—ਨਾਮ ਵਿਚ (ਜੋੜ ਕੇ)। ਸਵਾਰੀ—ਸੋਹਣੀ ਬਣਾ ਲਿਆ। ਅਰੁ—ਅਤੇ। ਸੰਤਾਪ—ਕਲੇਸ਼। ਮਾਈ—ਮਾਂ।੧।

ਸਖੀ—ਹੇ ਸਖੀਓ। ਸਹੇਰੀ—ਹੇ ਸਹੇਲੀਓ। ਮੇਰੈ ਗ੍ਰਸਤਿ—ਮੇਰੇ (ਹਿਰਦੇ) ਘਰ ਵਿਚ। ਕਰਿ—ਕਰ ਕੇ। ਭੇਟੇ—ਮਿਲ ਪਏ ਹਨ। ਮੋਹਿ—ਮੈਨੂੰ। ਕੰਤ—ਖਸਮ (ਪ੍ਰਭੂ) ਜੀ।੧। ਰਹਾਉ।

ਤਪਤਿ—(ਤ੍ਰਿਸ਼ਨਾ ਅੱਗ ਦੀ) ਸੜਨ। ਪਰਗਾਸਾ—ਚਾਨਣ। ਅਨਹਦ ਸਬਦ—ਇਕ ਰਸ ਸਾਰੇ ਰਾਗਾ ਦਾ ਰਾਗ। ਬਿਸਮਾਦ-ਹੈਰਾਨ ਕਰਨ ਵਾਲੀ ਅਵਸਥਾ। ਪਰਸਾਦ—ਕਿਰਪਾ।੨।

ਜਾ ਕਉ—ਜਿਸ ਨੂੰ, ਜਿਸ ਦੇ ਹਿਰਦੇ ਵਿਚ। ਤਾ ਕੈ ਦਰਸਨਿ—ਉਸ ਦੇ ਦਰਸ਼ਨ ਨਾਲ। ਨਿਹਾਲ—ਪ੍ਰਸੰਨ। ਤਾ ਕੈ—ਉਸ ਦੇ ਅੰਦਰ। ਨਿਧਾਨ—ਖਜ਼ਾਨਾ। ਸਤਿਗੁਰਿ—ਗੁਰੂ ਨੇ।੩।

ਭੇਟਿਓ—ਮਿਲ ਪਿਆ। ਸੀਤਲੁ—ਸ਼ਾਂਤ। ਜਪਨਾ—ਜਪਦਿਆਂ। ਭਾਏ—ਪਿਆਰੇ ਲਗੇ। ਤਾ ਕੀ—ਉਨ੍ਹਾਂ ਦੀ। ਰੇਨੁ—ਚਰਨ ਧੂੜ। ਬਿਰਲਾ ਕੋ—ਕੋਈ ਵਿਰਲਾ ਮਨੁੱਖ।੪।

ਅਰਥ :—

ਪ੍ਰ:—ਸ੍ਰੀ ਜੀਉ ! ਜਦ ਕਿਸੇ ਜੀਵ ਰੂਪ ਸਖੀ ਨੂੰ ਨਾਮ ਸਿਮਰਨ ਦੀ ਬਰਕਤ ਨਾਲ ਪ੍ਰਭੂ ਪ੍ਰਾਪਤੀ ਦਾ ਸੁਹਾਗ ਪ੍ਰਾਪਤ ਹੋ ਆਵੇ ਤਾਂ ਕੀ ਉਹ ਇਸ ਪ੍ਰਾਪਤੀ ਦਾ ਸਹੇਲੀਆਂ ਦੇ ਪੁੱਛਣ ਤੋਂ ਆਪਣੀ ਕੀਤੀ ਮਸ਼ੱਕਤ ਦਾ ਮਾਣ ਭੀ ਕਰਦੀ ਹੈ ?

1. ਉ:—ਹੇ ਭਾਈਓ ! ਉਸ ਸੁਹਾਗ ਭਾਗ ਵਾਲੀ ਨੇ ਆਪਣੀ ਕੀਤੀ ਕਮਾਈ ਦਾ ਮਾਣ ਤਾਂ ਕੀ ਕਰਨਾ ਸੀ, ਉਹ ਤਾਂ ਸਹੇਲੀਆਂ ਦੇ ਪੁੱਛਣ ਤੋਂ ਨਿਮ੍ਰਤਾ ਭਰੇ ਵਾਕ ਇਉਂ ਹੀ ਉਚਾਰਨ ਕਰਦੀ ਰਹਿੰਦੀ ਹੈ ਕਿ, ਹੇ ਸਹੇਲੀਓ ! ਸੁਣੋ,

ਮੈਂ ਤਾਂ ਪਹਿਲੋਂ ਅਤਿਅੰਤ ਮੰਦੇ ਭਾਗਾਂ ਵਾਲੀ (ਸਾਂ) ਮੈਨੂੰ (ਖਸਮ ਪ੍ਰਭੂ ਨੇ) ਕ੍ਰਿਪਾ ਕਰ ਕੇ ਆਪ ਹੀ (ਆਤਮਕ ਜੀਵਨ ਦੇ ਗਹਿਣਿਆਂ ਨਾਲ) ਸਜਾ ਲਿਆ ਹੈ।

2. ਹੇ ਸਹੇਲੀਓ ! ਸੁਣੋ, ਮੈਨੂੰ ਸੋਹਣਾ ਆਤਮਕ ਰੂਪ ਦੇ ਕੇ (ਸੋਹਣਾ) ਪ੍ਰੇਮ ਬਖਸ਼ਕੇ (ਆਪਣੇ) ਨਾਮ ਵਿਚ (ਜੋੜ ਕੇ ਉਸ ਨੇ) ਮੈਨੂੰ ਸੋਹਣੇ ਆਤਮਕ ਜੀਵਨ ਵਾਲੀ ਬਣਾ ਲਿਆ ਹੈ।

ਪ੍ਰ:—ਹੇ ਭਾਗਾਂ ਵਾਲੀਏ ! ਹੁਣ ਤੈਨੂੰ ਆਪਣੇ ਅੰਤਰ ਆਤਮੇਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

3. ਉ:-ਹੇ ਸਹੇਲੀਓ ! ਸੁਣੋ, ਹੁਣ ਮੈਨੂੰ ਇਉਂ ਅਨੁਭਵ ਹੋ ਆਇਆ ਹੈ ਕਿ, ਮੇਰੇ ਅੰਦਰੋਂ ਸਾਰਾ ਦੁੱਖ ਮਿਟ ਗਿਆ ਹੈ ਅਤੇ ਸਾਰੇ ਕਲੇਸ਼ ਮਿਟ ਗਏ ਹਨ, (ਭਾਵ, ਹਰ ਤਰ੍ਹਾਂ, ਹਰ ਪਾਸੇ, ਹਰ ਵਕਤ ਅਨੰਦ ਹੀ ਅਨੰਦ, ਖੇੜਾ ਹੀ ਖੇੜਾ ਅਨੁਭਵ ਹੁੰਦਾ ਹੈ)।

ਪ੍ਰ:—ਹੇ ਸੁਭਾਗੇ ! ਇਹ ਏਡੀ ਵਡਮੁਲੀ ਦਾਤ ਤੈਨੂੰ ਪ੍ਰਾਪਤ ਕਰਨ ਵਾਸਤੇ ਕਮਾਈ ਕਿਹੜੀ ਕਰਨੀ ਪਈ ਹੈ ?

4. ਉ:—ਹੇ ਸਹੇਲੀਓ ! ਸੁਣੋ, ਅਸਲ ਵਿਚ ਮੈਂ ਕਮਾਈ ਕਰਨ ਵਲੋਂ ਤਾਂ ਉਕਾ ਹੀ ਅਸਮਰੱਥ ਸਾਂ, ਇਹ ਸਾਰੀ ਮੇਹਰ ਮੇਰੇ ਗੁਰੂ ਨੇ ਹੀ ਕਰਾਈ ਹੈ, ਹੇ ਸਹੇਲੀਓ ! ਸਤਿਗੁਰੂ ਹੀ (ਮੇਰੇ ਵਾਸਤੇ) ਮੇਰੀ ਮਾਂ ਮੇਰਾ ਪਿਉ ਬਣਿਆ ਹੈ।੧।

5. ਹੇ ਮੇਰੀ ਸਖੀਓ ! ਹੇ ਮੇਰੀ ਸਹੇਲੀਓ ! (ਹੁਣ) ਮੇਰੇ (ਹਿਰਦੇ) ਘਰ ਵਿਚ ਆਤਮਕ ਅਨੰਦ ਬਣ ਗਿਆ ਹੈ।

6. (ਕਿਉਂਕਿ) ਮੇਰੇ ਖਸਮ (ਪ੍ਰਭੂ) ਜੀ ਮਿਹਰ ਕਰ ਕੇ ਮੈਨੂੰ ਮਿਲ ਪਏ ਹਨ।੧। ਰਹਾਉ।

ਪ੍ਰ:—ਹੇ ਸੁਭਾਗੇ ! ਅਸੀਂ ਤਾਂ ਵੇਖ ਰਹੇ ਹਾਂ ਕਿ ਜਗਤ ਦਾ ਹਰ ਜੀਵ ਆਸਾ ਤ੍ਰਿਸ਼ਨਾਂ ਦੀ ਅੱਗ ਵਿਚ ਦਿਨੇ ਰਾਤ ਪਿਆ ਸੜ ਰਿਹਾ ਹੈ, ਪਰ, ਤੈਨੂੰ ਇਸ ਬਾਰੇ ਹੁਣ ਕੀ ਅਨੁਭਵ ਹੁੰਦਾ ਹੈ ?

7. ਉ:—ਹੇ ਸਹੇਲੀਓ ! ਹੁਣ ਮੇਰੇ ਅੰਦਰ ਇਉਂ ਅਨੁਭਵ ਹੋ ਰਿਹਾ ਹੈ ਕਿ, ਮੇਰੇ ਅੰਦਰੋਂ ਤ੍ਰਿਸ਼ਨਾ ਅੱਗ ਦੀ ਸੜਨ ਬੁਝ ਗਈ ਹੈ ਅਤੇ ਮੇਰੀ ਹਰੇਕ ਆਸਾ ਭੀ ਪੂਰੀ ਹੋ ਗਈ ਹੈ।

8. (ਕਿਉਂਕਿ) ਹੁਣ, (ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸਾਰੇ) ਹਨੇਰੇ ਮਿਟ ਗਏ ਹਨ ਅਤੇ ਮੇਰੇ ਅੰਦਰ (ਆਤਮਕ ਜੀਵਨ ਦੀ ਸੂਝ ਦਾ) ਚਾਨਣ ਹੋ ਗਿਆ ਹੈ।

ਪ੍ਰ:—ਹੇ ਭਾਗਵਾਨ ! ਤੈਨੂੰ ਅੰਤਰ ਆਤਮੇਂ ਹੋਰ ਕੀ ਕੁਝ ਪ੍ਰਤੀਤ ਹੋ ਰਿਹਾ ਹੈ ?

9. ਉ:—ਹੇ ਮੇਰੀ ਸਹੇਲੀਓ ! ਹੁਣ ਮੈਨੂੰ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਇਕ ਰਸ ਸਾਰੇ ਸਾਜ਼ਾਂ ਦਾ ਰਾਗ (ਮੇਰੇ ਅੰਦਰ ਹੀ) ਹੋ ਰਿਹਾ ਹੈ। (ਹੁਣ ਮੇਰੇ ਅੰਦਰ) ਅਸਚਰਜ ਤੇ ਹੈਰਾਨ ਕਰਨ ਵਾਲੀ (ਉਚੀ ਆਤਮਕ ਅਵਸਥਾ ਬਣ ਗਈ ਹੈ)।

ਪ੍ਰ:—ਹੇ ਸੁਭਾਗੇ ! ਤੈਨੂੰ ਇਸ ਪ੍ਰਾਪਤੀ ਦਾ ਕੋਈ ਮੂਲ ਕਾਰਨ ਤਾਂ ਜ਼ਰੂਰ ਹੋਵੇਗਾ ?

10. ਉ:—ਹੇ ਮੇਰੀ ਸਹੇਲੀਓ ! ਸੱਚ ਤਾਂ ਇਹੋ ਹੀ ਹੈ ਕਿ, ਇਹ ਸਭ ਕੁਝ ਪੂਰਾ ਗੁਰੂ ਹੀ ਕਰਨ ਵਾਲਾ ਹੈ, ਇਹ (ਪੂਰੇ ਗੁਰੂ ਦੀ ਹੀ) ਮੇਹਰ ਹੋਈ ਹੈ।੨।

11. ਹੇ ਸਹੇਲੀਓ ! ਤੁਸੀਂ ਭੀ ਇਉਂ ਹੀ ਯਕੀਨ ਰਖੋ ਕਿ, ਜਿਸ (ਸੁਭਾਗੀ) ਦੇ ਅੰਦਰ ਗੋਪਾਲ ਪ੍ਰਭੂ ਪ੍ਰਗਟ ਹੋ ਜਾਂਦਾ ਹੈ।

12. ਉਸ ਦੇ ਦਰਸ਼ਨਾਂ ਦੀ ਬਰਕਤ ਨਾਲ ਸਦਾ (ਹੀ) ਨਿਹਾਲ ਹੋ ਜਾਈਦਾ ਹੈ।

ਪ੍ਰ:—ਹੇ ਸੁਭਾਗੇ ! ਇਸ ਤਰ੍ਹਾਂ ਦੀ ਪ੍ਰਾਪਤੀ ਹੋਣ ਵਾਲੇ ਮਨੁੱਖ ਦੀ ਪਛਾਣ ਕੀ ਹੈ ?

13. ਉ;—ਹੇ ਸਹੇਲੀਓ ! ਉਸ ਮਨੁੱਖ ਦੇ ਹਿਰਦੇ ਵਿਚ ਤਾਂ ਸਾਰੇ (ਆਤਮਕ) ਗੁਣ ਪੈਦਾ ਹੋ ਜਾਂਦੇ ਹਨ, ਉਸ ਦੇ ਅੰਦਰ (ਮਾਨੋ) ਭਾਰਾ ਖਜ਼ਾਨਾ ਇਕੱਠਾ ਹੋ ਜਾਂਦਾ ਹੈ।

14. ਜਿਸ ਮਨੁੱਖ ਨੂੰ ਕਿ ਗੁਰੂ ਨੇ ਪ੍ਰਮਾਤਮਾਂ ਦਾ ਨਾਮ (ਖਜ਼ਾਨਾ) ਦੇ ਦਿਤਾ ਹੈ।੩।

ਪ੍ਰ—ਕਿਉਂ ਜੀ,ਉਸ ਮਨੁੱਖ ਨੂੰ ਹੋਰ ਕੀ ਲਾਭ ਪ੍ਰਾਪਤ ਹੁੰਦਾ ਹੈ ?

15. ਉ:—ਹੇ ਸਹੇਲੀਓ ! ਜਿਸ ਮਨੁੱਖ ਨੂੰ ਆਪਣਾ ਮਾਲਕ ਪ੍ਰਭੂ ਮਿਲ ਪੈਂਦਾ ਹੈ।

16. ਪ੍ਰਮਾਤਮਾਂ ਦਾ ਨਾਮ ਹਰ ਵੇਲੇ ਜਪਦਿਆਂ ਉਸ ਦਾ ਮਨ ਉਸ ਦਾ ਤਨ ਠੰਡਾ ਠਾਰ ਹੋ ਜਾਂਦਾ ਹੈ।

ਪ੍ਰ:—ਕਿਉਂ ਜੀ ! ਇਹ ਦਾਤ ਆਖਰ ਮਿਲਦੀ ਕਿਸ ਨੂੰ ਹੈ ?

17. ਉ:—ਹੇ ਭਾਈਓ ! ਇਹ ਦਾਤ ਉਨ੍ਹਾਂ ਨੂੰ ਮਿਲਦੀ ਹੈ, ਜਿਹੜੇ ਮਨੁੱਖ ਪ੍ਰਮੇਸ਼ਰ ਨੂੰ ਪਿਆਰੇ ਲਗਣ ਲਗ ਪੈਂਦੇ ਹਨ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ।

18. ਪਰ, ਉਨ੍ਹਾਂ ਦੇ ਚਰਨਾਂ ਦੀ ਧੂੜ ਭੀ ਕੋਈ ਵਿਰਲਾ (ਵਡਭਾਗੀ) ਮਨੁੱਖ ਹੀ ਹਾਸਲ ਕਰਦਾ ਹੈ।੪।੧੪।੨੭।

ਭਾਵਾਰਥ :—ਹਰ ਮਨੁੱਖ ਅਨੰਦ ਦੀ ਪ੍ਰਾਪਤੀ ਲਈ ਉਪਰਾਲਾ ਕਰਦਾ ਹੈ, ਪਰ, ਗੁਰੂ ਦੀ ਮਿਹਰ ਨਾਲ ਜਦ ਨਾਮ ਦੀ ਪ੍ਰਾਪਤੀ ਹੋ ਜਾਵੇ, ਤਾਂ ਹਰ ਤਰ੍ਹਾਂ ਦੇ ਅਨੰਦ ਸੁਭਾਵਕ ਹੀ ਮਿਲ ਜਾਂਦੇ ਹਨ, ਇਸ ਲਈ ਹਜ਼ੂਰ ਜੀ ਬਾਰ ਬਾਰ ਨਾਮ ਸਿਮਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1. ਰਿਤਵਤ ਪਾਪ ਨ ਆਲਕੁ ਆਵੈ ॥
2. ਬੇਸੁਆ ਭਜਤ ਕਿਛੁ ਨਹ ਸਰਮਾਵੈ ॥
3. ਸਾਰੋ ਦਿਨਸੁ ਮਜੂਰੀ ਕਰੈ ॥
4. ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥੧॥

5. **ਮਾਇਆ ਲਗਿ ਭੂਲੋ ਸੰਸਾਰੁ ॥**
6. **ਆਪਿ ਭੁਲਾਇਆ ਭੁਲਾਵਣਹਾਰੈ**
ਰਾਚਿ ਰਹਿਆ ਬਿਰਥਾ ਬਿਉਹਾਰ ॥੧॥ ਰਹਾਉ ॥
7. **ਪੇਖਤ ਮਾਇਆ ਰੰਗ ਬਿਹਾਇ ॥**
8. **ਗੜਬੜ ਕਰੈ ਕਉਡੀ ਰੰਗੁ ਲਾਇ ॥**
9. **ਅੰਧ ਬਿਉਹਾਰ ਬੰਧ ਮਨੁ ਧਾਵੈ ॥**
10. **ਕਰਣੈਹਾਰੁ ਨ ਜੀਅ ਮਹਿ ਆਵੈ ॥੨॥**
11. **ਕਰਤ ਕਰਤ ਇਵ ਹੀ ਦੁਖੁ ਪਾਇਆ ॥**
12. **ਪੂਰਨ ਹੋਤ ਨ ਕਾਰਜ ਮਾਇਆ ॥**
13. **ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥**
14. **ਤੜਫਿ ਮੂਆ ਜਿਉ ਜਲ ਬਿਨੁ ਮੀਨਾ ॥੩॥**
15. **ਜਿਸ ਕੇ ਰਾਖੇ ਹੋਏ ਹਰਿ ਆਪਿ ॥**
16. **ਹਰਿ ਹਰਿ ਨਾਮੁ ਸਦਾ ਜਪੁ ਜਾਪਿ ॥**
17. **ਸਾਧਸੰਗਿ ਹਰਿ ਕੇ ਗੁਣ ਗਾਇਆ ॥**
18. **ਨਾਨਕ ਸਤਿਗੁਰੁ ਪੂਰਾ ਪਾਇਆ ॥੪॥੧੫॥੨੮॥**

ਪਦ ਅਰਥ :—ਚਿਤਵਤ—ਚਿਤਵਦਿਆਂ, ਸੋਚਦਿਆਂ। ਆਲਕੁ—ਆਲਸ। ਭਜਤ—ਭੋਗਦਿਆਂ। ਬਜਰ—ਇੰਦ੍ਰ ਦੀ ਗਦਾ ਜੋ ਬੜੀ ਕਰੜੀ ਮੰਨੀ ਗਈ ਹੈ, ਬਿਜਲੀ, ਬਿਜ, ਮੌਤ ਪੈ ਜਾਂਦੀ ਹੈ। ਸਿਰਿ—ਸਿਰ ਉਤੇ।੧।

ਲਗਿ—ਲਗ ਕੇ, ਪੈ ਕੇ। ਭੂਲੋ—ਕੁਰਾਹੇ ਪਿਆ ਹੋਇਆ ਹੈ। ਭੁਲਾਵਣਹਾਰੈ—ਕੁਰਾਹੇ ਪੌਣ ਵਾਲੀ ਸਮਰੱਥਾ ਵਾਲੇ ਹਰੀ ਨੇ। ਰਾਚਿ ਰਹਿਆ—ਮਗਨ ਹੋ ਰਿਹਾ ਹੈ। ਬਿਉਹਾਰ—ਵਿਹਾਰਾਂ ਵਿਚ।੧। ਰਹਾਉ।

ਮਾਇਆ ਰੰਗ—ਮਾਇਆ ਦੇ ਚੋਜ ਤਮਾਸ਼ੇ। ਬਿਹਾਇ—(ਉਮਰ) ਬੀਤਦੀ ਹੈ। ਗੜਬੜ—(ਹਿਸਾਬ ਵਿਚ) ਹੇਰਾ ਫੇਰੀ। ਰੰਗ—ਪਿਆਰ। ਕਉਡੀ—ਤੁਛ ਮਾਇਆ ਵਿਚ। ਲਾਇ—ਲਾ ਕੇ। ਅੰਧ ਬਿਉਹਾਰ—(ਮਾਇਆ ਦੇ ਮੋਹ ਵਿਚ) ਅੰਨ੍ਹੇ ਕਰ ਦੇਣ ਵਾਲੇ ਕਾਰ ਵਿਹਾਰ। ਬੰਧ—ਬੰਧਨ। ਧਾਵੈ—ਦੌੜਦਾ ਹੈ। ਜੀਅ ਮਹਿ—ਹਿਰਦੇ ਵਿਚ।੨।

ਕਰਤ ਕਰਤ—ਕਰਦਿਆਂ ਕਰਦਿਆਂ। ਇਵ ਹੀ—ਇਸੇ ਤਰ੍ਹਾਂ। ਕਾਰਜ—ਕੰਮ। ਕਾਮਿ—ਕਾਮ ਵਾਸ਼ਨਾਂ ਵਿਚ। ਤੜਫਿ ਮੂਆ—ਦੁਖੀ ਹੋ ਹੋ ਕੇ ਆਤਮਕ ਮੌਤ ਸਹੇੜੀ ਜਾਂਦਾ ਹੈ। ਮੀਨਾ—ਮੱਛੀ।੩।

ਜਾਪਿ—ਜਾਪੇ, ਜਪਦਾ ਹੈ। ਸਾਧਸੰਗਿ—ਗੁਰੂ ਦੀ ਸੰਗਤ ਵਿਚ।੪।

ਅਰਥ :—

ਪ੍ਰ:—ਸ੍ਰੀ ਜੀਉ! ਸਾਡਾ ਮਨ ਪ੍ਰਭੂ ਜੀ ਦੇ ਸਿਮਰਨ ਕਰਨ ਵਲੋਂ ਹਰ ਵਕਤ ਹੀ ਆਲਸ ਕਰਦਾ ਹੈ, ਇਸ ਦਾ ਅਸਲ ਕਾਰਨ ਕੀ ਹੈ?

1. **ਉ**:—ਹੇ ਭਾਈ! ਅਸੀਂ ਤਾਂ ਇਉਂ ਹੀ ਅਨੁਭਵ ਕਰਦੇ ਹਾਂ ਕਿ, ਇਹ ਕੁਰਾਹੇ ਪਿਆ ਹੋਇਆ ਮਨੁੱਖ ਪਾਪ ਸੋਚਦਿਆਂ (ਰਤਾ ਭੀ) ਢਿੱਲ ਨਹੀਂ ਕਰਦਾ।
2. ਅਤੇ ਵੇਸਵਾ ਦੇ ਦੁਆਰੇ ਤੇ ਜਾਣੋਂ ਭੀ ਇਹ ਰਤਾ ਸ਼ਰਮ ਨਹੀਂ ਕਰਦਾ।
3. ਹੇ ਭਾਈਓ! ਇਹ ਬੰਦਾ ਮਾਇਆ ਦੀ ਖਾਤਰ ਸਾਰਾ ਹੀ ਦਿਨ ਮਜ਼ੂਰੀ ਕਰ ਸਕਦਾ ਹੈ।
4. ਪਰ, ਜਦੋਂ ਪ੍ਰਮਾਤਮਾਂ ਦੇ ਨਾਮ ਸਿਮਰਨ ਦਾ ਵੇਲਾ ਹੁੰਦਾ ਹੈ, (ਤਦੋਂ ਇਉਂ ਹੁੰਦਾ ਹੈ ਜਿਵੇਂ ਇਸ ਦੇ) ਸਿਰ ਉਤੇ ਬਿਜਲੀ ਪੈ ਜਾਂਦੀ ਹੈ।੧।
5. ਹੇ ਭਾਈ! ਅਸੀਂ ਤਾਂ ਵੇਖ ਰਹੇ ਹਾਂ ਕਿ, ਸਾਰਾ ਹੀ ਜਗਤ ਮਾਇਆ ਦੇ ਮੋਹ ਵਿਚ ਫਸ ਕੇ (ਹੀ) ਕੁਰਾਹੇ ਪਿਆ ਰਹਿੰਦਾ ਹੈ।

ਪ੍ਰ:—ਸ੍ਰੀ ਜੀਉ! ਇਸ ਕੁਰਾਹੇ ਪੈਣ ਤੋਂ ਇਹ ਜਗਤ ਆਪਣਾ ਬਚਾ ਕਿਉਂ ਨਹੀਂ ਕਰਦਾ?

6. **ਉ**:—ਪਰ, ਹੇ ਭਾਈਓ! ਜਗਤ ਦੇ ਭੀ ਕੀ ਵੱਸ ਹੈ? ਕਿਉਂਕਿ, ਕੁਰਾਹੇ ਪਾ ਸਕਣ ਵਾਲੇ ਪ੍ਰਮਾਤਮਾਂ ਨੇ ਆਪ (ਹੀ ਜਗਤ ਨੂੰ) ਕੁਰਾਹੇ ਪਾਇਆ ਹੋਇਆ ਹੈ (ਇਸ ਵਾਸਤੇ ਜਗਤ) ਵਿਅਰਥ ਵਿਹਾਰਾਂ ਵਿਚ ਹੀ ਮਗਨ ਰਹਿੰਦਾ ਹੈ।੧। ਰਹਾਉ।
7. ਹੇ ਭਾਈ! ਵਿਚਾਰ ਕਰਨ ਤੋਂ ਸੋਝੀ ਪੈਂਦੀ ਹੈ ਕਿ, ਇਸ ਜੀਵ ਦੀ ਉਮਰ ਮਾਇਆ ਦੇ ਚੋਜ ਤਮਾਸ਼ੇ ਵੇਖਦਿਆਂ ਹੀ ਬੀਤ ਜਾਂਦੀ ਹੈ।
8. ਹੇ ਭਾਈਓ! ਵੇਖਦੇ ਹਾਂ ਕਿ, ਤੁੱਛ ਜਿਹੀ ਮਾਇਆ ਵਿਚ ਪਿਆਰ ਪਾ ਕੇ (ਰੋਜ਼ਾਨਾ ਕਾਰ ਵਿਹਾਰ ਵਿਚ ਭੀ) ਜੀਵ ਹੇਰਾ ਫੇਰੀ ਕਰਦਾ ਰਹਿੰਦਾ ਹੈ।
9. ਐ ਪਿਆਰੇ! ਮਾਇਆ ਦੇ ਮੋਹ ਵਿਚ ਅੰਨ੍ਹਾਂ ਕਰ ਦੇਣ ਵਾਲੇ ਕਾਰ ਵਿਹਾਰਾਂ ਦੇ ਬੰਧਨਾਂ ਵਲ (ਕੁਰਾਹੇ ਪਏ ਮਨੁੱਖ ਦਾ) ਮਨ ਦੌੜਦਾ ਰਹਿੰਦਾ ਹੈ।
10. ਪਰ, ਹੇ ਭਾਈ! ਪੈਦਾ ਕਰਨ ਵਾਲਾ ਪ੍ਰਮੇਸ਼ਰ ਇਸ ਦੇ ਹਿਰਦੇ ਵਿਚ ਨਹੀਂ ਯਾਦ ਆਉਂਦਾ।੨।
11. ਹੇ ਭਾਈਓ! (ਕੁਰਾਹੇ ਪਿਆ ਹੋਇਆ ਮਨੁੱਖ) ਇਸੇ ਤਰ੍ਹਾਂ ਕਰਦਿਆਂ ਕਰਦਿਆਂ ਦੁੱਖ ਭੋਗਦਾ ਹੈ।
12. ਪਰ, ਮਾਇਆ ਵਾਲੇ ਇਸਦੇ ਕੰਮ ਕਦੇ ਮੁੱਕਦੇ ਹੀ ਨਹੀਂ।
13. ਹੇ ਭਾਈ! (ਇਸ ਦਾ ਮਨ) ਕਾਮ ਵਾਸ਼ਨਾਂ ਵਿਚ, ਕ੍ਰੋਧ ਵਿਚ, ਲੋਭ ਵਿਚ, ਡੁਬਾ ਹੀ ਰਹਿੰਦਾ ਹੈ।
14. ਐ ਪਿਆਰੇ! ਇਕ ਇਹੋ ਹੀ ਕਾਰਨ ਹੈ ਕਿ, ਜਿਵੇਂ ਮੱਛੀ ਪਾਣੀ ਤੋਂ ਬਿਨਾ ਤੜਫ ਮਰਦੀ ਹੈ, ਤਿਵੇਂ ਨਾਮ ਤੋਂ ਬਿਨਾ ਵਿਕਾਰਾਂ ਵਿਚ ਲੁੱਛ ਲੁੱਛ ਕੇ ਇਹ ਆਤਮਕ ਮੌਤ ਸਹੇੜ ਲੈਂਦਾ ਹੈ।੩।

ਪ੍ਰ:—ਸ੍ਰੀ ਜੀਉ! ਨਾਮ ਸਿਮਰਨ ਕਰਦੇ ਰਹਿਣ ਦੀ ਦਾਤ

ਮਿਲਦੀ ਕਿਵੇਂ ਹੈ ?

15.16 ਉ:-ਪਰ ਹੇ ਭਾਈਓ ! ਪ੍ਰਭੂ ਜੀ ਆਪ ਜਿਸ ਮਨੁੱਖ ਦੇ ਰਖਵਾਲੇ ਬਣ ਗਏ, ਉਹ ਮਨੁੱਖ ਸਦਾ ਹੀ ਪ੍ਰਭੂ ਦਾ ਨਾਮ ਜਪਦਾ ਹੈ।

17. ਹੇ ਭਾਈ ! ਉਹੀ ਮਨੁੱਖ ਸਾਧ ਸੰਗਤ ਵਿਚ ਰਹਿ ਕੇ ਪ੍ਰਮੇਸ਼ਰ ਦੇ ਗੁਣਾਂ ਨੂੰ ਗਾਇਨ ਕਰਦਾ ਹੈ।

18. ਜਿਸ ਮਨੁੱਖ ਨੂੰ ਪ੍ਰਭੂ ਦੀ ਕ੍ਰਿਪਾ ਨਾਲ ਪੂਰਾ ਗੁਰੂ ਮਿਲ ਪੈਂਦਾ ਹੈ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ।੪।੧੫।੨੮।

ਭਾਵਾਰਥ :-ਇਹ ਮਨੁੱਖ ਹਰੀ ਨੂੰ ਭੁਲਾ ਕੇ ਮਾਇਆ ਵਿਚ ਰਚ ਜਾਂਦਾ ਹੈ ਅਤੇ ਉਸ ਦਾ ਸਾਰਾ ਵਿਹਾਰ ਬੇਈਮਾਨੀ ਵਾਲਾ ਹੋ ਜਾਂਦਾ ਹੈ, ਜਿਸ ਕਰ ਕੇ ਉਸ ਨੂੰ ਕੋਈ ਭੀ ਕਾਮਯਾਬੀ ਨਹੀਂ ਹਾਸਲ ਹੁਦੀ ਤੇ ਦੁਖੀ ਹੁੰਦਾ ਹੈ।

ਦੂਜੇ ਪਾਸੇ ਜਿਸ ਨੂੰ ਹਰੀ ਬਚਾਣਾ ਚਾਹੁੰਦਾ ਹੈ ਉਸ ਨੂੰ ਗੁਰੂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੀ ਸੰਗਤ ਵਿਚ ਮਿਲ ਕੇ ਹਰੀ ਦਾ ਨਾਮ ਜਪਣ ਨਾਲ ਸਦੀਵੀ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ। ਇਸੇ ਲਈ, ਸਤਿਗੁਰੂ ਜੀ ਬਾਰ ਬਾਰ ਨਾਮ ਜਪਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1. ਅਪਣੀ ਦਇਆ ਕਰੇ ਸੋ ਪਾਏ ॥
2. ਹਰਿ ਕਾ ਨਾਮੁ ਮੰਨਿ ਵਸਾਏ ॥
3. ਸਾਚ ਸਬਦੁ ਹਿਰਦੇ ਮਨ ਮਾਹਿ ॥
4. ਜਨਮ ਜਨਮ ਕੇ ਕਿਲਵਿਖ ਜਾਹਿ ॥੧॥
5. ਰਾਮ ਨਾਮੁ ਜੀਅ ਕੋ ਆਧਾਰੁ ॥
6. ਗੁਰ ਪਰਸਾਦਿ ਜਪਹੁ ਨਿਤ ਭਾਈ
ਤਾਰਿ ਲਏ ਸਾਗਰ ਸੰਸਾਰੁ ॥੧॥ ਰਹਾਉ ॥
7 ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥
8. ਸੇ ਜਨ ਦਰਗਹ ਪਾਵਹਿ ਮਾਨੁ ॥
9. ਸੂਖ ਸਹਜ ਆਨੰਦ ਗੁਣ ਗਾਉ ॥
10. ਆਗੈ ਮਿਲੈ ਨਿਥਾਵੇ ਥਾਉ ॥੨॥
11. ਜੁਗਹ ਜੁਗੰਤਰਿ ਇਹੁ ਤਤੁ ਸਾਰੁ ॥
12. ਹਰਿ ਸਿਮਰਣੁ ਸਾਚਾ ਬੀਚਾਰੁ ॥
13. ਜਿਸੁ ਲੜਿ ਲਾਇ ਲਏ ਸੋ ਲਾਗੈ ॥
14. ਜਨਮ ਜਨਮ ਕਾ ਸੋਇਆ ਜਾਗੈ ॥੩॥
15. ਤੇਰੇ ਭਗਤ ਭਗਤਨ ਕਾ ਆਪਿ ॥
16. ਅਪਣੀ ਮਹਿਮਾ ਆਪੇ ਜਾਪਿ ॥
17. ਜੀਅ ਜੰਤ ਸਭਿ ਤੇਰੈ ਹਾਥਿ ॥
18. ਨਾਨਕ ਕੇ ਪ੍ਰਭ ਸਦ ਹੀ ਸਾਥਿ ॥੪॥੧੬॥੨੯॥

ਪਦ ਅਰਥ :-ਕਰੇ-(ਪ੍ਰਮਾਤਮਾਂ) ਕਰਦਾ ਹੈ। ਸੋ ਪਾਏ-ਉਹ (ਮਨੁੱਖ ਹਰਿ ਨਾਮ) ਪ੍ਰਾਪਤ ਕਰ ਲੈਂਦਾ ਹੈ। ਮੰਨਿ-ਮਨਿ, ਮਨ ਵਿਚ। ਸਾਚ ਸਬਦੁ-ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ। ਕਿਲਵਿਖ-(ਸਾਰੇ) ਪਾਪ। ਜਾਹਿ-ਦੂਰ ਹੋ ਜਾਂਦੇ ਹਨ ।੧।

ਜੀਅ ਕੋ-ਜਿੰਦ ਦਾ। ਆਧਾਰੁ-ਆਸਰਾ। ਪਰਸਾਦਿ-ਕ੍ਰਿਪਾ ਨਾਲ। ਭਾਈ-ਹੇ ਭਾਈ। ਸਾਗਰ-ਸਮੁੰਦਰ।੧।ਰਹਾਉ।

ਨਿਧਾਨੁ-ਖਜ਼ਾਨਾ । ਸੇ ਜਨ-ਉਹ ਬੰਦੇ। ਮਾਨੁ-ਆਦਰ। ਸਹਜ-ਆਤਮਕ ਅਡੋਲਤਾ । ਆਗੈ-ਪ੍ਰਮਾਤਮਾਂ ਦੀ ਹਜ਼ੂਰੀ ਵਿਚ ।੨।

ਜੁਗਹ ਜੁਗੰਤਰਿ-ਜੁਗਹ ਜੁਗ ਅੰਤਰਿ, ਹਰੇਕ ਜੁਗ ਵਿਚ । ਤਤੁ-ਅਸਲੀਅਤ । ਸਾਰੁ-ਤੱਤ, ਅਸਲੀਅਤ, ਨਿਚੋੜ। ਸਾਚਾ-ਸਦਾ ਕਾਇਮ ਰਹਿਣ ਵਾਲਾ। ਲੜਿ-ਪਲੇ ਨਾਲ। ਜਾਗੈ-ਜਾਗ ਪੈਂਦਾ ਹੈ ।੩।

ਮਹਿਮਾ-ਵਡਿਆਈ, ਸੋਭਾ । ਆਪੇ-ਆਪ ਹੀ । ਜਾਪਿ-(ਤੂੰ) ਜਪਦਾ ਹੈਂ। ਸਭਿ-ਸਾਰੇ । ਹਾਥਿ-ਹੱਥ ਵਿਚ, ਵੱਸ ਵਿਚ। ਪ੍ਰਭ-ਹੇ ਪ੍ਰਭੂ। ਸਦ-ਸਦਾ। ਸਾਥਿ-ਨਾਲ ।੪।

ਅਰਥ :-

ਪ੍ਰ:-ਸ੍ਰੀ ਜੀਉ ! ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤਕਦੇ ਹਾਂ ਤਾਂ ਸੂਝ ਪੈਂਦੀ ਹੈ ਕਿ ਮਨੁੱਖ ਦੇ ਜਨਮਾਂ ਜਨਮਾਂ ਦੇ ਇਤਨੇ ਪਾਪ ਹਨ ਜੋ ਕਿ ਗਿਣੇ ਹੀ ਨਹੀਂ ਜਾ ਸਕਦੇ, ਸੋ, ਦਸੋ ਇਹ ਕਿਵੇਂ ਦੂਰ ਹੋ ਸਕਦੇ ਹਨ ?

1. ਉ:-ਹੇ ਭਾਈਓ ! (ਜਿਸ ਮਨੁੱਖ ਉਤੇ) ਪ੍ਰਮਾਤਮਾਂ ਆਪਣੀ ਮਿਹਰ ਕਰਦਾ ਹੈ, ਉਹ ਮਨੁੱਖ (ਹਰਿ ਨਾਮ ਦਾ ਸਿਮਰਨ) ਪ੍ਰਾਪਤ ਕਰ ਲੈਂਦਾ ਹੈ।

2. ਅਤੇ ਉਹ ਪ੍ਰਮੇਸ਼ਰ ਜੀ ਦਾ ਨਾਮ ਆਪਣੇ ਮਨ ਵਿਚ ਵਸਾ ਲੈਂਦਾ ਹੈ।

3. ਉਹ ਮਨੁੱਖ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦਾ ਸ਼ਬਦ ਆਪਣੇ ਹਿਰਦੇ ਵਿਚ ਤੇ ਮਨ ਵਿਚ ਵਸਾਈ ਰਖਦਾ ਹੈ।

4 ਸੋ, ਹੇ ਭਾਈ ! ਜਿਸ ਦੀ ਬਰਕਤ ਨਾਲ ਮਨੁੱਖ ਦੇ ਅਨੇਕਾਂ ਹੀ ਜਨਮਾਂ ਦੇ ਪਾਪ ਕਰਮ ਦੂਰ ਹੋ ਜਾਂਦੇ ਹਨ ।੧।

ਪ੍ਰ:-ਸ੍ਰੀ ਜੀਉ ! ਸੰਸਾਰ ਸਾਗਰ ਤੋਂ ਪਾਰ ਹੋਣ ਲਈ ਸਾਨੂੰ ਕੀ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

5. ਹੇ ਭਾਈ ! (ਇਕ) ਪ੍ਰਮੇਸ਼ਰ ਦਾ ਨਾਮ ਹੀ (ਮਨੁੱਖ ਦੀ) ਜ਼ਿੰਦਗੀ ਦਾ ਆਸਰਾ ਰੂਪ ਹੈ।

6. (ਇਸ ਵਾਸਤੇ) ਗੁਰੂ ਦੀ ਕ੍ਰਿਪਾ ਨਾਲ (ਇਹ ਨਾਮ) ਸਦਾ ਹੀ ਜਪਿਆ ਕਰੋ, (ਪ੍ਰਭੂ ਦਾ ਨਾਮ ਹੀ) ਸੰਸਾਰ ਸਾਗਰ ਤੋਂ ਪਾਰ ਲੰਘਾ ਲੈਂਦਾ ਹੈ ।੧। ਰਹਾਉ ।

ਪ੍ਰ:-ਸ੍ਰੀ ਜੀਉ ! ਇਸ ਦੁਨੀਆਂ ਵਿਚ ਤਾਂ ਵੇਖਦੇ ਹਾਂ ਕਿ, ਮਾਇਆਧਾਰੀ ਲੋਕ, ਲੋਕਾਂ ਵਿਚ ਮਾਣ ਸਤਿਕਾਰ ਪਾਉਂਦੇ ਹਨ, ਪਰ, ਰੱਬੀ ਦਰਬਾਰ ਵਿਚ ਕੌਣ ਲੋਕ ਆਦਰ ਪਾਉਂਦੇ ਹਨ ?

7. ਉ –ਹੇ ਭਾਈਓ ! ਅਸਲ ਵਿਚ ਤਾਂ ਜਿਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਪ੍ਰਮਾਤਮਾਂ ਨੇ ਇਸ ਨਾਮ ਖਜ਼ਾਨੇ ਦੀ ਪ੍ਰਾਪਤੀ ਲਿਖੀ ਹੁੰਦੀ ਹੈ।

8. ਉਹੀ ਮਨੁੱਖ ਪ੍ਰਭੂ ਜੀ ਦਾ (ਨਾਮ ਜਪ ਕੇ) ਪ੍ਰਮੇਸ਼ਰ ਦੀ ਹਜ਼ੂਰੀ ਵਿਚ ਮਾਨ ਆਦਰ ਪਾਂਦੇ ਹਨ।

9. (ਇਸ ਲਈ) ਹੇ ਭਾਈਓ ! ਤੁਸੀਂ ਭੀ ਉਸੇ ਪ੍ਰਮਾਤਮਾਂ ਦੇ ਗੁਣ ਗਾਇਆ ਕਰੋ, (ਕਿਉਂਕਿ) ਗੁਣ ਗਾਉਂਦੇ ਰਹਿਣ ਦੀ ਬਰਕਤ ਨਾਲ ਆਤਮਕ ਅਡੋਲਤਾ ਦੇ ਸੁਖ ਅਨੰਦ (ਪ੍ਰਾਪਤ ਹੁੰਦੇ ਹਨ)।

10. ਹੇ ਭਾਈਓ ! ਇਹ ਵਿਸ਼ਵਾਸ਼ ਰਖੋ ਕਿ ਜਿਸ ਮਨੁੱਖ ਨੂੰ ਜਗਤ ਵਿਚ ਕੋਈ ਜੀਵ ਭੀ ਸਹਾਰਾ ਨਹੀਂ ਦੇਂਦਾ, ਉਸ ਨੂੰ ਪ੍ਰਮਾਤਮਾਂ ਦੀ ਹਜ਼ੂਰੀ ਵਿਚ ਥਾਂ ਮਿਲਦੀ ਹੈ।੨।

11. ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ ਜੁਗ ਭਾਵੇਂ ਕੋਈ ਭੀ ਹੋਵੇ ਹਰੇਕ ਜੁਗ ਵਿਚ ਪ੍ਰਮਾਤਮਾਂ ਦਾ ਸਿਮਰਨ ਹੀ (ਆਤਮਕ ਜੀਵਨ ਜੀਉਣ ਦੀ) ਸਹੀ ਵੀਚਾਰ ਹੈ।

12. ਹੇ ਪਿਆਰੇ ! ਇਹ ਨਾਮ ਸਿਮਰਨ ਹੀ ਜੀਵਨ ਜੁਗਤ ਦਾ ਤਤ ਹੈ, ਨਿਚੜ ਹੈ।

13. ਪਰ, ਹੇ ਭਾਈਓ ! ਜਿਸ ਮਨੁੱਖ ਨੂੰ ਪ੍ਰਮਾਤਮਾਂ ਆਪ ਹੀ ਆਪਣੇ ਲੜ ਲਾ ਲੈਂਦਾ ਹੈ, ਉਹੀ ਲਗਦਾ ਹੈ।

14. ਅਤੇ ਉਹੀ ਮਨੁੱਖ ਹੀ (ਮਾਇਆ ਦੇ ਮੋਹ ਦੀ ਨੀਂਦ ਵਿਚ) ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ।੩।

ਪ੍ਰ.–ਹੇ ਗੁਰੋ ! ਉਸ ਪ੍ਰਭੂ ਜੀ ਬਾਰੇ ਆਪਣੇ ਅੰਤਰ ਆਤਮੇਂ ਨਿਸਚਾ ਕਿਵੇਂ ਰਖਣਾ ਚਾਹੀਦਾ ਹੈ ?

15. ਉ:–ਹੇ ਭਾਈਓ ! ਆਪਣੇ ਅੰਦਰ ਨਿਸਚਾ ਤਾਂ ਇਉਂ ਹੀ ਰਖੋ ਕਿ, ਹੇ ਪ੍ਰਭੂ ਜੀ ! ਤੇਰੇ ਭਗਤ (ਤੇਰੇ ਸਹਾਰੇ ਹਨ) ਤੂੰ ਆਪ ਆਪਣੇ ਭਗਤਾਂ ਦਾ (ਸਦਾ ਰਾਖਾ ਹੈਂ)।

16. ਹ ਪ੍ਰਭੂ ਜੀ ! (ਭਗਤਾਂ ਵਿਚ ਬੈਠ ਕੇ) ਤੂੰ ਆਪਣੀ ਆਪ ਹੀ ਵਡਿਆਈ ਕਰਦਾ ਹੈਂ।

17. ਹੇ ਪ੍ਰਭੂ ! ਇਹ ਜੀਅ ਜੰਤ ਸਭ ਤੇਰੇ ਵਸ ਵਿਚ ਹਨ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! ਤੂੰ ਸਭ ਜੀਵਾਂ ਦੇ ਸਦਾ ਹੀ ਅੰਗ ਸੰਗ ਰਹਿੰਦਾ ਹੈਂ।੪।੧੭।੨੯।

ਭਾਵਾਰਥ :–ਜਿਨ੍ਹਾਂ ਉਤੇ ਹਰੀ ਦੀ ਮਿਹਰ ਹੁੰਦੀ ਹੈ, ਉਹ ਨਾਮ ਦਾਨ ਪਾ ਕੇ ਸਦੀਵੀ ਸੁਖ ਦੇ ਭਾਗੀ ਹੁੰਦੇ ਹਨ, ਨਾਮ ਦਾਨ ਤੋਂ ਉਤੇ ਹੋਰ ਕੋਈ ਭੀ ਉਚੀ ਸ਼ੈ ਨਹੀਂ ਹੈ, ਪਰ, ਇਹ ਨਾਮ ਦੀ ਦਾਤ ਮਿਲਦੀ ਹਰੀ ਦੀ ਆਪਣੀ ਬਖਸ਼ਸ਼ ਦੁਆਰੇ ਹੈ।

ਭੈਰਉ ਮਹਲਾ ੫ ॥

1. ਨਾਮੁ ਹਮਾਰੈ ਅੰਤਰਜਾਮੀ ॥
2. ਨਾਮੁ ਹਮਾਰੈ ਆਵੈ ਕਾਮੀ ॥
3. ਰੋਮਿ ਰੋਮਿ ਰਵਿਆ ਹਰਿ ਨਾਮੁ ॥
4. ਸਤਿਗੁਰ ਪੂਰੈ ਕੀਨੋ ਦਾਨੁ ॥੧॥
5. ਨਾਮੁ ਰਤਨੁ ਮੇਰੈ ਭੰਡਾਰ ॥
6. ਅਗਮ ਅਮੋਲਾ ਅਪਰ ਅਪਾਰ ॥੧॥ ਰਹਾਉ ॥
7. ਨਾਮੁ ਹਮਾਰੈ ਨਿਹਚਲ ਧਨੀ ॥
8. ਨਾਮ ਕੀ ਮਹਿਮਾ ਸਭ ਮਹਿ ਬਨੀ ॥
9. ਨਾਮੁ ਹਮਾਰੈ ਪੂਰਾ ਸਾਹੁ ॥
10. ਨਾਮੁ ਹਮਾਰੈ ਬੇਪਰਵਾਹੁ ॥੨॥
11. ਨਾਮੁ ਹਮਾਰੈ ਭੋਜਨ ਭਾਉ ॥
12. ਨਾਮੁ ਹਮਾਰੈ ਮਨ ਕਾ ਸੁਆਉ ॥
13. ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥
14. ਨਾਮੁ ਲੈਤ ਅਨਹਦ ਪੂਰੇ ਨਾਦ ॥੩॥
15. ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥
16. ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥
17. ਧਨਵੰਤੇ ਸੇਈ ਪਰਧਾਨ ॥
18. ਨਾਨਕ ਜਾ ਕੈ ਨਾਮੁ ਨਿਧਾਨ ॥੪॥੧੭॥੩੦॥

ਪਦ ਅਰਥ :–ਹਮਾਰੈ–ਮੇਰੇ ਹਿਰਦੇ ਵਿਚ, ਮੇਰੇ ਵਾਸਤੇ। ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ। ਆਵੈ ਕਾਮੀ–ਕੰਮ ਆਉਂਦਾ ਹੈ, ਹਰੇਕ ਕੰਮ ਸਵਾਰਦਾ ਹੈ। ਰੋਮਿ ਰੋਮਿ–ਹਰੇਕ ਰੋਮ ਵਿਚ। ਰਵਿਆ–ਰਚ ਗਿਆ ਹੈ। ਸਤਿਗੁਰ ਪੂਰੈ–ਪੂਰੇ ਗੁਰੂ ਨੇ।੧।

ਮੇਰੈ–ਮੇਰੇ ਵਾਸਤੇ, ਮੇਰੇ ਹਿਰਦੇ ਵਿਚ। ਰਤਨੁ–ਕੀਮਤੀ ਪਦਾਰਥ। ਭੰਡਾਰ–ਖਜ਼ਾਨੇ। ਅਗਮ–ਅਪਹੁੰਚ। ਅਮੋਲਾ–ਜੋ ਕਿਸੇ ਦੁਨਿਆਵੀ ਪਦਾਰਥਾਂ ਦੇ ਵੱਟੇ ਨਾ ਮਿਲ ਸਕੇ। ਅਪਰ ਅਪਾਰ–ਬੇਅੰਤ।੧। ਰਹਾਉ।

ਨਿਹਚਲ ਧਨੀ–ਸਦਾ ਕਾਇਮ ਰਹਿਣ ਵਾਲਾ ਮਾਲਕ। ਮਹਿਮਾ–ਵਡਿਆਈ। ਪੂਰਾ ਸਾਹੁ–ਉਹ ਸ਼ਾਹ ਜਿਸ ਦੇ ਘਰ ਵਿਚ ਕੋਈ ਕਿਸੇ ਤਰ੍ਹਾਂ ਦੀ ਕਮੀ ਨਾ ਹੋਵੇ। ਬੇਪਰਵਾਹੁ–ਬੇ ਮੁਥਾਜ।੨।

ਭਾਉ–ਪਿਆਰ। ਸੁਆਉ–ਸੁਆਰਥ, ਮਨੋਰਥ, ਮੰਗ। ਸੰਤ ਪ੍ਰਸਾਦਿ–ਗੁਰੂ ਸੰਤ ਦੀ ਕ੍ਰਿਪਾ ਨਾਲ। ਅਨਹਦ ਨਾਦ–ਇਕ ਰਸ ਵਜ ਰਹੇ ਵਾਜੇ।੩।

ਤੇ–ਤੋਂ, ਨਾਲ। ਨਉ ਨਿਧਿ–ਧਰਤੀ ਦੇ ਸਾਰੇ ਨੌਂ ਹੀ ਖਜ਼ਾਨੇ। ਸਿਉ–ਨਾਲ। ਸੇਈ–ਉਹ ਬੰਦੇ। ਜਾ ਕੈ–ਜਿਨ੍ਹਾਂ ਦੇ ਹਿਰਦੇ ਵਿਚ। ਨਿਧਾਨ–ਖਜ਼ਾਨਾ।੪।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਮੇਸ਼ਰ ਦੇ ਨਾਮ ਦੀ ਮਹਿਮਾਂ ਆਪ ਜੀ

ਕਿਤਨੀ ਕੁ ਅਨੁਭਵ ਕਰਦੇ ਹੋ ?

1. ਉ:—ਹੇ ਭਾਈਓ ! ਨਾਮ ਦੀ ਮਹਿਮਾਂ ਤਾਂ ਬੇਅੰਤ ਹੀ ਹੈ, ਪਰ, ਅਸੀਂ ਤਾਂ ਇਓਂ ਹੀ ਅਨੁਭਵ ਕਰਦੇ ਹਾਂ ਕਿ, ਸਭ ਦੇ ਦਿਲਾਂ ਦੀ ਜਾਨਣ ਵਾਲੇ ਹਰੀ ਦਾ ਨਾਮ ਮੇਰੇ ਹਿਰਦੇ ਵਿਚ ਹੀ ਵੱਸ ਰਿਹਾ ਹੈ।
2. ਅਤੇ ਹਰੀ ਦਾ ਨਾਮ ਹੀ ਮਰੇ ਸਾਰੇ ਕੰਮ ਸਵਾਰ ਰਿਹਾ ਹੈ।
3. ਹੇ ਭਾਈ ! (ਗੁਰੂ ਦੀ ਕਿਰਪਾ ਨਾਲ) ਹਰਿ ਨਾਮ ਮੇਰੇ ਰੋਮ ਰੋਮ ਵਿਚ ਵੱਸ ਰਿਹਾ ਹੈ।
4. ਪਰ, ਹੇ ਭਾਈ ! ਇਹ ਨਾਮ ਦਾ ਦਾਨ ਭੀ ਮੈਨੂੰ ਪੂਰੇ ਗੁਰੂ ਨੇ ਦਿਤਾ ਹੈ ।੧।
5. ਹੇ ਭਾਈ ! ਹੁਣ ਪੂਰੇ ਗੁਰੂ ਦੀ ਕ੍ਰਿਪਾ ਨਾਲ ਅਪਹੁੰਚ ਤੇ ਬੇਅੰਤ ਪ੍ਰਭੂ ਦਾ ਕੀਮਤੀ ਨਾਮ ਮੇਰੇ ਹਿਰਦੇ ਵਿਚ ਆ ਵਸਿਆ ਹੈ।
6. ਹੇ ਪਿਆਰੇ ! ਇਹ ਐਸਾ ਖਜ਼ਾਨਾ ਹੈ ਜੋ ਕਿਸੇ ਕੀਮਤ ਤੋਂ ਭੀ ਨਹੀਂ ਮਿਲ ਸਕਦਾ ।੧। ਰਹਾਉ ।,
7. ਹੇ ਭਾਈਓ ! ਹੁਣ ਪ੍ਰਮਾਤਮਾਂ ਦਾ ਨਾਮ ਹੀ (ਮੇਰੇ ਸਿਰ ਉਤੇ) ਸਦਾ ਕਾਇਮ ਰਹਿਣ ਵਾਲਾ ਮਾਲਕ ਹੈ।
8. ਹਰਿ ਨਾਮ ਦੀ ਵਡਿਆਈ ਹੀ ਸਭ ਜੀਵਾਂ ਦੇ ਅੰਦਰ ਸੋਭ ਰਹੀ ਹੈ।
9. ਹੇ ਪਿਆਰੇ ! ਹੁਣ ਪ੍ਰਮਾਤਮਾਂ ਦਾ ਨਾਮ ਹੀ (ਮੇਰੇ ਵਾਸਤੇ) ਸ਼ਾਹ ਹੈ ਜਿਸ ਦੇ ਘਰ ਵਿਚ ਕੋਈ ਭੀ ਕੰਮੀ ਨਹੀਂ।
10. ਹਰਿ ਨਾਮ ਹੀ (ਮੇਰੇ ਸਿਰ ਉਤੇ ਉਹ) ਮਾਲਕ ਹੈ ਜਿਸ ਨੂੰ ਕਿਸੇ ਦੀ ਮੁਥਾਜੀ ਭੀ ਨਹੀਂ ।੨।
11. ਹੇ ਭਾਈਓ ! ਜਦੋਂ ਤੋਂ ਪੂਰੇ ਗੁਰੂ ਨੇ ਮੈਨੂੰ ਨਾਮ ਦਾ ਦਾਨ ਦਿਤਾ ਹੈ, ਤਦੋਂ ਤੋਂ ਪ੍ਰਮਾਤਮਾਂ ਦਾ ਨਾਮ, ਪ੍ਰਮਾਤਮਾਂ ਦੇ ਨਾਮ ਦਾ ਪਿਆਰ ਹੀ ਮੇਰੀ ਆਤਮਕ ਖੁਰਾਕ ਬਣ ਗਈ ਹੈ।
12. ਅਤੇ ਹੁਣ, ਨਾਮ ਹੀ ਮੇਰੇ ਮਨ ਦੀ ਹਰ ਵੇਲੇ ਦੀ ਮੰਗ ਹੋ ਗਈ ਹੈ।
13. ਹੇ ਭਾਈਓ ! ਗੁਰੂ ਸੰਤ ਦੀ ਕ੍ਰਿਪਾ ਨਾਲ ਪ੍ਰਮੇਸ਼ਰ ਜੀ ਦਾ ਨਾਮ (ਹੁਣ) ਮੈਨੂੰ ਕਦੇ ਭੀ ਨਹੀਂ ਭੁਲਦਾ।
14. ਹੇ ਪਿਆਰੇ ! ਨਾਮ ਜਪਦਿਆਂ (ਹੁਣ ਮੈਨੂੰ ਅੰਤਰ ਆਤਮੇਂ ਇਉਂ ਪ੍ਰਤੀਤ ਹੁੰਦਾ ਹੈ ਕਿ) ਸਾਰੇ ਸੰਗੀਤਕ ਸਾਜ ਇਕ ਰਸ ਵਜਣ ਲਗ ਪਏ ਹਨ ।੩।
15. ਐ ਪਿਆਰੇ ! ਪ੍ਰਮਾਤਮਾਂ ਦੀ ਕ੍ਰਿਪਾ ਨਾਲ ਮੈਨੂੰ (ਉਸ ਦਾ) ਨਾਮ ਮਿਲ ਗਿਆ ਹੈ, ਜੋ ਮੇਰੇ ਲਈ ਮਾਨੋਂ ਧਰਤੀ ਦੇ ਸਾਰੇ) ਨੌਂ ਖਜ਼ਾਨੇ ਹਨ।
16. ਗੁਰੂ ਦੀ ਕ੍ਰਿਪਾ ਨਾਲ ਮੇਰਾ ਪਿਆਰ ਪ੍ਰਭੂ ਦੇ ਨਾਮ ਨਾਲ ਬਣ ਗਿਆ ਹੈ।
17. ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਨਾਮ ਖਜ਼ਾਨਾ (ਆ ਵਸਦਾ ਹੈ)।
18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹੀ (ਅਸਲ) ਧਨਾਢ ਹਨ, ਉਹੀ (ਲੋਕ ਪ੍ਰਲੋਕ ਵਿਚ) ਮੁਖੀ ਮਨੁੱਖ ਹਨ।

ਭਾਵਾਰਥ :—ਮਨੁੱਖ ਦੇ ਮਨ ਦੀਆਂ ਸਾਰੀਆਂ ਆਸਾਂ ਪੂਰਨ ਕਰਨ ਵਾਲਾ ਕੇਵਲ ਪ੍ਰਮੇਸ਼ਰ ਦਾ ਹੀ ਨਾਮ ਹੈ; ਇਸ ਲਈ ਸਤਿਗੁਰੂ ਜੀ ਹਰ ਪ੍ਰਾਣੀ ਮਾਤ੍ਰ ਲਈ ਹਰ ਵਕਤ ਨਾਮ ਜਪਦੇ ਰਹਿਣ ਦੀ ਹੀ ਪ੍ਰੇਰਣਾ ਕਰਦੇ ਹਨ।

ਭੈਰਉ ਮਹਲਾ ੫ ॥

1. ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥
2. ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥
3. ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥
4. ਤੁਝ ਬਿਨੁ ਅਵਰੁ ਨਹੀ ਕੋ ਮੇਰਾ । ੧॥
5. ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥
6. ਤੁਮ੍ਹਰੀ ਉਸਤਤਿ ਕਰਉ ਦਿਨ ਰਾਤਿ ॥੧॥ਰਹਾਉ॥
7. ਹਮ ਤੇਰੇ ਜੰਤ ਤੂ ਬਜਾਵਨਹਾਰਾ ॥
8. ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥
9. ਤਉ ਪਰਸਾਦਿ ਰੰਗ ਰਸ ਮਾਣੇ ॥
10. ਘਟ ਘਟ ਅੰਤਰਿ ਤੁਮਹਿ ਸਮਾਣੇ ॥੨॥
11. ਤੁਮ੍ਹਰੀ ਕ੍ਰਿਪਾ ਤੇ ਜਪੀਐ ਨਾਉ ॥
12. ਸਾਧਸੰਗਿ ਤੁਮਰੇ ਗੁਣ ਗਾਉ ॥
13. ਤੁਮ੍ਹਰੀ ਦਇਆ ਤੇ ਹੋਇ ਦਰਦ ਬਿਨਾਸੁ ॥
14. ਤੁਮਰੀ ਮਇਆ ਤੇ ਕਮਲ ਬਿਗਾਸੁ ॥੩॥
15. ਹਉ ਬਲਿਹਾਰਿ ਜਾਉ ਗੁਰਦੇਵ ॥
16. ਸਫਲ ਦਰਸਨੁ ਜਾ ਕੀ ਨਿਰਮਲ ਸੇਵ ॥
17. ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥
18. ਗੁਣ ਗਾਵੈ ਨਾਨਕੁ ਨਿਤ ਤੇਰੇ ॥੪॥੧੯॥੩੧॥

ਪਦ ਅਰਥ :—ਜੀਅ ਦਾਤਾ—ਜਿੰਦ ਦੇਣ ਵਾਲਾ। ਪ੍ਰਾਨ ਦਾਤਾ—ਪ੍ਰਾਣ ਦੇਣ ਵਾਲਾ। ਸੁਖ ਦਾਤਾ—ਸਾਰੇ ਸੁਖ ਦੇਣ ਵਾਲਾ। ਠਾਕੁਰੁ—ਮਾਲਕ। ਹਉ—ਮੈਂ। ਅਵਰੁ ਕੋ—ਕੋਈ ਹੋਰ ।੧।

ਕਰਿ—ਕਰ ਕੇ। ਪ੍ਰਭ—ਹੇ ਪ੍ਰਭੂ। ਉਸਤਤਿ—ਸਿਫਤ ਸਲਾਹ। ਕਰਉ—ਕਰਉਂ, ਮੈਂ ਕਰਦਾ ਰਹਾਂ ।੧। ਰਹਾਉ।

ਜੰਤ—ਜੰਤ੍ਰ, ਸਾਜ। ਭਿਖਾਰੀ—ਮੰਗਤੇ। ਦੇਹਿ—ਦੇਹਿੰ, ਤੂੰ ਦੇਂਦਾ ਹੈਂ। ਤਉ ਪਰਸਾਦਿ—ਤੇਰੀ ਕਿਰਪਾ ਨਾਲ। ਘਟ ਘਟ ਅੰਤਰਿ—ਹਰੇਕ ਸਰੀਰ ਵਿਚ। ਤੁਮਹਿ—ਤੂੰ ਹੀ ।੨।

ਤੇ—ਤੋਂ, ਨਾਲ। ਜਪੀਐ—ਜਪਿਆ ਜਾ ਸਕਦਾ ਹੈ। ਸਾਧ ਸੰਗਿ—ਗੁਰੂ ਦੀ ਸੰਗਤਿ ਵਿਚ। ਗਾਉ—ਗਾਉਂ, ਮੈਂ ਗਾਂਦਾ ਰਹਾਂ। ਦਰਦ ਬਿਨਾਸੁ—ਦਰਦ ਦਾ ਨਾਸ। ਮਇਆ—ਕਿਰਪਾ। ਬਿਗਾਸੁ—ਖੇੜਾ, ਖਿੜਾਉ ।੩।

ਹਉ–ਮੈਂ। ਜਾਉ–ਜਾਉਂ, ਮੈਂ ਜਾਵਾਂ। ਸਫਲ–ਫਲ ਦੇਣ ਵਾਲਾ। ਨਿਰਮਲ–ਪਵਿਤ੍ਰ ਕਰਨ ਵਾਲੀ। ਪ੍ਰਭ–ਹੇ ਪ੍ਰਭੂ। ਗਾਵੈ–ਗਾਂਦਾ ਰਹੇ।੪।

ਅਰਥ :–

ਪ੍ਰ:–ਸ੍ਰੀ ਜੀਉ! ਸਾਨੂੰ ਉਸ ਨਿਰੰਕਾਰ ਦੇ ਸਨਮੁਖ ਹੋ ਕਿਵੇਂ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ?

1. **ਉ:**–ਹੇ ਭਾਈਓ! ਸਦਾ ਇਉਂ ਹੀ ਬੇਨਤੀਆਂ ਕਰਦੇ ਰਹੋ ਕਿ, ਹੇ ਪ੍ਰਭੂ ਜੀਉ! ਮੇਰੇ ਵਾਸਤੇ ਤੂੰ ਹੀ ਪਿਤਾ ਹੈਂ, ਮੇਰੇ ਵਾਸਤੇ ਤੂੰ ਹੀ ਮਾਂ ਹੈਂ।
2. ਤੂੰ ਹੀ ਮੈਨੂੰ ਜਿੰਦ ਦੇਣ ਵਾਲਾ ਹੈਂ, ਤੂੰ ਹੀ ਮੈਨੂੰ ਪ੍ਰਾਣ ਦੇਣ ਵਾਲਾ ਹੈਂ, ਅਤੇ ਤੂੰ ਹੀ ਮੈਨੂੰ ਸਾਰੇ ਸੁਖ ਦੇਣ ਵਾਲਾ ਹੈਂ।
3. ਹੇ ਸਾਈਆਂ ਜੀਉ! ਤੂੰ ਮੇਰਾ ਮਾਲਕ ਹੈਂ, ਮੈਂ ਤੇਰਾ ਸੇਵਕ ਹਾਂ।
4. ਤੈਥੋਂ ਬਿਨਾ ਹੋਰ ਕੋਈ ਮੇਰਾ (ਆਸਰਾ) ਨਹੀਂ ਹੈ।੧।

ਪ੍ਰ:–ਕਿਉਂ ਜੀ! ਉਸ ਤੋਂ ਮੰਗ ਕੀ ਮੰਗੀਏ?

5. **ਉ:**–ਹੇ ਭਾਈਓ! ਇਹੋ ਹੀ ਮੰਗ ਮੰਗੋ ਕਿ, ਹੇ ਪ੍ਰਭੂ! ਮੇਹਰ ਕਰ ਕੇ (ਮੈਨੂੰ ਇਹ) ਦਾਤ ਬਖਸ਼।
6. ਕਿ, ਮੈਂ ਦਿਨੇ ਰਾਤ ਤੇਰੀ ਹੀ ਸਿਫਤ ਸਲਾਹ ਕਰਦਾ ਰਹਾਂ।੧। ਰਹਾਉ।
7. ਹੇ ਪ੍ਰਭੂ! ਅਸੀਂ ਜੀਵ ਤੇਰੇ (ਸੰਗੀਤਕ) ਸਾਜ ਹਾਂ, ਤੂੰ ਇਨ੍ਹਾਂ ਸਾਜਾਂ ਨੂੰ ਵਜਾਵਨ ਵਾਲਾ ਹੈਂ।
8. ਹੇ ਦਾਤਾਰ! ਅਸੀਂ ਤੇਰੇ ਦਰ ਦੇ ਮੰਗਤੇ ਹਾਂ, ਤੂੰ ਸਾਨੂੰ (ਸਦਾ ਹੀ) ਦਾਨ ਦੇਂਦਾ ਹੈਂ।
9. ਹੇ ਸਾਈਆਂ ਜੀਉ! ਤੇਰੀ ਮੇਹਰ ਨਾਲ ਹੀ ਅਸੀਂ (ਬਿਅੰਤ) ਰੰਗ ਰਸ ਮਾਣਦੇ ਹਾਂ।
10. ਹੇ ਪ੍ਰਭੂ! ਹਰੇਕ ਸਰੀਰ ਵਿਚ (ਇਕ) ਤੂੰ ਹੀ ਮੌਜੂਦ ਹੈਂ।੨।
11. ਹੇ ਪ੍ਰਭੂ ਜੀ! ਤੇਰੀ ਕ੍ਰਿਪਾ ਨਾਲ ਹੀ ਤੇਰਾ ਨਾਮ ਜਪਿਆ ਜਾ ਸਕਦਾ ਹੈ।
12. ਹੇ ਸਾਈਆਂ ਜੀਉ! ਮੇਹਰ ਕਰ ਕਿ, ਮੈਂ ਸਾਧ ਸੰਗਤ ਵਿਚ ਟਿਕ ਕੇ ਤੇਰੇ ਹੀ ਗੁਣ ਗਾਂਦਾ ਰਹਾਂ।
13. ਹੇ ਪ੍ਰਭੂ ਜੀ! ਤੇਰੀ ਮਿਹਰ ਨਾਲ (ਹੀ) ਮੇਰੇ ਹਰੇਕ ਦਰਦ ਦਾ ਨਾਸ ਹੁੰਦਾ ਹੈ।
14. ਹੇ ਪ੍ਰਭੂ! ਤੇਰੀ ਮੇਹਰ ਨਾਲ (ਹੀ) ਮੇਰੇ ਹਿਰਦੇ ਕੌਲ ਦਾ ਖਿੜਾਉ ਹੁੰਦਾ ਹੈ।੩।

ਪ੍ਰ:–ਸ੍ਰੀ ਜੀਉ! ਤੁਹਾਡੇ ਅੰਦਰ ਉਸ ਨਾਮ ਦਾਤਾ ਗੁਰੂ ਦਾ ਕਿਤਨਾ ਕੁ ਆਦਰ ਹੈ?

15. **ਉ:**–ਹੇ ਭਾਈਓ! ਮੈਂ ਤਾਂ (ਉਸ) ਆਪਣੇ ਗੁਰੂ ਤੋਂ (ਸਦਾ ਹੀ) ਸਦਕੇ ਜਾਂਦਾ ਹਾਂ।
16. (ਕਿਉਂਕਿ) ਉਸ ਗੁਰੂ ਦਾ ਦਰਸ਼ਨ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ, ਅਤੇ ਉਸ ਗੁਰੂ ਦੀ ਸੇਵਾ ਜੀਵਨ ਨੂੰ ਪਵਿਤ੍ਰ ਬਣਾਂਦੀ ਹੈ।
17. (ਇਸ ਲਈ) ਹੇ ਭਾਈਓ! ਮੈਂ ਤਾਂ ਉਸ ਤੋਂ ਇਹੋ ਹੀ ਮੰਗ ਕਰਦਾ ਰਹਿੰਦਾ ਹਾਂ ਕਿ, ਹੇ ਮੇਰੇ ਠਾਕਰ, ਹੇ ਮੇਰੇ ਪ੍ਰਭੂ ਮਿਹਰ ਕਰ।
18. (ਤੇਰਾ ਦਾਸ) ਨਾਨਕ ਸਦਾ ਤੇਰੇ (ਹੀ) ਗੁਣ ਗਾਂਦਾ ਰਵੇ।੪।੧੮।੩੧।

ਭਾਵਾਰਥ.–ਇਸ ਸ਼ਬਦ ਵਿਚ ਮਨੁੱਖ ਨੂੰ ਉਸ ਪ੍ਰਮੇਸ਼ਰ ਦੇ ਸਨਮੁਖ ਹੋ ਬੇਨਤੀਆਂ ਕਰਨ ਦੀ ਜਾਚ ਦਸਦੇ ਹਨ ਅਤੇ ਨਾਮ ਹੀ ਮੰਗਦੇ ਰਹਿਣ ਦੀ ਪ੍ਰੇਰਣਾ ਕਰਦੇ ਹਨ, ਜੋ ਕਿ ਨਾਮ ਸਦਾ ਹੀ ਸਹਾਇਕ ਹੁੰਦਾ ਹੈ।

ਭੈਰਉ ਮਹਲਾ ੫ ॥

1. ਸਭ ਤੇ ਊਚ ਜਾ ਕਾ ਦਰਬਾਰੁ ॥
2. ਸਦਾ ਸਦਾ ਤਾ ਕਉ ਜੋਹਾਰੁ ॥
3. ਊਚੇ ਤੇ ਊਚਾ ਜਾ ਕਾ ਥਾਨ ॥
4. ਕੋਟਿ ਅਘਾ ਮਿਟਹਿ ਹਰਿ ਨਾਮ ॥੧॥
5. ਤਿਸੁ ਸਰਣਾਈ ਸਦਾ ਸੁਖੁ ਹੋਇ ॥
6. ਕਰਿ ਕਿਰਪਾ ਜਾ ਕਉ ਮੇਲੈ ਸੋਇ ॥੧॥ ਰਹਾਉ ॥
7. ਜਾ ਕੇ ਕਰਤਬ ਲਖੇ ਨ ਜਾਹਿ ॥
8. ਜਾ ਕਾ ਭਰਵਾਸਾ ਸਭ ਘਟ ਮਾਹਿ ॥
9. ਪ੍ਰਗਟ ਭਇਆ ਸਾਧੂ ਕੈ ਸੰਗਿ ॥
10. ਭਗਤ ਅਰਾਧਹਿ ਅਨਦਿਨੁ ਰੰਗਿ ॥੨॥
11. ਦੇਦੇ ਤੋਟਿ ਨਹੀ ਭੰਡਾਰ ॥
12. ਖਿਨ ਮਹਿ ਥਾਪਿ ਉਥਾਪਨਹਾਰ ॥
13. ਜਾ ਕਾ ਹੁਕਮੁ ਨ ਮੇਟੈ ਕੋਇ ॥
14. ਸਿਰਿ ਪਾਤਿਸਾਹਾ ਸਾਚਾ ਸੋਇ ॥੩॥
15. ਜਿਸ ਕੀ ਓਟ ਤਿਸੈ ਕੀ ਆਸਾ ॥
16. ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥
17. ਰਾਖਿ ਲੀਨੋ ਸਭੁ ਜਨ ਕਾ ਪੜਦਾ ॥
18. ਨਾਨਕੁ ਤਿਸ ਕੀ ਉਸਤਤਿ ਕਰਦਾ॥੪॥੧੯॥੩੨॥

ਪਦ ਅਰਥ :–ਸਭ ਤੇ–ਸਭ (ਪਾਤਸ਼ਾਹਾਂ ਦੇ ਦਰਬਾਰਾਂ) ਤੋਂ। ਜਾ ਕਾ–ਜਿਸ (ਪ੍ਰਭੂ ਪਾਤਸ਼ਾਹ) ਦਾ। ਤਾ ਕਉ–ਉਸ ਨੂੰ। ਜੋਹਾਰੁ–ਨਮਸ਼ਕਾਰ। ਕੋਟਿ–ਕ੍ਰੋੜਾਂ। ਅਘਾ–ਅਘਾਂ, ਪਾਪ। ਮਿਟਹਿ–ਮਿਟ ਜਾਂਦੇ ਹਨ।੧।

ਸਰਣਾਈ-ਸ਼ਰਨ ਪਿਆਂ। ਜਾ ਕਉ–ਜਿਸ (ਮਨੁੱਖ) ਨੂੰ। ਸੋਇ–ਉਹ (ਪ੍ਰਭੂ ਆਪ ਹੀ)।੧। ਰਹਾਉ।

ਲਖੇ ਨ ਜਾਹਿ–ਸਮਝੇ ਨਹੀਂ ਜਾ ਸਕਦੇ। ਭਰਵਾਸਾ–ਸਹਾਰਾ। ਘਟ–ਹਿਰਦਾ। ਸਾਧੂ ਕੈ ਸੰਗਿ-ਗੁਰੂ ਦੀ ਸੰਗਤ ਵਿਚ। ਅਰਾਧਹਿ–ਅਰਾਧਦੇ ਹਨ, ਨਾਮ ਜਪਦੇ ਹਨ। ਅਨਦਿਨੁ–ਹਰ ਰੋਜ਼, ਹਰ ਵੇਲੇ। ਰੰਗਿ–ਪ੍ਰੇਮ ਨਾਲ।੨।

ਦੇਦੇ-ਦੇਂਦੇ, ਦੇਂਦਿਆਂ । ਤੋਟਿ-ਘਾਟਾ, ਕਮੀ । ਥਾਪਿ-ਪੈਦਾ ਕਰ ਕੇ । ਉਥਾਪਨਹਾਰ-ਨਾਸ ਕਰਨ ਵਾਲਾ। ਨ ਮੇਟੈ-ਮੋੜ ਨਹੀਂ ਸਕਦਾ । ਸਿਰਿ ਪਾਤਿਸਾਹਾ-(ਸਾਰੇ) ਪਾਤਿਸ਼ਾਹਾਂ ਦੇ ਸਿਰ ਉਤੇ। ਸਾਚਾ-ਸਦਾ ਤਾਇਮ ਰਹਿਣ ਵਾਲਾ ।੩।

ਸਭੁ-ਸਾਰਾ, ਹਰ ਥਾਂ ।੪।

ਅਰਥ :-

ਪ੍ਰ:-ਸ੍ਰੀ ਜੀਉ ! ਜਿਸ ਪ੍ਰਭੂ ਦੀ ਉਸਤਤੀ ਕਰਦੇ ਰਹਿਣ ਦੀ ਆਪ ਪ੍ਰੇਰਨਾ ਕਰਦੇ ਹੋ, ਉਹ ਕੈਸਾ ਹੈ ਅਤੇ ਉਸ ਦੀ ਉਸਤਤੀ ਕਰਦੇ ਰਹਿਣ ਨਾਲ ਲਾਭ ਕੀ ਪ੍ਰਾਪਤ ਹੁੰਦਾ ਹੈ ?

1. **ਉ:**-ਹੇ ਭਾਈਓ ! ਉਸ ਪ੍ਰਮੇਸ਼ਰ ਜੀ ਦਾ ਸਹੀ ਰੂਪ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਇਉਂ ਹੀ ਜਾਣੋ ਕਿ, ਉਸ (ਪ੍ਰਮਾਤਮਾ) ਦਾ ਦਰਬਾਰ ਸਭ (ਪਾਤਸ਼ਾਹਾਂ ਦੇ ਦਰਬਾਰਾਂ) ਨਾਲੋਂ ਉਚਾ ਹੈ ।
2. (ਇਸ ਲਈ) ਉਸ (ਪ੍ਰਭੂ ਪਾਤਸ਼ਾਹ) ਨੂੰ ਸਦਾ ਹੀ ਸਦਾ ਨਮਸ਼ਕਾਰ ਕਰਦੇ ਰਹਿਣਾ ਚਾਹੀਦਾ ਹੈ ।
3. ਹੇ ਭਾਈਓ ! ਜਿਸ ਪ੍ਰਭੂ ਪਾਤਸ਼ਾਹ ਦਾ ਮਹੱਲ ਉਚੇ ਤੋਂ ਉਚਾ ਹੈ ।
4. ਉਸ ਪ੍ਰਭੂ ਪਾਤਸ਼ਾਹ ਦੇ ਨਾਮ ਦੀ ਬਰਕਤ ਨਾਲ ਕ੍ਰੋੜਾਂ ਹੀ ਪਾਪ ਕਰਮ ਨਾਸ ਹੋ ਜਾਂਦੇ ਹਨ ।੧।

ਪ੍ਰ:-ਹੋਰ ਕੀ ਕੁਝ ਹਾਸਲ ਹੁੰਦਾ ਹੈ ?

5. **ਉ:**-ਹੇ ਭਾਈ ! ਉਸ ਪ੍ਰਭੂ ਦੀ ਸ਼ਰਨ ਵਿਚ ਰਹਿਣ ਵਾਲੇ ਨੂੰ ਸਦਾ ਹੀ ਅਨੰਦ ਬਣਿਆਂ ਰਹਿੰਦਾ ਹੈ ।
6. ਪਰ, ਹੇ ਭਾਈ ! ਇਹ ਦਾਤ ਮਿਲਦੀ ਉਸੇ ਨੂੰ ਹੀ ਹੈ, ਜਿਸ ਨੂੰ ਉਹ ਪ੍ਰਭੂ ਆਪ ਹੀ ਮਿਹਰ ਕਰ ਕੇ ਆਪਣੇ ਚਰਨਾਂ ਵਿਚ ਜੋੜਦਾ ਹੈ ।੧। ਰਹਾਉ।

ਪ੍ਰ:-ਸ੍ਰੀ ਜੀਉ ! ਉਸ ਪ੍ਰਭੂ ਦੀ ਕਿਰਤ ਬਾਰੇ ਕੁਝ ਜਾਣਕਾਰੀ ਕਰਾਓ ?

7. **ਉ:**-ਹੇ ਭਾਈਓ ! ਜਿਸ ਪ੍ਰਭੂ ਪਾਤਸ਼ਾਹ ਦੇ (ਅਨੰਤ ਹੀ) ਚੋਜ ਤਮਾਸ਼ੇ ਹਨ, ਜੋ ਕਿ ਸਮਝੇ ਹੀ ਨਹੀਂ ਜਾ ਸਕਦੇ ।

ਪ੍ਰ:-ਸ੍ਰੀ ਜੀਉ ! ਉਸ ਦੀ ਲਖਤਾ ਕਿਵੇਂ ਹੋ ਸਕਦੀ ਹੈ ?

8. **ਉ:**-ਹੇ ਪਿਆਰੇ ! ਜਿਸ ਪ੍ਰਮਾਤਮਾਂ ਦਾ ਸਹਾਰਾ ਹਰੇਕ ਜੀਵ ਦੇ ਹਿਰਦੇ ਵਿਚ ਹੈ
9. ਐ ਪਿਆਰੇ ! ਉਹ ਪ੍ਰਭੂ ਪਾਤਸ਼ਾਹ ਗੁਰੂ ਦੀ ਸੰਗਤ ਵਿਚ ਰਿਹਾਂ (ਮਨੁੱਖ ਦੇ ਹਿਰਦੇ ਵਿਚ) ਪ੍ਰਗਟ ਹੋ ਜਾਂਦਾ ਹੈ।
10. ਹੇ ਭਾਈਓ ! ਉਸ ਪ੍ਰਭੂ ਦੇ ਭਗਤ ਹਰ ਵੇਲੇ ਪ੍ਰੇਮ ਨਾਲ ਉਸ ਦਾ ਨਾਮ ਜਪਦੇ ਰਹਿੰਦੇ ਹਨ ।੨।

ਪ੍ਰ:-ਗੁਰਦੇਵ ਜੀਉ ! ਉਹ ਪ੍ਰਮੇਸ਼ਰ ਪਾਤਸ਼ਾਹ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ ?

11. **ਉ:**-ਹੇ ਭਾਈਓ ! ਉਸ ਪ੍ਰਭੂ ਦੀ ਪੂਰਨ ਸ਼ਕਤੀ ਤਾਂ ਬਿਆਨੀ ਨਹੀਂ ਜਾ ਸਕਦੀ, ਪਰ ਇਉਂ ਹੀ ਸਮਝ ਸਕੀਦਾ ਹੈ ਕਿ, ਜਿਹ ਦੁਨੀਆਂ ਦੇ ਪਾਤਸ਼ਾਹਾਂ ਦ ਸਿਰ ਉਤੇ ਸਦਾ ਕਾਇਮ ਰਹਿਣ ਵਾਲਾ (ਪਾਤਸ਼ਾਹ) ਉਹ (ਪ੍ਰਮਾਤਮਾਂ) ਆਪ ਹੀ ਹੈ । (ਕਿਉਂਕਿ) ਜੀਵਾਂ ਨੂੰ ਬੇਅੰਤ ਦਾਤਾਂ ਦੇਂਦਿਆਂ ਭੀ (ਉਸ ਦੇ) ਖਜ਼ਾਨਿਆਂ ਵਿਚ ਕਮੀ ਨਹੀਂ ਆਉਂਦੀ ।
12. ਉਹ ਇਕ ਖਿਨ ਵਿਚ ਪੈਦਾ ਕਰ ਕੇ ਨਾਸ ਕਰਨ ਦੀ ਸਮਰਥਾ ਵਾਲਾ ਹੈ ।
13. ਹੇ ਭਾਈ ! ਕੋਈ ਭੀ ਜੀਵ ਉਸ ਦਾ ਹੁਕਮ ਮੋੜ ਨਹੀਂ ਸਕਦਾ ।
14. ਹੇ ਭਾਈਓ ! ਉਹ ਪਾਤਸ਼ਾਹਾਂ ਦਾ ਭੀ ਸ਼੍ਰੋਮਣੀ ਪਾਤਸ਼ਾਹ ਹੈ ।੩।
15. ਹੇ ਪਿਆਰੇ ! ਦੁਖਾਂ ਤੋਂ ਬਚਣ ਵਾਸਤੇ ਅਸਾਂ ਜੀਵਾਂ ਨੂੰ ਜਿਸ (ਪ੍ਰਮਾਤਮਾਂ) ਦਾ ਆਸਰਾ ਹੈ, (ਸੁਖਾਂ ਦੀ ਪ੍ਰਾਪਤੀ ਲਈ ਭੀ) ਉਸੇ ਦੀ (ਸਹਾਇਤਾ ਦੀ) ਆਸ ਹੈ ।
16. ਹੇ ਭਾਈ ! ਦੁਖਾਂ ਤੋਂ ਬਚਣ ਲਈ ਤੇ ਸੁਖਾਂ ਦੀ ਪ੍ਰਾਪਤੀ ਲਈ ਅਸਾਂ ਜੀਵਾਂ ਦੀ ਉਸ ਦੇ ਪਾਸ ਹੀ (ਸਦਾ ਅਰਦਾਸ) ਹੈ ।
17. ਹੇ ਭਾਈਓ ! ਸਾਨੂੰ ਤਾਂ ਪੂਰਨ ਵਿਸ਼ਵਾਸ਼ ਹੈ ਕਿ, ਉਹ ਪ੍ਰਮਾਤਮਾਂ ਆਪਣੇ ਸੇਵਕ ਦੀ ਇੱਜ਼ਤ ਆਪ ਹੀ ਰਖ ਲੈਂਦਾ ਹੈ ।
18. (ਇਸ ਲਈ) ਹੇ ਭਾਈਓ ! ਮੈਂ ਨਾਨਕ ਦਾਸ ਤਾਂ (ਸਦਾ ਹੀ) ਉਸੇ ਦੀ ਸਿਫਤ ਸਲਾਹ ਕਰਦਾ ਹਾਂ ।੪।੧੯।੩੨।

ਭਾਵਾਰਥ :-ਇਸ ਸ਼ਬਦ ਵਿਚ ਭੀ ਉਸ ਪ੍ਰਭੂ ਦੇ ਬੇਅੰਤ ਗੁਣ ਦਸ ਕੇ ਉਸ ਦੇ ਨਾਮ ਦਾ ਚਿੰਤਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਭੈਰਉ ਮਹਲਾ ੫ ॥

1. **ਰੋਵਨਹਾਰੀ ਰੋਜੁ ਬਨਾਇਆ ॥**
2. **ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥**
3. **ਬੂਝਿ ਬੈਰਾਗੁ ਕਰੇ ਜੇ ਕੋਇ ॥**
4. **ਜਨਮ ਮਰਣ ਫਿਰਿ ਸੋਗੁ ਨ ਹੋਇ ॥੧॥**
5. **ਬਿਖਿਆ ਕਾ ਸਭੁ ਧੰਧੁ ਪਸਾਰੁ ॥**
6. **ਵਿਰਲੈ ਕੀਨੋ ਨਾਮ ਅਧਾਰੁ ॥੧॥ ਰਹਾਉ ॥**
7. **ਤ੍ਰਿਬਿਧਿ ਮਾਇਆ ਰਹੀ ਬਿਆਪਿ ॥**
8. **ਜੋ ਲਪਟਾਨੋ ਤਿਸੁ ਦੂਖ ਸੰਤਾਪ ॥**
9. **ਸੁਖੁ ਨਾਹੀ ਬਿਨੁ ਨਾਮ ਧਿਆਏ ॥**
10. **ਨਾਮ ਨਿਧਾਨੁ ਬਡਭਾਗੀ ਪਾਏ ॥੨॥**
11. **ਸ੍ਵਾਂਗੀ ਸਿਉ ਜੋ ਮਨੁ ਰੀਝਾਵੈ ॥**
12. **ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥**

13. ਮੇਘ ਕੀ ਛਾਇਆ ਜੈਸੇ ਬਰਤਨਹਾਰ ॥
14. ਤੈਸੋ ਪਰਪੰਚੁ ਮੋਹ ਬਿਕਾਰ ॥੩॥
15. ਏਕ ਵਸਤੁ ਜੇ ਪਾਵੈ ਕੋਇ ॥
16. ਪੂਰਨ ਕਾਜੁ ਤਾਹੀ ਕਾ ਹੋਇ ॥
17. ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥
68. ਨਾਨਕ ਆਇਆ ਸੋ ਪਰਵਾਨੁ ॥੪॥੨੦॥੩੩॥

ਪਦ ਅਰਥ :–ਰੋਜ–ਹਰ ਰੋਜ਼ ਦਾ ਨੇਮ । ਬਲਨ–ਵਲੇਵਾ । ਬਲਨ ਬਰਤਨ ਕਉ–ਵਰਤਨ ਵਿਹਾਰ ਦੀ ਖਾਤਰ । ਚਿਤਿ–ਚਿੱਤ ਵਿਚ । ਬੂਝਿ–(ਜਗਤ ਦੇ ਸੰਬੰਧ ਨੂੰ) ਸਮਝਕੇ । ਕੋਇ–ਕੋਈ ਮਨੁੱਖ । ਬੈਰਾਗੁ–ਨਿਰਮੋਹਤਾ । ਸੋਗੁ–ਗਮ ।੧।

ਬਿਖਿਆ–ਮਾਇਆ । ਧੰਧੁ–ਖਲਜਗਨ । ਅਧਾਰੁ–ਆਸਰਾ ।੧। ਰਹਾਉ ।

ਤ੍ਰਿਬਿਧਿ–ਤਿੰਨਾਂ ਗੁਣਾਂ ਵਾਲੀ । ਰਹੀ ਬਿਆਪਿ–ਆਪਣਾ ਜੋਰ ਪਾ ਰਹੀ ਹੈ । ਲਪਟਾਨੋ–ਚੰਬੜਦਾ ਹੈ । ਸੰਤਾਪ–(ਅਨੇਕਾਂ) ਕਲੇਸ਼ । ਨਿਧਾਨੁ–ਖਜ਼ਾਨਾ ।੨।

ਸਿਉ–ਨਾਲ । ਰੀਝਾਵੈ–ਪਰਚਾਂਦਾ ਹੈ । ਸ੍ਵਾਗਿ ਉਤਾਰਿਐ–ਜਦੋਂ ਸਾਂਗ ਲਾਹ ਦਿਤਾ ਜਾਂਦਾ ਹੈ । ਮੇਘ–ਬੱਦਲ । ਪਰਪੰਚੁ–ਜਗਤ ਪਸਾਰਾ ।੩।

ਵਸਤੁ–ਨਾਮ ਪਦਾਰਥ । ਤਾਹੀ ਕਾ–ਉਸੇ ਦਾ । ਪ੍ਰਸਾਦਿ–ਕ੍ਰਿਪਾ ਨਾਲ । ਜਿਨਿ–ਜਿਸ (ਮਨੁੱਖ) ਨੇ । ਆਇਆ–ਜਗਤ ਵਿਚ ਜੰਮਿਆ ।੪।

ਅਰਥ :–

ਉਥਾਨਕਾ:–ਕਿਸੇ ਇਸਤ੍ਰੀ ਦਾ ਕੋਈ ਸੰਬੰਧੀ ਮਰ ਗਿਆ ਜਿਸ ਦੇ ਵਿਛੋੜੇ ਵਿਚ ਉਹ ਹਰ ਰੋਜ਼ ਹੀ ਕਈ ਦਿਨਾਂ ਤੋਂ ਰੁਦਨ ਕਰਦੀ ਆ ਰਹੀ ਹੈ, ਕਿਸੇ ਸਜਣ ਦੇ ਇਹ ਕਹਿਣ ਤੋਂ ਕਿ, ਹੇ ਗੁਰੂ ਜੀਉ ! ਇਸ ਦਾ ਆਪਣੇ ਸੰਬੰਧੀ ਨਾਲ ਅਤਿਅੰਤ ਮੋਹ ਪਿਆਰ ਸੀ, ਜਿਸ ਕਰ ਕੇ ਉਹ ਇਸਤ੍ਰੀ ਇਤਨਾ ਵਿਰਲਾਪ ਕਰਦੀ ਹੈ ? ਤਾਂ ਸਤਿਗੁਰੂ ਜੀ ਇਸ ਦੇ ਉੱਤਰ ਵਿਚ ਅਸਲੀਅਤ ਦਰਸਾਉਣ ਲਈ ਇਹ ਮਹਾਂਵਾਕ ਉਚਾਰਨ ਕਰਦੇ ਹਨ ।

1. ਉ:–ਹੇ ਭਾਈਓ ! ਅਸਲ ਵਿਚ ਤਾਂ ਕਿਸੇ ਸੰਬੰਧੀ ਦੇ ਮਰਨ ਤੇ ਕਿਸੇ ਮਾਇਕ ਸੰਬੰਧਾਂ ਦੇ ਕਾਰਨ ਹੀ ਰੋਣ ਵਾਲੀ ਇਸਤ੍ਰੀ (ਰੋਣ ਨੂੰ ਹੀ) ਹਰ ਰੋਜ਼ ਦਾ ਨੇਮ ਬਣਾਈ ਰਖਦੀ ਹੈ ।

ਪ੍ਰ:–ਸ੍ਰੀ ਜੀਉ ! ਇਸ ਦਾ ਅਸਲ ਕਾਰਨ ਕੀ ਹੈ ?

2. ਉ:–ਹੇ ਭਾਈ ! ਅਸਲ ਵਿਚ ਉਸ ਨੂੰ ਵਿਛੜੇ ਸੰਬੰਧੀ ਦੇ ਨਾਲ ਵਰਤਣ ਵਿਹਾਰ ਦਾ ਹੀ ਸੰਬੰਧ ਚੇਤੇ ਆਉਂਦਾ ਰਹਿੰਦਾ ਹੈ ।

ਪ੍ਰ:–ਕਿਉਂ ਜੀ ! ਜੰਮਣ ਮਰਨ ਦੇ ਸੋਗ ਹਰਖ ਤੋਂ ਕਿਵੇਂ ਰਹਿਤ ਹੋ ਸਕੀਦਾ ਹੈ ?

3. ਉ:–ਹੇ ਭਾਈ ! ਜੇ ਕੋਈ ਪ੍ਰਾਣੀ (ਇਹ) ਸਮਝ ਕੇ (ਕਿ ਇਹ ਮਾਇਕ ਸੰਬੰਧ ਸਦਾ ਕਾਇਮ ਨਹੀਂ ਰਹਿ ਸਕਦੇ ਆਪਣੇ ਅੰਦਰ) ਨਿਰਮੋਹਤਾ ਪੈਦਾ ਕਰ ਲਵੇ ।

4. ਤਾਂ ਫਿਰ ਉਸ ਨੂੰ (ਕਿਸੇ ਦੇ) ਜਨਮ (ਦੀ ਖੁਸ਼ੀ ਤੇ ਕਿਸੇ ਦੇ) ਮਰਨ ਦਾ ਗਮ ਨਹੀਂ ਵਿਆਪਦਾ ।੧।

5. ਹੇ ਭਾਈਓ ! (ਦੇਖ ਰਹੇ ਹਾਂ ਕਿ ਜਗਤ ਵਿਚ) ਮਾਇਆ ਦਾ ਹੀ ਸਾਰਾ ਧੰਧਾ ਹੈ, ਮਾਇਆ ਦਾ ਹੀ ਸਾਰਾ ਪਸਾਰਾ ਹੈ ।

6. ਪਰ, ਕਿਸੇ ਵਿਰਲੇ ਪੁਰਸ਼ ਨੇ ਹੀ (ਮਾਇਆ ਦਾ ਆਸਰਾ ਛਡ ਕੇ) ਪ੍ਰਮੇਸ਼ਰ ਦੇ ਨਾਮ ਦਾ ਆਸਰਾ ਲਿਆ ਹੈ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਇਸ ਜੀਵਨ ਵਿਚ ਜੀਵਾਂ ਨੂੰ ਸਦਾ ਹੀ ਦੁੱਖ ਕਲੇਸ਼ ਕਿਉਂ ਵਿਆਪਦੇ ਰਹਿੰਦੇ ਹਨ ?

7. ਉ:–ਹੇ ਭਾਈਓ ! ਅਸਲ ਵਿਚ ਇਹ ਤ੍ਰਿਗੁਣੀ ਮਾਇਆ (ਸਾਰੇ ਜੀਵਾਂ ਉਤੇ ਆਪਣਾ) ਜੋਰ ਪਾ ਰਹੀ ਹੈ ।

8. ਜਿਹੜਾ ਮਨੁੱਖ (ਭੀ ਇਸ ਮਾਇਆ ਨੂੰ) ਚੰਬੜਿਆ ਰਹਿੰਦਾ ਹੈ, ਉਸ ਨੂੰ (ਅਨੇਕਾਂ ਹੀ ਦੁੱਖ) ਕਲੇਸ਼ ਵਿਆਪਦੇ ਰਹਿੰਦੇ ਹਨ ।

9. ਇਸ ਲਈ, ਹੇ ਭਾਈਓ ! ਇਹ ਨਿਸਚਾ ਰਖੋ ਕਿ, ਪ੍ਰਮਾਤਮਾਂ ਦੇ ਨਾਮ ਸਿਮਰਨ ਤੋਂ ਬਿਨਾ ਸੁੱਖ ਦੀ ਪ੍ਰਾਪਤੀ ਨਹੀਂ ਹੋ ਸਕਦੀ ।

10. ਪਰ, ਨਾਮ ਦਾ ਖਜ਼ਾਨਾ ਕੋਈ ਵਿਰਲਾ ਮਨੁੱਖ ਹੀ ਹਾਸਲ ਕਰਦਾ ਹੈ ।੨।

11. ਹੇ ਪਿਆਰੇ ! ਜਿਹੜਾ ਮਨੁੱਖ ਕਿਸੇ ਸ੍ਵਾਗ ਧਾਰੀ ਨਾਲ ਪਿਆਰ ਪਾ ਲੈਂਦਾ ਹੈ ।

2. ਪਰ, ਜਦੋਂ ਉਹ ਸਾਂਗ ਲਾਹ ਦਿਤਾ ਜਾਏ; ਤਦੋਂ ਉਹ ਪਿਆਰ ਪਾਣ ਵਾਲਾ ਅਸਲੀਅਤ ਵੇਖ ਕੇ ਪਛਤਾਂਦਾ ਹੈ ।

13. ਹੇ ਭਾਈਓ ! ਜਿਵੇਂ ਬੱਦਲਾਂ ਦੀ ਛਾਂ (ਨੂੰ ਟਿਕਵੀਂ ਛਾਂ ਸਮਝ ਕੇ ਉਸ) ਨਾਲ ਵਰਤਨ ਕਰਨਾ ਹੈ ।

14. ਤਿਵੇਂ ਹੀ ਇਹ ਜਗਤ ਪਸਾਰਾ ਮੋਹ ਆਦਿਕ ਵਿਕਾਰਾਂ ਦਾ ਮੂਲ ਹੈ ।੩।

15. ਹੇ ਭਾਈਓ ! ਜੇ ਕੋਈ ਮਨੁੱਖ ਪ੍ਰਮਾਤਮਾਂ ਦਾ ਨਾਮ ਖਜ਼ਾਨਾ ਪ੍ਰਾਪਤ ਕਰ ਲਏ ।

16. ਅਸਲ ਵਿਚ ਉਸੇ ਦਾ ਹੀ ਜੀਵਨ ਦਾ ਅਸਲ ਕੰਮ ਕਿਸੇ ਸਿਰੇ ਚੜ੍ਹਦਾ ਹੈ ।

ਪ੍ਰ:–ਸ੍ਰੀ ਜੀਉ ! ਜਗਤ ਵਿਚ ਜੰਮਿਆ ਹੋਇਆ ਕਿਸ ਦਾ ਪ੍ਰਵਾਨ ਹੈ ?

17. ਉ:–ਹੇ ਭਾਈ ! ਜਿਸ ਨੇ ਗੁਰੂ ਦੀ ਕ੍ਰਿਪਾ ਨਾਲ ਪ੍ਰਮੇਸ਼ਰ ਜੀ ਦਾ ਨਾਮ ਹਾਸਲ ਕਰ ਲਿਆ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਗਤ ਵਿਚ ਜੰਮਿਆਂ ਉਹੀ ਮਨੁੱਖ (ਲੋਕ

ਪ੍ਰਲੋਕ ਵਿਚ) ਕਬੂਲ ਹੁੰਦਾ ਹੈ ।੪।੨੦।੩੩।

ਭਾਵਾਰਥ : ਜਨਮ ਧਾਰ ਕੇ ਤਾਂ ਸਾਰੇ ਹੀ ਜਗਤ ਵਿਚ ਆਏ ਹਨ, ਪਰ ਇਹ ਨਾਮ ਜਪਣ ਦਾ ਕੰਮ ਕੋਈ ਵਿਰਲਾ ਭਾਗਵਾਨ ਹੀ ਹਾਸਲ ਕਰਦਾ ਹੈ, ਆਮ ਲੋਕ ਤਾਂ ਨਾਸਵੰਤ ਮਾਇਕ ਰਸਾਂ ਵਿਚ ਲਗੇ ਹੋਏ ਅਮੋਲਕ ਜੀਵਨ ਵਿਅਰਥ ਹੀ ਗੁਜ਼ਾਰ ਜਾਂਦੇ ਹਨ ।

ਭੈਰਉ ਮਹਲਾ ੫ ॥

1. **ਸੰਤ ਕੀ ਨਿੰਦਾ ਜੋਨੀ ਭਵਨਾ ॥**
2. **ਸੰਤ ਕੀ ਨਿੰਦਾ ਰੋਗੀ ਕਰਨਾ ॥**
3. **ਸੰਤ ਕੀ ਨਿੰਦਾ ਦੂਖ ਸਹਾਮ ॥**
4. **ਡਾਨੁ ਦੈਤ ਨਿੰਦਕ ਕਉ ਜਾਮ ॥੧॥**
5. **ਸੰਤ ਸੰਗਿ ਕਰਹਿ ਜੋ ਬਾਦੁ ॥**
6. **ਤਿਨ ਨਿੰਦਕ ਨਾਹੀ ਕਿਛੁ ਸਾਦੁ ॥੧॥ ਰਹਾਉ ॥**
7. **ਭਗਤ ਕੀ ਨਿੰਦਾ ਕੰਧੁ ਛੇਦਾਵੈ ॥**
8. **ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥**
9. **ਭਗਤ ਕੀ ਨਿੰਦਾ ਗਰਭ ਮਹਿ ਗਲੈ ॥**
10. **ਭਗਤ ਕੀ ਨਿੰਦਾ ਰਾਜ ਤੇ ਟਲੈ ॥੨॥**
11. **ਨਿੰਦਕ ਕੀ ਗਤਿ ਕਤਹੂ ਨਾਹਿ ॥**
12. **ਆਪਿ ਬੀਜਿ ਆਪੇ ਹੀ ਖਾਹਿ ॥**
13. **ਚੋਰ ਜਾਰ ਜੂਆਰ ਤੇ ਬੁਰਾ ॥**
14. **ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥**
15. **ਪਾਰਬ੍ਰਹਮ ਕੇ ਭਗਤ ਨਿਰਵੈਰ ॥**
16. **ਸੋ ਨਿਸਤਰੈ ਜੋ ਪੂਜੈ ਪੈਰ ॥**
17. **ਆਦਿ ਪੁਰਖਿ ਨਿੰਦਕੁ ਭੋਲਾਇਆ ॥**
18. **ਨਾਨਕ ਕਿਰਤੁ ਨ ਜਾਇ ਮਿਟਾਇਆ॥੪॥੨੧॥੩੪॥**

ਪਦ ਅਰਥ :–ਨਿੰਦਾ–ਆਚਰਨ ਉਤੇ ਦੂਸ਼ਣ ਲਾਉਣੇ । ਸਹਾਮ–ਸਹਾਰਨੇ ਪੈਂਦੇ ਹਨ । ਡਾਨੁ–ਡੰਨ, ਸਜ਼ਾ । ਜਾਮ–ਜਮਰਾਜ ।੧।

ਸੰਗਿ–ਨਾਲ । ਕਰਹਿ–ਕਰਦੇ ਹਨ । ਬਾਦੁ–ਝਗੜਾ । ਸਾਦੁ–ਸੁਆਦ, ਅਨੰਦ ।੧। ਰਹਾਉ ।

ਕੰਧੁ–ਸਰੀਰ । ਛਦਾਵੈ–(ਵਿਕਾਰਾਂ ਨਾਲ) ਪ੍ਰੋ ਦੇਂਦੀ ਹੈ, ਸਰੀਰ ਟੁੱਟਦਾ ਹੈ । ਭੁੰਚਾਵੈ–ਭੁਗਾਂਦੀ ਹੈ । ਗਰਭ ਮਹਿ–ਅਨੇਕਾਂ ਜੂਨਾਂ ਵਿਚ । ਰਾਜ ਤੇ–ਉਚੀ ਆਤਮਕ ਪਦਵੀ ਤੋਂ । ਟਲੈ–ਹੇਠਾਂ ਡਿਗ ਪੈਂਦਾ ਹੈ ।੨।

ਗਤਿ–ਉਚੀ ਆਤਮਕ ਅਵਸਥਾ । ਖਾਹਿ–ਖਾਂਦਾ ਹੈ, ਫਲ ਖਾਂਦਾ ਹੈ । ਤੇ–ਤੋਂ । ਜਾਰ–ਵਿਭਚਾਰੀ । ਅਣਹੋਦਾ ਭਾਰੁ–ਉਨ੍ਹਾਂ ਵਿਕਾਰਾਂ ਦਾ ਭਾਰ ਜੋ ਪਹਿਲਾਂ ਉਸ ਦੇ ਆਪਣੇ ਅੰਦਰ ਨਹੀਂ ਸਨ ।ਨਿੰਦਕਿ–ਨਿੰਦਕ ਨੇ । ਸਿਰਿ–ਸਿਰ ਉਤੇ।੩।

ਨਿਰਵੈਰ–ਕਿਸੇ ਨਾਲ ਭੀ ਵੈਰ ਨਾ ਕਰਨ ਵਾਲੇ । ਨਿਸਤਾਰੈ–ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ । ਪੈਰ–(ਭਗਤਾਂ ਦੇ) ਪੈਰ । ਆਦਿ ਪੁਰਖਿ-ਆਦਿ ਪੁਰਖ ਨੇ । ਭੁਲਾਇਆ–ਕੁਰਾਹੇ ਪਾ ਦਿਤਾ ਹੈ । ਕਿਰਤੁ–ਕੀਤਾ ਹੋਇਆ ਕਰਮ, ਕੀਤੇ ਕਰਮਾਂ ਦੇ ਸੰਸਕਾਰਾਂ ਦਾ ਸਮੂਹ ।੪।

ਅਰਥ :-

ਪ੍ਰ:–ਸ੍ਰੀ ਜੀਉ ! ਕਈ ਲੋਕਾਂ ਨੂੰ ਵੇਖਦੇ ਹਾਂ ਕਿ ਉਹ ਗੁਰਮੁਖ ਸੰਤਾਂ ਦੀ ਬਿਨਾ ਹੀ ਕਿਸੇ ਕਾਰਨ ਤੋਂ ਨਿੰਦਾ ਹੀ ਕਰਦੇ ਰਹਿੰਦੇ ਹਨ ਕੀ; ਉਨ੍ਹਾਂ ਨੂੰ ਇਸ ਮੰਦੀ ਕ੍ਰਿਆ ਦਾ ਆਖਰ ਕੋਈ ਫਲ ਭੀ ਭੁਗਤਣਾ ਪੈਂਦਾ ਹੈ ?

1. **ਉ**:–ਹੇ ਭਾਈਓ ! ਉਨ੍ਹਾਂ ਲੋਕਾਂ ਨੂੰ ਦੰਡ ਤਾਂ ਅਨੰਤ ਹੀ ਭੋਗਣੇ ਪੈਂਦੇ ਹਨ, ਪਰ ੧੧ ਤਰ੍ਹਾਂ ਦੇ ਦੰਡ ਤਾਂ ਪ੍ਰਤਖ ਹੀ ਵੇਖਣ ਵਿਚ ਆਉਂਦੇ ਹਨ, ਜਿਵੇਂ ਕਿ, (੧) ਹੇ ਭਾਈ ! ਕਿਸੇ ਗੁਰਮੁਖ ਸੰਤ ਦੇ ਆਚਰਨ ਉਤੇ ਜੋ ਅਣਹੋਏ ਦੂਸ਼ਣ ਲਾਉਣ ਵਾਲਾ ਹੈ, ਉਹ ਮਨੁੱਖ ਕਈ ਜੂਨਾਂ ਵਿਚ ਭਟਕਦਾ ਫਿਰਦਾ ਹੈ ।

3. (੨) ਕਿਉਂਕਿ, ਉਹ ਨਿੰਦਕ ਉਨ੍ਹਾਂ ਦੂਸ਼ਣਾਂ ਦਾ ਜ਼ਿਕਰ ਕਰਦਾ ਕਰਦਾ ਆਪ ਹੀ ਆਪਣੇ ਆਪ ਨੂੰ ਉਨ੍ਹਾਂ ਦੂਸ਼ਣਾਂ ਦਾ ਸ਼ਿਕਾਰ ਬਣਾ ਲੈਂਦਾ ਹੈ, ਭਾਵ, ਸੰਤਾਂ ਦੀ ਨਿੰਦਾ ਨੇ ਉਸ ਦੇ ਸਰੀਰ ਵਿਚ ਅਨੇਕਾਂ ਤਰ੍ਹਾਂ ਦੇ ਰੋਗ ਪੈਦਾ ਕਰ ਦੇਣੇ ਹਨ ।

3. (੩) ਇਸ ਦਾ ਨਤੀਜਾ ਆਖਰ ਇਹੋ ਨਿਕਲਦਾ ਹੈ ਕਿ; ਇਥੇ ਜਗਤ ਵਿਚ ਉਹ ਮਨੁੱਖ ਉਸ ਨਿੰਦਾ ਦੇ ਕਾਰਨ (ਕਈ ਆਤਮਕ) ਦੁੱਖ ਸਹਾਰਦਾ ਰਹਿੰਦਾ ਹੈ ।

4. (੪) ਹ ਭਾਈਓ ! ਅਜਿਹੇ ਨਿੰਦਕ ਨੂੰ (ਅਗਾਹਾਂ ਪ੍ਰਲੋਕ ਵਿਚ ਭੀ) ਜਮਰਾਜ ਸਜ਼ਾ ਦੇਂਦਾ ਹੈ ।੧।

ਪ੍ਰ:–ਸ੍ਰੀ ਜੀਉ ! ਕਈ ਲੋਕ ਬਗੈਰ ਹੀ ਕਾਰਨ ਤੋਂ ਸੰਤਾਂ ਨਾਲ ਝਗੜਾ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਜੀਵਨ ਵਿਚ ਕੀ ਘਾਟ ਰਹਿੰਦੀ ਹੈ ?

5. **ਉ**:–ਹੇ ਭਾਈ ! ਜਿਹੜੇ ਮਨੁੱਖ ਪ੍ਰਮਾਤਮਾਂ ਦੇ ਭਗਤਾਂ ਨਾਲ ਝਗੜਾ ਖੜਾ ਕਰੀ ਰਖਦੇ ਹਨ ।

6. (੫) ਨਿਸ਼ਚਾ ਰਖ, ਉਨ੍ਹਾਂ ਨਿੰਦਕਾਂ ਨੂੰ ਜੀਵਨ ਦਾ ਕੋਈ ਭੀ ਆਤਮਕ ਅਨੰਦ ਨਹੀਂ ਪ੍ਰਾਪਤ ਹੁੰਦਾ, (ਭਾਵ ਉਹ ਜੀਵਨ ਨਿਸਫਲ ਗਵਾ ਜਾਂਦ ਹਨ) ।੧। ਰਹਾਉ ।

7. (੬) ਹੇ ਭਾਈ ! ਕਿਸੇ ਗੁਰਮੁਖ ਸੰਤ ਉਤੇ ਚਿਕੜ ਸੁਟਣ ਨਾਲ ਮਨੁੱਖ ਆਪਣੇ ਹੀ ਸਰੀਰ ਨੂੰ ਉਨ੍ਹਾਂ ਦੂਸ਼ਣਾਂ ਨਾਲ ਪ੍ਰੋ ਲੈਂਦਾ ਹੈ ।

8. (੭) ਹੇ ਪਿਆਰੇ ! (ਇਸ ਤਰ੍ਹਾਂ) ਗੁਰਮੁਖ ਦੀ ਨਿੰਦਾ (ਨਿੰਦਾ ਕਰਨ ਵਾਲੇ ਨੂੰ) ਨਰਕ (ਦਾ ਦੁੱਖ) ਭੁਗਾਂਦੀ ਹੈ ।

9. (੮) ਹੇ ਭਾਈ ! ਇਸੇ ਨਿੰਦਾ ਦੇ ਕਾਰਨ ਮਨੁੱਖ ਅਨੇਕ ਜੂਨਾਂ ਵਿਚ ਗਲਦਾ ਫਿਰਦਾ ਹੈ ।

10. (੯) ਇਸ ਨਿੰਦਾ ਦੇ ਕਾਰਨ ਹੀ ਹੇ ਭਾਈ ! ਨਿੰਦਕ ਉਚੀ ਆਤਮਕ ਪਦਵੀ ਤੋਂ ਹੇਠਾਂ ਡਿਗ ਪੈਂਦਾ ਹੈ ।੨।

11. (੧੦) ਹੇ ਪਿਆਰੇ ! ਇਹ ਵਿਸ਼ਵਾਸ਼ ਰਖੋ ਕਿ, ਦੂਜਿਆਂ ਉਤੇ ਚਿੱਕੜ ਸੁਟਣ ਵਾਲੇ ਨਿੰਦਕ ਦੀ ਆਪਣੀ ਉਚੀ ਆਤਮਕ ਅਵਸਥਾ ਕਦੇ ਭੀ ਨਹੀਂ ਬਣਦੀ ।

12 (੧੧) ਹੇ ਭਾਈ ! ਇਸ ਤਰ੍ਹਾਂ ਨਿੰਦਕ ਨਿੰਦਾ ਦਾ ਇਹ ਮਾੜਾ ਬੀਜ ਬੀਜ ਕੇ ਆਪ ਹੀ ਉਸ ਦਾ ਫਲ ਖਾਂਦਾ ਹੈ ।

ਪ੍ਰ:–ਸ੍ਰੀ ਜੀਉ ! ਦਸੋ, ਅਜਿਹੇ ਨਿੰਦਕ ਨੂੰ ਕਿਤਨਾ ਕੁ ਵਡਾ ਦੋਸ਼ੀ ਮੰਨਣਾ ਚਾਹੀਦਾ ਹੈ ?

13. ਹੇ ਭਾਈਓ ! ਅਸਲ ਵਿਚ ਤਾਂ ਨਿੰਦਾ ਕਰਨ ਵਾਲਾ ਮਨੁੱਖ ਚੋਰਾਂ ਨਾਲੋਂ, ਵਿਭਚਾਰੀ ਨਾਲੋਂ, ਜੁਆਰੀਆਂ ਨਾਲੋਂ ਭੀ ਭੈੜਾ ਸਾਬਤ ਹੁੰਦਾ ਹੈ ।

14. (ਕਿਉਂਕਿ) ਨਿੰਦਕ ਨੇ ਆਪਣੇ ਸਿਰ ਉਤੇ ਸਦਾ ਉਨ੍ਹਾਂ ਵਿਕਾਰਾਂ ਦਾ ਭਾਰ ਚੁਕਿਆ ਹੁੰਦਾ ਹੈ, ਜੋ ਪਹਿਲੇ ਉਸ ਦੇ ਅੰਦਰ ਨਹੀਂ ਸਨ ।੩।

ਪ੍ਰ:–ਸ੍ਰੀ ਜੀਉ ! ਉਸ ਸੰਤ ਦੇ ਨਿੰਦਕ ਨੂੰ ਇਤਨਾ ਦੋਸ਼ੀ ਕਿਉਂ ਮੰਨਿਆਂ ਗਿਆ ਹੈ ?

15. ਉ:–ਹੇ ਭਾਈਓ ! ਅਸਲ ਵਿਚ ਉਹ ਨਿੰਦਕ ਇਤਨਾ ਦੋਸ਼ੀ ਇਸ ਲਈ ਮੰਨਿਆਂ ਗਿਆ ਹੈ ਕਿ, ਉਹ ਉਨ੍ਹਾਂ ਭਗਤਾਂ ਦੀ ਨਿੰਦਾ ਕਰਦਾ ਹੈ ਜੋ ਕਿ, ਪ੍ਰਮੇਸ਼ਰ ਦੇ ਭਗਤ ਕਿਸੇ ਨਾਲ ਭੀ ਵੈਰ ਨਹੀਂ ਰਖਦੇ ।

ਪ੍ਰ:–ਸ੍ਰੀ ਜੀਉ ! ਕੀ ਅਜਿਹੇ ਸੰਤਾਂ ਤੋਂ ਕਿਸੇ ਨੂੰ ਕੋਈ ਲਾਭ ਭੀ ਪ੍ਰਾਪਤ ਹੋ ਸਕਦਾ ਹੈ ?

16. ਉ:–ਹੇ ਭਾਈਓ ! ਜਿਹੜਾ ਭੀ ਮਨੁੱਖ ਅਜਿਹੇ ਸੰਤਾਂ ਦੀ ਸ਼ਰਨ ਵਿਚ ਆਉਂਦਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ।

5. ਸ੍ਰੀ ਜੀਉ ! ਜਦ ਕਿ, ਨਿੰਦਕ ਨੂੰ ਨਿੰਦਾ ਕਰਨ ਦਾ ਇਤਨਾ ਬੱਜਰ ਦੋਸ਼ ਲਗਦਾ ਹੈ, ਤਾਂ ਉਹ ਇਸ ਨਿੰਦਾ ਦੇ ਦੋਸ਼ ਨੂੰ ਤਿਆਗਦਾ ਕਿਉਂ ਨਹੀਂ ?

17. ਉ:–ਹੇ ਭਾਈਓ ! ਤਿਆਗਣਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ, ਅਸਲ ਵਿਚ ਨਿੰਦਕ ਦੇ ਭੀ ਕੀ ਵੱਸ ਹੈ ? ਕਿਉਂਕਿ, ਜਦੋਂ ਪ੍ਰਮਾਤਮਾਂ ਨੇ ਆਪ ਹੀ ਨਿੰਦਕ ਨੂੰ ਗਲਤ ਰਸਤੇ ਪਾ ਰਖਿਆ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਪਿਛਲੇ ਅਨੇਕਾਂ ਜਨਮ ਦੇ ਕੀਤੇ ਹੋਏ ਨਿੰਦਾ ਦੇ ਕਰਮਾਂ ਦੇ ਸੰਸਕਾਰਾਂ ਦਾ ਢੇਰ ਉਸ ਪਾਸੋਂ ਆਪਣੇ ਉੱਦਮ ਨਾਲ ਮਿਟਾਇਆ ਨਹੀਂ ਜਾਂਦਾ ।੪।੨੧।੩੪।

ਭਾਵਾਰਥ :–ਇਸ ਮਹਾਂਵਾਕ ਵਿਚ ਮਹਾਂ ਪੁਰਖਾਂ ਦੀ ਨਿੰਦਾ ਕਰਨ ਵਾਲੇ ਨੂੰ ਮਹਾਂ ਬੱਜਰ ਦੋਸ਼ੀ ਬਿਆਨ ਕੀਤਾ ਗਿਆ ਹੈ, ਭਾਵੇਂ ਉਸ ਨਿੰਦਕ ਨੂੰ ਨਿੰਦਾ ਦੇ ਦੋਸ਼ ਦਾ ਅਣਗਿਣਤ ਹੀ ਫਲ ਭੋਗਣਾ ਪੈਂਦਾ ਹੈ, ਪਰ, ਪਰਤੱਖ ੧੧ ਪ੍ਰਕਾਰ ਦਾ ਦੰਡ ਤਾਂ ਉਸ ਨੂੰ ਅਵੱਸ਼ ਹੀ ਭੋਗਦਾ ਵੇਖਣ ਵਿਚ ਆਉਂਦਾ ਹੈ, ਪਰ, ਜੇ ਕੋਈ ਉਸ ਮਹਾਂ ਪੁਰਖ ਦੀ ਸ਼ਰਨ ਵਿਚ ਆ ਜਾਵੇ ਤਾਂ ਉਸ ਦਾ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਾ ਭੀ ਸਹਿਜੇ ਹੀ ਹੋ ਜਾਂਦਾ ਹੈ ।

ਭੈਰਉ ਮਹਲਾ ੫ ॥

1. ਨਾਮੁ ਹਮਾਰੈ ਬੇਦ ਅਰੁ ਨਾਦ ॥
2. ਨਾਮੁ ਹਮਾਰੈ ਪੂਰੇ ਕਾਜ ॥
3. ਨਾਮੁ ਹਮਾਰੈ ਪੂਜਾ ਦੇਵ ॥
4. ਨਾਮੁ ਹਮਾਰੈ ਗੁਰ ਕੀ ਸੇਵ ॥੧॥
5. ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ ॥
6. ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ ॥
7. ਨਾਮੁ ਹਮਾਰੈ ਮਜਨ ਇਸਨਾਨੁ ॥
8. ਨਾਮੁ ਹਮਾਰੈ ਪੂਰਨ ਦਾਨੁ ॥
9. ਨ ਮੁ ਲੈਤ ਤੇ ਸਗਲ ਪਵੀਤ ॥
10. ਨਾਮੁ ਜਪਤ ਮੇਰੇ ਭਾਈ ਮੀਤ ॥੨॥
11. ਨਾਮੁ ਹਮਾਰੈ ਸਉਣ ਸੰਜੋਗ ॥
12. ਨਾਮੁ ਹਮਾਰੈ ਤ੍ਰਿਪਤਿ ਸੁਭੋਗ ॥
13. ਨਾਮੁ ਹਮਾਰੈ ਸਗਲ ਆਚਾਰ ॥
14. ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥
15. ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥
16. ਸਗਲ ਜਨਾ ਕੀ ਹਰਿ ਹਰਿ ਟੇਕ ॥
17. ਮਨਿ ਤਨਿ ਨਾਨਕ ਹਰਿ ਗੁਣ ਗਾਉ ॥
18. ਸਾਧ ਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥

ਪਦ ਅਰਥ :–ਹਮਾਰੈ–ਸਾਡੇ ਵਾਸਤੇ, ਮੇਰੇ ਵਾਸਤੇ । ਬੇਦ–ਵੇਦ (ਸ਼ਾਸਤ੍ਰ ਆਦਿਕਾਂ ਦੀ ਚਰਚਾ) । ਨਾਦ–(ਜੋਗੀਆਂ ਦੇ ਸਿੰਙੀ ਆਦਿਕ) ਵਜਾਣੇ । ਅਰੁ–ਅਤੇ (ਅਰਿ ਵੈਰੀ) । ਪੂਜਾ ਦੇਵ–ਦੇਵ ਪੂਜਾ ।੧।

ਗੁਰਿ ਪੂਰੈ–ਪੂਰੇ ਗੁਰੂ ਨੇ । ਦ੍ਰਿੜਿਓ–ਮੇਰੇ ਹਿਰਦੇ ਵਿਚ ਪੱਕਾ ਕਰ ਦਿਤਾ ਹੈ । ਤੇ–ਤੋਂ ।੧। ਰਹਾਉ ।

ਮਜਨ–ਚੁੱਭੀ, ਇਸ਼ਨਾਨ । ਤੇ–ਉਹ ਬੰਦੇ । ਸਗਲ–ਸਾਰੇ । ਪਵੀਤ–ਚੰਗੇ ਆਚਰਨ ਵਾਲੇ ।੨।

ਸਉਣ–ਸ਼ਗਨ (ਵੀਚਾਰਨੇ) । ਸੰਜੋਗ–ਨਛੱਤ੍ਰਾਂ ਦਾ ਮੇਲ ਵੀਚਾਰਨਾ, ਮਹੂਰਤ ਵਿਚਾਰਨੇ । ਤ੍ਰਿਪਤਿ–ਰੱਜ । ਸੁਭੋਗ–ਸੁਆਦਲੇ ਭੋਗਾਂ ਦੀ । ਆਚਾਰ–ਕਰਮ ਕਾਂਡ, ਤੀਰਥ ਆਦਿਕ ਮਿਥੇ ਹੋਏ ਧਰਮ ਕਰਮ । ਬਿਉਹਾਰ–ਕਾਰ ਵਿਹਾਰ ।੩।

ਜਾ ਕੈ ਮਨਿ–ਜਿਸ (ਮਨੁੱਖ) ਦੇ ਮਨ ਵਿਚ । ਟੇਕ–ਆਸਰਾ । ਮਨਿ–ਮਨ ਵਿਚ । ਤਨਿ–ਸਰੀਰ ਵਿਚ । ਗੁਣ

ਗਾਉ–ਸਿਫਤ ਸਲਾਹ, ਗੁਣਾਂ ਦਾ ਗਾਇਨ। ਸਾਧ ਸੰਗਿ– ਸਾਧ ਸੰਗਤ ਵਿਚ ।੪।

ਅਰਥ :–

ਪ੍ਰ:–ਗੁਰਦੇਵ ਜੀਉ ! ਕੀ ਤੁਹਾਡੇ ਮੱਤ ਅਨੁਸਾਰ ਵੇਦ ਸ਼ਾਸਤ੍ਰ ਆਦਿਕਾਂ ਦੀ ਚਰਚਾ ਕਰਦੇ ਰਹਿਣ ਨਾਲ ਭੀ ਕੋਈ ਲਾਭ ਹਾਸਲ ਹੁੰਦਾ ਹੈ ?

1. ਉ:–ਹੇ ਭਾਈਓ ! ਅਸਲ ਵਿਚ, ਜਦੋਂ ਤੋਂ ਗੁਰੂ ਨੇ ਮੇਰੇ ਅੰਦਰ ਹਰਿ ਨਾਮ ਦ੍ਰਿੜ੍ਹ ਕਰ ਦਿਤਾ ਹੈ, ਤਦੋਂ ਤੋਂ ਪ੍ਰਮਾਤਮਾਂ ਦਾ ਨਾਮ ਹੀ ਮੇਰੇ ਵਾਸਤੇ ਵੇਦ (ਸ਼ਾਸਤ੍ਰ ਆਦਿਕਾਂ ਦੀ ਵੀਚਾਰ ਚਰਚਾ ਹੈ) ਅਤੇ ਜੋਗੀਆਂ ਦਾ ਸਿੰਙੀ ਆਦਿਕ ਵਜਾਣਾ (ਭੀ ਨਾਮ ਹੀ) ਹੋ ਚੁੱਕਾ ਹੈ।

2. (ਕਿਉਂਕਿ) ਪ੍ਰਮਾਤਮਾਂ ਦਾ ਨਾਮ ਹੀ ਮੇਰੇ ਸਾਰੇ ਕੰਮ ਸਿਰੇ ਚਾੜ੍ਹਦਾ ਹੈ।

3. ਅਤੇ ਹੇ ਭਾਈ ! ਇਹ ਹਰਿ ਨਾਮ ਹੀ ਮੇਰੇ ਵਾਸਤੇ ਦੇਵ ਪੂਜਾ ਹੈ।

4. ਨਾਮ ਹੀ ਸਿਮਰਦੇ ਰਹਿਣਾ ਮੇਰੇ ਵਾਸਤੇ ਗੁਰੂ ਦੀ ਸੇਵਾ ਭਗਤੀ ਕਰਨੀ ਹੈ ।੧।

5. ਹੇ ਭਾਈਓ ! ਅਸਲ ਵਿਚ ਹੁਣ ਪੂਰੇ ਗੁਰੂ ਨੇ (ਮੇਰੇ ਹਿਰਦੇ ਵਿਚ) ਪ੍ਰਮੇਸ਼ਰ ਦਾ ਨਾਮ (ਹੀ) ਪੱਕਾ ਕਰਕੇ ਟਿਕਾ ਦਿਤਾ।

6. ਐ ਪਿਆਰੇ ! ਹੁਣ ਮੈਨੂੰ ਨਿਹਚਾ ਹੋ ਗਿਆ ਹੈ ਕਿ ਸਭਨਾਂ ਕੰਮਾਂ ਨਾਲੋਂ ਪ੍ਰਮਾਤਮਾਂ ਦਾ ਨਾਮ ਸਿਮਰਨ ਦਾ ਕੰਮ (ਹੀ) ਸਰੇਸ਼ਟ ਹੈ ।੧। ਰਹਾਉ।

ਪ੍ਰ:–ਸ੍ਰੀ ਜੀਉ ! ਤੀਰਥਾਂ ਦੇ ਇਸ਼ਨਾਨ ਕਰਨ ਬਾਰੇ ਆਪ ਦੇ ਕੀ ਵਿਚਾਰ ਹਨ ?

7. ਉ:–ਹੇ ਭਾਈ ! ਹੁਣ ਤਾਂ ਹਰਿ ਨਾਮ ਜਪਦੇ ਰਹਿਣਾ ਹੀ ਮੇਰੇ ਵਾਸਤੇ ਪੁਰਬਾਂ ਸਮੇਂ ਦਾ ਇਸ਼ਨਾਨ ਕਰਦੇ ਰਹਿਣਾ ਹੈ।

8. ਅਤੇ (ਤੀਰਥਾਂ ਤੇ ਜਾ ਕੇ) ਸਭ ਕੁਝ (ਬ੍ਰਾਹਮਣਾਂ ਨੂੰ) ਦਾਨ ਕਰ ਦੇਣਾ ਇਹ ਭੀ ਮੇਰੇ ਵਾਸਤੇ ਨਾਮ ਦਾ ਸਿਮਰਨ ਹੀ ਹੋ ਗਿਆ ਹੈ।

ਪ੍ਰ:–ਗੁਰਦੇਵ ਜੀਉ ! ਆਖਰ, ਨਾਮ ਸਿਮਰਨ ਦਾ ਫਲ ਕੀ ਪ੍ਰਾਪਤ ਹੁੰਦਾ ਹੈ ?

9. ਉ:–ਹੇ ਪਿਆਰਿਓ ! ਜਿਹੜੇ ਮਨੁੱਖ ਨਾਮ ਜਪਦੇ ਹਨ ਉਹ ਸਾਰੇ ਸੁਚੇ, ਪਵਿਤ੍ਰ ਜੀਵਨ ਵਾਲੇ ਬਣ ਜਾਂਦੇ ਹਨ।

10. ਅਤੇ ਨਾਮ ਜਪਣ ਵਾਲੇ ਹੀ ਮੇਰੇ ਭਰਾ ਹਨ, ਮੇਰੇ ਮਿੱਤ੍ਰ ਹਨ ।੨।

ਪ੍ਰ:–ਕਿਉਂ ਜੀ ! ਕਾਰਾਂ ਵਿਹਾਰਾਂ ਦੀ ਸਫਲਤਾ ਲਈ ਅਨੇਕਾਂ ਲੋਕੀ ਸ਼ਗਨ, ਮਹੂਰਤਾਂ ਕਢਾਂਦੇ ਹਨ, ਇਨ੍ਹਾਂ ਬਾਰੇ ਆਪ ਦੇ ਕੀ ਸ਼ੁਭ ਵਿਚਾਰ ਹਨ ?

11. ਉ:–ਹੇ ਭਾਈਓ ! ਕਾਰਾਂ ਵਿਹਾਰਾਂ ਦੀ ਸਫਲਤਾ ਲਈ (ਲੋਕੀ ਠੀਕ ਹੈ ਕਿ) ਸ਼ਗਨ (ਵੀਚਾਰਦੇ ਹਨ) ਮਹੂਰਤਾਂ (ਕਢਾਂਦੇ ਹਨ) ਪਰ; ਮੇਰੇ ਵਾਸਤੇ ਤਾਂ (ਕੇਵਲ) ਹਰਿ ਨਾਮ ਹੀ ਸਭ ਕੁਝ ਹੈ।

12. ਹੇ ਭਾਈਓ ! ਦੁਨੀਆਂ ਦੇ ਸੁਆਦਲੇ ਪਦਾਰਥਾਂ ਨੂੰ ਖਾ ਖਾ ਕੇ ਰੱਜਣਾ (ਇਹ ਸਾਰਾ ਸੁਆਦ) ਮੇਰੇ ਵਾਸਤੇ ਹਰਿ ਨਾਮ ਦਾ ਹੀ ਸਿਮਰਨ ਹੈ।

13.14 ਹੇ ਭਾਈ ! (ਤੀਰਥ ਯਾਤ੍ਰਾ ਆਦਿਕ ਮਿਥੇ ਹੋਏ) ਸਾਰੇ ਧਰਮ ਕਰਮ ਮੇਰੇ ਵਾਸਤੇ ਪ੍ਰਮਾਤਮਾਂ ਦਾ ਨਾਮ ਹੀ ਹੈ, ਇਹੋ ਮੇਰੇ ਲਈ ਪਵਿਤ੍ਰ ਕਾਰ ਵਿਹਾਰ ਹੈ ।੩।

15. ਹੇ ਭਾਈ ! ਜਿਸ ਮਨੁੱਖ ਦੇ ਮਨ ਵਿਚ ਸਿਰਫ ਪ੍ਰਮਾਤਮਾਂ ਆ ਵਸਿਆ ਹੈ।

16. ਉਸ ਨੂੰ ਇਹ ਵਿਸ਼ਵਾਸ਼ ਹੋ ਆਉਂਦਾ ਹੈ ਕਿ, ਪ੍ਰਮਾਤਮਾਂ (ਦਾ ਨਾਮ ਹੀ) ਸਾਰੇ ਜੀਵਾਂ ਦਾ ਸਹਾਰਾ ਹੈ।

17. ਹੇ ਭਾਈ ! ਜੋ ਮਨੁੱਖ ਮਨੋ ਤਨੋ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਹ ਭਾਗਾਂ ਵਾਲਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਇਹ ਕੰਮ ਉਹੀ ਪੁਰਖ ਕਰਦਾ ਹੈ, ਜਿਸ ਨੂੰ ਪ੍ਰਮਾਤਮਾਂ ਸਾਧ ਸੰਗਤ ਵਿਚ ਰਖ ਕੇ ਆਪਣੇ ਨਾਮ ਦੀ ਦਾਤ ਦੇਂਦਾ ਹੈ ।੪।੨੨।੩੫।

ਭਾਵਾਰਥ :–ਜਿਤਨੇ ਭੀ ਸੰਸਾਰ ਵਿਚ ਜਪ ਤਪ ਕਰਮ ਧਰਮ ਤੀਰਥ ਇਸ਼ਨਾਨ ਆਦਿਕ ਹਨ, ਇਨ੍ਹਾਂ ਸਾਰਿਆਂ ਤੋਂ ਉੱਤਮ ਕਰਮ ਕੇਵਲ ਨਾਮ ਜਪਣਾ ਹੀ ਹੈ, ਪਰ ਇਸ ਦੀ ਪ੍ਰਾਪਤੀ ਗੁਰੂ ਦੁਆਰੇ ਹੀ ਹੁੰਦੀ ਹੈ।

ਭੈਰਉ ਮਹਲਾ ੫ ॥

1. ਨਿਰਧਨ ਕਉ ਤੁਮ ਦੇਵਹੁ ਧਨਾ ॥
2. ਅਨਿਕ ਪਾਪ ਜਾਹਿ ਨਿਰਮਲ ਮਨਾ ॥
3. ਸਗਲ ਮਨੋਰਥ ਪੂਰਨ ਕਾਮ ॥
4. ਭਗਤ ਅਪੁਨੇ ਕਉ ਦੇਵਹੁ ਨਾਮ ॥੧॥
5. ਸਫਲ ਸੇਵਾ ਗੋਪਾਲ ਰਾਇ ॥
6. ਕਰਨ ਕਰਾਵਨਹਾਰ ਸੁਆਮੀ
ਤਾ ਤੇ ਬਿਰਥਾ ਕੋਇ ਨ ਜਾਇ ॥੧॥ ਰਹਾਉ ॥
7. ਰੋਗੀ ਕਾ ਪ੍ਰਭ ਖੰਡਹੁ ਰੋਗੁ ॥
8. ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥
9. ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥
10. ਦਾਸ ਅਪਨੇ ਕਉ ਭਗਤੀ ਲਾਵਹੁ ॥੨॥
11. ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥
12. ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥
13. ਸਗਲ ਭਇਆਨ ਕਾ ਭਉ ਨਸੈ ॥
14. ਜਨ ਅਪਨੇ ਕੈ ਹਰਿ ਮਨਿ ਬਸੈ ॥੩॥
15. ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥
16. ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥

17. **ਕਰਿ ਕਿਰਪਾ ਸੰਤ ਟਹਲੈ ਲਾਇ ॥**
18. **ਨਾਨਕ ਸਾਧੂ ਸੰਗਿ ਸਮਾਇ ॥੪॥੨੩॥੩੬॥**

ਪਦ ਅਰਥ:–ਨਿਰਧਨ ਕਉ–ਕੰਗਾਲ ਨੂੰ। ਦੇਵਹੁ–ਤੂੰ ਦੇਂਦਾ ਹੈਂ। ਧਨਾ–ਨਾਮ ਧਨ। ਜਾਹਿ–ਦੂਰ ਹੋ ਜਾਂਦੇ ਹਨ। ਨਿਰਮਲ–ਪਵਿਤ੍ਰ। ਮਨੋਰਥ–ਲੋੜਾਂ।੧।

ਸੇਵਾ–ਭਗਤੀ। ਸਫਲ–ਫਲ ਦੇਣ ਵਾਲੀ। ਕਰਾਵਨਹਾਰ–(ਜੀਵਾਂ ਪਾਸੋਂ) ਕਰਾ ਸਕਣ ਵਾਲਾ। ਤਾ ਤੇ–ਉਸ (ਪ੍ਰਭੂ ਦੇ ਦਰ) ਤੋਂ। ਬਿਰਥਾ–ਖਾਲੀ, ਬੇ-ਮੁਰਾਦ।੧। ਰਹਾਉ।

ਪ੍ਰਭ–ਹੇ ਪ੍ਰਭੂ। ਖੰਡਹੁ–ਤੂੰ ਨਾਸ ਕਰਦਾ ਹੈਂ। ਸੋਗ–ਗਮ। ਥਾਨਿ–(ਇੱਜ਼ਤ ਵਾਲੀ) ਥਾਂ ਤੇ।੨।

ਦੇਤੇ–ਤੂੰ ਦੇਂਦਾ ਹੈਂ। ਮਾਨੁ–ਆਦਰ। ਮੂੜ ਮੁਗਧੁ–ਮਹਾਂ ਮੂਰਖ। ਚਤੁਰ–ਸਿਆਣਾ। ਸੁਗਿਆਨੁ–ਗਿਆਨਵਾਨ। ਭਇਆਨ–ਡਰ ਦੇਣ ਵਾਲੇ, ਡਰਾਣ ਵਾਲੇ। ਭਉ–ਡਰ। ਜਨ ਕੈ ਮਨਿ–ਜਨ ਦੇ ਮਨ ਵਿਚ।੩।

ਨਿਧਾਨ–ਖਜ਼ਾਨਾ। ਗਿਆਨੁ–ਆਤਮਕ ਜੀਵਨ ਦੀ ਸੂਝ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ। ਕਰਿ–ਕਰ ਕੇ। ਲਾਏ–ਲਾਂਦਾ ਹੈ। ਸੰਗਿ–ਸੰਗਤ ਵਿਚ। ਸਮਾਇ–ਲੀਨ ਰਹਿੰਦਾ ਹੈ।੪।

ਅਰਥ :–

ਪ੍ਰ:–ਸ੍ਰੀ ਜੀਉ! ਨਾਮ ਦੀ ਪ੍ਰਾਪਤੀ ਹੋਣ ਵਾਲ ਮਨੁੱਖ ਦੀ ਆਪ ਜੀ ਕੀ ਪਛਾਣ ਅਨੁਭਵ ਕਰਦੇ ਹੋ ?

1. **ਉ:**–ਹੇ ਭਾਈ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਪ੍ਰਭੂ ਜੀ! ਤੂੰ (ਜਿਸ) ਨਾਮ ਧਨ ਤੋਂ ਸਖਣੇ ਕੰਗਾਲ ਮਨੁੱਖ ਨੂੰ (ਆਪਣਾ ਨਾਮ) ਧਨ ਦੇਂਦਾ ਹੈਂ।
2. (ਉਸ ਦੀ ਪਛਾਣ ਇਹੋ ਹੀ ਹੈ ਕਿ) ਉਸ ਦੇ ਅਨੇਕਾਂ ਪਾਪ ਦੂਰ ਹੋ ਜਾਂਦੇ ਹਨ; **ਅਤੇ** ਉਸ ਦਾ ਮਨ ਪਵਿਤ੍ਰ ਹੋ ਜਾਂਦਾ ਹੈ।
3. ਉਸ ਦੀਆਂ ਸਾਰੀਆਂ ਹੀ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ, ਸਿਰੇ ਚੜ੍ਹ ਜਾਂਦੇ ਹਨ।
4. ਹੇ ਪ੍ਰਭੂ ਜੀਉ! ਤੂੰ ਆਪਣੇ ਭਗਤ ਨੂੰ (ਆਪ ਹੀ) ਆਪਣਾ ਨਾਮ ਦੇਂਦਾ ਹੈਂ।੧।
5. ਹੇ ਭਾਈਓ! ਉਸ ਸ੍ਰਿਸ਼ਟੀ ਦੇ ਮਾਲਕ ਪ੍ਰਭੂ ਪਾਤਸ਼ਾਹ ਦੀ ਭਗਤੀ (ਸਦਾ) ਫਲ ਦੇਣ ਵਾਲੀ ਹੈ।
6. ਹੇ ਭਾਈ! ਉਹ ਮਾਲਕ ਪ੍ਰਭੂ ਸਭ ਕੁਝ ਕਰਨ ਦੀ ਸਮਰਥਾ ਵਾਲਾ ਹੈ ਤੇ ਜੀਵਾਂ ਪਾਸੋਂ ਸਭ ਕੁਝ ਕਰਾ ਸਕਦਾ ਹੈ ਅਤੇ ਉਸ ਦੇ ਦਰ ਤੋਂ ਕੋਈ ਭੀ ਜੀਵ ਖਾਲੀ ਨਹੀਂ ਜਾਂਦਾ।੧। ਰਹਾਉ।
7. ਹੇ ਸਾਈਆਂ ਜੀਉ! ਤੂੰ (ਆਪਣਾ ਨਾਮ ਦਾਰੂ ਦੇ ਕੇ) ਰੋਗੀ ਦਾ ਰੋਗ ਨਾਸ ਕਰ ਦੇਂਦਾ ਹੈਂ।
8. ਅਤੇ ਦੁਖੀਏ ਦਾ ਗਮ ਮਿਟਾ ਦੇਂਦਾ ਹੈਂ।
9. ਹੇ ਪ੍ਰਭੂ! ਜਿਸ ਨੂੰ ਕਿਤੇ ਭੀ ਸਹਾਰਾ ਨਹੀਂ ਮਿਲਦਾ, ਤੂੰ ਉਸ ਨੂੰ (ਆਪਣਾ ਨਾਮ ਬਖਸ਼ ਕੇ) ਇੱਜ਼ਤ ਵਾਲੀ ਥਾਂ ਤੇ ਬਿਠਾ ਦੇਂਦਾ ਹੈਂ।
10. ਹੇ ਸਾਈਆਂ ਜੀਉ! ਤੂੰ ਆਪਣੇ ਸੇਵਕ ਨੂੰ ਆਪ ਹੀ ਆਪਣੀ ਭਗਤੀ ਵਿਚ ਜੋੜਦਾ ਹੈਂ।੨।
11. ਹੇ ਪ੍ਰਭੂ ਜੀਉ! ਜਿਸ ਮਨੁੱਖ ਨੂੰ ਕਿਤੇ ਭੀ ਆਦਰ ਸਤਿਕਾਰ ਨਹੀਂ ਮਿਲਦਾ, ਉਸ ਨੂੰ ਤੂੰ (ਆਪਣੀ ਭਗਤੀ ਦੀ ਦਾਤ ਦੇ ਕੇ ਹਰ ਥਾਂ) ਇੱਜ਼ਤ ਬਖਸ਼ਦਾ ਹੈ।
12. ਹੇ ਸਾਈਆਂ ਜੀਉ! ਤੇਰੀ ਭਗਤੀ ਦੀ ਬਰਕਤ ਨਾਲ ਮਹਾਂ ਮੂਰਖ ਮਨੁੱਖ (ਭੀ) ਸਿਆਣਾ ਹੋ ਜਾਂਦਾ ਹੈ, ਗਿਆਨਵਾਨ ਹੋ ਜਾਂਦਾ ਹੈ।
13. (ਉਸ ਦੇ ਮਨ ਵਿਚੋਂ) ਸਾਰੇ ਡਰਾਣ ਵਾਲਿਆਂ **ਦਾ** ਡਰ ਦੂਰ ਹੋ ਜਾਂਦਾ ਹੈ।
14. ਹੇ ਪਿਆਰੇ! ਇਉਂ ਹੀ ਨਿਸਚਾ ਰਖੋ ਕਿ, ਪ੍ਰਮਾਤਮਾਂ ਆਪਣੇ ਸੇਵਕ ਦੇ (ਸਦਾ ਹੀ) ਮਨ ਵਿਚ ਵਸਦਾ ਹੈ।੩।
15. ਹੇ ਭਾਈਓ! ਉਹ ਪ੍ਰਮੇਸ਼ਰ ਪ੍ਰਭੂ ਸਾਰੇ ਸੁਖਾਂ ਦਾ ਖਜ਼ਾਨਾ ਹੈ।
16. ਅਤੇ ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਆਤਮਕ ਜੀਵਨ ਦੀ ਸੂਝ ਦੇਂਦਾ ਹੈ, ਰਾਜ ਸਮਝਾਂਦਾ ਹੈ।

ਪ੍ਰ:–ਸ੍ਰੀ ਜੀਉ! ਹਰ ਮਨੁੱਖ ਸਾਧ ਸੰਗਤ ਵਿਚ ਆਪਣਾ ਨਿਵਾਸ ਕਿਉਂ ਨਹੀਂ ਰਖਦਾ ?

17. **ਉ:**–ਹੇ ਭਾਈਓ! ਚਾਹੁੰਦੇ ਤਾਂ ਸਾਰੇ ਹੀ ਹਨ, ਪਰ, ਮਿਹਰ ਕਰ ਕੇ ਜਿਸ ਮਨੁੱਖ ਨੂੰ ਉਹ ਆਪ ਸੰਤ ਜਨਾਂ ਦੀ ਸੇਵਾ ਵਿਚ ਜੋੜਦਾ ਹੈ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਹੀ ਮਨੁੱਖ (ਸਦਾ) ਸਾਧ ਸੰਗਤ ਵਿਚ ਟਿਕਿਆ ਰਹਿੰਦਾ ਹੈ।੪।੨੩।੩੬।

ਭਾਵਾਰਥ :–ਹਰ ਮਨੁੱਖ ਆਪਣੇ ਹਰ ਮਨੋਰਥ ਪੂਰੇ ਕਰਦੇ ਰਹਿਣ ਦਾ ਜਤਨ ਕਰਦਾ ਹੈ, ਉਹ ਸਫਲ ਨਹੀਂ ਹੁੰਦਾ, ਪਰ ਜਦੋਂ ਉਸ ਨੂੰ ਹਰੀ ਦਾ ਨਾਮ ਮਿਲ ਜਾਏ ਤਾਂ ਉਸ ਦੇ ਸਾਰੇ ਹੀ ਕੰਮ ਸੁਭਾਵਕ ਹੀ ਪੂਰੇ ਹੋ ਜਾਂਦੇ ਹਨ, ਪਰ ਇਹ ਨਾਮ ਦੀ ਦਾਤ ਮਿਲਦੀ ਕੇਵਲ ਸਾਧ ਸੰਗਤ ਵਿਚੋਂ ਹੀ ਹੈ।

ਭੈਰਉ ਮਹਲਾ ੫ ॥

1. **ਸੰਤ ਮੰਡਲ ਮਹਿ ਹਰਿ ਮਨਿ ਵਸੈ ॥**
2. **ਸੰਤ ਮੰਡਲ ਮਹਿ ਦੁਰਤੁ ਸਭੁ ਨਸੈ ॥**
3. **ਸੰਤ ਮੰਡਲ ਮਹਿ ਨਿਰਮਲ ਰੀਤਿ ॥**
4. **ਸੰਤ ਸੰਗਿ ਹੋਇ ਏਕ ਪਰੀਤਿ ॥੧॥**
5. **ਸੰਤ ਮੰਡਲੁ ਤਹਾ ਕਾ ਨਾਉ ॥**
6. **ਪਾਰਬ੍ਰਹਮ ਕੇਵਲ ਗੁਣ ਗਾਉ ॥੧॥ ਰਹਾਉ ॥**

7. **ਸੰਤ ਮੰਡਲ ਮਹਿ ਜਨਮ ਮਰਣੁ ਰਹੈ ॥**
8. **ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ ॥**
9. **ਸੰਤ ਸੰਗਿ ਹੋਇ ਨਿਰਮਲ ਬਾਣੀ ॥**
10. **ਸੰਤ ਮੰਡਲ ਮਹਿ ਨਾਮੁ ਵਖਾਣੀ ॥੨॥**
11. **ਸੰਤ ਮੰਡਲ ਕਾ ਨਿਹਚਲ ਆਸਨੁ ॥**
12. **ਸੰਤ ਮੰਡਲ ਮਹਿ ਪਾਪ ਬਿਨਾਸਨੁ ॥**
13. **ਸੰਤ ਮੰਡਲ ਮਹਿ ਨਿਰਮਲ ਕਥਾ ॥**
14. **ਸੰਤ ਸੰਗਿ ਹਉਮੈ ਦੁਖ ਨਸਾ ॥੩॥**
15. **ਸੰਤ ਮੰਡਲ ਕਾ ਨਹੀ ਬਿਨਾਸੁ ॥**
16. **ਸੰਤ ਮੰਡਲ ਮਹਿ ਹਰਿ ਗੁਣਤਾਸੁ ॥**
17. **ਸੰਤ ਮੰਡਲ ਠਾਕੁਰ ਬਿਸ੍ਰਾਮੁ ॥**
18. **ਨਾਨਕ ਓਤਿ ਪੋਤਿ ਭਗਵਾਨੁ ॥੪॥੨੪॥੩੭॥**

ਪਦ ਅਰਥ :–ਸੰਤ ਮੰਡਲ–ਸਾਧ ਸੰਗਤਿ। ਮਨਿ–ਮਨ ਵਿਚ। ਵਸੈ–ਆ ਵਸਦਾ ਹੈ। ਦੁਰਤੁ–ਪਾਪ। ਰੀਤਿ–ਜੀਵਨ ਦੀ ਮਰਯਾਦਾ, ਜੀਵਨ ਜੁਗਤ । ਨਿਰਮਲ–ਵਿਕਾਰਾਂ ਦੀ ਮੈਲ ਤੋਂ ਸਾਫ (ਰਖਣ ਵਾਲੀ) । ਸੰਤ ਸੰਗਿ–ਸਾਧ ਸੰਗਤ ਵਿਚ। ਏਕ ਪਰੀਤਿ–ਇਕ ਪ੍ਰਮਾਤਮਾਂ ਦਾ ਪਿਆਰ।੧।

ਤਹਾ ਕਾ–ਉਸ (ਥਾਂ) ਦਾ। ਕੇਵਲ–ਸਿਰਫ। ਗੁਣ ਗਾਉ–ਗੁਣਾਂ ਦਾ ਗਾਇਨ, ਸਿਫਤ ਸਲਾਹ।੧। ਰਹਾਉ।

ਰਹੈ–ਮੁੱਕ ਜਾਂਦਾ ਹੈ । ਨਿਰਮਲ ਬਾਣੀ–ਪਵਿਤ੍ਰ ਕਰਨ ਵਾਲੀ ਬਾਣੀ (ਦਾ ਉਚਾਰ)। ਵਖਾਣੀ–ਉਚਾਰਿਆ ਜਾਂਦਾ ਹੈ।੨।

ਨਿਹਚਲ–(ਵਿਕਾਰਾਂ ਵਲੋਂ) ਅਡੋਲ । ਆਸਨੁ–(ਹਿਰਦਾ) ਆਸਣ। ਨਸਾ–ਨੱਠ ਜਾਂਦਾ ਹੈ,ਦੂਰ ਹੋ ਜਾਂਦਾ ਹੈ।੩।

ਗੁਣਤਾਸੁ–ਗੁਣਾਂ ਦਾ ਖਜ਼ਾਨਾ। ਠਾਕੁਰ ਬਿਸ੍ਰਾਮੁ–ਮਾਲਕ ਪ੍ਰਭੂ ਦਾ ਨਿਵਾਸ। ਓਤਿ–ਉਣੇ ਹੋਏ ਦੇ ਵਿਚ। ਪੋਤਿ–ਪ੍ਰੋਤੇ ਹੋਏ ਵਿਚ। ਓਤਿ ਪੋਤਿ–ਤਾਣੇ ਪੇਟੇ ਵਿਚ, ਜਿਵੇਂ ਤਾਣੇ ਪੇਟੇ ਦੇ ਧਾਗੇ ਆਪੋ ਵਿਚ ਮਿਲੇ ਹੁੰਦੇ ਹਨ।੪।

ਅਰਥ :–

ਪ੍ਰ:–ਸ੍ਰੀ ਜੀਉ! ਅਨੇਕਾਂ ਭੇਖ ਧਾਰੀ ਲੋਕਾਂ ਨੂੰ ਮੁਖੋਂ ਹਰਿ ਹਰਿ ਨਾਮ ਉਚਾਰਨ ਕਰਦੇ ਵੇਖੀਦਾ ਹੈ, ਪਰ, ਉਨ੍ਹਾਂ ਦੇ ਨਾਲ ਜਦੋਂ ਭੀ ਵੀਚਾਰ ਵਟਾਂਦਰਾ ਕਰਦੇ ਹਾਂ, ਤਾਂ ਉਨ੍ਹਾਂ ਨੂੰ ਭੀ ਅੰਤਰ ਆਤਮੇਂ ਨਾਮ ਤੋਂ ਸਖਣੇ ਵੇਖੀਦਾ ਹੈ ਸੋ, ਆਪ ਹੀ ਗੁਰਮਤਿ ਅਨੁਸਾਰ ਕੋਈ ਸਹੀ ਸਾਧਨ ਦਸੋ, ਜਿਸ ਦੀ ਬਰਕਤ ਨਾਲ ਹਰੀ ਦਾ ਨਾਮ ਮਨ ਵਿਚ ਵਸ ਸਕਦਾ ਹੋਵੇ ?

1. ਉ:–ਹੇ ਭਾਈਓ! ਗੁਰਮਤਿ ਅਨੁਸਾਰ ਤਾਂ ਸਾਧ ਸੰਗਤ ਵਿਚ (ਰਿਹਾਂ) ਹੀ ਪ੍ਰਮਾਤਮਾਂ (ਮਨੁੱਖ ਦੇ) ਮਨ ਵਿਚ ਆ ਵਸਦਾ ਹੈ, (ਭਾਵ, ਪ੍ਰਗਟ ਹੋ ਪੈਂਦਾ ਹੈ)।
2. ਅਤੇ ਸਾਧ ਸੰਗਤ ਵਿਚ ਟਿਕਿਆਂ (ਹੀ) ਹਿਰਦੇ ਵਿਚੋਂ ਹਰੇਕ ਕਿਸਮ ਦਾ ਪਾਪ ਦੂਰ ਹੋ ਜਾਂਦਾ ਹੈ।
3. ਹੇ ਭਾਈ ! ਸਾਧ ਸੰਗਤ ਵਿਚ ਰਿਹਾਂ (ਮਨੁੱਖ ਦੀ) ਜੀਵਨ ਜੁਗਤ ਵਿਕਾਰਾਂ ਦੀ ਮੈਲ ਤੋਂ ਸਾਫ ਰਖਣ ਵਾਲੀ ਬਣ ਜਾਂਦੀ ਹੈ।
4. ਅਤੇ ਸਾਧ ਸੰਗਤ ਦੀ ਬਰਕਤ ਨਾਲ (ਹੀ) ਇਕ ਪ੍ਰਮਾਤਮਾਂ ਦਾ ਪਿਆਰ (ਹਿਰਦੇ ਵਿਚ ਪੈਦਾ) ਹੋ ਜਾਂਦਾ ਹੈ।੧।

ਪ੍ਰ.–ਸ੍ਰੀ ਜੀਉ ! ਆਖਰ ਗੁਰਮਤਿ ਵਿਚ ਸਾਧ ਸੰਗਤ ਕਿਸ ਨੂੰ ਕਿਹਾ ਗਿਆ ਹੈ ?

5.6 ਉ –ਹੇ ਭਾਈਓ ! (ਸਾਧ ਸੰਗਤ) ਅਸਲ ਵਿਚ ਉਸ ਥਾਂ ਦਾ ਨਾਮ ਹੈ ਜਿਥੇ ਸਿਰਫ ਪ੍ਰਮੇਸਰ ਦੀ ਸਿਫਤ ਸਲਾਹ ਹੁੰਦੀ ਹੋਵੇ।੧। ਰਹਾਉ।

ਪ੍ਰ:–ਕਿਉਂ ਜੀ ! ਉਸ ਸੰਗਤ ਵਿਚ ਰਿਹਾਂ ਹੋਰ ਕੀ ਲਾਭ ਹਾਸਲ ਹੁੰਦਾ ਹੈ ?

7. ਉ:–ਹੇ ਭਾਈ ! ਸਾਧ ਸੰਗਤ ਵਿਚ ਰਿਹਾਂ ਜਨਮ ਮਰਨ (ਦਾ ਗੇੜ) ਮੁਕ ਜਾਂਦਾ ਹੈ ॥
8. ਹੇ ਪਿਆਰੇ ! ਉਸ ਸਾਧ ਸੰਗਤ ਵਿਚ ਰਿਹਾਂ ਜਮਰਾਜ ਕੋਈ (ਭੀ) ਡਰਾਵਾ ਨਹੀਂ ਦੇ ਸਕਦਾ।

9.10 (ਕਿਉਂਕਿ) ਹੇ ਭਾਈ ! ਸਾਧ ਸੰਗਤ ਵਿਚ (ਜੀਵਨ ਨੂੰ) ਪਵਿਤ੍ਰ ਕਰਨ ਵਾਲੀ ਬਾਣੀ ਦਾ ਉਚਾਰਨ ਹੁੰਦਾ ਹੈ, (ਉਥੇ) ਪ੍ਰਮੇਸ਼ਰ ਦਾ ਨਾਮ (ਹੀ) ਉਚਾਰਿਆ ਜਾਂਦਾ ਹੈ।੨।

11. ਹੇ ਭਾਈਓ ! ਸਾਧ ਸੰਗਤ ਦਾ ਟਿਕਾਣਾ (ਐਸਾ ਹੈ ਕਿ ਉਥੇ ਟਿਕਣ ਵਾਲੇ ਵਿਕਾਰਾਂ ਦੇ ਹੱਲਿਆਂ ਤੋਂ) ਅਡੋਲ (ਰਹਿੰਦੇ ਹਨ) ।
12. ਹੇ ਭਾਈ ! ਸਾਧ ਸੰਗਤ ਵਿਚ ਰਿਹਾਂ (ਸਾਰੇ) ਪਾਪਾਂ ਦਾ ਨਾਸ ਹੋ ਜਾਂਦਾ ਹੈ।
13. ਐ ਪਿਆਰ ! ਸਾਧ ਸੰਗਤ ਵਿਚ ਪ੍ਰਮਾਤਮਾਂ ਦੀ ਸਿਫਤ ਸਲਾਹ ਹੁੰਦੀ ਰਹਿੰਦੀ ਹੈ, ਜੋ (ਮਨੁੱਖ ਨੂੰ) ਵਿਕਾਰਾਂ ਦੀ ਮੈਲ ਤੋਂ ਬਚਾਈ ਰਖਦੀ ਹੈ।
14. ਹੇ ਭਾਈਓ ! ਸਾਧ ਸੰਗਤ ਵਿਚ ਰਹਿ ਕੇ ਹਉਮੈਂ (ਤੋਂ ਪੈਦਾ ਹੋਣ ਵਾਲੇ ਸਾਰੇ) ਦੁੱਖ ਦੂਰ ਹੋ ਜਾਂਦੇ ਹਨ।੩।
15. ਐ ਪਿਆਰੇ ! ਸਾਧ ਸੰਗਤ ਦੇ ਵਾਯੂ ਮੰਡਲ ਦਾ ਕਦੇ ਭੀ ਨਾਸ ਨਹੀਂ ਹੁੰਦਾ।
16. (ਕਿਉਂਕਿ) ਸਾਧ ਸੰਗਤ ਵਿਚ ਗੁਣਾਂ ਦਾ ਖਜ਼ਾਨਾ ਪ੍ਰਮਾਤਮਾਂ (ਆਪ ਹੀ ਸਦਾ) ਵਸਦਾ ਹੈ।
17. ਹੇ ਭਾਈਓ ! ਸਾਧ ਸੰਗਤ ਵਿਚ ਸਦਾ (ਹੀ) ਮਾਲਕ ਪ੍ਰਭੂ ਦਾ ਨਿਵਾਸ ਹੈ।
18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਭਗਵਾਨ ਪ੍ਰਭੂ (ਸਾਧ ਸੰਗਤ ਵਿਚ) ਤਾਣੇ ਪੇਟੇ ਵਾਂਗ ਮਿਲਿਆ ਰਹਿੰਦਾ ਹੈ।੪।੨੪।੩੭।

ਭਾਵਾਰਥ :–ਇਸ ਮਹਾਂਵਾਕ ਵਿਚ ਸਤਿਗੁਰੂ ਜੀ ਨੇ ਸਾਧ ਸੰਗਤ ਵਿਚ ਰਹਿਣ ਨਾਲ ਅਨੇਕਾਂ ਹੀ ਲਾਭ ਦਰਸਾਏ

ਹਨ, ਜੋ ਕਿ ਕਿਸੇ ਹੋਰ ਸਾਧਨ ਕਰਦੇ ਰਹਿਣ ਨਾਲ ਨਹੀਂ ਹਾਸਲ ਹੋ ਸਕਦੇ, ਇਸ ਲਈ ਹਰ ਪ੍ਰਾਣੀ ਮਾਤ੍ਰ ਨੂੰ ਸਦਾ ਹੀ ਸਾਧ ਸੰਗਤ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1 ਰੋਗੁ ਕਵਨੁ ਜਾਂ ਰਾਖੈ ਆਪਿ ॥
2. ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥
3. ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ॥
4. ਤਿਸੁ ਊਪਰ ਤੇ ਕਾਲੁ ਪਰਹਰੈ ॥੧॥
5. ਸਦਾ ਸਖਾਈ ਹਰਿ ਹਰਿ ਨਾਮੁ ॥
6. ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ
ਨਿਕਟਿ ਨ ਆਵੈ ਤਾ ਕੈ ਜਾਮੁ ॥੧॥ ਰਹਾਉ ॥
7. ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥
8. ਕਵਨ ਮੂਲ ਤੇ ਕਿਆ ਪ੍ਰਗਟਾਇਆ ॥
9. ਆਪਹਿ ਮਾਰਿ ਆਪਿ ਜੀਵਾਲੈ ॥
10. ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥੨॥
11. ਸਭ ਕਿਛੁ ਜਾਣਹੁ ਤਿਸ ਕੈ ਹਾਥ ॥
12. ਪ੍ਰਭੁ ਮੇਰੋ ਅਨਾਥ ਕੋ ਨਾਥ ॥
13. ਦੁਖ ਭੰਜਨੁ ਤਾ ਕਾ ਹੈ ਨਾਉ ॥
14. ਸੁਖ ਪਾਵਹਿ ਤਿਸ ਕੇ ਗੁਣ ਗਾਉ ॥੩॥
15. ਸੁਣਿ ਸੁਆਮੀ ਸੰਤਨ ਅਰਦਾਸਿ ॥
16. ਜੀਉ ਪ੍ਰਾਨ ਧਨ ਤੁਮ੍ਹਰੈ ਪਾਸਿ ॥
17. ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥
18. ਕਰਿ ਕਿਰਪਾ ਨਾਨਕ ਸੁਖੁ ਪਾਏ ॥੪॥੨੫॥੩੮॥

ਪਦ ਅਰਥ :—ਕਵਨ-ਕਿਹੜਾ ? । ਜਾਂ-ਜਦੋਂ । ਸੰਤਾਪੁ-ਕਲੇਸ਼ । ਤਿਸੁ ਊਪਰ ਤੇ-ਉਸਦੇ ਸਿਰ ਉਤੋਂ । ਕਾਲੁ-ਮੌਤ, ਮੌਤ ਦਾ ਡਰ। ਪਰਹਰੈ-ਦੂਰ ਕਰ ਦੇਂਦਾ ਹੈ ।੧।

ਸਖਾਈ-ਸਾਥੀ, ਮਿੱਤਰ। ਚੀਤਿ-ਚਿਤ ਵਿਚ। ਤਾ ਕੈ ਨਿਕਟਿ-ਉਸ ਦੇ ਨੇੜੇ। ਜਾਮੁ-ਜਮੁ ।੧। ਰਹਾਉ ।

ਇਹੁ-ਇਹ ਜੀਵ। ਨ ਸੋ-ਨਹੀਂ ਸੀ। ਕਿਨਹਿ-ਕਿਸ ਨੇ ?। ਮੂਲ ਤੇ-ਮੁੱਢ ਤੋਂ । ਕਿਆ-ਕੈਸਾ ਸੋਹਣਾ। ਆਪਹਿ-ਆਪ ਹੀ। ਮਾਰਿ-ਮਾਰੇ, ਮਾਰਦਾ ਹੈ। ਜੀਵਾਲੈ-ਜਿੰਦ ਪਾ ਦੇਂਦਾ ਹੈ । ਕਉ-ਨੂੰ । ਪ੍ਰਤਿਪਾਲੈ-ਰਖਿਆ ਕਰਦਾ ਹੈ ।੨।

ਸਭ ਕਿਛੁ-ਹਰੇਕ ਤਾਕਤ । ਅਨਾਥ ਕੋ ਨਾਥ-ਨਿਖਸਮਿਆਂ ਦਾ ਖਸਮ। ਦੁਖ ਭੰਜਨੁ-ਦੁਖਾਂ ਦਾ ਨਾਸ ਕਰਨ ਵਾਲਾ। ਤਾ ਕਾ-ਉਸ (ਪ੍ਰਮਾਤਮਾਂ) ਦਾ। ਪਾਵਹਿ-ਤੂੰ ਪ੍ਰਾਪਤ ਕਰੇਂਗਾ। ਗਾਉ-ਗਾਇਆ ਕਰ ।੩।

ਸੁਆਮੀ-ਹੇ ਸੁਆਮੀ, ਮਾਲਕ ਪ੍ਰਭੂ । ਜੀਉ-ਜਿੰਦ। ਪਾਸਿ-ਹਵਾਲੇ। ਸਭ-ਸਾਰੀ ਲੁਕਾਈ ।੪।

ਅਰਥ :—

ਪ੍ਰ:-ਸ੍ਰੀ ਜੀਉ ! ਜਗਤ ਦਾ ਹਰ ਮਨੁੱਖ ਹੀ ਰੋਗੀ ਵੇਖਣ ਵਿਚ ਆਉਂਦਾ ਹੈ, ਪਰ, ਉਹ ਐਸਾ ਕਿਹੜਾ ਸਾਧਨ ਹੈ, ਜਿਸ ਦੀ ਬਰਕਤ ਨਾਲ ਮਨੁੱਖ ਨੂੰ ਕੋਈ ਭੀ ਰੋਗ ਨਾ ਵਿਆਪ ਸਕਦਾ ਹੋਵੇ ?

1. ਉ:-ਹੇ ਭਾਈ! ਵਡਾ ਸਾਧਨ ਤਾਂ ਇਕ ਪ੍ਰਭੂ ਦੀ ਰਖਿਆ ਹੈ, ਕਿਉਂਕਿ, ਜਦੋਂ ਪ੍ਰਮਾਤਮਾਂ (ਕਿਸੇ ਮਨੁੱਖ ਦੀ) ਰਖਿਆ ਕਰਦਾ ਹੈ, ਤਾਂ ਉਸ ਨੂੰ ਕੋਈ (ਭੀ) ਰੋਗ ਵਿਆਪ ਨਹੀਂ ਸਕਦਾ।

2. ਅਤੇ ਉਸ ਪੁਰਖ ਨੂੰ ਕੋਈ ਦੁੱਖ ਕੋਈ ਕਲੇਸ਼ ਭੀ ਪੋਹ ਨਹੀਂ ਸਕਦਾ।

3. ਹੇ ਭਾਈ ! ਪ੍ਰਮੇਸ਼ਰ ਜਿਸ ਮਨੁੱਖ ਉਤੇ ਮਿਹਰ ਕਰਦਾ ਹੈ ।

4. ਹੇ ਭਾਈ ! ਉਸ ਦੇ ਸਿਰ ਉਤੋਂ ਉਹ ਮੌਤ (ਦਾ ਡਰ, ਆਤਮਕ ਮੌਤ) ਦੂਰ ਕਰ ਦੇਂਦਾ ਹੈ ।੧।

ਪ੍ਰ:-ਸ੍ਰੀ ਜੀਉ ! ਕੋਈ ਅਜਿਹਾ ਸਾਥੀ ਦਸੋ, ਜੋ ਕਿ ਮਨੁੱਖ ਦਾ ਸਦਾ ਹੀ ਸਾਥ ਦੇ ਸਕਦਾ ਹੋਵੇ ?

5. ਉ:-ਹੇ ਭਾਈਓ ! ਇਹ ਵਿਸ਼ਵਾਸ਼ ਰਖੋ ਕਿ ਇਕ ਪ੍ਰਮੇਸ਼ਰ ਦਾ ਨਾਮ (ਹੀ ਮਨੁੱਖ ਦਾ) ਸਦਾ ਸਾਥੀ ਹੈ।

6. ਐ ਪਿਆਰੇ ! ਜਿਸ ਮਨੁੱਖ ਦੇ ਚਿੱਤ ਵਿਚ ਹਰਿ ਨਾਮ ਆ ਵਸਦਾ ਹੈ, ਉਹ ਸਦਾ ਆਤਮਕ ਅਨੰਦ ਮਾਣਦਾ ਹੈ ਅਤੇ ਜਮ ਰਾਜ ਉਸ ਦੇ ਨੇੜੇ ਨਹੀਂ ਆਉਂਦਾ, (ਉਸ ਨੂੰ ਮੌਤ ਦਾ ਡਰ ਨਹੀਂ ਰਹਿੰਦਾ, ਆਤਮਕ ਮੌਤ ਉਸ ਦੇ ਨੇੜੇ ਨਹੀਂ ਢੁੱਕਦੀ) ।੧। ਰਹਾਉ।

ਪ੍ਰ:-ਸ੍ਰੀ ਜੀਉ ! ਉਸ ਪ੍ਰਮੇਸ਼ਰ ਦੇ ਹੋਣ ਬਾਰੇ ਤਾਂ ਭਾਵੇਂ ਅਨੇਕਾਂ ਹੀ ਧਾਰਮਕ ਸ਼ਾਸਤ੍ਰ ਅਤੇ ਮਹਾਂ ਪੁਰਸ਼ਾਂ ਦੇ ਰਾਹੀਂ ਹਮੇਸ਼ਾਂ ਹੀ ਸੁਣਦੇ ਆ ਰਹੇ ਹਾਂ, ਪਰ, ਜਦੋਂ ਉਹ ਵੇਖਣ ਵਿਚ ਹੀ ਨਹੀਂ ਆ ਰਿਹਾ, ਤਾਂ ਉਸ ਦੀ ਹੋਂਦ ਨੂੰ ਮੰਨਣ ਵਿਚ ਸ਼ੰਕਾ ਹੀ ਬਣੀ ਰਹਿੰਦੀ ਹੈ, ਇਸ ਬਾਰੇ ਕੋਈ ਆਪ ਹੀ ਸੋਝੀ ਦਿਓ, ਤਾਂ ਕਿ ਮਨ ਵਿਚ ਕੁਝ ਉਸ ਦੇ ਹੋਣ ਦਾ ਧਰਵਾਸ ਹੋ ਸਕੇ ?

7. ਉ.-ਹੇ ਭਾਈਓ ! ਉਹ ਪ੍ਰਮੇਸ਼ਰ, ਤ੍ਰਿਗੁਣੀ ਪਦਾਰਥਾਂ ਵਾਂਗ ਅਸਥੂਲ ਰੂਪ ਨਹੀਂ, ਜਿਸ ਨੂੰ ਕਿ ਇਨ੍ਹਾਂ ਅਸਥੂਲ ਅੱਖਾਂ ਨਾਲ ਵੇਖ ਸਕੋ, ਉਸ ਨੂੰ ਤਾਂ ਕੇਵਲ ਵੀਚਾਰ ਦ੍ਰਿਸ਼ਟੀ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ, ਜਿਵੇਂ ਕਿ ਵੇਖੋ, ਜਦੋਂ ਕਿ ਇਹ ਜੀਵ ਪਹਿਲਾਂ ਹੈ ਹੀ ਨਹੀਂ ਸੀ (ਤਾਂ ਦਸੋ) ਤਦੋਂ (ਉਸ ਪ੍ਰਮੇਸ਼ਰ ਤੋਂ ਬਿਨਾ ਹੋਰ) ਇਸ ਜੀਵ ਨੂੰ ਕਿਸ ਨੇ ਪੈਦਾ ਕਰ ਸਕਣਾ ਸੀ ?

8. ਹੇ ਭਾਈ ! ਵੇਖੋ, ਉਸ ਪ੍ਰਮਾਤਮਾਂ ਨੇ ਕਿਸ ਮੁੱਢ ਤੋਂ (ਭਾਵ ਪਿਤਾ ਦੀ ਬੂੰਦ ਤੋਂ) ਇਸ ਦੀ ਕੈਸੀ ਸੋਹਣੀ ਸੂਰਤ ਬਣਾ ਦਿਤੀ ਹੈ, ਅਰਥਾਤ ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤਕੀਏ

ਭੈਰਉ ਮਹਲਾ ੫ ॥

1. ਤੇਰੀ ਟੇਕ ਰਹਾ ਕਲਿ ਮਾਹਿ ॥
2. ਤੇਰੀ ਟੇਕ ਤੇਰੇ ਗੁਣ ਗਾਹਿ ॥
3. ਤੇਰੀ ਟੇਕ ਨ ਪੋਹੈ ਕਾਲੁ ॥
4. ਤੇਰੀ ਟੇਕ ਬਿਨਸੈ ਜੰਜਾਲੁ ॥੧॥
5. ਦੀਨ ਦੁਨੀਆ ਤੇਰੀ ਟੇਕ ॥
6. ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥
7. ਤੇਰੀ ਟੇਕ ਕਰਉ ਆਨੰਦ ॥
8. ਤੇਰੀ ਟੇਕ ਜਪਉ ਗੁਰ ਮੰਤ ॥
9. ਤੇਰੀ ਟੇਕ ਤਰੀਐ ਭਉ ਸਾਗਰੁ ॥
10. ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥
11. ਤੇਰੀ ਟੇਕ ਨਾਹੀ ਭਉ ਕੋਇ ॥
12. ਅੰਤਰਜਾਮੀ ਸਾਚਾ ਸੋਇ ॥
13. ਤੇਰੀ ਟੇਕ ਤੇਰਾ ਮਨਿ ਤਾਣੁ ॥
14. ਈਹਾਂ ਊਹਾਂ ਤੂ ਦੀਬਾਣੁ ॥੩॥
15, ਤੇਰੀ ਟੇਕ ਤੇਰਾ ਭਰਵਾਸਾ ॥
16. ਸਗਲ ਧਿਆਵਹਿ ਪ੍ਰਭ ਗੁਣਤਾਸਾ ॥
17. ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥
18, ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥੨੫॥੩੮॥

ਪਦ ਅਰਥ ;—ਟੇਕ—ਆਸਰੇ । ਰਹਾ—ਰਹਾਂ, ਮੈਂ ਰਹਿੰਦਾ ਹਾਂ । ਕਲਿ ਮਾਹਿ—ਵਿਕਾਰਾਂ ਭਰੇ ਜਗਤ ਵਿਚ । (ਨੋਟ—ਕਿਸੇ ਖਾਸ 'ਜੁਗ' ਦਾ ਜ਼ਿਕਰ ਨਹੀਂ ਹੈ, ਸਾਧਾਰਨ ਤੌਰ ਤੇ ਉਸੇ ਸਮੇਂ ਦਾ ਨਾਮ ਲੈ ਦਿਤਾ ਹੈ, ਜਿਸ ਦਾ ਨਾਮ 'ਕਲਜੁਗ' ਪਿਆ ਹੋਇਆ ਹੈ । ਗਾਹਿ—(ਜਿਹੜੇ ਮਨੁੱਖ) ਗਾਂਦੇ ਹਨ । ਕਾਲੁ—ਮੌਤ, ਆਤਮਕ ਮੌਤ । ਜੰਜਾਲੁ—ਮਾਇਆ ਦੇ ਮੋਹ ਦੀ ਫਾਹੀ ।੧।

ਦੀਨ ਦੁਨੀਆ—ਪ੍ਰਲੋਕ ਵਿਚ ਤੇ ਇਸ ਲੋਕ ਵਿਚ । ਸਭ ਮਹਿ—ਸਾਰੀ ਸ੍ਰਿਸ਼ਟੀ ਵਿਚ । ਰਵਿਆ—ਵਿਆਪਕ ਹੈ । ਸਾਹਿਬੁ—ਮਾਲਕ ਪ੍ਰਭੂ ।੧। ਰਹਾਉ ।

ਕਰਉ—ਕਰਉਂ, ਮੈਂ ਕਰਦਾ ਹਾਂ, ਮੈਂ ਮਾਣਦਾ ਹਾਂ । ਜਪਉ—ਜਪਉਂ, ਮੈਂ ਜਪਦਾ ਹਾਂ । ਤਰੀਐ—ਪਾਰ ਲੰਘ ਜਾਈਦਾ ਹੈ । ਭਉ ਸਾਗਰੁ—ਸੰਸਾਰ ਸਮੁੰਦ੍ਰ । ਰਾਖਣਹਾਰੁ—ਰਖਿਆ ਕਰ ਸਕਣ ਵਾਲਾ ।੨।

ਅੰਤਰਜਾਮੀ—ਸਭ ਦੇ ਦਿਲ ਦੀ ਜਾਨਣ ਵਾਲਾ। ਸਾਚਾ—ਸਦਾ ਥਿਰ ਪ੍ਰਭੂ । ਸੋਇ—ਉਹ (ਪ੍ਰਭੂ) ਹੀ । ਮਨਿ—ਮਨ ਵਿਚ । ਤਾਣੁ—ਬਲ । ਈਹਾਂ ਊਹਾਂ—ਇਸ ਲੋਕ ਵਿਚ ਤੇ ਪ੍ਰਲੋਕ ਵਿਚ । ਦੀਬਾਣੁ—ਆਸਰਾ ।੩।

ਭਰਵਾਸਾ—ਸਹਾਰਾ । ਧਿਆਵਹਿ—ਸਿਮਰਦੇ ਹਨ । ਗੁਣਤਾਸ—ਗੁਣਾਂ ਦਾ ਖਜ਼ਾਨਾ । ਜਪਿ—ਜਪ ਕੇ । ਕਰਹਿ—ਕਰਦੇ ਹਨ ।੪।

ਤਾਂ ਸੋਝੀ ਪੈਂਦੀ ਹੈ ਕਿ ਮਾਤਾ ਪਿਤਾ ਦੇ ਦੋ ਗੰਦੇ ਪਾਣੀ ਦੀ ਬੂੰਦ ਬੂੰਦਿਆਂ ਤੋਂ ਇਹ ਸੁੰਦਰ ਦੇਹੀ ਨੂੰ ਰਚਨ ਵਾਲੀ ਕੋਈ ਅਗੰਮੀ ਸ਼ਕਤੀ ਹੈ, ਜਿਸ ਨੂੰ ਕਿ ਅਸੀਂ ਭਾਵੇਂ ਕਿਸੇ ਭੀ ਨਾਮ ਦੀ ਸੰਗਿਆ ਰਾਹੀਂ ਯਾਦ ਕਰ ਸਕਦੇ ਹਾਂ । ਇਸ ਲਈ, ਉਸ ਪ੍ਰਮੇਸ਼ਰ ਦੀ ਹੋਂਦ ਵਿਚ ਪੂਰਨ ਵਿਸ਼ਵਾਸ਼ ਰਖਣਾ ਹੀ ਯੋਗ ਹੈ ।

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦੀ ਹੋਂਦ ਵਿਚ ਕੋਈ ਹੋਰ ਉਦਾਹਰਣ ਦਿਓ ?

9. ਉ:—ਹੇ ਭਾਈਓ ! ਹੋਰ ਸੁਣੋ, ਇਹ ਜੀਵ ਨਾ ਆਪਣੇ ਆਪ ਪੈਦਾ ਹੁੰਦਾ ਹੈ, ਅਤੇ ਨਾ ਹੀ ਆਪਣੇ ਆਪ ਮਰ ਸਕਦਾ ਹੈ; ਇਸ ਲਈ ਉਹ ਆਪ ਹੀ (ਜੀਵ ਨੂੰ) ਮਾਰਦਾ ਹੈ ਆਪ ਹੀ ਪੈਦਾ ਕਰਦਾ ਹੈ ।

10, ਅਤੇ ਉਹੀ ਪ੍ਰਮਾਤਮਾਂ ਹੈ, ਜੋ ਕਿ ਆਪਣੇ ਭਗਤਾਂ ਦੀ ਆਪ ਹੀ ਸਦਾ ਰਖਿਆ ਕਰਦਾ ਹੈ ।੨।

11. ਹੇ ਭਾਈਓ ! ਇਹ ਸੱਚ ਜਾਣੋ ਕਿ, ਹਰੇਕ ਤਾਕਤ ਉਸ ਪ੍ਰਮਾਤਮਾਂ ਦੇ ਹੱਥਾਂ ਵਿਚ ਹੈ ।

12. ਹੇ ਪਿਆਰੇ, ਉਹ ਪਿਆਰਾ ਪ੍ਰਭੂ ਨਿਖਸਮਿਆਂ ਦਾ ਖਸਮ ਹੈ ।

13. ਹੇ ਭਾਈ ! ਉਸ ਦਾ ਨਾਮ ਹੀ ਹੈ [ਦੁਖ ਭੰਜਨ] (ਭਾਵ ਦੁਖਾਂ ਦਾ ਨਾਸ ਕਰਨ ਵਾਲਾ ਹੈ) ।

ਪ੍ਰ:—ਸ੍ਰੀ ਜੀਉ ! ਮੈਨੂੰ ਸੁਖਾਂ ਦੀ ਪ੍ਰਾਪਤੀ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ ?

14. ਉ:—ਹੇ ਭਾਈ ! ਤੂੰ ਉਸੇ ਪ੍ਰਭੂ ਦੇ ਗੁਣ ਗਾਇਆ ਕਰ, (ਇਸ ਤਰ੍ਹਾਂ ਤੂੰ) ਸਾਰੇ ਹੀ ਸੁਖ ਪ੍ਰਾਪਤ ਕਰੇਗਾ ।੩।

15. ਹੇ ਸੁਆਮੀ ਜੀਉ ! (ਮੈਨੂੰ ਤਾਂ ਪੂਰਨ ਵਿਸ਼ਵਾਸ਼ ਹੈ ਕਿ) ਤੂੰ ਆਪਣੇ ਸੰਤ ਜਨਾਂ ਦੀ ਅਰਜ਼ੋਈ ਸੁਣ ਲੈਂਦਾ ਹੈਂ ।

16. (ਕਿਉਂਕਿ) ਉਹ ਸੰਤ ਜਨ ਆਪਣੀ ਜਿੰਦ ਆਪਣੇ ਪ੍ਰਾਣ ਆਪਣਾ ਧਨ ਸਭ ਕੁਝ ਤੇਰੇ ਹਵਾਲੇ ਕਰੀ ਰਖਦੇ ਹਨ ।

17. ਹੇ ਪ੍ਰਭੂ ! ਇਹ ਸਾਰਾ ਜਗਤ ਤੇਰਾ ਹੀ ਪੈਦਾ ਕੀਤਾ ਹੋਇਆ ਹੈ, ਇਹ ਸਾਰੀ ਲੁਕਾਈ ਤੇਰਾ ਹੀ ਧਿਆਨ ਧਾਰਦੀ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! ਮਿਹਰ ਕਰ ਕੇ ਜਿਸ ਨੂੰ ਤੂੰ ਆਪਣਾ ਨਾਮ ਬਖਸ਼ਦਾ ਹੈਂ; ਉਹ ਮਨੁੱਖ ਆਤਮਕ ਅਨੰਦ ਮਾਣਦਾ ਹੈ ।੪।੨੫।੩੮।

ਭਾਵਾਰਥ :—ਸਾਰਾ ਹੀ ਸੰਸਾਰ ਦੁਖਾਂ ਨਾਲ ਗ੍ਰਸਤ ਹੋਇਆ ਵਿਲਕਦਾ ਵੇਖਣ ਵਿਚ ਆਉਂਦਾ ਹੈ, ਪਰ ਜਿਸ ਨੂੰ ਹਰੀ ਦੇ ਨਾਮ ਦੀ ਰਖਿਆ ਮਿਲ ਜਾਏ, ਉਸ ਨੂੰ ਕਿਸੇ ਭੀ ਤਰ੍ਹਾਂ ਦਾ ਡਰ ਤੇ ਦੁੱਖ ਨਹੀਂ ਰਹਿ ਜਾਂਦਾ । ਇਸ ਲਈ ਹਰ ਜੀਵ ਨੂੰ ਪ੍ਰਭੂ ਦਾ ਨਾਮ ਚਿੰਤਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਮੇਸ਼ਰ ਦੇ ਸਨਮੁਖ ਹੋ ਕਿਵੇਂ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ?

1. ਉ—ਹੇ ਭਾਈ, ਉਸ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਪ੍ਰਭੂ ! ਇਸ ਵਿਕਾਰ ਭਰੇ ਜਗਤ ਵਿਚ ਮੈਂ ਤੇਰੇ ਆਸਰੇ ਹੀ ਜੀਉਂਦਾ ਹਾਂ।

2. ਹੇ ਪ੍ਰਭੂ ! ਇਹ ਸਭ ਜੀਵ ਤੇਰੇ ਹੀ ਸਹਾਰੇ ਹਨ ਅਤੇ ਤੇਰੇ ਹੀ ਗੁਣ ਗਾਂਦੇ ਹਨ।

3. ਹੇ ਪ੍ਰਭੂ ! ਜਿਸ ਮਨੁੱਖ ਨੂੰ ਤੇਰਾ ਆਸਰਾ ਹੈ, ਉਸ ਉਤੇ ਆਤਮਕ ਮੌਤ ਆਪਣਾ ਪ੍ਰਭਾਵ ਨਹੀਂ ਪਾ ਸਕਦੀ।

4. ਹੇ ਪਿਆਰੇ ਪ੍ਰਭੂ ! ਤੇਰੇ ਆਸਰੇ (ਮਨੁੱਖ ਦੀ) ਮਾਇਆ ਦੇ ਮੋਹ ਦੀ ਫਾਹੀ ਟੁੱਟ ਜਾਂਦੀ ਹੈ।੧।

5. ਹੇ ਪ੍ਰਭੂ ਜੀ ! ਇਸ ਲੋਕ ਤੇ ਪ੍ਰਲੋਕ ਵਿਚ (ਅਸਾਂ ਜੀਵਾਂ ਨੂੰ) ਤੇਰਾ ਹੀ ਸਹਾਰਾ ਹੈ।

6. ਹੇ ਭਾਈ ! ਸਾਰੀ ਸ੍ਰਿਸ਼ਟੀ ਵਿਚ ਮਾਲਕ ਪ੍ਰਭੂ ਹੀ ਵਿਆਪਕ ਹੈ।੧। ਰਹਾਉ।

7. ਹੇ ਮੇਰੇ ਸਾਈਆਂ ਜੀਉ ! ਮੈਂ ਤੇਰੇ ਨਾਮ ਦਾ ਆਸਰਾ ਲੈ ਕੇ ਹੀ ਆਤਮਕ ਅਨੰਦ ਮਾਣਦਾ ਹਾਂ।

8. ਅਤੇ ਗੁਰੂ ਦਾ ਦਿਤਾ ਹੋਇਆ ਤੇਰਾ ਹੀ ਨਾਮ ਮੰਤ੍ਰ ਜਪਦਾ ਹਾਂ।

9. ਹੇ ਪ੍ਰਭੂ ਜੀਉ ! ਤੇਰੇ (ਨਾਮ ਦੇ) ਆਸਰੇ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

10. ਤੂੰ ਸਭ ਦੀ ਰਖਿਆ ਕਰਨ ਦੇ ਸਮਰੱਥ ਹੈਂ, ਤੂੰ ਸਾਰੇ ਸੁਖਾਂ ਦਾ (ਮਾਨੋਂ) ਸਮੁੰਦਰ ਹੈਂ।੨।

11. ਹੇ ਪ੍ਰਭੂ ਜੀਉ ! ਜਿਸ ਨੂੰ ਤੇਰੇ ਨਾਮ ਦਾ ਆਸਰਾ ਹੈ ਉਸਨੂੰ ਕੋਈ ਡਰ ਵਿਆਪ ਨਹੀਂ ਸਕਦਾ।

12. ਹੇ ਭਾਈ ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਹੀ ਸਭ ਦੇ ਦਿਲ ਦੀ ਜਾਨਣ ਵਾਲਾ ਹੈ।

13. ਹੇ ਪ੍ਰਭੂ ! ਸਭ ਜੀਵਾਂ ਨੂੰ ਤੇਰਾ ਹੀ ਆਸਰਾ ਹੈ, ਸਭ ਦੇ ਮਨ ਵਿਚ ਤੇਰੇ ਨਾਮ ਦਾ ਹੀ ਸਹਾਰਾ ਹੈ।

14. ਇਸ ਲੋਕ ਵਿਚ ਤੇ ਪ੍ਰਲੋਕ ਵਿਚ ਤੂੰ ਹੀ ਜੀਵਾਂ ਦਾ ਆਸਰਾ ਹੈਂ।੩।

15. ਹੇ ਪ੍ਰਭੂ ! (ਅਸਾਂ ਜੀਵਾਂ ਨੂੰ) ਤੇਰੀ ਹੀ ਟੇਕ ਹੈ, ਤੇਰਾ ਹੀ ਆਸਰਾ ਹੈ।

16. ਹੇ ਗੁਣਾਂ ਦੇ ਖਜ਼ਾਨੇ ਪ੍ਰਭੂ ! ਸਭ ਜੀਵ ਤੇਰਾ ਹੀ ਧਿਆਨ ਧਰਦੇ ਹਨ।

17. ਹੇ ਪ੍ਰਭੂ ! ਤੇਰੇ ਦਾਸ ਤੇਰਾ ਨਾਮ ਜਪ ਜਪ ਕੇ ਆਤਮਕ ਅਨੰਦ ਮਾਣਦੇ ਹਨ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ਤੂੰ ਭੀ ਸਦਾ ਕਾਇਮ ਰਹਿਣ ਵਾਲੇ ਅਤੇ ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਸਿਮਰਿਆ ਕਰ।੪।੨੬।੩੯।

ਭਾਵਾਰਥ :—ਜਿਸ ਮਨੁੱਖ ਨੂੰ ਹਰੀ ਦੀ ਟੇਕ ਮਿਲ ਜਾਏ, ਉਸ ਦੇ ਸਭ ਭਉ ਦੂਰ ਹੁੰਦੇ ਤੇ ਹਰ ਤਰ੍ਹਾਂ ਦਾ ਸੁਖ ਅਨੰਦ ਬਣਿਆ ਰਹਿੰਦਾ ਹੈ।

ਭੈਰਉ ਮਹਲਾ ੫ ॥

1. ਪ੍ਰਥਮੇ ਛੋਡੀ ਪਰਾਈ ਨਿੰਦਾ ॥
2. ਉਤਰਿ ਗਈ ਸਭ ਮਨ ਕੀ ਚਿੰਦਾ ॥
3. ਲੋਭੁ ਮੋਹੁ ਸਭੁ ਕੀਨੋ ਦੂਰਿ ॥
4. ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥੧॥
5. ਐਸੋ ਤਿਆਗੀ ਵਿਰਲਾ ਕੋਇ ॥
6. ਹਰਿ ਹਰਿ ਨਾਮੁ ਜਪੈ ਜਨੁ ਸੋਇ ॥੧॥ ਰਹਾਉ ॥
7. ਅਹੰਬੁਧਿ ਕਾ ਛੋਡਿਆ ਸੰਗੁ ॥
8. ਕਾਮ ਕ੍ਰੋਧ ਕਾ ਉਤਰਿਆ ਰੰਗੁ ॥
9. ਨਾਮ ਧਿਆਏ ਹਰਿ ਹਰਿ ਹਰੇ ॥
10. ਸਾਧ ਜਨਾ ਕੈ ਸੰਗਿ ਨਿਸਤਰੇ ॥੨॥
11. ਬੈਰੀ ਮੀਤ ਹੋਏ ਸੰਮਾਨ ॥
12. ਸਰਬ ਮਹਿ ਪੂਰਨ ਭਗਵਾਨ ॥
13. ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥
14. ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥੩॥
15. ਕਰਿ ਕਿਰਪਾ ਜਿਸੁ ਰਾਖੈ ਆਪਿ ॥
16. ਸੋਈ ਭਗਤੁ ਜਪੈ ਨਾਮ ਜਾਪ ॥
17. ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥
18. ਕਹੁ ਨਾਨਕ ਤਾ ਕੀ ਪੂਰੀ ਪਈ ॥੪॥੨੭॥੪੦॥

ਪਦ ਅਰਥ :—ਪ੍ਰਥਮੇ—ਸਭ ਤੋਂ ਪਹਿਲਾਂ। ਚਿੰਦਾ—ਚਿੰਤਾ। ਸਭੁ—ਸਾਰੇ ਦਾ ਸਾਰਾ। ਪਰਮ—ਸਭ ਤੋਂ ਉਚਾ। ਬੈਸਨੋ—ਵਿਸ਼ਨੂੰ ਦਾ ਭਗਤ, ਪਵਿਤ੍ਰ ਜੀਵਨ ਵਾਲਾ ਭਗਤ। ਪੇਖਿ—ਵੇਖ ਕੇ। ਹਜੂਰਿ—ਅੰਗ ਸੰਗ।੧।

ਐਸੋ—ਇਹੋ ਜਿਹਾ। ਜਨੁ ਸੋਇ—ਉਹੀ ਮਨੁੱਖ।੧।ਰਹਾਉ।

ਅਹੰਬੁਧਿ—ਅਹੰਕਾਰ। ਸੰਗੁ—ਸਾਥ। ਰੰਗੁ—ਪ੍ਰਭਾਵ। ਧਿਆਏ—ਧਿਆਉਂਦਾ ਹੈ। ਸੰਗਿ—ਨਾਲ।੨।

ਸੰਮਾਨ—ਇਕੋ ਜਿਹੇ, ਮਿੱਤਰਾਂ ਵਰਗੇ ਹੀ। ਪੂਰਨ—ਵਿਆਪਕ। ਆਗਿਆ—ਰਜ਼ਾ। ਮਾਨਿ—ਮੰਨ ਕੇ, ਮਿੱਠੀ ਜਾਣ ਕੇ। ਗੁਰਿ ਪੂਰੈ—ਪੂਰੇ ਗੁਰੂ ਨੇ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿਤਾ ਹੈ।੩।

ਕਰਿ—ਕਰ ਕੇ। ਮਨਿ—ਮਨ ਵਿਚ। ਪ੍ਰਗਾਸੁ—ਚਾਨਣ, ਆਤਮਕ ਜੀਵਨ ਦੀ ਸੂਝ ਦਾ ਚਾਨਣ। ਤੇ—ਤੋਂ। ਮਤਿ—ਸਿਖਿਆ। ਤਾ ਕੀ—ਉਸ ਮਨੁੱਖ ਦੀ। ਪੂਰੀ ਪਈ—ਸਫਲਤਾ ਹੋ ਗਈ।੪।

ਅਰਥ :—

ਪ੍ਰ:—ਸ੍ਰੀ ਜੀਉ ! ਤਿਆਗੀ ਅਸਲ ਰੂਪ ਵਿਚ ਕਿਸ ਨੂੰ ਕਿਹਾ ਜਾ ਸਕਦਾ ਹੈ ?

1. ਉ:–ਹੇ ਭਾਈਓ ! ਸੁਣੋ, ਅਸਲ ਵਿਚ ਇਹੋ ਜਿਹਾ ਵੈਸ਼ਨਵ ਹੀ ਅਸਲ ਤਿਆਗੀ ਹੈ, ਜੋ ਸਭ ਤੋਂ ਪਹਿਲੇ ਦੂਜਿਆਂ ਦੇ ਐਬ ਲੱਭਣੇ ਛਡ ਦੇਂਦਾ ਹੈ ।

2. (ਇਸ ਤਰ੍ਹਾਂ, ਉਸ ਦੇ ਆਪਣੇ) ਮਨ ਦੀ ਸਾਰੀ ਚਿੰਤਾ ਲਹਿ ਜਾਂਦੀ ਹੈ (ਭਾਵ ਮਨ ਤੋਂ ਵਿਕਾਰਾਂ ਦਾ ਚਿੰਤਨ ਲਹਿ ਜਾਂਦਾ ਹੈ) ।

3. ਉਹ ਮਨੁੱਖ (ਅਪਣੇ ਅੰਦਰੋਂ) ਲੋਭ ਅਤੇ ਮੋਹ ਸਾਰੇ ਦਾ ਸਾਰਾ ਦੂਰ ਕਰ ਦੇਂਦਾ ਹੈ ।੧।

4. ਹੇ ਭਾਈ ! ਪ੍ਰਮਾਤਮਾਂ ਨੂੰ ਅੰਗ ਸੰਗ ਵਸਦਾ ਵੇਖਕੇ (ਮਨੁੱਖ) ਸਭ ਤੋਂ ਉਚਾ ਵੈਸ਼ਨਵ ਬਣ ਜਾਂਦਾ ਹੈ ਉਹ ਮਨੁੱਖ ਬਾਹਰ ਦੀ ਸ਼ੁੱਚ ਦੀ ਥਾਂ ਅੰਦਰ ਦੀ ਪਵਿਤ੍ਰਤਾ ਕਾਇਮ ਰਖਦਾ ਹੈ ।

5. ਹੇ ਭਾਈ ! ਇਹੋ ਜਿਹਾ ਵੈਸ਼ਨਵ ਹੀ ਅਸਲ ਤਿਆਗੀ ਹੈ, ਪਰ, ਇਹੋ ਜਿਹਾ ਤਿਆਗੀ (ਜਗਤ ਵਿਚ) ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ ।

6. ਹੇ ਪਿਆਰੇ ! ਉਹੀ ਮਨੁੱਖ (ਸਹੀ ਅਰਥਾਂ ਵਿਚ) ਪ੍ਰਮਾਤਮਾਂ ਦਾ ਨਾਮ ਜਪਦਾ ਹੈ ।੧। ਰਹਾਉ ।

ਪ੍ਰ:–ਸ੍ਰੀ ਜੀਓ ! ਜਿਹੜਾ ਮਨੁੱਖ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਵੇਖ ਕੇ ਅਸਲ ਵੈਸ਼ਨਵ ਬਣ ਜਾਂਦਾ ਹੈ, ਉਸ ਦੀ ਪਛਾਣ ਕੀ ਹੈ ?

7. ਉ:–ਹੇ ਭਾਈ ! ਜੋ ਮਨੁੱਖ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਸਮਝ ਕੇ ਵੈਸ਼ਨਵ ਬਣ ਜਾਂਦਾ ਹੈ, ਉਹ ਅਹੰਕਾਰ ਦਾ ਸਾਥ ਛਡ ਦੇਂਦਾ ਹੈ ।

8. ਹੇ ਭਾਈ ! (ਉਸ ਦੇ ਮਨ ਤੋਂ) ਕਾਮ ਅਤੇ ਕ੍ਰੋਧ ਦਾ ਅਸਰ ਦੂਰ ਹੋ ਜਾਂਦਾ ਹੈ ।

9. ਉਹ ਮਨੁੱਖ ਸਦਾ ਪ੍ਰਮਾਤਮਾਂ ਦਾ ਨਾਮ ਸਿਮਰਦਾ ਹੈ ।

10. ਹੇ ਭਾਈਓ ! ਇਹੋ ਜਿਹੇ ਮਨੁੱਖ ਸਾਧ ਸੰਗਤ ਵਿਚ ਰਹਿਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।੨।

11. ਹੇ ਭਾਈ ! ਅਜਿਹੇ ਮਨੁੱਖ ਨੂੰ ਵੈਰੀ ਅਤੇ ਮਿੱਤਰ ਇਕੋ ਜਿਹੇ (ਮਿਤ੍ਰ ਹੀ) ਦਿਸਦੇ ਹਨ ।

12. (ਕਿਉ ਕਿ) ਉਸ ਨੂੰ ਉਹ ਭਗਵਾਨ ਸਾਰੇ ਜੀਵਾਂ ਵਿਚ ਵਿਆਪਕ ਦਿਸਦਾ ਹੈ ।

13. ਹੇ ਭਾਈਓ ! ਉਸ ਨੇ ਪ੍ਰਮਾਤਮਾਂ ਦੀ ਰਜ਼ਾ ਨੂੰ ਮਿੱਠਾ ਜਾਣ ਕੇ ਸਦਾ ਆਤਮਕ ਅਨੰਦ ਮਾਣਿਆ ਹੈ ।

14. (ਕਿਉਂਕਿ) ਪੂਰੇ ਗੁਰੂ ਨੇ ਉਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਪੱਕੇ ਤੌਰ ਤੇ ਟਿਕਾ ਦਿਤਾ ਹੈ ।੩।

15. ਹੇ ਭਾਈ ! ਉਹ ਪ੍ਰਮਾਤਮਾਂ ਆਪਣੀ ਮਿਹਰ ਕਰ ਕੇ ਜਿਸ ਮਨੁੱਖ ਦੀ ਆਪ ਰਖਿਆ ਕਰਦਾ ਹੈ ।

16. ਉਹੀ ਹੈ ਅਸਲ ਭਗਤ, ਉਹੀ ਉਸ ਦੇ ਨਾਮ ਦਾ ਜਾਪ ਜਪਦਾ ਹੈ ।

17. ਐ ਪਿਆਰੇ ! ਜਿਸ ਮਨੁੱਖ ਨੇ ਗੁਰੂ ਪਾਸੋਂ (ਜੀਵਨ ਜੁਗਤ ਦੀ) ਸਿਖਿਆ ਲੈ ਲਈ ਹੈ, ਉਸ ਦੇ ਮਨ ਵਿਚ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋ ਗਿਆ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਸ ਮਨੁੱਖ ਦੀ ਜਿੰਦਗੀ ਕਾਮਯਾਬ ਹੋ ਗਈ ਹੈ ।੪।੨੭।੪੦।

ਭਾਵਾਰਥ :–ਹਰੀ ਦਾ ਨਾਮ ਜਪਦੇ ਰਹਿਣ ਨਾਲ ਜੋ ਮਨੁੱਖ ਦੇ ਸੁਭਾ ਵਿਚ ਤਬਦੀਲੀਆਂ ਆਉਂਦੀਆਂ ਹਨ ਉਨ੍ਹਾਂ ਦਾ ਜ਼ਿਕਰ ਹਜ਼ੂਰ ਇਸ ਸ਼ਬਦ ਵਿਚ ਕਰਦੇ ਹਨ । ਇਸ ਲਈ ਮਨ ਦੇ ਮੰਦੇ ਸੁਭਾਵਾਂ ਨੂੰ ਬਦਲਣ ਲਈ ਹਰ ਪ੍ਰਾਣੀ ਨੂੰ ਨਾਮ ਜਪਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਭੈਰਉ ਮਹਲਾ ੫ ॥

1. ਸੁਖੁ ਨਾਹੀ ਬਹੁਤੈ ਧਨਿ ਖਾਟੇ ॥
2. ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥
3. ਸੁਖੁ ਨਾਹੀ ਬਹੁ ਦੇਸ ਕਮਾਏ ॥
4. ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧॥
5. ਸੂਖ ਸਹਜ ਆਨੰਦ ਲਹਹੁ ॥
6. ਸਾਧ ਸੰਗਤਿ ਪਾਈਐ ਵਡਭਾਗੀ
ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ ਰਹਾਉ ॥
7. ਬੰਧਨ ਮਾਤ ਪਿਤਾ ਸੁਤ ਬਨਿਤਾ ॥
8. ਬੰਧਨ ਕਰਮ ਧਰਮ ਹਉ ਕਰਤਾ ॥
9. ਬੰਧਨ ਕਾਟਨਹਾਰੁ ਮਨਿ ਵਸੈ ॥
10. ਤਉ ਸੁਖੁ ਪਾਵੈ ਨਿਜ ਘਰਿ ਬਸੈ ॥੨॥
11. ਸਭਿ ਜਾਚਿਕ ਪ੍ਰਭ ਦੇਵਨਹਾਰ ॥
12. ਗੁਣ ਨਿਧਾਨ ਬੇਅੰਤ ਅਪਾਰ ॥
13. ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥
14. ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥੩॥
15. ਗੁਰ ਅਪਨੇ ਆਗੈ ਅਰਦਾਸਿ ॥
16. ਕਰਿ ਕਿਰਪਾ ਪੁਰਖ ਗੁਣਤਾਸਿ ॥
17. ਕਹੁ ਨਾਨਕ ਤੁਮਰੀ ਸਰਣਾਈ ॥
18. ਜਿਉ ਭਾਵੈ ਤਿਉ ਰਖਹੁ ਗੁਸਾਈ ॥੪॥੨੮॥੪੧॥

ਪਦ ਅਰਥ :–ਧਨਿ ਖਾਟੇ–ਜੇ ਧਨ ਖੱਟਿਆ ਜਾਏ । ਬਹੁਤੈ ਧਨਿ ਖਾਟੇ–ਬਹੁਤਾ ਹੀ ਧਨ ਖੱਟਣ ਨਾਲ । ਪੇਖੇ–ਵੇਖਿਆਂ । ਨਿਰਤਿ–ਨਾਚ । ਨਾਟੇ–ਨਾਟਕ । ਕਮਾਏ–ਮਲਣ ਨਾਲ, ਬਹੁਤੇ ਮੁਲਕ ਪ੍ਰਾਪਤ ਕਰਨ ਨਾਲ । ਸਰਬ–ਸਾਰੇ । ਗਾਇ–ਗਾਇਆਂ ।੧।

ਸਹਜ–ਆਤਮਕ ਅਡੋਲਤਾ । ਪਾਈਐ–ਪਾ ਸਕੀਦਾ ਹੈ । ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ ।੧। ਰਹਾਉ ।

ਮਾਤ–ਮਾਂ । ਸੁਤ–ਪੁੱਤਰ । ਬਨਿਤਾ–ਇਸਤ੍ਰੀ ਬੰਧਨ–ਮਾਇਆ ਦੇ ਮੋਹ ਦੀਆਂ ਫਾਹੀਆਂ । ਕਰਮ ਧਰਮ–

ਮਿਥੇ ਹੋਏ ਧਾਰਮਕ ਕਰਮ (ਤੀਰਥ ਯਾਤ੍ਰਾ ਆਦਿਕ)। ਹਉ—ਹਉਂ, ਮੈਂ,। ਹਉਮੈ—ਅਹੰਕਾਰ । ਕਾਟਨਹਾਰੁ—ਕੱਟ ਸਕਣ ਵਾਲਾ ਪ੍ਰਭੂ। ਮਨਿ—ਮਨ ਵਿਚ । ਤਉ—ਤਦੋਂ । ਨਿਜ ਘਰਿ-ਆਪਣੇ ਅਸਲ ਘਰ ਵਿਚ, ਪ੍ਰਭੂ ਚਰਨਾਂ ਵਿਚ ।੨।

ਸਭਿ—ਸਾਰੇ। ਜਾਚਿਕ—ਮੰਗਤੇ । ਦੇਵਨਹਾਰ—ਸਭ ਕੁਝ ਦੇ ਸਕਣ ਵਾਲਾ। ਨਿਧਾਨੁ—ਖਜ਼ਾਨਾ । ਕਰਮੁ—ਮੇਹਰ, ਬਖਸ਼ਸ਼। ਤਿਨੈ ਜਨਿ—ਉਸੇ ਜਨ ਨੇ, ਉਸੇ ਮਨੁੱਖ ਨੇ ।੩।

ਪੁਰਖ ਗੁਣਤਾਸਿ—ਹੇ ਗੁਣਾਂ ਦੇ ਖਜ਼ਾਨੇ ਅਕਾਲ ਪੁਰਖ। ਗੁਸਾਈ—ਹੇ ਸ੍ਰਿਸ਼ਟੀ ਦੇ ਮਾਲਕ ।੪।

ਅਰਥ :—

ਪ੍ਰ:—ਸ੍ਰੀ ਜੀਉ ! ਕੀ ਸਾਰੇ ਸੁਖ ਉਨ੍ਹਾਂ ਲੋਕਾਂ ਨੂੰ ਮਿਲ ਜਾਂਦੇ ਹਨ ਜੋ ਕਿ ਬਹੁਤਾ ਧਨ ਇਕੱਠਾ ਕਰ ਲੈਂਦੇ ਹਨ, ਜਾਂ ਨਾਟਕਾਂ ਦੇ ਨਾਚ ਵੇਖਦੇ ਰਹਿੰਦੇ ਹਨ, ਜਾਂ ਬਹੁਤੇ ਦੇਸ਼ ਜਿੱਤ ਲੈਂਦੇ ਹਨ ?

1. ਉ:—ਹੇ ਭਾਈਓ ! ਬਹੁਤਾ ਧਨ ਖੱਟਣ ਨਾਲ (ਕਿਸੇ ਮਨੁੱਖ ਨੂੰ ਆਤਮਕ) ਅਨੰਦ ਨਹੀਂ ਮਿਲ ਸਕਦਾ।
2. ਅਤੇ ਨਾਟਕਾਂ ਦੇ ਨਾਚ ਵੇਖਣ ਨਾਲ ਭੀ ਆਤਮਕ ਅਨੰਦ ਨਹੀਂ ਪ੍ਰਾਪਤ ਹੁੰਦਾ।
3. ਹੇ ਭਾਈ ! ਬਹੁਤੇ ਦੇਸ਼ ਜਿੱਤ ਲੈਣ ਨਾਲ ਭੀ ਸੁਖ ਨਹੀਂ ਮਿਲਦਾ।

ਪ੍ਰ:—ਸ੍ਰੀ ਜੀਉ ! ਆਖਰ ਆਪ ਹੀ ਦਸੋ ਕਿ ਸਾਰੇ ਸੁੱਖ ਕਿਸ ਸਾਧਨ ਕਰਨ ਨਾਲ ਹਾਸਲ ਹੋ ਸਕਦੇ ਹਨ ?

4. ਉ:—ਹੇ ਭਾਈਓ ! ਅਸਲ ਵਿਚ ਤਾਂ ਪ੍ਰਮੇਸ਼ਰ ਦੀ ਸਿਫਤ ਸਲਾਹ ਕਰਦੇ ਰਹਿਣ ਨਾਲ ਹੀ ਸਾਰੇ ਸੁਖ ਪ੍ਰਾਪਤ ਹੁੰਦੇ ਹਨ ।੧।
5. ਹੇ ਪਿਆਰੇ ! (ਇਸ ਤਰ੍ਹਾਂ) ਆਤਮਕ ਅਡੋਲਤਾ ਦੇ ਸੁਖ ਅਨੰਦ ਮਾਣਦੇ ਰਹੋ।
6. ਹੇ ਭਾਈ ! (ਸਾਧ ਸੰਗਤ ਵਿਚ) ਗੁਰੂ ਦੀ ਸ਼ਰਨ ਪੈ ਕੇ ਸਦਾ ਪ੍ਰਮਾਤਮਾਂ ਦਾ ਨਾਮ ਜਪਦੇ ਰਹੋ। ਪਰ, ਹੇ ਭਾਈਓ ! ਵਡੀ ਕਿਸਮਤ ਨਾਲ ਹੀ ਸਾਧ ਸੰਗਤ ਨਸੀਬ ਹੁੰਦੀ ਹੈ ।੧। ਰਹਾਉ।

ਪ੍ਰ:—ਸ੍ਰੀ ਜੀਉ ! ਇਸ ਜੀਵ ਨੂੰ ਬੰਧਨਾਂ ਵਿਚ ਬੰਨ੍ਹਣ ਦਾ ਅਸਲ ਕਾਰਨ ਕੌਣ ਹੈ ?

7. ਉ:—ਹੇ ਭਾਈਓ ! ਇਹ ਜੋ ਤੁਸੀਂ ਮਾਂ, ਪਿਉ, ਪੁੱਤ੍ਰ, ਇਸਤ੍ਰੀ (ਆਦਿਕ ਸਨਬੰਧੀ) ਵੇਖਦੇ ਹੋ ਇਹ ਸਭੇ ਹੀ ਮਾਇਆ ਦੇ ਮੋਹ ਦੀਆਂ ਫਾਹੀਆਂ ਪਾਂਦੇ ਹਨ।

ਪ੍ਰ:—ਸ੍ਰੀ ਜੀਉ ! ਕੀ, ਇਨ੍ਹਾਂ ਬੰਧਨਾਂ ਤੋਂ ਛੁੱਟਣ ਲਈ ਤੀਰਥਾਂ ਦੇ ਇਸ਼ਨਾਨ ਕਰਦੇ ਰਹਿਣਾ ਚਾਹੀਦਾ ਹੈ ?

8. ਉ:—ਹੇ ਪਿਆਰੇ ! (ਇਹ ਤੀਰਥਾਦਿਕ ਮਿਥੇ ਹੋਏ) ਧਾਰਮਿਕ ਕਰਮ ਭੀ ਫਾਹੀਆਂ ਪੈਦਾ ਕਰਦੇ ਹਨ; (ਕਿਉਂਕਿ, ਇਨ੍ਹਾਂ ਦੇ ਕਾਰਨ ਮਨੁੱਖ) ਅਹੰਕਾਰ ਕਰਦਾ ਹੈ, (ਕਿ ਮੈਂ ਤੀਰਥ ਯਾਤਰਾ ਆਦਿਕ ਕਰਮ ਕੀਤੇ ਹਨ)।

ਪ੍ਰ:—ਸ੍ਰੀ ਜੀਉ ! ਆਪ ਹੀ ਦਸੋ ਕਿ, ਇਨ੍ਹਾਂ ਮਾਇਕੀ ਫਾਹੀਆਂ ਨੂੰ ਕਿਵੇਂ ਕੱਟਿਆ ਜਾ ਸਕਦਾ ਹੈ ?

9. ਉ:—ਹੇ ਭਾਈਓ ! ਅਸਲ ਵਿਚ ਤਾਂ ਜਦੋਂ ਇਹ ਫਾਹੀਆਂ ਕੱਟ ਦੇਣ ਵਾਲਾ ਪ੍ਰਮੇਸ਼ਰ (ਮਨੁੱਖ ਦੇ) ਮਨ ਵਿਚ ਆ ਵਸਦਾ ਹੈ।
10. (ਤਾਂ ਨਿਸਚਾ ਕਰੋ ਕਿ, ਤਦੋਂ ਮਾਂ, ਪਿਉ, ਪੁੱਤ੍ਰ, ਇਸਤ੍ਰੀ ਆਦਿਕ ਸੰਬੰਧੀਆਂ ਵਿਚ ਰਹਿੰਦਾ ਹੋਇਆ ਹੀ) ਮਨੁੱਖ ਆਤਮਕ ਅਨੰਦ ਮਾਣਦਾ ਹੈ (ਕਿਉਂਕਿ) ਤਦੋਂ ਮਨੁੱਖ ਪ੍ਰਮਾਤਮਾਂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ ।੨।
11. ਹੇ ਭਾਈਓ ! ਇਹ ਨਿਸਚਾ ਰਖੋ ਕਿ, ਸਾਰੇ ਜੀਵ ਸਭ ਕੁਝ ਦੇ ਸਕਣ ਵਾਲੇ ਪ੍ਰਭੂ (ਦੇ ਦਰ) ਦੇ ਹੀ ਮੰਗਤੇ ਹਨ।
12. ਉਹ ਪ੍ਰਭੂ ਸਾਰੇ ਗੁਣਾਂ ਦਾ ਖਜ਼ਾਨਾ ਹੈ, ਬੇਅੰਤ ਹੈ, ਉਸਦੀ ਹਸਤੀ ਦਾ ਪਾਰਲਾ ਬੰਨਾ ਨਹੀਂ ਲਭ ਸਕਦਾ।

ਪ੍ਰ:—ਸ੍ਰੀ ਜੀਉ ! ਅਜਿਹਾ ਸੁਖਦਾਈ ਨਾਮ ਸਾਰੇ ਹੀ ਜੀਵ ਕਿਉਂ ਨਹੀਂ ਜਪਦੇ ?

13. ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਜਿਸ ਮਨੁੱਖ ਉਤੇ ਪਿਆਰਾ ਪ੍ਰਭੂ ਬਖਸ਼ਸ਼ ਕਰਦਾ ਹੈ।
14. ਉਸੇ ਮਨੁੱਖ ਨੇ ਹੀ ਪ੍ਰਮੇਸ਼ਰ ਦਾ ਨਾਮ ਜਪਿਆ ਹੈ ।੩।

ਪ੍ਰ:—ਸ੍ਰੀ ਜੀਉ ! ਦਸੋ, ਨਾਮ ਪ੍ਰਾਪਤੀ ਲਈ ਮੈਨੂੰ ਕੀ ਸਾਧਨ ਕਰਨਾ ਚਾਹੀਦਾ ਹੈ ?

15. ਉ:—ਹੇ ਪਿਆਰੇ ! ਤੂੰ ਸਦਾ ਹੀ ਆਪਣੇ ਗੁਰੂ ਦੇ ਦਰ ਤੇ (ਇਉਂ ਹੀ) ਅਰਜੋਈ ਕਰਿਆ ਕਰ ਤੇ ਆਖਦਾ ਰਹੁ।
16. ਹੇ ਸ੍ਰਿਸ਼ਟੀ ਦੇ ਮਾਲਕ ! ਹੇ ਗੁਣਾਂ ਦੇ ਖਜ਼ਾਨੇ ਅਕਾਲ ਪੁਰਖ !
17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਮੈਂ ਤੇਰੀ ਸ਼ਰਨ ਆਇਆ ਹਾਂ।
18. ਮੇਹਰ ਕਰ ਕੇ ਜਿਵੇਂ ਤੇਰੀ ਰਜ਼ਾ ਹੈ ਤਿਵੇਂ ਮੈਨੂੰ)ਆਪਣੇ ਚਰਨਾਂ ਵਿਚ) ਰਖ ।੪।੨੮।੪੧।

ਭਾਵਾਰਥ :—ਹਜ਼ੂਰ ਇਸ ਸ਼ਬਦ ਵਿਚ ਮਨੁੱਖ ਦੇ ਮਨ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਦੇ ਹਨ ਕਿ, ਹੇ ਭਾਈਓ ! ਹਰੀ ਦੇ ਨਾਮ ਤੋਂ ਬਿਨਾ ਸੰਸਾਰਕ ਪਦਾਰਥ, ਮੁਲਕਗੀਰੀ, ਕੋਮਲ ਹੁਨਰ, ਘਰ ਬਾਰ, ਬਲਕਿ ਧਰਮ ਕਰਮ ਭੀ ਸੁਖ ਦੇ ਸਾਧਨ ਨਹੀਂ, ਕਿਉਂਕਿ, ਇਨ੍ਹਾਂ ਦੇ ਨਾਲ ਮਨੁੱਖ ਦੇ ਅੰਦਰ ਹਉਮੈਂ ਬਣੀ ਰਹਿੰਦੀ ਹੈ, ਜੋ ਕਿ ਮਨੁੱਖ ਨੂੰ ਸਦਾ ਹੀ ਜੰਮਣ ਮਰਨ ਦਾ ਕਾਰਣ ਹੈ, ਸੋ, ਇਸ ਲਈ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣਾ ਹੀ ਪੂਰਨ ਸੁਖਦਾਤਾ ਹੈ।

ਭੈਰਉ ਮਹਲਾ ੫ ॥

1। **ਗੁਰ ਮਿਲਿ ਤਿਆਗਿਓ ਦੂਜਾ ਭਾਉ ॥**
2. **ਗੁਰਮੁਖਿ ਜਪਿਓ ਹਰਿ ਕਾ ਨਾਉ ॥**

3. ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥
4. ਜਨਮ ਜਨਮ ਕਾ ਸੋਇਆ ਜਾਗਾ ॥੧॥
5. ਕਰਿ ਕਿਰਪਾ ਅਪਨੀ ਸੇਵਾ ਲਾਏ ॥
6. ਸਾਧੂ ਸੰਗਿ ਸਰਬ ਸੁਖ ਪਾਏ ॥੧॥ ਰਹਾਉ ॥
7. ਰੋਗ ਦੋਖ ਗੁਰ ਸਬਦਿ ਨਿਵਾਰੇ ॥
8. ਨਾਮ ਅਉਖਧੁ ਮਨ ਭੀਤਰਿ ਸਾਰੇ ॥
9. ਗੁਰ ਭੇਟਤ ਮਨਿ ਭਇਆ ਅਨੰਦ ॥
10. ਸਰਬ ਨਿਧਾਨ ਨਾਮ ਭਗਵੰਤ ॥੨॥
11. ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥
12. ਸਾਧ ਸੰਗਤਿ ਊਂਧ ਕਮਲ ਬਿਗਾਸ ॥
13. ਗੁਣ ਗਾਵਤ ਨਿਹਚਲੁ ਬਿਸ੍ਰਾਮ ॥
14. ਪੂਰਨ ਹੋਏ ਸਗਲੇ ਕਾਮ ॥੩॥
15. ਦੁਲਭ ਦੇਹ ਆਈ ਪਰਵਾਨੁ ॥
16. ਸਫਲ ਹੋਈ ਜਪਿ ਹਰਿ ਹਰਿ ਨਾਮੁ ॥
17. ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥
18. ਸਾਸਿ ਗਿਰਾਸਿ ਜਪਉ ਹਰਿ ਹਰੀ ॥੪॥੨੯॥੪੨॥

ਪਦ ਅਰਥ :—ਗੁਰ ਮਿਲਿ—ਗੁਰੂ ਨੂੰ ਮਿਲ ਕੇ। ਭਾਉ—ਪਿਆਰ। ਦੂਜਾ ਭਾਉ—ਪ੍ਰਮਾਤਮਾਂ ਤੋਂ ਬਿਨਾ, ਹੋਰ ਦਾ ਪਿਆਰ; ਮਾਇਆ ਦਾ ਮੋਹ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਨਾਮਿ—ਨਾਮ ਵਿਚ। ਰੰਗੁ—ਪ੍ਰੇਮ। ਜਨਮ ਜਨਮ ਕਾ—ਅਨੇਕਾਂ ਜਨਮਾਂ ਦਾ।੧।

ਕਰਿ—ਕਰ ਕੇ। ਸਾਧੂ ਸੰਗਿ—ਗੁਰੂ ਦੀ ਸੰਗਤ ਵਿਚ।੧। ਰਹਾਉ।

ਗੁਰ ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਨਿਵਾਰੇ—ਦੂਰ ਕਰ ਲਏ। ਅਉਖਧੁ—ਦਵਾਈ। ਭੀਤਰਿ—ਵਿਚ। ਸਾਰੇ—ਸੰਭਾਲਦਾ ਹੈ, ਸਾਂਭ ਕੇ ਰਖਦਾ ਹੈ। ਗੁਰ ਭੇਟਤ—ਗੁਰੂ ਨੂੰ ਮਿਲਦਿਆਂ। ਮਨਿ—ਮਨ ਵਿਚ। ਸਰਬ—ਸਾਰੇ। ਨਿਧਾਨ—ਖਜ਼ਾਨੇ। ਦੋਖ—ਐਬ, ਵਿਕਾਰ।੨।

ਜਮ ਤ੍ਰਾਸ—ਜਮਰਾਜ ਦਾ ਸਹਿਮ। ਤ੍ਰਾਸ—ਡਰ, ਸਹਿਮ। ਊਂਧ—ਉਲਟਿਆ ਹੋਇਆ, ਮਾਇਆ ਵਾਲੇ ਪਾਸੇ ਪਰਤਿਆ ਹੋਇਆ। ਬਿਗਾਸ—ਖੇੜਾ, ਖਿੜਾਉ। ਗਾਵਤ—ਗਾਂਦਿਆਂ। ਨਿਹਚਲੁ—(ਮਾਇਆ ਦੇ ਹਲਿਆਂ ਵਲੋਂ) ਅਡੋਲ। ਬਿਸ੍ਰਾਮ—ਟਿਕਾਣਾ। ਕਾਮ—ਕੰਮ।੩।

ਦੁਲਭ—ਬੜੀ ਮੁਸ਼ਕਲ ਨਾਲ ਮਿਲਣ ਵਾਲੀ। ਦੇਹ—ਕਾਇਆ, ਮਨੁੱਖਾ ਸਰੀਰ। ਆਈ ਪਰਵਾਨੁ—ਕਬੂਲ ਹੋ ਗਈ। ਜਪਿ—ਜਪ ਕੇ। ਪ੍ਰਭਿ—ਪ੍ਰਭੂ ਨੇ। ਸਾਸਿ—ਹਰੇਕ ਸਾਹ ਦੇ ਨਾਲ। ਗਿਰਾਸਿ—ਹਰੇਕ ਗਿਰਾਹੀ ਦੇ ਨਾਲ। ਜਪਉ—ਜਪਉਂ, ਮੈਂ ਜਪਦਾ ਹਾਂ।੪।

ਅਰਥ :—

ਪ੍ਰ:—ਸ੍ਰੀ ਜੀਉ ! ਉਹ ਕਿਹੋ ਜਿਹਾ ਮਨੁੱਖ ਹੈ ਜਿਸ ਦੇ ਮਨ ਵਿਚ ਪ੍ਰਭੂ ਦਾ ਪਿਆਰ ਜਾਗ ਪਿਆ ਹੋਵੇ ?

1. ਉ:—ਹੇ ਭਾਈ ! ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ (ਆਪਣੇ ਅੰਦਰੋਂ) ਮਾਇਆ ਦਾ ਮੋਹ ਤਿਆਗ ਦਿਤਾ ਹੈ।
2. ਅਤੇ ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਪ੍ਰਮੇਸ਼ਰ ਦਾ ਨਾਮ ਜਪਣਾ ਸ਼ੁਰੂ ਕਰ ਦਿਤਾ ਹੈ।
3. ਤੇ ਅਜਿਹੇ (ਮਨੁੱਖ ਦੇ ਮਨ ਦੀ) ਚਿੰਤਾ ਮੁੱਕ ਗਈ ਹੈ, (ਬੱਸ) ਪ੍ਰਮਾਤਮਾਂ ਦੇ ਨਾਮ ਵਿਚ ਉਸ ਦਾ ਪਿਆਰ ਬਣ ਗਿਆ ਹੈ।

ਪ੍ਰ:—ਸ੍ਰੀ ਜੀਉ ! ਅਜਿਹੇ ਮਨੁੱਖ ਵਿਚ ਬਦਲੀ ਕੀ ਆ ਜਾਇਆ ਕਰਦੀ ਹੈ ?

4. ਉ:—ਹੇ ਭਾਈਓ ! ਇਉਂ ਹੀ ਜਾਣੋ ਕਿ, ਹੁਣ ਉਹ ਅਨੇਕਾਂ ਜਨਮਾਂ ਦਾ ਮਾਇਆ ਦੇ ਮੋਹ ਦੀ ਨੀਂਦ ਵਿਚ ਸੁਤਾ ਹੋਇਆ ਜਾਗ ਪਿਆ ਹੈ, (ਉਸ ਨੂੰ ਜੀਵਨ ਜੁਗਤ ਦੀ ਸੋਝੀ ਆ ਗਈ ਹੈ)।੧।
5. ਹੇ ਪਿਆਰੇ ! ਪ੍ਰਮਾਤਮਾਂ ਮਿਹਰ ਕਰ ਕੇ (ਜਿਸ ਮਨੁੱਖ ਨੂੰ) ਆਪਣੀ ਸੇਵਾ ਭਗਤੀ ਵਿਚ ਜੋੜਦਾ ਹੈ।
6. ਉਹ ਮਨੁੱਖ ਗੁਰੂ ਦੀ ਸੰਗਤ ਵਿਚ ਟਿਕ ਕੇ ਸਾਰੇ ਆਤਮਕ ਅਨੰਦ ਮਾਣਦਾ ਹੈ।੧। ਰਹਾਉ।
7. ਹੇ ਭਾਈ ! ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ (ਆਪਣੇ ਮਨ ਵਿਚੋਂ) ਰੋਗ ਅਤੇ ਵਿਕਾਰ ਦੂਰ ਕਰ ਲਏ।
8. ਜਿਹੜਾ ਮਨੁੱਖ ਨਾਮ ਦਾਰੂ ਆਪਣੇ ਮਨ ਵਿਚ ਸਾਂਭ ਕੇ ਰਖਦਾ ਹੈ।
9. ਗੁਰੂ ਨੂੰ ਮਿਲਿਆਂ ਉਸ ਦੇ ਮਨ ਵਿਚ ਅਨੰਦ ਬਣਿਆਂ ਰਹਿੰਦਾ ਹੈ।
10. ਹੇ ਭਾਈਓ ! ਪ੍ਰਮੇਸ਼ਰ ਦਾ ਨਾਮ (ਹੀ) ਸਾਰੇ ਸੁਖਾਂ ਦਾ ਖਜ਼ਾਨਾ ਹੈ।੨।

ਪ੍ਰ—ਸ੍ਰੀ ਜੀਉ ! ਮਨੁੱਖ ਦੇ ਮਨ ਵਿਚ ਜਨਮ ਮਰਣ ਦਾ ਭੈ ਸਦਾ ਹੀ ਬਣਿਆਂ ਰਹਿੰਦਾ ਹੈ ਇਹ ਕਿਵੇਂ ਦੂਰ ਹੋ ਸਕਦਾ ਹੈ ?

11. ਉ:—ਹੇ ਭਾਈ ! ਪ੍ਰਭੂ (ਮਿਹਰ ਕਰ ਕੇ) ਜਿਸ ਮਨੁੱਖ ਨੂੰ ਆਪਣੀ ਸੇਵਾ ਭਗਤੀ ਵਿਚ ਜੋੜਦਾ ਹੈ, ਉਸ ਦੇ ਮਨ ਵਿਚੋਂ ਜਨਮ ਮਰਣ ਦੇ ਗੇੜ ਦਾ ਸਹਿਮ ਜਮਰਾਜ ਦਾ ਡਰ ਮਿਟ ਜਾਂਦਾ ਹੈ।
12. ਅਤੇ ਸਾਧ ਸੰਗਤ ਦੀ ਬਰਕਤ ਨਾਲ ਉਸ ਦਾ ਪਹਿਲਾਂ ਮਾਇਆ ਦੇ ਮੋਹ ਵਲ ਉਲਟਿਆ ਹੋਇਆ ਹਿਰਦਾ ਖਿੜ ਪੈਂਦਾ ਹੈ।
13. ਪ੍ਰਮੇਸ਼ਰ ਦੇ ਗੁਣ ਗਾਂਦਿਆਂ (ਉਸ ਨੂੰ ਉਹ ਆਤਮਕ) ਟਿਕਾਣਾ (ਮਿਲ ਜਾਂਦਾ ਹੈ ਜਿਹੜਾ ਮਾਇਆ ਦੇ ਹਲਿਆਂ ਦੇ ਟਾਕਰੇ ਤੇ) ਅਡੋਲ ਰਹਿੰਦਾ ਹੈ।
14. ਅਤੇ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।੩।
15. ਹੇ ਭਾਈ ! ਉਸ ਦਾ ਇਹ ਦੁਰਲਭ ਸਰੀਰ ਲੋਕ ਪ੍ਰਲੋਕ

ਵਿਚ ਕਬੂਲ ਹੋ ਜਾਂਦਾ ਹੈ, ਕਾਮਯਾਬ ਹੋ ਜਾਂਦਾ ਹੈ।

16. ਅਤੇ ਹਰਿ ਹਰਿ ਨਾਮ ਜਪ ਕੇ ਸਫਲ ਹੋਈਦਾ ਹੈ।

17. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਪ੍ਰਭੂ ਨੇ ਮੇਰੇ ਉਤੇ ਕ੍ਰਿਪਾ ਕਰੀ ਹੈ।

18. ਜਿਸ ਦਾ ਸਦਕਾ ਮੈਂ ਹਰੇਕ ਸਾਹ ਦੇ ਨਾਲ ਹਰੇਕ ਗਿਰਾਹੀ ਦੇ ਨਾਲ ਉਸੇ ਪ੍ਰਭੂ ਦਾ ਨਾਮ ਹੀ ਜਪ ਰਿਹਾ ਹਾਂ।੪।੨੯।੪੨।

ਭਾਵਾਰਥ :-ਹਉਂ ਅਤੇ ਦ੍ਵੈਤ ਭਾਵ ਜੋ ਹਰੀ ਨਾਮ ਦੇ ਜਪਣ ਵਿਚ ਰੁਕਾਵਟਾਂ ਹਨ, ਗੁਰੂ ਦੇ ਸ਼ਬਦ ਦੀ ਰਾਹੀਂ ਦੂਰ ਹੁੰਦੇ ਹਨ ਅਤੇ ਮਨ ਸਿਧੇ ਕੰਵਲ ਵਾਕਰ ਨਾਮ ਅੰਮ੍ਰਿਤ ਦੇ ਗ੍ਰਹਿਣ ਕਰਨ ਜੋਗ ਬਣ ਜਾਂਦਾ ਹੈ।

ਭੈਰਉ ਮਹਲਾ ੫ ॥

1. ਸਭ ਤੇ ਊਚਾ ਜਾ ਕਾ ਨਾਉ ॥
2. ਸਦਾ ਸਦਾ ਤਾ ਕੇ ਗੁਣ ਗਾਉ ॥
3. ਜਿਸੁ ਸਿਮਰਤ ਸਗਲਾ ਦੁਖੁ ਜਾਇ ॥
4. ਸਰਬ ਸੂਖ ਵਸਹਿ ਮਨਿ ਆਇ ॥੧॥
5. ਸਿਮਰਿ ਮਨਾ ਤੂ ਸਾਚਾ ਸੋਇ ॥
6. ਹਲਤਿ ਪਲਤਿ ਤੁਮਰੀ ਗਤਿ ਹੋਇ ॥੧॥ ਰਹਾਉ ॥
7. ਪੁਰਖ ਨਿਰੰਜਨ ਸਿਰਜਨਹਾਰ ॥
8. ਜੀਅ ਜੰਤ ਦੇਵੈ ਆਹਾਰ ॥
9. ਕੋਟਿ ਖਤੇ ਖਿਨ ਬਖਸਨਹਾਰ ॥
10. ਭਗਤਿ ਭਾਇ ਸਦਾ ਨਿਸਤਾਰ ॥੨॥
11. ਸਾਚਾ ਧਨੁ ਸਾਚੀ ਵਡਿਆਈ ॥
12. ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥
13. ਕਰਿ ਕਿਰਪਾ ਜਿਸੁ ਰਾਖਨਹਾਰਾ ॥
14. ਤਾ ਕਾ ਸਗਲ ਮਿਟੈ ਅੰਧਿਆਰਾ ॥੩॥
15. ਪਾਰਬ੍ਰਹਮ ਸਿਉ ਲਾਗੋ ਧਿਆਨ ॥
16. ਪੂਰਨ ਪੂਰਿ ਰਹਿਓ ਨਿਰਬਾਨ ॥
17. ਭ੍ਰਮ ਭਉ ਮੇਟਿ ਮਿਲੇ ਗੋਪਾਲ ॥
18. ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥

ਪਦ ਅਰਥ :-ਤੇ-ਤੋਂ। ਜਾ ਕਾ-ਜਿਸ (ਪ੍ਰਮਾਤਮਾਂ) ਦਾ। ਨਾਉ-ਨਾਮਣਾ; ਵਡਿਆਈ। ਤਾ ਕੇ-ਉਸ (ਪ੍ਰਭੂ) ਦੇ। ਗਾਉ-ਗਾਇਆ ਕਰ। ਸਿਮਰਤ-ਸਿਮਰਦਿਆਂ। ਸਗਲਾ-ਸਾਰਾ। ਸਰਬ ਸੂਖ-ਸਾਰੇ ਸੁਖ। ਵਸਹਿ-ਆ ਵਸਦੇ ਹਨ। ਮਨਿ-ਮਨ ਵਿਚ। ਆਇ-ਆ ਕੇ।੧।

ਮਨਾ-ਹੇ ਮਨ। ਸਾਚਾ-ਸਦਾ ਕਾਇਮ ਰਹਿਣ ਵਾਲਾ। ਸੋਇ-ਉਹ (ਪ੍ਰਭੂ) ਹੀ। ਹਲਤਿ-ਇਸ ਲੋਕ ਵਿਚ। ਪਲਤਿ-ਪ੍ਰਲੋਕ ਵਿਚ। ਗਤਿ-ਉਚੀ ਆਤਮਕ ਅਵਸਥਾ।੧। ਰਹਾਉ।

ਪੁਰਖ-ਸਰਵ ਵਿਆਪਕ। ਨਿਰੰਜਨ-(ਨਿਰ-ਅੰਜਨ) ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ। ਅਹਾਰ-ਖੁਰਾਕ। ਕੋਟਿ-ਕ੍ਰੋੜਾਂ। ਖਤੇ-ਪਾਪ। ਭਾਇ-ਪਿਆਰ ਵਿਚ। (ਭਾਉ-ਪਿਆਰ)। ਨਿਸਤਾਰ-ਪਾਰ ਲੰਘਾਵਣ ਵਾਲਾ।੨।

ਸਾਚੀ-ਸਦਾ ਕਾਇਮ ਰਹਿਣ ਵਾਲੀ। ਵਡਿਆਈ-ਇੱਜ਼ਤ। ਤੇ-ਤੋਂ। ਨਿਹਚਲ-(ਵਿਕਾਰਾਂ ਵਲ) ਨਾ ਡੋਲਣ ਵਾਲੀ। ਪਾਈ-ਪ੍ਰਾਪਤ ਕਰ ਲਈ। ਕਰਿ-ਕਰਕੇ। ਤਾ ਕਾ-ਉਸ (ਮਨੁੱਖ) ਦਾ। ਅੰਧਿਆਰਾ-ਮਾਇਆ ਦੇ ਮੋਹ ਵਾਲਾ ਹਨੇਰਾ।੩।

ਸਿਉ-ਨਾਲ। ਨਿਰਬਾਨ-ਵਾਸ਼ਨਾ ਰਹਿਤ। ਭ੍ਰਮ-ਭਟਕਣਾ। ਮੇਟਿ-ਮਿਟਾ ਕੇ, ਦੂਰ ਕਰ ਕੇ। ਕਉ-ਜਿਸ ਨੂੰ। ਦਇਆਲ-ਦਇਆਵਾਨ।੪।

ਅਰਥ :-

ਪ੍ਰ:-ਸ੍ਰੀ ਜੀਉ! ਸਦੀਵੀ ਅਨੰਦ ਪ੍ਰਾਪਤੀ ਅਤੇ ਦੁਖਾਂ ਦੇ ਨਾਸ ਕਰਨ ਵਾਸਤੇ ਕਿਹੜਾ ਜਤਨ ਕਰਦੇ ਰਹਿਣਾ ਚਾਹੀਦਾ ਹੈ?

1. **ਉ:**-ਹੇ ਭਾਈਓ! ਜਿਸ ਪ੍ਰਮੇਸ਼ਰ ਜੀ ਦਾ ਨਾਮਣਾ ਸਭ ਨਾਲੋਂ ਉੱਚਾ ਹੈ।
2. ਤੂੰ ਸਦਾ ਹੀ ਉਸ (ਪ੍ਰਭੂ) ਦੇ ਗੁਣ ਗਾਉਂਦਾ ਰਿਹਾ ਕਰ।
3. (ਕਿਉਂਕਿ) ਜਿਸ ਦਾ ਸਿਮਰਨ ਕਰਦਿਆਂ ਸਾਰਾ (ਹੀ) ਦੁਖ ਦੂਰ ਹੋ ਜਾਂਦਾ ਹੈ।
4. ਅਤੇ ਸਾਰੇ ਹੀ ਅਨੰਦ ਮਨ ਵਿਚ ਆ ਵਸਦੇ ਹਨ।੧।
5. (ਇਸ ਲਈ) ਹੇ (ਮੇਰੇ) ਮਨ! ਤੂੰ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਨੂੰ ਹੀ ਸਿਮਰਿਆ ਕਰ।
6. (ਕਿਉਂਕਿ ਸਿਮਰਨ ਦੀ ਬਰਕਤ ਨਾਲ ਹੀ) ਇਸ ਲੋਕ ਅਤੇ ਪ੍ਰਲੋਕ ਵਿਚ ਤੇਰੀ ਉਚੀ ਆਤਮਕ ਅਵਸਥਾ ਬਣੀ ਰਹੇਗੀ।੧। ਰਹਾਉ।
7. ਹੇ ਭਾਈ! ਤੂੰ ਉਸ ਸਦਾ ਥਿਰ ਪ੍ਰਭੂ ਦਾ ਸਿਮਰਨ ਕਰਿਆ ਕਰ, ਜੋ ਸਰਬ ਵਿਆਪਕ ਹੈ, ਜੋ ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ ਹੈ, ਜੋ ਸਭ ਨੂੰ ਪੈਦਾ ਕਰਨ ਵਾਲਾ ਹੈ।
8. ਅਤੇ ਜੋ ਸਭ ਜੀਵਾਂ ਨੂੰ ਖਾਣ ਲਈ ਖੁਰਾਕ ਦੇਂਦਾ ਹੈ।
9. ਜੋ (ਜੀਵਾਂ ਦੇ) ਕ੍ਰੋੜਾਂ ਹੀ ਪਾਪ ਇਕ ਖਿਨ ਵਿਚ ਬਖਸ਼ ਸਕਣ ਵਾਲਾ ਹੈ।
10. ਹੇ ਭਾਈ! ਜੋ ਪ੍ਰੇਮ ਨਾਲ ਉਸ ਦੀ ਭਗਤੀ ਕਰਦੇ ਹਨ, ਉਨ੍ਹਾਂ ਜੀਵਾਂ ਨੂੰ ਸਦਾ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।੨।
11. ਹੇ ਭਾਈ! ਉਸ ਨੂੰ ਸਦਾ ਕਾਇਮ ਰਹਿਣ ਵਾਲਾ ਨਾਮ ਧਨ ਲਭ ਪਿਆ ਹੈ।
12. ਜਿਸ ਮਨੁੱਖ ਨੇ ਪੂਰੇ ਗੁਰੂ ਪਾਸੋਂ ਵਿਕਾਰਾਂ ਵਲੋਂ ਅਡੋਲ ਰਹਿਣ ਵਾਲੀ ਸਿਮਰਨ ਦੀ ਮਤਿ ਪ੍ਰਾਪਤ ਕਰ ਲਈ ਹੈ, ਉਸ ਨੂੰ ਸਦਾ ਥਿਰ ਰਹਿਣ ਵਾਲੀ (ਲੋਕ ਪ੍ਰਲੋਕ ਦੀ) ਸੋਭਾ ਭੀ ਮਿਲ ਗਈ ਹੈ।

13. ਹੇ ਭਾਈਓ ! ਉਹ ਰਖਿਆ ਕਰਨ ਵਾਲਾ ਪ੍ਰਭੂ ਜਿਸ ਮਨੁੱਖ ਨੂੰ ਮਿਹਰ ਕਰ ਕੇ (ਸਿਮਰਨ ਦੀ ਦਾਤ ਦੇਂਦਾ ਹੈ)।
14. ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਸਾਰਾ ਹਨੇਰਾ ਦੂਰ ਹੋ ਜਾਂਦਾ ਹੈ ।੩।
15. ਹੇ ਪਿਆਰੇ ! ਜਿਸ ਦੀ ਸੁਰਤ ਪ੍ਰਮਾਤਮਾਂ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ ।
16. ਉਸ ਮਨੁੱਖ ਨੂੰ ਉਹ ਵਾਸ਼ਨਾਂ ਰਹਿਤ ਪ੍ਰਭੂ ਹੀ ਸਭ ਥਾਈਂ ਵਿਆਪਕ ਦਿਸਦਾ ਹੈ ।
17. ਉਹ ਮਨੁੱਖ (ਆਪਣੇ ਅੰਦਰੋਂ) ਹਰੇਕ ਕਿਸਮ ਦੀ ਭਟਕਣਾ ਅਤੇ ਡਰ ਮਿਟਾ ਲੈਂਦਾ ਹੈ ।
18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਇਹ ਦਾਤ ਉਸੇ ਨੂੰ ਮਿਲਦੀ ਹੈ ਜਿਸ ਉਤੇ ਗੁਰੂ ਜੀ ਮਿਹਰਵਾਨ ਹੁੰਦੇ ਹਨ ਅਤੇ ਉਹ ਪ੍ਰਿਥਵੀ ਦੇ ਪਾਲਕ ਪ੍ਰਭੂ ਨੂੰ ਮਿਲ ਪੈਂਦਾ ਹੈ ।੪।੩੦।੪੩।

ਭਾਵਾਰਥ :-ਪੂਰਨ ਗੁਰੂ ਤੋਂ ਹੀ ਨਿਹਚਲ ਮੱਤ ਮਿਲਦੀ ਹੈ ਅਤੇ ਅੰਦਰ ਦਾ ਭਰਮ ਹਨੇਰਾ ਦੂਰ ਹੁੰਦਾ ਹੈ, ਜਿਸ ਦਾ ਸਦਕਾ ਮਨ ਹਰੀ ਦੇ ਸਤਿ ਸਰੂਪ ਵਿਚ ਪ੍ਰਵੇਸ਼ ਹੋਣ ਯੋਗ ਹੋ ਜਾਂਦਾ ਹੈ ।

ਭੈਰਉ ਮਹਲਾ ੫ ॥

1. ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ॥
2. ਮਿਟਹਿ ਕਲੇਸ ਸੁਖ ਸਹਜਿ ਨਿਵਾਸੁ ॥
3. ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ॥
4. ਪੂਰੇ ਗੁਰ ਕੀ ਪਾਏ ਸੇਵ ॥੧॥
5. ਸਰਬ ਸੁਖਾ ਪ੍ਰਭ ਤੇਰੋ ਨਾਉ ॥
6. ਆਠ ਪਹਰ ਮੇਰੇ ਮਨ ਗਾਉ ॥੧॥ ਰਹਾਉ ॥
7. ਜੋ ਇਛੈ ਸੋਈ ਫਲੁ ਪਾਏ ॥
8. ਹਰਿ ਕਾ ਨਾਮੁ ਮੰਨਿ ਵਸਾਏ ॥
9. ਆਵਣ ਜਾਣ ਰਹੇ ਹਰਿ ਧਿਆਇ ॥
10. ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥੨॥
11. ਬਿਨਸੇ ਕਾਮ ਕ੍ਰੋਧ ਅਹੰਕਾਰ ॥
12. ਤੂਟੇ ਮਾਇਆ ਮੋਹ ਪਿਆਰ ॥
13. ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥
14. ਪਾਰਬ੍ਰਹਮੁ ਕਰੇ ਜਿਸੁ ਦਾਤਿ ॥੩॥
15. ਕਰਨ ਕਰਾਵਨਹਾਰ ਸੁਆਮੀ ॥
16. ਸਗਲ ਘਟਾ ਕੇ ਅੰਤਰਜਾਮੀ ॥
17. ਕਰਿ ਕਿਰਪਾ ਅਪਨੀ ਸੇਵਾ ਲਾਇ ॥
18. ਨਾਨਕ ਦਾਸ ਤੇਰੀ ਸਰਣਾਇ ॥੪॥੩੧॥੪੪॥

ਪਦ ਅਰਥ :—ਮਨਿ—ਮਨ ਵਿਚ । ਪ੍ਰਗਾਸੁ—ਚਾਨਣ, ਆਤਮਕ ਜੀਵਨ ਦੀ ਸੂਝ । ਮਿਟਹਿ—ਮਿਟ ਜਾਂਦੇ ਹਨ । ਸੁਖ ਨਿਵਾਸੁ—ਸੁਖਾਂ ਵਿਚ ਨਿਵਾਸ । ਸਹਜਿ—ਆਤਮਕ ਅਡੋਲਤਾ ਵਿਚ । ਤਿਸਹਿ-ਉਸ ਮਨੁੱਖ ਨੂੰ ਹੀ। ਦੇਇ—ਦੇਂਦਾ ਹੈ । ਪਾਏ—ਪਾਂਦਾ ਹੈ, ਜੋੜਦਾ ਹੈ ।੧।

ਪ੍ਰਭ—ਹੇ ਪ੍ਰਭੂ । ਮਨ—ਹੇ ਮਨ । ਗਾਉ—ਗਾਇਆ ਕਰ ।੧। ਰਹਾਉ ।

ਇਛੈ—ਇੱਛਾ ਕਰਦਾ ਹੈ, ਲੋੜਦਾ ਹੈ, ਮੰਗਦਾ ਹੈ । ਮੰਨਿ—ਮਨਿ, ਮਨ ਵਿਚ । ਰਹੇ—ਮੁੱਕ ਜਾਂਦੇ ਹਨ । ਧਿਆਇ—ਸਿਮਰ ਕੇ । ਭਾਇ—ਪਿਆਰ ਨਾਲ । ਲਿਵ—ਲਗਨ । ਲਾਇ—ਲਾ ਕੇ ।੨।

ਬਿਨਸੇ—ਨਾਸ ਹੋ ਗਏ । ਟੇਕ—ਆਸਰੇ । ਰਹੈ—ਰਹਿੰਦਾ ਹੈ । ਜਿਸੁ—ਜਿਸ ਮਨੁੱਖ ਨੂੰ ।੩।

ਸੁਆਮੀ—ਹੇ ਸੁਆਮੀ । ਘਟ—ਸਰੀਰ, ਹਿਰਦਾ । ਅੰਤਰਜਾਮੀ—ਹੇ ਸਭ ਦੇ ਦਿਲ ਦੀ ਜਾਨਣ ਵਾਲੇ । ਕਰਿ—ਕਰ ਕੇ । ਲਾਇ—ਲਾਈ ਰੱਖ ।੪।

ਅਰਥ :-

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦੇ ਨਾਮ ਸਿਮਰਨ ਦੀ ਬਰਕਤ ਨਾਲ ਆਖਰ ਮਨੁੱਖ ਨੂੰ ਹਾਸਲ ਕੀ ਹੁੰਦਾ ਹੈ ?

1. **ਉ**:—ਹੇ ਭਾਈ ! ਵੇਖ, ਜਿਸ ਪ੍ਰਮੇਸ਼ਰ ਜੀ ਦਾ ਨਾਮ ਸਿਮਰਿਆਂ (ਮਨੁੱਖ ਦੇ) ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਆਉਂਦਾ ਹੈ, ਆਤਮਕ ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ ।
2. ਅਤੇ ਜਿਸ ਦਾ ਸਿਮਰਨ ਕਰਦਿਆਂ ਸਾਰੇ ਕਲੇਸ਼ ਮਿਟ ਜਾਂਦੇ ਹਨ, ਸੁਖਾਂ ਵਿਚ ਆਤਮਕ ਅਡੋਲਤਾ ਵਿਚ ਟਿਕਾਉ ਹੋ ਜਾਂਦਾ ਹੈ ।
3. ਪਰ, ਹੇ ਪਿਆਰੇ ! ਇਹ ਸਿਮਰਨ ਦੀ ਦਾਤ ਜਿਸ ਮਨੁੱਖ ਨੂੰ ਉਹ ਪ੍ਰਭੂ ਆਪ ਹੀ ਦੇਂਦਾ ਹੈ, ਉਸੇ ਨੂੰ ਹੀ ਮਿਲਦੀ ਹੈ ।
4. (ਕਿਉਂਕਿ) ਪ੍ਰਮਾਤਮਾਂ ਉਸ ਮਨੁੱਖ ਨੂੰ ਪੂਰੇ ਗੁਰੂ ਦੀ ਸੇਵਾ ਵਿਚ ਜੋੜ ਦੇਂਦਾ ਹੈ ।੧।
5. ਹੇ ਪ੍ਰਭੂ ਜੀਉ ! ਤੇਰਾ ਨਾਮ ਸਾਰੇ ਸੁਖਾਂ ਦਾ ਮੂਲ ਹੈ ।
6. (ਇਸ ਲਈ) ਹੇ ਮੇਰੇ ਮਨ ! ਅੱਠੇ ਪਹਿਰ (ਹਰ ਵੇਲੇ) ਪ੍ਰਭੂ ਦੇ ਹੀ ਗੁਣ ਗਾਇਆ ਕਰ ।੧। ਰਹਾਉ ।
7. ਹੇ ਭਾਈਓ ! ਉਹ ਮਨੁੱਖ ਜੋ ਭੀ ਕੁਝ (ਪ੍ਰਮਾਤਮਾਂ ਕੋਲੋਂ) ਮੰਗਦਾ ਹੈ, ਉਹੀ ਫਲ ਹਾਸਲ ਕਰ ਲੈਂਦਾ ਹੈ ।
8. ਜਿਹੜਾ ਕਿ ਮਨੁੱਖ ਪ੍ਰਭੂ ਦਾ ਨਾਮ (ਆਪਣੇ) ਮਨ ਵਿਚ ਵਸਾਂਦਾ ਹੈ ।
9. ਹੇ ਭਾਈ ! ਉਸ ਮਨੁੱਖ ਦੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ ।
19. ਜੋ ਕਿ ਭਗਤੀ ਭਾਵ ਨਾਲ ਪ੍ਰਭੂ ਵਿਚ ਸੁਰਤ ਜੋੜੀ ਰਖਦਾ ਹੈ ।੨।
11. ਐ ਪਿਆਰੇ ! (ਉਸ ਦੇ ਅੰਦਰੋਂ) ਕਾਮ, ਕ੍ਰੋਧ, ਅਹੰਕਾਰ (ਇਹ ਸਾਰੇ ਵਿਕਾਰ) ਨਾਸ ਹੋ ਜਾਂਦੇ ਹਨ ।

12. (ਉਸ ਦੇ ਅੰਦਰੋਂ) ਮਾਇਆ ਦੇ ਮੋਹ ਦੀਆਂ ਤਣਾਵਾਂ ਟੁੱਟ ਜਾਂਦੀਆਂ ਹਨ।

13. ਹੇ ਭਾਈਓ! ਉਹ ਮਨੁੱਖ ਦਿਨ ਰਾਤ ਪ੍ਰਮੇਸ਼ਰ ਦੇ ਹੀ ਆਸਰੇ ਰਹਿੰਦਾ ਹੈ।

14. ਪਰ, ਐ ਪਿਆਰੇ! ਇਹ ਪ੍ਰਾਪਤੀ ਉਸੇ ਨੂੰ ਹੁੰਦੀ ਹੈ ਜਿਸ ਮਨੁੱਖ ਨੂੰ ਉਹ (ਆਪਣੇ ਨਾਮ ਦੀ) ਦਾਤ ਦੇਂਦਾ ਹੈ।੩।

ਪ੍ਰ:–ਸ੍ਰੀ ਜੀਉ! ਦਸੋ, ਮੈਨੂੰ ਕੀ ਸਾਧਨ ਕਰਦੇ ਰਹਿਣਾ ਚਾਹੀਦਾ ਹੈ?

15. ਉ:–ਹੇ ਭਾਈ! ਤੂੰ ਪ੍ਰਭੂ ਦੇ ਦਰ ਤੇ ਇਉਂ ਹੀ ਅਰਦਾਸ ਕਰਦਾ ਰਿਹਾ ਕਰ ਕਿ, ਹੇ ਸਭ ਕੁਝ ਕਰਨ ਜੋਗ ਸੁਆਮੀ! ਹੇ ਜੀਵਾਂ ਪਾਸੋਂ ਸਭ ਕੁਝ ਕਰਾਉਣ ਵਾਲੇ ਸਮਰੱਥ ਸੁਆਮੀ।

16.17 ਹੇ ਸਾਰੇ ਜੀਵਾਂ ਦੇ ਦਿਲ ਦੀ ਜਾਨਣ ਵਾਲੇ, ਕਿਰਪਾ ਕਰ ਕੇ, ਮੈਨੂੰ ਆਪਣੀ ਸੇਵਾ ਭਗਤੀ ਵਿਚ ਜੋੜੀ ਰੱਖ।

18. (ਮੈਂ ਤੇਰਾ) ਨਾਨਕ ਦਾਸ ਤੇਰੀ ਸ਼ਰਨ ਆਇਆ ਹਾਂ।੪।੩੧।੪੪।

ਭਾਵਾਰਥ :–ਨਾਮ ਇਕ ਐਸਾ ਅੰਮ੍ਰਿਤ ਫਲ ਹੈ ਜੋ ਹਰ ਤਰ੍ਹਾਂ ਦੇ ਸੁੱਖ ਦੇਣ ਵਾਲਾ ਹੈ, ਮਾਇਆ ਦੇ ਮੋਹ ਤੋੜ ਕੇ ਪਾਪ ਦੂਰ ਕਰਦਾ ਹੈ ਅਤੇ ਘਟ ਘਟ ਵਸਣ ਵਾਲੇ ਹਰੀ ਨਾਲ ਮਿਲਾਪ ਕਰਵਾ ਦੇਂਦਾ ਹੈ।

ਭੈਰਉ ਮਹਲਾ ੫ ॥

1. ਲਾਜ ਮਰੈ ਜੋ ਨਾਮੁ ਨ ਲੇਵੈ ॥
2. ਨਾਮ ਬਿਹੂਨ ਸੁਖੀ ਕਿਉ ਸੋਵੈ ॥
3. ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥
4. ਮੂਲ ਬਿਨਾ ਸਾਖਾ ਕਤ ਆਹੈ ॥੧॥
5. ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥
6. ਜਨਮ ਜਨਮ ਕੀ ਮੈਲੁ ਉਤਾਰੈ
ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ ਰਹਾਉ ॥
7. ਤੀਰਥਿ ਨਾਇ ਕਹਾ ਸੁਚਿ ਸੈਲੁ ॥
8. ਮਨ ਕਉ ਵਿਆਪੈ ਹਉਮੈ ਮੈਲੁ ॥
9. ਕੋਟਿ ਕਰਮ ਬੰਧਨ ਕਾ ਮੂਲੁ ॥
10. ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥
11. ਬਿਨੁ ਖਾਏ ਬੂਝੈ ਨਹੀ ਭੂਖ ॥
12. ਰੋਗੁ ਜਾਇ ਤਾਂ ਉਤਰਹਿ ਦੂਖ ॥
13. ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥
14. ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥੩॥
15. ਧਨੁ ਧਨੁ ਸਾਧ ਧੰਨੁ ਹਰਿਨਾਉ ॥
16. ਆਠ ਪਹਰ ਕੀਰਤਨੁ ਗੁਣ ਗਾਉ ॥
17. ਧਨੁ ਹਰਿ ਭਗਤਿ ਧਨੁ ਕਰਣੈਹਾਰ ॥
18. ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥

ਪਦ ਅਰਥ :–ਲਾਜ ਮਰੈ–ਸ਼ਰਮ ਨਾਲ ਮਰ ਜਾਂਦਾ ਹੈ, ਸ਼ਰਮ ਨਾਲ ਹੌਲੇ ਜੀਵਨ ਵਾਲਾ ਹੋ ਜਾਂਦਾ ਹੈ। ਕਿਉ ਸੋਵੈ–ਕਿਵੇਂ ਸੌਂ ਸਕਦਾ ਹੈ? ਨਹੀਂ ਸੌਂ ਸਕਦਾ। ਛਾਡਿ–ਛਡ ਕੇ। ਪਰਮ ਗਤਿ–ਸਭ ਤੋਂ ਉਚੀ ਆਤਮਕ ਅਵਸਥਾ। ਮੂਲ–(ਰੁੱਖ ਦਾ) ਮੁੱਢ। ਸਾਖਾ–ਟਾਹਣੀ। ਕਤ–ਕਿੱਥੇ?। ਆਹੈ–ਹੈ, ਹੋ ਸਕਦੀ ਹੈ।੧।

ਮਨ–ਹੇ ਮਨ!। ਧਿਆਇ–ਸਿਮਰਿਆ ਕਰ। ਉਤਾਰੈ–ਦੂਰ ਕਰ ਦੇਂਦਾ ਹੈ। ਬੰਧਨ–ਮਾਇਆ ਦੇ ਮੋਹ ਦੀਆਂ ਫਾਹੀਆਂ। ਸੰਗਿ–ਨਾਲ। ਮਿਲਾਇ–ਜੋੜ ਦੇਂਦਾ ਹੈ।੧। ਰਹਾਉ।

ਤੀਰਥਿ–ਤੀਰਥ ਉਤੇ। ਨਾਇ–ਨ੍ਹਾਇ, ਨ੍ਹਾ ਕੇ। ਸੁਚਿ–ਪਵਿਤ੍ਰਤਾ। ਸੈਲੁ–ਪੱਥਰ, ਪੱਥਰ ਦਿਲ ਮਨੁੱਖ। ਵਿਆਪੈ–ਜੋਰ ਪਾਈ ਰਖਦੀ ਹੈ। ਕੋਟਿ ਕਰਮ–ਕ੍ਰੋੜਾਂ (ਮਿਥੇ ਹੋਏ ਧਾਰਮਿਕ) ਕੰਮ। ਮੂਲ–ਕਾਰਨ, ਵਸੀਲਾ। ਪੂਲੁ–(ਕਰਮਾਂ ਦਾ) ਪੂਲਾ, ਪੰਡ।੨।

ਬੂਝੈ ਨਹੀ–ਨਹੀਂ ਬੁੱਝਦੀ। ਜਾਇ–ਜੇ ਦੂਰ ਹੋ ਜਾਏ। ਉਤਰਹਿ–ਲਹਿ ਜਾਂਦੇ ਹਨ। ਮੋਹਿ–ਮੋਹ ਵਿਚ। ਬਿਆਪਿਆ–ਫਸਿਆ ਹੋਇਆ। ਜਿਨਿ ਪ੍ਰਭਿ–ਜਿਸ ਪ੍ਰਭੂ ਨੇ।੩।

ਧਨੁ ਧਨੁ–ਭਾਗਾਂ ਵਾਲੇ। ਗੁਣ ਗਾਉ–ਗੁਣਾਂ ਦਾ ਗਾਇਨ (ਕਰਦੇ ਹਨ)। ਧਨੁ–ਸਰਮਾਇਆ।੪।

ਅਰਥ :–

ਪ੍ਰ:–ਸ੍ਰੀ ਜੀਉ! ਕੀ, ਨਾਮ ਤੋਂ ਸਖਣੇ ਮਨੁੱਖ ਨੂੰ ਆਪਣੇ ਅੰਤਰ ਆਤਮੇਂ ਭੀ ਕੁਝ ਘਾਟ ਅਨੁਭਵ ਹੁੰਦੀ ਹੈ?

1. ਉ:–ਹੇ ਭਾਈਓ! ਅਸਲ ਵਿਚ ਤਾਂ ਜੋ ਮਨੁੱਖ ਪ੍ਰਮੇਸ਼ਰ ਦਾ ਨਾਮ ਨਹੀਂ ਸਿਮਰਦਾ, ਉਹ ਆਪਣੇ ਆਪ, ਵਿਚ (ਹੀ) ਸ਼ਰਮ ਨਾਲ ਹੌਲਾ ਪੈ ਜਾਂਦਾ ਹੈ।

2. ਹੇ ਪਿਆਰੇ! ਪ੍ਰਮੇਸ਼ਰ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਸੁੱਖ ਦੀ ਨੀਂਦ (ਹੀ) ਨਹੀਂ ਸੌਂ ਸਕਦਾ।

3. ਹੇ ਭਾਈਓ! (ਜਿਹੜਾ ਮਨੁੱਖ) ਹਰੀ ਨਾਮ ਦਾ ਸਿਮਰਨ ਛਡ ਕੇ ਸਭ ਤੋਂ ਉਚੀ ਆਤਮਕ ਅਵਸਥਾ (ਹਾਸਲ ਕਰਨੀ) ਚਾਹੁੰਦਾ ਹੈ।

4. ਐ ਪਿਆਰੇ! ਉਸ ਦੀ ਇਹ ਤਾਂਘ ਇਸੇ ਤਰ੍ਹਾਂ ਹੀ ਵਿਅਰਥ ਹੈ, ਜਿਵੇਂ ਰੁੱਖ ਦੇ ਮੁੱਢ ਤੋਂ ਬਿਨਾ (ਉਸ ਉਤੇ) ਕੋਈ ਟਾਹਣੀ ਨਹੀਂ ਉੱਗ ਸਕਦੀ।੧।

5. (ਇਸ ਲਈ) ਹੇ ਮੇਰੇ ਮਨ! (ਤੂੰ) ਗੁਰੂ ਨੂੰ ਗੋਬਿੰਦ ਨੂੰ (ਸਦਾ ਹੀ) ਸਿਮਰਿਆ ਕਰ।

6. (ਕਿਉਂਕਿ) ਇਹੋ ਹੀ ਸਿਮਰਨ ਅਨੇਕਾਂ (ਹੀ) ਜਨਮਾਂ ਦੀ (ਵਿਕਾਰਾਂ ਦੀ) ਮੈਲ ਦੂਰ ਕਰ ਦੇਂਦਾ ਹੈ, ਮਾਇਆ ਦੇ ਮੋਹ ਦੀਆਂ ਫਾਹੀਆਂ ਕੱਟ ਕੇ, (ਮਨੁੱਖ ਨੂੰ) ਪ੍ਰਮੇਸ਼ਰ ਦੇ ਨਾਮ ਨਾਲ ਜੋੜ ਦੇਂਦਾ ਹੈ।੧। ਰਹਾਉ।

ਪ੍ਰ:–ਸ੍ਰੀ ਜੀਉ! ਕਈ ਲੋਕ ਵੇਖਣ ਵਿਚ ਆਉਂਦੇ ਹਨ ਕਿ

ਉਹ ਭਾਵੇਂ ਨਾਮ ਤਾਂ ਨਹੀਂ ਜਪਦੇ, ਪਰ, ਤੀਰਥਾਂ ਤੇ ਇਸ਼ਨਾਨ ਜ਼ਰੂਰ ਕਰਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਮਨ ਦੀ ਪਵਿਤ੍ਰਤਾ ਹਾਸਲ ਹੋ ਜਾਂਦੀ ਹੈ ?

7. ਉ:-ਹੇ ਭਾਈ ! (ਪੱਥਰ ਦਿਲ ਮਨੁੱਖ) ਤੀਰਥਾਂ ਉਤੇ ਇਸ਼ਨਾਨ ਕਰ ਕੇ (ਆਤਮਕ) ਪਵਿਤ੍ਰਤਾ ਹਾਸਲ ਨਹੀਂ ਕਰ ਸਕਦਾ।

8. (ਕਿਉਂਕਿ) (ਉਸ ਦੇ) ਮਨ ਵਿਚ (ਇਹੀ) ਹਉਮੈਂ ਦੀ ਮੈਲ ਚੰਬੜੀ ਰਹਿੰਦੀ ਹੈ (ਕਿ ਮੈਂ ਤੀਰਥ ਯਾਤਰਾ ਕਰ ਆਇਆ ਹਾਂ)।

9. ਹੇ ਭਾਈ ! ਇਸ ਲਈ, ਤੀਰਥ ਯਾਤਰਾ ਆਦਿਕ ਮਿਥੇ ਹੋਏ ਕ੍ਰੋੜਾਂ ਧਾਰਮਿਕ ਕਰਮ (ਹਉਮੈਂ ਦੀਆਂ) ਫਾਹੀਆਂ ਦਾ (ਹੀ) ਕਾਰਣ ਬਣਦੇ ਹਨ।

19. ਐ ਪਿਆਰੇ ! ਪ੍ਰਮਾਤਮਾਂ ਦਾ ਨਾਮ ਸਿਮਰਨ ਤੋਂ ਬਿਨਾ (ਇਹ ਮਿਥੇ ਹੋਏ ਧਾਰਮਿਕ ਕਰਮ ਮਨੁੱਖ ਦੇ ਸਿਰ ਉਤੇ) ਵਿਅਰਥ ਹੀ ਪੰਡ ਹਨ ।੨।

11. ਹੇ ਭਾਈ ! (ਭੋਜਨ) ਖਾਣ ਤੋਂ ਬਿਨਾ (ਪੇਟ ਦੀ) ਭੁੱਖ (ਦੀ ਅੱਗ) ਨਹੀਂ ਬੁਝਦੀ।

12. (ਇਸ ਤਰ੍ਹਾਂ ਰੋਗ ਤੋਂ ਪੈਦਾ ਹੋਏ) ਸਰੀਰਕ ਦੁੱਖ ਤਦੋਂ ਹੀ ਦੂਰ ਹੁੰਦੇ ਹਨ, ਜੇ (ਅੰਦਰੋਂ) ਰੋਗ ਦੂਰ ਹੋ ਜਾਏ।

13.14 ਹੇ ਭਾਈ ! ਜਿਸ ਪ੍ਰਮਾਤਮਾਂ ਨੇ ਪੈਦਾ ਕੀਤਾ ਹੈ, ਜਿਹੜਾ ਮਨੁੱਖ ਉਸ ਦਾ ਨਾਮ ਨਹੀਂ ਜਪਦਾ, ਉਹ ਸਦਾ ਕਾਮ ਕ੍ਰੋਧ ਵਿਚ ਫਸਿਆ ਰਹਿੰਦਾ ਹੈ ।੩।

15. ਹੇ ਭਾਈ ! ਉਹ ਗੁਰਮੁਖ ਮਨੁੱਖ ਭਾਗਾਂ ਵਾਲੇ ਹਨ, ਜਿਹੜੇ ਪ੍ਰਭੂ ਦਾ ਨਾਮ ਜਪਦੇ ਹਨ।

16. ਜਿਹੜੇ ਅੱਠੇ ਪਹਿਰ ਪ੍ਰਮਾਤਮਾਂ ਦੀ ਸਿਫਤ ਸਲਾਹ ਕਰਦੇ ਹਨ ਅਤੇ ਪ੍ਰਮਾਤਮਾਂ ਦੇ ਗੁਣ ਗਾਇਨ ਕਰਦੇ ਹਨ।

17. ਹੇ ਭਾਈ ! ਉਨ੍ਹਾਂ ਦੇ ਪਾਸ ਪ੍ਰਮਾਤਮਾਂ ਦੀ ਭਗਤੀ ਦਾ ਧਨ ਸਿਰਜਨਹਾਰ ਦੇ ਨਾਮ ਦਾ ਧਨ (ਸਦਾ ਮੌਜੂਦ ਹੈ)।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜੇ ਮਨੁੱਖ ਬੇਅੰਤ ਤੇ ਸਮਰੱਥ ਵਿਆਪਕ ਪ੍ਰਭੂ ਦੀ ਸ਼ਰਨ ਪਏ ਰਹਿੰਦੇ ਹਨ ।੪।੩੨।੪੫।

ਭਾਵਾਰਥ :—ਨਾਮ ਤੋਂ ਬਿਨਾ ਕੋਈ ਭੀ ਸੁਖ ਨਹੀਂ ਮਿਲਦਾ ਅਤੇ ਨਾ ਹੀ ਦੁੱਖ ਰੋਗ ਦੇ ਬੰਧਨ ਕਟੇ ਜਾ ਸਕਦੇ ਹਨ, ਇਸ ਲਈ ਹਰ ਮਨੁੱਖ ਨੂੰ ਮਾਨਸਕ ਅਰੋਗਤਾ ਪ੍ਰਾਪਤ ਕਰਨ ਲਈ ਨਾਮ ਸਿਮਰਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1. ਗੁਰ ਸੁਪ੍ਰਸੰਨ ਹੋਏ ਭਉ ਗਏ ॥
2. ਨਾਮ ਨਿਰੰਜਨ ਮਨ ਮਹਿ ਲਏ ॥
3. ਦੀਨ ਦਇਆਲ ਸਦਾ ਕਿਰਪਾਲ ॥
4. ਬਿਨਸਿ ਗਏ ਸਗਲੇ ਜੰਜਾਲ ॥੧॥
5. ਸੂਖ ਸਹਜ ਆਨੰਦ ਘਨੇ ॥
6. ਸਾਧ ਸੰਗਿ ਮਿਟੇ ਭੈ ਭਰਮਾ
ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥੧॥ ਰਹਾਉ ॥
7. ਚਰਨ ਕਮਲ ਸਿਉ ਲਾਗੋ ਹੇਤੁ ॥
8. ਖਿਨ ਮਹਿ ਬਿਨਸਿਓ ਮਹਾ ਪਰੇਤੁ ॥
9. ਆਠ ਪਹਰ ਹਰਿ ਹਰਿ ਜਪੁ ਜਾਪਿ ॥
10. ਰਾਖਨਹਾਰ ਗੋਵਿਦ ਗੁਰ ਆਪਿ ॥੨॥
11. ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥
12. ਭਗਤ ਜਨਾ ਕੇ ਸਾਸ ਨਿਹਾਰੈ ॥
13. ਮਾਨਸ ਕੀ ਕਹੁ ਕੇਤਕ ਬਾਤ ॥
14. ਜਮ ਤੇ ਰਾਖੈ ਦੇ ਕਰਿ ਹਾਥ ॥੩॥
15. ਨਿਰਮਲ ਸੋਭਾ ਨਿਰਮਲ ਰੀਤਿ ॥
16. ਪਾਰਬ੍ਰਹਮੁ ਆਇਆ ਮਨਿ ਚੀਤਿ ॥
17. ਕਰਿ ਕਿਰਪਾ ਗੁਰਿ ਦੀਨੋ ਦਾਨੁ ॥
18. ਨਾਨਕ ਪਾਇਆ ਨਾਮੁ ਨਿਧਾਨੁ ॥੪॥੩੩॥੪੬॥

ਪਦ ਅਰਥ :-ਸੁਪ੍ਰਸੰਨ-ਚੰਗੀ ਤਰ੍ਹਾਂ ਖੁਸ਼ । ਭਉ ਗਿਆ, ਹਰੇਕ ਡਰ ਦੂਰ ਹੋ ਗਿਆ। ਨਿਰੰਜਨ-(ਨਿਰ-ਅੰਜਨ) ਮਾਇਆ ਦੀ ਕਾਲਖ ਤੋਂ ਰਹਿਤ ਪ੍ਰਭੂ। ਲਏ-ਲੈਂਦਾ ਹੈ। ਸਗਲੇ-ਸਾਰੇ। ਜੰਜਾਲ-ਮਾਇਆ ਦੇ ਮੋਹ ਦੇ ਬੰਧਨ ।੧।

ਸਹਜ-ਆਤਮਕ ਅਡੋਲਤਾ। ਘਨੇ-ਬਹੁਤਾ। ਸੰਗਿ-ਸੰਗਤ ਵਿਚ। ਭੈ-ਸਾਰੇ ਡਰ। ਅੰਮ੍ਰਿਤੁ-ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਜਲ। ਰਸਨ-ਜੀਭ ਨਾਲ। ਭਨੇ-ਉਚ ਰਦਾ ਹੈ ।੧। ਰਹਾਉ।

ਹੇਤੁ-ਹਿਤ, ਪਿਆਰ। ਪਰੇਤੁ-ਅਸੁਧ ਸੁਭਾਉ, ਖੋਟਾ ਸੁਭਾਉ। ਜਾਪਿ-ਜਪਿਆ ਕਰ ।੨।

ਕਉ-ਨੂੰ। ਪ੍ਰਤਿਪਾਰੈ-ਪਾਲਦਾ ਹੈ । ਸਾਸ-ਸਾਹ। ਨਿਹਾਰੈ-ਵੇਖਦਾ ਹੈ, ਤਕਦਾ ਹੈ। ਮਾਨਸ-ਮਨੁੱਖ। ਕਹੁ-ਦੱਸ। ਕੇਤਕ ਬਾਤ-ਕੀ ਪਾਇਆਂ ?। ਜਮ ਤੇ-ਜਮਾਂ ਤੋਂ। ਦੇ ਕਰਿ-ਦੇ ਕੇ ।੩।

ਨਿਰਮਲ-ਬੇ-ਦਾਗ । ਰੀਤਿ-ਜੀਵਨ ਜੁਗਤਿ । ਮਨਿ-ਮਨ ਵਿਚ। ਚੀਤਿ-ਚਿੱਤ ਵਿਚ । ਗੁਰਿ-ਗੁਰੂ ਨੇ। ਨਿਧਾਨੁ-ਖਜ਼ਾਨਾ ।੪।

ਅਰਥ :-

ਪ੍ਰ:-ਸ੍ਰੀ ਜੀਉ ! ਜਦ ਗੁਰੂ ਦੀ ਕਿਸੇ ਮਨੁੱਖ ਉਤੇ ਅਤਿ ਖੁਸ਼ੀ ਹੋਏ ਤਾਂ ਉਸ ਨੂੰ ਕੀ ਦਾਤ ਹਾਸਲ ਹੁੰਦੀ ਹੈ ?

1. ਉ:-ਹੇ ਭਾਈਓ ! ਜਿਸ ਮਨੁੱਖ ਉਤੇ ਸਤਿਗੁਰੂ ਦੀ ਅਤਿਅੰਤ ਪ੍ਰਸੰਨਤਾ ਹੁੰਦੀ ਹੈ ਤਾਂ (ਉਸ ਦੇ ਅੰਦਰੋਂ) ਹਰੇਕ ਡਰ ਦੂਰ ਹੋ ਜਾਂਦਾ ਹੈ।

2. (ਕਿਉਂਕਿ) ਉਹ ਮਨੁੱਖ (ਹਰ ਵੇਲੇ) ਮਾਇਆ ਰਹਿਤ

ਪ੍ਰਮਾਤਮਾਂ ਦਾ ਨਾਮ ਆਪਣੇ ਮਨ ਵਿਚ ਵਸਾਈ ਰਖਦਾ ਹੈ ।

3. ਹੇ ਭਾਈ ! ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਜਿਸ ਮਨੁੱਖ ਉਤੇ ਕਿਰਪਾ ਕਰਦਾ ਹੈ ।

4. (ਉਸ ਦੇ ਅੰਦਰੋਂ) ਮਾਇਆ ਦੇ ਮੋਹ ਦ ਸਾਰੇ ਬੰਧਨ ਨਾਸ ਹੋ ਜਾਂਦੇ ਹਨ ।੧।

5. ਹੇ ਪਿਆਰੇ ! ਉਸ ਦੇ ਸਾਰੇ ਡਰ ਵਹਿਮ ਦੂਰ ਜਾਂਦੇ ਹਨ, (ਉਸ ਦੇ ਅੰਦਰ) ਆਤਮਕ ਅਡੋਲਤਾ ਦੇ ਬੜੇ ਸੁਖ ਅਨੰਦ ਬਣੇ ਰਹਿੰਦੇ ਹਨ ।

6. ਜੋ ਮਨੁੱਖ ਸਾਧ ਸੰਗਤ ਵਿਚ ਰਹਿ ਕੇ ਆਪਣੀ ਜੀਭ ਨਾਲ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਉਚਾਰਦਾ ਰਹਿੰਦਾ ਹੈ ।੧। ਰਹਾਉ ।

7. ਹੇ ਭਾਈਓ ! ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜਿਸ ਮਨੁੱਖ ਦਾ ਪਿਆਰ ਬਣ ਜਾਂਦਾ ਹੈ ।

8. ਉਸ ਦੇ ਅੰਦਰੋਂ (ਖੋਟਾ ਸੁਭਾਉ ਰੂਪ) ਵਡਾ ਪ੍ਰੇਤ ਇਕ ਖਿਨ ਵਿਚ ਮੁੱਕ ਜਾਂਦਾ ਹੈ ।

9. ਹੇ ਭਾਈ ! ਤੂੰ ਅੱਠੇ ਪਹਿਰ ਪ੍ਰਮਾਤਮਾਂ ਦੇ ਨਾਮ ਦਾ ਜਾਪ ਜਪਿਆ ਕਰ ।

10. (ਕਿਉਂਕਿ) ਸਭ ਦੀ ਰਖਿਆ ਕਰਨ ਵਾਲਾ ਗੁਰੂ ਗੋਬਿੰਦ ਆਪ (ਤੇਰੀ ਭੀ ਰਖਿਆ ਕਰੇਗਾ) ।੨।

11. ਹੇ ਭਾਈ ! ਉਹ ਪ੍ਰਭੂ ਆਪਣੇ ਸੇਵਕ ਦੀ ਆਪ ਹੀ ਰਖਿਆ ਕਰਦਾ ਹੈ ।

12. ਉਹ ਪ੍ਰਭੂ ਆਪਣੇ ਭਗਤਾਂ ਦੇ ਸੁਆਸਾਂ ਨੂੰ ਗਹੁ ਨਾਲ ਤਕਦਾ ਹੈ, (ਭਾਵ, ਬੜੇ ਧਿਆਨ ਨਾਲ ਭਗਤ ਜਨਾਂ ਦੀ ਰਾਖੀ ਕਰਦਾ ਹੈ) ।

13. ਹੇ ਭਾਈਓ ! ਦਸੋ ਖਾਂ ਮਨੁੱਖ ਵਿਚਾਰੇ ਭਗਤ ਜਨਾਂ ਦਾ ਕੀ ਵਿਗਾੜ ਸਕਦੇ ਹਨ ? ।

14. ਐ ਪਿਆਰੇ ! ਉਹ ਪ੍ਰਮਾਤਮਾਂ ਤਾਂ ਉਨ੍ਹਾਂ ਭਗਤ ਜਨਾਂ ਨੂੰ ਆਪ ਹੀ ਹੱਥ ਦੇ ਕੇ ਬਚਾ ਲੈਂਦਾ ਹੈ ।੩।

15. ਹੇ ਭਾਈਓ ! ਉਸ ਦੀ ਤਾਂ ਹਰ ਥਾਂ ਬੇ-ਦਾਗ ਸੋਭਾ ਬਣੀ ਰਹਿੰਦੀ ਹੈ, ਉਸ ਦੀ ਜੀਵਨ ਜੁਗਤ ਪਵਿਤ੍ਰ ਹੁੰਦੀ ਹੈ ।

16. ਜਿਸ ਮਨੁੱਖ ਦੇ ਮਨ ਵਿਚ, ਚਿੱਤ ਵਿਚ ਪ੍ਰਮਾਤਮਾਂ ਆ ਵਸਦਾ ਹੈ ।

17. ਕਿਰਪਾ ਕਰ ਕੇ ਜਿਸ ਮਨੁੱਖ ਨੂੰ ਗੁਰੂ ਨੇ (ਨਾਮ ਦੀ) ਦਾਤ ਬਖਸ਼ੀ ਹੈ ।

18. ਉਸ ਨੇ ਨਾਮ ਦਾ ਖਜ਼ਾਨਾ ਹਾਸਲ ਕਰ ਲਿਆ ਹੈ ਕਥਨ ਕਰਦੇ ਹਨ (ਗੁਰੂ) ਨਾਨਕ ਜੀ ।੪।੩੩।੪੬।

ਭਾਵਾਰਥ :—ਗੁਰੂ ਦਾ ਦਿਤਾ ਨਾਮ ਭਉ ਤੇ ਜੰਜਾਲ, ਪ੍ਰੇਤ ਰੂਪ ਹੰਕਾਰ ਅਤੇ ਮੌਤ ਦਾ ਡਰ ਦੂਰ ਕਰਦਾ ਹੈ ਅਤੇ ਉਚੀਆਂ ਸਿਖਰਾਂ ਦੇ ਸੁਖ ਨੂੰ ਛੋਹ ਲੈਣ ਦੀ ਸਮਰੱਥਾ ਦੇਂਦਾ ਹੈ ।

ਭੈਰਉ ਮਹਲਾ ੫ ॥

1. **ਕਰਣ ਕਾਰਣ ਸਮਰਥੁ ਗੁਰੁ ਮੇਰਾ ॥**
2. **ਜੀਅ ਪ੍ਰਾਣ ਸੁਖ ਦਾਤਾ ਨੇਰਾ ॥**
3. **ਭੈ ਭੰਜਨ ਅਬਿਨਾਸੀ ਰਾਇ ॥**
4. **ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥**
5. **ਜਤ ਕਤ ਪੇਖਉ ਤੇਰੀ ਸਰਣਾ ॥**
6. **ਬਲਿ ਬਲਿ ਜਾਈ ਸਤਿਗੁਰ ਚਰਣਾ ॥੧॥ਰਹਾਉ॥**
7. **ਪੂਰਨ ਕਾਮ ਮਿਲੇ ਗੁਰਦੇਵ ॥**
8. **ਸਭਿ ਫਲ ਦਾਤਾ ਨਿਰਮਲ ਸੇਵ ॥**
9. **ਕਰੁ ਗਹਿ ਲੀਨੇ ਅਪਨੇ ਦਾਸ ॥**
10. **ਰਾਮ ਨਾਮੁ ਰਿਦ ਦੀਓ ਨਿਵਾਸ ॥੨॥**
11. **ਸਦਾ ਅਨੰਦੁ ਨਾਹੀ ਕਿਛੁ ਸੋਗੁ ॥**
12. **ਦੂਖੁ ਦਰਦੁ ਨਹ ਬਿਆਪੈ ਰੋਗੁ ॥**
13. **ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥**
14. **ਪਾਰਬ੍ਰਹਮ ਗੁਰ ਅਗਮ ਅਪਾਰ ॥੩॥**
15. **ਨਿਰਮਲ ਸੋਭਾ ਅਚਰਜ ਬਾਣੀ ॥**
16. **ਪਾਰਬ੍ਰਹਮ ਪੂਰਨ ਮਨਿ ਭਾਣੀ ॥**
17. **ਜਲਿ ਥਲਿ ਮਹੀਅਲਿ ਰਵਿਆ ਸੋਇ ॥**
18. **ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥**

ਪਦ ਅਰਥ :—ਕਰਣ—ਜਗਤ, ਸ੍ਰਿਸ਼ਟੀ । ਕਾਰਣ—ਮੂਲ । ਸਮਰਥੁ—ਸਭ ਕੁਝ ਕਰ ਸਕਣ ਵਾਲਾ । ਜੀਅ ਦਾਤ੍ਰਾ—ਜਿੰਦ ਦੇਣ ਵਾਲਾ । ਪ੍ਰਾਣ ਦਾਤਾ-ਪ੍ਰਾਣ ਦੇਣ ਵਾਲਾ । ਸੁਖ ਦਾਤਾ—ਸਾਰੇ ਸੁਖ ਦੇਣ ਵਾਲਾ । ਨੇਰਾ—(ਸਭ ਦੇ) ਨੇੜੇ । ਭੈ ਭੰਜਨ—ਸਾਰੇ ਡਰਾਂ ਦਾ ਨਾਸ ਕਰਨ ਵਾਲਾ । ਰਾਇ—ਪਾਤਸ਼ਾਹ । ਦਰਸਨਿ ਦੇਖਿਐ—ਜੇ ਦਰਸ਼ਨ ਕਰ ਲਈਏ । ਜਾਇ—ਦੂਰ ਹੋ ਜਾਂਦਾ ਹੈ ।੧।

ਜਤ ਕਤ—ਜਿਥੇ ਕਿਥੇ, ਹਰ ਥਾਂ । ਪੇਖਉ—ਪੇਖਉਂ, ਮੈਂ ਵੇਖਦਾ ਹਾਂ । ਬਲਿ ਜਾਈ—ਬਲਿ ਜਾਈਂ; ਮੈਂ ਕੁਰਬਾਨ ਜਾਂਦਾ ਹਾਂ ।੧। ਰਹਾਉ ।

ਕਾਮ—ਕਾਮਨਾ, ਇੱਛਾ । ਸਭਿ—ਸਾਰੇ । ਨਿਰਮਲ—ਜੀਵਨ ਨੂੰ ਪਵਿਤ੍ਰ ਕਰਨ ਵਾਲੀ । ਕਰੁ—ਹੱਥ । ਗਹਿ—ਫੜ ਕੇ । ਰਿਦ—ਹਿਰਦੇ ਵਿਚ ।੨।

ਸੋਗੁ—ਗ਼ਮ । ਬਿਆਪੈ—ਆਪਣਾ ਜ਼ੋਰ ਪਾ ਸਕਦਾ । ਕਰਣੈਹਾਰੁ—ਪੈਦਾ ਕਰਨ ਦੀ ਸਮਰਥਾ ਵਾਲਾ ।੩।

ਨਿਰਮਲ—ਬੇ-ਦਾਗ । ਅਚਰਜ ਬਾਣੀ—ਵਿਸਮਾਦ ਅਵਸਥਾ ਪੈਦਾ ਕਰਨ ਵਾਲੀ ਬਾਣੀ । ਪੂਰਨ—ਸਰਬ ਵਿਆਪਕ । ਮਨਿ—(ਜਿਸ ਮਨੁੱਖ ਦੇ) ਮਨ ਵਿਚ । ਭਾਣੀ—ਪਿਆਰੀ ਲਗ ਪੈਂਦੀ ਹੈ । ਜਲਿ—ਜਲ ਵਿਚ । ਥਲਿ—ਧਰਤੀ ਵਿਚ । ਮਹੀਅਲਿ—ਮਹੀ ਤਲ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਅਕਾਸ਼ ਵਿਚ । ਰਵਿਆ—ਵਿਆਪਕ । ਤੇ-ਤੋਂ ।੪।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਏਡੀ ਵਡੀ ਸ੍ਰਿਸ਼ਟੀ ਨੂੰ ਰਚਨ ਵਾਲਾ ਕੌਣ ਹੈ ?

1. ਉ:–ਹੇ ਭਾਈਓ ! ਇਹੋ ਹੀ ਨਿਸਚਾ ਕਰੋ ਕਿ, ਉਹ ਮੇਰਾ ਗੁਰੂ ਪ੍ਰਮੇਸ਼ਰ (ਹੀ) ਸਾਰੀ ਸ੍ਰਿਸ਼ਟੀ ਦਾ ਮੂਲ ਕਾਰਣ ਹੈ ਅਤੇ ਸਭ ਤਾਕਤਾਂ ਦਾ ਮਾਲਕ ਹੈ ।
2. ਅਤੇ (ਸਭ ਨੂੰ) ਜਿੰਦ ਦੇਣ ਵਾਲਾ ਹੈ; ਪ੍ਰਾਣ ਦੇਣ ਵਾਲਾ ਹੈ ਅਤੇ ਸਾਰੇ ਸੁੱਖ ਦੇਣ ਵਾਲਾ ਹੈ, (ਸਭ ਦੇ) ਨੇੜੇ (ਵਸਦਾ) ਹੈ ।
3. ਹੇ ਭਾਈ ! ਉਹ ਪਾਤਸ਼ਾਹ (ਜੀਵਾਂ ਦੇ ਸਾਰੇ) ਡਰ ਦੂਰ ਕਰਨ ਵਾਲਾ ਹੈ, ਉਹ ਆਪ ਨਾਸ ਰਹਿਤ ਹੈ ।
4. ਹੇ ਪਿਆਰੇ ! ਜੇ ਉਸ ਦਾ ਦਰਸ਼ਨ ਕੀਤਾ ਜਾਏ (ਤਾਂ ਮਨੁੱਖ ਦਾ) ਸਾਰਾ ਦੁਖ ਦੂਰ ਹੋ ਜਾਂਦਾ ਹੈ ।੧।
5. ਹੇ ਪ੍ਰਭੂ ! ਮੈਂ ਤਾਂ ਹਰ ਥਾਂ ਤੇਰਾ ਹੀ ਆਸਰਾ ਤਕਦਾ ਹਾਂ ।
6. ਹੇ ਪ੍ਰਭੂ ਜੀਉ ! ਮੈਂ (ਅ ਪਣੇ) ਗੁਰੂ ਦੇ ਚਰਨਾਂ ਤੋਂ ਭੀ ਸਦਾ ਸਦਕੇ ਜਾਂਦਾ ਹਾਂ ਜਿਸ ਨੇ ਮੈਨੂੰ ਤੇਰੇ ਚਰਨਾਂ ਵਿਚ ਜੋੜਿਆ ਹੈ ।੧। ਰਹਾਉ ।
7. ਹੇ ਭਾਈਓ ! ਗੁਰਦੇਵ ਪ੍ਰਭੂ ਨੂੰ ਮਿਲਿਆਂ ਸਾਰੀਆਂ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ ।
8. (ਕਿਉਂਕਿ) ਉਹ ਪ੍ਰਭੂ ਸਾਰੇ ਫਲ ਦੇਣ ਵਾਲਾ ਹੈ ਅਤੇ ਉਸ ਦੀ ਸੇਵਾ ਭਗਤੀ ਜੀਵਨ ਨੂੰ ਪਵਿਤ੍ਰ ਕਰ ਦੇਂਦੀ ਹੈ ।
9. ਐ ਪਿਆਰੇ ! ਉਹ ਪ੍ਰਭੂ ਆਪਣੇ ਦਾਸਾਂ ਦਾ ਹੱਥ ਫੜ ਕੇ ਉਨ੍ਹਾਂ ਨੂੰ ਆਪਣੇ ਬਣਾ ਲੈਂਦਾ ਹੈ ।
10. ਅਤੇ ਉਨ੍ਹਾਂ ਦੇ ਹਿਰਦੇ ਵਿਚ ਆਪਣਾ ਨਾਮ ਟਿਕਾ ਦੇਂਦਾ ਹੈ ।੨।
11. ਹੇ ਭਾਈ ! ਜਿਸ ਦੇ ਹਿਰਦੇ ਅੰਦਰ ਤੂੰ ਆਪਣਾ ਨਾਮ ਟਿਕਾਂਦਾ ਹੈਂ ਉਸ ਦੇ ਅੰਦਰ ਸਦਾ ਅਨੰਦ ਬਣਿਆਂ ਰਹਿੰਦਾ ਹੈ, ਉਸ ਨੂੰ ਕੋਈ ਗਮ ਪੋਹ ਨਹੀਂ ਸਕਦਾ ਉਸ ਨੂੰ ਕੋਈ ਦੁੱਖ, ਕੋਈ ਦਰਦ, ਕੋਈ ਰੋਗ ਉਸ ਨੂੰ ਪੋਹ ਨਹੀਂ ਸਕਦਾ ।
12. ਹੇ ਪ੍ਰਭੂ ਜੀਉ ! ਇਹ ਸਭ ਕੁਝ ਤੇਰਾ ਪੈਦਾ ਕੀਤਾ ਹੋਇਆ ਹੈ ।
13. ਹੇ ਗੁਰੂ ਪਾਰਬ੍ਰਹਮ ! ਹੇ ਅਪਹੁੰਚ, ਹੇ ਬੇਅੰਤ, ਸਭੋ ਕਿਛ ਤੇਰਾ ਹੀ ਹੈ ।੩।
14. ਹੇ ਪ੍ਰਭੂ ! ਤੇਰੀ ਸੋਭਾ ਨਿਰਮਲ ਹੈ ਅਤੇ ਉਪਦੇਸ਼ ਰੂਪ ਤੇਰੀ ਬਾਣੀ ਹੈ, ਜੋ ਕਿ ਅਸਚਰਜ ਰੂਪ ਹੈ ।
15. (ਕਿਉਂਕਿ) ਹੇ ਪੂਰਨ ਪਾਰਬ੍ਰਹਮ ਆਪ ਜੀ ਦੀ ਕੀਰਤੀ ਮੇਰੇ ਮਨ ਨੂੰ ਪਿਆਰੀ ਲਗਦੀ ਹੈ ।
16. ਹੇ ਭਾਈਓ ! ਸਰਬ ਵਿਆਪਕ ਪ੍ਰਮਾਤਮਾਂ ਦੀ ਵਿਸਮਾਦ ਕਰਨ ਵਾਲੀ ਸਿਫਤ ਸਲਾਹ ਜਿਸ ਮਨੁੱਖ ਦੇ ਮਨ ਵਿਚ ਮਿੱਠੀ ਲਗ ਪੈਂਦੀ ਹੈ ।
17. ਉਸ ਦੀ ਮਾਨਸਕ ਅਵਸਥਾ ਇਸ ਰੂਪ ਵਿਚ ਹੋ ਆਉਂਦੀ ਹੈ ਕਿ, ਉਹ ਪ੍ਰਭੂ ਜਲ ਵਿਚ, ਥਲ ਵਿਚ, ਅਕਾਸ਼ ਵਿਚ, ਸਭ ਥਾਂ ਮੌਜੂਦ ਹੈ ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜੋ ਕੁਝ ਜਗਤ ਵਿਚ ਹੋ ਰਿਹਾ ਹੈ ਸਭ ਕੁਝ ਪ੍ਰਭੂ ਤੋਂ(ਪ੍ਰਭੂ ਦੇ ਹੁਕਮ ਨਾਲ ਹੀ)ਹੋ ਰਿਹਾ ਹੈ।੪।੩੪।੪੭।

ਭਾਵਾਰਥ :–ਨਾਮ ਦਾ ਦਾਤਾ ਗੁਰੂ ਸਰਬ ਸਮਰੱਥ ਹੈ, ਉਹ ਵਸਦੇ ਹਰੀ ਨੂੰ ਵਿਖਾ ਦੇਂਦਾ ਹੈ, ਜਿਸ ਨਾਲ ਸਾਰੇ ਦੁੱਖ ਦਰਦ ਦੂਰ ਹੋ ਕੇ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ ।

ਭੈਰਉ ਮਹਲਾ ੫ ॥

1. **ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥**
2. **ਸਰਬ ਮਨੋਰਥ ਪੂਰਨ ਕਰਣੇ ॥**
3. **ਆਠ ਪਹਰ ਗਾਵਤ ਭਗਵੰਤੁ ॥**
4. **ਸਤਿਗੁਰਿ ਦੀਨੋ ਪੂਰਾ ਮੰਤੁ ॥੧॥**
5. **ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥**
6. **ਤਿਸ ਕੈ ਸੰਗਿ ਤਰੈ ਸੰਸਾਰੁ ॥੧॥ ਰਹਾਉ ॥**
7. **ਸੋਈ ਗਿਆਨੀ ਜਿ ਸਿਮਰੈ ਏਕ ॥**
8. **ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥**
9. **ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥**
10. **ਸੋ ਪਤਿਵੰਤਾ ਜਿ ਆਪੁ ਪਛਾਨੀ ॥੨॥**
11. **ਗੁਰ ਪਰਸਾਦਿ ਪਰਮ ਪਦੁ ਪਾਇਆ ॥**
12. **ਗੁਣ ਗੁਪਾਲ ਦਿਨੁ ਰੈਨਿ ਧਿਆਇਆ ॥**
13. **ਤੂਟੇ ਬੰਧਨ ਪੂਰਨ ਆਸਾ ॥**
14. **ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥੩॥**
15. **ਕਹੁ ਨਾਨਕ ਜਾ ਕੇ ਪੂਰਨ ਕਰਮਾ ॥**
16. **ਸੋ ਜਨੁ ਆਇਆ ਪ੍ਰਭ ਕੀ ਸਰਨਾ ॥**
17. **ਆਪਿ ਪਵਿਤੁ ਪਾਵਨ ਸਭਿ ਕੀਨੇ ॥**
18. **ਰਾਮ ਰਸਾਇਣੁ ਰਸਨਾ ਚੀਨੇ ॥੪॥੩੫॥੪੮॥**

ਪਦ ਅਰਥ :–ਰਾਤਾ–ਰੰਗਿਆ ਗਿਆ । ਰਾਮ ਰੰਗਿ ਚਰਣੇ–ਰਾਮ ਦੇ ਚਰਨਾਂ ਦੇ ਪਿਆਰ ਵਿਚ । ਮਨੋਰਥ–ਲੋੜਾਂ, ਮੰਗਾਂ । ਗਾਵਤ–ਗਾਂਦਿਆਂ । ਸਤਿਗੁਰਿ–ਗੁਰੂ ਨੇ । ਮੰਤੁ–ਉਪਦੇਸ਼, ਨਾਮ ਮੰਤ੍ਰ ।੧।

ਨਾਮਿ–ਨਾਮ ਵਿਚ । ਤਿਸ ਕੈ ਸੰਗਿ–ਉਸ ਦੀ ਸੰਗਤ ਵਿਚ । ਤਰੈ–(ਵਿਕਾਰਾਂ ਦੇ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ।੧। ਰਹਾਉ ।

ਗਿਆਨੀ–ਆਤਮਕ ਗਿਆਨ ਦੀ ਸੂਝ ਵਾਲਾ । ਜਿ–ਜਿਹੜਾ ਮਨੁੱਖ । ਬੁਧਿ ਬਿਬੇਕ–(ਚੰਗੇ ਮੰਦੇ ਕਰਮਾਂ ਦੀ) ਪਰਖ ਦੀ ਅਕਲ । ਕੁਲਵੰਤਾ–ਚੰਗੀ ਕੁਲ ਵਾਲਾ ।

ਪਤਿਵੰਤਾ-ਇੱਜ਼ਤ ਵਾਲਾ । ਆਪੁ-ਆਪਣੇ ਆਪ ਨੂੰ, ਆਪਣੇ ਆਚਰਨ ਨੂੰ ।੨।

ਪਰਸਾਦਿ-ਕਿਰਪਾ ਨਾਲ । ਪਰਮ-ਸਭ ਤੋਂ ਉਚਾ । ਪਦੁ-ਆਤਮਕ ਦਰਜਾ । ਗੁਪਾਲ-(ਅੱਖਰ 'ਗ' ਦੇ ਨਾਲ ਦੋ ਲਗਾਂ ਹਨ- ੋ ਅਤੇ ੁ । ਅਸਲ ਲਫ਼ਜ਼ ਹੈ 'ਗੋਪਾਲ', ਇਥੇ ਪੜ੍ਹਨਾ ਹੈ 'ਗੁਪਾਲ') । ਰੈਨਿ-ਰਾਤ । ਬੰਧਨ-ਮਾਇਆ ਦੇ ਮੋਹ ਦੀਆਂ ਫਾਹੀਆਂ । ਰਿਦ ਮਾਹਿ-ਹਿਰਦੇ ਵਿਚ ।੩।

ਜਾ ਕੇ-ਜਿਸ (ਮਨੁੱਖ) ਦੇ । ਪੂਰਨ ਕਰਮਾ-ਪੂਰੇ ਭਾਗ, ਚੰਗੀ ਕਿਸਮਤ । ਸੋ-ਉਹ । ਪਾਵਨ ਪਵਿਤ੍ਰ ਜੀਵਨ ਵਾਲੇ । ਸਭਿ-ਸਾਰੇ । ਰਸਾਇਣੁ-(ਰਸ-ਆਯਨ । ਰਸਾਂ ਦਾ ਘਰ) ਸਭ ਰਸਾਂ ਤੋਂ ਸ੍ਰੇਸ਼ਟ ਰਸ । ਰਸਨਾ ਜੀਭ (ਨਾਲ) । ਚੀਨੇ-ਪਛਾਣਿਆਂ,ਮਾਣਿਆਂ ।੪। **ਅਰਥ :-**

ਪ੍ਰ:-ਸ੍ਰੀ ਜੀਉ ! ਪ੍ਰਭੂ ਪਿਆਰ ਵਿਚ ਰਤਿਆਂ ਹੋਇਆਂ ਨੂੰ ਆਖ਼ਰ ਫਲ ਕੀ ਹਾਸਲ ਹੁੰਦਾ ਹੈ ?

1. **ਉ:**-ਹੇ ਭਾਈਓ ! ਜਿਸ ਦਾ ਮਨ ਅਤੇ ਤਨ ਪ੍ਰਮਾਤਮਾਂ ਦੇ ਚਰਨਾਂ ਦੇ ਪਿਆਰ ਵਿਚ ਮਸਤ ਰਹਿੰਦਾ ਹੈ ।
2. ਹੇ ਭਾਈ ! ਪ੍ਰਮਾਤਮਾਂ ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਰਹਿੰਦਾ ਹੈ ।
3. ਹੇ ਪਿਆਰੇ ! ਉਹ ਮਨੁੱਖ ਅਠੇ ਪਹਿਰ ਭਗਵਾਨ ਦੇ ਗੁਣ ਗਾਉਂਦਿਆਂ ਹੀ ਆਪਣੀ ਉਮਰ ਗੁਜ਼ਾਰਦਾ ਹੈ ।
4. ਜਿਸ ਮਨੁੱਖ ਨੂੰ ਗੁਰੂ ਨੇ (ਸਾਰੇ ਗੁਣਾਂ ਨਾਲ) ਭਰਪੂਰ ਨਾਮ ਮੰਤ੍ਰ ਦੇ ਦਿਤਾ ਹੈ ।
5. ਹੇ ਭਾਈਓ ! ਜਿਸ ਮਨੁੱਖ ਦਾ ਪ੍ਰਮੇਸ਼ਰ ਦੇ ਨਾਮ ਨਾਲ ਪਿਆਰ ਬਣ ਜਾਂਦਾ ਹੈ, ਜਾਣੋ ਉਹ ਵਡੇ ਭਾਗਾਂ ਵਾਲਾ ਹੈ ।
6. ਹੇ ਭਾਈ ! ਉਸ ਦੀ ਸੰਗਤ ਵਿਚ ਮਿਲ ਕੇ ਸਾਰਾ ਜਗਤ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ।੧।ਰਹਾਉ।

ਪ੍ਰ:-ਸ੍ਰੀ ਜੀਉ ! ਸਹੀ ਰੂਪ ਵਿਚ ਗਿਆਨੀ ਕਿਸ ਨੂੰ ਕਿਹਾ ਜਾਂਦਾ ਹੈ ?

7. **ਉ:**-ਹੇ ਭਾਈਓ ! ਉਹੀ ਆਤਮਕ ਸੂਝ ਵਾਲਾ ਗਿਆਨੀ ਕਿਹਾ ਜਾਂਦਾ ਹੈ, ਜਿਹੜਾ ਮਨੁੱਖ ਇਕੋ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ ।
8. ਹੇ ਭਾਈ ! ਜਿਸ ਮਨੁੱਖ ਨੂੰ ਚੰਗੇ ਮੰਦੇ ਕਰਮਾਂ ਦੇ ਪਰਖ ਦੀ ਅਕਲ ਆ ਜਾਂਦੀ ਹੈ, ਉਹ ਮਨੁੱਖ ਨਾਮ ਧਨ ਦਾ ਮਾਲਕ ਬਣ ਜਾਂਦਾ ਹੈ ।
9. ਹੇ ਪਿਆਰੇ ! ਜਿਹੜਾ ਮਨੁੱਖ ਮਾਲਕ ਪ੍ਰਭੂ ਨੂੰ ਯਾਦ ਕਰਦਾ ਹੈ, ਉਹ (ਸਭ ਤੋਂ ਉਚੇ ਪ੍ਰਭੂ ਨਾਲ ਛੂਹ ਕੇ) ਉਚੀ ਕੁਲ ਵਾਲਾ ਬਣ ਗਿਆ ।
10. ਐ ਪਿਆਰੇ ! ਜਿਹੜਾ ਮਨੁੱਖ ਆਪਣੇ ਆਚਰਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਲੋਕ ਪ੍ਰਲੋਕ ਵਿਚ ਇੱਜ਼ਤ ਵਾਲਾ ਹੋ ਜਾਂਦਾ ਹੈ ।੨।
11. ਹੇ ਭਾਈ ! ਗੁਰੂ ਦੀ ਕਿਰਪਾ ਨਾਲ ਜਿਸ ਨੇ ਉਚਾ ਆਤਮਕ ਦਰਜਾ ਹਾਸਲ ਕਰ ਲਿਆ ਹੈ ।
12. ਉਸ ਮਨੁੱਖ ਨੇ ਦਿਨ ਰਾਤ (ਹਰ ਵੇਲੇ) ਪ੍ਰਮੇਸ਼ਰ ਦੇ ਗੁਣਾਂ ਨੂੰ ਗਾਇਆ ਹੈ ।
13. ਹੇ ਭਾਈ ! ਉਸ ਦੇ ਮਾਇਆ ਦੇ ਮੋਹ ਦੀਆਂ ਸਭ ਫਾਹੀਆਂ ਟੁੱਟ ਗਈਆਂ ਹਨ, ਉਸ ਦੀਆਂ ਸਭ ਆਸਾਂ ਪੂਰੀਆਂ ਹੋ ਗਈਆਂ ।
14. (ਕਿਉਂਕਿ) ਪ੍ਰਮਾਤਮਾਂ ਦੇ ਚਰਨ ਉਸ ਦੇ ਹਿਰਦੇ ਵਿਚ (ਸਦਾ ਲਈ) ਟਿਕ ਗਏ ਹਨ ।੩।

ਪ੍ਰ:-ਸ੍ਰੀ ਜੀਉ ! ਉਸ ਸੁਖਦਾਤੇ ਪ੍ਰਭੂ ਦੀ ਸ਼ਰਨ ਵਿਚ ਸਾਰੇ ਹੀ ਜੀਵ ਕਿਉਂ ਨਹੀਂ ਆਉਂਦੇ ?

15. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਦੇ ਪੂਰੇ ਭਾਗ ਜਾਗ ਪੈਂਦੇ ਹਨ ।
16. ਹੇ ਭਾਈ ! ਉਹੀ ਮਨੁੱਖ ਪ੍ਰਮਾਤਮਾਂ ਦੀ ਸ਼ਰਨ ਵਿਚ ਆ ਪੈਂਦਾ ਹੈ ।
17. ਹੇ ਪਿਆਰੇ ! ਉਹ ਮਨੁੱਖ ਆਪ ਸੁਚੇ ਆਚਰਨ ਵਾਲਾ ਬਣ ਜਾਂਦਾ ਹੈ ਅਤੇ (ਜਿਹੜਾ ਉਸ ਦੀ ਸੰਗਤ ਕਰਦਾ ਹੈ ਉਸ ਨੂੰ ਭੀ) ਪਵਿਤ੍ਰ ਜੀਵਨ ਵਾਲਾ ਬਣਾ ਲੈਂਦਾ ਹੈ ।
18. ਉਹ ਮਨੁੱਖ ਆਪਣੀ ਜੀਭ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਰਸ ਨੂੰ ਚੱਖਦਾ ਰਹਿੰਦਾ ਹੈ ।੪।੩੫।੪੮।

ਭਾਵਾਰਥ :-ਜਿਸ ਭਾਗਾਂ ਵਾਲੇ ਨੇ ਹਰੀ ਦੇ ਨਾਮ ਨੂੰ ਪਿਆਰ ਕੀਤਾ ਹੈ ਉਸ ਦੇ ਲਈ ਗਿਆਨ, ਧਿਆਨ, ਧਨ, ਕੁਲ ਦਾ ਮਾਣ ਆਦਿ ਸਭ ਆਸਾਂ ਪੂਰੀਆਂ ਹੋ ਜਾਂਦੀਆਂ ਹਨ ।

ਭੈਰਉ ਮਹਲਾ ੫ ॥

1. **ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥**
2. **ਨਾਮੁ ਸੁਣਤ ਜਮੁ ਦੂਰਹੁ ਭਾਗੈ ॥**
3. **ਨਾਮੁ ਲੈਤ ਸਭ ਦੂਖਹ ਨਾਸੁ ॥**
4. **ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥**
5. **ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥**
6. **ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ਰਹਾਉ॥**
7. **ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥**
8. **ਹਰਿ ਸਿਮਰਤ ਦੈਤ ਦੇਉ ਨ ਪੋਹੈ ॥**
9. **ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥**
10. **ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥**
11. **ਹਰਿ ਸਿਮਰਨ ਕੀ ਸਗਲੀ ਬੇਲਾ ॥**
12. **ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥**
13. **ਜਾਤਿ ਅਜਾਤਿ ਜਪੈ ਜਨੁ ਕੋਇ ॥**
14. **ਜੋ ਜਾਪੈ ਤਿਸ ਕੀ ਗਤਿ ਹੋਇ ॥੩॥**
15. **ਹਰਿ ਕਾ ਨਾਮੁ ਜਪੀਐ ਸਾਧ ਸੰਗਿ ॥**
16. **ਹਰਿ ਕੇ ਨਾਮ ਕਾ ਪੂਰਨ ਰੰਗੁ ॥**

17. **ਨਾਨਕ ਕਉ ਪ੍ਰਭ ਕਿਰਪਾ ਧਾਰਿ ॥**
18. **ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥੪॥੩੬॥੪੯॥**

ਪਦ ਅਰਥ :–ਲੈਤ–ਲੈਂਦਿਆਂ, ਸਿਮਰਦਿਆਂ। ਬਿਘਨੁ–ਰੁਕਾਵਟ। ਦੂਖਹ–ਦੁੱਖਾਂ ਦਾ।੧।

ਨਿਰਵਿਘਨ–ਵਿਘਨਾਂ ਤੋਂ ਬਚਾਣ ਵਾਲੀ। ਰਸਕਿ–ਅਨੰਦ ਨਾਲ, ਸੁਆਦ ਨਾਲ।੧। ਰਹਾਉ।

ਚਾਖੁ–ਭੈੜੀ ਨਜ਼ਰ। ਜੋਹੈ–ਤਕ ਸਕਦੀ ਹੈ। ਦੈਤ ਦੇਉ–ਦੈਂਤ ਦੇਉ, (ਕਾਮਾਦਿਕ ਕੋਈ) ਵਡੇ ਤੋਂ ਵਡਾ ਦੇਉ। ਨ ਪੋਹੈ–ਆਪਣਾ ਜੋਰ ਨਹੀਂ ਪਾ ਸਕਦਾ। ਨ ਬਧੈ–ਨਹੀਂ ਮਾਰ ਸਕਦਾ, ਆਤਮਕ ਤੌਰ ਤੇ ਮਾਰ ਨਹੀਂ ਸਕਦਾ। ਰੁਧੈ–ਰੁੱਝਦਾ, ਫਸਦਾ। ਗਰਭ ਜੋਨਿ–ਜੂਨਾਂ ਦੇ ਗੇੜ ਵਿਚ।੨।

ਸਗਲੀ ਬੇਲਾ–ਹਰੇਕ ਸਮਾਂ। ਬੇਲਾ–ਵੇਲੇ। ਇਕੇਲਾ–ਕੋਈ ਵਿਰਲਾ। ਅਜਾਤਿ–ਨੀਵੀਂ ਜਾਤ ਦਾ ਮਨੁੱਖ। ਜਨੁ ਕੋਇ–ਜਿਹੜਾ ਭੀ ਮਨੁੱਖ। ਗਤਿ–ਉਚੀ ਆਤਮਕ ਅਵਸਥਾ।੩।

ਜਪੀਐ–ਜਪਿਆ ਜਾ ਸਕਦਾ ਹੈ। ਸਾਧ ਸੰਗਿ–ਸਾਧ ਸੰਗਤ ਵਿਚ। ਪੂਰਨ–ਪੂਰਾ, ਮੁਕੰਮਲ। ਧਾਰਿ–ਕਰ। ਸਾਸਿ ਸਾਸਿ–ਹਰੇਕ ਸਾਹ ਦੇ ਨਾਲ। ਚਿਤਾਰਿ–ਚਿਤਾਰੀ, ਮੈਂ ਚੇਤੇ ਕਰਦਾ ਰਹਾਂ।੪।

ਅਰਥ :–

ਪ੍ਰ:–ਸ੍ਰੀ ਜੀਉ ! ਜੀਵਨ ਦੇ ਸਫਰ ਵਿਚ ਵਿਕਾਰਾਂ ਦੀ ਰੁਕਾਵਟ ਹਮੇਸ਼ਾਂ ਬਣੀ ਹੀ ਰਹਿੰਦੀ ਹੈ, ਕ੍ਰਿਪਾ ਕਰਕੇ ਕੋਈ ਸਾਧਨ ਦਸੋ, ਜਿਸ ਕਰ ਕੇ ਬਚਾ ਹੋ ਸਕੇ ?

1. ਉ:–ਹੇ ਭਾਈਓ ! ਉਸ ਪ੍ਰਮੇਸ਼ਰ ਜੀ ਦੇ ਨਾਮ ਨੂੰ ਜਪਦਿਆਂ (ਜ਼ਿੰਦਗੀ ਦੇ ਸਫਰ ਵਿਚ ਕਾਮਾਦਿਕਾਂ ਦੀ) ਕੋਈ ਭੀ ਰੁਕਾਵਟ ਨਹੀਂ ਪੈਂਦੀ।
2. ਹੇ ਪਿਆਰੇ ! ਪ੍ਰਮੇਸ਼ਰ ਜੀ ਦਾ ਨਾਮ ਸੁਣਦਿਆਂ (ਮਨੁੱਖ ਦਾ ਜੀਵਨ ਇਤਨਾ ਉਚਾ ਹੋ ਜਾਂਦਾ ਹੈ ਕਿ ਨਾਮ ਜਪਣ ਵਾਲੇ ਪਾਸੋਂ) ਜਮਰਾਜ ਦੂਰੋਂ ਹੀ ਪਰੇ ਹਟ ਜਾਂਦਾ ਹੈ।
3. ਹੇ ਭਾਈਓ ! ਨਾਮ ਜਪਦਿਆਂ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।
4. ਅਤੇ ਪ੍ਰਮਾਤਮਾਂ ਦੇ ਚਰਨਾਂ ਵਿਚ ਮਨ ਟਿਕਿਆ ਰਹਿੰਦਾ ਹੈ।੧।
5. ਹੇ ਭਾਈ ! ਸਦਾ ਹੀ ਹਰੀ ਦਾ ਹਰਿ ਹਰਿ ਨਾਮ ਜਪਦਾ ਰਿਹਾ ਕਰ, (ਕਿਉਂਕਿ) ਇਹ ਭਗਤੀ ਸਾਰੇ ਵਿਘਨਾਂ ਤੋਂ ਰਹਿਤ ਕਰਨ ਵਾਲੀ ਹੈ।
6. ਇਸ ਲਈ, ਬੜੇ ਪ੍ਰੇਮ ਨਾਲ ਸਦਾ ਪ੍ਰਮੇਸ਼ਰ ਜੀ ਦੇ ਗੁਣ ਗਾਂਦਾ ਰਿਹਾ ਕਰ।੧। ਰਹਾਉ।

ਪ੍ਰ:–ਸ੍ਰੀ ਜੀਉ ! ਗੁਣ ਗਾਉਂਦਿਆਂ ਹੋਇਆਂ ਮੈਨੂੰ ਲਾਭ ਕੀ ਹੋ ਸਕੇਗਾ ?

7. ਉ:–ਹੇ ਭਾਈਓ ! ਉਸ ਪ੍ਰਮੇਸ਼ਰ ਜੀ ਦਾ ਨਾਮ ਸਿਮਰਦਿਆਂ ਕੋਈ ਭੀ ਭੈੜੀ ਨਜ਼ਰ ਨਹੀਂ ਲਗਦੀ।
8. ਅਤੇ ਹਰੀ ਦੇ ਨਾਮ ਸਿਮਰਨ ਕਰਦਿਆਂ ਕੋਈ ਦੈਂਤ ਦੇਉ ਆਪਣਾ ਜ਼ੋਰ ਨਹੀਂ ਪਾ ਸਕਦਾ।
9. ਹੇ ਪਿਆਰੇ ! ਹਰੀ ਦਾ ਨਾਮ ਸਿਮਰਦਿਆਂ ਮਾਇਆ ਦਾ ਮੋਹ ਦੁਨੀਆਂ ਦਾ ਕੋਈ ਮਾਣ, ਆਤਮਕ ਜੀਵਨ ਨੂੰ ਕੁਚਲ ਨਹੀਂ ਸਕਦਾ।
10. ਹਰੀ ਦਾ ਨਾਮ ਸਿਮਰਦਿਆਂ ਮਨੁੱਖ ਜੂਨਾਂ ਦੇ ਗੇੜ ਵਿਚ ਨਹੀਂ ਫਸਦਾ।੨।

ਪ੍ਰ:–ਗੁਰਦੇਵ ਜੀਉ ! ਕੀ ਹਰੀ ਦਾ ਨਾਮ ਸਿਮਰਨ ਕਰਦੇ ਰਹਿਣ ਦਾ ਭੀ ਕੋਈ ਖਾਸ ਸਮਾਂ ਨੀਅਤ ਹੈ ?

11. ਉ:–ਹੇ ਭਾਈਓ ! ਜਿਹੜਾ ਭੀ ਸਮਾਂ ਸਿਮਰਨ ਵਿਚ ਗੁਜ਼ਾਰਿਆ ਜਾਏ ਉਹੀ ਚੰਗਾ ਹੈ ਹਰੇਕ ਸਮਾਂ ਸਿਮਰਨ ਵਾਸਤੇ ਢੁਕਵਾਂ ਹੀ ਸਮਾਂ ਹੈ।
12. ਪਰ, ਅਨੇਕਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਹਰੀ ਦਾ ਨਾਮ ਸਿਮਰਨ ਕਰਦਾ ਹੈ।
13. ਹੇ ਭਾਈਓ ! ਕੋਈ ਉਚੀ ਜਾਤ ਦਾ ਹੋਵੇ ਚਾਹੇ ਨੀਵੀਂ ਜਾਤ ਦਾ ਹੋਵੇ, ਜਿਹੜਾ ਭੀ ਮਨੁੱਖ ਨਾਮ ਜਪਦਾ ਹੈ।
14. ਉਸ ਦੀ ਆਤਮਕ ਅਵਸਥਾ ਉਚੀ ਹੋ ਜਾਂਦੀ ਹੈ।੩।

ਪ੍ਰ:–ਸ੍ਰੀ ਜੀਉ ! ਕੀ ਕੋਈ ਨਾਮ ਸਿਮਰਨ ਕਰਨ ਲਈ ਖਾਸ ਜਗ੍ਹਾ ਹੈ, ਜਿਥੇ ਰਹਿ ਕੇ ਨਾਮ ਜਪਿਆ ਜਾ ਸਕਦਾ ਹੈ ?

15. ਉ:–ਹੇ ਭਾਈ ! ਉਸ ਪ੍ਰਮਾਤਮਾਂ ਦਾ ਨਾਮ ਸਾਧ ਸੰਗਤ ਵਿਚ (ਰਹਿ ਕੇ) ਜਪਿਆ ਜਾ ਸਕਦਾ ਹੈ।
16. (ਸਾਧ ਸੰਗਤ ਦੀ ਸਹਾਇਤਾ ਨਾਲ ਹੀ) ਪ੍ਰਮੇਸ਼ਰ ਦੇ ਨਾਮ ਦਾ ਪੂਰਾ ਰੰਗ (ਮਨੁੱਖ ਦੀ ਜ਼ਿੰਦਗੀ ਉਤੇ ਚੜ੍ਹਦਾ ਹੈ)।

ਪ੍ਰ:–ਸ੍ਰੀ ਜੀਉ ! ਤੁਹਾਡੀ ਆਪਣੀ ਪ੍ਰਭੂ ਜੀ ਤੋਂ ਮੰਗ ਕੀ ਹੈ ?

17. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਰੀ ਤਾਂ ਕੇਵਲ ਇਕੋ ਹੀ ਮੰਗ ਹੈ ਕਿ, ਹੇ ਪ੍ਰਭੂ ! ਮੈਂ ਆਪਣੇ ਦਾਸ ਨੂੰ ਕਿਰਪਾ ਕਰੋ।
18. (ਮੈਨੂੰ ਆਪਣੇ ਨਾਮ **ਦੀ ਦਾਤ**) ਦੇਹ (ਤਾਂ ਕਿ) ਮੈਂ (ਆਪਣੇ) ਹਰੇਕ ਸਾਹ ਦੇ ਨਾਲ ਤੇਰਾ ਹੀ ਨਾਮ ਚੇਤੇ ਕਰਦਾ ਰਹਾਂ।੪।੩੬।੪੯।

ਭਾਵਾਰਥ :–ਨਾਮ ਜਪਦੇ ਰਹਿਣ ਨਾਲ ਦੁਖਾਂ ਪਾਪਾਂ ਦਾ ਨਾਸ ਹੁੰਦਾ ਹੈ, ਪਰ, ਇਸ ਨਾਮ ਦੇ ਜਪਣ ਲਈ ਕੋਈ ਖਾਸ ਵੇਲਾ ਜਾਂ ਖਾਸ ਸ਼੍ਰੇਣੀ ਮੁਕੱਰਰ ਨਹੀਂ, ਜਦੋਂ ਭੀ ਜਪਿਆ ਜਾਏ ਅਤੇ ਜੋ ਭੀ ਜਪੇ, ਚੰਗਾ ਹੈ, ਪਰ ਸਾਧ ਸੰਗਤ ਰਾਹੀਂ ਜਪਿਆਂ ਵਧੇਰੇ ਅਸਰ ਹੁੰਦਾ ਹੈ।

ਭੈਰਉ ਮਹਲਾ ੫ ॥

1. **ਆਪੇ ਸਾਸਤੁ ਆਪੇ ਬੇਦੁ ॥**
2. **ਆਪੇ ਘਟਿ ਘਟਿ ਜਾਣੈ ਭੇਦੁ ॥**

3. ਜੋਤਿ ਸਰੂਪ ਜਾ ਕੀ ਸਭ ਵਥੁ ॥
4. ਕਰਣ ਕਾਰਣ ਪੂਰਨ ਸਮਰਥੁ ॥੧॥
5. ਪ੍ਰਭ ਕੀ ਓਟ ਗਹਹੁ ਮਨ ਮੇਰੇ ॥
6. ਚਰਨ ਕਮਲ ਗੁਰਮੁਖਿ ਆਰਾਧਹੁ
ਦੁਸਮਨ ਦੂਖੁ ਨ ਆਵੈ ਨੇਰੇ ॥੧॥ ਰਹਾਉ ॥
7. ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥
8. ਜਾ ਕੈ ਸੂਤਿ ਪਰੋਇਆ ਸੰਸਾਰੁ ॥
9. ਆਪੇ ਸਿਵ ਸਕਤੀ ਸੰਜੋਗੀ ॥
10. ਆਪਿ ਨਿਰਬਾਣੀ ਆਪੇ ਭੋਗੀ ॥੨॥
11. ਜਤ ਕਤ ਪੇਖਉ ਤਤ ਤਤ ਸੋਇ ॥
12. ਤਿਸੁ ਬਿਨੁ ਦੂਜਾ ਨਾਹੀ ਕੋਇ ॥
13. ਸਾਗਰੁ ਤਰੀਐ ਨਾਮ ਕੈ ਰੰਗਿ ॥
14. ਗੁਣ ਗਾਵੈ ਨਾਨਕੁ ਸਾਧ ਸੰਗਿ ॥੩॥
15. ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥
16. ਊਣਾ ਨਾਹੀ ਕਿਛੁ ਜਨ ਤਾ ਕੈ ॥
17. ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥
18. ਨਾਨਕ ਦਾਸ ਸੇਈ ਜਨ ਧੰਨ ॥੪॥੩੭॥੫੦॥

ਪਦ ਅਰਥ :—ਆਪੇ—(ਪ੍ਰਭੂ) ਆਪ ਹੀ, ਪ੍ਰਭੂ ਦਾ ਆਪਣਾ ਨਾਮ ਹੀ। ਘਟਿ—ਸਰੀਰ ਵਿਚ। ਘਟਿ ਘਟਿ—ਹਰੇਕ ਸਰੀਰ ਵਿਚ। ਜਾਨੈ—ਜਾਣਦਾ ਹੈ। ਜੋਤਿ ਸਰੂਪ—ਨਿਰੀ ਜੋਤਿ ਹੀ ਜੋਤਿ, ਨਿਰਾ ਚਾਨਣ ਹੀ ਚਾਨਣ। ਜਾ ਕੀ—ਜਿਸ (ਪ੍ਰਮਾਤਮਾਂ) ਦੀ। ਸਭ ਵਥੁ—ਸਾਰੀ ਵਸਤ; ਸਾਰੀ ਸ੍ਰਿਸ਼ਟੀ। ਕਰਣ ਕਾਰਣ—ਸਾਰੇ ਜਗਤ ਦਾ ਮੂਲ। ਪੂਰਨ-ਸਰਬ ਵਿਆਪਕ। ਸਮਰਥੁ—ਸਭ ਤਾਕਤਾਂ ਦਾ ਮਾਲਕ।੧।

ਓਟ—ਆਸਰਾ, ਸਹਾਰਾ। ਗਹਹੁ—ਫੜੋ, ਲਵੋ। ਮਨ—ਹੇ ਮਨ। ਚਰਨ ਕਮਲ—ਕੌਲ ਫੁੱਲਾਂ ਵਰਗੇ ਸੋਹਣੇ ਚਰਨ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਦੁਸਮਨ—ਵੈਰੀ। ਆਵੈ—ਆਉਂਦਾ। ਨੇਰੇ—ਨੇੜੇ।੧। ਰਹਾਉ।

ਆਪੇ—(ਪ੍ਰਭੂ) ਆਪ ਹੀ। ਵਣੁ-ਜੰਗਲ। ਤ੍ਰਿਣੁ—ਘਾਹ ਦਾ ਤੀਲਾ, ਬਨਸਪਤੀ। ਸਾਰੁ-ਤੱਤ, ਮੂਲ। ਜਾ ਕੈ ਸੂਤਿ—ਜਿਸ ਦੇ ਸੂਤ ਵਿਚ, ਜਿਸ ਦੀ ਮਰਯਾਦਾ ਵਿਚ, ਜਿਸ ਦੇ ਹੁਕਮ ਵਿਚ। ਸਿਵ—ਸ਼ਿਵ, ਆਤਮਾਂ। ਸਕਤੀ—ਸ਼ਕਤੀ, ਮਾਇਆ, ਪ੍ਰਕ੍ਰਿਤੀ। ਸੰਜੋਗੀ—ਮਿਲਾਣ ਵਾਲਾ। ਨਿਰਬਾਣੀ—ਵਾਸ਼ਨਾ ਰਹਿਤ, ਨਿਰਲੇਪ। ਭੋਗੀ—ਭੋਗਣ ਵਾਲਾ, ਭੋਗਾਂ ਵਿਚ ਪ੍ਰਵਿਰਤ।੨।

ਜਤ ਕਤ—ਜਿਥੇ ਕਿਥੇ, ਹਰ ਥਾਂ। ਪੇਖਉ—ਪੇਖਊਂ, ਮੈਂ ਵੇਖਦਾ ਹਾਂ। ਤਤ ਤਤ—ਉਥੇ ਉਥੇ। ਸੋਇ—ਉਹ (ਪ੍ਰਮਾਤਮਾਂ) ਹੀ। ਸਾਗਰੁ-(ਸੰਸਾਰ) ਸਮੁੰਦਰ। ਤਰੀਐ—ਤਰਿਆ ਜਾ ਸਕਦਾ ਹੈ। ਕੈ ਰੰਗਿ—ਦੇ ਪ੍ਰੇਮ ਨਾਲ। ਗਾਵੈ—ਗਾਂਦਾ ਹੈ। ਸਾਧ ਸੰਗਿ—ਸਾਧ ਸੰਗਤ ਵਿਚ (ਰਹਿ ਕੇ)।੩।

ਮੁਕਤਿ—(ਵਿਕਾਰਾਂ ਤੋਂ ਜਨਮ ਜਨਮ ਦੇ ਗੇੜ ਤੋਂ) ਖਲਾਸੀ। ਭੁਗਤਿ—ਭੋਜਨ ਆਦਿਕ। ਜੁਗਤਿ—ਜੀਊਣ ਦੀ ਜਾਚ। ਜਾ ਕੈ ਵਸਿ—ਜਿਸ (ਪ੍ਰਭੂ) ਦੇ ਵੱਸ ਵਿਚ। ਕਿਛੁ ਊਣਾ—ਕੋਈ ਕਮੀ। ਜਨ—ਹੇ ਜਨ। ਤਾ ਕੈ—ਉਸ (ਪ੍ਰਭੂ) ਦੇ ਘਰ ਵਿਚ। ਕਰਿ ਕਰ ਕੇ। ਜਿਸੁ-ਜਿਸ ਉਤੇ। ਸੇਈ ਜਨ—ਉਹ ਬੰਦੇ। ਧੰਨ—ਭਾਗਾਂ ਵਾਲੇ।੪।

ਅਰਥ :—

ਪ੍ਰ:-ਸ੍ਰੀ ਜੀਉ ! ਮਨ ਵਿਚ ਕਈ ਵਾਰ ਇਹੋ ਸੰਕਲਪ ਉੱਠਦਾ ਹੈ ਕਿ, ਵੇਦ ਅਤੇ ਸ਼ਾਸਤ੍ਰਾਂ ਨੂੰ ਹੀ ਪੜ੍ਹਦੇ ਰਹਿਣਾ ਚਾਹੀਦਾ ਹੈ (ਬੱਸ) ਸੰਸਾਰ ਤੋਂ ਛੁਟਕਾਰੇ ਲਈ ਇਹੋ ਹੀ ਵਡੇਰਾ ਸਾਧਨ ਹੈ, ਸੋ, ਆਪ ਜੀ ਦੀ ਇਸ ਬਾਰੇ ਕੀ ਵੀਚਾਰ ਹੈ ?

1. ਉ:—ਹੇ ਭਾਈ ! ਅਸਲ ਵਿਚ ਗੁਰਮਤਿ ਅਨੁਸਾਰ ਮਨ ਨੂੰ ਇਉਂ ਹੀ ਸਮਝ ਦੇਂਦੇ ਰਹਿਣਾ ਚਾਹੀਦਾ ਹੈ ਕਿ, ਹੇ ਮੇਰੇ ਮਨ ! ਉਹ (ਪ੍ਰਮਾਤਮਾਂ) ਆਪ ਹੀ (ਤੇਰੇ ਵਾਸਤੇ) ਸ਼ਾਸਤ੍ਰ ਹੈ, ਉਹ (ਪ੍ਰਮਾਤਮਾਂ) ਆਪ ਹੀ (ਤੇਰੇ ਵਾਸਤੇ) ਵੇਦ ਹੈ. (ਭਾਵ, ਪ੍ਰਮਾਤਮਾਂ ਦਾ ਨਾਮ ਹੀ ਤੇਰੇ ਵਾਸਤੇ ਵੇਦ ਸ਼ਾਸਤ੍ਰ ਹੈ)।
2. ਹੇ ਮਨ ! ਉਹ ਪ੍ਰਮਾਤਮਾਂ ਆਪ ਹੀ ਹਰੇਕ ਸਰੀਰ ਵਿਚ (ਵਸ ਰਿਹਾ ਹੈ) ਉਹ ਆਪ ਹੀ (ਹਰੇਕ ਜੀਵ ਦੇ ਦਿਲ ਦਾ) ਭੇਦ ਜਾਣਦਾ ਹੈ।
3. ਹੇ ਮੇਰੇ ਮਨ ! ਇਹ ਸਾਰੀ ਸ੍ਰਿਸ਼ਟੀ ਜਿਸ (ਪ੍ਰਮਾਤਮਾਂ) ਦੀ (ਰਚੀ ਹੋਈ ਹੈ) ਉਹ ਨਿਰਾ ਨੂਰ ਹੀ ਨੂਰ ਹੈ।
4. ਉਹੀ ਸਾਰੇ ਜਗਤ ਦਾ ਮੂਲ ਹੈ, ਉਹ ਸਭ ਥਾਈਂ ਮੌਜੂਦ ਹੈ, ਉਹੀ ਸਭ ਤਾਕਤਾਂ ਦਾ ਮਾਲਕ ਹੈ।੧।
5. (ਇਸ ਲਈ) ਹੇ ਮੇਰੇ ਮਨ ! (ਤੂੰ) ਪ੍ਰਮਾਤਮਾਂ ਦਾ ਹੀ ਆਸਰਾ ਲਈ ਰੱਖ।
6. ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾਂ ਦੇ ਸੋਹਣੇ ਚਰਨਾਂ ਨੂੰ ਅਰਾਧਨ ਕਰਿਆ ਕਰ, ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ, ਕੋਈ ਵੈਰੀ (ਉਸ ਦੇ) ਨੇੜੇ ਨਹੀਂ ਆਉਂਦੇ, ਕੋਈ ਦੁੱਖ ਭੀ (ਉਸਦੇ) ਨੇੜੇ ਨਹੀਂ ਆਉਂਦਾ।੧।ਰਹਾਉ।
7. ਹੇ ਮੇਰੇ ਮਨਾ ! ਵੇਖ, ਉਹ (ਪ੍ਰਭੂ) ਆਪ ਹੀ ਹਰੇਕ ਜੰਗਲ (ਨੂੰ ਪੈਦਾ ਕਰਨ ਵਾਲਾ) ਹੈ, ਸਾਰੀ ਬਨਸਪਤੀ (ਨੂੰ ਪੈਦਾ ਕਰਨ ਵਾਲਾ ਹੈ, (ਉਹ ਆਪ ਹੀ ਤਿੰਨਾਂ ਭਵਨਾਂ ਦਾ ਮੂਲ ਰੂਪ ਹੈ।
8. ਹੇ ਮੇਰੇ ਮਨ ! ਵੇਖ, ਉਹ ਐਸਾ ਪ੍ਰਭੂ ਹੈ ਜਿਸ ਦੇ ਹੁਕਮ ਵਿਚ ਸਾਰਾ ਜਗਤ ਪ੍ਰੋਇਆ ਹੋਇਆ ਹੈ।
9. ਹੇ ਮਨ ! ਵੇਖ, ਉਹ ਆਪ ਹੀ ਜੀਵਾਤਮਾਂ ਤੇ ਪ੍ਰਕ੍ਰਿਤੀ ਨੂੰ ਜੋੜਨ ਵਾਲਾ ਹੈ।
10. ਹੇ ਮਨਾ ! ਉਹ ਆਪ ਹੀ (ਸਭ ਤੋਂ ਵਖਰਾ) ਵਾਸ਼ਨਾਂ

ਰਹਿਤ ਹੈ ਉਹ ਆਪ ਹੀ (ਸਭ ਵਿਚ ਵਿਆਪਕ ਹੋ ਕੇ ਸਾਰੇ ਭੋਗ) ਭੋਗਣ ਵਾਲਾ ਹੈ ।੨।

11. ਹੇ ਭਾਈਓ ! (ਅਸਲ ਵਿਚ ਮੈਂ ਤਾਂ) ਜਿਧਰ ਕਿਧਰ ਵੇਖਦਾ ਹਾਂ, ਹਰ ਥਾਂ ਓਹ ਆਪ ਹੀ ਮੌਜੂਦ ਹੈ ।

12. ਉਸ ਤੋਂ ਬਿਨਾ (ਕਿਤੇ ਭੀ) ਕੋਈ ਹੋਰ ਦੂਜਾ ਨਹੀਂ ਹੈ ।

ਪ੍ਰ:—ਸ੍ਰੀ ਜੀਉ ! ਆਖਰ, ਇਹ ਦਸੋ ਕਿ, ਸੰਸਾਰ ਸਾਗਰ ਤੋਂ ਪਾਰ ਕਿਵੇਂ ਹੋ ਸਕੀਦਾ ਹੈ ?

13. ਉ.—ਹੇ ਭਾਈਓ ! (ਅਸਲ ਵਿਚ ਤਾਂ ਉਸ ਪ੍ਰਮਾਤਮਾਂ ਦੇ) ਨਾਮ ਵਿਚ ਪਿਆਰ ਪਾਇਆਂ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ ।

14. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਮੈਂ ਭੀ) ਸਾਧ ਸੰਗਤ ਵਿਚ (ਰਹਿ ਕੇ ਉਸੇ ਪ੍ਰਮਾਤਮਾਂ ਦੇ) ਗੁਣ ਗਾਂਦਾ ਹਾਂ ।੩।

15. ਹੇ ਭਾਈ ! (ਜੀਵਾਂ ਨੂੰ) ਮੁਕਤੀ (ਦੇਣੀ) ਜੀਵਾਂ ਨੂੰ ਖਾਣ ਪੀਣ ਨੂੰ ਭੋਜਨ, (ਦੇਣਾ, ਜੀਵਾਂ ਨੂੰ) ਜੀਵਨ ਤੋਰੇ ਤੋਰਨਾ ਇਹ ਸਭ ਕਿਛ ਜਿਸ ਪ੍ਰਮਾਤਮਾਂ ਦੇ ਵਸ ਵਿਚ ਹੈ ।

16. ਉਸਦੇ ਘਰ ਵਿਚ (ਕਿਸੇ ਚੀਜ਼ ਦੀ) ਕੋਈ ਕਮੀ ਨਹੀਂ ਹੈ ।

ਪ੍ਰ:—ਸ੍ਰੀ ਜੀਉ ! ਆਪ ਜੀ ਧੰਨ ਭਾਗੀ ਕਿਸ ਮਨੁੱਖ ਨੂੰ ਕਹਿੰਦੇ ਹੋ ?

17. ਉ:—ਹੇ ਭਾਈ ! ਮੇਹਰ ਕਰ ਕੇ (ਜਿਸ ਮਨੁੱਖ ਉਤੇ) ਉਹ ਪ੍ਰਭੂ ਦਇਆਵਾਨ ਹੁੰਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਹੀ ਸਾਰੇ ਬੰਦੇ (ਅਸਲ) ਭਾਗਾਂ ਵਾਲੇ ਹਨ ।੪।੩੭।੫੦।

ਭਾਵਾਰਥ :—ਅਨੇਕਾਂ ਹੀ ਮਨੁੱਖ ਅਨੇਕਾਂ ਹੀ ਦੇਵੀ ਦੇਵਤਿਆਂ ਦਾ ਧਿਆਨ ਧਰਦੇ ਹਨ, ਪਰ ਗੁਰਮਤਿ ਅਨੁਸਾਰ ਇਕ ਪ੍ਰਮੇਸ਼ਰ ਹੀ ਸਭ ਦਾ ਮੂਲ ਕਾਰਨ ਹੈ ਇਸ ਲਈ ਉਸੇ ਦਾ ਧਿਆਨ ਧਰਨ ਨਾਲ ਸਾਰੇ ਧਿਆਨ ਇਸੇ ਵਿਚ ਆ ਜਾਂਦੇ ਹਨ ।

ਭੈਰਉ ਮਹਲਾ ੫ ॥

1. ਭਗਤਾ ਮਨਿ ਆਨੰਦੁ ਗੋਬਿੰਦ ॥
2. ਅਸਥਿਤਿ ਭਏ ਬਿਨਸੀ ਸਭ ਚਿੰਦ ॥
3. ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥
4. ਪਾਰਬ੍ਰਹਮ ਵਸਿਆ ਮਨਿ ਆਇ ॥੧॥
5. ਰਾਮ ਰਾਮ ਸੰਤ ਸਦਾ ਸਹਾਇ ॥
6. ਘਰਿ ਬਾਹਰਿ ਨਾਲੇ ਪਰਮੇਸਰੁ
ਰਵਿ ਰਹਿਆ ਪੂਰਨ ਸਭ ਠਾਇ ॥੧॥ ਰਹਾਉ ॥
7. ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥
8. ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥
9. ਅਪਨੇ ਦਾਸ ਕਉ ਦੇ ਰਾਖੈ ਹਾਥ ॥
10. ਨਿਮਖ ਨ ਛੋਡੈ ਸਦ ਹੀ ਸਾਥ ॥੨॥
11. ਹਰਿ ਸਾ ਪ੍ਰੀਤਮੁ ਅਵਰੁ ਨ ਕੋਇ ॥
12. ਸਾਰਿ ਸਮ੍ਹਾਲੇ ਸਾਚਾ ਸੋਇ ॥
13. ਮਾਤ ਪਿਤਾ ਸੁਤ ਬੰਧੁ ਨਾਰਾਇਣੁ ॥
14. ਆਦਿ ਜੁਗਾਦਿ ਭਗਤ ਗੁਣ ਗਾਇਣੁ ॥੩॥
15. ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ ॥
16. ਏਕ ਬਿਨਾ ਦੂਜਾ ਨਹੀ ਹੋਰੁ ॥
17. ਨਾਨਕ ਕੈ ਮਨਿ ਇਹੁ ਪੁਰਖਾਰਥੁ ॥
18. ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥

ਪਦ ਅਰਥ :—ਮਨਿ—ਮਨ ਵਿਚ । ਅਸਥਿਤਿ—(ਭੈ ਭਰਮ ਆਦਿਕਾਂ ਵਲੋਂ) ਅਡੋਲਤਾ । ਚਿੰਦ—(ਭੈ ਭਰਮਾਂ ਦਾ) ਚਿੰਤਨ । ਚਿਤ—ਚੇਤਾ । ਭੈ—ਸਾਰੇ ਡਰ । ਆਇ—ਆ ਕੇ ।੧।

ਸਹਾਇ—ਸਹਾਈ, ਮਦਦਗਾਰ । ਨਾਲੇ—ਨਾਲ ਹੀ । ਰਵਿ ਰਹਿਆ—ਵਿਆਪਕ ਹੈ । ਪੂਰਨ—ਵਿਆਪਕ । ਸਭ ਠਾਇ—ਸਭ ਥਾਈਂ ।੧। ਰਹਾਉ ।

ਜੁਗਤਿ—ਜੀਵਨ ਦੀ ਮਤਯਾਦਾ, ਜੀਊਣ ਦੀ ਜਾਚ । ਜੀਅ—ਜਿੰਦ । ਦੇ—ਦੇ ਕੇ । ਰਾਖੈ—ਰਖਿਆ ਕਰਦਾ ਹੈ । ਨਿਮਖ—ਅੱਖ ਝਮਕਣ ਜਿਤਨਾ ਸਮਾਂ । ਸਦ—ਸਦਾ ।੨।

ਸਾ—ਵਰਗਾ । ਪ੍ਰੀਤਮੁ—ਪਿਆਰ ਕਰਨ ਵਾਲਾ । ਸਾਰਿ—ਸਾਰ ਲੈ ਕੇ, ਗਹੁ ਨਾਲ । ਸਮ੍ਹਾਲੇ—ਸੰਭਾਲ ਕਰਦਾ ਹੈ । ਸਾਚਾ—ਸਦਾ ਕਾਇਮ ਰਹਿਣ ਵਾਲਾ । ਸੁਤ—ਪੁੱਤਰ । ਬੰਧੁ—ਸਨਬੰਧੀ । ਭਗਤ—ਪ੍ਰਭੂ ਦੇ ਸੇਵਕ । ਆਦਿ—ਮੁੱਢ ਤੋਂ । ਜੁਗਾਦਿ—ਜੁਗਾਂ ਦੇ ਮੁੱਢ ਤੋਂ ।੩।

ਧਰ—ਆਸਰਾ । ਮਨਿ—ਮਨ ਵਿਚ । ਜੋਰੁ—ਬਲ, ਸਹਾਰਾ । ਕੈ ਮਨਿ—ਦੇ ਮਨ ਵਿਚ । ਪੁਰਖਾਰਥੁ—ਹੌਂਸਲਾ, ਮਰਦਊਪੁਣਾ, ਬਲ । ਸਾਰੇ—ਸੁਆਰਦਾ ਹੈ ।੪।

ਅਰਥ :—

ਪ੍ਰ:—ਸ੍ਰੀ ਜੀਉ ! ਪ੍ਰਮੇਸ਼ਰ ਦੀ ਬੰਦਗੀ ਕਰਨ ਵਾਲੇ ਭਗਤਾਂ ਦੇ ਮਨ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਟਿਕੀ ਰਹਿੰਦੀ ਹੈ ?

1. ਉ:—ਹੇ ਭਾਈਓ ! ਭਗਤ ਮਨ ਕਰ ਕੇ ਸਦਾ ਹੀ ਅਡੋਲ ਰਹਿੰਦੇ ਹਨ, ਕਿਉਂਕਿ, ਗੋਬਿੰਦ ਦੇ ਭਗਤਾ ਦੇ ਮਨ ਵਿਚ ਸਦਾ ਆਤਮਕ ਹੁਲਾਰਾ ਟਿਕਿਆ ਰਹਿੰਦਾ ਹੈ ।

2. ਹੇ ਭਾਈ ! ਦੁਨੀਆਂ ਦੇ ਡਰਾਂ, ਦੁਨੀਆਂ ਦੀਆਂ ਭਟਕਣਾਂ ਵਲੋਂ ਉਨ੍ਹਾਂ ਦੇ ਅੰਦਰ ਸਦਾ ਹੀ ਅਡੋਲਤਾ ਰਹਿੰਦੀ ਹੈ, (ਦੁਨੀਆਂ ਦੇ ਡਰਾਂ ਦਾ ਉਨ੍ਹਾਂ ਨੂੰ) ਚਿਤ ਚੇਤਾ ਭੀ ਨਹੀਂ ਰਹਿੰਦਾ ।

3. ਹੇ ਭਾਈਓ ! ਉਸ ਦੇ ਇਕ ਖਿਨ ਵਿਚ ਸਾਰੇ ਡਰ ਸਹਿਮ ਦੂਰ ਹੋ ਜਾਂਦੇ ਹਨ ।

4. ਜਿਸ ਮਨੁੱਖ ਦੇ ਮਨ ਵਿਚ ਪ੍ਰਮੇਸ਼ਰ ਜੀ ਆ ਵਸਦਾ ਹੈ ।੧।

5. ਹੇ ਭਾਈ ! (ਉਹ) ਪ੍ਰਮਾਤਮਾਂ ਆਪਣੇ ਸੰਤ ਜਨਾਂ ਦਾ ਸਦਾ ਮਦਦਗਾਰ ਹੈ ।

6. (ਜਿਹੜਾ) ਪ੍ਰਮਾਤਮਾਂ ਸਭਨੀ ਥਾਈਂ ਪੂਰਨ ਤੌਰ ਤੇ ਮੌਜੂਦ ਹੈ, ਉਹ ਘਰ ਵਿਚ, ਘਰੋਂ ਬਾਹਰ ਹਰ ਥਾਂ (ਸੰਤ ਜਨਾਂ ਦੇ ਨਾਲ) ਹੁੰਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਸੇਵਕ ਕਿਸਨੂੰ ਕਿਹਾ ਜਾਂਦਾ ਹੈ ?

7. ਉ.—ਹੇ ਪਿਆਰੇ ! (ਸੇਵਕਾਂ ਵਾਸਤੇ) ਪ੍ਰਮਾਤਮਾਂ ਦਾ ਨਾਮ ਹੀ ਧਨ ਹੈ ਨਾਮ ਹੀ ਮਾਲ ਹੈ, ਨਾਮ ਹੀ ਜੁਆਨੀ ਹੈ ਅਤੇ ਨਾਮ ਜਪਣਾ ਹੀ ਜੀਉਣ ਦੀ ਸੁਚੱਜੀ ਜਾਚ ਹੈ ।

8. ਅਜਿਹੇ ਸੇਵਕ ਦੇ ਉਹ ਪ੍ਰਭੂ ਸਦਾ ਪ੍ਰਾਣਾਂ ਦੀ ਰਾਖੀ ਕਰਦਾ ਹੈ, ਉਸਨੂੰ ਸਾਰੇ ਸੁਖ ਦੇਂਦਾ ਹੈ, ਸਦਾ ਪ੍ਰਤਿਪਾਲ ਕਰਦਾ ਹੈ ।

9. ਹੇ ਭਾਈ ! ਉਹ ਆਪਣੇ ਸੇਵਕ ਨੂੰ ਹੱਥ ਦੇ ਕੇ ਬਚਾਂਦਾ ਹੈ ।

10. ਉਹ ਪ੍ਰਮਾਤਮਾਂ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਆਪਣੇ ਸਵਕ ਦਾ ਸਾਥ ਨਹੀਂ ਛਡਦਾ, ਸਦਾ ਉਸ ਦੇ ਸਾਥ ਰਹਿੰਦਾ ਹੈ ।੨।

11. ਹੇ ਪਿਆਰਿਓ ! ਇਉਂ ਹੀ ਨਿਸਚਾ ਕਰੋ ਕਿ, ਪ੍ਰਮਾਤਮਾਂ ਵਰਗਾ ਪਿਆਰ ਕਰਨ ਵਾਲਾ ਹੋਰ ਕੋਈ (ਭੀ) ਨਹੀਂ ਹੈ ।

12. ਉਹ ਸਦਾ ਥਿਰ ਪ੍ਰਭੂ ਬੜੇ ਗਹੁ ਨਾਲ (ਆਪਣੇ ਭਗਤਾਂ ਦੀ) ਸੰਭਾਲ ਕਰਦਾ ਹੈ ।

13. ਐ ਪਿਆਰੇ ! ਇਉਂ ਹੀ ਵਿਸ਼ਵਾਸ਼ ਰਖੋ ਕਿ, ਉਨ੍ਹਾਂ ਭਗਤਾਂ ਵਾਸਤੇ ਪ੍ਰਮਾਤਮਾਂ ਹੀ ਮਾਂ ਹੈ, ਪ੍ਰਮਾਤਮਾਂ ਹੀ ਪਿਉ ਹੈ, ਪ੍ਰਮਾਤੀਮਾਂ ਹੀ ਪੁੱਤਰ ਹੈ, ਪ੍ਰਮਾਤਮਾਂ ਹੀ ਸਨਬੰਧੀ ਹੈ ।

14. ਹੇ ਪਿਆਰੇ ! ਜਗਤ ਦੇ ਸ਼ੁਰੂ ਤੋਂ ਜੁਗਾਂ ਦੇ ਸ਼ੁਰੂ ਤੋਂ ਹੀ ਭਗਤ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਆ ਰਹੇ ਹਨ ।੩।

15. ਹੇ ਭਾਈ ! ਭਗਤ ਜਨਾਂ ਦੇ ਮਨ ਵਿਚ ਪ੍ਰਮਾਤਮਾਂ ਦਾ ਹੀ ਆਸਰਾ ਹੈ, ਪ੍ਰਮਾਤਮਾਂ ਦਾ ਹੀ ਤ੍ਰਾਣ ਹੈ ।

16. ਉਨ੍ਹਾਂ ਨੇ ਇਕ ਪ੍ਰਮੇਸ਼ਰ ਤੋਂ ਬਿਨਾ ਹੋਰ ਕਿਸੇ ਨੂੰ ਭੀ ਨਹੀਂ ਜਾਣਿਆ ।

17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਰੇ ਮਨ ਵਿਚ ਭੀ ਇਹੋ ਹੀ ਹੌਂਸਲਾ ਹੈ ।

18. ਕਿ ਪ੍ਰਮਾਤਮਾਂ ਹੀ ਸਾਡਾ ਹਰੇਕ ਕੰਮ ਸੁਆਰਦਾ ਹੈ ।੪।੩੮।੫੧।

ਭਾਵਾਰਥ :—ਉਹ ਹਰੀ ਪ੍ਰਮੇਸ਼ਰ ਆਪਣੇ ਪਿਆਰੇ ਭਗਤਾਂ ਦੇ ਸਦਾ ਹੀ ਅੰਗ ਸੰਗ ਰਹਿ ਕੇ ਸਹਾਇਤਾ ਕਰਦਾ ਹੈ, ਇਸੇ ਲਈ ਹਰ ਸਮੇਂ ਉਸ ਦਾ ਹੀ ਚਿੰਤਨ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਭੈਰਉ ਮਹਲਾ ੫ ॥

1. **ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ ॥**
2. **ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ**
   ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥
3. **ਹਰਿ ਕੇ ਲੋਕ ਸਦਾ ਗੁਣ ਗਾਵਹਿ**
   ਤਿਨ ਕਉ ਮਿਲਿਆ ਪੂਰਨ ਧਾਮ ॥
4. **ਜਨ ਕਾ ਦਰਸੁ ਬਾਂਛੈ ਦਿਨ ਰਾਤੀ**
   ਹੋਇ ਪੁਨੀਤ ਧਰਮ ਰਾਇ ਜਾਮ ॥੧॥
5. **ਕਾਮ ਕ੍ਰੋਧ ਲੋਭ ਮਦ ਨਿੰਦਾ**
   ਸਾਧ ਸੰਗਿ ਮਿਟਿਆ ਅਭਿਮਾਨ ॥
6. **ਐਸੇ ਸੰਤ ਭੇਟਹਿ ਵਡਭਾਗੀ**
   ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥

ਪਦ ਅਰਥ :—ਭੈ ਕਉ—ਡਰ ਨੂੰ । ਪੜਿਆ—ਪੈ ਗਿਆ । ਸਿਮਰਤ—ਸਿਮਰਦਿਆਂ । ਸਗਲ ਬਿਆਧਿ—ਹਰੇਕ ਕਿਸਮ ਦੀ ਬੀਮਾਰੀ । ਤ੍ਰਿਹੁ ਗੁਣ ਕੀ—ਮਾਇਆ ਦੇ ਤਿੰਨ ਹੀ ਗੁਣਾਂ ਤੋਂ ਪੈਦਾ ਹੋਣ ਵਾਲੀ । ਕਾਮ—ਕੰਮ ।੧। ਰਹਾਉ ।

ਗਾਵਹਿ—ਗਾਦੇ ਹਨ । ਪੂਰਨ ਧਾਮ—ਸਰਵ ਵਿਆਪਕ ਪ੍ਰਭੂ ਦੇ ਚਰਨਾਂ ਦਾ ਟਿਕਾਣਾ । ਧਾਮ—ਘਰ, ਟਿਕਾਣਾ । ਬਾਂਛੈ—ਲੋੜਦਾ ਹੈ ਚਾਹੁੰਦਾ ਹੈ । ਪੁਨੀਤ—ਪਵਿਤ੍ਰ । ਜਾਮ—ਜਮ ਰਾਜ ।੧।

ਮਦ—ਮਸਤੀ, ਮੋਹ । ਸਾਧ ਸੰਗਿ—ਸਾਧ ਸੰਗਤ ਵਿਚ । ਭੇਟਹਿ—ਮਿਲਦੇ ਹਨ । ਤਿਨ ਕੈ—ਉਨ੍ਹਾਂ ਤੋਂ । ਸਦ—ਸਦਾ ।੨।

ਅਰਥ :—

ਪ੍ਰ:—ਸ੍ਰੀ ਜੀਉ ! ਸਾਡੇ ਮਨਾਂ ਵਿਚ ਜੋ ਹਮੇਸ਼ਾਂ ਅੰਤ ਸਮੇਂ ਜਮਾਂ ਦਾ ਡਰ ਬਣਿਆਂ ਰਹਿੰਦਾ ਹੈ, ਦਸੋ, ਇਹ ਕਿਵੇਂ ਦੂਰ ਹੋ ਸਕਦਾ ਹੈ ?

1. ਉ:—ਹੇ ਭਾਈ ! ਇਹ ਵਿਸਵਾਸ਼ ਰਖੋ ਕਿ, ਪ੍ਰਮਾਤਮਾਂ ਦਾ ਨਾਮ ਸਿਮਰਦਿਆਂ ਹੀ ਜਮਾਂ ਦੇ ਡਰ ਨੂੰ ਭੀ ਡਰ ਪੈ ਜਾਂਦਾ ਹੈ, (ਭਾਵ ਸਿਮਰਨ ਕਰਨ ਵਾਲੇ ਦੇ ਡਰ ਨੇੜੇ ਹੀ ਨਹੀਂ ਜਾਂਦਾ) ।

2. ਅਤੇ ਮਾਇਆ ਦੇ ਤਿੰਨਾਂ ਹੀ ਗੁਣਾਂ ਤੋਂ ਪੈਦਾ ਹੋਣ ਵਾਲੀ ਹਰੇਕ ਬੀਮਾਰੀ (ਭਗਤ ਜਨ ਦੇ ਅੰਦਰੋਂ) ਦੂਰ ਹੋ ਜਾਂਦੀ ਹੈ, ਪ੍ਰਭੂ ਦੇ ਸੇਵਕ ਦੇ ਸਾਰੇ ਕੰਮ ਸਿਰ ਚੜ੍ਹਦੇ ਰਹਿੰਦੇ ਹਨ ।੧। ਰਹਾਉ ।

ਪ੍ਰ:—ਗੁਰਦੇਵ ਜੀਉ ! ਅਜਿਹੇ ਭਗਤਾਂ ਦੀ ਪਛਾਣ ਕੀ ਹੈ ?

3. ਉ:—ਹੇ ਭਾਈਓ ! ਉਹ ਪ੍ਰਮਾਤਮਾਂ ਦੇ ਭਗਤ ਸਦਾ ਹੀ ਪ੍ਰਮੇਸ਼ਰ ਜੀ ਦੇ ਗੁਣ ਗਾਉਂਦੇ ਰਹਿੰਦੇ ਹਨ (ਇਸ ਲਈ) (ਉਨ੍ਹਾਂ ਭਗਤ ਜਨਾਂ ਨੂੰ) ਸਰਬ ਵਿਆਪਕ ਪ੍ਰਭੂ ਦੇ ਚਰਨਾਂ ਦਾ ਟਿਕਾਣਾ ਮਿਲਿਆ ਰਹਿੰਦਾ ਹੈ ।

ਪ੍ਰ:—ਸ੍ਰੀ ਜੀਉ ! ਉਨ੍ਹਾਂ ਭਗਤਾਂ ਦੀ ਹਸਤੀ ਕਿਤਨੀ ਕੁ ਉਚੀ ਹੋ ਜਾਂਦੀ ਹੈ ?

4. ਉ:—ਹੇ ਭਾਈ ! ਉਨ੍ਹਾਂ ਪ੍ਰਮੇਸ਼ਰ ਜੀ ਦੇ ਭਗਤਾਂ ਦੀ ਹਸਤੀ ਤਾਂ ਇਤਨੀ ਉਚੀ ਹੋ ਜਾਂਦੀ ਹੈ ਕਿ, ਧਰਮਰਾਜ, ਜਮਰਾਜ ਭੀ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਕਿਉਂਕਿ,

(ਉਸ ਨੂੰ ਇਹ ਵਿਸ਼ਵਾਸ਼ ਹੈ ਕਿ ਮੈਂ ਭੀ ਉਨ੍ਹਾਂ ਦੇ ਦਰਸ਼ਨ ਕਰਨ ਨਾਲ) ਪਵਿਤ੍ਰ ਹੋ ਸਕਦਾ ਹਾਂ।੧।

5. ਹੇ ਪਿਆਰੇ! ਅਜਿਹੇ ਗੁਰਮੁਖਾਂ ਦੀ ਸੰਗਤ ਵਿਚ ਰਿਹਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ (ਹਰੇਕ ਵਿਕਾਰ ਮਨੁੱਖ ਦੇ ਅੰਦਰੋਂ) ਖਤਮ ਹੋ ਜਾਂਦਾ ਹੈ।

ਪ੍ਰ:-ਸ੍ਰੀ ਜੀਉ! ਦਸੋ; ਅਜਿਹੇ ਸੰਤਾਂ ਦਾ ਮਿਲਾਪ ਕਿਵੇਂ ਹੋ ਸਕਦਾ ਹੈ?

6. ਉ.-ਪਰ, ਹੇ ਭਾਈਓ! ਅਜਿਹੇ ਸੰਤ ਜਨ ਵਡੇ ਭਾਗਾਂ ਨਾਲ ਹੀ ਮਿਲਦੇ ਹਨ, ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਮੈਂ ਤਾਂ ਉਨ੍ਹਾਂ ਸੰਤ ਜਨਾਂ ਤੋਂ ਸਦਾ (ਹੀ) ਸਦਕ ਜਾਦਾ ਹਾਂ।੨।੩੯।੫੨।

ਭਾਵਾਰਥ :-ਇਸ ਮਹਾਂਵਾਕ ਅੰਦਰ ਸਤਿਗੁਰੂ ਜੀ ਉਨ੍ਹਾਂ ਹਰੀ ਦੇ ਪਿਆਰੇ ਨਾਮ ਜਪਣ ਵਾਲਿਆਂ ਦੀ ਸੋਭਾ ਉਚਾਰਨ ਕਰਦੇ ਹਨ ਕਿ ਨਾਮ ਜਪਣ ਦੀ ਬਰਕਤ ਨਾਲ ਤਾਂ ਜਮਾਂ ਦੇ ਡਰ ਨੂੰ ਭੀ ਡਰ ਪੈ ਜਾਂਦਾ ਹੈ, ਇਸ ਲਈ ਹਰ ਪ੍ਰਾਣੀ ਨੂੰ ਨਾਮ ਹੀ ਜਪਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਭੈਰਉ ਮਹਲਾ ੫ ॥

1. ਪੰਚ ਮਜਮੀ ਜੋ ਪੰਚਨ ਰਾਖੈ ॥
2. ਮਿਥਿਆ ਰਸਨਾ ਨਿਤ ਉਠਿ ਭਾਖੈ ॥
3. ਚਕ੍ਰ ਬਣਾਇ ਕਰੈ ਪਾਖੰਡ ॥
4. ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥੧॥
5. ਹਰਿ ਕੇ ਨਾਮ ਬਿਨਾ ਸਭ ਝੂਠੁ ॥
6. ਬਿਨੁ ਗੁਰ ਪੂਰੇ ਮੁਕਤਿ ਨ ਪਾਈਐ
ਸਾਚੀ ਦਰਗਹਿ ਸਾਕਤ ਮੂਠੁ ॥੧॥ ਰਹਾਉ ॥
7. ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥
8. ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
9. ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥
10. ਸਾਚੀ ਦਰਗਹਿ ਅਪਨੀ ਪਤਿ ਖੋਵੈ ॥੨॥
11. ਮਾਇਆ ਕਾਰਨਿ ਕਰੈ ਉਪਾਉ ॥
12. ਕਬਹਿ ਨ ਘਾਲੈ ਸੀਧਾ ਪਾਉ ॥
13. ਜਿਨਿ ਕੀਆ ਤਿਸੁ ਚੀਤਿ ਨ ਆਣੈ ॥
14. ਕੂੜੀ ਕੂੜੀ ਮੁਖਹੁ ਵਖਾਣੈ ॥੩॥
15. ਜਿਸ ਨੋ ਕਰਮੁ ਕਰੇ ਕਰਤਾਰੁ ॥
16. ਸਾਧ ਸੰਗਿ ਹੋਇ ਤਿਸੁ ਬਿਉਹਾਰੁ ॥
17. ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥
18. ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥੪॥੪੦॥੫੩॥

ਪਦ ਅਰਥ :-ਪੰਚ ਮਜਮੀ-ਪੰਜ ਪੀਰਾਂ ਦਾ ਉਪਾਸ਼ਕ, ਕਾਮਾਦਿਕ ਪੰਜ ਪੀਰਾਂ ਦਾ ਉਪਾਸ਼ਕ। ਪੰਚਨ-ਕਾਮਾਦਿਕ ਪੰਜਾਂ ਨੂੰ। ਮਿਥਿਆ-ਝੂਠ। ਰਸਨਾ-ਜੀਭ (ਨਾਲ)। ਉਠਿ-ਉਠ ਕੇ। ਨਿਤ ਉਠਿ-ਸਦਾ ਹੀ ਹਰ ਰੋਜ਼। ਭਾਖੈ-ਬੋਲਦਾ ਹੈ। ਚਕ੍ਰ-ਗਣੇਸ਼ ਆਦਿਕ ਦੇ ਨਿਸ਼ਾਨ, ਤਿਲਕ। ਪਾਖੰਡ-ਧਰਮੀ-ਹੋਣ ਦਾ ਵਿਖਾਵਾ। ਝੁਰਿ ਝੁਰਿ-ਮਾਇਆ ਦੀ ਖਾਤ੍ਰ ਤਰਲੇ ਲੈ ਲੈ ਕੇ। ਪਚੈ-ਅੰਦਰੇ ਅੰਦਰ ਸੜਦਾ ਹੈ। ਤ੍ਰਿਆ ਰੰਡ-ਵਿਧਵਾ ਇਸਤ੍ਰੀ, ਰੰਡੀ ਜਨਾਨੀ।੧।

ਸਭ-ਸਾਰੀ (ਵਿਖਾਵੇ ਵਾਲੀ ਧਾਰਮਿਕ ਕ੍ਰਿਆ)। ਮੁਕਤਿ-ਵਿਕਾਰਾਂ ਤੋਂ ਖਲਾਸੀ। ਸਾਚੀਦਰਗਹਿ-ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੀ ਹਜ਼ੂਰੀ ਵਿਚ। ਸਾਕਤ ਮੂਠੁ-ਸਾਕਤਾਂ ਦਾ ਪਾਜ, ਸਾਕਤਾਂ ਦੀ ਠੱਗੀ ਦਾ ਪਾਜ, ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖਾਂ ਦੀ ਠੱਗੀ ਚੋਰੀ।੧। ਰਹਾਉ।

ਸੋਈ-ਉਹੀ ਮਨੁੱਖ। ਕੁਚੀਲੁ-ਗੰਦੀ ਰਹਿਣੀ ਵਾਲਾ। ਜਾਨੈ-ਪਛਾਣਦਾ। ਲੀਪਿਐ ਥਾਇ-ਜੇ ਚੌਂਕਾ ਪੋਚਿਆ ਜਾਏ। ਸੁਚ-ਪਵਿੱਤ੍ਰਤਾ। ਮਾਨੈ-ਮੰਨਦਾ। ਅੰਤਰੁ-ਅੰਦਰਲਾ, ਹਿਰਦਾ। ਬਾਹਰੁ-(ਸਰੀਰ ਦਾ) ਬਾਹਰਲਾ ਪਾਸਾ। ਪਤਿ-ਇੱਜ਼ਤ।੨।

ਕਾਰਨਿ-ਕਮਾਣ ਵਾਸਤੇ। ਉਪਾਉ-ਹੀਲਾ, ਉਦਮ। ਘਾਲੈ-ਘਾਲਦਾ, ਧਰਦਾ। ਸੀਧਾ ਪਾਉ-ਸਿੱਧਾ ਪੈਰ। ਜਿਨਿ-ਜਿਸ (ਪ੍ਰਭੂ) ਨੇ। ਚੀਤਿ-ਚਿੱਤ ਵਿਚ। ਆਣੈ-ਲਿਆਉਂਦਾ। ਕੂੜੀ ਕੂੜੀ-ਝੂਠ ਮੂਠ। ਮੁਖਹੁ-ਮੂੰਹੋਂ।੩।

ਕਰਮੁ-ਬਖਸ਼ਸ਼। ਬਿਉਹਾਰੁ-ਵਰਤਨ ਵਿਹਾਰ, ਮੇਲ ਜੋਲ, ਬਹਿਣ ਖਲੋਣ। ਸਿਉ-ਨਾਲ। ਰੰਗੁ-ਪਿਆਰ। ਭੰਗੁ-ਤੋਟ।੪।

ਅਰਥ .-

ਪ੍ਰ:-ਸ੍ਰੀ ਜੀਉ! ਜੋ ਲੋਕ ਆਪਣੇ ਸਰੀਰ ਪਰ ਗਣੇਸ਼ ਆਦਿਕਾਂ ਦੇ ਨਿਸ਼ਾਨ ਬਣਾ ਕੇ ਆਪਣੇ ਆਪ ਨੂੰ ਧਰਮੀ ਹੋਣ ਦਾ ਦਾਅਵਾ ਕਰੀ ਬੈਠੇ ਹਨ, ਕੀ ਉਨ੍ਹਾਂ ਨੂੰ ਧਰਮੀ ਮੰਨ ਲੈਣਾ ਚਾਹੀਦਾ ਹੈ?

1. ਉ:-ਹੇ ਭਾਈਓ! ਅਸਲ ਵਿਚ ਤਾਂ ਉਹ ਮਨੁੱਖ ਕਾਮਾਦਿਕ ਪੰਜਾਂ ਪੀਰਾਂ ਦਾ ਉਪਾਸ਼ਕ ਹੁੰਦਾ ਹੈ, ਕਿਉਂਕਿ, ਉਹ ਇਨ੍ਹਾਂ ਪੰਜਾਂ ਕਾਮਾਦਿਕਾਂ ਨੂੰ ਹੀ (ਆਪਣੇ ਹਿਰਦੇ ਵਿਚ) ਸਾਂਭੀ ਰਖਦਾ ਹੈ।

2. ਅਤੇ ਸਦਾ ਗਿਣ ਮਿਥ ਕੇ ਆਪਣੀ ਜੀਭ ਨਾਲ ਝੂਠ ਝੋਲਦਾ ਰਹਿੰਦਾ ਹੈ।

ਪ੍ਰ:-ਸ੍ਰੀ ਜੀਉ! ਉਸ ਨੂੰ ਤਾਂ ਵੇਖੀਦਾ ਹੈ ਕਿ ਉਹ ਆਪਣੇ ਸਰੀਰ ਉਤੇ ਗਣੇਸ਼ ਆਦਿਕ ਦੇ ਨਿਸ਼ਾਨ, ਤਿਲਕ ਲਾਈ ਰਖਦਾ ਹੈ?

3. ਉ:-ਹੇ ਭਾਈਓ! (ਜਿਹੜਾ ਮਨੁੱਖ ਨਾਮ ਸਿਮਰਨ ਨੂੰ ਛਡ ਕੇ ਆਪਣੇ ਸਰੀਰ ਉਤੇ) ਗਣੇਸ਼ ਆਦਿਕਾਂ ਦੇ ਨਿਸ਼ਾਨ ਬਣਾ ਕੇ ਰਖਦਾ ਹੈ, (ਉਹ ਤਾਂ ਕੇਵਲ) ਆਪਣੇ ਧਰਮੀ ਹੋਣ ਦਾ ਵਿਖਾਵਾ (ਹੀ) ਕਰਦਾ ਹੈ। (ਵਾਸਤਵ ਵਿਚ ਉਹ ਧਰਮੀ ਨਹੀਂ ਮੰਨਿਆ ਜਾ ਸਕਦਾ)।

4. (ਕਿਉਂਕਿ) ਹੇ ਪਿਆਰੇ ! ਉਹ ਅਸਲ ਵਿਚ ਅੰਦਰੇ ਅੰਦਰ ਮਾਇਆ ਦੀ ਖਾਤਰ ਤਰਲੇ ਲੈ ਲੈ ਕੇ ਸੜਦਾ (ਹੀ) ਰਹਿੰਦਾ ਹੈ, ਜਿਵੇਂ ਕਿ ਵਿਧਵਾ ਇਸਤ੍ਰੀ (ਪਤੀ ਤੋਂ ਬਿਨਾ ਸਦਾ ਦੁਖੀ ਰਹਿਦੀ ਹੈ)।

ਪ੍ਰ:–ਸ੍ਰੀ ਜੀਉ ! ਗੁਰਮਤਿ ਅਨੁਸਾਰ ਆਪ ਜੀ ਦਾ ਕੀ ਨਿਸਚਾ ਹੈ ?

5. ਉ:–ਹੇ ਭਾਈ ! ਗੁਰਮਤਿ ਅਨੁਸਾਰ ਤਾਂ ਇਉਂ ਹੀ ਨਿਸਚਾ ਕੀਤਾ ਜਾ ਸਕਦਾ ਹੈ ਕਿ, ਪ੍ਰਮੇਸ਼ਰ ਜੀ ਦਾ ਨਾਮ ਸਿਮਰਨ ਤੋਂ ਬਿਨਾ (ਤਾਂ ਹੋਰ) ਸਾਰੀ (ਵਿਖਾਵੇ ਵਾਲੀ ਧਾਰਮਿਕ ਕ੍ਰਿਆ) ਝੂਠਾ ਹੀ ਉੱਦਮ ਹੈ।

6. ਐ ਪਿਆਰੇ ! ਤੁਸੀਂ ਭੀ ਵਿਸ਼ਵਾਸ ਰਖੋ ਕਿ, ਪੂਰੇ ਗੁਰੂ ਦੀ ਸ਼ਰਣ ਪੈਣ ਤੋਂ ਬਿਨਾ ਵਿਕਾਰਾਂ ਤੋਂ ਖਲਾਸੀ ਨਹੀਂ ਮਿਲਦੀ (ਇਸ ਲਈ) ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੀ ਹਜ਼ੂਰੀ ਵਿਚ ਪ੍ਰਭੂ ਵਲੋਂ ਟੁੱਟੇ ਹੋਏ ਮਨੁੱਖਾਂ ਦਾ ਠੱਗੀ ਦਾ ਪਾਜ ਚਲ ਨਹੀਂ ਸਕਦਾ।੧। ਰਹਾਉ।

ਪ੍ਰ:–ਸ੍ਰੀ ਜੀਉ ! ਅਤਿਅੰਤ ਗੰਦੀ ਰਹਿਣੀ ਵਾਲਾ ਮਨੁੱਖ ਕਿਸ ਨੂੰ ਮੰਨਿਆ ਜਾਵੇ ?

7. ਉ:–ਹੇ ਭਾਈ ! ਅਸਲ ਵਿਚ ਤਾਂ ਉਹੀ ਮਨੁੱਖ ਗੰਦੀ ਰਹਿਣੀ ਵਾਲਾ ਹੈ, ਜਿਹੜਾ ਇਸ ਸਾਰੀ ਰਚਨਾਂ ਵਿਚ (ਇਸ ਦੇ ਕਰਤਾਰ ਸਿਰਜਨਹਾਰ ਨੂੰ ਵਸਦਾ) ਨਹੀਂ ਪਛਾਣ ਸਕਦਾ।

ਪ੍ਰ:–ਸ੍ਰੀ ਜੀਉ ! ਬਹੁਤ ਲੋਕ ਸਰੀਰਕ ਸੁੱਚਮਤਾ ਬਹੁਤ ਰਖਦੇ ਹਨ ਅਤੇ ਆਪਣੇ ਬਾਹਰਲੇ ਚੌਂਕੇ ਨੂੰ ਭੀ ਲਿਪ ਸਵਾਰ ਕੇ ਸੁੱਚਾ ਰਖਦੇ ਹਨ ਕੀ ਉਨ੍ਹਾਂ ਨੂੰ ਗੁਰਮਤਿ ਵਿਚ ਸੁਚੇ ਨਹੀਂ ਮੰਨਿਆਂ ਜਾਂਦਾ ?

8. ਉ:–ਹੇ ਭਾਈ ! ਜੇ ਬਾਹਰਲਾ ਚੌਂਕਾ ਲਿਪਿਆ ਜਾਏ ਅਤੇ ਸਰੀਰ ਨੂੰ ਭੀ ਸੁੱਚਾ ਰਖਿਆ ਜਾਏ (ਤਾਂ ਇਸ ਬਾਹਰਲੀ ਸੁੱਚ ਨੂੰ) ਹਰੀ ਦੇ ਦਰ ਵਿਚ ਗਿਆਂ, ਪ੍ਰਭੂ ਸੁਚਤਾ ਨਹੀਂ ਮੰਨਦਾ।

9. (ਕਿਉਂਕਿ) ਹੇ ਭਾਈ ! ਜਿਸ ਮਨੁੱਖ ਦਾ ਹਿਰਦਾ ਤਾਂ ਵਿਕਾਰਾਂ ਨਾਲ ਗੰਦਾ ਹੋਇਆ ਪਿਆ ਹੈ, ਪਰ ਉਹ ਆਪਣੇ ਸਰੀਰ ਨੂੰ (ਸੁੱਚ ਦੀ ਖਾਤਰ) ਸਦਾ ਹੀ ਧੋਂਦਾ ਰਹਿੰਦਾ ਹੈ।

10. ਹੇ ਪਿਆਰੇ ! ਸੱਚ ਜਾਣੋ ਉਹ ਮਨੁੱਖ ਤਾਂ ਸਦਾ ਥਿਰ ਪ੍ਰਭੂ ਦੀ ਹਜ਼ੂਰੀ ਵਿਚ ਆਪਣੀ ਇੱਜ਼ਤ ਹੀ ਗਵਾ ਲੈਂਦਾ ਹੈ।੨।

ਪ੍ਰ:–ਸ੍ਰੀ ਜੀਉ ! ਕੀ ਕਿਸੇ ਮਨੁੱਖ ਦਾ ਸਰੀਰਕ ਧਾਰਮਿਕ ਲਿਬਾਸ ਉਸ ਨੂੰ ਕੋਈ ਭੀ ਲਾਭ ਨਹੀਂ ਪਹੁੰਚਾਂਦਾ ?

11. ਉ:–ਹੇ ਭਾਈਓ ! ਅਸਲ ਵਿਚ ਤਾਂ ਆਪਣੇ ਧਰਮੀਂ ਹੋਣ ਦਾ ਵਿਖਾਵਾ ਕਰਨ ਵਾਲਾ ਮਨੁੱਖ ਅੰਦਰੋਂ ਮਾਇਆ ਕੱਠੀ ਕਰਨ ਦੀ ਖਾਤਰ (ਹੀ) ਭੇਖ ਤੇ ਸੁੱਚ ਆਦਿਕ ਦਾ ਹੀਲਾ ਕਰਦਾ ਹੈ।

12. ਪਰ, (ਜਦੋਂ ਭੀ ਉਸ ਨੂੰ ਗਹੁ ਨਾਲ ਤਕਿਆ ਜਾਏ ਤਾਂ ਉਹ ਮਨੁੱਖ ਪਵਿਤ੍ਰ ਜੀਵਨ ਵਾਲੇ ਰਸਤੇ ਉਤੇ) ਕਦੇ ਭੀ ਸਿਧਾ ਪੈਰ ਨਹੀਂ ਧਰਦਾ, (ਭਾਵ ਉਹ ਵਿੰਗੇ ਹੀ ਕੰਮ ਕਰਦਾ ਹੈ)।

ਪ੍ਰ:–ਸ੍ਰੀ ਜੀਉ ! ਉਸ ਦੇ ਵਿੰਗੇ ਪੈਰ ਰਖਦੇ ਰਹਿਣ ਤੋਂ ਆਪ ਜੀ ਦਾ ਕੀ ਭਾਵ ਹੈ ?

13. ਉ:–ਹੇ ਭਾਈਓ ! ਅਸਲ ਭਾਵ ਹੈ ਕਿ ਓਹ ਜਿਸ ਪ੍ਰਮਾਤਮਾਂ ਨੇ ਪੈਦਾ ਕੀਤਾ ਹੈ ਉਸ ਨੂੰ ਆਪਣ ਚਿੱਤ ਵਿਚ (ਕਦੇ ਭੀ) ਨਹੀਂ ਵਸਾਂਦਾ।

14. ਹੇ ਭਾਈ !ਓਹ ਤਾਂ ਸਗੋਂ ਲੋਕਾਂ ਨੂੰ ਠੱਗਣ ਵਾਸਤੇ ਝੂਠ ਮੂਠ ਹੀ (ਆਪਣੇ) ਮੂੰਹੋਂ (ਰਾਮ ਰਾਮ) ਉਚਾਰਦਾ ਰਹਿੰਦਾ ਹੈ।੩।

ਪ੍ਰ:–ਹੇ ਗੁਰੋ ! ਉਹ ਅਜਿਹਾ ਮਨੁੱਖ ਇਸ ਪਖੰਡ ਦਾ ਤਿਆਗ ਕਰ ਕੇ ਸਾਧ ਸੰਗਤ ਵਿਚ ਰਹਿਣ ਦਾ ਆਦੀ ਕਿਉਂ ਨਹੀਂ ਬਣ ਜਾਂਦਾ ?

15. ਉ:–ਹੇ ਪਿਆਰੇ ! ਅਸਲ ਵਿਚ ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜਿਸ ਮਨੁੱਖ ਦੇ ਉਤੇ ਕਰਤਾਰ ਸਿਰਜਨਹਾਰ ਮਿਹਰ ਕਰਦਾ ਹੈ।

16. ਸਾਧ ਸੰਗਤ ਵਿਚ ਉਸੇ ਮਨੁੱਖ ਦਾ (ਹੀ) ਬਹਿਣ ਖਲੋਣ ਹੁੰਦਾ ਹੈ।

17. ਹੇ ਭਾਈ ! ਪ੍ਰਮਾਤਮਾਂ ਦੇ ਨਾਮ ਨਾਲ ਪ੍ਰਭੂ ਦੀ ਭਗਤੀ ਨਾਲ ਉਸ ਦਾ ਪ੍ਰੇਮ ਬਣ ਜਾਂਦਾ ਹੈ।

ਪ੍ਰ:–ਸ੍ਰੀ ਜੀਉ ! ਆਖਰ ਉਸ ਨੂੰ ਫਲ ਕੀ ਹਾਸਲ ਹੁੰਦਾ ਹੈ ?

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰਿਓ ! ਉਸ ਮਨੁੱਖ ਨੂੰ (ਆਤਮਕ ਅਨੰਦ ਵਿਚ ਕਦੇ) ਭੀ ਤੋਟ ਨਹੀਂ ਆਉਂਦੀ, ਕਦੇ ਭੀ ਵਿਘਨ ਨਹੀਂ ਪੈਂਦਾ।੪।੪੦।੫੩।

ਭਾਵਾਰਥ :–ਇਸ ਸ਼ਬਦ ਵਿਚ ਉਨ੍ਹਾਂ ਮਨਮੁਖਾਂ ਦਾ ਜ਼ਿਕਰ ਕਰਦੇ ਹਨ ਜੋ ਨਾਮ ਜਾਂ ਭਗਤੀ ਵਿਚ ਲਗਣ ਦੀ ਥਾਵੇਂ ਝੂਠੇ ਵਿਖਾਵੇ ਵਾਲੇ ਕਰਮ ਧਰਮ ਕਰਦੇ ਰਹਿੰਦੇ ਹਨ, ਉਹ ਅਜਿਹੇ ਮਨੁੱਖ ਆਪਣੇ ਇਸ ਅਮੋਲਕ ਜਨਮ ਨੂੰ ਵਿਅਰਥ ਗਵਾ ਜਾਂਦੇ ਹਨ।

ਭੈਰਉ ਮਹਲਾ ੫ ॥

1. ਨਿੰਦਕ ਕਉ ਫਿਟਕੇ ਸੰਸਾਰੁ ॥
2. ਨਿੰਦਕ ਕਾ ਝੂਠਾ ਬਿਉਹਾਰੁ ॥
3. ਨਿੰਦਕ ਕਾ ਮੈਲਾ ਆਚਾਰੁ ॥
4. ਦਾਸ ਅਪੁਨੇ ਕਉ ਰਾਖਨਹਾਰੁ ॥੧॥
5. ਨਿੰਦਕੁ ਮੁਆ ਨਿੰਦਕ ਕੈ ਨਾਲਿ ॥

6. ਪਾਰਬ੍ਰਹਮ ਪਰਮੇਸਰਿ ਜਨ ਰਾਖੇ
ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ ਰਹਾਉ ॥
7. ਨਿੰਦਕ ਕਾ ਕਹਿਆ ਕੋਇ ਨ ਮਾਨੈ ॥
8. ਨਿੰਦਕ ਝੂਠੁ ਬੋਲਿ ਪਛੁਤਾਨੇ ॥
9. ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥
10. ਨਿੰਦਕ ਕਉ ਦਈ ਛੋਡੈ ਨਾਹਿ ॥੨॥
11. ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥
12. ਨਿੰਦਕ ਕਉ ਲਾਗੈ ਦੁਖ ਸਾਂਗੈ ॥
13. ਬਗੁਲੇ ਜਿਉ ਰਹਿਆ ਪੰਖ ਪਸਾਰਿ ॥
14. ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥੩॥
15. ਅੰਤਰਜਾਮੀ ਕਰਤਾ ਸੋਇ ॥
16. ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥
17. ਹਰਿ ਕਾ ਦਾਸੁ ਸਾਚਾ ਦਰਬਾਰਿ ॥
18. ਜਨ ਨਾਨਕ ਕਹਿਆ ਤਤੁ ਬੀਚਾਰਿ ॥੪॥੪੧॥੫੪॥

ਪਦ ਅਰਥ :—ਨਿੰਦਕ—ਦੂਜਿਆਂ ਉਤੇ ਚਿੱਕੜ ਸੁੱਟਣ ਵਾਲਾ, ਦੂਜਿਆਂ ਉਤੇ ਤੁਹਮਤਾਂ ਲਾਣ ਵਾਲਾ। ਕਉ—ਨੂੰ। ਫਿਟਕੇ—ਫਿਟਕਾਰਾਂ ਪਾਂਦਾ ਹੈ। ਬਿਉਹਾਰੁ—(ਤੁਹਮਤਾਂ ਲਾਣ ਵਾਲਾ) ਕਸਬ। ਮੈਲਾ—ਗੰਦਾ, ਵਿਕਾਰਾਂ ਭਰਿਆ। ਆਚਾਰੁ—ਆਚਰਨ। ਰਾਖਨਹਾਰੁ—(ਵਿਕਾਰਾਂ ਤੋਂ) ਬਚਾ ਸਕਣ ਵਾਲਾ।੧।

ਮੁਆ—ਆਤਮਕ ਮੌਤੇ ਮਰ ਜਾਂਦਾ ਹੈ। ਕੈ ਨਾਲਿ—ਦੀ ਸੁਹਬਤ ਵਿਚ। ਪਰਮੇਸਰਿ—ਪ੍ਰਮੇਸ਼ਰ ਨੇ। ਰਾਖੇ—(ਸਦਾ) ਰਖਿਆ ਕੀਤੀ। ਕੈ ਸਿਰਿ—ਦੇ ਸਿਰ ਉਤੇ। ਕੜਕਿਓ—ਕੂਕਦਾ ਰਹਿੰਦਾ ਹੈ। ਕਾਲੁ—ਆਤਮਕ ਮੌਤ।੧। ਰਹਾਉ।

ਨ ਮਾਨੈ—ਇਤਬਾਰ ਨਹੀਂ ਕਰਦਾ। ਬੋਲਿ—ਬੋਲ ਕੇ। ਪਛੁਤਾਨੇ—ਅਫਸੋਸ ਕਰਦੇ ਹਨ। ਹਾਥ ਪਛੋਰਹਿ—(ਆਪਣੇ) ਹੱਥ (ਮੱਥੇ ਤੇ) ਮਾਰਦੇ ਹਨ। ਧਰਨਿ—ਧਰਤੀ। ਦਈ—ਪ੍ਰਮਾਤਮਾਂ।੨।

ਨ ਮਾਗੈ—ਨਹੀਂ ਮੰਗਦਾ, ਨਹੀਂ ਚਾਹੁੰਦਾ। ਦੂਖੁ ਸਾਂਗੈ—ਬਰਛੀ (ਵੱਜਣ) ਦਾ ਦੁੱਖ। ਪੰਖ—ਖੰਭ। ਪਸਾਰਿ ਰਹਿਆ—ਖਿਲਾਰੀ ਰਖਦਾ ਹੈ। ਤੇ—ਤੋਂ। ਤਾਂ—ਤਦੋਂ। ਬੀਚਾਰਿ—ਵਿਚਾਰਿ, ਵਿਚਾਰ ਕੇ।੩।

ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਨਣ ਵਾਲਾ। ਨਿਹਚਲ—ਅਟੱਲ, ਜ਼ਰੂਰ ਵਾਪਰਨ ਵਾਲਾ। ਸਾਚਾ—ਅਡੋਲ ਜੀਵਨ ਵਾਲਾ। ਦਰਬਾਰਿ—ਪ੍ਰਭੂ ਦੀ ਹਜ਼ੂਰੀ ਵਿਚ। ਤਤੁ—ਅਸਲੀਅਤ।੪।

ਅਰਥ :—

ਪ੍ਰ.—ਗੁਰਦੇਵ ਜੀਉ! ਜੋ ਲੋਕ ਹਰ ਵਕਤ ਸੰਤ ਲੋਕਾਂ ਤੇ ਸਦਾ ਤੁਹਮਤਾਂ ਹੀ ਲਾਣ ਵਾਲੇ ਹਨ, ਆਖਰ ਉਨ੍ਹਾਂ ਨੂੰ ਇਸ ਦਾ ਫਲ ਕੀ ਮਿਲਦਾ ਹੈ?

1. ਉ.—ਹੇ ਭਾਈਓ! ਨਿੰਦਾ ਕਰਨੀ ਤਾਂ ਕਿਸੇ ਦੀ ਭੀ ਚੰਗੀ ਨਹੀਂ, ਪਰ ਜੋ ਲੋਕ ਸੰਤਾਂ ਉਤੇ ਹਰ ਵਕਤ ਹੀ ਤੁਹਮਤਾਂ ਲਾਉਂਦੇ ਰਹਿੰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਤਾਂ ਸਾਰਾ ਹੀ ਜਗਤ ਫਿਟਕਾਰਾਂ ਪਾਉਂਦਾ ਹੈ।

2. (ਕਿਉਂਕਿ) ਜਗਤ ਜਾਣਦਾ ਹੈ ਕਿ, ਤੁਹਮਤਾਂ ਲਾਣ ਵਾਲੇ ਦਾ ਇਹ ਕਸਬ ਝੂਠਾ ਹੈ।

3. ਹੇ ਭਾਈਓ! (ਇਹ ਸੱਚ ਹੈ ਕਿ, ਤੁਹਮਤਾਂ ਲਾ ਲਾ ਕੇ) ਲਾਣ ਵਾਲੇ ਦਾ ਆਪਣਾ ਆਚਰਨ ਹੀ ਗੰਦਾ ਹੋ ਜਾਂਦਾ ਹੈ।

4. ਪਰ, ਹੇ ਭਾਈਓ! ਪ੍ਰਮਾਤਮਾਂ ਆਪਣੇ ਸੇਵਕ ਨੂੰ (ਵਿਕਾਰਾਂ ਵਿਚ ਡਿਗਣ ਤੋਂ) ਆਪ ਹੀ ਬਚਾਈ ਰਖਦਾ ਹੈ।੧।

ਪ੍ਰ:—ਕਿਉਂ ਜੀ! ਕੀ ਅਜਿਹੇ ਨਿੰਦਕ ਦੀ ਸੰਗਤ ਕਰਨ ਵਾਲੇ ਨੂੰ ਭੀ ਕੋਈ ਨੁਕਸਾਨ ਹੁੰਦਾ ਹੈ?

5. ਉ:—ਹੇ ਭਾਈਓ! ਅਸਲ ਵਿਚ ਤਾਂ ਜੋ ਸੰਤ ਜਨਾਂ ਉਤੇ ਤੁਹਮਤਾਂ ਲਾਣ ਵਾਲਾ ਮਨੁੱਖ ਹੈ, ਉਹ ਮਨੁੱਖ ਤੁਹਮਤਾਂ ਲਾਣ ਵਾਲੇ ਦੀ ਸੋਹਬਤ ਵਿਚ ਰਹਿ ਕੇ ਆਤਮਕ ਮੌਤ ਸਹੇੜ ਲੈਂਦਾ ਹੈ।

6. ਪਰ, ਐ ਪਿਆਰੇ! ਉਸ ਪ੍ਰਭੂ ਪ੍ਰਮੇਸ਼ਰ ਨੇ (ਆਪਣੇ ਸੇਵਕਾਂ ਦੀ ਰਖਿਆ ਵਿਕਾਰਾਂ ਵਿਚ ਡਿੱਗਣ ਵਲੋਂ ਸਦਾ ਆਪ ਹੀ ਕੀਤੀ ਹੈ) ਪਰ, ਉਨ੍ਹਾਂ ਸੇਵਕਾਂ ਉਤੇ ਤੁਹਮਤਾਂ ਲਾਣ ਵਾਲਿਆਂ ਦੇ ਸਿਰ ਉਤੇ ਆਤਮਕ ਮੌਤ (ਸਦਾ ਹੀ) ਗੱਜਦੀ ਰਹਿੰਦੀ ਹੈ।੧। ਰਹਾਉ।

ਪ੍ਰ:—ਸ੍ਰੀ ਜੀਉ! ਅਜਿਹੇ ਨਿੰਦਕ ਦੇ ਜੀਵਨ ਬਾਰੇ ਆਮ ਲੋਕਾਂ ਦੇ ਕੀ ਵੀਚਾਰ ਹੋਇਆ ਕਰਦੇ ਹਨ?

7. ਉ:—ਹੇ ਭਾਈ! ਸੱਚ ਤਾਂ ਇਹੋ ਹੀ ਹੈ ਕਿ ਸੰਤ ਜਨਾਂ ਉਤੇ ਤੁਹਮਤਾਂ ਲਾਣ ਵਾਲਿਆਂ ਦੀ ਗੱਲ ਨੂੰ ਕੋਈ ਭੀ ਸੱਚ ਨਹੀਂ ਮੰਨਦਾ।

8. ਪਰ, ਹੇ ਭਾਈਓ! ਅਸਲ ਵਿਚ ਤਾਂ ਤੁਹਮਤਾਂ ਲਾਣ ਵਾਲੇ ਮਨੁੱਖ ਝੂਠ ਬੋਲ ਕੇ (ਫਿਰ ਆਪ ਹੀ) ਅਫਸੋਸ ਕਰਦੇ ਹਨ, (ਭਾਵ ਉਹ ਆਪ ਭੀ ਸ਼ਰਮਿੰਦੇ ਹੁੰਦੇ ਹਨ)।

9. ਹੇ ਭਾਈਓ! (ਨਸ਼ਰ ਹੋਣ ਤੇ ਨਿੰਦਕ) ਹੱਥ ਮੱਥੇ ਉਤੇ ਮਾਰਦੇ ਹਨ ਅਤੇ ਆਪਣਾ ਸਿਰ ਧਰਤੀ ਨਾਲ ਪਟਕਾਂਦੇ ਹਨ, (ਭਾਵ, ਬਹੁਤ ਹੀ ਸ਼ਰਮਿੰਦੇ ਹੁੰਦੇ ਹਨ)।

10. ਪਰ, ਹੇ ਪਿਆਰੇ! ਊਜਾਂ ਲਾਣ ਦੀ ਵਾਦੀ ਵਿਚ ਦੋਖੀ ਮਨੁੱਖ ਅਜਿਹਾ ਫਸਦਾ ਹੈ ਕਿ, ਪ੍ਰਮੇਸ਼ਰ ਉਸ ਦੋਖੀ ਨੂੰ (ਉਸ ਦੇ ਆਪਣੇ ਤਣੇ ਨਿੰਦਾ ਦੇ ਜਾਲ ਵਿਚੋਂ) ਛੁਟਕਾਰਾ ਨਹੀਂ ਦੇਂਦਾ।੨।

ਪ੍ਰ.—ਸ੍ਰੀ ਜੀਉ! ਜੋ ਨਿੰਦਕ ਹਰੀ ਦੇ ਦਾਸਾਂ ਦੀ ਭੀ ਨਿੰਦਾ ਹੀ ਕਰਦੇ ਰਹਿੰਦੇ ਹਨ, ਪਰ ਦਾਸਾਂ ਦਾ ਵਤੀਰਾ ਉਨ੍ਹਾਂ ਨਿੰਦਕਾਂ ਨਾਲ ਕੀ ਹੋਇਆ ਕਰਦਾ ਹੈ?

11. ਉ:—ਹੇ ਭਾਈਓ! ਉਸ ਪ੍ਰਮਾਤਮਾਂ ਦਾ ਭਗਤ (ਉਸ

ਦੋਖੀ ਦਾ ਭੀ) ਰਤਾ ਭਰ ਭੀ ਬੁਰਾ ਨਹੀਂ ਮੰਗਦਾ, (ਭਾਵ, ਉਹ ਇਹ ਨਹੀਂ ਚਾਹੁੰਦਾ ਕਿ ਉਸ ਦਾ ਕੋਈ ਭੀ ਨੁਕਸਾਨ ਹੋਵੇ)।

12. ਪਰ, ਹੇ ਭਾਈ! ਫਿਰ ਭੀ ਦੋਖੀ ਨੂੰ (ਆਪਣੀ ਹੀ ਕਰਤੂਤ ਦਾ ਅਜਿਹਾ) ਦੁੱਖ ਅਪੜਦਾ ਹੈ, (ਜਿਵੇਂ) ਬਰਛੀ (ਲਗਣ) ਦਾ (ਦੁੱਖ ਹੁੰਦਾ ਹੈ)।

ਪ੍ਰ:–ਸ੍ਰੀ ਜੀਉ! ਕੀ ਉਹ ਨਿੰਦਕ ਆਪਣੀ ਕੀਤੀ ਕਰਤੂਤ ਪਰ ਪਛਤਾਵਾ ਨਹੀਂ ਕਰਦਾ?

13. ਉ:–ਹੇ ਭਾਈਓ! ਉਸ ਨੇ ਸ਼ਰਮਿੰਦਾ ਤਾਂ ਕੀ ਹੋਣਾ ਸੀ ਸਗੋਂ ਉਹ ਸੰਤਾਂ ਉਤੇ ਊਜਾਂ ਲਾਣ ਵਾਲਾ ਮਨੁੱਖ ਆਪ ਬਗਲੇ ਵਾਂਗ ਖੰਭ ਖਿਲਾਰੀ ਰਖਦਾ ਹੈ ਭਾਵ, ਆਪਣੇ ਆਪ ਨੂੰ ਚੰਗੇ ਜੀਵਨ ਵਾਲਾ ਪ੍ਰਗਟ ਕਰਦਾ ਹੈ।

14. ਪਰ, ਹੇ ਭਾਈਓ! ਜਦੋਂ ਭੀ ਉਹ ਮੂੰਹੋਂ (ਤੁਹਮਤਾਂ ਦੇ) ਬਚਨ ਬੋਲਦਾ ਹੈ, ਤਦੋਂ ਉਹ (ਝੂਠਾ ਦੋਖੀ) ਮਿਥਿਆ ਜਾ ਕੇ (ਲੋਕਾਂ ਵਲੋਂ) ਦੁਰਕਾਰਿਆ ਜਾਂਦਾ ਹੈ।੩।

15. ਹੇ ਭਾਈ! ਉਹ ਕਰਤਾਰ ਆਪ ਹੀ ਹਰੇਕ ਦੇ ਦਿਲ ਦੀ ਜਾਣਦਾ ਹੈ।

16. ਹੇ ਪਿਆਰੇ! ਉਸ ਦਾ ਸੇਵਕ ਭੀ ਜੋ ਕੁਝ ਕਰਦਾ ਹੈ, ਉਹ ਭੀ ਪੱਥਰ ਤੇ ਲਕੀਰ ਹੁੰਦੀ ਹੈ, (ਭਾਵ, ਉਸ ਵਿਚ ਰਤਾ ਭਰ ਭੀ ਝੂਠ ਨਹੀਂ ਹੁੰਦਾ, ਪਰ ਉਹ ਕਿਸੇ ਦੀ ਭੀ ਬੁਰਾਈ ਵਾਸਤੇ ਨਹੀਂ ਹੁੰਦਾ)।

17. ਹੇ ਭਾਈਓ! ਉਸ ਪ੍ਰਮੇਸ਼ਰ ਦਾ ਸੇਵਕ ਪ੍ਰਭੂ ਦੀ ਹਜ਼ੂਰੀ ਵਿਚ ਸਦਾ ਹੀ ਸੁਰਖਰੂ ਹੁੰਦਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਇਹ ਅਸਾਂ ਤੁਹਾਨੂੰ ਵਿਚਾਰ ਕੇ ਤੱਤ ਕਹਿ ਦਿਤਾ ਹੈ।੪।੪੧।੫੪।

ਭਾਵਾਰਥ:–ਇਸ ਸ਼ਬਦ ਵਿਚ ਉਸ ਪ੍ਰਮੇਸ਼ਰ ਦੀ ਭਗਤੀ ਕਰਨ ਵਾਲੇ ਭਗਤਾਂ ਦਾ ਜੋ ਵਿਰੋਧ ਕਰਨ ਵਾਲੇ ਹਨ ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ।

ਭੈਰਉ ਮਹਲਾ ੫ ॥

1. **ਦੁਇ ਕਰ ਜੋਰਿ ਕਰਉ ਅਰਦਾਸਿ ॥**
2. **ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥**
3. **ਸੋਈ ਮੇਰਾ ਸੁਆਮੀ ਕਰਨੈਹਾਰੁ ॥**
4. **ਕੋਟਿ ਬਾਰ ਜਾਈ ਬਲਿਹਾਰ ॥੧॥**
5. **ਸਾਧੂ ਧੂਰਿ ਪੁਨੀਤ ਕਰੀ ॥**
6. **ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ ਰਹਾਉ ॥**
7. **ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥**
8. **ਜਾ ਕੀ ਸੇਵਾ ਪਾਈਐ ਮਾਨੁ ॥**
9. **ਸਗਲ ਮਨੋਰਥ ਪੂਰਨਹਾਰ ॥**
10. **ਜੀਅ ਪ੍ਰਾਨ ਭਗਤਨ ਆਧਾਰ ॥੨॥**
11. **ਘਟ ਘਟ ਅੰਤਰਿ ਸਗਲ ਪ੍ਰਗਾਸ ॥**
12. **ਜਪਿ ਜਪਿ ਜੀਵਹਿ ਭਗਤ ਗੁਣਤਾਸ ॥**
13. **ਜਾ ਕੀ ਸੇਵ ਨ ਬਿਰਥੀ ਜਾਇ ॥**
14. **ਮਨ ਤਨ ਅੰਤਰਿ ਏਕੁ ਧਿਆਇ ॥੩॥**
15. **ਗੁਰ ਉਪਦੇਸਿ ਦਇਆ ਸੰਤੋਖੁ ॥**
16. **ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥**
17. **ਕਰਿ ਕਿਰਪਾ ਲੀਜੈ ਲੜਿ ਲਾਇ ॥**
18. **ਚਰਨ ਕਮਲ ਨਾਨਕ ਨਿਤ ਧਿਆਇ॥੪॥੪੨॥੫੫॥**

ਪਦ ਅਰਥ:–ਦੁਇ ਕਰ–ਦੋਵੇਂ ਹੱਥ। ਜੋਰਿ–ਜੋੜ ਕੇ। ਕਰਉ–ਕਰਉਂ, ਮੈਂ ਕਰਦਾ ਹਾਂ। ਜੀਉ–ਜਿੰਦ। ਪਿੰਡੁ–ਸਰੀਰ। ਰਾਸਿ–ਪੂੰਜੀ, ਸਰਮਾਇਆ। ਕਰਨੈਹਾਰੁ–ਸਭ ਕੁਝ ਕਰਨ ਜੋਗਾ। ਕੋਟਿ ਬਾਰ–ਕ੍ਰੋੜਾਂ ਵਾਰੀ। ਜਾਈ–ਜਾਈਂ, ਮੈਂ ਜਾਂਦਾ ਹਾਂ। ਬਲਿਹਾਰ–ਸਦਕੇ।੧।

ਸਾਧੂ ਧੂਰਿ–ਗੁਰੂ ਦੀ ਚਰਨ ਧੂੜ। ਪੁਨੀਤ–ਪਵਿਤ੍ਰ (ਜੀਵਨ ਵਾਲਾ)। ਕਰੀ–ਬਣਾ ਦੇਂਦੀ ਹੈ। ਮਿਟਹਿ–ਮਿਟ ਜਾਂਦੇ ਹਨ। ਹਰੀ–ਦੂਰ ਹੋ ਜਾਂਦੀ ਹੈ।੧। ਰਹਾਉ।

ਸਗਲ ਨਿਧਾਨ–ਸਾਰੇ ਖਜ਼ਾਨੇ। ਸੇਵਾ–ਭਗਤੀ। ਮਾਨੁ–ਇੱਜ਼ਤ। ਸਗਲ ਮਨੋਰਥ–ਸਾਰੀਆਂ ਲੋੜਾਂ। ਪੂਰਨਹਾਰ–ਪੂਰੀਆਂ ਕਰ ਸਕਣ ਵਾਲਾ। ਜੀਅ ਆਧਾਰ–ਜਿੰਦ ਦਾ ਆਸਰਾ।੨।

ਘਟਿ–ਸਰੀਰ ਵਿਚ। ਘਟਿ ਘਟਿ–ਹਰੇਕ ਸਰੀਰ ਵਿਚ। ਅੰਤਰਿ ਸਗਲ–ਸਭਨਾਂ ਦੇ ਅੰਦਰ। ਪ੍ਰਗਾਸ–ਚਾਨਣੁ। ਜਪਿ–ਜਪ ਕੇ। ਜੀਵਹਿ–ਆਤਮਕ ਜੀਵਨ ਹਾਸਲ ਕਰਦੇ ਹਨ। ਗੁਣਤਾਸ–ਗੁਣਾਂ ਦਾ ਖਜ਼ਾਨਾ ਪ੍ਰਭੂ। ਬਿਰਥੀ–ਖਾਲੀ, ਵਿਅਰਥ। ਧਿਆਇ–ਸਿਮਰਿਆ ਕਰ।੩।

ਉਪਦੇਸਿ–ਉਪਦੇਸ਼ ਦੀ ਰਾਹੀਂ, ਉਪਦੇਸ਼ ਤੇ ਤੁਰਿਆਂ। ਨਿਧਾਨੁ–ਖਜ਼ਾਨਾ। ਨਿਰਮਲੁ–(ਜੀਵਨ ਨੂੰ) ਪਵਿਤ੍ਰ ਕਰਨ ਵਾਲਾ। ਥੋਕੁ–ਪਦਾਰਥ। ਕਰਿ–ਕਰ ਕੇ। ਲੜਿ–ਪੱਲੇ ਨਾਲ। ਲਾਇ ਲੀਜੈ–ਲਾ ਲੈ। ਧਿਆਇ–ਸਿਮਰਦਾ ਰਹੇ।੪।

ਅਰਥ:–

ਪ੍ਰ:–ਗੁਰਦੇਵ ਜੀਉ! ਹਰ ਮਨੁੱਖ ਭਿੰਨ ਭਿੰਨ ਦੇਵੀ ਦੇਵਤਿਆਂ ਦੇ ਸਨਮੁਖ ਹੋ ਪ੍ਰਾਰਥਨਾ ਕਰਦੇ ਵੇਖੀਦੇ ਹਨ, ਪਰ ਆਪ ਜੀ ਦੀ ਅਰਦਾਸ ਕਿਸ ਸ਼ਕਤੀਵਾਨ ਦੇ ਅਗੇ ਹੋਇਆ ਕਰਦੀ ਹੈ?

1. ਉ:–ਹੇ ਭਾਈਓ! ਅਸਲ ਵਿਚ ਮੈਂ (ਤਾਂ) ਦੋਵੇਂ (ਹੀ) ਹੱਥ ਜੋੜ ਕੇ (ਉਸ ਪ੍ਰਭੂ ਦੇ ਦਰ ਤੇ ਹੀ) ਅਰਜ਼ੋਈ ਕਰਦਾ ਰਹਿੰਦਾ ਹਾਂ।

2. (ਕਿਉਂਕਿ) ਮੈਨੂੰ ਇਹ ਪੂਰਨ ਵਿਸ਼ਵਾਸ਼ ਹੈ ਕਿ, ਮੇਰੀ,

ਇਹ ਜਿੰਦ, ਮੇਰਾ ਇਹ ਸਰੀਰ. ਇਹ ਧਨ—ਸਭੋ ਕੁਝ ਉਸ ਪ੍ਰਮਾਤਮਾਂ ਦੀ ਬਖਸ਼ੀ ਪੂੰਜੀ ਹੈ ।

3. ਹੇ ਪਿਆਰੇ ! ਮੇਰਾ ਉਹ ਮਾਲਕ ਆਪ ਹੀ ਸਭ ਕੁਝ ਕਰਨ ਦੇ ਸਮਰੱਥ ਹੈ ।

4. (ਇਸ ਲਈ) ਮੈਂ ਕ੍ਰੋੜਾਂ ਵਾਰੀ ਉਸਤੋਂ ਸਦਕੇ ਜਾਂਦਾ ਹਾਂ।੧।

ਪ੍ਰ:—ਗੁਰੂ ਸ਼ਕਤੀ ਪਰ ਆਪ ਜੀ ਨੂੰ ਇਤਨਾ ਵਿਸ਼ਵਾਸ਼ ਕਿਉਂ ਬਣ ਆਇਆ ਹੈ ?

5. ਉ:—ਹੇ ਭਾਈਓ ! ਮੈਨੂੰ ਇਹ ਪੂਰਨ ਨਿਸਚਾ ਹੈ ਕਿ, ਗੁਰੂ ਦੀ ਚਰਨ ਧੂੜ (ਮਨੁੱਖ ਦੇ ਜੀਵਨ ਨੂੰ) ਪਵਿੱਤ੍ਰ ਕਰ ਦੇਂਦੀ ਹੈ ।

6. (ਅਤੇ ਗੁਰੂ ਦੀ ਸ਼ਰਨ ਪੈ ਕੇ) ਪ੍ਰਭੂ ਦਾ ਨਾਮ ਸਿਮਰਦਿਆਂ (ਮਨੁੱਖ ਦੇ) ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ ਅਤੇ ਅਨੇਕਾਂ ਹੀ ਜਨਮਾਂ (ਦੇ ਕੀਤੇ ਕੁਕਰਮਾਂ) ਦੀ ਮੈਲ ਲਹਿ ਜਾਂਦੀ ਹੈ ।੧। ਰਹਾਉ ।

ਪ੍ਰ:—ਗੁਰੂ ਦੀ ਸ਼ਰਨ ਪੈਣ ਨਾਲ ਹੋਰ ਸੂਝ ਕੀ ਪੈਂਦੀ ਹੈ ?

7. ਉ:—ਹੇ ਭਾਈਓ ! ਅਸਲ ਵਿਚ ਗੁਰੂ ਦੀ ਸ਼ਰਨ ਪੈਣ ਨਾਲ ਹੀ ਇਹ ਸਮਝ ਆਉਂਦੀ ਹੈ ਕਿ, ਜਿਸ ਪ੍ਰਮਾਤਮਾਂ ਦੇ ਘਰ ਵਿਚ ਸਾਰੇ ਖਜ਼ਾਨੇ ਹਨ ।

8. ਅਤੇ ਜਿਸ ਦੀ ਸੇਵਾ ਭਗਤੀ ਕੀਤਿਆਂ (ਲੋਕ ਪ੍ਰਲੋਕ ਵਿਚ) ਇੱਜ਼ਤ ਮਿਲਦੀ ਹੈ ।

9. ਅਤੇ ਉਹ ਪ੍ਰਮਾਤਮਾਂ (ਜੀਵਾਂ ਦੀਆਂ) ਸਾਰੀਆਂ ਲੋੜਾਂ ਪੂਰੀਆਂ ਕਰ ਸਕਣ ਵਾਲਾ ਹੈ ।

10. ਉਹ ਆਪਣੇ ਭਗਤਾਂ ਦੀ ਜਿੰਦ ਦਾ ਪ੍ਰਾਣਾਂ ਦਾ ਆਸਰਾ ਹੈ ।੨।

11. ਹੇ ਭਾਈਓ ! ਗੁਰੂ ਦੀ ਸ਼ਰਨ ਪਿਆਂ ਹੀ ਇਹ ਸੂਝ ਪੈਂਦੀ ਹੈ ਕਿ, ਪ੍ਰਮੇਸ਼ਰ ਹਰੇਕ ਸਰੀਰ ਵਿਚ ਵਸ ਰਿਹਾ ਹੈ ਅਤੇ ਸਭ ਜੀਵਾਂ ਦੇ ਅੰਦਰ (ਆਪਣੀ ਜੋਤ ਦਾ) ਚਾਨਣ ਕਰਦਾ ਹੈ ।

12. ਪਰ, ਹੇ ਭਾਈਓ ! ਉਸ ਦੇ ਭਗਤ ਭੀ ਉਸ ਗੁਣਾਂ ਦੇ ਖਜ਼ਾਨੇ ਪ੍ਰਭੂ ਦਾ ਨਾਮ ਜਪ ਜਪ ਕੇ ਆਤਮਕ ਜੀਵਨ ਹਾਸਲ ਕਰਦੇ ਹਨ ।

13. ਹੇ ਪਿਆਰੇ ! ਤੂੰ ਇਹ ਨਿਸਚਾ ਰਖ ਕਿ, ਜਿਸ ਪ੍ਰਭੂ ਦੀ ਕੀਤੀ ਭਗਤੀ (ਕਦੇ ਭੀ) ਵਿਅਰਥ ਨਹੀਂ ਜਾਂਦੀ ।

14. (ਇਸ ਲਈ) ਹੇ ਭਾਈ ! ਤੂੰ ਆਪਣੇ ਮਨ ਵਿਚ ਆਪਣੇ ਤਨ ਵਿਚ ਉਸ ਇਕੋ (ਪ੍ਰਭੂ ਦਾ) ਨਾਮ ਸਿਮਰਿਆ ਕਰ।੩।

ਪ੍ਰ:—ਸ੍ਰੀ ਜੀਉ ! ਗੁਰੂ ਦੀ ਸਿਖਿਆ ਉਤੇ ਤੁਰਿਆਂ ਆਖਰ ਹਾਸਲ ਕੀ ਹੁੰਦਾ ਹੈ ?

15. ਉ:—ਹੇ ਭਾਈ ! ਗੁਰੂ ਦੀ ਸਿਖਿਆ ਉਤੇ ਤੁਰਿਆਂ (ਮਨੁੱਖ ਦੇ ਹਿਰਦੇ ਵਿਚ) ਦਇਆ ਪੈਦਾ ਹੁੰਦੀ ਹੈ, ਸੰਤੋਖ ਪੈਦਾ ਹੁੰਦਾ ਹੈ ।

16. ਅਤੇ ਨਾਮ ਖਜ਼ਾਨਾ ਪ੍ਰਗਟ ਹੋ ਜਾਂਦਾ ਹੈ, ਇਹ (ਨ ਖਜ਼ਾਨਾ ਅਜਿਹਾ) ਪਦਾਰਥ ਹੈ ਕਿ, ਇਹ ਜੀਵਨ ਨੂੰ ਪਵਿਤ੍ਰ ਕਰ ਦੇਂਦਾ ਹੈ ।

ਪ੍ਰ:—ਸ੍ਰੀ ਜੀਉ ! ਹੁਣ ਇਹ ਦਸੋ ਕਿ, ਮੇਰੇ ਕਰਨ ਜੋਗ ਕਿਹੜਾ ਸਾਧਨ ਹੈ ?

17. ਉ:—ਹੇ ਭਾਈ ! ਤੂੰ ਪ੍ਰਭੂ ਦੇ ਦਰ ਤੇ ਇਉਂ ਹੀ ਅਰਦਾਸ ਕਰਦਾ ਰਿਹਾ ਕਰ ਕਿ; ਹੇ ਪ੍ਰਭੂ ! ਮਿਹਰ ਕਰ ਕੇ (ਮੈਨੂੰ ਆਪਣੇ) ਪੱਲੇ ਲਾਈ ਰਖ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! (ਮੈਂ) ਤੇਰੇ ਹੀ ਸੋਹਣੇ ਚਰਨਾਂ ਦਾ ਸੱਚਾ ਧਿਆਨ ਧਰਦਾ ਰਹਾਂ ।੪।੪੨।੫੫।

ਭਾਵਾਰਥ :—ਇਸ ਮਹਾਂਵਾਕ ਵਿਚ ਗੁਰੂ ਦੇ ਸਨਮੁਖ ਹੋ ਅਰਦਾਸ ਕਰਨ ਦੀ ਜਾਚ ਅੰਕਤ ਕਰਦੇ ਹਨ ਕਿ ਉਸ ਸਰਬ ਵਿਆਪੀ ਸਰਬ ਦਾ ਅਧਾਰ ਹਰੀ ਦੇ ਨਾਮ ਦੀ ਪ੍ਰਾਪਤੀ ਲਈ ਗੁਰੂ ਦੇ ਅਗੇ ਬੇਨਤੀਆਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਗੁਰੋ ! ਉਸ ਪ੍ਰਭੂ ਦਾ ਨਾਮ ਬਖਸ਼ਸ਼ ਕਰੋ ।

ਭੈਰਉ ਮਹਲਾ ੫ ॥

1. **ਸਤਿਗੁਰ ਅਪੁਨੇ ਸੁਨੀ ਅਰਦਾਸਿ ॥**
2. **ਕਾਰਜੁ ਆਇਆ ਸਗਲਾ ਰਾਸਿ ॥**
3. **ਮਨ ਤਨ ਅੰਤਰਿ ਪ੍ਰਭੂ ਧਿਆਇਆ ॥**
4. **ਗੁਰ ਪੂਰੇ ਡਰੁ ਸਗਲ ਚੁਕਾਇਆ ॥੧॥**
5. **ਸਭ ਤੇ ਵਡ ਸਮਰਥ ਗੁਰਦੇਵ ॥**
6. **ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥**
7. **ਜਾ ਕਾ ਕੀਆ ਸਭੁ ਕਿਛੁ ਹੋਇ ॥**
8. **ਤਿਸ ਕਾ ਅਮਰੁ ਨ ਮੇਟੈ ਕੋਇ ॥**
9. **ਪਾਰਬ੍ਰਹਮੁ ਪਰਮੇਸਰੁ ਅਨੂਪੁ ॥**
10. **ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥੨॥**
11. **ਜਾ ਕੈ ਅੰਤਰਿ ਬਸੈ ਹਰਿ ਨਾਮੁ ॥**
12. **ਜੋ ਜੋ ਪੇਖੈ ਸੁ ਬ੍ਰਹਮ ਗਿਆਨੁ ॥**
13. **ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥**
14. **ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥੩॥**
15. **ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥**
16. **ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥**
17. **ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥**
18. **ਗੁਰ ਨਾਨਕ ਜਪਿ ਜਪਿ ਸਦ ਜੀਵਾ॥੪॥੪੩॥੫੬॥**

ਪਦ ਅਰਥ ;—ਸਤਿਗੁਰ ਅਪੁਨੇ-ਪਿਆਰੇ ਗੁਰੂ ਨੇ । ਅਰਦਾਸਿ—ਬੇਨਤੀ । ਕਾਰਜੁ—ਕੰਮ । ਆਇਆ ਰਾਸਿ—ਸਿਰੇ ਚੜ੍ਹ ਗਿਆ । ਅੰਤਰਿ—ਅੰਦਰ । ਗੁਰ ਪੂਰੇ—ਪੂਰੇ ਗੁਰੂ ਨੇ । ਸਗਲ—ਸਾਰਾ । ਚੁਕਾਇਆ—ਮੁਕਾ ਦਿਤਾ ।੧।

ਸਭ ਤੇ—ਸਭਨਾਂ ਨਾਲੋਂ। ਤੇ—ਤੋਂ। ਵਡ ਸਮਰਥ—ਵਡੀ ਤਾਕਤ ਵਾਲਾ। ਸਭਿ—ਸਾਰੇ। ਪਾਈ—ਪਾਈਂ, ਮੈਂ ਹਾਸਲ ਕਰਦਾ ਹਾਂ। ਸੇਵ—ਸ਼ਰਨ। ਰਹਾਉ।

ਜਾ ਕਾ—ਜਿਸ (ਪ੍ਰਮਾਤਮਾਂ) ਦਾ। ਸਭੁ ਕਿਛੁ—ਹਰੇਕ ਕੰਮ। ਅਮਰੁ—ਹੁਕਮ। ਨ ਮੇਟੈ—ਮੋੜ ਨਹੀਂ ਸਕਦਾ। ਅਨੂਪੁ—(ਅਨ-ਉਪ) ਜਿਸ ਦੀ ਉਪਮਾਂ ਨਾ ਕੀਤੀ ਜਾ ਸਕੇ, ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ, ਬਹੁਤ ਹੀ ਸੁੰਦਰ। ਸਫਲ ਮੂਰਤਿ—ਜਿਸ ਦੀ ਹਸਤੀ ਸਾਰੇ ਫਲ ਦੇਣ ਵਾਲੀ ਹੈ। ਤਿਸ ਕਾ—ਉਸ ਪ੍ਰਮਾਤਮਾਂ ਦਾ।੨।

ਜਾ ਕੈ ਅੰਤਰਿ—ਜਿਸ ਮਨੁੱਖ ਦੇ ਹਿਰਦੇ ਵਿਚ। ਜੋ ਜੋ—ਜੋ ਕੁਛ ਭੀ। ਪੇਖੈ—ਵੇਖਦਾ ਹੈ। ਸੁ—ਉਹ (ਵੇਖਿਆ ਹੋਇਆ ਪਦਾਰਥ)। ਬ੍ਰਹਮ ਗਿਆਨੁ—ਪ੍ਰਮਾਤਮਾਂ ਨਾਲ ਡੂੰਘੀ ਸਾਂਝ। ਬੀਸ ਬਿਸੁਏ—ਵੀਹ ਵਿਸਵੇ, ਪੂਰੇ ਤੌਰ ਤੇ। ਤਿਸੁ ਜਨ ਕੈ—ਉਸ ਮਨੁੱਖ ਦੇ ਹਿਰਦੇ ਵਿਚ।੩।

ਸਦ—ਸਦਾ। ਕਰੀ—ਕਰੀਂ, ਮੈਂ ਕਰਦਾ ਹਾਂ। ਜਾਉ—ਜਾਉਂ, ਮੈਂ ਜਾਂਦਾ ਹਾਂ। ਬਲਿਹਾਰ—ਸਦਕੇ। ਧੋਇ—ਧੋ ਕੇ। ਪੀਵਾ—ਪੀਵਾਂ, ਮੈਂ ਪੀਂਦਾ ਰਹਾਂ। ਜਪਿ—ਜਪ ਕੇ। ਜੀਵਾ—ਜੀਵਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ।੪।

ਅਰਥ :-

ਪ੍ਰ:—ਸ੍ਰੀ ਜੀਉ ! ਅਨੇਕਾਂ ਹੀ ਲੋਕੀ ਅਨੇਕਾਂ ਤਰ੍ਹਾਂ ਦੇ ਕਾਰਜ ਆਰੰਭ ਕਰਦੇ ਹਨ, ਪਰ, ਉਨ੍ਹਾਂ ਨੂੰ ਸਫਲਤਾ ਹੀ ਨਹੀਂ ਹਾਸਲ ਹੁੰਦੀ, ਕੋਈ ਆਪ ਹੀ ਜਤਨ ਦਸੋ ਕਿ, ਹਰੇਕ ਕੰਮ ਵਿਚ ਸਫਲਤਾ ਕਿਵੇਂ ਹੋ ਸਕਦੀ ਹੈ ?

1. ਉ:—ਹੇ ਭਾਈਓ ! ਗੁਰੂ ਦੇ ਸਨਮੁਖ ਹੋ ਕੇ ਅਰਦਾਸ ਕਰਦੇ ਰਿਹਾ ਕਰੋ, (ਕਿਉਂਕਿ) ਉਸ, ਪਿਆਰੇ ਗੁਰੂ ਨੇ (ਜਿਸ ਮਨੁੱਖ ਦੀ) ਬੇਨਤੀ ਸੁਣ ਲਈ ਹੈ।
2. ਉਸਦਾ ਹਰੇਕ ਕੰਮ ਮੁਕੰਮਲ ਤੌਰ ਤੇ ਸਿਰੇ ਚੜ੍ਹ ਜਾਂਦਾ ਹੈ।
3. ਹੇ ਭਾਈ ! ਉਹ ਮਨੁੱਖ ਆਪਣੇ ਮਨ ਵਿਚ, ਆਪਣੇ ਹਿਰਦੇ ਵਿਚ, ਪ੍ਰਭੂ ਦਾ (ਹੀ) ਧਿਆਨ ਧਰਦਾ ਰਹਿੰਦਾ ਹੈ।
4. ਐ ਪਿਆਰੇ ! ਅਜਿਹੇ ਮਨੁੱਖ ਦਾ ਪੂਰਾ ਗੁਰੂ (ਹਰੇਕ) ਡਰ ਸਾਰੇ ਦਾ ਸਾਰਾ ਦੂਰ ਕਰ ਦੇਂਦਾ ਹੈ।੧।
5. ਹੇ ਭਾਈਓ ! ਗੁਰੂ ਸਭ (ਦੇਵਤਿਆਂ) ਨਾਲੋਂ ਬਹੁਤ ਵਡੀ ਤਾਕਤ ਵਾਲਾ ਹੈ।
6. ਮੈਂ (ਤਾਂ) ਉਸੇ (ਗੁਰੂ) ਦੀ ਸ਼ਰਨ ਪੈ ਕੇ ਸਾਰੇ ਸੁਖ ਪ੍ਰਾਪਤ ਕਰ ਰਿਹਾ ਹਾਂ।੧। ਰਹਾਉ।
7. ਹੇ ਭਾਈ ! ਮੈਂ ਤਾਂ ਇਹ ਭੀ ਵੇਖਦਾ ਹਾਂ ਕਿ (ਜਗਤ ਵਿਚ) ਜਿਸ (ਪ੍ਰਮਾਤਮਾਂ) ਦਾ ਕੀਤਾ ਹੀ ਹਰੇਕ ਕੰਮ ਹੋ ਰਿਹਾ ਹੈ।
8. ਹੇ ਭਾਈ ! ਉਸ (ਪ੍ਰਮਾਤਮਾਂ) ਦਾ ਹੁਕਮ ਕੋਈ ਭੀ ਜੀਵ ਮੋੜ ਨਹੀਂ ਸਕਦਾ।
9. ਹੇ ਪਿਆਰੇ ! ਉਹ ਪ੍ਰਭੂ ਪ੍ਰਮੇਸ਼ਰ (ਐਸਾ ਹੈ ਕਿ ਉਸ) ਵਰਗਾ ਹੋਰ ਕੋਈ ਭੀ ਨਹੀਂ ਹੈ।
10. ਹੇ ਭਾਈਓ ! ਉਸ ਦੇ ਸਰੂਪ ਦਾ ਦੀਦਾਰ ਸਾਰੇ (ਹੀ) ਮਨੋਰਥ ਪੂਰੇ ਕਰਦਾ ਹੈ, ਹੇ ਭਾਈ ! ਗੁਰੂ ਉਸੇ ਪ੍ਰਮੇਸ਼ਰ ਦਾ ਰੂਪ ਹੈ।੨।
11. ਹੇ ਪਿਆਰੇ ! (ਗੁਰੂ ਦੀ ਰਾਹੀਂ) ਜਿਸ (ਮਨੁੱਖ) ਦੇ ਹਿਰਦੇ ਵਿਚ ਪ੍ਰਮਾਤਮਾਂ ਦਾ ਨਾਮ ਆ ਵਸਦਾ ਹੈ।
12. ਹੇ ਭਾਈ ! (ਉਹ ਮਨੁੱਖ ਜਗਤ ਵਿਚ) ਜੋ ਕੁਝ ਭੀ ਵੇਖਦਾ ਹੈ, ਉਹ ਵੇਖਿਆ ਪਦਾਰਥ ਉਸ ਦੀ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਹੀ ਬਣਾਂਦਾ ਹੈ, (ਭਾਵ ਉਹ ਸੇਵਕ ਜੋ ਕੁਝ ਭੀ ਵੇਖਦਾ ਹੈ ਉਸ ਨੂੰ ਉਸ ਵਿਚੋਂ ਹਰੀ ਦਾ ਗਿਆਨ ਹੀ ਮਿਲਦਾ ਹੈ) 'ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ' (ਸੁਖਮਨੀ)
13. ਹੇ ਭਾਈ ! (ਗੁਰੂ ਦੀ ਰਾਹੀਂ) ਜਿਸ ਮਨੁੱਖ ਦੇ ਮਨ ਵਿਚ ਆਤਮਕ ਜੀਵਨ ਦਾ ਮੁਕੰਮਲ ਚਾਨਣ ਹੋ ਜਾਂਦਾ ਹੈ।
14. ਉਸ ਮਨੁੱਖ ਦੇ ਅੰਦਰ ਪ੍ਰਮੇਸ਼ਰ ਜੀ ਦਾ ਨਿਵਾਸ ਹੋ ਜਾਂਦਾ ਹੈ।੩।

ਪ੍ਰ:—ਸ੍ਰੀ ਜੀਉ ! ਐਸੇ ਗੁਰੂ ਦਾ ਤੁਹਾਡੇ ਅੰਦਰ ਕਿਤਨਾ ਕੁ ਸਤਿਕਾਰ ਹੈ ?

15. ਉ:—ਹੇ ਭਾਈ ! ਮੈਂ ਤਾਂ ਉਸ ਗੁਰੂ ਨੂੰ ਸਦਾ ਹੀ ਸਿਰ ਨਿਵਾਂਦਾ ਰਹਿੰਦਾ ਹਾਂ।
16. ਉਸ ਗੁਰੂ ਤੋਂ ਮੈਂ ਸਦਾ (ਹੀ) ਕੁਰਬਾਨ ਜਾਂਦਾ ਹਾਂ।
17. ਹੇ ਪਿਆਰੇ ! ਮੈਂ ਉਸ ਗੁਰੂ ਦੇ ਚਰਨ ਧੋ ਧੋਕੇ ਪੀਂਦਾ ਹਾਂ (ਭਾਵ ਮੈਂ ਉਸ ਗੁਰੂ ਤੋਂ ਆਪਣਾ ਆਪ ਸਦਕੇ ਕਰਦਾ ਹਾਂ)।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਉਸ ਗੁਰੂ ਨੂੰ ਸਦਾ ਚੇਤੇ ਕਰ ਕੇ ਆਤਮਕ ਜੀਵਨ ਹਾਸਲ ਕਰਦਾ ਰਹਿੰਦਾ ਹਾਂ।੪।੪੩।੫੬।

ਭਾਵਾਰਥ : ਸੇਵਕ ਦੀ ਕੀਤੀ ਅਰਦਾਸ ਜਦੋਂ ਗੁਰੂ ਦੇ ਦਰ ਕਬੂਲ ਹੋ ਗਈ, ਤਾਂ ਗੁਰੂ ਨੇ ਪਾਰਬ੍ਰਹਮ ਦਾ ਹਿਰਦੇ ਵਿਚ ਨਿਵਾਸ ਕਰਾ ਦਿਤਾ, ਇਸ ਬਖਸ਼ਸ਼ ਲਈ ਅਸੀਂ ਹੁਣ ਹਰੀ ਦੇ ਸਰੂਪ ਸਤਿਗੁਰੂ ਦਾ ਹੀ ਧੰਨਵਾਦ ਕਰਦੇ ਹਾਂ।

ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩

੧ ਓ ਸਤਿਗੁਰ ਪ੍ਰਸਾਦਿ ॥

1. ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥
2. ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ॥੧॥ਰਹਾਉ॥
3. ਅਨਿਕ ਗਿਆਨ ਅਨਿਕ ਧਿਆਨ
ਅਨਿਕ ਜਾਪ ਜਾਪ ਤਾਪ ਅਨਿਕ ਗੁਨਿਤ ਧੁਨਿਤ
ਲਲਿਤ ਅਨਿਕ ਧਾਰ ਮੁਨੀ ॥੧॥

4: **ਅਨਿਕ ਨਾਦ ਅਨਿਕ ਬਾਜ**
ਨਿਮਖ ਨਿਮਖ ਅਨਿਕ ਸ੍ਵਾਦ
ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥

5. **ਨਾਨਕ ਸੇਵ ਅਪਾਰ ਦੇਵ ਤਟਹ ਖਟਹ**
ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ
ਸਗਲ ਫਲ ਪੁਨੀ॥੨॥੧॥੫੭॥੮॥੨੧॥੭॥੫੭॥੯੩॥

ਪਦ ਅਰਥ :–ਪਰਤਿਪਾਲ–ਹੇ ਪ੍ਰਤਿਪਾਲ, ਹੇ ਪਾਲਣਹਾਰ। ਕਵਨ ਗੁਨ–ਕਿਹੜੇ ਕਿਹੜੇ ਗੁਣ ? ਗਨੀ–ਗਨੀਂ, ਮੈਂ ਗਿਣਾਂ। ਤਰੰਗ–ਲਹਿਰਾਂ। ਕੋ–ਦਾ। ਧਨੀ–ਮਾਲਕ।੧। ਰਹਾਉ।

ਅਨਿਕ–ਅਨੇਕਾਂ ਜੀਵ। ਗਿਆਨ–ਧਾਰਮਕ ਪੁਸਤਕਾਂ ਦੇ ਵੀਚਾਰ। ਧਿਆਨ–ਸਮਾਧੀਆਂ। ਜਾਪ–ਮੰਤ੍ਰਾਂ ਦੇ ਜਾਪ। ਤਾਪ–ਧੂਣੀਆਂ ਤਪਾਣੀਆਂ। ਗੁਨਿਤ–ਗੁਣਾਂ ਦੀ ਵੀਚਾਰ। ਲਲਿਤ–ਸੁੰਦਰ। ਧੁਨਿਤ ਲਲਿਤ–ਸੋਹਣੀਆਂ ਧੁਨਾਂ। ਧਾਰ ਮੁਨੀ–ਮੋਨ ਧਾਰਨ ਵਾਲੇ।੧।

ਨਾਦ–ਅਵਾਜ਼। ਬਾਜ–ਵਾਜੇ। ਨਿਮਖ–ਅੱਖ ਝਮਕਣ ਜਿਤਨਾ ਸਮਾਂ। ਦੋਖ–ਐਬ, ਵਿਕਾਰ। ਮਿਟਹਿ–ਮਿਟ ਜਾਂਦੇ ਹਨ. ਦੂਰ ਹੋ ਜਾਂਦੇ ਹਨ। ਜਸ–ਸਿਫਤ ਸਲਾਹ। ਸੁਨੀ–ਸੁਣਿਆਂ। ਸੇਵ-ਸੇਵਾ ਭਗਤੀ। ਅਪਾਰ ਦੇਵ–ਬੇਅੰਤ ਪ੍ਰਭੂ ਦੇਵ ਜੀ। ਤਟਹ–ਤਟ, ਤੀਰਥਾਂ ਦੇ ਕੰਢੇ, ਤੀਰਥ ਇਸ਼ਨਾਨ। ਖਟਹ–ਛੇ (ਸ਼ਾਸਤ੍ਰਾਂ ਦੇ ਵਿਚਾਰ)। ਪੂਜਾ–ਦੇਵ ਪੂਜਾ। ਗਵਨ ਭਵਨ–ਸਾਰੀ ਧਰਤੀ ਦਾ ਰਟਨ। ਪੁਨੀ–ਪੁੰਨ।੨।

ਅਰਥ :–

ਪ੍ਰ:–ਸ੍ਰੀ ਜੀਉ ! ਜਦੋਂ ਆਪ ਜੀ ਉਸ ਪ੍ਰਭੂ ਦੀ ਸਿਫਤ ਸਲਾਹ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਉਚਾਰਨ ਕਰਿਆ ਕਰਦੇ ਹੋ ?

1. **ਉ**:–ਹੇ ਭਾਈਓ ! ਮੈਂ ਤਾਂ ਸਦਾ ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਉਚਾਰਨ ਕਰਦਾ ਰਹਿੰਦਾ ਹਾਂ ਕਿ, ਹੇ ਸਭ ਦੇ ਪਾਲਣ ਹਾਰ ਪ੍ਰਭੂ, ਹੇ ਕਿਰਪਾਲ ਪ੍ਰਭੂ, ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਨੂੰ ਬਿਆਨ ਕਰਾਂ ?
2. ਹੇ ਸਾਈਆਂ ਜੀਉ ! ਮੈਂ ਤਾਂ ਵੇਖਦਾ ਹਾਂ ਕਿ, ਜਗਤ ਦੇ ਅਨੇਕਾਂ (ਹੀ) ਰੰਗ ਤਮਾਸ਼ੇ (ਤੇਰੇ ਹੀ ਰਚੇ ਹੋਏ ਹਨ) ਤੂੰ ਇਕ ਬੇਅੰਤ ਸਮੁੰਦਰ ਹੈਂ, ਜਗਤ ਦੇ ਬੇਅੰਤ ਜੀਅ ਜੰਤ ਤੇਰੇ ਵਿਚੋਂ ਹੀ ਲਹਿਰਾਂ ਉਠੀਆਂ ਹੋਈਆਂ ਹਨ, ਤੂੰ ਸਭ ਜੀਵਾਂ ਦਾ ਮਾਲਕ ਹੈਂ।੧। ਰਹਾਉ।
3. ਹੇ ਸਾਈਆਂ ਜੀਉ ! ਮੈਂ ਤਾਂ ਵੇਖ ਰਿਹਾ ਹਾਂ ਕਿ, ਅਨੇਕਾਂ ਹੀ ਜੀਵ (ਧਾਰਮਿਕ ਪੁਸਤਕਾਂ ਦੇ) ਵਿਚਾਰ ਕਰ ਰਹੇ ਹਨ, ਅਨੇਕਾਂ ਹੀ ਜੀਵ ਸਮਾਧੀਆਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੰਤਰਾਂ ਦੇ ਜਪ ਕਰ ਰਹੇ ਹਨ ਅਤੇ ਧੂਣੀਆਂ ਤਪ ਰਹੇ ਹਨ। ਹੇ ਪਾਲਣਹਾਰ ਪ੍ਰਭੂ ! ਅਨੇਕਾਂ ਹੀ ਜੀਵ ਤੇਰੇ ਗੁਣਾਂ ਨੂੰ ਵੀਚਾਰ ਰਹੇ ਹਨ, ਅਨੇਕਾਂ ਹੀ ਜੀਵ (ਤੇਰੇ ਕੀਰਤਨ ਵਿਚ) ਮਿਲੀਆਂ ਸੁਰਾਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੋਨ ਧਾਰੀ ਬੈਠੇ ਹਨ।੧।
4. ਹੇ ਸਾਈਆਂ ਜੀਉ ! ਮੈਂ ਤਾਂ ਜਗਤ ਵਿਚ ਸੁਣ ਰਿਹਾ ਹਾਂ ਕਿ, ਅਨੇਕਾਂ ਹੀ ਰਾਗ ਹੋ ਰਹੇ ਹਨ, ਅਨੇਕਾਂ ਹੀ ਸਾਜ ਵਜ ਰਹੇ ਹਨ, ਇਕ ਇਕ ਨਿਮਖ ਵਿਚ ਅਨੇਕਾਂ ਸੁਆਦ ਪੈਦਾ ਹੋ ਰਹੇ ਹਨ, ਹੇ ਪ੍ਰਭੂ ਜੀ ! ਤੇਰੀ ਸਿਫਤ ਸਲਾਹ ਸੁਣਿਆਂ ਅਨੇਕਾਂ ਵਿਕਾਰ ਤੇ ਅਨੇਕਾਂ ਰੋਗ ਦੂਰ ਹੋ ਜਾਂਦੇ ਹਨ।

ਪ੍ਰ:–ਸ੍ਰੀ ਜੀਉ ! ਆਪ ਜੀ ਦੇ ਤੀਰਥ ਯਾਤ੍ਰਾ, ਛੇ ਸ਼ਾਸਤ੍ਰਾਂ ਦੀ ਵਿਚਾਰ, ਦੇਵ ਪੂਜਾ, ਦੇਸ਼ਾਂ ਦਾ ਰਟਨ, ਸਾਰੇ ਪੁੰਨ ਆਦਿਕਾਂ ਬਾਰੇ ਕੀ ਵੀਚਾਰ ਹਨ ?

5. **ਉ**:–ਹੇ ਭਾਈਓ ! ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਸ ਬੇਅੰਤ ਪ੍ਰਭੂ ਦੇਵ ਦੀ ਸੇਵਾ ਭਗਤੀ ਹੀ ਤੀਰਥ ਯਾਤਰਾ ਹੈ, ਭਗਤੀ ਹੀ ਛੇ ਸ਼ਾਸ਼ਤ੍ਰਾਂ ਦੀ ਵੀਚਾਰ ਹੈ, ਭਗਤੀ ਹੀ ਦੇਵ ਪੂਜਾ ਹੈ, ਭਗਤੀ ਹੀ ਦੇਸ਼ ਰਟਨ ਹੈ ਤੇ ਤੀਰਥ ਯਾਤਰਾ ਹੈ, (ਹੇ ਭਾਈਓ) ਸਾਰੇ ਫਲ, ਸਾਰੇ ਪੁੰਨ ਪ੍ਰਮੇਸ਼ਰ ਦੀ ਸੇਵਾ ਭਗਤੀ ਵਿਚ ਹੀ ਹਨ।੨।੧।੫੭।੮।੨੧।੭।੫੭।੯੩।

ਨੋਟ :–ਪੜਤਾਲ ਕਈ ਤਾਲਾਂ ਦਾ ਪਰਤ ਪਰਤ ਕੇ ਵੱਜ ਸਕਣਾ। ਇਸ ਕਿਸਮ ਦੇ ਗਾਇਨ ਸਮੇਂ ਚਾਰ ਤਾਲ, ਤਿੰਨ ਤਾਲ, ਸੂਲ ਫ਼ਾਖਤਾ, ਝੱਪ ਤਾਲ ਆਦਿਕ ਕਈ ਤਾਲ ਪਰਤ ਪਰਤ ਕੇ ਵਜਾਏ ਜਾ ਸਕਦੇ ਹਨ।

ਭਾਵਾਰਥ :–ਹਰੀ ਦੇ ਅਨੇਕ ਗੁਣ ਹਨ, ਜੋ ਅਨੇਕਾਂ ਤਰ੍ਹਾਂ ਨਾਲ ਗਾਏ ਜਾਂਦੇ ਹਨ, ਗੁਣ ਗਾਉਣ ਵਿਚ ਹੀ ਸਾਰੇ ਫਲ ਤੇ ਪੁੰਨ ਆ ਜਾਂਦੇ ਹਨ।

ਅੰਕਾਂ ਦਾ ਵੇਰਵਾ :–

ਸ਼ਬਦ ਮ: ੧	੮
ਸ਼ਬਦ ਮ: ੩	੨੧
ਸ਼ਬਦ ਮ: ੪	੭
ਸ਼ਬਦ ਮ: ੫	੫੭
ਜੋੜ	੯੩

ਭੈਰਉ ਅਸਟਪਦੀਆ ਮਹਲਾ ੧ ਘਰੁ ੨

੧ ੴ ਸਤਿਗੁਰ ਪ੍ਰਸਾਦਿ ॥

1. ਆਤਮ ਮਹਿ ਰਾਮੁ ਰਾਮ ਮਹਿ ਆਤਮੁ
ਚੀਨਸਿ ਗੁਰ ਬੀਚਾਰਾ ॥
2. ਅੰਮ੍ਰਿਤ ਬਾਣੀ ਸਬਦਿ ਪਛਾਣੀ
ਦੁਖ ਕਾਟੈ ਹਉ ਮਾਰਾ ॥੧॥
3. ਨਾਨਕ ਹਉਮੈ ਰੋਗ ਬੁਰੇ ॥
4. ਜਹ ਦੇਖਾਂ ਤਹ ਏਕਾ ਬੇਦਨ
ਆਪੇ ਬਖਸੈ ਸਬਦਿ ਧੁਰੇ ॥੧॥ ਰਹਾਉ ॥
5. ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥
6. ਜਿਨ ਕਉ ਨਦਰਿ ਭਈ ਗੁਰਿ ਮੇਲੇ
ਪ੍ਰਭ ਭਾਣਾ ਸਚੁ ਸੋਈ ॥੨॥
7. ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥
8. ਮਾਤ ਪਿਤਾ ਮਾਇਆ ਦੇਹ ਸਿ ਰੋਗੀ
ਰੋਗੀ ਕੁਟੰਬ ਸੰਜੋਗੀ ॥੩॥
9. ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥
10. ਹਰਿ ਪਦੁ ਚੀਨਿ ਭਏ ਸੇ ਮੁਕਤੇ
ਗੁਰ ਕਾ ਸਬਦੁ ਵੀਚਾਰਾ ॥੪॥
11. ਰੋਗੀ ਸਾਤ ਸਮੁੰਦ ਸਨਦੀਆ
ਖੰਡ ਪਤਾਲ ਸਿ ਰੋਗਿ ਭਰੇ ॥
12. ਹਰਿ ਕੇ ਲੋਕ ਸਿ ਸਾਚਿ ਸੁਹੇਲੇ
ਸਰਬੀ ਥਾਈ ਨਦਰਿ ਕਰੇ ॥੫॥
13. ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
14. ਬੇਦ ਕਤੇਬ ਕਰਹਿ ਕਹ ਬਪੁਰੇ
ਨਹ ਬੂਝਹਿ ਇਕ ਏਕਾ ॥੬॥
15. ਮਿਠ ਰਸੁ ਖਾਇ ਸੁ ਰੋਗਿ ਭਰੀਜੈ
ਕੰਦ ਮੂਲਿ ਸੁਖੁ ਨਾਹੀ ॥
16. ਨਾਮੁ ਵਿਸਾਰਿ ਚਲਹਿ ਅਨ ਮਾਰਗਿ
ਅੰਤ ਕਾਲਿ ਪਛੁਤਾਹੀ ॥੭॥
17. ਤੀਰਥਿ ਭਰਮੈ ਰੋਗੁ ਨ ਛੂਟਸਿ
ਪੜਿਆ ਬਾਦੁ ਬਿਬਾਦੁ ਭਇਆ ॥
18. ਦੁਬਿਧਾ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ ॥੮॥
19. ਗੁਰਮੁਖਿ ਸਾਚਾ ਸਬਦਿ ਸਲਾਹੈ
ਮਨਿ ਸਾਚਾ ਤਿਸੁ ਰੋਗੁ ਗਇਆ ॥
20. ਨਾਨਕ ਹਰਿ ਜਨ ਅਨਦਿਨੁ ਨਿਰਮਲ
ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥

ਪਦ ਅਰਥ :–ਆਤਮ ਮਹਿ–(ਹਰੇਕ) ਜੀਵਾਤਮਾਂ ਵਿਚ। ਚੀਨ੍ਸਿ–ਪਛਾਣ ਕਰਦਾ ਹੈ, ਸਮਝਦਾ ਹੈ। ਸਬਦਿ– ਗੁਰੂ ਦੇ ਸ਼ਬਦ ਦੀ ਰਾਹੀਂ। ਹਉ–ਹਉਮੈਂ।੧।

ਬੁਰੇ–ਬਹੁਤੇ ਭੈੜੇ। ਦੇਖਾਂ-ਮੈਂ ਵੇਖਦਾ ਹਾਂ। ਜਹ– ਜਿਥੇ। ਏਕਾ–ਇਹੀ। ਬੇਦਨ–ਪੀੜਾ, ਦੁੱਖ। ਧੁਰੇ–ਧੁਰ ਤੋਂ।੧। ਰਹਾਉ।

ਪਰਖਣਹਾਰੈ-ਪ੍ਰਖਣ ਦੀ ਤਾਕਤ ਰਖਣ ਵਾਲੇ ਪ੍ਰਮਾਤਮਾਂ ਨੇ। ਬਹੁਰਿ–ਮੁੜ, ਫਿਰ। ਸੂਲਾਕੁ–ਲੋਹੇ ਦੀ ਤ੍ਰਿਖੀ ਸੀਖ ਜਿਸ ਨਾਲ ਸੋਨੇ ਨੂੰ ਪ੍ਰਖਣ ਵੇਲੇ ਛੇਕ ਕੀਤੇ ਜਾਂਦੇ ਹਨ। ਗੁਰਿ–ਗੁਰੂ ਨੇ। ਸਚੁ–ਸਦਾ ਥਿਰ ਪ੍ਰਭੂ (ਦਾ ਰੂਪ)।੨।

ਬੈਸੰਤਰੁ–ਅੱਗ। ਸਭੋਗੀ–ਭੋਗਾਂ ਸਮੇਤ। ਦੇਹ– ਸਰੀਰ।੩।

ਸਰੁਦ੍ਰਾ–ਸ-ਰੁਦ੍ਰਾ, ਸ਼ਿਵ ਸਮੇਤ। ਰੁਦ੍ਰ–ਸ਼ਿਵ। ਚੀਨਿ–ਪਛਾਣ ਕੇ।੪।

ਸਨਦੀਆ–ਸ-ਨਦੀਆ, ਨਦੀਆਂ ਸਮੇਤ। ਰੋਗਿ– ਰੋਗ ਨਾਲ। ਸਾਚਿ–ਸਦਾ ਥਿਰ ਪ੍ਰਭੂ ਵਿਚ (ਜੁੜ ਕੇ)।੫।

ਖਟ–ਛੇ। ਦਰਸਨ–ਭੇਖ (ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ)। ਨਾਨਾ–ਅਨੇਕਾਂ। ਕਹ–ਕੀਹ ?। ਕਤੇਬ–ਪਛਮੀ ਧਰਮ ਦੀਆਂ ਪੁਸਤਕਾਂ (ਕੁਰਾਨ, ਅੰਜੀਲ, ਤੌਰੇਤ, ਜੰਬੂਰ)।੬।

ਕੰਦ–ਜਮੀਨ ਵਿਚੋਂ ਪੈਦਾ ਹੋਈਆਂ ਗਾਜਰਾਂ ਮੂਲੀਆਂ ਆਦਿਕ। ਮੂਲਿ–ਸਬਜ਼ੀ ਦੀਆਂ ਜੜ੍ਹਾਂ (ਖਾਣ ਵਿਚ)। ਅਨ–ਹੋਰ।੭।

ਬਾਦੁ ਬਿਬਾਦੁ–ਝਗੜਾ। ਅਧਿਕ–ਬਹੁਤ।੮।

ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਸਾਚਾ–ਸਦਾ ਥਿਰ ਰਹਿਣ ਵਾਲਾ ਪ੍ਰਭੂ। ਮਨਿ–ਮਨ ਵਿਚ। ਅਨਦਿਨੁ–ਹਰ ਰੋਜ਼, ਹਰ ਵੇਲੇ। ਕਰਮਿ–ਪ੍ਰਭੂ ਦੀ ਮਿਹਰ ਨਾਲ। ਨੀਸਾਣੁ–(ਸਿਫਤ ਸਲਾਹ ਦਾ) ਨਿਸ਼ਾਨ।੯।

ਅਰਥ :–

ਪ੍ਰ:–ਸ੍ਰੀ ਜੀਉ ! ਜਿਸ ਮਨੁੱਖ ਉਤੇ ਉਹ ਪ੍ਰਭੂ ਧੁਰੋਂ ਹੀ ਬਖਸ਼ਸ਼ ਕਰਦਾ ਹੈ, ਉਸਨੂੰ ਕੀ ਸੂਝ ਹੋ ਆਉਂਦੀ ਹੈ ?

1. ਉ:–ਹੇ ਭਾਈਓ ! ਜਿਸ ਮਨੁੱਖ ਉਤੇ ਉਹ ਪ੍ਰਭੂ ਧੁਰੋਂ ਹੀ ਬਖਸ਼ਸ਼ ਕਰਦਾ ਹੈ. ਉਹ ਗੁਰੂ ਦੇ ਸ਼ਬਦ ਦੀ ਵੀਚਾਰ ਰਾਹੀਂ ਇਹ ਪਛਾਣ ਕਰ ਲੈਂਦਾ ਹੈ ਕਿ ਹਰੇਕ ਜੀਵਾਤਮਾਂ ਵਿਚ ਪ੍ਰਮੇਸ਼ਰ ਮੌਜੂਦ ਹੈ ਅਤੇ ਪ੍ਰਮਾਤਮਾਂ ਵਿਚ ਹੀ ਹਰੇਕ ਜੀਵ (ਜੀਉਂਦਾ) ਹੈ।

ਪ੍ਰ:–ਸ੍ਰੀ ਜੀਉ ! ਆਖਰ ਉਸ ਨੂੰ ਫਲ ਕੀ ਹਾਸਲ ਹੁੰਦਾ ਹੈ ?

2. ਉ:–ਹੇ ਭਾਈ ! ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਕ ਜੀਵਨ ਦੇਣ ਵਾਲੀ ਸਿਫਤ ਸਲਾਹ ਦੀ ਬਾਣੀ ਦੀ ਕਦਰ ਸਮਝ ਲੈਂਦਾ ਹੈ ਅਤੇ ਉਹ ਆਪਣੇ ਅੰਦਰੋਂ ਹਉਮੈਂ ਨੂੰ ਮੁਕਾ ਲੈਂਦਾ ਹੈ (ਤੇ ਹਉਮੈਂ ਤੋਂ ਪੈਦਾ ਹੋਣ ਵਾਲੇ ਸਾਰੇ) ਦੁੱਖ ਦੂਰ ਕਰ ਲੈਂਦਾ ਹੈ।੧।

ਪ੍ਰ:—ਸ੍ਰੀ ਜੀਓ ! ਵਖੋ ਵਖਰੇ ਰੋਗਾਂ ਵਿਚ ਹਰ ਪ੍ਰਾਣੀ ਗ੍ਰਸਿਆ ਵੇਖੀਦਾ ਹੈ; ਪਰ, ਤੁਹਾਡੇ ਵਿਚਾਰਾਂ ਵਿਚ ਸਭ ਤੋਂ ਭੈੜਾ ਰੋਗ ਕਿਹੜਾ ਹੈ ?

3. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਅਸਲ ਵਿਚ ਤਾਂ ਜੋ ਹਉਮੈਂ ਤੋਂ ਪੈਦਾ ਹੋਣ ਵਾਲੇ (ਆਤਮਕ) ਰੋਗ ਹਨ, (ਇਹ) ਰੋਗ ਬਹੁਤ ਚੰਦਰੇ ਹਨ ।

ਪ੍ਰ:—ਕਿਉਂ ਜੀ ! ਇਹ ਤੁਸੀਂ ਕਿਵੇਂ ਅਨੁਭਵ ਕੀਤਾ ਹੈ ?

4. ਉ:—ਹੇ ਭਾਈਓ ! (ਮੇਰਾ ਤਾਂ ਇਹ ਨਿਜੀ ਤਜਰਬਾ ਹੈ ਕਿ) ਮੈਂ ਤਾਂ (ਜਗਤ ਵਿਚ) ਜਿਧਰ ਭੀ ਤਕਦਾ ਹਾਂ, ਉਧਰ ਇਹ ਹਉਮੈਂ ਦੀ ਪੀੜਾ ਹੀ ਵੇਖਦਾ ਹਾਂ, ਪਰ, ਹਾਂ, ਧਰੋਂ ਹੀ ਉਹ ਜਿਸ ਨੂੰ ਬਖਸ਼ਦਾ ਹੈ, ਉਸੇ ਨੂੰ ਹੀ ਗੁਰੂ ਦੇ ਸ਼ਬਦ ਵਿਚ (ਜੋੜਦਾ ਹੈ) ।੧। ਰਹਾਉ ।

ਪ੍ਰ:—ਸ੍ਰੀ ਜੀਓ ! ਉਨ੍ਹਾਂ ਬਖਸ਼ਸ਼ ਹਾਸਲ ਕਰਨ ਵਾਲਿਆਂ ਦੀ ਪਰਖ ਕਿਵੇਂ ਕੀਤੀ ਜਾ ਸਕਦੀ ਹੈ ?

5. ਉ:—ਹੇ ਭਾਈਓ ! ਉਨ੍ਹਾਂ ਦੀ ਪਰਖ ਆਮ ਲੋਕੀ ਤਾਂ ਨਹੀਂ ਕਰ ਸਕਦੇ, ਪਰ, ਪਰਖਣ ਦੀ ਤਾਕਤ ਰਖਣ ਵਾਲੇ ਪ੍ਰਮਾਤਮਾਂ ਨੇ ਆਪ ਹੀ ਜਿਨ੍ਹਾਂ ਨੂੰ ਪਰਖ (ਕੇ ਪ੍ਰਵਾਨ ਕਰ) ਲਿਆ ਹੈ ਉਨ੍ਹਾਂ ਨੂੰ ਮੁੜ (ਹਉਮੈਂ ਦਾ) ਕਸ਼ਟ ਨਹੀਂ ਹੁੰਦਾ।

6. ਹੇ ਭਾਈ ! ਜਿਨ੍ਹਾਂ ਮਨੁੱਖਾਂ ਉਤੇ ਪ੍ਰਮਾਤਮਾਂ ਦੀ ਮਿਹਰ ਦੀ ਨਿਗਾਹ ਹੋ ਗਈ, ਉਨ੍ਹਾਂ ਨੂੰ ਗੁਰੂ ਨੇ (ਪ੍ਰਭੂ ਚਰਨਾਂ ਵਿਚ) ਜੋੜ ਲਿਆ, ਜਿਹੜਾ ਮਨੁੱਖ ਪ੍ਰਭੂ ਨੂੰ ਪਿਆਰਾ ਲਗਣ ਲਗ ਪੈਂਦਾ ਹੈ, ਉਹ ਉਸ ਸਦਾ ਥਿਰ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ ।੨।

ਪ੍ਰ:—ਗੁਰਦੇਵ ਜੀਓ ! ਜਿਸ ਹਉਮੈਂ ਦੇ ਰੋਗ ਬਾਰੇ ਆਪ ਜੀ ਇਤਨੀ ਘਿਰਨਾ ਕਰਦੇ ਹੋ, ਇਹ ਰੋਗ ਕਿਤਨਾ ਕੁ ਬਲਵਾਨ ਹੈ, ਕੋਈ ਮਿਸਾਲ ਦੇ ਕੇ ਸਮਝਾਓ ?

7. ਉ:—ਹੇ ਭਾਈਓ ! ਸੁਣੋ, ਇਹ ਰੋਗ ਇਤਨਾ ਬਲੀ ਹੈ ਇਸ ਨੇ ਵਡੇ ਵਡੇ ਬਲੀਆਂ ਨੂੰ ਆਪਣੇ ਅਧੀਨ ਕਰ ਰਖਿਆ ਹੈ ਜਿਵੇਂ ਕਿ, ਹਵਾ, ਪਾਣੀ, ਅੱਗ, (ਆਦਿਕ ਤੱਤ ਭੀ) ਇਸੇ ਰੋਗ ਵਿਚ ਗ੍ਰਸੇ ਹੋਏ ਹਨ ਅਤੇ ਇਹ ਧਰਤੀ ਭੀ ਹਉਮੈਂ ਰੋਗ ਦਾ ਸ਼ਿਕਾਰ ਹ ਰਹੀ ਹੈ, ਜਿਸ ਵਿਚੋਂ ਕਿ ਵਰਤਣ ਵਾਲੇ ਬੇਅੰਤ ਪਦਾਰਥ ਪੈਦਾ ਹੁੰਦ ਹਨ।

8. ਹੇਭਾਈਓ ! ਹੋਰ ਸੁਣੋ, ਆਪੋ ਆਪਣੇ ਪ੍ਰਵਾਰਾਂ ਦੇ ਸੰਬੰਧ ਦੇ ਕਾਰਨ ਮਾਂ ਪਿਉ, ਮਾਇਆ, ਸਰੀਰ-ਸਾਰੇ ਸਾਰੇ ਹੀ ਹਉਮੈਂ ਦੇ ਰੋਗ ਵਿਚ ਫਸੇ ਹੋਏ ਹਨ ।੩।

ਪ੍ਰ:—ਸ੍ਰੀ ਜੀਓ ! ਆਖਰ, ਇਨ੍ਹਾਂ ਦੀ ਪਹੁੰਚ ਕਿਥੇ ਕੁ ਤੱਕ ਮੰਨੀ ਜਾਂਦੀ ਹੈ ?

9. ਉ:—ਹੇ ਭਾਈਓ ! ਜੇਕਰ ਦੂਰ ਦ੍ਰਿਸ਼ਟੀ ਨਾਲ ਤਕਿਆ ਜਾਵੇ, ਤਾਂ ਸਾਧਾਰਨ ਜੀਵਾਂ ਦੀ ਤਾਂ ਗੱਲ ਹੀ ਕੀ ਹੈ ? ਜੋ ਵਡੇ ਵਡੇ ਅਖਵਾਣ ਵਾਲੇ ਦੇਵਤੇ ਬ੍ਰਹਮਾਂ, ਵਿਸ਼ਨੂੰ ਤੇ ਸ਼ਿਵ ਜੀ ਭੀ ਹਨ, (ਇਹ ਭੀ ਸਭ) ਹਉਮੈਂ ਦੇ ਰੋਗ ਵਿਚ ਹੀ ਹਨ, (ਅਸਲ ਵਿਚ ਤਾਂ ਇਉਂ ਹੀ ਜਾਣੋ ਕਿ) ਸਾਰਾ ਸੰਸਾਰ ਹੀ ਇਸੇ ਹਉਮੈਂ ਦੇ ਰੋਗ ਵਿਚ ਗ੍ਰਸਿਆ ਹਇਆ ਹੈ।

ਪ੍ਰ—ਗੁਰਦੇਵ ਜੀਉ ! ਕੀ ਇਸ ਹਉਮੈਂ ਦੇ ਰੋਗ ਤੋਂ ਕਿਸੇ ਦਾ ਛੁਟਕਾਰਾ ਭੀ ਹੋ ਸਕਿਆ ਹੈ ?

10. ਉ:—ਹੇ ਭਾਈਓ ! ਅਸਲ ਵਿਚ ਤਾਂ ਇਸ ਰੋਗ ਤੋਂ ਉਹੀ ਮਨੁੱਖ ਸੁਤੰਤ੍ਰ ਹੁੰਦੇ ਹਨ, ਜਿਨ੍ਹਾਂ ਨੇ ਪ੍ਰਮੇਸ਼ਰ ਜੀ ਨਾਲ ਮਿਲਾਪ ਅਵਸਥਾ ਦੀ ਕਦਰ ਪਛਾਣ ਕੇ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ ਮੰਡਲ ਵਿਚ ਟਿਕਾਇਆ ਹੈ ।੪।

11. ਹੇ ਭਾਈਓ ! ਅਸਲ ਵਿਚ ਤਾਂ ਸਾਰੀਆਂ ਨਦੀਆਂ ਸਮੇਤ ਸੱਤੇ ਸਮੁੰਦ੍ਰ (ਹਉਮੈਂ ਦੇ) ਰੋਗੀ ਹਨ, ਸਾਰੀਆਂ ਧਰਤੀਆਂ ਤੇ ਪਾਤਾਲ ਇਹ ਭੀ (ਹਉਮੈਂ) ਰੋਗ ਨਾਲ ਭਰੇ ਹੋਏ ਹਨ।

ਪ੍ਰ:—ਸ੍ਰੀ ਜੀਓ ! ਆਖਰ, ਜਗਤ ਵਿਚ ਸੁਖੀਏ ਬੰਦੇ ਕੌਣ ਮੰਨੇ ਜਾ ਸਕਦੇ ਹਨ ?

12. ਉ:—ਹੇ ਭਾਈਓ ! ਅਸਲ ਵਿਚ ਜਿਹੜੇ ਬੰਦੇ ਪ੍ਰਮਾਤਮਾਂ ਦੇ ਹੋ ਜਾਂਦੇ ਹਨ ਉਹ ਉਸ ਸਦਾ ਥਿਰ ਪ੍ਰਭੂ ਵਿਚ ਲੀਨ ਰਹਿੰਦੇ ਹਨ ਅਤੇ ਉਹੀ ਸੁਖੀ ਜੀਵਨ ਗੁਜ਼ਾਰਦੇ ਹਨ ਅਤੇ ਉਨ੍ਹਾਂ ਉਤੇ ਪ੍ਰਭੂ ਜੀ ਹਰ ਥਾਂ ਹੀ ਮੇਹਰ ਦੀ ਨਜ਼ਰ ਕਰਦਾ ਰਹਿੰਦਾ ਹੈ ।੫।

ਪ੍ਰ:—ਸ੍ਰੀ ਜੀਓ ! ਜੋ ਜੋਗੀ ਜੰਗਮ ਤੇ ਹਠ ਸਾਧਨ ਕਰਨ ਵਾਲੇ ਹਨ ਕੀ ਇਹ ਇਸ ਹਉਮੈਂ ਦੇ ਰੋਗ ਤੋਂ ਨਹੀਂ ਬਚ ਸਕਦੇ ?

13. ਉ:—ਹੇ ਭਾਈਓ ! ਸੁਣੋ, ਇਹ ਛੇ ਹੀ ਭੇਖਾਂ ਦੇ ਧਾਰਨੀ ਜੋਗੀ ਜੰਗਮ ਆਦਿਕ ਅਤੇ ਹੋਰ ਅਨੇਕਾਂ ਕਿਸਮਾਂ ਦੇ ਹਠ ਸਾਧਨ ਕਰਨ ਵਾਲੇ ਭੀ ਹਉਮੈਂ ਦੇ ਰੋਗ ਵਿਚ ਫਸੇ ਹੋਏ ਹਨ ।

ਪ੍ਰ:—ਸ੍ਰੀ ਜੀਓ ! ਇਹ ਭਿੰਨ ਭਿੰਨ ਭੇਖ ਧਾਰੀਆਂ ਨੂੰ ਵੇਖੀਦਾ ਹੈ ਕਿ ਇਹ ਸਦਾ ਹੀ ਵੇਦ ਪੁਰਾਨ ਆਦਿਕ ਸ਼ਾਸਤ੍ਰਾਂ ਨੂੰ ਪੜਦੇ ਰਹਿੰਦੇ ਹਨ, ਕੀ ਇਹ ਧਰਮ ਸ਼ਾਸਤ੍ਰ ਇਨ੍ਹਾਂ ਦੀ ਸਹਾਇਤਾ ਨਹੀਂ ਕਰਦੇ ?

14. ਉ:—ਹੇ ਭਾਈਓ ! ਅਸੀਂ ਤਾਂ ਵੇਖ ਰਹੇ ਹਾਂ ਕਿ ਇਹ ਵੇਦ ਤੇ ਕੁਰਾਨ ਆਦਿਕ ਧਰਮ ਪੁਸਤਕ ਭੀ ਉਨ੍ਹਾਂ ਦੀ ਸਹਾਇਤਾ ਕਰਨ ਵਲੋਂ ਅਸਮਰਥ ਹੋ ਜਾਂਦੇ ਹਨ । (ਕਿਉਂਕਿ) ਉਹ ਉਸ ਪ੍ਰਮਾਤਮਾਂ ਨੂੰ ਨਹੀਂ ਪਛਾਣਦੇ ਜੋ ਇਕ ਆਪ ਹੀ ਆਪ (ਸਾਰੀ ਸ੍ਰਿਸ਼ਟੀ ਦਾ ਕਰਤਾ ਤੇ ਇਸ ਵਿਚ) ਵਿਆਪਕ ਹੈ ।੬।

ਪ੍ਰ:—ਸ੍ਰੀ ਜੀਓ ! ਕੀ ਗ੍ਰਹਿਸਤ ਵਿਚ ਰਹਿਕੇ ਭੋਗ ਭੋਗਣ ਵਾਲਾ ਜਾਂ ਜੰਗਲ ਵਾਸੀ ਕੰਦ ਮੂਲ ਖਾਣ ਵਾਲਾ ਹੋਵੇ ਇਨ੍ਹਾਂ ਵਿਚੋਂ ਕੌਣ ਹਉਮੈਂ ਦੇ ਰੋਗ ਤੋਂ ਬਚਿਆ ਰਹਿ ਸਕਦਾ ਹੈ ?

15. ਉ:-ਹੇ ਭਾਈ! ਸੱਚ ਤਾਂ ਇਹੋ ਹੀ ਹੈ ਕਿ ਜਿਹੜਾ ਮਨੁੱਖ (ਗ੍ਰਿਹਸਤ ਵਿਚ ਰਹਿ ਕੇ) ਹਰੇਕ ਕਿਸਮ ਦਾ ਸੁਆਦਲਾ ਪਦਾਰਥ ਖਾਂਦਾ ਹੈ ਉਹ (ਭੀ ਹਉਮੈਂ) ਰੋਗ ਵਿਚ ਲਿਬੜਿਆ ਪਿਆ ਹੈ ਅਤੇ ਜਿਹੜਾ ਮਨੁੱਖ (ਜਗਤ ਤਿਆਗ ਕੇ ਜੰਗਲ ਵਿਚ ਜਾ ਬੈਠਦਾ ਹੈ, ਉਸ ਨੂੰ ਭੀ ਨਿਰੇ) ਗਾਜਰ ਮੂਲੀ (ਖਾ ਲੈਣ) ਨਾਲ ਆਤਮਕ ਸੁਖ ਨਹੀਂ ਮਿਲ ਸਕਦਾ।

16. ਹੇ ਭਾਈ! ਅਸਲੀਅਤ ਤਾਂ ਇਹੋ ਹੀ ਹੈ ਕਿ, ਭਾਵੇਂ ਗ੍ਰਿਹਸਤੀ ਹੋਣ, ਚਾਹੇ ਤਿਆਗੀ ਪ੍ਰਮੇਸ਼ਰ ਦਾ ਨਾਮ ਭੁਲਾ ਕੇ ਜਿਹੜੇ ਜਿਹੜੇ ਭੀ ਹੋਰ ਹੋਰ ਰਸਤੇ ਤੇ ਤੁਰਦੇ ਹਨ, ਉਹ ਆਖਰ ਪਛਤਾਂਦੇ ਹੀ ਹਨ।੭।

ਪ੍ਰ:-ਕਿਉਂ ਜੀ! ਤੀਰਥ ਇਸ਼ਨਾਨੀ ਜਾਂ ਵਧੇਰੇ ਪੜ੍ਹਿਆ ਹੋਇਆ ਮਨੁੱਖ ਕੀ ਇਸ ਹਉਮੈਂ ਦੇ ਰੋਗ ਤੋਂ ਨਹੀਂ ਬਚ ਸਕਦਾ?

17. ਉ:-ਹੇ ਭਾਈ! ਸੁਣੋ, ਜਿਹੜਾ ਮਨੁੱਖ ਤੀਰਥਾਂ ਉਤੇ ਭਟਕਦਾ ਫਿਰਦਾ ਹੈ, ਉਸ ਦਾ ਭੀ (ਹਉਮੈਂ) ਰੋਗ ਨਹੀਂ ਮੁਕਦਾ ਅਤੇ ਪੜ੍ਹਿਆ ਹੋਇਆ ਮਨੁੱਖ ਭੀ ਇਸ ਰੋਗ ਤੋਂ ਨਹੀਂ ਬਚ ਸਕਿਆ, (ਕਿਉਂਕਿ) ਉਸ ਪੜ੍ਹੇ ਹੋਏ ਨੂੰ ਝਗੜਾ ਬਹਿਸ (ਰੂਪ ਹੋ ਕੇ ਹਉਮੈਂ ਰੋਗ) ਚੰਬੜਿਆ ਹੋਇਆ ਹੈ।

18. ਹੇ ਪਿਆਰੇ! ਪ੍ਰਮੇਸ਼ਰ ਜੀ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਇਕ ਬੜਾ ਭਾਰਾ ਰੋਗ ਹੈ, ਇਸ ਵਿਚ ਫਸਿਆ ਮਨੁੱਖ ਸਦਾ ਹੀ ਮਾਇਆ ਦਾ ਮੁਥਾਜ ਬਣਿਆਂ ਰਹਿੰਦਾ ਹੈ।੮।

ਪ੍ਰ:-ਸ੍ਰੀ ਜੀਉ! ਆਖਰ ਇਹ ਹਉਮੈਂ ਦਾ ਰੋਗ ਨਵਿਰਤ ਕਿਸਦਾ ਹੁੰਦਾ ਹੈ?

19. ਉ:-ਹੇ ਭਾਈਓ! ਜਿਹੜਾ (ਵਡਭਾਗੀ) ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜਕੇ ਸਦਾ ਖਿਰ ਰਹਿਣ ਵਾਲੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਸ ਦੇ ਮਨ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਸਦਾ ਹੀ ਵਸਦਾ ਹੈ, ਇਸ ਵਾਸਤੇ ਉਸਦਾ (ਹਉਮੈਂ) ਦਾ ਰੋਗ ਦੂਰ ਹੋ ਜਾਂਦਾ ਹੈ।

20. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪਿਆਰੇ! ਪ੍ਰਮੇਸ਼ਰ ਦੇ ਭਗਤ ਸਦਾ ਹੀ ਪਵਿਤ੍ਰ ਜੀਵਨ ਵਾਲੇ ਹੁੰਦੇ ਹਨ, (ਕਿਉਂਕਿ) ਪ੍ਰਭੂ ਦੀ ਮਿਹਰ ਨਾਲ ਉਨ੍ਹਾਂ ਦੇ ਮੱਥੇ ਤੇ ਨਾਮ ਸਿਮਰਨ ਦਾ ਨਿਸ਼ਾਨ (ਚਮਕਾਂ ਮਾਰਦਾ) ਹੈ।੯।੧।

ਭਾਵਾਰਥ:-ਉਹ ਹਰੀ ਹਰ ਵਿਚ ਵਿਆਪਕ ਹੈ, ਪਰ, ਇਸ ਗਲ ਦੀ ਸਮਝ ਗੁਰਬਾਣੀ ਦੇ ਵੀਚਾਰਨ ਨਾਲ ਹੀ ਆਉਂਦੀ ਹੈ। ਹਰੀ ਦੀ ਸਰਬ ਵਿਅਪਕਤਾ ਦੇ ਨਾ ਸਮਝਣ ਦਾ ਕਾਰਣ ਹਉਮੈਂ ਹੈ। ਇਹੋ ਹੀ ਹਉਮੈਂ ਵਡਾ ਰੋਗ ਹੈ, ਜੋ ਸਾਰੀ ਸ੍ਰਿਸ਼ਟੀ, ਘਰ ਬਾਰ, ਦੇਵੀ ਦੇਵਤਿਆਂ, ਧਰਮ ਪੁਸਤਕਾਂ ਅਤੇ ਵਖੋ ਵਖਰੇ ਧਰਮਾਂ ਅਲੰਬੀਆਂ, ਰਸ ਭੋਗੀਆਂ ਅਤੇ ਵਿਰਕਤਾਂ, ਵਿਦਵਾਨਾਂ ਅਤੇ ਤੀਰਥ ਭਰਮਣ ਕਰਨ ਵਾਲਿਆਂ ਨੂੰ ਗ੍ਰਸੀ ਰਖਦਾ ਹੈ, ਪਰ, ਇਹ ਰੋਗ ਦੂਰ ਤਦ ਹੁੰਦਾ ਹੈ ਜਦ ਮਨੁੱਖ ਗੁਰੂ ਦੇ ਰਾਹੀਂ ਸਿਖਿਆ ਲੈਕੇ ਹਰੀ ਦੇ ਗੁਣ ਗਾਵੇ।

ਭੈਰਉ ਮਹਲਾ ੩ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. **ਤਿਨਿ ਕਰਤੈ ਇਕੁ ਚਲਤੁ ਉਪਾਇਆ ॥**
2. **ਅਨਹਦ ਬਾਣੀ ਸਬਦੁ ਸੁਣਾਇਆ ॥**
3. **ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥**
4. **ਕਾਰਣੁ ਕਰਤਾ ਕਰਦਾ ਆਇਆ ॥੧॥**
5. **ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥**
6. **ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥੧॥ਰਹਾਉ॥**
7. **ਪਿਤਾ ਪ੍ਰਹਲਾਦੁ ਪੜਣ ਪਠਾਇਆ ॥**
8. **ਲੈ ਪਾਟੀ ਪਾਧੇ ਕੈ ਆਇਆ ॥**
9. **ਨਾਮ ਬਿਨਾ ਨਹ ਪੜਉ ਅਚਾਰ ॥**
10. **ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥**
11. **ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥**
12. **ਪਰਵਿਰਤਿ ਨ ਪੜਹੁ ਰਹੀ ਸਮਝਾਇ ॥**
13. **ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥**
14. **ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥**
15. **ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ॥**
16. **ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥**
17. **ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥**
18. **ਦੁਸਟ ਸਭਾ ਕਾ ਕਿਛੁ ਨ ਵਸਾਈ ॥੪॥**
19. **ਸੰਡੈ ਮਰਕੈ ਕੀਈ ਪੂਕਾਰ ॥**
20. **ਸਭੇ ਦੈਤ ਰਹੇ ਝਖ ਮਾਰਿ ॥**
21. **ਭਗਤ ਜਨਾ ਕੀ ਪਤਿ ਰਾਖੈ ਸੋਈ ॥**
22. **ਕੀਤੇ ਕੈ ਕਹਿਐ ਕਿਆ ਹੋਈ ॥੫॥**

ਪਦ ਅਰਥ:-ਤਿਨਿ-ਉਸ ਨੇ। ਤਿਨਿ ਕਰਤੈ-ਉਸ ਕਰਤਾਰ ਨੇ। ਚਲਤੁ-ਜਗਤ ਤਮਾਸ਼ਾ। ਅਨਹਦ-ਇਕ ਰਸ ਕਾਇਮ ਰਹਿਣ ਵਾਲਾ। ਬਾਣੀ-ਤਰੰਗ, ਵਲਵਲਾ। ਅਨਹਦ ਬਾਣੀ-ਇਕ ਰਸ ਵਲਵਲੇ ਵਾਲਾ। ਸਬਦੁ-ਗੁਰ ਸ਼ਬਦ। ਮਨਮੁਖਿ-ਆਪਣੇ ਮਨ ਦੇ ਪਿਛੇ ਤੁਰਨ ਵਾਲੇ। ਭੁਲੇ-ਕੁਰਾਹੇ ਪਏ ਰਹ, ਸਹੀ ਜੀਵਨ ਰਾਹ ਤੋਂ ਖੁੰਝੇ ਰਹੇ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲੇ। ਕਾਰਣੁ-(ਇਹ) ਸਬਬ।੧।

ਮੇਰੈ ਅੰਤਰਿ-ਮੇਰੇ ਅੰਦਰ, ਮੇਰੇ ਹਿਰਦੇ ਵਿਚ।

ਧਿਆਨੁ-ਮੇਰਾ ਧਿਆਨ, ਮੇਰੀ ਸੁਰਤਿ, ਮੇਰੀ ਸੁਰਤਿ ਦਾ ਨਿਸ਼ਾਨਾ। ਹਉ–ਮੈਂ, ਹਉਂ । ਨ ਛੋਡਉ–ਨਾ ਛੋਡਉਂ, ਮੈਂ ਨਹੀਂ ਛਡਦਾ ।੧। ਰਹਾਉ ।

ਪਠਾਇਆ–ਘਲਿਆ । ਲੈ-ਲੈ ਕੇ । ਪਾਟੀ–ਪੱਟੀ । ਕੈ–ਦੇ ਪਾਸ । ਨਹ ਪੜਉ–ਨਾ ਪੜਉਂ, ਮੈਂ ਨਹੀਂ ਪੜ੍ਹਦਾ । ਅਚਾਰ–ਹੋਰ ਕਾਰ ਵਿਹਾਰ । ਮੁਰਾਰਿ–ਪ੍ਰਮਾਤਮਾਂ (ਮੁਰ-ਅਰਿ) ।੨।

ਸਿਉ–ਨਾਲ, ਨੂੰ । ਮਾਇ–ਮਾਂ ਨੇ । ਪਰਵਿਰਤਿ–ਉਹ ਜਿਸ ਵਿਚ ਤੂੰ ਲਗਾ ਹੋਇਆ ਹੈਂ । ਜੇ ਛੋਡਉ–ਜੇ ਮੈਂ ਛਡ ਦਿਆਂ (ਛੋਡਉਂ) । ਤਉ–ਤਾਂ । ਕੁਲਿ ਲਾਗੈ ਗਾਲਿ–ਕੁਲ ਨੂੰ ਗਾਲ੍ਹ ਲਗਦੀ ਹੈ, ਕੁਲ ਦੀ ਬਦਨਾਮੀ ਹੁੰਦੀ ਹੈ ।੩।

ਪ੍ਰਹਲਾਦਿ-ਪ੍ਰਹਲਾਦ ਨੇ । ਸਭਿ–ਸਾਰੇ । ਚਾਟੜੇ–ਪੜ੍ਹਨ ਵਾਲੇ ਮੁੰਡੇ। ਕਾਰਜ-ਕੰਮ । ਦ੍ਰਿੜਾਈ–ਪਕੀ ਕਰ ਦਿਤੀ ਹੈ । ਵਸਾਈ–ਵੱਸ, ਜੋਰ ।੪।

ਸੰਡੈ–ਸੰਡੇ ਨੇ । ਮਰਕੈ–ਅਮਰਕ ਨੇ । ਮਾਰਿ–ਮਾਰਕੇ । ਰਹੇ ਮਾਰਿ–ਮਾਰ ਰਹੇ । ਪਤਿ–ਇੱਜ਼ਤ । ਕੈ ਕਹਿਐ–ਦੇ ਆਖਿਆਂ । ਕਿਆ ਹੋਈ–ਕੀ ਹੋ ਸਕਦਾ ਹੈ ? । ਕੀਤੇ–ਪੈਦਾ ਕੀਤੇ ਹੋਏ ।੫।

ਅਰਥ :–

ਪ੍ਰ:–ਸ੍ਰੀ ਜੀਉ ! ਇਹ ਏਡਾ ਵਡਾ ਸੰਸਾਰ ਦਾ ਪਸਾਰਾ ਕਿਵੇਂ ਤੇ ਕਿਸ ਨੇ ਰਚਿਆ ਹੈ, ਇਸ ਬਾਰੇ ਕੁਝ ਸਾਨੂੰ ਜਾਣਕਾਰੀ ਕਰਾਓ ?

1. ਉ:-ਹੇ ਭਾਈਓ ! ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤਕਿਆ ਜਾਵੇ ਤਾਂ ਇਉਂ ਹੀ ਸੋਝੀ ਪੈਂਦੀ ਹੈ ਕਿ, ਇਹ ਜਗਤ ਉਸ ਕਰਤਾਰ ਨੇ (ਹੀ) ਇਕ ਤਮਾਸ਼ਾ ਰਚਿਆ ਹੈ ।

2. ਉਸ ਨੇ ਆਪ ਹੀ ਗੁਰੂ ਦੀ ਰਾਹੀਂ ਜੀਵਾਂ ਨੂੰ ਇਕ ਰਸ ਵਲਵਲੇ ਵਾਲਾ ਗੁਰੂ ਦਾ ਸ਼ਬਦ ਸੁਣਾਇਆ ਹੈ ।

ਪ੍ਰ:–ਸ੍ਰੀ ਜੀਉ ! ਇਹ ਖੇਡ ਰੂਪ ਜਗਤ ਸਾਰਿਆਂ ਨੂੰ ਹੀ ਕਿਉਂ ਨਹੀਂ ਪ੍ਰਤੀਤ ਹੁੰਦਾ ?

3. ਉ:–ਹੇ ਭਾਈਓ ! ਚਾਹੁੰਦੇ ਤਾਂ ਸਾਰੇ ਹੀ ਲੋਕ ਹਨ, ਪਰ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ, (ਆਪਣੇ ਸਹੀ ਜੀਵਨ ਰਾਹ ਤੋਂ) ਖੁੰਝੇ ਰਹਿੰਦੇ ਹਨ, (ਜਿਸ ਕਰ ਕੇ ਉਨ੍ਹਾਂ ਨੂੰ ਇਹ ਸੋਝੀ ਨਹੀਂ ਹੁੰਦੀ) । ਪਰ, ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਨੂੰ (ਪ੍ਰਮੇਸ਼ਰ ਆਤਮਕ ਜੀਵਨ ਦੀ) ਸੂਝ ਬਖਸ਼ ਦੇਂਦਾ ਹੈ, (ਜਿਸ ਦਾ ਸਦਕਾ ਉਨ੍ਹਾਂ ਨੂੰ ਇਸ ਜਗਤ ਖੇਡ ਦੀ ਸਮਝ ਪੈ ਜਾਂਦੀ ਹੈ) ।

4. ਹੇ ਭਾਈਓ ! ਇਹ ਸਬਬ ਕਰਤਾਰ (ਸਦਾ ਤੋਂ ਹੀ) ਬਣਾਂਦਾ ਆ ਰਿਹਾ ਹੈ ।੧।

ਪ੍ਰ:–ਸ੍ਰੀ ਜੀਉ ! ਨਾਮ ਬਾਰੇ ਆਪ ਜੀ ਆਪਣੇ ਅੰਤਰ ਆਤਮੇਂ ਕਿਤਨਾ ਕੁ ਨਿਸ਼ਚਾ ਰਖਦੇ ਹੋ ?

5. ਉ:-ਹੇ ਭਾਈ ! ਹੁਣ ਤਾਂ (ਮੇਰੇ) ਗੁਰੂ ਦਾ ਸ਼ਬਦ ਮੇਰੇ ਅੰਦਰ ਵਸ ਰਿਹਾ ਹੈ, ਮੇਰੀ ਸੁਰਤਿ ਦਾ ਨਿਸ਼ਾਨਾ ਬਣ ਚੁਕਾ ਹੈ ।

6. (ਇਸ ਲਈ) ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਾਪਤ ਕੀਤਾ ਹੋਇਆ ਪ੍ਰਮੇਸ਼ਰ ਦਾ ਨਾਮ (ਹੁਣ) ਕਦੇ ਭੀ ਮੈਂ ਨਹੀਂ ਛਡਾਂਗਾ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਆਪ ਜੀ ਕੁਝ ਪ੍ਰਹਲਾਦ ਭਗਤ ਬਾਰੇ ਸੋਝੀ ਦਿਓ ਕਿ ਉਸ ਦੇ ਅੰਤਰ ਆਤਮੇਂ ਸਾਈਂ ਜੀ ਦੇ ਨਾਮ ਜਪਣ ਦੀ ਲਗਨ ਕਿਵੇਂ ਉਪਜੀ ?

7. ਉ:–ਹੇ ਭਾਈਓ ! (ਸੁਣੋ, ਪ੍ਰਹਲਾਦ ਦੇ) ਪਿਉ ਨੇ ਪ੍ਰਹਲਾਦ ਨੂੰ ਪੜ੍ਹਨ ਵਾਸਤੇ (ਪਾਠਸ਼ਾਲਾ ਵਿਚ) ਘਲਿਆ ।

8. (ਉਹ ਬਾਰਕ) ਪ੍ਰਹਲਾਦ ਪੱਟੀ ਲੈ ਕੇ ਪਾਂਧੇ ਕੋਲ ਪਹੁੰਚ ਗਿਆ ।

ਪ੍ਰ:–ਸ੍ਰੀ ਜੀਉ ! ਤਦੋਂ ਪ੍ਰਹਲਾਦ ਨੇ ਉਸ ਪਾਂਧੇ ਪਾਸੋਂ ਕੀ ਪੜ੍ਹਨਾ ਆਰੰਭ ਕੀਤਾ ?

ਉ:-ਹੇ ਭਾਈ ! ਅਸਲ ਵਿਚ ਉਹ ਪਾਂਧੇ ਤਾਂ ਪ੍ਰਹਲਾਦ ਨੂੰ ਕੁਝ ਹੋਰ ਹੀ ਦੈਂਤਾਂ ਦਾ ਕਰਮ ਪ੍ਰਵਿਰਤੀ ਪੜ੍ਹਾਨ ਲਗੇ, ਤਾਂ ਅਗੋਂ ਪ੍ਰਹਲਾਦ ਨੇ ਆਖਿਆ ਕਿ ਹੇ ਪਾਂਧਾ ਜੀ ਸੁਣੋ !

9. ਮੈਂ ਪ੍ਰਮਾਤਮਾਂ ਦੇ ਨਾਮ ਤੋਂ ਬਿਨਾ ਹੋਰ ਕੋਈ ਭੀ ਕਾਰ ਵਿਹਾਰ ਦੀ ਪੜ੍ਹਾਈ ਨਹੀਂ ਪੜ੍ਹਾਂਗਾ ।

ਪ੍ਰ:–ਸ੍ਰੀ ਜੀਉ ! ਤਦੋਂ ਪ੍ਰਹਲਾਦ ਨੇ ਉਸ ਪਾਂਧੇ ਨੂੰ ਕਿਹੜੀ ਪੜ੍ਹਾਈ ਪੜ੍ਹਾਉਣ ਦੀ ਪ੍ਰੇਰਨਾ ਕੀਤੀ ?

10. ਉ: ਹੇ ਭਾਈਓ ! ਉਸ ਵੇਲੇ ਪ੍ਰਹਲਾਦ ਨੇ ਪਾਂਧੇ ਨੂੰ ਆਪਣੀ ਦਿਲੀ ਇੱਛਾ ਪ੍ਰਗਟ ਕਰਦਿਆਂ ਇਉਂ ਆਖਿਆ ਕਿ, ਹੇ ਪਾਂਧਾ ਜੀ ! ਤੁਸੀਂ ਮੇਰੀ ਪੱਟੀ ਉਤੇ ਉਸ ਪ੍ਰਮੇਸ਼ਰ ਜੀ ਦਾ ਨਾਮ ਹੀ ਲਿਖ ਦਿਓ ।੨।

ਪ੍ਰ:–ਸ੍ਰੀ ਜੀਉ ! ਸੁਣਿਆਂ ਹੈ ਕਿ ਫਿਰ ਪ੍ਰਹਲਾਦ ਦੀ ਮਾਂ ਨੂੰ ਭੀ ਬੁਲਾਇਆ ਗਿਆ ਕਿ ਉਹ ਆਪਣੇ ਪੁੱਤਰ ਨੂੰ ਆ ਕੇ ਸਮਝਾਵੇ ਕਿ ਉਹ ਆਪਣੀ ਕੁਲ ਦੀ ਕਾਰ ਵਿਹਾਰ ਦੀ ਪੜ੍ਹਾਈ ਪੜ੍ਹੇ, ਕੀ ਉਹ ਮਾਂ ਭੀ ਸਮਝਾਉਣ ਵਿਚ ਸਫਲ ਨਾ ਹੋਈ ?

11. ਉ:–ਹੇ ਭਾਈ ! (ਸੁਣੋ) ਮਾਂ ਨੇ (ਆਪਣੇ) ਪੁੱਤ੍ਰ ਪ੍ਰਹਲਾਦ ਨੂੰ ਆ ਕੇ ਕਿਹਾ ।

12. ਕਿ, ਹੇ ਪੁੱਤ੍ਰ ! ਸੁਣ, ਤੂੰ ਜਿਸ (ਹਰਿ ਨਾਮ) ਵਿਚ ਰੁੱਝਾ ਹੋਇਆ ਹੈਂ ਉਹ ਨਾ ਪੜ੍ਹ, ਭਾਵ ਹਰੀ ਦੀ ਭਗਤੀ ਦੀ ਪੜ੍ਹਾਈ ਨਾ ਪੜ੍ਹ (ਬਥੇਰਾ) ਸਮਝਾ ਰਹੀ ।

ਪ੍ਰ:–ਸ੍ਰੀ ਜੀਉ ! ਆਖਰ ਹੋਇਆ ਕੀ ?

13. ਉ:–ਹੇ ਭਾਈਓ ! ਆਖਰ ਮਾਂ ਨੇ ਕਿਹਾ ਕਿ, ਹੇ ਪੁੱਤਰ ਪ੍ਰਹਲਾਦ ! ਸੁਣ, ਤੇਰੇ ਪਿਤਾ ਦਾ ਸੁਭਾਉ ਬਹੁਤ ਬਿਖੜਾ ਹੈ, ਉਹ ਤੈਨੂੰ ਆ ਕੇ ਅਨੇਕਾਂ ਤਰ੍ਹਾਂ ਦਾ ਭੈ ਦੇਵੇਗਾ ਅਤੇ

ਪਤਾ ਨਹੀਂ ਉਹ ਕਿਹੜੀ ਕਿਹੜੀ ਤੈਨੂੰ ਸਜਾ ਦੇਵੇ, ਤੂੰ ਅਜੇ ਭੀ ਮੰਨ ਜਾ ਤੇਰੀ ਇਸੇ ਵਿਚ ਭਲਾਈ ਹੈ, ਤਾਂ ਪ੍ਰਹਲਾਦ ਨੇ ਅਗੋਂ ਇਹੀ ਉੱਤਰ ਦਿਤਾ ਕਿ, ਹੇ ਮਾਂ ! ਸੁਣ, ਉਹ ਪ੍ਰਭ ਤਮਾਂ ਜੋ ਕ੍ਰਿਸੇ ਪਾਸੋਂ ਨਾ ਡਰਨ ਵਾਲਾ ਹੈ, (ਉਹ ਤਾਂ ਸਦਾ ਹੀ) ਮੇਰੇ ਨਾਲ ਹੈ ।

ਪ੍ਰ:—ਕਿਉਂ ਜੀ ! ਆਖਰ, ਮਾਤਾ ਨੇ ਹੋਰ ਕੀ ਕਿਹਾ ਸੀ ? ਹੇ ਭਾਈ ! ਆਖਰ ਮਾਂ ਨੇ ਕਿਹਾ ਕਿ, ਹੇ ਪੁੱਤ੍ਰ ! ਤੂੰ ਹਰੀ ਦਾ ਨਾਮ ਛਡ ਕੇ ਪਿਤਾ ਹਰਨਾਖਸ਼ ਦਾ ਹੀ ਨਾਮ ਜਪਿਆ ਕਰ, ਤਾਂ ਫਿਰ ਤੈਨੂੰ ਕਿਸੇ ਦਾ ਭੀ ਕੋਈ ਭੈ ਨਹੀਂ ਰਹੇਗਾ ?

14. ਉ:—ਹੇ ਭਾਈ ! ਤਾਂ ਫਿਰ ਪ੍ਰਹਲਾਦ ਨੇ ਕਿਹਾ ਕਿ, ਹੇ ਮਾਂ ! ਸੁਣ, ਜੇ ਮੈਂ ਪ੍ਰਮੇਸ਼ਰ (ਦਾ ਨਾਮ) ਛਡ ਦਿਆਂ, ਤਾਂ (ਮੇਰੀ) ਸਾਰੀ ਕੁਲ ਨੂੰ ਹੀ ਦਾਗ਼ ਲਗੇਗਾ । ਭਾਵ ਸਾਰੀ ਕੁਲ ਹੀ ਕਲੰਕਤ ਹੋ ਜਾਵੇਗੀ ।੩।

ਪ੍ਰ:—ਕਿਉਂ ਜੀ ! ਆਖਰ, ਉਸ ਪਾਠਸ਼ਾਲਾ ਦੇ ਪਾਂਧਿਆਂ ਨੇ ਫਿਰ ਕੀ ਸੋਚਿਆ ?

15. ਉ:—ਹੇ ਭਾਈ ! ਆਖਰ ਉਨ੍ਹਾਂ ਪਾਂਧਿਆਂ ਨੇ ਸੋਚਿਆ ਕਿ, ਇਸ ਪ੍ਰਹਲਾਦ ਨੇ (ਤਾਂ) ਸਾਰੇ ਹੀ ਮੁੰਡੇ ਵਿਗਾੜ ਦਿਤੇ ਹਨ ।

16.17 ਸਾਡਾ ਤਾਂ ਆਖਿਆ ਇਹ ਸੁਣਦਾ ਹੀ ਨਹੀਂ, ਆਪਣੇ ਕੰਮ ਠੀਕ ਕਰੀ ਜਾ ਰਿਹਾ ਹੈ । ਇਸ ਨੇ ਸਾਰੇ ਸ਼ਹਿਰ ਵਿਚ ਹੀ ਪ੍ਰਮਾਤਮਾਂ ਦੀ ਭਗਤੀ ਲੋਕਾਂ ਦੇ ਦਿਲਾਂ ਵਿਚ ਪੱਕੀ ਕਰ ਦਿਤੀ ਹੈ ।

18. ਸਤਿਗੁਰੂ ਜੀ ਕਹਿੰਦੇ ਹਨ ਕਿ, ਹੇ ਭਾਈ ! ਹੁਣ ਦੁਸ਼ਟਾਂ ਦੀ ਜੁੰਡੀ ਦਾ (ਪ੍ਰਹਲਾਦ ਉਤੇ) ਕੋਈ ਭੀ ਜੋਰ ਨਹੀਂ ਸੀ ਚਲ ਰਿਹਾ ।੪।

ਪ੍ਰ:—ਕਿਉਂ ਜੀ ! ਕੀ, ਆਖਰ ਉਨ੍ਹਾਂ ਪਾਂਧਿਆਂ ਵਲੋਂ ਕੋਈ ਹੋਰ ਭੀ ਚਾਰਾ ਕੀਤਾ ਗਿਆ ਸੀ ?

19. ਉ:—ਹੇ ਭਾਈਓ ! ਜਦੋਂ ਪਾਂਧਿਆਂ ਨੇ ਸੋਚਿਆ ਕਿ ਅਸੀਂ ਕਿਸੇ ਤਰ੍ਹਾਂ ਭੀ ਸਫਲ ਨਹੀਂ ਹੋ ਸਕਦੇ ਤਾਂ (ਆਖਰ) ਸੰਡੇ ਨੇ ਤੇ ਅਮਰਕ ਨੇ (ਹਰਨਾਖਸ਼ ਪਾਸ) ਜਾ ਸ਼ਕਾਇਤ ਕੀਤੀ ।

20. ਕਿ ਅਸੀਂ ਸਾਰੇ ਹੀ ਦੈਂਤ ਆਪਣੀ ਵਾਹ ਲਾ ਥੱਕੇ ਹਾਂ, ਭਾਵ, ਖੱਪ ਗਏ ਹਾਂ, ਸਾਡੀ ਕੋਈ ਭੀ ਪੇਸ਼ ਨਹੀਂ ਗਈ ।

21. ਹੇ ਭਾਈਓ ! ਅਸਲ ਵਿਚ ਉਹ ਆਪਣੇ ਭਗਤਾਂ ਦੀ ਲਾਜ ਆਪ ਹੀ ਰਖਦਾ ਹੈ ।

22. (ਇਸ ਲਈ) ਹੇ ਭਾਈ ! ਉਸ ਦੇ ਪੈਦਾ ਕੀਤੇ ਹੋਏ ਕਿਸੇ (ਦੋਖੀ) ਦਾ ਜੋਰ ਨਹੀਂ ਚਲ ਸਕਦਾ ।੫।

23. ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥
24. ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥
25. ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥
26. ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥੬॥
27. ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥
28. ਨਿਰਭਉ ਬਾਲਕੁ ਮੂਲਿ ਨ ਡਰਈ
ਮੇਰੈ ਅੰਤਰਿ ਗੁਰ ਗੋਪਾਲਾ ॥
29. ਕੀਤਾ ਹੋਵੈ ਸਰੀਕੀ ਕਰੈ
ਅਨਹੋਦਾ ਨਾਉ ਧਰਾਇਆ ॥
30. ਜੋ ਧੁਰਿ ਲਿਖਿਆ ਸੁ ਆਇ ਪਹੁਤਾ
ਜਨ ਸਿਉ ਵਾਦੁ ਰਚਾਇਆ ॥੭॥
31. ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥
32. ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥
33. ਜਗਜੀਵਨੁ ਦਾਤਾ ਅੰਤਿ ਸਖਾਈ ॥
34. ਜਹ ਦੇਖਾ ਤਹ ਰਹਿਆ ਸਮਾਈ ॥੮॥
35. ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥
36. ਅਹੰਕਾਰੀ ਦੈਤੁ ਮਾਰਿ ਪਚਾਇਆ ॥
37. ਭਗਤਾ ਮਨਿ ਆਨੰਦੁ ਵਜੀ ਵਧਾਈ ॥
38. ਅਪਨੇ ਸੇਵਕ ਕਉ ਦੇ ਵਡਿਆਈ ॥੯॥
39. ਜੰਮਣੁ ਮਰਣਾ ਮੋਹੁ ਉਪਾਇਆ ॥
40. ਆਵਣੁ ਜਾਣਾ ਕਰਤੈ ਲਿਖਿ ਪਾਇਆ ॥
41. ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥
42. ਭਗਤਾ ਕਾ ਬੋਲੁ ਆਗੈ ਆਇਆ ॥੧੦॥

ਪਦ ਅਰਥ :—ਕਿਰਤ ਸੰਜੋਗੀ-(ਪਿਛਲੇ) ਕੀਤੇ ਕਰਮਾਂ ਦੇ ਸੰਜੋਗ ਨਾਲ । ਦੈਤਿ—ਦੈਂਤ (ਹਰਨਾਖਸ਼) ਨੇ । ਤਿਨਿ—ਉਸ (ਪ੍ਰਮਾਤਮਾਂ) ਨੇ । ਭੁਲਾਇਆ—ਕੁਰਾਹੇ ਪਾ ਰਖਿਆ ਸੀ । ਸਿਉ—ਨਾਲ । ਵਾਦੁ—ਝਗੜਾ । ਅੰਧਾ—(ਰਾਜ ਦੇ ਮਦ ਵਿਚ) ਅੰਧਾ ਹੋ ਚੁਕਾ । ਕਾਲ-ਮੌਤ ।੬।

ਬਾਰਿ—ਦਰਵਾਜੇ ਉਤੇ । ਤਾਲਾ-ਜੰਦਰਾ । ਮੂਲਿ—ਬਿਲਕੁਲ । ਡਰਈ-ਡਰੈ, ਡਰਦਾ ਹੈ । ਕੀਤਾ—(ਪ੍ਰਭੂ ਦਾ) ਪੈਦਾ ਕੀਤਾ ਹੋਇਆ । ਸਰੀਕੀ—(ਪ੍ਰਭੂ ਨਾਲ ਹੀ) ਬਰਾਬਰੀ । ਅਨਹੋਦਾ—(ਸਮਰਥਾ) ਨਾ ਹੁੰਦਿਆਂ । ਨਾਉ—ਵਡਾ ਨਾਮ । ਧੁਰਿ-ਧੁਰ ਦਰਗਾਹ ਤੋਂ । ਸੁ-(ਅਸਲ ਲਫਜ ਹੈ 'ਸੋ' । ਇਥੇ ਪੜ੍ਹਨਾ ਹੈ 'ਸੁ' ।੭।

ਗੁਰਜ—ਗਦਾ, ਡੰਡੇ ਵਰਗਾ ਹੀ ਇਕ ਸ਼ਸਤ੍ਰ ਜਿਸ ਦਾ ਸਿਰਾ ਬਹੁਤ ਹੀ ਮੋਟਾ ਤੇ ਭਾਰਾ ਹੁੰਦਾ ਹੈ । ਜਗਦੀਸ—ਜਗਤ ਦਾ ਮਾਲਕ । ਗੁਸਾਈ-ਧਰਤੀ ਦਾ ਸਾਈਂ । ਜਗਜੀਵਨੁ—ਜਗਤ ਦਾ ਜੀਵਨ । ਅੰਤਿ—ਅੰਤ ਵੇਲੇ । ਸਹਾਈ—ਸਹਾਇਕ । ਦੇਖਾ—ਦੇਖਾਂ, ਮੈਂ ਦੇਖਦਾ ਹਾਂ । ਤਹ—ਉਥੇ ਹੀ ।੮।

ਉਪਾੜਿ-ਪਾੜ ਕੇ । ਆਪੁ—ਆਪਣਾ ਆਪ । ਮਾਰਿ—ਮਾਰ ਕੇ । ਪਚਾਇਆ—ਖੁਆਰ ਕੀਤਾ । ਮਨਿ—ਮਨ ਵਿਚ । ਵਧਾਈ—ਦਿਲ ਵਧੀ, ਚੜ੍ਹਦੀ ਕਲਾ । ਵਜੀ—ਵੱਜੀ, ਪ੍ਰਬਲ ਹੋ ਗਈ । ਦੇ-ਦੇਂਦਾ ਹੈ ।੯।

ਕਰਤੈ—ਕਰਤਾਰ ਨੇ । ਲਿਖਿ-(ਸਭ ਜੀਵਾਂ ਦੇ ਮੱਥੇ

ਉਤੇ) ਲਿਖ ਕੇ । ਕੈ ਕਾਰਜਿ-ਦੇ ਕੰਮ ਵਾਸਤੇ। ਆਪੁ-ਆਪਣਾ ਆਪ । ਦਿਖਾਇਆ-ਪ੍ਰਗਟ ਕੀਤਾ । ਆਗੈ ਆਇਆ-ਪੂਰਾ ਹੋਇਆ ।੧੦।

ਅਰਥ :-

ਪ੍ਰ:-ਸ੍ਰੀ ਜੀਉ ! ਉਸ ਹਰਨਾਖਸ਼ ਨੂੰ ਇਤਨੀ ਧੱਕਾ ਸ਼ਾਹੀ ਕਰਨ ਦੀ ਤਾਕਤ ਕਿਵੇਂ ਪ੍ਰਾਪਤ ਹੋ ਆਈ ?

23. ਉ:-ਹੇ ਭਾਈਓ ! ਅਸਲ ਵਿਚ ਤਪ ਤਉਦੇ ਰਹਿਣ ਦੀ ਤਾਕਤ ਮੰਨੀ ਗਈ ਹੈ, ਇਸ ਲਈ, ਪਿਛਲੇ ਕੀਤੇ ਕਰਮਾਂ ਦੇ ਸੰਜੋਗ ਨਾਲ ਦੈਂਤ (ਹਰਨਾਖਸ਼) ਨੇ (ਆਪਣਾ) ਰਾਜ ਚਲਾ ਲਿਆ ।

24. ਸੋ, ਹੇ ਭਾਈ ! (ਰਾਜ ਦੇ ਮਦ ਵਿਚ) ਉਹ ਪ੍ਰਮਾਤਮਾਂ ਨੂੰ ਕੁਝ ਭੀ ਨਹੀਂ ਸੀ ਸਮਝਦਾ (ਅਸਲ ਵਿਚ ਜੇ ਦੂਰ-ਅੰਦੇਸ਼ੀ ਨਾਲ ਤਕਿਆ ਜਾਵੇ, ਤਾਂ ਉਸ ਦੇ ਭੀ ਕੀ ਵਸ ਹੈ ?) (ਕਿਉਂਕਿ) ਕਰਤਾਰ ਨੇ (ਆਪ ਹੀ) ਉਸ ਨੂੰ ਕੁਰਾਹੇ ਪਾ ਰਖਿਆ ਸੀ।

25. (ਸੋ) ਉਸ ਨੇ (ਆਪਣੇ) ਪੁੱਤ੍ਰ ਪ੍ਰਹਲਾਦ ਨਾਲ ਝਗੜਾ ਖੜਾ ਕਰ ਲਿਆ ।

ਪ੍ਰ.-ਸ੍ਰੀ ਜੀਉ ! ਆਖਰ ਉਸ ਹਰਨਾਖਸ਼ ਨੇ ਜੋ ਆਪਣੇ ਪੁੱਤ੍ਰ ਨਾਲ ਇਤਨਾ ਵਡਾ ਝਗੜਾ ਖੜਾ ਕਰ ਰਖਿਆ ਸੀ ਕਿ ਉਸ ਨੂੰ ਆਪਣੀ ਮੌਤ ਚੇਤੇ ਨਹੀਂ ਸੀ ਰਹੀ ?

26. ਉ:-ਹੇ ਭਾਈਓ ! ਅਸਲ ਵਿਚ ਰਾਜ ਮਦ ਇਕ ਅਜਿਹਾ ਹੈ, ਜੋ ਮਨੁੱਖ ਨੂੰ ਸਭੋ ਕੁਝ ਹੀ ਭੁਲਾ ਦੇਂਦਾ ਹੈ, ਸੋ ਰਾਜ ਮਦ ਵਿਚ ਅੰਨ੍ਹਾਂ ਹੋਇਆ (ਹਰਨਾਖਸ਼ ਇਹ) ਨਹੀਂ ਸੀ ਸਮਝਦਾ (ਕਿ ਉਸ ਦੀ) ਮੌਤ ਨੇੜੇ ਆ ਗਈ ਹੈ ।੬।

27. ਹੇ ਭਾਈ ! ਵੇਖੋ ਉਸ ਰਾਜ ਮਦ ਵਿਚ ਅੰਨ੍ਹੇ ਹੋਏ ਹਰਨਾਖਸ਼ ਨੇ ਪ੍ਰਹਲਾਦ ਨੂੰ ਕੋਠੇ ਵਿਚ ਬੰਦ ਕਰ ਦਿਤਾ ਅਤੇ ਦਰਵਾਜੇ ਨੂੰ (ਬਾਹਰੋਂ) ਜੰਦਰਾ ਲਵਾ ਦਿਤਾ ।

ਪ੍ਰ:-ਕਿਉਂ ਜੀ ! ਕੀ ਉਹ ਛੋਟੀ ਉਮਰ ਦਾ ਬਾਲਕ ਅੰਦਰ ਬੰਦ ਕੀਤਾ ਹੋਇਆ ਭੈ ਭੀਤ ਹੋ ਡਰ ਗਿਆ ਹੋਵੇਗਾ ?

28. ਉ.-ਹੇ ਭਾਈ ! ਉਹ ਨਿਡਰ ਬਾਲਕ੍ਰ ਬਿਲਕੁਲ ਨਹੀਂ ਸੀ ਡਰਦਾ, (ਉਹ ਤਾਂ ਸਗੋਂ ਆਖਦਾ ਸੀ ਕਿ) ਐ ਲੋਕੋ ! ਮੈਂ ਕਿਉਂ ਡਰਾਂ, (ਕਿਉਂਕਿ) ਮੇਰਾ ਗੁਰੂ, ਮੇਰਾ ਪਾਤਸ਼ਾਹ ਮੇਰੇ ਹਿਰਦੇ ਵਿਚ ਵਸਦਾ ਹੈ।

ਪ੍ਰ:-ਸ੍ਰੀ ਜੀਉ ! ਇਹ ਦਸੋ ਕਿ, ਉਸ ਹਰਨਾਖਸ਼ ਦੇ ਮਨ ਵਿਚ ਇਹ ਗਲਤ ਖਿਆਲ ਕਿਉਂ ਪੈਦਾ ਹੋ ਆਇਆ ?

29. ਉ:-ਹੇ ਪਿਆਰੇ ! ਪ੍ਰਤੀਤ ਇਉਂ ਹੀ ਹੁੰਦਾ ਹੈ ਕਿ, ਪ੍ਰਮਾਤਮਾਂ ਦਾ ਪੈਦਾ ਕੀਤਾ ਹੋਇਆ ਜਿਹੜਾ ਮਨੁੱਖ ਪ੍ਰਮੇਸ਼ਰ ਜੀ ਨਾਲ ਬਰਾਬਰੀ ਕਰਨ ਲਗ ਪੈਂਦਾ ਹੈ, ਉਹ ਸਮਰਥਾ ਤੋਂ ਬਿਨਾ ਹੀ ਆਪਣਾ ਨਾਮ ਵਡਾ ਰਖਾ ਲੈਂਦਾ ਹੈ।

30. ਸੋ, ਹੇ ਭਾਈਓ ! ਹਰਨਾਖਸ਼ ਨੇ ਭੀ ਪ੍ਰਭੂ ਦੇ ਭਗਤ ਨਾਲ ਝਗੜਾ ਛੇੜ ਲਿਆ, ਉਹ (ਇਸ ਲਈ) ਕਿ ਧੁਰ ਦਰਗਾਹ ਤੋਂ ਜੋ ਭਾਵੀ ਲਿਖੀ ਹੋਈ ਸੀ, (ਹੁਣ ਉਹ) ਉਸ ਦਾ ਵੇਲਾ ਆ ਪਹੁੰਚਿਆ ।੭।

ਪ੍ਰ:-ਸ੍ਰੀ ਜੀਉ ! ਆਖਰ ਹਰਨਾਖਸ਼ ਨੇ ਪ੍ਰਹਲਾਦ ਦੇ ਨਿਹਚੇ ਨੂੰ ਡੁਲਾਉਣ ਲਈ ਕੀ ਉਪਰਾਲਾ ਸੋਚਿਆ ?

31. ਉ:-ਹੇ ਭਾਈਓ ! ਆਖਰ ਪਿਉ (ਹਰਨਾਖਸ਼ ਨੇ) ਪ੍ਰਹਲਾਦ ਉਤੇ ਗੁਰਜ ਚੁਕੀ (ਅਤੇ ਆਖਣ ਲਗਾ) ।

32. ਦਸ ਉਹ ਹੁਣ ਕਿਥੇ ਹੈ ਤੇਰਾ ਜਗਦੀਸ਼ ? ਕਿਥੇ ਹੈ ਤੇਰਾ ਗੁਸਾਈਂ ? ਜਿਹੜਾ ਤੈਨੂੰ ਹੁਣ ਬਚਾ ਸਕੇਗਾ ।

ਪ੍ਰ:-ਕਿਉਂ ਜੀ ! ਆਖਰ ਉਹ ਪ੍ਰਹਲਾਦ ਬਾਲਕ ਸੀ, ਗੁਰਜ ਨੂੰ ਵੇਖਕੇ ਤਾਂ ਉਹ ਜਰੂਰ ਹੀ ਡਰ ਗਿਆ ਹੋਵੇਗਾ ?

33. ਉ:-ਹੇ ਭਾਈਓ ! ਸੁਣੋ, ਪ੍ਰਹਲਾਦ ਨੇ ਡਰਨਾ ਤਾਂ ਕੀ ਸੀ ਸਗੋਂ ਉਸ ਨੇ ਨਿਰਭੈ ਹੋ ਇਉਂ ਉੱਤਰ ਦਿਤਾ ਕਿ, ਹੇ ਪਿਤਾ ਜੀ ! ਸੁਣੋ, ਜਗਤ ਦਾ ਆਸਰਾ ਦਾਤਾਰ ਪ੍ਰਭੂ ਹੀ ਆਖਰ (ਹਰੇਕ ਜੀਵ ਦਾ) ਮਦਦਗਾਰ ਬਣਦਾ ਹੈ ।

34. ਹੇ ਪਿਤਾ ਜੀ ! ਤੂੰ ਮੈਨੂੰ ਪੁੱਛ ਰਿਹਾ ਹੈਂ ਕਿ ਤੇਰਾ ਉਹ ਗੁਸਾਈਂ ਹੈ ਕਿਥੇ, ਪਰ, ਮੈਂ ਤਾਂ ਜਿਧਰ ਭੀ ਦੇਖਦਾ ਹਾਂ, ਉਧਰ ਹੀ ਉਹ ਮੌਜੂਦ ਹੈ । (ਭਾਵ ਮੈਨੂੰ ਤਾਂ ਉਹ ਹਰ ਜ਼ਰੇ ਜ਼ਰੇ ਵਿਚ ਵਿਆਪਕ ਨਜ਼ਰ ਆਉਂਦਾ) ਹੈ ।੮।

ਪ੍ਰ:-ਸ੍ਰੀ ਜੀਉ ! ਆਖਰ ਹੋਇਆ ਕੀ ਸੀ ?

35. ਉ:-ਹੇ ਭਾਈਓ ! ਉਸ ਵੇਲੇ ਥੰਮ੍ਹ ਪਾੜ ਕੇ ਪ੍ਰਮੇਸ਼ਰ ਨੇ ਆਪਣੇ ਆਪ ਨੂੰ ਪ੍ਰਗਟ ਕਰ ਦਿਤਾ ।

36: ਉਸ ਰਾਜ ਦੇ ਮਦ ਵਿਚ ਮਤੇ ਹੋਏ (ਹਰਨਾਖਸ਼) ਦੈਂਤ ਨੂੰ ਉਸ ਨੇ ਮਾਰ ਮੁਕਾਇਆ ।

37. ਹੇ ਭਾਈ ! ਅਸਲ ਵਿਚ ਭਗਤਾਂ ਦੇ ਮਨ ਵਿਚ (ਸਦਾ) ਅਨੰਦ (ਸਦਾ) ਚੜ੍ਹਦੀ ਕਲਾ ਬਣੀ ਰਹਿੰਦੀ ਹੈ ।

38. (ਕਿਉਂਕਿ) ਭਗਤ ਜਾਣਦੇ ਹਨ ਕਿ, ਪ੍ਰਮਾਤਮਾਂ ਆਪਣੇ ਭਗਤ ਨੂੰ (ਲੋਕ ਪ੍ਰਲੋਕ ਵਿਚ) ਇੱਜ਼ਤ ਦੇਂਦਾ ਹੈ ।੯।

ਪ੍ਰ:-ਸ੍ਰੀ ਜੀਉ ! ਆਖਰ ਇਹ ਜੰਮਣ ਮਰਨ ਦਾ ਚੱਕਰ ਕਿਉਂ ਸਦਾ ਹੀ ਚਲ ਰਿਹਾ ਹੈ ?

39. ਉ:-ਹੇ ਭਾਈਓ ! ਅਸਲ ਵਿਚ ਇਹ ਜੰਮਣ ਮਰਨ ਦਾ ਚੱਕਰ ਕਰਤਾਰ ਨੇ ਆਪ ਹੀ ਬਣਾਇਆ, ਆਪ ਹੀ ਜੀਵਾਂ ਦੇ ਅੰਦਰ ਮਾਇਆ ਦਾ ਮੋਹ ਪੈਦਾ ਕੀਤਾ ਹੋਇਆ ਹੈ ।

40. ਹੇ ਪਿਆਰੇ ! (ਜਗਤ ਵਿਚ) ਆਉਣਾ (ਜਗਤ ਤੋਂ) ਚਲੇ ਜਾਣਾ ਇਹ ਲੇਖ ਕਰਤਾਰ ਨੇ ਆਪ ਹੀ ਹਰੇਕ ਜੀਵ ਦੇ ਮੱਥੇ ਉਤੇ ਲਿਖ ਰਖਿਆ ਹੈ ।

41. ਹੇ ਭਾਈਓ ! ਹਰਨਾਖਸ਼ ਦੇ ਭੀ ਕੀ ਵਸ ਹੈ ? ਪ੍ਰਹਲਾਦ ਦਾ ਕੰਮ ਸਵਾਰਨ ਵਾਸਤੇ ਪ੍ਰਮਾਤਮਾਂ ਨੇ ਆਪਣੇ ਆਪ ਨੂੰ (ਨਰ ਸਿੰਘ ਰੂਪ ਵਿਚ) ਪ੍ਰਗਟ ਕੀਤਾ ਸੀ ।

42. (ਇਸ ਤਰ੍ਹਾਂ) ਭਗਤਾਂ ਦਾ ਬਚਨ ਪੂਰਾ ਹੋ ਗਿਆ (ਕਿ

ਅਪਨੇ ਸੇਵਕ ਕਉ ਦੇ ਵਡਿਆਈ) ।੧੦।

43. ਦੇਵਕੁਲੀ ਲਖਿਮੀ ਕਉ ਕਰਹਿ ਜੈਕਾਰੁ ॥
44. ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥
45. ਲਖਿਮੀ ਭਉ ਕਰੈ ਨ ਸਾਕੈ ਜਾਇ ॥
46. ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥੧੧॥
47. ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ॥
48. ਰਾਜੁ ਮਾਲੁ ਝੂਠੀ ਸਭ ਮਾਇਆ ॥
49. ਲੋਭੀ ਨਰ ਰਹੇ ਲਪਟਾਇ ॥
50. ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥੧੨॥
51. ਕਹੈ ਨਾਨਕੁ ਸਭੁ ਕੋ ਕਰੇ ਕਰਾਇਆ ॥
52. ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥
53. ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥
54. ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥

ਪਦ ਅਰਥ :–ਦੇਵ ਕੁਲੀ–ਦੇਵਤਿਆਂ ਦੀ ਕਲ, ਸਾਰੇ ਦਵਤ । ਲਖਿਮੀ–ਲਛਮੀ । ਕਉ–ਨੂੰ । ਕਰਹਿ–ਕਰਦ ਹਨ, ਕਰਨ ਲਗ ਪਏ । ਜੈਕਾਰੁ–ਨਮਸ਼ਕਾਰ, ਵਡਿਆਈ । ਮਾਤਾ–ਹੇ ਮਾਤਾ । ਨਿਵਾਰੁ–ਦੂਰ ਕਰ । ਭਉ–ਡਰ । ਕਰੈ–ਕਰਦੀ ਹੈ । ਭਉ ਕਰੈ–ਡਰਦੀ ਹੈ, ਡਰਦੀ ਸੀ । ਨ ਜਾਇ ਸਾਕੈ–ਜਾ ਨਹੀਂ ਸਕਦੀ । ਆਇ–ਆ ਕੇ ।੧੧।

ਸਤਿਗੁਰਿ - ਗੁਰੂ ਨੇ । ਨਿਧਾਨੁ–ਖਜ਼ਾਨਾ । ਦ੍ਰਿੜਾਇਆ–ਹਿਰਦੇ ਵਿਚ ਪੱਕਾ ਕਰ ਦਿਤਾ । ਸਭ-ਸਾਰੀ । ਰਹੇ ਲਪਟਾਇ–ਚੰਬੜ ਰਹੇ ਹਨ । ਦਰਗਹ–ਪ੍ਰਭੂ ਦੀ ਹਜ਼ੂਰੀ ਵਿਚ ।੧੨।

ਸਭੁ ਕੋ–ਹਰੇਕ ਜੀਵ । ਕਰਾਇਆ - ਪ੍ਰਮਾਤਮਾਂ ਦਾ ਪ੍ਰੇਰਿਆ ਹੋਇਆ । ਸੇ–ਉਹ । ਸਿਉ–ਨਾਲ । ਅੰਗੀਕਾਰੁ–ਪੱਖ, ਸਹਾਇਤਾ । ਕਰਤੈ–ਕਰਤਾਰ ਨੇ ।੧੩।

ਅਰਥ :–

ਪ੍ਰ:–ਸ੍ਰੀ ਜੀਉ ! ਆਖਰ ਹੋਇਆ ਕੀ ?

43. ਉ:–ਹੇ ਭਾਈਓ ! ਫਿਰ ਉਸ ਵੇਲੇ ਸਾਰੇ ਦੇਵਤਿਆਂ ਨੇ ਲਛਮੀ ਦੀ ਵਡਿਆਈ ਕੀਤੀ ।

44. ਅਤੇ ਆਖਿਆ, ਹੇ ਮਾਤਾ ! (ਪ੍ਰੇਰਨਾ ਕਰ ਤੇ ਆਖ) ਹੇ ਪ੍ਰਭੂ ! ਨਰ ਸਿੰਘ ਵਾਲਾ ਰੂਪ ਦੂਰ ਕਰ ।

45. ਪਰ, ਹੇ ਭਾਈ ! ਲਛਮੀ ਭੀ ਡਰਦੀ ਸੀ, ਉਹ ਭੀ (ਨਰ ਸਿੰਘ ਦੇ ਨੇੜੇ) ਨਹੀਂ ਜਾ ਸਕਦੀ ਸੀ ।

46. ਤਾਂ, ਹੇ ਭਾਈ ! (ਪ੍ਰਮੇਸ਼ਰ ਦਾ) ਭਗਤ ਪ੍ਰਹਲਾਦ (ਨਰ ਸਿੰਘ ਦੀ) ਚਰਨੀਂ ਆ ਲਗਾ ।੧੧।

ਪ੍ਰ–ਸ੍ਰੀ ਜੀਉ ! ਆਖਰ ਉਹ ਕਿਹੜਾ ਸਾਧਨ ਹੈ ਜਿਸ ਦੀ ਬਰਕਤ ਨਾਲ ਇਸ ਮਨੁੱਖ ਦੀ ਸੁਰਤਿ ਮਾਇਕੀ ਪਦਾਰਥਾਂ ਤੋਂ ਉਚੀ ਉਠ ਸਕਦੀ ਹੋਵੇ ?

47. ਉ.–ਹੇ ਭਾਈ ! ਅਸਲ ਵਿਚ ਜਿਸ ਮਨੁੱਖ ਦੇ ਹਿਰਦੇ ਵਿਚ ਗੁਰੂ ਨੇ ਪ੍ਰਮੇਸ਼ਰ ਦਾ ਨਾਮ ਖਜ਼ਾਨਾ ਪੱਕਾ ਕਰ ਦਿਤਾ ਹੈ ।

48, ਤਾਂ ਉਸ ਦੀ ਇਹ ਦਿਬ ਦ੍ਰਿਸ਼ਟੀ ਜਾਗ ਉਠਦੀ ਹੈ ਅਤੇ ਉਸ ਨੂੰ ਦਿਸ ਪੈਂਦਾ ਹੈ ਕਿ ਦੁਨੀਆਂ ਦਾ ਰਾਜ ਮਾਲ ਤੇ ਸਾਰੀ ਮਾਇਆ–ਇਹ ਸਭੇ ਕੁਝ ਨਾਸਵੰਤ ਹੈ ।

49. ਪਰ, ਹੇ ਭਾਈਓ ! ਫਿਰ ਭੀ ਵੇਖਦ ਹਾਂ ਕਿ, ਲਾਲਚੀ ਬੰਦੇ ਸਦਾ ਇਸੇ ਨਾਲ ਹੀ ਚੰਬੜੇ ਰਹਿੰਦੇ ਹਨ ।

ਪ੍ਰ:–ਕਿਉਂ ਜੀ ! ਕੀ, ਅਜਿਹੇ ਬੰਦਿਆਂ ਨੂੰ ਕੋਈ ਸਜਾ ਭੀ ਮਿਲੇਗੀ ?

50.ਉ:–ਹਾਂ ਜਰੂਰ, ਹੇ ਭਾਈ ! ਨਾਮ ਤੋਂ ਬਿਨਾ (ਉਨ੍ਹਾਂ ਲੋਕਾਂ ਨੂੰ) ਪ੍ਰਭੂ ਦੀ ਹਜ਼ੂਰੀ ਵਿਚ ਸਜ਼ਾ ਮਿਲਦੀ ਹੈ ।੧੨।

ਪ੍ਰ–ਸ੍ਰੀ ਜੀਉ ! ਇਹ ਕੁਰਾਹੇ ਪਏ ਜੀਵ ਅਜਿਹੀਆਂ ਮੰਦ ਕਿਰਿਆ ਦਾ ਤਿਆਗ ਕਿਉਂ ਨਹੀਂ ਕਰ ਦੇਂਦੇ ?

51. ਉ: ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਅਸਲ ਵਿਚ ਜੀਵਾਂ ਦੇ ਭੀ ਕੀ ਵੱਸ ਹੈ ? । (ਕਿਉਂਕਿ) ਹਰੇਕ ਜੀਵ ਪ੍ਰਮਾਤਮਾਂ ਦਾ ਪ੍ਰੇਰਿਆ ਹੋਇਆ ਹੀ (ਹਰ ਕਿਰਤ) ਕਰਦਾ ਹੈ ।

52. ਪਰ, ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਨੇ (ਏਥੇ) ਪ੍ਰਮੇਸ਼ਰ ਜੀ (ਦੇ ਨਾਮ) ਨਾਲ ਚਿਤ ਜੋੜਿਆ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੋ ਗਏ ਹਨ ।

53. ਐ ਪਿਆਰੇ ! ਇਹ ਨਿਸਚਾ ਕਰੋ ਕਿ, ਪ੍ਰਮਾਤਮਾਂ ਆਪਣੇ ਭਗਤਾਂ ਦਾ ਧੁਰ ਤੋਂ ਹੀ ਪੱਖ ਕਰਦਾ ਆ ਰਿਹਾ ਹੈ ।

54. ਹੇ ਭਾਈਓ ! ਉਸ ਕਰਤਾਰ ਨੇ (ਸਦਾ ਹੀ ਆਪਣੇ ਭਗਤਾਂ ਨੂੰ) ਆਪਣਾ ਦਰਸ਼ਨ ਦਿਤਾ ਹੈ (ਤੇ ਉਨ੍ਹਾਂ ਦੀ ਸਹਾਇਤਾ ਕੀਤੀ ਹੈ) ।੧੩।੧।੨।

ਭਾਵਾਰਥ :–ਇਸ ਸ਼ਬਦ ਵਿਚ ਭਗਤ ਪ੍ਰਹਲਾਦ ਦੀ ਮਿਸਾਲ ਦੇ ਕੇ ਦਸਦੇ ਹਨ ਕਿ ਹਰੀ ਆਪਣੇ ਭਗਤਾਂ ਦੀ ਸਦਾ ਹੀ ਪੈਜ ਰਖਦਾ ਤੇ ਦੁੱਖ ਨਵਿਰਤ ਕਰਦਾ ਆਇਆ ਹੈ ਅਤੇ ਹਰ ਔਕੜ ਸਮੇਂ ਬਹੁੜਦਾ ਹੈ ।

ਭੈਰਉ ਮਹਲਾ ੩ ॥

1. ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ
ਹਉਮੈ ਤ੍ਰਿਸਨ ਬੁਝਾਈ ॥
2. ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ
ਮਨਸਾ ਮਨਹਿ ਸਮਾਈ ॥੧॥
3. ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥
4. ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ
ਗੁਰ ਕੈ ਸਬਦਿ ਉਧਾਰੇ ॥੧॥ ਰਹਾਉ ॥
5. ਸੰਤ ਜਨਾ ਕਉ ਜਮੁ ਜੋਹਿ ਨ ਸਾਕੈ
ਰਤੀ ਅੰਚ ਦੂਖ ਨ ਲਾਈ ॥

6. ਆਪਿ ਤਰਹਿ ਸਗਲੇ ਕੁਲ ਤਾਰਹਿ
ਜੋ ਤੇਰੀ ਸਰਣਾਈ ॥੨॥
7. ਭਗਤਾ ਕੀ ਪੈਜ ਰਖਹਿ ਤੂ ਆਪੇ
ਏਹ ਤੇਰੀ ਵਡਿਆਈ ॥
8. ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ
ਦੁਬਿਧਾ ਰਤੀ ਨ ਰਾਈ ॥੩॥
9. ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ
ਤੂ ਆਪੇ ਦੇਹਿ ਬੁਝਾਈ ॥
10. ਜੋ ਤੁਧੁ ਭਾਵੈ ਸੋਈ ਕਰਸੀ
ਅਵਰੁ ਨ ਕਰਣਾ ਜਾਈ ॥੪॥

ਪਦ ਅਰਥ :-ਤੇ-ਤੋਂ । ਗੁਰ ਸੇਵਾ **ਤੇ**-ਗੁਰੂ ਦੀ ਸੇਵਾ ਤੋਂ, ਗੁਰੂ ਦੀ ਸ਼ਰਣ ਪੈਣ ਨਾਲ । ਅੰਮ੍ਰਿਤ ਫਲੁ- ਆਤਮਕ ਜੀਵਨ ਦੇਣ ਵਾਲਾ ਨਾਮ ਫਲ । ਤ੍ਰਿਸਨ-ਤ੍ਰਿਸ਼ਨਾ, ਮਾਇਆ ਦਾ ਲਾਲਚ । ਹ੍ਰਿਦੈ-ਹਿਰਦੇ ਵਿਚ । ਮਨਿ-ਮਨ ਵਿਚ । ਮਨਸਾ-ਮਨ ਦਾ ਫੁਰਨਾ । ਮਨਹਿ-ਮਨਹੀ, ਮਨ ਵਿਚ ਹੀ । ਸਮਾਈ-ਲੀਨ ਹੋ ਜਾਂਦੀ ਹੈ ।੧।

ਹਰਿ-ਹੇ ਹਰੀ । ਅਨਦਿਨੁ-ਹਰ ਰੋਜ, ਹਰ ਵੇਲੇ । ਦੀਨ ਜਨੁ-ਗਰੀਬ ਸੇਵਕ । ਮਾਂਗੈ-ਮੰਗਦਾ ਹੈ । ਕੈ ਸਬਦਿ- ਦੇ ਸ਼ਬਦ ਦੀ ਰਾਹੀਂ । ਉਧਾਰੇ-ਉਧਾਰਿ, (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ।੧। ਰਹਾਉ ।

ਕਉ-ਨੂੰ, । ਜੋਹਿ ਨ ਸਾਕੈ-ਤਕ ਨਹੀਂ ਸਕਦਾ । ਰਤੀ-ਰਤਾ ਭਰ ਭੀ । ਅੰਚ-ਸੇਕ । ਨ ਲਾਈ-ਨਹੀਂ ਲਾਂਦਾ । ਤਰਹਿ-ਤਰ ਜਾਂਦੇ ਹਨ । ਸਗਲੇ-ਸਾਰੇ ।੨।

ਪੈਜ-ਲਾਜ, ਇੱਜ਼ਤ । ਆਪੇ-ਆਪ ਹੀ । ਵਡਿਆਈ- ਵਡ ਦਿਲੀ । ਕਿਲਵਿਖ-ਪਾਪ । ਕਾਟਹਿ-ਤੂੰ ਕੱਟ ਦੇਂਦਾ ਹੈਂ । ਦੁਬਿਧਾ-ਮੇਰ ਤੇਰ, ਦੋ ਕਿਸਮਾਂ ਪਨ । ਰਾਈ-ਰਤਾ ਭੀ ।੩।

ਹਮ-ਅਸੀਂ ਜੀਵ । ਮੁਗਧ-ਮੂਰਖ । ਬੂਝਹਿ-ਅਸੀਂ ਸਮਝਦੇ । ਦੇਹਿ-ਤੂੰ ਦੇਂਦਾ ਹੈ । ਬੁਝਾਈ-(ਆਤਮਕ ਜੀਵਨ ਦੀ) ਸਮਝ । ਜੋ-ਜੋ ਕੰਮ । ਤੁਧੁ ਭਾਵੈ-ਤੈਨੂੰ ਚੰਗਾ ਲਗਦਾ ਹੈ । ਕਰਸੀ-(ਹਰੇਕ ਜੀਵ) ਕਰੇਗਾ । ਅਵਰੁ-ਹੋਰ ਕੰਮ ।੪।

ਅਰਥ :-

ਪ੍ਰ:-ਸ੍ਰੀ ਜੀਉ ! ਜਗਤ ਦਾ ਹਰ ਮਨੁੱਖ ਹਉਮੈਂ ਤੇ ਤ੍ਰਿਸ਼ਨਾਂ ਦੀ ਅੱਗ ਨਾਲ ਦਿਨੇ ਰਾਤ ਸੜਦਾ ਵੇਖੀਦਾ ਹੈ, ਕੋਈ ਐਸਾ ਸਾਧਨ ਦਸੋ, ਜਿਸ ਨਾਲ ਇਹ ਸ਼ਾਂਤ ਹੋ ਸਕੇ ?

1. **ਉ**:-ਹੇ ਭਾਈਓ ! ਸਾਧਨ ਤਾਂ ਇਕੋ ਹੀ ਹੈ ਕਿ; ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਫਲ ਪ੍ਰਾਪਤ ਕਰ ਲਿਆ, ਉਸ ਨੇ (ਆਪਣੇ ਅੰਦਰੋਂ) ਹਉਮੈਂ ਅਤੇ ਤ੍ਰਿਸ਼ਨਾਂ (ਦੀ ਅੱਗ) ਬੁਝਾ ਲਈ ਹੈ ।

ਪ੍ਰ:-ਹੇ ਗੁਰੋ ! ਉਸ ਐਸੇ ਬੰਦੇ ਦੀ ਪਛਾਣ ਕੀ ਹੈ ?

2 **ਉ**:-ਹੇ ਪਿਆਰੇ ! ਪ੍ਰਮੇਸ਼ਰ ਜੀ ਦਾ ਨਾਮ ਉਸ ਦੇ ਹਿਰਦੇ ਵਿਚ ਉਸ ਦੇ ਮਨ ਵਿਚ ਵਸ ਪਿਆ ਅਤੇ ਉਸ ਦ ਮਨ ਦਾ (ਮਾਇਕ) ਫੁਰਨਾ ਮਨ ਵਿਚ ਹੀ ਲੀਨ ਹੋ ਗਿਆ ਹੈ ।੧।

ਪ੍ਰ:-ਕਿਉਂ ਜੀ ! ਕੀ ਉਸ ਦੇ ਅੰਦਰ ਕੋਈ ਭੀ ਮੰਗ ਨਹੀਂ ਰਹਿ ਜਾਂਦੀ ?

3. **ਉ**:-ਹੇ ਭਾਈ ! ਉਸ ਦੇ ਅੰਤਰ ਆਤਮੇਂ ਇਕੋ ਹੀ ਮੰਗ ਹੁੰਦੀ ਹੈ ਕਿ, ਹੇ ਮੇਰੇ ਪਿਆਰੇ ਪ੍ਰਭੂ ਜੀ ! (ਮੈਂ ਗਰੀਬ ਉਤੇ) ਮਿਹਰ ਕਰੋ ।

4. ਹੇ ਸਾਈਆਂ ਜੀਉ ! (ਤੇਰੇ ਦਰ ਦਾ) ਗਰੀਬ ਸੇਵਕ (ਤੈਥੋਂ) ਹਰ ਵੇਲੇ ਤੇਰੇ ਗਣ (ਗਾਉ ਦੇ ਰਹਿਣ ਦੀ ਦਾਤ) ਮੰਗਦਾ ਹੈ, ਹੇ ਪ੍ਰਭੂ ਜੀ ! ਮੈਨੂੰ ਗੁਰੂ ਦੇ ਸ਼ਬਦ ਦੀ ਰਾਹੀਂ (ਵਿਕਾਰਾਂ ਤੋਂ) ਬਚਾਈ ਰਖ ।੧। ਰਹਾਉ ।

ਪ੍ਰ:-ਸ੍ਰੀ ਜੀਉ ! ਨਾਮ ਦੀ ਦਾਤ ਹਾਸਲ ਕਰਨ ਨਾਲ ਉਨ੍ਹਾਂ ਨੂੰ ਹਾਸਲ ਕੀ ਕੁਝ ਹੁੰਦਾ ਹੈ ?

5. **ਉ**:-ਹੇ ਭਾਈ ! ਉਨ੍ਹਾਂ ਪ੍ਰਮੇਸ਼ਰ ਦੇ ਪਿਆਰੇ ਸੰਤ ਜਨਾਂ ਵਲ ਭਗਤੀ ਦਾ ਸਦਕਾ ਜਮਰਾਜ (ਭੀ) ਤੱਕ ਨਹੀਂ ਸਕਦਾ ਅਤੇ (ਦੁਨੀਆਂ ਦੇ) ਦੁਖਾਂ ਦਾ ਭੀ ਰਤਾ ਭਰ ਸੇਕ (ਉਨ੍ਹਾਂ ਨੂੰ) ਲਾ ਨਹੀਂ ਸਕਦਾ ।

ਪ੍ਰ:-ਗੁਰਦੇਵ ਜੀਉ ! ਉਨ੍ਹਾਂ ਵਿਚ ਸ਼ਕਤੀ ਕਿਤਨੀ ਕੁ ਹੋ ਆਉਂਦੀ ਹੈ ?

6. **ਉ**:-ਹੇ ਪ੍ਰਭੂ ਜੀਉ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਜਿਹੜੇ ਮਨੁੱਖ ਤੇਰੀ ਸ਼ਰਨ ਆ ਪੈਂਦੇ ਹਨ, ਉਹ ਆਪ (ਸੰਸਾਰ ਤੋਂ) ਤਰ ਜਾਂਦੇ ਹਨ, ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਲੰਘਾ ਲੈਂਦ ਹਨ ।੨।

7. ਹੇ ਮੇਰੇ ਸਾਈਆਂ ਜੀਉ ! ਤੂੰ ਆਪਣੇ ਭਗਤਾਂ ਦੀ (ਲੋਕ ਪ੍ਰਲੋਕ ਵਿਚ) ਇੱਜ਼ਤ ਆਪ ਹੀ ਰਖਦਾ ਹੈਂ, ਇਹੋ ਤੇਰੀ ਬਜੁਰਗੀ ਹੈ ।

8. ਹੇ ਮੇਰੇ ਪ੍ਰਭੂ ਜੀਉ ! ਤੂੰ ਉਨ੍ਹਾਂ ਦੇ (ਪਿਛਲੇ) ਅਨੇਕਾਂ ਹੀ ਜਨਮਾਂ ਦੇ ਪਾਪ ਤੇ ਦੁੱਖ ਕੱਟ ਦੇਂਦਾ ਹੈਂ, ਉਨ੍ਹਾਂ ਦੇ ਅੰਦਰ ਰਤਾ ਭਰ ਭੀ ਮੇਰ ਤੇਰ ਨਹੀਂ ਰਹਿ ਜਾਂਦੀ ।੩।

9. ਹੇ ਸਾਈਆਂ ਜੀਉ ! ਅਸੀਂ (ਜੀਵ ਤਾਂ) ਮੂਰਖ ਹਾਂ, ਅੰਞਾਣ ਹਾਂ, ਅਸੀਂ (ਆਤਮਕ ਜੀਵਨ ਦਾ ਸਹੀ ਰਸਤਾ) ਰਤਾ ਭੀ ਨਹੀਂ ਸਮਝਦੇ, ਤੂੰ ਆਪ ਹੀ (ਇਹ ਸਾਨੂੰ) ਸਮਝਾ ਦੇਂਦਾ ਹੈਂ ।

10. ਹੇ ਸਾਈਆਂ ਜੀਉ ! ਜਿਹੜਾ ਕੰਮ ਤੈਨੂੰ ਚੰਗਾ ਲਗਦਾ ਹੈ, ਉਹੀ (ਹਰੇਕ ਜੀਵ) ਕਰਦਾ ਹੈ, (ਉਸ ਤੋਂ ਉਲਟ) ਹੋਰ ਕੋਈ ਕੰਮ ਨਹੀਂ ਕੀਤਾ ਜਾ ਸਕਦਾ ।੪।

11. ਜਗਤੁ ਉਪਾਇ ਤੁਧੁ ਧੰਧੈ ਲਾਇਆ
ਭੂੰਡੀ ਕਾਰ ਕਮਾਈ ॥
12. ਜਨਮੁ ਪਦਾਰਥੁ ਜੂਐ ਹਾਰਿਆ
ਸਬਦੈ ਸੁਰਤਿ ਨ ਪਾਈ ॥੫॥
13. ਮਰਹਿ ਤਿਨ ਕਿਛੂ ਨ ਸੁਝੈ
ਦੁਰਮਤਿ ਅਗਿਆਨ ਅੰਧਾਰਾ ॥
14. ਭਵਜਲੁ ਪਾਰਿ ਨ ਪਾਵਹਿ ਕਬ ਹੀ
ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥੬॥
15. ਸਾਚੈ ਸਬਦਿ ਰਤੇ ਜਨ ਸਾਚੇ
ਹਰਿ ਪ੍ਰਭਿ ਆਪਿ ਮਿਲਾਏ ॥
16. ਗੁਰ ਕੀ ਬਾਣੀ ਸਬਦਿ ਪਛਾਤੀ
ਸਾਚਿ ਰਹੇ ਲਿਵ ਲਾਏ ॥੭॥
17. ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ
ਗੁਰ ਕੈ ਸਬਦਿ ਵੀਚਾਰੇ ॥
18. ਨਾਨਕੁ ਤਿਨ ਕੈ ਸਦ ਬਲਿਹਾਰੈ
ਰਾਮ ਨਾਮੁ ਉਰਿ ਧਾਰੇ ॥੮॥੨॥੩॥

ਪਦ ਅਰਥ :—ਉਪਾਇ—ਪੈਦਾ ਕਰ ਕੇ । ਧੰਧੈ—(ਦੁਨੀਆਂ ਦੇ) ਧੰਧੇ ਵਿਚ । ਭੂੰਡੀ—ਭੈੜੀ, ਟੇਡੀ । ਜੂਐ—ਜੂਏ ਵਿਚ । ਸਬਦੇ—ਸ਼ਬਦ ਦੀ ਰਾਹੀਂ । ਸੁਰਤਿ—ਆਤਮਕ ਜੀਵਨ ਦੀ ਸੂਝ ।੫।

ਮਨਮੁਖਿ—ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ । ਮਰਹਿ—ਮਰ ਜਾਂਦੇ ਹਨ, ਆਤਮਕ ਮੌਤ ਸਹੇੜ ਲੈਂਦੇ ਹਨ । ਅਗਿਆਨ—ਆਤਮਕ ਜੀਵਨ ਵਲੋਂ ਬੇ-ਸਮਝੀ । ਅੰਧੇਰਾ—ਹਨੇਰਾ । ਭਵਜਲੁ—ਸੰਸਾਰ ਸਮੁੰਦਰ । ਡੂਬਿ ਮੁਏ—(ਵਿਕਾਰਾਂ ਵਿਚ) ਡੁਬ ਕੇ ਆਤਮਕ ਮੌਤ ਸਹੇੜ ਲੈਂਦੇ ਹਨ । ਸਿਰਿ ਭਾਰਾ—ਸਿਰ ਪਰਨੇ ।੬।

ਸਾਚੈ ਸਬਦਿ—ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੇ ਸ਼ਬਦ ਵਿਚ । ਰਤੇ—ਰੱਤੇ, ਰੰਗੇ ਹੋਏ । ਪ੍ਰਭਿ—ਪ੍ਰਭੂ ਨੇ । ਬਾਣੀ—ਆਤਮ ਤਰੰਗ, ਵਲਵਲਾ । ਸਬਦਿ—ਸ਼ਬਦ ਦੀ ਰਾਹੀਂ । ਪਛਾਤੀ—ਸਾਂਝ ਪਾ ਲਈ । ਸਾਚਿ—ਸਦਾ ਥਿਰ ਪ੍ਰਭੂ ਵਿਚ । ਰਹੇ ਲਾਏ—ਲਾਇ ਰਹੇ, ਲਾਈ ਰਖਦੇ ਹਨ ।੭।

ਨਿਰਮਲੁ—ਪਵਿਤ੍ਰ । ਹੈ—ਹੈਂ, ਹਨ । ਵੀਚਾਰੇ—ਵਿਚਾਰਿ, ਗੁਣਾਂ ਦੀ ਵੀਚਾਰ ਕਰ ਕੇ । ਸਦ—ਸਦਾ । ਬਲਿਹਾਰੈ—ਸਦਕੇ । ਉਰਿ—ਹਿਰਦੇ ਵਿਚ ।੮।

ਅਰਥ :-

ਪ੍ਰ:—ਸ੍ਰੀ ਜੀਉ ! ਇਹ ਜੋ ਏਡਾ ਵਡਾ ਜਗਤ ਵਖੋ ਵਖ ਮਾਇਕੀ ਧੰਧਿਆਂ ਵਿਚ ਖੱਚਤ ਹੈ, ਦਸੋ, ਇਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ, ਭਾਵ ਉਹ ਕਿਹੜੀ ਸ਼ਕਤੀ ਹੈ ਜੋ ਕਿ ਇਨ੍ਹਾਂ ਸਭ ਨੂੰ ਨਿਯਮ ਬੱਧ ਰਖਦੀ ਹੈ ?

11. **ਉ**:—ਹੇ ਭਾਈਓ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ ਹੇ ਮੇਰੇ ਪ੍ਰਭੂ ਜੀਉ ! (ਤੂੰ ਆਪ ਹੀ) ਜਗਤ ਨੂੰ ਪੈਦਾ ਕਰ ਕੇ (ਤੂੰ ਆਪ ਹੀ ਇਸ ਨੂੰ ਮਾਇਆ ਦੇ ਧੰਧੇ ਵਿਚ ਲਾ ਰਖਿਆ ਹੈ, (ਤੇਰੀ ਪ੍ਰੇਰਨਾ ਨਾਲ ਹੀ ਜਗਤ ਮਾਇਆ ਦੇ) ਮੋਹ ਦੀ ਭੈੜੀ ਕਾਰ ਕਰ ਰਿਹਾ ਹੈ ।

12. ਹੇ ਭਾਈ ! (ਮਾਇਆ ਦੇ ਮੋਹ ਵਿਚ ਫਸ ਕੇ ਜਗਤ ਨੇ) ਕੀਮਤੀ ਮਨੁੱਖਾ ਜਨਮ ਨੂੰ (ਜੁਆਰੀਏ ਵਾਂਗ) ਜੂਏ ਵਿਚ ਹਾਰ ਦਿਤਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ (ਜਗਤ ਨੇ) ਆਤਮਕ ਜੀਵਨ ਦੀ ਸੂਝ ਹਾਸਲ ਨਹੀਂ ਕੀਤੀ ।੫।

13. ਹੇ ਪਿਆਰੇ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਆਤਮਕ ਮੌਤ ਸਹੇੜ ਲੈਂਦੇ ਹਨ, ਉਨ੍ਹਾਂ ਨੂੰ ਆਤਮਕ ਜੀਵਨ ਦੀ ਰਤਾ ਭੀ ਸਮਝ ਨਹੀਂ ਪੈਂਦੀ; ਭੈੜੀ ਮਤਿ ਦਾ; ਆਤਮਕ ਜੀਵਨ ਵਲੋਂ ਬੇ-ਸਮਝੀ ਦਾ (ਉਨ੍ਹਾਂ ਦੇ ਅੰਦਰ) ਹਨੇਰਾ ਪਿਆ ਰਹਿੰਦਾ ਹੈ ।

14. ਹੇ ਭਾਈਓ ! ਉਹ ਮਨੁੱਖ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਵਿਕਾਰਾਂ ਵਿਚ ਸਿਰ ਪਰਨੇ ਡੁੱਬ ਕੇ ਆਤਮਕ ਮੌਤ ਸਹੇੜ ਲੈਂਦੇ ਹਨ, ਉਹ ਕਦੇ ਭੀ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦੇ ।੬।

ਪ੍ਰ:—ਸ੍ਰੀ ਜੀਉ ! ਸੱਚੇ ਪ੍ਰਭੂ ਨਾਲ ਮਿਲਾਪ ਕਿਸਦਾ ਹੁੰਦਾ ਹੈ ?

15. **ਉ**:—ਹੇ ਭਾਈ ! ਜਿਹੜੇ ਮਨੁੱਖ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੇ ਸ਼ਬਦ ਵਿਚ ਰੰਗੇ ਰਹਿੰਦੇ ਹਨ, ਉਹ ਸਦਾ ਥਿਰ ਪ੍ਰਭੂ ਦਾ ਰੂਪ ਹੀ ਹੋ ਜਾਂਦੇ ਹਨ, ਹਰੀ ਪ੍ਰਭੂ ਨੇ ਆਪ ਹੀ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ ।

16. ਹੇ ਪਿਆਰੇ ! ਗੁਰੂ ਦੇ ਸ਼ਬਦ ਦੀ ਰਾਹੀਂ ਉਨ੍ਹਾਂ ਨੇ ਆਤਮ ਤਰੰਗ ਨਾਲ ਸਾਂਝ ਪਾ ਲਈ ਹੁੰਦੀ ਹੈ, ਉਹ ਮਨੁੱਖ ਸਦਾ ਥਿਰ ਪ੍ਰਭੂ ਵਿਚ ਸੁਰਤਿ ਜੋੜੀ ਰਖਦੇ ਹਨ ।੭।

17. ਹੇ ਭਾਈਓ ! ਉਨ੍ਹਾਂ ਦਾ ਇਹ ਨਿਸਚਾ ਹੁੰਦਾ ਹੈ ਕਿ, ਹੇ ਪ੍ਰਭੂ ! ਤੂੰ ਆਪ ਪਵਿਤ੍ਰ ਸਰੂਪ ਹੈਂ; ਤੇਰੇ ਸੇਵਕ ਗੁਰੂ ਦੇ ਸ਼ਬਦ ਦੀ ਰਾਹੀਂ (ਤੇਰੇ ਗੁਣਾਂ ਦਾ) ਵੀਚਾਰ ਕਰ ਕੇ ਪਵਿੱਤ੍ਰ ਜੀਵਨ ਵਾਲੇ ਹੋ ਜਾਂਦੇ ਹਨ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਉਨ੍ਹਾਂ ਮਨੁੱਖਾਂ ਤੋਂ ਸਦਾ ਸਦਕੇ ਜਾਂਦਾ ਜਿਹੜੇ ਪ੍ਰਮੇਸ਼ਰ ਜੀ ਦਾ ਨਾਮ ਆਪਣੇ ਹਿਰਦੇ ਵਿਚ ਸਦਾ ਹੀ ਵਸਾਈ ਰਖਦੇ ।

ਭਾਵਾਰਥ :—ਇਸ ਮਹਾਂਵਾਕ ਵਿਚ ਹਜ਼ੂਰ ਇਹੋ ਸਿਧਾਂਤ ਅੰਕਤ ਕਰਦੇ ਹਨ ਕਿ ਉਹ ਪ੍ਰਮੇਸ਼ਰ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਸੇਵਕਾਂ ਨੂੰ ਪਾਰ ਕਰਦਾ ਹੈ ।

ਭੈਰਉ ਮਹਲਾ ੫ ਅਸਟਪਦੀਆ ਘਰੁ ੨

੧ ੴ ਸਤਿਗੁਰ ਪ੍ਰਸਾਦਿ ॥

1. ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥
2. ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
3. ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥
4. ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥
5. ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥
6. ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ॥੧॥ਰਹਾਉ॥
7. ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥
8. ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
9. ਜਿਸੁ ਨਾਮ ਰਿਦੈ ਸੋ ਸੀਤਲੁ ਹੂਆ ॥
10. ਨਾਮ ਬਿਨਾ ਧ੍ਰਿਗੁ ਜੀਵਨੁ ਮੂਆ ॥੨॥
11. ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
12. ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
13. ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
14. ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥
15. ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥
16. ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥
17. ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥
18. ਨਾਮ ਬਿਨਾ ਮਨਮੁਖ ਗਵਾਰਾ ॥੪॥

ਪਦ ਅਰਥ :–ਜਿਸੁ ਰਿਦੈ–ਜਿਸ ਮਨੁੱਖ ਦੇ ਹਿਰਦੇ ਵਿਚ। ਕਾਜਾ–ਕੰਮ। ਤਿਨਿ–ਉਸ (ਮਨੁੱਖ) ਨੇ। ਕੋਟਿ–ਕ੍ਰੋੜਾਂ। ਕੋਟਿ ਧਨ–ਕ੍ਰੋੜਾਂ ਕਿਸਮ ਦੇ ਧਨ। ਬਿਰਥਾ–ਵਿਅਰਥ।੧।

ਤਿਸੁ–ਉਸ (ਮਨੁੱਖ) ਨੂੰ। ਸਾਲਾਹੀ–ਸਲਾਹੀਂ, ਮੈਂ ਸਲਾਹੁੰਦਾ ਹਾਂ। ਰਾਸਿ–ਸਰਮਾਇਆ, ਪੂੰਜੀ। ਜਿਸ ਮਸਤਕਿ–ਜਿਸ ਮਨੁੱਖ ਦੇ ਮੱਥੇ ਉਤੇ। ਗੁਰ ਹਾਥੁ–ਗੁਰੂ ਦਾ ਹੱਥ।੧। ਰਹਾਉ।

ਕੋਟ ਕਈ–ਕਈ ਕਿਲ੍ਹੇ। ਸੈਨਾ–ਫੌਜਾਂ। ਸਹਜ ਸੁਖੈਨਾ–ਆਤਮਕ ਅਡੋਲਤਾ ਦੇ ਸੁਖ। ਮੂਆ–ਆਤਮਕ ਮੌਤੇ ਮਰਿਆ ਹੋਇਆ।੨।

ਜੀਵਨ ਮੁਕਤਾ–ਜੀਉਂਦਾ ਮੁਕਤਾ, ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਬਚਿਆ ਹੋਇਆ। ਜੁਗਤਾ–ਸੁਚੱਜੇ ਜੀਵਨ ਦੀ ਜਾਚ। ਤਿਨਿ–ਉਸਨੇ। ਨਉ ਨਿਧਿ–(ਧਰਤੀ ਦੇ ਸਾਰੇ) ਨੌਂ ਖਜ਼ਾਨੇ। ਭ੍ਰਮਿ–ਭਟਕਣਾਂ ਵਿਚ (ਪੈ ਕੇ)।੩।

ਸਦ–ਸਦਾ। ਲਾਹਾ–ਲਾਭ, ਆਤਮਕ ਜੀਵਨ ਦੀ ਖੱਟੀ। ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲਾ। ਗਵਾਰਾ–ਮੂਰਖ।੪।

ਅਰਥ :–

ਪ੍ਰ:–ਸ੍ਰੀ ਜੀਉ ! ਗੁਰਮਤਿ ਅਨੁਸਾਰ ਆਪ ਜੀ ਵਡਾ ਰਾਜਾ ਕਿਸ ਨੂੰ ਕਹਿੰਦੇ ਹੋ ?

1. ਉ:–ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਵਸਦਾ ਹੈ, ਉਹੀ (ਸਭ ਰਾਜਿਆਂ ਤੋਂ) ਵਡਾ ਰਾਜਾ ਹੈ।
2. ਉਸ ਮਨੁੱਖ ਦੇ ਸਾਰੇ ਹੀ ਕੰਮ ਸਿਰੇ ਚੜ੍ਹ ਜਾਂਦੇ ਹਨ।
3. ਹੇ ਭਾਈ ! ਉਸ ਨੇ (ਮਾਨੋ) ਕ੍ਰੋੜਾਂ ਕਿਸਮ ਦੇ ਧਨ ਪ੍ਰਾਪਤ ਕਰ ਲਏ ਹਨ।
4. ਐ ਪਿਆਰੇ ! ਇਹ ਨਿਸਚਾ ਕਰੋ ਕਿ, ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਮਨੁੱਖ ਦਾ ਜਨਮ ਵਿਅਰਥ ਚਲਾ ਜਾਂਦਾ ਹੈ।੧।

ਪ੍ਰ:–ਕਿਉਂ ਜੀ ! ਨਾਮ ਪ੍ਰਾਪਤੀ ਵਾਲੇ ਮਨੁੱਖ ਦੀ ਤੁਸਾਂ ਦੇ ਮਨ ਵਿਚ ਕਿਤਨੀ ਕੁ ਇੱਜ਼ਤ ਹੈ ?

5. ਉ:–ਹੇ ਭਾਈ ! ਮੈਂ ਤਾਂ (ਸਦਾ) ਉਸ ਮਨੁੱਖ ਨੂੰ (ਹੀ) ਵਡਿਆਉਂਦਾ ਹਾਂ ਜਿਸ ਦੇ ਪਾਸ ਪ੍ਰਮਾਤਮਾਂ ਦਾ ਨਾਮ ਧਨ ਸਰਮਾਇਆ ਹੈ।
6. ਹੇ ਪਿਆਰੇ ! ਜਿਸ ਮਨੁੱਖ ਦੇ ਮੱਥੇ ਉਤੇ ਗੁਰੂ ਦਾ ਹੱਥ ਟਿਕਿਆ ਹੋਇਆ ਹੋਵ, ਉਹੀ ਵਡੇ ਭਾਗਾਂ ਵਾਲਾ ਹੈ।੧। ਰਹਾਉ।
7. ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮਾਤਮਾਂ ਦਾ ਨਾਮ ਵਸਦਾ ਹੈ, ਉਹ (ਤਾਂ ਮਾਨੋ) ਕਈ ਕਿਲ੍ਹਿਆਂ ਤੇ ਫੌਜਾਂ ਦਾ (ਮਾਲਕ ਹੋ ਜਾਂਦਾ ਹੈ)।
8. ਹੇ ਪਿਆਰੇ ! ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ ਉਸਨੂੰ ਆਤਮਕ ਅਡੋਲਤਾ ਦੇ ਸਾਰੇ ਸੁਖ ਮਿਲ ਜਾਂਦੇ ਹਨ।
9. ਜਿਸਦੇ ਹਿਰਦੇ ਵਿਚ ਨਾਮ ਵਸਦਾ ਹੈ, ਉਸ ਦਾ ਹਿਰਦਾ ਪੂਰਨ ਤੌਰ ਤੇ ਸ਼ਾਂਤ ਹੋ ਜਾਂਦਾ ਹੈ।
10. ਹੇ ਭਾਈ ! ਨਾਮ ਤੋਂ ਬਿਨਾ ਮਨੁੱਖ ਆਤਮਕ ਮੌਤ ਸਹੇੜ ਲੈਂਦਾ ਹੈ ਅਤੇ ਉਸ ਦਾ ਜੀਵਨ ਫਿਟਕਾਰ ਜੋਗ ਹੋ ਜਾਂਦਾ ਹੈ।੨।
11. ਐ ਪਿਆਰੇ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਆ ਵਸਦਾ ਹੈ, ਉਹ ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਹੀ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿੰਦਾ ਹੈ।
12. ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ ਉਸ ਨੂੰ ਸੁਚੱਜੇ ਜੀਵਨ ਦੀ ਸਾਰੀ ਜਾਚ ਆ ਜਾਂਦੀ ਹੈ।
13. ਐ ਪਿਆਰੇ ! ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਆ ਵਸਦਾ ਹੈ, ਉਸ ਮਨੁੱਖ ਨੇ (ਮਾਨੋ) ਧਰਤੀ ਦੇ ਸਾਰੇ ਹੀ ਨੌਂ ਖਜ਼ਾਨੇ ਪ੍ਰਾਪਤ ਕਰ ਲਏ ਹੁੰਦੇ ਹਨ।
14. ਹੇ ਭਾਈਓ ! ਪ੍ਰਮੇਸ਼ਰ ਜੀ ਦੇ ਨਾਮ ਤੋਂ ਬਿਨਾ ਮਨੁੱਖ ਮਾਇਆ ਦੀ ਭਟਕਣ। ਵਿਚ ਪੈ ਕੇ ਜਨਮ ਮਰਨ ਦੇ ਗੇੜ

ਵਿਚ ਪੈ ਜਾਂਦਾ ਹੈ ।੩।

15. ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਆ ਵਸਦਾ ਹੈ, ਉਹ ਬੇ-ਮੁਥਾਜ ਟਿਕਿਆ ਰਹਿੰਦਾ ਹੈ (ਕਿਸੇ ਦੀ ਖ਼ੁਸ਼ਾਮਦ ਨਹੀਂ ਕਰਦਾ) ।
16. ਹੇ ਭਾਈ ! ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ ਉਸ ਨੂੰ ਉਚੇ ਆਤਮਕ ਜੀਵਨ ਦੀ ਖੱਟੀ ਸਦਾ ਹੀ ਪ੍ਰਾਪਤ ਰਹਿੰਦੀ ਹੈ ।
17. ਨਾਮ ਪ੍ਰਾਪਤੀ ਵਾਲੇ ਮਨੁੱਖ ਦਾ ਵਡਾ ਪ੍ਰਵਾਰ ਬਣ ਜਾਂਦਾ ਹੈ (ਭਾਵ ਸਾਰਾ ਜਗਤ ਹੀ ਉਸਨੂੰ ਆਪਣਾ ਦਿਸਦਾ ਹੈ) ।

ਪ੍ਰ:–ਕਿਉਂ ਜੀ ! ਨਾਮ ਤੋਂ ਸੱਖਣੇ ਮਨੁੱਖ ਨੂੰ ਕੀ ਘਾਟ ਰਹਿੰਦੀ ਹੈ ?

18. ਉ:–ਹੇ ਭਾਈਓ ! ਪ੍ਰਮਾਤਮਾਂ ਦੇ ਨਾਮ ਤੋਂ ਬਿਨਾ ਮਨੁੱਖ ਆਪਣੇ ਮਨ ਦਾ ਮੁਰੀਦ ਬਣ ਜਾਂਦਾ ਹੈ, (ਜੀਵਨ ਜਾਚ ਵਲੋਂ) ਮੂਰਖ ਹੀ ਰਹਿ ਜਾਂਦਾ ਹੈ ।੪।

19. ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥
20. ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
21. ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
22. ਨਾਮ ਹੀਣ ਨਾਹੀ ਪਤਿ ਵੇਸਾਹੁ ॥੫॥
23. ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥
24. ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
25. ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
26. ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥
27. ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥
28. ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
29. ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
30. ਨਾਮ ਬਿਨਾ ਫਿਰਿ ਆਵਣ ਜਾਣੁ ॥੭॥
31. ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥
32. ਸਾਧ ਸੰਗਤਿ ਮਹਿ ਲਖੇ ਗੋੁਪਾਲ ॥
33. ਆਵਣ ਜਾਣ ਰਹੇ ਸੁਖੁ ਪਾਇਆ ॥
34. ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥

ਪਦ ਅਰਥ :–ਜਿਸੁ ਰਿਦੈ–ਜਿਸ (ਮਨੁੱਖ) ਦੇ ਹਿਰਦੇ ਵਿਚ । ਨਿਹਚਲ–ਨਾ ਡੋਲਣ ਵਾਲਾ, (ਮਾਇਆ ਦੇ ਹਲਿਆਂ ਵਲੋਂ) ਅਡੋਲ । ਆਸਨੁ–ਹਿਰਦਾ ਤਖਤ । ਤਖਤਿ–ਤਖਤ ਉਤੇ । ਤਿਸੁ ਨਿਵਾਸਨੁ–ਉਸ (ਮਨੁੱਖ) ਦਾ ਆਤਮਕ ਟਿਕਾਣਾ । ਸਾਚਾ–ਸਦਾ ਕਾਇਮ ਰਹਿਣ ਵਾਲਾ । ਸਾਹੁ–ਨਾਮ ਧਨ ਦਾ ਸ਼ਾਹੂਕਾਰ । ਪਤਿ–ਇੱਜ਼ਤ । ਵੇਸਾਹੁ–ਇਤਬਾਰ ।੫।

ਜਾਤਾ–ਜਾਣਿਆਂ ਜਾਂਦਾ ਹੈ, ਪ੍ਰਗਟ ਹੋ ਜਾਂਦਾ ਹੈ, ਸੋਭਾ ਪ੍ਰਾਪਤ ਕਰਦਾ ਹੈ । ਪੁਰਖੁ–ਸਰਬ ਵਿਆਪਕ ਪ੍ਰਭੂ (ਦਾ ਰੂਪ) । ਬਿਧਾਤਾ–ਸਿਰਜਣਹਾਰ (ਦਾ ਰੂਪ) । ਤੇ–ਤੋਂ । ਊਚਾ–ਉਚੇ ਆਤਮਕ ਜੀਵਨ ਵਾਲਾ । ਭ੍ਰਮਿ–ਭ੍ਰਮੈਂ, ਭਟਕਦਾ ਹੈ । ਮੂਚਾ–ਬਹੁਤ । ਜੂਨੀ ਮੂਚਾ–ਬਹੁਤ ਜੂਨਾਂ ਵਿਚ ।੬।

ਪਹਾਰਾ–ਦੁਕਾਨ, ਲੁਹਾਰ ਦੀ ਦੁਕਾਨ ਜਿਸ ਵਿਚ ਲੋਹੇ ਆਦਿਕ ਤੋਂ ਕੁਝ ਘੜੀਦਾ ਹੈ, ਆਤਮਕ ਜੀਵਨ ਦੀ ਘਾੜਤ ਦੀ ਮਿਹਨਤ । ਪ੍ਰਗਟਿ–ਪ੍ਰਗਟੇ, ਪ੍ਰਗਟ ਹੋ ਜਾਂਦੀ ਹੈ । ਅੰਧਾਰਾ–ਮਾਇਆ ਦੇ ਮੋਹ ਦਾ ਹਨੇਰਾ । ਪਰਵਾਣੁ–ਕਬੂਲ । ਫਿਰਿ–ਮੁੜ ਮੁੜ । ਆਵਣ ਜਾਣ–ਜਨਮ ਮਰਨ ਦਾ ਗੇੜ ।੭।

ਤਿਨਿ–ਉਸ (ਮਨੁੱਖ) ਨੇ । ਜਿਸੁ–ਜਿਸ (ਮਨੁੱਖ) ਉਤੇ । ਲਖੈ–ਸਮਝ ਲੈਂਦਾ ਹੈ, ਵੇਖ ਲੈਂਦਾ ਹੈ । ਗੋੁਪਾਲ–(ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ । ਅਸਲ ਲਫਜ਼ ਗੋਪਾਲ ਹੈ, ਇਥੇ ਗੁਪਾਲ ਪੜ੍ਹਨਾ ਹੈ) । ਰਹੇ–ਮੁੱਕ ਜਾਂਦੇ ਹਨ । ਨਾਨਕ–ਹੇ ਨਾਨਕ । ਤਤੈ–ਜਗਤ ਦੇ ਮੂਲ ਪ੍ਰਮਾਤਮਾਂ ਵਿਚ । ਤਤੁ–ਜੀਵਾਤਮਾਂ ।੮।

ਅਰਥ :–

ਪ੍ਰ:–ਸ੍ਰੀ ਜੀਉ ! ਨਾਮ ਦੀ ਬਰਕਤ ਨਾਲ ਹੋਰ ਕੀ ਹਾਸਲ ਹੁੰਦਾ ਹੈ ?

19. ਉ:–ਹੇ ਭਾਈ ! ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ, ਉਸ ਦਾ ਹਿਰਦਾ ਤਖਤ ਮਾਇਆ ਦੇ ਹਲਿਆਂ ਵਲੋਂ ਅਡੋਲ ਹੋ ਜਾਂਦਾ ਹੈ ।
20. ਆਤਮਕ ਅਡੋਲਤਾ ਦੇ ਉਚੇ ਤਖਤ ਉਤੇ ਉਸ ਦਾ (ਸਦਾ ਲਈ) ਨਿਵਾਸ ਹੋ ਜਾਂਦਾ ਹੈ ।
21. ਹੇ ਪਿਆਰੇ ! ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਨਾਮ ਧਨ ਦਾ ਸ਼ਾਹ ਬਣ ਜਾਂਦਾ ਹੈ ।
22. ਪਰ, ਹੇ ਭਾਈ ! ਨਾਮ ਤੋਂ ਸਖਣੇ ਮਨੁੱਖ ਦੀ ਨਾ ਕਿਤੇ ਇੱਜ਼ਤ ਹੁੰਦੀ ਹੈ ਨਾ ਹੀ ਕਿਤੇ ਇਤਬਾਰ ਬਣਦਾ ਹੈ ।੫।
23. ਐ ਪਿਆਰੇ ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਜੀ ਦਾ ਨਾਮ ਵਸਦਾ ਹੈ, ਉਹ ਸਭ ਲੋਕਾਂ ਵਿਚ ਸੋਭਾ ਖੱਟਦਾ ਹੈ ।
24. ਜਿਸ ਦੇ ਹਿਰਦੇ ਅੰਦਰ ਨਾਮ ਆ ਵਸਦਾ ਹੈ, ਉਹ ਮਨੁੱਖ ਸਰਵ ਵਿਆਪਕ ਸਿਰਜਣਹਾਰ ਦਾ ਰੂਪ ਹੋ ਜਾਂਦਾ ਹੈ ।
25. ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ, ਉਹ ਸਭ ਤੋਂ ਉਚੇ ਆਤਮਕ ਜੀਵਨ ਵਾਲਾ ਬਣ ਜਾਂਦਾ ਹੈ ।
26. ਹੇ ਭਾਈ ! ਨਾਮ ਤੋਂ ਸੱਖਣਾ ਮਨੁੱਖ ਅਨੇਕਾਂ ਜੂਨਾਂ ਵਿਚ ਭਟਕਦਾ ਹੈ ।੬।
27. ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ, ਉਸ ਦੀ ਆਤਮਕ ਜੀਵਨ ਦੀ ਘਾੜਤ ਦੀ ਮਿਹਨਤ (ਸਭ ਥਾਂ) ਪ੍ਰਗਟ ਹੋ ਜਾਂਦੀ ਹੈ ।
28. ਹੇ ਪਿਆਰੇ ! ਜਿਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ, ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਹਨੇਰਾ ਮਿਟ ਜਾਂਦਾ ਹੈ ।
29. ਜਿਸ ਦੇ ਹਿਰਦੇ ਅੰਦਰ ਨਾਮ ਆ ਵਸਦਾ ਹੈ, ਉਹ

ਪ੍ਰਭੂ ਦੇ ਦਰ ਵਿਚ ਕਬੂਲ ਹੋ ਜਾਂਦਾ ਹੈ।

30. ਹੇ ਭਾਈ ! ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਮੁੜ ਮੁੜ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ।੭।

ਪ੍ਰ:—ਸ੍ਰੀ ਜੀਉ ! ਇਹ ਨਾਮ ਦੀ ਅਮੋਲਕ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲ ਸਕਦੀ ?

31. ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਹੀ ਲੋਕ ਹਨ, ਪਰ ਜਿਸ ਮਨੁੱਖ ਉਤੇ ਪ੍ਰਮਾਤਮਾਂ ਦਇਆਵਾਨ ਹੋ ਗਿਆ, ਉਸੇ ਨੇ ਹੀ ਹਰਿ ਨਾਮ ਹਾਸਲ ਕਰ ਲਿਆ ਹੈ।

32. ਸਾਧ ਸੰਗਤ ਵਿਚ (ਟਿਕ ਕੇ) ਉਸ ਨੇ ਸ੍ਰਿਸ਼ਟੀ ਦੇ ਪਾਲਣਹਾਰ ਦਾ ਦਰਸ਼ਨ ਕਰ ਲਿਆ।

33. ਹੇ ਭਾਈ ! ਉਸ ਦੇ ਜਨਮ ਮਰਣ ਦੇ ਗੇੜ ਮੁਕ ਗਏ ਅਤੇ ਉਸ ਨੇ ਆਤਮਕ ਅਨੰਦ ਪ੍ਰਾਪਤ ਕਰ ਲਿਆ।

34. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਸ ਮਨੁੱਖ ਦੀ ਜਿੰਦ ਪ੍ਰਮਾਤਮਾਂ ਦੇ ਨਾਲ ਇਕ ਮਿਕ ਹੋ ਜਾਂਦੀ ਹੈ।੮।੧।੪।

ਭਾਵਾਰਥ :—ਮਨੁੱਖ ਜਗਤ ਵਿਚ ਹਰ ਤਰ੍ਹਾਂ ਦੀ ਪ੍ਰਭਤਾ ਅਤੇ ਹਰ ਤਰ੍ਹਾਂ ਦਾ ਸੁਖ ਹਾਸਲ ਕਰਨਾ ਚਾਹੁੰਦਾ ਹੈ, ਪਰ ਇਸ ਦੇ ਸਾਰੇ ਹੀ ਜਤਨ ਨਿਸਫਲ ਜਾਂਦੇ ਹਨ, ਪਰ, ਹਰੀ ਨੂੰ ਯਾਦ ਰਖਣ ਵਾਲਾ ਹਰ ਤਰ੍ਹਾਂ ਦੀ ਪ੍ਰਭੂਤਾ ਤੇ ਹਰ ਤਰ੍ਹਾਂ ਦੇ ਸੁਖਾਂ ਦਾ ਮਾਲਕ ਬਣ ਜਾਂਦਾ ਹੈ।

ਭੈਰਉ ਮਹਲਾ ੫ ॥

1. **ਕੋਟਿ ਬਿਸਨ ਕੀਨੇ ਅਵਤਾਰ ॥**
2. **ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥**
3. **ਕੋਟਿ ਮਹੇਸ ਉਪਾਇ ਸਮਾਇ ॥**
4. **ਕੋਟਿ ਬ੍ਰਹਮੇ ਜਗੁ ਸਾਜਣ ਲਾਇ ॥੧॥**
5. **ਐਸੋ ਧਣੀ ਗੁਵਿੰਦੁ ਹਮਾਰਾ ॥**
6. **ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ਰਹਾਉ॥**
7. **ਕੋਟਿ ਮਾਇਆ ਜਾ ਕੈ ਸੇਵਕਾਇ ॥**
8. **ਕੋਟਿ ਜੀਅ ਜਾ ਕੀ ਸਿਹਜਾਇ ॥**
9. **ਕੋਟਿ ਉਪਾਰਜਨਾ ਤੇਰੈ ਅੰਗਿ ॥**
10. **ਕੋਟਿ ਭਗਤ ਬਸਤ ਹਰਿ ਸੰਗਿ ॥੨॥**
11. **ਕੋਟਿ ਛਤ੍ਰਪਤਿ ਕਰਤ ਨਮਸਕਾਰ ॥**
12. **ਕੋਟਿ ਇੰਦ੍ਰ ਠਾਢੇ ਹੈ ਦੁਆਰ ॥**
13. **ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥**
14. **ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥**
15. **ਕੋਟਿ ਪੂਰੀਅਤ ਹੈ ਜਾ ਕੈ ਨਾਦ ॥**
16. **ਕੋਟਿ ਅਖਾਰੇ ਚਲਿਤ ਬਿਸਮਾਦ ॥**
17. **ਕੋਟਿ ਸਕਤਿ ਸਿਵ ਆਗਿਆਕਾਰ ॥**
18. **ਕੋਟਿ ਜੀਅ ਦੇਵੈ ਆਧਾਰ ॥੪॥**

ਪਦ ਅਰਥ :—ਕੋਟਿ-ਕ੍ਰੋੜ । ਧ੍ਰਮਸਾਲ—ਧਰਮ ਕਮਾਵਣ ਦੇ ਥਾਂ। ਮਹੇਸ—ਸ਼ਿਵ। ਉਪਾਇ—ਪੈਦਾ ਕਰ ਕੇ। ਸਮਾਇ-ਲੀਨ ਕਰ ਲਏ। ਸਾਜਣ—ਪੈਦਾ ਕਰਨ ਦੇ ਕੰਮ ਤੇ।੧।

ਧਣੀ—ਮਾਲਕ । ਬਰਨਿ ਨ ਸਾਕਉ—ਬਰਨਿ ਨ ਸਾਕਉਂ, ਮੈਂ ਬਿਆਨ ਨਹੀਂ ਕਰ ਸਕਦਾ।੧। ਰਹਾਉ।

ਜਾ ਕੈ—ਜਿਸ ਦੇ ਦਰ ਤੇ। ਸੇਵਕਾਇ—ਦਾਸੀਆਂ। ਜੀਅ—ਜੀਵ। ਸਿਹਜਾਇ—ਸੇਜ। ਉਪਾਰਜਨਾ—ਉਤਪਤੀਆ। ਤੇਰੈ ਅੰਗਿ—ਤੇਰੇ ਅੰਗ ਵਿਚ, ਤੇਰੇ ਆਪੇ ਵਿਚ। ਸੰਗਿ—ਨਾਲ।੨।

ਛਤ੍ਰਪਤਿ—ਰਾਜੇ। ਠਾਢੇ—ਖਲੋਤੇ ਹੋਏ । ਜਾ ਕੀ—ਜਿਸ ਪ੍ਰਮਾਤਮਾਂ ਦੀ। ਦ੍ਰਿਸ਼ਟੀ ਮਾਹਿ—ਨਿਗਾਹ ਵਿਚ।੩।

ਜਾ ਕੈ—ਜਿਸ ਦੇ ਦਰ ਤੇ। ਅਖਾਰੇ-ਜਗਤ ਅਖਾੜੇ। ਚਲਤਿ—ਤਮਾਸ਼ੇ। ਬਿਸਮਾਦ—ਹੈਰਾਨ ਕਰਨ ਵਾਲੇ। ਸਕਤਿ—ਮਾਇਆ ਲਛਮੀਂ । ਸਿਵ—ਸ਼ਿਵ, ਜੀਵ । ਜੀਅ—ਜੀਵ। ਆਧਾਰ—ਆਸਰਾ।੪।

ਅਰਥ :—

ਪ੍ਰ:—ਸ੍ਰੀ ਖੀਉ ! ਜਿਸ ਪ੍ਰਮੇਸ਼ਰ ਮਾਲਕ ਦਾ ਆਪ ਜੀ ਜਿਕਰ ਕਰਦੇ ਆ ਰਹੇ ਹੋ, ਉਹ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ ?

1. ਉ.—ਹੇ ਭਾਈ ! ਉਹ ਸਾਈਂ ਜੀ ਬੇਅੰਤ ਸ਼ਕਤੀਆਂ ਦਾ ਸੋਮਾਂ ਹੈ, ਵੇਖੋ ਉਹ ਪ੍ਰਭੂ ਬੇਅੰਤ ਹੈ, ਜਿਸ ਨੇ ਕ੍ਰੋੜਾਂ ਹੀ ਵਿਸ਼ਨੂੰ ਅਵਤਾਰ ਬਣਾਏ ਹਨ।
2. ਅਤੇ ਕ੍ਰੋੜਾਂ ਹੀ ਬ੍ਰਹਮੰਡ ਜਿਸ ਦੇ ਧਰਮ ਅਸਥਾਨ ਹਨ।
3. ਹੇ ਪਿਆਰੇ ! ਉਹ ਐਸਾ ਸ਼ਕਤੀ ਸ਼ਾਲੀ ਹੈ, ਜਿਹੜਾ ਕ੍ਰੋੜਾਂ ਸ਼ਿਵ ਪੈਦਾ ਕਰਕੇ (ਆਪਣੇ ਵਿਚ ਹੀ) ਲੀਨ ਕਰ ਦੇਂਦਾ ਹੈ।
4. ਹੇ ਭਾਈਓ ! ਜਿਸ ਨੇ ਕ੍ਰੋੜਾਂ ਹੀ ਬ੍ਰਹਮੇਂ ਜਗਤ ਪੈਦਾ ਕਰਨ ਦੇ ਕੰਮ ਤੇ ਲਾਏ ਹੋਏ ਹਨ।੧।

ਪ੍ਰ:—ਸ੍ਰੀ ਜ਼ੀਉ ! ਆਖਰ ਉਸਦੇ ਕੁਝ ਗੁਣ ਤਾਂ ਬਿਆਨ ਕਰੋ ?

5. ਉ:—ਹੇ ਭਾਈਓ ! ਉਹ ਸਾਡਾ ਮਾਲਕ ਇਹੋ ਜਿਹਾ (ਬੇਅੰਤ) ਹੈ।
6. ਜੋ ਮੈਂ ਉਸ ਦੇ ਗੁਣਾਂ ਦਾ ਵਿਸਥਾਰ ਬਿਆਨ ਨਹੀਂ ਕਰ ਸਕਦਾ।੧। ਰਹਾਉ।
7. ਹੇ ਭਾਈ ! ਸੁਣੋ, ਉਹ ਗੋਬਿੰਦ ਐਸਾ ਮਾਲਕ ਹੈ ਕਿ, ਕ੍ਰੋੜਾਂ ਹੀ ਲਛਮੀਆਂ ਉਸ ਦੇ ਘਰ ਵਿਚ ਦਾਸੀਆਂ ਹਨ।
8. ਅਤੇ ਕ੍ਰੋੜਾਂ ਹੀ ਜੀਵ ਉਸ ਦੀ ਸੇਜ਼ ਹਨ।
9. ਹੇ ਮੇਰੇ ਸਾਈਆਂ ਜੀਉ ! ਕ੍ਰੋੜਾਂ ਹੀ ਉਤਪਤੀਆਂ ਤੇਰੇ ਆਪੇ ਵਿਚ ਸਮਾ ਜਾਂਦੀਆਂ ਹਨ।
10. ਹੇ ਭਾਈਓ ! ਕ੍ਰੋੜਾਂ ਹੀ ਭਗਤ ਪ੍ਰਭੂ ਦੇ ਚਰਨਾਂ ਵਿਚ ਵਸਦੇ ਹਨ।੨।
11. ਹੇ ਭਾਈ ! ਉਹ ਗੋਬਿੰਦ ਐਸਾ ਮਾਲਕ ਹੈ ਕਿ, ਕ੍ਰੋੜਾਂ ਰਾਜੇ ਉਸ ਅਗੇ ਸਿਰ ਨਿਵਾਂਦੇ ਹਨ।

12. ਅਤੇ ਕ੍ਰੋੜਾਂ ਹੀ ਇੰਦ੍ਰ ਉਸ ਦੇ ਦਰ ਤੇ ਖੜੇ ਹਨ ।

13. ਐ ਪਿਆਰੇ ! ਕ੍ਰੋੜਾਂ ਹੀ ਬੈਕੁੰਠ ਉਸ ਦੀ (ਮਿਹਰ ਦੀ) ਨਿਗਾਹ ਵਿਚ ਹਨ ।

14. ਹੇ ਭਾਈਓ ! ਉਸ ਦੇ ਕ੍ਰੋੜਾਂ ਹੀ ਨਾਮ ਹਨ (ਉਹ ਐਸਾ ਹੈ) ਕਿ ਉਸ ਦਾ ਮੁੱਲ ਨਹੀਂ ਪੈ ਸਕਦਾ ।੩।

15. ਹੇ ਭਾਈਓ ! ਉਹ ਗੋਬਿੰਦ ਐਸਾ ਕਿ, ਉਸ ਦੇ ਦਰ ਤੇ ਕ੍ਰੋੜਾਂ (ਸੰਖ ਆਦਿਕ) ਨਾਦ ਪੂਰੇ (ਵਜਾਏ) ਜਾਂਦੇ ਹਨ ।

16. ਹੇ ਭਾਈ ! ਉਸ ਦੇ ਕ੍ਰੋੜਾਂ ਹੀ ਜਗਤ ਅਖਾੜੇ ਹਨ । ਹੇ ਭਾਈਓ ! ਉਸ ਦੇ ਰਚੇ ਕੌਤਕ ਤਮਾਸ਼ੇ ਹੈਰਾਨ ਕਰਨ ਵਾਲੇ ਹਨ ।

17. ਕ੍ਰੋੜਾਂ ਸ਼ਿਵ ਤੇ ਕ੍ਰੋੜਾਂ ਸ਼ਕਤੀਆਂ ਉਸ ਦੇ ਹੁਕਮ ਵਿਚ ਤੁਰਨ ਵਾਲੇ ਹਨ ।

18. ਹੇ ਭਾਈਓ ! ਉਹ ਮਾਲਕ ਕ੍ਰੋੜਾਂ (ਹੀ) ਜ਼ੀਵਾਂ ਨੂੰ ਆਸਰਾ ਦੇ ਰਿਹਾ ਹੈ ।੪।

19. ਕੋਟਿ ਤੀਰਥ ਜਾ ਕੇ ਚਰਨ ਮਝਾਰ ॥
20. ਕੋਟਿ ਪਵਿਤ੍ਰ ਜਪਤ ਨਾਮ ਚਾਰ ॥
21. ਕੋਟਿ ਪੂਜਾਰੀ ਕਰਤੇ ਪੂਜਾ ॥
22. ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥
23. ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥
24. ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥
25. ਕੋਟਿ ਪਰਲਉ ਓਪਤਿ ਨਿਮਖ ਮਾਹਿ ॥
26. ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥
27. ਕੋਟਿ ਗਿਆਨੀ ਕਥਹਿ ਗਿਆਨੁ ॥
28. ਕੋਟਿ ਧਿਆਨੀ ਧਰਤ ਧਿਆਨੁ ॥
29. ਕੋਟਿ ਤਪੀਸਰ ਤਪ ਹੀ ਕਰਤੇ ॥
30. ਕੋਟਿ ਮੁਨੀਸਰ ਮੁੋਨਿ ਮਹਿ ਰਹਤੇ ॥੭॥
31. ਅਵਿਗਤ ਨਾਥੁ ਅਗੋਚਰ ਸੁਆਮੀ ॥
32. ਪੂਰਿ ਰਹਿਆ ਘਟ ਅੰਤਰਜਾਮੀ ॥
33. ਜਤ ਕਤ ਦੇਖਉ ਤੇਰਾ ਵਾਸਾ ॥
34. ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥

ਪਦ ਅਰਥ :—ਮਝਾਰ—ਵਿਚ । ਪਵਿਤ੍ਰ—ਸੁਚੇ ਜੀਵਨ ਵਾਲੇ ਜੀਵ । ਬਿਸਥਾਰਨੁ—ਖਿਲਾਰਾ । ਅਵਰੁ—ਹੋਰ । ਚਾਰ—ਸੁੰਦਰ ।੫।

ਨਿਰਮਲ ਹੰਸ—ਪਵਿਤ੍ਰ ਜੀਵਨ ਵਾਲੇ ਜੀਵ । ਬ੍ਰਹਮੰਸ—(ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ) ਬ੍ਰਹਮਾਂ ਦੇ ਪੁੱਤ੍ਰ । ਪਰਲਉ—ਨਾਸ । ਓਪਤਿ—ਉਤਪੱਤੀ । ਨਿਮਖ—ਅੱਖ ਝਮਕਣ ਜਿਤਨਾ ਸਮਾਂ ।੬।

ਗਿਆਨੀ—ਸਿਆਣੇ ਮਨੁੱਖ, ਆਤਮਕ ਜੀਵਨ ਦੀ ਸੂਝ ਰਖਣ ਵਾਲੇ । ਗਿਆਨੁ—ਪ੍ਰਮਾਤਮਾਂ ਦੇ ਗੁਣਾਂ ਦਾ ਵਿਚਾਰ । ਧਿਆਨੀ—ਸਮਾਧੀ ਲਾਣ ਵਾਲੇ । ਤਪੀਸਰ—ਤਪੀ ਈਸਰ, ਵਡੇ ਵਡੇ ਤਪੀ । ਮੁਨੀਸ਼ਰ—ਮੁਨੀ ਈਸ਼ਰ, ਵਡੇ ਵਡੇ ਮੁਨੀ । ਮੁੋਨਿ—ਅੱਖਰ ਮੰਮੇ ਦੇ ਨਾਲ ਦੋ ਲਗਾਂ ਹਨ—ੋ ਅਤੇ ੁ । ਅਸਲ ਲਫਜ਼ ਹੈ 'ਮੋਨਿ' ਇਥੇ ਮੁਨਿ ਪੜ੍ਹਨਾ ਹੈ, ਚੁੱਪ ।੭।

ਅਵਿਗਤ—ਅਦ੍ਰਿਸ਼ਟ । ਨਾਥੁ—ਖਸਮ ਪ੍ਰਭੂ । ਅਗੋਚਰ—(ਅ-ਗੋ-ਚਰ) ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ । ਘਟ—ਸਰੀਰ । ਅੰਤਰਜਾਮੀ—ਸਭ ਦੇ ਦਿਲ ਦੀ ਜਾਨਣ ਵਾਲਾ । ਜਤ ਕਤ—ਜਿਥੇ ਕਿਥੇ । ਦੇਖਉ—ਦੇਖਉਂ, ਮੈਂ ਵਖਦਾ ਹਾਂ । ਕਉ—ਨੂੰ । ਗੁਰਿ—ਗੁਰੂ ਨੇ । ਪ੍ਰਗਾਸਾ—ਆਤਮਕ ਚਾਨਣ ।੮।

ਅਰਥ :—

ਪ੍ਰ:—ਸ੍ਰੀ ਜੀਉ ! ਆਖਰ ਕੁਝ ਕੁ ਸ਼ਕਤੀ ਤਾਂ ਉਸ ਦੀ ਜਰੂਰ ਹੀ ਬਿਆਨ ਕਰੋ ?

19. ਉ:—ਹੇ ਭਾਈਓ ! (ਉਹ ਸਾਡਾ ਗੋਬਿੰਦ ਐਸਾ ਧਨੀ ਹੈ) ਕਿ ਕਰੋੜਾਂ ਹੀ ਤੀਰਥ ਉਸ ਦੇ ਚਰਨਾ ਵਿਚ ਹਨ, (ਭਾਵ ਉਸ ਦੇ ਚਰਨਾਂ ਵਿਚ ਜੁੜੇ ਰਹਿਣਾ ਹੀ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਬਰਾਬਰ ਹੈ) ।

20. ਹੇ ਪਿਆਰੇ ! ਕ੍ਰੋੜਾਂ ਹੀ ਜੀਵ ਉਸ ਦਾ ਸੋਹਣਾ ਨਾਮ ਜਪਦਿਆਂ ਸੁੱਚੇ ਜੀਵਨ ਵਾਲੇ ਹੋ ਜਾਂਦੇ ਹਨ ।

21. ਐ ਪਿਆਰੇ ! ਕ੍ਰੋੜਾਂ ਹੀ ਪੁਜਾਰੀ ਉਸ ਦੀ ਪੂਜਾ ਕਰ ਰਹੇ ਹਨ ।

22. ਉਸ ਮਾਲਕ ਨੇ ਕ੍ਰੋੜਾਂ ਹੀ ਜੀਵਾਂ ਦਾ ਖਿਲਾਰਾ ਖਿਲਾਰਿਆ ਹੋਇਆ ਹੈ । ਉਸ ਤੋਂ ਬਿਨਾ ਕੋਈ ਹੋਰ ਦੂਜਾ ਨਹੀਂ ਹੈ।੫।

23.24 ਹੇ ਭਾਈਓ ! ਉਹ ਸਾਡਾ ਗੋਬਿੰਦ ਐਸਾ ਹੈ ਕਿ ਕ੍ਰੋੜਾਂ ਹੀ ਪਵਿਤ੍ਰ ਜੀਵਨ ਵਾਲੇ ਜੀਵ ਉਸ ਦੀ ਮਹਿਮਾਂ ਕਰ ਰਹੇ ਹਨ, ਕ੍ਰੋੜਾਂ ਹੀ ਸਨਕ ਸਨੰਦਨ ਆਦਿ ਬ੍ਰਹਮਾਂ ਦੇ ਪੁੱਤਰ ਉਸ ਦੀ ਉਸਤਤ ਕਰ ਰਹੇ ਹਨ ।

25. ਹੇ ਪਿਆਰੇ ! ਉਹ ਗੋਬਿੰਦ ਅੱਖ ਦੇ ਇਕ ਫੋਰ ਵਿਚ ਕ੍ਰੋੜਾਂ (ਜੀਵਾਂ ਦੀ) ਉਤਪਤੀ ਤੇ ਨਾਸ (ਕਰਦਾ ਰਹਿੰਦਾ) ਹੈ ।

26. ਹੇ ਪ੍ਰਭੂ ! ਤੇਰੇ ਕ੍ਰੋੜਾਂ ਹੀ ਗੁਣ ਹਨ, (ਅਸਾਂ ਜੀਵਾਂ ਪਾਸੋਂ) ਗਿਣੇ ਨਹੀਂ ਜਾ ਸਕਦੇ ।੬।

27. ਹੇ ਭਾਈਓ ! ਉਹ ਸਾਡਾ ਗੋਬਿੰਦ ਐਸਾ ਹੈ ਕਿ ਆਤਮਕ ਜੀਵਨ ਦੀ ਸੂਝ ਵਾਲੇ ਕ੍ਰੋੜਾਂ ਹੀ ਮਨੁੱਖ ਉਸ ਦੇ ਗੁਣਾਂ ਦਾ ਵੀਚਾਰ ਬਿਆਨ ਕਰਦੇ ਹਨ ।

28. ਅਤੇ ਸਮਾਧੀਆਂ ਲਾਣ ਵਾਲੇ ਕ੍ਰੋੜਾਂ ਹੀ ਸਾਧੂ (ਉਸ ਵਿਚ) ਸੁਰਤਿ ਜੋੜੀ ਰਖਦੇ ਹਨ ।

29. ਹੇ ਭਾਈ ! ਉਸ ਦਾ ਦਰਸ਼ਨ ਕਰਨ ਲਈ ਕ੍ਰੋੜਾਂ ਹੀ ਵਡੇ ਵਡੇ ਤਪੀ ਤਪ ਕਰਦੇ ਹਨ ।

30. ਕ੍ਰੋੜਾਂ ਹੀ ਵਡੇ ਵਡੇ ਮੋਨੀ ਮੋਨ ਧਾਰੀ ਰਖਦੇ ਹਨ ।੭।

31. ਹੇ ਭਾਈਓ ! ਸਾਡਾ ਉਹ ਖਸਮ ਪ੍ਰਭੂ ਅਦ੍ਰਿਸ਼ਟ ਹੈ, ਸਾਡਾ ਉਹ ਸੁਆਮੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ ।

32. ਸਭ ਜੀਵਾਂ ਦੇ ਅੰਦਰ ਦੀ ਜਾਨਣ ਵਾਲਾ ਉਹ ਪ੍ਰਭੂ ਸਭ ਜੀਵਾਂ ਵਿਚ ਮੌਜੂਦ ਹੈ।
33. ਹੇ ਪ੍ਰਭੂ ! ਮੈਂ ਜਿਧਰ ਕਿਧਰ ਦੇਖਦਾ ਹਾਂ ਮੈਨੂੰ ਤੇਰਾ ਹੀ ਨਿਵਾਸ ਦਿਸਦਾ ਹੈ।
34. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਨੂੰ ਗੁਰੂ ਨੇ ਅਜਿਹਾ ਆਤਮਕ ਚਾਨਣ ਬਖਸ਼ਿਆ ਹੈ ।੮।੨।੫।

ਭਾਵਾਰਥ :—ਉਹ ਹਰੀ ਵਿਸ਼ਨੂੰ ਬ੍ਰਹਮਾਂ, ਸ਼ਿਵ, ਇੰਦ੍ਰ ਕੋਲੋਂ ਭੀ ਬਹੁਤ ਵਡਾ ਹੈ, ਉਹ ਅਗਮ ਅਗੋਚਰ ਹੈ, ਪਰ, ਰਹਿੰਦਾ ਫਿਰ ਭੀ ਸਾਡੇ ਅੰਦਰ ਹੈ, ਇਹ ਗੱਲ ਗੁਰੂ ਤੋਂ ਹੀ ਸਮਝ ਪੈਂਦੀ ਹੈ।

ਭੈਰਉ ਮਹਲਾ ੫ ॥

1. **ਸਤਿਗੁਰਿ ਮੋਕਉ ਕੀਨੋ ਦਾਨੁ ॥**
2. **ਅਮੋਲ ਰਤਨੁ ਹਰਿ ਦੀਨੋ ਨਾਮੁ ॥**
3. **ਸਹਜ ਬਿਨੋਦ ਚੋਜ ਆਨੰਤਾ ॥**
4. **ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥੧॥**
5. **ਕਹੁ ਨਾਨਕ ਕੀਰਤਿ ਹਰਿ ਸਾਚੀ ॥**
6. **ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ॥੧॥ਰਹਾਉ॥**
7. **ਅਚਿੰਤ ਹਮਾਰੈ ਭੋਜਨ ਭਾਉ ॥**
8. **ਅਚਿੰਤ ਹਮਾਰੈ ਲੀਚੈ ਨਾਉ ॥**
9. **ਅਚਿੰਤ ਹਮਾਰੈ ਸਬਦਿ ਉਧਾਰ ॥**
10. **ਅਚਿੰਤ ਹਮਾਰੈ ਭਰੇ ਭੰਡਾਰ ॥੨॥**
11. **ਅਚਿੰਤ ਹਮਾਰੈ ਕਾਰਜ ਪੂਰੇ ॥**
12. **ਅਚਿੰਤ ਹਮਾਰੈ ਲਥੇ ਵਿਸੂਰੇ ॥**
13. **ਅਚਿੰਤ ਹਮਾਰੈ ਬੈਰੀ ਮੀਤਾ ॥**
14. **ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥੩॥**
15. **ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥**
16. **ਅਚਿੰਤ ਹਮਾਰੀ ਪੂਰਨ ਆਸਾ ॥**
17. **ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥**
18. **ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥੪॥**

ਪਦ ਅਰਥ :-ਸਤਿਗੁਰਿ—ਗੁਰੂ ਨੇ। ਮੋ ਕਉ—ਮੈਨੂੰ। ਅਮੋਲ—ਜੋ ਕਿਸੇ ਭੀ ਮੁੱਲ ਤੋਂ ਨਾ ਮਿਲ ਸਕੇ। ਸਹਜ ਬਿਨੋਦ—ਆਤਮਕ ਅਡੋਲਤਾ ਦੇ ਅਨੰਦ। ਅਨੰਤਾ—ਬੇਅੰਤ। ਅਚਿੰਤਾ—(ਜੀਵਾਂ ਦੇ ਮਨ ਦੀ) ਚਿੰਤਾ ਦੂਰ ਕਰਨ ਵਾਲਾ ।੧।

ਕਹੁ—ਕਹਿੰਦੇ ਹਨ । ਕੀਰਤਿ—ਸਿਫਤ ਸਲਾਹ । ਸਾਚੀ—ਸਦਾ ਥਿਰ ਰਹਿਣ ਵਾਲੀ । ਬਹੁਰਿ ਬਹੁਰਿ—ਮੁੜ ਮੁੜ । ਤਿਸੁ ਸੰਗਿ—ਉਸ (ਸਿਫਤ ਸਲਾਹ) ਨਾਲ। ਰਾਚੀ-ਜੋੜੀ ਰਖ ।੧। ਰਹਾਉ।

ਅਚਿੰਤ ਭਾਉ—ਚਿੰਤਾ ਦੂਰ ਕਰਨ ਵਾਲੇ ਪ੍ਰਮੇਸ਼ਰ ਦਾ ਪਿਆਰ । ਹਮਾਰੈ—ਮੇਰੇ ਵਾਸਤੇ । ਲੀਚੈ—ਲਈਦਾ ਹੈ । ਅਚਿੰਤ ਨਾਉ—ਅਚਿੰਤ ਪ੍ਰਭੂ ਦਾ ਨਾਮ। ਅਚਿੰਤ ਸਬਦਿ—ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦੀ ਸਿਫਤ ਸਲਾਹ ਦੀ ਰਾਹੀਂ। ਉਧਾਰ—ਪਾਰ ਉਤਾਰਾ ।੨।

ਪੂਰੈ—ਸਫਲ ਹੁੰਦੇ ਹਨ। ਵਿਸੂਰੇ—ਚਿੰਤਾ, ਝੋਰੇ। ਮੀਤਾ—ਮਿੱਤਰ। ਅਚਿੰਤੋ ਹੀ—ਚਿੰਤਾ ਦੂਰ ਕਰਨ ਵਾਲਾ ਹਰਿ ਨਾਮ ਲੈ ਕੇ ਹੀ। ਵਸਿ—ਕਾਬੂ ।੩।

ਹਮ—ਸਾਨੂੰ, ਮੈਨੂੰ। ਦਿਲਾਸਾ—ਹੌਂਸ਼ਲਾ। ਹਮਾ ਕਉ—ਮੇਰੇ ਵਾਸਤੇ। ਸਿਧਾਂਤੁ—ਧਰਮ ਦਾ ਨਿਚੋੜ। ਅਚਿੰਤਾ—ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ । ਗੁਰਿ—ਗੁਰੂ ਨੇ। ਮੰਤੁ—ਉਪਦੇਸ਼ ।੪।

ਅਰਥ :—

ਪ੍ਰ:—ਸ੍ਰੀ ਜੀਉ ! ਆਖਰ ਆਪ ਜੀ ਨੂੰ ਗੁਰੂ ਦੇ ਮਿਲਾਪ ਦੀ ਰਾਹੀਂ ਹਾਸਲ ਕੀ ਹੋਇਆ ਹੈ ?

1. ਉ:—ਹੇ ਭਾਈਓ ! ਗੁਰੂ ਨੇ ਮੈਨੂੰ (ਇਹ) ਦਾਤ ਬਖਸ਼ੀ ਹੈ।
2. ਹੇ ਭਾਈ ! (ਗੁਰੂ ਨੇ ਮੈਨੂੰ ਉਹ) ਨਾਮ ਰਤਨ ਦਿਤਾ ਹੈ, ਜੋ ਕਿਸੇ ਭੀ ਮੁੱਲ ਤੋਂ ਨਹੀਂ ਮਿਲ ਸਕਦਾ।
3. ਹੇ ਭਾਈਓ ! (ਮੈਨੂੰ) ਨਾਨਕ ਨੂੰ ਹੁਣ ਉਹ ਗੁਰੂ ਦੀ ਕ੍ਰਿਪਾ ਨਾਲ ਚਿੰਤਾ ਦੂਰ ਕਰਨ ਵਾਲਾ ਪ੍ਰਮੇਸ਼ਰ ਆ ਮਿਲਿਆ ਹੈ।
4. ਜਿਸ ਦੀ ਬਰਕਤ ਨਾਲ ਉਹ ਖੁਸ਼ੀਆਂ ਤਮਾਸ਼ੇ, ਆਤਮਕ ਅਡੋਲਤਾ ਦੇ ਬੇਅੰਤ ਅਨੰਦ ਤਮਾਸ਼ੇ ਬਣੇ ਰਹਿੰਦੇ ਹਨ ।੧।

ਪ੍ਰ:—ਸ੍ਰੀ ਜੀਉ ! ਮੈਨੂੰ ਦਸੋ ਕਿ, ਮੈਂ ਹੁਣ ਕੀ ਸਾਧਨ ਕਰਿਆ ਕਰਾਂ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਤੂੰ ਹੁਣ ਪ੍ਰਮਾਤਮਾਂ ਦੀ ਇਕ ਰਸ ਰਹਿਣ ਵਾਲੀ ਵਡਿਆਈ ਕਰਿਆ ਕਰ।
6. ਅਤੇ ਆਪਣੇ ਮਨ ਨੂੰ ਮੁੜ ਮੁੜ (ਉਸੇ ਹੀ) (ਸਿਫਤ ਸਲਾਹ) ਨਾਲ ਜੋੜੀ ਰਖ ।੧। ਰਹਾਉ।

ਪ੍ਰ:—ਸ੍ਰੀ ਜੀਉ ! ਪ੍ਰਭੂ ਪਿਆਰ ਪ੍ਰਾਪਤੀ ਨਾਲ ਮਾਨਸਕ ਅਵਸਥਾ ਕਿਸ ਰੂਪ ਵਿਚ ਪ੍ਰਤੀਤ ਹੋਇਆ ਕਰਦੀ ਹੈ ?

7. ਉ:—ਹੇ ਭਾਈ ! ਅਸਲ ਵਿਚ ਗੁਰੂ ਦੀ ਕ੍ਰਿਪਾ ਨਾਲ ਹੁਣ ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਪਿਆਰ ਹੀ ਮੇਰੇ ਵਾਸਤੇ (ਆਤਮਕ ਜੀਵਨ ਦੀ) ਖੁਰਾਕ ਹੈ।
8. ਹੇ ਭਾਈ ! ਮੇਰੇ ਅੰਦਰ ਅਚਿੰਤ ਪ੍ਰਭੂ ਦਾ ਨਾਮ ਹੀ ਸਦਾ ਲਿਆ ਜਾ ਰਿਹਾ ਹੈ।
9. ਹੇ ਪਿਆਰੇ ! ਅਚਿੰਤ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਦੀ ਰਾਹੀਂ ਹੀ ਵਿਕਾਰਾਂ ਤੋਂ ਮੇਰਾ ਬਚਾਉ ਹੋ ਰਿਹਾ ਹੈ।
10. ਹੇ ਭਾਈਓ ! (ਗੁਰੂ ਦੀ ਕ੍ਰਿਪਾ ਨਾਲ) ਮੇਰੇ ਅੰਦਰ ਚਿੰਤਾ ਦੂਰ ਕਰਨ ਵਾਲੇ ਪ੍ਰਮੇਸ਼ਰ ਦੇ ਨਾਮ ਦੇ ਖਜ਼ਾਨੇ ਭਰੇ ਗਏ ਹਨ ।੨।

11. ਹੇ ਪਿਆਰੇ ! ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦੇ ਨਾਮ ਦੀ ਬਰਕਤ ਨਾਲ (ਹੁਣ) ਮੇਰੇ ਸਾਰੇ ਕੰਮ ਸਫਲ ਹੋ ਰਹੇ ਹਨ ।

12. (ਅਤੇ ਹੁਣ ਮੇਰੇ ਅੰਦਰ ਸਾਰੇ) ਚਿੰਤਾ ਝੋਰੇ ਮੁਕ ਗਏ ਹਨ ।

13. ਹੁਣ ਤਾਂ ਮੈਨੂੰ ਵੈਰੀ ਭੀ ਮਿਤ੍ਰ ਦਿਸ ਰਹੇ ਹਨ ।

ਪ੍ਰ:-ਗੁਰਦੇਵ ਜੀਉ ! ਇਹ ਮਨ ਤਾਂ ਬੜਾ ਹੀ ਚੰਚਲ ਹੈ ਇਸ ਨੂੰ ਕਿਵੇਂ ਵਸ ਵਿਚ ਕੀਤਾ ਗਿਆ ਹੈ ?

14. ਉ:-ਹੇ ਭਾਈ ! ਚਿੰਤਾ ਦੂਰ ਕਰਨ ਵਾਲਾ ਹਰੀ ਦਾ ਨਾਮ ਲੈ ਕੇ ਹੀ ਮੈਂ (ਆਪਣਾ ਇਹ ਚੰਚਲ) ਮਨ ਵਸ ਕਰ ਲਿਆ ਹੈ ।੩।

ਪ੍ਰ:-ਸ੍ਰੀ ਜੀਉ ! ਮਨੁੱਖ ਦੇ ਮਨ ਵਿਚ ਤਾਂ ਅਨੇਕਾਂ ਹੀ ਮਾਇਕ ਵਾਸ਼ਨਾਵਾਂ ਵਸ ਰਹੀਆਂ ਹਨ ਇਹ ਕਿਵੇਂ ਪੂਰੀਆਂ ਹੋ ਸਕੀਆਂ ਹਨ ?

15. ਉ:-ਹੇ ਭਾਈਓ ! ਚਿੰਤਾ ਦੂਰ ਕਰਨ ਵਾਲੇ ਪ੍ਰਮਾਤਮਾਂ ਨੇ ਮੈਨੂੰ ਹੌਂਸਲਾ ਬਖਸ਼ਿਆ ਹੈ ।

16. ਜਿਸ ਦੀ ਬਰਕਤ ਨਾਲ ਮੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ ।

ਪ੍ਰ:-ਕਿਉਂ ਜੀ ! ਹੁਣ ਆਪ ਜੀ ਕਿਸ ਧਰਮ ਤੇ ਵਿਸ਼ਵਾਸ਼ ਰਖਦੇ ਹੋ ?

17. ਉ:-ਹੇ ਭਾਈਓ ! ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ ਜਪਣਾ ਹੀ ਮੇਰੇ ਵਾਸਤੇ ਸਾਰੇ ਧਰਮਾਂ ਦਾ ਨਿਚੋੜ ਹੈ (ਇਹੋ ਹੀ ਮੇਰਾ ਨਿਸਚਾ ਹੈ) ।

18. ਹੇ ਭਾਈ ! ਪਰ, ਇਹ ਨਾਮ ਮੰਤ੍ਰ ਮੈਨੂੰ ਗੁਰੂ ਨੇ (ਹੀ) ਦਿਤਾ ਹੈ ।੪।

19. **ਅਚਿੰਤ ਹਮਾਰੇ ਬਿਨਸੇ ਬੈਰ ॥**
20. **ਅਚਿੰਤ ਹਮਾਰੇ ਮਿਟੇ ਅੰਧੇਰ ॥**
21. **ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥**
22. **ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥੫॥**
23. **ਅਚਿੰਤ ਮਿਟਿਓ ਹੈ ਸਗਲੋ ਭਰਮਾ ॥**
24. **ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥**
25. **ਅਚਿੰਤ ਹਮਾਰੈ ਅਨਹਤ ਵਾਜੈ ॥**
26. **ਅਚਿੰਤ ਹਮਾਰੈ ਗੋਬਿੰਦੁ ਗਾਜੈ ॥੬॥**
27. **ਅਚਿੰਤ ਹਮਾਰੈ ਮਨੁ ਪਤੀਆਨਾ ॥**
28. **ਨਿਹਚਲ ਧਨੀ ਅਚਿੰਤੁ ਪਛਾਨਾ ॥**
29. **ਅਚਿੰਤੋ ਉਪਜਿਓ ਸਗਲ ਬਿਬੇਕਾ ॥**
30. **ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥**
31. **ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥**
32. **ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥**
33. **ਚਿੰਤ ਅਚਿੰਤਾ ਸਗਲੀ ਗਈ ॥**
34. **ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥**

ਪਦ ਅਰਥ :-ਬੈਰ-ਵੈਰ ਵਿਰੋਧ । ਅੰਧੇਰ-ਮਾਇਆ ਦੇ ਮੋਹ ਦੇ ਹਨੇਰੇ । ਅਚਿੰਤ ਹੀ-ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ (ਜਪ ਕੇ) ਹੀ । ਮਨਿ-ਮਨ ਵਿਚ । ਘਟਿ ਘਟਿ-ਹਰੇਕ ਸਰੀਰ ਵਿਚ ।੫।

ਸਗਲੋ-ਸਾਰਾ । ਬਿਸ੍ਰਾਮਾ-ਟਿਕਾਣਾ । ਅਨਹਤ-ਇਕ ਰਸ, ਲਗਾਤਾਰ, ਬਿਨਾ ਸਾਜ ਵਜਾਇਆਂ । ਵਾਜੈ-ਵਜ ਰਿਹਾ ਹੈ, ਰਾਗ ਹੋ ਰਿਹਾ ਹੈ । ਗਾਜੈ-ਗੱਜ ਰਿਹਾ ਹੈ, ਪੂਰਾ ਪ੍ਰਭਾਵ ਪਾ ਰਿਹਾ ਹੈ ।੬।

ਪਤੀਆਨਾ-ਪਤੀਜ ਗਿਆ ਹੈ, ਭਟਕਣੋ ਹੱਟ ਗਿਆ ਹੈ । ਨਿਹਚਲ ਧਨੀ-ਸਦਾ ਕਾਇਮ ਰਹਿਣ ਵਾਲਾ ਮਾਲਕ । ਪਛਾਨਾ-ਪਛਾਣ ਲਿਆ ਹੈ, ਸਾਂਝ ਪਾ ਲਈ ਹੈ । ਬਿਬੇਕਾ-ਚੰਗੇ ਮਾੜੇ ਕੰਮ ਦੀ ਪਰਖ । ਚਰੀ-ਚੜ੍ਹੀ ਹੈ । ਹਥਿ-ਹੱਥ ਵਿਚ । ਟੇਕ-ਆਸਰਾ ।੭।

ਧੁਰਿ-ਧੁਰ ਦਰਗਾਹ ਤੋਂ । ਅਚਿੰਤਾ-ਚਿੰਤਾ ਦੂਰ ਕਰਨ ਵਾਲਾ ਹਰਿ ਨਾਮ । ਚਿੰਤ ਸਗਲੀ-ਸਾਰੀ ਚਿੰਤਾ । ਪ੍ਰਭ ਮਈ-ਪ੍ਰਭੂ ਦਾ ਰੂਪ ।੮।

ਅਰਥ :-

ਪ੍ਰ:-ਸ੍ਰੀ ਜੀਉ ! ਨਾਮ ਜਪਣ ਨਾਲ ਮਨ ਵਿਚ ਹੋਰ ਕੀ ਬਦਲੀ ਆਈ ਹੈ ?

19. ਉ:-ਐ ਪਿਆਰੇ ! ਚਿੰਤਾ ਦੂਰ ਕਰਨ ਵਾਲੇ ਪ੍ਰਮੇਸ਼ਰ ਦਾ ਨਾਮ ਜਪ ਕੇ (ਮੇਰੇ ਅੰਦਰੋਂ ਸਾਰੇ) ਵੈਰ ਵਿਰੋਧ ਨਾਸ ਹੋ ਗਏ ਹਨ ।

20. ਅਤੇ ਮੇਰੇ (ਮਨ) ਵਿਚੋਂ ਮਾਇਆ ਦੇ ਮੋਹ ਦੇ ਹਨੇਰੇ ਦੂਰ ਹੋ ਗਏ ਹਨ ।

21. ਹੇ ਭਾਈ ! ਚਿੰਤਾ ਦੂਰ ਕਰਨ ਵਾਲਾ ਨਾਮ ਜਪ ਕੇ ਹੀ ਮੇਰੇ ਮਨ ਵਿਚ ਪ੍ਰਮੇਸ਼ਰ ਦੀ ਸਿਫਤ ਸਲਾਹ ਪਿਆਰੀ ਲਗ ਰਹੀ ਹੈ ।

22. ਅਤੇ ਉਸ ਪ੍ਰਮਾਤਮਾਂ ਨੂੰ ਮੈਂ ਹਰੇਕ ਹਿਰਦੇ ਵਿਚ ਵਸਦਾ ਵੇਖ ਲਿਆ ਹੈ ।੫।

23. ਐ ਪਿਆਰੇ ! ਚਿੰਤਾ ਦੂਰ ਕਰਨ ਵਾਲੇ ਹਰਿ ਨਾਮ ਦੀ ਬਰਕਤ ਨਾਲ ਹੀ (ਮੇਰੇ ਅੰਦਰੋਂ) ਸਾਰੀ ਹੀ ਭਟਕਣਾ ਮੁੱਕ ਗਈ ਹੈ ।

24. ਹੇ ਭਾਈਓ ! (ਜਦੋਂ ਤੋਂ) ਅਚਿੰਤ ਪ੍ਰਭੂ ਮੇਰੇ ਮਨ ਵਿਚ ਆ ਵਸਿਆ ਹੈ, (ਹੁਣ) ਮੇਰੇ ਅੰਦਰ ਆਤਮਕ ਅਨੰਦ ਦਾ (ਪੱਕਾ) ਟਿਕਾਣਾ ਬਣ ਗਿਆ ਹੈ ।

ਪ੍ਰ:-ਸ੍ਰੀ ਜੀਉ ! ਹੁਣ ਆਪ ਜੀ ਨੂੰ ਅੰਤਰ ਆਤਮੇ ਕੀ ਪ੍ਰਤੀਤ ਹੋ ਰਿਹਾ ਹੈ ?

25. ਉ:-ਹੇ ਭਾਈ ! ਹੁਣ ਮੇਰੇ ਅੰਦਰ ਚਿੰਤਾ ਦੂਰ ਕਰਨ ਵਾਲੇ ਹਰਿ ਨਾਮ ਦਾ ਇਕ ਰਸ ਵਾਜਾ ਵੱਜ ਰਿਹਾ ਹੈ ।

26. ਅਤੇ ਹੁਣ ਮੇਰੇ ਅੰਦਰ ਗੋਬਿੰਦ ਦਾ ਨਾਮ ਹੀ ਹਰ ਵੇਲੇ ਗਜ ਰਿਹਾ ਹੈ ।੬।
27. ਹੇ ਭਾਈਓ ! ਚਿੰਤਾ ਦੂਰ ਕਰਨ ਵਾਲੇ ਹਰਿ ਨਾਮ ਦੀ ਬਰਕਤ ਨਾਲ ਮੇਰਾ ਮਨ ਭਟਕਣੋਂ ਹਟ ਗਿਆ ਹੈ ।
28. ਐ ਪਿਆਰੇ ! ਅਚਿੰਤ ਹਰਿ ਨਾਮ ਜਪ ਕੇ ਮੈਂ ਸਦਾ ਕਾਇਮ ਰਹਿਣ ਵਾਲੇ ਮਾਲਕ ਪ੍ਰਭੂ ਨਾਲ ਸਾਂਝ ਪਾ ਲਈ ਹੈ ।
29. ਹੇ ਭਾਈਓ ! ਚਿੰਤਾ ਦੂਰ ਕਰਨ ਵਾਲਾ ਹਰਿ ਨਾਮ ਜਪ ਕੇ ਹੀ ਮੇਰੇ ਅੰਦਰ ਚੰਗੇ ਮਾੜੇ ਕੰਮ ਦੀ ਸਾਰੀ ਪਛਾਣ ਪੈਦਾ ਹੋ ਗਈ ਹੈ ।
30. ਐ ਪਿਆਰੇ ! ਇਸ ਅਚਿੰਤ ਹਰਿ ਨਾਮ ਦੀ (ਹੁਣ) ਮੈਨੂੰ ਸਦਾ ਲਈ ਟੇਕ ਮਿਲ ਗਈ ਹੈ ।੭।

ਪ੍ਰ:—ਸ੍ਰੀ ਜੀਉ ! ਉਸ ਚਿੰਤਾ ਰਹਿਤ ਕਰਨ ਵਾਲੇ ਹਰਿ ਨਾਮ ਦਾ ਸਾਰੇ ਲੋਕ ਹੀ ਚਿੰਤਨ ਕਿਉਂ ਨਹੀਂ ਕਰਦੇ ?

31. ਉ:—ਹੇ ਪਿਆਰੇ ! ਚਾਹੁੰਦੇ ਤਾਂ ਸਾਰੇ ਹੀ ਹਨ ਪਰ ਕਿਸੇ ਦੇ ਕੀ ਵੱਸ ਹੈ ? (ਕਿਉਂਕਿ) ਜਿਸ ਮਨੁੱਖ ਦੇ ਮੱਥੇ ਉਤੇ ਪ੍ਰਭੂ ਨੇ ਚਿੰਤਾ ਦੂਰ ਕਰਨ ਵਾਲੇ ਹਰਿ ਨਾਮ ਦੀ ਪ੍ਰਾਪਤੀ ਦਾ ਲੇਖ ਧੁਰ ਦਰਗਾਹੋਂ ਲਿਖ ਦਿਤਾ ਹੈ ।
32. ਉਸ ਨੂੰ ਉਹ ਸਭ ਦਾ ਮਾਲਕ ਪ੍ਰਭੂ ਮਿਲ ਪੈਂਦਾ ਹੈ ।
33. ਹੇ ਭਾਈ ! ਚਿੰਤਾ ਦੂਰ ਕਰਨ ਵਾਲਾ ਹਰਿ ਨਾਮ ਜਪ ਕੇ ਮੇਰੀ ਸਾਰੀ ਚਿੰਤਾ ਦੂਰ ਹੋ ਗਈ ਹੈ ।
34. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਹੁਣ ਮੈਂ ਸਦਾ ਲਈ ਪ੍ਰਭੂ ਵਿਚ ਲੀਨ ਹੋ ਗਿਆ ਹਾਂ ।੮।੩।੬।

ਭਾਵਾਰਥ:—ਗੁਰੂ ਦੀ ਮਿਹਰ ਨਾਲ ਐਸਾ ਹਰੀ ਸਾਨੂੰ ਸੁਤੇ ਸਿਧ ਹੀ ਅਨੁਭਵ ਹੋ ਆਉਂਦਾ ਹੈ ਅਤੇ ਸਾਡੀ ਆਮ ਵਰਤੋਂ ਵਿਚ ਭੀ ਅੰਗ ਸੰਗ ਰਹਿੰਦਾ ਹੋਇਆ ਅਨੁਭਵ ਹੋ ਆਉਂਦਾ ਹੈ ।

ਪਿਛੇ ਆਏ ਅੰਕਾਂ ਦਾ ਵੇਰਵਾ :-

ਅਸਟਪਦੀ ਮਹਲਾ ੧	੧
ਅਸਟਪਦੀਆ ਮਹਲਾ ੩	੨
ਅਸਟਪਦੀਆ ਮਹਲਾ ੫	੩
ਜੋੜ	੬

ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰੁ ੧

੧ ਓ ਸਤਿਗੁਰ ਪ੍ਰਸਾਦਿ ॥

1. **ਇਹੁ ਧਨੁ ਮੇਰੈ ਹਰਿ ਕੋ ਨਾਉ ॥**
2. **ਗਾਂਠਿ ਨ ਬਾਧਉ ਬੇਚਿ ਨ ਖਾਉ ॥੧॥ ਰਹਾਉ ॥**
3. **ਨਾਉ ਮੇਰੈ ਖੇਤੀ ਨਾਉ ਮੇਰੈ ਬਾਰੀ ॥**
4. **ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥੧॥**
5. **ਨਾਉ ਮੇਰੈ ਮਾਇਆ ਨਾਉ ਮੇਰੈ ਪੂੰਜੀ ॥**
6. **ਤੁਮਹਿ ਛੋਡਿ ਜਾਨਉ ਨਹੀ ਦੂਜੀ ॥੨॥**
7. **ਨਾਉ ਮੇਰੈ ਬੰਧਿਪ ਨਾਉ ਮੇਰੈ ਭਾਈ ॥**
8. **ਨਾਉ ਮੇਰੈ ਸੰਗਿ ਅੰਤਿ ਹੋਇ ਸਖਾਈ ॥੩॥**
9. **ਮਾਇਆ ਮਹਿ ਜਿਸੁ ਰਖੈ ਉਦਾਸੁ ॥**
10. **ਕਹਿ ਕਬੀਰ ਹਉ ਤਾ ਕੋ ਦਾਸੁ ॥੪॥੧॥**

ਪਦ ਅਰਥ:—ਮੇਰੈ—ਮੇਰੇ ਕੋਲ । ਕੋ—ਦਾ । ਗਾਂਠਿ—ਗੰਢ ਪਲੇ । ਗਾਂਠਿ ਨ ਬਾਧਉ—ਮੈਂ ਪਲੇ ਨਹੀਂ ਬੰਨ੍ਹਦਾ, ਮੈਂ ਸੂਮ ਵਾਂਗ ਲੁਕਾ ਨਹੀਂ ਰਖਦਾ । ਬੇਚਿ ਨ ਖਾਉ—ਮੈਂ ਇਸ ਨੂੰ ਵੇਚ ਕੇ ਭੀ ਨਹੀਂ ਖਾਂਦਾ, ਮੈਂ ਇਸ ਧਨ ਨੂੰ ਫਜ਼ੂਲ ਭੀ ਨਹੀਂ ਖਰਚਦਾ, ਮੈਂ ਇਸ ਧਨ ਦਾ ਵਿਖਾਵਾ ਭੀ ਨਹੀਂ ਕਰਦਾ ।੧। ਰਹਾਉ ।

ਬਾਰੀ—ਵਾੜੀ, ਬਗੀਚੀ । ਕਰਉ—ਕਰਾਂਉ ,ਮੈਂ ਕਰਦਾ ਹਾਂ । ਜਨ—(ਮੈਂ) ਦਾਸ ।੧।

ਮਾਇਆ—ਧਨ । ਪੂੰਜੀ—ਰਾਸ । ਦੂਜੀ—ਕੋਈ ਹੋਰ ਰਾਸ ਪੂੰਜੀ ।੨।

ਬੰਧਿਪ—ਸੰਬੰਧੀ । ਭਾਈ-ਭਰਾ । ਸੰਗਿ—ਨਾਲ । ਸਖਾਈ—ਸਹਾਈ, ਸਹਾਇਤਾ ਕਰਨ ਵਾਲਾ ।੩।

ਜਿਸੁ—ਜਿਸ (ਮਨੁੱਖ) ਨੂੰ । ਉਦਾਸੁ—ਨਿਰਲੇਪ । ਤਾ ਕੋ—ਉਸ ਦਾ ।੪।

ਅਰਥ :—

ਪ੍ਰ:—ਕਬੀਰ ਜੀ ਦੇ ਪਾਸ ਇਕ ਬਹੁਤ ਵਡਾ ਧਨੀ ਆਇਆ ਜਿਸ ਨੇ ਆ ਕੇ ਕਿਹਾ ਕਿ, ਹੇ ਕਬੀਰ ! ਮੈਂ ਵੇਖਦਾ ਹਾਂ ਕਿ ਤੇਰੇ ਪਾਸ ਉੱਕਾ ਹੀ ਸੰਸਾਰਕ ਧਨ ਨਹੀਂ ਹੈ, ਇਸ ਲਈ ਮੈਂ ਚਾਹੁੰਦਾ ਹਾਂ ਕਿ, ਤੂੰ ਮੇਰੇ ਪਾਸੋਂ ਜਿਤਨਾ ਚਾਹੇ ਧਨ ਲੈ ਸਕਦਾ ਹੈਂ, ਪਰ ਮੈਨੂੰ ਇਸ ਦੇ ਬਦਲੇ ਵਿਚ ਨਾਮ ਵੇਚ ਦੇ ?

1. ਉ:—ਹੇ ਭਾਈ ! (ਅਸਲ ਵਿਚ ਤਾਂ ਮੇਰੇ ਪਾਸ ਸੱਚਾ) ਪ੍ਰਭੂ ਦਾ ਇਹ ਨਾਮ ਹੀ ਮੇਰੇ ਲਈ ਧਨ ਹੈ, ਭਾਵ, ਜਿਵੇਂ ਲੋਕ ਮਾਇਕੀ ਧਨ ਨੂੰ ਜੀਵਨ ਦਾ ਸਹਾਰਾ ਬਣਾ ਲੈਂਦੇ ਹਨ, ਤਿਵੇਂ ਮੇਰੇ ਜੀਵਨ ਦਾ ਸਹਾਰਾ ਪ੍ਰਭੂ ਦਾ ਨਾਮ ਹੀ ਹੈ ।

ਪ੍ਰ:—ਕਬੀਰ ਜੀ ! ਕੀ, ਤੁਸੀਂ ਸੂਮ ਪੁਣਾ ਕਰਦੇ ਹੋ, ਕਿਉਂਕਿ, ਜੋ ਤੁਹਾਡੇ ਪਾਸ ਨਾਮ ਦਾ ਧਨ ਹੈ ਉਹ ਕਿਸੇ ਨੂੰ ਦੇਣਾ ਨਹੀਂ ਚਾਹੁੰਦੇ ?

2. ਉ:–ਹੇ ਭਾਈ ! ਅਸਲ ਵਿਚ ਨਾ ਤਾਂ ਮੈਂ ਇਸ ਨੂੰ ਲੁਕਾਕੇ ਰਖਦਾ ਹਾਂ ਅਤੇ ਨਾ ਹੀ ਵਿਖਾਵੇ ਲਈ ਵਰਤਦਾ ਹਾਂ; ਭਾਵ ਹੈ ਕਿ ਅਧਿਕਾਰੀ ਨੂੰ ਇਹ ਨਾਮ ਧਨ ਦੇਣ ਵਿਚ ਮੈਨੂੰ ਕੋਈ ਸੂਮਤਾ ਨਹੀਂ ਹੈ ਅਤੇ ਅਨ ਅਧਿਕਾਰੀ ਨੂੰ ਸੰਸਾਰੀ ਧਨ ਦੇ ਬਦਲੇ ਇਹ ਨਾਮ ਧਨ ਮੈਂ ਦੇਣ ਲਈ ਤਿਆਰ ਨਹੀਂ ਹਾਂ ।੧।

ਪ੍ਰ:ਕਬੀਰ ਜੀ,ਤੁਸੀਂ ਨਾਮ ਵਿਚ ਕਿਤਨਾ ਕੁ ਨਿਸਚਾ ਰਖਦੇ ਹੋ?

3. ਉ:–ਹੇ ਪਿਆਰੇ ! ਕੋਈ ਤਾਂ ਖੇਤੀਬਾੜੀ ਨੂੰ ਹੀ ਜੀਵਨ ਦਾ ਆਸਰਾ ਮੰਨਦਾ ਹੈ, ਪਰ ਮੇਰੇ ਲਈ ਤਾਂ ਪ੍ਰਭੂ ਦਾ ਨਾਮ ਹੀ ਖੇਤੀ ਹੈ ਨਾਮ ਹੀ ਬਗੀਚੀ ਹੈ ।

4. ਹੇ ਮੇਰੇ ਪ੍ਰਭੂ ! ਮੈਂ ਤੇਰਾ ਦਾਸ ਤੇਰੀ ਹੀ ਸ਼ਰਨ ਹਾਂ ਅਤੇ ਤੇਰੀ ਹੀ ਭਗਤੀ ਕਰਦਾ ਹਾਂ ।੧।

5. ਹੇ ਪ੍ਰਭੂ ! ਤੇਰਾ ਨਾਮ ਹੀ ਮੇਰੇ ਲਈ ਮਾਇਆ ਹੈ ਤੇ ਰਾਸ-ਪੂੰਜੀ ਹੈ ਵਪਾਰ ਕਰਨ ਲਈ, ਭਾਵ ਵਪਾਰ ਸਰੀਰਕ ਨਿਰਬਾਹ ਵਾਸਤੇ ਹੈ, ਮੇਰੀ ਜ਼ਿੰਦਗੀ ਦਾ ਸਹਾਰਾ ਨਹੀਂ ਹੈ।

6. ਹੇ ਮੇਰੇ ਪ੍ਰਭੂ ਜੀ ! ਤੈਨੂੰ ਵਿਸਾਰ ਕੇ ਮੈਂ ਕਿਸੇ ਹੋਰ ਰਾਸ ਪੂੰਜੀ ਨਾਲ ਸਾਂਝ ਨਹੀਂ ਬਣਾਂਦਾ ।੨।

7. ਹੇ ਪਿਆਰੇ ! ਪ੍ਰਭੂ ਦਾ ਨਾਮ ਹੀ ਮੇਰੇ ਲਈ ਰਿਸ਼ਤੇਦਾਰ ਹੈ, ਅਤੇ ਨਾਮ ਹੀ ਮੇਰਾ ਭਰਾ ਹੈ ।

8. ਹੇ ਭਾਈਓ ! (ਮੈਨੂੰ ਹੁਣ ਯਕੀਨ ਹੋ ਗਿਆ ਹੈ ਕਿ) ਨਾਮ ਹੀ ਮੇਰੇ ਨਾਲ ਆਖਰ ਨੂੰ ਸਹਾਇਤਾ ਕਰਨ ਵਾਲਾ ਬਣ ਸਕਦਾ ਹੈ ।੩।

ਪ੍ਰ:–ਕਬੀਰ ਜੀ ! ਨਾਮ ਜਪਣ ਵਾਲੇ ਦੀ ਤੁਹਾਡੇ ਮਨ ਵਿਚ ਕਿਤਨੀ ਕੁ ਕਦਰ ਹੈ ?

9. ਉ:–ਹੇ ਭਾਈਓ ! ਉਹ ਪ੍ਰਮੇਸ਼ਰ ਜਿਸ ਨੂੰ ਮਾਇਆ ਵਿਚ ਉਦਾਸ (ਤਿਆਗੀ) ਰਖਦਾ ਹੈ ।

10: ਕਬੀਰ ਜੀ ! ਕਥਨ ਕਰਦੇ ਹਨ ਕਿ, (ਹੇ ਭਾਈਓ ! ਮੈਂ ਉਹ ਨਾਮ ਜਪਣ ਵਾਲ ਦਾ) ਸੇਵਕ ਹਾਂ ।੪।੧।

ਭਾਵਾਰਥ :–ਜੀਵਨ ਨਿਰਬਾਹ ਵਾਸਤੇ ਮਨੁੱਖ ਧਨ ਕਮਾਉਣਾ ਸ਼ੁਰੂ ਕਰਦਾ ਹੈ, ਪਰ, ਸਹਿਜੇ ਸਹਿਜੇ ਇਸ ਨਾਲ ਇਤਨਾ ਮੋਹ ਬਣ ਜਾਂਦਾ ਹੈ ਕਿ, ਇਸ ਦੀ ਜ਼ਿੰਦਗੀ ਦਾ ਆਸਰਾ ਧਨ ਹੀ ਬਣ ਜਾਂਦਾ ਹੈ । ਆਪਣੇ ਸਰੀਰ ਦੇ ਨਿਰਬਾਹ ਵਾਸਤੇ ਆਪਣੀ ਹਥੀਂ ਹੀ ਕਮਾਈ ਕਰਨੀ ਯੋਗ ਹੈ, ਕਿਸੇ ਹੋਰ ਉਤੇ ਆਪਣਾ ਭਾਰ ਨਹੀਂ ਪਾਣਾ ਚਾਹੀਦਾ, ਪਰ ਧਨ ਨੂੰ ਜ਼ਿੰਦਗੀ ਦਾ ਮਨੋਰਥ ਹੀ ਨਹੀਂ ਬਣਾ ਲੈਣਾ ਚਾਹੀਦਾ, ਇਹੋ ਇਸ ਸ਼ਬਦ ਵਿਚ ਕਬੀਰ ਜੀ ਸਿਧਾਂਤ ਅੰਕਤ ਕਰਦੇ ਹਨ ।

1. ਨਾਂਗੇ ਆਵਨੁ ਨਾਂਗੇ ਜਾਨਾ ॥
2. ਕੋਇ ਨ ਰਹਿਹੈ ਰਾਜਾ ਰਾਨਾ ॥੧॥
3. ਰਾਮੁ ਰਾਜਾ ਨਉ ਨਿਧਿ ਮੇਰੈ ॥
4. ਸੰਪੈ ਹੇਤੁ ਕਲਤੁ ਧਨੁ ਤੇਰੈ ॥੧॥ ਰਹਾਉ ॥
5. ਆਵਤ ਸੰਗ ਨ ਜਾਤ ਸੰਗਾਤੀ ॥
6. ਕਹਾ ਭਇਓ ਦਰਿ ਬਾਂਧੇ ਹਾਥੀ ॥੨॥
7. ਲੰਕਾ ਗਢੁ ਸੋਨੇ ਕਾ ਭਇਆ ॥
8. ਮੂਰਖੁ ਰਾਵਨੁ ਕਿਆ ਲੇ ਗਇਆ ॥੩॥
9. ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥
10. ਚਲੇ ਜੁਆਰੀ ਦੁਇ ਹਥ ਝਾਰਿ ॥੪॥੨॥

ਪਦ ਅਰਥ :–ਨ ਰਹਿਹੈ–ਨਹੀਂ ਰਹੇਗਾ ।੧।

ਰਾਮੁ ਰਾਜਾ–ਸਾਰੇ ਜਗਤ ਦਾ ਮਾਲਕ ਪ੍ਰਭੂ । ਨਉ ਨਿਧਿ–ਨੌਂ ਖਜ਼ਾਨੇ, ਜਗਤ ਦਾ ਸਾਰਾ ਧਨ ਮਾਲ । ਮੇਰੈ–ਮੇਰੇ ਭਾਣੇ, ਮੇਰੇ ਲਈ, ਮੇਰੇ ਹਿਰਦੇ ਵਿਚ । ਸੰਪੈ ਹੇਤੁ–ਐਸ਼੍ਵਰਜ ਦਾ ਮੋਹ । ਕਲਤੁ–ਇਸਤ੍ਰੀ । ਤੇਰੈ–ਤੇਰੇ ਲਈ, ਤੇਰੇ ਮਨ ਵਿਚ ।੧। ਰਹਾਉ ।

ਸੰਗਾਤੀ–ਨਾਲ । ਦਰਿ–ਬੂਹੇ ਤੇ ।੨।

ਗਢੁ–ਕਿਲ੍ਹਾ ।੩।

ਕਹਿ–ਕਹੈ, ਆਖਦਾ ਹੈ । ਗੁਨੁ–ਭਲਿਆਈ । ਦੋਇ ਹਥ ਝਾਰਿ–ਦੋਵੇਂ ਹੱਥ ਝਾੜ ਕੇ, ਖਾਲੀ ਹੱਥੀਂ ।੪।

ਅਰਥ :–

ਪ੍ਰ:–ਸ੍ਰੀ ਕਬੀਰ ਜੀਉ ! ਦਸੋ, ਉਸ ਪ੍ਰਮੇਸ਼ਰ ਦਾ ਨਾਮ ਚਿੰਤਨ ਕਰਦਿਆਂ ਕਰਦਿਆਂ ਆਖਰ ਤੁਹਾਨੂੰ ਹੁਣ ਸੋਝੀ ਕੀ ਹੋ ਆਈ ਹੈ ?

1. ਉ:–ਹੇ ਭਾਈਓ ! ਮੈਨੂੰ ਤਾਂ ਜਗਤ ਵਿਚ ਹੁਣ ਇਉਂ ਹੀ ਪ੍ਰਤੀਤ ਹੋ ਆਈ ਹੈ ਕਿ, ਇਥੇ ਨੰਗੇ ਆਈਦਾ ਹੈ ਅਤੇ ਨੰਗੇ ਹੀ ਇਥੋਂ ਤੁਰ ਪਈਦਾ ਹੈ ।

2. (ਭਾਵੇਂ) ਕੋਈ ਰਾਜਾ ਹੋਵੇ, ਭਾਵੇਂ ਅਮੀਰ ਹੋਵੇ, ਇਥੇ ਕਿਸੇ ਨੇ ਭੀ ਸਦਾ ਨਹੀਂ ਰਹਿਣਾ ।੧।

ਪ੍ਰ:–ਕਬੀਰ ਜੀਉ ! ਤੁਸੀਂ ਇਸ ਜਗਤ ਵਿਚ ਆਪਣਾ ਸਹੀ ਆਸਰਾ ਕਿਹੜਾ ਮੰਨਦੇ ਹੋ ?

3. ਉ–ਹੇ ਭਾਈਓ ! ਮੇਰੇ ਲਈ ਤਾਂ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਹੀ ਜਗਤ ਦਾ ਸਾਰਾ ਧਨ ਮਾਲ ਹੈ, (ਭਾਵ, ਪ੍ਰਭੂ ਮੇਰੇ ਹਿਰਦੇ ਵਿਚ ਵਸਦਾ ਹੈ, ਇਹੀ ਮੇਰੇ ਲਈ ਸਭ ਕੁਝ ਹੈ) ।

4. ਪਰ, ਐ ਪਿਆਰੇ ! ਮੈਂ ਤਾਂ ਵੇਖਦਾ ਹਾਂ ਕਿ, ਤੇਰੇ ਭਾਣੇ ਐਸ਼੍ਵਰਜ ਦਾ ਮੋਹ, ਇਸਤ੍ਰੀ, ਧਨ (ਇਹੀ ਜ਼ਿੰਦਗੀ ਦਾ ਸਹਾਰਾ ਹਨ) ।੧। ਰਹਾਉ ।

ਪ੍ਰ:–ਭਗਤ ਜੀ ! ਤੁਹਾਨੂੰ ਇਹ ਇਤਨੀ ਨਿਰਮੋਹਤਾ ਕਿਵੇਂ ਪ੍ਰਤੀਤ ਹੋ ਆਈ ਹੈ ?

5. ਉ:–ਹੇ ਸਜਨਾ ! ਮੈਂ ਤਾਂ ਵੇਖ ਰਿਹਾ ਹਾਂ ਕਿ, ਜੋ ਜਨਮ ਵੇਲੇ ਨਾਲ ਆਉਂਦਾ ਹੈ, ਭਾਵ, ਇਹ ਨਾਲ ਜੰਮਿਆਂ ਸਰੀਰ (ਤੁਰਨ ਵੇਲੇ) ਨਾਲ ਨਹੀਂ ਜਾਂਦਾ ।

6. ਹੇ ਪਿਆਰੇ ! ਮੈਂ ਤਾਂ ਜਦੋਂ ਵੀਚਾਰ ਦ੍ਰਿਸ਼ਟੀ ਨਾਲ ਤਕਦਾ

ਹਾਂ ਤਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ, ਜੇ ਬੂਹੇ ਉਤੇ ਹਾਥੀ ਬਝੇ ਹੋਏ ਹਨ ਤਾਂ ਭੀ ਕੀ ਹੋਇਆ ? (ਕਿਉਂਕਿ) ਇਨ੍ਹਾਂ ਨੇ ਸਾਡੇ ਨਾਲ ਹੀ ਨਹੀਂ ਜਾਣਾ ।੨।

7. ਹੇ ਭਾਈਓ ! ਲੋਕ ਆਖਦੇ ਹਨ ਕਿ, ਲੰਕਾ ਦਾ ਕਿਲ੍ਹਾ ਸੋਨੇ ਦਾ ਬਣਿਆ ਹੋਇਆ ਸੀ ।

8. ਪਰ, ਹੇ ਭਾਈ ! ਇਸੇ ਦੇ ਮਾਣ ਉਤੇ ਰਹਿਣ ਵਾਲਾ ਮੂਰਖ ਰਾਵਣ (ਮਰਨ ਵੇਲੇ) ਆਪਣੇ ਨਾਲ ਕੁਝ ਭੀ ਨਾ ਲੈ ਗਿਆ ।੩।

ਪ੍ਰ:—ਕਬੀਰ ਜੀਉ ! ਮੈਨੂੰ ਕਿਰਪਾ ਕਰ ਕੇ ਕੋਈ ਸ਼ੁਭ ਉਪਦੇਸ਼ ਦਿਓ ?

9. ਉ:—ਕਬੀਰ ਜੀ ! ਆਖਦੇ ਹਨ ਕਿ, ਹੇ ਭਾਈ ! ਤੂੰ ਕੋਈ ਭਲਿਆਈ ਦੀ ਗਲ ਵੀਚਾਰਨਾ ਕਰ ।

ਪ੍ਰ:—ਕਬੀਰ ਜੀਉ ! ਉਹ ਭਲਿਆਈ ਦੀ ਗੱਲ ਭੀ ਮੈਨੂੰ ਦਸ ਦਿਓ ?

10. ਉ:—ਹੇ ਭਾਈ, ਤੇਰੀ ਭਲਾਈ ਦੀ ਗੱਲ ਤਾਂ ਇਕ ਇਹੋ ਹੀ ਹੈ ਕਿ, (ਧਨ ਉਤੇ ਮਾਣ ਕਰਨ ਵਾਲਾ ਬੰਦਾ) ਜੁਆਰੀਏ ਵਾਂਗ (ਜਗਤ ਤੋਂ) ਖਾਲੀ ਹੱਥ ਤੁਰ ਪੈਂਦਾ ਹੈ ।੪।੨।

ਭਾਵਾਰਥ :—ਲੋਕਾਂ ਦੇ ਆਮ ਪ੍ਰਚਲਤ ਖਿਆਲਾਂ ਨੂੰ ਉਨ੍ਹਾਂ ਦੇ ਸਾਹਮਣੇ ਰਖ ਕੇ ਹੀ ਭਗਤ ਜੀ ਜੀਵਨ ਦਾ ਸਹੀ ਰਾਹ ਦਸਦੇ ਹਨ । ਲੰਕਾ ਦਾ ਕਿਲ੍ਹਾ ਸਾਰੇ ਦਾ ਸਾਰਾ ਸੋਨੇ ਦਾ ਬਣਿਆ ਹੋਇਆ ਸੀ ਜਾਂ ਨਹੀਂ । ਇਸ ਗਲ ਨਾਲ ਭਗਤ ਜੀ ਦਾ ਕੋਈ ਵਾਸਤਾ ਨਹੀਂ ਹੈ । ਲੋਕਾਂ ਵਿਚ ਇਹੀ ਗਲ ਮਸ਼ਹੂਰ ਹੈ ਕਿ ਰਾਵਣ ਦੀ ਲੰਕਾ ਸੋਨੇ ਦੀ ਸੀ ਤੇ ਲੋਕ ਰਾਵਣ ਦਾ ਅੰਤ ਦਾ ਹਾਲ ਭੀ ਜਾਣਦੇ ਹਨ ਕਿ, ਮਹੱਲਾਂ ਵਿਚ ਕੋਈ ਦੀਵਾ ਜਗਾਣ ਜੋਗਾ ਭੀ ਨਾ ਰਹਿ ਗਿਆ, ਸੋ, ਇਹੀ ਪ੍ਰਸਿਧ ਕਹਾਣੀ ਸਾਹਮਣੇ ਰਖ ਕੇ ਸਮਝਾਂਦੇ ਹਨ ਕਿ, ਧਨ, ਪਦਾਰਥ ਦਾ ਆਸਰਾ ਲੈਣਾ ਕੱਚੀ ਗਲ ਹੈ । ਇਸ ਸੱਚੇ ਨਾਮ ਧਨ ਨੂੰ ਛਡ ਕੇ ਸੰਸਾਰ ਧਨ ਤੇ ਸੰਪਦਾ ਪਿਛੇ ਪੈਣਾ ਆਪਣਾ ਜਨਮ ਵਿਅਰਥ ਹੀ ਗਵਾਣਾ ਹੈ ।

1. **ਮੈਲਾ ਬ੍ਰਹਮਾ ਮੈਲਾ ਇੰਦੁ ॥**
2. **ਰਵਿ ਮੈਲਾ ਮੈਲਾ ਹੈ ਚੰਦੁ ॥੧॥**
3. **ਮੈਲਾ ਮਲਤਾ ਇਹੁ ਸੰਸਾਰੁ ॥**
4. **ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਤਾਰੁ ॥੧॥ ਰਹਾਉ ॥**
5. **ਮੈਲੇ ਬ੍ਰਹਮੰਡਾਇ ਕੈ ਈਸ ॥**
6. **ਮੈਲੇ ਨਿਸਿ ਬਾਸੁਰ ਦਿਨ ਤੀਸ ॥੨॥**
7. **ਮੈਲਾ ਮੋਤੀ ਮੈਲਾ ਹੀਰੁ ॥**
8. **ਮੈਲਾ ਪਉਨੁ ਪਾਵਕੁ ਅਰੁ ਨੀਰੁ ॥੩॥**
9. **ਮੈਲੇ ਸਿਵ ਸੰਕਰਾ ਮਹੇਸ ॥**
10. **ਮੈਲੇ ਸਿਧ ਸਾਧਿਕ ਅਰੁ ਭੇਖ ॥੪॥**
11. **ਮੈਲੇ ਜੋਗੀ ਜੰਗਮ ਜਟਾ ਸਹੇਤਿ ॥**
12. **ਮੈਲੀ ਕਾਇਆ ਹੰਸ ਸਮੇਤਿ ॥੫॥**
13. **ਕਹਿ ਕਬੀਰ ਤੇ ਜਨ ਪਰਵਾਨ ॥**
14. **ਨਿਰਮਲ ਤੇ ਜੋ ਰਾਮਹਿ ਜਾਨ ॥੬॥੩॥**

ਪਦ ਅਰਥ :—ਇੰਦ—ਦੇਵਤਿਆਂ ਦਾ ਰਾਜਾ ਇੰਦ੍ਰ। ਰਵਿ—ਸੂਰਜ ।੧।

ਮਲਤਾ—ਮਲੀਨ ।੧। ਰਹਾਉ ।

ਈਸ—ਰਾਜੇ । ਬ੍ਰਹਮੰਡਾਇ ਕੈ—ਬ੍ਰਹਮੰਡਾਂ ਦੇ । ਨਿਸਿ—ਰਾਤ । ਬਾਸੁਰ—ਦਿਨ । ਤੀਸ—ਤੀਹ ।੨।

ਹੀਰੁ—ਹੀਰਾ । ਪਾਵਕੁ—ਅੱਗ ।੩।

ਸੰਕਰਾ—ਸ਼ਿਵ । ਮਹੇਸ—ਸ਼ਿਵ । ਸਿਧ—ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ । ਸਾਧਿਕ—ਜੋਗ ਦੇ ਸਾਧਨ ਕਰਨ ਵਾਲੇ । ਭੇਖ—ਕਈ ਭੇਖਾਂ ਦੇ ਸਾਧੂ ।੪।

ਜੰਗਮ—ਸ਼ੈਵ ਮਤਿ ਦਾ ਇਕ ਫਿਰਕਾ ਜੋ ਜੋਗੀਆਂ ਦੀ ਇਕ ਸਾਖ ਹੈ । ਜੰਗਮ—ਆਪਣੇ ਸਿਰ ਉਤੇ ਸੱਪ ਦੀ ਸ਼ਕਲ ਦੀ ਰੱਸੀ ਅਤੇ ਧਾਂਤ ਦਾ ਚੰਦ੍ਰਮਾਂ ਪਹਿਨਦੇ ਹਨ। ਕੰਨਾਂ ਵਿਚ ਮੁੰਦਰਾਂ ਦੀ ਥਾਂ ਪਿਤਲ ਦੇ ਫੁੱਲ, ਮੋਰ, ਖੰਭਾਂ ਨਾਲ ਸਜਾਏ ਹੋਏ ਪਾਂਦੇ ਹਨ । ਜੰਗਮ ਦੋ ਹਿਸਿਆਂ ਵਿਚ ਵੰਡੇ ਹੋਏ ਹਨ—ਵਿਰਕਤ ਅਤੇ ਗ੍ਰਿਹਸਤੀ । ਸਹੇਤਿ—ਸਮੇਤ । ਕਾਇਆ—ਸਰੀਰ । ਹੰਸ—ਜੀਵਾਤਮਾਂ ।੫।

ਪਰਵਾਨ—ਕਬੂਲ । ਰਾਮਹਿ—ਪ੍ਰਮਾਤਮਾਂ ਨੂੰ ।੬।

ਅਰਥ :—

ਪ੍ਰ:—ਸ੍ਰੀ ਕਬੀਰ ਜੀਉ ! ਅਸੀਂ ਸੰਸਾਰੀ ਜੀਵ ਤਾਂ ਅਨੇਕਾਂ ਤਰ੍ਹਾਂ ਦੇ ਵਿਕਾਰਾਂ ਦੀ ਮੈਲ ਕਰ ਕੇ ਮੈਲੇ ਹਾਂ, ਪਰ ਬ੍ਰਹਮਾ ਆਦਿਕ ਦੇਵਤੇ ਤਾਂ ਹਰ ਤਰ੍ਹਾਂ ਦੀ ਮੈਲ ਤੋਂ ਬਚੇ ਹੋਏ ਹੋਣਗੇ, ਇਸ ਬਾਰੇ ਆਪ ਜੀ ਦੇ ਵੀਚਾਰ ਕੀ ਹਨ ?

1. ਉ:—ਹੇ ਭਾਈ ! ਸੁਣੋ, ਜੇ ਵੀਚਾਰ ਦ੍ਰਿਸ਼ਟੀ ਨਾਲ ਤਕਿਆ ਜਾਵੇ ਤਾਂ ਬ੍ਰਹਮਾਂ (ਭਾਵੇਂ ਜਗਤ ਦਾ ਪੈਦਾ ਕਰਨ ਵਾਲਾ ਮਿਥਿਆ ਜਾਂਦਾ ਹੈ ਪਰ) ਬ੍ਰਹਮਾਂ ਭੀ ਮੈਲਾ ਹੈ ਇੰਦ੍ਰ ਭੀ ਮੈਲਾ ਹੈ, (ਭਾਵੇਂ ਉਹ ਦੇਵਤਿਆਂ ਦਾ ਰਾਜਾ ਮਿਥਿਆ ਗਿਆ ਹੈ) ।

2. ਹੇ ਭਾਈਓ ! (ਦੁਨੀਆਂ ਨੂੰ ਚਾਨਣ ਦੇਣ ਵਾਲੇ) ਸੂਰਜ ਤੇ ਚੰਦ੍ਰਮਾਂ ਭੀ ਮੈਲੇ ਹਨ ।੧।

3. ਹੇ ਭਾਈ ! ਜਦੋਂ ਵਿਚਾਰ ਦ੍ਰਿਸ਼ਟੀ ਦੁਆਰੇ ਤਕੀਏ ਤਾਂ ਇਹ (ਸਾਰਾ) ਸੰਸਾਰ ਹੀ ਮੈਲਾ ਹੈ, ਮਲੀਨ ਹੈ ।

ਪ੍ਰ.—ਕਿਉਂ ਜੀ ! ਆਖਰ ਕੋਈ ਪਵਿਤ੍ਰ ਭੀ ਹੈ ?

4. ਉ:—ਹੇ ਭਾਈਓ ! ਕੇਵਲ ਇਕ ਪ੍ਰਮਾਤਮਾਂ ਹੀ ਪਵਿਤ੍ਰ ਹੈ, (ਉਹ ਇਤਨਾ ਪਵਿਤ੍ਰ ਹੈ ਕਿ ਉਸ ਦੀ ਪਵਿਤ੍ਰਤਾ ਦਾ) ਅੰਤ ਨਹੀਂ ਪਾਇਆ ਜਾ ਸਕਦਾ, ਪਾਰਲਾ ਬੰਨਾਂ ਨਹੀਂ ਲਭ ਸਕਦਾ ।੧। ਰਹਾਉ ।

5. ਹੇ ਪਿਆਰੇ ! ਸੁਣੋ, ਜੇ ਬ੍ਰਹਮੰਡਾਂ ਦੇ ਰਾਜੇ (ਭੀ ਹੋ ਜਾਣ ਤਾਂ ਭੀ) ਮੈਲੇ ਹਨ ।
6. ਹੇ ਭਾਈਓ ! ਰਾਤ ਦਿਨ, ਮਹੀਨੇ ਦੇ ਤ੍ਰੀਹ ਦਿਨ ਸਭ ਮੈਲੇ ਹਨ, (ਭਾਵ, ਬੇਅੰਤ ਜੀਵ ਜੰਤ ਵਿਕਾਰਾਂ ਨਾਲ ਇਨ੍ਹਾਂ ਨੂੰ ਮੈਲੇ ਕਰੀ ਜਾ ਰਹੇ ਹਨ) ।੨।
7. ਹੇ ਭਾਈ ! (ਲੋਕਾਂ ਦੀ ਦ੍ਰਿਸ਼ਟੀ ਵਿਚ ਇਤਨੇ ਕੀਮਤੀ ਹੁੰਦੇ ਹੋਏ ਭੀ) ਮੋਤੀ ਤੇ ਹੀਰੇ ਭੀ ਮੈਲੇ ਹਨ ।
8. ਅਤੇ ਹਵਾ, ਅੱਗ ਤੇ ਪਾਣੀ ਭੀ ਮੈਲੇ ਹਨ ।੩।
9. ਹੇ ਪਿਆਰੇ ! ਸੁਣੋ, ਸ਼ਿਵ-ਸ਼ੰਕਰ ਮਹੇਸ਼ ਭੀ ਮੈਲੇ ਹਨ, (ਭਾਵੇਂ ਇਹ ਵਡੇ ਦੇਵਤੇ ਮੰਨੇ ਗਏ ਹਨ) ।
10. ਹੇ ਭਾਈਓ ! ਸਿਧ ਸਾਧਿਕ ਤੇ ਭੇਖ ਧਾਰੀ ਸਾਧੂ ਸਭ ਮੈਲੇ ਹਨ ।੪।
11. ਹੇ ਭਾਈ ! ਜੋਗੀ,ਜੰਗਮ, ਜਟਾਂ ਧਾਰੀ ਸਭ ਅਪਵਿਤ੍ਰ ਹਨ ।
12. ਅਤੇ ਇਹ ਸਰੀਰ ਭੀ ਮੈਲਾ ਤੇ ਜੀਵਾਤਮਾਂ ਭੀ ਮੈਲਾ ਹੋਇਆ ਪਿਆ ਹੈ ।੫।

ਪ੍ਰ:–ਕਬੀਰ ਜੀਉ ! ਆਖਰ, ਕੋਈ ਮਨੁੱਖ ਪਵਿਤ੍ਰ ਭੀ ਹੈ ਜੋ ਕਿ ਰਬੀ ਦਰਬਾਰ ਵਿਚ ਕਬੂਲ ਹੋ ਸਕਦਾ ਹੋਵੇ ?

13. ਉ:–ਕਬੀਰ ਜੀ ਕਥਨ ਕਰਦੇ ਹਨ ਕਿ, ਹੇ ਭਾਈ ! (ਪ੍ਰਭੂ ਦੇ ਦਰ ਤੇ) ਕੇਵਲ ਉਹ ਮਨੁੱਖ ਹੀ ਕਬੂਲ ਹਨ ।
14. ਅਤੇ ਸਿਰਫ ਉਹੀ ਮਨੁੱਖ ਹੀ ਪਵਿਤ੍ਰ ਹਨ ਜਿਨ੍ਹਾਂ ਨੇ (ਉਸ ਪਵਿਤ੍ਰ ਪ੍ਰਭੂ) ਨਾਲ ਸਾਂਝ ਪਾਈ ਹੈ ।੬।੩।

ਭਾਵਾਰਥ:–ਭਾਵੇਂ ਲੋਕਾਂ ਦੀ ਦ੍ਰਿਸ਼ਟੀ ਵਿਚ ਬ੍ਰਹਮਾ ਆਦਿਕ ਦੇਵਤਿਆਂ ਨੂੰ ਪਵਿਤ੍ਰ ਜਾਣ ਕੇ ਪੂਜਿਆ ਭੀ ਜਾ ਰਿਹਾ ਹੈ, ਪਰ ਜਦੋਂ ਧਾਰਮਕ ਪੁਸਤਕਾਂ ਦੁਆਰੇ ਇਨ੍ਹਾਂ ਦੀਆਂ ਜੀਵਨੀਆਂ ਨੂੰ ਪੜਚੋਲਿਆ ਜਾਵੇ, ਤਾਂ ਸੂਝ ਪੈਂਦੀ ਹੈ ਕਿ; ਇਨ੍ਹਾਂ ਦੀਆਂ ਕੀਤੀਆਂ ਕਿਰਿਆਵਾਂ ਆਮ ਸੰਸਾਰੀ ਜੀਵਾਂ ਨਾਲੋਂ ਭੀ ਨੀਵੀਆਂ ਹਨ, ਇਸ ਲਈ ਰੱਬੀ ਦਰਬਾਰ ਵਿਚ ਉਹੀ ਕਬੂਲੇ ਜਾਂਦੇ ਹਨ, ਜਿਨ੍ਹਾਂ ਨੇ ਪ੍ਰਮਾਤਮਾਂ ਦਾ ਨਾਮ ਜਪ ਕੇ ਗਿਆਨ ਹਾਸਲ ਕੀਤਾ ਹੈ ।

1. **ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥**
2. **ਬੋਲਨਹਾਰੁ ਪਰਮ ਗੁਰੁ ਏਹੀ ॥੧॥**
3. **ਕਹੁ ਰੇ ਮੁਲਾਂ ਬਾਂਗ ਨਿਵਾਜ ॥**
4. **ਏਕ ਮਸੀਤਿ ਦਸੈ ਦਰਵਾਜ ॥੧॥ ਰਹਾਉ ॥**
5. **ਮਿਸਿਮਿਲਿ ਤਾਮਸੁ ਭਰਮੁ ਕਦੂਰੀ ॥**
6. **ਭਾਖਿ ਲੇ ਪੰਚੈ ਹੋਇ ਸਬੂਰੀ ॥੨॥**
7. **ਹਿੰਦੂ ਤੁਰਕ ਕਾ ਸਾਹਿਬੁ ਏਕ ॥**
8. **ਕਹ ਕਰੈ ਮੁਲਾਂ ਕਹ ਕਰੈ ਸੇਖ ॥੩॥**
9. **ਕਹਿ ਕਬੀਰ ਹਉ ਭਇਆ ਦਿਵਾਨਾ ॥**
10. **ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥੪॥੪॥**

ਪਦ ਅਰਥ :–ਮਕਾ-ਮੱਕਾ, ਅਰਬ ਦੇਸ਼ ਦਾ ਸ਼ਹਿਰ ਜਿਥੇ ਮੁਸਲਮਾਨ ਹੱਜ ਕਰਨ ਜਾਂਦੇ ਹਨ । ਕਿਬਲਾ-ਕਾਬੇ ਦੀ ਚਾਰ ਦਿਵਾਰੀ, ਜਿਸ ਦੀ ਜਿਆਰਤ ਕਰਦੇ ਹਨ । ਕਿਬਲਾ–ਸਾਹਮਣੇ, ਮਨਮੁਖ ।੨।

ਜਿਸ ਵਲ ਮੂੰਹ ਕਰੀਏ, ਅਜਿਹਾ ਧਰਮ ਮੰਦਰ, ਕਾਬਾ । ਮੱਕੇ ਵਿਚ ਮੁਸਲਮਾਨਾਂ ਦਾ ਪ੍ਰਸਿਧ ਮੰਦਰ । ਪਰਮ ਗੁਰੁ–ਵਡਾ ਪੀਰ ।੧।

ਰੇ ਮੁਲਾਂ–ਹੇ ਮੁਲਾਂ । ਦਸੈ ਦਰਵਾਜ–ਦਸ ਦਰਵਾਜਿਆਂ ਵਾਲੀ ।੧। ਰਹਾਉ ।

ਮਿਸਮਿਲਿ–ਬਿਸਮਿਲ, ਬਿਸਮਿੱਲਾ, ਅੱਲਾ ਦੇ ਨਾਮ ਤੇ । ਬੱਕਰਾ ਆਦਿਕ ਪਸ਼ੂ ਮਾਰਨ ਵਲੇ ਮੁਸਲਮਾਨ ਮੂੰਹੋਂ 'ਬਿਸਮਿੱਲਾ' ਆਖਦਾ ਹੈ, ਭਾਵ ਇਹ ਕਿ; ਰੱਬ ਅਗੇ ਭੇਟ ਕਰਦਾ ਹੈ । ਇਥੋਂ ਇਸ ਦਾ ਅਰਥ (ਜੀਵ ਨੂੰ ਕੋਹਣਾ ਬਣ ਗਿਆ ਹੈ) ਮਾਰ ਦੇਹ । ਤਾਮਸੁ–ਤਮੋਂ ਵਾਲਾ ਸੁਭਾਉ, ਕ੍ਰੋਧ ਆਦਿਕ ਵਾਲਾ ਸੁਭਾਉ । ਕਦੂਰੀ–ਕਦੂਰਤਿ, ਮਨ ਦੀ ਮੈਲ । ਭਾਖਿ ਲੇ–ਖਾ ਲੈ, ਮੁਕਾ ਦੇ । ਪੰਚੈ–ਕਾਮਾਦਿਕ ਪੰਜਾਂ ਨੂੰ । ਸਬੂਰੀ–ਸਬਰ, ਧੀਰਜ, ਸ਼ਾਂਤੀ ।੨।

ਕਹ–ਕੀ ? ।੩।

ਦਿਵਾਨਾ–ਪਾਗਲ, ਕਮਲਾ । ਮੁਸਿ ਮੁਸਿ–ਸਹਿਜੇ ਸਹਿਜੇ । ਮਨੂਆ–ਅੰਞਾਣਾ ਮਨ । ਸਹਜਿ–ਸਹਿਜ ਅਵਸਥਾ ਵਿਚ ।੪।

ਅਰਥ :–

ਪ੍ਰ:–ਇਕ ਮੁਲਾਂ ਕਬੀਰ ਜੀ ਨੂੰ ਮੱਕੇ ਜਾਣ ਲਈ ਪ੍ਰੇਰਨ ਕਰਦਾ ਹੈ, ਤਾਂ ਕਬੀਰ ਜੀ ਨੇ ਕਿਹਾ ਕਿ, ਹੇ ਮੁੱਲਾਂ ! ਮੈਂ ਤਾਂ ਸਦਾ ਹੀ ਮੱਕੇ ਵਿਚ ਰਹਿੰਦਾ ਹਾਂ, ਸੋ ਤੈਨੂੰ ਭੀ ਉਸੇ ਮੱਕੇ ਦਾ ਨਿਵਾਸੀ ਹੋਣਾ ਚਾਹੀਦਾ ਹੈ, ਜੇ ਪੁਛੇਂ ਕਿ ਉਹ ਮੱਕਾ ਕਿਹੜਾ ਤੇ ਕਿਥੇ ਹੈ, ਤਾਂ ਸੁਣ, ਉਹ ਅਸਲੀ ਮੱਕਾ ਇਹ ਹੈ ?

1. ਉ:–ਹੇ ਮੁੱਲਾਂ ! ਸੁਣ, (ਤੂੰ) ਆਪਣੇ ਮਨ ਨੂੰ ਮੱਕਾ (ਬਣਾ ਲੈ) ਅਤੇ ਪ੍ਰਮਾਤਮਾਂ ਨੂੰ ਕਿਬਲਾ ਬਣਾ ਲੈ । (ਅੰਤਾ ਕਰਣ ਮੱਕਾ ਹੈ ਅਤੇ ਸਭ ਸਰੀਰਾਂ ਦਾ ਸੁਆਮੀ ਕਰਤਾਰ ਉਸ ਵਿਚ ਪੂਜਯ ਹੈ) ।

ਪ੍ਰ:–ਕਬੀਰ ਜੀਉ ! ਮੱਕੇ ਵਿਚ ਤਾਂ ਆਗੂ ਹੋ ਕੇ ਨਿਮਾਜ਼ ਪੜ੍ਹਨ ਵਾਲਾ ਇਮਾਮ ਹੋਇਆ ਕਰਦਾ ਹੈ, ਪਰ, ਤੁਸੀਂ ਕਿਸ ਨੂੰ ਇਮਾਮ ਮੰਨਦੇ ਹੋ ?

2. ਉ:–ਹੇ ਮੁੱਲਾਂ ! ਸੁਣ, ਅਸਲ ਵਿਚ ਤਾਂ ਇਕ ਜੀਵਾਤਮਾਂ ਹੀ ਬਾਂਗ ਦੇਣ ਵਾਲਾ ਅਤੇ ਆਗੂ ਹੋ ਕੇ ਨਿਮਾਜ਼ ਪੜ੍ਹਨ ਵਾਲਾ ਪਰਮ ਗੁਰ (ਇਮਾਮ) ਹੈ ।੧।

ਪ੍ਰ:–ਕਬੀਰ ਜੀਉ ! ਸਾਡੀ ਤਾਂ ਮਸੀਤ ਪ੍ਰਤਖ ਦੇਖਣ ਵਿਚ ਆਉਂਦੀ ਹੈ, ਜਿਸ ਵਿਚ ਨਿਮਾਜ਼ ਪੜ੍ਹੀ ਜਾਂਦੀ ਤੇ ਬਾਂਗ

ਦਿਤੀ ਜਾਂਦੀ ਹੈ, ਪਰ, ਤੁਸਾਂ ਦੀ ਪ੍ਰਤਖ ਮਸੀਤ ਤੇ ਬਾਂਗ ਨਿਵਾਜ ਕਿਹੜੀ ਮੰਨੀ ਜਾਵੇ ?

3.4 ਉ:-ਹੇ ਮੁਲਾਂ ! ਸੁਣ, ਇਹ ਦਸੇ ਦਰਵਾਜਿਆਂ (ਭਾਵ ਦਸੇ ਇੰਦ੍ਰਿਆਂ) ਵਾਲਾ ਸਰੀਰ ਹੀ ਅਸਲ ਮਸੀਤ ਹੈ, ਇਸੇ ਵਿਚ ਟਿਕ ਕੇ ਬਾਂਗ ਦੇਹ ਤੇ ਨਮਾਜ਼ ਪੜ੍ਹ । (ਭਾਵ ਹੈ ਕਿ, ਹੇ ਮੁਲਾਂ ! ਤੂੰ ਪ੍ਰਮੇਸ਼ਰ ਦੇ ਗੁਣ ਗਾਉਣ ਰੂਪ ਬਾਂਗ ਕਹੋ ਅਤੇ ਨਿਮ੍ਰਤਾ ਰੂਪੀ ਨਮਾਜ ਪੜ੍ਹ ਅਤੇ ਇਹ ਦੇਹ ਰੂਪ ਹੀ ਮਸੀਤ ਹੈ ਅਤੇ ਦਸੇ ਇੰਦ੍ਰੇ ਇਸਦੇ ਦਸ ਦਰਵਾਜੇ ਹਨ ।

ਪ੍ਰ:-ਕਬੀਰ ਜੀਉ ! ਅਸੀਂ ਤਾਂ ਖੁਦਾ ਦੇ ਨਾਮ ਪਰ ਕਿਸੇ ਨਾ ਕਿਸੇ ਪਸ਼ੂ ਦੀ ਕੁਰਬਾਨੀ ਦੇਂਦੇ ਹਾਂ ਜਿਸ ਨੂੰ ਅਸਾਂ ਵਡਾ ਪੁੰਨ ਸਮਝਦੇ ਹਾਂ, ਪਰ, ਤੁਸਾਂ ਦਾ ਇਸ ਬਾਰੇ ਕੀ ਖਿਆਲ ਹੈ ?

5. ਉ:-ਹੇ ਮੁਲਾਂ ! ਮੈਂ ਤਾਂ ਇਹੋ ਹੀ ਚਾਹੁੰਦਾ ਹਾਂ ਕਿ, ਪਸ਼ੂ ਦੀ ਕੁਰਬਾਨੀ ਦੇਣ ਦੇ ਥਾਂ ਤੂੰ ਆਪਣੇ ਅੰਦਰੋਂ ਕ੍ਰੋਧੀ ਸੁਭਾਉ, ਭਟਕਣਾ ਤੇ ਕਦੂਰਤ ਦੂਰ ਕਰ ਦੇ ।

6. ਅਤੇ ਪੰਜਾਂ ਕਾਮਾਦਿਕ ਦੇ (ਗਲਤ ਫੁਰਨਿਆਂ ਨੂੰ ਅੰਦਰੋਂ) ਮੁਕਾ ਦੇ, ਹੇ ਮੁਲਾਂ ! ਇਸ ਤਰ੍ਹਾਂ ਕਰਦੇ ਰਹਿਣ ਨਾਲ ਤੇਰੇ ਅੰਦਰ ਸ਼ਾਂਤੀ ਪੈਦਾ ਹੋਵੇਗੀ ।੨।

ਪ੍ਰ:-ਕਬੀਰ ਜੀਉ ! ਸਾਡੇ ਇਸਲਾਮ ਮਤ ਵਿਚ ਤਾਂ ਕਿਸੇ ਮੁਲਾਂ ਜਾਂ ਸ਼ੇਖ ਨੂੰ ਬੜਾ ਹੀ ਸਨਮਾਨਿਆ ਜਾਂਦਾ ਹੈ, ਕੀ ਤੁਸਾਂ ਇਸ ਲਿਵਾਜ ਪਹਿਨਣ ਵਾਲੇ ਮਨੁੱਖ ਨੂੰ ਸਤਿਕਾਰ ਯੋਗ ਨਹੀਂ ਸਮਝਦੇ ?

7. ਉ:-ਹੇ ਮੁਲਾਂ ! ਸੁਣ, ਅਸਲ ਵਿਚ ਤਾਂ ਹਿੰਦੂ ਤੇ ਮੁਸਲਮਾਨ ਦੋਹਾਂ ਦਾ ਮਾਲਕ (ਇਕੋ ਹੀ) ਪ੍ਰਭੂ ਆਪ ਹੈ ।

8. ਮੁਲਾਂ ਜਾਂ ਸ਼ੇਖ (ਬਣਿਆਂ ਪ੍ਰਭੂ ਦੀ ਹਜ਼ੂਰੀ ਵਿਚ) ਕੋਈ ਖਾਸ ਵਡਾ ਮਰਾਤਬਾ ਨਹੀਂ ਮਿਲ ਜਾਂਦਾ ।੩।

ਪ੍ਰ:-ਕਬੀਰ ਜੀਉ ! ਮੈ ਪਹਿਲੋਂ ਤਾਂ ਇਹੋ ਹੀ ਸਮਝ ਰਿਹਾ ਸਾਂ ਲੋਕ ਪਾਗਲ ਹਨ, ਜੋ ਕਬੀਰ ਭਗਤ ਨੂੰ ਪਾਗਲ ਆਖਦੇ ਹਨ, ਪਰ, ਹੁਣ ਤੁਹਾਡੀਆਂ ਬੇ-ਦਬੀਆਂ ਗਲਾਂ ਨੂੰ ਸੁਣ ਕੇ ਇਉਂ ਹੀ ਪ੍ਰਤੀਤ ਹੁੰਦਾ ਹੈ ਲੋਕ ਵਾਕਿਆ ਹੀ ਸੱਚ ਕਹਿੰਦੇ ਹਨ, (ਕਿਉਂਕਿ) ਤੁਹਾਡੀਆਂ ਗਲਾਂ ਹੀ ਅਟਪਦੀਆਂ ਹਨ, ਕੀ ਇਸ ਦੀ ਸਪਸ਼ਟੀ ਕਰਨ ਲਈ ਤੁਸੀਂ ਕੁਝ ਕਹਿਣਾ ਚਾਹੋਗੇ ?

9. ਉ:-ਕਬੀਰ ਜੀ ਆਖਦੇ ਹਨ ਕਿ, ਹੇ ਮੁਲਾਂ ! ਸੁਣ, ਮੇਰੀਆਂ ਇਹ (ਸਚਾਈ ਭਰੀਆਂ ਗਲਾਂ ਤੰਗ ਦਿਲ ਲੋਕਾਂ ਪਾਗਲਾਂ ਵਾਲੀਆਂ ਜਾਪਦੀਆਂ ਹਨ, ਲੋਕਾਂ ਦੇ ਭਾਣੇ ਮੈਂ ਪਾਗਲ ਹੋ ਗਿਆ ਹਾਂ, (ਕਿਉਂਕਿ) ਭਗਤ ਤੇ ਪਾਗਲ ਦੋਹਾਂ ਦੇ ਖਿਆਲ ਆਮ ਸੰਸਾਰੀ ਲੋਕਾਂ ਦੇ ਵੀਚਾਰਾਂ ਨਾਲ ਤਾਲ ਮੇਲ ਨਹੀਂ ਹੋ ਸਕਦੇ, ਉਹ ਇਸ ਲਈ ਕਿ ਭਗਤਾਂ ਦੇ ਵੀਚਾਰ ਲੋਕਾਂ ਦੀ ਨੀਵੀਂ ਵੀਚਾਰ ਤੋਂ ਉਚੇ ਲੰਘ ਜਾਂਦੇ ਹਨ ਅਤੇ ਪਾਗਲ ਦੇ ਵੀਚਾਰ ਉਨ੍ਹਾਂ ਦੀ ਵਿਚਾਰ ਦ੍ਰਿਸ਼ਟੀ ਤੋਂ ਅਤ ਹੀ ਨੀਵੇਂ ਹੋਇਆ ਕਰਦੇ ਹਨ, ਇਸ ਲਈ ਕਈ ਵਾਰ ਲੋਕ ਭਗਤਾਂ ਨੂੰ ਪਾਗਲ ਤੇ ਪਾਗਲਾਂ ਨੂੰ ਭਗਤ ਮੰਨ ਲੈਣ ਦਾ ਭੁਲੇਖਾ ਖਾ ਜਾਂਦੇ ਹਨ) ।

10. ਪਰ, ਹੇ ਮੁਲਾਂ ! ਅਸਲ ਵਿਚ ਮੇਰਾ ਮਨ ਹੌਲੇ ਹੌਲੇ (ਅੰਦਰਲਾ ਹੱਜ ਕਰਕੇ ਹੀ) ਅਡੋਲ ਅਵਸਥਾ ਵਿਚ ਟਿਕ ਗਿਆ ਹੈ ।੪।੪।

ਭਾਵਾਰਥ :—ਇਸ ਸ਼ਬਦ ਵਿਚ ਕਬੀਰ ਜੀ ਸਮੁੱਚਾ ਮੁਸਲਮਾਨਾਂ ਨੂੰ ਸਿਖਿਆ ਦੇ ਰਹੇ ਹਨ ਕਿ ਹ ਮੁਸਲਮਾਨੋਂ ! ਬਾਹਰਲੀ ਸ਼ਰ੍ਹਾ ਉਤੇ ਜੋਰ ਦੇਣ ਦੀ ਥਾਂ ਆਪਣੀ ਅੰਦਰਲੀ ਜਿੰਦਗੀ ਨੂੰ ਸਵਾਰਨਾ, ਕਾਮ, ਕ੍ਰੋਧ ਤੋਂ ਬਚ ਕੇ ਹਰੀ ਦੀ ਅਰਾਧਨਾ ਕਰਨੀ ਚਾਹੀਦੀ ਹੈ ਜੋ ਕਿ ਹਿੰਦੂ ਤੁਰਕ ਦਾ ਇਕ ਸਾਂਝਾ ਰੱਬ ਹੈ ।

1. **ਗੰਗਾ ਕੈ ਸੰਗਿ ਸਲਿਤਾ ਬਿਗਰੀ ॥**
2. **ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥**
3. **ਬਿਗਰਿਓ ਕਬੀਰਾ ਰਾਮ ਦੁਹਾਈ ॥**
4. **ਸਾਚੁ ਭਇਓ ਅਨ ਕਤਹਿ ਨ ਜਾਈ ॥੧॥ਰਹਾਉ॥**
5. **ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥**
6. **ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥**
7. **ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥**
8. **ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥**
9. **ਸੰਤਨ ਸੰਗਿ ਕਬੀਰਾ ਬਿਗਰਿਓ ॥**
10. **ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥**

ਪਦ ਅਰਥ :—ਸਿਲਤਾ–ਨਦੀ । ਬਿਗਰੀ–ਵਿਗੜ ਗਈ । ਨਿਬਰੀ—ਨਿਬੜ ਗਈ, ਮੁਕ ਗਈ, ਆਪਾ ਮੁਕਾ ਗਈ ।੧।

ਰਾਮ ਦੁਹਾਈ–ਰਾਮ ਦੀ ਦੁਹਾਈ ਦੇ ਕੇ, ਪ੍ਰਭੂ ਦਾ ਨਾਮ ਸਿਮਰ ਸਿਮਰ ਕੇ । ਅਨ ਕਤਹਿ—ਹੋਰ ਕਿਸੇ ਭੀ ਥਾਂ ।੧। ਰਹਾਉ ।

ਤਰਵਰੁ—ਰੁੱਖ ।੨।

ਕੰਚਨ—ਸੋਨਾ ।੩।

ਅਰਥ :–

ਪ੍ਰ:—ਕਿਸੇ ਕਬੀਰ ਸਾਹਿਬ ਦੇ ਹਮਦਰਦ ਸੇਵਕ ਨੇ ਆ ਕੇ ਕਿਹਾ ਕਿ, ਕਬੀਰ ਜੀਉ ! ਲੋਕ ਆਪ ਜੀ ਦੀ ਨਿੰਦਾ ਕਰਦੇ ਹਨ ਕਿ, ਕਬੀਰ ਸੰਤਾਂ ਫਕੀਰਾਂ ਦੀ ਸੰਗਤ ਕਰ ਕੇ ਵਿਗੜ ਗਿਆ ਹੈ, ਕੀ ਇਹ ਉਹ ਠੀਕ ਕਹਿੰਦੇ ਹਨ? ਮੈਨੂੰ ਇਸ ਬਾਰੇ ਕੁਝ ਸਮਝਾ ਦਿਓ ?

1.2 ਉ:—ਹੇ ਭਾਈ ! ਅਸਲ ਵਿਚ ਲੋਕਾਂ ਦੀ ਦ੍ਰਿਸ਼ਟੀ ਇਥੋਂ ਤਕ ਹੀ ਕੰਮ ਕਰਦੀ ਹੈ, ਇਸ ਤੋਂ ਅਗੇ ਨਹੀਂ, ਪਰ ਜੇ ਉਨ੍ਹਾਂ ਲੋਕਾਂ ਤੋਂ ਪੁੱਛ ਕੀਤੀ ਜਾਵੇ ਕਿ, ਐ ਲੋਕੋ ! ਜੇਕਰ ਜਿੰਦ ਦੇ ਮਾਲਕ ਪ੍ਰਭੂ ਦੀ ਚਰਨੀ ਲਗਣਾ ਵਿਗੜਨਾ ਹੀ

ਹੈ ਤਾਂ) ਤਾਂ ਫਿਰ ਇਹ ਭੀ ਮੰਨਣਾ ਪਵੇਗਾ ਕਿ ਨਦੀ ਭੀ ਗੰਗਾ ਨਾਲ ਰਲ ਕੇ ਵਿਗੜ ਜਾਂਦੀ ਹੈ, ਪਰ, ਅਸਲ ਵਿਚ ਉਹ ਨਦੀ ਵਿਗੜਦੀ ਨਹੀਂ, ਉਹ ਤਾਂ ਸਗੋਂ ਨਦੀ ਗੰਗਾ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਦੇਂਦੀ ਹੈ ।

3. ਹੇ ਭਾਈ ! ਕਬੀਰ, ਆਪਣੇ ਪ੍ਰਭੂ ਦਾ ਸਿਮਰਨ ਹਰ ਵੇਲੇ ਕਰ ਰਿਹਾ ਹੈ, ਪਰ, ਲੋਕਾਂ ਦੇ ਭਾਣੇ ਕਬੀਰ ਵਿਗੜ ਗਿਆ ਹੈ ।

4.5 ਉਹ ਲੋਕ ਨਹੀਂ ਜਾਣਦੇ ਕਿ ਰਾਮ ਦੀ ਦੁਹਾਈ ਦੇ ਕੇ ਕਬੀਰ ਰਾਮ ਦਾ ਰੂਪ ਹੋ ਗਿਆ ਹੈ; (ਹੁਣ ਰਾਮ ਛਡ ਕੇ) ਕਿਸੇ ਹੋਰ ਪ ਸੇ ਨਹੀਂ ਭਟਕਦਾ ।੧। ਰਹਾਉ ।

6. ਹੇ ਭਾਈ ! ਹੋਰ ਸੁਣ ਇਕ ਸਾਧਾਰਨ ਰੁੱਖ ਭੀ ਚੰਦਨ ਦੇ ਨਾਲ (ਲਗ ਕੇ)ਵਿਗੜ ਜਾਂਦਾ ਹੈ ।

7. ਪਰ, ਉਹ ਰੁੱਖ ਚੰਦਨ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਲੈਂਦਾ ਹੈ ।੨।

8. ਇਸੇ ਤਰ੍ਹਾਂ, ਹੇ ਪਿਆਰੇ ! ਤਾਂਬਾ ਭੀ ਪਾਰਸ ਨਾਲ ਛੋਹ ਕੇ ਰੂਪ ਵਟਾ ਲੈਂਦਾ ਹੈ ।

9. ਪਰ, ਉਹ ਤਾਂਬਾ ਸੋਨਾ ਹੀ ਬਣ ਜਾਂਦਾ ਹੈ ਤੇ ਆਪਣਾ ਆਪ ਮੁਕਾ ਲੈਂਦਾ ਹੈ ।੩।

10. ਇਸੇ ਤਰ੍ਹਾਂ, ਹੇ ਭਾਈ ! ਕਬੀਰ ਭੀ ਸੰਤਾਂ ਦੀ ਸੰਗਤ ਵਿਚ ਰਹਿ ਕੇ ਵਿਗੜ ਗਿਆ ਹੈ ।

11. ਪਰ, ਹੇ ਭਾਈ ! ਇਹ ਕਬੀਰ ਹੁਣ ਪ੍ਰਭੂ ਨਾਲ ਇਕ ਮਿਕ ਹੋ ਗਿਆ ਹੈ ਤੇ ਆਪਾ ਭਾਵ ਮੁਕਾ ਚੁਕਿਆ ਹੈ।੪।੫।

ਭਾਵਾਰਥ :—ਕਬੀਰ ਜੀ ਨੂੰ ਸੰਤਾਂ ਦਾ ਸੰਗ ਕਰਦਿਆਂ ਤੇ ਆਮ ਸੰਸਾਰੀਆਂ ਤੋਂ ਵਖਰੀ ਤਰ੍ਹਾਂ ਦੀ ਜ਼ਿੰਦਗੀ ਗੁਜਾਰ-ਦਿਆਂ ਵੇਖ ਕੇ ਲੋਕ ਉਨ੍ਹਾਂ ਨੂੰ ਕਹਿੰਦੇ ਸਨ ਕਿ ਇਹ ਵਿਗੜ ਗਿਆ ਹੈ, ਤਾਂ ਕਬੀਰ ਜੀ ਦਸਦੇ ਹਨ ਕਿ, ਹਾਂ ਮੈਂ ਇਵੇਂ ਹੀ ਵਿਗੜਿਆ ਹਾਂ, ਜਿਵੇਂ ਆਮ ਨਦੀ ਦਾ ਪਾਣੀ ਗੰਗਾ ਨਾਲ ਮਿਲ ਕੇ ਜਾਂ ਆਮ ਦਰਖਤ ਚੰਦਨ ਨਾਲ ਮਿਲ ਕੇ ਤੇ ਤਾਂਬਾ ਪਾਰਸ ਨਾਲ ਮਿਲ ਕੇ ਵਿਗੜ ਜਾਂਦਾ ਹੈ, ਭਾਵ, ਹੇ ਭਾਈ ! ਇਹ ਵਿਗਾੜ ਨਹੀਂ ਇਹ ਤਾਂ ਬਿਹਤਰੀ ਲਈ ਤਬਦੀਲੀ ਹੈ, ਜਿਸ ਨਾਲ ਮੈਂ ਸੰਗਤ ਦੇ ਰਾਹੀਂ ਹਰੀ ਨਾਲ ਇਕ ਮਿਕ ਹੋ ਗਿਆ ਹਾਂ ।

1. **ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥**
2. **ਲੋਗਨ ਰਾਮੁ ਖਿਲਉਨਾ ਜਾਨਾਂ ॥੧॥**
3. **ਜਉ ਹਉ ਬਉਰਾ ਤਉ ਰਾਮ ਤੋਰਾ ॥**
4. **ਲੋਗੁ ਮਰਮੁ ਕਹ ਜਾਨੈ ਮੋਰਾ ॥੧॥ ਰਹਾਉ ॥**
5. **ਤੋਰਉ ਨ ਪਾਤੀ ਪੂਜਉ ਨ ਦੇਵਾ ॥**
6. **ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥**
7. **ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥**
8. **ਐਸੀ ਸੇਵ ਦਰਗਹ ਸੁਖੁ ਪਾਵਉ ॥੩॥**
9. **ਲੋਗੁ ਕਹੈ ਕਬੀਰੁ ਬਉਰਾਨਾ ॥**
10. **ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥੪॥੬॥**

ਪਦ ਅਰਥ :–ਹਥਿ–ਹੱਥ ਵਿਚ । ਬਾਨਾਂ–ਧਾਰਮਿਕ ਪਹਿਰਾਵਾ । ਲੋਗਨ–ਲੋਕਾਂ ਨੇ ।੧।

ਜਉ–ਜੇ । ਹਉ–ਮੈਂ । ਰਾਮ–ਹੇ ਰਾਮ । ਮਰਮੁ–ਭੇਤ ।੧। ਰਹਾਉ ।

ਤੋਰਉ ਨ–ਮੈਂ ਨਹੀਂ ਤੋੜਦਾ । ਦੇਵਾ–ਦੇਵਤੇ ।੨।

ਪੂਜਉ–ਪੂਜਉਂ, ਮੈਂ ਪੂਜਦਾ ਹਾਂ । ਦਰਗਹ–ਪ੍ਰਭੂ ਦੀ ਹਜ਼ੂਰੀ ਵਿਚ ।੩।

ਅਰਥ :–

ਪ੍ਰ:–ਕਬੀਰ ਜੀਉ ! ਕੀ ਤੁਸੀਂ ਰੱਬ ਦੀ ਪ੍ਰਾਪਤੀ ਦੇ ਸਾਧਨ ਮੱਥੇ ਉਤੇ ਤਿਲਕ ਲਾਣਾ ਅਤੇ ਗਲੇ ਵਿਚ ਮਾਲਾ ਪਾ ਲੈਣਾ ਆਦਿ ਧਾਰਮਿਕ ਪਹਿਰਾਵੇ ਦੀ ਵਰਤੋਂ ਕਰਨ ਵਿਚ ਯਕੀਨ ਨਹੀਂ ਰਖਦੇ, ਇਸ ਬਾਰੇ ਆਪ ਜੀ ਕੀ ਵਿਚਾਰ ਰਖਦੇ ਹੋ ?

1. **ਉ**:–ਹੇ ਭਾਈਓ ! ਅਸਲ ਵਿਚ ਮੈਂ ਤਾਂ ਵੇਖਦਾ ਹਾਂ ਕਿ, ਲੋਕ ਮੱਥੇ ਉਤੇ ਤਿਲਕ ਲਾ ਲੈਂਦੇ ਹਨ ਅਤੇ ਬਾਹਰੋਂ ਪੂਰੀ ਧਾਰਮਕ ਬਨਾਵਟ ਬਣਾ ਲੈਂਦੇ ਹਨ (ਤੇ ਇਉਂ ਸਮਝਦੇ ਹਨ ਕਿ ਹੁਣ ਅਸੀਂ ਪੂਰਨ ਤਰ੍ਹਾਂ ਰੱਬ ਦੇ ਭਗਤ ਬਣ ਗਏ ਹਾਂ)।
2. ਹੇ ਭਾਈ ! ਮੈਂ ਤਾਂ ਹੈਰਾਨ ਹਾਂ ਕਿ, ਲੋਕਾਂ ਨੇ ਪ੍ਰਮੇਸ਼ਰ ਨੂੰ ਇਕ ਤਰ੍ਹਾਂ ਦਾ ਖਿਡਾਉਣਾ (ਭਾਵ ਅੰਞਾਣਾ ਬਾਲ) ਸਮਝ ਲਿਆ ਹੈ (ਕਿ ਇਨੀਂ ਗਲੀਂ ਉਸ ਰੱਬ ਨੂੰ ਪ੍ਰਚਾਇਆ ਜਾ ਸਕਦਾ ਹੈ) ।੧।

ਪ੍ਰ:–ਕਬੀਰ ਜੀਉ ! ਲੋਕ ਤੁਹਾਨੂੰ ਪਾਗਲ ਕਿਉਂ ਸਮਝ ਰਹੇ ਹਨ, ਇਸ ਵਿਚ ਕੀ ਰਾਜ਼ ਹੈ ?

3. **ਉ**:–ਹੇ ਭਾਈ ! ਅਸਲੀਅਤ ਇਹ ਹੈ ਕਿ, ਮੈਂ ਕੋਈ ਧਾਰਮਕ ਭੇਖ ਨਹੀਂ ਬਣਾਂਦਾ ਅਤੇ ਮੈਂ ਮੰਦਰ ਆਦਿਕ ਵਿਚ ਜਾ ਕੇ ਕਿਸੇ ਦੇਵਤੇ ਦੀ ਪੂਜਾ ਨਹੀਂ ਕਰਦਾ, ਜਿਸ ਕਰਕੇ ਲੋਕ ਮੈਨੂੰ ਪਾਗਲ ਆਖਦੇ ਹਨ, ਪਰ ਹੇ ਮੇਰੇ ਰਾਮ ! ਜੇ ਮੈਂ (ਲੋਕਾਂ ਦੇ ਭਾਣੇ) ਪਾਗਲ ਹਾਂ, ਤਾਂ ਭੀ ਮੈਨੂੰ ਇਹ ਠੰਡ ਹੈ ਕਿ, ਮੈਂ ਤੇਰਾ (ਸੇਵਕ) ਹਾਂ ।
4. ਇਸ ਲਈ, ਦੁਨੀਆਂ ਭਲਾ ਮੇਰੇ ਦਿਲ ਦਾ ਭੇਤ ਕੀ ਜਾਣ ਸਕਦੀ ਹੈ ।੧। ਰਹਾਉ ।
5. ਹੇ ਪਿਆਰੇ ! ਦੇਵਤਿਆਂ ਅਗੇ ਭੇਟ ਧਾਰਨ ਲਈ ਨਾ ਹੀ ਮੈਂ (ਫੁੱਲ) ਪੱਤ੍ਰ ਤੋੜਦਾ ਹਾਂ, ਨਾ ਮੈਂ ਕਿਸੇ ਦੇਵੀ ਦੇਵਤੇ ਦੀ ਪੂਜਾ ਕਰਦਾ ਹਾਂ ।

ਪ੍ਰ:–ਕਬੀਰ ਜੀ ! ਇਸ ਦਾ ਕੀ ਕਾਰਨ ਹੈ ਕਿ ਤੁਸਾਂ ਦੇਵਤਿਆਂ ਦੀ ਪੂਜਾ ਕਰਨ ਵਲੋਂ ਇਨਕਾਰੀ ਹੋ ?

6. **ਉ**:–ਹੇ ਪਿਆਰੇ ! ਮੈਨੂੰ ਇਹ ਨਿਸਚਾ ਹੈ ਕਿ, ਪ੍ਰਭੂ ਦੀ ਬੰਦਗੀ ਤੋਂ ਬਿਨਾ ਹੋਰ ਕਿਸੇ (ਭੀ ਦੇਵੀ ਦੇਵਤੇ ਦੀ)

ਪੂਜਾ ਕਰਨੀ ਵਿਅਰਥ ਹੈ ।੨।

ਪ੍ਰ:—ਕਿਉਂ ਜੀ ! ਆਖਰ, ਤੁਸੀਂ ਕਿਸ ਸਾਧਨ ਕਰਨ ਵਿਚ ਯਕੀਨ ਰਖਦੇ ਹੋ ?

7. ਉ:—ਹੇ ਭਾਈਓ ! ਅਸਲ ਵਿਚ ਮੈਂ ਤਾਂ ਆਪਣੇ ਸਤਿਗੁਰੂ ਅਗੇ ਹੀ ਸੀਸ ਨਿਵਾਉਂਦਾ ਹਾਂ, ਉਸੇ ਨੂੰ ਹੀ ਸਦਾ ਪ੍ਰਸੰਨ ਕਰਨ ਦਾ (ਯਤਨ) ਕਰਦਾ ਹਾਂ ।

ਪ੍ਰ:—ਕਿਉਂ ਜੀ ! ਆਖਰ ਇਸ ਸੇਵਾ ਦਾ ਤੁਹਾਨੂੰ ਫਲ ਕੀ ਹਾਸਲ ਹੁੰਦਾ ਹੈ ?

8. ਉ:—ਹੇ ਭਾਈਓ ! ਇਸੇ ਸੇਵਾ ਦੀ ਬਰਕਤ ਨਾਲ ਮੈਂ ਪ੍ਰਭੂ ਦੀ ਹਜ਼ੂਰੀ ਵਿਚ ਜੁੜ ਕੇ (ਸਦਾ ਹੀ) ਆਤਮਕ ਸੁਖ ਮਾਣਦਾ ਹਾਂ ।੩।

9. ਅਸਲ ਵਿਚ ਹੇ ਪਿਆਰੇ ! ਮੇਰੀ ਇਸ ਸਚਾਈ ਨੂੰ ਵੇਖ ਕੇ (ਹਿੰਦੂ) ਜਗਤ ਆਖਦਾ ਹੈ ਕਿ ਕਬੀਰ ਪਾਗਲ ਹੋ ਗਿਆ ਹੈ (ਕਿਉਂਕਿ) ਨਾ ਇਹ ਤਿਲਕ ਆਦਿਕ ਚਿੰਨ੍ਹ ਵਰਤਦਾ ਹੈ ਅਤੇ ਨਾ ਹੀ ਫੁੱਲ ਪੱਤ੍ਰ ਲੈ ਕੇ ਕਿਸੇ ਮੰਦਰ ਵਿਚ ਭੇਟ ਕਰਨ ਜਾਂਦਾ ਹੈ) ।

10. ਪਰ, ਹੇ ਭਾਈਓ ! ਅਸਲੀਅਤ ਇਹੋ ਹੈ ਕਿ, ਕਬੀਰ ਦੇ ਦਿਲ ਦਾ ਭੇਤ ਕਬੀਰ ਦਾ ਪ੍ਰਮਾਤਮਾਂ ਹੀ ਜਾਨਦਾ ਹੈ।੪।੬।

ਭਾਵਾਰਥ :—ਕਬੀਰ ਨੂੰ ਕਈ ਲੋਕ ਲੋਕਾਂ ਦੀ ਰੀਤ ਛਡ ਕੇ ਰਾਮ ਨਾਮ ਦੇ ਚਿੰਤਨ ਵਿਚ ਲਗਣ ਕਰ ਕੇ ਸ਼ੁਦਾਈ ਕਹਿਣ ਲਗ ਪਏ ਸਨ, ਕਬੀਰ ਜੀ ਕਹਿੰਦੇ ਹਨ ਕਿ ਬਉਰੇ ਤਾਂ ਉਹ ਹਨ ਜੋ ਹਰੀ ਨੂੰ ਖਿਡਾਉਣਾ ਜਾਣ ਕੇ ਉਸਦੇ ਪ੍ਰਸੰਨ ਕਰਨ ਲਈ ਤਿਲਕ ਮਾਲਾ ਮੂਰਤੀ ਪੂਜਾ ਆਦਿ ਭਰਮ ਰੂਪ ਕਰਮ ਕਰਦੇ ਹਨ, ਇਹੋ ਜਿਹੇ ਲੋਕ ਨਿਰੰਕਾਰ ਦੇ ਪੁਜਾਰੀ ਕਬੀਰ ਦਾ ਭੇਦ ਕਿਵੇਂ ਜਾਣ ਸਕਦੇ ਹਨ ।

1. **ਉਲਟਿ ਜਾਤਿ ਕੁਲ ਦੋਊ ਬਿਸਾਰੀ ॥**
2. **ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥**
3. **ਹਮਰਾ ਝਗਰਾ ਰਹਾ ਨ ਕੋਊ ॥**
4. **ਪੰਡਿਤ ਮੁਲਾਂ ਛਾਡੇ ਦੋਊ ॥੧॥ ਰਹਾਉ ॥**
5. **ਬੁਨਿ ਬੁਨਿ ਆਪ ਆਪੁ ਪਹਿਰਾਵਉ ॥**
6. **ਜਹ ਨਹੀ ਆਪੁ ਤਹਾ ਹੋਇ ਗਾਵਉ ॥੨॥**
7. **ਪੰਡਿਤ ਮੁਲਾਂ ਜੋ ਲਿਖਿ ਦੀਆ ॥**
8. **ਛਾਡਿ ਚਲੇ ਹਮ ਕਛੂ ਨ ਲੀਆ ॥੩॥**
9. **ਰਿਦੈ ਇਖਲਾਸੁ ਨਿਰਖ ਲੇ ਮੀਰਾ ॥**
10. **ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥**

ਪਦ ਅਰਥ:—ਉਲਟਿ—(ਮਾਇਆ ਵਲੋਂ) ਪਰਤਕੇ । ਦੋਊ—ਜਾਤ ਅਤੇ ਕੁਲ ਦੋਵੇਂ । ਸੁੰਨਿ—ਅਫੁਰ ਅਵਸਥਾ । ਸਹਜ—ਅਡੋਲ ਅਵਸਥਾ । ਬੁਨਤ—ਤਾਣੀ, ਮਨ ਦੀ ਲਗਨ, ਲਿਵ ।੧।

ਝਗਰਾ—ਵਾਸਤਾ, ਸੰਬੰਧ ।੧। ਰਹਾਉ ।

ਬੁਨਿ ਬੁਨਿ—ਉਣ ਉਣ ਕੇ, ਪ੍ਰਭ ਚਰਨ ਵਿਚ ਲਿਵ ਲਾਣ ਦੀ ਤਾਣੀ ਉਣ ਉਣ ਕੇ । ਆਪੁ—ਆਪਣੇ ਆਪ ਨੂੰ । ਜਹ ਨਹੀ ਆਪੁ—ਜਿਥੇ ਆਪਾ ਭਾਵ ਨਹੀਂ । ਤਹਾ ਹੋਇ—ਉਸ ਅਵਸਥਾ ਵਿਚ ਟਿਕ ਕੇ ।੨।

ਜੋ ਲਿਖਿ ਦੀਆ—(ਕਰਮ ਕਾਂਡ ਤੇ ਸ਼ਰਹ ਦੀਆਂ ਗਲਾਂ) ਜੋ ਉਨ੍ਹਾਂ ਲਿਖ ਦਿਤੀਆਂ ਹਨ ।੩।

ਇਖਲਾਸੁ—ਪ੍ਰੇਮ ਪਵਿਤ੍ਰਤਾ, ਖਾਲਸਪੁਣਾ, ਨਿਰੋਲਤਾ । ਨਿਰਖਿ ਲੇ—ਵੇਖ ਲੈ, ਦੀਦਾਰ ਕਰ ਲੈ, ਦੀਦਾਰ ਹੋ ਸਕਦਾ ਹੈ । ਮੀਰਾ—ਮੀਰ, ਪ੍ਰਮਾਤਮਾਂ ।੪।

ਅਰਥ :—

ਪ੍ਰ:—ਪੰਡਤ, ਕਾਜ਼ੀ ਅਤੇ ਮੁਲਾਂ ਕਹਿਣ ਲਗੇ ਕਿ, ਹੇ ਕਬੀਰ ! ਤੂੰ ਜੋ ਤਿਲਕ ਆਦਿਕ ਦੀ ਨਿਖੇਧੀ ਕਰਦਾ ਹੈਂ, ਆਖਰ ਦਸ ਤੈਨੂੰ ਰੱਬ ਦਾ ਨਾਮ ਜਪਦੇ ਰਹਿਣ ਨਾਲ ਪ੍ਰਾਪਤ ਕੀ ਹੋਇਆ ਹੈ ?

1. ਉ:—ਹੇ ਭਾਈਓ ! ਸੁਣੋ, ਨਾਮ ਦੇ ਜਪਦੇ ਰਹਿਣ ਦੀ ਬਰਕਤ ਨਾਲ ਮੈਂ ਮਨ ਨੂੰ ਮਾਇਆ ਵਲੋਂ ਉਲਟਾ ਕੇ ਮੈਂ ਜਾਤ ਤੇ ਕੁਲ ਦੋਵੇਂ ਵਿਸਾਰ ਦਿਤੀਆਂ ਹਨ, (ਭਾਵ ਮੈਨੂੰ ਇਹ ਸਮਝ ਆ ਗਈ ਹੈ ਕਿ ਪ੍ਰਭੂ ਮਿਲਾਪ ਦਾ ਕਿਸੇ ਜਾਤ ਜਾਂ ਕੁਲ ਨਾਲ ਕੋਈ ਸੰਬੰਧ ਨਹੀਂ ਹੈ) ।

ਪ੍ਰ:-ਹੇ ਕਬੀਰ ! ਅਸੀਂ ਤਾਂ ਵੇਖ ਰਹੇ ਹਾਂ ਕਿ ਤੂੰ ਆਪਣੀ ਕਿਰਤ ਕਪੜਾ ਬੁਣਨ ਵਲੋਂ ਭੀ ਉਪ੍ਰਾਮ ਰਹਿੰਦਾ ਹੈਂ ਇਸ ਦਾ ਅਸਲ ਕਾਰਨ ਕੀ ਹੈ ?

2. ਉ:—ਹੇ ਭਾਈਓ ! ਅਸਲ ਵਿਚ ਹੁਣ ਮੇਰੀ ਬੁਣਤ ਵਿਚ ਭੀ ਬਦਲ ਆ ਗਈ ਹੈ, ਮੇਰੀ ਲਿਵ ਹੁਣ ,ਉਸ ਅਵਸਥਾ ਵਿਚ ਟਿਕੀ ਹੋਈ ਹੈ, ਜਿਥੇ ਹੁਣ ਮਾਇਆ ਦੇ ਫੁਰਨੇ ਨਹੀਂ ਹਨ, ਜਿਥੇ ਅਡੋਲਤਾ ਹੀ ਅਡੋਲਤਾ ਹੈ ।੧।

ਪ੍ਰ:—ਹੇ ਕਬੀਰ ! ਤੂੰ ਸਾਨੂੰ ਜ਼ਰਾ ਖੁਲਾਸੇ ਨਾਲ ਸਮਝਾ ਕਿ ਤੈਨੂੰ ਅੰਤ੍ਰੀਵ ਨਾਮ ਸਿਮਰਨ ਦੀ ਤਾਣੀ ਉਣਨ ਨਾਲ ਹਾਸਲ ਕੀ ਹੋਇਆ ਹੈ ?

3. ਉ:—ਹੇ ਭਾਈਓ ! ਸੁਣੋ, ਹੁਣ ਜਿਉਂ ਜਿਉਂ ਮੈਂ ਨਾਮ ਸਿਮਰਨ ਦੀ ਤਾਣੀ ਉਣ ਰਿਹਾ ਹਾਂ, ਹੁਣ ਮੇਰਾ ਕਿਸੇ ਦੇ ਨਾਲ ਭੀ ਝਗੜਾ ਨਹੀਂ ਰਿਹਾ ।

4. ਹੇ ਭਾਈ ! ਮੈਂ ਹੁਣ ਪੰਡਤ ਤੇ ਮੁਲਾਂ ਦੋਵੇਂ ਹੀ ਛਡ ਦਿਤੇ ਹਨ, ਭਾਵ ਦੋਹਾਂ ਦੇ ਦਸੇ ਕਰਮ ਕਾਂਡ ਤੇ ਸ਼ਰਹ ਦੇ ਰਸਤੇ ਨਾਲ ਮੇਰਾ ਵਾਸਤਾ ਨਹੀਂ ਰਿਹਾ, (ਕਿਉਂਕਿ) ਕਰਮ ਕਾਂਡ ਅਤੇ ਸ਼ਰਹ ਇਹ ਦੋਵੇਂ ਹੀ ਨਾਮ ਸਿਮਰਨ ਦੇ ਟਾਕਰੇ ਤੇ ਤੁੱਛ ਹਨ ।੧। ਰਹਾਉ ।

ਪ੍ਰ:—ਹੇ ਕਬੀਰ ! ਦਸ ਤੂੰ ਹੁਣ ਉਹ ਕਿਹੜੀ ਤਾਣੀ ਹੈ ਜੋ ਕਿ ਬੁਣਦਾ ਹੀ ਰਹਿੰਦਾ ਹੈਂ ?

5. ਉ:—ਹੇ ਭਾਈਓ ! ਅਸਲ ਵਿਚ ਉਸ ਸੂਖਮ ਤਾਣੀ ਨੂੰ

ਤੁਸੀਂ ਨਹੀਂ ਸਮਝ ਸਕੋਗੇ, ਕਿਉਂਕਿ, ਪ੍ਰਭੂ ਚਰਨਾਂ ਵਿਚ ਟਿਕੀ ਸੁਰਤ ਦੀ ਤਾਣੀ ਨੂੰ ਉਣ ਉਣ ਕੇ ਮੈਂ ਆਪਣੇ ਆਪ ਨੂੰ (ਹੀ) ਪਹਿਰਾ ਰਿਹਾ ਹਾਂ।

6. ਹੁਣ ਮੈਂ ਉਥੇ ਪਹੁੰਚ ਕੇ ਪ੍ਰਭੂ ਦੀ ਸਿਫਤ ਸਲਾਹ ਕਰ ਰਿਹਾ ਹਾਂ ਜਿਥੇ ਆਪਾ ਭਾਵ (ਹੰਕਾਰ) ਨਹੀਂ ਹੈ।੨।

ਪ੍ਰ:–ਹੇ ਕਬੀਰ ! ਤੂੰ ਇਹ ਦਸ ਕੀ ਪੰਡਤਾਂ ਦੇ ਲਿਖੇ ਕਰਮ ਕਾਂਡ ਤੇ ਵਿਸ਼ਵਾਸ਼ ਰਖਦਾ ਹੈਂ ਜਾਂ ਕਿ ਮੁਲਾਂ ਦੀ ਦਸੀ ਸ਼ਰਹ ਨੂੰ ਅਪਨਾਉਂਦਾ ਹੈਂ ?

7. ਉ.–ਹੇ ਭਾਈਓ ! ਅਸਲ ਵਿਚ ਕਰਮ ਕਾਂਡ ਤੇ ਸ਼ਰਹ ਬਾਰੇ ਪੰਡਤਾਂ ਅਤੇ ਮੌਲਵੀਆਂ ਨੇ ਜੋ ਕੁਝ ਲਿਖਿਆ ਹੈ।

8. ਇਨ੍ਹਾਂ ਦੋਹਾਂ ਵਿਚੋਂ ਮੈਨੂੰ ਕਿਸੇ ਦੀ ਭੀ ਲੋੜ ਨਹੀਂ ਰਹੀ ਮੈਂ ਇਹ ਸਭੋ ਕੁਝ ਛਡ ਦਿਤਾ ਹੈ।੩।

ਪ੍ਰ.–ਕਬੀਰ ਜੀ ! ਇਹ ਦਸੋ, ਆਖਰ ਪ੍ਰਭੂ ਦਾ ਦੀਦਾਰ ਕਿਵੇਂ ਹੋ ਸਕਦਾ ਹੈ ?

9. ਉ:–ਹੇ ਭਾਈਓ ! ਸੁਣੋ; ਜੇ ਹਿਰਦੇ ਵਿਚ ਪ੍ਰੇਮ ਹੋਵੇ ਤਾਂ ਹੀ ਪ੍ਰਭੂ ਦਾ ਦੀਦਾਰ ਹੋ ਸਕਦਾ ਹੈ (ਕਰਮ ਕਾਂਡ ਤੇ ਸ਼ਰਹ ਸਹਾਇਤਾ ਨਹੀਂ ਕਰਦੇ)।

10. ਕਬੀਰ ਸਾਹਿਬ ਜੀ ਕਹਿੰਦੇ ਹਨ ਕਿ, ਹੇ ਪਿਆਰਿਓ ! ਜੋ ਭੀ ਪ੍ਰਭੂ ਨੂੰ ਮਿਲੇ ਹਨ ਉਹ ਆਪਾ ਭਾਵ ਖੋਜ ਖੋਜ ਕੇ ਹੀ ਮਿਲੇ ਹਨ (ਕਰਮ ਕਾਂਡ ਅਤੇ ਸ਼ਰਹ ਦੀ ਮਦਦ ਨਾਲ ਨਹੀਂ ਮਿਲੇ) ।੪।੭।

ਭਾਵਾਰਥ :–ਕਬੀਰ ਜੀ ਜਾਤ ਦੇ ਜੁਲਾਹੇ ਸਨ, ਆਪਣੇ ਹੀ ਕਿਤੇ ਦਾ ਦ੍ਰਿਸ਼ਟਾਂਤ ਦੇ ਕੇ ਕਹਿੰਦੇ ਹਨ ਕਿ ਜਿਉਂ ਜਿਉਂ ਮੈਂ ਪ੍ਰਭੂ ਚਰਨਾਂ ਵਿਚ ਸੁਰਤ ਜੋੜਨ ਦੀ ਤਾਣੀ ਉਣ ਰਿਹਾ ਹਾਂ, ਤਿਉਂ ਤਿਉਂ ਮੈਨੂੰ ਹਿੰਦੂਆਂ ਦੇ ਕਰਮ ਕਾਂਡ ਅਤੇ ਮੁਸਲਮਾਨਾਂ ਦੀ ਸ਼ਰਹ ਦੀ ਲੋੜ ਨਹੀਂ ਰਹੀ, ਰੱਬ ਨੂੰ ਮਿਲਣ ਲਈ, ਬੱਸ ਇਕੋ ਹੀ ਗੁਰ ਹੈ ਕਿ ਮਨੁੱਖ ਆਪਣੇ ਆਪ ਦੀ ਖੋਜ ਕਰੇ ਤੇ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਵਸਾਏ।

ਨੋਟ :–ਕਈ ਵਾਰ ਕਈ ਸਜਨਾਂ ਨੂੰ ਇਹ ਸੰਸਾ ਹੋ ਜਾਂਦਾ ਹੈ ਕਿ ਕਾਸ਼ੀ ਵਿਚ ਰਹਿਣ ਵਾਲੇ ਲੋਕ ਕਬੀਰ ਤੋਂ ਇਤਨੇ ਔਖੇ ਕਿਉਂ ਸਨ, ਇਸ ਸ਼ਬਦ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਜਿਹੜਾ ਮਹਾਂ ਪੁਰਖ ਮੁਸਲਮਾਨੀ ਰਾਜ ਸਮੇਂ ਅਤੇ ਹਿੰਦੂ ਸਭਿਅਤਾ ਦੇ ਗੜ੍ਹ ਕਾਂਸ਼ੀ ਵਿਚ ਰਹਿੰਦਾ ਹੋਇਆ ਇਤਨੀ ਦਲੇਰੀ ਨਾਲ ਸੱਚ ਦਾ ਹੋਕਾ ਦੇ ਸਕਦਾ ਹੈ, ਤਾਂ ਦੋਹਾਂ ਕੌਮਾਂ ਦੇ ਧਰਮ ਰਾਖਿਆਂ ਦਾ ਉਸ ਦੇ ਵਿਰੁਧ ਹੋ ਜਾਣਾ ਕੋਈ ਅਸਚਰਜ ਦੀ ਗੱਲ ਨਹੀਂ ਹੈ।

1. ਨਿਰਧਨ ਆਦਰੁ ਕੋਈ ਨ ਦੇਇ ॥
2. ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥੧॥ਰਹਾਉ॥
3. ਜਉ ਨਿਰਧਨੁ ਸਰਧਨ ਕੈ ਜਾਇ ॥
4. ਆਗੇ ਬੈਠਾ ਪੀਠਿ ਫਿਰਾਇ ॥੧॥
5. ਜਉ ਸਰਧਨੁ ਨਿਰਧਨ ਕੈ ਜਾਇ ॥
6. ਦੀਆ ਆਦਰੁ ਲੀਆ ਬੁਲਾਇ ॥੨॥
7. ਨਿਰਧਨੁ ਸਰਧਨੁ ਦੋਨਉ ਭਾਈ ॥
8. ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥
9. ਕਹਿ ਕਬੀਰ ਨਿਰਧਨ ਹੈ ਸੋਈ ॥
10. ਜਾ ਕੇ ਹਿਰਦੈ ਨਾਮੁ ਨ ਹੋਈ ॥੪॥੮॥

ਪਦ ਅਰਥ :–ਨਿਰਧਨ–ਧਨ ਹੀਣ ਨੂੰ, ਕੰਗਾਲ ਨੂੰ। ਕੋਈ–ਕੋਈ ਧਨ ਵਾਲਾ ਮਨੁੱਖ। ਓਹੁ–ਉਹ ਧਨੀ ਮਨੁੱਖ। ਚਿਤਿ ਨ ਧਰੇਇ–ਕੰਗਾਲ ਦੇ ਜਤਨਾਂ ਨੂੰ ਚਿਤ ਵਿਚ ਭੀ ਨਹੀਂ ਲਿਆਉਂਦਾ।੧। ਰਹਾਉ।

ਸਰਧਨ–ਧਨੀ। ਸਰਧਨ ਕੈ–ਧਨੀ ਮਨੁੱਖ ਦੇ ਘਰ।੧।

ਕਲਾ–ਖੇਡ, ਰਜ਼ਾ।੩।

ਜਾ ਕੈ ਹਿਰਦੈ–ਜਿਸ ਦੇ ਹਿਰਦੇ ਵਿਚ।੪।

ਅਰਥ :-

ਪ੍ਰ:–ਕਬੀਰ ਜੀਉ ! ਅਸੀਂ ਇਹ ਆਮ ਵੇਖਦੇ ਹਾਂ ਕਿ ਤੁਸੀਂ ਹਮੇਸ਼ਾਂ ਗਰੀਬ ਲੋਕਾਂ ਨਾਲ ਹੀ ਸਦਾ ਮੇਲ ਜੋਲ ਰਖਦੇ ਹੋ, ਪਰ ਧਨੀ ਲੋਕਾਂ ਨਾਲ ਆਪ ਜੀ ਨੂੰ ਕਦੇ ਘਟ ਹੀ ਮਿਲਦਿਆਂ ਵੇਖਿਆ ਹੈ, ਇਸ ਦਾ ਅਸਲ ਕਾਰਨ ਕੀ ਹੈ ?

1. ਉ:–ਹੇ ਭਾਈਓ ! ਇਸ ਦਾ ਕਾਰਨ ਅਸਲ ਵਿਚ ਇਹੋ ਹੀ ਹੈ ਕਿ, ਮੈਂ ਵੇਖਦਾ ਹਾਂ ਕਿ, ਕੋਈ ਭੀ (ਧਨੀ) ਮਨੁੱਖ ਕਿਸੇ ਕੰਗਾਲ ਮਨੁੱਖ ਦਾ ਸਤਿਕਾਰ ਨਹੀਂ ਕਰਦਾ।

2. ਉਹ ਕੰਗਾਲ ਮਨੁੱਖ ਭਾਵੇਂ ਲਖਾਂ ਜਤਨ (ਧਨੀ ਨੂੰ ਖੁਸ਼ ਕਰਨ ਦੇ) ਕਰੇ ਉਹ ਧਨੀ ਮਨੁੱਖ (ਉਸ ਦੇ ਜਤਨ ਦੀ) ਪ੍ਰਵਾਹ ਨਹੀਂ ਰਖਦਾ।੧। ਰਹਾਉ।

3. ਹੇ ਭਾਈਓ ! ਮੈਂ ਤਾਂ ਇਹ ਪ੍ਰਤੱਖ ਹੀ ਵੇਖਦਾ ਹਾਂ ਕਿ, ਜੇ ਕਦੇ ਕੋਈ ਗਰੀਬ ਬੰਦਾ ਕਿਸੇ ਧਨਵਾਨ ਦੇ ਘਰ ਚਲਾ ਜਾਏ।

4. ਤਾਂ ਅਗੋਂ ਉਹ ਧਨੀ ਬੈਠਾ (ਉਸ ਗਰੀਬ ਵਲੋਂ) ਪਿੱਠ ਮੋੜ ਲੈਂਦਾ ਹੈ।

5. ਪਰ, ਜੇ ਧਨੀ ਮਨੁੱਖ ਗਰੀਬ ਦੇ ਘਰ ਜਾਏ।

6. ਉਹ ਆਦਰ ਦੇਂਦਾ ਹੈ, ਜੀ ਆਇਆਂ ਨੂੰ ਆਖਦਾ ਹੈ।੨।

ਪ੍ਰ:–ਹੇ ਕਬੀਰ ਜੀਉ ! ਦਸੋ, ਇਸ ਬਾਰੇ ਤੁਹਾਡੇ ਆਪਣੇ ਵੀਚਾਰ ਕੀ ਹਨ ?

7. ਉ:–ਹੇ ਭਾਈਓ ! ਜੇ ਸਹੀ ਵੀਚਾਰ ਕਰ ਕੇ ਵੇਖਿਆ ਜਾਏ ਤਾਂ ਉਂਞ ਕੰਗਾਲ ਤੇ ਧਨੀ ਦੋਵੇਂ ਭਰਾ ਹੀ ਹਨ, (ਪਰ ਧਨੀ ਨੂੰ ਇਤਨਾ ਮਾਣ ਨਹੀਂ ਕਰਨਾ ਚਾਹੀਦਾ)।

8. ਪਰ, ਇਹ ਭੀ ਪ੍ਰਭੂ ਦੀ ਰਜ਼ਾ ਹੀ ਹੈ, (ਜਿਸ ਕਰ ਕੇ ਕੋਈ ਗਰੀਬ ਰਹਿ ਗਿਆ ਤੇ ਕੋਈ ਧਨੀ ਬਣ ਗਿਆ) ਇਹ ਮਿਟਾਈ ਨਹੀਂ ਜਾ ਸਕਦੀ।੩।

ਪ੍ਰ:–ਕਬੀਰ ਜੀ ! ਆਖਰ ਦਸੋ, ਕਿ ਤੁਹਾਡੀਆਂ ਨਜ਼ਰਾਂ ਵਿਚ ਕੰਗਾਲ ਕੌਣ ਹੈ ?

9. ਉ:–ਕਬੀਰ ਜੀ ਕਹਿੰਦੇ ਹਨ ਕਿ, ਹੇ ਭਾਈਓ ! (ਅਸਲ ਵਿਚ) ਉਹ ਮਨੁੱਖ ਹੀ ਕੰਗਾਲ ਹੈ ।

10. ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਹੈ (ਕਿਉਂਕਿ ਮਾਇਕੀ ਧਨ ਇਥੇ ਹੀ ਰਹਿ ਜਾਂਦਾ ਹੈ ਅਤੇ ਨਾਮ ਧਨ ਨੇ ਨਾਲ ਨਿਭਣਾ ਹੈ, ਇਹ ਦੂਜਾ ਸੰਸਾਰਕ ਧਨ ਮਨੁੱਖ ਕਿਤਨਾ ਹੀ ਇਕੱਠਾ ਕਰੀ ਜਾਵੇ, ਕਦੇ ਭੀ ਰਜਦਾ ਨਹੀਂ ਮਨ ਭੁੱਖਾ ਕੰਗਾਲ ਹੀ ਰਹਿੰਦਾ ਹੈ) ।੪।੮।

ਭਾਵਾਰਥ :–ਮਨੁੱਖ ਲਈ ਸੱਚਾ ਧਨ ਨਾਮ ਹੀ ਹੈ ਜੋ ਕਿ ਲੋਕ ਪ੍ਰਲੋਕ ਵਿਚ ਸਦਾ ਹੀ ਸਾਥ ਦੇਂਦਾ ਹੈ ।

1. ਗੁਰ ਸੇਵਾ ਤੇ ਭਗਤਿ ਕਮਾਈ ॥
2. ਤਬ ਇਹ ਮਾਨਸ ਦੇਹੀ ਪਾਈ ॥
3. ਇਸ ਦੇਹੀ ਕਉ ਸਿਮਰਹਿ ਦੇਵ ॥
4. ਸੋ ਦੇਹੀ ਭਜੁ ਹਰਿ ਕੀ ਸੇਵ ॥੧॥
5. ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥
6. ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥
7. ਜਬ ਲਗੁ ਜਰਾ ਰੋਗੁ ਨਹੀ ਆਇਆ ॥
8. ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
9. ਜਬ ਲਗੁ ਬਿਕਲ ਭਈ ਨਹੀ ਬਾਨੀ ॥
10. ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥
11. ਅਬ ਨ ਭਜਸਿ ਭਜਸਿ ਕਬ ਭਾਈ ॥
12. ਆਵੈ ਅੰਤੁ ਨ ਭਜਿਆ ਜਾਈ ॥
13. ਜੋ ਕਿਛੁ ਕਰਹਿ ਸੋਈ ਅਬ ਸਾਰੁ ॥
14. ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥
15. ਸੋ ਸੇਵਕੁ ਜੋ ਲਾਇਆ ਸੇਵ ॥
16. ਤਿਨ ਹੀ ਪਾਏ ਨਿਰੰਜਨ ਦੇਵ ॥
17. ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥
18. ਬਹੁਰਿ ਨ ਆਵੈ ਜੋਨੀ ਬਾਟ ॥੪॥
19. ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥
20. ਘਟ ਭੀਤਰਿ ਤੂ ਦੇਖੁ ਬਿਚਾਰਿ ॥
21. ਕਹਤ ਕਬੀਰੁ ਜੀਤਿ ਕੈ ਹਾਰਿ ॥
22. ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥

ਪਦ ਅਰਥ :–ਤੇ–ਤੋਂ, ਦੀ ਰਾਹੀਂ । ਦੇਹੀ–ਸਰੀਰ । ਪਾਈ–ਲੱਭੀ । ਦੇਹੀ ਕਉ–ਸਰੀਰ ਦੀ ਖਾਤਰ ।੧।

ਗੋੁਬਿੰਦ–(ਅਸਲ ਲਫਜ਼ ਗੋਬਿੰਦ ਹੈ, ਇਥੇ ਗੁਬਿੰਦ ਪੜ੍ਹਨਾ ਹੈ) । ਲਾਹੁ–ਲਾਭ ।੧। ਰਹਾਉ ।

ਜਰਾ–ਬੁਢੇਪਾ । ਕਾਲਿ–ਕਾਲ ਨੇ । ਗ੍ਰਸੀ–ਦਬੋਚ ਲਈ, ਖਾਧੀ ਨਹੀਂ; ਪਕੜ ਲਈ । ਕਾਇਆ–ਸਰੀਰ । ਬਿਕਲ–ਬੇ-ਬਵੀ; ਕਮਜ਼ੋਰ ।੨।

ਅਬ–ਹੁਣ । ਭਾਈ–ਹੇ ਭਾਈ । ਅੰਤੁ–ਅਖੀਰਲਾ ਵੇਲਾ । ਸਾਰੁ–ਸੰਭਾਲ ਕਰ ।੩।

ਕਪਾਟ–ਕਵਾੜ, ਭਿੱਤ । ਬਾਟ–ਰਸਤਾ ।੪।

ਅਉਸਰੁ–ਸਮਾਂ; ਮੌਕਾ । ਬਾਰ–ਵਾਰੀ । ਕੈ–ਭਾਵੇਂ, ਚਾਹੇ, ਜਾਂ ।੫।

ਅਰਥ :–

ਪ੍ਰ–ਕਬੀਰ ਜੀਉ ! ਇਸ ਮਨੁੱਖ ਦੇਹੀ ਦਾ ਮੁਖ ਪ੍ਰਯੋਜਨ ਕੀ ਹੈ?

1. ਉ:–ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ ।
2. ਤਾਹੀਂ ਇਹ ਮਨੁੱਖ ਸਰੀਰ ਮਿਲਿਆ ਸਮਝ (ਕਿ ਤੇਰਾ ਸਫਲਾ ਹੈ) ।
3. ਹੇ ਭਾਈ ! ਇਹ ਦੇਹੀ ਇਤਨੀ ਅਮੋਲਕ ਹੈ ਕਿ, ਇਸ ਸਰੀਰ ਦੀ ਖਾਤਰ ਦੇਵਤੇ ਭੀ ਤਰਸਦੇ ਹਨ, ਤਾਂਘਦੇ ਹਨ ।
4. (ਸੋ ਉਹ) ਤੈਨੂੰ (ਮਿਲਿਆ ਹੈ) ਇਸ ਰਾਹੀਂ ਨਾਮ ਸਿਮਰ ਹਰੀ ਦਾ ਭਜਨ ਕਰ ।੧।
5. ਹੇ ਭਾਈ ! ਗੋਬਿੰਦ ਨੂੰ ਸਿਮਰੋ, ਇਹ ਗੱਲ ਭੁਲਾ ਨਾ ਦੇਣੀ ।
6. (ਕਿਉਂਕਿ) ਐ ਪਿਆਰੇ ! ਇਹ ਸਿਮਰਨ ਹੀ ਮਨੁੱਖਾ ਜਨਮ ਦੀ ਖੱਟੀ ਕਮਾਈ ਹੈ ।੧। ਰਹਾਉ ।

ਪ੍ਰ:–ਸ੍ਰੀ ਕਬੀਰ ਜੀ ! ਜਦੋਂ ਮਨ ਨੂੰ ਸਿਮਰਨ ਕਰਨ ਦੀ ਪ੍ਰੇਰਨਾ ਕਰਦੇ ਹਾਂ, ਤਾਂ ਉਸ ਵਲੋਂ ਇਹ ਸੰਕਲਪ ਉਠਦਾ ਹੈ ਕਿ, ਅੰਤ ਦੇ ਸਮੇਂ ਨਾਮ ਸਿਮਰਨ ਕਰ ਲਵਾਂਗੇ, ਇਤਨੀ ਛੇਤੀ ਕਿਉਂ ਕੀਤੀ ਜਾਵੇ ?

7. ਉ:–ਹੇ ਭਾਈ ! ਸੁਣ, ਤੂੰ ਮਨ ਨੂੰ ਇਉਂ ਸਮਝਾਇਆ ਕਰ ਕਿ, ਹੇ ਮਨ ਸੁਣ ! ਜਦ ਤਕ ਬੁਢੇਪਾ ਰੂਪ ਰੋਗ ਨਹੀਂ ਆ ਗਿਆ ।
8. ਜਦ ਤਕ ਤੇਰੇ ਸਰੀਰ ਨੂੰ ਮੌਤ ਨੇ ਨਹੀਂ ਆ ਪਕੜਿਆ ।
9. ਜਦ ਤਕ ਤੇਰੀ ਜ਼ਬਾਨ ਥਿੜਕਨ ਨਹੀਂ ਲਗ ਪੈਂਦੀ ।
10. ਹੇ ਮੇਰੇ ਮਨ ! (ਉਸ ਤੋਂ ਪਹਿਲੇ ਪਹਿਲੇ ਹੀ) ਪ੍ਰਭੂ ਦਾ ਭਜਨ ਕਰ ਲੈ ।੨।
11. ਹੇ ਭਾਈ ! ਜੇ ਤੂੰ ਐਸ ਵੇਲੇ ਭਜਨ ਨਹੀਂ ਕਰਦਾ ਤਾਂ ਫਿਰ (ਦਸ) ਕਦੋਂ ਕਰੇਂਗਾ ?
12. ਕਿਉਂਕਿ, ਜਦੋਂ ਮੌਤ (ਸਿਰ ਤੇ) ਆ ਅਪੜੀ ਉਸ ਵੇਲੇ ਤਾਂ ਭਜਨ ਨਹੀਂ ਹੋ ਸਕੇਗਾ ।
13. ਹੇ ਪਿਆਰੇ ! ਜੋ ਕੁਝ (ਭਜਨ ਸਿਮਰਨ) ਤੂੰ ਕਰਨਾ ਚਾਹੁੰਦਾ ਹੈਂ ਉਹ (ਤੂੰ) ਹੁਣ ਹੀ ਕਰ ਲੈ ।
14 ਹੇ ਭੋਲਿਆ ! ਜੇ ਸਮਾਂ ਲੰਘ ਗਿਆ ਤਾਂ ਮੁੜ ਅਫਸੋਸ ਹੀ ਕਰੇਂਗਾ ਤੇ ਇਸ ਪਛਤਾਵੇ ਵਿਚੋਂ ਖਲਾਸੀ ਨਹੀਂ ਹੋਵੇਗੀ ।੩।

ਪ੍ਰ:–ਕਬੀਰ ਜੀਉ ! ਦਸੋ ਕਿ, ਸਿਮਰਨ ਹਰ ਜੀਵ ਹੀ ਕਿਉਂ ਨਹੀਂ ਕਰਦਾ ?

15. ਉ:–ਹੇ ਭਾਈ ! ਸਿਮਰਨ ਕਰਨਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ, ਜੀਵ ਦੇ ਭੀ ਕੀ ਵੱਸ ਹੈ ? ਜਿਸ ਮਨੁੱਖ ਨੂੰ ਪ੍ਰਭੂ ਅਪ ਹੀ ਬੰਦਗੀ ਵਿਚ ਜੋੜਦਾ ਹੈ; ਉਹੀ ਉਸ ਦਾ ਸੇਵਕ ਬਣਦਾ ਹੈ।
16. ਉਸੇ ਨੂੰ ਹੀ ਪ੍ਰਭੂ ਮਿਲਦਾ ਹੈ।
17. ਸਤਿਗੁਰੂ ਨੂੰ ਮਿਲ ਕੇ ਉਸੇ ਦੇ ਮਨ ਦੇ ਕਵਾੜ ਖੁੱਲ੍ਹਦੇ ਹਨ।
18. ਅਤੇ ਉਹ ਮੁੜ ਕੇ ਜਨਮ (ਮਰਨ) ਦੇ ਗੇੜ ਵਿਚ ਨਹੀਂ ਆਉਂਦਾ ।੪।
19. ਹੇ ਭਾਈ ! ਪ੍ਰਭੂ ਨੂੰ ਮਿਲਣ ਦਾ ਇਹ ਮਨੁੱਖਾ ਜਨਮ ਹੀ ਮੌਕਾ ਹੈ ਅਤੇ ਇਹੋ ਹੀ ਵਾਰੀ ਹੈ (ਇਥੋਂ ਖੁੰਝ ਕੇ ਫਿਰ ਸਮਾਂ ਨਹੀਂ ਮਿਲਣਾ)।
20. ਤੂੰ ਆਪਣੇ ਹਿਰਦੇ ਵਿਚ (ਬੇਸ਼ੱਕ) ਵੀਚਾਰ ਕੇ ਵੇਖ ਲੈ।
21. ਕਬੀਰ ਜੀ ਆਖਦਾ ਹੈ ਕਿ, ਹੇ ਭਾਈ ! ਇਹ ਮਨੁੱਖਾ ਜਨਮ ਦੀ ਬਾਜੀ ਭਾਵੇਂ ਜਿਤ ਕੇ ਜਾ ਭਾਵੇਂ ਹਾਰ ਕੇ ਜਾ।
22. ਮੈਂ ਤੈਨੂੰ ਕਈ ਤਰੀਕਿਆਂ ਨਾਲ ਕੂਕ ਕੂਕ ਕੇ ਦਸ ਰਿਹਾ ਹਾਂ ।੫।੧।੯।

ਭਾਵਾਰਥ :–ਨਾਮ ਜਪਣ ਦਾ ਸਮਾ ਇਹੋ ਹੀ ਇਕ ਮਨੁੱਖਾ ਜਨਮ ਹੈ, ਇਸ ਤੋਂ ਨਹੀਂ ਖੁੰਝਣਾ ਚਾਹੀਦਾ, ਮਨੁੱਖਾ ਜਨਮ ਵਿਚੋਂ ਭੀ ਜੁਆਨੀ ਦਾ ਸਮਾਂ ਐਵੇਂ ਨਹੀਂ ਗੁਆਉਣਾ ਚਾਹੀਦਾ।

1. **ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥**
2. **ਤਹ ਤੁਮ੍ਹ ਮਿਲਿ ਕੈ ਕਰਹੁ ਬਿਚਾਰੁ ॥**
3. **ਈਤ ਊਤ ਕੀ ਸੋਝੀ ਪਰੈ ॥**
4. **ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥੧॥**
5. **ਨਿਜ ਪਦ ਊਪਰਿ ਲਾਗੋ ਧਿਆਨੁ ॥**
6. **ਰਾਜਾ ਰਾਮਨਾਮੁ ਮੋਰਾ ਬ੍ਰਹਮ ਗਿਆਨੁ॥੧॥ਰਹਾਉ॥**
7. **ਮੂਲ ਦੁਆਰੈ ਬੰਧਿਆ ਬੰਧੁ ॥**
8. **ਰਵਿ ਊਪਰਿ ਗਹਿ ਰਾਖਿਆ ਚੰਦੁ ॥**
9. **ਪਛਮ ਦੁਆਰੈ ਸੂਰਜੁ ਤਪੈ ॥**
10. **ਮੇਰ ਡੰਡ ਸਿਰ ਊਪਰਿ ਬਸੈ ॥੨॥**
11. **ਪਸਚਮ ਦੁਆਰੇ ਕੀ ਸਿਲ ਓੜ ॥**
12. **ਤਿਹ ਸਿਲ ਊਪਰਿ ਖਿੜਕੀ ਅਉਰ ॥**
13. **ਖਿੜਕੀ ਊਪਰਿ ਦਸਵਾ ਦੁਆਰੁ ॥**
14. **ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥੩॥੨॥੧੦॥**

ਪਦ ਅਰਥ :–ਸਿਵ ਕੀ ਪੁਰੀ–ਕਲਿਆਣ ਸਰੂਪ ਪ੍ਰਭੂ ਦੇ ਸ਼ਹਿਰ ਵਿਚ। ਸਾਰੁ ਬੁਧਿ–ਸ੍ਰੇਸ਼ਟ ਹੋਈ ਮੱਤ। ਤਹ–ਉਸ ਸ਼ਿਵ ਪੁਰੀ ਵਿਚ। ਤੁਮ੍ਹ–(ਹੇ ਜੋਗ) ਤੁਸੀਂ ਭੀ। ਮਿਲਿ–ਮਿਲ ਕੇ, ਅਪੜ ਕੇ। ਈਤ ਊਤ ਕੀ ਸੋਝੀ–ਇਸ ਲੋਕ ਤੇ ਪ੍ਰਲੋਕ ਦੀ ਸਮਝ, ਇਹ ਸਮਝ ਕਿ ਹੁਣ ਦਾ ਜੀਵਨ ਕੈਸਾ ਬਣੇ ਤੇ ਪ੍ਰਲੋਕ ਦੇ ਜੀਵਨ ਉਤੇ ਇਸ ਦਾ ਕੀ ਅਸਰ ਪਏਗਾ। ਕਰਮ ਮੇਰਾ–ਮੇਰਾ ਕੰਮ, ਅਪਣਤ ਦੇ ਕੰਮ, ਮਮਤਾ ਦੇ ਕੰਮ। ਮਰੈ–ਖੁਆਰ ਹੁੰਦਾ ਹੈ ।੧।

ਨਿਜ ਪਦ ਊਪਰਿ–ਉਸ ਘਰ ਵਿਚ ਜਿਹੜਾ ਨਿਰੋਲ ਮੇਰਾ ਆਪਣਾ ਹੈ। ਮੋਰਾ ਬ੍ਰਹਮ ਗਿਆਨੁ–ਮੇਰੇ ਲਈ ਬ੍ਰਹਮ ਗਿਆਨ ਹੈ ।੧। ਰਹਾਉ।

ਮੂਲ–ਜਗਤ ਦਾ ਮੂਲ ਪ੍ਰਭੂ। ਮੂਲ ਦੁਆਰੈ–ਜਗਤ ਦੇ ਮੂਲ ਪ੍ਰਭੂ ਦੇ ਦਰ ਤੇ (ਟਿਕ ਕੇ)। ਬੰਧਿਆ–ਮੈਂ ਬੰਨ੍ਹ ਲਿਆ ਹੈ। ਬੰਧੁ–ਬੰਨ੍ਹ, (ਮਾਇਆ ਦੇ ਹੜ੍ਹ ਨੂੰ ਰੋਕਣ ਲਈ) ਬੰਨ੍ਹ। ਰਵਿ–ਸੂਰਜ, ਸੂਰਜ ਦੀ ਤਪਸ਼, ਤਪਸ਼, ਤਮੋਗੁਣੀ ਸੁਭਾਉ। ਗਹਿ–ਫੜ ਕੇ, ਹਾਸਲ ਕਰ ਕੇ। ਚੰਦੁ–ਠੰਢ, ਸੀਤਲਤਾ; ਸ਼ਾਂਤੀ। ਰਾਖਿਆ–ਮੈਂ ਰਖ ਦਿਤੀ ਹੈ, ਮੈਂ ਕਾਇਮ ਕਰ ਦਿਤੀ ਹੈ। ਪਛਮ ਦੁਆਰੈ–ਪਿਛੋਂ ਵਲ ਦੇ ਬੂਹੇ ਤੇ, ਉਸ ਪਾਸੇ ਜਿਧਰ ਹਨੇਰਾ ਹੈ (ਨੋਟ–ਸੂਰਜ ਚੜ੍ਹਦੇ ਵਲ ਚੜ੍ਹਨ ਕਰਕੇ ਪੱਛਮ ਵਲ ਉਸ ਵੇਲੇ ਹਨ੍ਹੇਰਾ ਹੁੰਦਾ ਹੈ) ਅਗਿਆਨਤਾ ਦੇ ਹਨ੍ਹੇਰੇ ਵਿਚ। ਸੂਰਜ ਤਪੈ–ਸੂਰਜ ਚਮਕ ਪੈਂਦਾ ਹੈ, ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਮੇਰ–ਇਕ ਪਹਾੜ ਜਿਸ ਦੇ ਦੁਆਲੇ ਅਕਾਸ਼ ਦੇ ਸਾਰੇ ਗ੍ਰਹਿ ਭੌਂਦੇ ਮਿਥੇ ਗਏ ਹਨ। ਡੰਡ–ਸਹੀ ਆਸ਼ਾ, ਸ਼ਾਹੀ ਚੋਬ (ਨੋਟ–ਰਾਜ ਦਰਬਾਰਾਂ ਦੇ ਬੂਹੇ ਉਤੇ ਚੋਬਦਾਰ ਖੜਾ ਹੁੰਦਾ ਹੈ)। ਮੇਰ ਡੰਡ–ਉਹ ਜਿਸ ਦਾ 'ਡੰਡ' 'ਮੇਰ' ਵਰਗਾ ਹੈ, ਉਹ ਪ੍ਰਭੂ ਜਿਸ ਦਾ ਸ਼ਾਹੀ ਚੋਬ ਮੇਰ ਵਰਗਾ ਹੈ, ਉਹ ਪ੍ਰਭੂ ਜਿਸ ਦੇ ਸ਼ਾਹੀ ਚੋਬ ਦੇ ਦੁਆਲੇ ਸਾਰਾ ਜਗਤ ਭਉਂਦਾ ਹੈ, ਜਿਵੇਂ ਸਾਰੇ ਗ੍ਰਹਿ ਮੇਰੂ ਦੇ ਦੁਆਲੇ। ਸਿਰ ਊਪਰਿ–ਦਸਮ ਦੁਆਰ ਵਿਚ, ਦਿਮਾਗ ਵਿਚ, ਮਨ ਵਿਚ ।੨।

ਪਸਚਮ ਦੁਆਰੇ ਕੀ–ਉਸ ਅਸਥਾਨ ਦੇ ਬੂਹੇ ਦੀ ਜਿਥੇ ਹਨ੍ਹੇਰਾ ਹੈ। ਸਿਲ ਓੜ–ਸਿਲ ਦਾ ਅਖੀਰਲਾ ਸਿਰਾ। ਪਸਚਮ–ਓੜ, ਉਸ ਸਿਲਾ ਦਾ ਅਖੀਰਲਾ ਸਿਰਾ (ਲੱਭ ਪਿਆ ਹੈ) ਜੋ ਹਨੇਰੇ ਅਸਥਾਨ ਦ ਬੂਹੇ ਅਗੇ (ਜੜੀ ਹੋਈ ਸੀ)। ਖਿੜਕੀ–ਤਾਕੀ, (ਨੋਟ–ਘਰਾਂ ਵਿਚ ਹਵਾ ਤੇ ਚਾਨਣ ਲਈ ਤਾਕੀਆਂ ਰਖੀਆਂ ਹਨ) ਚਾਨਣ ਦਾ ਵਸੀਲਾ ।੩।

ਅਰਥ :–

ਪ੍ਰ.–ਇਕ ਜੋਗੀ ਕਬੀਰ ਜੀ ਪਾਸ ਆਇਆ ਅਤੇ ਕਹਿਣ ਲਗਾ ਕਿ, ਹੇ ਕਬੀਰ ਜੀਉ ! ਤੂੰ ਜੋਗ ਮੱਤ ਧਾਰਨ ਕਰ ਲੈ, ਕਿਉਂਕਿ, ਜੋਗ ਦੇ ਆਸਰੇ ਸ਼ਿਵ ਦੀ ਪੁਰੀ ਜੋ ਦਸਵਾਂ ਦੁਆਰ ਹੈ ਉਸ ਵਿਚ ਸ੍ਰੇਸ਼ਟ ਬੁਧੀ ਵਾਲੇ ਜੋਗੀ ਲੋਕ ਸਦਾ ਹੀ ਵਸਦੇ ਹਨ, ਇਸ ਤਰ੍ਹਾਂ ਤੇਰੀ ਕਾਂਸ਼ੀ ਵਿਚ ਹੋਰ ਭੀ ਵਧੇਰੇ ਮਹਿਮਾਂ ਵਧ ਜਾਵੇਗੀ, ਜਿਥੇ ਲੋਕ ਹੁਣ ਤੇਰੀ ਨਿੰਦਾ ਹੀ ਕਰਦੇ ਰਹਿੰਦੇ ਹਨ, ਉਥੇ ਤੇਰੀ ਘਰ ਘਰ

ਵਿਚ ਸਿਫਤ ਹੀ ਹੋਵੇਗੀ ?

1. ਉ:—ਹੇ ਜੋਗੀ ! ਸੁਣ, ਮੈਂ ਤਾਂ ਪਹਿਲੋਂ ਹੀ ਜੋਗ ਦਾ ਧਾਰਨੀ ਹਾਂ, ਜੇ ਪੁਛੇਂ ਉਹ ਤੇਰਾ ਜੋਗ ਕਿਹੋ ਜਿਹਾ ਹੈ, ਤਾਂ ਸੁਣ ਉਸ ਇਕ ਪ੍ਰਮੇਸ਼ਰ ਦੇ ਨਾਮ ਦਾ ਚਿੰਤਨ ਕਰਦੇ ਰਹਿਣਾ ਹੀ ਮੇਰਾ ਸੱਚਾ ਜੋਗ ਹੈ, ਜੇ ਤੂੰ ਇਹ ਭੀ ਜਾਨਣਾ ਚਾਹੁੰਦਾ ਹੈਂ ਕਿ ਇਸ ਜੋਗ ਦਾ ਮੈਨੂੰ ਫਲ ਕੀ ਹਾਸਲ ਹੋਇਆ ਹੈ ਤਾਂ ਸੁਣ, ਐ ਜੋਗੀ ! ਇਸੇ ਨਾਮ ਦੀ ਬਰਕਤ ਨਾਲ ਮੇਰੀ ਮੱਤ ਸ੍ਰੇਸ਼ਟ (ਬਣ ਕੇ) ਕਲਿਆਣ ਸਰੂਪ ਪ੍ਰਭੂ ਦੇ ਦੇਸ਼ ਵਿਚ ਵਸਣ ਲਗ ਪਈ ਹੈ।

ਪ੍ਰ:—ਕਬੀਰ ਜੀਉ ! ਕੀ ਤੇਰਾ ਇਹ ਜੋਗ ਮੈਨੂੰ ਭੀ ਪ੍ਰਾਪਤ ਹੋ ਸਕਦਾ ਹੈ, ਜਿਸ ਕਰ ਕੇ ਮੈਂ ਭੀ ਪ੍ਰਭੂ ਦੇ ਦੇਸ਼ ਦਾ ਵਾਸੀ ਹੋ ਸਕਾਂ ?

2. ਉ:—ਹੇ ਜੋਗੀ ! ਜੇ ਤੂੰ ਇਸ ਗੁਰਮਤਿ ਦੇ ਜੋਗ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈਂ, ਤਾਂ ਤੁਸੀਂ ਭੀ ਉਸ ਦੇਸ਼ ਵਿਚ ਅੱਪੜ ਕੇ ਪ੍ਰਭੂ ਦੇ ਨਾਮ ਦੀ ਹੀ ਵੀਚਾਰ ਕਰੋ।

ਪ੍ਰ:—ਕਬੀਰ ਜੀਉ ! ਪ੍ਰਭੂ ਦੇ ਨਾਮ ਦੀ ਵੀਚਾਰ ਕਰਦੇ ਰਹਿਣ ਨਾਲ ਆਖਰ ਫਲ ਕੀ ਮਿਲ ਸਕੇਗਾ ?

3. ਉ:—ਹੇ ਜੋਗੀ ! ਸੁਣ, ਜੋ ਮਨੁੱਖ ਉਸ ਦੇਸ਼ ਵਿਚ ਅਪੜਦਾ ਭਾਵ, ਜੋ ਮਨੁੱਖ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈਂ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ ਹੁਣ ਵਾਲਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਤੇ ਇਸ ਦਾ ਅਸਰ ਅਗਲੇ ਜੀਵਨ ਉਤੇ ਕੀ ਪੈਂਦਾ ਹੈ।

4. ਹੇ ਜੋਗੀ ! ਸੁਣ, ਉਸ ਦੇਸ਼ ਵਿਚ ਅੱਪੜਿਆ ਹੋਇਆ ਕੋਈ ਭੀ ਮਨੁੱਖ ਮਮਤਾ ਵਿਚ ਫਸਣ ਵਾਲੇ ਕੰਮ ਨਹੀਂ ਕਰਦਾ।੧।

ਪ੍ਰ:—ਕਬੀਰ ਜੀਉ ! ਜੋਗੀ ਦਾ ਤਾਂ ਸਾਰਿਆਂ ਤੋਂ ਉਪਰ ਜੋ ਦਸਵਾਂ ਦੁਆਰ ਹੈ ਉਸ ਵਿਚ ਹੀ ਧਿਆਨ ਲਗਿਆ ਰਹਿੰਦਾ ਹੈ, ਪਰ ਤੇਰਾ ਧਿਆਨ ਹੁਣ ਕਿਥੇ ਟਿਕਿਆ ਰਹਿੰਦਾ ਹੈ ?

5. ਉ:—(ਹੇ ਜੋਗੀ) ਅਸਲ ਵਿਚ ਮੇਰੀ ਸੁਰਤਿ (ਹੁਣ) ਉਸ ਪ੍ਰਭੂ ਦੇ ਚਰਨਾਂ ਰੂਪ ਘਰ ਵਿਚ ਜੁੜੀ ਹੋਈ ਹੈ, ਜੋ ਕਿ ਮੇਰਾ ਆਪਣਾ ਅਸਲੀ ਘਰ ਹੈ।

6, (ਅਤੇ ਹੇ ਜੋਗੀ !) ਪ੍ਰਕਾਸ਼ ਰੂਪ ਪ੍ਰਭੂ ਦਾ ਨਾਮ (ਹਿਰਦੇ ਵਿਚ ਵਸਣਾ) ਹੀ ਮੇਰੇ ਲਈ ਬ੍ਰਹਮ ਗਿਆਨ ਹੈ।੧।ਰਹਾਉ।

ਪ੍ਰ:—ਹੇ ਕਬੀਰ ! ਸੁਣ, ਜੋ ਜੋਗੀ ਹੈ ਉਹ ਤਾਂ ਜੋ ਮੂਲ ਦੁਾਰੇ ਨੂੰ ਪਾਉਣ ਜਾਂਦੀ ਹੈ ਉਹ ਉਸ ਨੂੰ ਅਡੀ ਦਾ ਬੰਧ ਪਾਕੇ ਬੰਨ੍ਹ ਲੈਂਦਾ ਹੈ, ਪਰ, ਇਹ ਕ੍ਰਿਆ ਤੇਰੇ ਜੋਗ ਵਿਚ ਕਿਵੇਂ ਨਿਭਦੀ ਹੈ ?

7, ਉ:—ਹੇ ਜੋਗੀ ! ਸੁਣ, ਮੈਂ ਇਸ ਨਾਮ ਦੀ ਬਰਕਤ ਨਾਲ ਹੀ ਜਗਤ ਦੇ ਮੂਲ ਪ੍ਰਭੂ ਦੇ ਦਰ ਤੇ ਟਿਕ ਕੇ (ਮਾਇਆ ਦੇ ਹੜ੍ਹ ਅਗੇ) ਬੰਨ੍ਹ ਬੰਨ੍ਹ ਲਿਆ ਹੈ, ਭਾਵ ਹੈ, (ਸਭ ਦੇ ਮੂਲ) ਹਰੀ ਦੇ ਦੁਾਰੇ ਅਸਾਂ ਮਨ ਦਾ ਸੰਬੰਧ ਬਣਾਇਆ ਹੈ।

ਪ੍ਰ:—ਕਬੀਰ ਜੀਉ ! ਜੋਗੀ ਲੋਕ ਤਾਂ ਜੋ (ਰਵਿ) ਸੂਰਜ ਦੀ ਪਿੰਗਲਾ ਸੁਰ ਹੈ, ਉਸ ਉਪਰ (ਚੰਦ) ਇੜਾ ਨੂੰ ਪਕੜ ਕੇ ਰਖਿਆ ਹੈ, ਭਾਵ ਸਜੀ ਸੁਰ ਦੁਆਰਾ ਚੜ੍ਹਾਇ ਕਰ, ਖੱਬੀ ਦੁਆਰਾ ਉਤਾਰੀ ਅਤੇ ਖੱਬੀ ਤੋਂ ਚੜ੍ਹਾਇ ਕਰ ਸੱਜੀ ਦੁਆਰਾ ਉਤਾਰਨਾ ਕਰਦੇ ਹਨ, ਇਹ ਕ੍ਰਿਆ ਤੁਸਾਂ ਦੇ ਜੋਗ ਮੱਤ ਵਿਚ ਕਿਵੇਂ ਨਿਭਾਈ ਜਾਂਦੀ ਹੈ ?

8. ਉ:—ਹੇ ਜੋਗੀ ! ਸੁਣ, ਅਸਲ ਵਿਚ ਹੁਣ ਮੈਂ ਸ਼ਾਂਤ ਸੁਭਾਉ ਗ੍ਰਹਿਣ ਕਰ ਕੇ ਇਸ ਨੂੰ ਤਮੋ ਗੁਣੀ ਸੁਭਾਉ ਦੇ ਉਤੇ ਟਿਕਾ ਦਿਤਾ ਹੈ, ਭਾਵ ਮੈਂ ਤਮੋ ਗੁਣ ਨੂੰ ਦੂਰ ਕਰ ਦਿਤਾ ਹੈ।

ਪ੍ਰ:—ਕਬੀਰ ਜੀਉ ! ਸਾਡੇ ਜੋਗ ਵਿਚ ਤਾਂ ਜੋਗੀ ਲੋਕ ਜੋ (ਪੱਛਮ ਦੁਾਰੇ) ਪਿਛਲੇ ਪਾਸੇ ਸੂਰਜ ਸੁਰ ਨੂੰ (ਤਪੈ) ਪ੍ਰਕਾਸ਼ਨਾ ਕਰਦੇ ਹਨ ਅਤੇ ਜੋ ਮੇਰ ਡੰਡ ਨਾਮ ਦੀ ਨਾੜੀ ਹੈ, ਜੋ ਪਿਛਲੇ ਪਾਸੇ ਜਿਸ ਨੂੰ ਕੰਗਰੋੜ ਦੇ ਨਾਲ ਲਗੀ ਹੋਈ ਕਹਿੰਦੇ ਹਨ, ਜਿਸ ਦੁਆਰੇ ਹੋ ਕਰ (ਸਿਰ ਉਪਰ) ਸਿਰ ਵਿਚ ਜੋ ਦਸਵਾਂ ਦੁਾਰ ਹੈ ਸਭ ਤੇ ਉਪਰ ਉਸ ਵਿਚ ਵਸਾਇਆ ਕਰਦੇ ਹਨ, ਪਰ ਤੁਹਾਡੇ ਜੋਗ ਵਿਚ ਇਹ ਕ੍ਰਿਆ ਕਿਸ ਰੂਪ ਵਿਚ ਕੀਤੀ ਜਾਂਦੀ ਹੈ ?

9. ਉ:—ਹੇ ਜੋਗੀ ! ਸੁਣ, ਜਿਥੇ ਪਹਿਲਾਂ ਅਗਿਆਨਤਾ ਦਾ ਹਨੇਰਾ ਹੀ ਹਨੇਰਾ ਸੀ, ਉਸ ਦੇ ਬੂਹੇ ਉਤੇ ਹੁਣ ਗਿਆਨ ਦਾ ਸੂਰਜ ਚਮਕ ਰਿਹਾ ਹੈ।

10. ਹੇ ਜੋਗੀ ! ਉਹ ਪ੍ਰਭੂ ਜਿਸ ਦੇ ਹੁਕਮ ਵਿਚ ਸਾਰਾ ਜਗਤ ਹੈ, ਉਹ ਹੁਣ ਮੇਰੇ ਮਨ ਵਿਚ ਵਸ ਰਿਹਾ ਹੈ, ਭਾਵ ਮੇਰੇ ਮਨ ਵਿਚ ਹੁਣ ਗੁਰਮਤਿ ਅਨੁਸਾਰ ਕੇਵਲ ਹਰੀ ਵਲ ਲੈ ਜਾਣ ਵਾਲੀ ਹੀ ਲਗਨ ਹੈ।੨।

ਪ੍ਰ:—ਹੇ ਕਬੀਰ ਜੀਉ ! ਸਾਡੇ ਜੋਗ ਮਤ ਅਨੁਸਾਰ ਜੋ ਪੌਣ ਪ੍ਰਵੇਸ਼ ਕਰਨੇ ਦਾ ਜੋ ਪਸਚਮ ਦੁਆਰ, ਜੋ ਗਰਦਨ ਦਾ ਪਿਛਲਾ ਪਾਸਾ ਹੈ, ਜਿਸ ਨੂੰ ਗਿੱਚੀ ਕਹਿੰਦੇ ਹਨ ਤਿਸ ਦੇ (ਓੜ) ਪਾਸੇ (ਇਕ) ਸਿਲ ਹੈ, ਭਾਵ ਇਕ ਕਠੋਰ ਮਾਸ ਦੀ ਬੋਟੀ ਹੈ ਅਤੇ ਉਸ ਸਿਲ ਦੇ ਉਪਰ ਇਕ ਹੋਰ (ਖਿੜਕੀ) ਮਾਸ ਮਲੀ ਪੜਦਾ ਹੈ ਅਤੇ ਉਸ ਖਿੜਕੀ ਦੇ ਉਪਰ ਦਸਵਾਂ ਦੁਆਰ ਹੈ, ਪਰ ਤੁਹਾਡੇ ਜੋਗ ਅਨੁਸਾਰ ਇਸ ਦੀ ਵੀਚਾਰ ਕਿਵੇਂ ਮੰਨੀ ਜਾਂਦੀ ਹੈ ?

11. ਉ: ਹੇ ਜੋਗੀ ! ਸੁਣ, ਨਾਮ ਦੀ ਬਰਕਤ ਨਾਲ ਹੁਣ ਮੈਨੂੰ ਉਸ ਦਾ ਅਖੀਰਲਾ ਸਿਰਾ (ਲਭ ਪਿਆ ਹੈ) ਜੋ ਅਗਿਆਨਤਾ ਦੇ ਹਨੇਰੇ ਥਾਂ ਦੇ ਬੂਹੇ (ਅਗੇ ਜੜੀ ਹੋਈ ਸੀ)।

12. (ਕਿਉਂਕਿ) ਹੇ ਜੋਗੀ ! ਇਸ ਸਿਲ ਉਤੇ ਮੈਨੂੰ (ਚਾਨਣ ਦੇਣ ਵਾਲੀ) ਇਕ ਹੋਰ ਤਾਕੀ ਲਭ ਪਈ ਹੈ।

33. ਇਸ ਤਾਕੀ ਦੇ ਉਤੇ ਹੀ ਹੈ ਉਹ ਦਸਵਾਂ ਦੁਆਰ (ਜਿਥੇ ਮੇਰਾ ਪ੍ਰਭੂ ਵਸਦਾ ਹੈ)।

14. ਕਬੀਰ ਜੀ ਕਥਨ ਕਰਦੇ ਹਨ ਕਿ, ਹੇ ਜੋਗੀ ! ਹੁਣ ਨਾਮ ਦੀ ਬਰਕਤ ਨਾਲ ਐਸੀ ਦਸ਼ਾ ਬਣੀ ਪਈ, (ਭਾਵ ਇਕ ਅਚਲਤਾ ਵਾਲੀ ਐਸੀ ਦਸ਼ਾ ਬਣ ਗਈ ਹੈ ਜੋ (ਕਦੇ) ਮੁੱਕ ਨਹੀਂ ਸਕਦੀ)।੩।੨।੧੦।

ਭਾਵਾਰਥ :–ਕਬੀਰ ਜੀ ਯੋਗ ਅਭਿਆਸ ਦੇ ਲਫਜ਼ ਵਰਤ ਕੇ ਉਸ ਦੀ ਥਾਂ ਅਸਲ ਬ੍ਰਹਮ ਗਿਆਨ ਸਮਝਾਉਂਦੇ ਹਨ। ਯੋਗੀ ਲੋਕ ਆਪਣੇ ਪ੍ਰਾਣ ਦਸਮ ਦੁਆਰ ਚੜ੍ਹਾਉਣੇ ਦਾ ਇਉਂ ਜਤਨ ਕਰਦੇ ਹਨ ਕਿ ਪਹਿਲਾਂ (ਮੂਲ ਦੁਆਰੇ) ਗੁਦਾ ਨੂੰ ਗਿਟੇ ਨਾਲ ਬੰਦ ਕਰ ਕੇ ਹਵਾ ਨੂੰ ਉਧਰੋਂ ਨਿਕਲਣ ਤੋਂ ਰੋਕਦੇ ਹਨ। ਇਹ ਮੂਲ ਬੰਧ ਅਖਵਾਂਦਾ ਹੈ। ਫਿਰ ਦਸਮ ਦੁਆਰ ਤੋਂ ਹੇਠਾਂ ਵਾਲੀ ਸੰਘ ਦੀ ਮੋਰੀ ਨੂੰ ਜੀਭ ਨਾਲ ਬੰਦ ਕਰਦੇ ਹਨ, ਜਿਸ ਨਾਲ 'ਚੰਦ੍ਮਾਂ' ਵਿਚੋਂ ਝਰਦਾ ਅੰਮ੍ਰਿਤ ਉਪਰ ਹੀ ਰੁਕ ਜਾਂਦਾ ਹੈ ਅਤੇ ਥੱਲੇ ਮਿਹਦੇ ਦੀ ਅੱਗ (ਸੂਰਜ) ਵਿਚ ਪੈ ਕੇ ਨਹੀਂ ਸੜਦਾ। ਪਰ ਹੇਠਲੇ ਪ੍ਰਾਣ ਥੱਲੇ ਰਹਿ ਜਾਣ ਕਰ ਕੇ ਅੰਦਰ ਬੜੀ ਗਰਮੀਂ ਪੈਦਾ ਹੋ ਜਾਂਦੀ ਹੈ ਜਿਸ ਨਾਲ ਕੁੰਡਲਨੀ ਨਾੜੀ ਸੁਲਝ ਜਾਂਦੀ ਹੈ ਅਤੇ ਪ੍ਰਾਣ ਸੁਖਮਨਾਂ ਨਾੜੀ ਵਿਚ ਚਲੇ ਜਾਂਦੇ ਹਨ। ਜਿਥੇ ਇੜਾ, ਪਿੰਗਲਾ ਤੇ ਸੁਖਮਨਾਂ ਦਾ ਮੇਲ ਹੈ, ਉਸ ਨੂੰ ਪੱਛਮ ਦੁਆਰਾ ਕਿਹਾ ਹੈ।

ਨੋਟ:–ਹਰ ਇਕ ਸ਼ਬਦ ਦਾ ਮੁਖ ਭਾਵ 'ਰਹਾਉ' ਦੀ ਤੁਕ ਵਿਚ ਹੋਇਆ ਕਰਦਾ ਹੈ ਬਾਕੀ ਦੇ 'ਬੰਦ' ਰਹਾਉ ਦੀ ਤੁਕ ਦਾ ਵਿਕਾਸ ਹੁੰਦੇ ਹਨ 'ਰਹਾਉ' ਵਿਚ ਕਬੀਰ ਜੀ ਆਖਦੇ ਹਨ ਕਿ ਮੇਰੀ ਸੁਰਤ ਉਸ ਘਰ ਵਿਚ ਜੁੜੀ ਪਈ ਹੈ ਜੋ ਘਰ ਨਿਰੋਲ ਮੇਰਾ ਆਪਣਾ ਹੈ, ਪ੍ਰਕਾਸ਼ ਸਰੂਪ ਪ੍ਰਮਾਤਮਾਂ ਦਾ ਨਾਮ ਹਿਰਦੇ ਵਿਚ ਵਸਾਉਣਾ ਹੀ ਮੇਰੇ ਲਈ ਬ੍ਰਹਮ ਗਿਆਨ ਹੈ। ਇਸ ਅਵਸਥਾ ਦਾ ਕੀ ਸਰੂਪ ਹੈ ? ਅਤੇ ਇਸ ਅਵਸਥਾ ਵਿਚ ਅੱਪੜ ਕੇ ਅਮਲੀ ਜੀਵਨ ਕਿਹੋ ਜਿਹਾ ਬਣ ਜਾਂਦਾ ਹੈ ? ਇਸ ਦੀ ਵਿਆਖਿਆ ਸ਼ਬਦ ਦੇ ਤਿੰਨ 'ਬੰਦਾਂ' ਵਿਚ ਹੈ।

(੧) ਮਤ ਸ੍ਰੇਸ਼ਟ ਹੋ ਕੇ ਪ੍ਰਭੂ ਵਿਚ ਟਿਕਦੀ ਹੈ ਤੇ 'ਮੇਰ-ਤੇਰ' ਮਿਟ ਜਾਂਦੀ ਹੈ। (੨) ਮਨ ਵਿਕਾਰਾਂ ਵਲੋਂ ਰੁਕ ਜਾਂਦਾ ਹੈ, ਅੰਦਰ ਠੰਢ ਪੈ ਜਾਂਦੀ ਹੈ, ਅਗਿਆਨਤਾ ਦੂਰ ਹੋ ਜਾਂਦੀ ਹੈ, ਪ੍ਰਭੂ ਚਰਨਾਂ ਵਲ ਲਗਨ ਬਣ ਜਾਂਦੀ ਹੈ (੩) ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਕੇ ਚਾਨਣ ਲਭ ਪੈਂਦਾ ਹੈ, ਸੁਰਤ ਅਜਿਹੀ ਉਚੀ ਹੋ ਜਾਂਦੀ ਹੈ ਕਿ ਸਦਾ ਹੀ ਇਕ ਰਸ ਬਣੀ ਰਹਿੰਦੀ ਹੈ।

1. **ਸੋ ਮੁਲਾਂ ਜੋ ਮਨ ਸਿਉ ਲਰੈ ॥**
2. **ਗੁਰ ਉਪਦੇਸਿ ਕਾਲ ਸਿਉ ਜੁਰੈ ॥**
3. **ਕਾਲ ਪੁਰਖ ਕਾ ਮਰਦੈ ਮਾਨੁ ॥**
4. **ਤਿਸੁ ਮੁਲਾ ਕਉ ਸਦਾ ਸਲਾਮੁ ॥੧॥**
5. **ਹੈ ਹਜੂਰਿ ਕਤ ਦੂਰਿ ਬਤਾਵਹੁ ॥**
6. **ਦੁੰਦਰ ਬਾਧਹੁ ਸੁੰਦਰ ਪਾਵਹੁ ॥੧॥ ਰਹਾਉ ॥**
7. **ਕਾਜੀ ਸੋ ਜੁ ਕਾਇਆ ਬੀਚਾਰੈ ॥**
8. **ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥**
9. **ਸੁਪਨੈ ਬਿੰਦੁ ਨ ਦੇਈ ਝਰਨਾ ॥**
10. **ਤਿਸੁ ਕਾਜੀ ਕਉ ਜਰਾ ਨ ਮਰਨਾ ॥੨॥**
11. **ਸੋ ਸੁਰਤਾਨੁ ਜੁ ਦੁਇ ਸਰ ਤਾਨੈ ॥**
12. **ਬਾਹਰਿ ਜਾਤਾ ਭੀਤਰਿ ਆਨੈ ॥**
13. **ਗਗਨ ਮੰਡਲ ਮਹਿ ਲਸਕਰੁ ਕਰੈ ॥**
14. **ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥੩॥**
15. **ਜੋਗੀ ਗੋਰਖੁ ਗੋਰਖੁ ਕਰੈ ॥**
16. **ਹਿੰਦੂ ਰਾਮ ਨਾਮੁ ਉਚਰੈ ॥**
17. **ਮੁਸਲਮਾਨ ਕਾ ਏਕੁ ਖੁਦਾਇ ॥**
18. **ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥**

ਪਦ ਅਰਥ :–ਕਾਲ ਸਿਉ–ਮੌਤ (ਦੇ ਸਹਿਮ) ਨਾਲ। ਜੁਰੈ–ਜੁਟ ਪਏ, ਲੜੇ, ਟਾਕਰਾ ਕਰੇ। ਕਾਲ–ਮੌਤ, ਜਮ। ਕਾਲ ਪੁਰਖ–ਜਮ ਰਾਜ। ਮਾਨੁ–ਅਹੰਕਾਰ। ਮਰਦੈ–ਮਲ ਦੇਵੇ।੧।

ਦੂਰ–ਕਿਤੇ ਸਤਵੇਂ ਅਕਾਸ਼ ਉਤੇ। ਦੁੰਦਰ–ਰੌਲਾ ਪਾਉਣ ਵਾਲੇ, ਕਾਮਾਦਿਕ।੧। ਰਹਾਉ।

ਕਾਇਆ ਕੀ ਅਗਨਿ ਬ੍ਰਹਮ–ਕਾਇਆਂ ਕੀ ਬ੍ਰਹਮ ਅਗਨਿ, ਕਾਇਆਂ ਵਿਚ ਪ੍ਰਭੂ ਦੀ ਜੋਤ। ਬ੍ਰਹਮ ਅਗਨਿ–ਪ੍ਰਭੂ ਦੀ ਜੋਤ। ਪਰਜਾਰੈ–ਚੰਗੀ ਤਰ੍ਹਾਂ ਰੌਸ਼ਨ ਕਰੇ। ਬਿੰਦੁ–ਵੀਰਜ। ਜਰਾ–ਬੁਢੇਪਾ।੨।

ਸੁਰਤਾਨੁ–ਸੁਲਤਾਨ। ਦੋਇ ਸਰ–ਦੋ ਤੀਰ (ਗਿਆਨ ਅਤੇ ਵੈਰਾਗ)। ਆਨੈ–ਲਿਆਵੇ। ਗਗਨ ਮੰਡਲ–ਦਸਮ ਦੁਆਰ ਵਿਚ, ਦਿਮਾਗ ਵਿਚ, ਮਨ ਵਿਚ। ਲਸਕਰੁ–ਸ਼ੁਭ ਗੁਣਾਂ ਦੀ ਫੌਜ।੩।

ਰਾਮ ਨਾਮੁ–ਮੂਰਤੀ ਵਿਚ ਮਿਥੇ ਹੋਏ ਸ੍ਰੀ ਰਾਮ ਚੰਦਰ ਜੀ ਦਾ ਨਾਮ। ਏਕ–ਆਪਣਾ।੪।

ਅਰਥ :–

ਪ੍ਰ:–ਕਬੀਰ ਜੀ ਦੇ ਪਾਸ ਪੰਡਤ ਜਨ, ਮੁਲਾਂ, ਕਾਜੀ, ਜੋਗੀ ਆਦਿ ਇਕੱਠੇ ਹੋ ਕੇ ਆਪ ਜੀ ਦੇ ਨਾਲ ਵਿਚਾਰ ਵਟਾਂਦਰਾ ਕਰਨ ਲਈ ਆਏ, ਪਹਿਲੋਂ ਮੁਲਾਂ ਨੇ ਸੁਆਲ ਕੀਤਾ ਕਿ, ਹੇ ਕਬੀਰ ! ਮੈਂ ਮੁਲਾਂ ਹਾਂ, ਜਿਸ ਦੀ ਡਿਉਟੀ ਹੈ ਕਿ ਬੱਚਿਆਂ ਨੂੰ ਇਸਲਾਮੀ ਸ਼ਰਹ ਦੀ ਪੜ੍ਹਾਈ ਕਰਵਾਂਦੇ ਰਹਿਣਾ, ਪਰ, ਤੁਸੀਂ ਮੁਲਾਂ ਬਾਰੇ ਕੀ ਵੀਚਾਰ ਰਖਦੇ ਹੋ, ਕਿ ਮੁਲਾਂ ਵਿਚ ਕਿਹੜੀ ਸਿਫਤ ਹੋਣੀ ਚਾਹੀਦੀ ਹੈ ?

1. ਉ:–ਅਸਲ ਵਿਚ, ਹੇ ਮੁਲਾਂ ! ਮੈਂ ਤਾਂ ਸਿਰਫ ਉਸੇ ਨੂੰ ਹੀ

ਮੁਲਾਂ ਮੰਨਦਾ ਹਾਂ, ਜੋ ਕਿ ਆਪਣੇ ਮਨ ਨਾਲ ਘੋਲ ਕਰਦਾ ਹੈ, (ਭਾਵ, ਮਨ ਨੂੰ ਵਸ ਕਰਨ ਦੇ ਜਤਨ ਕਰਦਾ ਹੈ) ਮਨ ਨੂੰ ਬਾਹਜ ਮੁਖੀ ਨਾ ਹੋਣ ਦੇਵੇ।

2. ਅਤੇ ਗੁਰੂ ਦੇ ਦਸੇ ਹੋਏ ਉਪਦੇਸ਼ ਤੇ ਤੁਰ ਕੇ ਮੌਤ (ਦੇ ਸਹਿਮ) ਨਾਲ ਟਾਕਰਾ ਕਰਦਾ ਹੈ।

3. ਅਤੇ ਜੋ ਜਮ ਦਾ (ਇਹ) ਮਾਣ ਹੈ (ਕਿ ਸਾਰਾ ਜਗਤ ਉਸ ਤੋਂ ਥਰ ਥਰ ਕੰਬਦਾ ਹੈ) ਇਸਨੂੰ ਜੋ ਨਾਸ ਕਰ ਦੇਂਦਾ ਹੈ।

ਪ੍ਰ:-ਕਬੀਰ ਜੀ ! ਕੀ ਤੁਸਾਂ ਦੇ ਮਨ ਵਿਚ ਉਸ ਦਾ ਕਿਤਨਾ ਕੁ ਸਨਮਾਨ ਹੈ ?

4. ਉ:-ਹੇ ਭਾਈਓ ! ਮੈਂ ਤਾਂ ਐਸੇ ਮੁਲਾਂ ਅਗੇ ਸਦਾ ਹੀ ਸਿਰ ਨਿਵਾਉਂਦਾ ਹਾਂ ।੧।

ਪ੍ਰ:-ਕਬੀਰ ਜੀਉ ! ਸਾਡੇ ਇਸਲਾਮ ਮੱਤ ਵਿਚ ਤਾਂ ਖ਼ੁਦਾ ਨੂੰ ਕਿਸੇ ਸਤਵੇਂ ਅਸਮਾਨ ਤੇ ਬੈਠਾ ਮੰਨਿਆ ਗਿਆ ਹੈ, ਪਰ ਇਸ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ ?

5. ਉ:-ਹੇ ਮੁਲਾਂ ! ਉਹ ਰੱਬ ਤਾਂ ਹਰ ਥਾਂ ਹੀ ਹਾਜ਼ਰ ਨਾਜ਼ਰ ਹੈ, ਤੁਸੀਂ ਉਸ ਨੂੰ ਦੂਰ (ਕਿਤੇ ਸਤਵੇਂ ਅਸਮਾਨ ਤੇ) ਕਿਉਂ ਬੈਠਾ ਦਸਦੇ ਹੋ।

ਪ੍ਰ:-ਕਬੀਰ ਜੀਉ ! ਤਾਂ ਇਹ ਭੀ ਦਸ ਦਿਓ ਕਿ ਉਸ ਦਾ ਮਿਲਾਪ ਕਿਵੇਂ ਹੋਵੇ ?

6. ਉ:-ਹੇ ਮੁਲਾਂ ! ਸੁਣ. ਜੇ ਤੂੰ ਉਸ ਸੋਹਣੇ ਰੱਬ ਨੂੰ ਮਿਲਣਾ ਹੈ, ਤਾਂ ਤੂੰ ਉਨ੍ਹਾਂ ਕਾਮਾਦਿਕ ਰੌਲਾ ਪਾਣ ਵਾਲੇ ਵਿਕਾਰਾਂ ਨੂੰ ਕਾਬੂ ਵਿਚ ਰਖ ।੧। ਰਹਾਉ ।

ਪ੍ਰ:-ਕਬੀਰ ਜੀਉ ! ਕਾਜੀ ਬਾਰੇ ਆਪ ਦੇ ਕੀ ਵੀਚਾਰ ਹਨ ?

7. ਉ:-ਹੇ ਪਿਆਰੇ ! ਅਸਲ ਕਾਜੀ ਉਹ ਹੈ, ਜੋ ਆਪਣੇ ਸਰੀਰ ਨੂੰ ਖੋਜਨਾ ਕਰੇ।

8. ਅਤੇ ਸ੍ਰੀਰ ਵਿਚ ਪ੍ਰਭੂ ਦੀ ਜੋਤ ਨੂੰ ਰੌਸ਼ਨ ਕਰੇ।

9. ਤੇ ਸੁਪਨੇ ਵਿਚ ਭੀ ਕਾਮ ਦੀ ਵਾਸ਼ਨਾਂ ਮਨ ਵਿਚ ਨਾ ਆਉਣ ਦੇਵੇ।

ਪ੍ਰ-ਕਿਉਂ ਜੀ ! ਅਜਿਹੇ ਕਾਜੀ ਨੂੰ ਆਖਰ ਹਾਸਲ ਕੀ ਹੋਵੇਗਾ ?

10. ਉ:-ਐ ਪਿਆਰੇ ! ਅਜਿਹੇ ਕਾਜ਼ੀ ਨੂੰ ਬੁਢੇਪੇ ਤੇ ਮੌਤ ਦਾ ਡਰ (ਉੱਕਾ ਹੀ) ਨਹੀਂ ਰਹਿ ਜਾਂਦਾ। ਭਾਵ, ਜਨਮ ਮਰਨ ਰਹਿਤ ਹੋ ਜਾਂਦਾ ਹੈ ।੨।

ਪ੍ਰ:-ਕਿਉਂ ਕਬੀਰ ਜੀ ! ਤੁਹਾਡੇ ਵਿਚਾਰ ਵਿਚ ਅਸਲ (ਸੁਰਤਾਨ) ਬਾਦਸ਼ਾਹ ਕੌਣ ਹੈ ?

11. ਉ:-ਐ ਪਿਆਰੇ ! ਮੇਰੇ ਖਿਆਲਾਂ ਅਨੁਸਾਰ ਤਾਂ ਅਸਲ ਸੁਲਤਾਨ ਉਹੋ ਹੀ ਹੈ, ਜੋ (ਗਿਆਨ ਤੇ ਵੈਰਾਗ ਦੇ) ਦੋ ਤੀਰ ਤਾਨਦਾ ਹੈ।

12. ਅਤੇ ਬਾਹਰ ਦੁਨੀਆਂ ਦੇ ਪਦਾਰਥਾਂ ਵਲ ਭਟਕਦੇ ਮਨ ਨੂੰ ਅੰਦਰ ਵਲ ਲੈ ਆਉਂਦਾ ਹੈ।

13. ਆਤਮਾਂ ਦੀ ਉਚੀ ਹਾਲਤ ਵਿਚ, ਭਾਵ ਪ੍ਰਭੂ ਚਰਨਾਂ ਵਿਚ ਜੁੜ ਕੇ ਆਪਣੇ ਅੰਦਰ ਭਲੇ ਗੁਣ ਪੈਦਾ ਕਰਦਾ ਹੈ।

14. ਹੇ ਭਾਈ ! ਉਹੀ ਸੁਲਤਾਨ (ਸਮਝੋ) ਆਪਣੇ ਸਿਰ ਤੇ (ਅਸਲ) ਛੱਤਰ ਝੁਲਾਉਂਦਾ ਹੈ ।੩।

ਪ੍ਰ:-ਕਬੀਰ ਜੀਉ ! ਜੋਗੀ ਅਤੇ ਹਿੰਦੂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

15. ਉ:-ਹੇ ਪਿਆਰੇ ! ਮੈਂ ਤਾਂ ਵੇਖਦਾ ਹਾਂ ਕਿ, ਜੋਗੀ (ਪ੍ਰਭੂ ਨੂੰ ਵਿਸਾਰ ਕੇ) ਗੋਰਖ ਗੋਰਖ ਹੀ ਜਪਦਾ ਹੈ।

16. ਅਤੇ ਹਿੰਦੂ (ਸ੍ਰੀ ਰਾਮ ਚੰਦਰ ਦੀ ਮੂਰਤੀ ਵਿਚ ਹੀ ਮਿਥੇ ਹੋਏ) ਰਾਮ ਦਾ ਨਾਮ ਉਚਾਰਦਾ ਹੈ।

17. ਅਤੇ ਮਸਲਮਾਨ ਨੇ (ਸਤਵੇਂ ਅਸਮਾਨ ਵਿਚ ਬੈਠਾ ਹੋਇਆ) ਨਿਰਾ ਆਪਣਾ (ਮੁਸਲਮਾਨਾਂ ਦਾ ਹੀ) ਰੱਬ ਮੰਨ ਰਖਿਆ ਹੈ।

ਪ੍ਰ:-ਕਬੀਰ ਜੀਉ ! ਆਖਰ, ਰੱਬ ਬਾਰੇ ਤੁਹਾਡੇ ਆਪਣੇ ਵੀਚਾਰ ਕੀ ਹਨ, ਤਾਂ ਕਿ ਅਸਾਂ ਨੂੰ ਉਨ੍ਹਾਂ ਸੰਬੰਧੀ ਭੀ ਸੋਝੀ ਹੋ ਸਕੇ ?

18. ਉ:-ਕਬੀਰ ਜੀ ਕਥਨ ਕਰਦੇ ਹਨ ਕਿ, ਐ ਪਿਆਰੇ ! ਮੇਰਾ ਤਾਂ ਪ੍ਰਭੂ ਉਹ ਹੈ ਜੋ ਸਭ ਵਿਚ ਵਿਆਪਕ ਹੈ (ਤੇ ਸਭ ਦਾ ਹੀ ਸਾਂਝਾ ਹੈ) ।੪।੩।੧੧।

ਭਾਵਾਰਥ :-ਮੁਲਾਂ ਤੇ ਕਾਜੀ ਦੇ ਸਹੀ ਰੂਪ ਵਿਚ ਅੰਤਰੀਵ ਕਿਹੜੇ ਗੁਣ ਹੋਣੇ ਚਾਹੀਦੇ ਹਨ ਉਨ੍ਹਾਂ ਦਾ ਕਬੀਰ ਜੀ ਨੇ ਇਸ ਸ਼ਬਦ ਵਿਚ ਜਿਕਰ ਕੀਤਾ ਹੈ।

ਮਹਲਾ ੫ ॥

1. ਜੋ ਪਾਥਰ ਕਉ ਕਹਤੇ ਦੇਵ ॥
2. ਤਾ ਕੀ ਬਿਰਥਾ ਹੋਵੈ ਸੇਵ ॥
3. ਜੋ ਪਾਥਰ ਕੀ ਪਾਂਈ ਪਾਇ ॥
4. ਤਿਸ ਕੀ ਘਾਲ ਅਜਾਂਈ ਜਾਇ ॥੧॥
5. ਠਾਕੁਰੁ ਹਮਰਾ ਸਦ ਬੋਲੰਤਾ ॥
6. ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ਰਹਾਉ॥
7. ਅੰਤਰਿ ਦੇਉ ਨ ਜਾਨੈ ਅੰਧੁ ॥
8. ਭ੍ਰਮ ਕਾ ਮੋਹਿਆ ਪਾਵੈ ਫੰਧੁ ॥
9. ਨ ਪਾਥਰੁ ਬੋਲੈ ਨਾ ਕਿਛੁ ਦੇਇ ॥
10. ਫੋਕਟ ਕਰਮ ਨਿਹਫਲ ਹੈ ਸੇਵ ॥੨॥
11. ਜੇ ਮਿਰਤਕ ਕਉ ਚੰਦਨੁ ਚੜਾਵੈ ॥
12. ਉਸ ਤੇ ਕਹਹੁ ਕਵਨ ਫਲ ਪਾਵੈ ॥
13. ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥
14. ਤਾਂ ਮਿਰਤਕ ਕਾ ਕਿਆ ਘਟਿ ਜਾਈ ॥੩॥
15. ਕਹਤ ਕਬੀਰ ਹਉ ਕਹਉ ਪੁਕਾਰਿ ॥
16. ਸਮਝਿ ਦੇਖੁ ਸਾਕਤ ਗਾਵਾਰ ॥
17. ਦੂਜੈ ਭਾਇ ਬਹੁਤੁ ਘਰ ਗਾਲੇ ॥
18. ਰਾਮ ਭਗਤ ਹੈ ਸਦਾ ਸੁਖਾਲੇ ॥੪॥੪॥੧੨॥

ਪਦ ਅਰਥ:–ਪਾਈ–ਪੈਰੀਂ । ਘਾਲ–ਮਿਹਨਤ ।੧। ਸਦ–ਸਦਾ ।੧। ਰਹਾਉ ।

ਅੰਤਰਿ–ਅੰਦਰ ਵਸਦਾ । ਦੇਉ–ਪ੍ਰਭੂ । ਅੰਧੁ–ਅੰਨ੍ਹਾ ਮਨੁੱਖ । ਫੰਧੁ–ਫੰਦਾ, ਜਾਲਾ । ਫੋਕਟ–ਫੋਕੇ ।੨।

ਪੁਕਾਰ–ਕੂਕ ਕੇ । ਸਾਕਤ–ਹੇ ਸਾਕਤ । ਦੂਜੈ ਭਾਇ–ਪ੍ਰਭੂ ਨੂੰ ਛਡ ਕੇ ਕਿਸੇ ਹੋਰ ਦੇ ਪਿਆਰ ਵਿਚ ।੪।

ਅਰਥ :–

ਪ੍ਰ:–ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਸਿਖਾਂ ਨੇ ਬੇਨਤੀ ਕੀਤੀ ਕਿ, ਹੇ ਗੁਰਦੇਵ ਜੀਉ ! ਵੈਸ਼ਨਵ ਮੱਤ ਵਾਲੇ ਲੋਕ ਸਾਨੂੰ ਠਾਕਰਾਂ ਦੀ ਪੂਜਾ ਕਰਦੇ ਰਹਿਣ ਲਈ ਉਪਦੇਸ਼ ਕਰਦੇ ਹਨ, ਪਰ ਆਪ ਜੀ ਦੇ ਇਸ ਬਾਰੇ ਕੀ ਵੀਚਾਰ ਹਨ, ਤਾਂ ਆਪ ਜੀ ਨੇ ਬਚਨ ਕੀਤਾ ਕਿ, ਹੇ ਭਾਈ ! ਨਾਮ ਦਾ ਤਿਆਗ ਕਰ ਕੇ ਸਾਲਗ੍ਰਾਮ ਦੀ ਪੂਜਾ ਕਰਨੀ ਅੱਛੀ ਨਹੀਂ ਜੋ ਲੋਕ ਦ੍ਵੈਤ ਭਾਵ ਨੂੰ ਲੈ ਕੇ ਪਾਖੰਡ ਦੀ ਪੂਜਾ ਕਰਦੇ ਹਨ ਉਨ੍ਹਾਂ ਦੀ ਇਸ ਸ਼ਬਦ ਦੁਆਰੇ ਨਿਖੇਧੀ ਕਰਦੇ ਹਨ ।

1. **ਉ**:–ਹੇ ਭਾਈਓ ! ਜੋ ਮਨੁੱਖ ਪੱਥਰ (ਦੀ ਮੂਰਤੀ) ਨੂੰ ਰੱਬ ਆਖਦੇ ਹਨ ।
2. ਹੇ ਪਿਆਰੇ ! ਉਨ੍ਹਾਂ ਦੀ ਕੀਤੀ ਸੇਵਾ ਵਿਅਰਥ ਚਲੀ ਜਾਂਦੀ ਹੈ ।
3. ਹੇ ਭਾਈ ! ਜੋ ਮਨੁੱਖ ਪੱਥਰ (ਦੀ ਮੂਰਤੀ) ਦੇ ਪੈਰੀਂ ਪੈਂਦੇ ਹਨ ।
4. ਉਨ੍ਹਾਂ ਦੀ ਮਿਹਨਤ ਅਜਾਈਂ ਚਲੀ ਜਾਂਦੀ ਹੈ ।੧।

ਪ੍ਰ:–ਕਿਉਂ ਜੀ ! ਤੁਹਾਡਾ ਆਪਣਾ ਠਾਕਰ ਕੌਣ ਹੈ ?

5. **ਉ**:–ਹੇ ਭਾਈਓ ! ਸਾਡਾ ਠਾਕਰ (ਤਾਂ) ਸਦਾ (ਹੀ) ਬੋਲਦਾ ਹੈ ।
6. ਉਹ ਪ੍ਰਭੂ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ ।੧।ਰਹਾਉ।
7. ਹੇ ਭਾਈ ! ਮੈਂ ਤਾਂ ਵੇਖ ਰਿਹਾ ਹਾਂ ਕਿ, ਅੰਨ੍ਹਾਂ ਮੂਰਖ ਮਨੁਖ ਆਪਣੇ ਅੰਦਰ ਵਸਦੇ ਰੱਬ ਨੂੰ ਨਹੀਂ ਪਛਾਣਦਾ ।
8. ਭਰਮ ਦਾ ਮਾਰਿਆ ਹੋਇਆ ਹੋਰ ਹੋਰ ਜਾਲ ਵਿਛਾਉਂਦਾ ਹੈ ।

ਪ੍ਰ:–ਕਿਉਂ ਜੀ ! ਦਸੋ, ਇਸ ਵਿਚ ਕੀ ਸਬੂਤ ਹੈ ਕਿ ਪੱਥਰ ਦੀ ਮੂਰਤ ਦੀ ਸੇਵਾ ਕਰਨ ਤੋਂ ਕੋਈ ਭੀ ਫਲ ਨਹੀਂ ਮਿਲਦਾ ?

9. **ਉ**:–ਹੇ ਪਿਆਰੇ ! ਇਹ ਪ੍ਰਤੱਖ ਹੀ ਸਬੂਤ ਹੈ ਕਿ, ਇਹ ਪੱਥਰ ਨਾ ਬੋਲਦਾ ਹੈ ਅਤੇ ਨਾ ਹੀ ਕੁਛ ਦੇ ਸਕਦਾ ਹੈ (ਇਸ ਲਈ ਇਸ ਨੂੰ ਇਸ਼ਨਾਨ ਕਰਾਣ ਤੇ ਭੋਗ ਆਦਿਕ ਲਗਾਣ ਦੇ) ।
10. ਸਾਰੇ ਕੰਮ ਵਿਅਰਥ ਹਨ, ਇਸ ਦੀ ਸੇਵਾ ਵਿਚੋਂ ਕੋਈ ਭੀ ਫਲ ਨਹੀਂ ਮਿਲਦਾ ।੨।
11. ਹੇ ਭਾਈਓ ! ਹੋਰ ਸੁਣੋ, ਜੇ ਕੋਈ ਮਨੁੱਖ ਮੁਰਦੇ ਨੂੰ ਚੰਦਨ (ਰਗੜ ਕੇ) ਲਾ ਦੇਵੇ ।
12. ਉਸ ਮੁਰਦੇ ਨੂੰ ਕੋਈ (ਇਜ ਸੇਵਾ ਦਾ) ਫਲ ਨਹੀਂ ਮਿਲ ਸਕਦਾ । (ਭਾਵ, ਇਥੇ ਪੱਥਰ ਦੀ ਨਿਰਜੀਵ ਮੂਰਤ ਨੂੰ ਮੁਰਦਾ ਕਿਹਾ ਹੈ) ।

13.14 ਹੇ ਭਾਈਓ ! ਜੇ ਕੋਈ ਮੁਰਦੇ ਨੂੰ ਗੰਦ ਵਿਚ ਰੋਲ ਦੇਵੇ, ਤਾਂ ਭੀ ਉਸ ਮੁਰਦੇ ਦਾ ਕੋਈ ਵਿਗਾੜ ਨਹੀਂ ਹੋ ਸਕਦਾ ।੩।

15. ਕਬੀਰ ਆਖਦਾ ਹੈ ਕਿ, ਹੇ ਭਾਈ ! ਮੈਂ ਪੁਕਾਰ ਪੁਕਾਰ ਕੇ ਆਖਦਾ ਹਾਂ ।
16. ਹੇ ਰੱਬ ਨਾਲੋਂ ਟੁੱਟੇ ਹੋਏ ਮੂਰਖ ਜੀਵ ਸਮਝ ਕੇ ਵੇਖ ।
17. ਰੱਬ ਨੂੰ ਛਡ ਕੇ ਹੋਰ ਹੋਰ ਵਿਚ ਪਿਆਰ ਪਾ ਕੇ ਬਥੇਰੇ ਜੀਵ ਤਬਾਹ ਹੋ ਗਏ ਹਨ ।
18. ਹੇ ਭਾਈ ! ਸੁਖੀ ਜੀਵਨ ਵਾਲੇ ਸਿਰਫ ਉਹੀ ਜੀਵ ਹਨ ਜੋ ਪ੍ਰਭੂ ਦੇ ਭਗਤ ਹਨ ।੪।੪।੧੨।

ਨੋਟ :–ਸਿਰਲੇਖ 'ਮਹਲਾ ੫' ਦਸਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਨਿਰੋਲ ਆਪਣਾ ਉਚਾਰਿਆ ਹੋਇਆ ਹੈ । ਇਹ ਅੰਦਾਜੇ ਲਾਉਣ ਲਈ ਸਾਡੇ ਪਾਸ ਗੁਰਬਾਣੀ ਵਿਚੋਂ ਕੋਈ ਐਸਾ ਸਬੂਤ ਨਹੀਂ ਹੈ ਕਿ ਸਤਿਗੁਰੂ ਜੀ ਨੇ ਕਬੀਰ ਜੀ ਦੇ ਕਿਸੇ ਸ਼ਬਦ ਦੀ ਅਦਲਾ ਬਦਲੀ ਕਰ ਕੇ ਇਹ ਸ਼ਬਦ ਲਿਖਿਆ ਹੈ । ਇਤਨੀ ਵਡੀ ਮਿਕਦਾਰ ਵਿਚ ਬਾਣੀ ਉਚਾਰ ਸਕਣ ਵਾਲੇ ਸਤਿਗੁਰੂ ਨੂੰ ਕਬੀਰ ਜੀ ਦੇ ਕਿਸੇ ਇਕ ਸ਼ਬਦ ਦਾ ਆਸਰਾ ਲੈਣ ਦੀ ਲੋੜ ਨਹੀਂ ਸੀ ਹੋ ਸਕਦੀ । ਇਹ ਸਤਿਗੁਰੂ ਜੀ ਦਾ ਨਿਰੋਲ ਆਪਣਾ ਹੈ, ਸਾਨੂੰ ਇਸ ਉਪਰ ਲਿਖੇ ਸਿਰਲੇਖ 'ਮਹਲਾ ੫' ਉਤੇ ਯਕੀਨ ਹੋਣਾ ਚਾਹੀਦਾ ਹੈ । ਜੇ ਰਲਵਾਂ ਸ਼ਬਦ ਹੁੰਦਾ ਤਾਂ ਸਿਰਲੇਖ ਵਜੋਂ ਇਹ ਗਲ ਲਿਖ ਦੇਂਦੇ, ਜਿਵੇਂ ਗਉੜੀ ਰਾਗ ਵਿਚ ਕਬੀਰ ਜੀ ਦੇ ੧੪ਵੇਂ ਸ਼ਬਦ ਦਾ ਸਿਰਲੇਖ ਇਉਂ ਹੈ :–

ਗਉੜੀ ਕਬੀਰ ਜੀ ਕੀ ਨਾਲ ਰਲਾਇ ਲਿਖਿਆ 'ਮਹਲਾ ੫' । ਓਹ ਸ਼ਬਦ ਮਿਲਵਾਂ ਹੈ ਤੇ ਉਸ ਦੀਆਂ ਅਖੀਰਲੀਆਂ ਦੋ ਤੁਕਾਂ ਗੁਰੂ ਅਰਜਨ ਸਾਹਿਬ ਦੀਆਂ ਹਨ ।

ਫਿਰ, ਇਸ ਸ਼ਬਦ ਦੀ ਇਥੇ ਕੀ ਲੜ ਪਈ ?

ਕਬੀਰ ਜੀ ਦਾ ਸ਼ਬਦ ਨੰ: ੧੧ ਗਹੁ ਨਾਲ ਪੜ੍ਹ ਕੇ ਵੇਖੋ । ਸਾਰੇ ਸ਼ਬਦ ਵਿਚ ਮੁਲਾਂ ਕਾਜੀ ਆਦਿਕ ਦਾ ਹੀ ਜਿਕਰ ਹੈ, ਤੇ ਬੜਾ ਸਾਫ ਖੁਲ੍ਹਾ ਜਿਕਰ ਹੈ । ਅਖੀਰਲੇ ਬੰਦ ਵਿਚ ਹਿੰਦੂ ਦਾ ਇਸ਼ਾਰਾ ਮਾਤ੍ਰ ਜਿਕਰ ਹੈ । ਲਿਖਿਆ ਹੈ 'ਹਿੰਦੂ ਰਾਮ ਨਾਮੁ ਉਚਰ' । ਖਿਆਲ ਨੂੰ ਚੰਗੀ ਤਰ੍ਹਾਂ ਖੋਲ੍ਹਿਆ ਨਹੀਂ ਹੈ । ਭਾਵੇਂ ਕਬੀਰ ਜੀ ਨੇ ਅਖੀਰਲੀ ਤੁਕ ਵਿਚ ਆਪਣਾ ਆਸ਼ਾ ਪ੍ਰਗਟ ਕਰ ਦਿਤਾ ਹੈ, 'ਕਬੀਰ ਕਾ ਸੁਆਮੀ ਰਹਿਆ ਸਮਾਇ' । ਫਿਰ ਭੀ ਅੰਞਾਣ ਪਾਠਕਾਂ ਨੂੰ ਭੁਲੇਖਾ ਪੈ ਸਕਦਾ ਹੈ ।

ਇਸ ਭੁਲੇਖੇ ਦੀ ਗੁੰਜਾਇਸ਼ ਨੂੰ ਦੂਰ ਕਰਨ ਲਈ

ਸਤਿਗੁਰੂ ਅਰਜਨ ਦੇਵ ਜੀ ਨੇ ਸਾਫ ਲਿਖ ਦਿਤਾ ਹੈ ਕਿ, ਉਸ ਤੁੱਕ (ਹਿੰਦੂ ਰਾਮ ਨਾਮ ਉਚਰੈ) ਤੋਂ ਕਬੀਰ ਜੀ ਦਾ ਭਾਵ ਰਾਮ ਚੰਦਰ ਦੀ ਮੂਰਤੀ ਤੋਂ ਹੈ, ਕਿਸੇ ਇਕ ਮੂਰਤੀ ਵਿਚ ਰੱਬ ਨੂੰ ਬੈਠਾ ਮਿੱਥ ਲੈਣਾ ਭੁੱਲ ਹੈ।

ਨੋਟ :—ਗੁਰੂ ਅਰਜਨ ਸਾਹਿਬ ਜੀ ਨੇ ਭੀ ਲਫ਼ਜ਼ 'ਰਾਮ ਹੀ ਵਰਤਿਆ ਹੈ' 'ਰਾਮ ਭਗਤ ਹੈ ਸਦਾ ਸੁਖਾਲੇ' ਕਬੀਰ ਜੀ ਨੇ ਭੀ 'ਹਿੰਦੂ ਰਾਮ ਨਾਮੁ ਉਚਰੈ' ਵਿਚ ਲਫ਼ਜ਼ 'ਰਾਮ' ਹੀ ਵਰਤਿਆ ਹੈ। ਪਰ ਸਤਿਗੁਰੂ ਜੀ ਨੇ 'ਕਬੀਰ ਕਾ ਸੁਆਮੀ' 'ਰਹਿਆ ਸਮਾਇ' ਵਿਚ ਇਸ਼ਾਰੇ ਮਾਤ੍ਰ ਦਸੀ ਗੱਲ ਨੂੰ ਆਪਣੇ ਇਸ ਸ਼ਬਦ ਵਿਚ ਵਿਸਤਾਰ ਨਾਲ ਸਮਝਾ ਦਿਤਾ ਹੈ ਕਿ ਹਿੰਦੂ ਤਾਂ ਸ੍ਰੀ ਰਾਮ ਚੰਦ੍ਰ ਦੀ ਮੂਰਤੀ ਦੀ ਪੂਜਾ ਕਰਦੇ ਹੋਏ 'ਰਾਮ ਰਾਮ' ਆਖਦੇ ਹਨ, ਪਰ ਕਬੀਰ ਜੀ ਉਸ 'ਰਾਮ' ਨੂੰ ਸਿਮਰਦੇ ਹਨ ਜੋ 'ਰਹਿਆ ਸਮਾਇ' ਅਤੇ ਜੋ 'ਸਰਬ ਜੀਆ ਕਉ ਦਾਨੁ ਦੇਤਾ'।

ਇਹ ਸ਼ਬਦ ਤਾਂ ਸਤਿਗੁਰੂ ਜੀ ਦਾ ਆਪਣਾ ਉਚਾਰਿਆ ਹੋਇਆ ਹੈ, ਪਰ ਇਸ ਦੇ ਅਖੀਰ ਤੇ ਲਫ਼ਜ਼ 'ਨਾਨਕ' ਦੇ ਥਾਂ ਲਫ਼ਜ਼ ਕਬੀਰ ਵਰਤਿਆ ਗਿਆ ਹੈ, ਕਿਉਂਕਿ, ਇਹ ਸ਼ਬਦ ਕਬੀਰ ਜੀ ਦੇ ਸ਼ਬਦ ਨੰ: ੧੧ ਦੇ ਪਰਥਾਇ ਹੀ ਉਚਾਰਨ ਦੀ ਲੋੜ ਪਈ ਸੀ।

1. ਜਲ ਮਹਿ ਮੀਨ ਮਾਇਆ ਕੇ ਬੇਧੇ
2. ਦੀਪਕ ਪਤੰਗ ਮਾਇਆ ਕੇ ਛੇਦੇ ॥
3. ਕਾਮ ਮਾਇਆ ਕੁੰਚਰ ਕਉ ਬਿਆਪੈ ॥
4. ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥੧॥
5. ਮਾਇਆ ਐਸੀ ਮੋਹਨੀ ਭਾਈ ॥
6. ਜੇਤੇ ਜੀਅ ਤੇਤੇ ਡਹਕਾਈ ॥੧॥ ਰਹਾਉ ॥
7. ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥
8. ਸਾਕਰ ਮਾਖੀ ਅਧਿਕ ਸੰਤਾਪੇ ॥
9. ਤੁਰੇ ਉਸਟ ਮਾਇਆ ਮਹਿ ਭੇਲਾ ॥
10. ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥੨॥
11. ਛਿਅ ਜਤੀ ਮਾਇਆ ਕੇ ਬੰਦਾ ॥
12. ਨਵੈ ਨਾਥ ਸੂਰਜ ਅਰੁ ਚੰਦਾ ॥
13. ਤਪੇ ਰਖੀਸਰ ਮਾਇਆ ਮਹਿ ਸੂਤਾ ॥
14. ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥੩॥
15. ਸੁਆਨ ਸਿਆਲ ਮਾਇਆ ਮਹਿ ਰਾਤਾ ॥
16. ਬੰਤਰ ਚੀਤੇ ਅਰੁ ਸਿੰਘਾਤਾ ॥
17. ਮਾਂਜਾਰ ਗਾਡਰ ਅਰੁ ਲੂਬਰਾ ॥
18. ਬਿਰਖ ਮੂਲ ਮਾਇਆ ਮਹਿ ਪਰਾ ॥੪॥
19. ਮਾਇਆ ਅੰਤਰਿ ਭੀਨੇ ਦੇਵ ॥
20. ਸਾਗਰ ਇੰਦ੍ਰਾ ਅਰੁ ਧਰਤੇਵ ॥
21. ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥
22. ਤਬ ਛੂਟੇ ਜਬ ਸਾਧੂ ਪਾਇਆ ॥੫॥੫॥੧੩॥

ਪਦ ਅਰਥ :—ਡਹਕਾਈ—ਭਰਮਾਉਂਦੀ ਹੈ, ਭਟਕਣਾ ਵਿਚ ਪਾਂਦੀ ਹੈ।੧। ਰਹਾਉ।

ਮੀਨ—ਮੱਛੀਆਂ। ਬੇਧੇ—ਵਿੰਨੇ ਹੋਏ। ਦੀਪਕ—ਦੀਵੇ। ਪਤੰਗ—ਭੰਬਟ। ਕੁੰਚਰ—ਹਾਥੀ। ਬਿਆਪੈ—ਦਬਾਉ ਪਾ ਲੈਂਦੀ ਹੈ। ਭੁਇਅੰਗਮ—ਸੱਪ। ਭ੍ਰਿੰਗ—ਭੌਰੇ। ਖਾਪੇ—ਖਪੇ ਹੋਏ।੧।

ਮ੍ਰਿਗ—ਜੰਗਲ ਦੇ ਪਸ਼ੂ। ਸਾਕਰ—ਸ਼ੱਕਰ, ਮਿੱਠਾ। ਸੰਤਾਪੇ—ਦੁੱਖ ਦੇਂਦੀ ਹੈ। ਤੁਰੇ—ਘੋੜੇ। ਉਸਟ—ਊਠ। ਭੇਲਾ—ਘਿਰੇ ਹੋਏ, ਗੁਸੇ ਹੋਏ।੨।

ਛਿਅ ਜਤੀ—ਛੇ ਜਤੀ, (ਹਨੂਮਾਨ, ਭੀਸ਼ਮ ਪਿਤਾਮਾ, ਲਛਮਣ, ਭੈਰਵ, ਗੋਰਖ, ਦੱਤਾਤ੍ਰੇਯ)। ਬੰਦਾ—ਗੁਲਾਮ। ਰਖੀਸਰ—ਵਡੇ ਵਡੇ ਰਿਸ਼ੀ।੩।

ਸਿਆਲ—ਗਿੱਦੜ। ਬੰਤਰ—ਬਾਂਦਰ। ਮਾਜਾਰ—ਬਿਲੇ। ਗਾਡਰ—ਭੇਡਾਂ।੪।

ਸਾਗਰ-ਸਮੁੰਦਰ (ਵਿਚ ਵਸਦੇ ਜੀਵ)। ਇੰਦ੍ਰਾ—ਇੰਦਰ (ਪੁਰੀ, ਭਾਵ ਸੁਵਰਗ ਵਿਚ ਰਹਿਣ ਵਾਲੇ ਦੇਵਤੇ ਆਦਿਕ)। ਧਰਤੇਵ—ਧਰਤੀ (ਦੇ ਜੀਵ)। ਉਦਰੁ—ਢਿੱਡ।੫।

ਅਰਥ :—

ਪ੍ਰ:—ਸ੍ਰੀ ਕਬੀਰ ਜੀਉ! ਜਿਸ ਮਾਇਆ ਦੀ ਸ਼ਕਤੀ ਨੂੰ ਸਾਰੇ ਹੀ ਮਹਾਂ ਪੁਰਖ ਉਚਾਰਨ ਕਰਦੇ ਆ ਰਹੇ ਹਨ, ਉਸ ਬਾਰੇ ਆਪ ਭੀ ਕੁਝ ਆਪਣੇ ਵਿਚਾਰ ਦਸੋ ਕਿ ਇਸ ਮਾਇਆ ਦੀ ਸ਼ਕਤੀ ਨੂੰ ਤੁਸੀਂ ਕਿਸ ਰੂਪ ਵਿਚ ਅਨੁਭਵ ਕਰਦੇ ਹੋ?

1. **ਉ**:—ਹੇ ਭਾਈਓ! ਮੈਂ ਤਾਂ ਵੇਖ ਰਿਹਾ ਹਾਂ ਕਿ ਇਹ ਪਾਣੀ ਵਿਚ ਰਹਿਣ ਵਾਲੀਆਂ ਮੱਛੀਆਂ ਮਾਇਆ ਵਿਚ ਵਿੱਝੀਆਂ ਪਈਆਂ ਹਨ।
2. ਅਤੇ ਦੀਵਿਆਂ ਉਤੇ (ਸੜਨ ਵਾਲੇ) ਭੰਬਟ ਮਾਇਆ ਵਿਚ ਹੀ ਪ੍ਰੋਤੇ ਹੋਏ ਹਨ।
3. ਅਤੇ ਹੇ ਭਾਈਓ! ਕਾਮ ਵਾਸ਼ਨਾ ਰੂਪ ਮਾਇਆ ਹਾਥੀ ਉਤੇ ਦਬਾਉ ਪਾਂਦੀ ਹੈ।
4. ਸੱਪ ਤੇ ਭੌਰੇ ਭੀ ਮਾਇਆ ਵਿਚ ਦੁੱਖੀ ਹੋ ਰਹੇ ਹਨ।
5. ਹੇ ਭਾਈਓ! ਮੈਂ ਤਾਂ ਵੇਖ ਰਿਹਾ ਹਾਂ ਕਿ ਇਹ ਮਾਇਆ ਇਤਨੀ ਬਲ ਵਾਲੀ ਤੇ ਮੋਹਣ ਵਾਲੀ ਹੈ।
6. ਕਿ ਜਿਤਨੇ ਭੀ ਜੀਵ (ਜਗਤ ਵਿਚ) ਹਨ ਇਹ ਸਭ ਨੂੰ ਹੀ ਭੁਲਾ ਦੇਂਦੀ ਹੈ।੧। ਰਹਾਉ।
7. ਹੇ ਭਾਈ! ਇਥੇ ਹੀ ਬੱਸ ਨਹੀਂ ਪੰਛੀ, ਜੰਗਲ ਦੇ ਪਸ਼ੂ ਸਭ ਮਾਇਆ ਵਿਚ ਰੰਗੇ ਪਏ ਹਨ।
8. ਅਤੇ ਸ਼ੱਕਰ ਰੂਪ ਮਾਇਆ ਮੱਖੀ ਨੂੰ ਬੜਾ ਦੁੱਖੀ ਕਰ ਰਹੀ ਹੈ।
9. ਘੋੜੇ ਊਠ ਸਭ ਮਾਇਆ ਵਿਚ ਫਸੇ ਪਏ ਹਨ।

ਵਿਚ ਕੋਮਲ ਗੁਣ ਉਘੜਦੇ ਨਹੀਂ ।

ਪਰ, ਜਦੋਂ (ਨਿਮ੍ਰਤਾ ਰੂਪ) ਗਿਦੜ (ਅਹੰਕਾਰ) ਸ਼ੇਰ ਨੂੰ ਖਾ ਜਾਂਦਾ ਹੈ, ਤਾਂ (ਹਿਰਦੇ ਦੀ ਸਾਰੀ) ਬਨਾਸਪਤੀ ਨੂੰ ਫੁੱਲ ਲਗ ਪੈਂਦੇ ਹਨ । ਭਾਵ ਤਦੋਂ ਸਾਰੇ ਹੀ ਸ਼ੁਭ ਗੁਣ ਅੰਦਰ ਫੈਲ ਜਾਂਦੇ ਹਨ ।੨।

ਪ੍ਰ:–ਕਬੀਰ ਜੀਉ ! ਇਹ ਦਸੋ ਕਿ, ਤੁਹਾਡੀਆਂ ਨਜ਼ਰਾਂ ਵਿਚ ਜਿਤਦਾ ਕੌਣ ਤੇ ਹਾਰਦਾ ਕੌਣ ਹੈ ?

11. ਉ:–ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ; ਜੋ ਮਨੁੱਖ ਕਿਸੇ ਮਾਣ ਵਿਚ ਆ ਕੇ ਇਹ ਸਮਝਦਾ ਹੈ ਕਿ, ਮੈਂ ਬਾਜੀ ਜਿੱਤ ਲਈ ਹੈ, ਉਹ ਸੰਸਾਰ ਸਮੁੰਦਰ ਵਿਚ ਡੁੱਬ ਜਾਂਦਾ ਹੈ, ਪਰ ਜੋ ਮਨੁੱਖ ਗਰੀਬੀ ਸੁਭਾਵ ਵਿਚ ਤੁਰਦਾ ਹੈ, ਉਹ ਤਰ ਜਾਂਦਾ ਹੈ ।
12. ਉਹ ਆਪਣੇ ਗੁਰੂ ਦੀ ਮਿਹਰ ਨਾਲ ਪਾਰ ਲੰਘ ਜਾਂਦਾ ਹੈ ।
13. ਸੇਵਕ ਕਬੀਰ ਸਮਝਾ ਕੇ ਆਖਦਾ ਹੈ ।
14. ਕਿ, ਹੇ ਭਾਈ ! ਸਿਰਫ ਪ੍ਰਮਾਤਮਾਂ ਦੇ ਚਰਨਾਂ ਵਿਚ ਮਨ ਜੋੜੀ ਰਖੋ ।੩।੬।੧੪।

ਭਾਵਾਰਥ :–ਭਾਵੇਂ ਅਨੇਕਾਂ ਹੀ ਲੋਕ ਆਤਮਕ ਜੀਵਨ ਦੀਆਂ ਸਿਖਰਾਂ ਨੂੰ ਛੋਹਣਾ ਚਾਹੁੰਦੇ ਹਨ, ਪਰ ਜਿਤਨਾ ਚਿਰ ਹਉਮੈਂ ਦਾ ਤਿਆਗ ਕਰ ਕੇ ਨਿਮ੍ਰਤਾ ਦਾ ਮਨੁੱਖ ਧਾਰਨੀ ਨਹੀਂ ਹੋ ਜਾਂਦਾ ਉਤਨਾ ਚਿਰ ਤਕ ਮਨੁੱਖ ਆਤਮਕ ਜੀਵਨ ਦੀਆਂ ਬੁਲੰਦੀਆਂ ਤਕ ਨਹੀਂ ਅੱਪੜ ਸਕਦਾ । ਅਹੰਕਾਰ ਸਹਿਤ ਪ੍ਰਾਪਤ ਕੀਤੀਆਂ ਜਿੱਤਾਂ ਨੂੰ ਹਾਰਾਂ ਤੇ ਨਿਮ੍ਰਤਾ ਦੁਆਰੇ ਕੀਤੀਆਂ ਹਾਰਾਂ ਨੂੰ ਜਿੱਤਾਂ ਹੀ ਸਮਝਣਾ ਚਾਹੀਦਾ ਹੈ, ਇਸ ਲਈ ਗਰੀਬੀ ਦੇ ਧਾਰਨੀ ਹੋ ਕੇ ਕੇਵਲ ਪ੍ਰਭੂ ਵਿਚ ਸੁਰਤਿ ਜੋੜਨ ਦੇ ਅਭਿਆਸੀ ਹੋਣ ਦੀ ਹੀ ਕਬੀਰ ਜੀ ਪ੍ਰੇਰਨਾ ਕਰਦੇ ਹਨ ।

1. **ਸਤਰਿ ਸੈਇ ਸਲਾਰ ਹੈ ਜਾ ਕੇ ॥**
2. **ਸਵਾ ਲਾਖੁ ਪੈਕਾਬਰ ਤਾ ਕੇ ॥**
3. **ਸੇਖ ਜੁ ਕਹੀਅਹਿ ਕੋਟਿ ਅਠਾਸੀ ॥**
4. **ਛਪਨ ਕੋਟਿ ਜਾ ਕੇ ਖੇਲ ਖਾਸੀ ॥੧॥**
5. **ਮੋ ਗਰੀਬ ਕੀ ਕੋ ਗੁਜਰਾਵੈ ॥**
6. **ਮਜਲਸਿ ਦੂਰਿ ਮਹਲੁ ਕੋ ਪਾਵੈ ॥੧॥ ਰਹਾਉ ॥**
7. **ਤੇਤੀਸ ਕਰੋੜੀ ਹੈ ਖੇਲ ਖਾਨਾ ॥**
8. **ਚਉਰਾਸੀ ਲਖ ਫਿਰੈ ਦਿਵਾਨਾਂ ॥**
9. **ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥**
10. **ਉਨਿ ਭੀ ਭਿਸਤਿ ਘਨੇਰੀ ਪਾਈ ॥੨॥**
11. **ਦਿਲ ਖਲਹਲੁ ਜਾ ਕੈ ਜਰਦ ਰੂ ਬਾਨੀ ॥**
12. **ਛੋਡਿ ਕਤੇਬ ਕਰੈ ਸੈਤਾਨੀ ॥**
13. **ਦੁਨੀਆ ਦੋਸੁ ਰੋਸੁ ਹੈ ਲੋਈ ॥**
14. **ਅਪਨਾ ਕੀਆ ਪਾਵੈ ਸੋਈ ॥੩॥**
15. **ਤੁਮ ਦਾਤੇ ਹਮ ਸਦਾ ਭਿਖਾਰੀ ॥**
16. **ਦੇਉ ਜਬਾਬੁ ਹੋਇ ਬਜਗਾਰੀ ॥**
17. **ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥**
18. **ਭਿਸਤੁ ਨਜੀਕਿ ਰਾਖੁ ਰਹਮਾਨਾ ॥੪॥੭॥੧੫॥**

ਪਦ ਅਰਥ :–ਸਤਰਿ ਸੈਇ ਸਲਾਰ–ਸਤ ਹਜਾਰ ਫਰਿਸ਼ਤੇ ਜਿਨ੍ਹਾਂ ਨੂੰ ਖੁਦਾ ਨੇ ਜਬਰਾਈਲ ਫਰਿਸ਼ਤੇ ਦੇ ਨਾਲ ਹਜ਼ਰਤ ਮੁਹੰਮਦ ਸਾਹਿਬ ਪਾਸ ਵਡੀ ਆਇਤ ਅਪੜਾਉਣ ਲਈ ਭੇਜਿਆ ਸੀ । ਖੇਲ ਖਾਸੀ–ਖਾਸ ਖੈਲ, ਹਾਜਰ ਬਾਸ, ਮੁਸਾਹਿਬ । ਸੇਖ–ਬਜੁਰਗ, ਵਿਦਵਾਨ ।੧।

ਮਜਲਸਿ–ਦਰਬਾਰ । ਦੂਰਿ–(ਭਾਵ) ਸਤਵੇਂ ਅਸਮਾਨ ਤੇ । ਕੋ–ਕਉਣ ? ।੧। ਰਹਾਉ ।

ਖੇਲ–ਖੈਲ, ਆਦਮੀਆਂ ਦਾ ਗਰੋਹ । ਦਿਵਾਨਾ–ਖਾਨਾ ਬਦੋਸ਼ । ਖੇਲ ਖਾਨਾ–(ਖੈਲ ਖਾਨਹ) ਘਰ ਵਿਚ ਰਹਿਣ ਵਾਲੇ ਸੇਵਕ । ਕਿਛੁ ਨਦਰਿ ਦਿਖਾਈ–ਰਤਾ ਕੁ ਅੱਖਾਂ ਦਸੀਆਂ । ਉਨਿ–ਉਸ ਆਦਮੀ ਨੇ । ਘਨੇਰੀ–ਥੋੜੇ ਹੀ ਚਿਰ ਲਈ । ਭਿਸਤਿ ਘਨੇਰੀ ਪਾਈ–ਬਹਿਸ਼ਤ ਵਿਚੋਂ ਛੇਤੀ ਕਢਿਆ ਗਿਆ ।੨।

ਖਲਹਲੁ–ਖਲਬਲੀ, ਘਬਰਾਹਟ, ਗੜਬੜ । ਜਾ ਕੈ ਦਿਲ–ਜਿਸ ਮਨੁੱਖ ਦੇ ਦਿਲ ਵਿਚ । ਜਰਦ–ਜ਼ਰਦ, ਪੀਲਾ । ਰੂ–ਮੂੰਹ । ਬਾਨੀ–ਵੰਨ, ਰੰਗਤ । ਲੋਈ–ਜਗਤ । ਰੋਸੁ–ਗੁਸਾ ।੩।

ਭਿਖਾਰੀ–ਮੰਗਤੇ । ਦੇਉ–ਦੇਉਂ, (ਜੇ) ਮੈਂ ਦਿਆਂ । ਜਬਾਬੁ–ਉੱਤਰ, ਨਾ ਨੁੱਕਰ । ਦੇਉ ਜਬਾਬੁ–(ਜੋ ਕੁਝ, ਹੇ ਪ੍ਰਭੂ ! ਤੂੰ ਦੇਂਦਾ ਹੈਂ, ਉਸ ਅਗੇ) ਜੇ ਮੈਂ ਨਾ ਨੁਕਰ ਕਰਾਂ । ਬਜਗਾਰੀ–ਗੁਨਾਹਗਾਰੀ । ਪਨਹ–ਪਨਾਹ, ਓਟ, ਆਸਰਾ । ਨਜੀਕ–(ਆਪਣੇ) ਨੇੜੇ । ਭਿਸਤੁ–(ਇਹੀ ਹੈ ਮੇਰਾ) ਬਹਿਸ਼ਤ । ਰਹਮਾਨਾ–ਹੇ ਰਹਿਮ ਕਰਨ ਵਾਲੇ ।੪।

ਉਥਾਨਕਾ :–ਕਿਸੇ ਮੁਸਲਮਾਨ ਨੇ ਕਬੀਰ ਜੀ ਨੂੰ ਆ ਕੇ ਪ੍ਰੇਰਨਾ ਕੀਤੀ ਕਿ ਆਪ ਸਹੀ ਰੂਪ ਵਿਚ ਪੱਕੇ ਮੁਸਲਮਾਨ ਬਣ ਜਾਉ, ਕਿਉਂਕਿ, ਮੁਸਲਮਾਨ ਬਣਿਆਂ ਬਹਿਸ਼ਤ ਮਿਲੇਗਾ ਅਤੇ ਉਹ ਆਪਣੇ ਖੁਦਾ ਦੀ ਬਜੁਰਗੀ ਭੀ ਦਸ ਰਿਹਾ ਹੈ ਕਿ ਉਸ ਦੇ ਸੱਤ ਹਜਾਰ ਫਰਿਸ਼ਤੇ ਹਨ, ਸਵਾ ਲੱਖ ਪੈਗੰਬਰ ਹਨ ਅਤੇ ਉਹ ਖੁਦਾ ਸਤਵੇਂ ਅਸਮਾਨ ਤੇ ਰਹਿੰਦਾ ਹੈ, ਤਾਂ ਕਬੀਰ ਜੀ ਇਸ ਸ਼ਬਦ ਵਿਚ ਉੱਤਰ ਦੇਂਦੇ ਹੋਏ ਇਸ ਨੂੰ ਸੰਬੋਧਨ ਕਰਦੇ ਹਨ ਕਿ–

ਅਰਥ :–

1. ਉ:–ਹੇ ਭਾਈ ! ਸੁਣ, (ਤੂੰ) ਜਿਸ ਖੁਦਾ ਦੇ ਸੱਤਰ ਹਜਾਰ ਫਰਿਸ਼ਤੇ (ਦਸਦਾ ਹੈਂ) ।
2. ਅਤੇ ਜਿਸ ਖੁਦਾ ਦੇ (ਤੂੰ) ਸਵਾ ਲੱਖ ਪੈਗੰਬਰ ਦਸ ਰਿਹਾ ਹੈਂ ।

10. ਐ ਪਿਆਰੇ, ਚੌਰਾਸੀ ਸਿਧ ਭੀ ਮਾਇਆ ਵਿਚ ਖੇਡ ਰਹੇ ਹਨ ।੨।
11. ਹੇ ਭਾਈ ! ਛੇ ਜਤੀ ਭੀ ਮਾਇਆ ਦੇ ਹੀ ਗੁਲਾਮ ਹਨ ।
12. ਨੌਂ ਨਾਥ ਸੂਰਜ (ਦੇਵਤਾ) ਅਤੇ ਚੰਦਰਮਾਂ (ਦੇਵਤਾ) ।
13. ਵਡੇ ਵਡੇ ਤਪੀ ਤੇ ਰਿਖੀ ਸਭ ਮਾਇਆ ਵਿਚ ਸੁੱਤੇ ਪਏ ਹਨ ।
14. ਮੌਤ (ਦਾ ਸਹਿਮ) ਤੇ ਪੰਜੇ ਵਿਕਾਰ ਭੀ ਮਾਇਆ ਵਿਚ ਹੀ (ਜੀਵਾਂ ਨੂੰ ਵਿਆਪਦੇ ਹਨ) ।੩।
15.16 ਹੇ ਭਾਈਓ ! ਕੁੱਤੇ, ਗਿੱਦੜ, ਬਾਂਦਰ,ਚਿਤਰੇ, ਸ਼ੇਰ ਸਭ ਮਾਇਆ ਵਿਚ ਰੰਗੇ ਪਏ ਹਨ ।
17. ਐ ਪਿਅ ਰੇ ! ਬਿਲੇ, ਭੇਡਾਂ, ਲੂੰਬੜ ।
18. ਰੁੱਖ, ਕੰਦ ਮੂਲ ਸਭ ਮਾਇਆ ਦੇ (ਹੀ) ਅਧੀਨ ਹਨ ।੪।
19. ਹੇ ਭਾਈ ! ਦੇਵਤੇ ਭੀ ਮਾਇਆ (ਦੇ ਮੋਹ) ਵਿਚ ਭਿੱਜੇ ਹੋਏ ਹਨ ।
20. ਸਮੁੰਦਰ, ਸਵਰਗ, ਧਰਤੀ, ਇਨ੍ਹਾਂ ਸਭਨਾਂ ਦੇ ਜੀਵ ਮਾਇਆ ਵਿਚ ਹੀ ਹਨ ।
21. ਕਬੀਰ ਜੀ ਆਖਦੇ ਹਨ ਕਿ, ਹੇ ਭਾਈਓ ! ਮੁਕਦੀ ਗਲ ਤਾਂ ਇਹੋ ਹੀ ਹੈ ਕਿ, ਜਿਸ ਨੂੰ ਭੀ ਢਿੱਡ ਲਗਾ ਹੋਇਆ ਹੈ, ਉਸਨੂੰ (ਭਾਵ, ਹਰੇਕ ਜੀਵ ਨੂੰ) ਮਾਇਆ ਵਿਆਪ ਰਹੀ ਹੈ ।

ਪ੍ਰ:–ਕਬੀਰ ਜੀਉ ! ਦਸੋ, ਤੁਹਾਡੀ ਦ੍ਰਿਸ਼ਟੀ ਵਿਚ ਮਾਇਆ ਦੇ ਪ੍ਰਭਾਵ ਤੋਂ ਬਚਿਆ ਹੋਇਆ ਕੌਣ ਹੈ ?

22. ਉ:–ਹੇ ਭਾਈ ! ਅਸਲ ਵਿਚ ਤਾਂ ਜਦੋਂ ਗੁਰੂ ਮਿਲ ਪਵੇ, ਤਦੋਂ ਹੀ ਜੀਵ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ ।੫।੫।੧੩।

ਭਾਵਾਰਥ :–ਸੰਸਾਰ ਵਿਚ ਸੂਖਮ ਤੇ ਅਸਥੂਲ ਜੀਵ ਜੰਤ, ਦੇਵੀ ਦੇਵਤੇ ਸਾਰਿਆਂ ਨੂੰ ਮਾਇਆ ਦਾ ਮੋਹ ਵਿਆਪ ਰਿਹਾ ਹੈ, ਇਹ ਭਰਮ ਸਾਰਿਆਂ ਨੂੰ ਹੀ ਵਿਆਪਦੇ ਰਹਿਣਗੇ ਜਦ ਤਕ ਕਿ ਸੱਚਾ ਗੁਰੂ ਨਹੀਂ ਮਿਲ ਜਾਂਦਾ, ਇਸ ਲਈ ਕਬੀਰ ਜੀ ਇਸ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਪੂਰਨ ਗੁਰੂ ਦੇ ਧਾਰਨੀ ਹੋਣ ਦੀ ਪ੍ਰੇਰਨਾ ਕਰਦੇ ਹਨ ।

1. **ਜਬ ਲਗੁ ਮੇਰੀ ਮੇਰੀ ਕਰੈ ॥**
2. **ਤਬ ਲਗੁ ਕਾਜੁ ਏਕੁ ਨਹੀ ਸਰੈ ॥**
3. **ਜਬ ਮੇਰੀ ਮੇਰੀ ਮਿਟਿ ਜਾਇ ॥**
4. **ਤਬ ਪ੍ਰਭ ਕਾਜੁ ਸਵਾਰਹਿ ਆਇ ॥੧॥**
5. **ਐਸਾ ਗਿਆਨੁ ਬਿਚਾਰੁ ਮਨਾ ॥**
6. **ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥੧॥ ਰਹਾਉ ॥**
7. **ਜਬ ਲਗੁ ਸਿੰਘੁ ਰਹੈ ਬਨ ਮਾਹਿ ॥**
8. **ਤਬ ਲਗੁ ਬਨੁ ਫੂਲੈ ਹੀ ਨਾਹਿ ॥**
9. **ਜਬ ਹੀ ਸਿਆਰੁ ਸਿੰਘ ਕਉ ਖਾਇ ॥**
10. **ਫੂਲਿ ਰਹੀ ਸਗਲੀ ਬਨਰਾਇ ॥੨॥**
11. **ਜੀਤੋ ਬੂਡੈ ਹਾਰੋ ਤਿਰੈ ॥**
12. **ਗੁਰ ਪਰਸਾਦੀ ਪਾਰਿ ਉਤਰੈ ॥**
13. **ਦਾਸੁ ਕਬੀਰੁ ਕਹੈ ਸਮਝਾਇ ॥**
14. **ਕੇਵਲ ਰਾਮ ਰਹਹੁ ਲਿਵ ਲਾਇ ॥੩॥੬॥੧੪॥**

ਪਦ ਅਰਥ :–ਨਹੀ ਸਰੈ–ਸਿਰੇ ਨਹੀਂ ਚੜ੍ਹਦਾ, ਸਫਲ ਨਹੀਂ ਹੁੰਦਾ ।੧।

ਕੀ ਨ–ਕਿਉਂ ਨਹੀਂ ? । ਦੁਖ ਭੰਜਨਾ ਹਰਿ–ਦੁੱਖਾਂ ਦਾ ਨਾਸ ਕਰਨ ਵਾਲਾ ਪ੍ਰਭੂ ।੧। ਰਹਾਉ ।

ਸਿੰਘੁ–ਹੰਕਾਰ (ਸ਼ੇਰ) । ਬਨ–ਹਿਰਦਾ ਰੂਪ ਜੰਗਲ । ਸਿਆਰੁ–ਨਿਮ੍ਰਤਾ ਰੂਪ ਗਿੱਦੜ ।੨।

ਬੂਡੈ–ਡੁੱਬ ਜਾਂਦਾ ਹੈ । ਤਿਰੈ–ਤਰਦਾ ਹੈ ।੩।

ਅਰਥ :–

ਪ੍ਰ:–ਕਬੀਰ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਅਨੇਕਾਂ ਲੋਕ ਆਪਣਾ ਜੀਵਨ ਮਨੋਰਥ ਪੂਰਾ ਕਰਨ ਲਈ ਜਤਨ ਭੀ ਬਹੁਤ ਕਰਦੇ ਹਨ, ਪਰ, ਉਨ੍ਹਾਂ ਨੂੰ ਸਫਲਤਾ ਨਹੀਂ ਹੁੰਦੀ, ਇਸ ਦਾ ਸਹੀ ਕਾਰਨ ਕੀ ਹੈ ?

1. ਉ.–ਹੇ ਭਾਈ ! ਅਸਲ ਵਿਚ, ਜਦ ਤਕ ਮਨੁੱਖ ਮਮਤਾ ਦੇ ਗੇੜ ਵਿਚ ਰਹਿੰਦਾ ਹੈ ।
2. ਤਦ ਤਕ ਇਸ ਦਾ (ਆਤਮਕ ਜੀਵਨ ਦਾ) ਇਕ ਕੰਮ ਭੀ ਨਹੀਂ ਸੌਰਦਾ ।

ਪ੍ਰ:–ਕਿਉਂ ਜੀ ! ਆਖਰ ਇਹ ਕਾਰਜ ਸੌਰਦਾ ਕਿਵੇਂ ਹੈ ?

3. ਉ:–ਹੇ ਪਿਆਰੇ ! ਜਦੋਂ ਇਸਦੀ ਮਮਤਾ ਮਿਟ ਜਾਂਦੀ ਹੈ ।
4. ਤਦੋਂ ਪ੍ਰਭੂ ਜੀ (ਇਸ ਦੇ ਹਿਰਦੇ ਵਿਚ) ਵੱਸ ਕੇ (ਇਸਦਾ) ਜੀਵਨ ਮਨੋਰਥ ਪੂਰਾ ਕਰ ਦੇਂਦਾ ਹੈ ।੧।
5. ਹੇ ਮੇਰੇ ਮਨ ! (ਤੂੰ) ਕੋਈ ਅਜਿਹੀ ਉਚੀ ਸਮਝ ਦੀ ਗਲ ਸੋਚ, (ਜਿਸ ਨਾਲ ਤੂੰ ਸਿਮਰਨ ਕਰਨ ਵਲ ਪਰਤ ਸਕੇਂ)।
6. ਇਸ ਲਈ, ਹੇ ਮੇਰੇ ਮਨ ! ਸਭ ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਨੂੰ (ਦਸ ਤੂੰ ?) ਕਿਉਂ ਨਹੀਂ ਸਿਮਰਦਾ ।੧। ਰਹਾਉ ।

ਪ੍ਰ:–ਸ੍ਰੀ ਕਬੀਰ ਜੀ ! ਇਹ ਦਸੋ ਕਿ, ਮਨੁੱਖ ਦੇ ਅਨੇਕਾਂ ਜਤਨ ਕਰਦੇ ਰਹਿਣ ਤੋਂ ਭੀ ਇਸ ਦੇ ਅੰਦਰ ਸ਼ੁਭ ਗੁਣਾਂ ਦੀ ਪ੍ਰਫੁਲਤਾ ਕਿਉਂ ਨਹੀਂ ਹੁੰਦੀ ?

7.8.9.10–ਹੇ ਭਾਈਓ, ਸੁਣੋ ਜਿਵੇਂ ਜਦ ਤਕ ਬਨ ਵਿਚ ਸ਼ੇਰ ਰਹਿੰਦਾ ਹੈ ਤਦ ਤਕ ਬਨ ਵਿਚ, ਭਾਵ ਮ੍ਰਿਗਾਵਲੀ ਬਨ ਦੇ ਜੀਵ ਪ੍ਰਫੁਲਤ ਨਹੀਂ ਹੁੰਦੇ । ਪਰ ਜਦੋਂ ਸਰਬਾ ਸ਼ੇਰ ਨੂੰ ਖਾ ਜਾਵੇ ਤਾਂ ਸਾਰੀ ਬਨਾਸਪਤੀ ਫੁਲੀ ਰਹਿੰਦੀ ਹੈ, ਭਾਵ ਜੀਵ ਜੰਤ ਬਹੁਤੇ ਹੁੰਦੇ ਹਨ ।

ਇਸੇ ਤਰ੍ਹਾਂ, ਹੇ ਭਾਈ ! ਜਦ ਤਾਈਂ ਇਸ ਹਿਰਦੇ ਰੂਪ ਜੰਗਲ ਵਿਚ ਅਹੰਕਾਰ ਰੂਪ ਸ਼ੇਰ ਰਹਿੰਦਾ ਹੈ ਤਦ ਤਾਈਂ ਇਹ ਹਿਰਦਾ ਫੁਲਵਾੜੀ ਫੁਲਦੀ ਨਹੀਂ, ਭਾਵ ਹਿਰਦੇ

3. ਅਤੇ ਅਠਾਸੀ ਕ੍ਰੋੜ ਉਸ ਦੇ (ਦਰ ਤੇ ਰਹਿਣ ਵਾਲੇ) ਬਜੁਰਗ ਆਲਮ ਸ਼ੇਖ ਕਹੇ ਜਾ ਰਹੇ ਹਨ।
4. ਤੇ ਛਪੰਜਾ ਕਰੋੜ ਜਿਸ ਦੇ ਮੁਸਾਹਿਬ ਤੂੰ ਦਸਦਾ ਹੈਂ।
5. (ਤੂੰ ਦਸ ਉਸ ਦੇ ਦਰਬਾਰ ਤਕ) ਮੈਂ ਗਰੀਬ ਦੀ ਅਰਜ਼ ਕੌਣ ਅਪੜਾਏਗਾ ?
6. ਹੇ ਭਾਈ ! ਫਿਰ ਤੂੰ ਕਹਿੰਦਾ ਹੈਂ ਕਿ ਉਸ ਦਾ ਦਰਬਾਰ ਦੂਰ (ਸਤਵੇਂ ਅਸਮਾਨ ਤੇ) ਹੈ। ਮੈਂ ਤਾਂ ਗਰੀਬ ਜੁਲਾਹਾ ਹਾਂ ਉਸ ਦਾ ਘਰ (ਮੇਰਾ) ਕੌਣ ਲਭੇਗਾ।੧। ਰਹਾਉ।
7. ਹੇ ਭਾਈ ! ਸੁਣ, ਬੈਕੁੰਠ ਦੀਆਂ ਗਲਾਂ ਦਸਣ ਵਾਲੇ ਭੀ ਆਖਦੇ ਹਨ ਕਿ, ਤੇਤੀ ਕ੍ਰੋੜ ਦੇਵਤੇ ਉਸ ਦੇ ਸੇਵਕ ਹਨ (ਉਨ੍ਹਾਂ ਨੇ ਭੀ ਮੇਰੀ ਕਿਥੇ ਸੁਣਨੀ ਹੈ) ?
8. ਹੇ ਪਿਆਰੇ ! ਚੌਰਾਸੀ ਲੱਖ ਜੂਨੀਆਂ ਦੇ ਜੀਵ (ਉਸ ਤੋਂ ਖੁੰਝੇ ਹੋਏ) ਝੱਲੇ ਹੋਏ ਫਿਰਦੇ ਹਨ।

ਪ੍ਰ:–ਹੇ ਕਬੀਰ ! ਤੂੰ ਯਕੀਨ ਰਖ ਕਿ, ਤੈਨੂੰ ਖੁਦਾ ਬਹਿਸ਼ਤ ਵਿਚ ਰਖੇਗਾ ?

9. ਉ:–ਹੇ ਭਾਈ ! ਤੁਸੀਂ ਹੀ ਦਸਦੇ ਹੋ ਕਿ ਖੁਦਾ ਨੇ ਬਾਬਾ ਆਦਮ ਨੂੰ ਬਹਿਸ਼ਤ ਵਿਚ ਰਖਿਆ ਸੀ।
10. ਪਰ, ਤੁਹਾਡੇ ਹੀ ਆਖਣ ਅਨੁਸਾਰ ਜਦੋਂ ਬਾਬਾ ਆਦਮ ਨੂੰ ਰੱਬ ਨੇ (ਉਸ ਦੀ ਹੁਕਮ ਅਦੂਲੀ ਤੇ) ਰਤਾ ਕੁ ਅੱਖ ਵਖਾਈ ਤਾਂ ਉਸ ਆਦਮ ਨੇ ਭੀ ਉਹ ਬਹਿਸ਼ਤ ਥੋੜਾ ਚਿਰ ਹੀ ਮਾਣਿਆਂ (ਉਥੋਂ ਛੇਤੀ ਹੀ ਕਢਿਆ ਗਿਆ, ਤੇ ਜੇ ਬਾਬਾ ਆਦਮ ਵਰਗੇ ਕਢੇ ਗਏ, ਤਾਂ ਦੱਸ, ਮੈਨੂੰ ਗਰੀਬ ਨੂੰ ਉਥੇ ਕੋਈ ਕਿਤਨਾ ਚਿਰ ਰਹਿਣ ਦਏਗਾ ?)।੨।

ਪ੍ਰ:–ਕਬੀਰ ਜੀਉ ! ਦਸੋ, ਤੁਹਾਡਾ ਆਪਣਾ ਨਿਸਚਾ ਕੀ ਹੈ ?

11. ਉ:–ਹੇ ਭਾਈ ! ਜੋ ਭੀ ਮਨੁੱਖ ਆਪਣੇ ਧਰਮ ਪੁਸਤਕਾਂ (ਦੇ ਦਸੇ ਰਾਹ) ਨੂੰ ਛਡ ਕੇ ਮੰਦੇ ਪਾਸੇ ਤੁਰਦਾ ਹੈ ਤੇ ਜਿਸ ਦੇ ਭੀ ਦਿਲ ਵਿਚ (ਵਿਕਾਰਾਂ ਦੀ) ਗੜਬੜ ਹੈ, ਉਸ ਦੇ ਮੂੰਹ ਦੀ ਰੰਗਤ ਪੀਲੀ ਪੈ ਜਾਂਦੀ ਹੈ (ਭਾਵ, ਉਹ ਹੀ ਪ੍ਰਭੂ ਦਰ ਤੋਂ ਧਕਿਆ ਜਾਂਦਾ ਹੈ)।
12. ਐ ਪਿਆਰੇ ! ਪਰ, ਇਹ ਮਨੁੱਖ ਅੰਞਾਣ ਪੁਣੇ ਵਿਚ ਦੁਨੀਆਂ ਨੂੰ ਦੋਸ਼ ਦੇਂਦਾ ਹੈ, ਜਗਤ ਤੇ ਗੁਸਾ ਕਰਦਾ ਹੈ।
13. ਪਰ ਉਂਞ ਮਨੁੱਖ ਆਪਣਾ ਕੀਤਾ ਆਪ ਹੀ ਪਾਉਂਦਾ ਹੈ।੩।
14. ਐ ਪਿਆਰੇ ! ਮੈਂ ਤਾਂ ਇਕ ਇਹੋ ਹੀ ਅਰਦਾਸ ਕਰਦਾ ਹਾਂ ਕਿ, ਹੇ ਮੇਰੇ ਪ੍ਰਭੂ ! ਤੁਸੀਂ ਦਾਤੇ ਹੋ ਅਤੇ ਅਸੀਂ ਤੇਰੇ ਸਦਾ ਹੀ ਭਿਖਾਰੀ ਹਾਂ।
15. ਜੇ ਅਸੀਂ ਤੇਰੇ ਅਗੇ ਕਿਸੇ ਭੀ ਦਾਤ ਬਾਰੇ ਨਾ ਨੁੱਕਰ ਕਰੀਏ। ਤਾਂ ਅਸੀਂ ਤੇਰੇ ਗੁਨਾਹਗਾਰ ਹੋਵਾਂਗੇ, ਭਾਵ ਜੇ ਤੇਰੇ ਦਾਨ ਤੇ ਮੈਂ ਮੁਨਕਰ ਹੋਵਾਂ ਤਾਂ ਮੈਂ ਗੁਨਾਹੀ ਬਣਦਾ ਹਾਂ।
16. ਮੈਂ ਤੇਰਾ ਦਾਸ ਕਬੀਰ ਤੇਰੀ ਸ਼ਰਨ ਆਇਆ ਹਾਂ।
17. ਹੇ ਮੇਰੇ ਪ੍ਰਭੂ ! ਮੈਨੂੰ ਕਿਸੇ ਬਹਿਸ਼ਤ ਬੈਕੁੰਠ ਦੀ ਲੋੜ ਨਹੀਂ ਹੈ।
18. (ਤੂੰ ਮੈਨੂੰ ਆਪਣੀ ਸ਼ਰਨ ਵਿਚ ਹੀ ਰਖਣਾ ਕਰ) ।੪।੭।੧੫।

ਭਾਵਾਰਥ :–ਹਰੀ ਦੇ ਦਰਬਾਰ ਦੀ ਵਡਿਆਈ ਅਤੇ ਆਪਣੀ ਛੁਟਾਈ ਦੇਖ ਕੇ ਨਿਮ੍ਰਤਾ ਵਿਚ ਆਉਂਦੇ ਹਨ ਅਤੇ ਅਰਦਾਸ ਕਰਦੇ ਹਨ ਕਿ, ਹੇ ਪ੍ਰਭੂ ! ਮੈਨੂੰ ਆਪਣੇ ਦਰਬਾਰ ਦੀ ਪਨਾਹ ਵਿਚ ਹੀ ਰਖ ਇਹੋ ਹੀ ਮਰੇ ਲਈ ਬੈਕੁੰਠ ਹੈ।

1. ਸਭੁ ਕੋਈ ਚਲਨ ਕਹਤ ਹੈ ਊਹਾਂ ॥
2. ਨਾ ਜਾਨਉ ਬੈਕੁੰਠੁ ਹੈ ਕਹਾਂ ॥੧॥ ਰਹਾਉ ॥
3. ਆਪ ਆਪ ਕਾ ਮਰਮੁ ਨ ਜਾਨਾਂ ॥
4. ਬਾਤਨ ਹੀ ਬੈਕੁੰਠੁ ਬਖਾਨਾਂ ॥੧॥
5. ਜਬ ਲਗੁ ਮਨ ਬੈਕੁੰਠ ਕੀ ਆਸ ॥
6. ਤਬ ਲਗੁ ਨਾਹੀ ਚਰਨ ਨਿਵਾਸ ॥੨॥
7. ਖਾਈ ਕੋਟੁ ਨ ਪਰਲ ਪਗਾਰਾ ॥
8. ਨਾ ਜਾਨਉ ਬੈਕੁੰਠ ਦੁਆਰਾ ॥੩॥
9. ਕਹਿ ਕਮੀਰ ਅਬ ਕਹੀਐ ਕਾਹਿ ॥
10. ਸਾਧ ਸੰਗਤਿ ਬੈਕੁੰਠੈ ਆਹਿ ॥੪॥੮॥੧੬॥

ਪਦ ਅਰਥ :–ਸਭੁ ਕੋਈ–ਹਰ ਕੋਈ, ਹਰੇਕ ਬੰਦਾ। ਊਹਾਂ–ਉਸ ਬੈਕੁੰਠ ਵਿਚ। ਨ ਜਾਨਉ–ਮੈਂ ਨਹੀਂ ਜਾਣਦਾ, ਮੈਨੂੰ ਤਾਂ ਪਤਾ ਨਹੀਂ। ਕਹਾਂ–ਕਿਥੇ ?।੧। ਰਹਾਉ।

ਮਰਮੁ–ਭੇਦ। ਬਾਤਨ ਹੀ–ਨਿਰੀਆਂ ਗਲਾਂ ਨਾਲ। ਬਖਾਨਾ–ਬਿਆਨ ਕਰ ਰਹੇ ਹਨ।੧।

ਮਨ–ਹੇ ਮਨ।੨।

ਖਾਈ–ਕਿਲ੍ਹੇ ਦੇ ਦੁਆਲੇ ਡੂੰਘੀ ਤੇ ਚੌੜੀ ਖਾਈ ਜੋ ਕਿਲ੍ਹੇ ਦੀ ਰਾਖੀ ਲਈ ਪਾਣੀ ਨਾਲ ਭਰੀ ਰਖੀਦੀ ਹੈ। ਕੋਟੁ–ਕਿਲ੍ਹਾ। ਪਰਲ–ਸ਼ਹਿਰ। ਪਗਾਰਾ–ਫਸੀਲ, ਸ਼ਹਿਰ ਦੀ ਵਡੀ ਦੀਵਾਰ ਚੁਫੇਰੇ ਦੀ।੩।

ਕਮੀਰ–ਕਬੀਰ। ਕਹਿ–ਕਿਸ ਨੂੰ ?। ਆਹਿ–ਹੈ।੪।

ਅਰਥ :–

ਪ੍ਰ:–ਸ੍ਰੀ ਕਬੀਰ ਜੀਉ ! ਅਸੀਂ ਜਿਨ੍ਹਾਂ ਭਿੰਨ ਭਿੰਨ ਭੇਖਾਂ ਦੇ ਸਾਧੂਆਂ ਨਾਲ ਕਦੀ ਭੀ ਵਿਚਾਰ ਵਟਾਂਦਰਾ ਕਰਦੇ ਹਾਂ, ਤਾਂ ਹਰ ਸਾਧੂ ਆਪਣੇ ਆਪ ਨੂੰ ਬੈਕੁੰਠ ਵਿਚ ਜਾਣ ਦਾ ਅਸਾਵੰਤ ਜਾਣਦਾ ਹੈ ਕੀ, ਤੁਹਾਡੇ ਵਿਚਾਰ ਵਿਚ ਉਹ ਠੀਕ ਕਹਿੰਦੇ ਹਨ, ਤੁਸੀਂ ਉਨ੍ਹਾਂ ਦੇ ਖਿਆਲਾਂ ਨੂੰ ਕਿਵੇਂ ਅਨੁਭਵ ਕਰਦੇ ਹੋ ਦਸਣ ਦੀ ਖੇਚਲ ਕਰੋ ਤਾਂ ਕਿ ਸਾਨੂੰ ਭੀ ਕੁਝ ਸੋਝੀ ਪੈ ਸਕੇ ?

1. ਉ:–ਹੇ ਭਾਈਓ ! ਸੁਣਦਾ ਤਾਂ ਮੈਂ ਭੀ ਇਸੇ ਤਰ੍ਹਾਂ ਹਾਂ, ਪਰ, ਹਰ ਕੋਈ (ਇਸੇ ਤਰ੍ਹਾਂ) ਆਖ ਰਿਹਾ ਹੈ ਕਿ ਮੈਂ ਉਸ ਬੈਕੁੰਠ ਵਿਚ ਅਪੜਨਾ ਹੈ।

2. ਹੇ ਭਾਈ ! ਪਰ ਮੈਨੂੰ ਤਾਂ ਸਮਝ ਨਹੀਂ ਆਈ, (ਇਨ੍ਹਾਂ ਦਾ ਉਹ) ਬੈਕੁੰਠ ਕਿਥੇ ਹੈ ।੧। ਰਹਾਉ ।

3. ਹੇ ਭਾਈਓ ! (ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਇਨ੍ਹਾਂ ਲੋਕਾਂ ਨੇ) ਆਪਣੇ ਆਪ ਦਾ ਭੀ ਭੇਦ ਨਹੀਂ ਪਾਇਆ ।

4. (ਇਹ ਤਾਂ) ਨਿਰੀਆਂ ਗਲਾਂ ਨਾਲ ਹੀ ਬੈਕੁੰਠ ਬੈਕੁੰਠ ਆਖ ਰਹੇ ਹਨ ।੧।

ਪ੍ਰ:–ਕਬੀਰ ਜੀਉ ! ਤੁਸੀਂ ਆਪਣੇ ਮਨ ਵਿਚ ਕੀ ਨਿਹਚਾ ਰਖਦੇ ਹੋ ?

5. ਉ:–ਹੇ ਭਾਈ ! ਮੈਂ ਤਾਂ ਆਪਣੇ ਮਨ ਨੂੰ ਸਦਾ ਇਉਂ ਹੀ ਸੰਬੋਧਨ ਕਰਦਾ ਰਹਿੰਦਾ ਹਾਂ ਕਿ, ਹੇ ਮਨ ! ਜਦ ਤਕ ਤੇਰੀਆਂ ਬੈਕੁੰਠ ਅਪੜਨ ਦੀਆਂ ਆਸਾਂ ਹਨ ।

6. ਤਦ ਤਕ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ ।੨।

ਪ੍ਰ:–ਕਬੀਰ ਜੀਉ ! ਉਨ੍ਹਾਂ ਲੋਕਾਂ ਦੇ ਬੈਕੁੰਠ ਬਾਰੇ ਤੁਸੀਂ ਹੀ ਦਸੋ ਕੀ ਅਨੁਭਵ ਕਰਦੇ ਹੋ ?

7. ਉ:–ਹੇ ਭਾਈਓ ! ਜੇ ਮੈਨੂੰ ਪੁਛੋ ਤਾਂ ਮੈਂ ਆਪ ਭੀ ਹੈਰਾਨ ਹਾਂ, ਮੈਨੂੰ ਤਾਂ ਪਤਾ ਹੀ ਨਹੀਂ ਕਿ (ਇਨ੍ਹਾਂ ਲੋਕਾਂ ਦੇ) ਬੈਕੁੰਠ ਦਾ ਬੂਹਾ ਕਿਹੋ ਜਿਹਾ ਹੈ ।

8. ਕਿਹੋ ਜਿਹਾ ਸ਼ਹਿਰ ਹੈ, ਕਿਹੋ ਜਿਹੀ ਉਸ ਦੀ ਫਸੀਲ ਹੈ ਤੇ ਕਿਹੋ ਜਿਹੀ ਉਸ ਦੇ ਦੁਆਲੇ ਖਾਈ ਹੈ ।

ਪ੍ਰ:–ਕਬੀਰ ਜੀਉ ! ਫਿਰ ਬੈਕੁੰਠ ਬਾਰੇ ਤੁਸੀਂ ਆਪਣਾ ਹੀ ਨਿਸ਼ਚਾ ਦਸੋ ?

9. ਉ:–ਕਥਨ ਕਰਦੇ ਹਨ ਕਬੀਰ ਜੀ ਕਿ, ਹੇ ਭਾਈਓ ! (ਇਹ ਲੋਕ ਤਾਂ ਸਮਝਦੇ ਹੀ ਨਹੀਂ ਕਿ, ਅਗਾਂਹ ਕਿਤੇ ਭੀ ਬੈਕੁੰਠ ਨਹੀਂ ਹੈ, ਹੁਣ ਦਸੋ, ਕਿਸ ਨੂੰ ਆਖੀਏ ।

10. (ਕਿ ਐ ਲੋਕੋ ! ਤੁਸੀਂ ਵਿਸ਼ਵਾਸ਼ ਕਰੋ ਕਿ, ਸਾਧ ਸੰਗਤ ਹੀ ਬੈਕੁੰਠ ਹੈ ? (ਤੇ ਉਹ ਬੈਕੁੰਠ ਇਥ ਹੀ ਹੈ) ।੪।੮।੧੬।

ਭਾਵਾਰਥ :–ਉਸ ਪ੍ਰਭੂ ਦੇ ਦਰਬਾਰ ਦਾ ਨਕਸ਼ਾ ਕਿਹੋ ਜਿਹਾ ਹੈ ? ਲੋਕਾਂ ਦੇ ਦਸੇ ਹੋਏ ਮਾਇਕ ਖੁਸ਼ੀਆਂ ਵਾਲੇ ਬਹਿਸ਼ਤ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਅਸਲ ਬੈਕੁੰਠ ਸਾਧ ਸੰਗਤ ਹੈ, (ਬੈਕੁੰਠ ਨਗਰ ਜਹਾ ਸੰਤ ਵਾਸਾ । ਸੂਹੀ ਮ: ੫) ।

1. ਕਿਉ ਲੀਜੈ ਗਢੁ ਬੰਕਾ ਭਾਈ ॥
2. ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥
3. ਪਾਂਚ ਪਚੀਸ ਮੋਹ ਮਦ ਮਤਸਰ
ਆਡੀ ਪਰਬਲ ਮਾਇਆ ॥
4. ਜਨ ਗਰੀਬ ਕੋ ਜੋਰੁ ਨ ਪਹੁਚੈ
ਕਹਾ ਕਰਉ ਰਘੁਰਾਇਆ ॥੧॥
5. ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ
ਪਾਪੁ ਪੁੰਨੁ ਦਰਵਾਜਾ ॥
6. ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ
ਤਹ ਮਨੁ ਮਾਵਾਸੀ ਰਾਜਾ ॥੨॥
7. ਸ੍ਵਾਦ ਸਨਾਹ ਟੋਪੁ ਮਮਤਾ ਕੋ
ਕੁਬੁਧਿ ਕਮਾਨ ਚਢਾਈ ॥
8. ਤਿਸਨਾ ਤੀਰ ਰਹੇ ਘਟ ਭੀਤਰਿ
ਇਉ ਗਢੁ ਲੀਓ ਨ ਜਾਈ ॥੩॥
9. ਪ੍ਰੇਮ ਪਲੀਤਾ ਸੁਰਤਿ ਹਵਾਈ
ਗੋਲਾ ਗਿਆਨੁ ਚਲਾਇਆ ॥
10. ਬ੍ਰਹਮ ਅਗਨਿ ਸਹਜੇ ਪਰਜਾਲੀ
ਏਕਹਿ ਚੋਟ ਸਿਝਾਇਆ ॥੪॥
11. ਸਤੁ ਸੰਤੋਖੁ ਲੈ ਲਰਨੇ ਲਾਗਾ
ਤੋਰੇ ਦੁਇ ਦਰਵਾਜਾ ॥
12. ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਗਢ ਕੋ ਰਾਜਾ ॥੫॥
13. ਭਗਵਤ ਭੀਰਿ ਸਕਤਿ ਸਿਮਰਨ ਕੀ
ਕਟੀ ਕਾਲ ਭੈ ਫਾਸੀ ॥
14. ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ
ਰਾਜੁ ਲੀਓ ਅਬਿਨਾਸੀ ॥੬॥੯॥੧੭॥

ਪਦ ਅਰਥ :–ਕਿਉ ਲੀਜੈ–ਕਿਵੇਂ ਜਿਤਿਆ ਜਾਏ ? ਕਾਬੂ ਕਰਨਾ ਬੜਾ ਔਖਾ ਹੈ । ਗਢੁ–ਕਿਲ੍ਹਾ । ਬੰਕਾ–ਪੱਕਾ । ਭਾਈ–ਹੇ ਭਾਈ । ਦੋਵਰ ਕੋਟ–ਦ੍ਵੈਤ ਦੀ ਦੋਹਰੀ ਕੰਧ (ਫਸੀਲ) । ਤੇਵਰ ਖਾਈ–ਤਿੰਨਾਂ ਗੁਣਾਂ ਦੀ ਤੇਹਰੀ ਖਾਈ । ਖਾਈ–ਡੂੰਘੀ ਤੇ ਚੌੜੀ ਖਾਲੀ ਥਾਂ ਜੋ ਕਿਲੇ ਦੀ ਹਿਫਾਜ਼ਤ ਵਾਸਤੇ ਹੁੰਦੀ ਹੈ ਤੇ ਪਾਣੀ ਨਾਲ ਭਰੀ ਰਹਿੰਦੀ ਹੈ ।੧।ਰਹਾਉ।

ਪੰਚ–ਪੰਜ (ਕਾਮਾਦਿਕ) । ਪਚੀਸ–ਸਾਂਖ ਮਤ ਦੇ ਮਿਥੇ ਹੋਏ ੨੫ ਤੱਤ । ਮਦ–ਅਹੰਕਾਰ ਦਾ ਨਸ਼ਾ । ਮਤਸਰ–ਈਰਖਾ । ਆਡੀ–ਆੜ, ਛਹੀ, ਜਿਸਦਾ ਆਸਰਾ ਲੈ ਕੇ ਫੌਜਾਂ ਲੜਦੀਆਂ ਹਨ ।੧।

ਕਿਵਾਰੀ–ਕਿਵਾੜ ਦਾ ਰਾਖਾ, ਕਿਵਾੜ ਖੋਲਣ ਵਾਲਾ । ਦਰਵਾਨੀ–ਪਹਿਰੇਦਾਰ । ਦੁੰਦਰ–ਲੜਾਕਾ । ਤਹ–ਉਸ ਕਿਲੇ ਵਿਚ । ਮਾਵਾਸੀ–ਆਕੀ ।੨।

ਸਨਾਹੁ–ਜਿਰਹ ਬਕਤਰ, ਸੰਜੋਅ, ਲੋਹੇ ਦੀ ਜਾਲੀ ਦੀ ਪੁਸ਼ਾਕ ਜੋ ਜੰਗ ਸਮੇਂ ਪਹਿਨੀ ਦੀ ਹੈ । ਮਮਤਾ–ਅਪਣਤ । ਕੁਬੁਧਿ–ਖੋਟੀ ਮੱਤ । ਚਢਾਈ–ਤਾਣੀ ਹੋਈ ਹੈ । ਤਿਸਨਾ–ਤ੍ਰਿਸ਼ਨਾ, ਲਾਲਚ । ਘਟ ਭੀਤਰਿ–ਹਿਰਦੇ ਵਿਚ ।੩।

ਬ੍ਰਹਮ ਅਗਨਿ–ਰੱਬੀ ਜੋਤ । ਸਹਜੇ–ਸਹਜ ਅਵਸਥਾ ਵਿਚ (ਅੱਪੜਕੇ) । ਪਰਜਾਲੀ–ਚੰਗੀ ਤਰ੍ਹਾਂ ਬਾਲੀ ।੪।

ਦੁਇ–ਦੋਵੇਂ ।੫।

ਭਗਵਤ ਭੀਰਿ–ਭਗਵਾਨ ਦੇ ਸਿਮਰਨ ਕਰਨ ਵਾਲਿਆਂ ਦੀ ਭੀੜ, ਸਾਧ ਸੰਗਤ। ਸਕਤਿ–ਤਾਕਤ। ਅਬਿਨਾਸੀ–ਨਾ ਨਾਸ ਹੋਣ ਵਾਲਾ।੬।

ਅਰਥ :–

ਪ੍ਰ:–ਸ੍ਰੀ ਕਬੀਰ ਜੀਉ! ਅਸੀਂ ਬੜਾ ਹੀ ਜਤਨ ਕਰਦੇ ਹਾਂ, ਪਰ ਇਹ ਸਾਡਾ ਸਰੀਰ ਹਮੇਸ਼ਾਂ ਹੀ ਵਿਕਾਰਾਂ ਵਲ ਨੂੰ ਦੌੜਦਾ ਹੀ ਰਹਿੰਦਾ ਹੈ, ਕੋਈ ਤੁਸੀਂ ਹੀ ਸਾਧਨ ਦਸੋ ਇਸ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ, ਤਾਂ ਕਬੀਰ ਜੀ ਇਸ ਸਰੀਰ ਨੂੰ ਇਕ ਬਾਹਰਲੇ ਪੱਕੇ ਕਿਲੇ ਦੀ ਸਮਾਨਤਾ ਦੇਂਦੇ ਹੋਏ ਇਸ ਸਰੀਰ ਰੂਪੀ ਕਿਲੇ ਦੀ ਮਜਬੂਤੀ ਦਰਸਾ ਰਹੇ ਹਨ, ਜਿਸ ਕਰ ਕੇ ਇਸ ਸਰੀਰ ਕਿਲੇ ਨੂੰ ਜਿਤਿਆ ਨਹੀਂ ਜਾ ਸਕਦਾ?

1. **ਉ:**–ਹੇ ਭਾਈਓ! ਸਚਾਈ ਤਾਂ ਇਹੋ ਹੀ ਹੈ ਕਿ ਇਹ (ਸਰੀਰ ਰੂਪੀ) (ਪੱਕਾ ਕਿਲ੍ਹਾ ਹੈ) ਇਸ ਨੂੰ ਕਾਬੂ ਕਰਨਾ ਬਹੁਤ (ਹੀ) ਔਖਾ ਹੈ, (ਭਾਵ, ਇਸ ਨੂੰ ਜਿਤਣਾ ਬੜਾ ਹੀ ਮੁਸ਼ਕਲ ਹੈ)।

ਪ੍ਰ:–ਕਿਉਂ ਜੀ! ਆਪ ਜੀ ਇਸ ਵਿਚ ਵਧੇਰੇ ਔਖਿਆਈ ਕਿਹੜੀ ਤਕਦੇ ਹੋ?

2. **ਉ:**–ਹੇ ਭਾਈਓ! ਮੈਨੂੰ ਤਾਂ ਇਉਂ ਹੀ ਅਨੁਭਵ ਹੋ ਰਿਹਾ ਹੈ ਕਿ ਜਿਵੇਂ ਕਿਸੇ ਬਾਦਸ਼ਾਹ ਦੇ ਕਿਲੇ ਦੇ ਉਦਾਲੇ ਦੋਹਰੀ ਫਸੀਲ ਤੇ ਤੇਹਰੀ ਖਾਈ ਹਇਆ ਕਰਦੀ ਹੈ, ਜਿਵੇਂ ਉਸ ਨੂੰ ਤੋੜਨਾ ਬੜਾ ਹੀ ਔਖਾ ਹੁੰਦਾ ਹੈ, (ਤਿਵੇਂ ਹੀ ਇਸ ਸਰੀਰ ਰੂਪੀ ਕਿਲੇ ਦੇ) ਦੁਆਲੇ ਦ੍ਵੈਤ ਦੀ ਦੋਹਰੀ ਫਸੀਲ ਹੈ ਅਤੇ ਤਿੰਨਾਂ ਗੁਣਾਂ ਦੀ ਤਿਹਰੀ ਖਾਈ ਹੈ, (ਭਾਵ ਹੈ ਕਿ ਦ੍ਵੈਤ ਦੀ ਫਸੀਲ ਅਤੇ ਤਿੰਨਾਂ ਗੁਣਾਂ ਦੀ ਖਾਈ ਨੂੰ ਤੋੜਨ ਵਲੋਂ ਇਹ ਜੀਵ ਅਸਮਰਥ ਹੈ, ਜਿਸ ਕਰ ਕੇ ਇਸ ਸਰੀਰ ਰੂਪੀ ਕਿਲੇ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ)।੧। ਰਹਾਉ।

3. ਹੇ ਭਾਈਓ! ਸੁਣੋ, ਇਥੇ ਹੀ ਬੱਸ ਨਹੀਂ, ਜਿਵੇਂ ਕਿਸੇ ਕਿਲੇ ਦੀ ਹਿਫ ਜਤ ਵਾਸਤੇ ਪਾਤਸ਼ਾਹ ਵਲੋਂ ਇਸ ਕਿਲੇ ਨੂੰ ਹਮਲਾ ਕਰਨ ਵਾਲਿਆਂ ਤੋਂ ਬਚਾਉਣ ਲਈ ਇਕ ਦਲੇਰ ਫੌਜ ਨੂੰ ਲੜਨ ਲਈ ਤਿਆਰ ਬੈਠਾਇਆ ਜਾਂਦਾ ਹੈ।

(ਇਸ ਤਰ੍ਹਾਂ) ਬਲ ਵਾਲੀ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, ਪੰਜੀ ਤੱਤ, ਮੋਹ, ਅਹੰਕਾਰ, ਈਰਖਾ (ਦੀ ਫੌਜ ਹਰ ਵਕਤ ਲੜਨ ਲਈ ਤਿਆਰ ਹੈ) ਭਾਵ ਹੈ ਕਿ, ਇਸ ਸਰੀਰ ਰੂਪੀ ਕਿਲੇ ਦੇ ਉਦਾਲੇ ਆਸੁਰੀ ਸੰਪਦਾ ਦੀ ਬੜੀ ਬਲਵਾਨ ਫੌਜ ਤਿਆਰ ਬੈਠੀ ਰਹਿੰਦੀ ਹੈ ਜੋ ਕਿ, (ਦੈਵੀ ਸੰਪਦਾ ਦੀ) ਅਰਥਾਤ ਸੁਭ ਗੁਣਾਂ ਦੀ ਸੈਨਾ ਨੂੰ ਨੇੜੇ ਹੀ ਨਹੀਂ ਢੁੱਕਣ ਦੇਂਦੀ ਇਸੇ ਕਰ ਕੇ ਇਸ ਸਰੀਰ ਰੂਪੀ ਕਿਲੇ ਨੂੰ ਕਾਬੂ ਕਰਨਾ ਔਖਾ ਹੀ ਨਹੀਂ ਸਗੋਂ ਅਸੰਭਵ ਹੋ ਰਿਹਾ ਹੈ।

ਪ੍ਰ:–ਕਬੀਰ ਜੀਉ! ਆਖਰ ਤੁਸੀਂ ਇਸ ਸਰੀਰ ਰੂਪੀ ਕਿਲੇ ਨੂੰ ਕਾਬੂ ਕਰਨ ਲਈ ਹੁਣ ਕਿਹੜਾ ਸਾਧਨ ਸੋਚਿਆ ਹੈ?

4. **ਉ:**–ਹੇ ਭਾਈਓ! ਮੈਂ ਤਾਂ ਕਈ ਸਾਧਨ ਸੋਚ ਰਿਹਾ ਹਾਂ, ਪਰ ਕਿਸੇ ਸਾਧਨ ਕਰਨ ਵਿਚ ਕੋਈ ਭੀ ਕਾਮਯਾਬੀ ਨਹੀਂ ਦਿਸ ਰਹੀ, ਆਖਰ ਇਕੋ ਹੀ ਸਾਧਨ ਨਜਰ ਆਉਂਦਾ ਹੈ ਕਿ, ਉਸੇ ਸਾਈਆਂ ਜੀ ਦੇ ਸਨਮੁਖ ਹੋ ਜੋਦੜੀ ਕਰਾਂ, ਇਸ ਲਈ ਮੈਂ ਉਸੇ ਪ੍ਰਭੂ ਜੀ ਅਗੇ ਇਉਂ ਹੀ ਅਰਦਾਸ ਕਰਦਾ ਹਾਂ ਕਿ, ਹੇ ਪ੍ਰਭੂ! ਮੇਰੀ (ਹੁਣ) ਗਰੀਬ ਦੀ ਕੋਈ (ਭੀ) ਪੇਸ਼ ਨਹੀਂ ਜਾਂਦੀ (ਦੱਸ) ਮੈਂ ਕੀ ਕਰਾਂ?।੧।

ਪ੍ਰ:–ਕਬੀਰ ਜੀਉ! ਤੁਸੀਂ ਇਸ ਸਰੀਰ ਨੂੰ ਕਿਲ੍ਹਾ ਦਸ ਰਹੇ ਹੋ, ਪਰ ਜਿਵੇਂ ਕਿਸੇ ਬਾਹਰਲੇ ਕਿਲੇ ਵਿਚ ਇਕ ਰਾਜਾ ਆਕੀ ਹੋ ਕੇ ਬੈਠ ਰਿਹਾ ਹੁੰਦਾ ਹੈ, ਉਸ ਨੇ ਆਪਣੇ ਬਚਾ ਲਈ ਕਿਲੇ ਦੇ ਬੂਹੇ ਦਾ ਮਾਲਕ ਬੈਠਾਇਆ ਹੁੰਦਾ ਹੈ ਅਤੇ ਨਾਲ ਹੀ ਦੋ ਪਹਿਰੇਦਾਰ ਸਾਵਧਾਨ ਹੋ ਖਲੋਤੇ ਰਹਿੰਦੇ ਹਨ ਅਤੇ ਉਸ ਕਿਲੇ ਦੇ ਦੋ ਦਰਵਾਜੇ ਹੋਇਆ ਕਰਦੇ ਹਨ, ਇਕ ਹੋਰ ਬੜਾ ਲੜਾਕਾ ਕਿਲੇ ਦਾ ਚੌਧਰੀ ਬੈਠਾਇਆ ਹੁੰਦਾ ਹੈ, ਅਜਿਹੇ ਕਿਲੇ ਵਿਚ ਰਾਜਾ ਆਕੀ ਹੋ ਕੇ ਬੈਠ ਰਿਹਾ ਹੁੰਦਾ ਹੈ, ਪਰ, ਤੁਸੀਂ ਇਸ ਸਰੀਰ ਰੂਪੀ ਕਿਲੇ ਦੇ ਅੰਦਰ ਉਹ ਕਿਹੜਾ ਰਾਜਾ ਹੈ ਜਿਸ ਨੂੰ ਆਕੀ ਹੋ ਕੇ ਬੈਠਾ ਹੋਇਆ ਤੱਕ ਰਹੇ ਹੋ?

5. **ਉ:**–ਹੇ ਭਾਈਓ! ਸੁਣੋ, ਇਹ ਸਰੀਰ ਇਕ ਕਿਲ੍ਹਾ ਹੈ ਅਤੇ ਕਾਮ (ਇਸ ਕਿਲੇ ਦੇ) ਬੂਹੇ ਦਾ ਮਾਲਕ ਹੈ ਅਤੇ ਦੁਖ ਅਤੇ ਸੁਖ ਪਹਿਰੇਦਾਰ ਹਨ ਅਤੇ ਪਾਪ ਤੇ ਪੁੰਨ (ਇਸ ਕਿਲੇ ਦੇ ਦੋ ਦਰਵਾਜੇ ਹਨ।

6. ਹੇ ਪਿਆਰੇ! ਕ੍ਰੋਧ ਬੜਾ ਲੜਾਕਾ (ਕਿਲੇ ਦਾ) ਚੌਧਰੀ ਹੈ, ਅਜਿਹੇ ਕਿਲੇ ਵਿਕ ਮਨ ਰਾਜਾ ਆਕੀ ਹੋ ਕੇ ਬੈਠਾ ਹੈ।੨।

ਪ੍ਰ:–ਕਬੀਰ ਜੀਉ! ਰਾਜਿਆਂ ਨੇ ਆਪਣੇ ਬਚਾ ਲਈ ਸੰਜੋਅ ਪਹਿਨੀ ਹੋਇਆ ਕਰਦੀ ਹੈ ਅਤੇ ਸਿਰ ਉਤੇ ਟੋਪ ਪਾਇਆ ਹੁੰਦਾ ਹੈ ਅਤੇ ਹਰ ਵਕ਼ਤ ਉਸ ਨੇ ਆਪਣੀ ਰਾਖੀ ਲਈ ਕਮਾਨ ਕਸੀ ਹੋਇਆ ਕਰਦੀ ਹੈ ਅਤੇ ਭੱਥੇ ਅੰਦਰ ਤੀਰ ਹਰ ਵਕਤ ਤਿਆਰ ਰਖੇ ਰਹਿੰਦੇ ਹਨ, ਪਰ ਮਨ ਰੂਪੀ ਰਾਜੇ ਨੇ ਆਪਣੇ ਬਚਾ ਲਈ ਇਹ ਸਭ ਕੁਝ ਕਿਸ ਰੂਪ ਵਿਚ ਬਣਾ ਰਖਿਆ ਹੈ?

7. **ਉ:**–ਹੇ ਭਾਈਓ! (ਮਨ ਰੂਪ ਰਾਜੇ ਨੇ ਜੀਭ ਦੇ ਤਰ੍ਹਾਂ ਤਰ੍ਹਾਂ ਦੇ) ਚਸਕੇ (ਮਾਨੋ ਇਕ ਤਰ੍ਹਾਂ ਦੀ) ਸੰਜੋਅ (ਪਹਿਨੀ ਹੋਈ ਹੈ) ਅਤੇ ਮਮਤਾ ਦਾ ਟੋਪ (ਪਾਇਆ ਹੋਇਆ ਹੈ) ਅਤੇ ਭੈੜੀ ਮਤ ਦੀ ਕਮਾਨ ਕਸੀ ਹੋਈ ਹੈ।

8. ਹੇ ਪਿਆਰੇ! ਤ੍ਰਿਸ਼ਨਾਂ ਦੇ ਤੀਰ ਅੰਦਰ ਹੀ ਅੰਦਰ ਦਸੇ ਹੋਏ ਹਨ, ਇਸ ਕਰ ਕੇ ਹੇ ਭਾਈਓ! ਅਜਿਹਾ

(ਆਕੀ) ਕਿਲ੍ਹਾ ਮੈਥੋਂ ਜਿਤਿਆ ਨਹੀਂ ਜਾ ਸਕਦਾ ।੩।

ਪ੍ਰ:-ਕਬੀਰ ਜੀਉ ! ਆਖਰ ਦਸੋ, ਇਸ ਕਿਲੇ ਨੂੰ ਫਤਹਿ ਕਰਨ ਲਈ ਤੁਸੀਂ ਕਿਹੜਾ ਉਪਰਾਲਾ ਕੀਤਾ ਸੀ, ਜਿਸ ਦੀ ਬਰਕਤ ਨਾਲ ਤੁਹਾਨੂੰ ਕਾਮਯਾਬੀ ਹਾਸਲ ਹੋਈ ਹੈ ?

9. ਉ:-ਹੇ ਪਿਆਰਿਓ ! ਮੈਂ ਜਤਨ ਤਾਂ ਬਹੁਤ ਕਰਦਾ ਰਿਹਾ ਪਰ ਮੈਨੂੰ ਕਾਮਯਾਬੀ ਹਾਸਲ ਨਾ ਹੋ ਸਕੀ, ਆਖਰ ਮੈਂ ਸੋਚਿਆ ਕਿ ਸਿਆਣੇ ਰਾਜੇ ਕਿਸੇ ਦੁਸ਼ਮਣ ਦੇ ਕਿਲੇ ਨੂੰ ਫਤਹਿ ਕਰਨ ਲਈ ਬੜੀ ਚੁਸਤੀ ਨਾਲ ਗੋਲਾਬਾਰੀ ਸ਼ੁਰੂ ਕਰ ਦੇਂਦੇ ਹਨ, ਜਿਸ ਦੀ ਬਰਕਤ ਨਾਲ ਉਸ ਨੂੰ ਫਤਹਿ ਹਾਸਲ ਹੋ ਜਾਂਦੀ ਹੈ। ਆਖਰ ਮੈਂ ਭੀ ਇਸੇ ਤਰ੍ਹਾਂ ਦਾ ਉੱਦਮ ਕੀਤਾ, ਹੇ ਭਾਈਓ ! ਇਸੇ ਤਰ੍ਹਾਂ ਮੈਂ ਜਦੋਂ ਪ੍ਰਭੂ ਚਰਨਾਂ ਦੇ ਪ੍ਰੇਮ ਦਾ ਪਲੀਤਾ ਲਾਇਆ (ਪ੍ਰਭੂ ਚਰਨਾਂ ਵਿਚ ਜੁੜੀ) ਸੁਰਤ ਨੂੰ ਹਵਾਈ ਬਣਾਇਆ (ਗੁਰੂ ਦੇ ਬਖਸ਼ੇ) ਗਿਆਨ ਦਾ ਗੋਲਾ ਚਲਾਇਆ ਗਿਆ ।

10. ਤਾਂ ਸਹਿਜ ਅਵਸਥਾ ਵਿਚ ਅਪੜਕੇ ਅੰਦਰ ਰੱਬੀ ਜੋਤ ਜਗਾਈ ਤਾਂ ਇਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ ।੪।

ਪ੍ਰ:—ਕਿਉਂ ਜੀ ! ਤੁਸੀਂ ਉਸ ਮਨ ਰੂਪੀ ਰਾਜੇ ਦੀ ਬਲਵਾਨ ਫੌਜ ਜੋ ਅਸਰੀ ਸੰਪਦਾ ਸੀ ਉਸ ਦਾ ਮੁਕਾਬਲਾ ਕਿਵੇਂ ਕੀਤਾ ?

11. ਉ:—ਹੇ ਭਾਈਓ ! ਉਸ ਅਸੁਰੀ ਸੰਪਦਾ ਫੌਜ ਦੇ ਟਾਕਰੇ ਤੇ ਮੈਂ (ਸਤ, ਸੰਤੋਖ ਦੋਵੇਂ ਬਹਾਦਰ ਸੂਰਮੇਂ ਲੈਕੇ) ਲੜਨ ਲਗਾ, ਜਿਸ ਦਾ ਸਦਕਾ ਮੈਂ ਦੋਵੇਂ ਦਰਵਾਜੇ ਭੰਨ ਲਏ ।

ਪ੍ਰ:—ਹੇ ਕਬੀਰ ਜੀਉ ! ਆਖਰ ਉਸ ਆਕੀ ਮਨ ਰਾਜੇ ਨੂੰ ਪਕੜਨ ਲਈ ਸਹਾਇਤਾ ਕਿਸ ਦੀ ਹੋਈ ?

12. ਉ:—ਹੇ ਭਾਈਓ ! ਅਸਲ ਵਿਚ ਤਾਂ ਸਤਿਗੁਰੂ ਤੇ ਸਤਿ ਸੰਗਤ ਦੀ ਮਿਹਰ ਨਾਲ ਹੀ ਮੈਂ ਕਿਲੇ ਦਾ (ਆਕੀ) ਰਾਜਾ ਫੜ ਸਕਿਆ ਹਾਂ ।੫।

ਪ੍ਰ:—ਕਬੀਰ ਜੀਉ ! ਆਖਰ ਹੁਣ ਤੁਹਾਨੂੰ ਕਿਵੇਂ ਅਨੁਭਵ ਹੋ ਰਿਹਾ ਹੈ ?

13. ਉ:—ਹੇ ਭਾਈ ! ਅਸਲ ਵਿਚ ਹੁਣ ਮੈਨੂੰ ਇਉਂ ਪ੍ਰਤੀਤ ਹੋ ਰਿਹਾ ਹੈ ਕਿ, ਸਤਿਸੰਗ ਤੇ ਸਿਮਰਨ ਦੇ ਬਲ ਨਾਲ ਮੈਂ ਕਾਲ ਦੀ ਫਾਹੀ ਅਤੇ ਦੁਨੀਆਂ ਦੇ ਡਰਾਂ ਦੀ ਫਾਹੀ ਵੱਢ ਲਈ ਹੈ ।

14. ਹੇ ਪਿਆਰਿਓ ! ਪ੍ਰਭੂ ਦਾ ਦਾਸ ਕਬੀਰ ਹੁਣ ਕਿਲੇ ਦੇ ਉਪਰ ਚੜ੍ਹ ਬੈਠਾ ਹੈ (ਭਾਵ ਸਰੀਰ ਨੂੰ ਵਸ ਵਿਚ ਕਰ ਚੁਕਿਆ ਹੈ) ਅਤੇ ਹੁਣ ਕਦੇ ਨਾ ਨਾਸ ਹੋਣ ਵਾਲੀ ਆਤਮਕ ਬਾਦਸ਼ਾਹੀ ਲੈ ਚੁਕਾ ਹੈ ।੬।੯।੧੭।

ਭਾਵਾਰਥ :—ਜੋ ਮਨ ਨੂੰ ਪਾਪਾਂ ਨਾਲ ਕਿਲੇ ਬੰਦ ਹੋ ਕੇ ਆਕੀ ਬਣਾ ਬੈਠਾ ਹੈ, ਤਾਂ ਉਸ ਨੂੰ ਕਾਬੂ ਕਰਕੇ ਕਿਵੇਂ ਅਬਿਨਾਸ਼ੀ ਪਦ ਹਾਸਲ ਕਰ ਸਕਦੇ ਹਾਂ, ਇਸ ਸ਼ਬਦ ਵਿਚ ਕਬੀਰ ਜੀ ਨੇ ਇਸੇ ਭਾਵ ਨੂੰ ਅੰਕਤ ਕੀਤਾ ਹੈ ।

ਨੋਟ :—ਸਾਂਖ ਮਤ ਦੇ ਮਿਥੇ ਹੋਏ ੨੫ ਤੱਤ—

੧. ਪ੍ਰਕ੍ਰਿਤੀ (ਕੁਦਰਤ, ਜਿਸ ਤੋਂ ਸਭ ਵਸਤਾਂ ਬਣੀਆਂ ਹਨ ਅਤੇ ਜੋ ਆਪ ਕਿਸੇ ਤੋਂ ਨਹੀਂ ਬਣੀ ਅਤੇ ਜੋ ਸੱਤ, ਰਜ, ਤਮ ਤਿੰਨਾਂ ਗੁਣਾਂ ਦੀ ਸਮ ਅਵਸਥਾ ਰੂਪ ਹੈ) ।

੨. ਮਹੱਤਤ (ਇਹ ਤੱਤ ਸਰੀਰ ਵਿਚ ਬੁਧੀ ਰੂਪ ਵਿਚ ਟਿਕਿਆ ਹੋਇਆ ਹੈ, ਪ੍ਰਕ੍ਰਿਤੀ ਵਿਚ ਹਿਲਜੁਲ ਦੇ ਕਾਰਨ ਇਹ ਤੱਤ ਪੈਦਾ ਹੋਇਆ) ।

੩. ਅਹੰਕਾਰ (ਜਿਸ ਦਾ ਰੂਪ 'ਹਉਮੈਂ' ਹੈ) ।

੪—੮. ਤਨਮਾਤ੍ਰਾਂ ਸਾਂਖ ਮਤ ਅਨੁਸਾਰ ਪੰਜ ਤੱਤਾਂ ਦਾ ਆਦਿ ਰੂਪ ਪੰਜ ਤਨਮਾਤ੍ਰਾ (ਰੂਪ, ਰਸ, ਗੰਧ, ਸਪਰਸ਼, ਸ਼ਬਦ) । ਜਿਨ੍ਹਾਂ ਵਿਚ ਕੋਈ ਮਿਲਾਵਟ ਨਾ ਹੋਈ ਹੋਵੇ—ਰੂਪ, ਰਸ, ਗੰਧ, ਸਪਰਸ਼, ਸ਼ਬਦ । ਸਾਂਖ ਅਨੁਸਾਰ ਪ੍ਰਕ੍ਰਿਤੀ ਤੋਂ ਮਹੱਤਤ ਪੈਦਾ ਹੋਇਆ, ਮਹੱਤਤ ਤੋਂ ਅਹੰਕਾਰ ਅਤੇ ਅਹੰਕਾਰ ਤੋਂ ੧੬ ਪਦਾਰਥ:— ਪੰਜ ਗਿਆਨ ਇੰਦ੍ਰੇ, ਕਰਮ ਇੰਦਰੇ, ਪੰਜ ਤਨਮਾਤ੍ਰ ਅਤੇ ਇਕ ਮਨ ।

੯—੧੯. ਗਿਆਰਾਂ ਇੰਦ੍ਰੀਆਂ—ਪੰਜ਼ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਇਕ ਮਨ ।

੨੦—੨੪, ਪੰਜ ਮਹਾਭੂਤ—ਪ੍ਰਿਥਵੀ, ਜਲ, ਅਗਨਿ, ਪਵਨ, ਅਕਾਸ਼ ।

੨੫. ਪੁਰਸ਼ (ਚੇਤਨ ਸ਼ਕਤੀ) ।

ਸਾਂਖ ਅਨੁਸਾਰ ਜਗਤ ਨਿਤ ਹੈ, ਪ੍ਰਣਾਮ ਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ। ਪ੍ਰਕ੍ਰਿਤੀ ਨੂੰ ਪੁਰਸ਼ ਦੀ, ਪੁਰਸ਼ ਨੂੰ ਪ੍ਰਕ੍ਰਿਤੀ ਦੀ ਸਹਾਇਤਾ ਦੀ ਲੋੜ ਰਹਿੰਦੀ ਹੈ। ਇਕੱਲੇ ਦੋਵੇਂ ਨਿਸਫਲ ਹਨ। ਜੀਵਾਤਮਾਂ ਹਰੇਕ ਸਰੀਰ ਵਿਚ ਵੱਖ ਵੱਖ ਹਨ ।

ਬੁਧੀ, ਅਹੰਕਾਰ, ਗਿਆਰਾਂ ਇੰਦ੍ਰੀਆਂ, ਪੰਜ ਤਨਮਾਤ੍ਰ— ਇਨ੍ਹਾਂ ਅਠਾਰਾਂ ਦਾ ਸਮਦਾਈ ਸੂਖਮ ਸਰੀਰ ਹੈ। ਇਹੀ ਸੂਖਮ ਸਰੀਰ ਕਰਮ ਅਤੇ ਗਿਆਨ ਦਾ ਆਸਰਾ ਹੈ। ਸਥੂਲ ਸਰੀਰ ਦੇ ਨਾਸ ਹੋਇਆਂ ਇਸ ਦਾ ਨਾਸ ਨਹੀਂ ਹੁੰਦਾ। ਕਰਮ ਅਤੇ ਗਿਆਨ ਵਾਸ਼ਨਾਂ ਦਾ ਪ੍ਰੇਰਿਆ ਹੋਇਆ ਸੂਖਮ ਸਰੀਰ ਇਕ ਸਥੂਲ ਸਰੀਰ ਵਿਚੋਂ ਨਿਕਲਕੇ ਦੂਜੇ ਵਿਚ ਜਾ ਪ੍ਰਵੇਸ਼ ਕਰਦਾ ਹੈ। ਪ੍ਰਲੈ ਤਕ ਇਸ ਦਾ ਨਾਸ ਨਹੀਂ ਹੁੰਦਾ। ਪ੍ਰਲੈ ਸਮੇਂ ਇਹ ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦਾ ਹੈ। ਸ੍ਰਿਸ਼ਟੀ ਦੀ ਉਤਪਤੀ ਵੇਲੇ ਫਿਰ ਨਵੇਂ ਸਿਰੇ ਪੈਦਾ ਹੋ ਜਾਂਦਾ ਹੈ ।

ਜਦੋਂ ਪੁਰਸ਼ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਅਤੇ ਉਸ ਦੇ ਕਾਰਜਾਂ ਤੋਂ ਵਖਰਾ ਵੇਖਦਾ ਹੈ, ਤਦੋਂ ਬੁਧੀ ਦੇ ਕਾਰਨ ਪ੍ਰਾਪਤ ਹੋਏ ਸੰਤਾਪਾਂ ਤੋਂ ਦੁਖੀ ਨਹੀਂ ਹੁੰਦਾ ਇਸ ਭਿੰਨਤਾ ਦਾ ਨਾਮ ਮੁਕਤੀ ਹੈ ।

1. **ਗੰਗ ਗੁਸਾਇਨਿ ਗਹਿਰ ਗੰਭੀਰ ॥**
2. **ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥**
3. **ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥**
4. **ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥**
5. **ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥**
6. **ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥**
7. **ਕਹਿ ਕੰਬੀਰ ਕੋਊ ਸੰਗ ਨ ਸਾਥ ॥**
8. **ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥**

ਪਦ ਅਰਥ :–ਗੁਸਾਇਨਿ–ਜਗਤ ਦੀ ਮਾਤਾ । ਗੁਸਾਈ–ਜਗਤ ਦਾ ਮਾਲਕ । ਨੋਟ :–ਲਫਜ਼ 'ਗੁਸਾਈ' ਤੋਂ 'ਗੁਸਾਇਨ' ਇਸਤ੍ਰੀ ਲਿੰਗ ਹੈ । ਗਹਿਰ–ਡੂੰਘੀ । ਖਰੇ–ਲੈ ਗਏ । ਡਿਗੈ–ਡੋਲਦਾ । ਰਹਾਉ ।

ਮ੍ਰਿਗਛਾਲਾ–ਹਰਨ ਦੀ ਖਲ ।੨।
ਰਘਨਾਥ–ਪ੍ਰਮਾਤਮਾਂ ।੩।

ਅਰਥ :–

ਪ੍ਰ:–ਜਦੋਂ ਬਹੁਤ ਸਾਰੇ ਵਿਰੋਧੀਆਂ ਵਲੋਂ ਇਕੱਠਿਆਂ ਹੋ ਕੇ ਬਾਦਸ਼ਾਹ ਪਾਸ ਕਬੀਰ ਜੀ ਉਤੇ ਅਨੇਕਾਂ ਤਰ੍ਹਾਂ ਦੀਆਂ ਝੂਠੀਆਂ ਤੁਹਮਤਾਂ ਲਾਈਆਂ ਗਈਆਂ, ਤਾਂ ਬਾਦਸ਼ਾਹ ਵਲੋਂ ਇਨ੍ਹਾਂ ਬਾਦੀ ਲੋਕਾਂ ਦੇ ਕਹਿਣ ਤੋਂ ਕਬੀਰ ਜੀ ਨੂੰ ਗੰਗਾ ਵਿਚ ਰੁੜ੍ਹਾ ਦੇਣ ਦੀ ਸਜ਼ਾ ਦਿਤੀ ਗਈ ਤਾਂ ਆਪ ਜਿਵੇਂ ਸਹੀ ਸਲਾਮਤ ਬਚ ਕੇ ਵਾਪਸ ਆ ਗਏ ਤਾਂ ਸੇਵਕਾਂ ਨੇ ਇਸ ਸਾਰੀ ਵਰਤਾ ਨੂੰ ਪੁਛਿਆ, ਜਿਸ ਦੇ ਉੱਤਰ ਵਿਚ ਕਬੀਰ ਜੀ ਇਹ ਸ਼ਬਦ ਉਚਾਰਨ ਕੀਤਾ, ਜਿਵੇਂ ਕਿ ਆਪ ਦੀ ਰਖਿਆ ਹੋਈ ਹੈ ?

1. ਉ:–ਹੇ ਭਾਈਓ ! ਸੁਣੋ, ਜੋ ਗੰਗਾ ਡੂੰਘੀ ਤੇ ਗੰਭੀਰ (ਚਲ ਰਹੀ) ਹੈ, ਉਸ ਗੰਗਾ ਮਾਤਾ ਵਿਚ (ਡੋਬਣ ਲਈ) (ਮੈਨੂੰ) ਲੈ ਗਏ (ਭਾਵ ਉਸ ਗੰਗਾ ਵਿਚ ਲੈ ਗਏ ਜਿਸ ਨੂੰ ਕਿ ਕਿ ਇਹ 'ਮਾਤਾ' ਆਖਦੇ ਹਨ) ।
2. ਮੈਨੂੰ ਕਬੀਰ ਨੂੰ ਜੰਜੀਰਾਂ ਨਾਲ ਬੰਨ੍ਹ ਕੇ ਉਸ ਕੋਲੋਂ ਜਾਨੋ ਮਰਵਾਣ ਦਾ ਅਪਰਾਧ ਕਰਵਾਣ ਲਗੇ ।੧।

ਪ੍ਰ:–ਕਬੀਰ ਜੀਉ ! ਕੀ ਗੰਗਾ ਨੇ ਤੁਹਾਨੂੰ ਡੁਬੋਇਆ ਨਾ ?

3. ਉ:–ਹੇ ਪਿਆਰੇ ! ਉਸ ਗੰਗਾ ਨੇ ਮੈਨੂੰ ਡੁਬੋਣਾ ਕੀ ਸੀ, ਕਿਉਂਕਿ; ਜਿਸ ਮਨੁੱਖ ਦਾ ਮਨ (ਕਿਸੇ ਕਸ਼ਟ ਵੇਲੇ) ਡੋਲਦਾ ਨਹੀਂ ਉਸ ਦੇ ਸਰੀਰ ਨੂੰ (ਕਸ਼ਟ ਦੇ ਦੇਕੇ) ਡਰਾਉਣ ਤੋਂ ਕੋਈ ਲਾਭ ਨਹੀਂ ਹੋ ਸਕਦਾ ।
4. ਕਿਉਂਕਿ, ਜਿਸ ਮਨ ਨੇ ਡਰਨਾ ਹੈ ਉਹ ਮਨ ਤਾਂ ਉਸ ਪ੍ਰਭੂ ਦੇ ਚਰਨਾਂ ਵਿਚ ਹੀ ਲੀਨ ਹੋ ਰਿਹਾ ਹੈ । ਰਹਾਉ ।

ਪ੍ਰ:–ਸ੍ਰੀ ਕਬੀਰ ਜੀਉ ! ਆਖਰ ਤੁਹਾਡਾ ਬਚਾ ਕਿਵੇਂ ਹੋਇਆ?

5. ਉ:–ਹੇ ਭਾਈਓ ! ਉਸ ਪ੍ਰਭੂ ਦੀ ਦੇਵਨੇਤ ਅਜਿਹੀ ਹੋਈ ਕਿ, ਗੰਗਾ ਦੀਆਂ (ਤੇਜ਼) ਲਹਿਰਾਂ ਨਾਲ ਮੇਰੀ ਜੰਜੀਰ ਹੀ ਟੁੱਟ ਗਈ ।
6. ਹੁਣ ਮੈਂ ਕਬੀਰ ਉਸ ਜਲ ਉਤੇ ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗਛਾਲਾ ਉਤੇ ਬੈਠਾ ਹੋਇਆ ਹਾਂ ।੨।

ਪ੍ਰ:–ਕਿਉਂ ਜੀ ! ਇਹ ਗੁਪਤ ਕੌਤਕ ਵਰਤਨ ਦਾ ਅਸਲ ਕਾਰਨ ਕੀ ਹੈ ?

7. ਉ:–ਕਬੀਰ ਜੀ ਆਖਦਾ ਹੈ ਕਿ, ਹੇ ਭਾਈਓ ! (ਮੈਨੂੰ ਇਹ ਪੂਰਨ ਨਿਸਚਾ ਹੈ ਕਿ ਤੁਹਾਡੇ ਮਿਥੇ ਹੋਏ ਕਰਮ ਕਾਂਡ ਜਾਂ ਤੀਰਥ ਇਸ਼ਨਾਨ) ਕੋਈ ਭੀ ਸੰਗੀ ਨਹੀਂ ਬਣ ਸਕਦੇ, ਕੋਈ ਭੀ ਸਾਥੀ ਨਹੀਂ ਹੋ ਸਕਦੇ ।
8. ਬੱਸ, ਪਾਣੀ ਤੇ ਧਰਤੀ ਹਰ ਥਾਂ ਇਕ ਪ੍ਰਮਾਤਮਾਂ ਹੀ ਰਖਣ ਜੋਗ ਹੈ ।੩।੧੦।੧੮।

ਭਾਵਾਰਥ :—ਕਬੀਰ ਜੀ ਆਪਣੀ ਇਕ ਹੱਡ ਬੀਤੀ ਸੁਣਾ ਕੇ ਦਸਦੇ ਹਨ ਕਿ, ਕਿਵੇਂ ਮਨ ਤੇ ਕਾਬੂ ਪਾਣ ਅਤੇ ਹਰੀ ਦੇ ਚਰਨ ਕਮਲਾਂ ਵਲ ਧਿਆਨ ਜੋੜਨ ਨਾਲ ਵਡੇ ਵਡੇ ਸੰਕਟ ਕੱਟੇ ਜਾਂਦੇ ਹਨ ।

ਕਬੀਰ ਜੀ ਸਾਰੀ ਉਮਰ ਧਾਰਮਿਕ ਜਾਹਰਦਾਰੀ, ਭੇਖ, ਕਰਮ ਕਾਂਡ ਆਦਿਕ ਨੂੰ ਵਿਅਰਥ ਆਖਦੇ ਰਹੇ । ਹਿੰਦੂ ਕੌਮ ਦੇ ਗੜ੍ਹ ਬਨਾਰਸ ਵਿਚ ਰਹਿੰਦੇ ਹੋਏ ਭੀ ਇਨ੍ਹਾਂ ਲੋਕਾਂ ਤੋਂ ਨਹੀਂ ਡਰੇ । ਇਹ ਕੁਦਰਤੀ ਗਲ ਸੀ ਕਿ ਉਚੀ ਜਾਤ ਦੇ ਲੋਕ ਇਨ੍ਹਾਂ ਦੇ ਵਿਰੋਧੀ ਬਣ ਜਾਣ, ਉਨ੍ਹਾਂ ਲੋਕਾਂ ਵਲੋਂ ਆਏ ਕਸ਼ਟ ਦਾ ਹੀ ਇਸ ਸ਼ਬਦ ਵਿਚ ਜਿਕਰ ਕਰਦੇ ਹਨ ਅਤੇ ਫੁਰਮਾਂਦੇ ਹਨ ਕਿ ਜੋ ਮਨੁੱਖ ਪ੍ਰਭੂ ਚਰਨਾਂ ਵਿਚ ਜੁੜਿਆ ਰਹੇ ਉਹ ਕਿਸੇ ਭੀ ਵਡੀ ਤੋਂ ਵਡੀ ਮੁਸੀਬਤ ਔਣ ਪਰ ਡੋਲਦਾ ਨਹੀਂ, ਕਿਉਂਕਿ, ਜਿਸ ਮਨ ਨੇ ਡੋਲਣਾ ਹੈ ਉਹ ਪ੍ਰਭੂ ਦੇ ਚਰਨ ਵਿਚ ਭੀ ਲੀਨ ਹੋ ਰਿਹਾ ਹੁੰਦਾ ਹੈ ।

ਭੈਰਉ ਕਬੀਰ ਜੀਉ ਅਸਟਪਦੀ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. **ਅਗਮ ਦ੍ਰਗਮ ਗੜਿ ਰਚਿਓ ਬਾਸ ॥**
2. **ਜਾ ਮਹਿ ਜੋਤਿ ਕਰੇ ਪਰਗਾਸ ॥**
3. **ਬਿਜੁਲੀ ਚਮਕੈ ਹੋਇ ਅਨੰਦੁ ॥**
4. **ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥੧॥**
5. **ਇਹੁ ਜੀਉ ਰਾਮ ਨਾਮ ਲਿਵ ਲਾਗੈ ॥**
6. **ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥੧॥ ਰਹਾਉ ॥**
7. **ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ॥**
8. **ਹਉਮੈ ਗਾਵਨਿ ਗਾਵਹਿ ਗੀਤ ॥**
9. **ਅਨਹਦ ਸਬਦ ਹੋਤ ਝੁਨਕਾਰ ॥**
10. **ਜਿਹ ਪਉੜ੍ਹੇ ਪ੍ਰਭ ਸ੍ਰੀ ਗੋਪਾਲ ॥੨॥**

11. ਖੰਡਲ ਮੰਡਲ ਮੰਡਲ ਮੰਡਾ ॥
12. ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥
13. ਅਗਮ ਅਗੋਚਰੁ ਰਹਿਆ ਅਭ ਅੰਤ ॥
14. ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥੩॥
15. ਕਦਲੀ ਪੁਹਪ ਧੂਪ ਪਰਗਾਸ ॥
16. ਰਜ ਪੰਕਜ ਮਹਿ ਲੀਓ ਨਿਵਾਸ ॥
17. ਦੁਆਦਸ ਦਲ ਅਭ ਅੰਤਰਿ ਮੰਤ ॥
18. ਜਹ ਪਉੜੇ ਸ੍ਰੀ ਕਮਲਾ ਕੰਤ ॥੪॥
19. ਅਰਧ ਉਰਧ ਮੁਖਿ ਲਾਗੋ ਕਾਸੁ ॥
20. ਸੁੰਨ ਮੰਡਲ ਮਹਿ ਕਰਿ ਪਰਗਾਸੁ ॥
21. ਊਹਾਂ ਸੂਰਜ ਨਾਹੀ ਚੰਦ ॥
22. ਆਦਿ ਨਿਰੰਜਨੁ ਕਰੈ ਅਨੰਦ ॥੫॥
23. ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥
24. ਮਾਨ ਸਰੋਵਰਿ ਕਰਿ ਇਸਨਾਨੁ ॥
25. ਸੋਹੰ ਸੋ ਜਾ ਕਉ ਹੈ ਜਾਪ ॥
26. ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥੬॥
27. ਅਬਰਨ ਬਰਨ ਘਾਮ ਨਹੀ ਛਾਮ ॥
28. ਅਵਰ ਨ ਪਾਈਐ ਗੁਰ ਕੀ ਸਾਮ ॥
29. ਟਾਰੀ ਨ ਟਰੈ ਆਵੈ ਨ ਜਾਇ ॥
30. ਸੁੰਨ ਸਹਜ ਮਹਿ ਰਹਿਓ ਸਮਾਇ ॥੭॥
31. ਮਨ ਮਧੇ ਜਾਨੈ ਜੇ ਕੋਇ ॥
32. ਜੋ ਬੋਲੈ ਸੋ ਆਪੈ ਹੋਇ ॥
33. ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ॥
34. ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥

ਪਦ ਅਰਥ :—ਅਗਮ—ਅ-ਗਮ, ਜਿਸ ਤਕ ਪਹੁੰਚ ਨਾ ਹੋ ਸਕੇ। ਦੁਗਮ—ਦੁਰਗਮ, ਜਿਸ ਤਕ ਅਪੜਨਾ ਮੁਸ਼ਕਲ ਹੋਵੇ। ਗੜਿ—ਕਿਲੇ ਵਿਚ। ਬਾਸ—ਵਸੇਬਾ, ਰਿਹਾਇਸ਼। ਜਾ ਮਹਿ—ਜਿਸ (ਮਨੁੱਖ ਦੇ ਹਿਰਦੇ) ਵਿਚ। ਜਿਹ ਪਉੜੇ—ਜਿਸ ਟਿਕਾਣੇ ਤੇ, ਜਿਸ ਹਿਰਦੇ ਵਿਚ।੧।

ਜੀਉ—ਜੀਵ। ਜਰਾ—ਬੁਢੇਪਾ। ਮਰਨੁ—ਮੌਤ। ਭ੍ਰਮੁ—ਭਟਕਣਾ।੧। ਰਹਾਉ।

ਅਬਰਨ ਬਰਨ ਸਿਉ—ਨੀਵੀਂ ਤੇ ਉੱਚੀ ਜਾਤ ਨਾਲ। ਅਬਰਨ—ਨੀਵੀਂ ਜਾਤ। ਸਿਉ—ਨਾਲ। ਹਉਮੈ ਗੀਤ ਗਾਵਨਿ—ਸਦਾ ਅਹੰਕਾਰ ਦੀਆਂ ਗਲਾਂ ਕਰਦੇ ਰਹਿੰਦੇ ਹਨ। ਅਨਹਦ—ਇਕ ਰਸ। ਝੁਨਕਾਰ—ਸੁੰਦਰ ਰਾਗ।੨।

ਮੰਡਾ—ਬਣਾਏ ਹਨ। ਤ੍ਰਿਅ ਅਸਥਾਨ—ਤਿੰਨੇ ਭਵਨ। ਅਭ ਅੰਤ—('ਰਾਮ ਨਾਮ' ਨਾਲ ਲਿਵ ਲਾਣ ਵਾਲੇ ਦੇ) ਹਿਰਦੇ ਵਿਚ। ਅਭ—ਹਿਰਦਾ। ਅੰਤ—ਅੰਤਰਿ। ਧਰਨੀ ਧਰ ਮੰਤ—ਧਰਤੀ ਦੇ ਆਸਰੇ ਪ੍ਰਭੂ ਦੇ ਭੇਤ ਦਾ।੩।

ਕਦਲੀ—ਕੇਲਾ। ਪੁਹਪ—ਫੁੱਲ। ਧੂਪ—ਸੁਗੰਧੀ। ਰਜ—ਮਕਰੰਦ, ਫੁੱਲ ਦੇ ਅੰਦਰ ਦੀ ਧੂੜ। ਪੰਕਜ—ਕੌਲ ਫੁੱਲ। (ਪੰਕ—ਚਿੱਕੜ। ਜਾ—ਜੰਮਿਆ ਹੋਇਆ)। ਦੁਆਦਸ ਦਲ ਅਭ—ਬਾਰ੍ਹਾਂ ਪਤੀਆਂ ਵਾਲਾ (ਕੌਲ ਫੁੱਲ ਰੂਪ) ਹਿਰਦਾ, ਪੂਰਨ ਤੌਰ ਤੇ ਖਿੜਿਆ ਹਿਰਦਾ। ਦੁਆਦਸ—ਬਾਰ੍ਹਾਂ। ਦਲ—ਪਤੀਆਂ। ਕਮਲਾ ਕੰਤ—ਲਛਮੀ ਦਾ ਪਤੀ, ਪ੍ਰਮਾਤਮਾਂ।੪।

ਅਰਧ—ਹੇਠਾਂ। ਉਰਧ—ਉਤਾਂਹਾਂ। ਮੁਖਿ ਲਾਗੋ—ਦਿਸਦਾ ਹੈ। ਰਾਸ—ਚਾਨਣ, ਪ੍ਰਕਾਸ਼।੫।

ਬ੍ਰਹਮੰਡਿ—ਸਾਰੇ ਜਗਤ ਵਿਚ। ਪਿੰਡਿ—ਸਰੀਰ ਵਿਚ। ਜਾਨੁ—ਜਾਣਦਾ ਹੈ। ਮਾਨ ਸਰੋਵਰਿ—ਮਾਨ ਸਰੋਵਰ ਵਿਚ। ਕਰਿ—ਕਰੇ, ਕਰਦਾ ਹੈ। ਜਾ ਕਉ—ਜਿਸ ਮਨੁੱਖ ਦਾ। ਸੋ ਹੰ ਸੋ—ਉਹ ਮੈਂ ਉਹ।੬।

ਘਾਮ—ਗਰਮੀ, ਧੁੱਪ। ਛਾਮ—ਛਾਂ। ਘਾਮ ਛਾਮ—ਦੁੱਖ ਸੁੱਖ। ਸਾਮ—ਸ਼ਰਨ। ਟਾਰੀ—ਟਾਲੀ ਹੋਈ। ਨ ਟਰੈ—ਹਟਦੀ ਨਹੀਂ।੭।

ਮੰਤ੍ਰਿ—(ਗੁਰੂ ਦੇ) ਮੰਤਰ ਦੁਆਰਾ। ਮਨਿ—ਮਨ ਵਿਚ।੮।

ਅਰਥ :—

ਪ੍ਰ:—ਸ੍ਰੀ ਕਬੀਰ ਜੀਉ! ਆਪ ਜਿਸ ਨਾਮ ਸਿਮਰਨ ਦੀ ਸਦਾ ਹੀ ਪ੍ਰੇਰਨਾ ਕਰਦੇ ਰਹਿੰਦੇ ਹੋ, ਉਸ ਬਾਰੇ ਕੁਝ ਜਾਣਕਾਰੀ ਕਰਾਉ ਕਿ ਉਸ ਦਾ ਲਾਭ ਕੀ ਹੁੰਦਾ ਹੈ?

1. **ਉ**:-ਹੇ ਭਾਈਓ! ਨਾਮ ਸਿਮਰਨ ਦੀ ਇਕ ਅਜਿਹੀ ਬਰਕਤ ਹੈ ਕਿ, ਉਹ ਮਨੁੱਖ ਇਕ ਐਸੇ ਕਿਲੇ ਵਿਚ (ਆਪਣੀ) ਵਸੋਂ ਬਣਾ ਲੈਂਦਾ ਹੈ, ਜਿਥੇ ਕਿ (ਵਿਕਾਰ ਆਦਿਕਾਂ ਦੀ) ਪਹੁੰਚ ਨਹੀਂ ਹੋ ਸਕਦੀ, ਜਿਥੇ (ਵਿਕਾਰਾਂ ਲਈ) ਅਪੜਨਾ ਬੜਾ ਹੀ ਔਖਾ ਹੁੰਦਾ ਹੈ।
2. (ਕਿਉਂਕਿ) ਹੇ ਭਾਈਓ! ਜਿਸ ਮਨੁੱਖ ਦੇ ਅੰਦਰ ਪ੍ਰਭੂ ਆਪਣੀ ਜੋਤ ਦਾ ਚਾਨਣ ਕਰਦਾ ਹੈ।
3. ਐ ਪਿਆਰੇ! ਉਸ ਦੇ ਅੰਦਰ ਮਾਨੋਂ ਬਿਜਲੀ ਚਮਕ ਪੈਂਦੀ ਹੈ, ਉਥੇ ਸਦਾ ਖਿੜਾਉ ਹੀ ਖਿੜਾਉ ਹੋ ਜਾਂਦਾ ਹੈ।
4. ਜਿਸ ਹਿਰਦੇ ਵਿਚ ਬਾਲ ਸੁਭਾਉ ਪ੍ਰਭੂ ਗੋਬਿੰਦ ਆ ਵਸਦਾ ਹੈ।੧।

ਪ੍ਰ:—ਕਬੀਰ ਜੀਉ! ਇਹ ਸਭੋ ਕੁਝ ਕਦੋਂ ਪ੍ਰਾਪਤ ਹੁੰਦਾ ਹੈ?

5. **ਉ**:—ਹੇ ਭਾਈ! (ਜਦੋਂ) ਇਹ ਜੀਵ ਪ੍ਰਮਾਤਮਾਂ ਦੇ ਨਾਮ ਨਾਲ ਸੁਰਤ ਜੋੜਦਾ ਹੈ।
6. ਤਾਂ ਇਸ ਦਾ ਬੁਢੇਪਾ (ਬੁਢੇਪੇ ਦਾ ਡਰ) ਮੁਕ ਜਾਂਦਾ ਹੈ, ਮੌਤ (ਦਾ ਸਹਿਮ) ਮੁੱਕ ਜਾਂਦਾ ਹੈ ਅਤੇ ਭਟਕਣਾ ਦੂਰ ਹੋ ਜਾਂਦੀ ਹੈ।੧। ਰਹਾਉ।

ਪ੍ਰ:—ਕਬੀਰ ਜੀਉ! ਇਹ ਭਟਕਣਾ ਹਰੇਕ ਦੀ ਦੂਰ ਕਿਉਂ ਨਹੀਂ ਹੁੰਦੀ?

7. **ਉ**:—ਹੇ ਭਾਈਓ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ, ਜਿਨ੍ਹਾਂ ਮਨੁੱਖਾਂ ਦੇ ਮਨ ਵਿਚ (ਕੇਵਲ) ਇਸੇ

ਖਿਆਲ ਦੀ ਲਗਨ ਹੈ ਕਿ, ਫਲਾਣਾਂ ਨੀਵੀਂ ਜਾਤ ਦਾ ਤੇ ਫਲਾਣਾ ਉਚੀ ਜਾਤ ਦਾ ਹੈ।

8. ਉਹ (ਅਜਿਹੇ) ਲੋਕ ਸਦਾ ਅਹੰਕਾਰ ਦੀਆਂ (ਹੀ) ਗਲਾਂ ਕਰਦੇ ਰਹਿੰਦੇ ਹਨ, (ਜਿਸ ਕਰ ਕੇ ਉਹ ਸਦਾ ਹੀ ਭਟਕਣਾ ਵਿਚ ਪਏ ਰਹਿੰਦੇ ਹਨ)।

9. ਹੇ ਪਿਆਰੇ! ਉਸ ਹਿਰਦੇ ਵਿਚ ਪ੍ਰਭੂ ਦੀ ਸਿਫਤ ਸਲਾਹ ਦਾ 'ਮਾਨੋਂ' ਇਕ ਰਸ ਰਾਗ ਹੁੰਦਾ ਰਹਿੰਦਾ ਹੈ।

10. ਜਿਸ ਹਿਰਦੇ ਵਿਚ ਸ੍ਰੀ ਗੋਪਾਲ ਪ੍ਰਭੂ ਜੀ (ਸਦਾ) ਵਸਦੇ ਹਨ।੨।

ਪ੍ਰ:–ਸ੍ਰੀ ਕ਼ਬੀਰ ਜੀਉ! ਆਖਰ ਉਸ ਪ੍ਰਮੇਸ਼ਰ ਬਾਰੇ ਕੁਝ ਤਾਂ ਸਮਝਾਉਣ ਦੀ ਕ੍ਰਿਪਾ ਕਰੋ?

11. ਉ:–ਹੇ ਭਾਈਓ! ਅਸਲ ਵਿਚ ਜੋ ਪ੍ਰਭੂ ਸਾਰੇ ਖੰਡਾਂ ਦਾ ਮੰਡਲਾਂ ਦਾ ਸਾਜਣ ਵਾਲਾ ਹੈ।

12. ਜੋ (ਫਿਰ) ਤਿੰਨਾਂ ਭਵਨਾਂ ਦਾ ਤਿੰਨੇ ਗੁਣਾਂ ਦਾ ਨਾਸ ਕਰਨ ਵਾਲਾ ਭੀ ਹੈ।

13. ਜਿਸ ਤਕ ਮਨੁੱਖੀ ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ ਉਹ ਪ੍ਰਭੂ ਉਸ ਮਨੁੱਖ ਦੇ ਹਿਰਦੇ ਵਿਚ ਵਸਦਾ ਹੈ (ਜਿਸਨੇ ਪ੍ਰਭੂ ਦੇ ਨਾਮ ਨਾਲ ਲਿਵ ਲਾਈ ਹੋਈ ਹੈ)।

14. ਪਰ, ਹੇ ਭਾਈਓ! ਕੋਈ ਜੀਵ ਧਰਤੀ ਦੇ ਆਸਰੇ ਉਸ ਪ੍ਰਭੂ ਦੇ ਭੇਤ ਦਾ ਅੰਤ ਨਹੀਂ ਪਾ ਸਕਦਾ।੩।

ਪ੍ਰ:–ਕਬੀਰ ਜੀਉ! ਸਿਮਰਨ ਦੁਆਰੇ ਮਨੁੱਖ ਦੇ ਮਨ ਵਿਚ ਹੋਰ ਕੀ ਬਦਲ ਆ ਜਾਂਦੀ ਹੈ?

15.16.17 ਉ:–ਹੇ ਭਾਈ! ਅਸਲ ਵਿਚ ਨਾਮ ਸਿਮਰਨ ਦੀ ਬਰਕਤ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਮਾਇਆ ਦਾ ਮਾਲਕ ਪ੍ਰਭੂ ਆ ਵਸਦਾ ਹੈ, ਉਸ ਮਨੁੱਖ ਦੇ ਪੂਰਨ ਤੌਰ ਤੇ ਖਿੜੇ ਹੋਏ ਹਿਰਦੇ ਵਿਚ ਪ੍ਰਭੂਦਾ ਮੰਤਰ ਇਉਂ ਵਸ ਪੈਂਦਾ ਹੈ, ਜਿਵੇਂ ਕੇਲੇ ਦੇ ਫੁਲਾਂ ਵਿਚ ਸੁਗੰਧੀ ਦਾ ਪ੍ਰਕਾਸ਼ ਹੁੰਦਾ ਹੈ।

18. ਅਤੇ ਜਿਵੇਂ ਕਉਲ ਫੁੱਲ ਵਿਚ ਮਕਰੰਦ ਆ ਨਿਵਾਸ ਕਰਦਾ ਹੈ।੪।

19. ਹੇ ਭਾਈ! (ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਲਿਵ ਲਾਂਦਾ ਹੈ) ਉਸ ਨੂੰ ਅਕਾਸ਼ ਪਤਾਲ ਹਰ ਥਾਂ ਪ੍ਰਭੂ ਦਾ ਹੀ ਪ੍ਰਕਾਸ਼ ਦਿਸਦਾ ਹੈ।

20. ਐ ਪਿਆਰੇ! ਉਸ ਦੀ ਅਫੁਰ ਸਮਾਧੀ ਵਿਚ (ਭਾਵ, ਉਸ ਦੇ ਟਿਕੇ ਹੋਏ ਮਨ ਵਿਚ) ਪ੍ਰਮਾਤਮਾਂ ਆਪਣਾ ਚਾਨਣ ਕਰਦਾ ਹੈ।

ਪ੍ਰ–ਕਿਉਂ ਜੀ! ਕੀ ਉਸ ਦੇ ਅੰਦਰ ਸੂਰਜ ਜਾਂ ਚੰਦ੍ਰਮਾਂ ਦੇ ਪ੍ਰਕਾਸ਼ ਦੀ ਨਿਆਈਂ ਚਾਨਣ ਹੋ ਆਉਂਦਾ ਹੈ?

21. ਉ:–ਹੇ ਭਾਈ! ਅਸਲ ਵਿਚ ਉਹ ਚਾਨਣ ਸੂਰਜ ਚੰਦ ਦੇ ਚਾਨਣ ਵਰਗਾ ਨਹੀਂ ਹੈ।

22. ਐ ਪਿਆਰੇ! ਇਉਂ ਹੀ ਸਮਝੋ ਕਿ, ਸਾਰੇ ਜਗਤ ਦਾ ਮੂਲ ਮਾਇਆ ਰਹਿਤ ਪ੍ਰਭੂ ਉਸ ਦੇ ਹਿਰਦੇ ਵਿਚ ਉਮਾਹ ਪੈਦਾ ਕਰਦਾ ਹੈ।੫।

23. ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਸਦਾ (ਹੀ) ਇਹ ਲਗਨ ਹੈ ਕਿ ਉਹ ਪ੍ਰਭੂ ਤੇ ਮੈਂ ਇਕ ਹਾਂ (ਭਾਵ, ਮੇਰੇ ਅੰਦਰ ਪ੍ਰਭੂ ਦੀ ਜੋਤ ਵਸ ਰਹੀ ਹੈ)।

24. (ਇਸ ਲਗਨ ਦੀ ਬਰਕਤ ਨਾਲ) ਜਿਸ ਉਤੇ ਨਾ ਪੁੰਨ ਨਾ ਪਾਪ ਕੋਈ ਭੀ ਪ੍ਰਭਾਵ ਨਹੀਂ ਪਾ ਸਕਦਾ (ਭਾਵ, ਜਿਸ ਨੂੰ ਨਾ ਕੋਈ ਪਾਪ ਵਿਕਾਰ ਖਿੱਚ ਪਾ ਸਕਦੇ ਹਨ ਤੇ ਨਾ ਹੀ ਪੁੰਨ ਕਰਮਾਂ ਦੇ ਫਲ ਦੀ ਲਾਲਸਾ ਹੈ)।

25. ਐ ਪਿਆਰੇ! ਉਹ ਮਨੁੱਖ (ਲਿਵ ਦੀ ਬਰਕਤ ਨਾਲ) ਸਾਰੇ ਜਗਤ ਵਿਚ ਉਸੇ ਪ੍ਰਭੂ ਨੂੰ ਪਛਾਣਦਾ ਹੈ; ਜਿਸ ਨੂੰ ਆਪਣੇ ਸਰੀਰ ਵਿਚ (ਵਸਦਾ ਵੇਖਦਾ ਹੈ)।

26. ਉਹ (ਪ੍ਰਭੂ ਨਾਮ ਰੂਪ) ਮਾਨ ਸਰੋਵਰ ਵਿਚ ਇਸ਼ਨਾਨ ਕਰਦਾ ਹੈ।੬।

ਪ੍ਰ:–ਕਬੀਰ ਜੀਉ! ਉਸ ਦੀ ਮਾਨਸਕ ਅਵਸਥਾ ਕਿਹ ਜਿਹੀ ਹੁੰਦੀ ਹੈ?

27. ਉ:–ਹੇ ਭਾਈ! ਉਸ ਮਨੁੱਖ ਦੇ ਅੰਦਰ ਕਿਸੇ ਉਚੀ ਨੀਵੀਂ ਜਾਤ ਦਾ ਕੋਈ ਭੀ ਵਿਤਕਰਾ ਨਹੀਂ ਰਹਿ ਜਾਂਦਾ, ਕੋਈ ਦੁੱਖ ਸੁੱਖ ਉਸ ਨੂੰ ਨਹੀਂ ਵਿਆਪਦਾ।

28. ਪਰ, ਐ ਪਿਆਰੇ! ਇਹ ਆਤਮਕ ਹਾਲਤ ਗੁਰੂ ਦੀ ਸ਼ਰਨ ਪਿਆਂ ਹੀ ਮਿਲਦੀ ਹੈ, ਕਿਸੇ ਹੋਰ ਥਾਂ ਤੋਂ ਨਹੀਂ ਮਿਲਦੀ।

29. ਹੇ ਭਾਈਓ! ਇਹ ਅਵਸਥਾ ਕਿਸੇ ਦੀ ਹਟਾਈ ਹਟ ਨਹੀਂ ਸਕਦੀ, ਸਦਾ ਹੀ ਕਾਇਮ ਰਹਿੰਦੀ ਹੈ।

30. ਐ ਪਿਆਰੇ! ਲਿਵ ਦਾ ਸਦਕਾ ਉਹ ਮਨੁੱਖ ਸਦਾ ਅਫੁਰ ਅਵਸਥਾ ਵਿਚ ਟਿਕਿਆ ਰਹਿੰਦਾ ਹੈ, ਸਹਿਜ ਅਵਸਥਾ ਵਿਚ ਜੁੜਿਆ ਰਹਿੰਦਾ ਹੈ।੭।

31. ਹੇ ਪਿਆਰੇ! ਜੋ ਮਨੁੱਖ ਪ੍ਰਭੂ ਨੂੰ ਆਪਣੇ ਮਨ ਵਿਚ ਵਸਦਾ ਪਛਾਣ ਲੈਂਦਾ ਹੈ।

32. ਜੋ ਮਨੁੱਖ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ, ਉਹ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ।

33. ਹੇ ਭਾਈ! ਜੋ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਦੀ ਜੋਤ ਨੂੰ ਆਪਣੇ ਮਨ ਵਿਚ ਪੱਕਾ ਕਰਕੇ ਟਿਕਾ ਲੈਂਦਾ ਹੈ।

34. ਕਬੀਰ ਜੀ ਕਥਨ ਕਰਦੇ ਹਨ, ਉਹ ਸੰਸਾਰ ਸਮੁੰਦ੍ਰ ਤੋਂ ਤਰ ਜਾਂਦਾ ਹੈ।੮।੧।

ਭਾਵਾਰਥ:–ਇਸ ਸ਼ਬਦ ਵਿਚ ਕਬੀਰ ਜੀ ਹਰੀ ਦੇ ਅਪਾਰ ਦਰਸ਼ਨ ਦਾ ਝਲਕਾਰਾ ਦਰਸਾ ਰਹੇ ਹਨ। ਇਹ ਦਰਸ਼ਨ ਨੂਰ ਹੀ ਨੂਰ ਹੈ, ਪਰ ਇਹ ਨੂਰ ਕੋਈ ਜਿਸਮਾਨੀ ਰੌਸ਼ਨੀ ਨਹੀਂ। ਕਿਉਂਕਿ, ਉਹ ਸੂਰਜ ਚੰਦ ਤੋਂ ਪਰੇ ਨਿਰੰਜ੮

ਰੂਪ ਹੈ। ਇਸੇ ਤਰ੍ਹਾਂ ਦਾ ਨੂਰੀ ਦਰਸ਼ਨ ਨਾਮ ਦੇਵ ਨੇ ਸੋਰਠ ਰਾਗ ਵਿਚ ਬਿਆਨ ਕੀਤਾ ਹੈ।

ਨੋਟ :—ਕਈ ਭਗਤ ਬਾਣੀ ਦੇ ਵਿਰੋਧੀ ਸਜਣ ਜੀ ਇਸ ਸ਼ਬਦ ਬਾਰੇ ਲਿਖਦੇ ਹਨ ਕਿ, ਇਸ ਸ਼ਬਦ ਅੰਦਰ ਜੋਗ ਅਭਿਆਸ ਦਾ ਪੂਰਨ ਮੰਡਨ ਹੈ ਪਰ ਗੁਰਮਤਿ ਇਸ ਦਾ ਜੋਰਦਾਰ ਖੰਡਨ ਕਰਦੀ ਹੈ। ਸਿਖ ਧਰਮ ਵਿਚ ਉਕਤ ਹਠ ਜੋਗ ਕਰਮ ਨੂੰ ਨਿੰਦਿਆ ਹੈ, ਪਰ ਭਗਤ ਜੀ ਪ੍ਰਚਾਰ ਕਰਦੇ ਹਨ।

ਸ਼ਬਦ ਦੇ ਅਰਥ ਪਾਠਕਾਂ ਦੇ ਸਾਹਮਣੇ ਹਨ। ਬੜਾ ਮੁਸ਼ਕਲ ਸ਼ਬਦ ਹੈ। ਠੀਕ ਅਰਥ ਸਮਝਣ ਦਾ ਜਤਨ ਨਾ ਕਰਨ ਕਰ ਕੇ ਹੀ ਸ਼ਾਇਦ ਵਿਰੋਧੀ ਸਜਣ ਜੀ ਭੁਲੇਖਾ ਖਾ ਗਏ ਹਨ। ਜਦੋਂ ਪਾਠਕ ਸਜਣ ਇਸ ਅਸੂਲ ਨੂੰ ਚੇਤੇ ਰਖਣਗੇ ਕਿ 'ਰਹਾਉ' ਦੀ ਤੁਕ ਵਾਲੇ ਕੇਂਦਰੀ ਖਿਆਲ ਦੀ ਹੀ ਸਾਰੇ ਸ਼ਬਦ ਵਿਚ ਵਿਆਖਿਆ ਹੈ, ਤਾਂ ਇਥੇ ਕਿਸੇ ਜੋਗ ਅਭਿਆਸ ਦੇ ਪ੍ਰਚਾਰ ਦਾ ਭੁਲੇਖਾ ਨਹੀਂ ਪਵੇਗਾ।

1. **ਕੋਟਿ ਸੂਰ ਜਾ ਕੈ ਪਰਗਾਸ ॥**
2. **ਕੋਟਿ ਮਹਾਦੇਵ ਅਰੁ ਕਬਿਲਾਸ ॥**
3. **ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥**
4. **ਬ੍ਰਹਮਾ ਕੋਟਿ ਬੇਦ ਉਚਰੈ ॥੧॥**
5. **ਜਉ ਜਾਚਉ ਤਉ ਕੇਵਲ ਰਾਮ ॥**
6. **ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥**
7. **ਕੋਟਿ ਚੰਦ੍ਰਮੇ ਕਰਹਿ ਚਰਾਕ ॥**
8. **ਸੁਰ ਤੇਤੀਸ ਉਜੇਵਹਿ ਪਾਕ ॥**
9. **ਨਵ ਗ੍ਰਹ ਕੋਟਿ ਠਾਢੇ ਦਰਬਾਰ ॥**
10. **ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥**
11. **ਪਵਨ ਕੋਟਿ ਚਉਬਾਰੇ ਫਿਰਹਿ ॥**
12. **ਬਾਸਕ ਕੋਟਿ ਸੇਜ ਬਿਸਥਰਹਿ ॥**
13. **ਸਮੁੰਦ ਕੋਟਿ ਜਾ ਕੇ ਪਾਨੀਹਾਰ ॥**
14. **ਰੋਮਾਵਲਿ ਕੋਟਿ ਅਠਾਰਹ ਭਾਰ ॥੩॥**
15. **ਕੋਟਿ ਕਮੇਰ ਭਰਹਿ ਭੰਡਾਰ ॥**
16. **ਕੋਟਿਕ ਲਖਮੀ ਕਰੈ ਸੀਗਾਰ ॥**
17. **ਕੋਟਿਕ ਪਾਪ ਪੁੰਨ ਬਹੁ ਹਿਰਹਿ ॥**
18. **ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥**
19. **ਛਪਨ ਕੋਟਿ ਜਾ ਕੈ ਪ੍ਰਤਿਹਾਰ ॥**
20. **ਨਗਰੀ ਨਗਰੀ ਖਿਅਤ ਅਪਾਰ ॥**
21. **ਲਟ ਛੂਟੀ ਵਰਤੈ ਬਿਕਰਾਲ ॥**
22. **ਕੋਟਿ ਕਲਾ ਖੇਲੈ ਗੋਪਾਲ ॥੫॥**
23. **ਕੋਟਿ ਜਗ ਜਾ ਕੈ ਦਰਬਾਰ ॥**
24. **ਗੰਧ੍ਰਬ ਕੋਟਿ ਕਰਹਿ ਜੈਕਾਰ ॥**
25. **ਬਿਦਿਆ ਕੋਟਿ ਸਭੈ ਗੁਨ ਕਹੈ ॥**
26. **ਤਉ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥**
27. **ਬਾਵਨ ਕੋਟਿ ਜਾ ਕੈ ਰੋਮਾਵਲੀ ॥**
28. **ਰਾਵਨ ਸੈਨਾ ਜਹ ਤੇ ਛਲੀ ॥**
29. **ਸਹਸ ਕੋਟਿ ਬਹੁ ਕਹਤ ਪੁਰਾਨ ॥**
30. **ਦੁਰਜੋਧਨ ਕਾ ਮਥਿਆ ਮਾਨੁ ॥੭॥**
31. **ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥**
32. **ਅੰਤਰ ਅੰਤਰਿ ਮਨਸਾ ਹਰਹਿ ॥**
33. **ਕਹਿ ਕਬੀਰ ਸੁਨਿ ਸਾਰਿਗਪਾਨ ॥**
34. **ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥**

ਪਦ ਅਰਥ:—ਕੋਟਿ—ਕ੍ਰੋੜਾਂ। ਸੂਰ—ਸੂਰਜ। ਜਾ ਕੈ—ਜਿਸ ਦੇ ਦਰ ਤੇ। ਮਹਾਦੇਵ—ਸ਼ਿਵ। ਕਬਿਲਾਸ—ਕੈਲਾਸ਼। ਮਰਦਨੁ—ਮਾਲਸ਼, ਚਰਨ ਮਲਣਾ।੧।

ਜਉ—ਜਦੋਂ। ਜਾਚਉ—ਜਾਚਉਂ, ਮੈਂ ਮੰਗਦਾ ਹਾਂ। ਆਨ—ਹੋਰ। ਕਾਮ—ਗਰਜ਼।੧। ਰਹਾਉ।

ਚਰਾਕ—ਚਰਾਗ, ਰੋਸ਼ਨੀ, ਦੀਵੇ ਦੀ ਰੌਸ਼ਨੀ। ਸੁਰ ਤੇਤੀਸ—ਤੇਤੀ ਕ੍ਰੋੜ ਦੇਵਤੇ। ਉਜੇਵਹਿ-ਛਕਦੇ ਹਨ। ਪਾਕ—ਭੋਜਨ। ਠਾਢੇ-ਖੜੇ ਹਨ। ਪ੍ਰਤਿਹਾਰ—ਦਰਬਾਨੁ, (ਰੋਕ ਕੇ ਪਰੇ ਹਟਾਨ ਵਾਲਾ)।੨।

ਬਾਸਕ—ਸ਼ੇਸ਼ਨਾਗ। ਬਿਸਥਰਹਿ—ਵਿਛਾਉਂਦੇ ਹਨ। ਪਾਨੀਹਾਰ—ਪਾਣੀ ਭਰਨ ਵਾਲੇ। ਰੋਮਾਵਲਿ—ਰੋਮਾਂ ਦੀ ਕਤਾਰ, ਜਿਸਮ ਦੇ ਰੋਮ। ਅਠਾਰਹ ਭਾਰ—ਸਾਰੀ ਬਨਸਪਤੀ।੩।

ਕਮੇਰ—ਧਨ ਦਾ ਦੇਵਤਾ। ਹਿਰਹਿ—ਹੇਰਹਿ, ਤਕ ਰਹੇ ਹਨ।੪।

ਛਪਨ ਕੋਟਿ—ਛਪੰਜਾ ਕ੍ਰੋੜ ਮੇਘ ਮਾਲਾ। ਖਿਅਤ—ਚਮਕ। ਲਟ ਛੂਟੀ—ਲਿਟਾਂ ਖੋਲ੍ਹ ਕੇ। ਬਿਕਰਾਲ—ਡਰਾਉਣੀਆਂ (ਕਾਲੀ ਦੇਵੀਆਂ)। ਕਲਾ—ਸ਼ਕਤੀਆਂ।੫।

ਗੰਧ੍ਰਬ—ਦੇਵਤਿਆਂ ਦੇ ਰਾਗੀ।੬।

ਬਾਵਨ—ਵਾਮਨ ਅਵਤਾਰ। ਜਹ ਤੇ—ਜਿਸ ਸ੍ਰੀ ਰਾਮ ਚੰਦ੍ਰ ਤੋਂ। ਸਹਸ—ਹਜਾਰਾਂ। ਮਥਿਆ—(ਜਿਸ ਕ੍ਰਿਸ਼ਨ ਜੀ ਨੇ) ਨਾਸ ਕੀਤਾ।੭।

ਕੰਦ੍ਰਪ—ਕਾਮ ਦੇਵਤਾ। ਲਵੈ ਨ ਧਰਹਿ—(ਸੁੰਦਰਤਾ ਦੀ) ਬਰਾਬਰੀ ਨਹੀਂ ਕਰ ਸਕਦੇ। ਅੰਤਰ ਅੰਤਰਿ ਮਨਸਾ—ਲੋਕਾਂ ਦੇ ਹਿਰਦਿਆਂ ਦੀ ਅੰਦਰਲੀ ਵਾਸ਼ਨਾ। ਅੰਤਰ—ਅੰਦਰਲਾ, ਹਿਰਦਾ। ਅੰਤਰਿ—ਅੰਦਰ। ਹਰਹਿ—(ਜੋ ਨਾਮ ਦੇਵ) ਚੁਰਾ ਲੈਂਦੇ ਹਨ।੮।

ਅਰਥ :—

ਪ੍ਰ:—ਸ੍ਰੀ ਕਬੀਰ ਜੀਉ! ਅਸੀਂ ਵੇਖ ਰਹੇ ਹਾਂ ਕਿ ਅਨੇਕਾਂ ਲੋਕੀਂ ਭਿੰਨ ਭਿੰਨ ਦੇਵਤਿਆਂ ਤੋਂ ਆਪਣੀਆਂ ਮੰਗਾਂ ਮੰਗਦੇ ਰਹਿੰਦੇ ਹਨ, ਜਦੋਂ ਕਿਸੇ ਦੀ ਕਿਸੇ ਦੇਵਤੇ ਤੋਂ

ਮੰਗ ਪੂਰੀ ਨਹੀਂ ਹੁੰਦੀ ਤਾਂ ਉਹ ਉਸ ਨੂੰ ਛੱਡ ਕੇ ਕਿਸੇ ਦੂਜੇ ਦੇਵਤੇ ਦਾ ਮੰਗਤਾ ਬਣ ਜਾਂਦਾ ਹੈ, ਪਰ, ਆਪ ਕਿਸ ਤੋਂ ਮੰਗ ਕਰਦੇ ਹੋ ?

1. ਉ:–ਹੇ ਭਾਈਓ ! (ਅਸਲ ਵਿਚ ਮੈਂ ਤਾਂ ਕੇਵਲ ਉਸੇ ਪ੍ਰਭੂ ਦਾ ਜਾਚਕ ਹਾਂ,) ਜਿਸ ਦੇ ਦਰ ਤੇ ਕ੍ਰੋੜਾਂ ਸੂਰਜ ਰੋਸ਼ਨੀ ਕਰਦੇ ਹਨ।
2, ਅਤੇ ਜਿਸ ਦੇ ਦਰ ਤੇ ਕ੍ਰੋੜਾਂ ਸ਼ਿਵ ਜੀ ਤੇ ਕੈਲਾਸ਼ ਹਨ, (ਜਿਸ ਕੈਲਾਸ਼ ਪ੍ਰਬਤ ਉਤੇ ਸ਼ਿਵ ਜੀ ਦਾ ਨਿਵਾਸ ਹੈ)।
3. ਹੇ ਭਾਈ, ਕ੍ਰੋੜਾਂ ਦੁਰਗਾ ਜਿਸਦੇ ਚਰਨਾਂ ਨੂੰ ਮਲਦੀਆਂ ਹਨ।
4. ਅਤੇ ਕ੍ਰੋੜਾਂ ਹੀ ਬ੍ਰਹਮੇ ਜਿਸ ਦੇ ਦਰ ਤੇ ਵੇਦ ਉਚਾਰਨ ਕਰਦੇ ਹਨ ।੧।
5. ਇਸ ਲਈ, ਹੇ ਭਾਈ ! ਮੈਂ (ਤਾਂ) ਜਦੋਂ ਭੀ ਮੰਗਦਾ ਹਾਂ, ਸਿਰਫ ਪ੍ਰਭੂ ਦੇ ਦਰ ਤੋਂ ਹੀ ਮੰਗਦਾ ਹਾਂ।
6. ਮੈਨੂੰ ਕਿਸੇ ਹੋਰ ਦੇਵਤੇ ਨਾਲ ਕੋਈ (ਭੀ) ਗਰਜ਼ ਨਹੀਂ ਹੈ ।੧। ਰਹਾਉ ।
7. ਐ ਪਿਆਰੇ ! (ਮੈਂ ਤਾਂ ਉਸੇ ਪ੍ਰਭੂ ਦਾ ਜਾਚਕ ਹਾਂ) ਜਿਸ ਦੇ ਦਰ ਤੇ ਕ੍ਰੋੜਾਂ ਚੰਦ੍ਰਮਾਂ ਰੋਸ਼ਨੀ ਕਰਦੇ ਹਨ।
8. ਅਤੇ ਜਿਸ ਦੇ ਦਰ ਤੇ ਤੇਤੀ ਕ੍ਰੋੜ ਦੇਵਤੇ ਭੋਜਨ ਛਕਦੇ ਹਨ।
9.10 ਕ੍ਰੋੜਾਂ ਹੀ ਨੌ ਗ੍ਰਹਿ ਜਿਸ ਦੇ ਦਰਬਾਰ ਵਿਚ ਖਲੋਤੇ ਹੋਏ ਹਨ ਅਤੇ ਕ੍ਰੋੜਾਂ ਹੀ ਧਰਮ ਰਾਜ ਜਿਸਦੇ ਦਰਬਾਨ ਹਨ ।੨।
11. ਹੇ ਪਿਆਰੇ ! (ਮੈਂ ਤਾਂ ਕੇਵਲ ਉਸੇ ਪ੍ਰਭੂ ਦੇ ਦਰ ਦਾ ਮੰਗਤਾ ਹਾਂ, ਜਿਸ ਦੇ ਚੁਬਾਰੇ ਉਤੇ ਕ੍ਰੋੜਾਂ ਹਵਾਵਾਂ ਚਲਦੀਆਂ ਹਨ।
12. ਕ੍ਰੋੜਾਂ ਸ਼ੇਸ਼ ਨਾਗ ਜਿਸ ਦੀ ਸੇਜ ਵਿਛਾਉਂਦੇ ਹਨ।
13.14 ਅਤੇ ਕ੍ਰੋੜਾਂ ਸਮੁੰਦ੍ਰ ਜਿਸ ਦੇ ਪਾਣੀ ਭਰਨ ਵਾਲੇ ਹਨ ਅਤੇ ਬਨਸਪਤੀ ਦੇ ਕ੍ਰੋੜਾਂ ਹੀ ਅਠਾਰਾਂ ਭਾਵ ਜਿਸ ਦੇ ਜਿਸਮ ਦੇ ਮਾਨੋ ਰੋਮ ਹਨ ।੩।
15. ਹੇ ਭਾਈਓ ! (ਮੈਂ ਤਾਂ ਉਸੇ ਪ੍ਰਭੂ ਤੋਂ ਹੀ ਮੰਗਦਾ ਹਾਂ) ਜਿਸ ਦੇ ਖਜ਼ਾਨੇ ਕ੍ਰੋੜਾਂ ਹੀ ਕੁਬੇਰ ਦੇਵਤੇ ਭਰਦੇ ਹਨ।
16. ਜਿਸ ਦੇ ਦਰ ਤੇ ਕ੍ਰੋੜਾਂ ਹੀ ਲਛਮੀਆਂ ਸ਼ਿੰਗਾਰ ਕਰ ਰਹੀਆਂ ਹਨ।
17.18 ਕ੍ਰੋੜਾਂ ਹੀ ਪਾਪ ਪੁੰਨ ਜਿਸ ਵਲ ਤਕ ਰਹੇ ਹਨ (ਕਿ ਸਾਨੂੰ ਆਗਿਆ ਕਰੋ) ਅਤੇ ਕ੍ਰੋੜਾਂ ਹੀ ਇੰਦ੍ਰ ਦੇਵਤੇ ਜਿਸਦੇ ਦਰ ਤੇ ਸੇਵਾ ਕਰ ਰਹੇ ਹਨ ।੪।
19. ਹੇ ਭਾਈ ! (ਮੈਂ ਕੇਵਲ ਉਸੇ ਗੁਪਾਲ ਦਾ ਜਾਚਕ ਹਾਂ) ਜਿਸ ਦੇ ਦਰ ਤੇ ਛਪੰਜਾ ਕ੍ਰੋੜ ਬਦਲ ਦਰਬਾਨ ਹਨ।
20 ਅਤੇ ਜੋ ਥਾਂ ਥਾਂ ਤੇ ਚਮਕ ਰਹੇ ਹਨ।
21. ਹੇ ਭਾਈਓ ! ਜਿਸ ਗੁਪਾਲ ਦੇ ਦਰ ਤੇ ਕ੍ਰੋੜਾਂ ਸ਼ਕਤੀਆਂ ਖੇਡਾਂ ਕਰ ਰਹੀਆਂ ਹਨ।
22. ਅਤੇ ਕ੍ਰੋੜਾਂ ਹੀ ਕਾਲਕਾ ਕੇਸ ਖੋਲ੍ਹ ਕੇ ਡਰਾਉਣਾ ਰੂਪ ਧਾਰ ਕੇ ਜਿਸ ਦੇ ਦਰ ਤੇ ਮੌਜੂਦ ਹਨ ।੫।
23. ਹੇ ਪਿਆਰੇ ! (ਮੈਂ ਉਸੇ ਪ੍ਰਭੂ ਦੇ ਦਰ ਤੇ ਮੰਗਦਾ ਹਾਂ) ਜਿਸ ਦੇ ਦਰਬਾਰ ਵਿਚ ਕ੍ਰੋੜਾਂ ਜਗ ਹੋ ਰਹੇ ਹਨ।
24. ਅਤੇ ਕ੍ਰੋੜਾਂ ਗੰਧਰਬ ਜੈ ਜੈਕਾਰ ਕਰ ਰਹੇ ਹਨ।
25. ਕ੍ਰੋੜਾਂ ਹੀ ਵਿਦਿਆ ਜਿਸ ਦੇ ਬੇਅੰਤ ਗੁਣ ਬਿਆਨ ਕਰ ਰਹੀਆਂ ਹਨ।
26. ਹੇ ਭਾਈਓ ! ਫਿਰ ਭੀ (ਉਸ) ਪ੍ਰਮਾਤਮਾਂ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੀਆਂ ।੬।
27. (ਮੈਂ ਉਸ ਪ੍ਰਭੂ ਦਾ ਜਾਚਕ ਹਾਂ) ਕ੍ਰੋੜਾਂ ਹੀ ਬਾਵਨ ਅਵਤਾਰ ਜਿਸ ਦੇ ਸ੍ਰੀਰ ਦੇ ਮਾਨੋ ਰੋਮ ਹਨ।
28. ਜਿਸ ਦੇ ਦਰ ਤੇ ਕ੍ਰੋੜਾਂ ਹੀ ਉਹ (ਸ੍ਰੀ ਰਾਮ ਚੰਦਰ ਜੀ) ਹਨ ਜਿਸ ਤੋਂ ਰਾਵਣ ਦੀ ਸੈਨਾ ਹਰੀ ਸੀ।
29. ਜਿਸ ਦੇ ਦਰ ਤੇ ਕ੍ਰੋੜਾਂ ਹੀ ਉਹ (ਕ੍ਰਿਸ਼ਨ ਜੀ) ਹਨ ਜਿਸ ਨੂੰ ਭਾਗਵਤ ਪੁਰਾਣ ਬਿਆਨ ਕਰ ਰਿਹਾ ਹੈ।
30. ਤੇ ਜਿਸ ਨੇ ਦੁਰਜੋਧਨ ਦਾ ਅਹੰਕਾਰ ਤੋੜਿਆ ਸੀ ।੭।
31. ਹੇ ਭਾਈ ! ਮੈਂ ਉਸੇ ਤੋਂ ਮੰਗਦਾ ਹਾਂ, ਜਿਸ ਦੀ ਸੁੰਦਰਤਾ ਦੀ ਬਰਾਬਰੀ ਉਹ ਕ੍ਰੋੜਾਂ ਕਾਮ ਦੇਵ ਭੀ ਨਹੀਂ ਕਰ ਸਕਦੇ।
32. ਜੋ ਨਿਤ ਜੀਵਾਂ ਦੇ ਹਿਰਦਿਆਂ ਦੀ ਅੰਦਰਲੀ ਵਾਸਨਾਂ ਚੁਰਾਉਂਦੇ ਰਹਿੰਦੇ ਹਨ।

ਪ੍ਰ.–ਕਬੀਰ ਜੀ ! ਆਖਰ ਆਪ ਜੀ ਅਜਿਹੇ ਪ੍ਰਮੇਸ਼ਰ ਤੋਂ ਮੰਗਦੇ ਕੀ ਹੋ ?

33. ਉ:–ਹੇ ਭਾਈਓ ! ਮੇਰੀ ਤਾਂ ਉਸ ਭਗਵਾਨ ਤੋਂ ਇਹੋ ਹੀ ਮੰਗ ਹੈ ਕਿ, ਹੇ ਧਨੁਸ਼ਧਾਰੀ ਪ੍ਰਭੂ (ਮੇਰੀ ਅਰਦਾਸ) ਸੁਣ।
34. ਮੈਨੂੰ ਉਹ ਆਤਮਕ ਅਵਸ਼ਥਾ ਬਖਸ਼, ਜਿਥੇ ਮੈਨੂੰ ਕੋਈ ਕਿਸੇ (ਦੇਵੀ ਦੇਵਤੇ) ਦਾ ਡਰ ਨਾ ਰਹੇ, ਬੱਸ, ਮੈਂ ਇਹੀ ਦਾਨ ਮੰਗਦਾ ਹਾਂ ।੮।੨।੧੮।੨੦।

ਭਾਵਾਰਥ :–ਇਸ ਸ਼ਬਦ ਵਿਚ ਕਬੀਰ ਜੀ ਨੇ ਉਸ ਬੇਅੰਤ ਪ੍ਰਭੂ ਦੀ ਬੇਅੰਤਤਾ ਬਿਆਨ ਕੀਤੀ ਹੈ, ਜਿਸ ਦੀ ਮਹਿਮਾਂ ਗੁਪਤ ਤੇ ਪ੍ਰਗਟ ਦੇਵੀ ਦੇਵਤੇ ਦਿਨੇ ਰਾਤ ਉਚਾਰਨ ਕਰਦੇ ਹਨ, ਪਰ, ਫਿਰ ਭੀ ਉਸ ਦੀ ਮਹਿਮਾਂ ਕਰਨ ਵਲੋਂ ਅਸਮਰਥ ਹਨ। ਉਸੇ ਦੀ ਸਿਫਤ ਸਲਾਹ ਕਰਦੇ ਰਹਿਣ ਦੀ ਹਰ ਜੀਵ ਨੂੰ ਪ੍ਰੇਰਨਾ ਕਰਦੇ ਹਨ।

ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧

੧ ਓ ਸਤਿਗੁਰ ਪ੍ਰਸਾਦਿ ॥

1. **ਰੇ ਜਿਹਬਾ ਕਰਉ ਸਤ ਖੰਡ ॥**
2. **ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥੧॥**
3. **ਰੰਗੀ ਲੇ ਜਿਹਬਾ ਹਰਿ ਕੈ ਨਾਇ ॥**
4. **ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥੧॥ਰਹਾਉ॥**

5. ਮਿਥਿਆ ਜਿਹਬਾ ਅਵਰੇਂ ਕਾਮ ॥
6. ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥੨॥
7. ਅਸੰਖ ਕੋਟਿ ਅਨ ਪੂਜਾ ਕਰੀ ॥
8. ਏਕ ਨ ਪੂਜਸਿ ਨਾਮੈ ਹਰੀ ॥੩॥
9. ਪ੍ਰਣਵੈ ਨਾਮਦੇਉ ਇਹੁ ਕਰਣਾ ॥
10. ਅਨੰਤ ਰੂਪ ਤੇਰੇ ਨਾਰਾਇਣਾ ॥੪॥੧॥

ਪਦ ਅਰਥ :–ਰੇ–ਹੇ ਭਾਈ। ਸਤ–ਸੌ। ਖੰਡ–ਟੋਟੇ। ਕਰਉ–ਮੈਂ ਕਰ ਦਿਆਂ। ਜਾਮਿ–ਜਦੋਂ।੧।

ਰੰਗੀ ਲੇ–ਮੈਂ ਰੰਗ ਲਈ ਹੈ। ਨਾਇ–ਨਾਮ ਵਿਚ। ਸੁਰੰਗ–ਸੋਹਣੇ ਰੰਗ ਨ ਲ ।੧। ਰਹਾਉ।

ਮਿਥਿਆ–ਵਿਅਰਥ। ਨਿਰਬਾਨ–ਵਾਸ਼ਨਾ ਰਹਿਤ।੨।

ਅਨ ਪੂਜਾ–ਹੋਰ ਹੋਰ (ਦੇਵਤਿਆਂ ਦੀ) ਪੂਜਾ। ਨਾਮੈ–ਨਾਮ ਦੇ ਨ ਲ ।੩।

ਕਰਣਾ–ਕਰਨ ਜੋਗ ਕੰਮ ।੪।

ਅਰਥ :–

ਪ੍ਰ:–ਸ੍ਰੀ ਨਾਮਦੇਵ ਜੀਉ ! ਰਸਨਾਂ ਦੁਆਰੇ ਨਾਮ ਜਪਦਿਆਂ ਨਾਮ ਜਪਣ ਵਲੋਂ ਤੁਹਾਡੀ ਰਸਨਾ ਕਦੀ ਆਲਸ ਭੀ ਕਰਦੀ ਹੋਵੇਗੀ ਤਾਂ ਉਸ ਵੇਲੇ ਤੁਹਾਡਾ ਰਸਨਾ ਬਾਰੇ ਕੀ ਖਿਆਲ ਬਣਦਾ ਹੈ ?

1.2 **ਉ**:–ਹੇ ਭਾਈ ! ਜੇ ਹੁਣ ਕਦੇ ਮੇਰੀ ਜੀਭ ਪ੍ਰਭੂ ਦਾ ਨਾਮ ਨਾ ਜਪੇ ਤਾਂ ਮੈਂ ਇਸ ਦੇ ਸੌ ਟੋਟੇ ਕਰ ਦਿਆਂ। (ਭਾਵ ਮੇਰੀ ਜੀਭ ਇਸ ਤਰ੍ਹਾਂ ਨਾਮ ਦੇ ਰੰਗ ਵਿਚ ਰੰਗੀ ਗਈ ਹੈ ਕਿ ਮੈਨੂੰ ਹੁਣ ਯਕੀਨ ਹੈ ਕਿ, ਇਹ ਕਦੇ ਨਾਮ ਨੂੰ ਨਹੀਂ ਵਿਸਾਰੇਗੀ) ।੧।

3. ਹੇ ਭਾਈਓ ! ਹੁਣ ਮੈਂ ਆਪਣੀ ਜੀਭ ਨੂੰ ਪ੍ਰਮਾਤਮਾਂ ਦੇ ਨਾਮ ਵਿਚ ਰੰਗ ਲਿਆ ਹੈ।

4. ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਮੈਂ ਇਸ ਨੂੰ ਸੋਹਣੇ ਰੰਗ ਵਿਚ ਰੰਗ ਲਿਆ ਹੈ ।੧। ਰਹਾਉ।

5. ਹੇ ਭਾਈਓ ! ਮੈਨੂੰ ਹੁਣ ਯਕੀਨ ਹੋ ਗਿਆ ਹੈ ਕਿ, ਹੋਰ ਹੋਰ ਆਹਰਾਂ ਵਿਚ ਲਗੀ ਹੋਈ ਜੀਭ ਵਿਅਰਥ ਹੈ।

6. (ਕਿਉਂਕਿ) ਪ੍ਰਮਾਤਮਾਂ ਦਾ ਨਾਮ ਹੀ ਵਾਸ਼ਨਾਂ ਰਹਿਤ ਅਵਸਥਾ ਪੈਦਾ ਕਰਦਾ ਹੈ (ਹੋਰ ਹੋਰ ਆਹਰ ਸਗੋਂ ਵਾਸ਼ਨਾਂ ਪੈਦਾ ਕਰਦੇ ਹਨ) ।੨।

ਪ੍ਰ.–(ਕਿਉਂ ਜੀ) ਕੀ ਕ੍ਰੋੜਾਂ ਦੇਵਤਿਆਂ ਦੀ ਪੂਜਾ ਕੀਤੀ ਹੋਈ ਪ੍ਰਭੂ ਦੇ ਨਾਮ ਦੇ ਬਰਾਬਰ ਨਹੀਂ ਹੋ ਸਕਦੀ ?

7. **ਉ**:–ਹੇ ਪਿਆਰੇ ! ਮੈਨੂੰ ਤਾਂ ਯਕੀਨ ਹੈ ਕਿ, ਜੇ ਮੈਂ ਕ੍ਰੋੜਾਂ ਅਸੰਖਾਂ ਹੋਰ ਹੋਰ (ਦੇਵਤਿਆਂ ਦੀ) ਪੂਜਾ ਕਰਾਂ।

8. ਤਾਂ ਭੀ ਉਹ (ਸਾਰੀਆਂ ਮਿਲ ਕੇ) ਪ੍ਰਮੇਸ਼ਰ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੀਆਂ ।੩।

ਪ੍ਰ:–ਕਿਉਂ ਜੀ ! ਹੁਣ ਤੁਹਾਡਾ ਆਪਣਾ ਵਿਸ਼ਵਾਸ਼ ਕੀ ਹੈ ?

9. **ਉ**:–ਕਥਨ ਕਰਦੇ ਹਨ ਨਾਮਦੇਵ ਜੀ ਬੇਨਤੀ ਪੂਰਵਕ ਕਿ, ਹੇ ਭਾਈ ! ਮੈਂ ਤਾਂ ਸਮਝਦਾ ਹਾਂ ਕਿ, (ਮੇਰੀ ਜੀਭ ਲਈ) ਇਹੀ ਕੰਮ ਕਰਨਾ ਜੋਗ ਹੈ ਕਿ ਪ੍ਰਭੂ ਦੇ ਗੁਣ ਗਾਵੇ ਅਤੇ ਗੁਣ ਹੀ ਆਖਦੀ ਰਹੇ।

10. ਹੇ ਨਾਰਾਇਣ ! ਤੇਰੇ ਅਨੰਤ (ਹੀ) ਸਰੂਪ ਹਨ।

ਭਾਵਾਰਥ :–ਭਾਵ ਹੈ ਕਿ, ਕੇਵਲ ਇਕ ਪ੍ਰਭੂ ਦਾ ਹੀ ਨਾਮ ਜਪੋ, ਹਰੀ ਨਾਮ ਤੋਂ ਬਿਨਾ ਹੋਰ ਕ੍ਰੋੜਾਂ ਦੇਵਤਿਆਂ ਦੀ ਪੂਜਾ ਪ੍ਰਭੂ ਯਾਦ ਦੀ ਬਰਾਬਰੀ ਨਹੀਂ ਕਰ ਸਕਦੀ।

1. ਪਰ ਧਨ ਪਰ ਦਾਰਾ ਪਰ ਹਰੀ ॥
2. ਤਾ ਕੈ ਨਿਕਟਿ ਬਸੈ ਨਰਹਰੀ ॥੧॥
3. ਜੋ ਨ ਭਜੰਤੇ ਨਾਰਾਇਣਾ ॥
4. ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥
5. ਜਿਨ ਕੈ ਭੀਤਰਿ ਹੈ ਅੰਤਰਾ ॥
6. ਜੈਸੇ ਪਸੁ ਤੈਸੇ ਓਇ ਨਰਾ ॥੨॥
7. ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥
8. ਨਾ ਸੋਹੈ ਬਤੀਸ ਲਖਨਾ ॥੩॥੨॥

ਪਦ ਅਰਥ :–ਦਾਰਾ–ਇਸਤ੍ਰੀ। ਪਰਹਰੀ–ਤਿਆਗ ਦਿਤੀ ਹੈ। ਨਿਕਟਿ–ਨੇੜੇ। ਨਰਹਰੀ–ਪ੍ਰਮਾਤਮਾਂ ।੧।

ਭੀਤਰਿ–ਅੰਦਰ, ਮਨ ਵਿਚ। ਅੰਤਰਾ–(ਪ੍ਰਮਾਤਮਾਂ ਨਾਲੋਂ) ਵਿੱਥ ।੨।

ਨਾਕਹਿ ਬਿਨਾ–ਨੱਕ ਤੋਂ ਬਿਨਾ। ਬਤੀ ਸੁਲਖਣਾ–ਬਤੀ ਲਖਣਾਂ ਵਾਲਾ ਉਹ ਮਨੁੱਖ ਜਿਸ ਵਿਚ ਸੁੰਦਰਤਾ ਦੇ ਬਤੀ ਹੀ ਲੱਛਣ ਮਿਲਦੇ ਹੋਣ ।੩।

ਅਰਥ :–

ਪ੍ਰ:–ਭਗਤ ਜੀਉ ! ਇਹ ਦਸੋ ਕਿ, ਉਸ ਪ੍ਰਮਾਤਮਾਂ ਨੂੰ ਤੁਸੀ ਕਿਸ ਦੇ ਅੰਗ ਸੰਗ ਵਸਦਾ ਸਮਝਦੇ ਹੋ ?

1. **ਉ**:–ਹੇ ਭਾਈ ! (ਨਾਰਾਇਨ ਦਾ ਭਜਨ ਕਰ ਕੇ) ਜਿਸ ਮਨੁੱਖ ਨੇ ਪਰਾਏ ਧਨ ਤੇ ਪਰਾਈ ਇਸਤ੍ਰੀ ਦਾ ਤਿਆਗ ਕੀਤਾ ਹੈ।

2. ਹੇ ਪਿਆਰੇ ! ਉਹ ਪ੍ਰਮੇਸ਼ਰ ਉਸਦੇ ਅੰਗ ਸੰਗ ਵਸਦਾ ਹੈ।੧।

3. ਹੇ ਭਾਈ ! ਜੋ ਮਨੁੱਖ ਪ੍ਰਮਾਤਮਾਂ ਦਾ ਭਜਨ ਨਹੀਂ ਕਰਦੇ।

4. ਮੈਂ ਉਨ੍ਹਾਂ ਦਾ ਦਰਸ਼ਨ (ਹੀ) ਨਹੀਂ ਕਰਦਾ (ਭਾਵ, ਮੈਂ ਉਨ੍ਹਾਂ ਦੀ ਬੈਠਕ ਹੀ ਨਹੀਂ ਬੈਠਦਾ, ਮੈਂ ਉਨ੍ਹਾਂ ਨਾਲ ਬਹਿਣ ਖਲੋਣ ਨਹੀਂ ਰਖਦਾ) ।੧। ਰਹਾਉ।

ਪ੍ਰ:–ਭਗਤ ਜੀਉ ! ਕੀ ਕਿਸੇ ਮਨੁੱਖ ਨੂੰ ਪਸ਼ੂ ਦੇ ਬਰਾਬਰ ਭੀ ਕਿਹਾ ਜਾ ਸਕਦਾ ਹੈ ?

5. **ਉ**:–ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਅੰਦਰ ਪ੍ਰਮਾਤਮਾਂ ਨਾਲੋਂ ਵਿੱਥ ਹੈ।

6. (ਸਮਝੋ) ਉਹ ਮਨੁੱਖ ਪਸ਼ੂਆਂ ਵਰਗੇ ਹੀ ਹਨ ।੨।

ਪ੍ਰ:–ਭਗਤ ਜੀਉ ! ਨਾਮ ਤੋਂ ਸਖਣੇ ਮਨੁੱਖ ਨੂੰ ਆਪ ਕਿਸਤਰ੍ਹਾਂ ਦਾ ਅਨੁਭਵ ਕਰਦੇ ਹੋ ?

7.8ਉ:–ਨਾਮਦੇਵ ਜੀ ਬੇਨਤੀ ਕਰਦਾ ਹੈ ਕਿ, ਐ ਪਿਆਰੇ ! ਮਨੁੱਖ ਵਿਚ ਸੁੰਦਰਤਾ ਦੇ ਭਾਵੇਂ ਬਤੀ ਹੀ ਲਖਣ ਹੋਣ । ਪਰ ਜੇ ਉਸ ਦੇ ਨੱਕ ਨਾ ਹੋਵੇ ਤਾਂ ਉਹ ਸੋਹਣਾ ਨਹੀਂ ਲਗਦਾ । ਤਿਵੇਂ, ਹੋਰ ਸਾਰੇ ਗੁਣ ਹੋਣ, ਧਨ ਆਦਿਕ ਭੀ ਹੋਵੇ, ਜੇ ਨਾਮ ਨਹੀਂ ਸਿਮਰਦਾ ਤਾਂ ਉਹ ਕਿਸੇ ਭੀ ਕੰਮ ਦਾ ਨਹੀਂ ਹੈ ।੩।੨।

ਭਾਵਾਰਥ :–ਮਨੁੱਖ ਵਿਚ ਭਾਵੇਂ ਹੋਰ ਅਨੇਕਾਂ ਹੀ ਗੁਣ ਹੋਣ ਪਰ ਸਿਮਰਨ ਤੋਂ ਸੱਖਣੇ ਬੰਦੇ ਪਸ਼ੂ ਦੇ ਸਮਾਨ ਹੀ ਹਨ, ਉਨ੍ਹਾਂ ਦਾ ਸੰਗ ਨਹੀਂ ਕਰਨਾ ਚਾਹੀਦਾ ।

1. **ਦੂਧੁ ਕਟੋਰੈ ਗਡਵੈ ਪਾਨੀ ॥**
2. **ਕਪਲ ਗਾਇ ਨਾਮੈ ਦੁਹਿ ਆਨੀ ॥੧॥**
3. **ਦੂਧੁ ਪੀਉ ਗੋਬਿੰਦੇ ਰਾਇ ॥**
4. **ਦੂਧੁ ਪੀਉ ਮੇਰੋ ਮਨੁ ਪਤੀਆਇ ॥**
5. **ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥**
6. **ਸੋੁਇਨ ਕਟੋਰੀ ਅੰਮ੍ਰਿਤ ਭਰੀ ॥**
7. **ਲੈ ਨਾਮੈ ਹਰਿ ਆਗੈ ਧਰੀ ॥੨॥**
8. **ਏਕੁ ਭਗਤੁ ਮੇਰੇ ਹਿਰਦੇ ਬਸੈ ॥**
9. **ਨਾਮੇ ਦੇਖਿ ਨਰਾਇਨੁ ਹਸੈ ॥੩॥**
10. **ਦੂਧੁ ਪੀਆਇ ਭਗਤੁ ਘਰਿ ਗਇਆ ॥**
11. **ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥**

ਪਦ ਅਰਥ :–ਕਟੋਰੈ–ਕਟੋਰੇ ਵਿਚ । ਗਡਵੈ–ਗੜਵੇ ਵਿਚ । ਕਪਲ ਗਾਇ–ਗੋਰੀ ਗਾਂ, ਭੂਰੇ ਜਾਂ ਚਿੱਟੇ ਰੰਗ ਦੀ ਗਾਂ, ਜਿਸਦੇ ਥਣ ਕਾਲੇ ਹੋਣ । ਦੁਹਿ–ਚੋ ਕੇ । ਆਨੀ–ਲਿਆਂਦੀ।੧।

ਗੋਬਿੰਦੇ ਰਾਇ–ਹੇ ਪ੍ਰਕਾਸ਼ ਰੂਪ ਗੋਬਿੰਦ । ਪਤੀਆਇ–ਧੀਰਜ ਆ ਜਾਏ । ਘਰ ਕੋ ਬਾਪੁ-(ਇਸ) ਘਰ ਦਾ ਪਿਉ, (ਇਸ ਸਰੀਰ ਰੂਪ) ਘਰ ਦਾ ਮਾਲਕ, ਮੇਰਾ ਆਤਮਾ । ਰਿਸਾਇ–ਦੁਖੀ ਹੋਵੇਗਾ ।੧। ਰਹਾਉ ।

ਅੰਮ੍ਰਿਤ–ਨਾਮ ਅੰਮ੍ਰਿਤ । ਸੋੁਇਨ ਭਰੀ–ਨਾਮ ਅੰਮ੍ਰਿਤ ਨਾਲ ਭਰਪੂਰ ਪਵਿਤ੍ਰ ਹੋਇਆ ਹਿਰਦਾ ।੨।

ਏਕੁ ਭਗਤੁ–ਅਨੰਨ ਭਗਤ । ਵੇਖਿ–ਵੇਖ ਕੇ । ਹਸੈ–ਹੱਸਦਾ ਹੈ, ਪ੍ਰਸੰਨ ਹੁੰਦਾ ਹੈ ।੩।

ਘਰਿ–ਘਰ ਵਿਚ । ਘਰਿ ਗਇਆ–ਘਰ ਵਿਚ ਗਿਆ, ਸ੍ਵੈ ਸਰੂਪ ਵਿਚ ਟਿਕ ਗਿਆ ।੪।

ਅਰਥ :–

ਪ੍ਰ:–ਨਾਮਦੇਵ ਜੀਉ ! ਸੁਣਿਆਂ ਹੈ ਕਿ ਤੁਸੀਂ ਪ੍ਰਕਾਸ਼ ਸਰੂਪ ਪ੍ਰਮੇਸ਼ਰ ਦੀ ਪੂਜਾ ਕਰਨ ਸਮੇਂ ਗੋਬਿੰਦ ਨੂੰ ਦੁੱਧ ਪਿਲਾਇਆ ਸੀ, ਉਸ ਵਾਰਤਾ ਤੋਂ ਸਾਨੂੰ ਭੀ ਜਾਣੂ ਕਰਾਓ ?

1. ਉ:–ਇਸ ਸ਼ਬਦ ਵਿਚ ਭਗਤ ਜੀ ਪ੍ਰੀਤ ਦਾ ਸਰੂਪ ਬਿਆਨ ਕਰਦੇ ਹਨ ਕਿ, ਹੇ ਭਾਈ ! ਜਿਸ ਨਾਲ ਪਿਆਰ ਹੋਵੇ ਉਸ ਦੀ ਸੇਵਾ ਕੀਤਿਆਂ ਦਿਲ ਵਿਚ ਠੰਢ ਪੈਂਦੀ ਹੈ, ਸੋ ਮੈਂ ਭੀ ਆਪਣੇ ਦਿਲੀ ਵਲਵਲੇ ਆਪਣੇ ਪ੍ਰਮੇਸ਼ਰ ਦੇ ਸਨਮੁਖ ਹੋ ਇਉਂ ਉਚਾਰਨ ਕੀਤੇ ਕਿ, ਹੇ ਗੋਬਿੰਦ ਰਾਇ !

2. ਤੇਰੇ ਸੇਵਕ, ਨਾਮੇ ਨੇ ਗੋਰੀ ਗਾਂ ਚੋ ਕ ਲਿਆਂਦੀ ਹੈ । ਗੜਵੇ ਵਿਚ ਪਾਣੀ ਪਾਇਆ ਹੈ ਤੇ ਕਟੋਰੇ ਵਿਚ ਦੁੱਧ ਪਾਇਆ ਹੈ ।੧।
3. ਹੇ ਪ੍ਰਕਾਸ਼ ਰੂਪ ਗੋਬਿੰਦ ! ਦੁੱਧ ਪੀ ਲੈ ।
4. ਤਾਂ ਜੋ ਮੇਰੇ ਮਨ ਨੂੰ ਠੰਢ ਪਵੇ ।
5. ਹੇ ਗੋਬਿੰਦ ! ਜੇ ਤੂੰ ਦੁੱਧ ਨਹੀਂ (ਪੀਏਂਗਾ) ਤਾਂ ਮੇਰੀ ਆਤਮਾਂ ਦੁੱਖੀ ਹੋਵੇਗੀ ।੧। ਰਹਾਉ ।
6. ਨਾਮ ਅੰਮ੍ਰਿਤ ਦੀ ਭਰੀ ਹੋਈ ਪਵਿਤ੍ਰ ਹਿਰਦਾ ਰੂਪ ਕਟੋਰੀ ।
7. ਨਾਮੇ ਨੇ ਲੈ ਕੇ (ਆਪਣੇ) ਹਰੀ ਦੇ ਅਗੇ ਰਖ ਦਿਤੀ, ਭਾਵ, ਪ੍ਰਭੂ ਦੀ ਯਾਦ ਨਾਲ ਨਿਰਮਲ ਹੋਇਆ ਹਿਰਦਾ ਨਾਮਦੇਵ ਨੇ ਆਪਣੇ ਪ੍ਰਭੂ ਦੇ ਅਗੇ ਖੋਲ੍ਹ ਕੇ ਰਖ ਦਿਤਾ । ਹੁਣ ਨਾਮਦੇਵ ਦਿਲੀ ਵਲਵਲੇ ਨਾਲ ਪ੍ਰਭੂ ਅਗੇ ਅਰਦਾਸ ਕਰਦਾ ਹੈ ਤੇ ਆਖਦਾ ਹੈ ਕਿ ਮੇਰਾ ਦੁੱਧ ਪੀ ਲੈ ।੨।

8.9. ਨਾਮੇ ਨੂੰ ਵੇਖ ਵੇਖ ਕੇ ਪ੍ਰਮਾਤਮਾਂ ਖੁਸ਼ ਹੁੰਦਾ ਹੈ ਤੇ ਆਖਦਾ ਹੈ ਕਿ ਮੇਰਾ ਅਨੰਨ ਭਗਤ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ ।੩।

10. ਗੋਬਿੰਦ ਰਾਇ ਨੂੰ ਦੁੱਧ ਪਿਆਲ ਕੇ ਭਗਤ (ਨਾਮ ਦੇਵ) ਸ੍ਵੈ ਸਰੂਪ ਵਿਚ ਟਿਕ ਗਿਆ ।
11. (ਉਸ ਸ੍ਵੈ ਸਰੂਪ ਵਿਚ) ਮੈਂ (ਨਾਮੇ) ਨੂੰ ਪ੍ਰਮਾਤਮਾਂ ਦਾ ਦੀਦਾਰ ਹੋਇਆ ।੪।

ਭਾਵਾਰਥ :–ਹਰੀ ਦੇ ਪ੍ਰੇਮ ਦੀ ਤੀਬਰਤਾ ਆਪਣੇ ਬਾਲਪਣ ਦੀ ਇਕ ਸਾਖੀ ਦੇ ਕੇ ਦਸਦੇ ਹਨ ਕਿ ਕਿਵੇਂ ਰੱਬ ਆਪਣੇ ਭਗਤਾਂ ਦੇ ਭੋਲੇ ਸੁਭਾਉ ਉਤੇ ਪ੍ਰਸੰਨ ਹੁੰਦਾ ਹੈ ਅਤੇ ਅੰਤ ਉਨ੍ਹਾਂ ਉਤੇ ਤਰਸ ਖਾ ਕੇ ਦਰਸ਼ਨ ਦਿੰਦਾ ਅਤੇ ਭਰਮਾਂ ਵਿਚੋਂ ਕਢਦਾ ਹੈ ।

1. **ਮੈ ਬਉਰੀ ਮੇਰਾ ਰਾਮੁ ਭਤਾਰੁ ॥**
2. **ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥੧॥**
3. **ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥**
4. **ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥**
5. **ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥**
6. **ਰਸਨਾ ਰਾਮ ਰਸਾਇਨੁ ਪੀਜੈ ॥੨॥**
7. **ਅਬ ਜੀਅ ਜਾਨਿ ਐਸੀ ਬਨਿ ਆਈ ॥**
8. **ਮਿਲਉ ਗੁਪਾਲ ਨੀਸਾਨੁ ਬਜਾਈ ॥੩॥**
9. **ਉਸਤਤਿ ਨਿੰਦਾ ਕਰੈ ਨਰੁ ਕੋਈ ॥**
10. **ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥**

ਪਦ ਅਰਥ :—ਬਉਰੀ—ਕਮਲੀ, ਝੱਲੀ। ਭਤਾਰੁ—ਖਸਮ। ਰਚਿ ਰਚਿ—ਫਬ ਫਬ ਕੇ। ਤਾ ਕਉ—ਉਸ ਭਤਾਰ ਦੀ ਖਾਤਰ, ਉਸ ਭਤਾਰ ਨੂੰ ਮਿਲਣ ਲਈ।੧।

ਨਿੰਦਉ ਲੋਗੁ—ਜਗਤ ਬੇ-ਸ਼ੱਕ ਨਿੰਦਾ ਕਰੇ। ਜੋਗੁ—ਜੋਗਾ, ਵਾਸਤੇ।੧। ਰਹਾਉ।

ਬਾਦੁ ਬਿਬਾਦੁ—ਝਗੜਾ, ਬਹਿਸ। ਰਸਾਇਨੁ—ਰਸਾਂ ਦਾ ਘਰ, ਸ੍ਰੇਸ਼ਟ ਰਸ।੨।

ਜੀਅ ਜਾਨਿ—ਮਨ ਵਿਚ ਸਮਝ ਕੇ। ਐਸੀ ਬਨਿ ਆਈ—ਅਜਿਹੀ ਹਾਲਤ ਬਣ ਗਈ ਹੈ। ਮਿਲਉ—ਮੈਂ ਮਿਲ ਰਹੀ ਹਾਂ। ਨਿਸ਼ਾਨੁ ਬਜਾਈ—ਢੋਲ ਵਜਾ ਕੇ, ਲੋਕਾਂ ਦੀ ਨਿੰਦਾ ਤੋਂ ਬੇ-ਪ੍ਰਵਾਹ ਹੋ ਕੇ।੩।

ਉਸਤਤਿ—ਸੋਭਾ, ਵਡਿਆਈ। ਸ੍ਰੀਰੰਗ—ਪ੍ਰਮਾਤਮਾਂ। ਸ੍ਰੀ—ਲੱਛਮੀ। ਰੰਗੁ—ਪਿਆਰ। ਲਛਮੀ ਨਾਲ ਪਿਆਰ ਕਰਨ ਵਾਲਾ। ਭੇਟਤ—ਮਿਲ ਪਿਆ।੪।

ਅਰਥ :—

ਪ੍ਰ:—ਭਗਤ ਜੀਉ! ਤੁਸੀਂ ਹਮੇਸ਼ਾਂ ਹੀ ਅਜਿਹੀ ਕ੍ਰਿਆ ਕਰਦੇ ਰਹਿੰਦੇ ਹੋ ਜੋ ਕਿ ਆਮ ਸੰਸਾਰੀ ਲੋਕਾਂ ਨਾਲ ਤਾਲ ਮੇਲ ਨਹੀਂ ਰਖਦੀ, ਇਸਦਾ ਸਹੀ ਕਾਰਨ ਕੀ ਹੈ, ਹੇ ਭਾਈਓ! ਅਸਲ ਵਿਚ ਸੰਸਾਰੀ ਲੋਕ ਪਰੰਪਰਾ ਵਾਦੀ ਹੋਇਆ ਕਰਦੇ ਹਨ ਅਤੇ ਰੱਬੀ ਮਾਰਗ ਤੇ ਚਲਣ ਵਾਲੇ ਸਤਵਾਦੀ ਹੁੰਦੇ ਹਨ ਜਿਸ ਕਰ ਕੇ ਇਨ੍ਹਾਂ ਦੋਨਾਂ ਦਾ ਹੀ ਪ੍ਰਸਪਰ ਮੇਲ ਨਹੀਂ ਹੁੰਦਾ ਹੈ।

1. ਉ:—ਐ ਲੋਕੋ! ਸਣੋ, ਹੁਣ ਮੈਂ ਆਪਣੇ ਪ੍ਰਭੂ ਪਤੀ ਦੀ ਨਾਰ ਬਣ ਚੁਕੀ ਹਾਂ, ਪ੍ਰਭੂ ਮੇ ਾ ਖਸਮ ਹੈ ਤੇ ਮੈਂ (ਉਸ ਦੀ ਖਾਤਰ) ਕਮਲੀ ਹੋ ਰਹੀ ਹਾਂ।

2. ਹੇ ਪਿਆਰੇ! ਹੁਣ ਮੈਂ ਉਸ ਨੂੰ ਮਿਲਣ ਲਈ (ਭਗਤੀ ਦੇ ਭਲੇ ਗੁਣਾਂ ਦੇ) ਸੋਹਣੇ ਸੋਹਣੇ ਸ਼ਿੰਗਾਰ ਕਰ ਰਹੀ ਹਾਂ।੧।

ਪ੍ਰ:—ਭਗਤ ਜੀਉ! ਪਤਾ ਨਹੀਂ ਆਪ ਜੀ ਕਿਵੇਂ ਅਨੁਭਵ ਕਰਦੇ ਹੋ, ਪਰ, ਅਸੀਂ ਤਾਂ ਸੁਣ ਰਹੇ ਹਾਂ ਕਿ ਆਮ ਲੋਕ ਤੁਹਾਡੀ ਹਮੇਸ਼ਾਂ ਨਿੰਦਾ ਹੀ ਕਰਦੇ ਰਹਿੰਦੇ ਹਨ?

3. ਉ:—ਹੇ ਭਾਈ! ਸੁਣੋ, ਬੇ-ਸ਼ਕ ਇਹ ਸੰਸਾਰੀ ਲੋਕ ਮੈਨੂੰ ਭੈੜਾ ਆਖੀ ਜਾਣ (ਕਿਉਂਕਿ) ਨਾ ਮੇਰੇ ਕੰਨ ਇਹ ਨਿੰਦਾ ਸੁਣਨ ਦੀ ਪ੍ਰਵਾਹ ਕਰਦੇ ਹਨ, ਨਾ ਮੇਰਾ ਮਨ ਨਿੰਦਾ ਸੁਣ ਕੇ ਦੁੱਖੀ ਹੁੰਦਾ ਹੈ।

4. ਕਿਉਂਕਿ, ਐ ਪਿਆਰੇ! ਮੇਰਾ ਤਨ ਅਤੇ ਮੇਰਾ ਮਨ ਮੇਰੇ ਪਿਆਰੇ ਪ੍ਰਭੂ ਜੋਗੇ ਹੋ ਚੁਕੇ ਹਨ।੧। ਰਹਾਉ।

ਪ੍ਰ:—ਕਿਉਂ ਜੀ! ਹੁਣ ਤੁਹਾਡਾ ਨਿਸਚਾ ਕੀ ਹੋ ਚੁਕਾ ਹੈ?

5. ਉ:—ਹੇ ਪਿਆਰੇ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਮੇਰੀ ਕੋਈ ਨਿੰਦਾ ਪਿਆ ਕਰੇ, ਕਿਸੇ ਨਾਲ ਝਗੜਾ ਕਰਨ ਦੀ ਲੋੜ (ਹੀ) ਨਹੀਂ ਹੈ।

6. ਜੀਭ ਨਾਲ ਪ੍ਰਭੂ ਦੇ ਨਾਮ ਦਾ ਸ੍ਰੇਸ਼ਟ ਅੰਮ੍ਰਿਤ ਹੀ ਪੀਣਾ ਚਾਹੀਦਾ ਹੈ।੨।

7. ਹੇ ਭਾਈਓ! ਹੁਣ ਹਿਰਦੇ ਵਿਚ ਪ੍ਰਭੂ ਨਾਲ ਜਾਣ ਪਛਾਣ ਕਰ ਕੇ (ਮੇਰੇ ਅੰਦਰ) ਅਜਿਹੀ ਹਾਲਤ ਬਣ ਗਈ ਹੈ।

8. ਕਿ, ਹੁਣ ਮੈਂ ਲੋਕਾਂ ਦੀ ਨਿੰਦਾ ਵਲੋਂ ਬੇ-ਪ੍ਰਵਾਹ ਹੋ ਕੇ ਆਪਣੇ ਪ੍ਰਭੂ ਨੂੰ ਮਿਲ ਰਹੀ ਹਾਂ।੩।

ਪ੍ਰ:—ਕਿਉਂ ਭਗਤ ਜੀਉ! ਕੀ ਤੁਹਾਨੂੰ ਆਪਣੀ ਨਿੰਦਾ ਸੁਣਕੇ ਕੋਈ ਖੋਭ ਨਹੀਂ ਹੁੰਦਾ?

9. ਉ:—ਹੇ ਭਾਈਓ! ਅਸਲ ਵਿਚ ਹੁਣ ਤਾਂ ਕੋਈ ਮਨੁੱਖ ਮੈਨੂੰ ਚੰਗਾ ਆਖੇ ਚਾਹੇ ਕੋਈ ਮੰਦਾ ਆਖੇ ਇਸ ਗਲ ਦੀ ਮੈਨੂੰ ਪ੍ਰਵਾਹ ਹੀ ਨਹੀਂ ਰਹੀ।

10. (ਕਿਉਂਕਿ) (ਹੁਣ) ਮੈਨੂੰ ਨਾਮੇ ਨੂੰ (ਲਛਮੀ ਦਾ ਪਤੀ) ਪ੍ਰਮੇਸ਼ਰ ਜੀ ਮਿਲ ਪਿਆ ਹੈ ੪।੪।

ਭਾਵਾਰਥ :—ਪ੍ਰਭੂ ਪਿਆਰ ਦਾ ਸਹੀ ਸਰੂਪ ਇਹੋ ਹੀ ਹੈ ਕਿ ਤਨ ਤੇ ਮਨ ਪ੍ਰੇਮ ਵਿਚ ਇਤਨੇ ਮਸਤ ਹੋ ਜਾਣ ਕਿ ਕੋਈ ਚੰਗਾ ਕਹੇ, ਭੈੜਾ ਕਹੇ, ਇਸ ਗਲ ਦੀ ਪ੍ਰਵਾਹ ਹੀ ਨਾ ਰਹੇ। ਨਾ ਕੰਨ ਨਿੰਦਾ ਸੁਣਨ ਦੀ ਪ੍ਰਵਾਹ ਕਰਨ, ਨਾ ਹੀ ਮਨ ਨਿੰਦਾ ਸੁਣ ਕੇ ਦੁਖੀ ਹੋਵੇ।

1. ਕਬਹੂ ਖੀਰਿ ਖਾਡ ਘੀਉ ਨ ਭਾਵੈ ॥
2. ਕਬਹੂ ਘਰ ਘਰ ਟੂਕ ਮਗਾਵੈ ॥
3. ਕਬਹੂ ਕੂਰਨੁ ਚਨੇ ਬਿਨਾਵੈ ॥੧॥
4. ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥
5. ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ॥੧॥ਰਹਾਉ॥
6. ਕਬਹੂ ਤੁਰੇ ਤੁਰੰਗ ਨਚਾਵੈ ॥
7. ਕਬਹੂ ਪਾਇ ਪਨਹੀਓ ਨ ਪਾਵੈ ॥੨॥
8. ਕਬਹੂ ਖਾਟ ਸੁਪੇਦੀ ਸੁਵਾਵੈ ॥
9. ਕਬਹੂ ਭੂਮਿ ਪੈਆਰੁ ਨ ਪਾਵੈ ॥੩॥
10. ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥
11. ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥੪॥੫॥

ਪਦ ਅਰਥ :—ਖੀਰਿ—ਤਸਮਈ, ਦੁੱਧ ਚਾਵਲ ਇਕੱਠੇ ਰਿੱਝੇ ਹੋਏ। ਨ ਭਾਵੈ—ਚੰਗਾ ਨਹੀਂ ਲਗਦਾ। ਕੂਰਨੁ—ਕੂੜਾ। ਚਨੇ—ਛੋਲੇ। ਬਿਨਾਵੈ—ਚੁਣਾਉਂਦਾ ਹੈ।੧।

ਮਹਿਮਾ—ਬਜ਼ੁਰਗੀ।੧। ਰਹਾਉ।

ਤੁਰੇ—ਘੋੜੇ। ਤਰੰਗ—ਘੋੜੇ। ਪਾਇ—ਪੈਰੀਂ। ਪਨਹੀਓ—ਜੁਤੀ ਭੀ।੨।

ਖਾਟੁ—ਮੰਜਾ। ਸੁਪੇਦੀ-ਚਿੱਟੇ ਵਛਾਉਣੇ। ਪੈਆਰੁ—ਪਰਾਲੀ। ਨ ਪਾਵੈ—ਹਾਸਲ ਨਹੀਂ ਕਰ ਸਕਦਾ।੩।

ਜਿਹ—ਜਿਸ ਨੂੰ।੪।

ਅਰਥ :—

ਪ੍ਰ:—ਭਗਤ ਜੀਉ! ਜਦੋਂ ਆਮ ਜਗਤ ਦੇ ਜੀਵਾਂ ਵਲ ਨਜ਼ਰ

ਮਾਰਦੇ ਹਾਂ ਤਾਂ ਵੇਖਣ ਵਿਚ ਆਉਂਦਾ ਹੈ ਕਿ ਕੋਈ ਜੀਵ ਅਤਯੰਤ ਸੁਖਾਂ ਵਿਚ ਹੈ ਅਤੇ ਕੋਈ ਦਿਨੇ ਰਾਤ ਦੁਖਾਂ ਵਿਚ ਹੀ ਕਲਪਦਾ ਰਹਿੰਦਾ ਹੈ, ਇਸ ਬਾਰੇ ਆਪ ਜੀ ਕੀ ਅਨੁਭਵ ਕਰਦੇ ਹੋ ?

1. ਉ:–ਹੇ ਭਾਈਓ ! ਅਸਲ ਵਿਚ ਇਸ ਨੂੰ ਜੀਵਾਂ ਦੀ ਕਰਮ ਗਤੀ ਹੀ ਸਮਝਣਾ ਚਾਹੀਦਾ ਹੈ ਕਿਉਂਕਿ, ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ, ਕਦੇ (ਕੋਈ ਜੀਵ ਐਸੀ ਮੌਜ ਵਿਚ ਹੈ ਕਿ) ਉਸ ਨੂੰ ਖੀਰ, ਖੰਡ, ਘਿਉ (ਵਰਗੇ ਸੋਹਣੇ ਪਦਾਰਥ) ਭੀ ਚੰਗੇ ਨਹੀਂ ਲਗਦੇ।
2. ਪਰ, ਕਦੇ (ਉਸੇ ਪਾਸੋਂ) ਘਰ ਘਰ ਦੇ ਟੁੱਕਰ ਮੰਗਾਉਂਦਾ ਹੈ, (ਕਦੇ ਉਸ ਨੂੰ ਮੰਗਤਾ ਬਣਾ ਦੇਂਦਾ ਹੈ ਤੇ ਉਹ ਘਰ ਘਰ ਦੇ ਟਕਰੇ ਮੰਗਦਾ ਫਿਰਦਾ ਹੈ)।
3. ਅਤੇ ਕਦੇ (ਉਸ ਪਾਸੋਂ) ਰੂੜੀਆਂ ਫੁਲਾਉਂਦਾ ਹੈ ਤੇ (ਉਨ੍ਹਾਂ ਵਿਚੋਂ) ਦਾਣੇ ਚੁਣਾਉਂਦਾ ਹੈ ।੧।

ਪ੍ਰ:–ਭਗਤ ਜੀਉ ! ਆਖਰ ਸਾਡਾ ਵਿਸ਼ਵਾਸ਼ ਕੀ ਹੋਣਾ ਚਾਹੀਦਾ ਹੈ ?

4. ਉ.–ਹੇ ਭਾਈਓ ! ਅਸਲ ਵਿਚ ਜਿਸ ਹਾਲਤ ਵਿਚ ਪ੍ਰਮਾਤਮਾਂ (ਸਾਨੂੰ ਜੀਵਾਂ ਨੂੰ) ਰਖਦਾ ਹੈ ਉਸੇ ਹਾਲਤ ਵਿਚ (ਅਮੀਰੀ ਦੀ ਆਕੜ ਤੇ ਗਰੀਬੀ ਦੀ ਘਬਰਾਹਟ ਤੋਂ ਨਿਰਲੇਪ) ਰਹਿਣਾ ਚਾਹੀਦਾ ਹੈ।
5. ਹੇ ਪਿਆਰੇ ! ਇਹ ਗੱਲ ਦੱਸੀ ਨਹੀਂ ਜਾ ਸਕਦੀ ਕਿ ਪ੍ਰਮਾਤਮਾਂ ਕੇਡਾ ਵਡਾ ਹੈ (ਸਾਡੇ ਦੁਖਾਂ ਸੁਖਾਂ ਦਾ ਭੇਤ ਉਹੀ ਜਾਣਦਾ ਹੈ) ।੧। ਰਹਉ।
6. ਹੇ ਭਾਈ ! ਪ੍ਰਭੂ ਦੀ ਬੇਅੰਤ ਹੀ ਰਚਨਾ ਹੈ) ਕਿ ਕਦੇ ਕੋਈ ਮਨੁੱਖ ਇਤਨਾ ਅਮੀਰ ਹੈ ਕਿ ਉਹ) ਸੋਹਣੇ ਘੋੜੇ ਨਚਾਉਂਦਾ ਹੈ, (ਭਾਵ, ਕਦੇ ਉਸ ਪਾਸ ਐਸੀ ਸੋਹਣੀ ਚਾਲ ਵਾਲੇ ਘੋੜੇ ਚਲਣ ਵੇਲੇ ਮਾਨੋ ਉਹ ਨੱਚ ਰਹੇ ਹਨ)।
7. ਪਰ, ਕਦੇ ਉਸ ਨੂੰ ਪੈਰੀਂ ਜੁੱਤੀ (ਪਾਣ ਜੋਗੀ) ਭੀ ਨਹੀਂ ਲੱਭਦੀ ।੨।
8. ਹੇ ਪਿਆਰੇ ! ਕਦੇ ਕਿਸੇ ਮਨੁੱਖ ਨੂੰ ਚਿਟੇ ਵਛਾਉਣਿਆਂ ਵਾਲੇ ਪਲੰਘਾਂ ਉਤੇ ਸੁਆਉਂਦਾ ਹੈ।
9. ਪਰ, ਕਦੇ ਉਸ ਨੂੰ ਭੁੰਞੇ ਵਿਛਾਉਣ ਲਈ ਪਰਾਲੀ ਭੀ ਨਹੀਂ ਮਿਲਦੀ ।੩।
10. ਨਾਮਦੇਵ ਆਖਦਾ ਹੈ ਕਿ, ਹੇ ਭਾਈਓ ! ਪ੍ਰਭੂ ਦਾ ਇਕ ਨਾਮ ਹੀ ਹੈ, ਜੋ ਇਨ੍ਹਾਂ ਦੋਹਾਂ ਹਾਲਤਾਂ ਵਿਚੋਂ ਅਛੋਹ ਰਖ ਕੇ ਪਾਰ ਲੰਘਾਉਂਦਾ ਹੈ।
11. ਜਿਸ ਮਨੁੱਖ ਨੂੰ ਗੁਰੂ ਮਿਲਦਾ ਹੈ ਉਸ ਨੂੰ ਪ੍ਰਭੂ (ਅਮੀਰੀ ਦੀ ਆਕੜ ਤੇ ਗਰੀਬੀ ਦੀ ਘਬਰਾਹਟ) ਤੋਂ ਪਾਰ ਉਤਾਰਦਾ ਹੈ ।੪।੫।

ਭਾਵਾਰਥ:–ਭਗਤ ਗਰੀਬੀ ਲੋਕ ਤੇ ਅਮੀਰੀ ਹਰ ਹਾਲਤ ਵਿਚ ਸੰਤੋਖੀ ਰਹਿ ਕੇ ਹਰੀ ਸਿਮਰਨ ਵਿਚ ਲਗੇ ਰਹਿੰਦੇ ਹਨ; ਕਿਉਂਕਿ, ਉਨ੍ਹਾਂ ਨੂੰ ਇਹ ਸੋਝੀ ਹੈ ਕਿ ਧਨ ਪਦਾਰਥ ਦਾ ਮਾਣ ਕੂੜਾ ਹੈ, ਨਾ ਅਮੀਰੀ ਵਿਚ ਆਫਰੇ ਤੇ ਨਾ ਗਰੀਬੀ ਵਿਚ ਘਾਬਰੇ।

1. **ਹਸਤ ਖੇਲਤ ਤੇਰੇ ਦੇਹੁਰੇ ਆਇਆ ॥**
2. **ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥**
3. **ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥**
4. **ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ਰਹਾਉ॥**
5. **ਲੈ ਕਮਲੀ ਚਲਿਓ ਪਲਟਾਇ ॥**
6. **ਦੇਹੁਰੈ ਪਾਛੈ ਬੈਠਾ ਜਾਇ ॥੨॥**
7. **ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**
8. **ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥**

ਪਦ ਅਰਥ :-ਹਸਤ ਖੇਲਤ–ਹੱਸਦਾ ਖੇਡਦਾ, ਬੜੇ ਚਾਉ ਨਾਲ। ਦੇਹੁਰੇ–ਮੰਦਰ ਵਿਚ। ਕਰਤ–ਕਰਦਾ ।੧।

ਹੀਨੜੀ–ਬਹੁਤ ਹੀਣੀ, ਬਹੁਤ ਨੀਵੀਂ । ਜਾਦਮ ਰਾਇਆ–ਹੇ ਜਾਦਮ ਰਾਇ, ਹੇ ਜਾਦਮ ਕੁਲ ਦੇ ਸ਼ਿਰੋਮਣੀ, ਹੇ ਕ੍ਰਿਸ਼ਨ, ਹੇ ਪ੍ਰਭੂ। ਕਾਹੇ ਕਉ–ਕਾਹਦੇ ਲਈ, ਕਿਉਂ ?। ਆਇਆ–ਮੈਂ ਜੰਮਿਆ। ਰਹਾਉ॥

ਪਲਟਾਇ–ਪਰਤ ਕੇ, ਮੁੜ ਕੇ। ਜਾਇ–ਜਾ ਕੇ ।੨।

ਕਉ–ਦੀ ਖਾਤਰ, ਵਾਸਤੇ ।੩।

ਅਰਥ :–

ਪ੍ਰ:–ਭਗਤ ਜੀਉ ! ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਤੁਸੀਂ ਹਮੇਸ਼ਾਂ ਹੀ ਮੰਦਰ ਵਿਚ ਨਹੀਂ ਜਾਂਦੇ ਤੇ ਨਾ ਹੀ ਉਚੀ ਜਾਤ ਵਾਲੇ ਤੁਹਾਡਾ ਮੰਦਰ ਵਿਚ ਔਣਾ ਪਸੰਦ ਕਰਦੇ ਹਨ, ਪਰ ਜਦੋਂ ਤੁਸੀਂ ਕਿਸੇ ਇਕ ਦਿਨ ਸੁਭਾਵਕ ਮੰਦਰ ਵਿਚ ਚਲੇ ਗਏ ਸੌ ਤਾਂ ਮੰਦਰ ਦੇ ਪੁਜਾਰੀਆਂ ਵਲੋਂ ਸੁਣਿਆਂ ਹੈ ਕਿ ਬੜੀ ਆਪ ਦੀ ਨਿਰਾਦਰੀ ਕੀਤੀ ਗਈ, ਤਾਂ ਦਸੋ ਆਪ ਵਲੋਂ ਉਸ ਨਿਰਾਦਰੀ ਦੀ ਰੋਕ ਵਿਚ ਕੀ ਉਪਰਾਲਾ ਕੀਤਾ ਗਿਆ ਸੀ, ਅਸੀਂ ਇਸ ਸਾਰੀ ਵਾਰਤਾ ਤੋਂ ਜਾਣੂ ਹੋਣਾ ਚਾਹੁੰਦੇ ਹਾਂ ?

1. ਉ:–ਹੇ ਭਾਈਓ ! ਮੈਂ ਤਾਂ ਉਸ ਵੇਲੇ ਪ੍ਰਮੇਸ਼ਰ ਦੇ ਸਨਮੁਖ ਹੋ ਇਉਂ ਹੀ ਜੋਦੜੀ ਕੀਤੀ ਕਿ, ਐ ਪ੍ਰਭੂ ! ਮੈਂ ਬੜੇ ਚਾਅ ਨਾਲ ਤੇਰੇ ਮੰਦਰ ਆਇਆ ਸਾਂ।
2. ਪਰ, ਕਿਉਂਕਿ, ਇਹ ਲੋਕ ਮੇਰੀ ਜਾਤ ਨੂੰ ਹੀਨੜੀ ਸਮਝਦੇ ਹਨ, ਇਨ੍ਹਾਂ ਮੈਨੂੰ ਨਾਮੇ ਨੂੰ ਭਗਤੀ ਕਰਦੇ ਨੂੰ (ਬਾਹੋਂ) ਫੜ ਕੇ (ਮੰਦਰ ਵਿਚੋਂ) ਉਠਾਲ ਦਿਤਾ ।੧।

3.4 ਹੇ ਪ੍ਰਭੂ ! (ਦਸ) ਮੈਂ ਛੀਂਬੇ ਦੇ ਘਰ ਕਿਉਂ ਜੰਮ ਪਿਆ, (ਕਿਉਂਕਿ) (ਲੋਕ) ਮੇਰੀ ਜਾਤ ਨੂੰ ਬੜੀ ਨੀਵੀਂ (ਆਖਦੇ ਹਨ) ।੧। ਰਹਾਉ।

ਪ੍ਰ:–ਭਗਤ ਜੀਉ ! ਇਸ ਤਰ੍ਹਾਂ ਦੀ ਨਿਰਾਦਰੀ ਹੋਣ ਤ-

ਬਾਅਦ ਤੁਸੀਂ ਕੀ ਕੀਤਾ ?

5. ਉ:–ਹੇ ਭਾਈਓ ! ਫਿਰ ਮੈਂ ਆਪਣੀ ਕੰਬਲੀ ਲੈਕੇ (ਉਥੋਂ) ਮੁੜ ਕੇ ਤੁਰ ਪਿਆ ।

6 (ਹੇ ਪ੍ਰਭੂ !) ਮੈਂ ਤੇਰੇ ਮੰਦਰ ਦੇ ਪਿਛਲੇ ਪਾਸੇ ਜਾ ਕੇ ਬਹਿ ਗਿਆ ।੨।

ਪ੍ਰ:–ਭਗਤ ਜੀਉ ! ਦਸੋ, ਆਖਰ ਹੋਇਆ ਕੀ ?

7. ਉ:–ਹੇ ਭਾਈਓ ! ਸੁਣੋ, (ਪ੍ਰਭੂ ਦੀ ਅਸਚਰਜ ਖੇਡ ਵਰਤੀ) ਜਿਉਂ ਜਿਉਂ ਨਾਮਾ ਆਪਣੇ ਪ੍ਰਭੂ ਦੇ ਗੁਣ ਗਾਉਂਦਾ ਹੈ ।

8. (ਤਿਉਂ ਤਿਉਂ ਉਸ ਪ੍ਰਭੂ ਦਾ) ਮੰਦਰ (ਉਸ ਦੇ) ਭਗਤਾਂ ਦੀ ਖਾਤ੍ਰ (ਉਸ ਦੇ) ਸੇਵਕਾਂ ਦੀ ਖਾਤਰ ਫਿਰਦਾ ਜਾ ਰਿਹਾ ਹੈ ।੩।੬।

ਭਾਵਾਰਥ :–ਜਾਤ ਅਭਿਮਾਨੀ ਲੋਕ ਭਗਤਾਂ ਦੀ ਨੀਵੀਂ ਜਾਤ ਤੋਂ ਨਫਰਤ ਕਰ ਕੇ ਉਨ੍ਹਾਂ ਦੀ ਭਗਤੀ ਵਿਚ ਵਿਘਨ ਪਾਉਣ ਦਾ ਜਤਨ ਕਰਦੇ ਹਨ, ਪਰ ਭਗਤ ਹਰੀ ਦਾ ਆਸਰਾ ਨਹੀਂ ਛਡਦੇ ਤੇ ਹਰੀ ਉਨ੍ਹਾਂ ਦੀ ਪੱਤ ਰਖਦਾ ਹੈ ।

ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦਾ ਵਧੀਕ ਹਿੱਸਾ ਪੰਡਰ ਪੁਰ ਵਿਚ ਗੁਜ਼ਾਰਿਆ, ਉਥੋਂ ਦੇ ਵਸਨੀਕ ਜਾਣਦੇ ਹੀ ਸਨ ਕਿ ਨਾਮਦੇਵ ਛੀਂਬਾ ਹੈ ਤੇ ਸ਼ੂਦਰ ਹੈ । ਸ਼ੂਦਰ ਨੂੰ ਮੰਦਰ ਵਿਚ ਜਾਣ ਦੀ ਮਨਾਹੀ ਸੀ, ਕਿਸੇ ਦਿਨ ਬੰਦਗੀ ਦੀ ਮੌਜ ਵਿਚ ਨਾਮਦੇਵ ਜੀ ਮੰਦਰ ਚਲੇ ਗਏ, ਅਗੋਂ ਉਚੀ ਜਾਤ ਵਾਲਿਆਂ ਨੇ ਬਾਹੋਂ ਫੜ ਕ ਬਾਹਰ ਕਢ ਦਿਤਾ । ਜੇ ਨਾਮਦੇਵ ਜੀ ਕਿਸੇ ਬੀਠਲ, ਕਿਸੇ ਠਾਕਰ ਦੀ ਮੂਰਤੀ ਦੇ ਪੁਜਾਰੀ ਹੁੰਦੇ ਅਤੇ ਪੂਜਾ ਕਰਦੇ ਹੁੰਦੇ ਤਾਂ ਰੋਜ ਆਉਣ ਵਾਲੇ ਨਾਮਦੇਵ ਨੂੰ ਉਨ੍ਹਾਂ ਲੋਕਾਂ ਨੇ ਕਿਸੇ ਇਕ ਦਿਨ (ਹੀਨੜੀ ਜਾਤਿ) ਦਾ ਜ ਨਕੇ ਕਿਉਂ ਬਾਹਰ ਕਢਣਾ ਸੀ ? ਇਹ ਇਕ ਦਿਨ ਦੀ ਘਟਨਾ ਹੀ ਦਸਦੀ ਹੈ ਕਿ ਨਾਮਦੇਵ ਜੀ ਨਾ ਮੰਦਰ ਜਾਇਆ ਕਰਦੇ ਸਨ, ਨਾ ਸ਼ੂਦਰ ਹੋਣ ਕਰ ਕੇ ਉਚੀ ਜਾਤ ਵਾਲਿਆਂ ਵਲੋਂ ਉਨ੍ਹਾਂ ਨੂੰ ਉਥੇ ਜਾਣ ਦੀ ਆਗਿਆ ਸੀ । ਇਹ ਤਾਂ ਇਕ ਦਿਨ ਕਿਸੇ ਮੌਜ ਵਿਚ ਆਏ ਹੋਏ ਚਲੇ ਗਏ ਤੇ ਅਗੋਂ ਧੱਕੇ ਪਏ । ਸਿਮਰਨ ਦੀ ਬਰਕਤ ਨਾਲ ਨਿਰਭੈਤਾ ਅਤੇ ਉਚੀ ਜ਼ਾਤ ਵਾਲਿਆਂ ਵਲੋਂ ਸ਼ੂਦਰ ਅਖਵਾਂਦਿਆਂ ਉਤੇ ਹੋ ਰਹੀਆਂ ਵਧੀਕੀਆਂ ਦੇ ਵਿਰੁਧ ਪ੍ਰਭੂ ਅਗੇ ਰੋਸ ਪ੍ਰਗਟ ਕੀਤਾ ਗਿਆ ਹੈ ।

ਭੈਰਉ ਨਾਮਦੇਉ ਜੀਉ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. ਜੈਸੀ ਭੂਖੇ ਪ੍ਰੀਤਿ ਅਨਾਜ ॥
2. ਤ੍ਰਿਖਾਵੰਤ ਜਲ ਸੇਤੀ ਕਾਜ ॥
3. ਜੈਸੀ ਮੂੜ ਕੁਟੰਬ ਪਰਾਇਣ ॥,
4. ਐਸੀ ਨਾਮੇ ਪ੍ਰੀਤਿ ਨਰਾਇਣ ॥੧॥
5. ਨਾਮੇ ਪ੍ਰੀਤਿ ਨਾਰਾਇਣ ਲਾਗੀ ॥
6. ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥
7. ਜੈਸੀ ਪਰ ਪੁਰਖਾ ਰਤ ਨਾਰੀ ॥
8. ਲੋਭੀ ਨਰੁ ਧਨ ਕਾ ਹਿਤਕਾਰੀ ॥
9. ਕਾਮੀ ਪੁਰਖ ਕਾਮਨੀ ਪਿਆਰੀ ॥
10. ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥
11. ਸਾਈ ਪ੍ਰੀਤਿ ਜਿ ਆਪੇ ਲਾਏ ॥
12. ਗੁਰਪ ਰਸਾਦੀ ਦੁਬਿਧਾ ਜਾਏ ॥
13. ਕਬਹੁ ਨ ਤੂਟਸਿ ਰਹਿਆ ਸਮਾਇ ॥
14 ਨਾਮੇ ਚਿਤੁ ਲਾਇਆ ਸਚਿ ਨਾਇ ॥੩॥
15. ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥
16. ਐਸਾ ਹਰਿ ਸੇਤੀ ਮਨੁ ਰਾਤਾ ॥
17. ਪ੍ਰਣਵੈ ਨਾਮ ਦੇਉ ਲਾਗੀ ਪ੍ਰੀਤਿ ॥
18. ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥

ਪਦ ਅਰਥ :–ਤ੍ਰਿਖਾਵੰਤ–ਤਿਹਾਇਆ, ਪਿਆਸ਼ਾ । ਸੇਤੀ–ਨਾਲ । ਕਾਜ–ਲੋੜ, ਗਰਜ਼ । ਮੂੜ–ਮੂਰਖ ਬੰਦੇ । ਕੁਟੰਬ–ਪ੍ਰਵਾਰ । ਪਰਾਇਣ–ਆਸਰੇ ।੧।

ਸਹਜ ਸੁਭਾਇ–ਸੁਤੇ ਹੀ, ਕੋਈ ਖਾਸ ਉਚੇਚ ਕਰਨ ਤੋਂ ਬਿਨਾ ਹੀ । ਬੈਰਾਗੀ–ਵਿਰਕਤ ।੧। ਰਹਾਉ ।

ਰਤ–ਰੱਤੀ ਹੋਈ, ਪਿਆਰ ਪਾਣ ਵਾਲੀ । ਹਿਤਕਾਰੀ–ਹਿਤ ਕਰਨ ਵਾਲਾ, ਪ੍ਰੇਮ ਕਰਨ ਵਾਲਾ । ਕਾਮੀ–ਵਿਸ਼ਈ । ਕਾਮਨੀ–ਇਸਤ੍ਰੀ ।੨।

ਸਾਈ–ਉਹੀ (ਅਸਲ) । ਜਿ–ਜਿਹੜੀ । ਦੁਬਿਧਾ–ਮੇਰ ਤੇਰ । ਨ ਤੂਟਸਿ–ਉਹ ਪ੍ਰੀਤ ਕਦੇ ਟੁੱਟਦੀ ਨਹੀਂ । ਸਚਿ–ਸੱਚ ਵਿਚ । ਨਾਇ–ਨਾਮ ਵਿਚ ।੩।

ਰਾਤਾ–ਰੰਗਿਆ ਹੋਇਆ । ਚੀਤਿ–ਚਿੱਤ ਵਿਚ ।੪।

ਅਰਥ :–

ਪ੍ਰ:–ਭਗਤ ਜੀਉ ! ਇਹ ਦਸੋ ਕਿ, ਜਿਸ ਪ੍ਰਭੂ ਦੇ ਨਾਮ ਦਾ ਤੁਸੀਂ ਦਿਨੇ ਰਾਤ ਸਿਮਰਨ ਕਰਦੇ ਹੋ, ਉਸ ਪ੍ਰਭੂ ਨਾਲ ਤੁਹਾਡਾ ਅੰਤਰ ਆਤਮੇ ਕਿਤਨਾ ਕੁ ਪਿਆਰ ਹੈ ?

1. ਉ:–ਹੇ ਭਾਈਓ ! ਅਸਲ ਵਿਚ ਉਸ ਪ੍ਰਭੂ ਦਾ ਪਿਆਰ ਸਹੀ ਰੂਪ ਵਿਚ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ ਪਰ, ਸੰਸਾਰੀ ਉਦਾਹਰਣਾਂ ਦੁਆਰੇ ਸਿਰਫ ਇਉਂ ਹੀ ਕਿਹਾ ਜਾ ਸਕਦਾ ਹੈ ਕਿ, ਜਿਵੇਂ ਭੁੱਖੇ ਮਨੁੱਖ ਨੂੰ ਅੰਨ ਪਿਆਰਾ ਲਗਦਾ ਹੈ ।

2. ਜਿਵੇਂ ਪਿਆਸੇ ਨੂੰ ਪਾਣੀ ਨਾਲ ਗਰਜ਼ ਹੁੰਦੀ ਹੈ ।

3. ਜਿਵੇਂ ਮੂਰਖ ਆਪਣੇ ਟੱਬਰ ਦੇ ਆਸਰੇ ਹੋ ਜਾਂਦਾ ਹੈ ।

4. ਤਿਵੇਂ (ਮੈਂ) ਨਾਮੇ ਦਾ ਪ੍ਰਭੂ ਨਾਲ ਪਿਆਰ ਹੈ ।੧।

5. ਹੇ ਭਾਈਓ ! (ਮੇਰੀ) ਨਾਮਦੇਵ ਦੀ ਪ੍ਰੀਤ ਪ੍ਰਮਾਤਮਾਂ ਨਾਲ ਲਗ ਗਈ ਹੈ ।

6. ਐ ਪਿਆਰੇ ! (ਉਸ ਪ੍ਰੀਤ ਦੀ ਬਰਕਤ ਨਾਲ ਨਾਮਦੇਵ) ਕੋਈ ਬਾਹਰਲੇ ਭੇਖ ਆਦਿਕ ਦਾ ਉਚੇਚ ਕਰਨ ਤੋਂ ਬਿਨਾ ਹੀ ਬੈਰਾਗੀ ਬਣ ਗਿਆ ਹੈ ।੧। ਰਹਾਉ ।

ਪ੍ਰ:—ਕਿਉਂ ਜੀ, ਕੋਈ ਹੋਰ ਦ੍ਰਿਸ਼ਟਾਂਤ ਭੀ ਦਿਓ ?

7. ਉ:—ਹੇ ਭਾਈ ! ਜਿਵੇਂ ਕੋਈ ਨਾਰ ਪਰਾਏ ਮਨੁੱਖ ਨਾਲ ਪਿਆਰ ਪਾ ਲੈਂਦੀ ਹੈ ।

8. ਜਿਵੇਂ ਕਿਸੇ ਲੋਭੀ ਮਨੁੱਖ ਨੂੰ ਧਨ ਪਿਆਰਾ ਲਗਦਾ ਹੈ ।

9. ਜਿਵੇਂ ਕਿਸੇ ਵਿਸ਼ਈ ਬੰਦੇ ਨੂੰ ਇਸਤ੍ਰੀ ਚੰਗੀ ਲਗਦੀ ਹੈ ।

10. ਤਿਵੇਂ (ਹ ਭਾਈਓ !) ਨਾਮੇ ਨੂੰ ਪ੍ਰਮੇਸ਼ਰ ਮਿੱਠਾ ਲਗਦਾ ਹੈ ।

ਪ੍ਰ:—ਭਗਤ ਜੀਉ ! ਤੁਹਾਡੇ ਵਿਚਾਰ ਵਿਚ ਸੱਚਾ ਪਿਆਰ ਕਿਹੜਾ ਹੈ ?

11. ਉ:—ਹੇ ਭਾਈਓ ! ਅਸਲ ਵਿਚ, ਅਸਲੀ ਸੱਚਾ ਪਿਆਰ ਉਹੀ ਹੈ ਜੋ ਪ੍ਰਭੂ ਆਪ (ਕਿਸੇ ਮਨੁੱਖ ਦੇ ਹਿਰਦੇ ਵਿਚ) ਪੈਦਾ ਕਰੇ ।

ਪ੍ਰ:—ਕਿਉਂ ਜੀ ! ਉਸ ਸੱਚੇ ਪਿਆਰ ਦਾ ਫਲ ਕੀ ਹੁੰਦਾ ਹੈ ?

12. ਉ:—ਹੇ ਭਾਈ ! ਉਸ ਮਨੁੱਖ ਦੀ (ਹਿਰਦੇ ਵਿਚੋਂ) ਗੁਰੂ ਦੀ ਕ੍ਰਿਪਾ ਨਾਲ ਮੇਰ ਤੇਰ ਮਿਟ ਜਾਂਦੀ ਹੈ ।

13. ਹੇ ਭਾਈਓ ! ਉਸ ਦਾ ਪ੍ਰਭੂ ਨਾਲੋਂ ਕਦੇ ਭੀ ਪਿਆਰ ਟੁੱਟਦਾ ਨਹੀਂ, ਹਰ ਵੇਲੇ ਉਹ ਪ੍ਰਭੂ ਚਰਨਾਂ ਵਿਚ ਜੁੜਿਆ ਰਹਿੰਦਾ ਹੈ ।

14. ਹੇ ਭਾਈ ! (ਮੈਂ ਨਾਮੇ ਉਤੇ ਭੀ ਪ੍ਰਭੂ ਦੀ ਮੇਹਰ ਹੋਈ ਹੈ ਤੇ) ਨਾਮੇ ਦਾ ਚਿੱਤ ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿਚ ਟਿਕ ਗਿਆ ਹੈ ।੩।

ਪ੍ਰ:—ਭਗਤ ਜੀਉ ! ਕੋਈ ਹੋਰ ਭੀ ਉਦਾਹਰਣ ਦਿਓ ?

15. ਉ:—ਹੇ ਪਿਆਰੇ ! ਹੋਰ ਸੁਣੋ, ਜਿਵੇਂ ਮਾਂ ਪੁੱਤਰ ਦਾ ਪਿਆਰ ਹੁੰਦਾ ਹੈ ।

16. ਤਿਵੇਂ ਮੇਰਾ ਮਨ ਪ੍ਰਭੂ (ਚਰਨਾਂ) ਨਾਲ ਰੰਗਿਆ ਗਿਆ ਹੈ ।

17. ਨਾਮਦੇਵ ਬੇਨਤੀ ਕਰਦਾ ਹੈ ਕਿ, ਹੇ ਭਾਈਓ ! ਮੇਰੀ ਪ੍ਰਭੂ ਨਾਲ ਪ੍ਰੀਤ ਲਗ ਗਈ ਹੈ ।

18. ਉਹ ਪ੍ਰਭੂ (ਹੁਣ ਸਦਾ) ਮੇਰੇ ਚਿੱਤ ਵਿਚ ਵੱਸਦਾ ਹੈ ।੪।੧।੭।

ਭਾਵਾਰਥ :—ਸੰਸਾਰ ਦੀਆਂ ਹਰ ਤਰ੍ਹਾਂ ਦੀਆਂ ਲਗਨਾਂ ਦਾ ਉਦਾਹਰਣ ਦੇ ਕੇ ਹਰੀ ਦੇ ਪਿਆਰ ਦੀ ਤੀਬਰਤਾ ਉਚਾਰਨ ਕਰਦੇ ਹਨ । ਪ੍ਰੀਤ ਦਾ ਸਰੂਪ ਹੈ ਕਿ ਉਸ ਦੀ ਯਾਦ ਕਦੇ ਨਾ ਭੁਲੇ, ਸੁਤੇ ਹੀ ਕਿਸੇ ਹੋਰ ਪਾਸੇ ਚਿੱਤ ਨਾ ਜਾਵੇ । ਇਸ ਪ੍ਰੀਤ ਦੀ ਬਰਕਤ ਨਾਲ ਅੰਦਰੋਂ ਮੇਰ ਤੇਰ ਮਿਟ ਜਾਂਦੀ ਹੈ; ਪਰ ਇਹ ਮਿਲਦੀ ਹੈ ਉਸ ਪ੍ਰਭੂ ਦੀ ਆਪਣੀ ਮੇਹਰ ਨਾਲ ।

1. ਘਰ ਕੀ ਨਾਰਿ ਤਿਆਗੈ ਅੰਧਾ ॥
2. ਪਰ ਨਾਰੀ ਸਿਉ ਘਾਲੈ ਧੰਧਾ ॥
3. ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥
4. ਅੰਤ ਕੀ ਬਾਰ ਮੂਆ ਲਪਟਾਨਾ ॥੧॥
5. ਪਾਪੀ ਕਾ ਘਰੁ ਅਗਨੇ ਮਾਹਿ ॥
6. ਜਲਤ ਰਹੈ ਮਿਟਵੈ ਕਬ ਨਾਹਿ ॥੧॥ ਰਹਾਉ ॥
7. ਹਰਿ ਕੀ ਭਗਤਿ ਨ ਦੇਖੈ ਜਾਇ ॥
8. ਮਾਰਗੁ ਛੋਡਿ ਅਮਾਰਗਿ ਪਾਇ ॥
9. ਮੂਲਹੁ ਭੂਲਾ ਆਵੈ ਜਾਇ ॥
10. ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥੨॥
11. ਜਿਉ ਬੇਸ੍ਵਾ ਕੇ ਪਰੈ ਅਖਾਰਾ ॥
12. ਕਾਪਰੁ ਪਹਿਰਿ ਕਰਹਿ ਸੀਗਾਰਾ ॥
13. ਪੂਰੇ ਤਾਲ ਨਿਹਾਲੇ ਸਾਸ ॥
14. ਵਾ ਕੇ ਗਲੇ ਜਮ ਕਾ ਹੈ ਫਾਸ ॥੩॥
15. ਜਾਕੇ ਮਸਤਕਿ ਲਿਖਿਓ ਕਰਮਾ ॥
16. ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥
17. ਕਹਤ ਨਾਮਦੇਉ ਇਹੁ ਬੀਚਾਰੁ ॥
18. ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥

ਪਦ ਅਰਥ :—ਘਾਲੈ ਧੰਧਾ—ਮੰਦ ਕਰਮ ਕਰਦਾ ਹੈ, ਝਖਾਂ ਮਾਰਦਾ ਹੈ । ਸੂਆ—ਤੋਤਾ । ਬਿਗਸਾਨਾ—ਖੁਸ਼ ਹੁੰਦਾ ਹੈ । ਲਪਟਾਨਾ—(ਪਰ-ਤਨ ਵਿਕਾਰ ਵਿਚ) ਫਸ ਕੇ ।੧।

ਅਗਨੇ ਮਾਹਿ—ਅੱਗ ਵਿਚ ।੧। ਰਹਾਉ ।

ਅਮਾਰਗਿ—ਕੁਰਾਹੇ । ਮੂਲਹੁ—ਜਗਤ ਦੇ ਮੂਲ ਪ੍ਰਭੂ ਤੋਂ । ਡਾਰਿ—ਡੋਲ ਕੇ । ਲਾਦਿ-ਲੱਦ ਕੇ, ਸੰਚ ਕੇ ।੨।

ਅਖਾਰਾ-ਅਖਾੜਾ, ਤਮਾਸ਼ਾ । ਪੂਰੇ ਤਾਲ -ਨਚਦੀ ਹੈ । ਨਿਹਾਲੇ—ਤਕਦੀ ਹੈ, ਗਹੁ ਨਾਲ ਜਾਚਦੀ ਹੈ । ਸਾਸ—ਸੁਰ ।੩।

ਮਸਤਕਿ—ਮੱਥੇ ਉਤੇ । ਕਰਮਾਂ—ਬਖਸ਼ਸ਼ (ਦਾ ਲੇਖ) । ਭਜਿ—ਦੌੜ ਕੇ । ਪਰਿ ਹੈ—ਪੈਂਦਾ ਹੈ । ਇਨ ਬਿਧਿ—ਇਸ ਤਰੀਕੇ ਨਾਲ, ਗੁਰੂ ਦੀ ਸ਼ਰਨ ਪੈ ਕੇ ।੪।

ਅਰਥ :—

ਪ੍ਰ:—ਭਗਤ ਜੀਉ ! ਆਪ ਜੀ ਸੰਸਾਰ ਵਿਚ ਅੰਧਾ ਪਾਪੀ ਕਿਸ ਨੂੰ ਮੰਨਦੇ ਹੋ ?

1. ਉ:—ਹੇ ਭਾਈਓ ! ਵੇਖਣ ਵਿਚ ਆਉਂਦਾ ਹੈ ਕਿ ਅੰਨ੍ਹਾਂ (ਪਾਪੀ) ਆਪਣੀ ਵਹੁਟੀ ਛਡ ਦੇਂਦਾ ਹੈ ।

2. ਅਤੇ ਪਰਾਈ ਜਨਾਨੀ ਨਾਲ ਝੱਖਾਂ ਮਾਰਦਾ ਹੈ ।

3. ਹੇ ਭਾਈ ! ਉਹ ਪਰਾਈ ਨਾਰ ਨੂੰ ਵੇਖ ਕੇ ਇਉਂ ਹੀ ਖੁਸ਼ ਹੁੰਦਾ ਹੈ ਜਿਵੇਂ ਤੋਤਾ ਸਿੰਬਲ ਰੁਖ ਨੂੰ ਵੇਖ ਕੇ ਖੁਸ਼ ਹੁੰਦਾ ਹੈ ਪਰ ਉਸ ਸਿੰਬਲ ਤੋਂ ਉਸ ਤੋਤੇ ਨੂੰ ਹਾਸਲ ਕੁਝ ਨਹੀਂ ਹੁੰਦਾ ।

4. ਆਖਰ ਨੂੰ ਅਜਿਹਾ ਵਿਕਾਰੀ ਮਨੁੱਖ (ਇਸ ਵਿਕਾਰ) ਵਿਚ ਗ੍ਰਸਿਆ ਹੋਇਆ ਹੀ ਮਰ ਜਾਂਦਾ ਹੈ ।੧।

5. ਹੇ ਭਾਈਓ ! ਵਿਕਾਰੀ ਬੰਦੇ ਦਾ ਟਿਕਾਣਾ ਸਦਾ ਉਸ ਅੱਗ ਵਿਚ ਰਹਿੰਦਾ ਹੈ।

6. ਜੋ ਅੱਗ ਸਦਾ ਬਲਦੀ ਰਹਿੰਦੀ ਹੈ, ਕਦੇ ਬੁਝਦੀ ਨਹੀਂ ।੧। ਰਹਾਉ।

ਪ੍ਰ:—ਕਿਉਂ ਭਗਤ ਜੀਉ ! ਉਸ ਵਿਕਾਰੀ ਦੀ ਪਛਾਣ ਕੀ ਹੈ ?

7. ਉ:—ਹੇ ਭਾਈ ! ਉਸ ਵਿਕਾਰੀ ਦੀ ਨਿਸ਼ਾਨੀ ਇਹੋ ਹੀ ਹੈ ਕਿ, ਜਿਥੇ ਪ੍ਰਭੂ ਦੀ ਭਗਤੀ ਹੁੰਦੀ ਹੈ (ਵਿਕਾਰੀ ਮਨੁੱਖ) ਉਹ ਥਾਂ ਜਾ ਕੇ (ਭੀ) ਨਹੀਂ ਦੇਖਦਾ।

8. ਉਹ (ਜੀਵਨ ਦਾ ਸਿਧਾ) ਰਾਹ ਛਡ ਕੇ (ਵਿਕਾਰਾਂ ਦੇ) ਉਲਟੇ ਰਸਤੇ ਪੈਂਦਾ ਹੈ।

9. ਹੇ ਪਿਆਰੇ ! ਉਹ ਜਗਤ ਦੇ ਮੂਲ ਪ੍ਰਭੂ ਤੋਂ ਖੁੰਝ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ।

10. ਹੇ ਭਾਈ ! ਉਹ ਤਾਂ ਨਾਮ ਅੰਮ੍ਰਿਤ ਡੋਲ੍ਹ ਕੇ (ਵਿਕਾਰਾਂ ਦਾ) ਜ਼ਹਿਰ ਲਦ ਕੇ ਖਾਂਦਾ ਹੈ ।੨।

ਪ੍ਰ:—ਭਗਤ ਜੀਉ ! ਆਖਰ ਵਿਕਾਰ ਦਾ ਫਲ ਕੀ ਮਿਲਦਾ ਹੈ ?

11. ਉ:—ਹੇ ਭਾਈਓ ! ਵੇਖੋ ਜਿਵੇਂ ਵੇਸਵਾ ਦੇ ਮੁਜਰੇ ਹੁੰਦੇ ਹਨ।

12. ਅਤੇ ਉਹ (ਸੋਹਣੀ ਸੋਹਣੀ) ਪੁਸ਼ਾਕ ਪਾ ਕੇ ਸ਼ਿੰਗਾਰ ਕਰਦੀਆਂ ਹਨ।

13. ਉਹ ਵੇਸਵਾ ਨੱਚਦੀ ਹੈ ਤੇ ਬੜੇ ਗਹੁ ਨਾਲ ਆਪਣੀ ਸੁਰ ਨੂੰ ਤੋਲਦੀ ਹੈ।

14. ਹੇ ਭਾਈਓ ! (ਬਸ, ਇਸ ਵਿਕਾਰੀ ਜੀਵਨ ਦੇ ਕਾਰਨ) ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ ।੩।

ਪ੍ਰ:—ਭਗਤ ਜੀਉ ! ਆਖਰ, ਇਸ ਨਰਕ ਗਾਮੀਂ ਜੀਵਨ ਤੋਂ ਬਚਣ ਲਈ ਜੀਵ ਵਿਕਾਰਾਂ ਦਾ ਤਿਆਗ ਕਿਉਂ ਨਹੀਂ ਕਰਦਾ ?

15. ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜਿਸ ਮਨੁੱਖ ਦੇ ਮੱਥੇ ਉਤੇ ਪ੍ਰਭੂ ਦੀ ਬਖਸ਼ਸ਼ (ਦਾ ਲੇਖ) ਲਿਖਿਆ ਹੋਇਆ ਹੈ, (ਭਾਵ, ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰੋਂ ਬਖਸ਼ਸ਼ ਹੁੰਦੀ ਹੈ)।

16. ਉਹ ਵਿਕਾਰਾਂ ਵਲੋਂ ਹਟਕੇ ਸਤਿਗੁਰੂ ਦੀ ਸ਼ਰਨ ਪੈਂਦਾ ਹੈ।

ਪ੍ਰ:—ਸ੍ਰੀ ਭਗਤ ਜੀਉ ! ਆਖਰ ਸਾਨੂੰ ਸਹੀ ਰਾਹ ਦਸੋ ਕਿ ਅਸੀਂ ਵਿਕਾਰਾਂ ਤੋਂ ਕਿਵੇਂ ਬਚ ਸਕਦੇ ਹਾਂ ?

17. ਉ:—ਹੇ ਭਾਈਓ ! ਸੁਣੋ, ਨਾਮਦੇਵ (ਤੁਹਾਨੂੰ) ਇਹ ਇਕ ਵਿਚਾਰ ਦਾ ਬਚਨ ਆਖਦਾ ਹੈ।

18. ਕਿ ਐ ਸੰਤ ਜਨੋ ! ਗੁਰੂ ਦੀ ਸ਼ਰਨ ਪੈ ਕੇ ਹੀ (ਸੰਸਾਰ ਸਮੁੰਦਰ ਦੇ ਵਿਕਾਰਾਂ ਤੋਂ) ਪਾਰ ਲੰਘ ਸਕੋਗੇ ।੪।੨।੮।

ਭਾਵਾਰਥ :—ਅਗਿਆਨੀ ਪੁਰਸ਼ ਪੁਠੇ ਪਾਸੇ ਦੀ ਲਗਨ ਵਿਚ ਲਗਾ ਹੋਇਆ ਹਰੀ ਨੂੰ ਪਿਆਰ ਨਹੀਂ ਕਰਦਾ। ਵਿਕਾਰੀ ਦਾ ਜੀਵਨ ਵਿਕਾਰਾਂ ਦੀ ਅਬੁੱਝਵੀਂ ਅੱਗ ਵਿਚ ਸਦਾ ਹੀ ਸੜਦਾ ਰਹਿੰਦਾ ਹੈ ਪਰ ਪ੍ਰਭੂ ਦੀ ਮਿਹਰ ਹੋਵੇ, ਤਾਹੀਓਂ ਗੁਰੂ ਦੀ ਸ਼ਰਨ ਪਿਆਂ ਵਿਕਾਰਾਂ ਦੀ ਅੱਗ ਤੋਂ ਖਲਾਸੀ ਹੁੰਦੀ ਹੈ।

1. **ਸੰਡਾ ਮਰਕਾ ਜਾਇ ਪੁਕਾਰੇ ॥**
2. **ਪੜੈ ਨਹੀ ਹਮ ਹੀ ਪਚਿਹਾਰੇ ॥**
3. **ਰਾਮੁ ਕਹੈ ਕਰ ਤਾਲ ਬਜਾਵੈ**
ਚਟੀਆ ਸਭੈ ਬਿਗਾਰੇ ॥੧॥
4. **ਰਾਮ ਨਾਮਾ ਜਪਿਬੋ ਕਰੈ ॥**
5. **ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥੧॥ ਰਹਾਉ ॥**
6. **ਬਸੁਧਾ ਬਸਿ ਕੀਨੀ ਸਭ ਰਾਜੇ**
ਬਿਨਤੀ ਕਰੈ ਪਟਰਾਨੀ ॥
7. **ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ**
ਤਿਨਿ ਤਉ ਅਉਰੈ ਠਾਨੀ ॥੨॥
8. **ਦੁਸਟ ਸਭਾ ਮਿਲਿ ਮੰਤਰ ਉਪਾਇਆ**
ਕਰਸਹ ਅਉਧ ਘਨੇਰੀ ॥
9. **ਗਿਰਿ ਤਰ ਜਲ ਜੁਆਲਾ ਭੈ ਰਾਖਿਓ**
ਰਾਜਾ ਰਾਮਿ ਮਾਇਆ ਫੇਰੀ ॥੩॥
10. **ਕਾਢਿ ਖੜਗੁ ਕਾਲੁ ਭੈ ਕੋਪਿਓ**
ਮੋਹਿ ਬਤਾਉ ਜੁ ਤੁਹਿ ਰਾਖੈ ॥
11. **ਪੀਤ ਪੀਤਾਂਬਰ ਤ੍ਰਿਭਵਣ ਧਣੀ**
ਥੰਭ ਮਾਹਿ ਹਰਿ ਭਾਖੈ ॥੪॥
12. **ਹਰਨਾਖਸੁ ਜਿਨਿ ਨਖਹ ਬਿਦਾਰਿਓ**
ਸੁਰਿ ਨਰ ਕੀਏ ਸਨਾਥਾ ॥
13. **ਕਹਿ ਨਾਮਦੇਉ ਹਮ ਨਰਹਰਿ ਧਿਆਵਹ**
ਰਾਮੁ ਅਭੈ ਪਦ ਦਾਤਾ ॥੫॥੩॥੯॥

ਪਦ ਅਰਥ :—ਸੰਡਾ ਮਰਕਾ—ਸੁਕ੍ਰਾਚਾਰਜ ਦੇ ਦੋ ਪੁੱਤਰ ਸੰਡਾ ਅਤੇ ਅਮਰਕ ਜੋ ਪ੍ਰਹਿਲਾਦ ਨੂੰ ਪੜ੍ਹਾਉਣ ਲਈ ਮੁਕਰਰ ਕੀਤੇ ਗਏ ਸਨ। ਪਚਿਹਾਰੇ—ਖੱਪ ਲੱਥੇ ਹਾਂ। ਕਰ—ਹਥਾਂ ਨਾਲ। ਚਟੀਆ—ਵਿਦਿਆਰਥੀ ।੧।

ਜਪਿਬੋ ਕਰੈ—ਸਦਾ ਜਪਦਾ ਰਹਿੰਦਾ ਹੈ ।੧। ਰਹਾਉ।

ਬਸੁਧਾ—ਧਰਤੀ। ਪਟਰਾਨੀ—ਵਡੀ ਰਾਨੀ (ਪ੍ਰਹਿਲਾਦ ਦੀ ਮਾਂ)। ਤਿਨਿ—ਉਸ (ਪ੍ਰਹਿਲਾਦ) ਨੇ। ਅਉਰੈ—ਕੋਈ ਹੋਰ ਗਲ ਹੀ। ਠਾਨੀ—ਮਨ ਵਿਚ ਪੱਕੀ ਕੀਤੀ ਹੋਈ ਹੈ ।੨।

ਮੰਤਰ ਉਪਾਇਆ—ਸਲਾਹ ਪਕਾ ਲਈ। ਕਰਸਹ—ਅਸੀਂ ਕਰ ਦਿਆਂਗੇ। ਕਰਸਹ...ਘਨੇਰੀ—ਉਮਰ ਮੁਕਾ ਦਿਆਂਗੇ, ਮਾਰ ਦਿਆਂਗੇ। ਗਿਰਿ—ਪਹਾੜ। ਤਰ—ਰੁੱਖ। ਜੁਆਲਾ—ਅੱਗ। ਭੈ ਰਾਖਿਓ—ਡਰਾਂ ਤੋਂ ਬਚਾ ਲਿਆ। ਰਾਮਿ—ਰਾਮ ਨੇ। ਮਾਇਆ ਫੇਰੀ—ਮਾਇਆ ਦਾ ਸੁਭਾਉ ਉਲਟਾ ਦਿਤਾ ।੩।

ਖੜਗੁ—ਤਲਵਾਰ। ਕਾਲੁ—ਮੌਤ। ਭੈ—(ਅੰਦਰੋਂ) ਡਰ ਨਾਲ। ਕੋਪਿਓ—ਗੁੱਸੇ ਵਿਚ ਆਇਆ। ਮੋਹਿ—ਮੈਨੂੰ,

ਤੁਹਿ—ਤੈਨੂੰ। ਪੀਤਾਂਬਰ—ਪੀਲੇ ਕਪੜਿਆਂ ਵਾਲਾ ਕ੍ਰਿਸ਼ਨ, ਪ੍ਰਭੂ। ਤ੍ਰਿਭਵਣ ਧਣੀ—ਤਿੰਨਾਂ ਭਵਨਾਂ ਦਾ ਮਾਲਕ; ਪ੍ਰਮਾਤਮਾਂ। ਭਾਖੈ—ਬੋਲਦਾ ਹੈ।੪।

ਜਿਨਿ—ਜਿਸ (ਪ੍ਰਭੂ) ਨੇ। ਨਖਹ—ਨਹੁੰਆਂ ਨਾਲ। ਬਿਦਾਰਿਓ—ਚੀਰ ਦਿਤਾ। ਸਨਾਥਾ—ਸ+ਨਾਥ, ਖਸਮ ਵਾਲੇ। ਨਰਹਰਿ—ਪ੍ਰਮਾਤਮਾਂ। ਅਭੈ ਪਦ ਦਾਤਾ—ਨਿਡਰਤਾ ਦਾ ਦਰਜਾ ਦੇਣ ਵਾਲਾ।੫।

ਅਰਥ :-

ਪ੍ਰ:—ਭਗਤ ਜੀਉ! ਜਿਵੇਂ ਪ੍ਰਹਿਲਾਦ ਦੀ ਪ੍ਰਮੇਸ਼ਰ ਜੀ ਨੇ ਰਖਿਆ ਕੀਤੀ ਹੈ ਉਸ ਬਾਰੇ ਸਾਨੂੰ ਖੁਲਾਸੇ ਨਾਲ ਸਮਝਾਉਣ ਦੀ ਕ੍ਰਿਪਾ ਕਰੋ, ਤਾਂ ਕਿ ਸਾਡੇ ਮਨ ਵਿਚ ਭੀ ਉਸ ਪ੍ਰਮੇਸ਼ਰ ਜੀ ਦਾ ਪੂਰਨ ਵਿਸ਼ਵਾਸ਼ ਉਪਜ ਆਵੇ?

1. **ਉ:**—ਹੇ ਭਾਈਓ! ਸੁਣੋ, ਜਦੋਂ ਪ੍ਰਹਿਲਾਦ ਨੂੰ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜਿਆ ਤਾਂ ਪ੍ਰਹਿਲਾਦ ਦੇ ਦੋਵੇਂ ਉਸਤਾਦ ਸੰਡਾ ਤੇ ਅਮਰਕ ਨੇ (ਹਰਨਾਖਸ਼ ਕੋਲ) ਜਾ ਕੇ (ਇਉਂ) ਫਰਿਆਦ ਕੀਤੀ—

2. ਕਿ; ਅਸੀਂ ਖੱਪ ਲੱਥੇ ਹਾਂ ਪ੍ਰਹਿਲਾਦ ਪੜ੍ਹਦਾ ਨਹੀਂ ਹੈ।

ਪ੍ਰ:—ਦਸੋ, ਫਿਰ ਉਹ ਕਰਦਾ ਕੀ ਹੈ?

3, **ਉ:**—ਹੇ ਪਾਤਸ਼ਾਹ! ਅਸੀਂ ਤਾਂ ਵੇਖਦੇ ਹਾਂ ਕਿ ਉਹ ਹਰ ਵਕਤ ਹੀ ਹੱਥਾਂ ਨਾਲ ਤਾਲ ਵਜਾਉਂਦਾ ਹੈ, ਉਸ ਨੇ ਤਾਂ ਹੋਰ ਸਾਰੇ ਵਿਦਿਆਰਥੀ ਭੀ ਵਿਗਾੜ ਦਿਤੇ ਹਨ।੧।

4, (ਪ੍ਰਹਿਲਾਦ) ਹਰ ਵੇਲੇ ਪ੍ਰਮਾਤਮਾਂ ਦਾ ਨਾਮ ਸਿਮਰਦਾ ਹੈ।

5, ਪ੍ਰਮੇਸ਼ਰ ਦਾ ਨਾਮ ਆਪਣੇ ਹਿਰਦੇ ਵਿਚ ਧਾਰਨ ਕਰੀ ਰਖਦਾ ਹੈ।੧। ਰਹਾਉ।

ਪ੍ਰ:—ਕਿਉਂ ਜੀ! ਫਿਰ ਇਸ ਤੋਂ ਪਿਛੋਂ ਕੀ ਹੋਇਆ ਸੀ?

6, **ਉ.**—ਹੇ ਭਾਈ! (ਫਿਰ ਪ੍ਰਹਿਲਾਦ ਦੀ ਮਾਂ) ਵੱਡੀ ਰਾਣੀ (ਪ੍ਰਹਲਾਦ ਅਗੇ) ਤਰਲੇ ਕਰਦੀ ਹੈ ਤੇ ਸਮਝਾਉਂਦੀ ਹੈ ਕਿ (ਹੇ ਪੁੱਤ੍ਰ!) ਤੇਰੇ ਪਿਤਾ ਰਾਜੇ ਨੇ ਸਾਰੀ ਧਰਤੀ ਆਪਣੇ ਵੱਸ ਵਿਚ ਕੀਤੀ ਹੋਈ ਹੈ (ਤੂੰ) ਉਸ ਦਾ ਹੁਕਮ ਨਾ ਮੋੜ।

7. ਪਰ ਪੁੱਤਰ ਪ੍ਰਹਿਲਾਦ (ਮਾਂ ਦਾ) ਆਖਿਆ ਮੰਨਦਾ ਨਹੀਂ, ਉਸ ਨੇ ਤਾਂ ਕੋਈ ਹੋਰ ਗੱਲ ਮਨ ਵਿਚ ਪੱਕੀ ਕੀਤੀ ਹੋਈ ਹੈ।੨।

ਪ੍ਰ:—ਕਿਉਂ ਭਗਤ ਜੀ! ਫਿਰ ਕੀ ਹੋਇਆ?

8, **ਉ:**—ਐ ਭਾਈਓ! ਫਿਰ ਦੁਸ਼ਟਾਂ ਦੀ ਜੁੰਡੀ ਨੇ ਰਲ ਕੇ ਸਲਾਹ ਕਰ ਲਈ (ਕਿ ਜੇ ਪ੍ਰਹਿਲਾਦ ਨਹੀਂ ਮੰਨਦਾ ਤਾਂ) ਇਸ ਦੀ ਉਮਰ ਵਡੀ ਕਰੀਏ,. ਭਾਵ ਇਸ ਨੂੰ ਮਾਰ ਮੁਕਾਈਏ, ਅਸੀਂ ਇਸ ਨੂੰ ਮਾਰ ਮੁਕਾਵਾਂਗੇ।

ਪ੍ਰ:—ਕਿਉਂ ਜੀ, ਆਖਰ ਹੋਇਆ ਕੀ?

9, **ਉ:**—ਹੇ ਭਾਈਓ! ਪਰ ਜਗਤ ਦੇ ਮਾਲਕ ਪ੍ਰਭੂ ਨੇ ਆਪਣੀ ਮਾਇਆ ਦਾ ਸੁਭਾਉ ਹੀ ਬਦਲ ਦਿਤਾ, (ਕਿਉਂਕਿ) ਪਹਾੜ ਤੋਂ ਹੇਠਾਂ ਸੁਟਣ, ਪਾਣੀ ਵਿਚ ਡੋਬਣ ਤੇ ਅੱਗ ਵਿਚ ਸਾੜਨ ਦੇ ਭੈ ਤੋਂ (ਪ੍ਰਹਿਲਾਦ ਨੂੰ ਪ੍ਰਭੂ ਨੇ) (ਇਨ੍ਹਾਂ ਸਭਨਾਂ ਦੇ) ਡਰ ਤੋਂ ਬਚਾ ਲਿਆ।੩।

ਪ੍ਰ:—ਕਿਉਂ ਜੀ! ਕੀ ਹਰਨਾਖਸ਼ ਵਲੋਂ ਫਿਰ ਕੋਈ ਉਪਰਾਲਾ ਨਹੀਂ ਕੀਤਾ ਗਿਆ?

10. **ਉ:**—ਹੇ ਭਾਈ! ਸੁਣੋ, ਹੁਣ ਅੰਦਰੋਂ ਡਰਿਆ ਹੋਇਆ (ਪਰ ਬਾਹਰੋਂ) ਕ੍ਰੋਧਵਾਨ ਹੋ ਕੇ, ਮੌਤ ਰੂਪ ਤਲਵਾਰ ਕੱਢ ਕੇ (ਬੋਲਿਆ) ਮੈਨੂੰ ਦਸ ਜਿਹੜਾ ਤੈਨੂੰ (ਇਸ ਤਲਵਾਰ ਤੋਂ) ਬਚਾ ਸਕਦਾ ਹੈ।

11. ਤਾਂ ਅਗੋਂ ਪ੍ਰਹਿਲਾਦ ਨੇ ਆਖਿਆ ਕਿ ਜੋ ਪੀਲੇ ਕਪੜਿਆਂ ਵਾਲਾ ਤਿੰਨਾਂ ਭਵਨਾਂ ਦਾ ਜੋ ਮਾਲਕ ਹੈ ਉਹ ਇਸ ਥੰਮ੍ਹ ਵਿਚ ਭੀ ਹੈ।੪।

ਪ੍ਰ:—ਕਿਉਂ ਜੀ! ਆਪ ਜੀ ਦਾ ਹੁਣ ਵਿਸ਼ਵਾਸ਼ ਕੀ ਹੈ?

12. **ਉ:**—ਨਾਮਦੇਵ ਜੀ ਆਖਦਾ ਹੈ ਕਿ, ਐ ਪਿਆਰੇ! ਜਿਸ ਪ੍ਰਭੂ ਨੇ ਹਰਨਾਖਸ਼ ਨੂੰ ਨੌਹਾਂ ਨਾਲ ਚੀਰ ਦਿਤਾ, ਦੇਵਤਿਆਂ ਤੇ ਮਨੁੱਖਾਂ ਨੂੰ ਢਾਰਸ ਦਿਤੀ ਹੈ।

13. ਮੈਂ ਭੀ ਉਸੇ ਪ੍ਰਭੂ ਨੂੰ ਸਿਮਰਦਾ ਹਾਂ, (ਕਿਉਂਕਿ) ਉਹ ਪ੍ਰਭੂ ਹੀ ਨਿਰਭੈਤਾ ਦਾ ਦਰਜਾ ਬਖਸ਼ਣ ਵਾਲਾ ਹੈ।੫।੩।੯।

ਭਾਵਾਰਥ :—ਪ੍ਰਹਿਲਾਦ ਭਗਤ ਦੀ ਮਿਸਾਲ ਦੇ ਕੇ ਦਸਦੇ ਹਨ ਕਿ ਜਿਨ੍ਹਾਂ ਨੂੰ ਹਰੀ ਦੀ ਲਗਨ ਲਗੀ ਹੁੰਦੀ ਹੈ ਉਹ ਕਿਸੇ ਕਸ਼ਟ ਜਾਂ ਜ਼ੁਲਮ ਤੋਂ ਨਹੀਂ ਡਰਦੇ, ਕਿਉਂਕਿ, ਸਿਮਰਨ ਦੀ ਬਰਕਤ ਨਾਲ ਦੁਨੀਆਂ ਦਾ ਕੋਈ ਭੀ ਡਰ ਪੋਹ ਨਹੀਂ ਸਕਦਾ।

ਨੋਟ :—ਇਕ ਗਲ ਬਿਲਕੁਲ ਸਪਸ਼ਟ ਹੈ ਕਿ ਨਾਮਦੇਵ ਜੀ ਦਾ ਇਹ ਸ਼ਬਦ ਗੁਰੂ ਅਮਰ ਦਾਸ ਜੀ ਦੇ ਸਾਹਮਣੇ ਮੌਜੂਦ ਸੀ, ਇਹ ਖਿਆਲ ਗਲਤ ਹੈ ਕਿ ਭਗਤਾਂ ਦੇ ਸ਼ਬਦ ਗੁਰੂ ਅਰਜਨ ਸਾਹਿਬ ਜੀ ਨੇ ਇਕੱਠੇ ਕੀਤੇ ਸਨ।

ਨਾਮਦੇਵ ਜੀ ਦੇ ਇਸ ਸ਼ਬਦ ਵਿਚ ਕੁਝ ਐਸੇ ਸ਼ਬਦ ਵਰਤੇ ਮਿਲਦੇ ਹਨ ਜੋ ਗੁਰਬਾਣੀ ਨੂੰ ਖੋਜ ਵਿਚਾਰ ਕੇ ਪੜ੍ਹਨ ਵਾਲਿਆਂ ਲਈ ਬੜੇ ਸੁਆਦਲੇ ਹਨ। ਬੰਦ ਨੰ: ੩ ਵਿਚ ਨਾਮਦੇਵ ਜੀ ਲਿਖਦੇ ਹਨ 'ਰਾਜਾ ਰਾਮਿ ਮਾਇਆ ਫੇਰੀ' ਪ੍ਰਹਿਲਾਦ ਜੀ ਦੀ ਸਾਖੀ ਸਤਯੁਗ ਦੇ ਸਮੇਂ ਦੀ ਦਸੀ ਜਾਂਦੀ ਹੈ ਸ੍ਰੀ ਰਾਮ ਅਵਤਾਰ ਤ੍ਰੇਤੇ ਜੁਗ ਵਿਚ ਹੋਏ, ਇਹ ਸਾਖੀ ਸ੍ਰੀ ਰਾਮ ਚੰਦਰ ਜੀ ਤੋਂ ਪਹਿਲਾਂ ਦੀ ਹੈ।

ਸੋ, ਲਫ਼ਜ਼ 'ਰਾਜਾ ਰਾਮਿ' ਸ੍ਰੀ ਰਾਮ ਚੰਦ੍ਰ ਜੀ ਵਾਸਤੇ ਨਹੀਂ ਹੈ! ਇਹੀ ਲਫ਼ਜ਼ ਭਗਤ ਰਵਿਦਾਸ ਜੀ ਨੇ ਭੀ ਕਈ ਵਾਰੀ ਵਰਤਿਆ ਹੈ, ਨਿਰੀ ਇਤਨੀ ਵਰਤੋਂ ਤੋਂ ਹੀ ਇਹ ਖਿਆਲ ਬਣਾ ਲੈਣਾ ਭਾਰੀ ਉਕਾਈ ਹੈ ਕਿ ਰਵਿਦਾਸ ਜੀ ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ।

ਬੰਦ ਨੰ: ੪ ਵਿਚ ਉਸੇ 'ਰਾਜਾ ਰਾਮ' ਬਾਬਤ ਨਾਮਦੇਵ ਜੀ ਆਖਦੇ ਹਨ 'ਪੀਤ ਪੀਤਾਂਬਰ ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ'। ਲਫਜ਼ 'ਪੀਤਾਂਬਰ' ਕ੍ਰਿਸ਼ਨ ਜੀ ਦਾ ਨਾਮ ਹੈ। ਪਰ, ਭਗਤ ਨਾਮਦੇਵ ਜੀ ਇਥੇ ਕ੍ਰਿਸ਼ਨ ਜੀ ਦਾ ਜ਼ਿਕਰ ਨਹੀਂ ਕਰ ਰਹੇ। ਕ੍ਰਿਸ਼ਨ ਜੀ ਦੁਆਪਰ ਵਿਚ ਹੋਏ, ਸ੍ਰੀ ਰਾਮ ਚੰਦਰ ਜੀ ਤੋਂ ਭੀ ਪਿਛੋਂ ਤੇ ਇਹ ਸਾਖੀ ਸਤਯੁਗ ਦੀ ਹੈ। ਜਿਵੇਂ ਇਸ ਸ਼ਬਦ ਦੇ ਲਫਜ਼ 'ਪੀਤਾਂਬਰ' ਤੋਂ ਇਹ ਫੈਸਲਾ ਦੇ ਦੇਣਾ ਭਾਰੀ ਉਕਾਈ ਹੈ ਕਿ ਨਾਮਦੇਵ ਜੀ ਕ੍ਰਿਸ਼ਨ ਜੀ ਦੇ ਉਪਾਸ਼ਕ ਸਨ, ਤਿਵੇਂ ਉਨ੍ਹਾਂ ਦੇ ਵਰਤੇ ਲਫਜ਼ 'ਬੀਠਲ' ਤੋਂ ਉਨ੍ਹਾਂ ਨੂੰ ਕ੍ਰਿਸ਼ਨ ਜੀ ਦੀ ਬੀਠਲ ਮੂਰਤੀ ਦਾ ਪੁਜਾਰੀ ਸਮਝ ਲੈਣਾ ਵਡੀ ਭੁਲ ਹੈ। ਨਾਮਦੇਵ ਜੀ ਦੇ ਕਿਸੇ ਭੀ ਸ਼ਬਦ ਤੋਂ ਇਹ ਜ਼ਾਹਰ ਨਹੀਂ ਹੁੰਦਾ, ਕਿ ਉਨ੍ਹਾਂ ਕਦੇ ਕਿਸੇ ਬੀਠੁਲ ਮੂਰਤੀ ਦੀ ਪੂਜਾ ਕੀਤੀ।

1. ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥
2. ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥
3. ਨਾਮਾ ਸੁਲਤਾਨੇ ਬਾਧਿਲਾ ॥
4. ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥
5. ਬਿਸਮਿਲਿ ਗਊ ਦੇਹੁ ਜੀਵਾਇ ॥
6. ਨਾ ਤਰੁ ਗਰਦਨਿ ਮਾਰਉ ਠਾਂਇ ॥੨॥
7. ਖਾਦਿਸਾਹ ਐਸੀ ਕਿਉ ਹੋਇ ॥
8. ਬਿਸਮਿਲਿ ਕੀਆ ਨ ਜੀਵੈ ਕੋਇ ॥੩॥
9. ਮੇਰਾ ਕੀਆ ਕਛੂ ਨ ਹੋਇ ॥
10. ਕਰਿ ਹੈ ਰਾਮੁ ਹੋਇ ਹੈ ਸੋਇ ॥੪॥
11. ਬਾਦਿਸਾਹੁ ਚੜ੍ਹਿਓ ਅਹੰਕਾਰਿ ॥
12. ਗਜ ਹਸਤੀ ਦੀਨੋ ਚਮਕਾਰਿ ॥੫॥
13. ਰੁਦਨੁ ਕਰੈ ਨਾਮੇ ਕੀ ਮਾਇ ॥
14. ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬॥
15. ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥
16. ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭॥
17. ਕਰੈ ਗਜਿੰਦੁ ਸੁੰਡ ਕੀ ਚੋਟ ॥
18. ਨਾਮਾ ਉਬਰੈ ਹਰਿ ਕੀ ਓਟ ॥੮॥
19. ਕਾਜੀ ਮੁਲਾਂ ਕਰਹਿ ਸਲਾਮੁ ॥
20. ਇਨਿ ਹਿੰਦੂ ਮੇਰਾ ਮਲਿਆ ਮਾਨੁ ॥੯॥
21. ਬਾਦਿਸਾਹ ਬੇਨਤੀ ਸੁਨੇਹੁ ॥
22. ਨਾਮੇ ਸਰ ਭਰਿ ਸੋਨਾ ਲੇਹੁ ॥੧੦॥
23. ਮਾਲੁ ਲੇਉ ਤਉ ਦੋਜਕਿ ਪਰਉ ॥
24. ਦੀਨੁ ਛੋਡਿ ਦੁਨੀਆ ਕਉ ਭਰਉ ॥੧੧॥
25. ਪਾਵਹੁ ਬੇੜੀ ਹਾਥਹੁ ਤਾਲ ॥
26. ਨਾਮਾ ਗਾਵੈ ਗੁਨ ਗੋਪਾਲ ॥੧੨॥
27. ਗੰਗ ਜਮੁਨ ਜਉ ਉਲਟੀ ਬਹੈ ॥
28. ਤਉ ਨਾਮਾ ਹਰਿ ਕਰਤਾ ਰਹੈ ॥੧੩॥
29. ਸਾਤ ਘੜੀ ਜਬ ਬੀਤੀ ਸੁਣੀ ॥
30. ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥
31. ਪਾਖੰਤਣ ਬਾਜ ਬਜਾਇਲਾ ॥
32. ਗਰੁੜ ਚੜ੍ਹੇ ਗੋਬਿੰਦ ਆਇਲਾ ॥੧੫॥
33. ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥
34. ਗਰੁੜ ਚੜ੍ਹੇ ਆਏ ਗੋਪਾਲ ॥੧੬॥
35. ਕਹਹਿ ਤ ਧਰਣਿ ਇਕੋਡੀ ਕਰਉ ॥
36. ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥
37. ਕਹਹਿ ਤ ਮੁਈ ਗਊ ਦੇਉ ਜੀਆਇ ॥
38. ਸਭੁ ਕੋਈ ਦੇਖੈ ਪਤੀਆਇ ॥੧੮॥
39. ਨਾਮਾ ਪ੍ਰਣਵੈ ਸੇਲ ਮਸੇਲ ॥
40. ਗਊ ਦੁਹਾਈ ਬਛਰਾ ਮੇਲਿ ॥੧੯॥
41. ਦੂਧਹਿ ਦੁਹਿ ਜਬ ਮਟੁਕੀ ਭਰੀ ॥
42. ਲੇ ਬਾਦਿਸਾਹ ਕੇ ਆਗੇ ਧਰੀ ॥੨੦॥
43. ਬਾਦਿਸਾਹੁ ਮਹਲ ਮਹਿ ਜਾਇ ॥
44. ਅਉਘਟ ਕੀ ਘਟ ਲਾਗੀ ਆਇ ॥੨੧॥
45. ਕਾਜੀ ਮੁਲਾਂ ਬਿਨਤੀ ਫੁਰਮਾਇ ॥
46, ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥
47. ਨਾਮਾ ਕਹੈ ਸੁਨਹੁ ਬਾਦਿਸਾਹ ॥
48. ਇਹੁ ਕਿਛੁ ਪਤੀਆ ਮੁਝੈ ਦਿਖਾਇ ॥੨੩॥
49, ਇਸ ਪਤੀਆ ਕਾ ਇਹੈ ਪਰਵਾਨੁ ॥
50. ਸਾਚਿ ਸੀਲਿ ਚਾਲਹੁ ਸੁਲਿਤਾਨ ॥੨੪॥
51. ਨਾਮਦੇਉ ਸਭ ਰਹਿਆ ਸਮਾਇ ॥
52. ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥
53. ਜਉ ਅਬ ਕੀ ਬਾਰ ਨ ਜੀਵੈ ਗਾਇ ॥
54. ਤ ਨਾਮਦੇਵ ਕਾ ਪਤੀਆ ਜਾਇ ॥੨੬॥
55. ਨਾਮੇ ਕੀ ਕੀਰਤਿ ਰਹੀ ਸੰਸਾਰਿ ॥
56. ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥
57. ਸਗਲ ਕਲੇਸ ਨਿੰਦਕ ਭਇਆ ਖੇਦੁ ॥
58. ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥

ਪਦ ਅਰਥ :–ਬੇ–ਹੇ। ਦੇਖਉ–ਮੈਂ ਵੇਖਾਂ, ਮੈਂ ਵੇਖਣੇ ਚਾਹੁੰਦਾ ਹਾਂ।੧।

ਸੁਲਤਾਨੇ–ਸੁਲਤਾਨ ਨੇ। ਬਾਧਿਆ–ਬੰਨ੍ਹ ਲਿਆ। ਬੀਠਲ–ਮਾਇਆ ਤੋਂ ਰਹਿਤ, ਪ੍ਰਭੂ।੧। ਰਹਾਉ।

ਬਿਸਮਿਲਿ–ਮੋਈ ਹੋਈ। ਨਾ ਤਰ–ਨਹੀਂ ਤਾਂ। ਠਾਇ–ਇਸੇ ਥਾਂ, ਹੁਣੇ ਹੀ।੨।

ਬਾਦਿਸਾਹ–ਹੇ ਬਾਦਸ਼ਾਹ।੩।

ਅਹੰਕਾਰਿ–ਅਹੰਕਾਰ ਵਿਚ। ਚਮਕਾਰਿ ਦੀਨੋ–ਪ੍ਰੇਰ

ਦਿਤਾ, ਉਕਸਾਇਆ ।੫।

ਕੀ ਨ—ਕਿਉਂ ਨਹੀਂ ? ।੬।

ਪੂੰਗੜਾ—ਬੱਚਾ । ਪਿੰਡੁ ਪੜੈ—ਜੇ ਸਰੀਰ ਭੀ ਨਾਸ ਹੋ ਜਾਏ ।੭।

ਗਜਿੰਦੁ—ਹਾਥੀ, ਵਡਾ ਹਾਥੀ । ਉਬਰੈ—ਬਚ ਗਿਆ।੮।

ਇਨਿ—ਇਸ ਨੇ । ਮਲਿਆ—ਤੋੜ ਦਿਤਾ ਹੈ ।੯।

ਸਰ ਭਰਿ—ਤੋਲ ਬਰਾਬਰ ।੧੦।

ਮਾਲੁ—ਵੱਢੀ ਦਾ ਧਨ । ਭਰਉ -ਇਕੱਠੀ ਕਰਾਂ ।੧੧।

ਪਾਵਹੁ—ਪੈਰਾਂ ਵਿਚ । ਹਾਥਹੁ—ਹੱਥਾਂ ਨਾਲ ।੧੨।

ਤ੍ਰਿਭਵਣ ਧਣੀ—ਤ੍ਰਿਲੋਕੀ ਦਾ ਮਾਲਕ ਪ੍ਰਭੂ ।੧੪।

ਪਾਖੰਤਣ-ਖੰਭ । ਬਾਜ—ਵਾਜਾ । ਬਜਾਇਲਾ—ਵਜਾਇਆ । ਆਇਲਾ—ਆਇਆ ।੧੫।

ਪਰਿ—ਉਤੇ ।੧੬।

ਕਰਹਿ-ਜੇ ਤੂੰ ਆਖੇਂ । ਇਕੋਡੀ—ਟੇਢੀ, ਪੁੱਠੀ । ਲੇ ਕਰਿ—ਫੜ ਕੇ । ਊਪਰਿ ਧਰਉ—ਮੈਂ ਟੰਗ ਦਿਆਂ ।੧੭।

ਪਤੀਆਇ—ਪਰਤਾ ਕੇ, ਤਸੱਲੀ ਕਰ ਕੇ ।੧੮।

ਸੇਲਮ—(ਅ:) ਸਲਮ, ਬੰਨ੍ਹਣਾ (ਰੱਸੀ ਨਾਲ) । ਸੇਲ—(ਫ:) ਸੂਲ, ਖੁਰ, ਪਿਛਲੇ ਪੈਰ ।੧੯।

ਦੁਹਿ—ਚੋ ਕੇ ।੨੦।

ਅਉਘਟ ਕੀ ਘਟ—ਔਖੀ ਘੜੀ ।੨੧।

ਫੁਰਮਾਇ—ਹੁਕਮ ਕਰ । ਬਖਸੀ—ਮੈਨੂੰ ਬਖਸ਼।। ਹਿੰਦੂ—ਹੇ ਹਿੰਦੂ ।੨੨।

ਪਤੀਆ—ਤਸੱਲੀ ।੨੩।

ਪਰਵਾਨ—ਮਾਪ, ਅੰਦਾਜ਼ਾ । ਸਾਚਿ—ਸੱਚ ਵਿਚ । ਸੀਲਿ—ਚੰਗੇ ਸੁਭਾਉ ਵਿਚ ।੨੪।

ਸਭੁ—ਹਰ ਥਾਂ, ਘਰ ਘਰ ਵਿਚ ।੨੫।

ਰਹੀ—ਕਾਇਮ ਹੋ ਗਈ । ਸੰਸਾਰਿ—ਸੰਸਾਰ ਵਿਚ ।੨੭।

ਖੇਦੁ—ਦੁੱਖ ।੨੮।

ਅਰਥ :—

ਪ੍ਰ:—ਭਗਤ ਜੀਉ ! ਇਹ ਦਸੋ ਆਪ ਜੀ ਨੂੰ ਬਾਦਸ਼ਾਹ ਨੇ ਆਪਣੇ ਦਰਬਾਰ ਵਿਚ ਕਿਸ ਲਈ ਸਦਿਆ ਸੀ ਅਤੇ ਬਾਦਸ਼ਾਹ ਨਾਲ ਆਪ ਜੀ ਦਾ ਪਰਸਪਰ ਵੀਚਾਰ ਵਟਾਂਦਰਾ ਕਿਸ ਪ੍ਰਕਾਰ ਹੋਇਆ, ਸਾਨੂੰ ਆਪ ਆਪਣੀ ਜੁਬਾਨੀ ਉਹ ਸਾਰੀ ਵਾਰਤਾਲਾਪ ਸੁਣਾਉ ਤਾਂ ਕਿ ਸਾਨੂੰ ਉਸ ਦਾ ਸਹੀ ਰੂਪ ਵਿਚ ਗਿਆਨ ਹੋ ਸਕੇ, ਤਾਂ ਨਾਮਦੇਵ ਜੀ ਨੇ ਕਿਹਾ ਕਿ, ਹੇ ਭਾਈਓ ! ਅਸਲ ਵਿਚ ਰਾਜ਼ ਭਰੀ ਗੱਲ ਤਾਂ ਇਹੋ ਹੀ ਹੈ ਕਿ ਬਾਦਸ਼ਾਹ ਨੂੰ ਮੇਰਾ ਰੱਬੀ ਮਾਰਗ ਤੇ ਟੁਰਨਾ ਅਤੇ ਲੋਕਾਂ ਨੂੰ ਟੋਰਨਾ ਇਹ ਨਹੀਂ ਸੀ ਭਾਉਂਦਾ, ਉਹ ਬੜੀ ਦੇਰ ਤੋਂ ਕੋਈ ਮੈਨੂੰ ਮਾਰਨ ਲਈ ਬਹਾਨਾ ਚਾਹੁੰਦਾ ਸੀ । ਆਖਰ ਉਸ ਦੀ ਪਿਆਰੀ ਗਊ ਮਰ ਗਈ ਤਾਂ ਕਾਜੀਆਂ ਨੇ ਮੌਕਾ ਤਾੜ ਕੇ ਬਾਦਸ਼ਾਹ ਨੂੰ ਪ੍ਰੇਰਿਆ ਕਿ ਨਾਮਦੇਵ ਜੀ ਨੂੰ ਬੁਲਾ ਕੇ ਕਹੋ ਕਿ ਉਹ ਇਸ ਮਰੀ ਗਾਂ ਨੂੰ ਜਿੰਦਾ ਕਰੇ, ਜੇ ਨਾ ਕਰ ਸਕੇ ਤਾਂ ਉਸ ਨੂੰ ਮਾਰ ਦੇਣ ਦਾ ਭੈ ਦੇ ਕੇ ਇਸਲਾਮ ਮੱਤ ਵਿਚ ਲੈ ਆਓ, ਇਸ ਤਰ੍ਹਾਂ ਉਸ ਦਾ ਜੋ ਦਿਨੋ ਦਿਨ ਤੇਜ ਪ੍ਰਤਾਪ ਵਧ ਰਿਹਾ ਹੈ, ਉਹ ਖਤਮ ਹੋ ਜਾਏਗਾ, ਕਿਉਂਕਿ, ਅਸੀਂ ਵੇਖ ਰਹੇ ਹਾਂ ਕਿ ਹਜਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਲੋਕ ਉਸ ਦੇ ਖਿਆਲਾਂ ਨਾਲ ਸਹਿਮਤ ਹੋ ਰਹੇ ਹਨ, ਜੇ ਇਸੇ ਤਰ੍ਹਾਂ ਹੀ ਉਸ ਦੇ ਵੀਚਾਰਾਂ ਦਾ ਲੋਕਾਂ ਤੇ ਪ੍ਰਭਾਵ ਪੈਂਦਾ ਗਿਆ ਤਾਂ ਹੋ ਸਕਦਾ ਹੈ ਕਿ ਇਹ ਲੋਕ ਕਿਸੇ ਦਿਨ ਹਕੂਮਤ ਵਲੋਂ ਭੀ ਕਿਸੇ ਕਿਸਮ ਦੀ ਬਗਾਵਤ ਕਰ ਦੇਣ, ਇਸ ਲਈ ਹੁਣੇ ਹੀ ਜੋਗ ਹੈ ਕਿ ਇਸ ਵਧ ਰਹੀ ਤਾਕਤ ਨੂੰ ਦਬਾਇਆ ਜਾਏ ।

1. ਉ:—ਇਸ ਲਈ, ਹੇ ਭਾਈਓ, (ਮੁਹੰਮਦ ਬਿਨ ਤੁਗਲਕ) ਬਾਦਸ਼ਾਹ (ਮੈਨੂੰ) ਪੁਛਦਾ ਹੈ, ਹੇ ਨਾਮੇ ਸੁਣ !

2. ਮੈਂ ਤੇਰੇ ਰਾਮ ਦੇ ਕੰਮ ਵੇਖਣਾ ਚਾਹੁੰਦਾ ਹਾਂ ।੧।

3. ਹੇ ਭਾਈ ! ਬਾਦਸ਼ਾਹ ਨੇ ਮੈਨੂੰ (ਨਾਮੇ ਨੂੰ) ਬੰਨ੍ਹ ਲਿਆ ।

4. (ਤੇ ਆਖਣ ਲਗਾ) ਮੈਂ ਤੇਰਾ ਹਰੀ, ਤੇਰਾ ਬੀਠਲ ਵੇਖਣਾ ਚਾਹੁੰਦਾ ਹਾਂ ।੧। ਰਹਾਉ ।

ਪ੍ਰ:—ਕਿਉਂ ਜੀ, ਆਖਰ ਬਾਦਸ਼ਾਹ ਨੇ ਤੁਹਾਨੂੰ ਕੀ ਆਖਿਆ ?

5. ਉ:—ਹੇ ਭਾਈਓ ! (ਉਹ ਮੈਨੂੰ ਆਖਣ ਲਗਾ ਕਿ ਇਹ ਮੇਰੀ) ਮੋਈ ਹੋਈ ਗਾਂ ਨੂੰ ਜਿਵਾਲ ਦੇਹ ।

6. (ਜੇ ਤੂੰ ਨਾ ਜਿਵਾਲ ਸਕੇਂ) ਤਾਂ ਤੈਨੂੰ ਭੀ ਇਥੇ ਹੀ (ਹੁਣੇ ਹੀ) ਮਾਰ ਦਿਤਾ ਜਾਵੇਗਾ ।੨।

ਪ੍ਰ—ਕਿਉਂ ਭਗਤ ਜੀ ! ਤੁਸੀਂ ਬਾਦਸ਼ਾਹ ਨੂੰ ਕੀ ਉਤਰ ਦਿਤਾ?

7.ਉ:—ਹੇ ਭਾਈ ! ਮੈਂ ਆਖਿਆ ਕਿ, ਹੇ ਬਾਦਸ਼ਾਹ ! ਅਜਿਹੀ ਗਲ ਕਿਵੇਂ ਹੋ ਸਕਦੀ ਹੈ ?

8. ਕਿਉਂਕਿ, ਕਦੇ ਕੋਈ ਮੋਇਆ ਹੋਇਆ ਮੁੜ ਨਹੀਂ ਜੀਵਿਆ ।੩।

9.10 ਹੇ ਬਾਦਸ਼ਾਹ ! ਸੁਣ (ਇਕ ਹੋਰ ਭੀ ਗਲ ਹੈ) ਉਹੀ ਕੁਝ ਹੁੰਦਾ ਹੈ, ਜੋ ਪ੍ਰਮਾਤਮਾਂ ਕਰਦਾ ਹੈ, ਮੇਰਾ ਕੀਤਾ ਤਾਂ ਕੁਝ ਭੀ ਨਹੀਂ ਹੋ ਸਕਦਾ ।੪।

ਪ੍ਰ:—ਕਿਉਂ ਜੀ ! ਫਿਰ ਕੀ ਹੋਇਆ ?

11. ਉ:—ਹੇ ਭਾਈਓ ! ਬਾਦਸ਼ਾਹ ਇਹ ਉੱਤਰ ਸੁਣ ਕੇ ਅਹੰਕਾਰ ਵਿਚ ਆ ਗਿਆ ।

12. ਉਸ ਨੇ ਮੇਰੇ ਮਾਰਨ ਲਈ ਮੇਰੇ ਉਤੇ ਇਕ ਵਡਾ ਹਾਥੀ ਚਮਕਾ ਕੇ ਚਾੜ੍ਹ ਦਿਤਾ ।੫।

ਪ੍ਰ:—ਕਿਉਂ ਜੀ ! ਫਿਰ ਕੀ ਹੋਇਆ ?

13. ਉ:—ਹੇ ਭਾਈਓ ! ਜਦੋਂ ਇਹ ਭਿਆਨਕ ਦ੍ਰਿਸ਼ ਵਰਤ ਰਿਹਾ ਸੀ, ਤਾਂ ਬਹੁਤ ਸਾਰੇ ਲੋਕ ਖੜੇ ਤਕ ਰਹੇ ਸਨ

ਜਿਸ ਵਿਚ ਮੇਰੀ ਮਾਂ ਭੀ ਖਲੋਤੀ ਸੀ, ਤਾਂ ਉਹ ਮੇਰੀ ਨਾਮੇ ਦੀ ਮਾਂ ਰੋਣ ਲਗ ਪਈ।

ਪ੍ਰ:—ਕਿਉਂ ਜੀ ! ਉਸ ਤੁਹਾਡੀ ਮਾਂ ਨੇ ਤੁਹਾਨੂੰ ਕਹਿਣਾ ਕੀ ਸੀ?

14. ਉ:—ਹੇ ਪਿਆਰੇ ! ਉਹ ਮਾਂ ਮੈਨੂੰ ਆਖਣ ਲਗੀ ਕਿ, ਹੇ ਬੱਚਾ ! ਤੂੰ ਰਾਮ ਨੂੰ ਛਡ ਕੇ ਖੁਦਾ ਖੁਦਾ ਕਿਉਂ ਨਹੀਂ ਆਖਣ ਲਗ ਪੈਂਦਾ ? ।੬।

ਪ੍ਰ.—ਭਗਤ ਜੀਉ ! ਆਖਰ ਤੁਸੀਂ ਮਾਂ ਨੂੰ ਕੀ ਉੱਤਰ ਦਿਤਾ ?

15. ਉ:—ਹੇ ਭਾਈ ! ਮੈਂ ਤਾਂ ਮਾਂ ਨੂੰ ਭੀ ਇਹੋ ਹੀ ਉੱਤਰ ਦਿਤਾ ਕਿ, ਨਾ ਮੈਂ ਤੇਰਾ ਪੁੱਤਰ ਹਾਂ, ਨਾ ਤੂੰ ਮੇਰੀ ਮਾਂ ਹੈਂ।

16. ਹੇ ਮਾਂ ! ਮੇਰਾ ਤਾਂ ਇਹੋ ਹੀ ਨਿਸ਼ਚਾ ਹੈ ਕਿ, ਜੇ ਮੇਰਾ ਸਰੀਰ ਭੀ ਨਾਸ ਹੋ ਜਾਏ ਤਾਂ ਭੀ ਮੈਂ ਨਾਮਾਂ ਹਰੀ ਦੇ ਗੁਣ ਗਾਂਦਾ ਰਹਾਂਗਾ ।੭।

ਪ੍ਰ:—ਕਿਉਂ ਜੀ ! ਤੁਸੀਂ ਪਿਛੇ ਕਹਿ ਆਏ ਹੋ ਕਿ ਮੈਨੂੰ ਮਾਰਨ ਲਈ ਹਾਥੀ ਛਡਿਆ ਗਿਆ ਸੀ ਉਸ ਹਾਥੀ ਨੇ ਕੀ ਕੀਤਾ ?

17. ਉ:—ਹੇ ਭਾਈਓ ! ਉਹ ਹਾਥੀ (ਭੀ) ਮੈਨੂੰ ਸੁੰਡ ਦੀ ਚੋਟ ਕਰਦਾ ਹੈ।

18. ਹੇ ਪਿਆਰੇ ! ਪਰ ਨਾਮਾਂ (ਉਸ ਤੋਂ ਭੀ) ਬਚ ਨਿਕਲਦਾ ਹੈ, (ਕਿਉਂਕਿ) ਨਾਮੇ ਨੂੰ ਪ੍ਰਮਾਤਮਾਂ ਦਾ ਆਸਰਾ ਹੈ ।੮।

ਪ੍ਰ:—ਕਿਉਂ ਜੀ ! ਹਾਥੀ ਤੋਂ ਭੀ ਬਚ ਜਾਣ ਨਾਲ ਫਿਰ ਬਾਦਸ਼ਾਹ ਨੇ ਕੀ ਵਿਚਾਰ ਕੀਤੀ ?

19. ਹੇ ਭਾਈਓ ! ਸੁਣੋ, ਹੁਣ ਬਾਦਸ਼ਾਹ ਸੋਚਦਾ ਹੈ ਕਿ ਮੈਨੂੰ ਮੇਰੇ ਮਜ਼ਹਬ ਦੇ ਆਗੂ ਕਾਜ਼ੀ ਤੇ ਮੁਲਾਂ ਤਾਂ ਸਲਾਮ ਕਰਦੇ ਹਨ।

20. ਪਰੇ ਇਸ ਹਿੰਦੂ ਨੇ ਮੇਰਾ ਮਾਣ ਤੋੜ ਦਿਤਾ ਹੈ ।੯।

ਪ੍ਰ:—ਕਿਉਂ ਭਗਤ ਜੀ ! ਆਖਰ ਫਿਰ ਕੀ ਹੋਇਆ ?

21. ਉ:—ਹੇ ਭਾਈਓ ! ਸੁਣੋ, ਆਖਰ ਸ਼ਹਿਰ ਦੇ ਸਾਰੇ ਹੀ ਹਿੰਦੂ ਲੋਕ ਰਲ ਕੇ ਆਏ ਤੇ ਆਖਣ ਲਗੇ ਕਿ, ਹੇ ਬਾਦਸ਼ਾਹ ! ਸਾਡੀ (ਇਕ) ਅਰਜ਼ ਸੁਣ।

22. ਨਾਮਦੇਵ ਨਾਲ ਸਾਵਾਂ ਤੋਲ ਕੇ ਸੋਨਾ ਲੈ ਲੈ (ਤੇ ਇਸ ਨੂੰ ਛਡ ਦੇ) ।੧੦।

ਪ੍ਰ:—ਕਿਉਂ ਜੀ ! ਬਾਦਸ਼ਾਹ ਵਲੋਂ ਇਸ ਦਾ ਕੀ ਜਵਾਬ ਸੀ ?

23. ਉ:—ਹੇ ਭਾਈਓ ! ਸੁਣੋ, ਉਸ ਨੇ ਇਹ ਉੱਤਰ ਦਿਤਾ ਕਿ, ਮੈਂ ਵਢੀ ਲਵਾਂ ਤਾਂ ਦੋਜਕ ਵਿਚ ਪੈਂਦਾ ਹਾਂ।

24. (ਕਿਉਂਕਿ) ਇਸ ਤਰ੍ਹਾਂ ਤਾਂ ਮੈਂ ਮਜ਼ਹਬ ਛਡ ਕੇ ਦੌਲਤ ਇਕੱਠੀ ਕਰਦਾ ਹਾਂ ।੧੧।

ਪ੍ਰ:—ਕਿਉਂ ਜੀ ! ਕੀ, ਤੁਸੀਂ ਉਸ ਵੇਲੇ ਭੈ-ਭੀਤ ਨਹੀਂ ਹੋਏ ?

25.26 ਉ:—ਹੇ ਭਾਈ ! ਇਸ ਵਿਚ ਕੋਈ ਸ਼ੱਕ ਨਹੀਂ ਕਿ, ਨਾਮਦੇਵ ਦੇ ਪੈਰਾਂ ਵਿਚ ਬੇੜੀਆਂ ਹਨ ਪਰ ਫਿਰ ਭੀ ਹੱਥਾਂ ਨਾਲ ਤਾਲ ਦੇ ਦੇਕੇ ਪ੍ਰਮਾਤਮਾਂ ਦੇ ਗੁਣ ਗਾਉਂਦਾ,ਹੈ ।੧੨।

ਪ੍ਰ:—ਮਾਂ ਨੇ ਕਿਹਾ ਕਿ, ਐ ਪੁੱਤ੍ਰ ! ਮੈਂ ਤਾਂ ਤੈਨੂੰ ਕਈ ਵਾਰ ਖੁਦਾ ਖੁਦਾ ਕਹਿੰਦਾ ਭੀ ਸੁਣਿਆ ਹੈ, ਹੁਣ ਭੀ ਕਹਿੰਦ ਤੇਰੀ ਜਾਨ ਬਚਦੀ ਹੈ ?

27. ਉ:—ਹੇ ਮਾਂ ! ਉਹ ਮੈਂ ਆਪਣੀ ਮੌਜ ਵਿਚ ਕਹਿੰਦਾ ਹਾਂ, ਪਰ, ਹੁਣ ਜੇ ਕਹਾਂਗਾ ਤਾਂ ਦਬਾਉ ਵਿਚ ਕਹਾਂਗਾ, ਇਸ ਲਈ ਹੁਣ ਤਾਂ ਜੇ ਗੰਗਾ ਤੇ ਜਮਨਾ ਉਲਟੀਆਂ ਭੀ ਵਗਣ ਲਗ ਪੈਣ।

28. ਤਾਂ ਭੀ ਨਾਮਾਂ ਹਰੀ ਦੇ ਗੁਣ ਗਾਂਦਾ ਰਹੇਗਾ (ਤੇ ਦਬਾਉ ਵਿਚ ਆ ਕੇ ਖੁਦਾ ਖੁਦਾ ਨਹੀਂ ਆਖੇਗਾ) ।੧੩।

ਪ੍ਰ:—ਭਗਤ ਜੀ ! ਆਖਰ ਫਿਰ ਕੀ ਹੋਇਆ ?

29. ਉ:—ਹੇ ਭਾਈਓ ! (ਬਾਦਸ਼ਾਹ ਨੇ ਗਾਂ ਜਿਵਾਲਣ ਲਈ ਇਕ ਪਹਿਰ ਮੋਹਲਤ ਦਿਤੀ ਹੋਈ ਸੀ) ਜਦੋਂ ਘੜਿਆਲ ਤੇ ਸਤ ਘੜੀਆਂ ਗੁਜਰੀਆਂ ਸੁਣੀਆਂ।

30. (ਤਾਂ ਮੈਂ ਨਾਮੇ ਨੇ ਸੋਚਿਆ ਕਿ) ਅਜੇ ਤਕ ਭੀ ਤ੍ਰਿਲੋਕੀ ਦਾ ਮਾਲਕ ਪ੍ਰਭੂ ਨਹੀਂ ਆਇਆ ।੧੪।

31. ਹੇ ਭਾਈ ! (ਬੱਸ) ਉਸੇ ਵੇਲੇ ਖੰਭਾਂ ਦੇ ਫੜਕਣ ਦਾ ਖੜਾਕ ਆਇਆ।

32. ਤੇ ਗੋਬਿੰਦ ਭਗਵਾਨ ਗਰੁੜ ਤੇ ਚੜ੍ਹ ਕੇ ਆ ਗਿਆ ।੧੫।

33. ਇਸ ਤਰ੍ਹਾਂ, ਉਸ ਨੇ ਆਪਣੇ ਭਗਤ ਦੀ ਰਖਿਆ ਕਰ ਲਈ।

34. ਪ੍ਰਭੂ ਜੀ ! ਗਰੜ ਤੇ ਚੜ੍ਹ ਕੇ ਆ ਗਿਆ ।੧੬।

ਪ੍ਰ:—ਕਿਉਂ ਜੀ ! ਗੋਪਾਲ ਨੇ ਤੁਹਾਨੂੰ ਆਕੇ ਫਿਰ ਕਿਹਾ ਕੀ ਸੀ?

35. ਹੇ ਭਾਈਓ ! ਗੁਪਾਲ ਨੇ ਆਖਿਆ, ਹੇ ਨਾਮਦੇਵ ! ਜੇ ਤੂੰ ਆਖੇਂ ਤਾਂ ਮੈਂ ਧਰਤੀ ਟੇਡੀ ਕਰ ਦਿਆਂ।

36. ਜੇ ਤੂੰ ਆਖੇਂ ਤਾਂ ਇਸ ਨੂੰ ਫੜ ਕੇ ਉਲਟਾ ਦਿਆਂ। (ਉਤਾਹਾਂ ਟੰਗ ਦਿਆਂ) ।੧੭।

37. ਜੇ ਤੂੰ ਆਖੇਂ ਤਾਂ ਮੋਈ ਹੋਈ ਗਾਂ ਜਿਵਾਲ ਦਿਆਂ।

38. ਤੇ ਇਥੇ ਹਰੇਕ ਜਣਾ ਤਸੱਲੀ ਨਾਲ ਵੇਖ ਲਏ ।੧੮।

ਪ੍ਰ:—ਤੁਹਾਡੇ ਵਲੋਂ ਗੁਪਾਲ ਨੂੰ ਕੀ ਕਿਹਾ ਗਿਆ ?

39. ਉ:—ਹੇ ਭਾਈਓ ! ਗੁਪਾਲ ਦੀ ਇਸ ਕ੍ਰਿਪਾ ਤੇ ਮੈਂ ਨਾਮੇ ਨੇ (ਉਨ੍ਹਾਂ ਲੋਕਾਂ ਨੂੰ) ਬੇਨਤੀ ਕੀਤੀ (ਗਊ ਨੂੰ) ਨਿਆਣਾ ਪਾ ਦਿਓ।

40. ਹੇ ਪਿਆਰੇ ! (ਤਾਂ ਉਨ੍ਹਾਂ) ਵੱਛਾ ਛਡਕੇ ਗਾਂ ਚੋ ਲਈ।੧੯।

41. ਹੇ ਭਾਈਓ ! ਦੁੱਧ ਚੋ ਕੇ ਜਦੋਂ ਉਨ੍ਹਾਂ ਮਟਕੀ ਭਰ ਲਈ।

42. ਤਾਂ ਉਹ ਲੈਕੇ ਬਾਦਸ਼ਾਹ ਦੇ ਅਗੇ ਰਖ ਦਿਤੀ ।੨੦।

ਪ੍ਰ:—ਭਗਤ ਜੀ ! ਇਹ ਅਸਚਰਜਤਾ ਵੇਖ ਕੇ ਬਾਦਸ਼ਾਹ ਨੂੰ ਕੀ ਮਹਿਸੂਸ ਹੋਇਆ ?

43.ਉ:—ਐ ਪਿਆਰੇ ! ਇਹ ਅਚੰਭਾ ਕੌਤਕ ਤੱਕਕੇ ਬਾਦਸ਼ਾਹ ਮਹਲਾਂ ਵਿਚ ਚਲਾ ਗਿਆ।

44. ਹੇ ਭਾਈਓ ! (ਉਥੇ ਉਸ ਉਤੇ) ਔਖੀ ਘੜੀ ਆ ਗਈ (ਭਾਵ ਉਹ ਸਹਿਮ ਗਿਆ)।

45. ਹੇ ਭਾਈ ! ਉਸ ਸਹਿਮੇਂ ਹੋਏ ਨੇ ਆਪਣੇ ਕਾਜੀਆਂ ਤੇ ਮੌਲਵੀਆਂ ਦੀ ਰਾਹੀਂ ਉਸ ਨੇ ਬੇਨਤੀ (ਕਰ ਘਲੀ) ।
46. ਹੇ ਹਿੰਦੂ ! ਮੈਨੂੰ ਹੁਕਮ ਕਰ (ਜੋ ਹੁਕਮ ਤੂੰ ਦੇਵੇਂਗਾ ਮੈਂ ਕਰਾਂਗਾ) ।
47. ਮੈਨੂੰ ਬਖਸ਼, ਮੈਂ ਤੇਰੀ ਗਾਂ ਹਾਂ ।੨੧।੨੨।
ਪ੍ਰ:–ਕਿਉਂ ਜੀ ! ਤੁਸੀਂ ਫਿਰ ਕੀ ਆਖਿਆ ?
48. ਉ:–ਨਾਮਾਂ ਆਖਦਾ ਹੈ ਕਿ (ਮੈਂ ਇਹੋ ਆਖਿਆ ਕਿ) ਹੇ ਬਾਦਸ਼ਾਹ ! ਸੁਣ ।
49. ਮੈਨੂੰ ਇਕ ਤਸੱਲੀ ਦਿਵਾ ਦੇ, ਇਸ ਇਕਰਾਰ ਦਾ ਮਾਪ ਇਹ ਹੋਵੇਗਾ ਕਿ, ਹੇ ਬਾਦਸ਼ਾਹ ਤੂੰ (ਅਗਾਹਾਂ ਨੂੰ) ।
50. ਸੱਚ ਵਿਚ ਤੁਰੇਂ ਤੇ ਚੰਗੇ ਸੁਭਾਉ ਵਿਚ ਰਹੇਂ ।੨੩।੨੪।
51. ਹੇ ਭਾਈਓ ! ਇਹ ਕੌਤਕ ਵੇਖ ਕੇ ਘਰ ਘਰ ਵਿਚ ਨਾਮਦੇਵ ਦੀਆਂ ਗਲਾਂ ਹੋਣ ਲਗ ਪਈਆਂ ।੨੫।
52. ਨਗਰ ਦੇ ਸਾਰੇ ਹਿੰਦੂ ਰਲ ਕੇ ਨਾਮਦੇਵ ਪਾਸ ਆਏ ।
53.54 ਅਤੇ ਆਖਣ ਲਗੇ, ਜੇ ਐਤਕੀਂ ਗਾਂ ਨਾ ਜਿਊਂਦੀ ਤਾਂ ਨਾਮਦੇਵ ਦਾ ਇਤਬਾਰ ਜਾਂਦਾ ਰਹਿਣਾ ਸੀ ।੨੬।
55. ਹੇ ਭਾਈ ! ਇਸ ਤਰ੍ਹਾਂ ਨਾਮਦੇਵ ਦੀ ਸੋਭਾ ਜਗਤ ਵਿਚ ਬਣੀ ਰਹੀ ਹੈ ।
56. ਪਰ, ਪ੍ਰਭੂ ਨੇ ਆਪਣੇ ਭਗਤਾਂ ਨੂੰ ਆਪਣੇ ਸੇਵਕਾਂ ਨੂੰ ਚਰਨੀਂ ਲਾ ਕੇ ਪਾਰ ਕਰ ਦਿਤਾ ਹੈ ।੨੭।
57. ਪਰ, ਐ ਪਿਆਰੇ ! ਇਹ ਸੋਭਾ ਸੁਣ ਕੇ ਨਿੰਦਕਾਂ ਨੂੰ ਬੜਾ ਕਲੇਸ਼ ਤੇ ਬੜਾ ਦੁੱਖ ਹੋਇਆ ।
58. (ਕਿਉਂਕਿ, ਉਹ ਇਹ ਨਹੀਂ ਜਾਣਦੇ ਕਿ) ਨਾਮਦੇਵ ਅਤੇ ਪ੍ਰਮਾਤਮਾਂ ਵਿਚ ਕੋਈ ਵਿੱਥ ਨਹੀਂ ਰਹਿ ਗਈ।੨੮।੧।੧੦।

ਭਾਵਾਰਥ :—ਪਿਛੇ ਕੁਝ ਪੰਗਤੀਆਂ ਵਿਚ ਨਾਮਦੇਵ ਜੀ ਜੋ ਪ੍ਰਮਾਤਮਾਂ ਦਾ ਇਹ ਸਰੂਪ ਨਿਰੋਲ ਪੁਰਾਣਾਂ ਅਨੁਸਾਰ ਹਿੰਦੂਆਂ ਵਾਲਾ ਦਸਦੇ ਹਨ, ਕਿਉਂਕਿ, ਇਹ ਮੁਸਲਮਾਨ ਬਾਦਸ਼ਾਹ ਨਾਮਦੇਵ ਜੀ ਨੂੰ ਜਾਨੋਂ ਮਾਰਨ ਦੇ ਡਰਾਵੇ ਦੇਂਦਾ ਹੈ ਤੇ ਚਾਹੁੰਦਾ ਹੈ ਕਿ ਨਾਮਦੇਵ ਮੁਸਲਮਾਨ ਬਣ ਜਾਏ, ਨਾਮਦੇਵ ਜੀ ਦੀ ਮਾਂ ਭੀ ਸਮਝਾਉਂਦੀ ਹੈ, ਪਰ, ਉਹ ਨਿਡਰ ਮਨ ਹਨ । ਉਂਞ ਨਾਮਦੇਵ ਜੀ ਪ੍ਰਮਾਤਮਾਂ ਦੇ ਕਿਸੇ ਖਾਸ ਸਰੂਪ ਦੇ ਪੁਜਾਰੀ ਨਹੀਂ ਹਨ । ਸਿਮਰਨ ਕਰਨ ਵਾਲਿਆਂ ਨੂੰ ਕੋਈ ਭੀ ਡਰ ਪੋਹ ਨਹੀਂ ਸਕਦਾ ।

ਘਰੁ ੨ ॥

1. **ਜਉ ਗੁਰਦੇਉ ਤ ਮਿਲੈ ਮੁਰਾਰਿ ॥**
2. **ਜਉ ਗੁਰਦੇਉ ਤ ਉਤਰੈ ਪਾਰਿ ॥**
3. **ਜਉ ਗੁਰਦੇਉ ਤ ਬੈਕੁੰਠ ਤਰੈ ॥**
4. **ਜਉ ਗੁਰਦੇਉ ਤ ਜੀਵਤ ਮਰੈ ॥੧॥**
5. **ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥**
6. **ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥**
7. **ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥**
8. **ਜਉ ਗੁਰਦੇਉ ਨ ਦਹ ਦਿਸ ਧਾਵੈ ॥**
9. **ਜਉ ਗੁਰਦੇਉ ਪੰਚ ਤੇ ਦੂਰਿ ॥**
10. **ਜਉ ਗੁਰਦੇਉ ਨ ਮਰਿਬੋ ਝੂਰਿ ॥੨॥**
11. **ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥**
12. **ਜਉ ਗੁਰਦੇਉ ਤ ਅਕਥ ਕਹਾਨੀ ॥**
13. **ਜਉ ਗੁਰਦੇਉ ਤ ਅੰਮ੍ਰਿਤ ਦੇਹ ॥**
14. **ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥**
15. **ਜਉ ਗੁਰਦੇਉ ਭਵਨ ਤ੍ਰੈ ਸੂਝੈ ॥**
16. **ਜਉ ਗੁਰਦੇਉ ਊਚ ਪਦ ਬੂਝੈ ॥**
17. **ਜਉ ਗੁਰਦੇਉ ਤ ਸੀਸੁ ਅਕਾਸਿ ॥**
18. **ਜਉ ਗੁਰਦੇਉ ਸਦਾ ਸਾਬਾਸਿ ॥੪॥**
19. **ਜਉ ਗੁਰਦੇਉ ਸਦਾ ਬੈਰਾਗੀ ॥**
20. **ਜਉ ਗੁਰਦੇਉ ਪਰ ਨਿੰਦਾ ਤਿਆਗੀ ॥**
21. **ਜਉ ਗੁਰਦੇਉ ਬੁਰਾ ਭਲਾ ਏਕ ॥**
22. **ਜਉ ਗੁਰਦੇਉ ਲਿਲਾਟਹਿ ਲੇਖ ॥੫॥**
23. **ਜਉ ਗੁਰਦੇਉ ਕੰਧੁ ਨਹੀ ਹਿਰੈ ॥**
24. **ਜਉ ਗੁਰਦੇਉ ਦੇਹੁਰਾ ਫਿਰੈ ॥**
25. **ਜਉ ਗੁਰਦੇਉ ਤ ਛਾਪਰਿ ਛਾਈ ॥**
26. **ਜਉ ਗੁਰਦੇਉ ਸਿਹਜ ਨਿਕਸਾਈ ॥੬॥**
27. **ਜਉ ਗੁਰਦੇਉ ਤ ਅਠਸਠਿ ਨਾਇਆ ॥**
28. **ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥**
29. **ਜਉ ਗੁਰਦੇਉ ਤ ਦੁਆਦਸ ਸੇਵਾ ॥**
30. **ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥**
31. **ਜਉ ਗੁਰਦੇਉ ਤ ਸੰਸਾ ਟੂਟੈ ॥**
32. **ਜਉ ਗੁਰਦੇਉ ਤ ਜਮ ਤੇ ਛੂਟੈ ॥**
33. **ਜਉ ਗੁਰਦੇਉ ਤ ਭਉਜਲ ਤਰੈ ॥**
34. **ਜਉ ਗੁਰਦੇਉ ਤ ਜਨਮਿ ਨ ਮਰੈ ॥੮॥**
35. **ਜਉ ਗੁਰਦੇਉ ਅਠ ਦਸ ਬਿਉਹਾਰ ॥**
36. **ਜਉ ਗੁਰਦੇਉ ਅਠਾਰਹ ਭਾਰ ॥**
37. **ਬਿਨੁ ਗੁਰਦੇਉ ਅਵਰ ਨਹੀ ਜਾਈ ॥**
38. **ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥**

ਪਦ ਅਰਥ :—ਸਤਿ-ਸਦਾ ਥਿਰ ਰਹਿਣ ਵਾਲੀ। ਗੁਰਦੇਵ–ਗੁਰੂ (ਦੀ ਸੇਵਾ) । ਆਨ—ਹੋਰ ।੧। ਰਹਾਉ ।
ਦਹ ਦਿਸ–ਦਸੀਂ ਪਾਸੀਂ । ਪੰਚ–ਕਾਮਾਦਿਕ ।੨।
ਅਕਥ–ਉਸ ਪ੍ਰਭੂ ਦੀ ਜੋ ਬਿਆਨ ਨਹੀਂ ਹੋ ਸਕਦਾ । ਅੰਮ੍ਰਿਤ–ਪਵਿੱਤਰ । ਦੇਹ–ਸਰੀਰ ।੩।
ਸੀਸੁ–ਸਿਰ, ਦਿਮਾਗ, ਮਨ । ਅਕਾਸਿ–ਅਕਾਸ਼ ਵਿਚ, ਉਚੇ ਟਿਕਾਣੇ ਤੇ, ਪ੍ਰਭੂ ਚਰਨਾਂ ਵਿਚ ।੪।
ਲਿਲਾਟਹਿ–ਮੱਥੇ ਉਤੇ ।੫।

ਕੰਧੁ–ਸਰੀਰ । ਨ ਹਿਰੈ–(ਕਾਮਾਦਿਕ ਕੋਈ ਭੀ) ਚੁਰਾਂਦਾ ਨਹੀਂ । ਛਾਪਰਿ–ਛੱਪਰੀ, ਛੰਨਾ, ਕੁਲੀ, ਘਰ । ਸਿਹਜ–ਮੰਜਾ, ਪਲੰਘ । ਨਿਕਸਾਈ–ਕੱਢ ਦਿਤੀ । ਨੋਟ :– ਬਾਦਸ਼ਾਹ ਨੇ ਜੋ ਮੰਜਾ ਨਾਮਦੇਵ ਨੂੰ ਦਿਤਾ ਸੀ, ਉਹ ਉਸ ਨੇ ਦਰਿਆ ਵਿਚ ਸੁੱਟ ਦਿਤਾ । ਸ਼ਾਹ ਨੂੰ ਪਤਾ ਲਗਾ, ਉਸ ਨੇ ਕਿਹਾ ਕਿ ਵਾਪਸ ਕਰੋ । ਨਾਮਦੇਵ ਨੇ ਮੁੜ ਦਰਿਆ ਵਿਚੋਂ ਕਢ ਦਿਤਾ ।੬।

ਅਠਸਠਿ–ਅਠਾਹਠ ਤੀਰਥ । ਤਨਿ–ਸਰੀਰ ਉਤੇ । ਦੁਆਦਸ ਸੇਵਾ–ਬਾਰ੍ਹਾਂ ਸ਼ਿਵ ਲਿੰਗਾਂ ਦੀ ਪੂਜਾ ।੭।

ਅਠਦਸ–ਅਠਾਰਾਂ (ਸਿਮ੍ਰਤੀਆਂ ਦਾ ਦਸਿਆ ਹੋਇਆ) । ਅਠਾਰਹ ਭਾਰ–ਸਾਰੀ ਬਨਾਸਪਤੀ (ਦੇ ਪੱਤਰ, ਫੁੱਲ ਆਦਿਕ ਪੂਜਾ ਲਈ ਭੇਟ) । ਜਾਈ–ਥਾਂ ।੯।

ਅਰਥ :–

ਪ੍ਰ:–ਭਗਤ ਜੀਉ ! ਇਹ ਦਸੋ ਕਿ, ਗੁਰੂ ਦੇ ਮਿਲਾਪ ਨਾਲ ਕੀ ਕੁਝ ਪ੍ਰਾਪਤ ਹੁੰਦਾ ਹੈ ?

1. ਉ:–ਹੇ ਭਾਈਓ ! ਜੇ ਗੁਰੂ ਮਿਲ ਪਏ ਤਾਂ ਰੱਬ ਮਿਲ ਪੈਂਦਾ ਹੈ ।
2. ਜੇ ਗੁਰੂ ਮਿਲ ਜਾਏ (ਤਾਂ) (ਮਨੁੱਖ ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ।
3. ਜੇ ਗੁਰੂ ਮਿਲ ਜਾਏ (ਤਾਂ ਇਥੋਂ) ਤਰ ਕੇ ਬੈਕੁੰਠ ਵਿਚ ਜਾ ਅਪੜਦਾ ਹੈ ।
4. ਜੇ ਗੁਰੂ ਮਿਲ ਜਾਏ (ਤਾ) ਦੁਨੀਆਂ ਵਿਚ ਰਹਿੰਦਾ ਹੋਇਆ (ਵਿਕਾਰਾਂ ਵਲੋਂ ਉਸ ਦਾ ਮਨ) ਮਰਿਆ ਰਹਿੰਦਾ ਹੈ ।੧।
5. ਹੇ ਭਾਈਓ ! ਇਹ ਯਕੀਨ ਜਾਣੋ ਕਿ ਗੁਰੂ ਦੀ ਸੇਵਾ ਹੀ ਸਦਾ ਥਿਰ ਰਹਿਣ ਵਾਲਾ ਉੱਦਮ ਹੈ ।
6. ਅਤੇ ਹੋਰ ਸਭ (ਦੇਵਤਿਆਂ ਦੀ) ਸੇਵਾ ਪੂਜਾ ਵਿਅਰਥ ਹੈ ।੧। ਰਹਾਉ ।
7. ਹੇ ਭਾਈ ! ਜੇ ਗੁਰੂ ਮਿਲ ਪਏ ਤਾਂ ਉਹ ਨਾਮ ਜਪਣ ਦਾ ਸੁਭਾਉ ਪਕਾ ਦੇਂਦਾ ਹੈ ।
8. ਜੇ ਗੁਰੂ ਮਿਲ ਜਾਏ (ਤਾਂ ਫਿਰ ਮਨ) ਦਸੀਂ ਪਾਸੀਂ ਦੌੜਦਾ ਨਹੀਂ ।
9. ਜੇ ਗੁਰੂ ਮਿਲ ਪਏ (ਤਾਂ) ਪੰਜਾਂ ਕਾਮਾਦਿਕਾਂ ਤੋਂ ਬਚਿਆ ਰਹਿੰਦਾ ਹੈ ।
10. ਜੇ ਗੁਰੂ ਦਾ ਮਿਲਾਪ ਹੋ ਜਾਏ (ਤਾਂ) (ਚਿੰਤਾ ਫਿਕਰ ਵਿਚ) ਝੁਰ ਝੁਰ ਕੇ ਨਹੀਂ ਮਰਦਾ ।੨।
11. ਹੇ ਭਾਈਓ ! ਜੇ ਗੁਰੂ ਮਿਲ ਪਏ, (ਤਾਂ) ਮਨੁੱਖ ਦੇ ਬੋਲ ਮਿਠੇ ਹੋ ਜਾਂਦੇ ਹਨ ।
12. ਜੇ ਗੁਰੂ ਮਿਲ ਪਏ (ਤਾਂ) ਅਕੱਥ ਪ੍ਰਭੂ ਦੀਆਂ ਗਲਾਂ ਕਰਨ ਲਗ ਪੈਂਦਾ ਹੈ ।
13. ਜੇ ਗੁਰੂ ਮਿਲ ਪਏ (ਤਾਂ) ਸਰੀਰ ਪਵਿਤ੍ਰ ਰਹਿੰਦਾ ਹੈ ।
14. ਜੇ ਗੁਰੂ ਮਿਲ ਪਏ (ਤਾਂ) ਇਹ ਫਿਰ ਸਦਾ ਹੀ ਨਾਮ ਜਪਦਾ ਹੈ ।੩।
15. ਐ ਪਿਆਰੇ ! ਜੇ ਗੁਰੂ ਮਿਲ ਪਏ ਤਾਂ ਮਨੁੱਖ ਨੂੰ ਤਿੰਨਾਂ ਭਵਨਾਂ ਦੀ ਸੂਝ ਹੋ ਜਾਂਦੀ ਹੈ, (ਭਾਵ, ਇਹ ਸੂਝ ਆ ਜਾਂਦੀ ਹੈ ਕਿ ਪ੍ਰਭੂ ਤਿੰਨਾਂ ਭਵਨਾਂ ਵਿਚ ਹੀ ਮੌਜੂਦ ਹੈ) ।
16. ਜਦੋਂ ਗੁਰੂ ਮਿਲ ਪਏ ਤਾਂ ਉਚੀ ਆਤਮਕ ਅਵਸਥਾ ਨਾਲ ਜਾਣ ਪਛਾਣ ਹੋ ਜਾਂਦੀ ਹੈ ।
17. ਜੇ ਗੁਰੂ ਦਾ ਮਿਲਾਪ ਹੋ ਜਾਏ (ਤਾਂ) ਮਨ ਪ੍ਰਭੂ ਚਰਨਾਂ ਵਿਚ ਟਿਕਿਆ ਰਹਿੰਦਾ ਹੈ ।
18. ਜੇ ਗੁਰੂ ਮਿਲ ਜਾਏ (ਤਾਂ) (ਹਰੇਕ ਥਾਂ ਤੋਂ) ਸਦਾ ਹੀ ਸੋਭਾ ਮਿਲਦੀ ਹੈ ।੪।
19. ਹੇ ਭਾਈ ! ਜੇ ਗੁਰੂ ਮਿਲ ਪਏ ਤਾਂ ਮਨੁੱਖ (ਦੁਨੀਆਂ ਵਿਚ ਰਹਿੰਦਾ ਹੋਇਆ ਹੀ) ਸਦਾ ਵਿਰਕਤ ਰਹਿੰਦਾ ਹੈ ।
20. ਜੇ ਗੁਰੂ ਮਿਲ ਜਾਏ ਤਾਂ ਕਿਸੇ ਦੀ ਨਿੰਦਾ ਨਹੀਂ ਕਰਦਾ ।
21. ਜੇ ਗੁਰੂ ਮਿਲ ਪਏ ਤਾਂ ਚੰਗੇ ਮੰਦੇ ਸਭ ਨਾਲ ਪਿਆਰ ਕਰਦਾ ਹੈ ।
22. ਹੇ ਭਾਈ ! ਜਦੋਂ ਗੁਰੂ ਮਿਲ ਜਾਏ ਤਾਂ ਮੱਥੇ ਦੇ ਚੰਗੇ ਲੇਖ ਉਘੜਦੇ ਹਨ ।੫।
23. ਹੇ ਪਿਆਰੇ ! ਜੇ ਗੁਰੂ ਮਿਲ ਜਾਏ ਤਾਂ ਸਰੀਰ (ਵਿਕਾਰਾਂ ਵਿਚ ਪੈ ਕੇ) ਛਿਜਦਾ ਨਹੀਂ, (ਭਾਵ ਮਨੁੱਖ ਵਿਕਾਰਾਂ ਵਿਚ ਪਰਵਿਰਤ ਨਹੀਂ ਹੁੰਦਾ ਤੇ ਨਾ ਹੀ ਉਸ ਦੀ ਸਤਿਆ ਵਿਅਰਥ ਜਾਂਦੀ ਹੈ) ।
24. ਹੇ ਭਾਈ ! ਉਚੀ ਜਾਤ ਆਦਿਕ ਦੇ ਮਾਣ ਵਾਲੇ ਮਨੁੱਖ ਗੁਰੂ ਸ਼ਰਨ ਆਏ ਬੰਦੇ ਉਤੇ ਦਬਾਉ ਨਹੀਂ ਪਾ ਸਕਦੇ, ਜਿਵੇਂ ਕਿ ਉਹ ਦੇਹੁਰਾ ਨਾਮਦੇਵ ਵਲ ਪਰਤ ਗਿਆ ਸੀ ਜਿਸ ਵਿਚੋਂ ਉਸ ਨੂੰ ਧੱਕੇ ਪਏ ਸਨ ।
25. ਗੁਰੂ ਦੀ ਸ਼ਰਨ ਪਏ, ਗਰੀਬ ਨੂੰ ਰੱਬ ਆਪ ਬਹੁੜਦਾ ਹੈ ਜਿਵੇਂ ਕਿ, ਨਾਮਦੇਵ ਦੀ ਕੁਲੀ ਬਣੀ ਸੀ ।
26. ਜਦੋਂ ਰੱਬ ਆਪ ਸਹਾਈ ਹੁੰਦਾ ਹੈ ਤਾਂ ਜਿਵੇਂ ਕਿ ਬਾਦਸ਼ਾਹ ਦੇ ਡਰਾਵੇ ਦੇਣ ਤੇ ਮੰਜਾ ਦਰਿਆ ਵਿਚੋਂ ਕੱਢ ਦਿਤਾ ।੬।
27. ਹੇ ਭਾਈਓ ! ਜੇ ਗੁਰੂ ਮਿਲ ਜਾਏ ਤਾਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ (ਜਾਣੋ) ।
28. ਜੇ ਗੁਰੂ ਮਿਲ ਜਾਏ (ਤਾਂ) ਸਰੀਰ ਉਤੇ ਚੱਕਰ ਲਗ ਗਏ ਸਮਝੋ, (ਜਿਵੇਂ ਵੈਰਾਗੀ ਦੁਆਰਕਾ ਜਾ ਕੇ ਲਾਉਂਦੇ ਹਨ) ।
29. ਹੇ ਭਾਈ ! ਜੇ ਗੁਰੂ ਪ੍ਰਸੰਨ ਹੋ ਜਾਏ ਤਾਂ ਬਾਰ੍ਹਾਂ ਹੀ ਲਿੰਗਾਂ ਦੀ ਪੂਜਾ ਹੋ ਗਈ ਜਾਣੋ ।
30. ਜਦੋਂ ਗੁਰੂ ਮਿਲ ਪਏ ਤਾਂ ਉਸ ਮਨੁੱਖ ਲਈ ਸਾਰੇ ਜ਼ਹਿਰ ਭੀ (ਮੀਰਾਂ ਬਾਈ ਵਾਂਗ) ਮਿੱਠੇ ਫਲ ਬਣ ਜਾਂਦੇ ਹਨ ।੭।

31. ਜੇ ਗੁਰੂ ਮਿਲ ਜਾਏ ਤਾਂ ਦਿਲ ਦੇ ਸੰਸੇ ਮਿਟ ਜਾਂਦੇ ਹਨ।
32 ਜਦੋਂ ਗੁਰੂ ਮਿਲ ਜਾਏ ਤਾਂ ਜਮਾਂ ਤੋਂ (ਹੀ) ਖਲਾਸੀ ਹੋ ਜਾਂਦੀ ਹੈ।
33. ਜਦੋਂ ਗੁਰੂ ਮਿਲ ਜਾਏ (ਤਾਂ) ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।
34. ਜਦੋਂ ਗੁਰੂ ਮਿਲ ਜਾਏ (ਤਾਂ) ਜਨਮ ਮਰਨ ਤੋਂ ਛੁੱਟ ਜਾਂਦਾ ਹੈ ।੮।
35. ਜਦੋਂ ਗੁਰੂ ਮਿਲ ਜਾਏ (ਤਾਂ) ਅਠਾਰ੍ਹਾਂ ਸਿਮ੍ਰਤੀਆਂ ਦੇ ਦਸੇ ਕਰਮ ਕਾਂਡ ਦੀ ਲੋੜ ਨਹੀਂ ਰਹਿ ਜਾਂਦੀ।
36. ਜਦੋਂ ਗੁਰੂ ਮਿਲ ਪਏ (ਤਾਂ) ਸਾਰੀ ਬਨਾਸਪਤੀ ਹੀ (ਪ੍ਰਭੂ ਦੇਵ ਦੀ ਨਿਤ ਭੇਟ ਹੁੰਦੀ ਦਿਸ ਪੈਂਦੀ ਹੈ)।
37. ਹੇ ਭਾਈ! ਸਤਿਗੁਰੂ ਤੋਂ ਬਿਨਾ ਹੋਰ ਕੋਈ ਥਾਂ ਨਹੀਂ (ਜਿਥੇ ਮਨੁੱਖ ਜੀਵਨ ਦਾ ਸਹੀ ਰਸਤਾ ਲਭ ਸਕੇ)।
38. ਨਾਮਦੇਵ ਜੀ ਕਥਨ ਕਰਦੇ ਹਨ ਕਿ, ਹੇ ਭਾਈ! (ਹੋਰ ਸਭ ਆਸਰੇ ਪਰਨੇ ਛਡ ਕੇ) (ਮੈਂ ਤਾਂ) ਗੁਰੂ ਦੀ ਸ਼ਰਨ ਪਿਆ ਹਾਂ ।੯।੧।੨।੧੧।

ਨੋਟ :—ਨਾਮਦੇਵ ਜੀ ਤਾਂ ਇਥੇ ਸਾਫ ਕਹਿ ਰਹੇ ਹਨ ਕਿ ਹੋਰ ਦੇਵੀ ਦੇਵਤਿਆਂ ਦੀ ਪੂਜਾ ਬਿਲਕੁਲ ਵਿਅਰਥ ਹੈ, ਇਕ ਸਤਿਗੁਰੂ ਦੀ ਸ਼ਰਨ ਹੀ ਸਮਰੱਥ ਹੈ। ਪਰ ਇਹ ਅਸਚਰਜ ਖੇਡ ਹੈ ਕਿ ਲੋਕ ਨਾਮਦੇਵ ਜੀ ਦੇ ਆਪਣੇ ਇਨ੍ਹਾਂ ਲਫਜ਼ਾਂ ਉਤੇ ਇਤਬਾਰ ਕਰਨ ਦੇ ਥਾਂ ਸੁਆਰਥੀ ਲੋਕਾਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਪੜ੍ਹ ਸੁਣਕੇ ਇਹੀ ਰਟਨ ਲਾਈ ਜਾ ਰਹੇ ਹਨ ਕਿ ਨਾਮਦੇਵ ਨੇ ਕਿਸੇ ਬੀਠੁਲ ਮੂਰਤੀ ਦੀ ਪੂਜਾ ਕੀਤੀ ਤੇ ਠਾਕਰ ਨੂੰ ਦੁੱਧ ਪਿਆਇਆ।

ਭਾਵ, ਗੁਰੂ ਦੇ ਦਸੇ ਹੋਏ ਰਾਹ ਉਤੇ ਤੁਰਨਾਂ ਹੀ ਜੀਵਨ ਦਾ ਸਹੀ ਰਸਤਾ ਹੈ, ਹੋਰ ਦੇਵੀ ਦੇਵਤਿਆਂ ਦੀ ਪੂਜਾ ਉੱਕਾ ਹੀ ਨਿਸਫਲ ਹੈ।

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

1. **ਬਿਨੁ ਦੇਖੇ ਉਪਜੈ ਨਹੀ ਆਸਾ ॥**
2. **ਜੋ ਦੀਸੈ ਸੋ ਹੋਇ ਬਿਨਾਸਾ ॥**
3. **ਬਰਨ ਸਹਿਤ ਜੋ ਜਾਪੈ ਨਾਮੁ ॥**
4. **ਸੋ ਜੋਗੀ ਕੇਵਲ ਨਿਹਕਾਮੁ ॥੧॥**
5. **ਪਰਚੈ ਰਾਮੁ ਰਵੈ ਜਉ ਕੋਈ ॥**
6. **ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥**
7. **ਸੋ ਮੁਨਿ ਮਨ ਕੀ ਦੁਬਿਧਾ ਖਾਇ ॥**
8. **ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥**
9. **ਮਨ ਕਾ ਸੁਭਾਉ ਸਭੁ ਕੋਈ ਕਰੈ ॥**
10. **ਕਰਤਾ ਹੋਇ ਸੁ ਅਨਭੈ ਰਹੈ ॥੨॥**
11. **ਫਲ ਕਾਰਨ ਫੂਲੀ ਬਨਰਾਇ ॥**
12. **ਫਲੁ ਲਾਗਾ ਤਬ ਫੂਲੁ ਬਿਲਾਇ ॥**
13. **ਗਿਆਨੈ ਕਾਰਨ ਕਰਮ ਅਭਿਆਸੁ ॥**
14. **ਗਿਆਨੁ ਭਇਆ ਤਹ ਕਰਮਹ ਨਾਸੁ ॥੩॥**
15. **ਘ੍ਰਿਤ ਕਾਰਨ ਦਧਿ ਮਥੈ ਸਇਆਨ ॥**
16. **ਜੀਵਤ ਮੁਕਤ ਸਦਾ ਨਿਰਬਾਨ ॥**
17. **ਕਹਿ ਰਵਿਦਾਸ ਪਰਮ ਬੈਰਾਗ ॥**
18. **ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥**

ਪਦ ਅਰਥ :—ਆਸਾ—(ਪਾਰਸ ਪ੍ਰਭੂ ਨਾਲ ਛੋਹਣ ਦੀ) ਤਾਂਘ। ਬਰਨ—ਵਰਣਨ, ਪ੍ਰਭੂ ਦੇ ਗੁਣਾਂ ਦਾ ਵਰਣਨ, ਸਿਫਤ ਸਲਾਹ। ਸਹਿਤ—ਸਮੇਤ। ਜਾਪੈ—ਜਪਦਾ ਹੈ। ਨਿਹਕਾਮੁ—ਕਾਮਨਾ ਰਹਿਤ, ਵਾਸਨਾ ਰਹਿਤ ।੧।

ਪਰਚੈ—ਪਰਚ ਜਾਂਦਾ ਹੈ, ਗਿੱਝ ਜਾਂਦਾ ਹੈ, ਅਮੋੜਪੁਣੇ ਵਲੋਂ ਹੱਟ ਜਾਂਦਾ ਹੈ, ਵਿਕਾਰਾਂ ਵਲੋਂ ਹਟ ਜਾਂਦਾ ਹੈ। ਜਉ—ਜਦੋਂ। ਪਰਸੈ—ਛੂੰਹਦਾ ਹੈ ।੧। ਰਹਾਉ।

ਖਾਇ—ਖਾ ਜਾਂਦਾ ਹੈ, ਮੁਕਾ ਦੇਂਦਾ ਹੈ। ਦੁਬਿਧਾ—ਦੁਚਿੱਤਾ ਪਨ, ਮੇਰ ਤੇਰ, ਪ੍ਰਭੂ ਨਾਲੋਂ ਵਖੇਵਾਂ। ਤ੍ਰੈਲੋਕ—ਤਿੰਨਾਂ ਲੋਕਾਂ ਵਿਚ ਵਿਆਪਕ ਪ੍ਰਭੂ ਵਿਚ। ਬਿਨੁ ਦੁਆਰੇ—ਜਿਸ ਪ੍ਰਭੂ ਦਾ ਦਸ ਦੁਆਰਿਆਂ ਵਾਲਾ ਸਰੀਰ ਨਹੀਂ ਹੈ। ਸਭੁ ਕੋਈ—ਹਰੇਕ ਜੀਵ। ਕਰਤਾ ਹੋਇ (ਨਾਮ ਸਿਮਰਨ ਵਾਲਾ ਮਨੁੱਖ) ਕਰਤਾਰ ਦਾ ਰੂਪ ਹੋ ਜਾਂਦਾ ਹੈ। ਅਨਭੈ—ਭੈ ਰਹਿਤ ਅਵਸਥਾ ਵਿਚ ।੨।

ਕਾਰਨ—ਵਾਸਤੇ। ਬਨਰਾਇ—ਬਨਾਸਪਤੀ। ਫੂਲੀ—ਫੁਲਦੀ ਹੈ, ਖਿੜਦੀ ਹੈ। ਬਿਲਾਇ—ਦੂਰ ਹੋ ਜਾਂਦਾ ਹੈ। ਕਰਮ—ਦੁਨੀਆਂ ਦੀ ਕਿਰਤ ਕਾਰ। ਅਭਿਆਸੁ—ਮੁੜ ਮੁੜ ਕਰਨਾ। ਕਰਮ ਅਭਿਆਸੁ—ਦੁਨੀਆਂ ਦੀ ਰੋਜ਼ਾਨਾ ਕਿਰਤ ਕਾਰ। ਗਿਆਨੈ ਕਾਰਨ—ਗਿਆਨ ਦੀ ਖਾਤਰ, ਪ੍ਰਭੂ ਵਿਚ ਪਰਚਣ ਦੀ ਖਾਤਰ, ਉਚੇ ਜੀਵਨ ਦੀ ਸੂਝ ਵਾਸਤੇ, ਜੀਵਨ ਦਾ ਸਹੀ ਰਸਤਾ ਲਭਣ ਵਾਸਤੇ। ਤਹ—ਉਸ ਅਵਸਥਾ ਵਿਚ ਅਪੜ ਕੇ। ਕਰਮਹ ਨਾਸੁ—ਕਰਮਾਂ ਦਾ ਨਾਸ, ਕਿਰਤ ਕਾਰ ਦਾ ਨਾਸ, ਕਿਰਤ ਕਾਰ ਦੇ ਮੋਹ ਦਾ ਨਾਸ ।੩।

ਘ੍ਰਿਤ—ਘਿਉ। ਦਧਿ—ਦਹੀਂ। ਮਥੈ—ਰਿੜਕਦੀ ਹੈ। ਸਇਆਨ-ਸਿਆਣੀ ਇਸਤ੍ਰੀ। ਨਿਰਬਾਨ—ਵਾਸ਼ਨਾ ਰਹਿਤ। ਕੀ ਨ—ਕਿਉਂ ਨਹੀਂ ?। ਅਭਾਗ ਹੇ ਭਾਗ ਹੀਣ ।੪।

ਅਰਥ :—

ਪ੍ਰ.—ਭਗਤ ਜੀਉ! ਜਦੋਂ ਸਮੁੱਚੇ ਸੰਸਾਰ ਵਲ ਨਿਗ੍ਹਾ ਮਾਰੀਦੀ ਹੈ ਤਾਂ ਵਧੇਰੇ ਗਿਣਤੀ ਉਨ੍ਹਾਂ ਲੋਕਾਂ ਦੀ ਦਿਨੋ ਦਿਨ ਵਧ ਰਹੀ ਹੈ, ਜਿਨ੍ਹਾਂ ਦੇ ਦਿਲ ਦਿਮਾਗ ਵਿਚੋਂ ਰੱਬ ਦੀ ਹੋਂਦ ਹੀ ਮਿਟਦੀ ਜਾ ਰਹੀ ਹੈ, ਕਿਉਂ ਜੀ! ਰੱਬ ਨੂੰ ਨਾ ਮੰਨਣ

ਵਾਲੇ ਨਾਸਤਕ ਲੋਕਾਂ ਦੀ ਸਮੁੱਚੇ ਸੰਸਾਰ ਵਿਚ ਵਧੇਰੇ ਤੇਜੀ ਨਾਲ ਵਧ ਰਹੀ ਲਹਿਰ ਦਾ ਸਹੀ ਕੀ ਕਾਰਨ ਹੈ, ਕੀ ਇਸ ਬਾਰੇ ਆਪ ਆਪਣੇ ਵਿਚਾਰ ਪ੍ਰਗਟ ਕਰੋਗੇ ਕਿ ਐਸਾ ਕਿਉਂ ਹੋ ਰਿਹਾ ਹੈ ?

ਉ:–ਹੇ ਭਾਈਓ ! ਅਸਲ ਵਿਚ ਰੱਬ ਦੀ ਹੋਂਦ ਨੂੰ ਦਿਲ ਦਿਮਾਗ ਵਿਚ ਕਾਇਮ ਰਖਣਾ ਬੜਾ ਹੀ ਕਠਨ ਹੈ, ਕਿਉਂਕਿ, ਮਨੁੱਖ ਦਾ ਮਨ ਜਦੋਂ ਭੀ ਕਿਸੇ ਸ਼ੈ ਨੂੰ ਵੇਖਦਾ ਹੈ ਤਾਂ ਉਸ ਤੇ ਪ੍ਰਭਾਵਤ ਹੁੰਦਾ ਹੈ, ਤਾਂ ਜਦੋਂ ਪ੍ਰਭਾਵਤ ਹੁੰਦਾ ਹੈ, ਤਾਂ ਉਸ ਦੀ ਚਾਹਤ ਹੁੰਦੀ ਹੈ, ਭਾਵ ਉਸ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਪਰ, ਜਦੋਂ ਕਿਸੇ ਵਸਤੂ ਦਾ ਅਕਾਰ ਹੀ ਸਾਹਮਣੇ ਨਹੀਂ ਤਾਂ ਉਸ ਦੀ ਚਾਹਤ ਭੀ ਨਹੀਂ ਹੋਇਆ ਕਰਦੀ। ਸੋ ਇਹੀ ਕਾਰਨ ਹੈ ਕਿ ਮਨੁੱਖਾਂ ਦੇ ਦਿਲ ਦਿਮਾਗਾਂ ਵਿਚੋਂ ਉਸ ਰੱਬ ਦੀ ਹੋਂਦ ਵਲੋਂ ਨਾਸਤਕ ਪੁਣਾ ਦਿਨੋ ਦਿਨ ਵਧਦਾ ਜਾ ਰਿਹਾ ਹੈ, ਕਿਉਂਕਿ, ਉਸ ਰੱਬ ਦਾ ਮਨੁੱਖ ਦੇ ਸਾਹਮਣੇ ਕੋਈ ਭੀ ਸੂਖਮ ਅਸਥੂਲ ਅਕਾਰ ਨਹੀਂ ਦਿਸ ਰਿਹਾ, ਜਿਸ ਕਰ ਕੇ ਇਸ ਦੇ ਅੰਤਰ ਆਤਮੇਂ ਉਸ ਨੂੰ ਮਿਲਣ ਦੀ ਆਸਾ ਹੀ ਨਹੀਂ ਪੈਦਾ ਹੁੰਦੀ।

ਪ੍ਰ:–ਭਗਤ ਜੀਉ ! ਜਦੋਂ ਅਸੀਂ ਅਜਿਹੇ ਨਾਸਤਕਾਂ ਨਾਲ ਵੀਚਾਰ ਵਟਾਂਦਰਾ ਕਰਦੇ ਹਾਂ ਤੇ ਉਨ੍ਹਾਂ ਨੂੰ ਇਹ ਦਲੀਲ ਦੇਂਦੇ ਹਾਂ ਕਿ, ਵੇਖੋ ਭਾਈ, ਇਹ ਜੋ ਏਡਾ ਵਡਾ ਜਗਤ ਦਿਸ ਰਿਹਾ ਹੈ, ਇਸ ਨੂੰ ਰਚਨ ਵਾਲੀ ਕੋਈ ਤਾਂ ਤਾਕਤ ਹੈ, ਕਿਉਂਕਿ, ਕਰਤੇ ਤੋਂ ਬਿਨਾ ਤਾਂ ਕੋਈ ਭੀ ਕਿਰਤ ਨਹੀਂ ਹੋ ਸਕਦੀ, ਸੋ ਇਸੇ ਜਗਤ ਨੂੰ ਉਸ ਕਰਤਾਰ ਦਾ ਹੀ ਸਰੂਪ ਮੰਨਣਾ ਚਾਹੀਦਾ ?

ਉ:–ਹੇ ਭਾਈਓ ! ਅਜਿਹੇ ਨਾਸਤਕ ਤਾਂ ਮੇਰੇ ਪਾਸ ਭੀ ਕਈ ਆਉਂਦੇ ਹਨ, ਜਦੋਂ ਉਨ੍ਹਾਂ ਨੂੰ ਇਹ ਦਲੀਲ ਦਿਤੀ ਜਾਂਦੀ ਹੈ, ਤਾਂ ਉਨ੍ਹਾਂ ਵਲੋਂ ਇਕ ਨਵਾਂ ਹੋਰ ਸੁਆਲ ਖੜਾ ਕੀਤਾ ਜਾਂਦਾ ਹੈ ਕਿ, ਜੇ ਇਹੋ ਉਸ ਰੱਬ ਦਾ ਸਰੂਪ ਸੰਸਾਰ ਹੈ, ਤਾਂ ਸੰਸਾਰ ਤਾਂ ਆਉਂਦਾ ਜਾਂਦਾ ਜੰਮਦਾ ਮਰਦਾ ਹੈ, ਕੀ ਉਸ ਰੱਬ ਨੂੰ ਭੀ ਜੰਮਣ ਮਰਣ ਵਾਲਾ ਮੰਨ ਲਿਆ ਜਾਏ, ਜੇ ਉਸ ਰੱਬ ਨੂੰ ਭੀ ਜੰਮਣ ਮਰਣ ਵਿਚ ਆਉਣ ਜਾਣ ਵਾਲਾ ਮੰਨ ਲਿਆ ਜਾਵੇਤਾਂ ਫਿਰ ਉਹ ਰੱਬ ਹੀ ਨਹੀਂ ਕਿਹਾ ਜਾ ਸਕਦਾ, (ਕਿਉਂਕਿ) ਤੁਹਾਡੇ ਕਥਨ ਮੁਤਾਬਕ ਤਾਂ ਤੁਹਾਡਾ ਰੱਬ ਨਾਸ ਨਹੀਂ ਹੁੰਦਾ। ਜੋ ਤੁਸੀਂ ਕਹਿੰਦੇ ਹੋ ਕਿ ਕਰਤੇ ਤੋਂ ਬਿਨਾ ਕੋਈ ਭੀ ਕਿਰਤ ਨਹੀਂ ਹੁੰਦੀ ਤਾਂ ਫਿਰ ਇਹ ਭੀ ਮੰਨਣਾ ਪਵੇਗਾ ਕਿ ਉਸ ਕਰਤੇ ਦਾ ਭੀ ਕੋਈ ਹੋਰ ਕਰਤਾ ਹੈ, ਜੇ ਉਸ ਦਾ ਹੋਰ ਕਰਤਾ ਮੰਨੋਗੇ ਤਾਂ ਫਿਰ ਉਹ ਭੀ ਪਤੰਤਰ ਹੋਵੇਗਾ, ਸੁਤੰਤਰ ਨਹੀਂ। ਜੇ ਤੁਹਾਡਾ ਕਰਤਾ ਭੀ ਕਿਸੇ ਦੇ ਅਧੀਨ ਹੈ ਫਿਰ ਦਸੋ, ਉਸ ਨੂੰ ਕਰਤਾਰ, ਰਬ ਕਿਵੇਂ ਮੰਨਿਆ ਜਾ ਸਕਦਾ, ਹੇ ਭਾਈਓ ! ਉਸ ਕਰਤੇ ਕਰਤਾਰ ਨੂੰ ਸਿਧ ਕਰਨ ਲਈ ਠੋਸ ਦਲੀਲ ਆਸਤਕਾਂ ਪਾਸ ਕੋਈ ਨਹੀਂ ਹੈ ਕਿਉਂ ਅੱਜ ਤਕ ਜਿਤਨੇ ਭੀ ਪੀਰ ਪੈਗੰਬਰ, ਗੁਰੂ ਅਵਤਾਰ ਆਏ ਹਨ ਉਹ ਰੱਬ ਦਾ ਪ੍ਰਤਖ ਪ੍ਰਮਾਣ ਕੋਈ ਨਹੀਂ ਦੇ ਸਕ ਇਸ ਲਈ ਮਨੁੱਖ ਦੇ ਦਿਲ ਦਿਮਾਗ ਵਿਚ ਨਾਸਤਕ ਹੋਣ ਦੀ ਵਧੇਰੇ ਪ੍ਰੇਰਨਾ ਵੇਖਣ ਵਿਚ ਆਉਂਦੀ ਹੈ।

ਪ੍ਰ:–ਸ੍ਰੀ ਜੀਉ ! ਕੋਈ ਆਪ ਹੀ ਸੁਖੈਨ ਸਾਧਨ ਦਸੋ ?

1. ਉ:–ਹੇ ਪਿਆਰੇ ! ਉਸ ਪਾਰਸ ਰੂਪ ਪ੍ਰਭੂ ਦੇ ਚਰਨ ਛੋਹਣੇ ਸੌਖਾ ਕੰਮ ਨਹੀਂ ਹੈ (ਕਿਉਂਕਿ) ਉਹ ਇਨ੍ਹਾਂ ਅੱਖਾਂ ਨਾਲ ਦਿਸਦਾ ਨਹੀਂ ਹੈ ਤੇ (ਉਸ ਨੂੰ ਵੇਖਣ ਤੋਂ ਬਿਨਾ (ਉਸ ਪਾਰਸ ਰੂਪ ਪ੍ਰਭੂ ਦੇ ਚਰਨ ਛੋਹਣ ਦੀ ਤਾਂਘ ਪੈਦਾ ਨਹੀਂ ਹੁੰਦੀ।
2. ਹੇ ਭਾਈ ! ਇਸ ਦਿਸਦੇ ਸੰਸਾਰ ਨਾਲ ਹੀ ਮੋਹ ਬਣਿਆ ਰਹਿੰਦਾ ਹੈ ਤੇ ਇਹ ਜੋ ਕੁਝ ਦਿਸ ਰਿਹਾ ਹੈ, ਇਹ ਨਾਸ ਹੋ ਜਾਣ ਵਾਲਾ ਹੈ।

ਪ੍ਰ:–ਕਿਉਂ ਜੀ ! ਤੁਸੀਂ ਨਿਸ਼ਕਾਮ ਹੋ ਜਾਣ ਵਾਲਾ ਜੋਗੀ ਕਿਸ ਨੂੰ ਮੰਨਦੇ ਹੋ ?

3. ਉ:–ਹੇ ਪਿਆਰੇ ! ਜੋ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ, ਪ੍ਰਭੂ ਦਾ ਨਾਮ ਜਪਦਾ ਹੈ।
4. ਹੇ ਭਾਈ ! ਸਿਰਫ ਉਹੀ ਅਸਲ ਜੋਗੀ ਹੈ ਤੇ ਉਹ ਕਾਮਨਾ ਰਹਿਤ ਹੋ ਜਾਂਦਾ ਹੈ ।੧।

ਪ੍ਰ:–ਕਿਉਂ ਜੀ ! ਮਨੁੱਖ ਦੇ ਮਨ ਵਿਚੋਂ ਦੁਬਿਧਾ ਕਿਵੇਂ ਦੂਰ ਹੋ ਸਕਦੀ ਹੈ ?

5. ਉ:–ਹੇ ਭਾਈ ! ਜਦੋਂ ਕੋਈ ਮਨੁੱਖ ਪ੍ਰਮਾਤਮਾਂ ਦਾ ਨਾਮ ਸਿਮਰਦਾ ਹੈ, ਤਾਂ ਉਸਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ।
6. ਐ ਪਿਆਰੇ ! ਜਦੋਂ ਉਹ ਪਾਰਸ ਰੂਪ ਪ੍ਰਭੂ ਨੂੰ ਛੂੰਹਦਾ ਹੈ, (ਉਹ ਮਾਨੋ ਸੋਨਾ ਹੋ ਜਾਂਦਾ ਹੈ) ਤੇ ਉਸ ਦੀ ਮੇਰ ਤੇਰ ਮੁਕ ਜਾਂਦੀ ਹੈ ।੧। ਰਹਾਉ।
7. ਹੇ ਭਾਈ ! ਅਸਲ ਵਿਚ ਨਾਮ ਸਿਮਰਨ ਵਾਲਾ ਉਹ ਮਨੁੱਖ ਹੀ ਰਿਸ਼ੀ ਹੈ, ਉਹ (ਨਾਮ ਦੀ ਬਰਕਤ ਨਾਲ) ਆਪਣੇ ਮਨ ਦੀ ਮੇਰ ਤੇਰ ਮਿਟਾ ਲੈਂਦਾ ਹੈ ।
8. ਤੇ ਉਹ ਉਸ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਜਿਸ ਦਾ ਕੋਈ ਖਾਸ ਸਰੀਰ ਨਹੀਂ ਹੈ।
9. ਹੇ ਭਾਈ ! (ਜਗਤ ਵਿਚ) ਹਰੇਕ ਮਨੁੱਖ ਆਪੋ ਆਪਣੇ ਮਨ ਦਾ ਸੁਭਾਉ ਵਰਤਦਾ ਹੈ (ਆਪਣੇ ਮਨ ਪਿਛੇ ਤੁਰਦਾ ਹੈ)।
10. ਪਰ, ਨਾਮ ਸਿਮਰਨ ਵਾਲਾ ਮਨੁੱਖ ਆਪਣੇ ਮਨ ਦੇ ਪਿਛੇ ਤੁਰਨ ਦੇ ਥਾਂ, ਨਾਮ ਦੀ ਬਰਕਤ ਨਾਲ ਕਰਤਾਰ ਰੂਪ ਹੋ ਜਾਂਦਾ ਹੈ ਅਤੇ ਉਹ ਉਸ ਅਵਸਥਾ ਵਿਚ ਟਿਕਿਆ

ਰਹਿੰਦਾ ਹੈ ਜਿਥ ਕੋਈ ਭੀ ਡਰ ਭਉ ਨਹੀਂ ।੨।

ਪ੍ਰ:—ਕਿਉਂ ਜੀ ! ਗਿਆਨ ਪ੍ਰਾਪਤੀ ਦਾ ਅਸਲ ਸਰੂਪ ਕੀ ਹੈ ?

11. ਉ:—ਹੇ ਭਾਈਓ ! ਜਗਤ ਦੀ ਸਾਰੀ ਬਨਾਸਪਤੀ ਫਲ ਦੇਣ ਲਈ ਖਿੜਦੀ ਹੈ ।

12. ਜਦੋਂ ਫਲ ਲਗਦਾ ਹੈ ਤਾਂ ਫੁੱਲ ਦੂਰ ਹੋ ਜਾਂਦਾ ਹੈ ।

13. ਇਸੇ ਹੀ ਤਰ੍ਹਾਂ ਦੁਨੀਆਂ ਦੀ ਰੋਜ਼ਾਨਾ ਕਿਰਤ ਕਾਰ ਗਿਆਨ ਦੀ ਖਾਤਰ ਹੈ ਪ੍ਰਭੂ ਵਿਚ ਪਰਚਣ ਲਈ ਹੈ, ਉਚੇ ਜੀਵਨ ਦੀ ਸੂਝ ਲਈ ਹੈ ।

14. ਜਦੋਂ ਉਸ ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਅੱਪੜ ਕੇ ਕਿਰਤ ਕਾਰ ਦਾ (ਮਾਇਕ ਉਦਮਾਂ ਦਾ) ਮੋਹ ਮਿਟ ਜਾਂਦਾ ਹੈ ।੩।

15. ਐ ਪਿਆਰੇ ! ਜਿਵੇਂ ਸਿਆਣੀ ਇਸਤ੍ਰੀ ਘਿਉ ਦੀ ਖਾਤਰ ਦਹੀਂ ਰਿੜਕਦੀ ਹੈ ।

16. ਤਿਵੇਂ ਜੋ ਮਨੁੱਖ ਨਾਮ ਜਪ ਕੇ ਪ੍ਰਭੂ ਚਰਨਾਂ ਵਿਚ ਪਰਚਦਾ ਹੈ ਉਹ ਜਾਣਦਾ ਹੈ ਕਿ ਦੁਨੀਆਂ ਦਾ 'ਜੀਵਨ ਨਿਰਬਾਹ ਦੁਨੀਆਂ ਦੀ ਕਿਰਤ ਕਾਰ ਪ੍ਰਭੂ ਚਰਨਾਂ ਵਿਚ ਜੁੜਨ ਵਾਸਤੇ ਹੈ, ਸੋ, ਉਹ ਮਨੁੱਖ ਨਾਮ ਦੀ ਬਰਕਤ ਨਾਲ ਮਾਇਆ ਦੀ ਕਿਰਤ ਕਾਰ ਕਰਦਾ ਹੋਇਆ ਹੀ ਮੁਕਤ ਹੁੰਦਾ ਹੈ ਤੇ ਸਦਾ ਵਾਸ਼ਨਾਂ ਰਹਿਤ ਰਹਿੰਦਾ ਹੈ ।

17. ਹੇ ਭਾਈ ! ਰਵਿਦਾਸ ਇਹ ਸਭ ਤੋਂ ਉਚੇ ਵੈਰਾਗ (ਦੀ ਪ੍ਰਾਪਤੀ) ਦੀ ਗਲ ਦਸਦਾ ਹੈ ।

18. ਹੇ ਭਾਗ ਹੀਣ ! ਪ੍ਰਭੂ ਤੇਰੇ ਹਿਰਦੇ ਵਿਚ ਹੀ ਹੈ, ਤੂੰ ਉਸਨੂੰ ਕਿਉਂ ਨਹੀਂ ਯਾਦ ਕਰਦਾ ।੪।੧।

ਭਾਵਾਰਥ :—ਜਦ ਤਕ ਕਿਸੇ ਹਸਤੀ ਨੂੰ ਦੇਖੀਏ ਨਾ ਤਦ ਤਕ ਉਸ ਦੇ ਨਾਲ ਪਿਆਰ ਨਹੀਂ ਪੈ ਸਕਦਾ, ਹੁਣ ਹਰੀ ਦਿਸਦਾ ਨਹੀਂ, ਉਸ ਨੂੰ ਕਿਵੇਂ ਧਿਆਈਏ ? ਦ੍ਰਿਸ਼ਟਮਾਨ ਦੇ ਰੂਪ ਵਿਚ ਉਸ ਨੂੰ ਧਿਆ ਨਹੀਂ ਸਕਦੇ, ਕਿਉਂਕਿ, ਇਹ ਸਭ ਕੁਝ ਨਾਸ ਹੋ ਜਾਣ ਵਾਲਾ ਹੈ । ਇਕ ਸਿਫਤ ਸਲਾਹ ਹੀ ਹੈ, ਜਿਸ ਦੁਆਰਾ ਹਰੀ ਦੀ ਅਰਾਧਨਾ ਹੋ ਸਕਦੀ ਹੈ, ਇਹ ਅਰਾਧਨਾ ਚੂੰਕਿ ਨਿਰਾਕਾਰ ਹਰੀ ਦੀ ਹੈ, ਇਸ ਲਈ ਇਸਦੇ ਕਰਨ ਵਾਲੇ ਨੂੰ ਭੀ ਚਾਹੀਦਾ ਹੈ ਕਿ ਪੰਜ ਭੂਤਕ ਹਾਲਤਾਂ ਤੋਂ ਉਤੇ ਹੋ ਕੇ ਬਲਕਿ ਮਨ ਦੇ ਸੁਭਾਉ ਤੋਂ ਉਤੇ ਹੋ ਕੇ ਨਿਰੋਲ ਅਨੁਭਵੀ ਆਤਮਕ ਗਿਆਨ ਦੁਆਰੇ ਕਰੇ, ਇਹ ਗਿਆਨ ਪ੍ਰਾਪਤ ਕਰਨ ਲਈ ਭਾਵੇਂ ਵਧ ਤੋਂ ਵਧ ਮਸ਼ੱਕਤ ਕਰਨੀ ਪੈਂਦੀ ਹੈ, ਪਰ ਗਿਆਨ ਪਦ ਤੇ ਪੁੱਜ ਕੇ ਹਿਰਦੇ ਦੀ ਲਿਵ ਹੀ ਜਾਰੀ ਰਹਿੰਦੀ ਹੈ ।

ਨੋਟ:—ਸਾਰੇ ਸ਼ਬਦ ਵਿਚ ਉਸ ਜੀਵਨ ਦਾ ਵਿਸਥਾਰ ਹੈ, ਜੋ ਨਾਮ ਸਿਮਰਿਆਂ ਬਣਦਾ ਹੈ, ਇਸ ਕੇਂਦਰੀ ਖਿਆਲ ਦੇ ਦੁਆਲੇ ਹੀ ਸਾਰੇ ਸ਼ਬਦ ਨੇ ਰਹਿਣਾ ਹੈ । ਕਿਸੇ ਕਰਮ ਕਾਂਡ ਦਾ ਕੋਈ ਜ਼ਿਕਰ ਰਵਿਦਾਸ ਜੀ ਨੇ 'ਰਹਾਉ' ਦੀ ਤੁਕ ਵਿਚ ਨਹੀਂ ਛੇੜਿਆ ।

ਨਾਮਦੇਵ ॥

1. ਆਉ ਕਲੰਦਰ ਕੇਸਵਾ ॥
2. ਕਰਿ ਅਬਦਾਲੀ ਭੇਸਵਾ ॥ ਰਹਾਉ ॥
3. ਜਿਨਿ ਆਕਾਸ ਕੁਲਹ ਸਿਰਿ ਕੀਨੀ
ਕਉਸੈ ਸਪਤ ਪਯਾਲਾ ॥
4. ਚਮਰ ਪੋਸ ਕਾ ਮੰਦਰੁ ਤੇਰਾ
ਇਹ ਬਿਧਿ ਬਨੇ ਗੁਪਾਲਾ ॥੧॥
5. ਛਪਨ ਕੋਟਿ ਕਾ ਪੇਹਨੁ ਤੇਰਾ
ਸੋਲਹ ਸਹਸ ਇਜਾਰਾ ॥
6. ਭਾਰ ਅਠਾਰਹ ਮੁਦਗਰੁ ਤੇਰਾ
ਸਹਨਕ ਸਭ ਸੰਸਾਰਾ ॥੨॥
7. ਦੇਹੀ ਮਹਜਿਦਿ ਮਨੁ ਮਉਲਾਨਾ
ਸਹਜ ਨਿਵਾਜ ਗੁਜਾਰੈ ॥
8. ਬੀਬੀ ਕਉਲਾ ਸਉ ਕਾਇਨੁ ਤੇਰਾ
ਨਿਰੰਕਾਰ ਆਕਾਰੈ ॥੩॥
9. ਭਗਤਿ ਕਰਤ ਮੇਰੇ ਤਾਲ ਛਿਨਾਏ
ਕਿਹ ਪਹਿ ਕਰਉ ਪੁਕਾਰਾ ॥
10. ਨਾਮੇ ਕਾ ਸੁਆਮੀ ਅੰਤਰਜਾਮੀ
ਫਿਰੇ ਸਗਲ ਬੇਦੇਸਵਾਂ ॥੪॥੧॥

ਪਦ ਅਰਥ :—ਆਉ—ਜੀ ਆਇਆਂ ਨੂੰ । ਕਲੰਦਰ—ਹੇ ਕਲੰਦਰ । ਕੇਸਵਾ—ਹੇ ਕੇਸਵ, ਹੇ ਸੋਹਣੇ ਕੇਸਾਂ ਵਾਲੇ ਪ੍ਰਭੂ । ਕਰਿ—ਕਰ ਕੇ । ਅਬਦਾਲੀ ਭੇਸਵਾ—ਅਬਦਾਲੀ ਫਕੀਰਾਂ ਵਾਲਾ ਸੋਹਣਾ ਵੇਸ । ਰਹਾਉ ।

ਨੋਟ :—ਬੰਦਗੀ ਵਾਲੇ ਮੁਸਲਮਾਨ ਫਕੀਰ ਕੇਸ (ਜ਼ੁਲਫਾਂ) ਰਖਦੇ ਹਨ, ਇਸ ਵਾਸਤੇ 'ਕਲੰਦਰ' ਦੇ ਨਾਲ ਲਫਜ਼ 'ਕੇਸਵ' ਭੀ ਵਰਤਿਆ ਹੈ । ਅਬਦਾਲੀ ਫਕੀਰ ਸਿਰ ਉਤੇ ਕੁੱਲਾ (ਉਚੀ ਨੋਕ ਵਾਲੀ ਟੋਪੀ) ਪਾਂਦੇ ਹਨ, ਵਡਾ ਚੋਲਾ, ਲੰਬਾ ਤੰਬਾ ਆਦਿਕ ਉਨ੍ਹਾਂ ਦੀ ਪੁਸ਼ਾਕ ਹੁੰਦੀ ਹੈ ।

ਨਾਮਦੇਵ ਜੀ ਕਿਸੇ ਅਬਦਾਲੀ ਫਕੀਰ ਨੂੰ ਵੇਖ ਕੇ ਪ੍ਰਮਾਤਮਾਂ ਨੂੰ ਭੀ ਅਬਦਾਲੀ ਰੂਪ ਵਿਚ ਬਿਆਨ ਕਰਦੇ ਹਨ । ਜਦੋਂ ਬਾਦਸ਼ਾਹ ਨੇ ਡਰਾਵੇ ਦਿਤੇ ਤਾਂ ਨਾਮਦੇਵ ਜੀ ਕਹਿਣ ਲਗੇ ਕਿ ਮੇਰੀ ਪੈਜ ਰਖਣ ਲਈ 'ਗਰੜ ਚੜੇ ਗੋਬਿੰਦੁ ਆਇਲਾ' ਨਿਡਰ ਹੋ ਕੇ ਇਕ ਕੱਟੜ ਮੁਸਲਮਾਨ ਦੇ ਸਾਹਮਣੇ ਪ੍ਰਮਾਤਮਾਂ ਦਾ ਉਹ ਸਰੂਪ ਦਸਦੇ ਹਨ ਜੋ ਹਿੰਦੂ ਪੁਰਾਣਾਂ ਨੇ ਮਿਥਿਆ ਹੋਇਆ ਹੈ । ਪਰ ਜਦੋਂ ਮੰਦਰ ਵਿਚੋਂ ਕਢੇ ਜਾਣ ਦਾ ਜਿਕਰ ਕਰਦੇ ਹਨ ਤਾਂ ਆਪਣੇ ਪ੍ਰਭੂ ਨੂੰ ਮੁਸਲਮਾਨੀ ਰੂਪ ਵਿਚ ਬਿਆਨ ਕਰਦੇ ਹਨ । ਕਿਸੇ ਖਾਸ ਸਰੂਪ ਦੇ ਪੁਜਾਰੀ ਨਹੀਂ ਹਨ, ਉਨ੍ਹਾਂ ਦਾ ਪ੍ਰਮਾਤਮਾਂ 'ਸਗਲ ਬੇਦੇਸਵਾ' ਵਿਚ ਫਿਰਨ ਵਾਲਾ (ਵਿਆਪਕ) ਹੈ ।

ਜਿਨਿ—ਜਿਸ (ਤੈ) ਨੇ । ਕੁਲਹ—ਟੋਪੀ, ਕੁੱਲਾ । ਸਿਰ—ਸਿਰਿ ਉਤੇ । ਕਉਤੈਂ—ਖੜਾਵਾਂ । ਪਿਯਾਲਾ—ਪਤਾਲ । ਚਮਰ ਪੋਸ—ਚੰਮ ਦੀ ਪੁਸ਼ਾਕ ਵਾਲੇ, ਸਾਰੇ ਜੀਅ ਜੰਤ । ਮੰਦਰੁ—ਘਰ । ਗੁਪਾਲ—ਹੇ ਧਰਤੀ ਦੇ ਰੱਖਿਅਕ ।੧।

ਛਪਨ ਕੋਟਿ—ਛਪੰਜਾ ਕਰੋੜ ਮੇਘ ਮਾਲਾ, ਛਪੰਜਾ ਕਰੋੜ ਬੱਦਲ । ਪੇਹਨ—ਚੋਗਾ । ਸੋਲਹ ਸਹਸ—ਸੋਲ੍ਹਾਂ ਹਜ਼ਾਰ (ਆਲਮ) ।

ਨੋਟ:—ਮੁਸਲਮਾਨੀ ਖਿਆਲ ਅਨੁਸਾਰ ਕੋਈ ਅਠਾਰਾਂ ਹਜ਼ਾਰ ਤੇ ਕੋਈ ਸੋਲ੍ਹਾਂ ਹਜ਼ਾਰ ਆਲਮ (ਜਹਾਨ) ਆਖਦੇ ਹਨ । ਕਈ ਵਿਦਵਾਨ ਸੱਜਣ ਇਸ ਦਾ ਅਰਥ ਸੋਲਾਂ ਹਜਾਰ ਗੋਪੀਆਂ ਕਰਦੇ ਆ ਰਹੇ ਹਨ । ਪਰ, ਇਹ ਉੱਕਾ ਹੀ ਗਲਤ ਤੇ ਅਢੁੱਕਵਾਂ ਹੈ, ਪ੍ਰਭੂ ਦਾ ਸਰੂਪ ਬਿਆਨ ਕਰਦੇ ਹੋਏ ਸਾਰੇ ਅਕਾਸ਼, ਸਾਰੇ ਪਤਾਲ, ਸਾਰੇ ਜੀਅ ਜੰਤ, ਸਾਰੀਆਂ ਮੇਘ ਮਾਲਾ ਸਾਰੀ ਬਨਾਸਪਤੀ, ਸਾਰਾ ਸੰਸਾਰ ਉਸ ਪ੍ਰਭੂ ਦੇ ਬਾਹਰਲੇ ਲਿਬਾਸ ਦਾ ਹਿਸਾ ਦਸਦੇ ਹਨ । ਬੇਅੰਤ ਜੀਵ ਪੈਦਾ ਪ੍ਰਭੂ ਦੇ 'ਇਜਾਰੇ' ਵਾਸਤੇ 'ਸੋਲਾਂ ਹਜ਼ਾਰ ਗੋਪੀਆਂ' ਕੋਈ ਵਡਿਆਈ ਦੀ ਗਲ ਨਹੀਂ ਹੈ, ਇਹ ਤਾਂ ਸੁਲਤਾਨ ਨੂੰ ਮੀਆਂ ਆਖਣ ਵਾਲੀ ਭੀ ਨਹੀਂ । ਇਜਾਰਾ—ਤੰਬਾ । ਭਾਰ ਅਠਾਰਹ—ਬਨਾਸਪਤੀ ਦੇ ਅਠਾਰ੍ਹਾਂ ਭਾਰ, ਸਾਰੀ ਬਨਾਸਪਤੀ । ਮੁਦਗਰੁ—ਮੁਤਹਰਾ. ਸਲੋਤਰ, ਡੰਡਾ ਜੋ ਫਕੀਰ ਲੋਕ ਆਮ ਤੌਰ ਤੇ ਹੱਥ ਵਿਚ ਰਖਦੇ ਹਨ । ਸਹਨਕ—ਮਿੱਟੀ ਦੀ ਰਕੇਬੀ ।੨।

ਦੇਹੀ—(ਮੇਰਾ) ਸਰੀਰ । ਮਹਜਿਦ—ਮਸਜਦ, ਮਸੀਤ ਮਉਲਾਨਾ—ਮੌਲਵੀ, ਮੁਲਾਂ । ਸਹਜ—ਅਡੋਲਤਾ । ਸਹਜ ਨਿਵਾਜ—ਅਡੋਲਤਾ ਰੂਪ ਨਿਵਾਜ਼ । ਕਉਲਾ—ਮਾਇਆ । ਸਉ—ਸਿਉਂ, ਨਾਲ । ਕਾਇਨੁ—ਨਕਾਹ,ਵਿਆਹ । ਨਿਰੰਕਾਰ—ਹੇ ਨਿਰੰਕਾਰ, ਹੇ ਅਕਾਰ ਰਹਿਤ ਪ੍ਰਭੂ । ਆਕਾਰ—ਜਗਤ । ਨਿਰੰਕਾਰ ਆਕਾਰੈ—ਹੇ ਸਾਰੇ ਜਗਤ ਦੇ ਨਿਰੰਕਾਰ ।੩।

ਛਿਨਾਏ—ਖੁਹਾਏ । ਨੋਟ:—ਲਫ਼ਜ਼ 'ਛੀਨੇ' ਅਤੇ 'ਛਿਨਾਇ' ਵਖੋ ਵਖ ਅਰਥਾਂ ਵਾਲੇ ਹਨ । ਕਿਸੇ ਉਸ 'ਕਲੰਦਰ' ਨੂੰ ਸੰਬੋਧਨ ਨਹੀਂ ਕਰ ਰਹੇ, ਜਿਸ ਨੇ ਨਾਮਦੇਵ ਦੇ ਛੈਣੇ 'ਖੋਹੇ' । ਸਰਬ ਵਿਆਪਕ ਪ੍ਰਭੂ ਦਾ ਅਬਦਾਲੀ ਭੇਸ ਬਿਆਨ ਕਰਦੇ ਹੋਏ ਆਖਦੇ ਹਨ ਕਿ ਤੂੰ ਹੀ ਮੇਰੇ ਛੈਣੇ 'ਖੁਹਾਏ' । ਨਾਮਦੇਵ ਜੀ ਲਫਜ਼ (ਤਾਲ ਛਿਨਾਏ) ਉਸੇ ਤਰ੍ਹਾਂ ਵਰਤਿਆ ਹੈ ਜਿਵੇਂ ਕਬੀਰ ਜੀ ਨੇ 'ਯਹ ਮਾਲਾ ਅਪੁਨੀ ਲੀਜੈ' ਵਰਤਿਆ ਹੈ । ਨਾ ਕਬੀਰ ਜੀ ਗਲ ਵਿਚ ਮਾਲਾ ਪਾਈ ਫਿਰਦੇ ਸਨ, ਨਾ ਨਾਮਦੇਵ ਜੀ ਹੱਥ ਵਿਚ ਛੈਣੇ ਫੜੀ ਫਿਰਦੇ ਸਨ । ਛੈਣੇ ਆਮ ਤੌਰ ਤੇ ਮੰਦਰਾਂ ਵਿਚ ਹੀ ਆਰਤੀ ਵੇਲੇ ਵਜਾਏ ਜਾਂਦੇ ਹਨ, ਸੋ, 'ਤਾਲ ਛਿਨਾਏ' ਦਾ ਭਾਵ ਹੈ ਕਿ ਮੰਦਰ ਵਿਚੋਂ ਧਕੇ ਦਿਵਾਏ, ਮੰਦਰ ਵਿਚੋਂ ਕਢਾ ਦਿਤਾ । ਕਿਹ ਪਹਿ—ਹੋਰ ਕਿਸ ਪਾਸ ? ਪੁਕਾਰਾ—ਫਰਿਆਦ, ਸ਼ਿਕਾਇਤ । ਫਿਰੇ—ਫਿਰਦਾ ਹੈ, ਵਿਆਪਕ ਹੈ । ਸਗਲ ਬੇਦੇਸਵਾ—ਸਾਰੇ ਦੇਸ਼ਾਂ ਵਿਚ ।੪।

ਅਰਥ :—

ਪ੍ਰ:—ਭਗਤ ਜੀਉ ! ਨਾਮ ਦਾ ਚਿੰਤਨ ਕਰਦਿਆਂ ਮਨੁੱਖ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਂਦੀ ਹੈ, ਤਾਂ ਉਨ੍ਹਾਂ ਨੂੰ ਉੱਤਰ ਦੇ ਰਹੇ ਹਨ ਕਿ, ਹੇ ਭਾਈਓ ! ਚਿੰਤਨ ਦਾ ਸਦਕਾ ਮਨੁੱਖ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ, ਇਸ ਖਿਆਲ ਨੂੰ ਸਾਬਤ ਕਰਨ ਲਈ ਇਕ ਆਪਣੀ ਹੱਡ ਬੀਤੀ ਵਾਰਤਾ ਦਾ ਬਿਆਨ ਕਰਦੇ ਹਨ ਕਿ ਇਕ ਸਮੇਂ ਮੇਰੇ ਸਾਹਮਣੇ ਇਕ ਅਬਦਾਲੀ ਫਕੀਰ ਆਇਆ, ਉਸ ਅਬਦਾਲੀ ਦੇ ਰੂਪ ਨੂੰ ਤੱਕ ਕੇ ਮੈਨੂੰ ਉਸ ਵਿਚ ਪ੍ਰਮੇਸ਼ਰ ਦਾ ਹੀ ਝਲਕਾਰਾ ਪਿਆ । ਕਿਉਂ ਜੀ ! ਉਸ ਦੇ ਸਰੂਪ ਨੂੰ ਤੱਕ ਕੇ ਜੋ ਕੁਝ ਤੁਹਾਨੂੰ ਸਫੁਰਨ ਹੋਇਆ ਕੀ ਉਸ ਤੋਂ ਸਾਨੂੰ ਜਾਣੂ ਕਰਾਉਗੇ, ਤਾਂ ਨਾਮਦੇਵ ਜੀ ਨੇ ਜੋ ਕੁਝ ਉਸ ਪ੍ਰਮੇਸ਼ਰ ਨੂੰ ਅਬਦਾਲੀ ਰੂਪ ਵਿਚ ਤੱਕ ਕੇ ਉਚਾਰਨ ਕੀਤਾ ਸੀ, ਉਸ ਨੂੰ ਸ਼ਬਦ ਰੂਪ ਵਿਚ ਬਿਆਨ ਕਰਦੇ ਹਨ ?

1. ਉ:—ਹੇ ਭਾਈਓ ! ਮੈਂ ਉਸ ਨੂੰ ਆਖਿਆ ਕਿ, ਹੇ (ਸੋਹਣੀਆਂ ਜ਼ੁਲਫਾਂ ਵਾਲੇ) ਕਲੰਦਰ ਪ੍ਰਭੂ ! ਹੇ ਸੋਹਣੇ ਕੇਸਾਂ ਵਾਲੇ ਪ੍ਰਭੂ ।
2. ਤੂੰ ਅਬਦਾਲੀ ਫਕੀਰਾਂ ਦਾ ਪਹਿਰਾਵਾ ਪਾ ਕੇ (ਆਇਆ ਹੈ) ਜੀ ਆਇਆਂ ਨੂੰ (ਆ ਮੇਰੇ ਹਿਰਦੇ ਦੀ ਮਸੀਤ ਵਿਚ ਆ ਬੈਠ) । ਰਹਾਉ ।
3. ਹੇ ਕਲੰਦਰ ! ਹੇ ਕੇਸਵ, ਤੂੰ ਆ, ਤੂੰ ਜਿਸ ਨੇ (ਸਤ) ਅਸਮਾਨਾਂ ਨੂੰ ਕੁੱਲਾ (ਬਣਾ ਕੇ ਆਪਣੇ) ਸਿਰ ਉਤੇ ਪਾਇਆ ਹੋਇਆ ਅਤੇ ਜਿਸ ਨੇ ਸਤ ਪਤਾਲਾਂ ਨੂੰ ਆਪ-ਣੀਆਂ ਖੜਾਵਾਂ ਬਣਾਇਆ ਹੋਇਆ ਹੈ ।
4. ਹੇ ਕਲੰਦਰ ਪ੍ਰਭੂ ! ਸਾਰੇ ਜੀਅ ਜੰਤ ਵਸਣ ਲਈ ਘਰ ਹਨ, ਹੇ ਧਰਤੀ ਦੇ ਰਖਿਅਕ ਤੂੰ ਇਸ ਤਰ੍ਹਾਂ ਦਾ ਬਣਿਆ ਹੋਇਆ ਹੈਂ ।੧।
5. ਹੇ ਕਲੰਦਰ ਪ੍ਰਭੂ ! ਛਪੰਜਾ ਕਰੋੜ (ਮੇਘ ਮਾਲਾ) ਤੇਰਾ ਚੋਲਾ ਹੈ, ਸੋਲਾਂ ਹਜਾਰ ਆਲਮ ਤੇਰਾ ਤੰਬਾ ਹੈ ।
6. ਹੇ ਕੇਸਵ ! ਸਾਰੀ ਬਨਾਸਪਤੀ ਤੇਰਾ ਸਲੋਤਰ ਹੈ ਤੇ ਸਾਰਾ ਸੰਸਾਰ ਤੇਰੀ ਸਹਨਕੀ (ਮਿੱਟੀ ਦੀ ਰਕੇਬੀ) ਹੈ ।੨।
7. ਹੇ ਕਲੰਦਰ ਪ੍ਰਭੂ ! ਆ, ਮੇਰੀ ਮਸੀਤੇ ਆ) ਮੇਰਾ ਸਰੀਰ (ਤੇਰੇ ਲਈ) ਮਸੀਤ ਹੈ, ਮੇਰਾ ਮਨ (ਤੇਰੇ ਨਾਮ ਦੀ ਬਾਂਗ ਦੇਣ ਵਾਲਾ) ਮੁਲਾਂ ਹੈ, (ਅਤੇ ਤੇਰੇ ਚਰਨਾਂ ਵਿਚ ਰਹਿਕੇ) ਅਡੋਲਤਾ ਦੀ ਨਮਾਜ ਪੜ੍ਹ ਰਿਹਾ ਹੈ ।
8. ਹੇ ਸਾਰੇ ਜਗਤ ਦੇ ਮਾਲਕ ਨਿਰੰਕਾਰ ! ਬੀਬੀ ਲਛਮੀ ਨਾਲ ਤੇਰਾ ਵਿਆਹ ਹੋਇਆ ਹੈ (ਭਾਵ, ਇਹ ਸਾਰੀ ਮਾਇਆ ਤੇਰੇ ਚਰਨਾਂ ਦੀ ਹੀ ਦਾਸੀ ਹੈ) ।੩।

9. ਹੇ ਕਲੰਦਰ ਪ੍ਰਭੂ ! ਮੈਨੂੰ ਭਗਤੀ ਕਰਦੇ ਨੂੰ ਤੂੰ ਹੀ ਮੰਦਰ ਵਿਚੋਂ ਕਢਾਇਆ, (ਤੈਨੂੰ ਛਡ ਕੇ ਮੈਂ ਹੋਰ) ਕਿਸ ਅਗੇ ਦਿਲ ਦੀਆਂ ਗਲਾਂ ਕਰਾਂ ।

10. ਹੇ ਭਾਈਓ ! ਨਾਮਦੇਵ ਦਾ ਮਾਲਕ ਪ੍ਰਮਾਤਮਾਂ ਹਰੇਕ ਜੀਵ ਦੇ ਅੰਦਰ ਦੀ ਜਾਨਣ ਵਾਲਾ ਹੈ ਤੇ ਸਾਰੇ ਹੀ ਦੇਸ਼ਾਂ ਵਿਚ ਵਿਆਪਕ ਹੈ ।੪।੧।

ਭਾਵਾਰਥ :–ਇਸ ਸ਼ਬਦ ਵਿਚ ਹਰੀ ਦੀ ਲਾ-ਮੁਕਾਨ ਹਸਤੀ ਦਾ ਅਨੁਭਵ ਕਰਾਉਣ ਲਈ ਉਸਨੂੰ ਇਕ ਵੈਰਾਟ ਰੂਪ ਵਿਚ ਫਕੀਰ ਦੇ ਰੰਗ ਵਿਚ ਬਿਆਨ ਕੀਤਾ ਹੈ । ਸਿਮਰਨ ਦੀ ਬਰਕਤ, ਨਿਡਰਤਾ, ਉਚ ਜਾਤੀਏ ਲੋਕਾਂ ਦੀ ਵਧੀਕੀ ਵਿਰੁਧ ਅਵਾਜ ਉਠਾਂਦੇ ਹਨ ।

(ਰਾਗੁ ਭੈਰਉ ਸਮਾਪਤ)

ਰਾਗੁ ਬਸੰਤੁ

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

1. ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥
2. ਪਰਫੜੁ ਚਿਤ ਸਮਾਲਿ ਸੋਇ
 ਸਦਾ ਸਦਾ ਗੋਬਿੰਦੁ ॥੧॥
3. ਭੋਲਿਆ ਹਉਮੈ ਸੁਰਤਿ ਵਿਸਾਰਿ ॥
4. ਹਉਮੈ ਮਾਰਿ ਬੀਚਾਰਿ ਮਨ
 ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥
5. ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥
6. ਪਤ ਪਰਾਪਤਿ ਛਾਵ ਘਣੀ
 ਚੂਕਾ ਮਨ ਅਭਿਮਾਨੁ ॥੨॥
7. ਅਖੀ ਕੁਦਰਤਿ ਕੰਨੀ ਬਾਨੀ
 ਮੁਖਿ ਆਖਣੁ ਸਚੁ ਨਾਮੁ ॥
8. ਪਤਿ ਕਾ ਧਨੁ ਪੂਰਾ ਹੋਆ
 ਲਾਗਾ ਸਹਜਿ ਧਿਆਨੁ ॥੩॥
9. ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥
0. ਨਾਨਕ ਹਰੇ ਨ ਸੂਕਹੀ
 ਜਿ ਗੁਰਮੁਖਿ ਰਹ ਸਮਾਇ ॥੪॥੧॥

ਪਦ ਅਰਥ :–ਮਾਹਾ ਮਾਹ–ਮਹਾ ਮਹਾ ਵੱਡੀਆਂ ਵੱਡੀਆਂ । ਮੁਮਾਰਖੀ–ਮੁਬਾਰਕਾਂ, ਵਧਾਈਆਂ । ਸਦਾ ਬਸੰਤੁ–ਸਦਾ ਖਿੜੇ ਰਹਿਣ ਵਾਲਾ (ਪ੍ਰਭੂ ਪ੍ਰਕਾਸ਼) । ਪਰਫੜੁ–ਪ੍ਰਫੁਲਤ ਹੋ, ਖਿੜ । ਚਿਤ–ਹੇ ਚਿਤ । ਸਮਾਲਿ–ਸਾਂਭ ਰਖ । ਗੋਬਿੰਦੁ–ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਪ੍ਰਭੂ ।੧।

ਭੋਲਿਆ–ਹੇ ਕਮਲੇ (ਮਨ) । ਸੁਰਤਿ–ਬਿਰਤੀ । ਵਿਸਾਰਿ–ਭੁਲਾ ਦੇ । ਬੀਚਾਰਿ–ਸੋਚ ਸਮਝ, ਹੋਸ਼ ਕਰ । ਮਨ–ਹੇ ਮਨ । ਗੁਣ ਵਿਚਿ ਗੁਣੁ–ਗੁਣਾਂ ਵਿਚ ਸਰੇਸ਼ਟ ਗੁਣ, ਸਭ ਤੋਂ ਸ੍ਰੇਸ਼ਟ ਗੁਣ । ਲੈ ਸਾਰਿ–ਸਾਰ ਲੈ, ਸੰਭਾਲ ਲੈ ।੧।ਰਹਾਉ।

ਕਰਮ–(ਰੋਜਾਨਾ ਜੀਵਨ ਵਾਲੇ) ਕੰਮ । 'ਪੇਡ–ਰੁੱਖ । ਸਾਖਾ–ਟਹਿਣੀਆਂ । ਹਰੀ–ਹਰਿ ਨਾਮ ਦਾ ਸਿਮਰਨ । ਗਿਆਨੁ–ਪ੍ਰਭੂ ਨਾਲ ਡੂੰਘੀ ਸਾਂਝ । ਪਤ–ਪੱਤਰ । ਘਣੀ–

ਸੰਘਣੀ । ਮਨ ਅਭਿਮਾਨੁ–ਮਨ ਦਾ ਅਹੰਕਾਰ । ਚੂਕਾ–ਮੁੱਕ ਗਿਆ ।੨।

ਅਖੀ–ਅੱਖਾਂ ਨਾਲ । ਕੰਨੀ–ਕੰਨਾਂ ਨਾਲ । ਬਾਣੀ–ਸਿਫਤ ਸਲਾਹ । ਮੁਖਿ–ਮੂੰਹ ਵਿਚ । ਆਖਣੁ–ਬੋਲ । ਪਤਿ–ਇਜ਼ਤ । ਸਹਜਿ–ਸਹਜ ਵਿਚ, ਅਡੋਲਤਾ ਵਿਚ । ਧਿਆਨ–ਟਿਕਾਉ ।੩।

ਮਾਹਾ ਰੁਤੀ–ਮਹੀਨੇ ਤੇ ਰੁਤਾਂ । ਕਰਮ–(ਹਉਮੈ ਵਿਸਾਰਨ ਵਾਲੇ) ਕੰਮ ।੪।

ਅਰਥ :–

ਪ੍ਰ:–ਕਿਸੇ ਨੇ ਬਸੰਤ ਰੁੱਤ ਦੀ ਖਿੜੀ ਬਹਾਰ ਨੂੰ ਤੱਕ ਕੇ ਕਿਹਾ ਕਿ, ਹੇ ਗੁਰੋ ! ਤਕੋ, ਕੈਸੀ ਸੁੰਦਰਤਾ ਦੀ ਖਿੜਾਵਟ ਹੋ ਰਹੀ ਹੈ, ਜਿਸ ਨੂੰ ਵੇਖ ਕੇ ਮਨ ਵਿਚ ਅਤੀ ਖੇੜਾ ਆ ਰਿਹਾ ਹੈ, ਤਾਂ ਆਪ ਜੀ ਨੇ ਕਿਹਾ ਕਿ, ਹੇ ਭਾਈ ! ਇਹ ਬਸੰਤ ਰਤ ਦੀ ਖਿੜਾਵਟ ਦਾ ਖੇੜਾ ਤਾਂ ਕੇਵਲ ਦੋ ਮਹੀਨੇ ਹੀ ਰਹਿੰਦਾ ਹੈ, ਪਰ ਇਕ ਹੋਰ ਭੀ ਖੇੜਾ ਹੈ ਜੋ ਕਿ ਸਦਾ ਹੀ ਖਿੜੇ ਰਹਿਣ ਵਾਲਾ ਹੈ, ਕਿਉਂ ਜੀ ਉਹ ਸਾਨੂੰ ਭੀ ਦਸੋ, ਕਿਹੋ ਜਿਹਾ ਖੇੜਾ ਹੈ ਤੇ ਕਿਵੇਂ ਹਾਸਲ ਕੀਤਾ ਜਾ ਸਕਦਾ ਹੈ, ਤਾਂ ਆਪ ਜੀ ਉਸ ਖੇੜੇ ਦੀ ਪ੍ਰਾਪਤੀ ਦਾ ਸਾਧਨ ਆਪਣੇ ਮਨ ਨੂੰ ਸੰਬੋਧਨ ਕਰ ਰਹੇ ਹਨ ?

1. ਉ:–ਹੇ ਮਨ ! ਸੁਣ, ਜੇ ਤੂੰ ਹਉਮੈਂ ਵਾਲੀ ਬ੍ਰਿਤੀ ਭੁਲਾ ਦੇਵੇ ਤਾਂ ਤੇਰੇ ਅੰਦਰ ਵਡੀਆਂ ਵਡੀਆਂ ਵਧਾਈਆਂ (ਬਣ ਜਾਣ) ਤੇਰੇ ਅੰਦਰ ਸਦਾ ਚੜ੍ਹਦੀ ਕਲਾ ਟਿਕੀ ਰਹੇ; ਕਿਉਂਕਿ, ਤੇਰੇ ਅੰਦਰ,ਸਦਾ ਖਿੜੇ ਰਹਿਣ ਵਾਲਾ ਪ੍ਰਮਾਤਮਾਂ ਪ੍ਰਗਟ ਹੋ ਪਏ ।
2. (ਇਸ ਲਈ) ਹੇ ਮੇਰੇ ਚਿਤ ! ਸ੍ਰਿਸ਼ਟੀ ਦੀ ਸਾਰ ਲੈਣ ਵਾਲੇ ਪ੍ਰਭੂ ਨੂੰ ਸਦਾ (ਆਪਣੇ ਅੰਦਰ) ਸਾਂਭ ਰਖ ਤੇ (ਇਸ ਦੀ ਬਰਕਤ ਨਾਲ) ਖਿੜਿਆ ਰਹੁ ।੧।

ਪ੍ਰ:–ਸ੍ਰੀ ਜੀਉ ! ਮੇਰਾ ਮਨ ਤਾਂ ਇਨ੍ਹਾਂ ਸਦੀਵੀ ਖੁਸ਼ੀਆਂ ਵਲੋਂ ਸਦਾ ਸਖਣਾ ਹੀ ਰਹਿੰਦਾ ਹੈ, ਕੋਈ ਅਜਿਹਾ ਸਾਧਨ ਮੈਨੂੰ ਭੀ ਦਸ ਦਿਓ ਜਿਸ ਦੀ ਬਰਕਤ ਨਾਲ ਮੇਰੇ ਮਨ ਵਿਚ ਭੀ ਸਦਾ ਖਿੜੇ ਰਹਿਣ ਵਾਲਾ ਖੇੜਾ ਹਾਸਲ ਹੋ ਜਾਏ ?

3. ਉ:–ਹੇ ਭਾਈ ! ਤੂੰ ਆਪਣੇ ਮਨ ਨੂੰ ਸਦਾ ਇਉਂ ਹੀ ਸਮਝਾਉਂਦਾ ਰਹੁ ਕਿ; ਹੇ ਕਮਲੇ ਮਠਾ ! ਤੂੰ ਮੈਂ ਮੈਂ ਕਰਨ ਵਾਲੀ ਬ੍ਰਿਤੀ ਭੁਲਾ ਦੇ। ਹੇ ਮਨ ! ਹੋਸ਼ ਕਰ, ਹਉਮੈਂ ਨੂੰ (ਅੰਦਰੋਂ) ਮੁਕਾ ਦੇ ।
4. ਹੇ ਭੋਲਿਆ ! (ਹਉਮੈਂ ਨੂੰ ਮੁਕਾਣ ਵਾਲਾ ਇਹ) ਸਭ ਤੋਂ ਸ੍ਰੇਸ਼ਟ ਗੁਣ (ਆਪਣੇ ਅੰਦਰ) ਸੰਭਾਲ ਲੈ ।੧। ਰਹਾਉ ।

ਪ੍ਰ:–ਗੁਰਦੇਵ ਜੀਉ ! ਜਦ ਕਦੀ ਹਉਮੈਂ ਤੋਂ ਰਹਿਤ ਹੋ ਕੇ ਸ਼ੁਭ ਕਰਮ ਕਰਨ ਦਾ ਖਿਆਲ ਉਪਜਦਾ ਹੈ, ਤਾਂ ਮਨ ਵਿਚੋਂ ਝੱਟ ਇਹ ਭੀ ਸੰਕਲਪ ਉਠਦਾ ਹੈ ਕਿ, ਇਸ ਦਾ ਫਲ ਕੀ ਹਾਸਲ ਹੋਵੇਗਾ, ਤਦੋਂ ਮਨ ਨੂੰ ਕਿਸ ਤਰ੍ਹਾਂ ਤਸੱਲੀ ਦਿਵਾਈ ਜਾਏ ?

5. ਉ:–ਹੇ ਪਿਆਰੇ ! ਫਿਰ ਤੂੰ ਮਨ ਨੂੰ ਇਉਂ ਨਿਸਚਾ ਦਿਵਾਇਆ ਕਰ ਕਿ, ਹੇ ਮਨ ! ਸੁਣ, ਜੇ ਤੂੰ ਹਉਮੈਂ ਭੁਲਾਣ ਵਾਲਾ ਰੋਜ਼ਾਨਾ ਕੰਮ ਕਰਨ ਲਗ ਪਏਂ ਇਹ ਤੇਰੇ ਅੰਦਰ ਇਕ ਐਸਾ ਰੁੱਖ ਉਗ ਪਏਗਾ, ਜਿਸ ਨੂੰ ਹਰਿ ਨਾਮ (ਸਿਮਰਨ) ਦੀਆਂ ਟਾਹਣੀਆਂ (ਫੁਟਣਗੀਆਂ, ਜਿਸ ਨੂੰ) ਧਾਰਮਕ ਜੀਵਨ ਫੁੱਲ (ਲਗੇਗਾ ਤੇ ਪ੍ਰਭੂ ਨਾਲ) ਡੂੰਘੀ ਜਾਣ ਪਛਾਣ ਫਲ (ਲਗੇਗਾ) ।
6. ਐ ਪਿਆਰੇ ! ਪ੍ਰਮਾਤਮਾਂ ਦੀ ਪ੍ਰਾਪਤੀ (ਉਸ ਰੁੱਖ ਦੇ) ਪੱਤਰ (ਹੋਣਗੇ ਤੇ) ਨਿਰਮਾਣਤਾ (ਉਸ ਰੁੱਖ ਦੀ) ਸੰਘਣੀ ਛਾਂ ਹੋਵੇਗੀ ।੨।

ਪ੍ਰ:–ਕਿਉਂ ਜੀ ! ਹਉਮੈਂ ਨੂੰ ਭੁਲਾਣ ਵਾਲੇ ਕੰਮ ਕਰਨ ਵਾਲੇ ਨੂੰ ਹੋਰ ਕੀ ਹਾਸਿਲ ਹੋਵੇਗਾ ?

7. ਉ:–ਹੇ ਭਾਈਓ ! ਸੁਣੋ, ਜਿਹੜਾ ਭੀ ਮਨੁੱਖ ਹਉਮੈਂ ਨੂੰ ਭੁਲਾਣ ਵਾਲੇ ਰੋਜਾਨਾ ਕੰਮ ਕਰੇਗਾ, ਉਸ ਨੂੰ ਕੁਦਰਤ ਵਿਚ ਵਸਦਾ ਰੱਬ ਆਪਣੀ ਅੱਖੀਂ ਦਿਸੇਗਾ, ਉਸ ਦੇ ਕੰਨਾਂ ਵਿਚ ਪ੍ਰਭੂ ਦੀ ਸਿਫਤ ਸਲਾਹ (ਹੀ) ਵਸਦੀ ਰਹੇਗੀ ਅਤੇ ਉਸ ਦੇ ਮੁੱਖ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਭੂ ਨਾਮ ਹੀ ਬੋਲ ਹੋਵੇਗਾ ।
8. ਹੇ ਭਾਈ ! ਉਸ ਨੂੰ ਲੋਕ ਪ੍ਰਲੋਕ ਦੀ ਇੱਜ਼ਤ ਦਾ ਸੰਪੂਰਨ ਧਨ ਮਿਲ ਜਾਏਗਾ ਅਤੇ ਅਡੋਲਤਾ ਵਿਚ ਉਸ ਦੀ ਸਦਾ ਹੀ ਸੁਰਤਿ ਟਿਕੀ ਰਹੇਗੀ ।੩।

ਪ੍ਰ:–ਗੁਰਦੇਵ ਜੀਉ ! ਆਪ ਜੀ ਦਾ ਉਪਦੇਸ਼ ਤਾਂ ਸਦਾ ਹੀ ਸਤ ਪਰ, ਇਸਦਾ ਸਾਨੂੰ ਵਿਸ਼ਵਾਸ਼ ਕਿਵੇਂ ਆ ਸਕਦਾ ਹੈ ?

9. ਉ:–ਹੇ ਭਾਈਓ ! ਤੁਸੀਂ ਹਉਮੈਂ ਨੂੰ ਵਿਸਾਰਨ ਵਾਲੇ ਕੰਮ ਕਰ ਕੇ ਵੇਖ ਲਵੋ, ਇਹ ਦੁਨੀਆਂ ਵਾਲੀਆਂ ਰੁੱਤਾਂ ਤੇ ਮਹੀਨੇ ਤਾਂ ਸਦਾ ਆਉਣ ਜਾਣ ਵਾਲੇ ਹਨ, (ਪਰ ਉਹ ਸਦਾ ਦੇ ਖੇੜੇ ਵਾਲੀ ਆਤਮਕ ਅਨੰਦ ਵਾਲੀ ਰੁੱਤ ਕਦੇ ਭੀ ਲੋਪ ਨਹੀਂ ਹੋਵੇਗੀ) ।
10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਹੜੇ ਬੰਦੇ ਗੁਰੂ ਦੇ ਦਸੇ ਰਸਤੇ ਉਤੇ ਤੁਰ ਕੇ ਪ੍ਰਭੂ ਯਾਦ ਵਿਚ ਟਿਕੇ ਰਹਿੰਦੇ ਹਨ, ਉਨ੍ਹਾਂ ਦੀ ਆਤਮਾਂ ਸਦਾ (ਹੀ) ਖਿੜੀ ਰਹਿੰਦੀ ਹੈ ਅਤੇ ਉਹ ਖੇੜਾ ਕਦੇ ਸੁਕਦਾ ਨਹੀਂ ।੪।੧।

ਭਾਵਾਰਥ :–ਜਿਹੜੇ ਲੋਕ ਮਨ ਦਾ ਅਭਿਮਾਨ ਛਡਕੇ ਅੱਖਾਂ ਨਾਲ ਉਸ ਸਾਈਂ ਜੀ ਦੀ ਕੁਦਰਤ ਵੇਖਦੇ ਹਨ, ਕੰਨਾਂ ਨਾਲ ਉਸ ਦੀ ਸਿਫਤ ਸੁਣਦੇ ਹਨ ਅਤੇ ਮੂੰਹੋਂ ਭੀ ਉਸੇ ਦੇ ਗੁਣ ਗਾਉਂਦੇ ਰਹਿੰਦੇ ਹਨ, ਉਨ੍ਹਾਂ ਲਈ ਸਦਾ ਖੁਸ਼ੀਆਂ ਹੀ ਖੁਸ਼ੀਆਂ ਰਹਿੰਦੀਆਂ ਹਨ ।

ਮਹਲਾ ੧ ਬਸੰਤੁ ॥

1. ਰੁਤਿ ਆਈਲੇ ਸਰਸ ਬਸੰਤ ਮਾਹਿ ॥
2. ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥
3. ਕਿਸੁ ਪੂਜ ਚੜਾਵਉ ਲਗਉ ਪਾਇ ॥੧॥
4. ਤੇਰਾ ਦਾਸਨਿ ਦਾਸਾ ਕਹਉ ਰਾਇ ॥
5. ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥
6. ਤੇਰੀ ਮੂਰਤਿ ਏਕਾ ਬਹੁਤੁ ਰੂਪ ॥
7. ਕਿਸੁ ਪੂਜ ਚੜਾਵਉ ਦੇਉ ਧੂਪ ॥
8. ਤੇਰਾ ਅੰਤੁ ਨ ਪਾਇਆ ਕਹਾ ਪਾਇ ॥
9. ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥
10. ਤੇਰੇ ਸਠਿ ਸੰਬਤ ਸਭਿ ਤੀਰਥਾ ॥
11. ਤੇਰਾ ਸਚੁ ਨਾਮੁ ਪਰਮੇਸਰਾ ॥
12. ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥
13. ਅਣਜਾਣਤ ਨਾਮੁ ਵਖਾਣੀਐ ॥੩॥
14. ਨਾਨਕੁ ਵੇਚਾਰਾ ਕਿਆ ਕਹੈ ॥
15. ਸਭੁ ਲੋਕੁ ਸਲਾਹੇ ਏਕਸੈ ॥
16. ਸਿਰੁ ਨਾਨਕ ਲੋਕਾ ਪਾਵ ਹੈ ॥
17. ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥

ਪਦ ਅਰਥ :—ਰੁਤਿ—ਸੁਹਾਵਣੀ ਰੁੱਤ । ਆਈਲੇ—ਆਈ ਹੈ । ਸਰਸ—ਰਸ ਸਹਿਤ, ਖੁਸ਼ । ਮਾਹਿ—ਵਿਚ । ਰੰਗਿ—ਤੇਰੈ ਰੰਗਿ, ਹੇ ਪ੍ਰਭ, ਤੇਰੇ ਪ੍ਰੇਮ ਵਿਚ । ਰਾਤੇ—ਰੰਗੇ ਹੋਏ । ਰਵਹਿ—ਜੋ ਬੰਦੇ ਸਿਮਰਦੇ ਹਨ । ਸਿ—ਉਹ ਬੰਦੇ । ਚਾਇ—ਚਾ ਵਿਚ । ਤੇਰੈ ਚਾਇ—ਤੇਰੇ ਮਿਲਾਪ ਦੀ ਖੁਸ਼ੀ ਵਿਚ । ਚੜਾਵਉ—ਮੈਂ ਚੜ੍ਹਾਵਾਂ । ਲਗਉ—ਮੈਂ ਲਗਾਂ । ਪਾਇ—ਪੈਰੀਂ ।੧।

ਦਾਸਨਿ ਦਾਸਾ—ਦਾਸਾਂ ਦਾ ਦਾਸ ਹੋ ਕੇ । ਕਹਉ—ਮੈਂ ਆਖਦਾ, ਸਿਮਰਦਾ ਹਾਂ । ਕਾਇ—ਕਿਸੇ ਹੋਰ ਥਾਂ ਤੋਂ ।੧।ਰਹਾਉ।

ਮੂਰਤਿ—ਹਸਤੀ । ਦੇਉ—ਮੈਂ ਦਿਆਂ । ਕਹਾ ਪਾਇ—ਕਿਥੋਂ ਪਾਇਆ ਜਾ ਸਕਦਾ ਹੈ ।੨।

ਸਠਿ ਸੰਬਤਿ—ਸਠ ਸਾਲ (ਬ੍ਰਹਮਾ, ਵਿਸ਼ਨੂੰ, ਸ਼ਿਵ ਦੀਆਂ ੩ ਬੀਸੀਆਂ । ਇਨ੍ਹਾਂ ਦਾ ਵੀਹ ਵੀਹ ਸਾਲ ਦਾ ਪ੍ਰਭਾਵ ਮੰਨਿਆਂ ਗਿਆ ਹੈ) । ਸਭਿ—ਸਾਰੇ । ਗਤਿ—ਹਾਲਤ । ਤੇਰੀ ਗਤਿ—ਤੂੰ ਕਿਹੋ ਜਿਹਾ ਹੈਂ, ਇਹ ਗਲ । ਅਵਿਗਤਿ—ਜਾਨਣ ਤੋਂ ਪਰੇ ।੩।

ਵੇਚਾਰਾ—ਗਰੀਬ । ਏਕਸੈ—ਇਕੋ ਪ੍ਰਭੂ ਨੂੰ । ਸਿਰ ਨਾਨਕ—ਨਾਨਕ ਦਾ ਸਿਰ । ਲੋਕਾ ਪਾਵ—(ਉਨ੍ਹਾਂ ਸਿਫਤ ਸਲਾਹ ਕਰਨ ਵਾਲੇ) ਲੋਕਾਂ ਦੇ ਪੈਰਾਂ ਉਤੇ । ਜੇਤੇ—ਜਿਤਨੇ ਭੀ ।੪।

ਅਰਥ :-

ਪ੍ਰ:—ਸ੍ਰੀ ਜੀਉ ! ਆਮ ਸੰਸਾਰੀ ਲੋਕ ਤਾਂ ਬਸੰਤ ਰੁੱਤ ਵਿਚ ਪ੍ਰਸੰਨ ਹੁੰਦੇ ਹਨ, ਪਰ ਰੱਬੀ ਪਿਆਰ ਰੰਗ ਵਿਚ ਰੰਗੇ ਬੰਦਿਆਂ ਲਈ ਕਿਹੜੀ ਬਸੰਤ ਰੁੱਤ ਹੈ, ਉਨ੍ਹਾਂ ਨੂੰ ਕਿਹੜਾ ਖੇੜਾ ਹੋਇਆ ਕਰਦਾ ਹੈ ?

1. ਉ—ਹੇ ਪ੍ਰਭੂ ! ਜਿਹੜੇ ਬੰਦੇ ਤੈਨੂੰ ਸਿਮਰਦੇ ਹਨ, ਉਨ੍ਹਾਂ ਵਾਸਤੇ (ਇਹ ਮਨੁੱਖਾ ਜਨਮ, ਮਾਨੋ, ਬਸੰਤ ਦੀ) ਰੁੱਤ ਆਈ ਹੋਈ ਹੈ ਉਹ (ਮਨੁੱਖਾ ਜਨਮ ਵਾਲੀ) ਇਸ ਰੁੱਤ ਵਿਚ ਸਦਾ ਖਿੜੇ ਰਹਿੰਦੇ ਹਨ ।
2. ਹੇ ਪ੍ਰਭੂ ! ਇਹ ਖਿੜਾਵਟ ਉਨ੍ਹਾਂ ਨੂੰ ਨਸੀਬ ਹੁੰਦੀ ਹੈ ਜੋ ਬੰਦੇ ਤੇਰੇ ਪਿਆਰ ਰੰਗ ਵਿਚ ਰੰਗੇ ਜਾਂਦੇ ਹਨ ।
3. ਹ ਸਾਈਆਂ ਜੀਉ ! ਲੋਕ ਬਸੰਤ ਰੁੱਤੇ ਖਿੜੇ ਹੋਏ ਫੁੱਲ ਲੈ ਕੇ ਕਈ ਦੇਵੀ ਦੇਵਤਿਆਂ ਦੀ ਭੇਟ ਚੜ੍ਹਾ ਕੇ ਪੂਜਾ ਕਰਦੇ ਹਨ, ਪਰ ਮੈਂ ਤੈਥੋਂ ਬਿਨਾ ਹੋਰ ਕਿਸ ਦੀ ਪੂਜਾ ਵਾਸਤੇ (ਫੁੱਲ) ਭੇਟਾ ਕਰਾਂ ? (ਤੈਥੋਂ ਬਿਨਾ) ਹੋਰ ਕਿਸ ਦੀ ਮੈਂ ਚਰਨੀਂ ਲਗਾਂ ? ।੧।
4. ਹੇ ਪ੍ਰਕਾਸ਼ ਰੂਪ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਸਿਮਰਦਾ ਹਾਂ ।
5. ਹੇ ਜਗਤ ਦੇ ਜੀਵਨ ਪ੍ਰਭੂ ! ਤੇਰੇ ਮਿਲਾਪ ਦੀ ਜੁਗਤੀ (ਤੇਰੇ ਦਾਸਾਂ ਤੋਂ ਬਿਨਾ) ਕਿਸੇ ਹੋਰ ਥਾਂ ਤੋਂ ਨਹੀਂ ਮਿਲ ਸਕਦੀ ।੧। ਰਹਾਉ ।
6. ਹੇ ਸਾਈਆਂ ਜੀਉ ! ਤੇਰੀ ਹਸਤੀ ਇਕ ਹੈ, ਤੇਰੇ ਰੂਪ ਅਨੇਕਾਂ ਹਨ ।
7. ਤੈਨੂੰ ਛਡ ਕੇ ਮੈਂ ਹੋਰ ਕਿਸ ਨੂੰ ਧੂਪ ਦਿਆਂ ? ਤੈਨੂੰ ਛਡ ਕੇ ਮੈਂ ਹੋਰ ਕਿਸ ਦੀ ਪੂਜਾ ਵਾਸਤੇ (ਫੁੱਲ ਆਦਿਕ) ਭੇਟਾ ਧਰਾਂ ?
8. ਹੇ ਪ੍ਰਭੂ ! ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ।
9. ਹੇ ਪ੍ਰਕਾਸ਼ ਰੂਪ ਪ੍ਰਭੂ ! ਮੈਂ ਤਾਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਹੀ ਸਿਮਰਦਾ ਹਾਂ ।੨।

10.11 ਹੇ ਪ੍ਰਮੇਸ਼ਰ ਤੇਰਾ ਸਦਾ ਥਿਰ ਰਹਿਣ ਵਾਲਾ ਨਾਮ ਹੀ ਮੇਰੇ ਵਾਸਤੇ ਤੇਰੇ ਸੱਠ ਸਾਲ (ਬ੍ਰਹਮਾ, ਸ਼ਿਵ, ਵਿਸ਼ਨੂੰ ਦੀਆਂ ਬੀਸੀਆਂ) ਹਨ ਅਤੇ ਸਾਰੇ ਤੀਰਥ ਹਨ ।

12. ਤੂੰ ਕਿਹੋ ਜਿਹਾ ਹੈਂ, ਇਹ ਗੱਲ ਸਮਝੀ ਨਹੀਂ ਜਾ ਸਕਦੀ, ਜਾਣੀ ਨਹੀਂ ਜਾ ਸਕਦੀ ।
13. ਇਹ ਸਮਝਣ ਤੋਂ ਬਿਨਾ ਹੀ (ਤੇਰੇ ਦਾਸਾਂ ਦਾ ਦਾਸ ਬਣ ਕੇ) ਤੇਰਾ ਨਾਮ ਸਿਮਰਨਾ ਚਾਹੀਦਾ ਹੈ ।੩।
14. ਹੇ ਸਾਈਆਂ ਜੀਉ ! (ਨਿਰਾ ਮੈਂ ਨਾਨਕ ਹੀ ਨਹੀਂ ਆਖ ਰਿਹਾ ਕਿ ਤੂੰ ਬੇਅੰਤ ਹੈਂ) ਗਰੀਬ ਨਾਨਕ ਕੀ ਆਖ ਸਕਦਾ ਹੈ ?
15. ਸਾਰਾ ਸੰਸਾਰ ਹੀ ਤੈਨੂੰ ਇਕ ਨੂੰ ਸਲਾਹ ਰਿਹਾ ਹੈ, (ਤੇਰੀਆਂ ਸਿਫਤਾਂ ਕਰ ਰਿਹਾ ਹੈ) ।

ਪ੍ਰ:—ਹੇ ਗੁਰੋ ! ਜੋ ਉਸ ਪ੍ਰਭੂ ਦੀ ਸਿਫਤ ਸਲਾਹ ਕਰਦੇ ਹਨ ਤੁਹਾਡੇ ਅੰਦਰ ਉਨ੍ਹਾਂ ਦਾ ਕਿਤਨਾ ਕੁ ਸਨਮਾਨ ਹੈ ?

16. ਉ:—ਹੇ ਪ੍ਰਭੂ ! ਜਿਹੜੇ ਬੰਦੇ ਤੇਰੀ ਸਿਫਤ ਸਲਾਹ ਕਰਦੇ

ਹਨ, ਮੈਂ ਨਾਨਕ ਦਾ ਸਿਰ ਉਨ੍ਹਾਂ ਦੇ ਕਦਮਾਂ ਤੇ ਹੈ।

17. ਹੇ ਪ੍ਰਭੂ ਜੀ ! ਜਿਤਨੇ ਭੀ ਤੇਰੇ ਨਾਮ ਹਨ ਮੈਂ ਉਨ੍ਹਾਂ ਸਭ ਤੋਂ ਕੁਰਬਾਨ ਜਾਂਦਾ ਹਾਂ, ਤੇਰੇ ਇਹ ਬੇਅੰਤ ਨਾਮ ਤੇਰੇ ਬੇਅੰਤ ਗੁਣਾਂ ਨੂੰ ਵੇਖ ਵੇਖ ਕੇ ਤੇਰੇ ਬੰਦਿਆਂ ਨੇ ਬਣਾਏ ਹਨ) ।੪।੨।

ਭਾਵਾਰਥ :–ਹਰੀ ਦੀ ਪੂਜਾ ਕਿਸ ਰੂਪ ਵਿਚ ਕਰੀਏ ? ਉਸ ਦੇ ਰੂਪ ਦਾ ਖਿਆਲ ਨਹੀਂ ਬੰਨ੍ਹ ਸਕਦੇ। ਇਸ ਲਈ, ਇਹ ਰੂਪਕ ਖਿਆਲ ਬੰਨ੍ਹਣ ਤੋਂ ਬਿਨਾ ਹੀ ਉਸ ਨੂੰ ਸਿਮਰਨਾ ਚਾਹੀਦਾ ਹੈ, ਨਾਮ ਦੇ ਰੂਪ ਵਿਚ।

ਬਸੰਤੁ ਮਹਲਾ ੧ ॥

1. **ਸੁਇਨੇ ਕਾ ਚਉਕਾ ਕੰਚਨ ਕੁਆਰ ॥**
2. **ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥**
3. **ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥**
4. **ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥**
5. **ਰੇ ਮਨ ਲੇਖੈ ਕਬਹੂ ਨ ਪਾਇ ॥**
6. **ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥**
7. **ਦਸ ਅਠ ਲੀਖੇ ਹੋਵਹਿ ਪਾਸਿ ॥**
8. **ਚਾਰੇ ਬੇਦ ਮੁਖਾਗਰ ਪਾਠਿ ॥**
9. **ਪੁਰਬੀ ਨਾਵੈ ਵਰਨਾਂ ਕੀ ਦਾਤਿ ॥**
10. **ਵਰਤ ਨੇਮ ਕਰੇ ਦਿਨ ਰਾਤਿ ॥੨॥**
11. **ਕਾਜੀ ਮੁਲਾਂ ਹੋਵਹਿ ਸੇਖ ॥**
12. **ਜੋਗੀ ਜੰਗਮ ਭਗਵੇ ਭੇਖ ॥**
13. **ਕੋ ਗਿਰਹੀ ਕਰਮਾ ਕੀ ਸੰਧਿ ॥**
14. **ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥**
15. **ਜੇਤੇ ਜੀਅ ਲਿਖੀ ਸਿਰਿ ਕਾਰ ॥**
16. **ਕਰਣੀ ਉਪਰਿ ਹੋਵਗਿ ਸਾਰ ॥**
17. **ਹੁਕਮੁ ਕਰਹਿ ਮੂਰਖ ਗਾਵਾਰ ॥**
18. **ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥**

ਪਦ ਅਰਥ :–ਚਉਕਾ–ਰਸੋਈ ਤੋਂ ਬਾਹਰ ਖੁਲ੍ਹੇ ਥਾਂ ਰੋਟੀ ਪਕਾਣ ਵਾਸਤੇ ਵਲਿਆ ਹੋਇਆ ਥਾਂ। ਕੰਚਨ–ਸੋਨਾ। ਕੁਆਰ–ਕਰਵੇ, ਗਾਗਰਾਂ। ਰੁਪਾ–ਚਾਂਦੀ। ਕਾਰਾ–ਕਾਰਾਂ, ਲਕੀਰਾਂ, ਚੌਂਕੇ ਦੇ ਦੁਆਲੇ ਹੱਦ ਬੰਦੀ ਦੀਆਂ ਲਕੀਰਾਂ। ਬਿਸਥਾਰੁ–ਸੁੱਚ ਰਖਣ ਵਾਸਤੇ ਅਜੇਹੇ ਹੋਰ ਉਦਮਾਂ ਦਾ ਵਿਸਥਾਰ। ਉਦਕ–ਪਾਣੀ। 'ਕਰੰਤੇ ਕੀ ਆਗਿ–(ਕ੍ਰਤੁ-ਅਗਨਿ। ਕ੍ਰਤੁ–ਜੱਗ) ਜਗ ਦੀ ਅੱਗ। ਇਕ ਖਾਸ ਰੁੱਖ (ਅਰਣੀ) ਦੇ ਦੋ ਡੰਡੇ ਬਣਾ ਕੇ ਇਕ ਡੰਡੇ ਵਿਚ ਛੇਕ ਕਰ ਲੈਂਦੇ ਹਨ, ਉਸ ਵਿਚ ਦੂਜਾ ਡੰਡਾ ਫਸਾ ਕੇ ਉਸ ਨੂੰ ਮਧਾਣੀ ਵਾਂਗ ਰਸੀ ਦੇ ਲਪੇਟੇ ਦੇ ਕੇ ਬੜੀ ਤੇਜੀ ਨਾਲ ਘੁਮਾਂਦੇ ਹਨ, ਇਸ ਤਰ੍ਹਾਂ ਦੋਹਾਂ ਡੰਡਿਆਂ ਦੀ ਰਗੜ ਨਾਲ ਅੱਗ ਪੈਦਾ ਹੁੰਦੀ ਹੈ, ਇਹ ਅੱਗ ਸੁਚੀ ਮੰਨੀ ਗਈ ਹੈ, ਜੱਗਾਂ ਵਿਚ ਇਸ ਅੱਗ ਨੂੰ ਵਰਤਣਾ ਚੰਗਾ ਦਸਿਆ ਗਿਆ ਹੈ। ਗਰੁੜਾ–ਰਿਝੇ ਹੋਏ ਚਾਵਲ। ਗਾਡਿ–ਮਿਲਾਕੇ।੧। ਲੇਖੈ ਨ ਪਾਇ–ਕਬੂਲ ਨਹੀਂ ਹੋ ਸਕਦਾ। ਜਾਮਿ–ਜਦ ਤਕ। ਨਾਇ–ਨਾਮ ਵਿਚ।੧। ਰਹਾਉ।

ਦਸ ਅਠ–ਅਠ ਰ੍ਹਾਂ ਪੁਰਾਣ। ਮੁਖਾਗਰ–ਮੂੰਹ ਜਬਾਨੀ, ਮੂੰਹ ਅਗੇ (ਮੁਖ ਅੱਗੇ)। ਪਾਠਿ–ਪਾਠ ਵਿਚ। ਪੁਰਬੀ–ਪੁਰਬਾਂ ਦੇ ਮੌਕੇ ਤੇ, ਪਵਿਤ੍ਰ ਦਿਹਾੜਿਆਂ ਤੇ। ਵਰਨਾਂ ਕੀ ਦਾਤਿ–ਵਖ ਵਖ ਵਰਨਾਂ ਲਈ ਜੋ ਦਾਨ ਕਰਨਾ ਲਿਖਿਆ ਹੈ ਉਸ ਅਨੁਸਾਰ ਦਾਨ।੨।

ਜੰਗਮ–ਟਲੀਆਂ ਵਜਾਣ ਵਾਲੇ ਸ਼ਿਵ ਉਪਾਸ਼ਕ। ਸੰਧਿ–ਮਿਲਾਉਣੀ। ਕਰਮਾ ਕੀ ਸੰਧਿ–ਧਰਮ ਸ਼ਾਸਤ੍ਰਾਂ ਅਨੁਸਾਰ ਦਸੇ ਕਰਮ ਕਾਂਡ ਨੂੰ ਕਰਨ ਵਾਲੇ, ਕਰਮ ਕਾਂਡੀ। ਖੜੀਅਸਿ–ਖੜੀ ਜਾਂਦੀ ਹੈ। ਬੰਧਿ–ਬੰਨ੍ਹ ਕੇ।੩।

ਸਿਰਿ–ਸਿਰ ਉਤੇ। ਕਰਣੀ ਉਪਰਿ–ਹਰੇਕ ਦੀ ਕਰਣੀ ਅਨੁਸਾਰ, ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ। ਹੋਵਗਿ–ਹੋਵੇਗੀ। ਸਾਰ–ਸੰਭਾਲ, ਫੈਸਲਾ। ਹੁਕਮੁ ਕਰਹਿ–ਜੋ ਮਨੁੱਖ ਹੁਕਮ ਕਰਦੇ ਹਨ, ਹਉਮੈਂ ਕਰਨ ਵਾਲੇ ਬੰਦੇ। ਭੰਡਾਰ–ਖਜ਼ਾਨੇ।੪।

ਅਰਥ :–

ਪ੍ਰ:–ਸ੍ਰੀ ਗੁਰਦੇਵ ਜੀਉ ! ਵਖੋ ਵਖ ਫਿਰਕਿਆਂ ਦੇ ਲੋਕਾਂ ਨੇ ਸੁੱਚਮ ਰਖਣ ਦੇ ਭਿੰਨ ਭਿੰਨ ਤਰੀਕੇ ਮੰਨੇ ਹਨ, ਪਰ ਤੁਸੀਂ ਗਰਮਤਿ ਅਨੁਸਾਰ ਸੁੱਚਮ ਦਾ ਕਿਹੜਾ ਸਾਧਨ ਮੰਨਦੇ ਹੋ ?

1. **ਉ:**–ਹੇ ਭਾਈਓ ! (ਜੇ ਕੋਈ ਮਨੁੱਖ) ਸੋਨੇ ਦਾ ਚੌਂਕਾ (ਤਿਆਰ ਕਰੇ) ਅਤੇ ਸੋਨੇ ਦੇ ਹੀ ਉਸ ਵਿਚ ਭਾਂਡੇ ਵਰਤੇ।
2. ਅਤੇ ਚੌਂਕੇ ਨੂੰ ਸੁਚਾ ਰਖਣ ਲਈ ਉਸ ਦੇ ਦਆਲੇ ਚਾਂਦੀ ਦੀਆਂ ਲਕੀਰਾਂ (ਪਾਏ) (ਤੇ ਸੁੱਚ ਵਾਸਤੇ) ਇਹੋ ਜੇਹੇ ਹੋਰ ਕਈ ਕੰਮਾਂ ਦਾ ਖਿਲਾਰਾ (ਖਿਲਾਰੇ)।
3. ਹੇ ਭਾਈਓ ! ਭੋਜਨ ਤਿਆਰ ਕਰਨ ਲਈ, ਜੇ ਉਹ ਗੰਗਾ ਦਾ (ਪਵਿਤ੍ਰ) ਜਲ (ਲਿਆਵੇ) ਅਤੇ ਅਰਣ ਦੀਆਂ ਲੱਕੜਾਂ ਦੀ ਅੱਗ (ਤਿਆਰ ਕਰ)।
4. ਜੇ ਉਹ ਫਿਰ ਦੁੱਧ ਵਿਚ ਰਲਾ ਕੇ ਰਿਝੇ ਹੋਏ ਚਾਵਲਾਂ ਦਾ ਭੋਜਨ ਕਰੇ।੧।
5. (ਤਾਂ ਭੀ) ਹੇ ਮਨ ! ਅਜੇਹੇ ਸੁੱਚ ਦੇ ਕੋਈ ਭੀ ਅਡੰਬਰ ਪ੍ਰਵਾਨ ਨਹੀਂ ਹੁੰਦੇ।
6. ਹੇ ਮਨ ! ਜਦੋਂ ਤਕ ਮਨੁੱਖ ਪ੍ਰਭੂ ਦੇ ਸੱਚੇ ਨਾਮ ਵਿਚ ਨਹੀਂ ਭਿੱਜਦਾ (ਪ੍ਰੀਤ ਨਹੀਂ ਪਾਂਦਾ, ਉਸ ਦਾ ਕੋਈ ਭੀ ਉੱਦਮ ਪ੍ਰਭੂ ਨੂੰ ਪਸੰਦ ਨਹੀਂ) ।੧। ਰਹਾਉ।
7. ਹੇ ਭਾਈਓ ! ਜੇ ਕਿਸੇ ਪੰਡਤ ਨੇ ਅਠਾਰ੍ਹਾਂ ਪੁਰਾਣ ਲਿਖ ਕੇ ਕੋਲ ਰਖੇ ਹੋਣ।
8. ਜੇ ਪਾਠ ਵਿਚ ਉਹ ਚਾਰੇ ਵੇਦ ਜ਼ੁਬਾਨੀ ਪੜ੍ਹੇ।

9 ਜੇ ਉਹ ਪਵਿਤ੍ਰ (ਮਿਥੇ) ਦਿਹਾੜਿਆਂ ਤੇ ਤੀਰਥੀਂ ਇਸ਼ਨਾਨ ਕਰ, ਸ਼ਾਸਤ੍ਰਾਂ ਦੀ ਦਸੀ ਮਰਯਾਦਾ ਅਨੁਸਾਰ ਵਖ ਵਖ ਵਰਨਾਂ ਦੇ ਬੰਦਿਆਂ ਨੂੰ ਦਾਨ ਪੁੰਨ ਕਰੇ।

10. ਜੇ ਉਹ ਦਿਨ ਰਾਤ ਵਰਤ ਰਖਦਾ ਰਹੇ ਤੇ ਹੋਰ ਨਿਯਮ ਨਿਭਾਹੁੰਦਾ ਰਹੇ, ਤਾਂ ਭੀ ਪ੍ਰਭੂ ਨੂੰ ਇਹ ਕੋਈ ਉੱਦਮ ਪਸੰਦ ਨਹੀਂ।੨।

11. ਐ ਪਿਆਰੇ! ਜੇ ਕੋਈ ਬੰਦੇ ਕਾਜ਼ੀ ਮੁਲਾਂ ਸ਼ੇਖ ਬਣ ਜਾਣ।

12. ਜੋਗੀ ਜੰਗਮ ਬਣ ਕੇ ਭਗਵੇ ਕਪੜੇ ਪਹਿਨ ਲੈਣ।

13. ਕੋਈ ਗ੍ਰਿਹਿਸਤੀ ਬਣ ਕੇ ਪੂਰਾ ਕਰਮ ਕਾਂਡੀ ਹੋ ਜਾਏ।

14. ਹੇ ਭਾਈ! ਇਨ੍ਹਾਂ ਵਿਚੋਂ ਹਰੇਕ ਨੂੰ ਦੋਸ਼ੀਆਂ ਵਾਂਗ ਬੰਨ੍ਹ ਕੇ ਅਗੇ ਲਾ ਲਿਆ ਜਾਏਗਾ (ਜਦ ਤਕ ਉਹ ਸੱਚੇ ਨਾਮ ਵਿਚ ਨਹੀਂ ਪਤੀਜਦਾ)।੩।

ਪ੍ਰ:–ਸ੍ਰੀ ਜੀਉ! ਇਹ ਲੋਕ ਗਲਤ ਮਾਰਗ ਨੂੰ ਛਡ ਕੇ ਸਹੀ ਰਸਤੇ ਕਿਉਂ ਨਹੀਂ ਪੈ ਜਾਂਦੇ?

15. ਉ:–ਹੇ ਭਾਈ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਅਸਲ ਗਲ ਇਹ ਹੈ ਕਿ, ਜਿਤਨੇ ਭੀ ਜੀਵ ਹਨ ਸਭਨਾਂ ਦੇ ਸਿਰ ਉਤੇ ਪ੍ਰਭੂ ਦਾ ਇਹੀ ਹੁਕਮ ਰੂਪ ਲੇਖ ਲਿਖਿਆ ਹੋਇਆ ਹੈ ਕਿ,

16. ਹਰੇਕ ਦੀ ਕਾਮਯਾਬੀ ਦਾ ਫੈਸਲਾ ਉਸ ਦੇ 'ਕੀਤੇ ਕਰਮਾਂ ਉਤੇ ਹੀ ਹੋਵੇਗਾ।

17. ਜਿਹੜੇ ਬੰਦੇ ਸੁਚੇ ਕਰਮ ਕਾਂਡ ਭੇਖ ਆਦਿਕ ਉਤੇ ਹੀ ਮਾਣ ਕਰਦੇ ਹਨ, ਉਹ ਵਡੇ ਮੂਰਖ ਹਨ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀਆਂ ਸਿਫਤਾਂ ਦੇ ਖਜ਼ਾਨੇ ਭਰੇ ਪਏ ਹਨ, (ਉਨ੍ਹਾਂ ਵਿਚ ਹੀ ਜੁੜੋ) (ਇਹੀ ਹੈ ਪ੍ਰਵਾਣ ਹੋਣ ਵਾਲੀ ਕਰਣੀ)।੪।੩।

ਭਾਵਾਰਥ:–ਨਾਮ ਦੇ ਤੁਲ ਕੋਈ ਭੀ ਕਰਮ ਧਰਮ ਨਹੀਂ, ਨਾਮ ਤੋਂ ਸਖਣੇ ਰਹਿ ਕੇ ਬਾਹਰਲੀ ਸੁੱਚਮ ਰੱਬੀ ਦਰਬਾਰ ਵਿਚ ਕਬੂਲ ਨਹੀਂ ਹੁੰਦੀ, ਕਰਮ ਕਾਂਡ ਦਾ ਆਸਰਾ ਲੈ ਕੇ ਲੋਕਾਂ ਉਤੇ ਹਕੂਮਤ ਕਰਦੇ ਰਹਿਣਾ ਕੇਵਲ ਮੂਰਖਤਾ ਹੀ ਮੰਨਣੀ ਚਾਹੀਦੀ ਹੈ।

ਨੋਟ:–ਇਹ ਸ਼ਬਦ 'ਮਹਲਾ ੩' ਦਾ ਹੈ ਅੰਕ ੩ ਨੂੰ 'ਤੀਜਾ' ਪੜ੍ਹਨਾ ਹੈ। ਇਸੇਤਰ੍ਹਾਂ 'ਮਹਲਾ' ੧ ੨, ੪, ੫, ੯ ਦੇ ਅੰਕਾਂ ਨੂੰ ਪਹਿਲਾ, ਦੂਜਾ, ਚੌਥਾ, ਪੰਜਵਾਂ ਤੇ ਨਾਵਾਂ ਪੜ੍ਹਨਾ ਹੈ।

ਬਸੰਤੁ ਮਹਲਾ ੩ ਤੀਜਾ॥

1. **ਬਸਤ੍ਰ ਉਤਾਰਿ ਦਿਗੰਬਰੁ ਹੋਗੁ॥**
2. **ਜਟਾ ਧਾਰਿ ਕਿਆ ਕਮਾਵੈ ਜੋਗੁ॥**
3. **ਮਨੁ ਨਿਰਮਲੁ ਨਹੀ ਦਸਵੈ ਦੁਆਰ॥**
4. **ਭ੍ਰਮਿ ਭ੍ਰਮਿ ਆਵੈ ਮੂੜ੍ਹਾ ਵਾਰੋ ਵਾਰ॥੧॥**
5. **ਏਕੁ ਧਿਆਵਹੁ ਮੂੜ੍ ਮਨਾ॥**
6. **ਪਾਰਿ ਉਤਰਿ ਜਾਹਿ ਇਕ ਖਿਨਾਂ॥੧॥ ਰਹਾਉ॥**
7. **ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ॥**
8. **ਨਾਦੀ ਬੇਦੀ ਪੜ੍ਹਹਿ ਪੁਰਾਣ॥**
9. **ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ॥**
10. **ਤਿਨ ਕੈ ਰਮਈਆ ਨੇੜਿ ਨਾਹਿ॥੨॥**
11. **ਜੇ ਕੋ ਐਸਾ ਸੰਜਮੀ ਹੋਇ॥**
12. **ਕ੍ਰਿਆ ਵਿਸੇਖ ਪੂਜਾ ਕਰੇਇ॥**
13. **ਅੰਤਰਿ ਲੋਭੁ ਮਨੁ ਬਿਖਿਆ ਮਾਹਿ॥**
14. **ਓਇ ਨਿਰੰਜਨੁ ਕੈਸੇ ਪਾਹਿ॥੩॥**
15. **ਕੀਤਾ ਹੋਆ ਕਰੇ ਕਿਆ ਹੋਇ॥**
16. **ਜਿਸ ਨੋ ਆਪਿ ਚਲਾਏ ਸੋਇ॥**
17. **ਨਦਰਿ ਕਰੇ ਤਾਂ ਭਰਮੁ ਚੁਕਾਏ॥**
18. **ਹੁਕਮੈ ਬੂਝੈ ਤਾਂ ਸਾਚਾ ਪਾਏ॥੪॥**
19. **ਜਿਸੁ ਜੀਉ ਅੰਤਰੁ ਮੈਲਾ ਹੋਇ॥**
20. **ਤੀਰਥ ਭਵੈ ਦਿਸੰਤਰ ਲੋਇ॥**
21. **ਨਾਨਕ ਮਿਲੀਐ ਸਤਿਗੁਰ ਸੰਗ॥**
22. **ਤਉ ਭਵਜਲ ਕੇ ਤੂਟਸਿ ਬੰਧ॥੫॥੪॥**

ਪਦ ਅਰਥ:–ਉਤਾਰਿ–ਉਤਾਰ ਕੇ, ਲਾਹ ਕੇ। ਦਿਗੰਬਰੁ–ਨਾਂਗਾ ਸਾਧੂ(ਦਿਗ-ਅੰਬਰੁ। ਦਿਗ–ਦਿਸ਼ਾ। ਅੰਬਰੁ–ਕੱਪੜਾ। ਦਿਗੰਬਰੁ–ਉਹ ਜਿਸ ਨੇ ਦਿਸ਼ਾ ਨੂੰ ਆਪਣਾ ਕੱਪੜਾ ਬਣਾਇਆ ਹੈ, ਨੰਗਾ)। ਹੋਗੁ–(ਜੇ) ਹੋ ਜਾਏਗਾ। ਧਾਰਿ–ਧਾਰ ਕੇ। ਕਿਆ–ਕਿਹੜਾ? । ਦਸਵੈ ਦੁਆਰ–ਦਸਵੇਂ ਦੁਆਰ ਪ੍ਰਾਣ ਚੜ੍ਹਾਇਆਂ, ਪ੍ਰਾਣ ਜਾਮ ਕੀਤਿਆਂ। ਭ੍ਰਮਿ ਭ੍ਰਮਿ–ਭਟਕ ਭਟਕ ਕੇ। ਮੂੜ੍ਹਾ–ਮੂਰਖ। ਵਾਰੋ ਵਾਰ–ਮੁੜ ਮੁੜ।੧।

ਏਕੁ-ਇਕ ਪ੍ਰਭੂ ਨੂੰ। ਇਕ ਖਿਨਾਂ-ਇਕ ਪਲ ਵਿਚ।੧। ਰਹਾਉ।

ਕਰਹਿ–(ਜੋ ਮਨੁੱਖ) ਕਰਦੇ ਹਨ। ਨਾਦੀ–ਨਾਦ ਵਜਾਵਣ ਵਾਲੇ ਜੋਗੀ। ਬੇਦੀ–ਬੇਦ ਪੜ੍ਹਨ ਵਾਲੇ ਪੰਡਿਤ। ਦ੍ਰਿਸਟਿ–ਨਿਗਾਹ, ਨਜ਼ਰ। ਮਨਿ–ਮਨ ਵਿਚ। ਕਮਾਹਿ–ਜੋ ਕਮਾਂਦੇ ਹਨ।੨।

ਸੰਜਮੀ–ਸੰਜਮ ਰਖਣ ਵਾਲਾ, ਇੰਦ੍ਰਿਆਂ ਨੂੰ ਕਾਬੂ ਕਰਨ ਦਾ ਯਤਨ ਕਰਨ ਵਾਲਾ। ਵਿਸੇਖ–ਵਿਸ਼ੇਸ਼, ਉਚੇਚੀ। ਕਰਹਿ–(ਜੋ ਮਨੁੱਖ) ਕਰਦਾ ਹੈ। ਅੰਤਰਿ–ਅੰਦਰ, ਮਨ ਦੇ ਅੰਦਰ। ਬਿਖਿਆ–ਮਾਇਆ। ਓਇ–ਅਜਿਹੇ ਬੰਦੇ। ਪਾਹਿ–ਪ੍ਰਾਪਤ ਕਰਨ।੩।

ਕੀਤਾ ਹੋਆ–ਸਭ ਕੁਝ ਪ੍ਰਮਾਤਮਾਂ ਦਾ ਕੀਤਾ ਹੋ ਰਿਹਾ ਹੈ। ਕਰੇ ਕਿਆ ਹੋਇ–ਜੀਵ ਦੇ ਕੀਤਿਆਂ ਕੀ ਹੋ ਸਕਦਾ ਹੈ?। ਜਿਸ ਨੋ–ਜਿਸ ਜੀਵ ਨੂੰ। ਸੋਇ–ਉਹ ਪ੍ਰਮਾਤਮਾਂ।

ਨਦਰਿ—ਮੇਹਰ ਦੀ ਨਿਗਾਹ। ਭਰਮੁ—ਭਟਕਣਾ। ਚੁਕਾਏ—ਦੂਰ ਕਰਦਾ ਹੈ। ਹੁਕਮੇ—ਪ੍ਰਮਾਤਮਾਂ ਦੇ ਹੁਕਮ ਵਿਚ।੪।

ਦਿਸੰਤਰ—ਦੇਸ਼ ਅੰਦਰ, ਹੋਰ ਹੋਰ ਦੇਸ਼ਾਂ ਵਿਚ। ਲੋਇ—ਲੋਕ ਵਿਚ, ਜਗਤ ਵਿਚ। ਤਉ—ਤਦੋਂ। ਬੰਧ—ਬੰਧਨ।੫।

ਅਰਥ :—

ਪ੍ਰ:—ਸ੍ਰੀ ਜੀਉ! ਪ੍ਰਮੇਸ਼ਰ ਦਾ ਮਿਲਾਪ ਕਰਨ ਲਈ ਕਈ ਨਾਂਗੇ ਹੀ ਵਿਚਰਦੇ ਹਨ, ਕਈ ਸਿਰ ਤੇ ਲੰਮੀਆਂ ਲੰਮੀਆਂ ਜਟਾਂ ਬਣਾਕੇ ਰੱਬ ਨਾਲ ਜੁੜਨਾ ਚਾਹੁੰਦੇ ਹਨ; ਇਨ੍ਹਾਂ ਬਾਰੇ ਤੁਹਾਡੀ ਆਪਣੀ ਰਾਇ ਕੀ ਹੈ ?

1. **ਉ:**—ਹੇ ਭਾਈਓ! ਸੁਣੋ, ਗੁਰਮਤਿ ਇਨ੍ਹਾਂ ਸਾਰੇ ਹੀ ਭੇਖਾਂ ਨਾਲ ਸਹਿਮਤ ਨਹੀਂ; ਜੇ ਕੋਈ ਮਨੁੱਖ ਕੱਪੜੇ ਉਤਾਰ ਕੇ ਨਾਂਗਾ ਸਾਧੂ ਬਣ ਜਾਏ (ਤਾਂ ਭੀ ਉਸ ਦਾ ਉੱਦਮ ਵਿਅਰਥ ਹੀ ਹੈ)।

2. ਹੇ ਭਾਈ! ਜਟਾਂ ਧਾਰ ਕੇ ਭੀ ਜੋਗ ਨਹੀਂ ਕਮਾਇਆ ਜਾ ਸਕਦਾ, (ਭਾਵ, ਪ੍ਰਮਾਤਮਾਂ ਨਾਲ (ਜੋਗ) ਮੇਲ ਨਹੀਂ ਹੋ ਸਕੇਗਾ)।

ਪ੍ਰ:—ਸ੍ਰੀ ਜੀਉ! ਕਈ ਮਨੁੱਖ ਮਨ ਦੀ ਪਵਿਤ੍ਰਤਾ ਲਈ ਸਵਾਸਾਂ ਨੂੰ ਦਸਵੇਂ ਦੁਆਰ ਚੜ੍ਹਉਂਦੇ ਹਨ, ਇਸ ਬਾਰੇ ਆਪ ਜੀ ਦੇ ਕੀ ਵਿਚਾਰ ਹਨ ?

3. **ਉ:**—ਹੇ ਪਿਆਰੇ (ਗੁਰਮਤਿ ਅਨੁਸਾਰ ਤਾਂ) ਦਸਵੇਂ ਦੁਆਰ ਵਿਚ ਪ੍ਰਾਣ ਚੜ੍ਹਾਇਆਂ ਭੀ ਮਨ ਪਵਿਤ੍ਰ ਨਹੀਂ ਹੁੰਦਾ।

4. ਹੇ ਭਾਈ! ਸੱਚ ਤਾਂ ਇਹੋ ਹੀ ਹੈ ਕਿ, ਅਜਿਹੇ ਸਾਧਨਾਂ ਵਿਚ ਲਗਾ ਹੋਇਆ, ਮੂਰਖ ਭਟਕ ਭਟਕ ਕੇ ਮੁੜ ਮੁੜ ਜਨਮ ਲੈਂਦਾ ਹੈ।੧।

ਪ੍ਰ:—ਗੁਰਦੇਵ ਜੀਉ! ਇਸ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਮਨ ਵਿਚ ਸਦਾ ਹੀ ਸੰਸਾ ਬਣਿਆਂ ਰਹਿੰਦਾ ਹੈ; ਦਸੋ, ਇਸ ਨੂੰ ਕਿਵੇਂ ਸਮਝਾਈਏ ?

5. **ਉ:**—ਹੇ ਭਾਈਓ! ਇਸ ਮਨ ਨੂੰ ਇਉਂ ਹੀ ਸਮਝਾਉਂਦੇ ਰਿਹਾ ਕਰੋ ਕਿ, ਹੇ ਮੂਰਖ ਮਨ! (ਤੂੰ ਕੇਵਲ) ਇਕੋ ਪ੍ਰਮਾਤਮਾਂ ਨੂੰ ਸਿਮਰਦਾ ਰਹੁ।

6. ਹੇ ਮਨ! (ਤੂੰ) ਸਿਮਰਨ ਦੀ ਬਰਕਤ ਨਾਲ ਇਕ ਪਲ ਵਿਚ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਏਂਗਾ।੧। ਰਹਾਉ।

ਪ੍ਰ:—ਗੁਰਦੇਵ ਜੀਉ! ਪੰਡਤ ਤੇ ਨਾਦ ਵਜਾਉਣ ਵਾਲੇ ਅਤੇ ਵੇਦ, ਪੁਰਾਣਾਂ ਦਾ ਪਾਠ ਕਰਨ ਵਾਲੇ ਇਹ ਸਾਰੇ ਹੀ ਪ੍ਰਭੂ ਦੇ ਨੇੜੇ ਹੋਣ ਦਾ ਦਾਅਵਾ ਕਰਦੇ ਹਨ, ਤੁਸੀਂ ਇਨ੍ਹਾਂ ਲੋਕਾਂ ਬਾਰੇ ਕੀ ਵਿਚਾਰ ਰਖਦੇ ਹੋ ?

7. **ਉ:**—ਹੇ ਭਾਈਓ! ਇਹ ਠੀਕ ਹੈ ਕਿ, ਪੰਡਿਤ ਲੋਕ, ਸਿੰਮ੍ਰਤੀਆਂ ਤੇ ਸ਼ਾਸਤ੍ਰ (ਹੋਰਨਾਂ ਨੂੰ ਪੜ੍ਹ ਪੜ੍ਹ ਕੇ) ਸੁਣਾਂਦੇ ਹਨ।

8. ਅਤੇ ਜੋਗੀ ਲੋਕ ਨਾਦ ਵਜਾਂਦੇ ਹਨ, ਪੰਡਤ ਵੇਦ ਪੜ੍ਹਦੇ ਹਨ, ਕੋਈ ਪੁਰਾਣ ਪੜ੍ਹਦੇ ਹਨ।

9. ਪਰ, ਹੇ ਭਾਈਓ! ਉਨ੍ਹਾਂ ਦੀ ਨਿਗਾਹ ਪਖੰਡ ਵਾਲੀ ਹੈ ਤੇ ਮਨ ਵਿਚ ਉਹ ਖੋਟ ਕਮਾਂਦੇ ਹਨ।

10. ਹੇ ਪਿਆਰੇ! ਯਕੀਨ ਕਰੋ ਕਿ, ਉਹ ਪ੍ਰਮਾਤਮਾਂ ਅਜਿਹੇ ਬੰਦਿਆਂ ਦੇ ਨੇੜੇ (ਭੀ) ਨਹੀਂ (ਢੁਕਦਾ)।੨।

11. ਹੇ ਭਾਈਓ! ਹੋਰ ਸੁਣੋ, ਜੇ ਕੋਈ ਅਜੇਹਾ ਬੰਦਾ ਭੀ ਹੋਵੇ, ਜੋ ਆਪਣੇ ਇੰਦ੍ਰਿਆਂ ਨੂੰ ਵਸ ਕਰਨ ਦੇ ਜਤਨ ਕਰਦਾ ਹੋਵੇ।

12. ਅਤੇ ਕਿਸੇ ਉਚੇਰੀ ਕਿਸਮ ਦੀ ਕ੍ਰਿਆ (ਭੀ) ਕਰਦਾ ਹੋਵੇ ਅਤੇ ਉਹ ਦੇਵ ਪੂਜਾ ਭੀ ਕਰਦਾ ਹੋਵੇ।

13. ਪਰ, ਹੇ ਲੋਕੋ! ਜੇ ਉਸ ਦੇ ਅੰਦਰ ਲੋਭ ਹੈ, ਜੇ ਉਸ ਦਾ ਮਨ ਮਾਇਆ ਦੇ ਲੋਭ ਵਿਚ ਹੀ ਫਸਿਆ ਹੋਇਆ ਹੈ।

14. ਐ ਪਿਆਰੇ! ਉਹ ਐਸੇ ਬੰਦੇ ਭੀ ਮਾਇਆ ਤੋਂ ਨਿਰਲੇਪ ਪ੍ਰਮਾਤਮਾਂ ਦੀ ਪ੍ਰਾਪਤੀ ਨਹੀਂ ਕਰ ਸਕਦੇ।੩।

ਪ੍ਰ:—ਕਿਉਂ ਜੀ! ਇਹ ਲੋਕ ਸੱਚਾ ਮਾਰਗ ਕਿਉਂ ਨਹੀਂ ਖੋਜ ਲੈਂਦੇ ?

15. **ਉ:**—ਪਰ, ਹੇ ਭਾਈਓ! ਜੀਵ ਦੇ ਭੀ ਕੀ ਵੱਸ ਹੈ ? ਸਭ ਕੁਝ ਪ੍ਰਮੇਸ਼ਰ ਦਾ ਕੀਤਾ ਹੋ ਰਿਹਾ ਹੈ, ਜੀਵ ਦੇ ਕੀਤਿਆਂ ਕੁਝ ਨਹੀਂ ਹੋ ਸਕਦਾ।

16. ਹੇ ਪਿਆਰੇ! ਜਦੋਂ ਪ੍ਰਭੂ ਆਪ (ਕਿਸੇ ਜੀਵ ਉਤੇ) ਮੇਹਰ ਦੀ ਨਿਗਾਹ ਕਰਦਾ ਹੈ, ਤਾਂ ਉਸ ਦੀ ਭਟਕਣਾ ਦੂਰ ਕਰਦਾ ਹੈ।

17. ਹੇ ਭਾਈ! ਪ੍ਰਭੂ ਦੀ ਮਿਹਰ ਨਾਲ ਹੀ ਜਦੋਂ ਜੀਵ ਪ੍ਰਭੂ ਦਾ ਹੁਕਮ ਸਮਝਦਾ ਹੈ, ਤਾਂ ਉਸ ਦਾ ਮਿਲਾਪ ਹਾਸਲ ਕਰ ਲੈਂਦਾ ਹੈ।੪।

18. ਹੇ ਭਾਈਓ! ਜਿਸ ਮਨੁੱਖ ਦਾ ਅੰਦਰਲਾ ਆਤਮਾਂ (ਵਿਕਾਰਾਂ ਨਾਲ) ਮੈਲਾ ਹੋ ਜਾਂਦਾ ਹੈ।

19. ਜੇ ਉਹ ਤੀਰਥਾਂ ਉਤੇ ਭੀ ਜਾਂਦਾ ਹੈ।

20. ਜੇ ਉਹ ਜਗਤ ਵਿਚ ਹੋਰ ਹੋਰ ਦੇਸ਼ਾਂ ਵਿਚ ਭੀ (ਵਿਰਕਤ ਰਹਿਣ ਲਈ) ਤੁਰਿਆ ਫਿਰਦਾ ਹੈ (ਤਾਂ ਭੀ ਉਸ ਦੇ ਮਾਇਆ ਵਾਲੇ ਬੰਧਨ ਟੁੱਟਦੇ ਨਹੀਂ)।

ਪ੍ਰ:—ਸ੍ਰੀ ਜੀਉ! ਦਸੋ, ਆਖਰ ਪ੍ਰਭੂ ਮਿਲਾਪ ਕਿਵੇਂ ਹੋ ਸਕਦਾ ਹੈ ?

21. **ਉ:**—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜੇ ਗੁਰੂ ਦਾ ਮਿਲਾਪ ਪ੍ਰਾਪਤ ਹੋਵੇ ਤਾਹੀਓਂ ਪ੍ਰਮੇਸ਼ਰ ਮਿਲਦਾ ਹੈ।

22. ਤਦੋਂ ਹੀ ਸੰਸਾਰ ਸਮੁੰਦਰ ਵਾਲੇ ਬੰਧਨ ਟੁੱਟਦੇ ਹਨ।੫।੪।

ਭਾਵਾਰਥ :—ਨਾਮ ਤੋਂ ਬਿਨਾ ਹੋਰ ਕਿਸੇ ਭੀ ਕਰਮ ਨਾਲ ਮਨ ਨਿਰਮਲ ਨਹੀਂ ਹੁੰਦਾ, ਇਸ ਲਈ ਇਕ ਇਹੋ

ਹੀ ਸਾਧਨ ਵਰਤਣਾ ਚਾਹੀਦਾ ਹੈ, ਜੋ ਗੁਰੂ ਦੀ ਸੰਗਤ ਤੋਂ ਮਿਲਦਾ ਹੈ।

ਨੋਟ :–[ਕਈ ਲਿਖਤੀ ਬੀੜਾਂ ਵਿਚ ਇਹ ਸ਼ਬਦ ਮਹਲਾ ੧ ਦਾ ਕਰ ਕੇ ਦਿਤਾ ਹੈ, ਪਰ ਗੁਰੂ ਸਾਹਿਬ ਨੇ 'ਮਹਲਾ ੩' ਦੇ ਨਾਲ ਲਫਜ਼ 'ਤੀਜਾ' ਲਾ ਕੇ ਵਧੇਰੇ ਸਪਸ਼ਟ ਕਰ ਦਿਤਾ ਹੈ ਤਾਂ ਕਿ ਭੁਲੇਖਾ ਨਾ ਪਵੇ]।

ਬਸੰਤੁ ਮਹਲਾ ੧ ॥

1. **ਸਗਲ ਭਵਨ ਤੇਰੀ ਮਾਇਆ ਮੋਹ ॥**
2. **ਮੈ ਅਵਰੁ ਨ ਦੀਸੈ ਸਰਬ ਤੋਹ ॥**
3. **ਤੂ ਸੁਰਿ ਨਾਥਾ ਦੇਵਾ ਦੇਵ ॥**
4. **ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥੧॥**
5. **ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥**
6. **ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥੧॥ ਰਹਾਉ ॥**
7. **ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥**
8. **ਬਿਨੁ ਗੁਰ ਮੈਲ ਮਲੀਨ ਅੰਗੁ ॥**
9. **ਬਿਨੁ ਹਰਿ ਨਾਮ ਨ ਸੁਧੁ ਹੋਇ ॥**
10. **ਗੁਰ ਸਬਦਿ ਸਲਾਹੇ ਸਾਚੁ ਸੋਇ ॥੨॥**
11. **ਜਾ ਕਉ ਤੂ ਰਾਖਹਿ ਰਖਨਹਾਰ ॥**
12. **ਸਤਿਗੁਰੂ ਮਿਲਾਵਹਿ ਕਰਹਿ ਸਾਰ ॥**
13. **ਬਿਖੁ ਹਉਮੈ ਮਮਤਾ ਪਰਹਰਾਇ ॥**
14. **ਸਭਿ ਦੂਖ ਬਿਨਾਸੇ ਰਾਮ ਰਾਇ ॥੩॥**
15. **ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥**
16. **ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥**
17. **ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥**
18. **ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥੪॥੫॥**

ਪਦ ਅਰਥ :–ਤੋਹੇ–ਤੇਰਾ (ਪ੍ਰਕਾਸ਼)। ਸੁਰਿ–ਦੇਵਤੇ ।੧।

ਲਾਲ–ਹੇ ਲਾਲ। ਗੁਰਮੁਖਿ–ਗੁਰੂ ਦੇ ਦਸੇ ਰਸਤੇ ਤੁਰ ਕੇ। ਸਰਬ ਪਾਲ–ਹੇ ਸਰਬ ਨੂੰ ਪਾਲਣ ਵਾਲੇ। ਅਪਰੰਪਰੁ–ਪਰੇ ਤੋਂ ਪਰੇ, ਬੇਅੰਤ ।੧। ਰਹਾਉ।

ਸਾਧ–ਗੁਰੂ। ਸੁਧੁ–ਪਵਿਤ੍ਰ ।੨।

ਸਾਰ–ਸੰਭਾਲ। ਬਿਖੁ–ਜ਼ਹਿਰ। ਪਰਹਰਾਇ–ਦੂਰ ਕਰ ਲੈਂਦਾ ਹੈ। ਸਭਿ–ਸਾਰੇ। ਰਾਮ ਰਾਇ–ਹੇ ਪ੍ਰਕਾਸ਼ ਰੂਪ ਪ੍ਰਭ ।੩।

ਗਤਿ–ਆਤਮਕ ਅਵਸਥਾ। ਹੀਰ–ਹੀਰਾ। ਤਜਿ–ਤਜ ਕੇ। ਦੂਜਾ ਭਾਉ–ਪ੍ਰਭੂ ਤੋਂ ਬਿਨਾ ਹੋਰ ਦਾ ਪਿਆਰ। ਗੁਰ ਮਿਲਾਉ–ਗੁਰੂ ਦਾ ਮਿਲਾਪ ।੪।

ਅਰਥ :–

ਪ੍ਰ:–ਸ੍ਰੀ ਗੁਰੂ ਜੀਉ! ਉਸ ਪ੍ਰਮੇਸ਼ਰ ਦੀ ਸਿਫਤੋ ਸਲਾਹ ਕਰਨ ਦੀ ਸੋਝੀ ਦਿਓ?

1. **ਉ:**–ਹੇ ਭਾਈਓ! ਪ੍ਰਭੂ ਦੇ ਸਨਮੁਖ ਹੋ ਤਿਉਂ ਉਚਾਰਨ ਕਰਦੇ ਰਹੋ ਕਿ, ਹੇ ਪ੍ਰਭੂ! ਸਾਰੇ ਭਵਨਾਂ ਵਿਚ (ਸਾਰੇ ਜਗਤ ਵਿਚ) ਤੇਰੀ ਮਾਇਆ ਦੇ ਮੋਹ ਦਾ (ਹੀ) ਪਸਾਰਾ ਹੈ।
2. ਮੈਨੂੰ ਤੈਥੋਂ ਬਿਨਾ ਕੋਈ ਹੋਰ ਨਹੀਂ ਦਿਸਦਾ, ਸਭ ਜੀਵਾਂ ਵਿਚ ਤੇਰਾ ਹੀ ਪ੍ਰਕਾਸ਼ ਹੈ।
3. ਤੂੰ ਦੇਵਤਿਆਂ ਦਾ ਨਾਥਾਂ ਦਾ ਭੀ ਦੇਵਤਾ ਹੈਂ।
4. ਹੇ ਹਰੀ! ਗੁਰੂ ਦੇ ਚਰਨਾਂ ਦੀ ਸੇਵਾ ਕੀਤਿਆਂ ਹੀ ਤੇਰਾ ਨਾਮ ਮਿਲਦਾ ਹੈ।੧।
5. ਹੇ ਮੇਰੇ ਸੋਹਣੇ ਲਾਲ! ਹੇ ਡੂੰਘੇ ਤੇ ਵਡੇ ਜਿਗਰੇ ਵਾਲੇ ਪ੍ਰਭੂ!
6. ਹੇ ਸਰਬ ਜੀਵਾਂ ਨੂੰ ਪਾਲਣ ਵਾਲੇ ਪ੍ਰਭੂ ਤੂੰ ਬੜਾ ਹੀ ਬੇਅੰਤ ਹੈਂ, ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਹੀ ਤੇਰੀ ਸਿਫਤ ਸਲਾਹ ਕਰਦਾ ਹੈ।੧। ਰਹਾਉ।
7. ਹੇ ਭਾਈਓ! ਗੁਰੂ ਦੀ ਸ਼ਰਨ ਤੋਂ ਬਿਨਾ ਪ੍ਰਮੇਸ਼ਰ ਦਾ ਸਾਥ ਪ੍ਰਾਪਤ ਨਹੀਂ ਹੁੰਦਾ।
8. (ਕਿਉਂਕਿ) ਗੁਰੂ ਤੋਂ ਬਿਨਾ ਮਨੁੱਖ ਦਾ ਸਰੀਰ (ਵਿਕਾਰਾਂ ਦੀ) ਮੈਲ ਨਾਲ ਗੰਦਾ ਰਹਿੰਦਾ ਹੈ।
9. ਹੇ ਪਿਆਰੇ! ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ (ਇਹ ਸਰੀਰ) ਪਵਿਤ੍ਰ ਨਹੀਂ ਹੋ ਸਕਦਾ।
10. ਐ ਪਿਆਰੇ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਕੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹੈ ਉਹ ਸਦਾ ਥਿਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ।੨।
11. ਹੇ ਰਾਖਨਹਾਰ ਪ੍ਰਭੂ! ਜਿਸ ਨੂੰ ਤੂੰ ਆਪ (ਵਿਕਾਰਾਂ ਤੋਂ) ਬਚਾਉਂਦਾ ਹੈਂ।
12. ਜਿਸ ਨੂੰ ਤੂੰ ਗੁਰੂ ਮਿਲਾਂਦਾ ਹੈਂ ਤੇ ਜਿਸ ਦੀ ਤੂੰ ਸੰਭਾਲ ਕਰਦਾ ਹੈਂ।
13. ਉਹ ਮਨੁੱਖ ਆਪਣੇ ਅੰਦਰੋਂ ਹਉਮੈਂ ਤੇ ਮਲਕੀਅਤਾਂ ਬਨਾਣ ਦੇ ਜ਼ਹਿਰ ਨੂੰ ਦੂਰ ਕਰ ਲੈਂਦਾ ਹੈ।
14. ਹੇ ਰਾਮ ਰਾਇ! ਤੇਰੀ ਮਿਹਰ ਨਾਲ ਉਸ ਦੇ ਸਾਰੇ ਦੁੱਖ ਨਾਸ ਹੋ ਜਾਂਦੇ ਹਨ।੩।
15. ਹੇ ਭਾਈਓ! ਜਿਸ ਮਨੁੱਖ ਦੇ ਅੰਦਰ ਪ੍ਰਭੂ ਦੇ ਗੁਣ ਵੱਸ ਪੈਂਦੇ ਹਨ ਉਸ ਦੀ ਆਤਮਕ ਅਵਸਥਾ ਉਚੀ ਹੋ ਜਾਂਦੀ ਹੈ, ਉਹ ਫਰਾਖ ਦਿਲ ਹੋ ਜਾਂਦਾ ਹੈ।
16. ਗੁਰੂ ਦੀ ਮੱਤ ਤੇ ਤੁਰ ਕੇ ਉਸ ਦੇ ਅੰਦਰ ਪ੍ਰਭੂ ਨਾਮ ਦਾ ਹੀਰਾ ਚਮਕ ਪੈਂਦਾ ਹੈ।
17. ਮਾਇਆ ਦਾ ਪਿਆਰ ਤਿਆਗ ਕੇ ਉਸ ਦੀ ਸੁਰਤਿ ਪ੍ਰਭੂ ਦੇ ਨਾਮ ਵਿਚ ਜੁੜ ਜਾਂਦੀ ਹੈ।

ਪ੍ਰ:-ਸ੍ਰੀ ਜੀਉ! ਆਖਰ ਪ੍ਰਭੂ ਪਾਸੋਂ ਤੁਹਾਡੀ ਮੰਗ ਕੀ ਹੈ?

18. **ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪ੍ਰਭੂ ! ਮੇਰੀ ਤੇਰੇ ਦਰ ਤੇ ਅਰਦਾਸ ਹੈ ਕਿ) ਮੈਨੂੰ ਦਾਸ ਨੂੰ ਗੁਰੂ ਮਿਲਾ, ਗੁਰੂ ਦਾ ਮਿਲਾਪ ਕਰਾ ਦੇ ।੪।੫।

ਭਾਵਾਰਥ :—ਸਾਰੇ ਭਵਨਾਂ ਵਿਚ ਮਾਇਆ ਦਾ ਮੋਹ ਪਸਰਿਆ ਹੋਇਆ ਹੈ, ਜਿਸ ਨਾਲ ਹਰੇਕ ਜੀਵ ਦਾ ਮਨ ਮੈਲਾ ਹੋਇਆ ਰਹਿੰਦਾ ਹੈ, ਇਸ ਮਲੀਨ ਮਨ ਨੂੰ ਸ਼ੁਧ ਕਰਨ ਲਈ ਜ਼ਰੂਰੀ ਹੈ ਕਿ ਗੁਰੂ ਦਾ ਦਿਤਾ ਹੋਇਆ ਨਾਮ ਸਿਮਰਨ ਕਰੀਏ ।

ਬਸੰਤੁ ਮਹਲਾ ੧ ॥

1. **ਮੇਰੀ ਸਖੀ ਸਹੇਲੀ ਸੁਨਹੁ ਭਾਇ ॥**
2. **ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥**
3. **ਓਹੁ ਅਲਖੁ ਨ ਲਖੀਐ ਕਹਹੁ ਕਾਇ ॥**
4. **ਗੁਰਿ ਸੰਗਿ ਦਿਖਾਇਓ ਰਾਮਰਾਇ ॥੧॥**
5. **ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥**
6. **ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ
   ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥**
7. **ਮਨਮੁਖੀ ਦੁਹਾਗਣਿ ਨਾਹਿ ਭੇਉ ॥**
8. **ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥**
9. **ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥**
10. **ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥**
11. **ਬਿਨੁ ਗੁਰ ਭਗਤਿ ਨ ਭਾਉ ਹੋਇ ॥**
12. **ਬਿਨੁ ਗੁਰ ਸੰਤ ਨ ਸੰਗੁ ਦੇਇ ॥**
13. **ਬਿਨੁ ਗੁਰ ਅੰਧੁਲੇ ਧੰਧੁ ਰੋਇ ॥**
14. **ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥**
15. **ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥**
16. **ਅਹਿਨਿਸਿ ਰਾਵੇ ਭਗਤਿ ਜੋਗੁ ॥**
17. **ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥**
18. **ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥**

ਪਦ ਅਰਥ :—ਸਖੀ ਸਹੇਲੀ—ਹੇ ਸਖੀ ਸਹੇਲੀਓ । ਭਾਇ—ਪ੍ਰੇਮ ਨਾਲ । ਰੀਸਾਲੂ—ਸੋਹਣਾ, ਸੁੰਦਰ । ਸੰਗਿ—(ਜਿਸ ਦੇ) ਨਾਲ ਹੈ । ਸਾਇ—ਉਹੀ ਸਖੀ (ਸੁਹਾਗਣਿ ਹੈ)। ਉਹ—ਉਹ ਪਿਤਾ ਪ੍ਰਭੂ । ਕਹਹੁ—ਦਸੋ । ਕਾਇ—ਕਿਵੇਂ (ਦਿਸੇ, ਮਿਲੇ ?) । ਗੁਰਿ—ਗੁਰੂ ਨੇ । ਸੰਗਿ—ਨਾਲ ।੧।

ਬਨੇ—ਫਬਦੇ ਹਨ । ਵਰਿ ਕਾਮਨਿ—ਖਸਮ ਪ੍ਰਭੂ ਦੀਆਂ ਜ਼ੀਵ ਇਸਤ੍ਰੀਆਂ । ਮਨੇ—ਮੰਨੇ, ਪਤੀਜ ਜਾਂਦੇ ਹਨ ।੧।ਰਹਾਉ।

ਮਨਮੁਖੀ—ਆਪਣੇ ਮਨ ਦੇ ਪਿਛੇ ਤੁਰਨ ਵਾਲੀਆਂ । ਦੁਹਾਗਣਿ—ਭਾਗ ਹੀਣ । ਭੇਉ—ਭੇਤ । ਸਰਬ ਪ੍ਰੇਉ—ਸਭ ਦਾ ਪਿਆਰਾ । ਦੇਉ - ਪ੍ਰਕਾਸ਼ ਰੂਪ ਪ੍ਰਭੂ । ਗੁਰਿ—ਗੁਰੂ ਨੇ ।੨।

ਭਾਉ—ਪ੍ਰੇਮ । ਸੰਗੁ—ਸਾਥ । ਨ ਦੇਇ—ਨਹੀਂ ਦੇਂਦਾ । ਅੰਧੁਲੇ—(ਮਾਇਆ ਮੋਹ ਵਿਚ) ਅੰਨ੍ਹੇ ਹੋਏ ਜੀਵ । ਧੰਧੁ—ਜੰਜਾਲ (ਵਿਆਪਦਾ ਹੈ) । ਰੋਇ—(ਉਹ) ਦੁਖੀ ਰਹਿੰਦਾ ਹੈ, ਰੋਂਦਾ ਹੈ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ । ਖੋਇ—ਨਾਸ ਕਰਦਾ ।੩।

ਗੁਰਿ—ਗੁਰੂ ਨੇ । ਕਰਿ—ਕਰ ਕੇ । ਸੰਜੋਗੁ—(ਪ੍ਰਭੂ ਨਾਲ) ਮਿਲਾਪ । ਅਹਿ—ਦਿਨ । ਨਿਸਿ—ਰਾਤ । ਰਾਵੇ—ਮਾਣਦਾ ਹੈ । ਭਗਤਿ ਜੋਗੁ—ਭਗਤੀ ਦੇ ਰਾਹੀਂ ਹੋਇਆ ਮਿਲਾਪ । ਹਰਿ ਵਰੁ—ਪ੍ਰਭੂ ਪਤੀ । ਸਹਜ ਜੋਗੁ—ਅਡੋਲ ਅਵਸਥਾ ਦਾ ਮਿਲਾਪ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਜਦੋਂ ਕਦੀ ਸਤਿ ਸੰਗਣਾਂ ਕਿਸੇ ਸੁਹਾਗਣ ਨੂੰ ਸੁਹਾਗਣੀ ਦੇ ਲੱਛਣ ਪੁਛਦੀਆਂ ਹਨ, ਤਾਂ ਉਸ ਦੇ ਉੱਤਰ ਵਿਚ ਉਸ ਵਲੋਂ ਕੀ ਜੁਆਬ ਹੋਇਆ ਕਰਦਾ ਹੈ ?

1. **ਉ** —ਹੇ ਭਾਈ ! ਉਸ ਵਲੋਂ ਤਾਂ ਇਹੋ ਹੀ ਉੱਤਰ ਹੁੰਦਾ ਹੈ ਕਿ, ਹੇ ਮੇਰੀ ! (ਸਤਿ ਸੰਗਣ) ਸਹੇਲੀਓ ! ਪ੍ਰੇਮ ਨਾਲ (ਮੇਰੀ ਗੱਲ) ਸੁਣੋ ।
2. ਕਿ, ਉਹ ਮੇਰਾ ਸੁੰਦਰ ਪਤੀ ਪ੍ਰਭੂ ਜਿਸ ਸਹੇਲੀ ਦੇ ਅੰਗ ਸੰਗ ਹੈ ਉਹੀ ਸਹੇਲੀ (ਸੁਹਾਗਣ) ਹੈ ।
3. ਹੇ ਸਹੇਲੀਓ ! ਉਹ (ਸੋਹਣਾ ਪ੍ਰਭੂ) ਬਿਆਨ (ਕਰਨ) ਤੋਂ ਪਰੇ ਹੈ, ਉਸਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ।
4. ਦਸੋ, (ਹੇ ਸਹੇਲੀਓ) ਉਹ (ਫਿਰ) ਕਿਵੇਂ ਮਿਲੇ, ਹੇ ਸਹੇਲੀ ! ਗੁਰੂ ਨੇ ਉਹ ਪ੍ਰਕਾਸ਼ ਰੂਪ ਪ੍ਰਭੂ, ਜਿਸ ਸਹੇਲੀ ਨੂੰ ਅੰਗ ਸੰਗ ਵਿਖਾ ਦਿਤਾ ਹੈ,(ਉਸੇ ਨੂੰ ਉਹ ਮਿਲਿਆ ਹੈ)।੧।
5. ਹੇ ਮੇਰੀ ਸਖੀ ਸਹੇਲੀਓ ! ਰਲ ਕੇ ਬੈਠੋ (ਤੇ ਪ੍ਰਭੂ ਪਤੀ ਦੇ ਗੁਣ ਗਾਵੋ) ਪ੍ਰਭੂ ਦੇ ਗੁਣ ਗਾਵਣੇ ਹੀ (ਮਨੁੱਖਾ ਜਨਮ ਵਿਚ) ਫਬਦੇ ਹਨ ।
6. ਖਸਮ ਪ੍ਰਭੂ ਦੀਆਂ ਜੇਹੜੀਆਂ ਜੀਵ ਇਸਤ੍ਰੀਆਂ ਪ੍ਰਭੂ ਪ੍ਰਮਾਤਮਾਂ ਦੇ ਨਾਲ ਖੇਡਦੀਆਂ ਹਨ, ਗੁਰੂ ਦੀ ਰਾਹੀਂ ਪ੍ਰਭੂ ਦੀ ਭਾਲ ਕਰਦਿਆਂ ਉਨ੍ਹਾਂ ਦੇ ਮਨ (ਪ੍ਰਭੂ ਦੀ ਯਾਦ ਵਿਚ) ਪਤੀਜ ਜਾਂਦੇ ਹਨ ।੧। ਰਹਾਉ ।

ਪ੍ਰ:—ਕਿਉਂ ਜੀ ! ਇਹ ਦਾਤ ਸਭ ਨੂੰ ਕਿਉਂ ਨਹੀਂ ਹਾਸਿਲ ਹੁੰਦੀ ?

7. **ਉ**:—ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੀਆਂ ਭਾਗ ਹੀਣ ਜੀਵ ਇਸਤ੍ਰੀਆਂ ਨੂੰ ਇਹ ਗੁੱਝੀ ਗਲ ਸਮਝ ਨਹੀਂ ਆਉਂਦੀ ।
8. ਕਿ, ਉਹ ਸਭ ਦਾ ਪਿਆਰਾ ਪ੍ਰਭੂ ਹਰੇਕ ਸਰੀਰ ਦੇ ਅੰਦਰ ਵੱਸ ਰਿਹਾ ਹੈ ।
9. ਪਰ, ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲੀ ਜੀਵ ਇਸਤ੍ਰੀ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਕਾਸ਼ ਰੂਪ ਪ੍ਰਭੂ ਨੂੰ ਆਪਣੇ ਅੰਗ ਸੰਗ ਵੇਖਦੀ ਹੈ ।

10. ਕਿਉਂਕਿ, ਹੇ ਭਾਈ ! ਗੁਰੂ ਨੇ ਉਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਪੱਕਾ ਕਰ ਦਿਤਾ ਹੈ, ਉਹ ਉਸੇ ਨਾਮ ਦਾ ਜਾਪ ਜਪਦੀ ਹੈ ।੨।

11. ਹੇ ਮੇਰੀ ਸਹੇਲੀਓ ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਨਾ ਪ੍ਰਮੇਸ਼ਰ ਨਾਲ ਪਿਆਰ ਬਣਦਾ ਹੈ, ਨਾ ਉਸ ਦੀ ਭਗਤੀ ਹੋ ਸਕਦੀ ਹੈ ।

12. ਹੇ ਸਖੀ ! ਸੰਤ ਗੁਰੂ ਦੀ ਸ਼ਰਨ ਤੋਂ ਬਿਨਾ ਉਹ (ਪਿਆਰਾ ਪ੍ਰਭੂ) ਆਪਣਾ ਸਾਥ ਨਹੀਂ ਬਖਸ਼ਦਾ ।

13. ਗੁਰੂ ਦੇ ਦਰ ਤੇ ਆਉਣ ਤੋਂ ਬਿਨਾ ਮਾਇਆ ਮੋਹ ਵਿਚ ਅੰਨ੍ਹੇ ਹੋਏ ਜੀਵ ਨੂੰ ਦੁਨੀਆਂ ਦਾ ਜੰਜਾਲ ਹੀ ਵਿਆਪਦਾ ਹੈ, ਉਹ ਸਦਾ ਦੁਖੀ ਹੀ ਰਹਿੰਦਾ ਹੈ ।੩।

14. ਹੇ ਭਾਈ ! ਗੁਰਮੁਖ ਦਾ ਨਿਰਮਲ ਮਨ ਗੁਰੂ ਦੇ ਸ਼ਬਦ ਦੀ ਰਾਹੀਂ ਖੋਟੀ ਮੈਲ ਨੂੰ ਦੂਰ ਕਰ ਲੈਂਦਾ ਹੈ ।

ਪ੍ਰ:–ਸ੍ਰੀ ਜੀਉ ! ਭਗਤੀ ਦੇ ਮਿਲਾਪ ਦਾ ਅਨੰਦ ਕੌਣ ਮਾਣਦਾ ਹੈ ?

15. ਉ:–ਹੇ ਭਾਈ ! ਗੁਰੂ ਨੇ (ਪ੍ਰਮਾਤਮਾਂ ਨਾਲ) ਸੰਜੋਗ ਬਣਾਕੇ ਜਿਸ ਦਾ ਮਨ ਮਾਇਆ ਦੇ ਮੋਹ ਵਲੋਂ ਮਾਰ ਦਿਤਾ ਹੈ ।

16. ਉਹ ਦਿਨੇ ਰਾਤ ਪ੍ਰਭੂ ਦੀ ਭਗਤੀ ਦੇ ਮਿਲਾਪ ਨੂੰ ਮਾਣਦਾ ਹੈ।

17. ਹੇ ਭਾਈ ! ਸੰਤ ਗੁਰੂ ਦੀ ਸੰਗਤ ਵਿਚ (ਬੈਠਿਆਂ ਜੀਵ ਦਾ) ਦੁੱਖ ਮਿੱਟ ਜਾਂਦਾ ਹੈ, ਰੋਗ ਦੂਰ ਹੋ ਜਾਂਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ (ਕਿਉਂਕਿ) (ਹੇ ਭਾਈ) ਉਸ ਨੂੰ ਪ੍ਰਭੂ ਪਤੀ ਮਿਲ ਜਾਂਦਾ ਹੈ; ਉਸ ਨੂੰ ਅਡੋਲ ਅਵਸਥਾ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ।੪।੬।

ਭਾਵਾਰਥ :–ਉਹ ਹਰੀ ਸਾਡੇ ਨਾਲ ਹੀ ਵਸਦਾ ਹੈ, ਪਰ, ਗੁਰੂ ਤੋਂ ਬਿਨਾ ਉਹ ਪ੍ਰਤੀਤ ਨਹੀਂ ਹੁੰਦਾ, ਕਿਉਂਕਿ, ਨਿਗੁਰਾ ਮਨੁੱਖ ਅੰਨ੍ਹਾਂ ਹੋ ਕੇ ਸੰਸਾਰ ਦੇ ਧੰਧੇ ਪਿੱਟਦਾ ਰਹਿੰਦਾ ਹੈ, ਇਸੇ ਲਈ ਉਸ ਦਾ ਮਨ ਨਿਰਮਲ ਨਹੀਂ ਹੁੰਦਾ, ਪਰ, ਜਦੋਂ ਗੁਰੂ ਦਾ ਮਿਲਾਪ ਹੋ ਜਾਏ ਤਾਂ ਦੁੱਖ ਤੇ ਰੋਗ ਦੂਰ ਹੋ ਕੇ ਦਿਲ ਵਿਚ ਹਰੀ ਦਾ ਪ੍ਰੇਮ ਜਾਗਦਾ ਹੈ ਅਤੇ ਫਿਰ ਉਸਨੂੰ ਮਿਲਾਪ ਲਈ ਪ੍ਰੇਰਨਾ ਹੁੰਦੀ ਹੈ ।

ਬਸੰਤੁ ਮਹਲਾ ੧ ॥

1. **ਆਪੇ ਕੁਦਰਤਿ ਕਰੇ ਸਾਜਿ ॥**
2. **ਸਚੁ ਆਪਿ ਨਿਬੇੜੇ ਰਾਜੁ ਰਾਜਿ ॥**
3. **ਗੁਰਮਤਿ ਊਤਮ ਸੰਗਿ ਸਾਥਿ ॥**
4. **ਹਰਿ ਨਾਮੁ ਰਸਾਇਣੁ ਸਹਜਿ ਆਥਿ ॥੧॥**
5. **ਮਤ ਬਿਸਰਸਿ ਰੇ ਮਨ ਰਾਮ ਬੋਲਿ ॥**
6. **ਅਪਰੰਪਰੁ ਅਗਮ ਅਗੋਚਰੁ ਗੁਰਮੁਖਿ. ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ ਰਹਾਉ ॥**
7. **ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥**
8. **ਗੁਰ ਸੇਵ ਤਰੇ ਤਜਿ ਮੇਰ ਤੋਰ ॥**
9. **ਨਰ ਨਿੰਦਕ ਲੋਭੀ ਮਨਿ ਕਠੋਰ ॥**
10. **ਗੁਰ ਸੇਵ ਨ ਭਾਈ ਸਿ ਚੋਰ ਚੋਰ ॥੨॥**
11. **ਗੁਰੁ ਤੁਠਾ ਬਖਸੇ ਭਗਤਿ ਭਾਉ ॥**
12. **ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥**
13. **ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥**
14. **ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥੩॥**
15. **ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥**
16. **ਗੁਰਸਿਖ ਪਿਆਰੇ ਦਿਨਸੁ ਰਾਤਿ ॥**
17. **ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥**
18. **ਕਹੁ ਨਾਨਕ ਪਾਵਹਿ ਵਿਰਲੇ ਕੇਇ ॥੪॥੭॥**

ਪਦ ਅਰਥ :–ਸਾਜਿ–ਸਾਜ ਕੇ । ਸਚੁ–ਸਦਾ ਥਿਰ ਰਹਿਣ ਵਾਲਾ ਪ੍ਰਭੂ । ਨਿਬੇੜੇ-ਫ਼ੈਸਲੇ ਕਰਦਾ ਹੈ । ਰਾਜੁ–ਹੁਕਮ । ਰਾਜਿ–ਰਾਜ ਕੇ, ਵਰਤਾ ਕੇ, ਚਲਾ ਕੇ । ਸੰਗਿ–ਸੰਗ ਵਿਚ । ਸਾਥਿ–ਨਾਲ । ਰਸਾਇਣੁ–ਰਸਾਂ ਦਾ ਘਰ । ਸਹਜਿ–ਸ਼ਹਜ ਵਿਚ,ਅਡੋਲ ਅਵਸਥਾ ਵਿਚ । ਆਥਿ–(ਮਿਲਦਾ)ਹੈ।੧।

ਮਤ ਬਿਸਰਸਿ–ਕਿਤੇ ਭੁਲਾ ਨਾ ਦੇਈਂ । ਅਪਰੰਪਰੁ–ਜੋ ਪਰੇ ਤੋਂ ਪਰੇ ਹੈ । ਅਗਮ–ਅਪਹੁੰਚ । ਅਗੋਚਰੁ–ਅ-ਗੋ-ਚਰ, ਜੋ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ । ਅਤੁਲੁ–ਜੋ ਤੋਲਿਆ ਨਾ ਜਾ ਸਕੇ । ਤੋਲਿ–ਤੋਲ ਵਿਚ ।੧। ਰਹਾਉ ।

ਤੋਰ–ਤੇਰੇ । ਸਰੇਵਹਿ–ਸੇਵਾ ਕਰਦੇ ਹਨ । ਮੇਰ ਤੋਰ–ਮੇਰ ਤੇਰ । ਤਜਿ–ਤਜ ਕੇ, ਛਡ ਕੇ । ਮਨਿ–ਮਨ ਵਿਚ । ਨਾ ਭਾਈ–ਚੰਗੀ ਨਾ ਲਗੀ । ਸਿ–ਉਹ ਬੰਦੇ । ਚੋਰ ਚੋਰ–ਵਡੇ ਚੋਰ ।੨।

ਤੁਠਾ–ਪ੍ਰਸੰਨ ਹੋਇਆ । ਭਾਉ–ਪ੍ਰੇਮ । ਗੁਰਿ ਤੁਠੈ–ਜੇ ਗੁਰੂ ਪ੍ਰਸੰਨ ਹੋ ਜਾਏ । ਮਹਲਿ–ਮਹਲ ਵਿਚ । ਪਰਹਰਿ–ਤਿਆਗ ਕੇ । ਜਾਗੁ–ਸੁਚੇਤ ਹੋ । ਕਰਮਿ–ਮੇਹਰ ਨਾਲ । ਭਾਗੁ–ਹਿੱਸਾ ।੩।

ਮੇਲਿ–ਪ੍ਰਭੂ ਦੇ ਮੇਲ ਵਿਚ । ਤੁਸਿ–ਤ੍ਰੁਠ ਕੇ, ਪ੍ਰਸੰਨ ਹੋ ਕੇ । ਦੇਇ–ਦੇਂਦਾ ਹੈ । ਪਾਵਹਿ–ਪ੍ਰਾਪਤ ਕਰਦੇ ਹਨ । ਕੇਇ–ਕੋਈ ਕੋਈ ।੪। **ਅਰਥ** :–

ਪ੍ਰ:–ਗੁਰਦੇਵ ਜੀਉ ! ਇਸ ਏਡੀ ਵਡੀ ਜਗਤ ਦੀ ਰਚਨਾ ਨੂੰ ਰਚ ਕੇ ਇਨ੍ਹਾਂ ਜੀਵਾਂ ਦੇ ਕਰਮਾਂ ਦਾ ਹਿਸਾਬ ਕਿਤਾਬ ਕੌਣ ਕਰਦਾ ਹੈ ?

1. ਉ:–ਹੇ ਭਾਈ ! ਉਹ ਪ੍ਰਭੂ ਆਪ ਹੀ ਸਾਜ ਕੇ ਆਪਣੀ ਕੁਦਰਤ ਰਚਦਾ ਹੈ ।

2. ਐ ਪਿਆਰੇ ! (ਇਸ ਕੁਦਰਤ ਵਿਚ) ਆਪਣਾ ਹੁਕਮ ਚਲਾ ਕੇ ਸਦਾ ਥਿਰ ਰਹਿਣ ਵਾਲਾ ਪ੍ਰਭੂ ਆਪ ਹੀ (ਜੀਵਾਂ ਦੇ ਕੀਤੇ ਕਰਮਾਂ ਦੇ ਫੈਸਲੇ ਕਰਦਾ ਹੈ ।

ਪ੍ਰ–ਸ੍ਰੀ ਜੀਉ, ਉਹ ਏਡੇ ਵਡੇ ਜਗਤ ਦੇ ਜੀਵਾਂ ਦੇ ਕੀਤੇ ਕਰਮਾਂ ਦਾ ਹਿਸਾਬ ਕਿਤਾਬ ਕਰਨ ਵਾਲਾ ਦਿਸਦਾ ਕਿਉਂ ਨਹੀਂ?

3. ਉ:—ਹੇ ਭਾਈਓ ! ਅਸਲ ਵਿਚ ਤਾਂ ਜਿਨ੍ਹਾਂ ਨੂੰ ਗੁਰੂ ਦੀ ਸ੍ਰੇਸ਼ਟ ਮਤਿ ਪ੍ਰਾਪਤ ਹੁੰਦੀ ਹੈ, ਉਨ੍ਹਾਂ ਨੂੰ (ਉਹ) ਸਦਾ ਹੀ ਅੰਗ ਸੰਗ ਦਿਸਦਾ ਹੈ।

4. ਅਤੇ ਸਭ ਤੋਂ ਸ੍ਰੇਸ਼ਟ ਨਾਮ ਰਸ ਉਨ੍ਹਾਂ ਨੂੰ ਅਡੋਲ ਅਵਸਥਾ ਵਿਚ (ਟਿਕੇ ਰਹਿਣ ਕਰ ਕੇ ਮਿਲ ਜਾਂਦਾ ਹੈ) ਹੈ ।੧।

5. (ਇਸ ਲਈ) ਹੇ (ਮੇਰੇ) ਮਨ, ਪ੍ਰਮੇਸ਼ਰ ਜੀ ਦਾ ਨਾਮ ਬੋਲਦਾ ਰਹੁ, (ਵੇਖੀਂ) ਕਿਤੇ ਭੁਲਾ ਨਾ ਦੇਈਂ।

6. ਉਹ ਪ੍ਰਮਾਤਮਾਂ ਪਰੇ ਤੋਂ ਪਰੇ ਹੈ, ਅਪਹੁੰਚ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਉਹ ਤੋਲ ਵਿਚ ਅਤੁੱਲ ਹੈ, (ਭਾਵ ਉਸ ਦੇ ਗੁਣਾਂ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਪਰ ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪੈਂਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਆਪ (ਆਪਣੇ ਗੁਣਾਂ ਨੂੰ) ਤੁਲਾਂਦਾ ਹੈ, (ਆਪਣੀ ਸਿਫਤ ਸਲਾਹ ਆਪ ਉਨ੍ਹਾਂ ਤੋਂ ਕਰਾਂਦਾ ਹੈ) ।੧। ਰਹਾਉ ।

7. ਹੇ ਪ੍ਰਭੂ ! ਜਿਹੜੇ ਗੁਰਸਿਖ ਗੁਰੂ ਦੇ ਚਰਨਾਂ ਦੀ ਸੇਵਾ ਕਰਦੇ ਹਨ, ਉਹ ਤੇਰੇ (ਸੇਵਕ) ਬਣ ਜਾਂਦੇ ਹਨ।

8. ਗੁਰੂ ਦੀ ਸੇਵਾ ਦੀ ਬਰਕਤ ਨਾਲ ਉਹ ਮੇਰ ਤੇਰ ਤਿਆਗਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ।

9. ਪਰ, ਜਿਹੜੇ ਬੰਦੇ ਦੂਜਿਆਂ ਦੀ ਨਿੰਦਿਆ ਕਰਦੇ ਹਨ, ਮਾਇਆ ਦੇ ਲੋਭ ਵਿਚ ਫਸੇ ਰਹਿੰਦੇ ਹਨ ਤੇ ਮਨ ਦੇ ਕਠੋਰ ਹਨ।

10. ਹੇ ਭਾਈ ! (ਜਿਨ੍ਹਾਂ ਦੇ ਮਨ ਦੂਜਿਆਂ ਦੇ ਦੁੱਖ ਵੇਖ ਕੇ ਦ੍ਰਵਦੇ ਨਹੀਂ ਹਨ) ਉਨ੍ਹਾਂ ਨੂੰ ਗੁਰੂ ਦੀ ਦਸੀ ਸੇਵਾ ਚੰਗੀ ਨਹੀਂ ਲਗਦੀ, ਉਹ ਮਹਾ ਚੋਰ ਹਨ (ਉਨ੍ਹਾਂ ਦਾ ਜੀਵਨ ਚੋਰਾਂ ਦੇ ਜੀਵਨ ਵਰਗਾ ਹੈ) ।੨।

ਪ੍ਰ—ਸ੍ਰੀ ਜੀਉ, ਗੁਰੂ ਦੀ ਪ੍ਰਸੰਨਤਾ ਨਾਲ ਹਾਸਲ ਕੀ ਹੁੰਦਾ ਹੈ ?

11. ਉ:—ਹੇ ਭਾਈਓ ! ਜਿਨ੍ਹਾਂ ਉਤੇ ਗੁਰੂ ਪ੍ਰਸੰਨ ਹੁੰਦਾ ਹੈ, ਉਨ੍ਹਾਂ ਨੂੰ ਉਹ ਪ੍ਰਭੂ ਦੀ ਭਗਤੀ ਤੇ ਪਿਆਰ ਬਖਸ਼ਦਾ ਹੈ।

12. ਗੁਰੂ ਦੇ ਪ੍ਰਸੰਨ ਹੋਇਆਂ ਹੀ ਪ੍ਰਭੂ ਦੇ ਦਰ ਤੇ ਥਾਂ ਮਿਲਦਾ ਹੈ।

13. ਉਹ ਪਰਾਈ ਨਿੰਦਾ ਤਿਆਗ ਕੇ ਪ੍ਰਭੂ ਦੀ ਭਗਤੀ ਵਿਚ ਸਾਵਧਾਨਤਾ ਹਾਸਲ ਕਰਦੇ ਹਨ।

14. ਹੇ ਭਾਈ ! (ਪ੍ਰਭੂ ਦੀ) ਮੇਹਰ ਨਾਲ ਪ੍ਰਭੂ ਦੀ ਸੁਹਾਵਣੀ ਭਗਤੀ (ਉਨ੍ਹਾਂ ਦੇ ਜੀਵਨ ਦਾ) ਹਿਸਾ ਬਣ ਜਾਂਦੀ ਹੈ ।੩।

15. ਐ ਪਿਆਰੇ ! ਗੁਰੂ ਜਿਨ੍ਹਾਂ ਨੂੰ ਸੰਗਤ ਵਿਚ ਮਿਲਾਂਦਾ ਹੈ ਜਿਨ੍ਹਾਂ ਨੂੰ (ਨਾਮ ਦੀ) ਦਾਤ ਦੇਂਦਾ ਹੈ।

16. ਉਹ ਪਿਆਰੇ ਗੁਰਸਿਖ ਦਿਨ ਰਾਤ (ਨਾਮ ਦੀ ਦਾਤ ਸਾਂਭ ਰਖਦੇ ਹਨ)।

17. ਜਿਨ੍ਹਾਂ ਨੂੰ ਗੁਰੂ ਪ੍ਰਸੰਨ ਹੋ ਕੇ ਨਾਮ ਬਖਸ਼ਦਾ ਹੈ ਉਨ੍ਹਾਂ ਨੂੰ ਪ੍ਰਭੂ ਦਾ ਨਾਮ ਜੋ ਇਨਸਾਨੀ ਜ਼ਿੰਦਗੀ ਦਾ ਅਸਲ ਮਨੋਰਥ ਹੈ ਉਹ ਮਿਲ ਜਾਂਦਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਇਹ ਨਾਮ ਦੀ ਦਾਤ ਕੋਈ ਵਿਰਲੇ ਭਾਗਾਂ ਵਾਲੇ ਬੰਦੇ ਹੀ ਪ੍ਰਾਪਤ ਕਰਦੇ ਹਨ ।੪।੭।

ਭਾਵਾਰਥ :—ਉਹ ਹਰੀ ਅਗਮ ਅਗੋਚਰ ਹੈ, ਪਰ ਸਾਡੇ ਮਹਿਦੂਦ ਦਿਲਾਂ ਵਿਚ ਭੀ ਆਪਣੀ ਸੋਝੀ ਲਿਆ ਦੇਂਦਾ ਹੈ, ਪਰ, ਉਹ ਸੋਝੀ ਗੁਰੂ ਦੇ ਰਾਹੀਂ ਹੀ ਮਿਲਦੀ ਹੈ, ਕਿਉਂਕਿ. ਗੁਰੂ ਮਨੁੱਖ ਦੇ ਨਿੰਦਕ ਤੇ ਕਠੋਰ ਦਿਲ ਵਿਚ ਭੀ ਭਗਤੀ ਦੀ ਜਾਗ੍ਰਤੀ ਪੈਦਾ ਕਰ ਦੇਂਦਾ ਹੈ।

ਬਸੰਤੁ ਮਹਲਾ ੩ ਇਕ ਤੁਕਾ ॥

1. **ਸਾਹਿਬ ਭਾਵੈ ਸੇਵਕੁ ਸੇਵਾ ਕਰੈ ।**
2. **ਜੀਵਤੁ ਮਰੈ ਸਭਿ ਕੁਲ ਉਧਰੈ ॥੧॥**
3. **ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥**
4. **ਸਾਚੁ ਨਾਮੁ ਮੇਰੈ ਹਿਰਦੈ ਵਸੈ ॥੧॥ ਰਹਾਉ ॥**
5. **ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥**
6. **ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥੨॥**
7. **ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥**
8. **ਤਉ ਸਰਣਾਗਤਿ ਰਹਉ ਪਇਆ ॥੩॥**
9. **ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥**
10. **ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥**

ਪਦ ਅਰਥ :—ਸਾਹਿਬ ਭਾਵੈ—ਜੇ ਮਾਲਕ ਨੂੰ ਚੰਗਾ ਲਗੇ । ਜੀਵਤ ਮਰੈ—ਦੁਨੀਆਂ ਵਿਚ ਵਰਤਦਾ ਹੋਇਆ ਮਾਇਆ ਦੇ ਮੋਹ ਵਲੋਂ ਉਪਰਾਮ ਹੁੰਦਾ ਹੈ। ਸਭਿ—ਸਾਰੇ। ਉਧਰੈ—(ਵਿਕਾਰਾਂ ਤੋਂ) ਬਚਾ ਲੈਂਦਾ ਹੈ ।੧।

ਨ ਛੋਡਉ—ਮੈਂ ਨਹੀਂ ਛਡਾਂਗਾ। ਕਿਆ ਕੋ ਹਸੈ—ਕੋਈ ਕੀ (ਮੇਰੇ ਉਤੇ) ਹਸ ਲਏਗਾ ? ਮੈਂ ਕਿਸੇ ਦੇ ਹਾਸੇ ਮਖੌਲ ਦੀ ਪ੍ਰਵਾਹ ਨਹੀਂ ਕਰਾਂਗਾ। ਮੇਰੈ ਹਿਰਦੈ—ਮੇਰੇ ਹਿਰਦੇ ਵਿਚ ।੧। ਰਹਾਉ ।

ਮੋਹਿ—ਮੋਹ ਵਿਚ। ਗਲਤੁ ਰਹੈ—ਡੁੱਬਾ ਰਹਿੰਦਾ ਹੈ। ਰਵਤ ਰਹੈ—ਸਿਮਰਦਾ ਰਹਿੰਦਾ ਹੈ ।੨।

ਮੁਗਧ—ਮੂੜ੍ਹ, ਮੂਰਖ। ਤਉ—ਤੇਰੀ। ਰਹਉ ਪਇਆ—ਮੈਂ ਪਿਆ ਰਹਾਂ ।੩।

ਨਿਹਫਲ—ਵਿਅਰਥ। ਕੋ—ਕੋਈ ਮਨੁੱਖ ।੪।

ਅਰਥ :—

ਪ੍ਰ.—ਗਰਦੇਵ ਜੀਉ ! ਜਦ ਕਿ ਪ੍ਰਭੂ ਦੀ ਭਗਤੀ ਸਰਬ ਸੁਖਾਂ ਦੀ ਦਾਤੀ ਹੈ ਤਾਂ ਇਸ ਨੂੰ ਹਰ ਮਨੁੱਖ ਹੀ ਕਿਉਂ ਨਹੀਂ ਕਰਦਾ ?

1. ਉ.—ਹੇ ਭਾਈਓ ! ਚਾਹੁੰਦੇ ਤਾਂ ਸਾਰੇ ਹੀ ਲੋਕ ਹਨ, ਪਰ ਜੇ ਮਾਲਕ ਪ੍ਰਭੂ ਨੂੰ ਪਸੰਦ ਆਵੇ ਤਾਂ ਹੀ (ਕੋਈ) ਸੇਵਕ ਪ੍ਰਭੂ ਦੀ ਸੇਵਾ (ਭਗਤੀ) ਕਰ ਸਕਦਾ ਹੈ।

ਪ੍ਰ:—ਸ੍ਰੀ ਜੀਉ ! ਉਸ ਦੀ ਪਛਾਣ ਕੀ ਹੈ ?

2. ਉ:—ਹੇ ਭਾਈ ! ਉਹ ਸੇਵਕ ਜਗਤ ਦੇ ਕਾਰ ਵਿਹਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਵਲੋਂ ਉਪਰਾਮ ਰਹਿੰਦਾ ਹੈ, ਉਹ ਆਪਣੇ ਸਾਰੇ ਕੁਲ ਭੀ (ਮੋਹ ਤੋਂ) ਬਚਾ ਲੈਂਦਾ ਹੈ ।੧।

ਪ੍ਰ:—ਕਿਉਂ ਜੀ ! ਉਸ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

3. ਉ:—ਹੇ ਭਾਈਓ ! ਉਸ ਦਾ ਨਿਸਚਾ ਪ੍ਰਪੱਕ ਹੋ ਜਾਂਦਾ ਹੈ, ਉਸ ਦੇ ਅੰਦਰੋਂ ਸਦਾ ਇਹੋ ਹੀ ਵਾਕ ਨਿਕਲਦੇ ਹਨ ਕਿ, ਹੇ ਪ੍ਰਭੂ ! ਮੈਂ ਤੇਰੀ ਭਗਤੀ ਨਹੀਂ ਛਡਾਂਗਾ (ਭਾਵੇਂ, ਇਸ ਕਾਰਨ ਜਗਤ ਹਾਸੇ ਮਖੌਲ ਕਰੇ) ਮੈਂ ਕਿਸੇ ਦੇ ਭੀ ਹਾਸੇ ਦੀ ਪ੍ਰਵਾਹ ਨਹੀਂ ਕਰਾਂਗਾ ।

4. ਮੇਹਰ ਕਰ, ਤੇਰਾ ਨਾਮ ਸਦਾ ਕਾਇਮ ਰਹਿਣ ਵਾਲਾ ਮੇਰੇ ਹਿਰਦੇ ਵਿਚ ਵਸਿਆ ਰਹੇ ।੧। ਰਹਾਉ ।

ਪ੍ਰ:—ਕਿਉਂ ਜੀ ! ਕਿਸੇ ਉਸ ਪ੍ਰਭੂ ਦੇ ਪਿਆਰ ਵਿਚ ਭਿਜੇ ਹੋਏ ਸੰਤ ਦੀ ਨਿਸ਼ਾਨੀ ਕੀ ਹੈ ?

5, ਉ:—ਹੇ ਪਿਆਰੇ ! ਜਿਵੇਂ ਕੋਈ ਪ੍ਰਾਣੀ ਮਾਇਆ ਦੇ ਮੋਹ ਵਿਚ ਡੁੱਬਾ ਰਹਿੰਦਾ ਹੈ (ਤੇ ਉਹ ਕਿਸੇ ਹੋਰ ਪਾਸੇ ਧਿਆਨ ਨਹੀਂ ਦੇਂਦਾ) ।

6. ਇਸੇ ਤਰ੍ਹਾਂ, ਸੰਤ ਜਨ ਪ੍ਰਮਾਤਮਾਂ ਦਾ ਨਾਮ ਹੀ ਸਿਮਰਦਾ ਰਹਿੰਦਾ ਹੈ ।੨।

7. ਹੇ ਪ੍ਰਭੂ ! ਮੈਂ ਮੂਰਖ ਅੰਞਾਣ ਉਤੇ ਮਿਹਰ ਕਰ ।

8. (ਤਾਂ ਕਿ) ਮੈਂ ਤੇਰੀ ਸ਼ਰਨ ਵਿਚ ਹੀ ਪਿਆ ਰਹਾਂ ।੩।

9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਗਤ ਦੇ ਸਾਰੇ ਕੰਮ (ਆਖਰ) ਵਿਅਰਥ (ਸਾਬਤ ਹੁੰਦੇ) ਹਨ, (ਪਰ ਫਿਰ ਭੀ ਜੀਵ ਨਿਰੇ ਦੁਨੀਆਂ ਦੇ ਧੰਧਿਆਂ ਵਿਚ ਹੀ ਖੱਚਤ ਰਹਿੰਦੇ ਹਨ) ।

10. ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਬੰਦਾ (ਹੀ) ਪ੍ਰਭੂ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਪ੍ਰਾਪਤ ਕਰਦਾ ਹੈ ।੪।੮।

ਭਾਵਾਰਥ :—ਅੰਤ ਹਰੀ ਅਗੇ ਅਰਦਾਸ ਕਰਦੇ ਹਨ ਕਿ ਕਿਰਪਾ ਕਰੋ ਤੇ ਆਪਣੀ ਸ਼ਰਨ ਵਿਚ ਰਖੋ ।

(ਕਈਆਂ ਲਿਖਤੀ ਬੀੜਾਂ ਵਿਚ ਇਹ ਸ਼ਬਦ ਮਹਲਾ ੧ ਦਾ ਕਰ ਕੇ ਦਿਤਾ ਗਿਆ) ।

ਨੋਟ :—ਭਗਤ ਬਾਣੀ ਗੁਰੂ ਨਾਨਕ ਦੇਵ ਜੀ ਆਪ ਹੀ ਪਹਿਲੀ 'ਉਦਾਸੀ' ਸਮੇਂ ਇਕੱਠੀ ਕਰ ਲਿਆਏ ਸਨ, ਉਨ੍ਹਾਂ ਤੋਂ ਗੁਰੂ ਅੰਗਦ ਸਾਹਿਬ ਦੀ ਰਾਹੀਂ ਗੁਰੂ ਅਮਰਦਾਸ ਜੀ ਪਾਸ ਪਹੁੰਚੀ ।

ਮਹਲਾ ੧ ਬਸੰਤੁ ਹਿੰਡੋਲ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. ਸਾਲ ਗ੍ਰਾਮ ਬਿਪ ਪੂਜਿ ਮਨਾਵਹੁ
ਸੁਕ੍ਰਿਤੁ ਤੁਲਸੀ ਮਾਲਾ ॥
2. ਰਾਮ ਨਾਮੁ ਜਪਿ ਬੇੜਾ ਬਾਂਧਹੁ
ਦਇਆ ਕਰਹੁ ਦਇਆਲਾ ॥੧॥
3. ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥
4. ਕਾਚੀ ਢਹਗਿ ਦਿਵਾਲ
ਕਾਹੇ ਗਚੁ ਲਾਵਹੁ ॥੧॥ ਰਹਾਉ ॥
5. ਕਰ ਹਰਿਹਟ ਮਾਲ ਟਿੰਡ ਪਰੋਵਹੁ
ਤਿਸੁ ਭੀਤਰਿ ਮਨੁ ਜੋਵਹੁ ॥
6. ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ
ਤਉ ਮਾਲੀ ਕੇ ਹੋਵਹੁ ॥੨॥
7. ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ
ਗੋਡਹੁ ਧਰਤੀ ਭਾਈ ॥
8. ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ
ਕਿਰਤੁ ਨ ਮੇਟਿਆ ਜਾਈ ॥੩॥
9. ਬਗੁਲੇ ਤੇ ਫੁਨਿ ਹੰਸੁਲਾ ਹੋਵੈ
ਜੇ ਤੂ ਕਰਹਿ ਦਇਆਲਾ ॥
10. ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਦਇਆ ਕਰਹੁ ਦਇਆਲਾ ॥੪॥੧॥੯॥

ਨੋਟ :—ਇਸ ਸ਼ਬਦ ਦੇ ਸਿਰਲੇਖ ਵਿਚ ਦੋ ਰਾਗਾਂ ਦਾ ਨਾਮ ਆਇਆ ਹੈ -ਬਸੰਤ ਅਤੇ ਹਿੰਡੋਲ । ਇਸ ਦਾ ਭਾਵ ਇਹ ਹੈ ਕਿ ਇਨ੍ਹਾਂ ਦੋਹਾਂ ਰਾਗਾਂ ਨੂੰ ਮਿਲਾ ਕੇ ਇਸ ਸ਼ਬਦ ਦਾ ਕੀਰਤਨ ਕਰਨਾ ਹੈ ।

ਨੋਟ :—ਪਿਛਲੇ ੮ ਸ਼ਬਦ 'ਘਰੁ ੧' ਗਾਵਣੇ ਸਨ । ਹੁਣ 'ਘਰੁ ੨' ਸ਼ੁਰੂ ਹੋਇਆ ਹੈ ।

ਪਦ ਅਰਥ :—ਸਾਲ ਗ੍ਰਾਮ—(ਨੋਟ:—ਨਿਪਾਲ ਧਰਤੀ ਦੇ ਦਖਣ ਪਾਸੇ ਇਕ ਗ੍ਰਾਮ (ਪਿੰਡ) ਹੈ ਜਿਸਦੇ ਆਸੇ ਪਾਸੇ ਸਾਲ ਦੇ ਰੁੱਖ ਬਹੁਤ ਹਨ । ਉਸ ਪਿੰਡ ਦਾ ਨਾਮ ਹੀ ਸਾਲ ਗ੍ਰਾਮ ਪ੍ਰਸਿਧ ਹੋ ਗਿਆ । ਉਸ ਪਿੰਡ ਦੇ ਕੋਲੋਂ ਦੀ ਇਕ ਪਹਾੜੀ ਨਦੀ ਵਹਿੰਦੀ ਹੈ ਜਿਸ ਦਾ ਨਾਮ ਗੰਡਕੀ ਹੈ। ਗੰਡਕੀ ਵਿਚ ਪਿੰਡ ਸਾਲਗ੍ਰਾਮ ਦੇ ਨੇੜੇ ਕਰਕੇ ਗੋਲ ਧਾਰੀਦਾਰ ਪੱਥਰ ਬਹੁਤ ਨਿਕਲਦੇ ਹਨ । ਪਿੰਡ ਦੇ ਨਾਮ ਤੇ ਇਨ੍ਹਾਂ ਗੋਲ ਪੱਥਰਾਂ ਦਾ ਨਾਮ ਭੀ ਸਾਲ ਗ੍ਰਾਮ ਪੈ ਗਿਆ । ਇਕ ਪੁਰਾਣਕ ਸਾਖੀ ਅਨੁਸਾਰ ਵਿਸ਼ਨੂੰ ਨੂੰ ਸਾਲ ਗ੍ਰਾਮ ਦੇ ਰੂਪ ਵਿਚ ਆਉਣਾ ਪਿਆ । ਉਸ ਸਾਖੀ ਅਨੁਸਾਰ ਤੁਲਸੀ ਅਤੇ ਸਾਲਗ੍ਰਾਮ ਦੀ

ਇਕੱਠੀ ਪੂਜਾ ਚਲੀ ਆ ਰਹੀ ਹੈ) ਵਿਸ਼ਨੂੰ ਦੀ ਮੂਰਤੀ। ਬਿਪ– ਹੇ ਵਿਪਰ,ਹੇ ਬ੍ਰਾਹਮਣ। ਪੂਜਿ–ਪੂਜਾ ਕਰਕੇ। ਮਨਾਵਹੁ–ਪ੍ਰਸੰਨ ਕਰੋ। ਸੁਕ੍ਰਿਤੁ–ਨੇਕ ਆਚਰਨ, ਨੇਕ ਕਮਾਈ। ਜਪਿ–ਜਪਕੇ। ਬਾਂਧਹੁ–ਤਿਆਰ ਕਰੋ। ਦਇਆਲਾ–ਹੇ ਦਇਆਲ ਪ੍ਰਭੂ।੧।

ਕਾਹੇ ਸਿੰਚਹੁ ਕਿਉਂ ਪਾਣੀ ਸਿੰਜਦੇ ਹੋ ? ਪਾਣੀ ਦੇਣ ਦਾ ਕੋਈ ਲਾਭ ਨਹੀਂ। ਢਹਗਿ–ਢਹਿ ਜਾਏਗੀ। ਗਚੁ–ਚੂਨੇ ਦਾ ਪਲਸਤਰ।੧। ਰਹਾਉ।

ਕਰ–(ਦੋਵੇਂ) ਹੱਥ, ਹੱਥਾਂ ਨਾਲ ਕੀਤੀ ਸੇਵਾ। ਹਰਿਹਟ–ਹਰਟ। ਮਾਲ–ਮਾਲ੍ਹ। ਤਿਸੁ ਭੀਤਰਿ–ਉਸ ਹਥੀਂ ਕੀਤੀ ਸੇਵਾ ਵਿਚ। ਮਨ ਜੋਵਹੁ–(ਜਿਵੇਂ ਹਰਟ ਅਗੇ ਬੈਲ ਜੋਈਦੇ ਹਨ, ਤਿਵੇਂ ਸੇਵਾ ਵਿਚ) ਮਨ ਜੋੜੋ। ਅੰਮ੍ਰਿਤ– ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਮਾਲੀ–ਜਗਤ ਬਾਗ ਦਾ ਪਾਲਣ ਵਾਲਾ ਪ੍ਰਭੂ।੨।

ਬਸੋਲੇ–ਰੰਬੇ। ਭਾਈ–ਹੇ ਭਾਈ। ਕਿਰਤੁ–ਕੀਤਾ ਹੋਇਆ ਕੰਮ, ਕੀਤੀ ਮਿਹਨਤ। ਨ ਮੇਟਿਆ ਜਾਈ–ਵਿਅਰਥ ਨਹੀਂ ਜਾਏਗੀ।੩।

ਫੁਨਿ–ਮੁੜ ਪਰਤ ਕੇ। ਪ੍ਰਣਵਤਿ–ਬੇਨਤੀ ਕਰਦਾ ਹੈ।

ਅਰਥ ,–

ਪ੍ਰ:–ਇਕ ਸਾਲਗ੍ਰਾਮ ਪੱਥਰ ਦੀ ਮੂਰਤੀ ਦਾ ਪੁਜਾਰੀ, ਪੰਡਤ ਗੁਰੂ ਨਾਨਕ ਦੇਵ ਜੀ ਨੂੰ ਕਹਿ ਰਿਹਾ ਹੈ ਕਿ, ਕਿਉਂ ਜੀ ! ਤੁਸੀਂ ਕਦੀ ਠਾਕਰਾਂ ਦੀ ਪੂਜਾ ਕਰਦੇ ਨਹੀਂ ਤੱਕੇ ਅਤੇ ਨਾ ਹੀ ਕਦੀ ਮਾਲਾ ਹੀ ਫੇਰਦੇ ਦੇਖੇ ਹੋ, ਕੀ ਤੁਸੀਂ ਕ੍ਰਿਆ ਨੂੰ ਕਰਨਾ ਪਸੰਦ ਨਹੀਂ ਕਰਦੇ ? ਤਾਂ ਆਪ ਜੀ ਨੇ ਕਿਹਾ ਕਿ, ਐ ਪੰਡਤ ! ਇਹ ਠਾਕਰਾਂ ਦੀ ਪੂਜਾ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਸਾਧਨ ਨਹੀਂ ਹੈ ਉਹ ਪੂਜਾ ਇਸ ਤੇਰੀ ਦਿਖਲਾਵੇ ਦੀ ਪੂਜਾ ਤੋਂ ਵਖਰੀ ਹੈ, ਜਿਸ ਦਾ ਸਦਕਾ ਸੰਸਾਰ ਸਾਗਰ ਤੋਂ ਪਾਰ ਹੋ ਸਕੀਦਾ ਹੈ, ਤਾਂ ਬ੍ਰਾਹਮਣ ਨੇ ਕਿਹਾ, ਕਿਉਂ ਜੀ ! ਉਹ ਪੂਜਾ ਅਤੇ ਮਾਲਾ ਮੈਨੂੰ ਭੀ ਦਸੋ, ਜਿਸ ਦੀ ਬਰਕਤ ਨਾਲ ਮੈਂ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕਾਂ ਤਾਂ ਆਪ ਜੀ ਉੱਤਰ ਰੂਪ ਵਿਚ ਇਹ ਸ਼ਬਦ ਉਚਾਰਨ ਕਰਦੇ ਹਨ।

1. ਉ:–ਹੇ ਬ੍ਰਾਹਮਣ ! ਸੁਣੋ, ਤੁਸੀਂ ਉਸ ਇਕ ਦਇਆਲ ਪ੍ਰਭੂ ਦੀ (ਹੀ) ਪੂਜਾ ਕਰਦੇ ਰਹੋ, ਉਸੇ ਨੂੰ ਹੀ ਪ੍ਰਸੰਨ ਕਰੋ, (ਅਸਲ ਵਿਚ) ਇਹੀ ਹੈ ਸਾਲ ਗ੍ਰਾਮ (ਦੀ ਪੂਜਾ)।

ਪ੍ਰ:-ਕਿਉਂ ਜੀ ! ਤੁਸੀਂ ਤੁਲਸੀ ਦੀ ਮਾਲਾ ਕਿਸ ਨੂੰ ਮੰਨਦੇ ਹੋ ?। ਉ:–(ਹੇ ਬ੍ਰਾਹਮਣ ਤੁਸਾਂ) ਨੇਕ ਆਚਰਨ ਬਣਾਓ, ਇਹੋ ਹੀ ਤੁਲਸੀ ਦੀ ਮਾਲਾ ਹੈ।

2. ਹੇ ਬ੍ਰਾਹਮਣ ! ਪ੍ਰਮਾਤਮਾਂ ਦਾ ਨਾਮ ਸਿਮਰ ਕੇ (ਸੰਸਾਰ ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਵਿਚੋਂ ਪਾਰ ਲੰਘਣ ਲਈ) ਇਹੋ ਬੇੜਾ ਤਿਆਰ ਕਰੋ ਅਤੇ ਸਦਾ ਪ੍ਰਮਾਤਮਾਂ ਦੇ ਦਰ ਤੇ ਅਰਦਾਸ ਕਰੋ ਤੇ ਆਖੋ, ਹੇ ਦਇਆਲੂ ਪ੍ਰਭੂ (ਮੇਰੇ ਉਤੇ) ਦਇਆ ਕਰ (ਤੇ ਮੈਨੂੰ ਆਪਣੇ ਨਾਮ ਦੀ ਦਾਤ ਦੇਹ)।੧।

ਪ੍ਰ:–ਕਿਉਂ ਜੀ ! ਕੀ ਤੁਸੀਂ ਮੂਰਤੀ ਪੂਜਾ, ਤੁਲਸੀ ਦੀ ਮਾਲਾ ਫੇਰਨ ਆਦਿਕ ਕ੍ਰਿਆ ਨੂੰ ਪਸੰਦ ਨਹੀਂ ਕਰਦੇ।

3. ਉ:–ਹੇ ਬ੍ਰਾਹਮਣ ! ਸੁਣ, ਮੂਰਤੀ ਅਤੇ ਤੁਲਸੀ ਦੀ ਪੂਜਾ ਕਰਕੇ ਤੂੰ ਆਪਣਾ ਜਨਮ (ਵਿਅਰਥ) ਗਵਾ ਰਿਹਾ ਹੈਂ (ਤੇਰਾ ਇਹ ਉੱਦਮ ਇਉਂ ਹੀ ਹੈ ਜਿਵੇਂ ਕੋਈ ਕਿਸਾਨ ਕਲਰ ਦੀ ਧਰਤੀ ਨੂੰ ਪਾਣੀ ਦੇਈ ਜਾਏ, ਕਲਰ ਵਿਚ ਫਸਲ ਨਹੀਂ ਉਗੇਗਾ) ਇਸ ਤਰ੍ਹਾਂ ਤੂੰ ਵਿਅਰਥ ਹੀ ਕੱਲਰ ਨੂੰ ਸਿੰਜ ਰਿਹਾ ਹੈਂ।

4. ਹੇ ਬ੍ਰਾਹਮਣ ! ਸੁਣ, (ਗਾਰੇ ਦੀ) ਕੱਚੀ ਕੰਧ (ਜਰੂਰ) ਢਹਿ ਜਾਏਗੀ; ਅੰਦਰਲੇ ਆਚਰਨ ਨੂੰ ਵਿਜਾਰ ਕੇ ਤੂੰ ਬਾਹਰ ਤੁਲਸੀ ਆਦਿਕ ਦੀ ਪੂਜਾ ਕਰ ਰਿਹਾ ਹੈਂ, ਤੂੰ ਗਾਰੇ ਦੀ ਕੱਚੀ ਕੰਧ ਉਤੇ ਚੂਨੇ ਦਾ ਪਲਤਰ ਵਿਅਰਥ ਹੀ ਕਰ ਰਿਹਾ ਹੈਂ, ਭਾਵ ਧਾਰਮਕ ਵਿਖਾਵਾ ਵਿਅਰਥ ਹੈ)।੧। ਰਹਾਉ।

ਪ੍ਰ:–ਸ੍ਰੀ ਜੀਉ ! ਮੇਰੇ ਸਮਝਾਉਣ ਲਈ ਕੋਈ ਪ੍ਰਤੱਖ ਪ੍ਰਮਾਣ ਦਿਓ ?

5. ਹੇ ਬ੍ਰਾਹਮਣ, ਵੇਖ ਜਿਵੇਂ ਕਿਸਾਨ ਆਪਣੀ ਪੈਲੀ ਦੇ ਕਿਆਰੇ ਸਿੰਜਣ ਵਾਸਤੇ ਖੂਹ ਨੂੰ ਘੜਮਲ੍ਹਦਾ ਹੈ, ਆਪਣੇ ਬਲਦ ਜੋ ਕੇ ਖੂਹ ਚਲਾਂਦਾ ਹੈ ਤੇ ਪਾਣੀ ਨਾਲ ਕਿਆਰੇ ਭਰਦਾ ਹੈ, ਇਸੇ ਤਰ੍ਹਾਂ, ਹੇ ਬ੍ਰਾਹਮਣ ! ਹਥੀਂ ਸੇਵਾ ਕਰਨ ਨੂੰ ਹਰਟ ਤੇ ਹਰਟ ਦੀ ਮਾਲ ਤੇ ਉਸ ਮਾਲ ਵਿਚ ਟਿੰਡ ਜੋੜਨਾ ਬਣਾ, ਹਥੀਂ ਸੇਵਾ ਵਾਲੇ ਘੜਮਾਲੂ ਖੂਹ ਵਿਚ ਆਪਣਾ ਮਨ ਜੋ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਸਿੰਜਣਾ ਕਰ।

6. ਅਤੇ ਆਪਣੇ ਗਿਆਨ ਇੰਦ੍ਰਿਆਂ ਦੇ ਕਿਆਰੇ, ਇਸ ਨਾਮ ਜਲ ਨਾਲ ਨਕਾ ਨਕ ਭਰ, ਤਦੋਂ ਹੀ ਤੂੰ ਇਸ ਜਗਤ ਬਾਗ ਦੇ ਪਾਲਨਹਾਰ ਪ੍ਰਭੂ ਦਾ ਪਿਆਰਾ ਬਣੇਂਗਾ।੨।

ਪ੍ਰ:–ਸ੍ਰੀ ਜੀਉ ! ਕੋਈ ਹੋਰ ਉਦਾਹਰਣ ਦੇ ਕੇ ਸਮਝਾਓ ?

7. ਉ:–ਹੇ ਬ੍ਰਾਹਮਣ ! ਵੇਖ, ਜਿਵੇਂ ਕਿਸਾਨ ਉਗੀ ਖੇਤੀ ਨੂੰ ਰੰਬੇ ਨਾਲ ਗੋਡੀ ਦੇਂਦਾ ਹੈ, ਫਸਲ ਦੇ ਹਰੇਕ ਬੂਟੇ ਨੂੰ ਪਿਆਰ ਨਾਲ ਸਾਂਭ ਕੇ ਬਚਾਈ ਜਾਂਦਾ ਹੈ ਅਤੇ ਫਾਲਤੂ ਘਾਹ ਬੂਟ ਨਦੀਣ ਨੂੰ ਮਾਨੋ ਗੁੱਸੇ ਨਾਲ ਪੁੱਟ ਪੁੱਟਕੇ ਬਾਹਰ ਸੁਟਦਾ ਜਾਂਦਾ ਹੈ, ਤੂੰ ਭੀ (ਹੇ ਭਾਈ ! ਆਪਣੇ ਸਰੀਰ ਧਰਤੀ ਨੂੰ ਗੋਡ, ਪਿਆਰ ਅਤੇ ਗੁੱਸਾ ਇਹ ਦੋ ਰੰਬੇ ਬਣਾ ਦੈਵੀ ਗੁਣਾਂ ਨੂੰ ਪਿਆਰ ਨਾਲ ਬਚਾਈ ਰਖ, ਵਿਕਾਰਾਂ ਨੂੰ ਗੁਸੇ ਨਾਲ ਜੜ੍ਹੋਂ ਪੁੱਟਦਾ ਜਾਹ)।

8. ਹੇ ਬ੍ਰਾਹਮਣ ! ਸੁਣ, ਜਿਉਂ ਜਿਉਂ ਤੂੰ ਇਸ ਤਰ੍ਹਾਂ ਗੋਡੀ ਕਰੇਂਗਾ, ਤਿਉਂ ਤਿਉਂ ਆਤਮਕ ਸੁਖ ਮਾਣੇਂਗਾ, ਤੇਰੀ

ਕੀਤੀ ਇਹ ਮੇਹਨਤ ਵਿਅਰਥ ਨਹੀਂ ਜਾਏਗੀ ।੩।

ਪ੍ਰ:—ਕਿਉਂ ਜੀ ! ਦਸੋ, ਆਖਰ ਸਾਧਨ ਕੀ ਕਰਦੇ ਰਹਿਣਾ ਚਾਹੀਦਾ ਹੈ ?

9. ਉ:—ਹੇ ਬ੍ਰਾਹਮਣ ! ਇਕੋ ਹੀ ਸਾਧਨ ਹੈ ਕਿ ਉਸ ਪ੍ਰਭੂ ਅਗੇ ਇਉਂ ਹੀ ਅਰਦਾਸ ਕਰਦਾ ਰਹੁ ਕਿ, ਹੇ ਪ੍ਰਭੂ ! ਹੇ ਦਇਆਲੂ ਪ੍ਰਭੂ, ਜੇ ਤੂੰ ਮੇਹਰ ਕਰੇਂ ਤਾਂ (ਤੇਰੀ ਮੇਹਰ ਨਾਲ ਮਨੁੱਖ ਪਖੰਡੀ) ਬਗਲੇ ਤੋਂ ਸੋਹਣਾ ਹੰਸ ਬਣ ਸਕਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਤੇਰੇ ਦਾਸਾਂ ਦਾ ਦਾਸ ਬੇਨਤੀ ਕਰਦਾ ਹੈ ਕਿ, ਹੇ ਦਇਆਲੂ ਪ੍ਰਭੂ ! ਮੇਹਰ ਕਰ, (ਤੇ ਬਗੁਲੇ ਤੋਂ ਹੰਸ ਕਰਨ ਵਾਲਾ ਆਪਣਾ ਨਾਮ ਬਖਸ਼) ।੪।੧੯।

ਭਾਵਾਰਥ :—ਮੂਰਤੀ ਪੂਜਾ ਦੇ ਥਾਂ ਹਰੀ ਦਾ ਨਾਮ ਜਪੋ ਅਤੇ ਤੁਲਸੀ ਮਾਲਾ ਦੇ ਥਾਂ ਨੇਕੀ ਕਰੋ । ਮਨ ਨੂੰ ਹਰੀ ਦੀ ਲਿਵ ਨਾਲ ਭਰ ਦਿਓ, ਤਾਂ ਕਿ ਇਸ ਦੇ ਅੰਦਰ ਉਠਦੇ ਭਾਵ ਤੇ ਵਲਵਲੇ ਬੁਰੇ ਪਾਸੇ ਲੈ ਜਾਣ ਦੀ ਥਾਂ ਚੰਗੇ ਪਾਸੇ ਲੈ ਜਾਣ ਪਰ ਇਹ ਸਭ ਕੁਝ ਤਦੋਂ ਹੀ ਹੋ ਸਕਦਾ ਹੈ, ਜੇ ਵਾਹਿਗੁਰੂ ਜੀ ਆਪ ਹੀ ਮਿਹਰ ਕਰਨ ।

ਬਸੰਤੁ ਮਹਲਾ ੧ ਹਿੰਡੋਲ ॥

1. ਸਾਹੁਰੜੀ ਵਥੁ ਸਭੁ ਕਿਛੁ ਸਾਝੀ
ਪੇਵਕੜੈ ਧਨ ਵਖੇ ॥
2. ਆਪਿ ਕੁਚਜੀ ਦੋਸੁ ਨ ਦੇਊ
ਜਾਣਾ ਨਾਹੀ ਰਖੇ ॥੧॥
3. ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥
4. ਅਖਰ ਲਿਖੇ ਸੇਈ ਗਾਵਾ
ਅਵਰ ਨ ਜਾਣਾ ਬਾਣੀ ॥੧॥ ਰਹਾਉ ॥
5. ਕਢਿ ਕਸੀਦਾ ਪਹਿਰਹਿ ਚੋਲੀ
ਤਾਂ ਤੁਮ੍ ਜਾਣਹੁ ਨਾਰੀ ॥
6. ਜੇ ਘਰੁ ਰਾਖਹਿ ਬੁਰਾ ਨ ਚਾਖਹਿ
ਹੋਵਹਿ ਕੰਤ ਪਿਆਰੀ ॥੨॥
7. ਜੇ ਤੂੰ ਪੜਿਆ ਪੰਡਿਤੁ ਬੀਨਾ
ਦੁਇ ਅਖਰ ਦੁਇ ਨਾਵਾ ॥
8. ਪ੍ਰਣਵਤਿ ਨਾਨਕੁ ਏਕੁ ਲੰਘਾਏ
ਜੇ ਕਰਿ ਸਚਿ ਸਮਾਵਾਂ ॥੩॥੨॥੧੦॥

ਪਦ ਅਰਥ :—ਸਾਹੁਰੜੀ ਵਥੁ—ਉਹ ਵਸਤ ਜੋ ਪਤੀ ਪ੍ਰਭੂ ਵਲੋਂ ਮਿਲੀ ਹੈ, ਆਤਮਕ ਜੀਵਨ ਦੀ ਦਾਤ । ਸਾਂਝੀ—ਸਭਨਾਂ ਦੇ ਨਾਲ ਵੰਡਣ ਵਾਲੀ । ਪੇਵਕੜੈ—ਪੇਕੇ ਘਰ ਵਿਚ, ਸੰਸਾਰਕ ਜੀਵਨ ਵਿਚ । ਧਨ—ਇਸਤ੍ਰੀ, ਜੀਵ ਇਸਤ੍ਰੀ । ਵਖੇ—ਵਖਿ, ਵਖ ਵਖ ਰਹਿਣ ਵਾਲੀ, ਵਿਤਕਰੇ ਕਰਨ ਵਾਲੀ । ਕੁਚਜੀ—ਜਿਸਨੂੰ ਚੰਗੀ ਜੀਵਨ ਜੁਗਤ ਨਾ ਆਉਂਦੀ ਹੋਵੇ । ਦੇਊ—ਮੈਂ ਦੇਂਦੀ ਹਾਂ । ਜਾਣਾ ਨਾਹੀ—ਮੈਂ ਨਹੀਂ ਜਾਣਦੀ । ਨਾ ਹੀ ਰਖੇ ਜਾਣਾ—ਰਖਿ ਨਾ ਜਾਣਾ, ਸਾਂਭ ਕੇ ਰਖਣ ਦੀ ਮੈਨੂੰ ਜਾਚ ਨਹੀਂ ।੧।

ਹਉ—ਮੈਂ । ਆਪੇ—ਆਪ ਹੀ । ਭਰਮਿ—ਭਟਕਣਾ ਵਿਚ । ਭੁਲਾਣੀ—ਮੈਂ ਭੁਲੀ ਹੋਈ ਹਾਂ, ਮੈਂ ਕੁਰਾਹੇ ਪਈ ਹੋਈ ਹਾਂ । ਅਖਰ—ਪਿਛਲੇ ਕੀਤੇ ਕਰਮਾਂ ਦੇ ਸੰਸਕਾਰ ਰੂਪ ਲੇਖ । ਸੇਈ ਗਾਵਾ—ਸੇਈ ਅੱਖਰ ਗਾਵਾਂ, ਉਹੀ ਅੱਖਰ ਮੈਂ ਗਾਂਦੀ ਹਾਂ, ਉਨ੍ਹਾਂ ਹੀ ਸੰਸਕਾਰਾਂ ਵਾਲੇ ਕੰਮ ਮੈਂ ਮੁੜ ਮੁੜ ਕਰਦੀ ਹਾਂ । ਬਾਣੀ—ਬਣਤਰ, ਬਨਾਵਟ, ਘਾੜਤ । ਨ ਜਾਣਾ—ਮੈਂ ਨਹੀਂ ਜਾਣਦੀ ।੧। ਰਹਾਉ ।

ਕਢਿ ਕਸੀਦਾ—ਕਸੀਦਾ ਕਢ ਕੇ, ਸੋਹਣੇ ਚਿੱਤਰ ਬਣਾ ਕੇ, ਸ਼ੁਭ ਗੁਣਾਂ ਦੇ ਸੋਹਣੇ ਚਿੱਤਰ ਬਣਾ ਕੇ । ਪਹਿਰਹਿ—(ਜੇ ਇਸਤ੍ਰੀਆਂ) ਪਹਿਨਣ । ਚੋਲੀ—ਪਟੋਲਾ, ਪ੍ਰੇਮ ਪਟੋਲਾ ।੨।

ਬੀਨਾ—ਸਿਆਣਾ । ਦੁਇ ਅਖਰ—ਰਾਮ ਰਾਮ, ਹਰਿ ਨਾਮ । ਨਾਵਾ—ਨਾਵ, ਬੇੜੀ । ਪ੍ਰਣਵਤਿ—ਬੇਨਤੀ ਕਰਦਾ ਹੈ । ਏਕੁ—ਇਕ ਹਰਿ ਨਾਮ । ਸਚਿ—ਸੱਚ ਵਿਚ ।੩।

ਅਰਥ :—

ਪ੍ਰ:—ਸ੍ਰੀ ਜੀਉ ! ਮਨੁੱਖ ਨੂੰ ਹਰ ਵਕਤ ਕਿਸ ਰੂਪ ਦੀ ਵੀਚਾਰ ਕਰਦੇ ਰਹਿਣਾ ਚਾਹੀਦਾ ਹੈ, ਜਿਸ ਦਾ ਸਦਕਾ ਇਸ ਨੂੰ ਲਾਭ ਪ੍ਰਾਪਤ ਹੋ ਸਕੇ ?

1. **ਉ:—ਹੇ ਭਾਈਓ ! ਹਰ ਵਕਤ ਇਉਂ ਹੀ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ ਕਿ, ਜੋ ਆਤਮਕ ਜੀਵਨ ਦੀ ਦਾਤ ਪ੍ਰਭੂ ਪਤੀ ਵਲੋਂ ਮਿਲੀ ਸੀ ਉਹ ਤਾਂ ਸਭਨਾਂ ਨਾਲ ਵੰਡੀ ਜਾ ਸਕਣ ਵਾਲੀ ਸੀ, ਪਰ ਜਗਤ ਪੇਕੇ ਘਰ ਵਿਚ ਰਹਿੰਦਿਆਂ (ਮਾਇਆ ਦੇ ਮੋਹ ਦੇ ਪ੍ਰਭਾਵ ਹੇਠ) ਮੈਂ ਜੀਵ ਇਸਤ੍ਰੀ ਵਿਤਕਰੇ ਹੀ ਸਿਖਦੀ ਰਹੀ ।**

2. ਹੇ ਸਾਈਆਂ ਜੀਉ ! ਮੈਂ ਆਪ ਹੀ ਕੁਚੱਜੀ ਰਹੀ, ਭਾਵ, ਮੈਂ ਸੋਹਣੀ ਜੀਵਨ ਜੁਗਤ ਨਾ ਸਿਖੀ, ਇਸ ਕੁਚੱਜ ਵਿਚ ਦੁਖ ਸਹੇੜੇ ਹਨ, ਪਰ, ਮੈਂ ਕਿਸੇ ਹੋਰ ਉਤੇ (ਇਨ੍ਹਾਂ ਦੁਖਾਂ ਬਾਰੇ) ਕੋਈ ਦੋਸ਼ ਨਹੀਂ ਲਾ ਸਕਦੀ । (ਪਤੀ-ਪ੍ਰਭੂ ਵਲੋਂ ਮਿਲੀ ਆਤਮਕ ਜੀਵਨ ਦੀ ਦਾਤ ਨੂੰ) ਸਾਂਭ ਕੇ ਰਖਣ ਦੀ ਮੈਨੂੰ ਜਾਚ ਨਹੀਂ ਆਈ ।੧।

ਪ੍ਰ:—ਕਿਉਂ ਜੀ ! ਉਸ ਸਾਈਂ ਜੀ ਦੇ ਸਨਮੁਖ ਹੋ ਕਿਵੇਂ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ ?

3. ਉ:—ਹੇ ਭਾਈਓ ! ਇਉਂ ਹੀ ਅਰਦਾਸਾਂ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਮੇਰੇ ਮਾਲਕ ਪ੍ਰਭੂ ! ਮੈਂ ਆਪ ਹੀ (ਮਾਇਆ ਦੇ ਮੋਹ ਦੀ) ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝੀ ਹੋਈ ਹਾਂ ।

4. (ਮਾਇਆ ਦੇ ਮੋਹ ਵਿਚ ਫਸ ਕੇ ਜੋ) ਸੰਸਕਾਰ ਮੇਰੇ ਮਨ

ਵਿਚ ਉਕਰੇ ਪਏ ਹਨ, ਮੈਂ ਉਨ੍ਹਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ (ਉਨ੍ਹਾਂ ਦੀ ਹੀ ਪ੍ਰੇਰਨਾ ਹੈ ਮੁੜ ਮੁੜ ਉਹੋ ਜਿਹੇ ਕਰਮ ਕਰਦੀ ਜਾ ਰਹੀ ਹਾਂ) ਮੈਂ (ਮਨ ਦੀ) ਕੋਈ ਹੋਰ ਘਾੜਤ (ਘੜਨੀ) ਨਹੀਂ ਜਾਣਦੀ ਹਾਂ (ਮੈਂ ਕੋਈ ਐਸੇ ਕੰਮ ਕਰਨੇ ਨਹੀਂ ਜਾਣਦੀ ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸੰਸਕਾਰ ਮੁੱਕ ਜਾਣ) ।੧। ਰਹਾਉ ।

5. ਹੇ ਭਾਈਓ ! ਜਿਹੜੀਆਂ ਜੀਵ ਇਸਤ੍ਰੀਆਂ ਸ਼ੁਭ ਗੁਣਾਂ ਦੇ ਸੋਹਣੇ ਚਿਤਰ (ਆਪਣੇ) ਮਨ ਵਿਚ ਬਣਾ ਕੇ) ਪ੍ਰੇਮ ਦਾ ਪਟੋਲਾ ਪਹਿਨਦੀਆਂ ਹਨ, ਉਨ੍ਹਾਂ ਨੂੰ ਹੀ ਸੁਚੱਜੀਆਂ ਇਸਤ੍ਰੀਆਂ ਸਮਝੋ ।

6. ਜਿਹੜੀਆਂ ਇਸਤ੍ਰੀਆਂ ਆਪਣਾ (ਆਤਮਕ ਜੀਵਨ ਦਾ) ਘਰ ਸਾਂਭ ਕੇ ਰਖਦੀਆਂ ਹਨ, ਕੋਈ ਵਿਕਾਰ ਕੋਈ ਭੈੜ ਨਹੀਂ ਚੱਖਦੀਆਂ, (ਭਾਵ, ਜੋ ਮਾੜੇ ਰਸਾਂ ਵਿਚ ਪ੍ਰਵਿਰਤ ਨਹੀਂ ਹੁੰਦੀਆਂ) ਉਹ ਖਸਮ ਪ੍ਰਭੂ ਨੂੰ ਪਿਆਰੀਆਂ ਲਗਦੀਆਂ ਹਨ ।੨।

7. ਹੇ ਭਾਈ ! ਜੇ ਤੂੰ ਸੱਚ ਮੁੱਚ ਪੜ੍ਹਿਆ ਲਿਖਿਆ ਵਿਦਵਾਨ ਹੈਂ, ਸਿਆਣਾ ਹੈਂ (ਤਾਂ ਤੂੰ ਇਹ ਗੱਲ ਪੱਕੀ ਤਰ੍ਹਾਂ ਸਮਝ ਲੈ ਕਿ ਸੰਸਾਰ ਸਮੁੰਦਰ ਦੇ ਵਿਕਾਰਾਂ ਦੇ ਪਾਣੀਆਂ ਵਿਚੋਂ ਪਾਰ ਲੰਘਾਣ ਲਈ) ਹਰਿ ਨਾਮ ਹੀ ਬੇੜੀ ਹੈ ।

8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਹਰਿ ਨਾਮ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਂਦਾ ਹੈ, ਜੇ ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਵਿਚ ਟਿਕਿਆ ਰਹਾਂ ।੩।੨।੧੦।

ਭਾਵਾਰਥ :—ਜੇ ਵਾਹਿਗੁਰੂ ਆਪ ਮਿਹਰ ਨਾ ਕਰੇ ਤਾਂ ਮਨੁੱਖ ਸਚੇ ਰਸਤੇ ਤੋਂ ਉਖੜ ਕੇ ਭਰਮ ਦੇ ਔਜੜ ਪਿਆ ਰਹਿੰਦਾ ਹੈ। ਜੇ ਮਨੁੱਖ ਸਿਆਣਾ ਹੋਵੇ ਤਾਂ ਸਮਝੇ ਕਿ ਹਰੀ ਨੇ ਤਾਂ ਉਸ ਦੇ ਅੰਦਰ ਸ਼ੁਭ ਗੁਣ ਪਾ ਦਿਤੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵਡਾ ਗੁਣ ਨਾਮ ਹੈ, ਪਰ ਮਾਇਆ ਵਿਚ ਪੈ ਕੇ ਇਸ ਗੁਣ ਦੀ ਸਾਰ ਨਹੀਂ ਜਾਣਦਾ ।

ਬਸੰਤੁ ਹਿੰਡੋਲ ਮਹਲਾ ੧ ॥

1. ਰਾਜਾ ਬਾਲਕੁ ਨਗਰੀ ਕਾਚੀ
ਦੁਸਟਾ ਨਾਲਿ ਪਿਆਰੋ ॥
2. ਦੁਇ ਮਾਈ ਦੁਇ ਬਾਪਾ ਪੜੀਅਹਿ
ਪੰਡਿਤ ਕਰਹੁ ਬੀਚਾਰੋ ॥੧॥
3. ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥
4. ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥
5. ਭੀਤਰਿ ਅਗਨਿ ਬਨਾਸਪਤਿ ਮਉਲੀ
ਸਾਗਰੁ ਪੰਡੈ ਪਾਇਆ ॥
6. ਚੰਦੁ ਸੂਰਜੁ ਦੁਇ ਘਰ ਹੀ ਭੀਤਰਿ
ਐਸਾ ਗਿਆਨੁ ਨ ਪਾਇਆ ॥੨॥
7. ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥
8. ਤਾ ਕੇ ਲਖਣ ਜਾਣੀਅਹਿ
ਖਿਮਾ ਧਨੁ ਸੰਗ੍ਰਹੇਇ ॥੩॥
9. ਕਹਿਆ ਸੁਣਹਿ ਨ ਖਾਇਆ ਮਾਨਹਿ
ਤਿਨ੍ਾ ਹੀ ਸੇਤੀ ਵਾਸਾ ॥
10. ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

ਪਦ ਅਰਥ :—ਰਾਜਾ—ਹੁਕਮ ਚਲਾਣ ਵਾਲਾ, ਮਨ । ਬਾਲਕੁ—ਅੰਞਾਨ । ਕਾਚੀ—ਕੱਚੀ, ਮਿਟੀ ਆਦਿਕ ਦੀ ਬਣੀ ਹੋਈ ਜੋ ਬਾਹਰੋਂ ਆਏ ਵੈਰੀਆਂ ਦੇ ਹੱਲੇ ਦਾ ਟਾਕਰਾ ਨਾ ਕਰ ਸਕੇ । ਦੁਸਟ—ਦੁਰਜਨ, ਭੈੜੇ । ਮਾਈ—ਮਾਂ । ਦੁਇ ਮਾਈ—ਦੋ ਮਾਵਾਂ (ਬੁਧੀ ਅਤੇ ਅਵਿਦਿਆ) । ਨੋਟ:—ਮਨ ਵਿਚ ਦੋ ਕਿਸਮਾਂ ਦੇ ਸੰਸਕਾਰ ਮੌਜੂਦ ਰਹਿੰਦੇ ਹਨ, ਭਲੇ ਭੀ ਅਤੇ ਮੰਦੇ ਭੀ । ਭਲੇ ਸੰਸਕਾਰ ਉਨ੍ਹਾਂ ਕੰਮਾਂ ਦਾ ਸਿੱਟਾ ਹੁੰਦੇ ਹਨ, ਜੋ ਮਨੁੱਖ ਸ੍ਰੇਸ਼ਟ ਬੁਧੀ ਦੀ ਅਗਵਾਈ ਵਿਚ ਕਰਦਾ ਹੈ, ਮੰਦੇ ਕੰਮ ਅਵਿਦਿਆ ਦੇ ਅਧੀਨ ਰਿਹਾਂ ਹੁੰਦੇ ਹਨ । ਤਾਂ ਤੇ ਬੁਧੀ ਅਤੇ ਮਾਇਆ ਮਨ ਦੀਆਂ ਦੋ ਮਾਵਾਂ ਹਨ । ਦੁਇ ਬਾਪਾ—ਦੋ ਪਿਉ (ਪ੍ਰਮਾਤਮਾਂ ਤੇ ਮਾਇਆ ਵੇੜ੍ਹਿਆ ਈਸ਼ਰ) । ਪੜੀਅਹਿ—ਪੜ੍ਹੇ ਜਾਂਦੇ ਹਨ, ਦਸੇ ਜਾਂਦੇ ਹਨ । ਪੰਡਿਤ—ਹੇ ਪੰਡਤ ।੧।

ਕਿਨ ਬਿਧਿ—ਕਿਸ ਤਰੀਕੇ ਨਾਲ ? । ਪਵਉ—ਮੈਂ ਪਾ ਸਕਾਂ ।੧। ਰਹਾਉ ।

ਭੀਤਰਿ—(ਬਨਾਸਪਤੀ ਦੇ) ਅੰਦਰ । ਮਉਲੀ—ਮਉਲਦੀ ਰਹਿੰਦੀ ਹੈ, ਹਰੀ ਭਰੀ ਰਹਿੰਦੀ ਹੈ । ਸਾਗਰੁ—ਸਮੁੰਦਰ । ਪੰਡੇ—ਪੰਡ ਵਿਚ । ਚੰਦੁ—ਸੀਤਲਤਾ । ਰਜੁਸੁ—ਦੱਬੀ ਅਗ । ਘਰ ਹੀ ਭੀਤਰਿ—ਹਿਰਦੇ ਘਰ ਦੇ ਅੰਦਰ ਹੀ । ਗਿਆਨੁ—ਸਮਝ ।੨।

ਰਵੰਤਾ—ਸਿਮਰਦਾ । ਜਾਣੀਐ—ਸਮਝਣਾ ਚਾਹੀਦਾ ਹੈ । ਇਕ ਮਾਈ—(ਦੋ ਮਾਵਾਂ ਵਿਚੋਂ) ਇਕ ਮਾਂ ਅਵਿਦਿਆ ਨੂੰ । ਭੋਗੁ ਕਰੇਇ—ਖਾ ਜਾਏ, ਮੁਕਾ ਦੇਵੇ । ਤਾ ਕੇ ਲਖਣ—ਉਸ ਦੇ ਲਛਣ, ਉਸ ਦੀਆਂ ਨਿਸ਼ਾਨੀਆਂ । ਖਿਮਾ—ਦੂਜਿਆਂ ਦੀ ਵਧੀਕੀ ਨੂੰ ਠੰਡੇ ਚਿਤ ਸਹਾਰਨ ਦਾ ਗੁਣ । ਸੰਗ੍ਰਹੇਇ—ਇਕਠਾ ਕਰਦਾ ਹੈ ।੩।

ਕਹਿਆ—ਦਸੀ ਹੋਈ ਨਸੀਹਤ । ਨ ਖਾਇਆ ਮਾਨਹਿ—ਇਹ ਨਹੀਂ ਮੰਨਦੇ ਕਿ ਅਸੀਂ ਕੁਝ ਖਾਧਾ ਹੈ (ਭਾਵ, ਸਦਾ ਤ੍ਰਿਸ਼ਨਾਲੂ ਰਹਿੰਦੇ ਹਨ, ਵਿਸ਼ੇ ਵਿਕਾਰਾਂ ਵਲੋਂ ਕਦੇ ਰੱਜਦੇ ਨਹੀਂ) । ਸੇਤੀ—ਨਾਲ । ਖਿਨੁ—ਖਿਨ ਵਿਚ । ਮਾਸਾ—ਤੋਲੇ ਦਾ ਬਾਰ੍ਹਵਾਂ ਹਿਸਾ ।੪।

ਅਰਥ :—

ਪ੍ਰ:—ਇਕ ਖਟ ਸ਼ਾਸਤ੍ਰੀ ਪੰਡਤ ਗੁਰੂ ਨਾਨਕ ਦੇਵ ਜੀ ਦੀ ਮਹਿਮਾਂ ਸੁਣ ਕੇ ਆਇਆ, ਜੋ ਕਿ ਆਪਣੀ ਵਿਦਿਆ ਦਾ

ਪ੍ਰਗਟਾਵਾ ਕਰਨ ਲਈ ਆਪ ਜੀ ਦੇ ਸਾਹਮਣੇ ਕਈ ਤਰ੍ਹਾਂ ਦੀਆਂ ਹੋਰ ਹੋਰ ਵਿਚਾਰਾਂ ਸੁਣਾ ਕੇ ਆਪਣੀ ਵਿਦਿਆ ਨੂੰ ਪ੍ਰਗਟ ਕਰਨ ਦਾ ਉਪਰਾਲਾ ਕਰਦਾ ਹੈ ਅਤੇ ਕਹਿ ਰਿਹਾ ਹੈ ਕਿ, ਸ੍ਰੀ ਗੁਰੂ ਜੀਉ ! ਮੈਂ ਆਪ ਜੀ ਨਾਲ ਸ਼ਾਸਤ੍ਰਾਂ ਅਨੁਸਾਰ ਕਈ ਭਿੰਨ ਭਿੰਨ ਵਿਚਾਰਾਂ ਕਰਨਾ ਚਾਹੁੰਦਾ ਹਾਂ ਕੀ ਆਪ ਕਰਨਾ ਚਾਹੋਗੇ ?

1. ਉ:—ਹੇ ਪੰਡਤ ! ਮੈਂ ਤਾਂ ਇਹ ਚਾਹੁੰਦਾ ਹਾਂ ਕਿ ਜੇ ਤੁਸੀਂ ਕੋਈ ਵਿਚਾਰ ਦੀ ਗੱਲ ਕਰਨੀ ਚਾਹੁੰਦੇ ਹੋ ਤਾਂ ਕੇਵਲ ਇਹੋ ਹੀ ਸੋਚ ਵਿਚਾਰ ਕਰੋ ਕਿ, ਇਸ (ਸਰੀਰ ਨਗਰੀ ਉਤੇ) ਰਾਜ ਕਰਨ ਵਾਲਾ ਮਨ ਅੰਞਾਣ ਹੈ ਅਤੇ ਇਹ ਸਰੀਰ ਨਗਰ ਭੀ ਕੱਚਾ ਹੈ, (ਬਾਹਰੋਂ ਵਿਕਾਰਾਂ ਦੇ ਹਲਿਆਂ ਦਾ ਟਾਕਰਾ ਕਰਨ ਜੋਗਾ ਨਹੀਂ ਹੈ, ਕਿਉਂਕਿ, ਗਿਆਨ ਇੰਦ੍ਰੇ ਕਮਜ਼ੋਰ ਹਨ) । (ਫਿਰ ਇਸ ਅੰਞਾਣ ਮਨ ਦਾ) ਪਿਆਰ ਭੀ ਕਾਮਾਦਿਕ ਭੈੜੇ ਸਾਥੀਆਂ ਨਾਲ ਹੀ ਹੈ ।

2. ਹੇ ਪੰਡਤ ਜੀਓ ! ਜੇ ਵਿਚਾਰ ਹੋਰ ਭੀ ਕਰਨੀ ਚਾਹੁੰਦੇ ਹੋ ਤਾਂ ਇਹ ਭੀ ਵਿਚਾਰ ਕਰੋ ਕਿ, ਇਸ ਦੀਆਂ ਮਾਵਾਂ ਭੀ ਦੋ ਸੁਣੀਦੀਆਂ ਹਨ (ਬੁੱਧੀ ਅਤੇ ਅਵਿਦਿਆ) ਇਸ ਦੇ ਪਿਉ ਭੀ ਦੋ ਹੀ ਦਸੀਦੇ ਹਨ ਪ੍ਰਮਾਤਮਾਂ ਅਤੇ ਮਾਇਆ ਵੇੜ੍ਹਿਆ ਜੀਵਾਤਮਾਂ, (ਕਿਉਂਕਿ) ਆਮ ਤੌਰ ਤੇ ਇਹ ਅੰਞਾਣ ਮਨ ਅਵਿਦਿਆ ਅਤੇ ਮਾਇਆ ਵੇੜ੍ਹੇ ਜੀਵਾਤਮਾਂ ਦੇ ਢਹੇ ਚੜ੍ਹਿਆ ਰਹਿੰਦਾ ਹੈ ।੧।

3. ਹੇ ਪੰਡਤ ਜੀ ! ਮਹਾਰਾਜ, ਤੁਸੀਂ ਤਾਂ ਹੋਰ ਹੋਰ ਤਰ੍ਹਾਂ ਦੀ (ਹੀ) ਸਿਖਿਆ ਦੇ ਰਹੇ ਹੋ ।

4. ਪਰ, ਹੇ ਪੰਡਤ ਜੀ ! ਤੁਸੀਂ ਇਹ ਦਸੋ ਕਿ,) ਅਜੇਹੀ ਦਿਤੀ ਮੱਤ ਨਾਲ) ਮੈਂ ਆਪਣੇ ਪ੍ਰਾਣਾਂ ਦੇ ਮਾਲਕ ਪ੍ਰਮੇਸ਼ਰ ਜੀ ਨੂੰ ਕਿਵੇਂ ਮਿਲ ਸਕਦਾ ਹਾਂ ? ।੧। ਰਹਾਉ ।

5. ਹੇ ਪੰਡਤ ਜੀ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਤੂੰ ਤਾਂ ਹੋਰ ਹੋਰ ਕਿਸਮ ਦੀ (ਹੀ) ਮਤਿ ਦੇ ਰਿਹਾ ਹੈਂ, ਜਿਸ ਤੇਰੀ ਦਿਤੀ ਸਿਖਿਆ ਨਾਲ ਅੰਞਾਣ ਮਨ ਨੂੰ ਇਹ ਸਮਝ ਨਹੀਂ ਆਉਂਦੀ ਕਿ ਸੀਤਲਤਾ (ਸ਼ਾਂਤੀ) ਅਤੇ ਰੱਬੀ ਤੇਜ ਦੋਵੇਂ ਮਨੁੱਖਾ ਸਰੀਰ ਦੇ ਅੰਦਰ ਹੀ ਮੌਜੂਦ ਹਨ ।

ਪ੍ਰ.—ਕਿਉਂ ਜੀ ! ਇਹ ਸਮਝ ਨਾ ਆਉਣ ਦਾ ਸਹੀ ਕਾਰਨ ਕੀ ਹੈ ?

6. ਉ:—ਹੇ ਪੰਡਤ ਜੀ ! ਸਹੀ ਨਾ ਸਮਝ ਆਉਣ ਦਾ ਕਾਰਨ ਇਹੋ ਹੀ ਹੈ ਕਿ, ਸਰੀਰ ਦੇ ਅੰਦਰ ਵਿਕਾਰਾਂ ਦੀ ਅੱਗ (ਮੱਚੀ ਹੋਈ ਹੈ) ਜੁਆਨੀ ਭੀ ਲਹਿਰਾਂ ਲੈ ਰਹੀ ਹੈ, (ਜਿਵੇਂ ਹਰੀ ਭਰੀ ਬਨਾਸਪਤੀ ਦੇ ਅੰਦਰ ਅੱਗ ਲੁਕੀ ਰਹਿੰਦੀ ਹੈ) ਮਾਇਕ ਵਾਸ਼ਨਾਂ ਦਾ ਸਮੁੰਦਰ ਇਸ ਸਰੀਰ ਦੇ ਅੰਦਰ ਠਾਠਾਂ ਮਾਰ ਰਿਹਾ ਹੈ (ਮਾਨੋ, ਇਕ ਪੰਡ ਵਿਚ ਲੁਕਿਆ ਪਿਆ ਹੈ, ਸੋ, ਹੇ ਪੰਡਤ ਜੀ ! ਸਿਖਿਆ ਤਾਂ ਉਹ ਚਾਹੀਦੀ ਹੈ ਜੋ ਇਸ ਅੰਦਰਲੇ ਹੜ੍ਹ ਨੂੰ ਰੋਕ ਸਕੇ) ਭਾਵ ਹੈ, ਬਨਸਪਤੀ (ਰੁਖਾਂ ਬਿਰਖਾਂ) ਵਿਚ ਅੱਗ ਹੁੰਦਿਆਂ ਫਿਰ ਭੀ ਹਰੀ ਭਰੀ ਰਹਿੰਦੀ ਹੈ, ਸਮੁੰਦਰ ਏਡਾ ਵਡਾ ਹੁੰਦਿਆਂ ਫਿਰ ਭੀ ਆਪਣੀ ਹੱਦ ਅੰਦਰ ਬੱਧਾ ਰਹਿੰਦਾ ਹੈ, ਜਿਵੇਂ ਕਿ ਪੰਡ ਵਿਚ ਬੱਧਾ ਹੁੰਦਾ ਹੈ, ਧਰਤੀ ਉਤੇ ਫੈਲਕੇ ਸਭ ਕੁਝ ਤਬਾਹ ਨਹੀਂ ਕਰਦਾ ਫਿਰਦਾ । ਚੰਨ ਜਿਹਾ ਠੰਡਾ ਅਤੇ ਸੂਰਜ ਜੇਹਾ ਗਰਮ ਗੋਲਾ ਇਕੋ ਹੀ ਆਕਾਸ਼ ਵਿਚ ਵਸਦੇ ਹਨ । ਇਹ ਗੱਲਾਂ ਕਿਵੇਂ ਸੰਭਵ ਹਨ ? ਇਸ ਗੱਲ ਦੀ ਸੂਝ ਮਨੁੱਖ ਨੂੰ ਨਹੀਂ ਪੈਂਦੀ । ਭਾਵ ਉਸ ਨੂੰ ਇਸ ਗਿਆਨ ਦੀ ਲੋੜ ਹੈ ਕਿ ਕਿਵੇਂ ਆਪਣੇ ਅੰਦਰ ਕਾਮਾਦਿਕ ਦੀ ਅਗਨੀ ਅਤੇ ਖਾਹਸ਼ਾਂ ਦੇ ਠਾਠਾਂ ਮਾਰਦੇ ਸਮੁੰਦਰ ਦੇ ਹੁੰਦਿਆਂ ਉਹ ਆਪਣੀ ਚੜ੍ਹਦੀ ਜੁਆਨੀ ਨੂੰ ਸੰਭਾਲ ਕੇ ਰਖ ਸਕਦਾ ਹੈ ਅਤੇ ਜੋਸ਼ ਵਾਲੇ ਗੁਣਾਂ ਦੇ ਹੁੰਦਿਆਂ ਕਿਵੇਂ ਠੰਢੇ ਤੇ ਕੋਮਲ ਗੁਣਾਂ ਨੂੰ ਮਨ ਵਿਚ ਵਸਾ ਸਕਦਾ ਹੈ ।੨।

ਪ੍ਰ:—ਸ੍ਰੀ ਜੀਉ ! ਬਾਹਰੋਂ ਵੇਖਣ ਵਿਚ ਤਾਂ ਸਿਮਰਨ ਕਰਦੇ ਬਹੁਤ ਲੋਕ ਨਜ਼ਰ ਆਉਂਦੇ ਹਨ, ਪਰ, ਸਹੀ ਰੂਪ ਵਿਚ ਸਿਮਰਨ ਕਰਨ ਵਾਲਾ ਕਿਸ ਮਨੁੱਖ ਨੂੰ ਸਮਝਿਆ ਜਾਵੇ ?

7. ਉ:—ਹੇ ਪੰਡਤ ਜੀ ! ਅਸਲ ਵਿਚ ਤਾਂ ਉਸੇ ਮਨੁੱਖ ਨੂੰ (ਸਹੀ ਰੂਪ ਵਿਚ) ਪ੍ਰਮਾਤਮਾਂ ਦਾ ਸਿਮਰਨ ਕਰਦਾ ਸਮਝਿਆ ਜਾ ਸਕਦਾ ਹੈ, ਜੋ (ਬੁੱਧੀ ਤੇ ਅਵਿਦਿਆ ਦੋ ਮਾਵਾਂ ਵਿਚੋਂ) ਇਕ ਮਾਂ (ਅਵਿਦਿਆ ਨੂੰ) ਆਪਣੇ ਅੰਦਰੋਂ ਮੁਕਾ ਦੇਵੇ ।

ਪ੍ਰ:—ਸ੍ਰੀ ਜੀਉ ! ਅਜੇਹੇ ਮਨੁੱਖ ਦੀ ਪਛਾਣ ਕੀ ਹੈ ?

8. ਉ:—ਹੇ ਪੰਡਤ ਜੀ ! ਜਿਹੜਾ ਮਨੁੱਖ ਅਵਿਦਿਆ ਮਾਂ ਨੂੰ (ਅੰਦਰੋਂ) ਮੁਕਾਂਦਾ ਹੈ, (ਉਸ ਦੀ ਇਹੋ ਹੀ ਪਛਾਣ ਹੈ) ਉਸ ਦੇ (ਰੁਜ਼ਾਨਾ ਜੀਵਨ ਦੇ) ਲੱਛਣ ਇਹ ਦਿਸਦੇ ਹਨ ਕਿ ਉਹ ਦੂਜਿਆਂ ਦੀ ਵਧੀਕੀ ਠੰਢੇ ਜਿਗਰੇ ਨਾਲ ਸਹਾਰਨ ਦਾ ਆਤਮਕ ਧਨ (ਸਦਾ) ਇਕੱਠਾ ਕਰਦਾ ਹੈ।੩।

ਪ੍ਰ:—ਕਿਉਂ ਜੀ ! ਇਸ ਜੀਵ ਦਾ ਇਸ ਢਹਿੰਦੀ ਕਲਾ ਵਿਚ ਰਹਿਣ ਦਾ ਅਸਲ ਕਾਰਣ ਕੀ ਹੈ ?

9. ਉ:—ਹੇ ਪੰਡਤ ਜੀ ! ਇਹ ਇਨਸਾਨੀ ਮਨ ਬੇ-ਵੱਸ ਹੈ, ਇਸ ਦਾ ਸੰਗ ਸਦਾ ਉਨ੍ਹਾਂ (ਗਿਆਨ ਇੰਦ੍ਰਿਆਂ) ਨਾਲ ਰਹਿੰਦਾ ਹੈ ਜੋ ਕੋਈ ਸਿਖਿਆ ਸੁਣਦੇ ਹੀ ਨਹੀਂ ਅਤੇ ਜੋ ਵਿਸ਼ੇ ਵਿਕਾਰਾਂ ਵਲੋਂ ਕਦੇ ਰੱਜਦੇ ਭੀ ਨਹੀਂ ਹਨ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪੰਡਤ ਜੀ ! ਅਸਲ ਵਿਚ) ਇਕ ਇਹੀ ਕਾਰਨ ਹੈ ਕਿ ਇਹ ਮਨ ਕਦੇ ਤੋਲਾ ਹੋ ਜਾਂਦਾ ਹੈ ਕਦੇ ਮਾਸਾ ਰਹਿ ਜਾਂਦਾ ਹੈ, (ਭਾਵ, ਕਦੇ ਮੁਕਾਬਲਾ ਕਰਨ ਦੀ ਹਿੰਮਤ ਕਰਦਾ ਹੈ ਅਤੇ ਕਦੇ ਘਬਰਾ ਜਾਂਦਾ ਹੈ) ।੪।੩।੧੧।

ਭਾਵਾਰਥ :—ਮਨ ਦੀ ਬਨਾਵਟ ਅਜੀਬ ਹੈ, ਇਸੇ ਵਿਚ ਕਾਮ, ਕ੍ਰੋਧ ਆਦਿ ਮਾੜੇ ਭਾਵ ਹਨ ਅਤੇ ਇਸੇ ਵਿਚ ਚੰਗੇ ਸੀਤਲ ਤੇ ਨੇਕ ਭਾਵ ਹਨ। ਇਹੋ ਜਿਹੇ ਮਨ ਨਾਲ ਹਰੀ ਨੂੰ ਪਿਆਰ ਕਿਵੇਂ ਕਰੀਏ ? ਮਨ ਵਿਚੋਂ ਹਉਮੈਂ ਕਢ ਕੇ ਨਿਮ੍ਰਤਾ ਗ੍ਰਹਿਣ ਕਰੀਏ ਤਾਂ ਮਾਇਆ ਦਾ ਪ੍ਰਭਾਵ ਦੂਰ ਹੁੰਦਾ ਹੈ ਅਤੇ ਮਾਇਆ ਦਾ ਅਸਰ ਦੂਰ ਹੋਣ ਨਾਲ ਮਨ ਦੇ ਚੰਗੇ ਭਾਵ ਮਾੜੇ ਭਾਵਾਂ ਉਤੇ ਗਲਬਾ ਪਾ ਲੈਂਦੇ ਹਨ। ਪਰ ਇਹ ਮਨ ਦੀ ਤਬਦੀਲੀ ਗੁਰੂ ਦੁਆਰੇ ਹੀ ਹੋ ਸਕਦੀ ਹੈ।

ਬਸੰਤੁ ਹਿੰਡੋਲ ਮਹਲਾ ੧ ॥

1. **ਸਾਚਾ ਸਾਹੁ ਗੁਰੂ ਸੁਖਦਾਤਾ**
   ਹਰਿ ਮੇਲੇ ਭੁਖ ਗਵਾਏ ॥
2. **ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ**
   ਅਨਦਿਨੁ ਹਰਿ ਗੁਣ ਗਾਏ ॥੧॥
3. **ਮਤ ਭੂਲਹਿ ਰੇ ਮਨ ਚੇਤਿ ਹਰੀ ॥**
4. **ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ**
   ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥
5. **ਬਿਨੁ ਭਗਤੀ ਨਹੀ ਸਤਿਗੁਰੁ ਪਾਈਐ**
   ਬਿਨੁ ਭਾਗਾ ਨਹੀ ਭਗਤਿ ਹਰੀ ॥
6. **ਬਿਨੁ ਭਾਗਾ ਸਤਸੰਗੁ ਨ ਪਾਈਐ**
   ਕਰਮਿ ਮਿਲੈ ਹਰਿ ਨਾਮੁ ਹਰੀ ॥੨॥
7. **ਘਟਿ ਘਟਿ ਗੁਪਤੁ ਉਪਾਏ ਵੇਖੈ**
   ਪਰਗਟੁ ਗੁਰਮੁਖਿ ਸੰਤ ਜਨਾ ॥
8. **ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ**
   ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥
9. **ਜਿਨ ਕਉ ਤਖਤਿ ਮਿਲੈ ਵਡਿਆਈ**
   ਗੁਰਮੁਖਿ ਸੇ ਪਰਧਾਨ ਕੀਏ ॥
10. **ਪਾਰਸੁ ਭੇਟਿ ਭਏ ਸੇ ਪਾਰਸ**
    ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥

ਪਦ ਅਰਥ :—ਸਾਹੁ-ਸ਼ਾਹੁ, ਉਹ ਧਨੀ ਜੋ ਹੋਰ ਵਪਾਰੀਆਂ ਨੂੰ ਵਣਜ ਵਪਾਰ ਕਰਨ ਲਈ ਰਾਸ ਪੂੰਜੀ ਦੇਂਦਾ ਹੈ। ਸਾਚਾ—ਸਦਾ ਕਾਇਮ ਰਹਿਣ ਵਾਲਾ, ਸਦਾ ਹੀ ਧਨਾਢ ਟਿਕੇ ਰਹਿਣ ਵਾਲਾ। ਭੁਖ—ਮਾਇਆ ਦਾ ਲਾਲਚ। ਗਵਾਏ—ਦੂਰ ਕਰਦਾ ਹੈ। ਕਰਿ—ਕਰ ਕੇ। ਦ੍ਰਿੜਾਏ—(ਮਨ ਵਿਚ) ਪੱਕੀ ਕਰ ਦੇਂਦਾ ਹੈ। ਅਨਦਿਨੁ—ਹਰ ਰੋਜ਼।੧।

ਮਤ ਭੂਲਹਿ—ਕਿਤੇ ਭੁਲਾ ਨਾ ਦੇਈਂ। ਚੇਤਿ—ਯਾਦ ਕਰ, ਸਿਮਰ। ਮੁਕਤਿ—ਮਾਇਆ ਦੇ ਲਾਲਚ ਵਲੋਂ ਖਲਾਸੀ। ਤ੍ਰੈ ਲੋਈ—ਤਿੰਨਾਂ ਹੀ ਲੋਕਾਂ ਵਿਚ, ਸਾਰੀ ਹੀ ਸ੍ਰਿਸ਼ਟੀ ਵਿਚ ਕਿਤੇ ਭੀ। ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਨਾਮੁ ਹਰੀ—ਹਰੀ ਦਾ ਨਾਮ।੧। ਰਹਾਉ।

ਭਗਤੀ—ਲਗਨ, ਦਿਲੀ ਖਿੱਚ, ਸ਼ਰਧਾ। ਭਗਤਿ ਹਰੀ—ਪ੍ਰਭੂ ਨੂੰ ਮਿਲਣ ਲਈ ਤਾਂਘ। ਸਤਸੰਗੁ—ਭਲਿਆਂ ਦੀ ਸੰਗਤ। ਕਰਮਿ—ਪ੍ਰਭੂ ਦੀ ਮੇਹਰ ਨਾਲ।੨।

ਘਟਿ—ਘਟ ਵਿਚ, ਸਰੀਰ ਵਿਚ। ਘਟਿ ਘਟਿ—ਹਰੇਕ ਸਰੀਰ ਵਿਚ। ਉਪਾਏ—ਪੈਦਾ ਕਰਦਾ ਹੈ। ਵੇਖੈ—ਸੰਭਾਲ ਕਰਦਾ ਹੈ। ਗੁਰਮੁਖਿ—ਗੁਰੂ ਦੀ ਸ਼ਰਨ ਪਿਆਂ। ਕਰਹਿ—ਕਰਦੇ ਹਨ। ਸੁ—ਉਹ ਬੰਦੇ। ਰੰਗਿ—ਰੰਗ ਵਿਚ, ਪਿਆਰ ਵਿਚ। ਭੀਨੇ—ਭਿੱਜੇ ਹੋਏ, ਮਸਤ। ਮਨਾ—ਮਨਿ, (ਉਨ੍ਹਾਂ ਦੇ) ਮਨ ਵਿਚ।੩।

ਕਉ—ਨੂੰ। ਤਖਤਿ—ਤਖਤ ਉਤੇ। ਤਖਤਿ ਵਡਿਆਈ—ਤਖਤ ਉਤੇ ਬੈਠਣ ਦੀ ਵਡਿਆਈ, ਹਿਰਦੇ ਤਖਤ ਉਤੇ ਬੈਠੇ ਰਹਿਣ ਦੀ ਇੱਜ਼ਤ, ਮਾਇਆ ਦੇ ਪਿਛੇ ਭਟਕਣ ਤੋਂ ਬਚੇ ਰਹਿਣ ਦਾ ਮਾਣ। ਗੁਰਮੁਖਿ—ਗੁਰੂ ਦੀ ਰਾਹੀਂ। ਪਰਧਾਨ—ਉੱਘੇ, ਮੰਨੇ ਪ੍ਰਮੰਨੇ। ਪਾਰਸੁ—ਗੁਰੂ ਪਾਰਸ। ਭੇਟਿ—ਛੂਹ ਕੇ, ਮਿਲ ਕੇ। ਪਾਰਸ—ਲੋਹਾ ਆਦਿਕ ਧਾਤਾਂ ਨੂੰ ਸੋਨਾ ਬਣਾ ਦੇਣ ਦੀ ਸਮਰੱਥਾ ਰਖਣ ਵਾਲੇ। ਗੁਰ ਸੰਗਿ—ਗੁਰੂ ਦੇ ਸੰਗੀ। ਥੀਏ—ਬਣ ਗਏ।੪।

ਅਰਥ :—

ਪ੍ਰ:—ਗੁਰਦੇਵ ਜੀ ! ਗੁਰੂ ਵਿਚ ਕਿਹੜੀ ਕਿਹੜੀ ਵਿਸ਼ੇਸ਼ਤਾ ਹੈ?

1. ਉ:—ਹੇ ਪਿਆਰੇ ! ਗੁਰੂ (ਇਕ) ਐਸਾ ਸ਼ਾਹ ਹੈ ਜਿਸ ਦੇ ਪਾਸ ਪ੍ਰਭੂ ਦੇ ਨਾਮ ਦਾ ਧਨ ਸਦਾ ਹੀ ਟਿਕਿਆ ਰਹਿੰਦਾ ਹੈ। (ਇਸ ਵਾਸਤੇ) ਗੁਰੂ ਸੁਖ ਦੇਣ ਦੇ ਸਮਰੱਥ ਹੈ, ਗੁਰੂ ਪ੍ਰਭੂ ਨਾਲ ਮਿਲਾ ਦੇਂਦਾ ਹੈ ਅਤੇ ਮਾਇਆ ਕੱਠੀ ਕਰਨ ਦੀ ਭੁੱਖ ਮਨੁੱਖ ਦੇ ਮਨ ਵਿਚੋਂ ਕੱਢ ਦੇਂਦਾ ਹੈ।
2. ਹੇ ਭਾਈ ! ਗੁਰੂ ਮੇਹਰ ਕਰ ਕੇ (ਸ਼ਰਨ ਆਏ ਸਿਖ ਦੇ ਮਨ ਵਿਚ) ਪ੍ਰਭੂ ਨੂੰ ਮਿਲਣ ਦੀ ਤਾਂਘ ਪੱਕੀ ਕਰ ਦੇਂਦਾ ਹੈ (ਕਿਉਂਕਿ) ਗੁਰੂ ਆਪ ਹਰ ਵੇਲੇ ਪ੍ਰਮਾਤਮਾਂ ਦੀ ਸਿਫਤ ਸਲਾਹ ਕਰਦਾ ਰਹਿੰਦਾ ਹੈ, ਆਪਣੀ ਸੁਰਤ ਸਦਾ ਪ੍ਰਭੂ ਦੀ ਸਿਫਤ ਸਲਾਹ ਵਿਚ ਟਿਕਾਈ ਰਖਦਾ ਹੈ।੧।

ਪ੍ਰ:—ਸ੍ਰੀ ਜੀਉ ! ਮੈਂ ਇਸ ਆਪਣੇ ਅਮੋੜ ਮਨ ਨੂੰ ਕਿਵੇਂ ਸਮਝਾਵਾਂ ?

3. ਉ:—ਹੇ ਭਾਈ ! ਮਨ ਨੂੰ ਹਰ ਵਕਤ ਇਉਂ ਹੀ ਸਮਝਾਉਂਦਾ ਰਿਹਾ ਕਰ ਕਿ, ਹੇ (ਮੇਰੇ) ਮਨ ! ਪ੍ਰਮਾਤਮਾਂ ਨੂੰ (ਸਦਾ) ਚੇਤੇ ਰਖ।
   (ਵੇਖੀਂ) ਮਾਇਆ ਦੀ ਭੁੱਖ ਵਿਚ ਫਸ ਕੇ ਕਿਤੇ (ਉਸ ਨੂੰ) ਭੁਲਾ ਨਾ ਦੇਈਂ।
4. ਪਰ, ਹੇ ਮਨਾ ! ਇਹ ਭੀ ਯਾਦ ਰਖ ਕਿ, ਗੁਰੂ ਦੀ ਸ਼ਰਨ ਪਿਆਂ ਹੀ ਪ੍ਰਭੂ ਜੀ ਦਾ ਨਾਮ ਮਿਲਦਾ ਹੈ, ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਮਾਇਆ ਦੀ ਭੁੱਖ ਤੋਂ ਖਲਾਸੀ ਨਹੀਂ ਹੋ ਸਕਦੀ; (ਭਾਵੇਂ) ਤਿੰਨਾਂ ਲੋਕਾਂ ਵਿਚ (ਦੌੜ ਭੱਜ ਕਰ ਕੇ

ਵੇਖ ਲੈ) (ਇਸ ਵਾਸਤੇ, ਹੇ ਮਨ ! ਗੁਰੂ ਦਾ ਪੱਲਾ ਫੜ) ।੧। ਰਹਾਉ ।

ਪ੍ਰ:—ਗੁਰਦੇਵ ਜੀਉ ! ਦਸੋ, ਇਹ ਸਭੋ ਕੁਝ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

5. ਉ:—ਹੇ ਭਾਈ ! ਅਸਲ ਵਿਚ ਦਿਲੀ ਖਿੱਚ ਤੋਂ ਬਿਨਾ ਸਤਿਗੁਰੂ ਭੀ ਨਹੀਂ ਮਿਲਦਾ (ਭਾਵ ਗੁਰੂ ਦੀ ਕਦਰ ਨਹੀਂ ਪਾ ਸਕੀਦੀ) ਤੇ ਭਾਗਾਂ ਤੋਂ ਬਿਨਾ (ਪਿਛਲੇ ਰਾਸ ਪੂੰਜੀ ਤੋਂ ਬਿਨਾ) ਪ੍ਰਭੂ ਨੂੰ ਮਿਲਣ ਦੀ ਤਾਂਘ (ਮਨ ਵਿਚ) ਨਹੀਂ ਉਪਜਦੀ ।

6. ਪਿਛਲੇ ਸੰਸਕਾਰਾਂ ਦੀ ਰਾਸ ਪੂੰਜੀ ਵਾਲੇ ਭਾਗਾਂ ਤੋਂ ਬਿਨਾ ਗੁਰਮੁਖਾਂ ਦੀ ਸੰਗਤ ਨਹੀਂ ਮਿਲਦੀ, (ਭਾਵ ਸਤਿਸੰਗ ਦੀ ਕਦਰ ਨਹੀਂ ਪੈ ਸਕਦੀ) ਪ੍ਰਭੂ ਦੀ ਆਪਣੀ ਮਿਹਰ ਨਾਲ ਹੀ ਉਸ ਦਾ ਨਾਮ ਪ੍ਰਾਪਤ ਹੁੰਦਾ ਹੈ ।੨।

ਪ੍ਰ:—ਕਿਉਂ ਜੀ ! ਉਹ ਸ੍ਰਿਸ਼ਟੀ ਦਾ ਪਾਲਕ ਵੇਖਿਆ ਕਿਵੇਂ ਜਾ ਸਕਦਾ ਹੈ ?

7. ਉ:—ਹੇ ਪਿਆਰੇ ! ਜਿਹੜਾ ਪ੍ਰਭੂ ਆਪ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਉਸ ਦੀ ਸੰਭਾਲ ਕਰਦਾ ਹੈ, ਉਹ ਹਰੇਕ ਸਰੀਰ ਵਿਚ ਲੁਕਿਆ ਬੈਠਾ ਹੈ, ਗੁਰੂ ਦੀ ਸ਼ਰਨ ਪੈਣ ਵਾਲੇ ਸੰਤ ਜਨਾਂ ਨੂੰ ਉਹ ਹਰ ਥਾਂ ਪ੍ਰਤੱਖ ਦਿਸਣ ਲਗ ਪੈਂਦਾ ਹੈ ।

8. ਹੇ ਭਾਈ ! ਉਹ ਸੰਤ ਜਨ ਸਦਾ ਪ੍ਰਭੂ ਦਾ ਨਾਮ ਜਪਦੇ ਹਨ ਤੇ ਉਸ ਦੇ ਪਿਆਰ ਰੰਗ ਵਿਚ ਮਸਤ ਰਹਿੰਦੇ ਹਨ; ਉਨ੍ਹਾਂ ਦੇ ਮਨ ਵਿਚ ਪ੍ਰਭੂ ਦਾ ਆਤਮਕ ਜ਼ਿੰਦਗੀ ਦੇਣ ਵਾਲਾ ਨਾਮ ਜਲ ਸਦਾ ਵਸਦਾ ਰਹਿੰਦਾ ਹੈ ।੩।

9. ਹੇ ਪਿਆਰੇ ! ਗੁਰੂ ਦੀ ਸ਼ਰਨ ਪੈ ਕੇ ਜਿਨ੍ਹਾਂ ਬੰਦਿਆਂ ਨੂੰ ਹਿਰਦੇ ਤਖਤ ਉਤੇ ਬੈਠੇ ਰਹਿਣ ਦੀ (ਭਾਵ, ਮਾਇਆ ਦੇ ਪਿਛੇ ਭਟਕਣ ਤੋਂ ਬਚੇ ਰਹਿਣ ਦੀ) ਇੱਜ਼ਤ ਮਿਲਦੀ ਹੈ, ਉਨ੍ਹਾਂ ਨੂੰ ਪ੍ਰਮਾਤਮਾਂ ਉੱਘਾ ਕਰ ਦੇਂਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਗੁਰੂ ਪਾਰਸ ਨੂੰ ਮਿਲ ਕੇ ਉਹ ਆਪ ਭੀ ਪਾਰਸ ਹੋ ਜਾਂਦੇ ਹਨ, (ਉਨ੍ਹਾਂ ਦੇ ਅੰਦਰ ਭੀ ਇਹ ਸਮਰੱਥਾ ਆ ਜਾਂਦੀ ਹੈ ਕਿ ਮਾਇਆ ਗ੍ਰਸੇ ਮਨਾਂ ਨੂੰ ਪ੍ਰਭੂ ਚਰਨਾਂ ਵਿਚ ਜੋੜ ਸਕਨ) ਉਹ ਬੰਦ ਸਦਾ ਲਈ ਪ੍ਰਮਾਤਮਾਂ ਤੇ ਗੁਰੂ ਦੇ ਸਾਥੀ ਬਣ ਜਾਂਦੇ ਹਨ (ਉਨ੍ਹਾਂ ਦੀ ਸੁਰਤਿ ਸਦਾ ਗੁਰੂ ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ) ।੪।੪।੧੨।

ਭਾਵਾਰਥ :—ਗੁਰੂ ਵਿਚ ਅਨੇਕਾਂ ਹੀ ਗੁਣ ਪਾਏ ਜਾਂਦੇ ਹਨ, ਇਸ ਲਈ ਸਰਬ ਕਲਾ ਸਮਰਥ ਗੁਰੂ ਦੇ ਚਿੰਤਨ ਕਰਦੇ ਰਹਿਣ ਦੀ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਰਨਾ ਕਰਦੇ ਹਨ ।

ਬਸੰਤੁ ਮਹਲਾ ੩ ਘਰੁ ੧ ਦੁਤੁਕੇ ॥

ੴ ਸਤਿਗੁਰ ਪ੍ਰਸਾਦਿ ॥

1. **ਮਾਹਾ ਰੁਤੀ ਮਹਿ ਸਦ ਬਸੰਤੁ ॥**
2. **ਜਿਤੁ ਹਰਿਆ ਸਭੁ ਜੀਅ ਜੰਤੁ ॥**
3. **ਕਿਆ ਹਉ ਆਖਾ ਕਿਰਮ ਜੰਤੁ ॥**
4. **ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥**
5. **ਤੈ ਸਾਹਿਬ ਕੀ ਕਰਹਿ ਸੇਵ ॥**
6. **ਪਰਮ ਸੁਖ ਪਾਵਹਿ ਆਤਮ ਦੇਵ ॥੧॥ ਰਹਾਉ ॥**
7. **ਕਰਮੁ ਹੋਵੈ ਤਾਂ ਸੇਵਾ ਕਰੈ ॥**
8. **ਗੁਰ ਪਰਸਾਦੀ ਜੀਵਤ ਮਰੈ ॥**
9. **ਅਨਦਿਨੁ ਸਾਚੁ ਨਾਮੁ ਉਚਰੈ ॥**
10. **ਇਨ ਬਿਧਿ ਪ੍ਰਾਣੀ ਦੁਤਰੁ ਤਰੈ ॥੨॥**
11. **ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥**
12. **ਸੰਸਾਰ ਬਿਰਖ ਕਉ ਦੁਇ ਫਲ ਲਾਏ ॥**
13. **ਆਪੇ ਕਰਤਾ ਕਰੇ ਕਰਾਏ ॥**
14. **ਜੋ ਤਿਸੁ ਭਾਵੈ ਤਿਸੈ ਖਵਾਏ ॥੩॥**
15. **ਨਾਨਕ ਜਿਸ ਨੋ ਨਦਰਿ ਕਰੇਇ ॥**
16. **ਅੰਮ੍ਰਿਤ ਨਾਮੁ ਆਪੇ ਦੇਇ ॥**
17. **ਬਿਖਿਆ ਕੀ ਬਾਸਨਾ ਮਨਹਿ ਕਰੇਇ ॥**
18. **ਅਪਣਾ ਭਾਣਾ ਆਪਿ ਕਰੇਇ ॥੪॥੧॥**

ਪਦ ਅਰਥ :—ਮਾਹਾ ਮਹਿ—ਸਭ ਮਹੀਨਿਆਂ ਵਿਚ । ਰੁਤੀ ਮਹਿ—ਸਾਰੀਆਂ ਰੁਤਾਂ ਵਿਚ । ਸਦ—ਸਦਾ । ਸਦ ਬਸੰਤੁ—ਸਦਾ ਖਿੜੇ ਰਹਿਣ ਵਾਲਾ ਪ੍ਰਮਾਤਮਾਂ । ਜਿਤੁ—ਜਿਸ (ਪ੍ਰਮਾਤਮਾਂ) ਦੀ ਰਾਹੀਂ । ਸਭੁ—ਹਰੇਕ । ਹਉ—ਹਉਂ, ਮੈਂ । ਕਿਆ ਆਖਾ—ਕਿਆ ਆਖਾਂ, ਮੈਂ ਕੀ ਕਹਿ ਸਕਦਾ ਹਾਂ ? । ਕਿਰਮ—ਕੀੜਾ। ਕਿਰਮ ਜੰਤੁ—ਨਿਕਾ ਜਿਹਾ ਜੀਵ। ਕਿਨੈ—ਕਿਸੇ ਨੇ ਭੀ । ਨ ਪਾਇਆ—ਨਹੀਂ ਲੱਭਾ । ਆਦਿ—ਮੁੱਢ । ਅੰਤੁ—ਅਖੀਰ।੧।

ਤੈ ਕੀ—ਤੇਰੀ । ਸਾਹਿਬ ਕੀ—ਮਾਲਕ ਦੀ । ਕਰਹਿ—ਕਰਦੇ ਹਨ । ਪਰਮ—ਸਭ ਤੋਂ ਉਚਾ । ਪਾਵਹਿ—ਹਾਸਲ ਕਰਦੇ ਹਨ । ਆਤਮ ਦੇਵ—ਹੇ ਪ੍ਰਮਾਤਮਾਂ ।੧। ਰਹਾਉ ।

ਕਰਮੁ—ਬਖਸ਼ਸ਼ । ਤਾਂ—ਤਦੋਂ । ਸੇਵਾ—ਭਗਤੀ । ਪਰਸਾਦੀ—ਕ੍ਰਿਪਾ ਨਾਲ । ਜੀਵਤ ਮਰੈ—ਜੀਉਂਦਾ ਹੀ ਵਿਕਾਰਾਂ ਵਲੋਂ ਅਡੋਲ ਹੋ ਜਾਂਦਾ ਹੈ । ਅਨਦਿਨੁ—ਹਰ ਰੋਜ਼, ਹਰ ਵੇਲੇ । ਸਾਚੁ—ਸਦਾ ਕਾਇਮ ਰਹਿਣ ਵਾਲਾ । ਇਨ ਬਿਧਿ—ਇਸ ਤਰੀਕੇ ਨਾਲ । ਦੁਤਰੁ—ਜਿਸ ਤੋਂ ਪਾਰ ਲੰਘਣਾ ਔਖਾ ਹੈ ।੨।

ਬਿਖ—ਜ਼ਹਿਰ, ਆਤਮਕ ਮੌਤ ਲਿਆਉਣ ਵਾਲੀ ਮਾਇਆ । ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ ਫਲ । ਕਰਤਾਰਿ—ਕਰਤਾਰ ਨੇ । ਬਿਰਖ—ਰੁੱਖ । ਕਉ—ਨੂੰ । ਆਪੇ—ਆਪ ਹੀ । ਕਰਤਾ—ਕਰਤਾਰ । ਭਾਵੈ—ਚੰਗਾ ਲਗਦਾ

ਹੈ। ਤਿਸੈ-ਉਸੇ ਨੂੰ ।੩।

ਨਦਰਿ-ਮਿਹਰ ਦੀ ਨਿਗ ਹ। ਕਰੇਇ-ਕਰਦਾ ਹੈ। ਦੇਇ--ਦੇਂਦਾ ਹੈ। ਬਿਖਿਆ-ਮਾਇਆ। ਬਾਸਨਾ-ਲਾਲਸਾ। ਮਨਹਿ ਕਰੇਇ-ਰੋਕ ਦੇਂਦਾ ਹੈ। ਭਾਣਾ-ਰਜ਼ਾ, ਮਰਜ਼ੀ ।੪।

ਅਰਥ :-

ਪ੍ਰ:-ਗੁਰਦੇਵ ਜੀਉ! ਉਸ ਪ੍ਰਭੂ ਜੀ ਬਾਰੇ ਆਪ ਜੀ ਦਾ ਕੀ ਵਿਸ਼ਵਾਸ਼ ਹੈ?

1. **ਉ:**-ਹੇ ਭਾਈਓ! ਮੈਂ ਤਾਂ ਹਰ ਵਕਤ ਇਉਂ ਹੀ ਨਿਸਚਾ ਰਖਦਾ ਹਾਂ ਕਿ, ਹੇ ਪ੍ਰਭੂ ਜੀ! ਸਾਰੇ ਮਹੀਨਿਆਂ ਵਿਚ ਸਾਰੀਆਂ ਰੁੱਤਾਂ ਵਿਚ ਸਦਾ ਖਿੜੇ ਰਹਿਣ ਵਾਲਾ ਤੂੰ ਆਪ ਹੀ ਮੌਜੂਦ ਹੈਂ।
2. ਜਿਸ (ਤੇਰੀ) ਬਰਕਤ ਨਾਲ ਹਰੇਕ ਜੀਵ ਸਜਿੰਦ ਹੈ।
3. ਹੇ ਸਾਈਆਂ ਜੀਉ! ਮੈਂ ਤੁੱਛ ਜਿਹਾ ਜੀਵ ਕੀ ਆਖ ਸਕਦਾ ਹਾਂ?।
4. ਕਿਸੇ ਨੇ ਭੀ ਤੇਰਾ ਨਾ ਮੁੱਢ ਲੱਭਾ ਹੈ, ਨਾ ਅਖੀਰ ਲੱਭਾ ਹੈ ।੧।
5. ਹੇ ਮਾਲਕ! ਹੇ ਪ੍ਰਭੂ ਦੇਵ, ਜਿਹੜੇ ਮਨੁੱਖ ਤੇਰੀ ਸੇਵਾ ਭਗਤੀ ਕਰਦੇ ਹਨ।
6. ਹੇ ਪ੍ਰਭੂ ਜੀਉ! ਉਹ ਸਭ ਤੋਂ ਉਚਾ ਆਤਮਕ ਅਨੰਦ ਮਾਣਦੇ ਹਨ ।੧। ਰਹਾਉ।

ਪ੍ਰ:-ਸ੍ਰੀ ਜੀਉ! ਸਾਰੇ ਸੁਖਾਂ ਦੀ ਦਾਤੀ ਸੇਵਾ ਭਗਤੀ ਸਾਰੇ ਹੀ ਮਨੁੱਖ ਕਿਉਂ ਨਹੀਂ ਕਰਦੇ?

7. **ਉ:**-ਹੇ ਭਾਈਓ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਹੇ ਭਾਈ! ਜਦੋਂ ਕਿਸੇ ਮਨੁੱਖ ਉਤੇ ਉਸ ਪ੍ਰਮੇਸ਼ਰ ਜੀ ਦੀ ਬਖਸ਼ਸ਼ ਹੁੰਦੀ ਹੈ ਤਦੋਂ ਉਹ (ਪ੍ਰਮਾਤਮਾਂ ਦੀ) ਸੇਵਾ ਭਗਤੀ ਕਰਦਾ ਹੈ।
8. ਗੁਰੂ ਦੀ ਕ੍ਰਿਪਾ ਨਾਲ (ਉਹ ਮਨੁੱਖ) ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਹੀ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ।
9. ਉਹ ਮਨੁੱਖ ਹਰ ਵੇਲੇ ਪ੍ਰਮਾਤਮਾਂ ਦਾ ਸਦਾ ਕਾਇਮ ਰਹਿਣ ਵਾਲਾ ਨਾਮ ਉਚਾਰਦਾ ਰਹਿੰਦਾ ਹੈ।
10. ਹੇ ਭਾਈ! ਉਹ ਪ੍ਰਾਣੀ ਇਸ ਤਰੀਕੇ ਨਾਲ ਉਸ ਸੰਸਾਰ ਸਮੁੰਦ੍ਰ ਤੋਂ ਪਾਰ ਲੰਘ ਜਾਂਦਾ ਹੈ ਜਿਸ ਤੋਂ ਪਾਰ ਲੰਘਣਾ ਬਹੁਤ ਔਖਾ ਹੈ ।੨।

ਪ੍ਰ:-ਗੁਰਦੇਵ ਜੀਉ! ਇਹ ਮਾਇਆ ਅਤੇ ਨਾਮ ਪ੍ਰਸਪਰ ਵਿਰੋਧੀ ਸ਼ੈਆਂ ਨੂੰ ਪੈਦਾ ਕਰਨ ਵਾਲੀ ਕਿਹੜੀ ਸ਼ਕਤੀ ਹੈ?

11. **ਉ:**-ਹੇ ਭਾਈਓ! ਜੇ ਵੀਚਾਰ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਇਹ ਆਤਮਕ ਮੌਤ ਲਿਆਉਣ ਵਾਲੀ ਮਾਇਆ ਅਤੇ ਆਤਮਕ ਜੀਵਨ ਦੇਣ ਵਾਲਾ ਨਾਮ ਇਹ ਕਰਤਾਰ ਨੇ (ਹੀ) ਪੈਦਾ ਕੀਤੇ ਹਨ।
12. ਹੇ ਪਿਆਰੇ! ਇਉਂ ਹੀ ਜਾਣੋ ਕਿ, ਜਗਤ ਰੁੱਖ ਨੂੰ (ਉਸ ਕਰਤਾਰ ਨੇ) ਇਹ ਦੋਵੇਂ ਫਲ ਲਾਏ (ਹੋਏ) ਹਨ।
13. ਹੇ ਪਿਆਰੇ! ਉਹ ਸਰਵ ਵਿਆਪਕ ਹੋ ਕੇ ਕਰਤਾਰ ਆਪ ਹੀ (ਸਭ ਕੁਝ) ਕਰ ਰਿਹਾ ਹੈ ਅਤੇ (ਜੀਵਾਂ ਪਾਸੋਂ) ਕਰਾ ਰਿਹਾ ਹੈ।
14. ਹੇ ਭਾਈ! ਜਿਸ ਜੀਵ ਨੂੰ ਜਿਹੜਾ ਫਲ ਖਵਾਣ ਦੀ ਉਸਦੀ ਮਰਜ਼ੀ ਹੁੰਦੀ ਹੈ ਉਸੇ ਨੂੰ ਉਹੀ ਖਵਾ ਦੇਂਦਾ ਹੈ।੩।
15. ਹੇ ਭਾਈਓ! ਅਸਲ ਵਿਚ ਜਿਸ ਮਨੁੱਖ ਉਤੇ ਉਹ ਕਰਤਾਰ ਮੇਹਰ ਦੀ ਨਿਗਾਹ ਕਰਦਾ ਹੈ।
16. ਉਸ ਨੂੰ ਆਪ ਹੀ ਉਹ ਆਤਮਕ ਜੀਵਨ ਦੇਣ ਵਾਲਾ ਆਪਣਾ ਨਾਮ ਦੇਂਦਾ ਹੈ।
17. (ਅਤੇ ਉਸ ਦੇ ਅੰਦਰੋਂ) ਮਾਇਆ ਦੀ ਲਾਲਸਾ ਰੋਕ ਦੇਂਦਾ ਹੈ।
18. ਹੇ ਭਾਈ! ਉਹ ਪ੍ਰਮਾਤਮਾਂ ਆਪਣੀ ਰਜ਼ਾ ਆਪ (ਹੀ) ਕਰਦਾ ਹੈ ।੪।੧।

ਭਾਵਾਰਥ :-ਭਾਵੇਂ ਹਰ ਮਨੁੱਖ ਸੰਸਾਰ ਵਿਚ ਆਪਣੀ ਮਰਜ਼ੀ ਅਨੁਸਾਰ ਸੁਤੰਤ੍ਰ ਹੀ ਵਿਚਰਨਾ ਚਾਹੁੰਦਾ ਹੈ, ਪਰ ਉਹ ਹਰੀ ਜਿਵੇਂ ਮਨੁੱਖਾਂ ਨੂੰ ਚਲਾਵੇਂ ਤਿਵੇਂ ਹੀ ਚਲਦੇ ਹਨ। ਜੇ ਉਹ ਮੇਹਰ ਕਰੇ, ਤਾਂ ਉਹ ਮਨੁੱਖ ਨੂੰ ਨਾਮ ਦੀ ਦਾਤ ਬਖਸ਼ਸ਼ ਕਰਦਾ ਹੈ ਅਤੇ ਵਿਕਾਰਾਂ ਤੋਂ ਬਚਾਈ ਰਖਦਾ ਹੈ।

ਬਸੰਤੁ ਮਹਲਾ ੩ ॥

1. **ਰਾਤੇ ਸਾਚਿ ਹਰਿ ਨਾਮਿ ਨਿਹਾਲਾ ॥**
2. **ਦਇਆ ਕਰਹੁ ਪ੍ਰਭ ਦੀਨ ਦਇਆਲਾ ॥**
3. **ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥**
4. **ਜਿਉ ਭਾਵੈ ਤਿਉ ਰਾਖੈ ਸੋਇ ॥੧॥**
5. **ਗੁਰ ਗੋਪਾਲ ਮੇਰੈ ਮਨਿ ਭਾਏ ॥**
6. **ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ ਰਹਾਉ ॥**
7. **ਇਹੁ ਮਨੁ ਲੋਭੀ ਲੋਭਿ ਲੁਭਾਨਾ ॥**
8. **ਰਾਮ ਬਿਸਾਰਿ ਬਹੁਰਿ ਪਛੁਤਾਨਾ ॥**
9. **ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥**
10. **ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥੨॥**
11. **ਪਉਣ ਪਾਨੀ ਕੀ ਇਹ ਦੇਹ ਸਰੀਰਾ ॥**
12. **ਹਉਮੈ ਰੋਗੁ ਕਠਿਨ ਤਨਿ ਪੀਰਾ ॥**
13. **ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥**
14. **ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥**
15. **ਚਾਰਿ ਨਦੀਆ ਅਗਨੀ ਤਨਿ ਚਾਰੇ ॥**
16. **ਤ੍ਰਿਸਨਾ ਜਲਤ ਜਲੇ ਅਹੰਕਾਰੇ ॥**
17. **ਗੁਰਿ ਰਾਖੇ ਵਡਭਾਗੀ ਤਾਰੇ ॥**
18. **ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥**

ਪਦ ਅਰਥ :-ਰਾਤੇ-ਰੰਗੇ ਹੋਏ। ਸਾਚਿ ਨਾਮਿ-

ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿਚ। ਨਿਹਾਲਾ-ਪ੍ਰਸੰਨ ਚਿਤ। ਪ੍ਰਭ-ਹੇ ਪ੍ਰਭੂ। ਜਿਉ ਭਾਵੈ-ਜਿਵੇਂ ਉਸ ਨੂੰ ਚੰਗਾ ਲਗਦਾ ਹੈ।੧।

ਮੇਰੈ ਮਨਿ-ਮੇਰੇ ਮਨ ਵਿਚ। ਭਾਇ-ਪਿਆਰਾ ਲਗਦਾ ਹੈ। ਸਕਉ-ਸਕਉਂ, ਮੈਂ ਰਹਿ ਨਹੀਂ ਸਕਦਾ। ਸਹਜਿ-ਆਤਮਕ ਅਡੋਲਤਾ ਵਿਚ (ਟਿਕ ਕੇ)। ਮੇਲਿ-ਸੰਗਤ ਵਿਚ ।੧। ਰਹਾਉ।

ਲੋਭਿ ਲੁਭਾਨਾ-ਲੋਭ ਵਿਚ ਫਸਿਆ ਰਹਿੰਦਾ ਹੈ। ਬਿਸਾਰਿ-ਵਿਸਾਰ ਕੇ । ਬਹੁਰਿ-ਮੁੜ, ਫਿਰ । ਸੇਵ-ਸੇਵਾ ਭਗਤੀ ਵਿਚ। ਮਸਤਕਿ-ਮੱਥੇ ਉਤੇ ।੨।

ਪਉਣ-ਹਵਾ । ਦੇਹ-ਸਰੀਰ । ਕਠਿਨ-ਕਰੜੀ। ਤਨਿ-ਸਰੀਰ ਵਿਚ । ਪੀਰਾ-ਪੀੜ । ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ । ਦਾਰੂ-ਦਵਾਈ। ਕਰਿ-ਕਰ ਕੇ। ਗੁਰਿ-ਗੁਰੂ ਨੇ ।੩।

ਨਦੀਆ ਅਗਨੀ-(ਹੰਸ, ਹੇਤ, ਲੋਭ, ਕੋਪੁ) ਇਹ ਅੱਗ ਦੀਆਂ ਨਦੀਆਂ । ਤਨਿ-ਸਰੀਰ ਵਿਚ। ਚਾਰੇ-ਇਹ ਚਾਰ ਹੀ। ਗੁਰਿ-ਗੁਰੂ ਨੇ। ਰਾਖੇ-ਰਾਖੀ ਕੀਤੀ। ਉਰਿ-ਹਿਰਦੇ ਵਿਚ। ਅੰਮ੍ਰਿਤੁ-ਅਮਰ ਜੀਵਨ ਦੇਣ ਵਾਲਾ ਨਾਮ।੪।

ਅਰਥ :-

ਪ੍ਰ:-ਸ੍ਰੀ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਜਗਤ ਦਾ ਹਰ ਮਨੁੱਖ ਹੀ ਚਿੰਤਾ ਨਾਲ ਗ੍ਰਸਿਆ ਰਹਿੰਦਾ ਹੈ, ਪਰ, ਤੁਹਾਡੇ ਵਿਚਾਰ ਵਿਚ ਪ੍ਰਸੰਨ ਚਿਤ ਕੌਣ ਹੈ ?

1. ਉ:-ਹੇ ਭਾਈਓ ! ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ, ਹੇ ਪ੍ਰਭੂ ਜੀ ! ਜਿਹੜੇ ਮਨੁੱਖ ਤੇਰੇ ਸਦਾ ਥਿਰ ਨਾਮ ਵਿਚ ਰੰਗੇ ਜਾਂਦੇ ਹਨ, (ਉਹੀ ਜਗਤ ਵਿਚ) ਪ੍ਰਸੰਨ ਚਿਤ ਰਹਿੰਦੇ ਹਨ।
2. (ਇਸ ਲਈ) ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ! (ਮੇਰੇ ਉਤੇ ਭੀ) ਮੇਹਰ ਕਰ, (ਮੈਨੂੰ ਭੀ ਆਪਣਾ ਨਾਮ ਬਖਸ਼)।
3. ਹੇ ਭਾਈਓ ! ਉਸ ਪ੍ਰਭੂ ਤੋਂ ਬਿਨਾ ਮੈਨੂੰ ਕੋਈ ਭੀ ਹੋਰ ਬੇਲੀ ਨਹੀਂ ਦਿਸਦਾ।
4. ਜਿਵੇਂ ਉਸ ਦੀ ਰਜ਼ਾ ਹੁੰਦੀ ਹੈ ਤਿਵੇਂ ਉਹ (ਜੀਵਾਂ ਦੀ) ਰਖਿਆ ਕਰਦਾ ਹੈ ।੧।
5. ਹੇ ਭਾਈਓ ! ਉਹ ਗੁਰੂ ਪ੍ਰਮੇਸ਼ਰ ਹੀ ਮੇਰੇ ਮਨ ਵਿਚ ਪਿਆਰਾ ਲਗਦਾ ਹੈ।
6. ਮੈਂ ਉਸ ਦਾ ਦਰਸ਼ਨ ਕਰਨ ਤੋਂ ਬਿਨਾ ਰਹਿ ਨਹੀਂ ਸਕਦਾ (ਦਰਸ਼ਨ ਤੋਂ ਬਿਨਾ ਮੈਨੂੰ ਧੀਰਜ ਨਹੀਂ ਆਉਂਦੀ) (ਜਦੋਂ) ਗੁਰੂ (ਮੈਨੂੰ ਆਪਣੀ) ਸੰਗਤ ਵਿਚ ਮਿਲਾਂਦਾ ਹੈ (ਤਦੋਂ) ਮੈਂ ਆਤਮਕ ਅਡੋਲਤਾ ਵਿਚ (ਟਿਕ ਕੇ ਉਸਨੂੰ) ਮਿਲਦਾ ਹਾਂ ।੧। ਰਹਾਉ।

ਪ੍ਰ:-ਸ੍ਰੀ ਜੀਉ ! ਨਾਮ ਤੋਂ ਸਖਣੇ ਮਨੁੱਖਾਂ ਨੂੰ ਸਜ਼ਾ ਕੀ ਮਿਲਦੀ ਹੈ ?

7. ਉ-ਹੇ ਭਾਈਓ ! ਜਿਸ ਮਨੁੱਖ ਦਾ ਇਹ ਲਾਲਚੀ ਮਨ (ਸਦਾ) ਲਾਲਚ ਵਿਚ ਹੀ ਫਸਿਆ ਰਹਿੰਦਾ ਹੈ।
8. ਉਹ ਮਨੁੱਖ ਪ੍ਰਮੇਸ਼ਰ ਦਾ ਨਾਮ ਭੁਲਾ ਕੇ ਫਿਰ (ਸਦਾ ਹੀ) ਹੱਥ ਮਲਦਾ ਹੈ (ਪਛੋਤਾਪ ਹੀ ਕਰਦਾ ਰਹਿੰਦਾ ਹੈ)।
9. ਜਿਹੜੇ ਮਨੁੱਖ ਗੁਰੂ ਦੀ ਦਸੀ ਹਰਿ ਭਗਤੀ ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਨੂੰ (ਪ੍ਰਭੂ ਚਰਨਾਂ ਤੋਂ) ਵਿਛੜਿਆਂ ਨੂੰ (ਮੁੜ) ਮਿਲਾ ਦੇਂਦਾ ਹੈ।
10. ਹੇ ਪਿਆਰੇ ! ਜਿਨ੍ਹਾਂ ਦੇ ਮੱਥੇ ਉਤੇ ਭਾਗ ਜਾਗ ਪਏ ਉਨ੍ਹਾਂ ਨੂੰ ਗੁਰੂ ਨੇ ਪ੍ਰਮਾਤਮਾਂ ਦਾ ਨਾਮ ਬਖਸ਼ ਦਿਤਾ ।੨।

ਪ੍ਰ:-ਸ੍ਰੀ ਜੀਉ ! ਵੇਖਦੇ ਹਾਂ ਕਿ ਕਈ ਜੀਵਾਂ ਦੇ ਸਰੀਰ ਸਦਾ ਹੀ ਅਨੇਕਾਂ ਪੀੜਾਂ ਕਰ ਕੇ ਪੀੜਤ ਰਹਿੰਦੇ ਹਨ. ਇਸ ਦਾ ਕਾਰਣ ਕੀ ਹੈ ?

11. ਉ:-ਹੇ ਭਾਈਓ ! ਇਹ ਸਰੀਰ ਹਵਾ, ਪਾਣੀ, (ਆਦਿਕ ਤੱਤਾਂ) ਦਾ ਬਣਿਆ ਹੋਇਆ ਹੈ।
12. ਹੇ ਪਿਆਰੇ ! ਜਿਸ ਮਨੁੱਖ ਦੇ ਇਸ ਸਰੀਰ ਵਿਚ ਹਉਮੈਂ ਦਾ ਰੋਗ ਹੈ, (ਉਸ ਦੇ ਸਰੀਰ ਵਿਚ ਇਸ ਰੋਗ ਦੀ) ਕਰੜੀ ਪੀੜ ਟਿਕੀ (ਹੀ) ਰਹਿੰਦੀ ਹੈ।

ਪ੍ਰ:-ਕਿਉਂ ਜੀ ! ਇਸ ਰੋਗ ਦੀ ਨਵਿਰਤੀ ਕਿਵੇਂ ਹੁੰਦੀ ਹੈ ?

13. ਉ.-ਹੇ ਭਾਈਓ ! ਗੁਰੂ ਦੇ ਸਨਮੁਖ ਹੋ ਜਿਹੜਾ ਮਨੁੱਖ ਪ੍ਰਮੇਸ਼ਰ ਦੇ ਗੁਣ ਗਾਂਦਾ ਹੈ, (ਉਸ ਦੇ ਵਾਸਤੇ ਹਉਮੈਂ ਰੋਗ ਦੂਰ ਕਰਨ ਲਈ) ਦਵਾਈ ਬਣ ਜਾਂਦਾ ਹੈ।
14. ਹੇ ਪਿਆਰਿਓ ! ਜਿਹੜਾ ਭੀ ਮਨੁੱਖ ਗੁਰੂ ਦੀ ਸ਼ਰਨ ਆਇਆ ਹੈ, ਗੁਰੂ ਨੇ ਕਿਰਪਾ ਕਰ ਕੇ ਉਸ ਦਾ ਇਹ ਰੋਗ ਦੂਰ ਕਰ ਦਿਤਾ ।੩।

ਪ੍ਰ:-ਕਿਉਂ ਜੀ ! ਇਨ੍ਹਾਂ ਮਨੁੱਖਾਂ ਦੇ ਸੜਦੇ ਰਹਿਣ ਲਈ ਕੀ, ਕੋਈ ਖਾਸ ਭੀ ਅੱਗ ਮੰਨੀ ਜਾਂਦੀ ਹੈ ?

15. ਉ:-ਹੇ ਭਾਈਓ ! ਸੁਣੋ, ਜਗਤ ਵਿਚ ਹੰਸ, ਹੇਤ, ਲੋਭ, ਕੋਪ, ਚਾਰ ਨਦੀਆਂ ਅੱਗ ਦੀਆਂ ਵਹਿ ਰਹੀਆਂ ਹਨ।
16. ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਸਰੀਰ ਵਿਚ ਇਹ ਚਾਰੇ ਅੱਗਾਂ ਪ੍ਰਬਲ ਹਨ, ਉਹ ਮਨੁੱਖ ਤ੍ਰਿਸ਼ਨਾਂ ਵਿਚ ਸੜਦੇ (ਹੀ) ਰਹਿੰਦੇ ਹਨ; (ਹੰਸੁ, ਹੇਤੁ, ਲੋਭ, ਕੋਪ ਚਾਰੇ ਨਦੀਆਂ ਆਗਿ) (ਮਹਲਾ ਪਹਿਲਾ ਵਾਰ ਮਾਝ)।
17. ਜਿਨ੍ਹਾਂ ਭਾਗਾਂ ਵਾਲੇ ਸੇਵਕਾਂ ਦੀ ਗੁਰੂ ਨੇ ਰਖਿਆ ਕੀਤੀ ਹੈ (ਗੁਰੂ ਨੇ ਉਨ੍ਹਾਂ ਨੂੰ ਇਨ੍ਹਾਂ ਨਦੀਆਂ ਤੋਂ) ਪਾਰ ਲੰਘਾ ਲਿਆ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਨ੍ਹਾਂ ਨੇ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਆਪਣੇ ਹਿਰਦੇ ਵਿਚ ਵਸਾ ਲਿਆ ਹੈ ।੪।੨।

ਭਾਵਾਰਥ:-ਮਨੁੱਖ ਦੇ ਅੰਦਰ ਤਰ੍ਹਾਂ ਤਰ੍ਹਾਂ ਦੇ ਵਿਕਾਰ

ਭਰੇ ਪਏ ਹਨ, ਪਰ ਇਕ ਗੁਰੂ ਹੀ ਹੈ ਜੋ ਨਾਮ ਦੀ ਦਾਤ ਬਖਸ਼ ਕੇ ਇਨ੍ਹਾਂ ਵਿਕਾਰਾਂ ਦਾ ਅਸਰ ਨਹੀਂ ਹੋਣ ਦੇਂਦਾ, ਇਸ ਲਈ ਗੁਰੂ ਦੁਆਰੇ ਨਾਮ ਦੀ ਦਾਤ ਹਾਸਲ ਕਰਨਾ ਹੀ ਸਦੀਵੀ ਸ਼ਾਂਤੀ ਪ੍ਰਾਪਤ ਕਰਨ ਦਾ ਸਾਧਨ ਹੈ।

ਬਸੰਤੁ ਮਹਲਾ ੩ ॥

1. ਹਰਿ ਸੇਵੇ ਸੋ ਹਰਿ ਕਾ ਲੋਗੁ ॥
2. ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥
3. ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥
4. ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥
5. ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥
6. ਸਾਚੁ ਸਮ੍ਹਾਲਹਿ ਸਾਚਿ ਸਮਾਹਿ ॥੧॥ ਰਹਾਉ ॥
7. ਹਰਿ ਨ ਸੇਵਹਿ ਤੇ ਹਰਿ ਤੇ ਦੂਰਿ ॥
8. ਦਿਸੰਤਰੁ ਭਵਹਿ ਸਿਰਿ ਪਾਵਹਿ ਧੂਰਿ ॥
9. ਹਰਿ ਆਪੇ ਜਨ ਲੀਏ ਲਾਇ ॥
10. ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ ॥੨॥
11. ਨਦਰਿ ਕਰੇ ਚੂਕੈ ਅਭਿਮਾਨੁ ॥
12. ਸਾਚੀ ਦਰਗਹ ਪਾਵੈ ਮਾਨੁ ॥
13. ਹਰਿ ਜੀਉ ਵੇਖੈ ਸਦ ਹਜੂਰਿ ॥
14. ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥
15. ਜੀਅ ਜੰਤ ਕੀ ਕਰੇ ਪ੍ਰਤਿਪਾਲ ॥
16. ਗੁਰ ਪਰਸਾਦੀ ਸਦ ਸਮ੍ਹਾਲ ॥
17. ਦਰਿ ਸਾਚੈ ਪਤਿ ਸਿਉ ਘਰਿ ਜਾਇ ॥
18. ਨਾਨਕ ਨਾਮਿ ਵਡਾਈ ਪਾਇ ॥੪॥੩॥

ਪਦ ਅਰਥ :—ਸੇਵੇ—ਸਿਮਰਦਾ ਹੈ। ਸੋ—ਉਹ ਮਨੁੱਖ। ਸਾਚੁ—ਸਦਾ ਥਿਰ। ਸਹਜੁ—ਆਤਮਕ ਅਡੋਲਤਾ। ਸੋਗੁ—ਗ਼ਮ। ਮੁਏ—ਆਤਮਕ ਮੌਤੇ ਮਰੇ ਹੋਏ। ਮਾਹਿ—ਵਿਚ। ਭੀ—ਮੁੜ, ਫਿਰ ।੧।

ਸੇ ਜਨ—ਉਹ ਮਨੁੱਖ। ਜੀਵੇ—ਆਤਮਕ ਜੀਵਨ ਵਾਲੇ ਹਨ। ਸਾਚੁ—ਸਦਾ ਥਿਰ ਹਰਿ ਨਾਮ। ਸਮ੍ਹਾਲਹਿ—ਹਿਰਦੇ ਵਿਚ ਸੰਭਾਲਦੇ ਹਨ। ਸਾਚਿ—ਸਦਾ ਹਰਿ ਨਾਮ ਵਿਚ ।੧। ਰਹਾਉ।

ਤੇ-ਉਹ ਮਨੁੱਖ। ਦਿਸੰਤਰੁ—(ਦੇਸ-ਅੰਤਰ) ਹੋਰ ਹੋਰ ਦੇਸ਼। ਸਿਰਿ—ਸਿਰ ਉਤੇ। ਧੂਰਿ—ਸੁਆਹ। ਆਪੇ-ਆਪ ਹੀ। ਤਿਲੁ—ਰਤਾ ਭਰ ਭੀ। ਤਮਾਇ- ਲਾਲਚ, ਲੋਭ ।੨।

ਨਦਰਿ—ਮੇਹਰ ਦੀ ਨਿਗ੍ਹਾ। ਚੂਕੈ—ਮੁਕ ਜਾਂਦਾ ਹੈ। ਮਾਨੁ—ਇੱਜ਼ਤ। ਸਦ—ਸਦਾ। ਹਜੂਰਿ—ਹਾਜ਼ਰ ਨਾਜ਼ਰ, ਅੰਗ ਸੰਗ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਭਰਪੂਰਿ—ਵਿਆਪਕ ।੩।

ਪਰਸਾਦੀ—ਕਿਰਪਾ ਨਾਲ। ਦਰਿ ਸਾਚੈ—ਸਦਾ ਥਿਰ ਪ੍ਰਭੂ ਦੇ ਦਰ ਤੇ। ਘਰਿ ਸਾਚੇ—ਸਦਾ ਥਿਰ ਪ੍ਰਭੂ ਦੇ ਘਰ ਵਿਚ। ਪਤਿ ਸਿਉ—ਇੱਜ਼ਤ ਨਾਲ। ਨਾਮਿ—ਨਾਮ ਦੀ ਰਾਹੀਂ। ਵਡਾਈ—ਇੱਜ਼ਤ ।੪।

ਅਰਥ :—

ਪ੍ਰ:-ਗੁਰਦੇਵ ਜੀਉ! ਆਪ ਜੀ ਹਰੀ ਦਾ ਭਗਤ ਕਿਸ ਨੂੰ ਸਮਝਦੇ ਹੋ ?

1. ਉ:—ਹੇ ਭਾਈ! ਜਿਹੜਾ ਮਨੁੱਖ ਪ੍ਰਮਾਤਮਾਂ ਦਾ ਸਿਮਰਨ ਕਰਦਾ ਹੈ ਉਹੀ ਪ੍ਰਮਾਤਮਾਂ ਦਾ (ਸਹੀ) ਭਗਤ ਹੈ।

ਪ੍ਰ:—ਕਿਉਂ ਜੀ! ਉਸ ਨੂੰ ਫਲ ਕੀ ਪ੍ਰਾਪਤ ਹੁੰਦਾ ਹੈ ?

2. ਉ:—ਹੇ ਭਾਈ! ਉਸ ਨੂੰ ਸਦਾ ਕਾਇਮ ਰਹਿਣ ਵਾਲੀ ਆਤਮਕ ਅਡੋਲਤਾ ਮਿਲੀ ਰਹਿੰਦੀ ਹੈ, ਉਸ ਨੂੰ ਕਦੇ ਕੋਈ ਗ਼ਮ ਨਹੀਂ ਪੋਹ ਸਕਦਾ।

3. ਹੇ ਭਾਈ! ਜੋ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਹਨ, (ਉਹ) ਆਤਮਕ ਮੌਤ ਸਹੇੜੀ ਰਖਦੇ ਹਨ, ਕਿਉਂਕਿ, ਉਨ੍ਹਾਂ ਦੇ ਮਨ ਵਿਚ ਪ੍ਰਮੇਸ਼ਰ ਦੀ ਯਾਦ ਨਹੀਂ ਹੈ।

4. ਐ ਪਿਆਰੇ! ਉਹ ਮਨੁੱਖ ਆਤਮਕ ਮੌਤ ਸਹੇੜ ਸਹੇੜ ਕੇ ਜਨਮਾਂ ਦੇ ਗੇੜ ਵਿਚ ਪਏ ਰਹਿੰਦੇ ਹਨ ਤੇ ਮੁੜ ਮੁੜ ਆਤਮਕ ਮੌਤ ਸਹੇੜਦੇ ਰਹਿੰਦੇ ਹਨ ।੧।

ਪ੍ਰ:—ਸ੍ਰੀ ਜੀਉ! ਆਪ ਜੀ ਆਤਮਕ ਜੀਵਨ ਵਾਲੇ ਮਨੁੱਖ ਕਿਨ੍ਹਾਂ ਨੂੰ ਮੰਨਦੇ ਹੋ ?

5.6 ਉ.—ਹੇ ਭਾਈਓ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪ੍ਰਮਾਤਮਾਂ ਦਾ ਨਾਮ ਵਸਦਾ ਹੈ ਤੇ ਜਿਹੜੇ ਮਨੁੱਖ ਸਦਾ ਥਿਰ ਪ੍ਰਭੂ ਨੂੰ ਹਿਰਦੇ ਵਿਚ ਵਸਾਈ ਰਖਦੇ ਹਨ, ਸਦਾ ਥਿਰ ਪ੍ਰਭੂ ਵਿਚ ਲੀਨ ਰਹਿੰਦੇ ਹਨ, ਉਹੀ ਮਨੁੱਖ ਆਤਮਕ ਜੀਵਨ ਵਾਲੇ ਹਨ ।੧। ਰਹਾਉ।

7. ਹੇ ਪਿਆਰਿਓ! ਜਿਹੜੇ ਮਨੁੱਖ ਪ੍ਰਮੇਸ਼ਰ ਦਾ ਨਾਮ ਨਹੀਂ ਸਿਮਰਦੇ, ਉਹ ਪ੍ਰਮਾਤਮਾਂ ਤੋਂ ਵਿਛੜੇ ਰਹਿੰਦੇ ਹਨ।

8. ਉਹ ਮਨੁੱਖ ਹੋਰ ਹੋਰ ਦੇਸ਼ਾਂ ਵਿਚ ਭੌਂਦੇ ਫਿਰਦੇ ਹਨ, ਆਪਣੇ ਸਿਰ ਵਿਚ ਮਿੱਟੀ ਪਾਂਦੇ ਹਨ (ਖੁਆਰ ਹੁੰਦੇ ਰਹਿੰਦੇ ਹਨ)।

9. ਹੇ ਭਾਈਓ! ਆਪਣੇ ਭਗਤਾਂ ਨੂੰ ਪ੍ਰਭੂ ਆਪ ਹੀ (ਆਪਣੇ ਚਰਨਾਂ ਵਿਚ) ਜੋੜੀ ਰਖਦਾ ਹੈ।

10. ਉਨ੍ਹਾਂ ਨੂੰ ਸਦਾ ਆਤਮਕ ਅਨੰਦ ਪ੍ਰਾਪਤ ਰਹਿੰਦਾ ਹੈ, ਉਨ੍ਹਾਂ ਨੂੰ ਕਦੇ ਰਤਾ ਭਰ ਭੀ (ਮਾਇਆ ਦਾ) ਲਾਲਚ ਨਹੀਂ ਵਿਆਪਦਾ ।੨।

ਪ੍ਰ:-ਗੁਰਦੇਵ ਜੀਉ! ਇਹ ਜੋ ਦੁਖ ਰੂਪ ਅਹੰਕਾਰ ਹੈ ਮਨੁੱਖ ਇਸ ਦਾ ਤਿਆਗ ਕਿਉਂ ਨਹੀਂ ਕਰਦਾ ?

11. ਉ:—ਹੇ ਪਿਆਰੇ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ ਉਸ ਦੇ ਅੰਦਰੋਂ ਹੀ ਅਹੰਕਾਰ ਦੂਰ ਹੋ ਜਾਂਦਾ ਹੈ।

12. ਅਤੇ ਉਹ ਮਨੁੱਖ ਹੀ ਸਦਾ ਥਿਰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪ੍ਰਾਪਤ ਕਰਦਾ ਹੈ।

13.14 ਅਤੇ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਉਹ ਮਨੁੱਖ ਹੀ ਪ੍ਰਮਾਤਮਾਂ ਨੂੰ ਸਦਾ ਆਪਣੇ ਅੰਗ ਸੰਗ ਵਸਦਾ ਵੇਖਦਾ ਹੈ ਤੇ ਪ੍ਰਮਾਤਮਾਂ ਉਸਨੂੰ ਹਰ ਥਾਂ ਵਸਦਾ ਦਿਸਦਾ ਹੈ ।੩।

15. ਹੇ ਭਾਈ ! ਜੋ ਪ੍ਰਭੂ ਜੀ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ ।

16. ਜਿਹੜਾ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਉਸ ਪ੍ਰਮਾਤਮਾਂ ਨੂੰ ਸਦਾ ਯਾਦ ਰਖਦਾ ਹੈ ।

17. ਉਹ ਮਨੁੱਖ ਸਦਾ ਥਿਰ ਪ੍ਰਭੂ ਦੇ ਦਰ ਤੇ ਸਦਾ ਥਿਰ ਪ੍ਰਭੂ ਦੇ ਘਰ ਵਿਚ ਇੱਜ਼ਤ ਨਾਲ ਜਾਂਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਨਾਮ ਦੀ ਬਰਕਤ ਨਾਲ ਉਹ ਮਨੁੱਖ (ਲੋਕ ਪ੍ਰਲੋਕ ਵਿਚ) ਇੱਜ਼ਤ ਪਾਂਦਾ ਹੈ ।੪।੩।

ਭਾਵਾਰਥ :–ਗੁਰੂ ਦੇ ਸ਼ਬਦ ਰਾਹੀਂ ਹਰੀ ਦਿਲ ਵਿਚ ਆ ਵਸਦਾ ਹੈ ਅਤੇ ਹਰ ਥਾਂ ਭਰਪੂਰ ਦਿਸਦਾ ਹੈ, ਸੱਚੀ ਖੁਸ਼ੀ ਅਤੇ ਸਦੀਵੀ ਜੀਵਨ ਉਨ੍ਹਾਂ ਨੂੰ ਹੀ ਮਿਲਦਾ ਹੈ, ਜਿਹੜੇ ਹਰੀ ਨੂੰ ਮਨ ਵਿਚ ਵਸਾਉਂਦੇ ਹਨ ।

ਬਸੰਤੁ ਮਹਲਾ ੩ ॥

1. **ਅੰਤਰਿ ਪੂਜਾ ਮਨ ਤੇ ਹੋਇ ॥**
2. **ਏਕੋ ਵੇਖੈ ਅਉਰੁ ਨ ਕੋਇ ॥**
3. **ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥**
4. **ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥**
5. **ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥**
6. **ਇਹੁ ਮਨੁ ਮਉਲਿਆ**
   ਗਾਇ ਗੁਣ ਗੋਬਿੰਦ ॥੧॥ ਰਹਾਉ ॥
7. **ਗੁਰ ਪੂਛਹੁ ਤੁਮ੍ ਕਰਹੁ ਬੀਚਾਰੁ ॥**
8. **ਤਾਂ ਪ੍ਰਭ ਸਾਚੇ ਲਗੈ ਪਿਆਰੁ ॥**
9. **ਆਪੁ ਛੋਡਿ ਹੋਹਿ ਦਾਸਤ ਭਾਇ ॥**
10. **ਤਉ ਜਗ ਜੀਵਨੁ ਵਸੈ ਮਨਿ ਆਇ ॥੨॥**
11. **ਭਗਤਿ ਕਰੇ ਸਦ ਵੇਖੈ ਹਜੂਰਿ ॥**
12. **ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥**
13. **ਇਸੁ ਭਗਤੀ ਕਾ ਕੋਈ ਜਾਣੈ ਭੇਉ ॥**
14. **ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥**
15. **ਆਪੇ ਸਤਿਗੁਰੁ ਮੇਲਿ ਮਿਲਾਏ ॥**
16. **ਜਗ ਜੀਵਨ ਸਿਉ ਆਪਿ ਚਿਤੁ ਲਾਏ ॥**
17. **ਮਨੁ ਤਨੁ ਹਰਿਆ ਸਹਜਿ ਸੁਭਾਏ ॥**
18. **ਨਾਨਕ ਨਾਮਿ ਰਹੇ ਲਿਵ ਲਾਇ ॥੪॥੪॥**

ਪਦ ਅਰਥ :–ਅੰਤਰਿ–(ਉਸ ਮਨੁੱਖ ਦੇ) ਅੰਦਰ ਹੀ । ਪੂਜਾ–ਭਗਤੀ । ਮਨ ਤੇ–ਮਨ ਤੋਂ ਜੁੜੇ ਮਨ ਨਾਲ । ਹੋਇ–ਹੁੰਦੀ ਰਹਿੰਦੀ ਹੈ । ਏਕੋ–ਇਕ (ਪ੍ਰਮਾਤਮਾਂ) ਨੂੰ ਹੀ । ਦੂਜੈ–ਮਾਇਆ ਦੇ ਮੋਹ ਵਿਚ (ਫਸ ਕੇ) । ਲੋਕੀ–ਦੁਨੀਆਂ ਨੇ ਲੁਕਾਈ ਨੇ । ਸਤਿਗੁਰਿ–ਗੁਰੂ ਨੇ । ਮੈਨੋ–ਮੈਨੂੰ ।੧।

ਮਉਲਿਆ–(ਹਰ ਥਾਂ) ਖਿੜਿਆ ਹੋਇਆ ਹੈ, (ਹਰ ਥਾਂ) ਪ੍ਰਕਾਸ਼ ਕਰ ਰਿਹਾ ਹੈ । ਸਦ ਬਸੰਤੁ–ਸਦਾ ਖਿੜੇ ਰਹਿਣ ਵਾਲਾ ਪ੍ਰਮਾਤਮਾਂ । ਗਾਇ–ਗਾ ਕੇ ।੧। ਰਹਾਉ ।

ਗੁਰ ਪੂਛਹੁ–ਗੁਰੂ ਦੀ ਸਿਖਿਆ ਲਵੋ । ਵੀਚਾਰੁ–(ਪ੍ਰਮਾਤਮਾਂ ਦੇ ਗੁਣਾਂ ਦੀ) ਵਿਚਾਰ । ਤਾਂ–ਤਦੋਂ । ਆਪੁ–ਆਪਾ ਭਾਵ । ਛੋਡਿ–ਛਡ ਕੇ । ਹੋਹਿ–ਜੇ ਤੂੰ ਹੋ ਜਾਏਂ । ਭਾਇ–ਭਾਵਨਾਂ ਵਿਚ । ਦਾਸਤ ਭਾਇ–ਸੇਵਕ ਸੁਭਾਵ ਵਿਚ । ਤਉ–ਤਦੋਂ । ਜਗ ਜੀਵਨੁ–ਜਗ ਦਾ ਜੀਵਨ ਪ੍ਰਭੂ, ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ । ਮਨਿ–ਮਨ ਵਿਚ ।੨।

ਭਗਤਿ–ਬੰਦਗੀ । ਸਦ–ਸਦਾ । ਹਜੂਰਿ–ਹਾਜ਼ਰ ਨਾਜ਼ਰ, ਅੰਗ ਸੰਗ । ਰਹਿਆ ਭਰਪੂਰਿ–ਸਭ ਥਾਈਂ ਵਿਆਪਕ ਹੈ । ਕੋਈ–ਜਿਹੜਾ ਕੋਈ ਮਨੁੱਖ । ਭੇਉ–ਭੇਤ । ਸਭੁ–ਹਰ ਥਾਂ । ਆਤਮ ਦੇਉ–ਪ੍ਰਮਾਤਮਾਂ ।੩।

ਆਪੇ–(ਪ੍ਰਭੂ) ਆਪ ਹੀ । ਮੇਲਿ–ਮਿਲਾ ਕੇ । ਮਿਲਾਏ–ਆਪਣੇ ਨਾਲ ਮਿਲਾਂਦਾ ਹੈ । ਸਿਉ–ਨਾਲ । ਲਾਏ–ਜੋੜਦਾ ਹੈ । ਹਰਿਆ–ਆਤਮਕ ਜੀਵਨ ਨਾਲ ਭਰਪੂਰ । ਸਹਜਿ–ਆਤਮਕ ਅਡੋਲਤਾ ਵਿਚ । ਲਿਵ–ਲਗਨ । ਰਹੇ ਲਾਇ–ਲਾਈ ਰਖਦੇ ਹਨ ।੪।

ਅਰਥ :–

ਪ੍ਰ:–ਸ੍ਰੀ ਜੀਉ ! ਬਾਹਰੋਂ ਵੇਖਣ ਵਿਚ ਤਾਂ ਬਹੁਤ ਲੋਕ ਭਗਤੀ ਕਰਦੇ ਨਜ਼ਰ ਆਉਂਦੇ ਹਨ, ਪਰ, ਜੁੜੇ ਮਨ ਨਾਲ ਭਗਤੀ ਕਰਨ ਵਾਲੇ ਬੰਦੇ ਕੌਣ ਮੰਨੇ ਜਾਂਦੇ ਹਨ ?

1. ਉ:–ਹੇ ਭਾਈ ! ਜਿਹੜੇ ਬੰਦੇ ਪ੍ਰਮਾਤਮਾਂ ਦੇ ਗੁਣ ਗਾਂਦੇ ਹਨ ਉਸ ਦੇ ਅੰਦਰ ਹੀ ਜੁੜੇ ਮਨ ਨਾਲ (ਜਾਣੋ) ਪ੍ਰਭੂ ਦੀ ਭਗਤੀ ਹੁੰਦੀ ਰਹਿੰਦੀ ਹੈ ।

ਪ੍ਰ:–ਕਿਉਂ ਜੀ ! ਉਸ ਬੰਦੇ ਦੀ ਪਛਾਣ ਕੀ ਹੈ ?

2. ਉ:–ਹੇ ਭਾਈਓ ! (ਉਹ ਮਨੁੱਖ ਹਰ ਥਾਂ) ਸਿਰਫ ਪ੍ਰਮਾਤਮਾਂ ਨੂੰ (ਹੀ) (ਵਸਦਾ) ਵੇਖਦਾ ਹੈ ਕਿਤੇ ਭੀ ਪ੍ਰਮਾਤਮਾਂ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਵੇਖਦਾ ।

3. ਐ ਪਿਆਰੇ ! ਮੈਂ ਤਾਂ ਵੇਖਦਾ ਹਾਂ ਕਿ, ਦੁਨੀਆਂ ਦੇ ਲੋਕ, ਨੇ ਮਾਇਆ ਦੇ ਮੋਹ ਵਿਚ ਫਸ ਕੇ ਸਦਾ (ਹੀ) ਬਹੁਤ ਦੁਖ ਪਾਇਆ ਹੈ ।

4. ਪਰ, ਹੇ ਭਾਈਓ ! ਗੁਰੂ ਨੇ (ਮੇਹਰ ਕਰ ਕੇ) ਮੈਨੂੰ ਤਾਂ ਸਿਰਫ ਪ੍ਰਮਾਤਮਾਂ ਹੀ (ਹਰ ਥਾਂ ਵਸਦਾ) ਵਿਖਾ ਦਿਤਾ ਹੈ (ਤੇ ਮੈਂ ਦੁੱਖ ਤੋਂ ਬਚ ਗਿਆ ਹਾਂ) ।੧।

ਪ੍ਰ:–ਕਿਉਂ ਜੀ ! ਪ੍ਰਭੂ ਦੇ ਗੁਣ ਗਾਉਂਦੇ ਰਹਿਣ ਦੀ ਬਰਕਤ ਨਾਲ ਹੁਣ ਤੁਹਾਨੂੰ ਅੰਤਰ ਆਤਮੇਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

5. ਉ:—ਹੇ ਭਾਈ ! ਮੈਨੂੰ ਤਾਂ ਹੁਣ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ, ਉਹ ਸਦਾ ਅਨੰਦ ਸਰੂਪ ਮੇਰਾ ਪ੍ਰਮਾਤਮਾਂ (ਹਰ ਥਾਂ ਹੀ) ਆਪਣਾ ਪ੍ਰਕਾਸ਼ ਕਰ ਰਿਹਾ ਹੈ।

6. ਉਸ ਪ੍ਰਮਾਤਮਾਂ ਦੇ ਗੁਣ ਗਾ ਗਾ ਕੇ ਹੁਣ ਮੇਰਾ ਇਹ ਮਨ ਸਦਾ ਹੀ ਖਿੜਿਆ ਰਹਿੰਦਾ ਹੈ।੧। ਰਹਾਉ।

ਪ੍ਰ:—ਗੁਰਦੇਵ ਜੀਉ ! ਦੁਖਾਂ ਤੋਂ ਬਚਣ ਲਈ ਕੋਈ ਸਾਨੂੰ ਭੀ ਉਪਾਉ ਦਸੋ ?

7. ਉ:—ਹੇ ਭਾਈਓ ! ਜੇ ਤੁਸੀਂ ਭੀ ਦੁਖਾਂ ਤੋਂ ਬਚਣਾ ਚਾਹੁੰਦੇ ਹੋ, ਤਾਂ ਗੁਰੂ ਦੀ ਸਿਖਿਆ ਲਵੋ ਅਤੇ ਪ੍ਰਮੇਸ਼ਰ ਦੇ ਗੁਣਾਂ ਨੂੰ ਆਪਣੇ ਮਨ ਵਿਚ ਸਦਾ ਹੀ ਵਸਾਈ ਰਖੋ।

8. ਹੇ ਭਾਈ ! ਜਦੋਂ ਤੁਸੀਂ ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਓਗੇ, ਤਦੋਂ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਨਾਲ (ਤੁਹਾਡਾ) ਪਿਆਰ ਬਣ ਜਾਏਗਾ।

9. ਹੇ ਪਿਆਰੇ ! ਜੇ ਤੂੰ ਆਪਾ ਭਾਵ (ਹਉਮੈਂ) ਛਡ ਕੇ ਸੇਵਕ ਸੁਭਾਉ ਵਿਚ ਟਿਕਿਆ ਰਹੇਂ।

10. ਤਾਂ ਜਗਤ ਨੂੰ ਪੈਦਾ ਕਰਨ ਵਾਲਾ ਪ੍ਰਮਾਤਮਾਂ (ਤੇਰੇ) ਮਨ ਵਿਚ ਆ ਵਸੇਗਾ।੨।

11. ਐ ਪਿਆਰੇ ! ਜਿਹੜਾ ਮਨੁੱਖ (ਭੀ) ਪ੍ਰਮੇਸ਼ਰ ਦੀ ਭਗਤੀ ਕਰਦਾ ਹੈ, ਉਹ ਪ੍ਰਮਾਤਮਾਂ ਨੂੰ ਸਦਾ ਆਪਣੇ ਅੰਗ ਸੰਗ ਵਸਦਾ ਵੇਖਦਾ ਹੈ।

12. ਉਸ ਨੂੰ ਆਪਣਾ ਪਿਆਰਾ ਪ੍ਰਭੂ ਹਰ ਥਾਂ ਵਿਆਪਕ ਦਿਸਦਾ ਹੈਂ।

ਪ੍ਰ:—ਕਿਉਂ ਜੀ ! ਉਹ ਵਿਆਪਕ ਸਰੂਪ ਸਭ ਨੂੰ ਹੀ ਕਿਉਂ ਨਹੀਂ ਦਿਸਦਾ ?

13. ਉ.—ਹੇ ਭਾਈ ! ਦੇਖਣਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ, ਜਿਹੜਾ ਭੀ ਮਨੁੱਖ ਪ੍ਰਮਾਤਮਾਂ ਦੀ ਇਸ ਭਗਤੀ (ਦੇ ਕੌਤਕ) ਦਾ ਭੇਤ ਸਮਝ ਲੈਂਦਾ ਹੈ।

14. ਹੇ ਪਿਆਰੇ ! ਪ੍ਰਮਾਤਮਾਂ ਉਸ ਨੂੰ ਹਰ ਥਾਂ ਵਸਦਾ ਦਿਸਦਾ ਹੈ।੩।

15.16 ਹੇ ਭਾਈਓ ! ਇਹੋ ਨਿਸਚਾ ਕਰੋ ਕਿ, ਭਗਤੀ ਦੀ ਦਾਤ ਉਸ ਦੀ ਆਪਣੀ ਮਿਹਰ ਨਾਲ ਹੀ ਮਿਲਦੀ ਹੈ, ਜਗਤ ਦਾ ਜੀਵਨ ਰੂਪ ਪ੍ਰਭੂ ਆਪ ਹੀ (ਮਨੁੱਖ ਨੂੰ) ਗੁਰੂ ਮਿਲਾ ਕੇ (ਆਪਣੇ ਚਰਨਾਂ ਵਿਚ) ਜੋੜਦਾ ਹੈ, ਉਹ ਆਪ ਹੀ ਮਨੁੱਖ ਦਾ ਚਿਤ ਆਪਣੇ ਨਾਲ ਜੋੜਦਾ ਹੈ।

17. ਹੇ ਭਾਈ ! ਉਨ੍ਹਾਂ ਦਾ ਮਨ ਉਨ੍ਹਾਂ ਦਾ ਤਨ ਆਤਮਕ ਜੀਵਨ ਨਾਲ ਭਰਪੂਰ ਰਹਿੰਦਾ ਹੈ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਹੜੇ ਮਨੁੱਖ ਪ੍ਰਭੂ ਦੇ ਨਾਮ ਵਿਚ ਸੁਰਤ ਜੋੜੀ ਰਖਦੇ ਹਨ, ਉਹ ਪ੍ਰਭੂ ਪਿਆਰ ਵਿਚ (ਸਦਾ ਹੀ) ਟਿਕੇ ਰਹਿੰਦੇ ਹਨ।੪।੪।

ਭਾਵਾਰਥ :—ਹਰੀ ਤੋਂ ਵਿਛੜੇ ਹੋਏ ਲੋਕੀਂ ਬਹੁਤ ਹੀ ਦੁਖ ਪਾਉਂਦੇ ਹਨ, ਪਰ ਜੇ ਹਉਮੈਂ ਨੂੰ ਛਡ ਕੇ ਗੁਰੂ ਦੀ ਸ਼ਰਨ ਪ੍ਰਾਪਤ ਕਰਨ ਤਾਂ ਉਹ ਇਕ ਹਰੀ ਦਾ ਗਿਆਨ ਕਰਵਾ ਕੇ ਉਸ ਦੀ ਭਗਤੀ ਵਿਚ ਲਾਉਂਦਾ ਹੈ, ਜਿਸ ਦੀ ਬਰਕਤ ਨਾਲ ਮਨੁੱਖ ਨੂੰ ਸਦੀਵੀ ਖਿੜਾਵਟ ਹਾਸਲ ਹੁੰਦੀ ਹੈ, ਇਸ ਭਗਤੀ ਦੀ ਇਹ ਨਿਸ਼ਾਨੀ ਹੈ ਕਿ ਮਨੁੱਖ ਹਰ ਪਾਸੇ ਤੇ ਹਰ ਇਕ ਵਿਚ ਹਰੀ ਜਗ ਜੀਵਨ ਨੂੰ ਹੀ ਤੱਕਦਾ ਹੈ ਅਤੇ ਹਰੀ ਵਾਂਗੂ ਹੀ ਹਰ ਵਕਤ ਪ੍ਰਸੰਨ ਚਿਤ ਰਹਿੰਦਾ ਹੈ।

ਬਸੰਤੁ ਮਹਲਾ ੩ ॥

1. **ਭਗਤਿ ਵਛਲੁ ਹਰਿ ਵਸੈ ਮਨਿ ਆਇ ॥**
2. **ਗੁਰ ਕਿਰਪਾ ਤੇ ਸਹਜ ਸੁਭਾਇ ॥**
3. **ਭਗਤਿ ਕਰੇ ਵਿਚਹੁ ਆਪੁ ਖੋਇ ॥**
4. **ਤਦ ਹੀ ਸਾਚਿ ਮਿਲਾਵਾ ਹੋਇ ॥੧॥**
5. **ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥**
6. **ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥੧॥ ਰਹਾਉ ॥**
7. **ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥**
8. **ਗੁਰ ਸਬਦੀ ਵਿਚਹੁ ਹਉਮੈ ਖੋਇ ॥**
9. **ਹਰਿ ਜੀਉ ਆਪਿ ਵਸੈ ਮਨਿ ਆਇ ॥**
10. **ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥**
11. **ਸਾਚਿ ਰਤੇ ਤਿਨ ਸਦ ਬਸੰਤ ॥**
12. **ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ ॥**
13. **ਬਿਨੁ ਨਾਵੈ ਸੂਕਾ ਸੰਸਾਰੁ ॥**
14. **ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥੩॥**
15. **ਸੋਈ ਕਰੇ ਜਿ ਹਰਿ ਜੀਉ ਭਾਵੈ ॥**
16. **ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥**
17. **ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥**
18. **ਨਾਨਕ ਨਾਮੁ ਵਸੈ ਮਨਿ ਆਇ ॥੪॥੫॥**

ਪਦ ਅਰਥ :—ਵਛਲੁ—ਪਿਆਰ। ਭਗਤਿ ਵਛਲੁ—ਭਗਤੀ ਨਾਲ ਪਿਆਰ ਕਰਨ ਵਾਲਾ। ਮਨਿ—ਮਨ ਵਿਚ। ਆਇ—ਆ ਕੇ। ਤੇ—ਤੋਂ। ਸਹਜ—ਆਤਮਕ ਅਡੋਲਤਾ। ਸੁਭਾਇ—ਪ੍ਰੇਮ ਵਿਚ। ਆਪੁ—ਆਪਾ ਭਾਵ। ਖੋਇ—ਦੂਰ ਕਰਕੇ। ਤਦ—ਤਦੋਂ। ਸਾਚਿ—ਸਦਾ ਥਿਰ ਪ੍ਰਭੂ ਵਿਚ।੧।

ਸੋਹਹਿ—ਸੋਭਦੇ ਹਨ। ਪ੍ਰਭ ਦੁਆਰਿ—ਪ੍ਰਭੂ ਦੇ ਦਰ ਤੇ। ਕੈ ਹੇਤਿ—ਦੇ ਪਿਆਰ ਵਿਚ। ਸਾਚੈ ਪਿਆਰਿ—ਸਦਾ ਥਿਰ ਹਰੀ ਦੇ ਪਿਆਰ ਵਿਚ।੧। ਰਹਾਉ।

ਨਿਰਮਲੁ—ਪਵਿਤਰ ਜੀਵਨ ਵਾਲਾ। ਗੁਰ ਸਬਦੀ—ਗੁਰੂ ਦੇ ਸ਼ਬਦ ਦੀ ਰਾਹੀਂ। ਸੁਖਿ—ਸੁਖ ਵਿਚ। ਸਹਜਿ—ਆਤਮਕ ਅਡੋਲਤਾ ਵਿਚ।੨।

ਰਤੇ—ਰੰਗੇ ਹੋਏ। ਸਦ ਬਸੰਤ—ਸਦਾ ਕਾਇਮ ਰਹਿਣ

ਵਾਲਾ ਖਿੜਾਉ। ਹਰਿਆ–ਆਤਮਕ ਜੀਵਨ ਨਾਲ ਭਰਪੂਰ। ਰਵਿ–ਸਿਮਰ ਕੇ। ਸੂਕਾ–ਆਤਮਕ ਜੀਵਨ ਤੋਂ ਸਖਣਾ। ਵਾਰੋ ਵਾਰ–ਮੁੜ ਮੁੜ।੩।

ਜਿ–ਜਿਹੜੀ ਗੱਲ, ਜੋ ਕੁਝ। ਭਾਵੈ–ਪਸੰਦ ਆਉਂਦੀ ਹੈ। ਸਰੀਰਿ–ਸਰੀਰ ਵਿਚ। ਭਾਣੈ–(ਪ੍ਰਭੂ ਦੀ) ਰਜ਼ਾ ਵਿਚ। ਸਹਜਿ–ਆਤਮਕ ਅਡੋਲਤਾ ਵਿਚ (ਟਿਕ ਕੇ)। ਸੁਭਾਇ–ਪ੍ਰਭੂ ਦੇ ਪ੍ਰੇਮ ਵਿਚ।੪। **ਅਰਥ** :–

ਪ੍ਰ–ਸ੍ਰੀ ਜੀਓ ! ਭਗਤੀ ਕਰਨ ਵਾਲੇ ਤਾਂ ਬਹੁਤ ਲੋਕ ਵੇਖਣ ਵਿਚ ਆਉਂਦੇ ਹਨ, ਪਰ ਮਨ ਵਿਚੋਂ ਕਿਸ ਦਾ ਮੰਨਦਾ ਹੈ ਇਹ ਕਿਵੇਂ ਜਾਣਿਆ ਜਾਵੇ ?

1. **ਉ**:–ਹੇ ਭਾਈਓ ! ਅਸਲ ਵਿਚ ਤਾਂ ਜਿਹੜਾ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਆਤਮਕ ਅਡੋਲਤਾ ਵਿਚ ਪ੍ਰਭੂ ਦੇ ਪਿਆਰ ਵਿਚ ਲੀਨ ਰਹਿੰਦਾ ਹੈ, ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਭੂ ਉਸਦੇ ਮਨ ਵਿਚ ਆ ਵਸਦਾ ਹੈ।
2. ਹੇ ਪਿਆਰੇ ! ਗੁਰੂ ਦੀ ਕ੍ਰਿਪਾ ਦੁਆਰੇ ਉਨ੍ਹਾਂ ਦੇ ਮਨ ਵਿਚ ਸ਼ਾਂਤੀ ਆ ਵਸਦੀ ਹੈ।
3.4 ਐ ਪਿਆਰੇ ! ਜਦੋਂ ਮਨੁੱਖ ਆਪਣੇ ਅੰਦਰੋਂ ਆਪਾ ਭਾਵ ਦੂਰ ਕਰ ਕੇ ਪ੍ਰਭੂ ਦੀ ਭਗਤੀ ਕਰਦਾ ਹੈ, ਤਦੋਂ ਹੀ ਸਦਾ ਥਿਰ ਪ੍ਰਮਾਤਮਾਂ ਵਿਚ ਉਸ ਦਾ ਮਿਲਾਪ ਹੋ ਜਾਂਦਾ ਹੈ।੧।
5. ਹੇ ਭਾਈ ! ਪ੍ਰਮਾਤਮਾਂ ਦੀ ਬੰਦਗੀ ਕਰਨ ਵਾਲੇ ਮਨੁੱਖ ਸਦਾ ਪ੍ਰਮਾਤਮਾਂ ਦੇ ਦਰ ਤੇ ਸੋਭਦੇ ਹਨ।
6. ਉਹ ਸਦਾ ਗੁਰੂ ਦੇ ਪ੍ਰੇਮ ਵਿਚ ਸਦਾ ਥਿਰ ਪ੍ਰਭੂ ਦੇ ਪ੍ਰੇਮ ਵਿਚ (ਜੁੜੇ ਰਹਿੰਦੇ ਹਨ)।੧। ਰਹਾਉ।
7. ਹੇ ਪਿਆਰੇ ! ਜੋ ਮਨੁੱਖ ਪ੍ਰਭੂ ਦੀ ਭਗਤੀ ਕਰਦਾ ਹੈ ਉਹ ਮਨੁੱਖ ਪਵਿਤ੍ਰ ਜੀਵਨ ਵਾਲਾ ਹੋ ਜਾਂਦਾ ਹੈ।
8. (ਕਿਉਂਕਿ) ਉਹ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਅੰਦਰੋਂ ਹਉਮੈਂ ਦੂਰ ਕਰ ਕੇ (ਪ੍ਰਭੂ ਦੇ ਪਿਆਰ ਵਿਚ ਭਿੱਜਾ ਰਹਿੰਦਾ ਹੈ)।
9. ਪ੍ਰਭੂ ਜੀ ! ਆਪ ਹੀ ਉਸ ਦੇ ਮਨ ਵਿਚ ਆ ਵਸਦਾ ਹੈ।
10. ਉਸਦੇ ਅੰਦਰ ਸ਼ਾਂਤੀ ਬਣੀ ਰਹਿੰਦੀ ਹੈ, ਉਹ ਸਦਾ ਅਨੰਦ ਵਿਚ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ।੨।
11. ਐ ਪਿਆਰੇ ! ਜਿਹੜੇ ਮਨੁੱਖ ਪ੍ਰਭੂ (ਦੇ ਪਿਆਰ) ਵਿਚ ਰੰਗੇ ਜਾਂਦੇ ਹਨ, ਉਨ੍ਹਾਂ ਦੇ ਅੰਦਰ ਸਦਾ (ਹੀ) ਖਿੜਾਉ ਬਣਿਆ ਰਹਿੰਦਾ ਹੈ।
12. ਗਵਿੰਦ ਦੇ ਗੁਣ ਯਾਦ ਕਰ ਕਰ ਕੇ ਉਨ੍ਹਾਂ ਦਾ ਮਨ ਉਨ੍ਹਾਂ ਦਾ ਤਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ।
13. ਹੇ ਭਾਈਓ ! ਪ੍ਰਮੇਸ਼ਰ ਜੀ ਦੇ ਨਾਮ ਤੋਂ ਬਿਨਾ ਜਗਤ ਨਿਕੇ ਜਿਹੇ ਵਿੱਤ ਵਾਲਾ ਹੋਇਆ ਰਹਿੰਦਾ ਹੈ।
14. ਮੁੜ ਮੁੜ (ਮਾਇਆ ਦੀ) ਤ੍ਰਿਸ਼ਨਾਂ ਦੀ ਅੱਗ ਵਿਚ ਸੜਦਾ ਰਹਿੰਦਾ ਹੈ।੩।
15. ਐ ਪਿਆਰੇ ! ਜਿਹੜਾ ਮਨੁੱਖ ਉਹੀ ਕੁਝ ਕਰਦਾ ਹੈ ਜੋ ਕੁਝ ਪ੍ਰਮਾਤਮਾਂ ਨੂੰ ਚੰਗਾ ਲਗਦਾ ਹੈ, ਭਾਵ ਜਿਹੜਾ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ।
16. ਜਿਹੜਾ ਮਨੁੱਖ ਪ੍ਰਮਾਤਮਾਂ ਦੇ ਭਾਣੇ ਵਿਚ ਆਪਣਾ ਚਿਤ ਜੋੜਦਾ ਹੈ, ਉਸ ਦੇ ਹਿਰਦੇ ਵਿਚ ਆਤਮਕ ਅਨੰਦ ਬਣਿਆਂ ਰਹਿੰਦਾ ਹੈ।
17. ਹੇ ਭਾਈ ! ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ ਪਿਆਰ ਵਿਚ ਜੁੜਕੇ ਪ੍ਰਮਾਤਮਾਂ ਦੀ ਭਗਤੀ ਕਰਦਾ ਹੈ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮਾਤਮਾਂ ਦਾ ਨਾਮ ਉਸ ਦੇ ਮਨ ਵਿਚ ਆ ਵਸਦਾ ਹੈ।੪।੫।

ਭਾਵਾਰਥ :–ਜੇ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਅੰਦਰੋਂ ਹਉਮੈਂ ਨੂੰ ਦੂਰ ਕਰੇ ਅਤੇ ਭਗਤੀ ਵਿਚ ਲਿਵਲੀਨ ਰਹੇ ਤਾਂ ਭਗਤ ਵੱਛਲ ਹਰੀ ਉਸ ਦੇ ਅੰਦਰ ਵਸਦਾ ਹੋਇਆ ਪ੍ਰਗਟ ਹੋ ਆਉਂਦਾ ਹੈ।

ਬਸੰਤੁ ਮਹਲਾ ੩ ॥

1. ਮਾਇਆ ਮੋਹੁ ਸਬਦਿ ਜਲਾਏ ॥
2. ਮਨੁ ਤਨੁ ਹਰਿਆ ਸਤਿਗੁਰ ਭਾਏ ॥
3. ਸਫਲਿਓ ਬਿਰਖੁ ਹਰਿ ਕੈ ਦੁਆਰਿ ॥
4. ਸਾਚੀ ਬਾਨੀ ਨਾਮ ਪਿਆਰਿ ॥੧॥
5. ਏ ਮਨ ਹਰਿਆ ਸਹਜ ਸੁਭਾਇ ॥
6. ਸਚ ਫਲੁ ਲਾਗੈ ਸਤਿਗੁਰ ਭਾਇ ॥੧॥ ਰਹਾਉ ॥
7. ਆਪੇ ਨੇੜੈ ਆਪੇ ਦੂਰਿ ॥
8. ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥
9. ਛਾਵ ਘਣੀ ਫੂਲੀ ਬਨਰਾਇ ॥
10. ਗੁਰਮੁਖਿ ਬਿਗਸੈ ਸਹਜਿ ਸੁਭਾਇ ॥੨॥
11. ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥
12. ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥
13. ਪਰਪੰਚ ਵੇਖ ਰਹਿਆ ਵਿਸਮਾਦੁ ॥
14. ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥
15. ਆਪੇ ਕਰਤਾ ਸਭਿ ਰਸ ਭੋਗ ॥
16. ਜੋ ਕਿਛੁ ਕਰੇ ਸੋਈ ਪਰੁ ਹੋਗ ॥
17. ਵਡਾ ਦਾਤਾ ਤਿਲੁ ਨ ਤਮਾਇ ॥
18. ਨਾਨਕ ਮਿਲੀਐ ਸਬਦੁ ਕਮਾਇ ॥੪॥੬॥

ਪਦ ਅਰਥ :–ਸਬਦਿ–ਗੁਰੂ ਦੇ ਸ਼ਬਦ ਦੀ ਰਾਹੀਂ। ਹਰਿਆ-ਆਤਮਕ ਜੀਵਨ ਨਾਲ ਭਰਪੂਰ। ਸਤਿਗੁਰ ਭਾਏ–ਸਤਿਗੁਰ ਭਾਇ, ਗੁਰੂ ਦੇ ਪਿਆਰ ਵਿਚ (ਟਿਕ ਕੇ)। ਸਫਲਿਓ–ਫਲ ਦੇਣ ਵਾਲਾ। ਬਿਰਖੁ–ਰੁੱਖ। ਕੈ ਦੁਆਰਿ–ਦੇ ਦਰ ਤੇ। ਸਾਚੀ ਬਾਨੀ–ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ

ਵਿਚ। ਨਾਮ ਪਿਆਰਿ—ਹਰਿ ਨਾਮ ਦੇ ਪਿਆਰ ਵਿਚ।੧।

ਏ ਮਨ—ਹੇ ਮਨ। ਸਹਜ ਸੁਭਾਇ—ਆਤਮਕ ਅਡੋਲਤਾ ਦੇਣ ਵਾਲੇ ਪ੍ਰਭੂ ਪਿਆਰ ਵਿਚ। ਸਚ ਫਲੁ—ਸਦਾ ਥਿਰ ਪ੍ਰਭੂ ਦਾ ਨਾਮ ਫਲ।੧। ਰਹਾਉ।

ਆਪੇ—ਪ੍ਰਭੂ ਆਪ ਹੀ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਸਦ—ਸਦਾ। ਹਜੂਰਿ—ਹਾਜਰ ਨਾਜ਼ਰ, ਅੰਗ ਸੰਗ। ਘਣੀ—ਸੰਘਣੀ। ਫੂਲੀ—ਖਿੜੀ ਹੋਈ। ਬਨਰਾਇ—ਬਨਾਸਪਤੀ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਬਿਗਸੈ—ਖਿੜਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਇ—ਪ੍ਰਭੂ ਪਿਆਰ ਵਿਚ।੨।

ਅਨਦਿਨੁ—ਹਰ ਰੋਜ਼, ਹਰ ਵੇਲੇ। ਕਰਹਿ—ਕਰਦੇ ਹਨ। ਸਤਿਗੁਰਿ—ਗੁਰੂ ਨੇ। ਜੂਠਿ ਭਰਾਂਤਿ—ਭਟਕਣਾ ਦੀ ਜੂਠ, ਭਟਕਣਾ ਦੀ ਮੈਲ। ਪਰਪੰਚ—ਜਗਤ ਖਿਲਾਰਾ। ਵਿਸਮਾਦੁ—ਹੈਰਾਨ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਪ੍ਰਸਾਦੁ—ਖੈਰ, ਦਾਨ।੩।

ਆਪੇ—ਆਪ ਹੀ। ਸਭਿ—ਸਾਰੇ। ਪਰੁ ਹੋਗ—ਜਰੂਰ ਹੋਵੇਗਾ। ਤਿਲੁ—ਰਤਾ ਭਰ ਭੀ। ਤਮਾਇ—ਲਾਲਚ। ਸਬਦੁ ਕਮਾਇ—ਸ਼ਬਦ ਕਮਾ ਕੇ; ਗੁਰੂ ਦੇ ਸਬਦ ਅਨੁਸਾਰ ਤੁਰਕੇ।੪।

ਅਰਥ :-

ਪ੍ਰ:—ਸ੍ਰੀ ਜੀਉ ! ਇਹ ਦਸੋ ਕਿ, ਮਨੁੱਖ ਦਾ ਮਨ ਆਤਮਕ ਉਡਾਰੀ ਦੀਆਂ ਸਿਖਰਾਂ ਨੂੰ ਕਿਵੇਂ ਛੋਹ ਸਕਦਾ ਹੈ ?

1. ਉ:-ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰੋਂ) ਮਾਇਆ ਦਾ ਮੋਹ ਸਾੜ ਦੇਂਦਾ ਹੈ।
2. ਹੇ ਭਾਈ ! ਗੁਰੂ ਦੇ ਪਿਆਰ ਦੀ ਬਰਕਤ ਨਾਲ ਉਸ ਦਾ ਮਨ ਉਸ ਦਾ ਤਨ ਆਤਮਕ ਜੀਵਨ ਦੀਆਂ ਉਚਾਈਆਂ ਨਾਲ ਭਰਪੂਰ ਹੋ ਜਾਂਦਾ ਹੈ।
3. ਹੇ ਪਿਆਰੇ ! ਜੋ ਪ੍ਰਮਾਤਮਾਂ ਦੇ ਦਰ ਤੇ (ਭਾਵ, ਪ੍ਰਭੂ ਚਰਨਾਂ ਵਿਚ) ਟਿਕਿਆ ਰਹਿੰਦਾ ਹੈ, ਉਸ ਦਾ ਸਰੀਰ ਰੁੱਖ ਸਫਲ ਹੋ ਜਾਂਦਾ ਹੈ।
4. ਹੇ ਭਾਈ ! ਉਹ ਮਨੁੱਖ ਸਦਾ ਥਿਰ ਪ੍ਰਭੂ ਦੀ ਸਿਫ਼ਤ ਸਲਾਹ ਵਿਚ, ਹਰੀ ਨਾਮ ਦੇ ਪਿਆਰ ਵਿਚ (ਟਿਕਿਆ ਰਹਿੰਦਾ ਹੈ)।੧।

ਪ੍ਰ—ਸ੍ਰੀ ਜੀਉ ! ਇਹ ਦਸੋ ਮਨ ਨੂੰ ਕਿਵੇਂ ਪ੍ਰੇਰਨਾ ਕੀਤੀ ਜਾਵੇ ?

5. ਉ:—ਹੇ ਪਿਆਰੇ ! ਮਨ ਨੂੰ ਸਦਾ ਇਉਂ ਹੀ ਪ੍ਰੇਰਦਾ ਰਹੁ ਕਿ, ਹੇ (ਮੇਰੇ) ਮਨ ! ਆਤਮਕ ਅਡੋਲਤਾ ਦੇਣ ਵਾਲੇ (ਗੁਰ) ਪਿਆਰ ਵਿਚ (ਟਿਕਿਆ ਰਹੁ)।

   ਹੇ (ਮੇਰੇ) ਮਨ ! ਇਸ ਤਰ੍ਹਾਂ ਤੂੰ ਆਤਮਕ ਜੀਵਨ ਦੀ ਤਰਾਵਤ ਨਾਲ ਭਰਪੂਰ ਹੋ ਜਾਏਂਗਾ।
6. ਹੇ ਮਨਾ ! ਗੁਰੂ ਦੇ ਪਿਆਰ ਦੀ ਬਰਕਤ ਨਾਲ (ਸਰੀਰ ਰੁੱਖ ਨੂੰ) ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦਾ ਨਾਮ ਫਲ ਲਗਦਾ ਹੈ।੧। ਰਹਾਉ।
7. ਹੇ ਪਿਆਰੇ ! ਉਹ ਪ੍ਰਭੂ ਆਪ ਹੀ ਕਿਸੇ ਨੂੰ ਨੇੜੇ ਦਿਸ ਰਿਹਾ ਹੈ, ਆਪ ਹੀ (ਕਿਸੇ ਨੂੰ ਕਿਤੇ) ਦੂਰ ਵਸਦਾ ਜਾਪਦਾ ਹੈ।
8. ਹੇ ਭਾਈ ! ਇਹ ਸਮਝ ਉਸੇ ਨੂੰ ਆਉਂਦੀ ਹੈ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਪ੍ਰਮਾਤਮਾਂ ਨੂੰ) ਸਦਾ ਆਪਣੇ ਅੰਗ ਸੰਗ ਵਸਦਾ ਵੇਖਦਾ ਹੈ।
9. ਹੇ ਭਾਈ ! ਗੁਰੂ ਰਾਹੀਂ ਉਸ ਮਨੁੱਖ ਨੂੰ ਇਹ ਪ੍ਰਤੱਖ ਦਿਸਦਾ ਹੈ ਕਿ ਪ੍ਰਮੇਸ਼ਰ ਦੀ ਜੋਤ ਅਗਨੀ ਨਾਲ ਹੀ ਸਾਰੀ ਬਨਾਸਪਤੀ ਸੰਘਣੀ ਛਾਂ ਵਾਲੀ ਹੈ ਤੇ ਖਿੜੀ ਹੋਈ ਹੈ।
10. (ਕਿਉਂਕਿ) ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ, ਪ੍ਰਭੂ ਪਿਆਰ ਵਿਚ ਜੁੜਕੇ (ਸਦਾ) ਸਦਾ (ਹੀ) ਅਨੰਦ ਭਰਪੂਰ ਰਹਿੰਦਾ ਹੈ।੨।
11. ਹੇ ਭਾਈ ! ਜਿਹੜੇ ਮਨੁੱਖ ਦਿਨ ਰਾਤ ਹਰ ਵੇਲੇ ਪ੍ਰਮਾਤਮਾਂ ਦੀ ਸਿਫਤ ਸਲਾਹ ਕਰਦੇ ਹਨ।
12. ਐ ਪਿਆਰੇ ! ਗੁਰੂ ਨੇ ਉਨ੍ਹਾਂ ਦੇ ਅੰਦਰੋਂ '(ਮਾਇਆ ਦੀ ਖਾਤਰ) ਭਟਕਣਾ ਦੀ ਮੈਲ ਦੂਰ ਕਰ ਦਿਤੀ ਹੈ।

ਪ੍ਰ:—ਕਿਉਂ ਜੀ ! ਨਾਮ ਦੀ ਦਾਤ ਹਾਸਿਲ ਹੋਣ ਨਾਲ ਮਨੁੱਖ ਦੇ ਮਨ ਵਿਚ ਕੀ ਤਬਦੀਲੀ ਆ ਜਾਂਦੀ ਹੈ ?

13. ਉ:—ਹੇ ਭਾਈ ! ਨਾਮ ਦੀ ਦਾਤ ਦਾ ਸਦਕਾ ਮਨੁੱਖ ਉਸ ਪ੍ਰਮਾਤਮਾਂ ਦੀ ਰਚੀ ਇਸ ਜਗਤ ਖੇਡ ਨੂੰ ਵੇਖ ਕੇ 'ਵਾਹ ਵਾਹ' ਕਰ ਉੱਠਦਾ ਹੈ।
14. ਪਰ, ਇਹ ਨਾਮ ਦੀ ਦਾਤ ਗੁਰੂ ਦੇ ਸਨਮੁਖ ਰਿਹਾਂ ਹੀ ਮਿਲਦੀ ਹੈ।੩।
15. ਉਹ ਮਨੁੱਖ ਵੇਖਦਾ ਹੈ ਕਿ, ਪ੍ਰਮਾਤਮਾਂ ਸਭ ਥਾਈਂ ਵਿਆਪਕ ਹੋ ਕੇ, ਆਪ ਹੀ ਸਾਰੇ ਰਸ ਭੋਗ ਰਿਹਾ ਹੈ।
16. ਉਸ ਨੂੰ ਇਹ ਸੂਝ ਪੈ ਜਾਂਦੀ ਹੈ ਕਿ, ਜੋ ਕੁਝ ਉਹ ਪ੍ਰਭੂ ਕਰਨਾ ਚਾਹੁੰਦਾ ਹੈ ਜਰੂਰ ਓਹੀ ਹੁੰਦਾ ਹੈ।
17. ਉਹ ਦਾਤਾ ਸਭ ਤੋਂ ਵਡਾ ਹੈ ਉਸ ਨੂੰ ਆਪ ਨੂੰ ਰਤਾ ਭਰ ਭੀ ਕੋਈ ਲਾਲਚ ਨਹੀਂ ਹੈ।
18. ਕਥਨ ਕਰਦੇ ਹਨ (ਗਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿਚ ਢਾਲਕੇ (ਹੀ ਉਸ ਨੂੰ) ਮਿਲਿਆ ਜਾ ਸਕਦਾ ਹੈ।੪।੬।

ਭਾਵਾਰਥ :—ਗੁਰੂ ਦੇ ਭਾਣੇ ਵਿਚ ਹੋ ਕੇ ਸ਼ਬਦ ਦੀ ਕਮਾਈ ਕਰਨ ਨਾਲ ਮਨੁੱਖ ਦਾ ਜੀਵਨ ਇਕ ਬ੍ਰਿਛ ਵਾਂਗੂੰ ਪ੍ਰਫੁਲਤ ਹੋ ਜਾਂਦਾ ਹੈ, ਜਿਸ ਨਾਲ ਸੱਚ ਦਾ ਫਲ ਲਗਦਾ ਹੈ ਉਸ ਦੀ ਘਣੀ ਛਾਂ ਹੇਠਾਂ ਲੋਕੀਂ ਬਹਿ ਕੇ ਅਰਾਮ ਕਰਦੇ ਹਨ ਅਤੇ ਹਰੀ ਦਾ ਕੀਰਤਨ ਕਰਦੇ ਜੀਵਨ ਬਿਤਾਉਂਦੇ ਹਨ।

ਬਸੰਤੁ ਮਹਲਾ ੩ ॥

1. **ਪੂਰੈ ਭਾਗਿ ਸਚੁ ਕਾਰ ਕਮਾਵੈ ॥**
2. **ਏਕੋ ਚੇਤੈ ਫਿਰਿ ਜੋਨਿ ਨ ਆਵੈ ॥**
3. **ਸਫਲ ਜਨਮੁ ਇਸੁ ਜਗ ਮਹਿ ਆਇਆ ॥**
4. **ਸਾਚਿ ਨਾਮਿ ਸਹਜਿ ਸਮਾਇਆ ॥੧॥**
5. **ਗੁਰਮੁਖਿ ਕਾਰ ਕਰਹੁ ਲਿਵ ਲਾਇ ॥**
6. **ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥੧॥ ਰਹਾਉ ॥**
7. **ਤਿਸੁ ਜਨ ਕੀ ਹੈ ਸਾਚੀ ਬਾਣੀ ॥**
8. **ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥**
9. **ਚਹੁ ਜੁਗ ਪਸਰੀ ਸਾਚੀ ਸੋਇ ॥**
10. **ਨਾਮਿ ਰਤਾ ਜਨੁ ਪਰਗਟੁ ਹੋਇ ॥੨॥**
11. **ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥**
12. **ਸੇ ਜਨ ਸਾਚੇ ਸਾਚੈ ਭਾਇ ॥**
13. **ਸਾਚੁ ਧਿਆਇਨਿ ਦੇਖਿ ਹਜੂਰਿ ॥**
14. **ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥**
15. **ਏਕੋ ਕਰਤਾ ਅਵਰੁ ਨ ਕੋਇ ॥**
16. **ਗੁਰ ਸਬਦੀ ਮੇਲਾਵਾ ਹੋਇ ॥**
17. **ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥**
18. **ਨਾਨਕ ਸਹਜੇ ਨਾਮਿ ਸਮਾਇਆ ॥੪॥੭॥**

ਪਦ ਅਰਥ :—ਪੂਰੈ ਭਾਗਿ—ਵਡੀ ਕਿਸਮਤ ਨਾਲ। ਸਚੁ—ਸਦਾ ਥਿਰ ਹਰਿ ਨਾਮ। ਸਚੁ ਕਾਰ—ਸਦਾ ਥਿਰ ਹਰਿ ਨਾਮ (ਸਿਮਰਨ ਦੀ) ਕਾਰ। ਏਕੋ—ਇਕ ਪ੍ਰਮਾਤਮਾਂ ਨੂੰ **ਹੀ**। ਚੇਤੈ—ਯਾਦ ਕਰਦਾ ਹੈ। ਸਫਲ—ਕਾਮਯਾਬ। ਸਾਚਿ ਨਾਮਿ—ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿਚ। ਸਹਜਿ—ਆਤਮਕ ਅਡੋਲਤਾ ਵਿਚ।੧।

ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ। ਲਿਵ ਲਾਇ—ਸੁਰਤ ਜੋੜ ਕੇ। ਸੇਵਹੁ—ਸਿਮਰੋ। ਆਪੁ—ਆਪਾ ਭਾਵ ।੧। ਰਹਾਉ।

ਸਾਚੀ ਬਾਣੀ—ਸਦਾ ਕਾਇਮ ਰਹਿਣ ਵਾਲੀ ਸਿਫਤ ਸਲਾਹ ਦੀ ਬਾਣੀ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਪਸਰੀ—ਖਿਲਰੀ ਹੋਈ ਹੈ। ਸੋਇ—ਸੋਭਾ। ਨਾਮਿ—ਨਾਮ ਵਿਚ। ਰਤਾ—ਰੰਗਿਆ ਹੋਇਆ। ਜਨੁ—ਭਗਤ ।੨।

ਇਕਿ—ਕਈ। ਸਾਚੈ ਸਬਦਿ—ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੇ ਸ਼ਬਦ ਵਿਚ। ਸਾਚੈ ਭਾਇ—ਸਦਾ ਥਿਰ ਪ੍ਰਭੂ ਦੇ ਪਿਆਰ ਵਿਚ। ਸਾਚੁ—ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ। ਦੇਖਿ—ਵੇਖ ਕੇ। ਹਜੂਰਿ—ਅੰਗ ਸੰਗ (ਵੱਸਦਾ)। ਪੰਕਜ—ਕੌਲ ਫੁੱਲ। ਪਗ—ਪੈਰ। ਪਗ ਪੰਕਜ—ਕੌਲ ਫੁੱਲ ਵਰਗੇ ਸੋਹਣੇ ਚਰਨ ।੩।

ਗੁਰ ਸਬਦੀ—ਗੁਰੂ ਦੇ ਸ਼ਬਦ ਦੀ ਰਾਹੀਂ। ਜਿਨਿ—ਜਿਸ (ਮਨੁੱਖ) ਨੇ। ਸਚੁ—ਸਦਾ ਥਿਰ ਪ੍ਰਭੂ। ਸੇਵਿਆ—ਸਿਮਰਿਆ। ਤਿਨਿ—ਉਸ ਨੇ। ਸਹਜੇ—ਆਤਮਕ ਅਡੋਲਤਾ ਵਿਚ। ਨਾਮਿ—ਨਾਮ ਵਿਚ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਉਹ ਅਜੇਹਾ ਕਿਹੜਾ ਸਾਧਨ ਜਿਸ ਦੇ ਕਰਦੇ ਰਹਿਣ ਨਾਲ ਮਨੁੱਖ ਬਾਰ ਬਾਰ ਜੰਮਣਹੈ ਮਨ ਦੇ ਚੱਕ੍ਰ ਵਿਚ ਨਹੀਂ ਪੈਂਦਾ ?

1. **ਉ**:—ਹੇ ਭਾਈਓ ! ਜਿਹੜਾ ਮਨੁੱਖ ਵਡੀ ਕਿਸਮਤ ਨਾਲ ਸਦਾ ਥਿਰ ਹਰਿ ਨਾਮ ਸਿਮਰਨ ਦੀ ਕਾਰ ਕਰਦਾ ਹੈ।
2. ਅਤੇ ਸਿਰਫ ਇਕ ਪ੍ਰਮਾਤਮਾਂ ਨੂੰ ਹੀ ਚਿੱਤ ਵਿਚ ਟਿਕਾਂਦਾ ਹੈ, ਉਹ ਫਿਰ ਮੁੜ ਮੁੜ ਜੂਨਾਂ ਵਿਚ ਨਹੀਂ ਆਉਂਦਾ।
3. ਹੇ ਪਿਆਰੇ ! ਇਉਂ ਹੀ ਜਾਣੋ ਕਿ ਉਹੀ ਮਨੁੱਖ ਇਸ ਜਗਤ ਵਿਚ ਆਇਆ ਹੋਇਆ ਕਾਮਯਾਬ ਜ਼ਿੰਦਗੀ ਵਾਲਾ ਹੈ।
4. ਜੋ ਸਦਾ ਥਿਰ ਹਰਿ ਨਾਮ ਵਿਚ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ ।੧।
5. (ਇਸ ਲਈ) ਹੇ ਭਾਈਓ ! ਗੁਰੂ ਦੀ ਸ਼ਰਨ ਪੈ ਕੇ ਸੁਰਤਿ ਜੋੜ ਕੇ ਇਹੋ ਕਾਰ ਕਰਦੇ ਰਿਹਾ ਕਰੋ।
6. ਆਪਣੇ ਅੰਦਰੋਂ ਆਪਾ ਭਾਵ ਦੂਰ ਕਰ ਕੇ ਪ੍ਰਮਾਤਮਾਂ ਦਾ ਨਾਮ (ਹੀ) ਸਿਮਰਿਆ ਕਰੋ ।੧। ਰਹਾਉ।

ਪ੍ਰ:—ਕਿਉਂ ਜੀ ! ਉਸ ਨੂੰ ਫਲ **ਕੀ** ਹਾਸਲ ਹੁੰਦਾ ਹੈ ?

7. **ਉ**:—ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਸਦਾ ਲੀਨ ਰਹਿੰਦਾ ਹੈ ਉਸ ਸੇਵਕ ਦਾ ਵਾਕ ਸੱਚਾ ਹੁੰਦਾ ਹੈ।
8. ਅਤੇ ਗੁਰੂ ਦੇ ਸ਼ਬਦ ਦੁਆਰਾ ਉਹ ਵਾਕ ਸੰਸਾਰ ਵਿਚ ਫੈਲ ਜਾਂਦਾ ਹੈ, ਭਾਵ, ਗੁਰਬਾਣੀ ਦੇ ਆਸਰੇ ਕਹੀ ਹੋਈ ਹੋਣ ਕਰ ਕੇ ਉਸ ਦੀ ਗੱਲ ਸਾਰੇ ਲੋਕ ਅਦਬ ਨਾਲ ਸੁਣਦੇ ਤੇ ਮੰਨਦੇ ਹਨ।
9. ਹੇ ਭਾਈ ! ਪ੍ਰਮਾਤਮਾਂ ਦੇ ਨਾਮ ਰੰਗ ਵਿਚ ਰੰਗਿਆ ਹੋਇਆ ਮਨੁੱਖ (ਜਗਤ ਵਿਚ) ਪ੍ਰਸਿਧ ਹੋ ਜਾਂਦਾ ਹੈ।
10. ਉਸ ਦੀ ਅਟੱਲ ਸੋਭਾ ਚਹੁੰ ਜੁਗਾਂ ਵਿਚ ਖਿਲਰੀ ਰਹਿੰਦੀ ਹੈ ।੨।
11. ਹੇ ਭਾਈਓ ! ਕਈ ਅਜਿਹੇ ਮਨੁੱਖ ਹਨ ਜੋ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੇ ਸ਼ਬਦ ਵਿਚ ਸੁਰਤ ਜੋੜੀ ਰਖਦੇ ਹਨ।
12. ਉਹ ਸਦਾ ਥਿਰ ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ ਮਨੁੱਖ ਸਦਾ ਥਿਰ ਪ੍ਰਭੂ ਦਾ ਰੂਪ ਹੋ ਜਾਂਦੇ ਹਨ।
13. (ਕਿਉਂਕਿ) ਉਹ ਸਦਾ ਥਿਰ ਪ੍ਰਭੂ ਨੂੰ ਆਪਣੇ ਅੰਗ ਸੰਗ ਵਸਦਾ ਵੇਖ ਕੇ ਉਸੇ ਦਾ ਨਾਮ ਸਿਮਰਦੇ ਰਹਿੰਦੇ ਹਨ।
14. ਅਤੇ ਸੰਤ ਜਨਾਂ ਦੇ ਸੋਹਣੇ ਚਰਨਾਂ ਦੀ ਧੂੜ (ਆਪਣੇ ਮੱਥੇ ਤੇ ਲਾਂਦੇ ਹਨ) ।੩।
15. ਹੇ ਪਿਆਰੇ ! ਜਿਨ੍ਹਾਂ ਦਾ ਇਹ ਨਿਸਚਾ ਹੈ **ਕਿ**, ਇਕੋ ਹੀ

ਸਭ ਦਾ ਕਰਤਾ ਹੈ, ਉਸ ਤੋਂ ਬਿਨਾ ਕੋਈ ਹੋਰ ਉਸ ਨੂੰ ਨਜ਼ਰ ਨਹੀਂ ਆਉਂਦਾ।

16. ਗੁਰੂ ਦੇ ਸ਼ਬਦ ਦੀ ਰਾਹੀਂ (ਪ੍ਰਮਾਤਮਾਂ ਨਾਲ) ਉਸ ਦਾ ਮਿਲਾਪ ਹੋ ਜਾਂਦਾ ਹੈ।
17. ਹੇ ਪਿਆਰੇ ! ਜਿਸ ਮਨੁੱਖ ਨੇ ਸਦਾ ਥਿਰ ਹਰਿ ਨਾਮ ਸਿਮਰਿਆ ਹੈ ਉਸੇ ਨੇ ਹੀ ਆਤਮਕ ਅਨੰਦ ਮਾਣਿਆਹੈ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਮਨੁੱਖ ਸਦਾ ਆਤਮਕ ਅਡੋਲਤਾ ਵਿਚ ਹਰਿ ਨਾਮ ਵਿਚ ਲੀਨ ਰਹਿੰਦਾ ਹੈ ।੪।੭।

ਭਾਵਾਰਥ :–ਜਿਸ ਮਨੁੱਖ ਉਤੇ ਹਰੀ ਪ੍ਰਭੂ ਦੀ ਮੇਹਰ ਹੁੰਦੀ ਹੈ ਉਹ ਗੁਰੂ ਦੇ ਸ਼ਬਦ ਤੋਂ ਸੁਸਿਖਤ ਹੋ ਕੇ ਇਕ ਸੱਚੇ ਹਰੀ ਦੀ ਕਾਰ ਵਿਚ ਲਗ ਜਾਂਦਾ ਹੈ, ਉਸ ਦਾ ਵਾਕ ਸੱਚਾ ਤੇ ਅਸਰ ਵਾਲਾ ਹੁੰਦਾ ਹੈ।

ਬਸੰਤੁ ਮਹਲਾ ੩ ॥

1. **ਭਗਤਿ ਕਰਹਿ ਜਨ ਦੇਖਿ ਹਜੂਰਿ ॥**
2. **ਸੰਤ ਜਨਾ ਕੀ ਪਗ ਪੰਕਜ ਧੂਰਿ ॥**
3. **ਹਰਿ ਸੇਤੀ ਸਦ ਰਹਹਿ ਲਿਵ ਲਾਇ ॥**
4. **ਪੂਰੈ ਸਤਿਗੁਰਿ ਦੀਆ ਬੁਝਾਇ ॥੧॥**
5. **ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ।**
6. **ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥**
7. **ਏਕੋ ਸੇਵਹੁ ਅਵਰੁ ਨ ਕੋਇ ॥**
8. **ਜਿਤੁ ਸੇਵਿਐ ਸਦਾ ਸੁਖੁ ਹੋਇ ॥**
9. **ਨਾ ਓਹੁ ਮਰੈ ਨ ਆਵੈ ਜਾਇ ॥**
10. **ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥**
11. **ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥**
12. **ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥**
13. **ਗੁਰਮੁਖਿ ਨਾਮੁ ਪਰਾਪਤਿ ਹੋਇ ॥**
14. **ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥**
15. **ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥**
16. **ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥**
17. **ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥**
18. **ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥**

ਪਦ ਅਰਥ :–ਕਰਹਿ–ਕਰਦੇ ਹਨ । ਜਨ–ਸੇਵਕ । ਦੇਖਿ–ਵੇਖ ਕੇ । ਹਜੂਰਿ–ਹਾਜ਼ਰ ਨਾਜ਼ਰ, ਅੰਗ ਸੰਗ । ਪਗ–ਚਰਨ । ਪੰਕਜ–ਕੌਲ ਫੁੱਲ । (ਪੰਕ–ਚਿੱਕੜ । ਜ–ਜੰਮਿਆ ਹੋਇਆ) । ਸੇਤੀ–ਨਾਲ । ਸਦ–ਸਦਾ । ਲਿਵ–ਲਗਨ । ਸਤਿਗੁਰਿ–ਗੁਰੂ ਨੇ ।੧।

ਪਦਵੀ–ਆਤਮਕ ਦਰਜਾ ।੧। ਰਹਾਉ ।

ਸੇਵਹੁ–ਸਿਮਰੋ । ਜਿਤੁ–ਜਿਸ ਦੀ ਰਾਹੀਂ । ਜਿਤੁ ਸੇਵਿਐ–ਜਿਸ ਦੀ ਭਗਤੀ ਕਰਨ ਨਾਲ । ਆਵੈ–ਜੰਮਦਾ । ਜਾਇ–ਮਰਦਾ । ਅਵਰੁ–ਹੋਰ । ਸੇਵੀ–ਸੇਵੀਂ, ਮੈਂ ਸੇਵਾਂ । ਮਾਇ–ਹੇ ਮਾਂ ।੨।

ਸਾਚੇ–ਅਟੱਲ ਜੀਵਨ ਵਾਲੇ, ਸਦਾ ਥਿਰ ਪ੍ਰਭੂ ਦਾ ਰੂਪ । ਸਾਚੁ–ਸਦਾ ਥਿਰ ਪ੍ਰਭੂ । ਪਛਾਣਿਆ–ਸਾਂਝ ਪਾਈ । ਆਪੁ–ਆਪਾ ਭਾਵ । ਸਹਜੇ–ਆਤਮਕ ਅਡੋਲਤਾ ਵਿਚ । ਨਾਮਿ–ਨਾਮ ਵਿਚ । ਗੁਰਮੁਖਿ–ਗੁਰੂ ਦੀ ਸ਼ਰਨ ਪਿਆਂ । ਸਚੁ ਸੋਇ–ਉਹ ਸਦਾ ਥਿਰ ਪ੍ਰਭੂ ।੩।

ਜਿਨਿ–ਜਿਸ (ਪ੍ਰਭੂ) ਨੇ । ਗਿਆਨੁ–ਆਤਮਕ ਜੀਵਨ ਦੀ ਸੂਝ । ਜਾਣੁ–ਸਾਂਝ ਪਾ ਲੈ । ਸਾਚ ਸਬਦਿ–ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਦੀ ਰਾਹੀਂ । ਸਿਞਾਣੁ–ਸਾਂਝ ਪਾ । ਸੁਧਿ–ਸੂਝ । ਨਾਮਿ ਰਤੇ–ਨਾਮ ਵਿਚ ਰੰਗੀਜ ਕੇ।੪।

ਅਰਥ :–

ਪ੍ਰ:–ਸ੍ਰੀ ਜੀਉ ! ਭਗਤੀ ਤਾਂ ਬਹੁਤ ਲੋਕ ਕਰਦੇ ਹਨ, ਪਰ ਭਗਤਾਂ ਦੀ ਕੀਤੀ ਭਗਤੀ ਹੀ ਕਬੂਲ ਕਿਉਂ ਹੁੰਦੀ ਹੈ, ਕੀ ਇਸ ਵਿਚ ਕੋਈ ਖਾਸ ਕਾਰਨ ਹੈ ?

1. ਉ:–ਹੇ ਭਾਈਓ ! ਬਾਕੀ ਦੇ ਲੋਕਾਂ ਨਾਲੋਂ ਕੇਵਲ ਇਹੋ ਹੀ ਫਰਕ ਹੈ ਕਿ, ਭਗਤ ਜਨ ਪ੍ਰਮਾਤਮਾਂ ਨੂੰ ਅੰਗ ਸੰਗ ਵਸਦਾ ਵੇਖ ਕੇ ਉਸ ਦੀ ਭਗਤੀ ਕਰਦੇ ਹਨ।
2. ਅਤੇ ਸੰਤ ਜਨਾਂ ਦੇ ਸੋਹਣੇ ਚਰਨਾਂ ਦੀ ਧੂੜ (ਆਪਣੇ ਮੱਥੇ ਤੇ ਲਾਂਦੇ ਹਨ)।
3. ਅਤੇ ਉਹ ਸਦਾ ਪ੍ਰਮਾਤਮਾਂ ਨਾਲ ਆਪਣੀ ਸੁਰਤਿ ਜੋੜੀ ਰਖਦੇ ਹਨ ।
4. ਪਰ, ਹੇ ਭਾਈ ! ਇਹ ਸਮਝ (ਭੀ) ਉਨ੍ਹਾਂ ਨੂੰ ਪੂਰੇ ਗੁਰੂ ਨੇ ਹੀ ਬਖਸ਼ੀ ਹੈ ।੧।
5. ਐ ਪਿਆਰੇ ! ਅਜਿਹੇ ਪ੍ਰਮਾਤਮਾਂ ਦੇ ਸੇਵਕਾਂ ਦਾ ਸੇਵਕ ਕੋਈ ਵਿਰਲਾ ਮਨੁੱਖ ਹੀ ਬਣਦਾ ਹੈ।
6. ਹੇ ਭਾਈ ! (ਜਿਹੜਾ ਭੀ ਬਣਦਾ ਹੈ) ਉਹ ਸਰੇਸ਼ਟ ਆਤਮਕ ਦਰਜਾ ਹਾਸਲ ਕਰਦਾ ਹੈ ।੧। ਰਹਾਉ ।
7. (ਇਸ ਲਈ) ਹੇ ਭਾਈਓ ! ਉਸ ਇਕ ਪ੍ਰਮਾਤਮਾਂ ਦੀ ਹੀ ਭਗਤੀ ਕਰਿਆ ਕਰੋ, ਜਿਸ ਵਰਗਾ ਹੋਰ ਕੋਈ ਨਹੀਂ ਹੈ।
8. ਤੇ ਜਿਸ ਦੀ ਭਗਤੀ ਕੀਤਿਆਂ ਸਦਾ ਆਤਮਕ ਅਨੰਦ ਬਣਿਆ ਰਹਿੰਦਾ ਹੈ ।
9. ਹੇ (ਮੇਰੀ) ਮਾਂ ! ਉਹ ਪ੍ਰਮਾਤਮਾਂ ਨਾ ਕਦੇ ਮਰਦਾ ਹੈ, ਨਾ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ।
10. ਮੈਂ ਉਸਤੋਂ ਬਿਨਾ ਕਿਸੇ ਹੋਰ ਦੀ ਭਗਤੀ ਕਿਉਂ ਕਰਾਂ?।੨।
11. ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਸਦਾ ਥਿਰ ਪ੍ਰਭੂ ਨਾਲ ਸਾਂਝ ਪਾ ਲਈ, ਉਹ ਅਟੱਲ ਜੀਵਨ ਵਾਲੇ ਹੋ ਗਏ ।
12. ਉਹ ਮਨੁੱਖ ਆਪਾ ਭਾਵ ਗਵਾ ਕੇ ਆਤਮਕ ਅਡੋਲਤਾ ਵਿਚ ਲੀਨ ਰਹਿੰਦੇ ਹਨ, ਹਰਿ ਨਾਮ ਵਿਚ ਲੀਨ ਰਹਿੰਦੇ ਹਨ ।

13. ਪਰ, ਹੇ ਭਾਈਓ ! ਪ੍ਰਮੇਸ਼ਰ ਦਾ ਨਾਮ (ਭੀ) ਗੁਰੂ ਦੀ ਸ਼ਰਨ ਪਿਆਂ ਹੀ ਮਿਲਦਾ ਹੈ ।

14. (ਜਿਸ ਨੂੰ ਮਿਲਦਾ ਹੈ ਉਸ ਦਾ) ਮਨ ਪਵਿਤ੍ਰ ਹੋ ਜਾਂਦਾ ਹੈ, (ਉਸ ਨੂੰ) ਸਦਾ ਥਿਰ ਤੇ ਪਵਿਤ੍ਰ ਪ੍ਰਮਾਤਮਾਂ (ਹੀ ਹਰ ਥਾਂ ਦਿਸਦਾ ਹੈ) ।੩।

ਪ੍ਰ:—ਸ੍ਰੀ ਜੀਉ ! ਮੈਨੂੰ ਕੀ ਕਰਨਾ ਚਾਹੀਦਾ ਹੈ ?

15. ਉ:—ਹੇ ਪਿਆਰੇ ! ਵੇਖ, ਜਿਸ (ਪ੍ਰਮਾਤਮਾਂ) ਨੇ (ਤੇਰੇ ਅੰਦਰ) ਆਤਮਕ ਜੀਵਨ ਦੀ ਸੂਝ ਪੈਦਾ ਕੀਤੀ ਹੈ, ਉਸੇ ਨਾਲ ਹੀ ਤੂੰ ਸਾਂਝ ਪਾਈ ਰਖ ।

16. ਉਸ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਦੀ ਰਾਹੀਂ ਉਸ ਇਕ ਪ੍ਰਮਾਤਮਾਂ ਨਾਲ ਜਾਣ ਪਛਾਣ ਬਣਾਈ ਰਖ ।

17. ਹੇ ਭਾਈ ! ਜਦੋਂ ਮਨੁੱਖ ਪ੍ਰਮਾਤਮਾਂ ਦੇ ਨਾਮ ਦਾ ਸੁਆਦ ਚੱਖਦਾ ਹੈ, ਤਦੋਂ (ਉਸ ਨੂੰ ਉਚੇ ਆਤਮਕ ਜੀਵਨ ਦੀ) ਸਮਝ ਪ੍ਰਾਪਤ ਹੋ ਜਾਂਦੀ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਨਾਮ ਵਿਚ ਰੰਗੀਜ ਕੇ ਸਦਾ ਥਿਰ ਪ੍ਰਭੂ (ਉਸ ਨੂੰ ਹਰ ਥਾਂ ਹੀ ਵਸਦਾ ਦਿਸਦਾ ਹੈ) ।੪।੮।

ਭਾਵਾਰਥ :—ਭਗਤੀ ਕਰਨ ਵਾਲੇ ਤਾਂ ਅਨੇਕਾਂ ਹੀ ਵੇਖਣ ਵਿਚ ਆਉਂਦੇ ਹਨ, ਪਰ ਅਜਿਹੀ ਕਾਰ ਕਰਨ ਵਾਲਾ ਕੋਈ ਵਿਰਲਾ ਹੀ ਹੋਇਆ ਕਰਦਾ ਹੈ, ਜੋ ਹਰੀ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸੇ ਵਿਚ ਲਿਵ ਲੀਨ ਰਹਿੰਦਾ ਹੈ ਤੇ ਉਸੇ ਪ੍ਰਭੂ ਦੇ ਸੰਤਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ ।

ਬਸੰਤੁ ਮਹਲਾ ੩ ॥

1. ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥
2. ਸਾਚੀ ਬਾਣੀ ਨਾਮ ਪਿਆਰੁ ॥
3. ਮਨਮੁਖ ਭੂਲੇ ਕਾਹੇ ਆਏ ॥
4. ਨਾਮਹੁ ਭੂਲੇ ਜਨਮੁ ਗਵਾਏ ॥੧॥
5. ਜੀਵਤ ਮਰੈ ਮਰਿ ਮਰਣੁ ਸਵਾਰੈ ॥
6. ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥
7. ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥
8. ਮਨੁ ਨਿਰਮਲੁ ਸਦ ਗੁਣੀ ਗਹੀਰਾ ॥
9. ਜੰਮੈ ਮਰੈ ਨ ਆਵੈ ਜਾਇ ॥
10. ਗੁਰ ਪਰਸਾਦੀ ਸਾਚਿ ਸਮਾਇ ॥੨॥
11. ਸਾਚਾ ਸੇਵਹੁ ਸਾਚੁ ਪਛਾਣੈ ॥
12. ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥
13. ਦਰਿ ਸਾਚੈ ਸਚੁ ਸੋਭਾ ਹੋਇ ॥
14. ਨਿਜ ਘਰਿ ਵਾਸਾ ਪਾਵੈ ਸੋਇ ॥੩॥
15. ਆਪਿ ਅਭੁਲੁ ਸਚਾ ਸਚੁ ਸੋਇ ॥
16. ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥
17. ਸਾਚਾ ਸੇਵਹੁ ਸਾਚੀ ਬਾਣੀ ॥
18. ਨਾਨਕ ਨਾਮੇ ਸਾਚਿ ਸਮਾਣੀ ॥੪॥੯॥

ਪਦ ਅਰਥ :—ਨਾਮਿ—ਨਾਮ ਵਿਚ । ਰਤੇ—ਰੰਗੇ ਹੋਏ । ਕਰਹਿ—ਕਰਦੇ ਹਨ । ਉਧਾਰੁ—ਪਾਰ ਉਤਾਰਾ । ਸਾਚੀ ਬਾਣੀ—ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੀ ਸਿਫਤ ਸਲਾਹ । ਨਾਮ ਪਿਆਰੁ—ਨਾਮ ਦਾ ਪਿਆਰ । ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ । ਕਾਹੇ ਆਏ—ਭਾਵ, ਜੀਵਨ ਵਿਅਰਥ ਗਵਾ ਗਏ । ਭੂਲੇ—ਕੁਰਾਹੇ ਪਏ ਹੋਏ । ਨਾਮਹੁ—ਨਾਮ ਤੋਂ । ਗਵਾਏ—ਗਵਾਇ, ਗਵਾ ਕੇ ।੧।

ਜੀਵਤ ਮਰੈ—ਜੀਉਂਦਾ ਮਰਦਾ ਹੈ, ਦੁਨੀਆਂ ਦੀ ਕਿਰਤ ਕਾਰ ਕਰਦਾ ਵਿਕਾਰਾਂ ਵਲੋਂ ਮਰਦਾ ਹੈ । ਮਰਿ—ਮਰ ਕੇ, ਵਿਕਾਰਾਂ ਵਲੋਂ ਬਚਿਆ ਰਹਿ ਕੇ । ਮਰਣੁ—ਮੌਤ, ਵਿਕਾਰਾਂ ਵਲੋਂ ਮੌਤ, ਵਿਕਾਰਾਂ ਦੀ ਮਾਰ ਤੋਂ ਬਚਿਆ ਹੋਇਆ ਜੀਵਨ । ਸਵਾਰੈ—ਸੋਹਣਾ ਬਣਾ ਲੈਂਦਾ ਹੈ । ਕੈ ਸਬਦਿ—ਦੇ ਸ਼ਬਦ ਦੀ ਰਾਹੀਂ । ਸਾਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ । ਉਰਿ—ਹਿਰਦਾ ।੧। ਰਹਾਉ ।

ਗੁਰਮੁਖਿ—ਗੁਰੂ ਦੀ ਸ਼ਰਨ ਪੈ ਕੇ । ਸਚੁ—ਸਦਾ ਥਿਰ ਹਰਿ ਨਾਮ । ਭੋਜਨੁ—(ਆਤਮਕ ਜੀਵਨ ਦੀ) ਖੁਰਾਕ । ਸਦ—ਸਦਾ । ਗੁਣੀ ਗਹੀਰਾ—ਗੁਣਾਂ ਦਾ ਮਾਲਕ, ਡੂੰਘੇ ਜਿਗਰੇ ਵਾਲਾ ਪ੍ਰਭੂ । ਪਰਸਾਦੀ—ਕ੍ਰਿਪਾ ਨਾਲ । ਸਾਚਿ—ਸਦਾ ਥਿਰ ਹਰਿ ਨਾਮ ਵਿਚ ।੨।

ਸੇਵਹੁ—ਸਿਮਰਿਆ ਕਰੋ । ਪਛਾਣੈ—ਸਾਂਝ ਪਾਂਦਾ ਹੈ । ਦਰਿ—ਦਰ ਤੇ । ਨੀਸਾਣੈ—ਨਿਸ਼ਾਨ, ਰਾਹਦਾਰੀ, ਪਰਵਾਨਾ । ਸਚੁ—ਸਦਾ ਥਿਰ ਹਰਿ ਨਾਮ । ਦਰਿ ਸਾਚੈ—ਸਦਾ ਥਿਰ ਪ੍ਰਭੂ ਦੇ ਦਰ ਤੇ । ਨਿਜ ਘਰਿ—ਆਪਣੇ ਘਰ ਵਿਚ ।੩।

ਸਭਿ—ਸਾਰੇ । ਭੂਲਹਿ—ਕੁਰਾਹੇ ਪਏ ਰਹਿੰਦੇ ਹਨ । ਦੂਜੈ—(ਮਾਇਆ) ਦੇ ਪਿਆਰ ਵਿਚ । ਪਤਿ—ਇੱਜ਼ਤ । ਖੋਇ—ਗਵਾ ਕੇ । ਨਾਮੇ—ਨਾਮ ਦੀ ਰਾਹੀਂ ।੪।

ਅਰਥ :—

ਪ੍ਰ:—ਸ੍ਰੀ ਜੀਉ ! ਨਾਮ ਸਿਮਰਨ ਵਾਲੇ ਮਨੁੱਖਾਂ ਵਿਚ ਕਿਤਨੀ ਕੁ ਸ਼ਕਤੀ ਹੋ ਜਾਇਆ ਕਰਦੀ ਹੈ ?

1. ਉ:—ਹੇ ਪਿਆਰੇ ! ਪ੍ਰਮਾਤਮਾਂ ਦੇ ਨਾਮ ਰੰਗ ਵਿਚ ਰੰਗੇ ਹੋਏ ਮਨੁੱਖਾਂ ਦੇ (ਆਪਣੇ ਉਧਰਨ ਵਿਚ ਤਾਂ ਸੰਸਾ ਹੀ ਕੋਈ ਨਹੀਂ ਉਹ ਤਾਂ ਆਪਣੀਆਂ ਸਾਰੀਆਂ) ਕੁਲਾਂ ਦਾ (ਭੀ) ਪਾਰ ਉਤਾਰਾ ਕਰ ਲੈਂਦੇ ਹਨ ।

2. (ਕਿਉਂਕਿ) ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ (ਉਨ੍ਹਾਂ ਦੇ ਹਿਰਦੇ ਵਿਚ ਟਿਕੀ ਰਹਿੰਦੀ ਹੈ) ਨਾਮ ਦਾ ਪਿਆਰ (ਉਨ੍ਹਾਂ ਦੇ ਮਨ ਵਿਚ ਵਸਿਆ ਰਹਿੰਦਾ ਹੈ) ।

3. ਪਰ, ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਕੁਰਾਹੇ ਪਏ ਰਹਿੰਦੇ ਹਨ ।

4. ਨਾਮ ਤੋਂ ਖੁੰਝ ਕੇ ਜੀਵਨ ਅਜਾਈਂ ਗਵਾ ਕੇ ਉਹ ਜਗਤ ਵਿਚ ਜਿਹੇ ਆਏ ਜਿਹੇ ਨਾ ਆਏ ।੧।

5. ਹੇ ਪਿਆਰੇ ! ਉਹ ਮਨੁੱਖ ਦੁਨੀਆਂ ਦੀ ਕਿਰਤ ਕਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਬਚਿਆ ਰਹਿੰਦਾ ਹੈ, ਮਾਇਆ ਵਲੋਂ ਮਰ ਕੇ ਉਹ ਮਨੁੱਖ ਵਿਕਾਰਾਂ ਤੋਂ ਬਚੇ ਹੋਏ ਆਪਣੇ ਜੀਵਨ ਨੂੰ ਸੋਹਣਾ ਬਣਾ ਲੈਂਦਾ ਹੈ।

6. (ਕਿਉਂਕਿ) ਗੁਰੂ ਦੇ ਸ਼ਬਦ ਦੀ ਰਾਹੀਂ ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਨੂੰ ਆਪਣੇ ਹਿਰਦੇ ਵਿਚ ਵਸਾਂਦਾ ਹੈ ।੧। ਰਹਾਉ ।

7. ਹੇ ਭਾਈ ! ਗੁਰੂ ਦੀ ਸ਼ਰਨ ਪੈ ਕੇ ਜਿਹੜਾ ਮਨੁੱਖ ਸਦਾ ਥਿਰ ਹਰਿ ਨਾਮ ਨੂੰ (ਆਪਣੇ ਆਤਮਕ ਜੀਵਨ ਦੀ) ਖ਼ੁਰਾਕ ਬਣਾਂਦਾ ਹੈ, ਉਸ ਦਾ ਸਰੀਰ ਪਵਿਤ੍ਰ ਹੋ ਜਾਂਦਾ ਹੈ।

8. ਉਸ ਦਾ ਮਨ (ਭੀ) ਪਵਿਤ੍ਰ ਹੋ ਜਾਂਦਾ ਹੈ (ਕਿਉਂਕਿ) ਗੁਣਾਂ ਦਾ ਮਾਲਕ ਡੂੰਘੇ ਜਿਗਰੇ ਵਾਲਾ ਹਰੀ ਸਦਾ (ਉਸ ਦੇ ਅੰਦਰ ਵਸਦਾ ਹੈ)।

9. ਉਹ ਮਨੁੱਖ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ।

10. (ਕਿਉਂਕਿ) ਗੁਰੂ ਦੀ ਕ੍ਰਿਪਾ ਨਾਲ ਉਹ ਸਦਾ ਥਿਰ ਹਰਿ ਨਾਮ ਵਿਚ ਲੀਨ ਰਹਿੰਦਾ ਹੈ ।੨।

ਪ੍ਰ:—ਸ੍ਰੀ ਜੀਉ ! ਰੱਬੀ ਦਰਬਾਰ ਵਿਚ ਆਦਰ ਕਿਵੇਂ ਮਿਲ ਸਕਦਾ ਹੈ ?

11. **ਉ:**—ਹੇ ਭਾਈਓ ! ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਭਗਤੀ ਕਰਿਆ ਕਰੋ, ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਸਦਾ ਥਿਰ ਪ੍ਰਭੂ ਨਾਲ ਸਾਂਝ ਪਾਂਦਾ ਹੈ।

12. ਹੇ ਪਿਆਰੇ ! ਪ੍ਰਮੇਸ਼ਰ ਦੇ ਦਰ ਤੇ ਉਸ ਨੂੰ ਆਦਰ ਮਿਲਦਾ ਹੈ।

13. ਹੇ ਭਾਈਓ ! ਸਦਾ ਥਿਰ ਹਰਿ ਨਾਮ (ਜਿਸ ਦੇ ਮਨ ਵਿਚ ਵੱਸਦਾ ਹੈ) ਸਦਾ ਥਿਰ ਪ੍ਰਭੂ ਦੇ ਦਰ ਤੇ ਉਸ ਦੀ ਸੋਭਾ ਹੁੰਦੀ ਹੈ।

14. ਹੇ ਪਿਆਰੇ ! ਉਹ ਮਨੁੱਖ ਆਪਣੇ (ਸਰੂਪ ਰੂਪੀ) ਘਰ ਵਿਚ ਟਿਕਿਆ ਰਹਿੰਦਾ ਹੈ (ਭਾਵ, ਉਹ ਭਟਕਣਾ ਤੋਂ ਬਚਿਆ ਰਹਿੰਦਾ ਹੈ) ।੩।

15. ਹੇ ਭਾਈ ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾਂ ਆਪ ਭੁਲਾਂ ਕਰਨ ਵਾਲਾ ਨਹੀਂ ।

16. ਹੋਰ ਸਾਰੇ ਜੀਵ ਮਾਇਆ ਦੇ ਮੋਹ ਵਿਚ ਇੱਜ਼ਤ ਗਵਾ ਕੇ (ਜ਼ਿੰਦਗੀ ਦੇ) ਗਲਤ ਰਾਹੇ ਪਏ ਰਹਿੰਦੇ ਹਨ ।

17. ਹੇ ਭਾਈਓ ! ਤੁਸਾਂ ਸਦਾ ਹੀ, ਸਦਾ ਥਿਰ ਪ੍ਰਭੂ ਦੀ ਭਗਤੀ ਕਰਦੇ ਰਿਹਾ ਕਰੋ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸ ਮਨੁੱਖ ਦੇ ਹਿਰਦੇ ਵਿਚ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ (ਟਿਕੀ ਰਹਿੰਦੀ ਹੈ) ਉਸ ਮਨੁੱਖ ਦੀ ਸੁਰਤਿ ਸਦਾ ਥਿਰ ਹਰਿ ਨਾਮ ਵਿਚ ਲੀਨ ਰਹਿੰਦੀ ਹੈ ।੪।੯।

ਭਾਵਾਰਥ :—ਆਮ ਲੋਕ ਤਾਂ ਮਨਮੁਖਤਾ ਵਿਚ ਪਏ ਹੀ ਆਪਣਾ ਜਨਮ ਗਵਾ ਲੈਂਦੇ ਹਨ। ਕੋਈ ਗੁਰਮੁਖ ਹੀ ਹੁੰਦਾ ਹੈ ਜੋ ਹਉਮੈਂ ਨੂੰ ਛਡ ਕੇ ਆਪਣਾ ਜਨਮ ਮਰਨ ਸਫਲਾ ਕਰ ਲੈਂਦਾ ਹੈ, ਪਰ, ਉਹ ਗੁਰੂ ਦੇ ਰਾਹੀਂ ਮਨ ਨੂੰ ਸਾਫ ਕਰ ਕੇ ਸੱਚ ਨੂੰ ਪਛਾਣਦਾ ਅਤੇ ਸੱਚੇ ਹਰੀ ਦੇ ਗੁਣ ਗਾਉਂਦਾ ਹੋਇਆ ਉਸ ਦੇ ਵਿਚ ਹੀ ਲੀਨ ਰਹਿੰਦਾ ਹੈ।

ਬਸੰਤੁ ਮਹਲਾ ੩ ॥

1. **ਬਿਨੁ ਕਰਮਾ ਸਭ ਭਰਮਿ ਭੁਲਾਈ ॥**
2. **ਮਾਇਆ ਮੋਹਿ ਬਹੁਤੁ ਦੁਖੁ ਪਾਈ ॥**
3. **ਮਨਮੁਖ ਅੰਧੇ ਠਉਰ ਨ ਪਾਈ ॥**
4. **ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥**
5. **ਹੁਕਮੁ ਮੰਨੇ ਸੋ ਜਨੁ ਪਰਵਾਣੁ ॥**
6. **ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥**
7. **ਸਾਚਿ ਰਤੇ ਜਿਨ੍ਾ ਧੁਰਿ ਲਿਖਿ ਪਾਇਆ ॥**
8. **ਹਰਿ ਕਾ ਨਾਮੁ ਸਦਾ ਮਨਿ ਭਾਇਆ ॥**
9. **ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥**
10. **ਜੋਤੀ ਜੋਤਿ ਮਿਲਾਏ ਸੋਇ ॥੨॥**
11. **ਏਕੁ ਨਾਮੁ ਤਾਰੇ ਸੰਸਾਰੁ ॥**
12. **ਗੁਰ ਪਰਸਾਦੀ ਨਾਮ ਪਿਆਰੁ ॥**
13. **ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥**
14. **ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥**
15. **ਸੋ ਬੂਝੈ ਜਿਸੁ ਆਪਿ ਬੁਝਾਏ ॥**
16. **ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ ॥**
17. **ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥**
18. **ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥**

ਪਦ ਅਰਥ :—ਕਰਮਾ—ਕਰਮ, ਬਖਸ਼ਸ਼, ਮਿਹਰ। ਸਭ—ਸਾਰੀ ਲੁਕਾਈ । ਭਰਮਿ—ਭਟਕਣਾ ਨੇ। ਭੁਲਾਈ—ਕੁਰਾਹੇ ਪਾ ਦਿਤੀ ਹੈ। ਮੋਹਿ—ਮੋਹ ਵਿਚ। ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ। ਅੰਧੇ—(ਆਤਮਕ ਜੀਵਨ ਵਲੋਂ) ਅੰਨ੍ਹੇ। ਠਉਰ—ਸ਼ਾਂਤੀ ਦਾ ਟਿਕਾਣਾ ।੧।

ਪਰਵਾਣੁ—(ਪ੍ਰਭੂ ਦੇ ਦਰ ਤੇ) ਕਬੂਲ। ਕੈ ਸਬਦਿ—ਦੇ ਸ਼ਬਦ ਵਿਚ। ਨਾਮਿ—ਨਾਮ ਵਿਚ। ਨੀਸਾਣੁ—ਪਰਵਾਨਾ, ਰਾਹਦਾਰੀ, ਆਦਰ ।੧। ਰਹਾਉ ।

ਸਾਚਿ—ਸਦਾ ਥਿਰ ਹਰਿ ਨਾਮ ਵਿਚ। ਰਤੇ—ਰੰਗੇ ਹੋਏ। ਧੁਰਿ—ਧੁਰ ਦਰਗਾਹ ਤੋਂ। ਲਿਖਿ—ਲਿਖ ਕੇ। ਮਨਿ—ਮਨ ਵਿਚ । ਭਾਇਆ—ਪਿਆਰਾ ਲਗਾ । ਜੋਤੀ—ਪ੍ਰਭੂ ਦੀ ਜੋਤ ਵਿਚ। ਜੋਤਿ—ਜੀਵਾਤਮਾਂ ।੨।

ਤਾਰੇ—ਪਾਰ ਲੰਘਾਂਦਾ ਹੈ। ਪਰਸਾਦੀ—ਕ੍ਰਿਪਾ ਨਾਲ

ਨਾਮ ਪਿਆਰੁ—ਨਾਮ ਦਾ ਪਿਆਰ । ਮੁਕਤਿ—ਵਿਕਾਰਾਂ ਤੋਂ ਖਲਾਸੀ । ਤੇ—ਤੋਂ । ਪਲੈ ਪਾਈ—ਪ੍ਰਾਪਤ ਕਰਦਾ ਹੈ ।੩।

ਬੂਝੈ—ਸਮਝਦਾ ਹੈ । ਬੁਝਾਏ—ਸਮਝ ਬਖਸ਼ਦਾ ਹੈ । ਦ੍ਰਿੜਾਏ—ਹਿਰਦੇ ਵਿਚ ਪੱਕਾ ਕਰਦਾ ਹੈ । ਜਾਤਾ—ਡੂੰਘੀ ਸਾਂਝ ਪਾ ਲਈ । ਸੇ ਜਨ—ਉਹ ਮਨੁੱਖ । ਦਰਿ—ਪ੍ਰਭੂ ਦੇ ਦਰ ਤੇ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਉਹ ਐਸੀ ਕਿਹੜੀ ਤਾਕਤ ਹੈ ਜਿਸਨੇ ਕਿ ਸਾਰੀ ਹੀ ਲੁਕਾਈ ਨੂੰ ਕੁਰਾਹੇ ਪਾ ਰਖਿਆ ਹੈ ?

1. ਉ:—ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ, ਉਸ ਪ੍ਰਭੂ ਦੀ ਬਖਸ਼ਸ਼ ਤੋਂ ਬਿਨਾ ਸਾਰੀ (ਲੁਕਾਈ) ਨੂੰ ਭਟਕਣਾ ਨੇ ਕੁਰਾਹੇ ਪਾ ਰਖਿਆ ਹੈ ।

2. ਐ ਪਿਆਰੇ ! ਇਸੇ ਮਾਇਆ ਦੇ ਮੋਹ ਵਿਚ ਫਸ ਕੇ (ਲੁਕਾਈ) ਬਹੁਤ ਹੀ ਦੁੱਖ ਪਾਂਦੀ ਹੈ ।

ਪ੍ਰ:—ਸ੍ਰੀ ਜੀਉ ! ਮਨੁੱਖ ਦੇ ਮਨ ਦੀ ਇਤਨੀ ਗਿਰਾਵਟ ਕਿਉਂ ਹੋ ਰਹੀ ਹੈ ?

3. ਉ:—ਹੇ ਭਾਈਓ ! ਅਸਲ ਵਿਚ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਰਹਿੰਦੇ ਹਨ, (ਇਸੇ ਲਈ, ਮੋਹ ਦਾ ਗ੍ਰਸਿਆ ਹੋਇਆ ਮਨੁੱਖ) ਆਤਮਕ ਸ਼ਾਂਤੀ ਦਾ ਟਿਕਾਣਾ ਪ੍ਰਾਪਤ ਨਹੀਂ ਕਰ ਸਕਦਾ, (ਵਿਕਾਰਾਂ ਵਿਚ ਹੀ ਫਸਿਆ ਰਹਿੰਦਾ ਹੈ) ।

ਪ੍ਰ:—ਕਿਉਂ ਜੀ ! ਉਹ ਕਿਵੇਂ ?

4. ਉ:—ਹੇ ਭਾਈ ! ਉਹ ਇਉਂ ਹੀ ਜਾਣੋ ਜਿਵੇਂ ਕਿ, ਗੰਦ ਦਾ ਕੀੜਾ ਗੰਦ ਵਿਚ ਹੀ ਮਸਤ ਰਹਿੰਦਾ ਹੈ ।੧।

ਪ੍ਰ:—ਸ੍ਰੀ ਜੀਉ ! ਉਸ ਰੱਬੀ ਦਰਬਾਰ ਵਿਚ ਕੌਣ ਮਨੁੱਖ ਆਦਰ ਪਾਉਂਦੇ ਹਨ ?

5. ਉ:—ਹੇ ਪਿਆਰੇ ! ਜਿਹੜਾ ਮਨੁੱਖ ਪ੍ਰਮਾਤਮਾਂ ਦੀ ਰਜ਼ਾ ਨੂੰ (ਮਿੱਠਾ ਕਰ ਕੇ) ਮੰਨਦਾ ਹੈ ।

6. ਅਤੇ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਜੀ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ । ਉਹ ਮਨੁੱਖ (ਪ੍ਰਮਾਤਮਾਂ ਦੀ ਹਜ਼ੂਰੀ ਵਿਚ) ਕਬੂਲ ਹੋ ਜਾਂਦਾ ਹੈ, ਆਦਰ ਪਾਂਦਾ ਹੈ ।੧।ਰਹਾਉ।

7. ਹੇ ਭਾਈਓ ! ਜਿਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹ ਤੋਂ ਭਗਤੀ ਦਾ ਲੇਖ ਲਿਖਿਆ ਹੁੰਦਾ ਹੈ, ਉਹ ਸਦਾ ਥਿਰ ਹਰਿ ਨਾਮ ਵਿਚ ਰੰਗੇ ਰਹਿੰਦੇ ਹਨ ।

8. ਪ੍ਰਮਾਤਮਾਂ ਦਾ ਨਾਮ ਸਦਾ ਉਨ੍ਹਾਂ ਨੂੰ ਆਪਣੇ ਮਨ ਵਿਚ ਪਿਆਰਾ ਲਗਦਾ ਹੈ ।

9. ਹੇ ਭਾਈ ! ਗੁਰੂ ਦੀ ਬਾਨੀ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰ ਸਦਾ ਆਤਮਕ ਅਨੰਦ ਬਣਿਆ ਰਹਿੰਦਾ ਹੈ ।

10. (ਕਿਉਂਕਿ) ਬਾਨੀ ਉਨ੍ਹਾਂ ਦੀ ਜਿੰਦ ਨੂੰ ਪ੍ਰਮਾਤਮਾਂ ਦੀ ਜੋਤ ਵਿਚ ਮਿਲਾ ਦੇਂਦੀ ਹੈ ।੨।

11. ਐ ਪਿਆਰੇ ! ਇਹ ਨਿਸ਼ਚਾ ਰਖੋ ਕਿ, ਪ੍ਰਮਾਤਮਾਂ ਦਾ ਇਕ ਨਾਮ ਹੀ ਜਗਤ ਨੂੰ (ਵਿਕਾਰਾਂ ਭਰੇ ਸਮੁੰਦਰ ਤੋਂ) ਪਾਰ ਲੰਘਾਂਦਾ ਹੈ ।

12. ਪਰ, ਹੇ ਭਾਈ ! ਨਾਮ ਦਾ ਪਿਆਰ (ਭੀ) ਗੁਰੂ ਦੀ ਕ੍ਰਿਪਾ ਨਾਲ ਬਣਦਾ ਹੈ ।

13. ਹੇ ਭਾਈਓ ! ਪ੍ਰਮਾਤਮਾਂ ਦੇ ਨਾਮ ਤੋਂ ਬਿਨਾ ਕਿਸੇ ਭੀ ਮਨੁੱਖ ਨੇ ਵਿਕਾਰਾਂ ਤੋਂ ਖਲਾਸੀ ਹਾਸਲ ਨਹੀਂ ਕੀਤੀ ।

14. ਨਾਮ ਦੀ ਦਾਤ ਪੂਰਨ ਗੁਰੂ ਤੋਂ ਹੀ ਮਿਲਦੀ ਹੈ ।੩।

ਪ੍ਰ:—ਕਿਉਂ ਜੀ ! ਲੋਕਾਈ ਜੀਵਨ ਦਾ ਸਹੀ ਰਸਤਾ ਕਿਉਂ ਨਹੀਂ ਲੱਭਦੀ ?

15. ਉ:—ਹੇ ਭਾਈਓ ! ਜੀਵਨ ਦਾ ਸਹੀ ਮਾਰਗ ਸਮਝਣਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ, ਉਹੀ ਮਨੁੱਖ ਸਮਝਦਾ ਹੈ ਜਿਸ ਨੂੰ ਪ੍ਰਮਾਤਮਾਂ ਆਪ (ਹੀ) ਸਮਝਾਂਦਾ ਹੈ ।

16. ਪ੍ਰਮਾਤਮਾਂ ਉਸ ਨੂੰ ਗੁਰੂ ਦੀ ਸ਼ਰਨ ਪਾ ਕੇ ਉਸ ਦੇ ਹਿਰਦੇ ਵਿਚ ਆਪਣਾ ਨਾਮ ਪੱਕਾ ਕਰਦਾ ਹੈ ।

17. ਹੇ ਪਿਆਰੇ ! ਜਿਨ੍ਹਾਂ ਮਨੁੱਖਾਂ ਨੇ ਪ੍ਰਮੇਸ਼ਰ ਨਾਲ ਡੂੰਘੀ ਸਾਂਝ ਪਾ ਲਈ ਹੈ, ਉਹ ਰੱਬੀ ਦਰਬਾਰ ਵਿਚ ਕਬੂਲ ਹੋ ਗਏ ਹਨ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਹ ਮਨੁੱਖ ਪ੍ਰਮਾਤਮਾਂ ਦੇ ਨਾਮ ਵਿਚ ਰੰਗੇ ਗਏ ਤੇ ਪ੍ਰਮਾਤਮਾਂ ਦੇ ਦਰ ਤੇ ਉਨ੍ਹਾਂ ਨੂੰ ਹੀ ਆਦਰ ਮਿਲਿਆ ਹੈ ।੪।੧੦।

ਭਾਵਾਰਥ :—ਇਕ ਹਰੀ ਦੀ ਮਿਹਰ ਤੋਂ ਸਖਣਾ ਮਨੁੱਖ ਭਰਮਾਂ ਵਿਚ ਪਿਆ ਰਹਿੰਦਾ ਹੈ, ਇਸ ਦੇ ਅੰਦਰ ਸਚੇ ਨਾਮ ਦੀ ਲਗਨ ਨਹੀਂ ਲਗਦੀ, ਜੀਵਾਂ ਨੂੰ ਭਰਮ ਦੀ ਭਟਕਣਾ ਤੋਂ ਛੁੱਟਣ ਲਈ ਗੁਰੂ ਸ਼ਰਨ ਵਿਚ ਆਉਣ ਦੀ ਪ੍ਰੇਰਨਾ ਕਰਦੇ ਹਨ । ਤਾਂ ਕਿ ਇਸ ਵਿਕਾਰਾਂ ਭਰੇ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੋ ਸਕੇ ।

ਬਸੰਤੁ ਮਹਲਾ ੩ ॥

1. ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥
2. ਆਪੇ ਆਪਿ ਵਸੈ ਮਨਿ ਆਏ ॥
3. ਨਿਹਚਲ ਮਤਿ ਸਦਾ ਮਨ ਧੀਰ ॥
4. ਹਰਿ ਗੁਣ ਗਾਵੈ ਗੁਣੀ ਗਹੀਰ ॥੧॥
5. ਨਾਮਹੁ ਭੂਲੇ ਮਰਹਿ ਬਿਖੁ ਖਾਇ ॥
6. ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥
7. ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥
8. ਬਹੁ ਅਭਿਮਾਨਿ ਅਪਣੀ ਪਤਿ ਖੋਇ ॥
9. ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥
10. ਬਾਹਰਿ ਜਾਦਾ ਘਰ ਮਹਿ ਆਣਿਆ ॥੨॥

11. **ਘਰ ਮਹਿ ਵਸਤੁ ਅਗਮ ਅਪਾਰਾ ॥**
12. **ਗੁਰਮਤਿ ਖੋਜਹਿ ਸਬਦਿ ਬੀਚਾਰਾ ॥**
13. **ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥**
14. **ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥**
15. **ਆਪਿ ਕਰੇ ਕਿਛੁ ਕਰਣੁ ਨ ਜਾਇ ॥**
16. **ਆਪੇ ਭਾਵੈ ਲਏ ਮਿਲਾਇ ॥**
17. **ਤਿਸ ਤੇ ਨੇੜੈ ਨਾਹੀ ਕੋ ਦੂਰਿ ॥**
18. **ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥**

ਪਦ ਅਰਥ:-ਕਰੇ-(ਪ੍ਰਮਾਤਮਾਂ) ਕਰਦਾ ਹੈ। ਆਪੇ-ਆਪ ਹੀ। ਮਨਿ-ਮਨ ਵਿਚ। ਆਇ-ਆਇ ਆ ਕੇ। ਨਿਹਚਲ-ਨਾ ਡੋਲਣ ਵਾਲਾ। ਮਨ ਧੀਰ-ਮਨ ਦੀ ਧੀਰਜ। ਗਾਵੈ-ਗਾਂਦਾ ਹੈ। ਗੁਣੀ ਗਹੀਰ ਹਰਿ ਗੁਣ-ਗੁਣਾਂ ਦੇ ਖਜ਼ਾਨੇ ਅਤੇ ਵਡੇ ਜਿਗਰੇ ਵਾਲੇ ਹਰੀ ਦੇ ਗੁਣ।੧।

ਨਾਮਹੁ-ਨਾਮ ਤੋਂ। ਮਰਹਿ-ਆਤਮਕ ਮੌਤੇ ਮਰਦੇ ਹਨ। ਬਿਖੁ-ਆਤਮਕ ਮੌਤ ਲਿਆਉਣ ਵਾਲਾ ਮਾਇਆ ਦੇ ਮੋਹ ਦਾ ਜ਼ਹਿਰ। ਖਾਇ-ਖਾ ਕੇ। ਜਾਇ-ਜਾ ਕੇ, ਮਰ ਕੇ ।੧। ਰਹਾਉ।

ਸਾਂਤਿ-ਅਡੋਲਤਾ। ਅਭਿਮਾਨਿ-ਅਹੰਕਾਰ ਦੇ ਕਾਰਨ। ਪਤਿ-ਇੱਜ਼ਤ। ਖੋਇ-ਗਵਾ ਲੈਂਦਾ ਹੈ। ਸੇ-ਉਹ ਮਨੁੱਖ। ਜਾਂਦਾ-ਭਟਕਦਾ (ਮਨ)। ਆਇਆ-ਲਿਆਂਦਾ ।੨।

ਵਸਤੁ-ਹਰਿ ਨਾਮ ਪਦਾਰਥ। ਅਗਮ ਅਪਾਰਾ ਵਸਤੁ-ਅਪਹੁੰਚ ਤੇ ਬੇਅੰਤ ਹਰੀ ਦਾ ਨਾਮ ਪਦਾਰਥ। ਖੋਜਹਿ-ਭਾਲਦੇ ਹਨ। ਸਬਦਿ-ਸ਼ਬਦ ਦੀ ਰਾਹੀਂ,। ਬੀਚਾਰਾ-ਪ੍ਰਭੂ ਦੇ ਗੁਣਾਂ ਦੀ ਵਿਚਾਰ। ਨਵ ਨਿਧਿ-(ਧਰਤੀ ਦੇ ਸਾਰੇ ਹੀ) ਨੌਂ ਖਜ਼ਾਨੇ। ਰੰਗਿ-(ਪ੍ਰੇਮ) ਰੰਗ ਵਿਚ। ਸਚਿ-ਸਦਾ ਥਿਰ ਹਰਿ ਨਾਮ ਵਿਚ ।੩।

ਕਰਣੁ ਨ ਜਾਇ-ਕੀਤਾ ਨਹੀਂ ਜਾ ਸਕਦਾ। ਭਾਵੈ-ਚੰਗਾ ਲਗਦਾ ਹੈ। ਤੇ-ਤੋਂ। ਨਾਮਿ-ਨਾਮ ਵਿਚ। ਕੋ-ਕੋਈ ਜੀਵ ।੪।

ਅਰਥ :-

ਪ੍ਰ:-ਸ੍ਰੀ ਜੀਉ! ਉਸ **ਪ੍ਰਮੇਸ਼ਰ** ਨੂੰ ਆਪਣੇ ਮਨ ਵਿਚ ਵਸਾਉਣ ਦਾ ਤਾਂ ਲੋਕੀਂ ਬਹੁਤ ਜਤਨ ਕਰਦੇ ਹਨ, ਪਰ, ਵਧੇਰੇ ਇਸ ਦਾਤ ਤੋਂ ਸਖਣੇ ਹੀ ਰਹਿ ਜਾਂਦੇ ਹਨ, ਕੋਈ ਆਪ ਹੀ ਸਾਧਨ ਦਸੋ ?

1. ਉ:-ਹੇ ਭਾਈਓ! ਅਸਲ ਵਿਚ ਤਾਂ ਜਿਸ ਮਨੁੱਖ ਉਤੇ ਪ੍ਰਮਾਤਮਾਂ ਮਿਹਰ ਕਰਦਾ ਹੈ, ਉਸ ਨੂੰ ਗੁਰੂ ਮਿਲਾਂਦਾ ਹੈ।
2. (ਅਤੇ ਗੁਰੂ ਦੀ ਰਾਹੀਂ) ਆਪ ਹੀ ਉਸ ਦੇ ਮਨ ਵਿਚ ਆ ਵਸਦਾ ਹੈ।

ਪ੍ਰ:-ਗੁਰਦੇਵ ਜੀਉ! ਉਸ ਮਨੁੱਖ ਦੀ ਪਛਾਣ ਕੀ ਹੈ ?

3. ਉ:-ਹੇ ਭਾਈ! ਉਸ ਦੀ ਮਤਿ (ਵਿਕਾਰਾਂ ਦੇ ਹਲਿਆਂ ਵਲੋਂ) ਅਡੋਲ ਰਹਿੰਦੀ ਹੈ ਅਤੇ ਉਸ ਦੇ ਮਨ ਦੀ (ਭੀ) ਸਦਾ ਧੀਰਜਤਾ ਬਣੀ ਰਹਿੰਦੀ ਹੈ।
4. ਉਹ ਮਨੁੱਖ ਗਣਾਂ ਦੇ ਖਜ਼ਾਨੇ ਵਡੇ ਜਿਗਰੇ ਵਾਲੇ ਹਰੀ ਦੇ ਗੁਣ ਗਾਂਦਾ ਰਹਿੰਦਾ ਹੈ ।੧।
5. ਪਰ, ਐ ਪਿਆਰੇ! ਪ੍ਰਮਾਤਮਾਂ ਦੇ ਨਾਮ ਤੋਂ ਖੁੰਝੇ ਹੋਏ ਮਨੁੱਖ (ਆਤਮਕ ਮੌਤ ਲਿਆਉਣ ਵਾਲਾ ਮਾਇਆ ਦੇ ਮੋਹ ਦਾ) ਜ਼ਹਿਰ ਖਾ ਕੇ ਆਤਮਕ ਮੌਤ **ਸਹੇੜ** ਲੈਂਦੇ ਹਨ।
6. ਉਨ੍ਹਾਂ ਦੀ ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ, ਉਹ ਮੁੜ ਮੁੜ ਜੂਨਾਂ ਵਿਚ ਪਏ ਰਹਿੰਦੇ ਹਨ ।੧। ਰਹਾਉ।

ਪ੍ਰ:-ਸ੍ਰੀ ਜੀਉ! ਬਹੁਤ ਲੋਕ ਤਾਂ ਵੇਖਣ ਵਿਚ ਆਉਂਦੇ ਹਨ ਕਿ, ਜ਼ਿੰਦਗੀ ਵਿਚ ਅਨੇਕਾਂ ਤਰ੍ਹਾਂ ਦੇ ਭੇਖ ਹੀ ਬਦਲਦੇ ਰਹਿੰਦੇ ਹਨ, ਕੀ ਉਨ੍ਹਾਂ ਦੇ ਮਨ ਨੂੰ ਇਸ ਤਰ੍ਹਾਂ ਸ਼ਾਂਤ ਹੋ ਆਉਂਦੀ ਹੈ ?

7. ਉ:-ਹੇ ਭਾਈਓ! ਸੁਣੋ, ਨਾਮ ਤੋਂ ਖੁੰਝ ਕੇ ਜਿਹੜੇ ਮਨੁੱਖ ਨਿਰੇ ਕਈ ਤਰ੍ਹਾਂ ਦੇ ਧਾਰਮਕ ਭੇਖ ਹੀ ਕਰਦੇ ਰਹਿੰਦੇ ਹਨ, (ਸੱਚ ਜਾਨੋ) ਇਸ ਤਰ੍ਹਾਂ ਉਨ੍ਹਾਂ ਦੇ ਮਨ ਵਿਚ ਸ਼ਾਂਤ ਨਹੀਂ ਆ ਸਕਦੀ।
8. ਹੇ ਪਿਆਰੇ! ਉਹ ਤਾਂ ਸਗੋਂ ਭੇਖ ਦੇ ਬਹੁਤੇ ਅਹੰਕਾਰ ਦੇ ਕਾਰਨ (ਭੇਖਾ ਧਾਰੀ ਮਨੁੱਖ ਲੋਕ ਪ੍ਰਲੋਕ ਵਿਚ) ਆਪਣੀ ਇੱਜ਼ਤ ਗਵਾ ਲੈਂਦਾ, ਹੈ।
9. ਹੇ ਭਾਈਓ! ਵਡੇ ਭਾਗਾਂ ਵਾਲੇ ਤਾਂ ਉਹੀ ਮਨੁੱਖ ਹਨ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨਾਲ ਡੂੰਘੀ ਸਾਂਝ ਪਾ ਲਈ ਹੈ।
10. ਅਤੇ ਸ਼ਬਦ ਦੀ ਬਰਕਤ ਨਾਲ ਆਪਣੇ ਬਾਹਰ ਭਟਕਦੇ ਮਨ ਨੂੰ ਅੰਦਰ ਵਲ ਮੋੜ ਲਿਆਂਦਾ ਹੈ ।੨।
11. ਹੇ ਭਾਈ! ਉਸ ਅਪਹੁੰਚ ਅਤੇ ਬੇਅੰਤ ਪ੍ਰਮਾਤਮਾਂ ਦਾ ਨਾਮ ਪਦਾਰਥ (ਮਨੁੱਖ ਦੇ) ਹਿਰਦੇ ਵਿਚ ਹੀ ਵਸਦਾ ਹੈ।
12. ਪਰ, ਗੁਰੂ ਦੀ ਮੱਤ ਉਤੇ ਤੁਰ ਕੇ ਗੁਰੂ ਦੇ ਸ਼ਬਦ ਦੀ ਰਾਹੀਂ ਜੋ ਮਨੁੱਖ ਖੋਜ ਕਰਦੇ ਹਨ। (ਉਹ ਪ੍ਰਮਾਤਮਾਂ ਦੇ ਗੁਣਾਂ ਦੀ) ਵਿਚਾਰ ਕਰ ਕੇ ਨਾਮਪਦਾਰਥ ਦੀ) ਭਾਲ ਕਰਦੇ ਹਨ।
13. ਉਨ੍ਹਾਂ ਨੇ (ਧਰਤੀ ਦੇ) ਨੌਂ ਖਜ਼ਾਨਿਆਂ ਦੇ ਤੁੱਲ ਹਰਿ ਨਾਮ ਨੂੰ ਆਪਣੇ ਹਿਰਦੇ ਵਿਚ ਹੀ ਲਭ ਲਿਆ ਹੈ।
14. ਹੇ ਭਾਈ! ਉਹ ਮਨੁੱਖ ਸਦਾ ਹੀ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਸਦਾ ਥਿਰ ਹਰਿ ਨਾਮ ਵਿਚ ਹੀ ਲੀਨ ਰਹਿੰਦੇ ਹਨ ।੩।
15. ਪਰ, ਹੇ ਭਾਈਓ! (ਨਾਮ ਤੋਂ ਖੁੰਝੇ ਰਹਿਣਾ ਜਾਂ ਨਾਮ ਵਿਚ ਲੀਨ ਰਹਿਣਾ ਇਹ ਸਭ ਕੁਝ) ਪ੍ਰਮਾਤਮਾਂ ਆਪ ਹੀ ਕਰਦਾ ਹੈ (ਜੀਵ ਪਾਸੋਂ ਆਪਣੇ ਆਪ) ਕੁਝ ਕੀਤਾ ਨਹੀਂ ਜਾ ਸਕਦਾ।

16. ਹੇ ਪਿਆਰੇ ! ਜਿਸ ਉਤੇ ਉਹ ਪ੍ਰਭੂ ਆਪ ਹੀ ਮੇਹਰ ਕਰਦਾ ਹੈ, ਉਸ ਨੂੰ ਆਪਣੇ ਨਾਲ ਜੋੜ ਲੈਂਦਾ ਹੈ ।
17. ਹੇ ਭਾਈਓ ! (ਆਪਣੇ ਉੱਦਮ ਦੇ ਆਸਰੇ) ਨਾ ਕੋਈ ਮਨੁੱਖ ਉਸ ਤੋਂ ਨੇੜੇ ਹੈ, ਨਾ ਕੋਈ ਮਨੁੱਖ ਉਸਤੋਂ ਦੂਰ ਹੈ ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਹੜਾ ਮਨੁੱਖ ਉਸ ਦੀ ਮਿਹਰ ਨਾਲ ਉਸ ਦੇ ਨਾਮ ਵਿਚ ਟਿਕ ਜਾਂਦਾ ਹੈ, ਉਸ ਨੂੰ ਉਹ ਹਰ ਥਾਂ (ਹੀ) ਵਿਆਪਕ ਦਿਸਦਾ ਹੈ ।੪।੧੧।

ਭਾਵਾਰਥ :–ਉਹ ਹੈ ਤਾਂ ਪ੍ਰਮੇਸ਼ਰ ਹਰ ਥਾਂ ਹੀ ਵਿਆਪਕ, ਪਰ ਜਦ ਉਸ ਦੀ ਕਿਸੇ ਤੇ ਮੇਹਰ ਹੋ ਜਾਂਦੀ ਹੈ ਤਾਂ ਗੁਰੂ ਨਾਲ ਮਿਲਾਪ ਕਰਵਾਂਦਾ ਹੈ, ਜਿਸ ਦੇ ਰਾਹੀਂ ਮਨ ਹੋਰਨਾਂ ਪਾਸਿਆਂ ਤੋਂ ਰੁੱਕ ਕੇ ਆਪਣੇ ਅੰਦਰ ਹੀ ਹਰੀ ਨਾਮ ਤੇ ਨੌਂ ਨਿਧ ਭੰਡਾਰ ਲਭ ਲੈਂਦਾ ਹੈ, ਪਰ ਜਿਹੜੇ ਨਾਮ ਤੋਂ ਵਿਛੜੇ ਰਹਿੰਦੇ ਹਨ ਉਹ ਭਰਮ ਵਿਚ ਭੁੱਲੇ ਹੋਏ ਵਿਛੜੇ ਰਹਿੰਦੇ ਹਨ, ਭੇਖਾਂ ਤੇ ਭਰਮਾਂ ਵਿਚ ਭੁਲੇ ਹੋਏ ਅਭਿਮਾਨ ਵਿਚ ਭਟਕਦੇ ਫਿਰਦੇ ਹਨ ।

ਬਸੰਤੁ ਮਹਲਾ ੩ ॥

1. **ਗੁਰ ਸਬਦੀ ਹਰਿ ਚੇਤਿ ਸੁਭਾਇ ॥**
2. **ਰਾਮ ਨਾਮ ਰਸਿ ਰਹੇ ਅਘਾਇ ॥**
3. **ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥**
4. **ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥**
5. **ਹਰਿ ਕੀ ਦਾਤਿ ਹਰਿ ਜੀਉ ਜਾਣੈ ॥**
6. **ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣ ਦਾਤਾ ਨਾਮੁ ਵਖਾਣੈ ॥੧॥ ਰਹਾਉ ॥**
7. **ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥**
8. **ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥**
9. **ਗੁਰਮਤਿ ਨਾਮੁ ਪਰਾਪਤਿ ਹੋਇ ॥**
10. **ਵਡਭਾਗੀ ਹਰਿ ਪਾਵੈ ਸੋਇ ॥੨॥**
11. **ਕਲਿ ਮਹਿ ਰਾਮ ਨਾਮਿ ਵਡਿਆਈ ॥**
12. **ਗੁਰ ਪੂਰੇ ਤੇ ਪਾਇਆ ਜਾਈ ॥**
13. **ਨਾਮਿ ਰਤੇ ਸਦਾ ਸੁਖੁ ਪਾਈ ॥**
14. **ਬਿਨੁ ਨਾਮੈ ਹਉਮੈ ਜਲਿ ਜਾਈ ॥੩॥**
15. **ਵਡਭਾਗੀ ਹਰਿ ਨਾਮੁ ਬੀਚਾਰਾ ॥**
16. **ਛੂਟੈ ਰਾਮ ਨਾਮਿ ਦੁਖੁ ਸਾਰਾ ॥**
17. **ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥**
18. **ਨਾਨਕ ਜਾਣੈ ਸਭੁ ਉਪਾਵਣਹਾਰਾ ॥੪॥੧੨॥**

ਪਦ ਅਰਥ :–ਸਬਦੀ–ਸ਼ਬਦ ਦੀ ਰਾਹੀਂ । ਚੇਤਿ–ਚੇਤ ਕੇ, ਸਿਮਰ ਕੇ । ਸੁਭਾਇ–ਪਿਆਰ ਨਾਲ । ਰਸਿ–ਰਸ ਨਾਲ । ਰਹੇ ਅਘਾਇ–(ਮਾਇਆ ਦੀ ਤ੍ਰਿਸ਼ਨਾਂ ਵਲੋਂ) ਰਜਿਆ ਰਹਿੰਦਾ ਹੈ । ਕੋਟ–ਕਿਲ੍ਹੇ (ਸਰੀਰ ਕਿਲ੍ਹੇ) । ਕੋਟ ਕੋਟੰਤਰ ਕੇ–ਕੋਟ ਕੋਟ ਅੰਤਰ ਕੇ, ਹੋਰ ਹੋਰ ਕਿਲ੍ਹਿਆਂ ਦੇ, ਅਨੇਕਾਂ ਸਰੀਰ ਕਿਲ੍ਹਿਆਂ ਦੇ, ਅਨੇਕਾਂ ਜਨਮਾਂ ਦੇ । ਜਲਿ ਜਾਹਿ–ਸੜ ਜਾਂਦੇ ਹਨ । ਜੀਵਤ ਮਰਹਿ–ਦੁਨੀਆਂ ਦੀ ਕਿਰਤ ਕਾਰ ਕਰਦੇ ਹੋਏ ਵਿਕਾਰਾਂ ਵਲੋਂ ਅਡੋਲ ਰਹਿੰਦੇ ਹਨ । ਨਾਮਿ–ਨਾਮ ਵਿਚ ।੧।

ਜਾਣੈ–ਜਾਣਦਾ ਹੈ । ਮਉਲਿਆ–ਖਿੜਿਆ ਹੋਇਆ । ਆਤਮਕ ਜੀਵਨ ਨਾਲ ਭਰਪੂਰ । ਵਖਾਣੈ–(ਉਹ ਮਨੁੱਖ) ਉਚਾਰਦਾ ਹੈ । ਹਰਿ ਗੁਣ ਦਾਤਾ ਨਾਮੁ–ਹਰੀ ਦੇ ਗੁਣ ਹਿਰਦੇ ਵਿਚ ਪੈਦਾ ਕਰਨ ਵਾਲਾ ਹਰਿ ਨਾਮ ।੧। ਰਹਾਉ ।

ਵੇਸਿ–ਵੇਸ ਨਾਲ, ਭੇਖ ਨਾਲ । ਭ੍ਰਮਿ–(ਧਰਤੀ ਉਤੇ) ਭੌਂ ਭੌਂ ਕੇ । ਮੁਕਤਿ–ਵਿਕਾਰਾਂ ਤੋਂ ਖਲਾਸੀ । ਸੰਜਮਿ–ਸੰਜਮ ਨਾਲ, ਕਠਨ ਤਪਾਂ ਨਾਲ, ਨਿਰੇ ਵਿਕਾਰਾਂ ਤੋਂ ਬਚਨ ਦੇ ਜਤਨ ਨਾਲ । ਸੋਇ–ਉਹ ਮਨੁੱਖ ।੨।

ਕਲਿ ਮਹਿ–ਬਖੇੜਿਆਂ ਭਰੇ ਜਗਤ ਵਿਚ । ਨਾਮਿ–ਨਾਮ ਦੀ ਰਾਹੀਂ । ਤੇ–ਤੋਂ, ਦੀ ਰਾਹੀਂ । ਹਉਮੈ–ਅਹੰਕਾਰ ਵਿਚ । ਜਲਿ ਜਾਈ–ਸੜਦਾ ਹੈ, ਆਤਮਕ ਜੀਵਨ ਸੁਆਹ ਕਰ ਲੈਂਦਾ ਹੈ ।੩।

ਬੀਚਾਰਾ–ਵਿਚਾਰਦਾ, ਸੋਚ ਮੰਡਲ ਵਿਚ ਵਸਾਂਦਾ । ਛੂਟੈ–ਮੁੱਕ ਜਾਂਦਾ ਹੈ । ਹਿਰਦੈ–ਹਿਰਦੇ ਵਿਚ । ਸੁ–ਉਹ ਪ੍ਰਭੂ । ਸਭੁ–ਹਰ ਥਾਂ (ਵਸਦਾ) । ਉਪਾਵਣਹਾਰਾ–ਸਿਰਜਨਹਾਰ ।੪।

ਅਰਥ :–

ਪ੍ਰ:–ਸ੍ਰੀ ਜੀਉ ! ਮਾਇਆ ਦੀ ਤ੍ਰਿਸ਼ਨਾਂ ਵਲੋਂ ਤਾਂ ਮਨੁੱਖ ਦੀ ਕਿਵੇਂ ਭੀ ਤ੍ਰਿਪਤੀ ਨਹੀਂ ਹੁੰਦੀ, ਕੋਈ ਆਪ ਹੀ ਰਜੇਵੇਂ ਦਾ ਸਾਧਨ ਦਸੋ ?

1. ਉ:–ਹੇ ਭਾਈਓ ! ਕੇਵਲ ਇਕੋ ਹੀ ਸਾਧਨ ਹੈ ਕਿ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰੇਮ ਨਾਲ ਪ੍ਰਮੇਸ਼ਰ ਜੀ ਨੂੰ ਯਾਦ ਕਰ ਕਰ ਕੇ ।
2. ਮਨੁੱਖ ਹਰਿ ਨਾਮ ਦੇ ਸੁਆਦ ਦੀ ਬਰਕਤ ਨਾਲ (ਮਾਇਆ ਦੀ ਤ੍ਰਿਸ਼ਨਾਂ ਵਲੋਂ) ਰੱਜਿਆ ਰਹਿੰਦਾ ਹੈ ।
3. ਉਨ੍ਹਾਂ ਦੇ ਕੋਟਾਨ ਕੋਟ ਜਨਮਾਂ ਦੇ ਪਾਪ ਸੜ ਜਾਂਦੇ ਹਨ ।
4. ਜਿਹੜੇ ਮਨੁੱਖ ਹਰਿ ਨਾਮ ਵਿਚ ਲੀਨ ਰਹਿੰਦੇ ਹਨ ਉਹ ਦੁਨੀਆਂ ਦੀ ਕਿਰਤ ਕਾਰ ਕਰਦੇ ਹੋਏ ਹੀ ਮਾਇਆ ਦੇ ਮੋਹ ਵਲੋਂ ਬਚੇ ਰਹਿੰਦੇ ਹਨ ।੧।

ਪ੍ਰ:–ਸ੍ਰੀ ਜੀਉ ! ਆਪ ਜੀ ਦੇ ਵਿਚਾਰ ਅਨੁਸਾਰ ਨਾਮ ਦੀ ਦਾਤ ਕਿਸ ਨੂੰ ਪ੍ਰਾਪਤ ਹੁੰਦੀ ਹੈ ?

5. ਉ:–ਹੇ ਭਾਈਓ ! ਉਹ ਪ੍ਰਮਾਤਮਾਂ ਆਪ ਹੀ ਜਾਣਦਾ ਹੈ ਕਿ ਆਪਣੇ ਨਾਮ ਦੀ ਦਾਤ ਕਿਸ ਨੂੰ ਦੇਣੀ ਹੈ ।
6. ਐ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ

ਪ੍ਰਭੂ ਦੇ ਗੁਣਾਂ ਦੀ ਬਖਸ਼ਸ਼ ਕਰਨ ਵਾਲਾ ਹਰਿ ਨਾਮ ਉਚਾਰਨ ਕਰਦਾ ਹੈ, ਉਸਦਾ ਇਹ ਮਨ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਕਈ ਲੋਕ ਭਗਵਾ ਲਿਬਾਸ ਧਾਰ ਕੇ ਸਦਾ ਧਰਤੀ ਦਾ ਚੱਕਰ ਹੀ ਲਾਉਂਦੇ ਹਨ, ਕੀ ਉਨ੍ਹਾਂ ਨੂੰ ਮੁਕਤ ਹਾਸਲ ਹੋ ਜਾਂਦੀ ਹੈ ।

7. ਉ:—ਹੇ ਭਾਈਓ ! ਭਗਵੇ ਰੰਗ ਦੇ ਭੇਖ ਨਾਲ (ਧਰਤੀ ਉਤੇ) ਭੌਂ ਕੇ ਵਿਕਾਰਾਂ ਤੋਂ ਖਲਾਸੀ ਨਹੀਂ ਹੁੰਦੀ ।

8. ਹੇ ਪਿਆਰੇ ! ਕਠਨ ਤਪਾਂ ਨਾਲ ਨਿਰੇ ਵਿਕਾਰਾਂ ਤੋਂ ਬਚਣ ਦੇ ਜਤਨ ਨਾਲ ਭੀ ਕੋਈ ਮਨੁੱਖ ਆਤਮਕ ਸ਼ਾਂਤੀ ਨਹੀਂ ਪ੍ਰਾਪਤ ਕਰ ਸਕਦਾ ।

9. ਪਰ, ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਮਤਿ ਲੈਂਦਾ ਹੈ ਉਸੇ ਨੂੰ ਹੀ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ ।

10. ਉਹ ਵਡਭਾਗੀ ਮਨੁੱਖ ਪ੍ਰਮੇਸ਼ਰ ਜੀ ਨੂੰ ਮਿਲ ਪੈਂਦਾ ਹੈ।੧।

11. ਹੇ ਭਾਈਓ ! ਇਸ ਬਖੇੜਿਆਂ ਭਰੇ ਜਗਤ ਵਿਚ ਪ੍ਰਮਾਤਮਾਂ ਦੇ ਨਾਮ ਦੀ ਰਾਹੀਂ ਹੀ (ਲੋਕ ਪ੍ਰਲੋਕ ਦੀ) ਇੱਜ਼ਤ ਮਿਲਦੀ ਹੈ ।

12. ਪਰ, ਐ ਪਿਆਰੇ ! ਇਹ ਨਾਮ ਪੂਰੇ ਗੁਰੂ ਦੁਆਰੇ ਹੀ ਮਿਲਦਾ ਹੈ ।

13. ਨਾਮ (ਦੇ ਪਿਆਰ ਰੰਗ) ਵਿਚ ਰੰਗੀਜ ਕੇ ਮਨੁੱਖ ਸਦਾ ਹਰੇਕ ਜੁਗ ਵਿਚ ਹੀ ਸੁਖ ਮਾਣਦਾ ਹੈ ।

14. ਹੇ ਭਾਈਓ ! ਨਾਮ ਤੋਂ ਬਿਨਾ ਮਨੁੱਖ ਹਉਮੈਂ ਦੀ ਅੱਗ ਵਿਚ ਆਪਣਾ ਆਤਮਕ ਜੀਵਨ ਸੁਆਹ ਕਰ ਲੈਂਦਾ ਹੈ।੩।

15. ਹੇ ਪਿਆਰੇ ! ਜਿਹੜਾ ਭਾਗਾਂ ਵਾਲਾ ਮਨੁੱਖ ਪ੍ਰਮਾਤਮਾਂ ਦੇ ਨਾਮ ਨੂੰ ਆਪਣੇ ਸੋਚ ਮੰਡਲ ਵਿਚ ਵਸਾਂਦਾ ਹੈ ।

16. ਨਾਮ ਦੀ ਬਰਕਤ ਨਾਲ ਉਸ ਦਾ ਸਾਰਾ ਦੁੱਖ ਮੁੱਕ ਜਾਂਦਾ ਹੈ ।

17. ਹੇ ਭਾਈ ! (ਉਹ ਜਾਣਦਾ ਹੈ ਕਿ ਜਿਹੜਾ ਪ੍ਰਭੂ) ਹਿਰਦੇ ਵਿਚ ਵਸ ਰਿਹਾ ਹੈ, ਬਾਹਰ ਜਗਤ ਵਿਚ ਭੀ ਉਹੀ ਪਸਰਿਆ ਹੋਇਆ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਹ ਮਨੁੱਖ ਹਰ ਥਾਂ ਸਿਰਜਨਹਾਰ ਨੂੰ ਹੀ ਵਸਦਾ ਸਮਝਦਾ ਹੈ ।੪।੧੨।

ਭਾਵਾਰਥ :—ਅਨੇਕਾਂ ਹੀ ਲੋਕ ਹਰੀ ਨਾਮ ਨੂੰ ਪ੍ਰਾਪਤ ਕਰਨ ਦੇ ਲਈ ਅਨੰਤ ਹੀ ਸਾਧਨ ਕਰਦੇ ਹਨ, ਪਰ ਉਹ ਸਰਬ ਸੁਖ ਦਾਤਾ ਹਰਿ ਨਾਮ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਮਿਲਦਾ ਹੈ, ਉਹ ਭੀ ਤਦ ਜਦੋਂ ਹਰੀ ਆਪ ਹੀ ਮਿਹਰ ਕਰੇ, ਭੇਖਾਂ ਤੇ ਸੰਜਮਾਂ ਨਾਲ ਉਸ ਨੂੰ ਕੋਈ ਭੀ ਪ੍ਰਾਪਤ ਨਹੀਂ ਕਰ ਸਕਦਾ ।

ਬਸੰਤੁ ਮਹਲਾ ੩ ਇਕ ਤੁਕੇ ॥

1. ਤੇਰਾ ਕੀਆ ਕਿਰਮ ਜੰਤੁ ॥
2. ਦੇਹਿ ਤ ਜਾਪੀ ਆਦਿ ਮੰਤੁ ॥੧॥
3. ਗੁਣ ਆਖਿ ਵੀਚਾਰੀ ਮੇਰੀ ਮਾਇ ॥
4. ਹਰਿ ਜਪਿ ਹਰਿ ਕੈ ਲਗਉ ਪਾਇ ॥੧॥ ਰਹਾਉ ॥
5. ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥
6. ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥੨॥
7. ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥
8. ਸਹਜ ਭਾਇ ਪਾਇਆ ਹਰਿ ਨਾਮੁ ॥੩॥
9. ਊਤਮੁ ਊਚਾ ਸਬਦ ਕਾਮੁ ॥
10. ਨਾਨਕੁ ਵਖਾਣੈ ਸਾਚੁ ਨਾਮੁ ॥੪॥੧॥੧੩॥

ਪਦ ਅਰਥ :—ਇਕ ਤੁਕੇ—ਇਕ ਤੁਕ ਵਾਲੇ ਸ਼ਬਦ । ਕੀਆ—ਪੈਦਾ ਕੀਤਾ ਹੋਇਆ । ਕਿਰਮ—ਕੀੜਾ । ਕਿਰਮ ਜੰਤੁ—ਨਿਮਾਣਾ ਜੀਵ । ਦੇਹਿ—ਦੇਹਿ, ਜੇ ਤੂੰ ਦੇਵੇਂ । ਜਾਪੀ—ਜਾਪੀਂ, ਮੈਂ ਜਪਾਂ । ਆਦਿ ਮੰਤੁ—ਮੁੱਢਲਾ ਨਾਮ ਮੰਤ੍ਰ, ਸਤਿਨਾਮੁ ।੧।

ਆਖਿ—ਆਖ ਕੇ, ਬਿਆਨ ਕਰ ਕੇ । ਵੀਚਾਰੀ—ਵੀਚਾਰੀਂ, ਮੈਂ ਮਨ ਵਿਚ ਵਸਾਵਾਂ । ਮਾਇ—ਹੇ ਮਾਂ । ਜਪਿ—ਜਪ ਕੇ । ਲਗਉ—ਮੈਂ ਲਗਾਂ, ਲਗਉਂ । ਹਰਿ ਕੈ ਪਾਇ—ਪ੍ਰਭੂ ਦੀ ਚਰਨੀਂ ।੧। ਰਹਾਉ ।

ਪ੍ਰਸਾਦਿ—ਕ੍ਰਿਪਾ ਨਾਲ । ਨਾਮ ਸੁਆਦਿ—ਨਾਮ ਦੇ ਸੁਆਦ ਵਿਚ । ਵੈਰਿ—ਵੈਰ ਵਿਚ । ਵਾਦਿ—ਝਗੜੇ ਵਿਚ ।੨।

ਗੁਰਿ—ਗੁਰੂ ਨੇ । ਚੂਕਾ—ਮੁੱਕ ਗਿਆ । ਸਹਜ—ਆਤਮਕ ਅਡੋਲਤਾ । ਭਾਇ—ਪ੍ਰੇਮ ਵਿਚ ।੩।

ਸਬਦ ਕਾਮੁ—ਸਿਫਤ ਸਲਾਹ ਦੀ ਬਾਣੀ ਪੜ੍ਹਨ ਵਾਲਾ ਕੰਮ । ਨਾਨਕੁ ਵਖਾਣੈ—ਨਾਨਕ ਉਚਾਰਦਾ ਹੈ । ਸਾਚੁ—ਸਦਾ ਕਾਇਮ ਰਹਿਣ ਵਾਲਾ ।੪।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦੇ ਸਨਮੁਖ ਹੋ ਅਰਦਾਸ ਕਰਨ ਦੀ ਜਾਚ ਦਸੋ ?

1. ਉ:—ਹੇ ਭਾਈ ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਜੋਦੜੀ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ! ਮੈਂ ਤੇਰਾ ਹੀ ਪੈਦਾ ਕੀਤਾ ਹੋਇਆ ਤੁੱਛ ਜੀਵ ਹਾਂ ।
2. ਜੇ ਤੂੰ ਆਪ ਹੀ ਦੇਵੇਂ, ਤਾਂ ਹੀ ਮੈਂ ਤੇਰਾ ਸਤਿਨਾਮੁ ਮੰਤ੍ਰ ਜਪ ਸਕਦਾ ਹਾਂ ।੧।
3. ਹੇ (ਮੇਰੀ) ਮਾਂ ! (ਮੇਰੀ ਤਾਂਘ ਇਹੋ ਹੀ ਹੈ ਕਿ) ਮੈਂ ਪ੍ਰਮਾਤਮਾਂ ਦੇ ਗੁਣ ਉਚਾਰ ਕੇ ਉਨ੍ਹਾਂ ਨੂੰ ਆਪਣੇ ਮਨ ਵਿਚ ਵਸਾਈ ਰਖਾਂ ।
4. ਹਰਿ ਨਾਮ ਜਪ ਜਪ ਕੇ ਹਰੀ ਦੇ ਚਰਨਾਂ ਵਿਚ ਜੁੜਿਆ ਰਹਾਂ ।੧। ਰਹਾਉ ।

5. ਹੇ ਭਾਈ ! ਮਨੁੱਖ ਗੁਰੂ ਦੀ ਕ੍ਰਿਪਾ ਨਾਲ (ਹੀ) ਨਾਮ ਦੇ ਰਸ ਵਿਚ ਲਗ ਸਕਦਾ ਹੈ ।
6. ਹੇ ਭਾਈਓ ! ਵੈਰ ਵਿਚ ਵਿਰੋਧ ਵਿਚ ਕਿਉਂ ਆਪਣੀ ਜ਼ਿੰਦਗੀ ਗਵਾ ਰਹੇ ਹੋ (ਗੁਰੂ ਦੀ ਸ਼ਰਨ ਪਵੋ) ।੨।
7. ਹੇ ਪਿਆਰੇ ! ਜਿਸ ਮਨੁੱਖ ਉਤੇ ਗੁਰੂ ਨੇ ਮਿਹਰ ਕੀਤੀ ਹੈ । ਉਸ ਦੇ ਅੰਦਰੋਂ ਅਹੰਕਾਰ ਮੁੱਕ ਗਿਆ ਹੈ ।
8. ਉਸ ਨੇ ਆਤਮਕ ਅਡਲਤਾ ਦੇਣ ਵਾਲੇ ਪ੍ਰੇਮ ਵਿਚ ਟਿਕ ਕੇ ਪ੍ਰਮਾਤਮਾਂ ਦਾ ਨਾਮ ਪ੍ਰਾਪਤ ਕਰ ਲਿਆ ।੩।

ਪ੍ਰ:-ਸ੍ਰੀ ਜੀਉ ! ਜਗਤ ਵਿਚ ਸਾਰਿਆਂ ਤੋਂ ਉੱਤਮ ਕੰਮ ਕਿਹੜਾ ਹੈ ?

9. ਉ:-ਹੇ ਭਾਈਓ ! ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ ਪੜ੍ਹਨ ਵਾਲਾ ਕੰਮ ਹੋਰ ਸਾਰੇ ਕੰਮਾਂ ਨਾਲੋਂ ਸ੍ਰੇਸ਼ਟ ਉਚਾ ਹੈ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਇਸੇ ਲਈ ਹੀ ਮੈਂ ਸਦਾ ਥਿਰ ਪ੍ਰਭੂ ਦਾ ਨਾਮ ਉਚਾਰਦਾ ਰਹਿੰਦਾ ਹਾਂ ।੪।੧।੧੩।

ਭਾਵਾਰਥ :-ਸਰਵੋਤਮ ਕੇਵਲ ਇਕ ਨਾਮ ਦਾ ਹੀ ਰਸ ਹੈ, ਪਰ ਇਸ ਵਿਚ ਗੁਰੂ ਦੀ ਬਖਸ਼ਸ਼ ਨਾਲ ਹੀ ਲਗਿਆ ਜਾ ਸਕਦਾ ਹੈ ।

ਬਸੰਤੁ ਮਹਲਾ ੩ ॥

1. ਬਨਸਪਤਿ ਮਉਲੀ ਚੜਿਆ ਬਸੰਤੁ ॥
2. ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥
3. ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥
4. ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥
5. ਇਤੁ ਮਨਿ ਮਉਲਿਐ ਭਇਆ ਅਨੰਦੁ ॥
6. ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥
7. ਏਕੋ ਏਕੁ ਸਭੁ ਆਖਿ ਵਖਾਣੈ ॥
8. ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥
9. ਕਹਤ ਨਾਨਕੁ ਹਉਮੈ ਕਹੈ ਨ ਕੋਇ ॥
10. ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥

ਪਦ ਅਰਥ :-ਬਨਸਪਤਿ-ਰੁੱਖ ਬਿਰਖ ਘਾਹ ਬੂਟ ਆਦਿਕ, ਧਰਤੀ ਵਿਚੋਂ ਉਗੀ, ਉਤਭੁਜ । ਮਉਲੀ-ਹਰੀ ਭਰੀ ਹੋ ਜਾਂਦੀ ਹੈ, ਖਿੜ ਪੈਂਦੀ ਹੈ । ਮਉਲਿਆ-ਖਿੜ ਪੈਂਦਾ ਹੈ, ਹਰਾ ਭਰਾ ਹੋ ਜਾਂਦਾ ਹੈ, ਆਤਮਕ ਜੀਵਨ ਵਾਲਾ ਹੋ ਜਾਂਦਾ ਹੈ । ਸੰਗਿ-ਨਾਲ ।੧।

ਸਾਚੁ-ਸਦਾ ਥਿਰ ਹਰਿ ਨਾਮ । ਮੁਗਧ ਮਨਾ-ਹੇ ਮੂਰਖ ਮਨ । ਸੁਖੁ-ਆਤਮਕ ਅਨੰਦ ।੧। ਰਹਾਉ ।

ਇਤੁ-ਇਸ ਦੀ ਰਾਹੀਂ । ਇਤੁ ਮਨਿ-ਇਸ ਮਨ ਦੀ ਰਾਹੀਂ । ਇਤੁ ਮਨਿ ਮਉਲਿਐ-ਜੇ ਇਹ ਮਨ ਆਤਮਕ ਜੀਵਨ ਵਾਲਾ ਹੋ ਜਾਏ । ਅੰਮ੍ਰਿਤ ਫਲੁ-ਆਤਮਕ ਜੀਵਨ ਦੇਣ ਵਾਲਾ ਨਾਮ ਫਲ । ਨਾਮੁ ਗੋਬਿੰਦ-ਗੋਬਿੰਦ ਦਾ ਨਾਮ ।੨।

ਸਭੁ-ਹਰੇਕ ਜੀਵ । ਆਖਿ-ਆਖ ਕੇ । ਵਖਾਣੈ-ਦਸਦਾ ਹੈ । ਏਕੋ ਏਕੁ-ਪ੍ਰਮਾਤਮਾਂ ਇਕ ਆਪ ਹੀ ਆਪ ਹੈ । ਏਕੋ ਜਾਣੈ-ਇਕ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਪਾਂਦਾ ਹੈ ।੩।

ਕਹਤ ਨਾਨਕੁ-ਨਾਨਕ ਆਖਦਾ ਹੈ । ਸਾਹਿਬ ਤੇ-ਮਾਲਕ ਪ੍ਰਭੂ ਤੋਂ, ਮਾਲਕ ਦੀ ਪ੍ਰੇਰਨਾ ਨਾਲ ।੪।

ਅਰਥ :-

ਪ੍ਰ:-ਗੁਰਦੇਵ ਜੀਉ ! ਗੁਰੂ ਦੀ ਸੰਗਤ ਕਰਦੇ ਰਹਿਣ ਨਾਲ ਮਨ ਵਿਚ ਕਿਸ ਤਰ੍ਹਾਂ ਦੀ ਬਦਲ ਆ ਜਾਂਦੀ ਹੈ ?

1. ਉ:-ਹੇ ਭਾਈਓ ! ਵੇਖੋ, ਜਿਵੇਂ ਜਦੋਂ ਬਸੰਤ ਚੜ੍ਹਦਾ ਹੈ ਤਾਂ ਸਾਰੀ ਹੀ ਬਨਾਸਪਤੀ ਹਰੀ ਭਰੀ ਹੋ ਜਾਂਦੀ ਹੈ ।
2. ਤਿਵੇਂ ਹੀ ਗੁਰੂ ਦੀ ਸੰਗਤ ਵਿਚ ਰਹਿ ਕੇ ਇਹ ਮਨ (ਭੀ) (ਆਤਮਕ ਜੀਵਨ ਨਾਲ) ਹਰਾ ਭਰਾ ਹੋ ਜਾਂਦਾ ਹੈ ।੧।
3. (ਇਸ ਲਈ, ਹੇ ਭਾਈਓ ! ਤੁਸੀਂ ਭੀ ਆਪਣੇ ਮਨ ਨੂੰ ਇਉਂ ਹੀ ਸਮਝਾਉਂਦੇ ਰਿਹਾ ਕਰੋ ਕਿ), ਹੇ (ਮੇਰੇ) ਮੂਰਖ ਮਨ ! ਤੂੰ ਸਦਾ ਕਾਇਮ ਰਹਿਣ ਵਾਲੇ ਪ੍ਰਮੇਸ਼ਰ ਜੀ ਨੂੰ ਹੀ ਸਿਮਰਿਆ ਕਰ ।
4. ਤਦੋਂ ਹੀ, ਹੇ ਮੇਰੇ ਮਨ ! ਤੂੰ ਅਨੰਦ ਮਾਣ ਸਕੇਂਗਾ ।੧। ਰਹਾਉ ।
5. ਹੇ ਭਾਈ ! ਉਸ ਦਾ ਇਹ ਮਨ ਖਿੜ ਪੈਣ ਨਾਲ ਉਸ ਦੇ ਅੰਦਰ ਹੀ ਆਤਮਕ ਅਨੰਦ ਪੈਦਾ ਹੋ ਗਿਆ ।
6. (ਕਿਉਂਕਿ) ਉਸ ਨੇ ਗੁਰੂ ਦੀ ਸੰਗਤ ਵਿਚੋਂ ਗੋਬਿੰਦ ਦਾ ਨਾਮ ਹਾਸਲ ਕਰ ਲਿਆ ਹੈ, ਆਤਮਕ ਜੀਵਨ ਦੇਣ ਵਾਲਾ ਨਾਮ ਫਲ ਪ੍ਰਾਪਤ ਕਰ ਲਿਆ ।੨।
7. ਹੇ ਭਾਈਓ ! ਕਹਿਣ ਮਾਤ੍ਰ ਤਾਂ ਹਰੇਕ ਮਨੁੱਖ ਹੀ ਆਖ ਕੇ ਦਸਦਾ ਹੈ ਕਿ, ਸਭ ਥਾਈਂ ਪ੍ਰਮਾਤਮਾਂ ਆਪ ਹੀ ਆਪ ਹੈ ।
8. ਪਰ, ਐ ਪਿਆਰੇ ! ਜਦੋਂ ਮਨੁੱਖ ਪ੍ਰਮਾਤਮਾਂ ਦੀ ਰਜ਼ਾ ਨੂੰ ਸਮਝਦਾ ਹੈ, ਤਦੋਂ ਹੀ ਉਸ ਨਾਲ ਡੂੰਘੀ ਸਾਂਝ ਪਾਂਦਾ ਹੈ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਦੋਂ ਮਨੁੱਖ ਪ੍ਰਮਾਤਮਾਂ ਦੀ ਰਜ਼ਾ ਨੂੰ ਸਮਝ ਲੈਂਦਾ ਹੈ ਤਦੋਂ ਮਨੁੱਖ ਮੈਂ ਮੈਂ ਨਹੀਂ ਕਰਦਾ ।
10. ਹੇ ਪਿਆਰੇ ! ਤਦੋਂ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ, ਜੀਵ ਉਹੀ ਕੁਝ ਆਖਦਾ ਵੇਖਦਾ ਹੈ ਜੋ ਮਾਲਕ ਵਲੋਂ ਪ੍ਰੇਰਨਾ ਹੁੰਦੀ ਹੈ ।੪।੨।੧੪।

ਭਾਵਾਰਥ :-ਹਰੀ ਵਲੋਂ ਸੁੱਕਾ ਹੋਇਆ ਮਨ ਗੁਰੂ ਦੀ ਸੰਗਤ ਦੀ ਬਰਕਤ ਨਾਲ ਮੁੜ ਹਰਾ ਭਰਾ ਹੋ ਜਾਂਦਾ ਹੈ, ਕਿਉਂਕਿ, ਉਸ ਵਿਚ ਹਰੀ ਦਾ ਰਸ ਆ ਭਰਦਾ ਹੈ ਅਤੇ ਉਸੇ ਦਾ ਹੀ ਭਾਣਾ ਚੰਗਾ ਲਗਦਾ ਹੈ ।

ਬਸੰਤੁ ਮਹਲਾ ੩ ॥

1. **ਸਭਿ ਜੁਗ ਤੇਰੇ ਕੀਤੇ ਹੋਏ ॥**
2. **ਸਤਿਗੁਰੁ ਭੇਟੈ ਮਤਿ ਬੁਧਿ ਹੋਏ ॥੧॥**
3. **ਹਰਿ ਜੀਉ ਆਪੇ ਲੈਹੁ ਮਿਲਾਇ ॥**
4. **ਗੁਰ ਕੈ ਸਬਦਿ ਸਚ ਨਾਮਿ ਸਮਾਇ ॥੧॥ਰਹਾਉ॥**
5. **ਮਨਿ ਬਸੰਤੁ ਹਰੇ ਸਭਿ ਲੋਇ ॥**
6. **ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥੨॥**
7. **ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥**
8. **ਰਾਮ ਨਾਮੁ ਰਾਖੈ ਉਰ ਧਾਰੇ ॥੩॥**
9. **ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥**
10. **ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥੪॥੩॥੧੫॥**

ਪਦ ਅਰਥ :—ਸਭਿ—ਸਾਰੇ। ਭੇਟੈ—ਮਿਲਦਾ ਹੈ ।੧।

ਹਰਿ ਜੀਉ—ਹੇ ਪ੍ਰਭੂ ਜੀ। ਆਪੇ—ਤੂੰ ਆਪ ਹੀ। ਕੇ ਸਬਦਿ—ਦੇ ਸ਼ਬਦ ਦੀ ਰਾਹੀਂ। ਸਚ ਨਾਮਿ—(ਤੇਰੇ) ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿਚ। ਸਮਾਇ—ਲੀਨ ਹੋ ਜਾਂਦਾ ਹੈ ।੧। ਰਹਾਉ।

ਮਨਿ—ਮਨ ਵਿਚ। ਬਸੰਤੁ—ਸਦਾ ਖਿੜੇ ਰਹਿਣ ਵਾਲਾ ਪ੍ਰਭੂ। ਸਭਿ—ਸਾਰੇ। ਲੋਇ—ਜਗਤ ਵਿਚ। ਫਲਹਿ—ਉਹ ਫਲਦੇ ਹਨ। ਫੁਲੀਅਹਿ—ਉਨ੍ਹਾਂ ਨੂੰ ਫੁੱਲ ਲਗਦੇ ਹਨ, ਉਹ ਪ੍ਰਫੁਲਤ ਹੁੰਦੇ ਹਨ। ਨਾਮਿ—ਨਾਮ ਦੀ ਰਾਹੀਂ ।੨।

ਸਦ ਬਸੰਤੁ—ਸਦਾ ਹੀ ਆਤਮਕ ਖਿੜਾਉ। ਉਰ—ਹਿਰਦਾ ।੩।

ਹਰਿਆ—ਆਤਮਕ ਜੀਵਨ ਨਾਲ ਭਰਪੂਰ। ਬਿਰਖੁ—ਰੁੱਖ। ਸੋਇ—ਉਹ ਮਨੁੱਖ ।੪।

ਅਰਥ :—

ਪ੍ਰ:—ਸ੍ਰੀ ਜੀਉ! ਸਿਮਰਨ ਕਰਨ ਵਾਲੇ ਦੀ ਸੁਰਤਿ ਜਦੋਂ ਸਿਖਰਾਂ ਨੂੰ ਛੋਂਹਦੀ ਹੈ, ਤਦੋਂ ਉਸ ਨੂੰ ਕਿਵੇਂ ਪ੍ਰਤੀਤ ਹੁੰਦਾ ਹੈ?

1. **ਉ**:—ਹੇ ਭਾਈਓ! ਉਸ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ ਅਤੇ ਉਹ ਇਉਂ ਹੀ ਕਹਿ ਉਠਦਾ ਹੈ ਕਿ, ਹੇ ਪ੍ਰਭੂ ਜੀ! (ਇਹ) ਸਾਰੇ ਸਮੇਂ ਤੇਰੇ ਹੀ ਬਣਾਏ ਹੋਏ ਹਨ (ਭਾਵ, ਤੇਰੇ ਨਾਮ ਦੀ ਪ੍ਰਾਪਤੀ ਜੁਗਾਂ ਦੇ ਵਿਤਕਰੇ ਨਾਲ ਨਹੀਂ ਹੁੰਦੀ)।
2. ਪਰ, ਹੇ ਸਾਈਆਂ ਜੀਉ! ਜਿਸ ਮਨੁੱਖ ਨੂੰ ਤੇਰੀ ਮਿਹਰ ਨਾਲ ਗੁਰੂ ਮਿਲ ਪੈਂਦਾ ਹੈ। ਉਸ ਦੇ ਅੰਦਰ ਨਾਮ ਜਪਣ ਵਾਲੀ ਮਤਿ ਅਕਲ ਪੈਦਾ ਹੋ ਜਾਂਦੀ ਹੈ ।੧।
3. ਹੇ ਪ੍ਰਭੂ ਜੀ! (ਜਿਸ ਮਨੁੱਖ ਨੂੰ) ਤੂੰ ਆਪ ਹੀ (ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈਂ।
4. ਗੁਰੂ ਦੇ ਸ਼ਬਦ ਦੀ ਰਾਹੀਂ (ਉਹ ਮਨੁੱਖ) ਤੇਰੇ ਸਦਾ ਕਾਇਮ ਰਹਿਣ ਵਾਲੇ ਨਾਮ ਵਿਚ ਲੀਨ ਰਹਿੰਦਾ ਹੈ ।੧। ਰਹਾਉ।
5. ਹੇ ਪਿਆਰੇ! (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸਦਾ ਖਿੜੇ ਰਹਿਣ ਵਾਲਾ ਪ੍ਰਭੂ ਆ ਵਸਦਾ ਹੈ, ਉਹ ਸਾਰੇ ਹੀ ਇਸ ਜਗਤ ਵਿਚ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ।
6. ਹੇ ਭਾਈਓ! ਉਹ ਮਨੁੱਖ ਦੁਨੀਆਂ ਵਿਚ ਭੀ ਕਾਮਯਾਬ ਹੁੰਦੇ ਹਨ, ਪ੍ਰਮਾਤਮਾਂ ਦੇ ਨਾਮ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰ ਆਤਮਕ ਅਨੰਦ (ਭੀ) ਬਣਿਆ ਰਹਿੰਦਾ ਹੈ ।੨।
7. ਹੇ ਭਾਈ! ਜਿਹੜਾ (ਭੀ) ਮਨੁੱਖ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਂਦਾ ਹੈ, ਉਹ ਪ੍ਰਮਾਤਮਾਂ ਦੇ ਨਾਮ ਨੂੰ ਹਿਰਦੇ ਵਿਚ ਟਿਕਾਈ ਰਖਦਾ ਹੈ।
8. ਉਸ ਦੇ ਅੰਦਰ ਸਦਾ ਆਤਮਕ ਖਿੜਾਉ ਬਣਿਆਂ ਰਹਿੰਦਾ ਹੈ ।੩।
9. ਹੇ ਪਿਆਰੇ! ਜਿਸ ਮਨੁੱਖ ਦੇ ਮਨ ਵਿਚ ਸਦਾ ਖਿੜੇ ਰਹਿਣ ਵਾਲਾ ਹਰੀ ਆ ਵਸਦਾ ਹੈ ਉਸਦਾ ਤਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ ਤੇ ਉਸਦਾ ਮਨ ਭੀ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਇਹ ਸਰੀਰ (ਮਾਨੋ) ਰੁੱਖ ਹੈ (ਜਿਸ ਦੇ ਮਨ ਵਿਚ ਬਸੰਤ ਆ ਜਾਂਦੀ ਹੈ) ਉਸ ਮਨੁੱਖ ਦਾ ਇਹ ਸਰੀਰ ਰੁੱਖ ਹਰਿ ਨਾਮ ਫਲ ਪ੍ਰਾਪਤ ਕਰ ਲੈਂਦਾ ਹੈ ।੪।੩।੧੫।

ਭਾਵਾਰਥ :—ਇਨ੍ਹਾਂ ਅੰਤਲੇ ਤਿੰਨਾਂ ਸ਼ਬਦਾਂ ਵਿਚ ਅਸਲ ਬਸੰਤ ਦਾ ਜ਼ਿਕਰ ਹੈ। ਸਾਰੇ ਸਮੇਂ ਰੱਬ ਦੇ ਆਪਣੇ ਹਨ ਜਿਸ ਸਮੇਂ ਭੀ ਉਸ ਨੂੰ ਯਾਦ ਕਰੋ, ਉਹੀ ਰੁੱਤ ਬਸੰਤ ਦੀ ਰੁੱਤ ਵਾਂਗੂੰ ਸੁਹਾਉਣੀ **ਹੈ।**

ਬਸੰਤੁ ਮਹਲਾ ੩ ॥

1. **ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥**
2. **ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥**
3. **ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥**
4. **ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥**
5. **ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥**
6. **ਮਾਇਆ ਮੂਠਾ ਸਦਾ ਬਿਲਲਾਇ ॥੨॥**
7. **ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥**
8. **ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥**
9. **ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥**
10. **ਨਾਨਕ ਮਾਇਆ ਮੋਹੁ ਸਬਦਿ ਜਲਾਇ॥੪॥੪॥੧੬॥**

ਪਦ ਅਰਥ :—ਬਸੰਤੁ—ਆਤਮਕ ਖਿੜਾਉ। ਜੋ—ਜਿਹੜਾ ਮਨੁੱਖ। ਗਾਇ—ਗਾਂਦਾ ਹੈ। ਪੂਰੈ ਭਾਗਿ—ਵਡੀ ਕਿਸਮਤ ਨਾਲ। ਕਰਾਇ—ਕਰਾਂਦਾ ਹੈ ।੧।

ਧੰਧੈ—ਧੰਧੇ ਵਿਚ। ਬਾਂਧਾ—ਬੱਝਾ ਹੋਇਆ। ਮੂਠਾ—

ਠਗਿਆ ਹੋਇਆ, ਲੁਟਿਆ ਹੋਇਆ। ਬਿਲਲਾਇ–ਵਿਲਕਦਾ ਹੈ, ਦੁੱਖੀ ਹੁੰਦਾ ਹੈ।੨।

ਛੂਟੈ–(ਮਾਇਆ ਦੇ ਪੰਜੇ ਤੋਂ) ਬਚਦਾ ਹੈ। ਜਾ–ਜਦੋਂ। ਭੇਟੈ–ਮਿਲਦਾ ਹੈ। ਜਮ ਕਾਲ–ਮੌਤ, ਆਤਮਕ ਮੌਤ। ਫੇਟੈ–ਸੱਟ ਹੇਠ, ਮਾਰ ਵਿਚ।੩।

ਗੁਰਿ-ਗੁਰੂ ਨੇ। ਸਬਦਿ–ਸ਼ਬਦ ਦੀ ਰਾਹੀਂ। ਜਲਾਇ–ਸਾੜ ਦਂਦਾ ਹੈ।੪।

ਅਰਥ :–

ਪ੍ਰ:–ਸ੍ਰੀ ਜੀਉ! ਮਨ ਹਰ ਵਕਤ ਹੀ ਰੁਝੇਵਿਆਂ ਵਿਚ ਰੁੱਝਾ ਹੋਇਆ ਉਪਰਾਮ ਰਹਿੰਦਾ ਹੈ ਜਿਵੇਂ ਇਸ ਨੂੰ ਸਦੀਵੀ ਹਾ ਖਿੜਾਉ ਬਣਿਆ ਰਹੇ ਕੋਈ ਅਜਿਹਾ ਉਪਦੇਸ਼ ਦਿਓ?

1. ਉ:–ਹੇ ਭਾਈਓ! ਜਿਹੜਾ ਜਿਹੜਾ ਮਨੁੱਖ ਪ੍ਰਮਾਤਮਾਂ ਦੇ ਗੁਣ ਗਾਂਦਾ ਰਹਿੰਦਾ ਹੈ, ਉਨ੍ਹਾਂ ਦੇ ਅੰਦਰ (ਹਰ ਸਮੇਂ ਹੀ) ਆਤਮਕ ਖਿੜਾਉ ਬਣਿਆ ਰਹਿੰਦਾ ਹੈ।

ਪ੍ਰ:–ਕਿਉਂ ਜੀ! ਤਾਂ ਫਿਰ ਸਾਰੇ ਹੀ ਹਰੀ ਦੇ ਗੁਣ ਕਿਉਂ ਨਹੀਂ ਗਾਉਂਦੇ?

2. ਉ:–ਪਰ, ਹੇ ਭਾਈ! ਜੀਵ ਦੇ ਵਸ ਦੀ ਗੱਲ ਨਹੀਂ ਹੈ, (ਕਿਉਂਕਿ) ਵਡੀ ਕਿਸਮਤ ਨਾਲ ਪ੍ਰਮਾਤਮਾਂ (ਆਪ ਹੀ ਜੀਵ ਪਾਸੋਂ) ਭਗਤੀ ਕਰਾਂਦਾ ਹੈ।੧।

3, ਹੇ ਪਿਆਰੇ! (ਉਸ ਮਨੁੱਖ ਦੇ) ਮਨ ਨੂੰ ਤਾਂ ਆਤਮਕ ਖਿੜਾਉ ਦੀ ਛੋਹ (ਭੀ) ਹਾਸਲ ਨਹੀਂ ਹੁੰਦੀ।

4. ਜਿਨ੍ਹਾਂ ਮਨੁੱਖਾਂ ਦਾ ਇਹ ਮਨ ਮਾਇਆ ਦੇ ਮੋਹ ਵਿਚ (ਫਸ ਕੇ) ਮੇਰ ਤੇਰ ਵਿਚ (ਫਸ ਕੇ) ਆਤਮਕ ਮੌਤ ਸਹੇੜ ਲੈਂਦਾ ਹੈ।੧। ਰਹਾਉ।

5. ਹੇ ਭਾਈਓ! ਜਿਸ ਮਨੁੱਖ ਦਾ ਮਨ ਮਾਇਆ ਦੇ ਧੰਧੇ ਵਿਚ ਬੱਝਾ ਰਹਿੰਦਾ ਹੈ (ਤੇ ਇਸ ਹਾਲਤ ਵਿਚ ਟਿਕਿਆ ਰਹਿ ਕੇ) ਕਰਮ ਕਮਾਂਦਾ ਹੈ।

6. ਮਾਇਆ (ਦਾ ਮੋਹ) ਉਸ ਦੇ ਆਤਮਕ ਜੀਵਨ ਨੂੰ ਲੁੱਟ ਲੈਂਦਾ ਹੈ, ਉਹ ਸਦਾ ਦੁੱਖੀ ਰਹਿੰਦਾ ਹੈ।

ਪ੍ਰ:–ਕਿਉਂ ਜੀ! ਮੋਹ ਦੇ ਪੰਜੇ ਵਿਚੋਂ ਇਸ ਮਨ ਦਾ ਛੁਟਕਾਰਾ ਕਿਵੇਂ ਹੋ ਸਕਦਾ ਹੈ?

7. ਉ:–ਹੇ ਪਿਆਰੇ! ਜਦੋਂ ਮਨੁੱਖ ਨੂੰ ਗਰੂ ਮਿਲ ਪੈਂਦਾ ਹੈ, ਤਦੋਂ ਮਨੁੱਖ ਦਾ ਇਹ ਮਨ (ਮਾਇਆ ਮੋਹ ਦੇ ਪੰਜੇ ਵਿਚੋਂ) ਬਚ ਨਿਕਲਦਾ ਹੈ।

8. ਹੇ ਭਾਈ! ਫਿਰ ਉਹ ਆਤਮਕ ਮੌਤ ਦੀ ਮਾਰ ਦੇ ਕਾਬੂ ਨਹੀਂ ਆਉਂਦਾ।੩।

ਪ੍ਰ:–ਸ੍ਰੀ ਜੀਉ! ਮ ਇਆ ਮੋਹ ਦੇ ਪੰਜੇ ਵਿਚੋਂ ਹਰ ਮਨੁੱਖ ਦਾ ਮਨ ਕਿਉਂ ਨਹੀਂ ਨਿਕਲ ਸਕਦਾ?

9. ਉ:–ਪਰ, ਹੇ ਭਾਈਓ! ਮਾਇਆ ਦੇ ਮੋਹ ਵਿਚੋਂ ਨਿਕਲਣਾ ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ, ਜਿਸ ਮਨੁੱਖ ਨੂੰ ਗੁਰੂ ਨੇ (ਮਾਇਆ ਦੇ ਪੰਜੇ ਵਿਚੋਂ) ਛੁਡਾ ਲਿਆ, ਉਸ ਦਾ ਇਹ ਮਨ (ਮਾਇਆ ਦੇ ਮੋਹ ਤੋਂ) ਬਚ ਗਿਆ ਹੈ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਉਹੀ ਮਨੁੱਖ ਮਾਇਆ ਮੋਹ ਨੂੰ ਗੁਰੂ ਦੇ ਸ਼ਬਦ ਦੀ ਸਹਾਇਤਾ ਨਾਲ ਸਾੜ ਦੇਂਦਾ ਹੈ।੪।੪।੧੬।

ਭਾਵਾਰਥ :–ਜਿਸ ਦਿਲ ਵਿਚ ਦੂਜਾ ਭਾਵ ਹੈ ਉਹ ਦਿਲ ਤਾਂ ਸਦਾ ਹੀ ਸੜਦਾ ਰਹਿੰਦਾ ਹੈ, ਉਸ ਨੂੰ ਬਸੰਤ ਦੀ ਹਵਾ ਨਹੀਂ ਲਗਦੀ, ਉਹ ਤਾਂ ਜੋ ਕੁਝ ਭੀ ਕਰਦਾ ਹੈ ਮਾਇਆ ਦੇ ਮੋਹ ਵਿਚ ਹੀ ਕਰਦਾ ਹੈ। ਇਸ ਲਈ ਉਸ ਦੇ ਦਿਲ ਵਿਚ ਕਦੀ ਭੀ ਖਿੜਾਉ ਨਹੀਂ ਆਉਂਦਾ।

ਬਸੰਤੁ ਮਹਲਾ ੩ ॥

1. ਬਸੰਤੁ ਚੜਿਆ ਫੂਲੀ ਬਨਰਾਇ ॥
2. ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥
3. ਇਨ੍ ਬਿਧਿ ਇਹੁ ਮਨੁ ਹਰਿਆ ਹੋਇ ॥
4. ਹਰਿ ਹਰਿ ਨਾਮੁ ਜਪੈ ਦਿਨੁ ਰਾਤੀ
ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥
5. ਸਤਿਗੁਰ ਬਾਣੀ ਸਬਦੁ ਸੁਣਾਏ ॥
6. ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥
7. ਫਲ ਫੂਲ ਲਾਗੇ ਜਾਂ ਆਪੇ ਲਾਏ ॥
8. ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥
9. ਆਪਿ ਬਸੰਤੁ ਜਗਤੁ ਸਭੁ ਵਾੜੀ ॥
10. ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥੪॥੫॥੧੭॥

ਪਦ ਅਰਥ :–ਚੜਿਆ–ਸ਼ੁਰੂ ਹੁੰਦਾ ਹੈ। ਫੂਲੀ–ਖਿੜ ਪੈਂਦੀ ਹੈ। ਬਨਰਾਇ-ਬਨਾਸਪਤੀ। ਫੂਲਹਿ–ਪ੍ਰਫੁਲਤ ਹੁੰਦੇ ਹਨ, ਖਿੜ ਪੈਂਦੇ ਹਨ, ਆਤਮਕ ਜੀਵਨ ਵਾਲੇ ਹੋ ਜਾਂਦੇ ਹਨ। ਲਾਇ–ਲਾ ਕੇ, ਜੋੜ ਕੇ।੧।

ਇਨ੍ ਬਿਧਿ–ਇਸ ਤਰੀਕੇ ਨਾਲ (ਅੱਖਰ 'ਨ' ਦੇ ਨਾਲ ਅੱਧਾ 'ਹ' ਹੈ)। ਹਰਿਆ–ਆਤਮਕ ਜੀਵਨ ਵਾਲਾ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਧੋਇ–ਧੋ ਕੇ।੧। ਰਹਾਉ।

ਸਤਿਗੁਰ ਬਾਣੀ–ਗੁਰੂ ਦੀ ਬਾਣੀ। ਸੁਣਾਏ–(ਆਪਣੇ ਆਪ ਨੂੰ) ਸੁਣਾਂਦਾ ਹੈ। ਸਤਿਗੁਰ ਭਾਏ–ਸਤਿਗੁਰ ਭਾਇ, ਗੁਰੂ ਦੇ ਪਿਆਰ ਵਿਚ (ਟਿਕ ਕੇ)।੨।

ਜਾ–ਜਦੋਂ। ਆਪੇ–ਪ੍ਰਭੂ ਆਪ ਹੀ। ਮੂਲਿ-ਜਗਤ ਦੇ ਮੂੰਢ ਪ੍ਰਭੂ ਵਿਚ। ਤਾਂ–ਤਦੋਂ ਹੀ।੩।

ਸਭੁ–ਸਾਰਾ। ਵਾੜੀ-ਬਗੀਚਾ। ਪੂਰੈ ਭਾਗਿ–ਵਡੀ ਕਿਸਮਤ ਨਾਲ। ਨਿਰਾਲੀ–(ਮਾਇਆ ਦੇ ਮੋਹ ਤੋਂ) ਨਿਰਲੇਪ ਕਰਨ ਵਾਲੀ।੪।

ਅਰਥ :–

ਪ੍ਰ:–ਸ੍ਰੀ ਜੀਉ! ਇਸ ਜਗਤ ਦੇ ਸਾਰੇ ਹੀ ਜੀਵ ਜੰਤ ਆਤਮਕ ਜੀਵਨ ਨਾਲ ਕਿਵੇਂ ਖਿੜ ਸਕਦੇ ਹਨ?

1. ਉ:—ਹੇ ਭਾਈਓ ! ਜਿਵੇਂ ਜਦੋਂ ਬਸੰਤ ਦਾ ਮੌਸਮ ਸ਼ੁਰੂ ਹੁੰਦਾ ਹੈ, ਤਦੋਂ ਸਾਰੀ ਹੀ ਬਨਾਸਪਤੀ ਖਿੜ ਪੈਂਦੀ ਹੈ ।
2. ਹੇ ਭਾਈ ! (ਤਿਵੇਂ) ਹੀ ਇਹ ਸਾਰੇ ਜੀਵ ਪ੍ਰਮਾਤਮਾਂ ਵਿਚ ਚਿੱਤ ਜੋੜ ਕੇ ਆਤਮਕ ਜੀਵਨ ਨਾਲ ਖਿੜ ਪੈਂਦੇ ਹਨ ।੧।

ਪ੍ਰ:—ਸ੍ਰੀ ਜੀਉ ! ਇਸ ਜੀਵ ਦਾ ਸੁੱਕਾ ਮਨ ਹਰਾ ਭਰਾ ਕਿਵੇਂ ਹੋ ਸਕਦਾ ਹੈ ?

3. ਉ:—ਹੇ ਭਾਈਓ ! ਇਕ ਇਹੋ ਹੀ ਤਰੀਕਾ ਹੈ ਕਿ ਜਿਸ ਦੇ ਨਾਲ ਇਹ ਮਨ ਆਤਮਕ ਜੀਵਨ ਦੇ ਨਾਲ ਭਰਪੂਰ ਹੋ ਜਾਂਦਾ ਹੈ ।
4. ਉਹ ਇਹੋ ਹੀ ਹੈ ਕਿ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ (ਆਪਣੇ ਅੰਦਰੋਂ) ਹਉਮੈਂ ਧੋ ਕੇ ਕੱਢ ਦੇਂਦਾ ਹੈ ਅਤੇ ਦਿਨ ਰਾਤ ਹਰ ਵੇਲੇ ਪ੍ਰਮਾਤਮਾਂ ਦਾ ਨਾਮ ਜਪਦਾ ਹੈ ਉਹ ਸ਼ੁਭ ਗੁਣਾਂ ਨਾਲ ਲਬਾ ਲਬ ਭਰ ਜਾਂਦਾ ਹੈ ।੧। ਰਹਾਉ ।

ਪ੍ਰ:—ਹੇ ਭਾਈਓ ! ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ ਗੁਰੂ ਦਾ ਸ਼ਬਦ ਸੁਣਦਾ ਹੈ ।

6. ਅਤੇ ਗੁਰੂ ਦੇ ਪਿਆਰ ਵਿਚ ਮਗਨ ਹੁੰਦਾ ਹੈ ਤਦੋਂ ਇਹ ਆਤਮਕ ਜੀਵਨ ਨਾਲ ਹਰਾ ਭਰਾ ਹੋ ਜਾਂਦਾ ਹੈ ।੨।

ਪ੍ਰ:—ਸ੍ਰੀ ਜੀਉ ! ਯਤਨ ਤਾਂ ਬਹੁਤ ਲੋਕ ਕਰਦੇ ਹਨ, ਪਰ, ਸ਼ੁਭ ਗੁਣਾਂ ਦੇ ਫਲ ਤੇ ਫੁੱਲ ਸਾਰਿਆਂ ਨੂੰ ਹੀ ਕਿਉਂ ਨਹੀਂ ਲਗਦੇ ?

7. ਉ:—ਹੇ ਭਾਈਓ ! ਅਸਲ ਵਿਚ ਜੀਵਾਂ ਦ ਆਪਣੇ ਵੱਸ ਦੀ ਗੱਲ ਨਹੀਂ, ਇਹ ਤਾਂ ਮਨੁੱਖਾ ਜੀਵਨ ਦੇ ਰੁੱਖ ਨੂੰ ਆਤਮਕ ਗੁਣਾਂ ਦੇ ਫੁੱਲ ਫਲ (ਤਦੋਂ ਹੀ ਲਗਦੇ ਹਨ, ਜਦੋਂ ਪ੍ਰਭੂ ਦੀ ਮਿਹਰ ਨਾਲ ਮਨੁੱਖ ਨੂੰ) ਗੁਰੂ ਮਿਲਦਾ ਹੈ ।
8. ਤਦੋਂ ਹੀ ਮਨੁੱਖ ਸਾਰੇ ਜਗਤ ਦੇ ਸਿਰਜਨਹਾਰ ਵਿਚ ਜੁੜਦਾ ਹੈ ।੩।
9. ਹੇ ਭਾਈਓ ! ਇਹ ਸਾਰਾ ਜਗਤ (ਪ੍ਰਮੇਸ਼ਰ ਦੀ) ਬਗੀਚੀ ਹੈ, (ਇਸ ਨੂੰ ਹਰਾ ਭਰਾ ਕਰਨ ਵਾਲਾ) ਉਹ ਬਸੰਤ ਭੀ ਆਪ ਹੀ ਹੈ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਮਾਇਆ ਦੇ ਮੋਹ ਤੋਂ ਨਿਰਲੇਪ ਕਰਨ ਵਾਲੀ ਹਰਿ ਭਗਤੀ ਵਡੀ ਕਿਸਮਤ ਨਾਲ (ਹੀ) (ਕਿਸੇ ਮਨੁੱਖ ਨੂੰ ਮਿਲਦੀ ਹੈ) ।੪।੧੭।

ਭਾਵਾਰਥ :—ਮਨੁੱਖ ਦੇ ਜੀਵਨ ਉਤੇ ਭੀ ਬਸੰਤ ਰੁੱਤ ਆ ਸਕਦੀ ਹੈ ਜੇ ਉਹ ਮਨ ਵਿਚ ਹਰੀ ਨੂੰ ਵਸਾਵੇ, ਹਰੀ ਨੂੰ ਅੰਦਰ ਵਸਾਉਣ ਦਾ ਤਰੀਕਾ ਕੇਵਲ ਗੁਰੂ ਦੇ ਸ਼ਬਦ ਨੂੰ ਹੀ ਗ੍ਰਹਿਣ ਕਰਨਾ ਹੈ ।

ਬਸੰਤੁ ਹਿੰਡੋਲ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥

1. **ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ**
   ਗੁਰ ਸਬਦ ਵਿਟਹੁ ਬਲਿ ਜਾਈ ॥
2. **ਗੁਰੁ ਸਾਲਾਹੀ ਸਦ ਅਪਣਾ ਭਾਈ**
   ਗੁਰ ਚਰਣੀ ਚਿਤੁ ਲਾਈ ॥੧॥
3. **ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥**
4. **ਮਨੁ ਤਨੁ ਤੇਰਾ ਹਰਿਆ ਹੋਵੈ**
   ਇਕੁ ਹਰਿ ਨਾਮਾ ਫਲੁ ਪਾਇ ॥੧॥ ਰਹਾਉ ॥
5. **ਗੁਰਿ ਰਾਖੇ ਸੇ ਉਬਰੇ ਭਾਈ**
   ਹਰਿ ਰਸੁ ਅੰਮ੍ਰਿਤੁ ਪੀਆਇ ॥
6. **ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ**
   ਸੁਖੁ ਵੁਠਾ ਮਨਿ ਆਇ ॥੨॥
7. **ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ**
   ਸਬਦੇ ਲਇਅਨੁ ਮਿਲਾਇ ॥
8. **ਧੂੜਿ ਤਿਨ੍ਹਾ ਕੀ ਅਘੁਲੀਐ ਭਾਈ**
   ਸਤਸੰਗਤਿ ਮੇਲਿ ਮਿਲਾਇ ॥੩॥
9. **ਆਪਿ ਕਰਾਏ ਕਰੇ ਆਪਿ ਭਾਈ**
   ਜਿਨਿ ਹਰਿਆ ਕੀਆ ਸਭੁ ਕੋਇ ॥
10. **ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ**
    ਸਬਦਿ ਮਿਲਾਵਾ ਹੋਇ॥੪॥੧॥੧੮॥੧੨॥੧੮॥੩੦॥

ਪਦ ਅਰਥ :—ਵਿਟਹੁ—ਤੋਂ । ਵਾਰਿਆ—ਸਦਕੇ । ਭਾਈ—ਹੇ ਭਾਈ ! ਬਲਿ ਜਾਈ—ਬਲਿ ਜਾਈਂ, ਮੈਂ ਕੁਰਬਾਨ ਜਾਂਦਾ ਹਾਂ । ਸਾਲਾਹੀ—ਸਲਾਹੀ, ਮੈਂ ਸਲਾਹੁੰਦਾ ਹਾਂ । ਸਦ—ਸਦਾ । ਲਾਈ—ਲਾਈਂ, ਮੈਂ ਲਾਂਦਾ ਹਾਂ ।੧।

ਮਨ—ਹੇ ਮਨ । ਨਾਮਿ—ਨਾਮ ਵਿਚ । ਲਾਇ—ਜੋੜ । ਹਰਿਆ—ਆਤਮਕ ਜੀਵਨ ਵਾਲਾ । ਪਾਇ—ਪ੍ਰਾਪਤ ਕਰ ਕੇ ।੧। ਰਹ ਉ ।

ਗਰਿ—ਗੁਰੂ ਨੇ । ਸੇ—ਉਹ । ਰਸੁ ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਰਸ । ਪੀਆਇ—ਪਿਲਾ ਕੇ । ਉਠਿ ਗਇਆ—ਨਾਸ ਹੋ ਗਿਆ । ਵੁਠਾ—ਵੱਸ ਪਿਆ । ਆਇ—ਆ ਕੇ । ਮਨਿ—ਮਨ ਵਿਚ ।੨।

ਧੁਰਿ—ਧੁਰ ਦਰਗਾਹ ਤੋਂ । ਨੋ—ਨੂੰ । ਬਖਸਿਓਨੁ—ਬਖਸ਼ਿਆ ਉਸ (ਪ੍ਰਮਾਤਮਾਂ) ਨੇ । ਸਬਦੇ—ਸ਼ਬਦ ਦੀ ਰਾਹੀਂ । ਲਇਅਨੁ—ਲਏ ਹਨ ਉਸ (ਪ੍ਰਮਾਤਮਾਂ) ਨੇ । ਅਘੁਲੀਐ—ਨਿਰਲੇਪ ਹੋ ਜਾਈਦਾ ਹੈ, ਮੁਕਤਿ ਹੋ ਜ ਈਦਾ ਹੈ । ਮੇਲਿ—ਮੇਲ ਕੇ ।੩।

ਜਿਨਿ—ਜਿਸ (ਪ੍ਰਮਾਤਮਾਂ) ਨੇ । ਸਭ ਕੋਇ-ਹਰੇਕ ਜੀਵ । ਮਨਿ—ਮਨ ਵਿਚ । ਤਨਿ—ਤਨ ਵਿਚ । ਸਦ—ਸਦਾ ।

ਸਬਦਿ—ਸ਼ਬਦ ਦੀ ਰਾਹੀਂ । ਮਿਲਾਵਾ—ਮਿਲਾਪ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਆਪ ਜੀ ਦੇ ਮਨ ਵਿਚ ਬਾਣੀ ਤੇ ਸ਼ਬਦ ਦਾ ਕਿਤਨਾ ਕੁ ਸਤਿਕਾਰ ਹੈ ?

1. **ਉ**:-ਹੇ ਭਾਈ ! ਮੈਂ (ਤਾਂ) ਗੁਰੂ ਦੀ ਬਾਣੀ ਤੋਂ ਗੁਰੂ ਦੇ ਸ਼ਬਦ ਤੋਂ (ਸਦਾ ਹੀ) ਸਦਕੇ ਜਾਂਦਾ ਹਾਂ ।
2. ਅਤੇ ਮੈਂ ਸਦਾ (ਹੀ) ਆਪਣੇ ਗੁਰੂ ਨੂੰ ਸਲਾਹੁੰਦਾ ਹਾਂ, ਮੈਂ ਆਪਣੇ ਗੁਰੂ ਦੇ ਚਰਨਾਂ ਵਿਚ ਹੀ ਚਿੱਤ ਜੋੜਦਾ ਹਾਂ ।੧।

ਪ੍ਰ:—ਸ੍ਰੀ ਜੀਉ ! ਦਸੋ, ਅਸੀਂ ਆਪਣੇ ਮਨ ਨੂੰ ਕਿਵੇਂ ਸਮਝਾਈਏ ?

3. **ਉ**:—ਹੇ ਭਾਈਓ ! ਤੁਸੀਂ ਆਪਣੇ ਮਨ ਨੂੰ ਇਉਂ ਹੀ ਸੰਬੋਧਨ ਕਰਦੇ ਰਿਹਾ ਕਰੋ ਕਿ, ਹੇ ਮੇਰੇ ਮਨ ! (ਤੂੰ) ਪ੍ਰਮਾਤਮਾਂ ਦੇ ਨਾਮ ਵਿਚ ਚਿੱਤ ਨੂੰ ਜੋੜਨਾ ਕਰ ।
4. ਹੇ ਭਾਈ ! ਪ੍ਰਮੇਸ਼ਰ ਦਾ ਨਾਮ ਫਲ ਪ੍ਰਾਪਤ ਕਰ ਕੇ ਤੇਰਾ ਮਨ ਖਿੜ ਪਏਗਾ ਤੇਰਾ ਤਨ ਭੀ ਖਿੜ ਪਏਗਾ ।੧।ਰਹਾਉ।
5. ਹੇ ਭਾਈ ! ਗੁਰੂ ਨੇ ਜਿਨ੍ਹਾਂ ਮਨੁੱਖਾਂ ਦੀ ਰਖਿਆ ਕੀਤੀ ਹੈ ਉਹ (ਮਾਇਆ ਦੇ ਮੋਹ ਦੇ ਪੰਜੇ ਤੋਂ) ਬਚ ਗਏ ਹਨ ਗੁਰੂ ਨੇ ਉਨ੍ਹਾਂ ਨੂੰ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪਿਲਾ ਕੇ (ਬਚਾ ਲਿਆ) ।
6. ਹੇ ਪਿਆਰੇ ! ਉਨ੍ਹਾਂ ਦੇ ਅੰਦਰੋਂ ਹਉਮੈਂ ਦਾ ਦੁਖ ਦੂਰ ਹੋ ਗਿਆ, ਉਨ੍ਹਾਂ ਦੇ ਮਨ ਵਿਚ ਅਨੰਦ ਆ ਵਸਿਆ ।੨।
7. ਹੇ ਭਾਈ ! ਧੁਰ ਦਰਗਾਹ ਤੋਂ ਪ੍ਰਮਾਤਮਾਂ ਨੇ ਆਪ ਹੀ ਜਿਨ੍ਹਾਂ ਉਤੇ ਬਖਸ਼ਸ਼ ਕੀਤੀ ਹੈ, ਉਨ੍ਹਾਂ ਨੂੰ ਉਸ ਨੇ ਗੁਰੂ ਦੇ ਸ਼ਬਦ ਵਿਚ ਜੋੜ ਦਿਤਾ ।
8. ਹੇ ਭਾਈਓ ! ਉਨ੍ਹਾਂ ਦੀ ਚਰਨ ਧੂੜ ਦੀ ਬਰਕਤ ਨਾਲ (ਮਾਇਆ ਤੋਂ) ਨਿਰਲੇਪ ਹੋ ਜਾਈਦਾ ਹੈ । (ਜਿਨ੍ਹਾਂ ਉਤੇ ਬਖਸ਼ਸ਼ ਕਰਦਾ ਹੈ ਉਨ੍ਹਾਂ ਨੂੰ) ਸਾਧ ਸੰਗਤ ਵਿਚ ਮੇਲ ਕੇ (ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈ ।੩।

ਪ੍ਰ—ਸ੍ਰੀ ਜੀਉ ਚਰਨਾਂ ਵਿਚ ਜੁੜ ਹੋਇਆਂ ਦੀ ਨਿਸ਼ਾਨੀ ਕੀ ਹੈ?

9. **ਉ**.—ਹੇ ਭਾਈ ! ਉਸ ਦੀ ਦ੍ਰਿਸ਼ਟੀ ਇਉਂ ਹੋ ਜਾਂਦੀ ਹੈ ਕਿ; ਜਿਸ ਪ੍ਰਮਾਤਮਾਂ ਨੇ ਹਰੇਕ ਜੀਵ ਨੂੰ ਜਿੰਦ ਦਿਤੀ ਹੈ ਉਹ ਆਪ ਹੀ (ਜੀਵਾਂ ਪਾਸੋਂ ਸਭ ਕੁਝ) ਕਰਾਂਦਾ ਹੈ, ਆਪ ਹੀ (ਸਭ ਵਿਚ ਵਿਆਪਕ ਹੋ ਕੇ ਸਭ ਕੁਝ) ਕਰਦਾ ਹੈ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਗੁਰੂ ਦ ਸ਼ਬਦ ਦੀ ਰਾਹੀਂ ਜਿਸ ਮਨੁੱਖ ਦਾ ਮਿਲਾਪ ਪ੍ਰਮਾਤਮਾਂ ਨਾਲ ਹੋ ਜਾਂਦਾ ਹੈ ਉਸ ਦ ਮਨ ਵਿਚ ਉਸ ਦੇ ਤਨ ਵਿਚ ਸਦਾ (ਹੀ) ਅਨੰਦ ਬਣਿਆਂ ਰਹਿੰਦਾ ਹੈ ।੪।੧।੧੮।੧੨।੧੮।੩੦।

ਵੇਰਵਾ—ਮਹਲਾ ੧—੧੨ । ਮਹਲਾ ੩—੧੮ ।

ਜੋੜ——੩੦

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ

ੴ ਸਤਿਗੁਰ ਪ੍ਰਸਾਦਿ ॥

1. ਜਿਉ ਪਸਰੀ ਸੂਰਜ ਕਿਰਣਿ ਜੋਤਿ ॥
2. ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥
3. ਏਕੋ ਹਰਿ ਰਵਿਆ ਸ੍ਰਬ ਥਾਇ ॥
4. ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥
5. ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥
6. ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥
7. ਏਕੋ ਏਕੁ ਰਹਿਆ ਭਰਪੂਰਿ ॥
8. ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥
9. ਏਕੋ ਏਕੁ ਵਰਤੈ ਹਰਿ ਲੋਇ ॥
10. ਨਾਨਕ ਹਰਿ ਏਕੋੁ ਕਰੇ ਸੁ ਹੋਇ ॥੪॥੧॥

ਪਦ ਅਰਥ :—ਪਸਰੀ—ਖਿਲਰੀ ਹੋਈ । ਜੋਤਿ—ਚਾਨਣ । ਘਟਿ ਘਟਿ—ਹਰੇਕ ਸਰੀਰ ਵਿਚ । ਰਮਈਆ—ਸੋਹਣਾ ਰਾਮ । ਓਤਿ ਪੋਤਿ—ਓਤ, ਉਣਿਆ ਹੋਇਆ । ਪ੍ਰੋਤ—ਪ੍ਰੋਤਾ ਹੋਇਆ, ਤਾਣੇ ਪੇਟੇ ਵਾਂਗ ।੧।

ਰਵਿਆ—ਮੌਜੂਦ ਹੈ। ਸ੍ਰਬ ਥਾਇ—ਸਾਰੇ ਥਾਂ ਵਿਚ । ਸਬਦੀ—ਸ਼ਬਦ ਦੀ ਰਾਹੀਂ । ਮਿਲਿਐ—ਮਿਲਿਆ ਜਾ ਸਕਦਾ ਹੈ । ਮਾਇ—ਹੇ ਮਾਂ ।੧। ਰਹਾਉ ।

ਘਟ—ਸਰੀਰ । ਘਟ ਘਟ ਅੰਤਰਿ—ਹਰੇਕ ਸਰੀਰ ਦੇ ਅੰਦਰ । ਏਕੋ—ਇਕ ਆਪ ਹੀ । ਗੁਰਿ ਮਿਲਿਐ—ਜੇ ਗੁਰੂ ਮਿਲ ਜਾਏ । ਪ੍ਰਗਟੁ ਹੋਇ—ਪ੍ਰਤੱਖ ਦਿਸ ਪੈਂਦਾ ਹੈ ।੨।

ਸਾਕਤ—ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖ । ਲੋਭੀ—ਲਾਲਚੀ । ਜਾਣਹਿ—ਜਾਣਦੇ ਹਨ, ਸਮਝਦੇ ਹਨ ।੩।

ਲੋਇ—ਜਗਤ ਵਿਚ । ਏਕੋੁ—(ਅੱਖਰ 'ਕ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫਜ਼ 'ਏਕੁ' ਹੈ, ਏਥੇ 'ਏਕੋ' ਪੜ੍ਹਨਾ ਹੈ) । ਸੁ—ਉਹ ਕੁਝ ।੪।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਮੇਸ਼ਰ ਦੀ ਜੋਤ ਨੂੰ ਕਿਵੇਂ ਵਿਆਪਕ ਸਮਝਣਾ ਚਾਹੀਦਾ ਹੈ ?

1. **ਉ**:—ਹੇ ਮੇਰੀ ਮਾਂ ! ਜਿਵੇਂ ਸੂਰਜ ਦੀ ਕਿਰਨ ਦਾ ਚਾਨਣ (ਸਾਰੇ ਜਗਤ ਵਿਚ) ਖਿਲਰਿਆ ਹੋਇਆ ਹੈ ।
2. ਤਿਵੇਂ ਸੋਹਣਾ ਰਾਮ ਤਾਣੇ ਪੇਟੇ ਦੀ ਤਰ੍ਹਾਂ ਹਰੇਕ ਸਰੀਰ ਵਿਚ ਮੌਜੂਦ ਹੈ ।੧।
3. ਹੇ ਮੇਰੀ ਮਾਂ ! (ਭਾਵੇਂ ਉਹ ਇਕ) ਪ੍ਰਮਾਤਮਾਂ ਹੀ ਸਭ ਥਾਈਂ ਮੌਜੂਦ ਹੈ ।
4. (ਫਿਰ ਭੀ) ਗੁਰੂ ਦੇ ਸ਼ਬਦ ਦੀ ਰਾਹੀਂ ਹੀ (ਉਸ ਨੂੰ) ਮਿਲਿਆ ਜਾ ਸਕਦਾ ਹੈ ।੧। ਰਹਾਉ ।

5. ਹੇ ਮੇਰੀ ਮਾਂ ! ਉਹ ਇਕ ਪ੍ਰਮਾਤਮਾਂ ਹੀ ਹਰੇਕ ਸਰੀਰ ਦੇ ਅੰਦਰ ਵਿਆਪਕ ਹੈ।
6. ਪਰ, ਜੇ ਜੀਵ ਨੂੰ ਗੁਰੂ ਮਿਲ ਪਏ, ਤਾਂ ਉਹ ਪ੍ਰਮਾਤਮਾਂ ਪ੍ਰਤੱਖ ਦਿਸ ਪੈਂਦਾ ਹੈ ।੨।
7. ਹੇ ਮਾਂ ! ਇਕ ਪ੍ਰਮਾਤਮਾਂ ਹੀ ਹਰ ਥਾਂ ਜ਼ੱਰੇ ਜ਼ੱਰੇ ਵਿਚ ਵੱਸ ਰਿਹਾ ਹੈ।
8. ਪਰ, ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਜੀਵ ਮਾਇਆ ਦੇ ਲਾਲਚੀ ਸਮਝਦੇ ਹਨ ਕਿ ਉਹ ਕਿਤੇ ਦੂਰ ਵਸਦਾ ਹੈ ।੩।
9. ਹੇ ਭਾਈ ! ਉਹ ਇਕ ਪ੍ਰਮਾਤਮਾਂ ਹੀ ਸਾਰੇ ਜਗਤ ਵਿਚ ਵਰਤ ਰਿਹਾ ਹੈ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਸਰਬ ਵਿਆਪਕ ਪ੍ਰਭੂ ਹੀ ਜੋ ਕੁਛ ਕਰਦਾ ਹੈ ਉਹ ਹੁੰਦਾ ਹੈ ।੪।੧।

ਭਾਵਾਰਥ :—ਉਹ ਹਰੀ ਹਰ ਥਾਂ ਤੇ ਹਰ ਜੀਵ ਵਿਚ ਵੱਸ ਰਿਹਾ ਹੈ, ਪਰ ਮਹਿਸੂਸ ਤਦੇ ਹੋ ਸਕਦਾ ਹੈ, ਜੇ ਗੁਰੂ ਨਾਲ ਮਿਲਾਪ ਹੋਵੇ।

ਬਸੰਤੁ ਮਹਲਾ ੪ ॥

1. ਰੈਣਿ ਦਿਨਸੁ ਦੁਇ ਸਦੇ ਪਏ ॥
2. ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥੧॥
3. ਹਰਿ ਹਰਿ ਚੇਤਿ ਸਦਾ ਮਨ ਮੇਰੇ ॥
4. ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ
ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥
5. ਮਨਮੁਖ ਫਿਰਿ ਫਿਰਿ ਹਉਮੈ ਮੁਏ ॥
6. ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥
7. ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥
8. ਜਨਮ ਮਰਣ ਦੋਊ ਦੁਖ ਭਾਗੇ ॥੩॥
9. ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥
10. ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥

ਪਦ ਅਰਥ :—ਰੈਣਿ—ਰਾਤ। ਦੁਇ—ਦੋਵੇਂ। ਸਦੇ—ਸੱਦੇ, ਮੌਤ ਦਾ ਸੁਨੇਹਾ। ਸਦੇ ਪਏ—ਸੱਦ ਪਏ, ਮੌਤ ਦੇ ਸੁਨੇਹੇ ਮਿਲ ਰਹੇ ਹਨ। ਮਨ—ਹੇ ਮਨ। ਅੰਤਿ—ਅੰਤ ਨੂੰ, ਆਖਰ ਨੂੰ, ਅੰਤ ਵੇਲੇ। ਰਖਿ ਲੀਏ ਰਖਿਆ ਕਰਦਾ ਹੈ ।੧।

ਚੇਤਿ—ਚੇਤੇ ਕਰ। ਸਭੁ—ਸਾਰਾ। ਦੁਖ—ਸਾਰੇ ਦੁੱਖ। ਭੰਜਿ—ਨਾਸ ਕਰ ਕੇ। ਗੁਰਮਤਿ—ਗੁਰੂ ਦੀ ਮੱਤ ਲੈ ਕੇ। ਕੇਰੇ—ਦੇ ।੧। ਰਹਾਉ।

ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਮੁਏ—ਆਤਮਕ ਮੌਤ, ਸਹੇੜਦੇ ਹਨ। ਕਾਲਿ—ਕਾਲ ਨੇ। ਦੈਤਿ—ਦੈਂਤ ਨੇ। ਸੰਘਾਰੇ—ਮਾਰ ਦਿਤੇ। ਜਮ ਪੁਰਿ—ਜਮਾਂ ਦੀ ਪੁਰੀ ਵਿਚ ।੨।

ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਲਿਵ—ਲਗਨ। ਭਾਗੇ—ਦੂਰ ਹੋ ਜਾਂਦੇ ਹਨ ।੩।

ਕਉ—ਨੂੰ। ਤੁਠਾ—ਦਇਆਵਾਨ ਹੋਇਆ। ਬਨਵਾਰੀ—ਪ੍ਰਮਾਤਮਾਂ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਇਹ ਮਨ ਰੱਬੀ ਮਾਰਗ ਤੇ ਤੁਰਨ ਵਲੋਂ ਬੜਾ ਹੀ ਅਮੋੜ ਰਹਿੰਦਾ ਹੈ, ਇਸ ਨੂੰ ਸਮਝਾਉਣ ਦਾ ਕੋਈ ਉਪਦੇਸ਼ ਦਿਓ ?

1. ਉ:—ਹੇ ਪਿਆਰੇ ! ਇਸ ਮਨ ਨੂੰ ਸਦਾ ਇਉਂ ਹੀ ਸੰਬੋਧਨ ਕਰਦਾ ਰਹੁ ਕਿ, ਹੇ ਮੇਰੇ ! ਮਨ ਵੇਖ ਰਾਤ ਅਤੇ ਦਿਨ ਦੋਵੇਂ ਮੌਤ ਦਾ ਸੱਦਾ ਦੇ ਰਹੇ ਹਨ, ਮੌਤ ਦੇ ਅਵਾਜ਼ੇ ਦੇ ਰਹੇ ਹਨ (ਕਿ ਉਮਰ ਬੀਤ ਰਹੀ ਹੈ ਤੇ ਮੌਤ ਨੇੜੇ ਆ ਰਹੀ ਹੈ)।
2. ਇਸ ਲਈ, ਹੇ ਮਨ ! ਪ੍ਰਮਾਤਮਾਂ ਦਾ ਨਾਮ ਸਿਮਰਿਆ ਕਰ, (ਕਿਉਂਕਿ) ਹਰਿ ਨਾਮ ਹੀ ਅੰਤ ਵੇਲੇ ਸਦਾ ਰਖਿਆ ਕਰਦਾ ਹੈ ।੧।
3. ਹੇ ਮੇਰੇ ਮਨ ! ਸਦਾ ਪ੍ਰਮਾਤਮਾਂ ਨੂੰ ਯਾਦ ਕਰਿਆ ਕਰ।

ਪ੍ਰ:—ਕਿਉਂ ਜੀ ! ਇਸ ਯਾਦ ਦਾ ਫਲ ਕੀ ਮਿਲੇਗਾ ?

4. ਉ:—ਹੇ ਭਾਈ ! ਗੁਰੂ ਦੀ ਮਤਿ ਲੈ ਕੇ ਪ੍ਰਮਾਤਮਾਂ ਦੇ ਗੁਣ ਗਾਇਆ ਕਰ, (ਜਿਸ ਮਨੁੱਖ ਨੇ ਇਹ ਉੱਦਮ ਕੀਤਾ ਹੈ ਉਸ ਨੇ) ਸਾਰਾ ਆਲਸ ਦੂਰ ਕਰ ਕੇ ਆਪਣੇ ਸਾਰੇ ਦੁੱਖ ਨਾਸ ਕਰ ਕੇ ਪ੍ਰਮੇਸ਼ਰ ਦਾ ਮਿਲਾਪ ਹਾਸਲ ਕਰ ਲਿਆ ਹੈ ।੧। ਰਹਾਉ।
5. ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਮੁੜ ਮੁੜ ਹਉਮੈਂ ਦੇ ਕਾਰਨ ਆਤਮਕ ਮੌਤ ਸਹੇੜਦੇ ਰਹਿੰਦੇ ਹਨ।
6. ਐ ਪਿਆਰੇ ! ਜਦੋਂ ਕਾਲ ਦੈਂਤ ਨੇ ਉਨ੍ਹਾਂ ਨੂੰ ਮਾਰ ਮੁਕਾਇਆ, ਉਹ ਤਦੋਂ ਹੀ ਜਮਾਂ ਦੇ ਵਸ ਪੈ ਗਏ ।੨।
7. ਪਰ, ਹੇ ਪਿਆਰੇ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਦੇ ਅੰਦਰ ਪ੍ਰਮੇਸ਼ਰ ਦੇ ਨਾਮ ਦੀ ਲਗਨ ਲਗਦੀ ਹੈ।
8. (ਜਿਸ ਦੀ ਬਰਕਤ ਨਾਲ) ਜੰਮਣ ਤੇ ਮਰਣ ਦੇ ਉਨ੍ਹਾਂ ਦੇ ਦੋਵੇਂ ਹੀ ਦੁੱਖ ਦੂਰ ਹੋ ਜਾਂਦੇ ਹਨ ।੩।

ਪ੍ਰ:—ਸ੍ਰੀ ਜੀਉ ! ਭਗਤਾਂ ਨੂੰ ਪ੍ਰਭੂ ਮਿਲਾਪ ਦਾ ਕਾਰਨ ਕੀ ਹੋਇਆ ਕਰਦਾ ਹੈ ?

9. ਉ:—ਹੇ ਭਾਈਓ ! ਆਪਣੇ ਭਗਤਾਂ ਉਤੇ ਪ੍ਰਮਾਤਮਾਂ ਆਪ ਹੀ ਮਿਹਰ ਕਰਦਾ ਹੈ, (ਉਨ੍ਹਾਂ ਨੂੰ ਗੁਰੂ ਦਾ ਮਿਲਾਪ ਬਖਸ਼ਦਾ ਹੈ)।
10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸ ਮਨੁੱਖ ਉਤੇ ਗੁਰੂ ਦਇਆਵਾਨ ਹੁੰਦਾ ਹੈ, ਉਸ ਨੂੰ ਪ੍ਰਮਾਤਮਾਂ ਮਿਲ ਪੈਂਦਾ ਹੈ ।੪।੨।

ਭਾਵਾਰਥ :—ਜਿਨ੍ਹਾਂ ਉਤੇ ਉਸ ਮਿਹਰਵਾਨ ਪ੍ਰਭੂ ਦੀ ਮਿਹਰ ਹੁੰਦੀ ਹੈ, ਉਹ ਗੁਰਮੁਖ ਬਣ ਕੇ ਹਰੀ ਨੂੰ ਮਨ ਵਿਚ ਵਸਾਉਂਦੇ ਹਨ, ਹਰੀ ਦੇ ਨਾਮ ਸਿਮਰਨ ਵਲੋਂ ਸਖਣੇ ਰਹਿਣ ਵਾਲੇ ਮਨਮੁਖ ਸਦਾ ਹੀ ਭਟਕਣਾ ਵਿਚ ਭਟਕਦੇ ਰਹਿੰਦੇ ਹਨ।

ਬਸੰਤੁ ਹਿੰਡੋਲ ਮਹਲਾ ੪ ਘਰੁ ੨

੧ ਓ ਸਤਿਗੁਰ ਪ੍ਰਸਾਦਿ ॥

1. **ਰਾਮ ਨਾਮੁ ਰਤਨ ਕਠੜੀ**
   ਗੜ ਮੰਦਰਿ ਏਕ ਲੁਕਾਨੀ ॥
2. **ਸਤਿਗੁਰੁ ਮਿਲੈ ਤ ਖੋਜੀਐ**
   ਮਿਲਿ ਜੋਤੀ ਜੋਤਿ ਸਮਾਨੀ ॥੧॥
3. **ਮਾਧੋ ਸਾਧੂ ਜਨ ਦੇਹੁ ਮਿਲਾਇ ॥**
4. **ਦੇਖਤ ਦਰਸੁ ਪਾਪ ਸਭਿ ਨਾਸਹਿ**
   ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥
5. **ਪੰਚ ਚੋਰ ਮਿਲਿ ਲਾਗੇ ਨਗਰੀਆ**
   ਰਾਮ ਨਾਮ ਧਨੁ ਹਿਰਿਆ ॥
6. **ਗੁਰਮਤਿ ਖੋਜ ਪਰੇ ਤਬ ਪਕਰੇ**
   ਧਨੁ ਸਾਬਤੁ ਰਾਸਿ ਉਬਰਿਆ ॥੨॥
7. **ਪਾਖੰਡ ਭਰਮ ਉਪਾਵ ਕਰਿ ਥਾਕੇ**
   ਰਿਦ ਅੰਤਰਿ ਮਾਇਆ ਮਾਇਆ ॥
8. **ਸਾਧੂ ਪੁਰਖੁ ਪੁਰਖਪਤਿ ਪਾਇਆ**
   ਅਗਿਆਨ ਅੰਧੇਰੁ ਗਵਾਇਆ ॥੩॥
9. **ਜਗੰਨਾਥ ਜਗਦੀਸ ਗੁਸਾਈ**
   ਕਰਿ ਕਿਰਪਾ ਸਾਧੁ ਮਿਲਾਵੈ ॥
10. **ਨਾਨਕ ਸਾਂਤਿ ਹੋਵੈ ਮਨ ਅੰਤਰਿ**
    ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥

ਪਦ ਅਰਥ :-ਰਤਨ—ਸਰਸ਼ਟ ਆਤਮਕ ਗੁਣ। ਕੋਠੜੀ—ਸੋਹਣਾ ਜਿਹਾ ਕਠ, ਸੋਹਣਾ ਜਿਹਾ ਖ਼ਜ਼ਾਨਾ। ਰਤਨ ਕੋਠੜੀ—ਸ੍ਰੇਸ਼ਟ ਆਤਮਕ ਗੁਣਾਂ ਦਾ ਸੋਹਣਾ ਜਿਹਾ ਖ਼ਜ਼ਾਨਾ। ਗੜ—ਕਿਲ੍ਹਾ। ਮੰਦਰਿ—ਮੰਦਰ ਵਿਚ। ਗੜ ਮੰਦਰਿ—ਸਰੀਰ ਕਿਲ੍ਹੇ ਵਿਚ, ਸਰੀਰ ਮੰਦਰ ਵਿਚ। ਲੁਕਾਨੀ—ਗੁਪਤ ਹੈ। ਖੋਜੀਐ—ਖੋਜ ਕੀਤੀ ਜਾ ਸਕਦੀ ਹੈ,ਭਾਲੀ ਜਾ ਸਕਦੀ ਹੈ। ਮਿਲਿ—(ਗੁਰੂ ਨੂੰ) ਮਿਲ ਕੇ। ਜੋਤੀ—ਪ੍ਰਭੂ ਦੀ ਜੋਤ ਵਿਚ।੧।

ਮਾਧੋ—ਹੇ ਮਾਇਆ ਦੇ ਖਸਮ, ਹੇ ਪ੍ਰਭੂ। ਸਾਧੂ—ਗੁਰੂ। ਸਭਿ—ਸਾਰੇ। ਨਾਸਹਿ—ਦੂਰ ਹੋ ਜਾਂਦੇ ਹਨ। ਪਰਮ ਪਦੁ—ਸਭ ਤੋਂ ਉਚਾ ਆਤਮਕ ਦਰਜਾ। ਪਾਇ—ਪ੍ਰਾਪਤ ਕਰ ਲੈਂਦਾ ਹੈ।੧। ਰਹਾਉ।

ਪੰਚ ਚੋਰ—ਕਾਮਾਦਿਕ ਪੰਜ ਚੋਰ। ਲਾਗੇ—ਲਗੇ ਹੋਏ ਹਨ, ਸੰਨ੍ਹ ਲਾ ਰਹੇ ਹਨ। ਹਿਰਿਆ ਚੁਰਾ ਲਿਆ ਹੈ। ਖੋਜ—ਖਰਾ, ਨਿਸ਼ਾਨ। ਪਕਰੇ—ਫੜੇ ਜਾਂਦੇ ਹਨ। ਉਬਰਿਆ—ਬਚ ਜਾਂਦਾ ਹੈ।੨।

ਉਪਾਵ—ਹੀਲੇ। ਰਿਦ—ਹਿਰਦਾ। ਪੁਰਖ ਪਤਿ—ਸਭ ਮਨੁੱਖਾਂ ਦਾ ਪਤੀ, ਸਭ ਮਨੁੱਖਾਂ ਨਾਲੋਂ ਸ੍ਰੇਸ਼ਟ। ਅਗਿਆਨ—ਆਤਮਕ ਜੀਵਨ ਵਲੋਂ ਬੇ-ਸਮਝੀ।੩।

ਜਗੰਨਾਥ—ਜਗਤ ਦਾ ਨਾਥ। ਜਗਦੀਸ—ਜਗਤ ਦਾ ਈਸ਼੍ਵਰ। ਗੁਸਾਈ—ਧਰਤੀ ਦਾ ਖਸਮ। ਸਾਧੁ—ਗੁਰੂ। ਅੰਤਰਿ—ਅੰਦਰ, ਵਿਚ। ਹਿਰਦੈ—ਹਿਰਦੇ ਵਿਚ। ਗਾਵੈ—ਗਾਂਦਾ ਹੈ।੪।

ਅਰਥ :—

ਪ੍ਰ:—ਸ੍ਰੀ ਜੀਉ! ਜਿਸ ਨਾਮ ਦੀ ਆਪ ਜੀ ਮਹੱਤਤਾ ਕਰਦੇ ਆ ਰਹੇ ਹੋ ਅਤੇ ਜਿਸ ਨਾਮ ਨੂੰ ਆਤਮਕ ਗੁਣਾਂ ਦਾ ਖਜ਼ਾਨਾਂ ਬਿਆਨ ਕਰਦੇ ਹੋ, ਦਸੋ, ਉਸ ਨਾਮ ਨੂੰ ਪ੍ਰਾਪਤ ਕਿਥੋਂ ਕੀਤਾ ਜਾਏ?

1. ਉ:—ਹੇ ਭਾਈਓ! ਅਸਲ ਵਿਚ ਉਸ ਨਾਮ ਨੂੰ ਭਾਲਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ, ਕਿਉਂਕਿ, ਉਹ ਪ੍ਰਮੇਸ਼ਰ ਜੀ ਦਾ ਨਾਮ ਸ੍ਰੇਸ਼ਟ ਆਤਮਕ ਗੁਣਾਂ ਦਾ ਸੋਹਣਾ ਜਿਹਾ ਖਜ਼ਾਨਾ ਹੈ, ਇਹ ਖਜ਼ਾਨਾ ਸਰੀਰ ਕਿਲੇ ਵਿਚ, ਸਰਰੀ ਮੰਦਰ ਵਿਚ ਗੁਪਤ ਹੀ ਲੁਕਿਆ ਪਿਆ ਹੈ।

ਪ੍ਰ:—ਸ੍ਰੀ ਜੀਉ! ਜੇ ਉਹ ਨਾਮ ਦਾ ਖ਼ਜ਼ਾਨਾ ਅੰਦਰ ਹੀ ਹੈ, ਤਾਂ ਉਸ ਨੂੰ ਪ੍ਰਾਪਤ ਕਿਵੇਂ ਕੀਤਾ ਜਾਏ?

2. ਉ:—ਹੇ ਭਾਈ! ਅਸਲ ਵਿਚ ਜਦੋਂ ਮਨੁੱਖ ਨੂੰ ਗੁਰੂ ਮਿਲਦਾ ਹੈ ਤਦੋਂ (ਉਸ ਖਜ਼ਾਨੇ ਦੀ) ਭਾਲ ਕੀਤੀ ਜਾ ਸਕਦੀ ਹੈ। ਗੁਰੂ ਨੂੰ ਮਿਲ ਕੇ ਮਨੁੱਖ ਦੀ ਜਿੰਦ ਪ੍ਰਮਾਤਮਾਂ ਦੀ ਜੋਤ ਵਿਚ ਲੀਨ ਹੋ ਜਾਂਦੀ ਹੈ।੧।

ਪ੍ਰ:—ਸ੍ਰੀ ਜੀਉ! ਤਾਂ ਫਿਰ ਦਸੋ, ਪਰਮ ਪਦ ਦੀ ਪ੍ਰਾਪਤੀ ਲਈ ਸਾਧਨ ਕੀ ਕਰਨਾ ਲੋੜੀਦਾ ਹੈ?

3. ਉ:—ਹੇ ਭਾਈਓ! ਸਫਲ ਸਾਧਨ ਇਹੋ ਹੀ ਹੈ ਕਿ ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਮਾਇਆ ਦੇ ਮਾਲਕ ਪ੍ਰਭੂ! (ਮੈਨੂੰ) ਦਾਸ ਨੂੰ ਗੁਰੂ ਦਾ ਮਿਲਾਪ ਕਰਵਾ ਦਿਓ।

4. ਹੇ ਪਿਆਰੇ! ਇਉਂ ਨਿਸਚਾ ਰਖ ਕਿ ਗੁਰੂ ਦਾ ਦਰਸ਼ਨ ਕਰਦਿਆਂ (ਹੀ) ਸਾਰੇ ਪਾਪ ਨਾਸ ਹੋ ਜਾਂਦੇ ਹਨ ਅਤੇ (ਜਿਹੜਾ ਮਨੁੱਖ ਗੁਰੂ ਦਾ ਦਰਸ਼ਨ ਕਰਦਾ ਹੈ, ਉਹ) ਪਵਿਤ੍ਰ ਅਤੇ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ।੧। ਰਹਾਉ।

ਪ੍ਰ:—ਸ੍ਰੀ ਜੀਉ! ਇਹ ਉਚਾ ਆਤਮਕ ਦਰਜਾ ਹਰ ਇਕ ਨੂੰ ਕਿਉਂ ਨਹੀਂ ਪ੍ਰਾਪਤ ਹੁੰਦਾ?

5. ਉ:—ਹੇ ਭਾਈ! ਕਾਰਨ ਤਾਂ ਵਡਾ ਇਕ ਇਹੋ ਹੀ ਹੈ ਕਿ, ਮਨੁੱਖ ਦੇ ਇਸ ਸਰੀਰ ਨਗਰ ਵਿਚ (ਕਾਮਾਦਿਕ) ਪੰਜ ਚੋਰ

ਮਿਲਕੇ ਸੰਨ੍ਹ ਲਾਈ ਰਖਦੇ ਹਨ ਅਤੇ (ਮਨੁੱਖ ਦੇ ਅੰਦਰੋਂ) ਪ੍ਰਮੇਸ਼ਰ ਜੀ ਦਾ ਨਾਮ ਧਨ ਚੁਰਾ ਲੈਂਦੇ ਹਨ।

ਪ੍ਰ:–ਕਿਉਂ ਜੀ! ਇਨ੍ਹਾਂ ਚੋਰਾਂ ਤੋਂ ਨਾਮ ਧਨ ਨੂੰ ਬਚਾਈ ਰਖਣ ਦਾ ਸਾਧਨ ਕੀ ਹੈ?

6. ਉ.–ਹੇ ਭਾਈ! ਸਾਧਨ ਇਕੋ ਹੀ ਹੈ ਕਿ, ਜਦੋਂ ਕੋਈ ਮਨੁੱਖ ਗੁਰੂ ਦੀ ਮੱਤ ਲੈ ਕੇ ਇਨ੍ਹਾਂ ਦਾ ਖੁਰਾ ਨਿਸ਼ਾਨ ਲੱਭਦਾ ਹੈ ਤਦੋਂ ਇਹ ਚੋਰ ਫੜੇ ਜਾਂਦੇ ਹਨ ਤੇ ਉਸ ਮਨੁੱਖ ਦਾ ਨਾਮ ਧਨ, ਨਾਮ ਸਰਮਾਇਆ ਸਾਰੇ ਦਾ ਸਾਰਾ ਬਚ ਜਾਂਦਾ ਹੈ।੨।

ਪ੍ਰ:–ਸ੍ਰੀ ਜੀਉ! ਕਈ ਲੋਕ ਇਸ ਨਾਮ ਸਰਮਾਏ ਨੂੰ ਇਨ੍ਹਾਂ ਕਾਮਾਦਿਕ ਚੋਰਾਂ ਤੋਂ ਬਚਾਉਣ ਲਈ ਸਰੀਰ ਤੇ ਕਈ ਤਰ੍ਹਾਂ ਦੇ ਧਾਰਮਕ ਵਿਖਾਵੇ ਬਦਲਦੇ ਰਹਿੰਦ ਹਨ ਕੀ ਇਸ ਤਰ੍ਹਾਂ ਭੀ ਉਨ੍ਹਾਂ ਨੂੰ ਕੁਝ ਹਾਸਲ ਹੁੰਦਾ ਹੈ?

7. ਉ.–ਹੇ ਭਾਈਓ! ਅਨੇਕਾਂ ਹੀ ਲੋਕ ਧਾਰਮਕ ਵਿਖਾਵੇ ਵਾਲੇ ਅਤੇ ਭਰਮਾਂ ਵਹਿਮਾਂ ਵਾਲੇ ਹੀਲੇ ਕਰ ਕੇ ਥੱਕ ਜਾਂਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਸਦਾ ਮਾਇਆ (ਦੀ ਤ੍ਰਿਸ਼ਨਾਂ ਹੀ ਟਿਕੀ ਰਹਿੰਦੀ ਹੈ)।

8. ਪਰ, ਐ ਪਿਆਰੇ! ਜਿਸ ਮਨੁੱਖ ਨੂੰ ਸ੍ਰੇਸ਼ਟ ਪੁਰਸ਼ ਗੁਰੂ ਮਿਲ ਪੈਂਦਾ ਹੈ; ਉਹ ਮਨੁੱਖ ਆਪਣੇ ਅੰਦਰੋਂ ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਹਨੇਰਾ ਦੂਰ ਕਰ ਲੈਂਦਾ ਹੈ।੩।

ਪ੍ਰ:–ਸ੍ਰੀ ਜੀਉ! ਇਹ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦੀ?

9. ਉ:–ਹੇ ਭਾਈਓ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਹੇ ਪਿਆਰੇ! ਜਗਤ ਦਾ ਨਾਥ, ਜਗਤ ਦਾ ਮਾਲਕ, ਜਗਤ ਦਾ ਖਸਮ ਮੇਹਰ ਕਰ ਕੇ ਜਿਸ ਨੂੰ ਗੁਰੂ ਮਿਲਾਂਦਾ ਹੈ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਹੀ ਮਨੁੱਖ ਆਪਣੇ ਹਿਰਦੇ ਵਿਚ ਸਦਾ ਪ੍ਰਮਾਤਮਾਂ ਦੇ ਗੁਣ ਗਾਂਦਾ ਰਹਿੰਦਾ ਹੈ।੪।੧।੩।

ਭਾਵਾਰਥ :–ਹਰ ਇਕ ਦੇ ਅੰਦਰ ਹਰੀ ਦੀ ਜੋਤ ਹੈ, ਪਰ, ਉਹ ਗੁਰੂ ਦੇ ਰਾਹੀਂ ਹੀ ਪ੍ਰਗਟ ਹੁੰਦੀ ਹੈ ਅਤੇ ਵਿਸ਼ਿਆਂ ਵਲ ਰੁਚੀ ਕਰਨ ਨਾਲ ਮੱਧਮ ਪੈ ਪੈ ਕੇ ਬੁੱਝ ਜਾਂਦੀ ਹੈ। ਵਾਹਿਗੁਰੂ ਆਪ ਮਿਹਰ ਕਰੇ ਤਾਂ ਗੁਰੂ ਮਿਲਾ ਦੇਂਦਾ ਹੈ। ਜੋ ਸਾਡੇ ਦਿਲ ਦਾ ਹਨੇਰਾ ਦੂਰ ਕਰ ਕੇ ਅੰਦਰ ਹਰੀ ਦੇ ਗੁਣਾਂ ਦਾ ਪ੍ਰਵੇਸ਼ ਕਰਾਉਂਦਾ ਹੈ।

ਬਸੰਤੁ ਮਹਲਾ ੪ ਹਿੰਡੋਲ ॥

1. ਤੁਮ੍ ਵਡ ਪੁਰਖ ਵਡ ਅਗਮ ਗੁਸਾਈ
ਹਮ ਕੀਰੇ ਕਿਰਮ ਤੁਮਨਛੇ ॥
2. ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ
ਗੁਰ ਸਤਿਗੁਰ ਚਰਣ ਹਮ ਬਨਛੇ ॥੧॥
3. ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥
4. ਜਨਮ ਜਨਮ ਕੇ ਕਿਲਵਿਖ ਮਲੁ ਭਰਿਆ
ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥
5. ਤੁਮ੍ਰਾ ਜਨੁ ਜਾਤਿ ਅਵਿਜਾਤਾ
ਹਰਿ ਜਪਿਓ ਪਤਿਤ ਪਵੀਛੇ ॥
6. ਹਰਿ ਕੀਓ ਸਗਲ ਭਵਨ ਤੇ ਊਪਰਿ
ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥
7. ਜਾਤਿ ਅਜਾਤਿ ਕੋਈ ਪ੍ਰਭ ਧਿਆਵੈ
ਸਭਿ ਪੂਰੇ ਮਾਨਸ ਤਿਨਛੇ ॥
8. ਸੇ ਧੰਨਿ ਵਡੇ ਵਡ ਪੂਰੇ ਹਰਿ ਜਨ
ਜਿਨ੍ ਹਰਿ ਧਾਰਿਓ ਹਰਿ ਉਰਛੇ ॥੩॥
9. ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ
ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥
10. ਜਨ ਨਾਨਕ ਗੁਰੁ ਪਾਇਆ ਹਰਿ ਤੂਠੇ
ਹਮ ਕੀਏ ਪਤਿਤ ਪਵੀਛੇ ॥੪॥੨॥੪॥

ਪਦ ਅਰਥ :–ਪੁਰਖ-ਸਰਵ ਵਿਆਪਕ। ਅਗਮ–ਅਪਹੁੰਚ। ਗੁਸਾਈ–ਧਰਤੀ ਦਾ ਖਸਮ। ਕੀਰੇ–ਕੀੜੇ। ਕਿਰਮ–ਨਿੱਕ ਨਿੱਕੇ ਕੀੜੇ। ਤੁਮਨਛੇ–ਤੇਰੇ (ਪੈਦਾ ਕੀਤੇ ਹੋਏ)। ਦੀਨ ਦਇਆਲ–ਹੇ ਦੀਨਾਂ ਉਤੇ ਦਇਆ ਕਰਨ ਵਾਲੇ। ਬਨਛੇ–ਬਾਂਛੇ, ਲੋਚਦੇ ਹਾਂ।੧।

ਮੇਲਿ–ਮਿਲਾ। ਕ੍ਰਿਪਛੇ–ਕ੍ਰਿਪਾ। ਕਿਲਵਿਖ–ਪਾਪ। ਮਿਲਿ–ਮੇਲ, ਮਿਲਾ ਕੇ। ਹਨਛੇ–ਹੱਛੇ, ਪਵਿਤ੍ਰ ਜੀਵਨ ਵਾਲੇ।੧। ਰਹਾਉ।

ਜਾਤਿ ਅਵਿਜਾਤਾ–ਉਚੀ ਜ਼ਾਤ ਦਾ ਚਾਹੇ ਨੀਵੀਂ ਜ਼ਾਤ ਦਾ। ਪਤਿਤ–ਵਿਕਾਰਾਂ ਵਿਚ ਡਿਗਾ ਹੋਇਆ। ਪਵੀਛੇ–ਪਵਿਤ੍ਰ। ਪਤਿਤ ਪਵੀਛੇ–ਵਿਕਾਰੀਆਂ ਨੂੰ ਪਵਿਤ੍ਰ ਕਰਨ ਵਾਲਾ। ਤੇ–ਤੋਂ। ਸਗਲ ਭਵਨ ਤੇ–ਸਾਰੇ ਭਵਨਾਂ ਤੋਂ। ਊਪਰਿ–ਉਚਾ। ਦਿਨਛੇ–ਦਿਤੀ। ਸੋਭਾ–ਵਡਿਆਈ।੨।

ਅਜਾਤਿ–ਨੀਵੀਂ ਜਾਤਿ। ਸਭਿ ਮਾਨਸ–ਸਾਰੇ ਮਨੋਰਥ। ਤਿਨਛੇ–ਉਨ੍ਹਾਂ ਦੇ। ਪੂਰੇ–ਪੂਰਨ ਕਰਦਾ ਹੈ। ਸੇ–ਉਹ। ਧੰਨਿ–ਭਾਗਾਂ ਵਾਲੇ। ਪੂਰੇ–ਗੁਣਾਂ ਨਾਲ ਪੂਰਨ। ਉਰਛੇ–ਹਿਰਦੇ ਵਿਚ।੩।

ਢੀਂਢ–ਨੀਚ। ਢੀਮ–ਮਿੱਟੀ ਦਾ ਢੇਲਾ। ਮਿਲਛੇ–ਮਿਲ। ਪ੍ਰਭ–ਹੇ ਪ੍ਰਭੂ। ਤੂਠੇ–ਦਇਆਵਾਨ ਹੋਏ।੪।

ਅਰਥ :–

ਪ੍ਰ:–ਗੁਰਦੇਵ ਜੀਉ! ਅਸੀਂ ਮਲੀਨ ਬਧੀ ਵਾਲੇ ਜੀਵਾਂ ਨੂੰ ਉਸ ਪ੍ਰਭੂ ਦੀ ਸਿਫਤੋ ਸਲਾਹ ਕਰਨ ਦੀ ਜਾਚ ਬਖਸ਼ੋ?

1. ਉ–ਹੇ ਪਿਆਰੇ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਸ਼ਲਾਘਾ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ਜੀ! ਤੂੰ ਅਪਹੁੰਚ ਹੈਂ, ਤੂੰ ਜਗਤ ਦਾ ਮਾਲਕ ਹੈਂ, ਤੂੰ ਸਭ ਤੋਂ ਵਡਾ ਪੁਰਖ ਹੈਂ, ਅਸੀਂ ਤੇਰੇ ਪੈਦਾ ਕੀਤੇ ਹੋਏ ਤੁੱਛ ਜਿਹੇ ਜੀਵ ਹਾਂ।

2. ਹੇ ਦੀਨਾਂ ਉਤੇ ਦਇਆ ਕਰਨ ਵਾਲੇ ਹਰੀ, ਹੇ ਪ੍ਰਭੂ ! (ਮੇਰੇ ਉਤੇ) ਮਿਹਰ ਕਰ (ਮੈਨੂੰ ਗੁਰੂ ਮਿਲਾ) ਮੈਂ ਗੁਰ ਸਤਿਗਰ ਦੇ ਚਰਨਾਂ (ਦੀ ਧੂੜ) ਦੀ ਤਾਂਘ ਰਖਦਾ ਹਾਂ ।੧।

3. ਹੇ ਗੋਬਿੰਦ ਜੀਉ ! (ਮੇਰੇ ਉਤੇ) ਮਿਹਰ ਕਰ, (ਮੈਨੂੰ ਸਾਧ) ਸੰਗਤ ਵਿਚ ਮਿਲਾ ।

4. ਮੈਂ ਅਨੇਕਾਂ ਜਨਮਾਂ ਦੇ ਪਾਪਾਂ ਦੀ ਮੈਲ ਨਾਲ ਲਿਬੜਿਆ ਹੋਇਆ ਹਾਂ । ਹੇ ਪ੍ਰਭੂ ! ਮੈਨੂੰ ਸਾਧ ਸੰਗਤ ਵਿਚ ਮਿਲਾ ਕੇ ਸੁੱਚੇ ਜੀਵਨ ਵਾਲਾ ਬਣਾ ।੧। ਰਹਾਉ ।

5. ਹੇ ਸਾਈਆਂ ਜੀਉ ! ਤੇਰਾ ਸੇਵਕ ਉਚੀ ਜਾਤ ਦਾ ਹੋਵੇ ਚਾਹੇ ਨੀਵੀਂ ਜਾਤ ਦਾ, ਵਿਕਾਰੀਆਂ ਤੋਂ ਪਵਿਤ੍ਰ ਕਰਨ ਵਾਲਾ ਤੇਰਾ ਨਾਮ ਜਿਸ ਨੇ ਭੀ ਜਪਿਆ ਹੈ ।

6. ਹੇ ਹਰੀ ! ਤੂੰ ਉਸ ਨੂੰ ਸਾਰੇ ਜਗਤ ਦੇ ਜੀਵਾਂ ਤੋਂ ਉਚਾ ਕਰ ਦਿਤਾ, ਹੇ ਪ੍ਰਭੂ ! ਤੂੰ ਉਸ ਨੂੰ ਲੋਕ ਪ੍ਰਲੋਕ ਦੀ ਵਡਿਆਈ ਬਖਸ਼ ਦਿਤੀ ।੨।

7. ਹੇ ਭਾਈ ! ਉਚੀ ਜਾਤ ਦਾ ਹੋਵੇ ਚਾਹੇ ਨੀਵੀਂ ਜਾਤ ਦਾ, ਜਿਹੜਾ ਜਿਹੜਾ ਭੀ ਪ੍ਰਭੂ ਦਾ ਨਾਮ ਸਿਮਰਦਾ ਹੈ, ਉਨ੍ਹਾਂ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ ।

8. ਹੇ ਭਾਈ ! ਪ੍ਰਭੂ ਦੇ ਜਿਨ੍ਹਾਂ ਸੇਵਕਾਂ ਨੇ ਹਰੀ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ, ਉਹ ਭਾਗਾਂ ਵਾਲੇ ਹਨ, ਉਹ ਸਭਨਾਂ ਤੋਂ ਵਡੇ ਹਨ, ਉਹ ਪੂਰਨ ਪੁਰਖ ਹਨ ।੩।

9. ਹੇ ਹਰੀ ! ਅਸੀਂ ਜੀਵ ਨੀਚ ਹਾਂ, ਅਸੀਂ ਮੂਰਖ ਹਾਂ, ਅਸੀਂ ਪਾਪਾਂ ਦੇ ਭਾਰ ਨਾਲ ਦਬੇ ਪਏ ਹਾਂ, ਹੇ ਹਰੀ ! ਮਿਹਰ ਕਰ, ਸਾਨੂੰ ਮਿਲ ।

10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੇਰੇ ਉਤੇ ਪ੍ਰਭੂ ਦਇਆਵਾਨ ਹੋਇਆ ਹੈ, (ਕਿਉਂਕਿ) ਸਾਨੂੰ ਗੁਰੂ ਮਿਲ ਪਿਆ, (ਗੁਰੂ ਨੇ) ਸਾਨੂੰ ਵਿਕਾਰੀਆਂ ਤੋਂ ਪਵਿਤ੍ਰ ਬਣਾ ਦਿਤਾ ।੪।੨।੪।

ਭਾਵਾਰਥ :—ਉਸ ਹਰੀ ਦੇ ਮਿਲਾਪ ਲਈ ਹਰੀ ਅਗੇ ਹੀ ਪ੍ਰਾਰਥਨਾਂ ਕਰਦੇ ਹਨ ਕਿ ਸਾਨੂੰ ਗੁਰੂ ਦਾ ਮਿਲਾਪ ਕਰਵਾ ਦਿਓ, ਜੋ ਕਿ ਸਾਡੇ ਜਿਹੇ ਨੀਚਾਂ ਮੂਰਖਾਂ ਨੂੰ ਹਰੀ ਨਾਮ ਦੇ ਕੇ ਪਵਿਤ੍ਰ ਕਰ ਦੇਵੇ ।

ਬਸੰਤੁ ਹਿੰਡੋਲ ਮਹਲਾ ੪ ॥

1. ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ
ਨਿਤ ਹਰਿ ਹਰਿ ਨਾਮ ਰਸਿ ਗੀਧੇ ॥
2. ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ
ਥਨਿ ਕਾਢੇ ਬਿਲਲ ਬਿਲੀਧੇ ॥੧॥
3. ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥
4. ਵਡੈ ਭਾਗਿ ਗੁਰੁ ਸਤਿਗੁਰੁ ਪਾਇਆ
ਵਿਚਿ ਕਾਇਆ ਨਗਰ ਹਰਿ ਸੀਧੇ ॥੧॥ ਰਹਾਉ ॥
5. ਜਨ ਕੇ ਸਾਸ ਸਾਸ ਹੈ ਜੇਤੇ
ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥
6. ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ
ਬਿਨੁ ਜਲ ਦੇਖੇ ਸੁਕਲੀਧੇ ॥੨॥
7. ਜਨ ਜਪਿਓ ਨਾਮੁ ਨਿਰੰਜਨੁ ਨਰਹਰਿ
ਉਪਦੇਸਿ ਗੁਰੂ ਹਰਿ ਪ੍ਰੀਧੇ ॥
8. ਜਨਮ ਜਨਮ ਕੀ ਹਉਮੈ ਮਲੁ ਨਿਕਸੀ
ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥
9. ਹਮਰੇ ਕਰਮ ਨ ਬਿਚਰਹੁ ਠਾਕੁਰ
ਤੁਮ ਪੈਜ ਰਖਹੁ ਅਪਨੀਧੇ ॥
10. ਹਰਿ ਭਾਵੈ ਸੁਣਿ ਬਿਨਉ ਬੇਨਤੀ
ਜਨ ਨਾਨਕ ਸਰਣਿ ਪਵੀਧੇ ॥੪॥੩॥੫॥

ਪਦ ਅਰਥ :—ਮਨੂਆ—ਅੰਞਾਣ ਮਨ । ਰਹਿ ਨ ਸਕੈ—ਧੀਰਜ ਨਹੀਂ ਕਰ ਸਕਦਾ । ਨਾਮ ਰਸਿ—ਨਾਮ ਦੇ ਸੁਆਦ ਵਿਚ । ਗੀਧੇ—ਗਿੱਝ ਗਿਆ ਹੈ । ਬਾਰਿਕੁ—ਛੋਟਾ ਬਾਲ । ਰਸਕਿ—ਸੁਆਦ ਨਾਲ। ਥਨਿ ਮਾਤਾ—ਮਾਂ ਦੇ ਥਣ ਉਤੇ । ਥਨਿ ਕਾਢੇ—ਜੇ ਥਣ (ਉਸਦੇ ਮੂੰਹ ਵਿਚੋਂ) ਕਢ ਲਿਆ ਜਾਏ । ਬਿਲਲ ਬਿਲੀਧੇ—ਵਿਲਕਣ ਲਗ ਪੈਂਦਾ ਹੈ ।੧।

ਗੋਬਿੰਦ ਜੀਉ—ਹੇ ਗੋਬਿੰਦ ਜੀ। ਬੀਧੇ—ਵਿੱਝ ਗਏ ਹਨ। ਵਡੈ ਭਾਗਿ—ਵਡੀ ਕਿਸਮਤ ਨਾਲ । ਸੀਧੇ—ਸਿਧ ਹੋ ਗਿਆ ਹੈ, ਲੱਭ ਪਿਆ ਹੈ ।੧। ਰਹਾਉ ।

ਜੇਤੇ—ਜਿਤਨੇ ਭੀ । ਹੈ—ਹੈਂ । ਸਾਸ ਸਾਸ—ਸਾਰੇ ਸਾਹ । ਬਿਰਹਿ—ਬਿਰਹੋਂ ਵਿਚ, ਪਿਆਰ ਭਰੇ ਵਿਛੋੜੇ ਵਿਚ । ਬੀਧੇ—ਵਿਝੇ ਹੋਏ ਹਨ । ਸੁਕਲੀਧੇ—ਸੁੱਕ ਜਾਂਦਾ ਹੈ ।੨।

ਨਿਰੰਜਨ—(ਨਿਰ-ਅੰਜਨੁ । ਅੰਜਨੁ—ਮਾਇਆ ਦੇ ਮੋਹ ਦੀ ਕਾਲਖ) ਪਵਿਤ੍ਰ । ਨਰਹਰਿ—ਪਰਮਾਤਮਾਂ । ਉਪਦੇਸ ਗੁਰੂ—ਗੁਰੂ ਨੇ ਆਪਣੇ ਉਪਦੇਸ਼ ਨਾਲ। ਪ੍ਰੀਧੇ—ਪ੍ਰੇਸ ਰਖਿਆ; ਸਾਹਮਣੇ ਵਿਖਾ ਦਿਤਾ । ਨਿਕਸੀ—ਨਿਕਲ ਗਈ; ਦੂਰ ਹੋ ਗਈ । ਜਲਿ—ਜਲ ਨਾਲ । ਅੰਮ੍ਰਿਤਿ ਜਲਿ—ਅਮਰ ਜੀਵਨ ਦੇਣ ਵਾਲੇ ਨਾਮ ਜਲ ਨਾਲ। ਨੀਧੇ—ਨ੍ਹਾਤੇ,ਆਤਮਕ ਇਸ਼ਨਾਨ ਕੀਤਾ ।੩।

ਹਮਰੇ—ਅਸਾਂ ਜੀਵਾਂ ਦੇ । ਠਾਕੁਰ—ਹੇ ਠਾਕਰ । ਬਿਚਰਹੁ—ਵਿਚਾਰੋ । ਪੈਜ—ਇੱਜ਼ਤ, ਲਾਜ । ਅਪਨੀਧੇ—ਆਪਣੇ ਦਾਸ ਦੀ । ਹਰਿ—ਹੇ ਹਰੀ। ਭਾਵੈ—ਜੇ ਤੈਨੂੰ ਚੰਗਾ ਲਗੇ । ਬਿਨਉ—ਬੇਨਤੀ, ਅਰਜ਼ੋਈ । ਪਵੀਧੇ—ਪਿਆ ਹੈ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਜਿਸ ਨਾਮ ਰਸ ਦੀ ਮਸਤੀ ਵਿਚ ਆਪ ਜੀ ਸਦਾ ਹੀ ਮਸਤ ਰਹਿੰਦੇ ਹੋ, ਉਹ ਸਾਨੂੰ ਅਨੇਕਾਂ ਜਤਨ ਕਰਨ ਤੋਂ ਭੀ ਹਾਸਲ ਨਹੀਂ ਹੁੰਦੀ, ਪਰ ਇਹ ਦਾਤ ਤੁਹਾਨੂੰ ਕਿਥੋਂ ਪ੍ਰਾਪਤ ਹੋਈ ਹੈ ?

1. ਉ:–ਹੇ ਭਾਈਓ ! ਜਦੋਂ ਤੋਂ ਮੈਨੂੰ ਗੁਰੂ ਮਿਲਿਆ ਹੈ, ਤਦੋਂ ਤੋਂ ਮੇਰਾ ਮਨ ਸਦਾ ਪ੍ਰਮੇਸ਼ਰ ਜੀ ਦੇ ਨਾਮ ਦੇ ਸੁਆਦ ਵਿਚ ਮਸਤ ਰਹਿੰਦਾ ਹੈ, ਹੁਣ ਇਹ ਮਨ ਇਕ ਖਿਨ ਵਾਸਤੇ ਭੀ (ਉਸ ਸੁਆਦ ਤੋਂ ਬਿਨਾ) ਰਹਿ ਨਹੀਂ ਸਕਦਾ।

ਪ੍ਰ:–ਸ੍ਰੀ ਜੀਉ ! ਜਦ ਕਦੀ ਤੁਹਾਨੂੰ ਉਸ ਨਾਮ ਰਸ ਦਾ ਵਿਜੋਗ ਹੋ ਜਾਏ, ਕੀ ਉਸ ਸਮੇਂ ਤੁਹਾਨੂੰ ਕੋਈ ਦੁੱਖ ਭੀ ਅਨੁਭਵ ਹੁੰਦਾ ਹੈ ?

2. ਉ:–ਹੇ ਭਾਈਓ ! ਉਸ ਨਾਮ ਰਸ ਦੇ ਵਿਜੋਗ ਦੀ ਦਸ਼ਾ ਇਉਂ ਹੀ ਜਾਣੋ ਕਿ, ਜਿਵੇਂ ਛੋਟਾ ਬਾਲ ਬੜੇ ਸੁਆਦ ਨਾਲ ਆਪਣੀ ਮਾਂ ਦੇ ਥਣ ਨੂੰ ਚੰਬੜਦਾ ਹੈ, ਪਰ, ਜੇ ਥਣ (ਉਸ ਦੇ ਮੂੰਹ ਵਿਚੋਂ) ਕਢ ਲਈਏ ਤਾਂ ਉਹ ਵਿਲਕਣ ਲਗ ਪੈਂਦਾ ਹੈ।੧।

ਪ੍ਰ:–ਸ੍ਰੀ ਜੀਉ ! ਇਹ ਅਵਸਥਾ ਪ੍ਰਾਪਤ ਕਰਨ ਲਈ ਆਪ ਜੀ ਨੇ ਕੋਈ ਕਠਨ ਸਾਧਨ ਕੀਤਾ ਹੋਵੇਗਾ ?

3. ਉ:–ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਗੋਬਿੰਦ ਜੀ, ਹੇ ਹਰੀ, (ਗੁਰੂ ਦੀ ਮੇਹਰ ਨਾਲ) ਮੇਰਾ ਮਨ ਮੇਰਾ ਤਨ ਤੇਰੇ ਨਾਮ ਵਿਚ ਵਿੱਝ ਗਏ ਹਨ।

4. ਹੇ ਪਿਆਰੇ ! ਵਡੀ ਕਿਸਮਤ ਨਾਲ ਮੈਨੂੰ ਗੁਰੂ ਸਤਿਗੁਰੂ ਮਿਲ ਪਿਆ ਹੈ, (ਗੁਰੂ ਦੀ ਕ੍ਰਿਪਾ ਨਾਲ ਹੁਣ ਮੈਂ) ਆਪਣੇ ਸਰੀਰ ਨਗਰ ਵਿਚ ਹੀ ਪ੍ਰਮਾਤਮਾਂ ਨੂੰ ਲਭ ਲਿਆ ਹੈ।੧। ਰਹਾਉ।

ਪ੍ਰ:–ਗੁਰਦੇਵ ਜੀਉ ! ਭਗਤ ਜਨਾਂ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਹੋਇਆ ਕਰਦੀ ਹੈ ?

5. ਉ:–ਹੇ ਪਿਆਰੇ ! ਪ੍ਰਮਾਤਮਾਂ ਦੇ ਭਗਤ (ਦੀ ਉਮਰ) ਦੇ ਜਿਤਨੇ ਭੀ ਸਾਹ ਹੁੰਦੇ ਹਨ, ਉਹ ਸਾਰੇ ਪ੍ਰਮਾਤਮਾਂ ਦੇ ਬਿਰਹੋਂ ਵਿਚ ਵਿਝੇ ਰਹਿੰਦੇ ਹਨ।

ਪ੍ਰ:–ਸ੍ਰੀ ਜੀਉ ! ਇਸ ਭਾਵ ਨੂੰ ਉਦਾਹਰਣ ਦੇ ਕੇ ਸਮਝਾਓ ?

6. ਉ:–ਹੇ ਭਾਈਓ ! ਸੁਣੋ, ਜਿਵੇਂ ਕੌਲ ਫੁੱਲ ਅਤੇ ਪਾਣੀ ਦਾ ਬੜਾ ਡੂੰਘਾ ਪਿਆਰ ਹੁੰਦਾ ਹੈ, ਪਾਣੀ ਦਾ ਦਰਸ਼ਨ ਕਰਨ ਤੋਂ ਬਿਨਾ ਕੌਲ ਫੁੱਲ ਸੁੱਕ ਜਾਂਦਾ ਹੈ (ਇਹੀ ਹਾਲ ਹੁੰਦਾ ਹੈ ਭਗਤ ਜਨਾਂ ਦਾ)।੨।

7. ਹੇ ਭਾਈ ! ਪ੍ਰਮੇਸ਼ਰ ਦੇ ਸੇਵਕ ਪ੍ਰਮਾਤਮਾਂ ਦਾ ਪਵਿਤ੍ਰ ਨਾਮ (ਸਦਾ) ਜਪਦੇ ਹਨ, (ਕਿਉਂਕਿ) ਗੁਰੂ ਨੇ (ਆਪਣ) ਉਪਦੇਸ਼ ਨਾਲ ਉਨ੍ਹਾਂ ਨੂੰ ਪ੍ਰਮਾਤਮਾਂ ਸਾਹਮਣ (ਹਰ ਥਾਂ) ਵਸਦਾ) ਵਿਖਾ ਦਿਤਾ ਹੁੰਦਾ ਹੈ।

8. ਨਾਮ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰੋਂ ਜਨਮਾਂ ਜਨਮਾਤ੍ਰਾਂ ਦੀ ਹਉਮੈਂ ਦੀ ਮੈਲ ਦੂਰ ਹੋ ਜਾਂਦੀ ਹੈ, ਉਹ ਆਤਮਕ ਜੀਵਨ ਦੇਣ ਵਾਲੇ ਹਰਿ ਨਾਮ ਜਲ ਵਿਚ (ਸਦਾ) ਇਸ਼ਨਾਨ ਕਰਦੇ ਰਹਿੰਦੇ ਹਨ।੩।

9. ਹੇ ਭਾਈਓ ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਮਾਲਕ ਪ੍ਰਭੂ ! ਅਸਾਂ ਜੀਵਾਂ ਦੇ (ਚੰਗੇ ਮੰਦੇ) ਕਰਮ ਨ ਵਿਚਾਰਨੇ ਆਪਣੇ ਸੇਵਕ ਦਾਸ ਦੀ ਤੁਸੀਂ ਆਪ (ਹੀ) ਇੱਜ਼ਤ ਰਖਣੀ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਜਿਵੇਂ ਤੈਨੂੰ ਭਾਵੇ ਮੇਰੀ ਬੇਨਤੀ ਅਰਜੋਈ ਸੁਣ, ਮੈਂ ਤੇਰੀ ਸਰਣ ਪਿਆ ਹਾਂ।੪।੩।੫।

ਭਾਵਾਰਥ:–ਇਸ ਸ਼ਬਦ ਵਿਚ ਹੁਣ ਉਸ ਹਾਲਤ ਦਾ ਜਿਕਰ ਕਰਦੇ ਹਨ ਕਿ, ਜਦੋਂ ਗੁਰੂ ਦਾ ਮਿਲਾਪ ਹੋ ਗਿਆ ਤਾਂ ਸੁਭਾਵਕ ਹੀ ਹਰੀ ਦੇ ਪਿਆਰ ਦੀ ਲਗਨ ਲਗ ਗਈ।

ਬਸੰਤੁ ਹਿੰਡੋਲ ਮਹਲਾ ੪ ॥

1. ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ
ਤਿਲੁ ਘਰਿ ਨਹੀ ਵਾਸਾ ਪਾਈਐ ॥
2. ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ
ਘਰਿ ਮੰਦਰਿ ਆਣਿ ਵਸਾਈਐ ॥੧॥
3. ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥
4. ਹਉਮੈ ਰੋਗੁ ਗਇਆ ਸੁਖੁ ਪਾਇਆ
ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥
5. ਘਰਿ ਰਤਨ ਲਾਲ ਬਹੁ ਮਾਣਕ ਲਾਦੇ
ਮਨੁ ਭ੍ਰਮਿਆ ਲਹਿ ਨ ਸਕਾਈਐ ॥
6. ਜਿਉ ਓਡਾ ਕੂਪੁ ਗੁਹਜ ਖਿਨ ਕਾਢੈ
ਤਿਉ ਸਤਿਗੁਰਿ ਵਸਤੁ ਲਹਾਈਐ ॥੨॥
7. ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ
ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥
8. ਜਨਮੁ ਪਦਾਰਥੁ ਪੁੰਨਿ ਫਲੁ ਪਾਇਆ
ਕਉਡੀ ਬਦਲੈ ਜਾਈਐ ॥੩॥
9. ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ
ਕਰਿ ਕਿਰਪਾ ਗੁਰੂ ਮਿਲਾਈਐ ॥
10. ਜਨ ਨਾਨਕ ਨਿਰਬਾਣ ਪਦੁ ਪਾਇਆ
ਮਿਲਿ ਸਾਧੂ ਹਰਿ ਗੁਣ ਗਾਈਐ ॥੪॥ ੪॥੬॥

ਪਦ ਅਰਥ:–ਭਰਮਿ ਭਰਮਿ–ਭਟਕ ਭਟਕ ਕੇ। ਧਾਵੈ–ਦੌੜਦਾ ਫਿਰਦਾ ਹੈ। ਤਿਲੁ–ਰਤਾ ਭਰ ਭੀ। ਘਰਿ–ਘਰ ਵਿਚ, ਸਰੀਰ ਘਰ ਵਿਚ, ਇਕ ਟਿਕਾਣੇ ਤੇ, ਅਡੋਲਤਾ ਵਿਚ। ਵਾਸਾ–ਨਿਵਾਸ। ਨਹੀ ਪਾਈਐ–ਨਹੀਂ ਪਾਇਆ ਜਾ ਸਕਦਾ। ਗੁਰਿ–ਗੁਰੂ ਨੇ। ਅੰਕਸੁ–ਹਾਥੀ ਨੂੰ ਚਲਾਣ ਵਾਲਾ ਲੋਹੇ ਦਾ ਕੁੰਡਾ ਜੋ ਮੁਹਾਵਤ ਦੇ ਹੱਥ ਵਿਚ ਫੜਿਆ ਹੁੰਦਾ ਹੈ। ਦਾਰੂ–ਦਵਾਈ। ਸਿਰਿ–ਸਿਰ ਉਤੇ। ਧਾਰਿਓ–ਧਾਰਿਆ, ਰਖਿਆ। ਘਰਿ–ਘਰ ਵਿਚ। ਮੰਦਰਿ–ਮੰਦਰ ਵਿਚ। ਆਣਿ–ਲਿਆ ਕੇ। ਵਸਾਈਐ–ਵਸਾਇਆ ਜਾ ਸਕਦਾ ਹੈ।੧।

ਗੋਬਿੰਦ ਜੀਉ–ਹੇ ਪ੍ਰਭੂ ਜੀ। ਮੇਲਿ–ਮਿਲਾ।

ਧਿਆਈਐ—ਧਿਆਇਆ ਜਾ ਸਕਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਸਮਾਧਿ—ਜੁੜੀ ਹੋਈ ਸੁਰਤਿ।੧। ਰਹਾਉ।

ਘਰਿ—ਹਿਰਦੇ ਘਰ ਵਿਚ। ਭ੍ਰਮਿਆ—ਭਟਕਦਾ ਰਿਹਾ। ਓਡਾ—ਸੇਂਘਾ ਜੋ ਧਰਤੀ ਨੂੰ ਸੁੰਘ ਕੇ ਹੀ ਦਸ ਦੇਂਦਾ ਹੈ ਕਿ ਇਥੇ ਪੁਰਾਣਾ ਖੂਹ ਮਿੱਟੀ ਹੇਠ ਦਬਿਆ ਪਿਆ ਹੈ। ਕੂਪੁ—ਖੂਹ। ਗੁਹਜ—ਲੁਕਿਆ ਹੋਇਆ। ਖਿਨ—ਤੁਰਤ। ਸਤਿਗੁਰਿ—ਗੁਰੂ ਦੀ ਰਾਹੀਂ। ਵਸਤੁ—ਨਾਮ ਪਦਾਰਥ। ਲਹਾਈਐ—ਲਭ ਲਈਦਾ ਹੈ।੨।

ਜਿਨ—ਜਿਨ੍ਹਾਂ ਨੇ। ਸਾਧੁ-ਸਾਧੇ ਹੋਏ ਮਨ ਵਾਲਾ। ਤੇ—ਉਹ ਮਨੁੱਖ। ਧ੍ਰਿਗੁ—ਫਿਟਕਾਰ ਜੋਗ। ਪੁੰਨ—ਕੀਤੇ ਹੋਏ ਭਲੇ ਕੰਮ ਦੇ ਕਾਰਨ। ਬਦਲੈ—ਦੀ ਖਾਤਰ।੩।

ਮਧਸੂਦਨ—('ਮਧੁ' ਰਾਖਸ਼ ਨੂੰ ਮਾਰਨ ਵਾਲਾ) ਹੇ ਦੁਸ਼ਟ ਦਮਨ ਪ੍ਰਮੇਸ਼ਰ। ਕਰਿ—ਕਰ ਕੇ। ਨਿਰਬਾਣ ਪਦ—ਉਹ ਆਤਮਕ ਅਵਸਥਾ ਜਿਥੇ ਕੋਈ ਵਾਸ਼ਨਾ ਪੋਹ ਨਹੀਂ ਸਕਦੀ, ਵਾਸ਼ਨਾ ਰਹਿਤ ਆਤਮਕ ਦਰਜਾ। ਮਿਲਿ ਸਾਧੂ—ਗੁਰੂ ਨੂੰ ਮਿਲ ਕੇ।੪।

ਅਰਥ :—

ਪ੍ਰ:—ਸ੍ਰੀ ਜੀਉ! ਇਹ ਸਾਡਾ ਮਨ ਇਕ ਖਿਨ ਮਾਤਰ ਭੀ ਆਪਣੇ ਸਵੈ ਸਰੂਪ ਵਿਚ ਟਿਕ ਨਹੀਂ ਸਕਦਾ, ਇਸ ਦਾ ਸਹੀ ਕਾਰਨ ਕੀ ਹੈ?

1. ਉ:—ਹੇ ਭਾਈਓ! ਅਸਲ ਵਿਚ ਮਨੁੱਖ ਦਾ ਮਨ ਹਰੇਕ ਖਿਨ ਖਿਨ ਭਟਕ ਭਟਕ ਕੇ (ਮਾਇਆ ਦੀ ਖਾਤ੍ਰ) ਬਹੁਤ ਦੌੜਦਾ ਫਿਰਦਾ ਹੈ, ਇਸ ਤਰ੍ਹਾਂ, ਇਹ ਰਤਾ ਭਰ ਸਮੇਂ ਲਈ ਭੀ ਆਪਣੇ ਸਰੀਰ ਘਰ ਵਿਚ (ਸ੍ਵੈ-ਸਰੂਪ ਵਿਚ) ਟਿਕ ਨਹੀਂ ਸਕਦਾ।

ਪ੍ਰ:—ਸ੍ਰੀ ਜੀਉ! ਕੀ ਇਸ ਦਾ ਕੋਈ ਇਲਾਜ ਭੀ ਹੈ?

2. ਉ:—ਹੇ ਭਾਈ! ਇਕੋ ਹੀ ਇਲਾਜ ਹੈ ਕਿ, ਗੁਰੂ ਦਾ ਸ਼ਬਦ (ਹੀ) ਮਨ ਦੀ ਭਟਕਣਾ ਦੂਰ ਕਰਨ ਲਈ ਦਵਾਈ ਹੈ, ਜਿਵੇਂ ਮਹਾਵਤ ਹਾਥੀ ਨੂੰ ਵਸ ਵਿਚ ਰਖਣ ਲਈ ਲੋਹੇ ਦਾ ਡੰਡਾ ਉਸ ਦੇ ਸਿਰ ਉਤੇ ਮਾਰਦਾ ਹੈ, ਤਿਵੇਂ, ਗੁਰੂ ਨੇ (ਜਿਸ ਮਨੁੱਖ ਦੇ) ਸਿਰ ਉਤੇ ਆਪਣਾ ਸ਼ਬਦ ਅੰਕਸ਼ ਰਖ ਦਿਤਾ, ਉਸ ਦੇ ਮਨ ਨੂੰ ਹਿਰਦੇ ਘਰ ਵਿਚ ਹਿਰਦੇ ਮੰਦਰ ਵਿਚ ਲਿਆ ਕੇ ਟਿਕਾ ਦਿਤਾ।੧।

3. (ਇਸ ਲਈ) ਹੇ ਭਾਈਓ! ਮੇਰੀ ਤਾਂ ਇਹੋ ਹੀ ਮੰਗ ਹੈ ਕਿ ਹੇ ਗੋਬਿੰਦ ਜੀ! (ਮੈਨੂੰ) ਸਾਧ ਸੰਗਤ ਵਿਚ ਮਿਲਾ, (ਕਿਉਂਕਿ) ਸਾਧ ਸੰਗਤ ਵਿਚ ਮਿਲ ਕੇ, ਹੇ ਹਰੀ! ਤੇਰਾ ਨਾਮ ਸਿਮਰਿਆ ਜਾ ਸਕਦਾ ਹੈ।

4. ਹੇ ਹਰੀ! ਜਿਹੜਾ ਮਨੁੱਖ (ਸਾਧ ਸੰਗਤ ਦੀ ਬਰਕਤ ਨਾਲ) ਆਤਮਕ ਅਡੋਲਤਾ ਵਿਚ ਸੁਰਤਿ ਜੋੜਦਾ ਹੈ, ਉਸ ਦਾ ਹਉਮੈਂ ਦਾ ਰੋਗ ਦੂਰ ਹੋ ਜਾਂਦਾ ਹੈ, ਉਹ ਆਤਮਕ ਅਨੰਦ ਮਾਣਦਾ ਹੈ।੧। ਰਹਾਉ।

ਪ੍ਰ:—ਸ੍ਰੀ ਜੀਉ! ਉਸ ਪ੍ਰਭੂ ਦੀ ਸਿਫਤ ਸਲਾਹ ਅਤੇ ਨਾਮ ਰੂਪੀ ਰਤਨਾਂ ਨੂੰ ਕਿਥੋਂ ਲਭਿਆ ਜਾ ਸਕਦਾ ਹੈ?

5. ਉ—ਹੇ ਭਾਈਓ! ਅਸਲ ਵਿਚ ਹਰੇਕ ਮਨੁੱਖ ਦੇ ਹਿਰਦੇ ਘਰ ਵਿਚ ਹੀ (ਪ੍ਰਮੇਸ਼ਰ ਦੀ ਸਿਫਤ ਸਲਾਹ) ਦੇ ਅਨੇਕਾਂ ਰਤਨ, ਲਾਲ, ਮੋਤੀ ਭਰੇ ਪਏ ਹਨ। ਪਰ, ਜਦ ਤਕ ਮਨ (ਮਾਇਆ ਦੀ ਖਾਤਰ) ਭਟਕਦਾ ਫਿਰਦਾ ਹੈ, ਤਦ ਤਕ ਉਨ੍ਹਾਂ ਨੂੰ ਲਭ ਨਹੀਂ ਸਕੀਦਾ।

ਪ੍ਰ:—ਸ੍ਰੀ ਜੀਉ! ਕੋਈ ਸੁਖੈਨ ਢੰਗ ਲਭਣ ਦਾ ਦਸ ਦਿਓ?

6. ਉ.—ਹੇ ਭਾਈਓ! ਸੁਣੋ, ਜਿਵੇਂ ਕੋਈ ਸੇਂਘਾ (ਧਰਤੀ ਵਿਚ) ਦਬਿਆ ਹੋਇਆ (ਪੁਰਾਣਾ) ਖੂਹ ਤੁਰਤ ਲਭ ਲੈਂਦਾ ਹੈ ਤਿਵੇਂ (ਮਨੁੱਖ ਦੇ ਅੰਦਰ ਹੀ ਲੁਕਿਆ ਹੋਇਆ) ਨਾਮ ਪਦਾਰਥ ਗੁਰੂ ਦੀ ਰਾਹੀਂ ਲਭ ਪੈਂਦਾ ਹੈ।੨।

7. ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਸਾਧੇ ਹੋਏ ਮਨ ਵਾਲਾ ਇਹੋ ਜਿਹਾ ਗੁਰੂ ਨਹੀਂ ਲਭਿਆ, ਉਨ੍ਹਾਂ ਮਨੁੱਖਾਂ ਦਾ ਜੀਉਣਾ ਸਦਾ (ਹੀ) ਫਿਟਕਾਰ ਜੋਗ ਹੈ, (ਉਹ ਸਦਾ ਅਜਿਹਾ ਕੰਮ ਹੀ ਕਰਦੇ ਹਨ ਕਿ ਉਨ੍ਹਾਂ ਨੂੰ ਜਗਤ ਵਿਚ ਫਿਟਕਾਰਾਂ ਹੀ ਪੈਂਦੀਆਂ ਰਹਿੰਦੀਆਂ ਹਨ)।

8. ਹੇ ਭਾਈਓ! ਉਨ੍ਹਾਂ ਅਜਿਹੇ ਮਨੁੱਖਾਂ ਨੇ ਕੀਮਤੀ ਮਨੁੱਖਾ ਜਨਮ ਪਿਛਲੀ ਕੀਤੀ ਨੇਕ ਕਮਾਈ ਦੇ ਕਾਰਨ ਫਲ ਵਜੋਂ ਪ੍ਰਾਪਤ ਕੀਤਾ ਸੀ, ਪਰ, ਹੁਣ ਉਹ ਜਨਮ ਕੌਡੀ ਦੇ ਭਾ (ਅਜਾਈਂ) ਜਾ ਰਿਹਾ ਹੈ।੩।

ਪ੍ਰ:—ਸ੍ਰੀ ਜੀਉ! ਦਸੋ, ਅਸੀਂ ਉਸ ਪ੍ਰਭੂ ਤੋਂ ਮੰਗ ਕੀ ਮੰਗੀਏ?

9. ਉ.—ਹੇ ਭਾਈ! ਇਹੋ ਹੀ ਮੰਗ ਕਰੋ ਕਿ, ਹੇ ਦੁਸ਼ਟ ਦਮਨ ਹਰੀ! ਹੇ ਪ੍ਰਭੂ! (ਮੇਰੇ ਉਤੇ) ਮਿਹਰ ਕਰ, ਕਿਰਪਾ ਕਰ ਕੇ ਮੈਨੂੰ ਗੁਰੂ ਮਿਲਾ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ, ਉਹ ਮਨੁੱਖ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ ਜਿਥੇ ਕੋਈ ਵਾਸ਼ਨਾ ਪੋਹ ਨਹੀਂ ਸਕਦੀ।੪।੪।੬।

ਭਾਵਾਰਥ :—ਸੰਜੋਗ ਦੀ ਹਾਲਤ ਦੇ ਉਲਟ ਵਿਯੋਗ ਦੀ ਹਾਲਤ ਬਿਆਨ ਕਰਦੇ ਹਨ ਕਿ ਕਿਵੇਂ ਮਨੁੱਖ ਅਮੋੜ ਮਨ ਦੇ ਪਿਛੇ ਲਗਾ ਹੋਇਆ, ਅੰਦਰ ਵਸਦੇ ਹਰੀ ਨੂੰ ਲਭ ਨਹੀਂ ਸਕਦਾ, ਪਰ ਗੁਰੂ ਨੂੰ ਮਿਲਣ ਤੇ ਅੰਦਰੋਂ ਹਉਮੈਂ ਦੂਰ ਹੁੰਦੀ ਹੈ ਤੇ ਇਸ ਤਰ੍ਹਾਂ ਉਨ੍ਹਾਂ ਨੂੰ ਨਾਮ ਪ੍ਰਤੱਖ ਹੋ ਆਉਂਦਾ ਹੈ।

ਬਸੰਤੁ ਹਿੰਡੋਲ ਮਹਲਾ ੪ ॥

1. ਆਵਣ ਜਾਣੁ ਭਇਆ ਦੁਖੁ ਬਿਖਿਆ
ਦੇਹ ਮਨਮੁਖ ਸੁੰਞੀ ਸੁੰਞੁ ॥
2. ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ
ਜਮਿ ਪਕਰੇ ਕਾਲਿ ਸਲੁੰਞੁ ॥੧॥

3. **ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥**
4. **ਸਤਸੰਗਤਿ ਗੁਰ ਕੀ ਹਰਿ ਪਿਆਰੀ**
ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ ਰਹਾਉ ॥
5. **ਸਤਸੰਗਤਿ ਸਾਧ ਦਇਆ ਕਰਿ ਮੇਲਹੁ**
ਸਰਣਾਗਤਿ ਸਾਧੂ ਪੰਞੁ ॥
6. **ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ**
ਤੁਮ੍ ਦੀਨ ਦਇਆਲ ਦੁਖ ਭੰਞੁ ॥੨॥
7. **ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ**
ਸਤਸੰਗਤਿ ਮਿਲਿ ਬੁਧਿ ਲੰਞੁ ॥
8, **ਹਰਿ ਨਾਮੈ ਹਮ ਪ੍ਰੀਤਿ ਲਗਾਨੀ**
ਹਮ ਹਰਿ ਵਿਟਹੁ ਘੁਮਿ ਵੰਞੁ ॥੩॥
9. **ਜਨ ਕੇ ਪੂਰਿ ਮਨੋਰਥ ਹਰਿ ਪ੍ਰਭ**
ਹਰਿ ਨਾਮੁ ਦੇਵਹੁ ਹਰਿ ਲੰਞੁ ॥
10. **ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ**
ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੩੭॥

ਪਦ ਅਰਥ :–ਆਵਣ ਜਾਣੁ–ਜਨਮ ਮਰਨ ਦਾ ਗੇੜ। ਬਿਖਿਆ–ਮਾਇਆ (ਦੇ ਮੋਹ ਦੇ ਕਾਰਨ)। ਦੇਹ–ਸਰੀਰ। ਮਨਮੁਖ ਦੇਹ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦਾ ਸਰੀਰ। ਸੁੰਞੀ–(ਕਾਇਆ ਨਾਮ ਤੋਂ) ਸਖਣੀ। ਸੁੰਞੁ–(ਨਾਮ ਵਲੋਂ) ਸਖਣਾ ਪਨ। ਜਮਿ–ਜਮ ਨੇ। ਕਾਲਿ–ਕਾਲ ਨੇ, ਮੌਤ ਨੇ, ਆਤਮਕ ਮੌਤ ਨੇ। ਸਲੁੰਞੁ–ਕੇਸਾਂ ਸਮੇਤ, ਕੇਸਾਂ ਤੋਂ ।੧।

ਗੋਬਿੰਦ ਜੀਉ–ਹੇ ਗੋਬਿੰਦ ਜੀ। ਬਿਖੁ–ਆਤਮਕ ਮੌਤ ਲਿਆਉਣ ਵਾਲਾ ਜ਼ਹਿਰ। ਮਮਤਾ–ਅਪਣੱਤ। ਮੁੰਞੁ–ਦੂਰ ਕਰ, ਕਟ ਦੇਹ। ਮਿਲਿ–ਮਿਲ ਕੇ। ਭੁੰਞੁ–ਮੈਂ ਭੁੰਚਾਂ, ਮੈਂ ਮਾਣਾਂ, ਮੈਂ ਛਕਾਂ ।੧। ਰਹਾਉ।

ਸਤ ਸੰਗਤਿ ਸਾਧ–ਗੁਰੂ ਦੀ ਸਤਿ ਸੰਗਤਿ। ਕਰਿ–ਕਰ ਕੇ। ਸਾਧੂ–ਗੁਰੂ। ਪੰਞੁ–ਮੈਂ ਪਿਆ ਰਹਾਂ। ਪ੍ਰਭ–ਹੇ ਪ੍ਰਭੂ। ਦੁਖ ਭੰਞੁ–ਦੁਖਾਂ ਦਾ ਨਾਸ ਕਰਨ ਵਾਲਾ ।੨।

ਉਸਤਤਿ–ਸਿਫਤ ਸਲਾਹ। ਰਿਦ ਅੰਤਰਿ–(ਮੇਰੇ) ਹਿਰਦੇ ਵਿਚ। ਸੁਆਮੀ–ਹੇ ਸੁਆਮੀ। ਬੁਧਿ–(ਮੇਰੀ) ਅਕਲੁ। ਲੰਞੁ–ਰੌਸ਼ਨ ਹੋ ਜਾਏ। ਹਰਿ ਨਾਮੈ–ਹਰਿ ਨਾਮ ਵਿਚ। ਵਿਟਹੁ–ਤੋਂ। ਘੁਮਿ ਵੰਞੁ–ਮੈਂ ਸਦਕੇ ਜਾਂਦਾ ਹਾਂ ।੩।

ਪੂਰਿ–ਪੂਰੇ ਕਰ। ਹਰਿ ਪ੍ਰਭ–ਹੇ ਹਰੀ, ਹੇ ਪ੍ਰਭੂ। ਲੰਞੁ–(ਆਤਮਕ) ਚਾਨਣ। ਮਨਿ–ਮਨ ਵਿਚ। ਤਨਿ–ਤਨ ਵਿਚ। ਗੁਰਿ–ਗੁਰੂ ਨੇ। ਹਰਿ ਭੰਞ–ਹਰਿ ਭਜਨ, ਹਰਿ ਨਾਮ ।੪।

ਅਰਥ :–

ਪ੍ਰ:–ਸ੍ਰੀ ਜੀਉ! ਤੁਸੀਂ ਉਹ ਕਿਹੜੇ ਲੋਕ ਅਨੁਭਵ ਕਰਦੇ ਹੋ, ਜਿਨ੍ਹਾਂ ਨੂੰ ਕਿ ਜਨਮ ਮਰਨ ਦਾ ਗੇੜ ਸਦਾ ਹੀ ਬਣਿਆ ਰਹਿੰਦਾ ਹੈ ?

1. ਉ:–ਹੇ ਭਾਈਓ! ਇਉਂ ਹੀ ਜਾਣਿਆਂ ਜਾਂਦਾ ਹੈ ਕਿ ਜੋ ਮਾਇਆ (ਦੇ ਮੋਹ) ਦੇ ਕਾਰਨ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਹਨ, ਉਨ੍ਹਾਂ ਨੂੰ (ਸਦਾ) ਜਨਮ ਮਰਣ ਦਾ ਗੇੜ ਬਣਿਆ ਹੀ ਰਹਿੰਦਾ ਹੈ, ਉਨ੍ਹਾਂ ਨੂੰ ਕਲੇਸ਼ ਵਾਪਰਿਆ ਰਹਿੰਦਾ ਹੈ, ਉਨ੍ਹਾਂ ਦਾ ਸਰੀਰ ਨਾਮ ਤੋਂ ਸਖਣਾ ਰਹਿੰਦਾ ਹੈ।

2. ਹੇ ਭਾਈ! ਉਨ੍ਹਾਂ ਮਨੁੱਖਾਂ ਨੇ ਪ੍ਰਮੇਸ਼ਰ ਜੀ ਦਾ ਨਾਮ ਇਕ ਖਿਨ ਲਈ, ਇਕ ਪਲ ਲਈ ਭੀ ਯਾਦ ਨਹੀਂ ਕੀਤਾ, (ਇਸੇ ਲਈ) ਉਨ੍ਹਾਂ ਨੂੰ ਆਤਮਕ ਮੌਤ ਨੇ ਹਰ ਵੇਲੇ ਸਿਰੋਂ ਫੜਿਆ ਹੋਇਆ ਹੁੰਦਾ ਹੈ ।੧।

ਪ੍ਰ:–ਸ੍ਰੀ ਜੀਉ! ਦਸੋ, ਅਸੀਂ ਉਸ ਪ੍ਰਭੂ ਜੀ ਤੋਂ ਮੰਗਣਾ ਕੀ ਕਰੀਏ ?

3. ਉ:–ਹੇ ਭਾਈਓ! ਇਕ ਇਹੋ ਹੀ ਮੰਗ ਕਰਦੇ ਰਹੋ ਕਿ, ਹੇ (ਮੇਰੇ) ਗੋਬਿੰਦ ਜੀ! (ਮੇਰੇ ਅੰਦਰੋਂ ਆਤਮਕ ਮੌਤ ਲਿਆਉਣ ਵਾਲੀ) ਹਉਮੈਂ ਅਤੇ ਮਮਤਾ ਦੀ ਜ਼ਹਿਰ ਦੂਰ ਕਰ ਦਿਓ।

4. ਹੇ ਹਰੀ! ਸਾਧ ਸੰਗਤ ਤੇਰੀ ਪਿਆਰੀ ਹੈ, ਗੁਰੂ ਦੀ ਪਿਆਰੀ ਹੈ, (ਮਿਹਰ ਕਰ) ਮੈਂ ਸਾਧ ਸੰਗਤ ਵਿਚ ਮਿਲਕੇ ਤੇਰੇ ਨਾਮ ਦਾ ਰਸ ਮਾਣਦਾ ਰਹਾਂ ।੧। ਰਹਾਉ।

5, ਹੇ ਸਾਈਆਂ ਜੀਉ! ਮੇਹਰ ਕਰ ਕੇ (ਮੈਨੂੰ) ਗੁਰੂ ਦੀ ਸਤਿ ਸੰਗਤ ਵਿਚ ਮਿਲਾਈ ਰਖ, ਮੈਂ ਗੁਰੂ ਦੀ ਸ਼ਰਨ (ਸਦਾ) ਪਿਆ ਰਹਾਂ।

6. ਹੇ ਪ੍ਰਭੂ ਜੀਉ! (ਪਾਪਾਂ ਨਾਲ ਭਾਰੇ) ਪੱਥਰ (ਹੋਏ) ਅਸਾਂ ਜੀਵਾਂ ਨੂੰ (ਪਾਪਾਂ ਵਿਚ) ਡੁੱਬ ਰਿਹਾਂ ਨੂੰ ਕੱਢ ਲੈ, ਹੇ ਪ੍ਰਭੂ ਜੀ! ਤੁਸੀਂ ਦੀਨਾਂ ਉਤੇ ਦਇਆ ਕਰਨ ਵਾਲੇ ਹੋ, ਤੁਸੀਂ ਸਾਡੇ ਦੁੱਖ ਨਾਸ ਕਰਨ ਵਾਲੇ ਹੋ ।੨।

7. ਹੇ ਸੁਆਮੀ ਜੀਉ! (ਆਪਣੀ) ਸਿਫਤ ਸਲਾਹ (ਮੇਰੇ) ਹਿਰਦੇ ਵਿਚ ਵਸਾਈ ਰਖ, ਮੇਹਰ ਕਰ, ਤੇਰੀ ਸਾਧ ਸੰਗਤ ਵਿਚ ਮਿਲ ਕੇ (ਮੇਰੀ) ਅਕਲ, (ਤੇਰੇ) ਨਾਮ ਦੇ ਚਾਨਣ ਨਾਲ ਰੌਸ਼ਨ ਹੋ ਜਾਏ

8. ਹੇ ਭਾਈਓ! ਪ੍ਰਮਾਤਮਾਂ ਦੇ ਨਾਮ ਵਿਚ ਮੇਰੀ ਪ੍ਰੀਤ ਬਣ ਗਈ ਹੈ, ਮੈਂ (ਹੁਣ) ਪ੍ਰਮਾਤਮਾਂ ਤੋਂ (ਸਦਾ) ਸਦਕੇ ਜਾਂਦਾ ਹਾਂ ।੩।

9. ਹੇ ਹਰੀ! ਹੇ ਪ੍ਰਭੂ! (ਮੈਂ) ਸੇਵਕ ਦੇ ਮਨੋਰਥ ਪੂਰੇ ਕਰ, ਮੈਨੂੰ ਆਪਣਾ ਨਾਮ ਬਖਸ਼ੋ, ਤੇਰਾ ਨਾਮ ਹੀ ਮੇਰੇ ਵਾਸਤੇ ਚਾਨਣ (ਹੈ)।

10, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਜਿਸ ਮਨੁੱਖ ਨੂੰ ਗੁਰੂ ਨੇ ਪ੍ਰਮਾਤਮਾਂ ਦਾ ਨਾਮ ਮੰਤਰ ਬਖਸ਼ਿਆ ਹੈ, ਉਸ ਦੇ ਮਨ ਵਿਚ ਉਸ ਦੇ ਤਨ ਵਿਚ ਆਤਮਕ ਖਿੜਾਉ ਬਣ ਗਿਆ ਹੈ ।੪।੫।੭।੩੭।

ਭਾਵਾਰਥ :–ਜੋ ਮਨੁੱਖ ਮਨ ਦੇ ਪਿਛੇ ਤੁਰਨ ਵਾਲੇ ਹਨ, ਉਨ੍ਹਾਂ ਨੂੰ ਜਨਮ ਮਰਣ ਦਾ ਚੱਕ੍ਰ ਸਦਾ ਹੀ ਬਣਿਆਂ ਰਹਿੰਦਾ ਹੈ, ਉਸ ਤੋਂ ਛੁਟਣ ਲਈ ਹਰ ਮਨੁੱਖ ਨੂੰ ਗੁਰੂ ਤੋਂ ਨਾਮ ਦੀ ਜਾਚਨਾ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ, ਜਿਸ ਨਾਮ ਸਿਮਰਨ ਦੀ ਬਰਕਤ ਨਾਲ ਮਨੁੱਖ ਦਾ ਮਨ ਸਦਾ ਹੀ ਖਿੜਾਉ ਵਿਚ ਖਿੜਿਆ ਰਹਿੰਦਾ ਹੈ।

ਸ਼ਬਦਾਂ ਦਾ ਵੇਰਵਾ :–

ਮਹਲਾ ੧–੧੨। ਮਹਲਾ ੩–੧੮। ਮਹਲਾ ੪–੭

ਜੋੜ ੩੭

ਬਸੰਤੁ ਮਹਲਾ ੫ ਘਰੁ ੧ ਦੁਤੁਕੇ

ੴ ਸਤਿਗੁਰ ਪ੍ਰਸਾਦਿ॥

1. **ਗੁਰੁ ਸੇਵਉ ਕਰਿ ਨਮਸਕਾਰ॥**
2. **ਆਜੁ ਹਮਾਰੈ ਮੰਗਲਚਾਰ॥**
3. **ਆਜੁ ਹਮਾਰੈ ਮਹਾ ਅਨੰਦ॥**
4. **ਚਿੰਤ ਲਥੀ ਭੇਟੇ ਗੋਬਿੰਦ॥੧॥**
5. **ਆਜੁ ਹਮਾਰੈ ਗ੍ਰਿਹਿ ਬਸੰਤ॥**
6. **ਗੁਨ ਗਾਏ ਪ੍ਰਭ ਤੁਮ੍ ਬੇਅੰਤ॥੧॥ ਰਹਾਉ॥**
7. **ਆਜੁ ਹਮਾਰੈ ਬਨੇ ਫਾਗ॥**
8. **ਪ੍ਰਭ ਸੰਗੀ ਮਿਲਿ ਖੇਲਨ ਲਾਗ॥**
9. **ਹੋਲੀ ਕੀਨੀ ਸੰਤ ਸੇਵ॥**
10. **ਰੰਗੁ ਲਾਗਾ ਅਤਿ ਲਾਲ ਦੇਵ॥੨॥**
11. **ਮਨੁ ਤਨੁ ਮਉਲਿਓ ਅਤਿ ਅਨੂਪ॥**
12. **ਸੂਕੈ ਨਾਹੀ ਛਾਵ ਧੂਪ॥**
13. **ਸਗਲੀ ਰੂਤੀ ਹਰਿਆ ਹੋਇ॥**
14. **ਸਦ ਬਸੰਤ ਗੁਰ ਮਿਲੇ ਦੇਵ॥੩॥**
15. **ਬਿਰਖੁ ਜਮਿਓ ਹੈ ਪਾਰਜਾਤ॥**
16. **ਫੂਲ ਲਗੇ ਫਲ ਰਤਨ ਭਾਂਤਿ॥**
17. **ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥**
18. **ਜਨ ਨਾਨਕ ਹਰਿ ਹਰਿ ਹਰਿ ਧਿਆਇ॥੪॥੧॥**

ਪਦ ਅਰਥ :–ਸੇਵਉ–ਸੇਵਉਂ, ਮੈਂ ਸੇਵਾ ਕਰਦਾ ਹਾਂ। ਕਰਿ–ਕਰ ਕੇ। ਆਜੁ–ਅੱਜ, ਹੁਣ ਜਦੋਂ ਕਿ ਮੈਂ ਪ੍ਰਭੂ ਦੇ ਗੁਣ ਗਾਏ ਹਨ। ਹਮਾਰੈ–ਮੇਰੇ ਹਿਰਦੇ ਵਿਚ। ਮੰਗਲਚਾਰ–ਮੰਗਲਾਚਾਰ, ਅਨੰਦ ਦਾ ਸਮਾਂ। ਮਹਾ–ਬੜਾ। ਲਥੀ–ਲਹਿ ਗਈ ਹੈ; ਦੂਰ ਹੋ ਗਈ ਹੈ। ਭੇਟੇ–ਮਿਲ ਪਏ ਹਨ।੧।

ਹਮਾਰੈ ਗ੍ਰਿਹਿ–ਮੇਰੇ ਹਿਰਦੇ ਘਰ ਵਿਚ। ਬਸੰਤ–ਖਿੜਾਉ, ਖੁਸ਼ੀ. ਆਤਮਕ ਅਨੰਦ। ਪ੍ਰਭ ਬੇਅੰਤ -ਹੇ ਬੇਅੰਤ ਪ੍ਰਭੂ।੧। ਰਹਾਉ।

ਹਮਾਰੈ–ਮੇਰੇ ਹਿਰਦੇ ਵਿਚ। ਫਾਗ–ਫੱਗਣ ਦਾ ਮਹੀਨਾ, ਫੱਗਣ ਮਹੀਨੇ ਦਾ ਤਿਉਹਾਰ, ਹੋਲੀ। ਪ੍ਰਭ ਸੰਗੀ–ਪ੍ਰਭੂ ਦੇ ਸੰਗੀ ਸਾਥੀ ਸੰਤ ਜਨ। ਮਿਲਿ–ਮਿਲ ਕੇ। ਸੰਤ ਸੇਵ–ਸੰਤ ਜਨਾਂ ਦੀ ਸੇਵਾ। ਅਤਿ–ਬਹੁਤ ਗੂੜ੍ਹਾ। ਰੰਗੁ ਦੇਵ–ਪ੍ਰਭੂ ਦੇਵ ਦੇ ਪਿਆਰ ਦਾ ਰੰਗ।੨।

ਮਉਲਿਓ–ਖਿੜ ਪਿਆ ਹੈ, ਆਤਮਕ ਜੀਵਨ ਵਾਲਾ ਬਣ ਗਿਆ ਹੈ। ਅਨੂਪ–ਸੋਹਣਾ। ਸੂਕੈਨਾਹੀ–ਆਤਮਕ ਜੀਵਨ ਦੀ ਤਰਾਵਤ ਮੁੱਕਦੀ ਨਹੀਂ। ਛਾਵ ਧੂਪ–ਸੁਖਾਂ ਦੁਖਾਂ ਵੇਲੇ। ਸਗਲੀ ਰੁਤੀ–ਸਾਰੀਆਂ ਰੁੱਤਾਂ ਵਿਚ, ਹਰ ਸਮੇਂ। ਹਰਿਆ–ਆਤਮਕ ਜੀਵਨ ਵਾਲਾ। ਗੁਰ ਮਿਲੇ ਦੇਵ–ਗੁਰਦੇਵ ਜੀ ਮਿਲ ਪਏ ਹਨ। ਸਦ ਬਸੰਤ–ਸਦਾ ਹੀ ਆਤਮਕ ਖਿੜਾਉ।੩।

ਬਿਰਖੁ–ਰੁੱਖ। ਜਮਿਓ ਹੈ–ਉੱਗ ਪਿਆ ਹੈ। ਪਾਰਜਾਤ ਬਿਰਖੁ–ਪਾਰਜਾਤ ਰੁੱਖ, ਮਨੋ ਕਾਮਨਾਂ ਪੂਰੀਆਂ ਕਰਨ ਵਾਲਾ ਸਵਰਗ ਦਾ ਰੁੱਖ। ਭਾਂਤਿ–ਕਈ ਕਿਸਮਾਂ ਦੇ। ਤ੍ਰਿਪਤਿ ਅਘਾਨੇ–(ਮਾਇਆ ਦੀ ਤ੍ਰਿਸ਼ਨਾਂ ਵਲੋਂ) ਰੱਜ ਜਾਂਦੇ ਹਨ। ਗਾਇ–ਗਾ ਕੇ। ਧਿਆਇ–ਸਿਮਰ ਕੇ।੪।

ਅਰਥ :–

ਪ੍ਰ:–ਸ੍ਰੀ ਜੀਉ! ਅਸੀਂ ਸੰਸਾਰੀ ਜੀਵ ਹਰ ਸਮੇਂ ਹੀ ਚਿੰਤਾਤੁਰ ਰਹਿੰਦੇ ਹਾਂ, ਪਰ ਆਪ ਜੀ ਨੂੰ ਇਹ ਚਿੰਤਾ ਰਹਿਤ ਪਦਵੀ ਕਿਵੇਂ ਹਾਸਲ ਹੋਈ ਹੈ?

1. **ਉ**:–ਹੇ ਭਾਈਓ! ਇਹ ਸਾਰੀ ਮੇਹਰ ਮੇਰੇ ਗੁਰੂ ਦੀ ਹੀ ਹੈ, ਇਸ ਵਾਸਤੇ ਮੈਂ ਗੁਰੂ ਅਗੇ ਸਿਰ ਨਿਵਾ ਕੇ ਹੀ ਗੁਰੂ ਦੀ ਸੇਵਾ ਕਰਦਾ ਹਾਂ।
2. ਇਸੇ ਲਈ, ਹੇ ਪਿਆਰੇ! ਹੁਣ ਮੇਰੇ ਹਿਰਦੇ ਵਿਚ ਬੜਾ ਅਨੰਦ ਬਣਿਆ ਪਿਆ ਹੈ।
3. ਹੁਣ ਮੇਰੇ ਅੰਦਰ ਖੁਸ਼ੀਆਂ ਹੀ ਖੁਸ਼ੀਆਂ ਹਨ।
4. ਹੇ ਭਾਈਓ! ਗੁਣ ਗਾਵਨ ਦੀ ਬਰਕਤ ਨਾਲ ਮੈਨੂੰ ਗੋਬਿੰਦ ਜੀ ਮਿਲ ਪਏ ਹਨ ਅਤੇ ਮੇਰੀ ਹਰੇਕ ਚਿੰਤਾ ਦੂਰ ਹੋ ਗਈ ਹੈ।
5. ਹੇ ਬੇਅੰਤ ਪ੍ਰਭੂ! ਜਦੋਂ ਤੋਂ ਮੈਂ ਤੇਰੀ ਸਿਫਤ ਸਲਾਹ ਦੇ ਗੀਤ ਗਾਣੇ ਸ਼ੁਰੂ ਕੀਤੇ ਹਨ।
6. ਤਦੋਂ ਤੋਂ ਹੁਣ ਮੇਰੇ ਹਿਰਦੇ ਘਰ ਵਿਚ ਆਤਮਕ ਅਨੰਦ ਬਣਿਆ (ਹੀ) ਰਹਿੰਦਾ ਹੈ।੧। ਰਹਾਉ।
7. ਹੇ ਭਾਈਓ! ਪ੍ਰਮਾਤਮਾਂ ਦੀ ਸਿਫਤ ਸਲਾਹ ਦੀ ਬਰਕਤ ਨਾਲ ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣੀ ਪਈ ਹੈ।
8. ਹੇ ਭਾਈ! ਪ੍ਰਭੂ ਦੇ ਸੰਤ ਜਨ (ਸਾਧ ਸੰਗਤ ਵਿਚ) ਮਿਲਕੇ ਇਹ ਹੋਲੀ ਖੇਡਣ ਲਗ ਪਏ ਹਨ।

ਪ੍ਰ:–ਸ੍ਰੀ ਜੀਉ! ਉਹ ਹੋਲੀ ਕਿਹੜੀ ਹੈ, ਜਿਸ ਵਲ ਆਪ ਇਸ਼ਾਰਾ ਕਰਦੇ ਹੋ?

9. ਉ:–ਹੇ ਭਾਈਓ ! ਇਹ ਹੋਲੀ ਇਹੋ ਹੀ ਹੈ ਕਿ, ਮੈਂ ਸੰਤ ਜਨਾਂ ਦੀ ਸੇਵਾ ਨੂੰ ਹੀ ਹੋਲੀ ਬਣਾਇਆ ਹੈ ।
10. ਹੇ ਪਿਆਰੇ ! (ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ) ਮੇਰੇ ਅੰਦਰ ਪ੍ਰਮਾਤਮਾਂ ਦੇ ਪਿਆਰ ਦਾ ਗੂੜ੍ਹਾ (ਆਤਮਕ) ਰੰਗ ਚੜ੍ਹ ਗਿਆ ਹੈ ।੨।
11. ਹੇ ਪਿਆਰਿਓ ! ਪ੍ਰਭੂ ਦੇ ਗੁਣ ਗਾਵਣ ਦੀ ਬਰਕਤ ਨਾਲ ਮੇਰਾ ਮਨ ਸੋਹਣਾ ਖਿੜ ਪਿਆ ਹੈ, ਮੇਰਾ ਤਨ ਬਹੁਤ ਸੋਹਣਾ ਖਿੜ ਪਿਆ ਹੈ ।
12. ਹੁਣ ਸੁੱਖ ਹੋਣ ਚਾਹੇ ਦੁੱਖ ਹੋਣ (ਮੇਰੇ ਮਨ ਤਨ ਵਿਚ) ਆਤਮਕ ਖਿੜਾਉ ਦੀ ਤਰਾਵਤ ਕਦੇ ਮੁਕਦੀ ਨਹੀਂ ।
13. ਹੇ ਪਿਆਰੇ ! (ਹੁਣ ਮੇਰਾ ਮਨ) ਸਾਰੇ ਸਮਿਆਂ ਵਿਚ ਹੀ ਆਤਮਕ ਜੀਵਨ ਨਾਲ ਭਰਪੂਰ ਰਹਿੰਦਾ ਹੈ ।
14. (ਕਿਉਂਕਿ) ਮੈਨੂੰ ਗੁਰਦੇਵ ਜੀ ਮਿਲ ਪਏ ਹਨ, ਮੇਰੇ ਅੰਦਰ ਸਦਾ ਹੀ ਖਿੜਾਉ ਬਣਿਆਂ ਰਹਿੰਦਾ ਹੈ ।੩।
15. ਹੇ ਭਾਈਓ ! ਹੁਣ ਸਿਫਤ ਸਲਾਹ ਦੀ ਬਰਕਤ ਨਾਲ ਮੇਰੇ ਅੰਦਰ, ਮਾਨੋ ਸਾਰੀਆਂ ਮਨੋ ਕਾਮਨਾਂ ਪੂਰੀਆਂ ਕਰਨ ਵਾਲਾ ਸਵਰਗੀ ਪਾਰਜਾਤ ਰੁੱਖ ਉੱਗ ਪਿਆ ਹੈ ।
16. ਜਿਸ ਨੂੰ ਭਾਂਤ ਭਾਂਤ ਦੇ ਕੀਮਤੀ ਵਿਰਾਗ ਆਦਿਕ ਰਤਨ ਗਿਆਨ ਰੂਪੀ ਫਲ ਫੁੱਲ ਲਗੇ ਹੋਏ ਹਨ ।
17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਹਰੀ ਦੇ ਗੁਣ ਗਾ ਗਾ ਕੇ ।
18. (ਮਨੁੱਖ ਮਾਇਆ ਦੇ ਮੋਹ ਵਲੋਂ) ਪੂਰਨ ਤੌਰ ਤੇ ਰੱਜ ਜਾਂਦੇ ਹਨ ।੪।੧।

ਭਾਵਾਰਥ :–ਫੱਗਣ ਦੇ ਮਹੀਨੇ ਦੀ ਹੋਲੀ ਤਾਂ ਸਾਲ ਵਿਚ ਇਕੋ ਹੀ ਵਾਰੀ ਆਉਂਦੀ ਹੈ, ਪਰ ਹਰੀ ਦੇ ਪ੍ਰੇਮ ਦੀ ਗੁਰੂ ਦੀ ਸੇਵਾ ਦੀ ਹੋਲੀ ਸਦਾ ਹੀ ਬਣੀ ਰਹਿੰਦੀ ਹੈ, ਜਿਸ ਦੀ ਬਰਕਤ ਨਾਲ ਮਨ ਵਿਚ ਸਦਾ ਹੀ ਖੁਸ਼ੀ ਤੇ ਖੇੜਾ ਬਣਿਆ ਹੀ ਰਹਿੰਦਾ ਹੈ । ਇਸੇ ਖੇੜੇ ਦੀ ਪ੍ਰਾਪਤੀ ਲਈ ਹਰ ਪ੍ਰਾਣੀ ਨੂੰ ਪ੍ਰੇਰਨਾ ਕਰਦੇ ਹਨ ।

ਬਸੰਤੁ ਮਹਲਾ ੫ ॥

1. ਹਟਵਾਣੀ ਧਨ ਮਾਲ ਹਾਟੁ ਕੀਤੁ ॥
2. ਜੂਆਰੀ ਜੂਏ ਮਾਹਿ ਚੀਤੁ ॥
3. ਅਮਲੀ ਜੀਵੈ ਅਮਲੁ ਖਾਇ ॥
4. ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥
5. ਅਪਨੈ ਰੰਗਿ ਸਭੁ ਕੋ ਰਚੈ ॥
6. ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ॥੧॥ਰਹਾਉ॥
7. ਮੇਘ ਸਮੈ ਮੋਰ ਨਿਰਤਿਕਾਰ ॥
8. ਚੰਦ ਦੇਖਿ ਬਿਗਸਹਿ ਕਉਲਾਰ ॥
9. ਮਾਤਾ ਬਾਰਿਕ ਦੇਖਿ ਅਨੰਦ ॥
10. ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥
11. ਸਿੰਘ ਰੁਚੈ ਸਦ ਭੋਜਨੁ ਮਾਸ ॥
12. ਰਣੁ ਦੇਖਿ ਸੂਰੇ ਚਿਤ ਉਲਾਸ ॥
13. ਕਿਰਪਨ ਕਉ ਅਤਿ ਧਨ ਪਿਆਰੁ ॥
14. ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥
15. ਸਰਬ ਰੰਗ ਇਕ ਰੰਗ ਮਾਹਿ ॥
16. ਸਰਬ ਸੁਖਾ ਸੁਖ ਹਰਿ ਕੈ ਨਾਇ ॥
17. ਤਿਸਹਿ ਪਰਾਪਤਿ ਇਹੁ ਨਿਧਾਨੁ ॥
18. ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥

ਪਦ ਅਰਥ :–ਹਟਵਾਣੀ–ਹੱਟੀ ਵਾਲਾ, ਦੁਕਾਨਦਾਰ । ਹਾਟੁ–ਹੱਟ । ਕੀਤੁ–ਕਰਦਾ ਹੈ । ਮਾਹਿ–ਵਿਚ । ਅਮਲੀ–ਅਫੀਮੀ । ਖਾਇ–ਖਾ ਕੇ । ਜੀਵੈ–ਆਤਮਕ ਜੀਵਨ ਪ੍ਰਾਪਤ ਕਰਦਾ ਹੈ । ਧਿਆਇ–ਸਿਮਰ ਕੇ ।੧।

ਅਪਨੈ ਰੰਗਿ–ਆਪਣੇ ਮਨ ਭਾਉਂਦੇ ਸੁਆਦ ਵਿਚ । ਸਭੁ ਕੋ–ਹਰੇਕ ਜੀਵ । ਰਚੈ–ਮਸਤ ਰਹਿੰਦਾ ਹੈ । ਜਿਤੁ–ਜਿਸ (ਰੰਗ) ਵਿਚ । ਪ੍ਰਭਿ–ਪ੍ਰਭੂ ਨੇ । ਤਿਤੁ–ਉਸ (ਰੰਗ) ਵਿਚ ।੧। ਰਹਾਉ ।

ਮੇਘ–ਬੱਦਲ । ਨਿਰਤਕਾਰ–ਨਾਚ, ਪੈਲ । ਦੇਖਿ–ਵੇਖ ਕੇ । ਬਿਗਸਹਿ–ਖਿੜਦੀਆਂ ਹਨ । ਕਉਲਾਰ–ਕੰਮੀਆਂ । ਹਰਿ ਜਨ–ਪ੍ਰਮਾਤਮਾਂ ਦੇ ਭਗਤ । ਜੀਵਹਿ–ਆਤਮਕ ਜੀਵਨ ਹਾਸਲ ਕਰਦੇ ਹਨ । ਜਪਿ–ਜਪ ਕੇ ।੨।

ਸਿੰਘ–ਸ਼ੇਰ । ਰੁਚੈ–ਖੁਸ਼ ਹੁੰਦਾ ਹੈ । ਸਦ–ਸਦਾ । ਰਣੁ–ਜੁੱਧ । ਸੂਰ–ਸੂਰਮਾਂ । ਉਲਾਸ–ਹੁਲਾਰਾ, ਜੋਸ਼ । ਕਿਰਪਨ–ਕੰਜੂਸ, ਸੂਮ । ਅਧਾਰ–ਆਸਰਾ ।੩।

ਸਰਬ–ਸਾਰੇ । ਇਕ ਰੰਗ ਮਾਹਿ–ਇਕ ਨਾਮ ਰੰਗ ਵਿਚ । ਨਾਇ–ਨਾਮ ਵਿਚ । ਹਰਿ ਕੈ ਨਾਇ–ਹਰੀ ਦੇ ਨਾਮ ਵਿਚ । ਤਿਸਹਿ–ਉਸ (ਮਨੁੱਖ) ਨੂੰ ਹੀ । ਨਿਧਾਨੁ–(ਨਾਮ) ਖਜ਼ਾਨਾ । ਕਰੇ ਦਾਨੁ–ਖੈਰ ਪਾਂਦਾ ਹੈ ।੪।

ਅਰਥ :–

ਪ੍ਰ:–ਗੁਰਦੇਵ ਜੀ ! ਪ੍ਰਮੇਸ਼ਰ ਦੇ ਪਿਆਰਿਆਂ ਨੂੰ ਪ੍ਰਭੂ ਦਾ ਨਾਮ ਜਪ ਕੇ ਕਿਵੇਂ ਪ੍ਰਸੰਨਤਾ ਹਾਸਲ ਹੁੰਦੀ ਹੈ ਕੋਈ ਉਦਾਹਰਣ ਦੇ ਕੇ ਜਾਣਕਾਰੀ ਕਰਾਉ ?
1. ਉ:–ਹੇ ਭਾਈਓ ! ਜਿਵੇਂ ਕੋਈ ਦੁਕਾਨਦਾਰ (ਆਪਣੀ ਮਨ ਪਸੰਦ ਦੇ) ਮਾਲ ਧਨ ਦੀ ਦੁਕਾਨ ਚਲਾਂਦਾ ਹੋਇਆ, ਮਾਲ ਧਨ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ ।
2. ਹੇ ਪਿਆਰੇ ! (ਜਿਵੇਂ ਕਿਸੇ) ਜੁਆਰੀਏ ਦਾ ਮਨ ਜੂਏ ਵਿਚ ਮਗਨ ਰਹਿੰਦਾ ਹੋਇਆ (ਪ੍ਰਸੰਨ ਰਹਿੰਦਾ ਹੈ) ।
3. ਐ ਪਿਆਰੇ ! ਜਿਵੇਂ ਕੋਈ ਅਫੀਮੀਂ ਅਫੀਮ ਖਾ ਕੇ ਸੁਖ ਪ੍ਰਤੀਤ ਕਰਦਾ ਹੈ ।
4. ਹੇ ਭਾਈ ! ਤਿਵੇਂ ਪ੍ਰਮਾਤਮਾਂ ਦਾ ਭਗਤ ਪ੍ਰਮੇਸ਼ਰ ਦਾ ਨਾਮ

ਸਿਮਰ ਕੇ ਆਤਮਕ ਜੀਵਨ ਹਾਸਲ ਕਰਦਾ ਹੈ (ਅਤੇ ਪ੍ਰਸੰਨ ਹੁੰਦਾ ਹੈ) ।੧।

5. ਹੇ ਪਿਆਰਿਓ ! ਹਰੇਕ ਜੀਵ ਆਪੋ ਆਪਣੇ ਮਨ ਭਾਉਂਦੇ ਸੁਆਦ ਵਿਚ ਮਸਤ ਰਹਿੰਦਾ ਹੈ ।

ਪ੍ਰ:—ਸ੍ਰੀ ਜੀਉ ! ਹਰ ਮਨੁੱਖ ਨਾਮ ਰਸ ਦਾ ਰਸੀਆ ਕਿਉਂ ਨਹੀਂ ਹੋ ਜਾਂਦਾ ?

6. ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, (ਪਰ) ਪ੍ਰਭੂ ਨੇ (ਹੀ) ਜਿਸ (ਸੁਆਦ) ਵਿਚ ਲਾਇਆ ਹੈ, ਉਸ ਉਸ (ਸੁਆਦ) ਵਿਚ (ਹਰੇਕ ਜੀਵ) ਲਗਾ ਰਹਿੰਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਕੋਈ ਹੋਰ ਦ੍ਰਿਸ਼ਟਾਂਤ ਦਿਓ ?

7. ਉ:—ਹੇ ਭਾਈ ! ਜਿਵੇਂ ਘਟਾਂ ਚੜ੍ਹਦੀਆਂ ਹਨ ਤਾਂ ਮੋਰ ਪੈਲਾਂ ਪਾਂਦੇ ਹਨ ।

8. ਤੇ ਚੰਦ ਨੂੰ ਵੇਖ ਕੇ ਕੰਮੀਆਂ ਖਿੜਦੀਆਂ ਹਨ ।

9. ਹੇ ਪਿਆਰੇ ! (ਆਪਣੇ) ਬੱਚੇ ਨੂੰ ਵੇਖਕੇ ਮਾਂ ਖੁਸ਼ ਹੁੰਦੀ ਹੈ ।

10. ਹੇ ਪਿਆਰੇ ! ਤਿਵੇਂ, ਪ੍ਰਮਾਤਮਾਂ ਦਾ ਨਾਮ ਜਪਕੇ ਪ੍ਰਮੇਸ਼ਰ ਦੇ ਭਗਤ ਆਤਮਕ ਹੁਲਾਰੇ ਵਿਚ ਆਉਂਦੇ ਹਨ ।੨।

11. ਹੇ ਭਾਈਓ ! ਜੇ ਮਾਸ ਦਾ ਭੋਜਨ ਮਿਲੇ ਤਾਂ ਸ਼ੇਰ ਸਦਾ ਖੁਸ਼ ਹੁੰਦਾ ਹੈ ।

12. ਹੇ ਪਿਆਰੇ ! ਜੁਧ ਵੇਖ ਕੇ ਸੂਰਮੇਂ ਦੇ ਚਿੱਤ ਨੂੰ ਜੋਸ਼ ਆਉਂਦਾ ਹੈ ।

13. ਅਤੇ ਹੇ ਭਾਈ ! ਸੂੰਮ ਨੂੰ ਧਨ ਦਾ ਬਹੁਤ ਲੋਭ ਹੁੰਦਾ ਹੈ ।

14. ਹੇ ਭਾਈ ! (ਤਿਵੇਂ) ਪ੍ਰਭੂ ਦੇ ਭਗਤ ਨੂੰ ਪ੍ਰਭੂ ਦੇ ਨਾਮ ਦਾ ਆਸਰਾ ਹੁੰਦਾ ਹੈ ।੩।

ਪ੍ਰ:—ਗੁਰਦੇਵ ਜੀਉ ! ਕੋਈ ਅਜਿਹਾ ਰਸ ਦਸੋ, ਜਿਸ ਦੀ ਬਰਕਤ ਨਾਲ ਸਾਰੇ ਹੀ ਰਸ ਪ੍ਰਾਪਤ ਹੋ ਸਕਣ ?

15. ਉ:—ਹੇ ਭਾਈਓ ! (ਦੁਨੀਆਂ ਦੇ) ਸਾਰੇ ਸੁਆਦ ਪ੍ਰਮਾਤਮਾਂ ਦੇ ਨਾਮ ਦੇ ਸੁਆਦ ਦੇ ਵਿਚ ਹੀ ਆ ਜਾਂਦੇ ਹਨ (ਨਾਮ ਰਸ ਨਾਲੋਂ ਘਟੀਆ ਹਨ) ।

16. ਹੇ ਭਾਈਓ ! ਸਾਰੇ ਵਡੇ ਤੋਂ ਵਡੇ ਸੁਖ ਪ੍ਰਮੇਸ਼ਰ ਦੇ ਨਾਮ ਵਿਚ ਹੀ ਹਨ ।

ਪ੍ਰ:—ਕਿਉਂ ਜੀ ! ਇਹ ਨਾਮ ਰਸ ਸਭ ਨੂੰ ਹੀ ਕਿਉਂ ਨਹੀਂ ਮਿਲਦਾ ?

17. ਉ:—ਹੇ ਭਾਈ ! ਚਾਹੁੰਦੇ ਤਾਂ ਕਈ ਲੋਕ ਹਨ, ਪਰ, ਇਹ ਨਾਮ ਦਾ ਖ਼ਜ਼ਾਨਾ ਉਸੇ ਮਨੁੱਖ ਨੂੰ ਹੀ ਮਿਲਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸਨੂੰ ਗੁਰੂ ਆਪ ਹੀ ਬਖਸ਼ਸ਼ ਕਰਦਾ ਹੈ।੪।੨।

ਭਾਵਾਰਥ :—ਤਰ੍ਹਾਂ ਤਰ੍ਹਾਂ ਦੀਆਂ ਖੁਸ਼ੀਆਂ ਅਤੇ ਉਨ੍ਹਾਂ ਖੁਸ਼ੀਆਂ ਦੇ ਮਾਨਣ ਵਾਲਿਆਂ ਦਾ ਜ਼ਿਕਰ ਕਰ ਕੇ ਦਸਦੇ ਹਨ ਕਿ, ਹਰੀ ਨਾਮ ਜਪਣ ਵਾਲਿਆਂ ਨੂੰ ਜੋ ਨਾਮ ਜਪਣ ਤੋਂ ਖੁਸ਼ੀ ਮਿਲਦੀ ਹੈ ਉਸ ਦੇ ਸਮਾਨ ਦੀ ਹੋਰ ਕੋਈ ਭੀ ਖੁਸ਼ੀ ਨਹੀਂ ਹੈ, ਇਸ ਲਈ, ਸਦੀਵੀ ਖੁਸ਼ੀ ਹਾਸਲ ਕਰਦੇ ਰਹਿਣ ਲਈ ਹਰ ਪ੍ਰਾਣੀ ਨੂੰ ਨਾਮ ਜਪਦੇ ਰਹਿਣ ਲਈ ਹੀ ਪ੍ਰੇਰਨਾ ਕਰਦੇ ਹਨ ।

ਬਸੰਤੁ ਮਹਲਾ ੫ ॥

1. ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥
2. ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥
3. ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥
4. ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥
5. ਗ੍ਰਿਹਿ ਤਾ ਕੇ ਬਸੰਤੁ ਗਨੀ ॥
6. ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥
7. ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥
8. ਗਿਆਨੁ ਕਮਾਈਐ ਪੂਛਿ ਜਨਾਂ ॥
9. ਸੋ ਤਪਸੀ ਜਿਸੁ ਸਾਧ ਸੰਗੁ ॥
10. ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥
11. ਸੇ ਨਿਰਭਉ ਜਿਨ ਭਉ ਪਇਆ ॥
12. ਸੋ ਸੁਖੀਆ ਜਿਸੁ ਭ੍ਰਮੁ ਗਇਆ ॥
13. ਸੋ ਇਕਾਂਤੀ ਜਿਸੁ ਰਿਦਾ ਥਾਇ ॥
14. ਸੋਈ ਨਿਹਚਲੁ ਸਾਚ ਠਾਇ ॥੩॥
15. ਏਕਾ ਖੋਜੈ ਏਕ ਪ੍ਰੀਤਿ ॥
16. ਦਰਸਨ ਪਰਸਨ ਹੀਤ ਚੀਤਿ ॥
17. ਹਰਿ ਰੰਗ ਰੰਗਾ ਸਹਜਿ ਮਾਣੁ ॥
18. ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥

ਪਦ ਅਰਥ :—ਬਸੰਤੁ—ਖਿੜਾਉ । ਮੰਗਲੁ—ਅਨੰਦ, ਖੁਸ਼ੀ । ਤਿਸ ਕੈ—ਉਸ (ਮਨੁੱਖ) ਦੇ ਹਿਰਦੇ ਵਿਚ । ਕਾਮੁ—ਕੰਮ । ਸਦ—ਸਦਾ । ਰਿਦੈ—ਹਿਰਦੇ ਵਿਚ ।੧।

ਗ੍ਰਿਹਿ ਤਾ ਕੇ—ਉਸ ਮਨੁੱਖ ਦੇ ਹਿਰਦੇ ਵਿਚ । ਗਨੀ—ਗਨੀਂ, ਮੈਂ ਗਿਣਦਾ ਹਾਂ, ਮੈਂ ਸਮਝਦਾ ਹਾਂ । ਜਾ ਕੈ—ਜਿਸ ਦੇ ਹਿਰਦੇ ਵਿਚ । ਕੀਰਤਨੁ—ਸਿਫਤ ਸਲਾਹ । ਧੁਨੀ—ਧੁਨਿ, ਲਗਨ, ਪਿਆਰ ।੧। ਰਹਾਉ ।

ਮਉਲਿ—ਖਿੜਿਆ ਰਹੁ । ਮਨਾ—ਹੇ ਮਨਾ । ਗਿਆਨੁ—ਆਤਮਕ ਜੀਵਨ ਦੀ ਸੂਝ । ਪੂਛਿ ਜਨਾਂ—ਸੰਤ ਜਨਾਂ ਤੋਂ ਪੁੱਛ ਕੇ । ਸਾਧ ਸੰਗੁ—ਗੁਰੂ ਦਾ ਸੰਗ । ਧਿਆਨੀ—ਜੁੜੇ ਮਨ ਵਾਲਾ । ਗੁਰਹਿ ਰੰਗੁ—ਗੁਰੂ ਦਾ ਪਿਆਰ ।੨।

ਸੇ—ਉਹ ਮਨੁੱਖ । ਭਉ—(ਪ੍ਰਮਾਤਮਾਂ ਦਾ) ਡਰ । ਸੋ—ਉਹ ਮਨੁੱਖ । ਭ੍ਰਮੁ—ਭਟਕਣਾ । ਇਕਾਂਤੀ—ਇਕਾਂਤ ਥਾਂ ਵਿਚ ਰਹਿਣ ਵਾਲਾ । ਰਿਦਾ—ਹਿਰਦਾ । ਥਾਇ—ਇਕ ਥਾਂ ਤੇ, ਸ਼ਾਂਤ । ਨਿਹਚਲੁ—ਅਡੋਲ ਚਿਤ । ਸਾਚ ਠਾਇ—ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੇ ਚਰਨਾਂ ਵਿਚ । ਠਾਇ—ਥਾਂ ਵਿਚ ।੩।

ਖੋਜੈ—ਭਾਲਦਾ ਹੈ । ਪਰਸਨ—ਛੁਹ । ਹੀਤ—ਹਿਤ,

ਤਾਂਘ, ਪਿਆਰ । ਚੀਤਿ–ਚਿੱਤ ਵਿਚ । ਸਹਜਿ–ਆਤਮਕ ਅਡੋਲਤਾ ਵਿਚ । ਕੁਰਬਾਣ–ਸਦਕੇ ।੪।

ਅਰਥ :–

ਪ੍ਰ:–ਸ੍ਰੀ ਜੀਉ ! ਸਾਧਨ ਕਰਨ ਵਾਲੇ ਲੋਕ ਤਾਂ ਬਹੁਤ ਵੇਖਣ ਵਿਚ ਆਉਂਦੇ ਹਨ, ਪਰ, ਦਸੋ, ਹਿਰਦੇ ਵਿਚ ਕਿਸ ਮਨੁੱਖ ਦੇ ਖਿੜਾਉ ਹੁੰਦਾ ਹੈ ?

1. **ਉ**:–ਹੇ ਭਾਈ ! ਅਸਲ ਵਿਚ ਆਤਮਕ ਖਿੜਾਉ ਉਸੇ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਉਤੇ ਪ੍ਰਭੂ ਦਇਆਵਾਨ ਹੁੰਦਾ ਹੈ ।

2, ਜਿਸ ਉਤੇ ਗੁਰੂ ਦਇਆਵਾਨ ਹੁੰਦਾ ਹੈ ।

3. ਐ ਪਿਆਰੇ ! ਉਸ ਮਨੁੱਖ ਦੇ ਹਿਰਦੇ ਵਿਚ ਖੁਸ਼ੀ ਪੈਦਾ ਹੁੰਦੀ ਹੈ, ਜਿਸ ਨੂੰ ਇਕ ਹਰਿ ਨਾਮ ਸਿਮਰਨ ਦਾ ਸਦਾ ਆਹਰ ਰਹਿੰਦਾ ਹੈ ।

4. ਉਸ ਮਨੁੱਖ ਨੂੰ ਖਿੜਾਉ ਸਦਾ ਹੀ ਮਿਲਿਆ ਰਹਿੰਦਾ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਦਾ ਹੈ ।੧।

5. ਹੇ ਭਾਈ ! ਮੈਂ ਤਾਂ ਉਸ ਮਨੁੱਖ ਦੇ ਹਿਰਦੇ ਵਿਚ ਖਿੜਾਉ (ਪੈਦਾ ਹੋਇਆ) ਸਮਝਦਾ ਹਾਂ, ਜਿਸ ਦੇ ਹਿਰਦੇ ਵਿਚ ਪ੍ਰਭੂ ਦੀ ਸਿਫਤ ਸਲਾਹ ਟਿਕੀ ਹੋਈ ਹੈ ।

6, ਜਿਸ ਦੇ ਹਿਰਦੇ ਵਿਚ ਪ੍ਰਮਾਤਮਾਂ (ਦੇ ਨਾਮ) ਦੀ ਲਗਨ ਹੈ ।੧। ਰਹਾਉ ।

7. ਹੇ ਮੇਰੇ ਮਨ ! ਪ੍ਰਮਾਤਮਾਂ (ਦੇ ਚਰਨਾਂ) ਨਾਲ ਪ੍ਰੀਤ ਪਾ ਕੇ ਸਦਾ ਖਿੜਿਆ ਰਹੁ ।

8. ਹੇ ਮੇਰੇ ਮਨ ! ਸੰਤ ਜਨਾਂ ਨੂੰ ਪੁੱਛ ਕੇ ਆਤਮਕ ਜੀਵਨ ਦੀ ਸੂਝ ਹਾਸਲ ਕਰੀਦੀ ਹੈ ।

ਪ੍ਰ:–ਸ੍ਰੀ ਜੀਉ ! ਗੁਰਮਤ ਅਨੁਸਾਰ ਤਪੀ ਕਿਸ ਨੂੰ ਮੰਨਿਆ ਗਿਆ ਹੈ ?

9. **ਉ**:–ਹੇ ਭਾਈਓ ! (ਅਸਲ ਵਿਚ) ਤਪਸ੍ਵੀ ਉਹ ਮਨੁੱਖ ਹੈ ਜਿਸ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ ।

10. ਹੇ ਭਾਈ ! ਉਹ ਮਨੁੱਖ ਸਦਾ ਜੁੜੀ ਸੁਰਤ ਵਾਲਾ ਜਾਣੋ, ਜਿਸ ਦੇ ਅੰਦਰ ਗੁਰੂ (ਚਰਨਾਂ) ਦਾ ਪਿਆਰ ਹੈ ।੨।

ਪ੍ਰ:–ਸ੍ਰੀ ਜੀਉ ! ਸੰਸਾਰ ਵਿਚ ਨਿਡਰ ਕੌਣ ਹੈ, ਸੁਖੀ ਕੌਣ ਹੈ, ਇਕਾਂਤ ਵਾਸੀ ਕੌਣ ਹੈ ਅਤੇ ਰਿਦਾ ਕਿਸ ਦਾ ਅਚੱਲ ਕਿਹਾ ਜਾਂਦਾ ਹੈ ?

11. **ਉ**:–ਹੇ ਭਾਈ ! ਉਹ ਬੰਦੇ (ਦੁਨੀਆਂ ਦੇ) ਡਰਾਂ ਤੋਂ ਉਤਾਹਾਂ ਹਨ, ਜਿਨ੍ਹਾਂ ਦੇ ਮਨ ਵਿਚ ਪ੍ਰਮਸ਼ਰ ਜੀ ਦਾ ਡਰ ਵੱਸਦਾ ਹੈ ।

12. ਹੇ ਪਿਆਰੇ ! ਉਹ ਮਨੁੱਖ ਸੁਖੀ ਜੀਵਨ ਵਾਲਾ ਹੈ, ਜਿਸਦੇ (ਮਨ ਦੀ) ਭਟਕਣਾ ਦੂਰ ਹੋ ਗਈ ਹੈ ।

13. ਹੇ ਭਾਈ ! ਸਿਰਫ ਉਹੀ ਮਨੁੱਖ ਇਕਾਂਤ ਥਾਂ ਵਿਚ ਰਹਿੰਦਾ ਹੈ, ਜਿਸ ਦਾ ਹਿਰਦਾ ਸ਼ਾਂਤ ਹੈ (ਇਕ ਥਾਂ ਟਿਕਿਆ ਹੋਇਆ ਹੈ) ।

14. ਹੇ ਪਿਆਰੇ ! ਓਹੀ ਮਨੁੱਖ ਅਡੋਲ ਚਿਤ ਵਾਲਾ ਹੈ, ਜਿਹੜਾ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ ।੩।

ਪ੍ਰ:–ਕਿਉਂ ਜੀ ! ਤੁਸੀਂ ਕਿਸ ਮਨੁੱਖ ਨੂੰ ਪਸੰਦ ਕਰਦੇ ਹੋ ?

15. **ਉ**:–ਹੇ ਭਾਈ ! ਮੈਂ ਉਸ ਮਨੁੱਖ ਤੋਂ ਸਦਕੇ ਜਾਂਦਾ ਹਾਂ ਜਿਹੜਾ (ਹਰ ਥਾਂ) ਇਕ ਪ੍ਰਮਾਤਮਾਂ ਨੂੰ ਹੀ ਭਾਲਦਾ ਹੈ, ਜਿਸ ਦੇ ਮਨ ਵਿਚ ਇਕ ਪ੍ਰਮਾਤਮਾਂ ਦਾ ਹੀ ਪਿਆਰ ਹੈ ।

16. ਅਤੇ ਜਿਸ ਦੇ ਚਿਤ ਵਿਚ ਇਕ ਪ੍ਰਭੂ ਦੇ ਦਰਸ਼ਨਾਂ ਦੀ ਛੁਹ ਦੀ ਤਾਂਘ ਹੈ ।

17. ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਸਭ ਰਸਾਂ ਤੋਂ ਸਰੇਸ਼ਟ ਹਰਿ ਨਾਮ ਦੇ ਰਸ ਨੂੰ ਮਾਣਦਾ ਰਹਿੰਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਮੈਂ ਉਸ ਮਨੁੱਖ ਤੋਂ ਸਦਾ ਕੁਰਬਾਨ ਹਾਂ ।੪।੩।

ਭਾਵਾਰਥ :–ਜਗਤ ਦਾ ਹਰ ਮਨੁੱਖ ਖੁਸ਼ੀ ਦੀ ਤਲਾਸ਼ ਲਈ ਜੀਵਨ ਭਰ ਹੀ ਉਪਰਾਲਾ ਕਰਦਾ ਰਹਿੰਦਾ ਹੈ, ਪਰ ਖੁਸ਼ੀ ਫਿਰ ਭੀ ਨਸੀਬ ਨਹੀਂ ਹੁੰਦੀ, ਸੋ ਅਸਲ ਖੁਸ਼ੀ ਉਸੇ ਮਨੁੱਖ ਨੂੰ ਹੀ ਪ੍ਰਾਪਤ ਹੁੰਦੀ ਹੈ, ਜੋ ਹਰੀ ਦੇ ਗੁਣ ਗਾਉਂਦਾ ਹੈ ।

ਬਸੰਤੁ ਮਹਲਾ ੫ ॥

1. ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥
2. ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥
3. ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥
4. ਨਾਮੁ ਜਪਤ ਹੋਵਤ ਨਿਹਾਲ ॥੧॥
5. ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥
6. ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥
7. ਨਾਮੁ ਜਪਤ ਹੋਵਤ ਉਧਾਰ ॥
8. ਨਾਮੁ ਜਪਤ ਸੁਖ ਸਹਜ ਸਾਰ ॥
9. ਨਾਮੁ ਜਪਤ ਪਤਿ ਸੋਭਾ ਹੋਇ ॥
10. ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥
11. ਜਾ ਕਾਰਣਿ ਇਹ ਦੁਲਭ ਦੇਹ ॥
12. ਸੋ ਬੋਲੁ ਮਰੇ ਪ੍ਰਭੂ ਦੇਹਿ ॥
13, ਸਾਧ ਸੰਗਤਿ ਮਹਿ ਇਹੁ ਬਿਸ੍ਰਾਮੁ ॥
14. ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥
15. ਤੁਝ ਬਿਨੁ ਦੂਜਾ ਕੋਇ ਨਾਹਿ ॥
16. ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥
17. ਜਿਉ ਭਾਵੈ ਤਿਉ ਰਾਖਿ ਲੇ ॥
18. ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥

ਪਦ ਅਰਥ :–ਜੀਅ–ਜਿੰਦ । ਪਿੰਡੁ–ਸਰੀਰ । ਮੁਗਧ–ਮੂਰਖ । ਧਾਰਿ–ਧਾਰ ਕੇ, ਟਿਕਾ ਕੇ । ਸਭਿ–ਸਾਰੇ

(ਜੀਵ)। ਜਾਚਿਕ–ਮੰਗਤੇ। ਨਿਹਾਲ–ਪ੍ਰਸੰਨ ਚਿੱਤ।੧।

ਪ੍ਰੀਤਮ–ਹੇ ਪ੍ਰੀਤਮ। ਕਰਣ–ਜਗਤ। ਜੋਗ–ਸਮਰੱਥਾ ਵਾਲਾ। ਹਉ–ਮੈਂ। ਪਾਵਉ–ਪਾਵਉਂ, ਮੈਂ ਹਾਸਲ ਕਰਦਾ ਹਾਂ।੧। ਰਹਾਉ।

ਉਧਾਰ-ਪਾਰ ਉਤਾਰਾ। ਸਹਜ–ਆਤਮਕ ਅਡੋਲਤਾ। ਪਤਿ–ਇੱਜ਼ਤ। ਬਿਘਨੁ–ਰੁਕਾਵਟ।੨।

ਜਾ ਕਾਰਣਿ–ਜਾ ਬੋਲ ਕਾਰਣਿ, ਜਿਸ ਹਰਿ ਨਾਮ ਦੀ ਖਾਤਰ। ਦੁਲਭ–ਮੁਸ਼ਕਲ ਨਾਲ ਮਿਲਣ ਵਾਲੀ। ਦੇਹ–ਸਰੀਰ। ਪ੍ਰਭ–ਹੇ ਪ੍ਰਭੂ। ਬਿਸ੍ਰਾਮੁ–ਟਿਕਾਣਾ। ਰਿਦੈ–ਹਿਰਦੇ ਵਿਚ। ਜਪੀ–ਜਪੀ, ਮੈਂ ਜਪਾਂ। ਪ੍ਰਭ–ਹੇ ਪ੍ਰਭੂ।੩।

ਸਭ ਖੇਲੁ–ਸਾਰਾ ਜਗਤ ਤਮਾਸ਼ਾ। ਸਮਾਹਿ–(ਸਾਰੇ ਜੀਵ) ਲੀਨ ਹੋ ਜਾਂਦ ਹਨ, (ਬਹੁ ਵਚਨ)।੪।

ਅਰਥ :–

ਪ੍ਰ:–ਸ੍ਰੀ ਜੀਉ! ਅਸੀਂ ਮਲੀਨ ਬੁਧੀ ਵਾਲੇ ਜੀਵ ਉਸ ਸਾਈਂ ਜੀ ਦੀ ਵਡਿਆਈ ਕਰਨ ਦੀ ਸਮਝ ਭੀ ਨਹੀਂ ਰਖਦੇ ਸਾਨੂੰ ਜਾਚ ਬਖਸ਼ ਦਿਓ ?

1.ਉ:–ਹੇ ਭਾਈਓ! ਉਸ ਸਾਈਆਂ ਜੀ ਦੇ ਸਨਮੁਖ ਹੋ ਇਉਂ ਹੀ ਅਰਜੋਈਆਂ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ਜੀਉ! (ਸਭ ਜੀਵਾਂ ਨੂੰ) ਜਿੰਦ, ਪ੍ਰਾਣ, ਸਰੀਰ ਤੂੰ ਹੀ ਦਿਤੇ ਹਨ।

2. ਆਪਣੀ ਜੋਤ ਤੂੰ (ਸਰੀਰਾਂ ਵਿਚ) ਟਿਕਾ ਕੇ ਮੂਰਖਾਂ ਨੂੰ ਸੋਹਣ ਬਣਾ ਦੇਂਦਾ ਹੈਂ।

3. ਹੇ ਪ੍ਰਭੂ ਜੀ! ਸਾਰੇ ਜੀਵ (ਤੇਰੇ ਦਰ ਦੇ) ਮੰਗਤੇ ਹਨ, ਤੂੰ ਸਭ ਉਤੇ ਦਇਆ ਕਰਨ ਵਾਲਾ ਹੈਂ।

4. ਹੇ ਸਾਈਆਂ ਜੀਉ! ਤੇਰਾ ਨਾਮ ਜਪਦਿਆਂ ਹੀ ਜੀਵ ਪ੍ਰਸੰਨ ਚਿਤ ਹੋ ਜਾਂਦੇ ਹਨ।੧।

5. ਹੇ ਸਭ ਕੁਝ ਕਰਨ ਦੀ ਸਮਰੱਥਾ ਵਾਲੇ।

6. ਹੇ ਮੇਰੇ ਪ੍ਰੀਤਮ! ਮੈਂ ਤੇਰੇ ਪਾਸੋਂ ਹੀ ਸਾਰੇ ਪਦਾਰਥ ਹਾਸਲ ਕਰਦਾ ਹਾਂ।੧। ਰਹਾਉ।

7.8 ਹੇ ਭਾਈਓ! ਇਹ ਨਿਸਚਾ ਰਖੋ ਕਿ ਪ੍ਰਮਾਤਮਾਂ ਦਾ ਨਾਮ ਜਪਦਿਆਂ ਹੀ (ਜਗਤ ਤੋਂ) ਪਾਰ ਉਤਾਰਾ ਹੁੰਦਾ ਹੈ, ਆਤਮਕ ਅਡੋਲਤਾ ਤੇ ਸ੍ਰੇਸ਼ਟ ਸੁਖ ਪ੍ਰਾਪਤ ਹੋ ਜਾਂਦੇ ਹਨ।

9. (ਲੋਕ ਪ੍ਰਲੋਕ ਵਿਚ) ਇੱਜ਼ਤ ਸੋਭਾ ਮਿਲਦੀ ਹੈ।

10. ਅਤੇ ਜੀਵਨ ਸਰਰ ਵਿਚ ਵਿਕਾਰਾਂ ਵਲੋਂ ਕੋਈ ਰੁਕਾਵਟ ਨਹੀਂ ਪੈਂਦੀ।੨।

ਪ੍ਰ:–ਸ੍ਰੀ ਜੀਉ! ਸਾਡੇ ਮਨਾਂ ਵਿਚ ਮੰਗਾਂ ਤਾਂ ਬਹੁਤ ਉਪਜਦੀਆਂ ਹਨ, ਪਰ, ਦਸੋ ਗੁਰਮਤ ਅਨੁਸਾਰ ਸਾਈਂ ਜੀ ਤੋਂ ਕਿਹੜੀ ਮੰਗ ਮੰਗੀਏ ?

11.12ਉ:–ਹੇ ਪਿਆਰੇ! ਸੱਚੀ ਮੰਗ ਤਾਂ ਇਹੋ ਹੀ ਮੰਗਦੇ ਰਹੋ ਕਿ, ਹੇ ਮੇਰੇ ਪ੍ਰਭੂ ਜੀਉ! ਜਿਸ ਹਰਿ ਨਾਮ ਦੇ ਜਪਣ ਵਾਸਤੇ (ਤੇਰੀ ਮਿਹਰ ਨਾਲ) ਇਹ ਦੁਰਲੱਭ ਮਨੁੱਖਾ ਸਰੀਰ ਮਿਲਿਆ ਹੈ, ਉਹ ਹਰਿ ਨਾਮ ਮੈਨੂੰ ਬਖਸ਼।

13. ਹੇ ਮੇਰੇ ਸਾਈਆਂ ਜੀਉ! (ਮੇਰਾ) ਇਹ (ਮਨ) ਸਾਧ ਸੰਗਤ ਵਿਚ ਟਿਕਾਣਾ ਕਰੀ ਰਖੇ।

14. ਹੇ ਪ੍ਰਭੂ! (ਮੇਹਰ ਕਰ) ਮੈਂ ਸਦਾ (ਹੀ) ਤੇਰਾ ਨਾਮ ਜਪਦਾ ਰਹਾਂ।੩।

15. (ਕਿਉਂਕਿ) ਹੇ ਪ੍ਰਭੂ ਜੀ! ਤੈਥੋਂ ਬਿਨਾ ਮੈਨੂੰ ਕੋਈ ਹੋਰ ਆਸਰਾ ਨਹੀਂ ਹੈ।

16. ਹੇ ਪ੍ਰਭੂ ਜੀਉ! ਇਹ ਸਾਰਾ ਜਗਤ ਤਮਾਸ਼ਾ ਤੇਰਾ ਹੀ ਬਣਾਇਆ ਹੋਇਆ ਹੈ, ਅੰਤ ਨੂੰ ਸਾਰੇ ਜੀਵ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ।

17. ਹੇ ਸਾਈਆਂ ਜੀਉ! ਜਿਵੇਂ ਤੈਨੂੰ ਚੰਗਾ ਲਗੇ ਤਿਵੇਂ (ਮੇਰੀ) ਰਖਿਆ ਕਰ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਸੇ ਨੂੰ ਹੀ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ।੪।੪।

ਭਾਵਾਰਥ :–ਅਸਲ ਵਿਚ ਤਾਂ ਇਹ ਜੀਵਨ ਕੇਵਲ ਨਾਮ ਜਪਣ ਲਈ ਹੀ ਮਿਲਿਆ ਹੈ, ਮਨੁੱਖ ਨੂੰ ਨਾਮ ਜਪਦੇ ਰਹਿਣ ਨਾਲ ਹੀ ਪੂਰਨ ਖੁਸ਼ੀ ਅਤੇ ਸੁਖ ਪ੍ਰਾਪਤ ਹੁੰਦਾ ਹੈ।

ਬਸੰਤੁ ਮਹਲਾ ੫ ॥

1. **ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥**
2. **ਜਿਸਹਿ ਦੇਖਿ ਹਉ ਜੀਵਾ ਮਾਇ ॥**
3. **ਜਾ ਕੈ ਸਿਮਰਨਿ ਦੁਖੁ ਨ ਹੋਇ ॥**
4. **ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥**
5. **ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥**
6. **ਜੀਉ ਪ੍ਰਾਨ ਸਭੁ ਤੇਰੋ ਧਨ ॥੧॥ ਰਹਾਉ ॥**
7. **ਜਾ ਕਉ ਖੋਜਹਿ ਸੁਰਿ ਨਰ ਦੇਵ ॥**
8. **ਮੁਨਿ ਜਨ ਸੇਖ ਨ ਲਹਹਿ ਭੇਵ ॥**
9. **ਜਾ ਕੀ ਗਤਿ ਮਿਤਿ ਕਹੀ ਨ ਜਾਇ ॥**
10. **ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥੨॥**
11. **ਜਾ ਕੇ ਭਗਤ ਆਨੰਦ ਮੈ ॥**
12. **ਜਾ ਕੇ ਭਗਤ ਕਉ ਨਾਹੀ ਖੈ ॥**
13. **ਜਾ ਕੇ ਭਗਤ ਕਉ ਨਾਹੀ ਭੈ ॥**
14. **ਜਾ ਕੇ ਭਗਤ ਕਉ ਸਦਾ ਜੈ ॥੩॥**
15. **ਕਉਨ ਉਪਮਾ ਤੇਰੀ ਕਹੀ ਜਾਇ ॥**
16. **ਸੁਖ ਦਾਤਾ ਪ੍ਰਭੁ ਰਹਿਓ ਸਮਾਇ ॥**
17. **ਨਾਨਕੁ ਜਾਚੈ ਏਕੁ ਦਾਨੁ ॥**
18. **ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥**

ਪਦ ਅਰਥ :–ਮੇਰੈ ਸੰਗਿ ਮੇਰੇ ਨਾਲ। ਰਾਇ–ਰਾਜਾ, ਪਾਤਸ਼ਾਹ। ਦੇਖਿ–ਵੇਖ ਕੇ। ਹਉ–ਮੈਂ। ਜੀਵਾਂ–ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਮਾਇ–ਹੇ ਮਾਂ।

ਸਿਮਰਨਿ–ਸਿਮਰਨ ਦੀ ਰਾਹੀਂ। ਜਾ ਕੈ ਸਿਮਰਨਿ–ਜਿਸ ਦੇ ਸਿਮਰਨ ਦੀ ਰਾਹੀਂ। ਮੋਹਿ–ਮੈਨੂੰ। ਕਰਿ–ਕਰ ਕੇ।੧।

ਪ੍ਰੀਤਮ–ਹੇ ਪ੍ਰੀਤਮ। ਪ੍ਰਾਨ ਅਧਾਰ ਮਨ–ਹੇ ਮੇਰੇ ਪ੍ਰਾਣਾਂ ਅਤੇ ਮਨ ਦੇ ਆਸਰੇ। ਜੀਉ–ਜਿੰਦ।੧। ਰਹਾਉ।

ਜਾ ਕਉ–ਜਿਸ (ਪ੍ਰਮਾਤਮਾਂ) ਨੂੰ। ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ। ਦੇਵ–ਦੇਵਤੇ। ਸੇਖ–ਸ਼ੇਸ਼ ਨਾਗ। ਨ ਲਹਹਿ–ਨਹੀਂ ਲਭ ਸਕਦੇ। ਭੇਵ–ਭੇਤ। ਗਤਿ–ਹਾਲਤ। ਮਿਤਿ–ਮਾਪ। ਜਾ ਕੀ ਗਤਿ ਮਿਤਿ–ਜਿਸ ਦੀ ਆਤਮਕ ਉਚਤਾ ਅਤੇ ਜਿਸ ਦਾ ਵਡੱਪਣ। ਘਟਿ ਘਟਿ–ਹਰੇਕ ਸਰੀਰ ਵਿਚ।੨।

ਅਨੰਦ ਮੈ–ਅਨੰਦ ਮਯ, ਅਨੰਦ ਸਰੂਪ, ਅਨੰਦ ਭਰਪੂਰ। ਖੈ–ਨਾਸ, ਆਤਮਕ ਮੌਤ। ਭੈ–ਦੁਨੀਆਂ ਦੇ ਡਰ। ਜੈ–ਜਿੱਤ, ਵਿਕਾਰਾਂ ਦੇ ਟਾਕਰੇ ਤੇ ਜਿੱਤ।੩।

ਉਪਮਾ–ਵਡਿਆਈ, ਸਿਫਤ। ਰਹਿਓ ਸਮਾਇ–ਸਭ ਥਾਂ ਮੌਜੂਦ ਹੈ। ਜਾਚੈ–ਮੰਗਦਾ ਹੈ। ਦਾਨੁ–ਖੈਰ। ਮੋਹਿ–ਮੈਨੂੰ।੪।

ਅਰਥ :–

ਪ੍ਰ:–ਸ੍ਰੀ ਜੀਉ ! ਉਹ ਜੋ ਪ੍ਰਭੂ ਮੇਰੇ ਅੰਗ ਸੰਗ ਹੀ ਵਸਦਾ ਹੈ, ਉਸ ਨੂੰ ਵੇਖਣ ਦਾ ਕੋਈ ਸਾਧਨ ਦਸੋ ?

1. ਉ:–ਹੇ ਭਾਈ ! ਉਸ ਨੂੰ ਵੇਖਣ ਦਾ ਕੇਵਲ ਇਕੋ ਹੀ ਸਾਧਨ ਹੈ ਕਿ; ਜੋ ਉਸ ਪ੍ਰਭੂ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਸਨਮੁਖ ਹੋ ਇਉਂ ਜੋਦੜੀ ਕਰਦਾ ਰਹੁ ਕਿ, ਹੇ ਮਾਂ! ਉਹ ਪ੍ਰੀਤਮ ਪ੍ਰਭੂ ! ਪ੍ਰਭੂ ਪਾਤਸ਼ਾਹ (ਉਂਞ ਤਾਂ ਹਰ ਵੇਲੇ) ਮੇਰੇ ਨਾਲ ਹੀ (ਵਸਦਾ ਸੁਣੀਦਾ) ਹੈ। ਪਰ ਮੈਨੂੰ ਦਿਸਦਾ ਨਹੀਂ।
2. ਹੇ ਮਾਂ ! ਮੇਹਰ ਕਰ ਕੇ ਮੈਨੂੰ ਉਸ ਪ੍ਰਭੂ ਨਾਲ ਮਿਲਾ ਦੇ, ਜਿਸ ਨੂੰ ਵੇਖ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰ ਸਕਾਂ।
3. ਜਿਸ ਦੇ ਸਿਮਰਨ ਦੀ ਬਰਕਤ ਨਾਲ ਕੋਈ ਦੁੱਖ ਪੋਹ ਨਹੀਂ ਸਕਦਾ।
4. ਮੇਹਰ ਕਰਕੇ ਮੈਨੂੰ ਉਸ ਨਾਲ ਮਿਲਾਪ ਕਰਵਾ ਦਿਓ।੧।
5.6 ਹੇ ਮੇਰੇ ਪ੍ਰੀਤਮ ਪ੍ਰਭੂ ! ਮੇਰੀ ਜਿੰਦ ਤੇ ਮਨ ਦੇ ਆਸਰੇ, ਮੇਰੀ ਇਹ ਜਿੰਦ, ਮੇਰੇ ਇਹ ਪ੍ਰਾਣ ਸਭ ਕੁਝ ਤੇਰਾ ਹੀ ਦਿਤਾ ਹੋਇਆ ਸਰਮਾਇਆ ਹੈ।੧। ਰਹਾਉ।
7. ਹੇ ਮਾਂ ! ਜਿਸ ਪ੍ਰਮਾਤਮਾਂ ਨੂੰ ਦੈਵੀ ਗੁਣਾਂ ਵਾਲੇ ਮਨੁੱਖ ਅਤੇ ਦੇਵਤੇ ਭਾਲਦੇ ਰਹਿੰਦੇ ਹਨ।
8. ਜਿਸ ਦਾ ਭੇਤ ਮੁਨੀ ਲੋਕ ਅਤੇ ਸ਼ੇਸ਼ ਨਾਗ ਭੀ ਨਹੀਂ ਪਾ ਸਕਦੇ।
9. ਜਿਸ ਦੀ ਉਚੀ ਆਤਮਕ ਅਵਸਥਾ ਅਤੇ ਵਡੱਪਣ ਬਿਆਨ ਨਹੀਂ ਕੀਤਾ ਜਾ ਸਕਦਾ।
10. ਹੇ ਮਾਂ ! ਤਾਂ ਸੁਣਿਆ ਹੈ ਕਿ, ਉਹ ਪ੍ਰਮਾਤਮਾਂ ਹਰੇਕ ਸਰੀਰ ਵਿਚ ਵਿਆਪ ਰਿਹਾ ਹੈ।੨।
11. ਹੇ ਮਾਂ ! ਜਿਸ ਪ੍ਰਮਾਤਮਾਂ ਦੇ ਭਗਤ ਸਦਾ ਅਨੰਦ ਭਰਪੂਰ ਰਹਿੰਦੇ ਹਨ।
12. ਜਿਸ ਪ੍ਰਮਾਤਮਾਂ ਦੇ ਭਗਤਾਂ ਨੂੰ ਕਦੇ ਭੀ ਆਤਮਕ ਮੌਤ ਨਹੀਂ ਆਉਂਦੀ।
13. ਜਿਸ ਪ੍ਰਮਾਤਮਾਂ ਦੇ ਭਗਤਾਂ ਨੂੰ (ਦੁਨੀਆਂ ਦੇ ਕੋਈ) ਡਰ ਪੋਹ ਨਹੀਂ ਸਕਦੇ।
14. ਜਿਸ ਪ੍ਰਮਾਤਮਾਂ ਦੇ ਭਗਤਾਂ ਨੂੰ (ਵਿਕਾਰਾਂ ਦੇ ਟਾਕਰੇ ਤੇ) ਸਦਾ ਜਿਤ ਹੁੰਦੀ ਹੈ (ਅਤੇ ਉਹ ਪ੍ਰਮਾਤਮਾਂ ਹਰੇਕ ਸਰੀਰ ਵਿਚ ਮੌਜੂਦ ਹੈ।੩।

ਪ੍ਰ:–ਕਿਉਂ ਜੀ ! ਅਜਿਹੇ ਸਾਈਂ ਜੀ ਨੂੰ ਵੇਖਣ ਦਾ ਕੋਈ ਸਹੀ ਸਾਧਨ ਦਸੋ ?

15. ਉ:–ਹੇ ਭਾਈ ! ਉਸ ਨੂੰ ਤੱਕਣ ਦਾ ਕੇਵਲ ਇਕੋ ਹੀ ਸਾਧਨ ਹੈ ਕਿ, ਉਸ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਹੀਏ ਕਿ, ਹੇ ਪ੍ਰਭੂ ! ਤੇਰੀ ਕੋਈ (ਭੀ) ਉਪਮਾਂ ਦਸੀ ਨਹੀਂ ਜਾ ਸਕਦੀ, (ਤੇਰੇ ਵਰਗਾ ਕੋਈ ਦਸਿਆ ਨਹੀਂ ਜਾ ਸਕਦਾ)।
16. ਤੂੰ ਸਭ ਜੀਵਾਂ ਨੂੰ ਸੁੱਖ ਦੇਣ ਵਾਲਾ ਮਾਲਕ ਹੈਂ, ਤੂੰ ਹਰ ਥਾਂ ਹੀ ਮੌਜੂਦ ਹੈਂ।
17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ਪ੍ਰਭੂ ! (ਮੈਂ ਤੇਰੇ ਪਾਸੋਂ) ਇਕੋ ਹੀ ਖੈਰ ਮੰਗਦਾ ਹਾਂ।
18. ਮੇਹਰ ਕਰ ਕੇ ਮੈਨੂੰ ਆਪਣਾ ਨਾਮ ਬਖਸ਼ਣਾ ਕਰੋ।੪।੫।

ਭਾਵਾਰਥ :–ਉਹ ਹਰੀ ਜਿਸ ਨੂੰ ਸਾਰੇ ਢੂੰਢਦੇ ਆਏ ਹਨ, ਉਹ ਮਨੁੱਖ ਦੇ ਹਿਰਦੇ ਵਿਚ ਹੀ ਵਸਦਾ ਹੈ, ਉਸੇ ਦੀ ਸੋਝੀ ਹੋਣ ਤੋਂ ਸਾਰੇ ਦੁੱਖ ਦੂਰ ਹੁੰਦੇ ਅਤੇ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

ਬਸੰਤੁ ਮਹਲਾ ੫ ॥

1. ਮਿਲਿ ਪਾਨੀ ਜਿਉ ਹਰੇ ਬੂਟ ॥
2. ਸਾਧ ਸੰਗਤਿ ਤਿਉ ਹਉਮੈ ਛੂਟ ॥
3. ਜੈਸੀ ਦਾਸੇ ਧੀਰ ਮੀਰ ॥
4. ਤੈਸੇ ਉਧਾਰਨ ਗੁਰਹ ਪੀਰ ॥੧॥
5. ਤੁਮ ਦਾਤੇ ਪ੍ਰਭ ਦੇਨਹਾਰ ॥
6. ਨਿਮਖ ਨਿਮਖ ਤਿਸੁ ਨਮਸਕਾਰ ॥੧॥ ਰਹਾਉ ॥
7. ਜਿਸਹਿ ਪਰਾਪਤਿ ਸਾਧ ਸੰਗੁ ॥
8. ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥
9. ਤੇ ਬੰਧਨ ਤੇ ਭਏ ਮੁਕਤਿ ॥
10. ਭਗਤ ਅਰਾਧਹਿ ਜੋਗ ਜੁਗਤਿ ॥੨॥
11. ਨੇਤ੍ਰ ਸੰਤੋਖੇ ਦਰਸੁ ਪੇਖਿ ॥
12. ਰਸਨਾ ਗਾਏ ਗੁਣ ਅਨੇਕ ॥

13. **ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥**
14. **ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥**
15. **ਸੇਵਕੁ ਲਾਗੋ ਚਰਣ ਸੇਵ ॥**
16. **ਆਦਿ ਪੁਰਖ ਅਪਰੰਪਰ ਦੇਵ ॥**
17. **ਸਗਲ ਉਧਾਰਣ ਤੇਰੋ ਨਾਮੁ ॥**
18. **ਨਾਨਕ ਪਾਇਓ ਇਹੁ ਨਿਧਾਨੁ ॥੪॥੬॥**

ਪਦ ਅਰਥ :- ਮਿਲਿ–ਮਿਲ ਕੇ । ਬੂਟ–ਬੂਟੇ । ਛੂਟ–ਮੁੱਕ ਜਾਂਦੀ ਹੈ। ਦਾਸੇ–ਦਾਸ ਨੂੰ । ਧੀਰ–ਧੀਰਜ, ਹੌਂਸਲਾ, ਸਹਾਰਾ । ਮੀਰ–ਮਾਲਕ (ਦਾ) । ਗੁਰਹ ਪੀਰ–ਗੁਰੂ ਪੀਰ । ਉਧਾਰਨ–ਪਾਰ ਉਤਾਰ ਲਈ ਆਸਰਾ ।੧।

ਦੇਨਹਾਰ–ਪ੍ਰਭੂ ਸਭ ਕੁਝ ਦੇ ਸਕਣ ਵਾਲੇ । ਨਿਮਖ–ਅੱਖ ਝਮਕਣ ਜਿਤਨਾ ਸਮਾਂ । ਤਿਸੁ–ਉਸ (ਪ੍ਰਮਾਤਮਾਂ) ਨੂੰ ।੧। ਰਹਾਉ ।

ਸਾਧ ਸੰਗੁ–ਗੁਰੂ ਦਾ ਸਾਥ । ਰੰਗੁ–ਪਿਆਰ । ਤੇ–ਉਹ ਮਨੁੱਖ । ਤੇ–ਤੋਂ । ਬੰਧਨ ਤੇ–ਮਾਇਆ ਦੇ ਮੋਹ ਦੇ ਬੰਧਨਾਂ ਤੋਂ । ਅਰਾਧਹਿ–ਅਰਾਧਦੇ ਹਨ,ਸਿਮਰਦੇ ਹਨ । ਜੋਗ–ਮਿਲਾਪ । ਜੋਗ ਜੁਗਤਿ–ਪ੍ਰਮਾਤਮਾਂ ਨਾਲ ਮਿਲਾਪ ਦਾ ਤਰੀਕਾ ।੨।

ਨੇਤ੍ਰ–ਅੱਖਾਂ । ਨੇਤ੍ਰ ਸੰਤੋਖੇ–ਅੱਖਾਂ ਨੂੰ (ਪਰਾਇਆ ਰੂਪ ਤੱਕਣ ਵਲੋਂ) ਸੰਤੋਖ ਆ ਜਾਂਦਾ ਹੈ । ਪੇਖਿ–ਵੇਖ ਕੇ । ਰਸਨਾ–ਜੀਭ । ਗਾਏ–ਗਾਂਦੀ ਹੈ । ਬੂਝੀ–ਮਿਟ ਜਾਂਦੀ ਹੈ । ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ । ਅਘਾਨਾ–ਰੱਜ ਜਾਂਦਾ ਹੈ । ਹਰਿ ਰਸਹਿ ਸੁਆਦਿ–ਹਰਿ ਨਾਮ ਰਸ ਦੇ ਸੁਆਦ ਨਾਲ ।੩।

ਆਦਿ–ਹੇ ਸਾਰੇ ਜਗਤ ਦੇ ਮੂਲ । ਪੁਰਖ–ਹੇ ਸਰਬ ਵਿਆਪਕ । ਅਪਰੰਪਰ–ਹੇ ਪਰੇ ਤੋਂ ਪਰੇ । ਸਗਲ ਉਧਾਰਣ–ਸਾਰੇ ਜੀਵਾਂ ਦਾ ਪਾਰ ਉਤਾਰਾ ਕਰਨ ਵਾਲਾ । ਨਿਧਾਨੁ–ਖਜ਼ਾਨਾ ।੪।

ਅਰਥ :–

ਪ੍ਰ:–ਸ੍ਰੀ ਜੀਉ ! ਮਨੁੱਖ ਦੇ ਅੰਦਰੋਂ ਹਉਮੈਂ ਕਿਵੇਂ ਮਿਟ ਸਕਦੀ ਹੈ, ਕੋਈ ਪ੍ਰਮਾਣ ਦੇ ਕਰ ਸਮਝਾਓ ?

1. **ਉ:**–ਹੇ ਭਾਈਓ ! ਜਿਵੇਂ ਪਾਣੀ ਮਿਲ ਕੇ ਬੂਟੇ ਹਰੇ ਹੋ ਜਾਂਦੇ ਹਨ (ਤੇ ਉਨ੍ਹਾਂ ਦਾ ਸੋਕਾ ਮੁੱਕ ਜਾਂਦਾ ਹੈ) ।
2. ਤਿਵੇਂ ਹੀ ਸਾਧ ਸੰਗਤ ਵਿਚ ਮਿਲ ਕੇ (ਮਨੁੱਖ ਦੇ ਅੰਦਰੋਂ) ਹਉਮੈਂ ਮੁੱਕ ਜਾਂਦੀ ਹੈ ।
3. ਹੇ ਪਿਆਰੇ ! ਜਿਵੇਂ ਕਿਸੇ ਦਾਸ ਨੂੰ ਆਪਣੇ ਮਾਲਕ ਦੀ ਧੀਰਜ ਹੁੰਦੀ ਹੈ ।
4. ਤਿਵੇਂ ਹੀ ਗੁਰੂ ਪੀਰ (ਜੀਵਾਂ ਨੂੰ) ਪਾਰ ਉਤਾਰਨ ਲਈ ਆਸਰਾ ਹੁੰਦਾ ਹੈ ।੧।
5. ਹੇ ਪ੍ਰਭੂ ! ਤੂੰ (ਜੀਵਾਂ ਨੂੰ) ਸਭ ਕੁਝ ਦੇ ਸਕਣ ਵਾਲਾ ਦਾਤਾਰ ਹੈਂ ।
6. ਹੇ ਭਾਈ ! ਮੈਂ ਪਲ ਪਲ ਉਸ (ਦਾਤਾਰ ਪ੍ਰਭੂ) ਨੂੰ ਹੀ ਨਮਸ਼ਕਾਰ ਕਰਦਾ ਹਾਂ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਮਨੁੱਖ ਦੇ ਮਨ ਨੂੰ ਸੰਸਾਰ ਦ ਮਾਇਕੀ ਰੰਗ ਤਾਂ ਸੁਭਾਵਕ ਹੀ ਚੜ੍ਹਦੇ ਰਹਿੰਦੇ ਹਨ, ਪਰ, ਪ੍ਰਭੂ ਦਾ ਪ੍ਰੇਮ ਰੰਗ ਕਿਵੇਂ ਚੜ੍ਹ ਸਕਦਾ ਹੈ ?

7. **ਉ**–ਹੇ ਭਾਈਓ ! ਜਿਸ ਮਨੁੱਖ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ ।
8. ਉਸ ਮਨੁੱਖ (ਦੇ ਮਨ) ਨੂੰ ਪ੍ਰਮੇਸ਼ਰ ਦਾ ਪ੍ਰੇਮ ਰੰਗ ਚੜ੍ਹ ਜਾਂਦਾ ਹੈ ।

ਪ੍ਰ–ਸ੍ਰੀ ਜੀਉ ! ਨਾਮ ਰੰਗ ਵਾਲੇ ਨੂੰ ਆਖਰ ਫਲ ਕੀ ਹਾਸਲ ਹੁੰਦਾ ਹੈ ?

9. **ਉ:**–ਹੇ ਪਿਆਰੇ ! ਜਿਨ੍ਹਾਂ ਨੂੰ ਨਾਮ ਦਾ ਰੰਗ ਚੜ੍ਹ ਜਾਂਦਾ ਹੈ, ਉਹ ਮਨੁੱਖ ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖਲਾਸੀ ਹਾਸਲ ਕਰ ਲੈਂਦਾ ਹੈ ।
10. ਹੇ ਭਾਈ ! ਪ੍ਰਮਾਤਮਾਂ ਦੇ ਭਗਤ (ਸਦਾ ਹੀ) ਪ੍ਰਭੂ ਦਾ ਨਾਮ ਸਿਮਰਦੇ ਹਨ, ਇਹੋ ਹੀ ਉਸ ਨਾਲ ਮਿਲਾਪ ਦਾ ਸਹੀ ਤਰੀਕਾ ਹੈ ।੨।

ਪ੍ਰ:–ਸ੍ਰੀ ਜੀਉ ! ਉਸ ਮਨੁੱਖ ਦੀ ਪਛਾਣ ਕੀ ਹੈ ?

11. **ਉ:**–ਹੇ ਭਾਈਓ ! (ਉਸ ਮਨੁੱਖ ਦੀਆਂ) ਅੱਖਾਂ ਨੂੰ ਪ੍ਰਮੇਸ਼ਰ ਜੀ ਦਾ ਦਰਸ਼ਨ ਕਰ ਕੇ (ਪਰਾਇਆ ਰੂਪ ਤੱਕਣ ਵਲੋਂ) ਸੰਤੋਖ ਆ ਜਾਂਦਾ ਹੈ ।
12. ਹੇ ਪਿਆਰੇ ! (ਜਿਉਂ ਜਿਉਂ ਮਨੁੱਖ ਦੀ) ਜੀਭ ਪ੍ਰਮਾਤਮਾਂ ਦੇ ਅਨੇਕਾਂ ਗੁਣ ਗਾਂਦੀ ਹੈ ।
13. ਗੁਰੂ ਦੀ ਕਿਰਪਾ ਨਾਲ (ਉਸ ਦੇ ਅੰਦਰੋਂ ਮਾਇਆ ਦੀ) ਤ੍ਰਿਸ਼ਨਾਂ (ਅੱਗ) ਬੁੱਝ ਜਾਂਦੀ ਹੈ ।
14. ਉਸ ਦਾ ਮਨ ਹਰਿ ਨਾਮ ਰਸ ਦੇ ਸੁਆਦ ਨਾਲ (ਮਾਇਆ ਵਲੋਂ) ਰੱਜ ਜਾਂਦਾ ਹੈ ।੩।
15. ਹੇ ਪ੍ਰਭੂ ! ਜਿਹੜਾ ਤੇਰਾ ਸੇਵਕ (ਤੇਰੇ) ਚਰਨਾਂ ਦੀ ਸੇਵਾ ਵਿਚ ਲਗਦਾ ਹੈ ।
16. ਉਸ ਨੂੰ ਇਹ ਵਿਸ਼ਵਾਸ਼ ਹੋ ਆਉਂਦਾ ਹੈ ਕਿ, ਉਹ ਸਭ ਦਾ ਮੁੱਢ ਪ੍ਰਭੂ ਹੈ, ਸਰਵ ਵਿਆਪਕ ਪ੍ਰਭੂ ਹੈ ਤੇ ਪਰੇ ਤੋਂ ਪਰੇ ਪ੍ਰਭੂ ਹੈ ।
17. ਹ ਪ੍ਰਭੂ ਪ੍ਰਕਾਸ਼ ਰੂਪ ਜੀਉ ! ਤੇਰਾ ਨਾਮ ਸਭ ਜੀਵਾਂ ਦਾ ਪਾਰ ਉਤਾਰਾ ਕਰਨ ਵਾਲਾ ਹੈ ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਜਿਹੜਾ ਤੇਰਾ ਸੇਵਕ (ਤੇਰੇ) ਚਰਨਾਂ ਦੀ ਸਵਾ ਵਿਚ ਲਗਦਾ ਹੈ ਉਸਨੂੰ (ਤੇਰਾ) ਇਹ ਨਾਮ ਖਜ਼ਾਨਾ ਮਿਲ ਜਾਂਦਾ ਹੈ।੪।੬।

ਭਾਵਾਰਥ :–ਇਸ ਸਰੀਰ ਦੇ ਅੰਦਰ ਵਸਦੇ ਹਰੀ ਦੀ ਸੋਝੀ ਤੇ ਪ੍ਰੇਮ ਲਗਨ ਸਾਧ ਸੰਗਤ ਤੋਂ ਪ੍ਰਾਪਤ ਹੁੰਦੀ ਹੈ, ਇਸ ਲਗਨ ਦੀ ਬਰਕਤ ਨਾਲ ਫਿਰ ਕਿਸੇ ਪ੍ਰਕਾਰ ਦੀ

ਇੱਛਾ ਨਹੀਂ ਰਹਿ ਜਾਂਦੀ।

ਬਸੰਤੁ ਮਹਲਾ ੫ ॥

1. ਤੁਮ ਬਡ ਦਾਤੇ ਦੇ ਰਹੇ ॥
2. ਜੀਅ ਪ੍ਰਾਣ ਮਹਿ ਰਵਿ ਰਹੇ ॥
3. ਦੀਨੇ ਸਗਲੇ ਭੋਜਨ ਖਾਨ ॥
4. ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥
5. ਹਉ ਕਛੂ ਨ ਜਾਨਉ ਤੇਰੀ ਸਾਰ ॥
6. ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ਰਹਾਉ॥
7. ਜਾਪ ਨ ਤਾਪ ਨ ਕਰਮ ਕੀਤਿ ॥
8. ਆਵੈ ਨਾਹੀ ਕਛੂ ਰੀਤਿ ॥
9. ਮਨ ਮਹਿ ਰਾਖਉ ਆਸ ਏਕ ॥
10. ਨਾਮ ਤੇਰੇ ਕੀ ਤਰਉ ਟੇਕ ॥੨॥
11. ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥
12. ਅੰਤੁ ਨ ਪਾਵਹਿ ਜਲਹਿ ਮੀਨ ॥
13. ਅਗਮ ਅਗਮ ਊਚਹ ਤੇ ਊਚ ॥
14. ਹਮ ਥੋਰੇ ਤੁਮ ਬਹੁਤ ਮੂਚ ॥੩॥
15. ਜਿਨ ਤੂ ਧਿਆਇਆ ਸੇ ਗਨੀ ॥
16. ਜਿਨ ਤੂ ਪਾਇਆ ਸੇ ਧਨੀ ॥
17. ਜਿਨਿ ਤੂ ਸੇਵਿਆ ਸੁਖੀ ਸੇ ॥
18. ਸੰਤ ਸਰਣਿ ਨਾਨਕ ਪਰੇ ॥੪॥੭॥

ਪਦ ਅਰਥ :—ਦੇ ਰਹੇ—(ਦਾਤਾਂ) ਦੇ ਰਿਹਾ ਹੈ। ਰਵਿ ਰਹੇ—ਮੌਜੂਦ ਹੈ, ਵਿਆਪਕ ਹੈ। ਖਾਨ—ਖਾਣ ਲਈ। ਮੋਹਿ ਨਿਰਗੁਨ—ਮੈਂ ਗੁਣ ਹੀਣ ਨੇ। ਗੁਨੁ—ਉਪਕਾਰ। ਨ ਜਾਨ—ਨਹੀਂ ਸਮਝਿਆ।੧।

ਹਉ—ਹਉਂ, ਮੈਂ। ਨ ਜਾਨਉ—ਨਾ ਜਾਨਉਂ, ਮੈਂ ਨਹੀਂ ਜਾਣਦਾ। ਸਾਰ—ਕਦਰ। ਗਤਿ—ਉਚੀ ਆਤਮਕ ਅਵਸਥਾ। ਪ੍ਰਭ ਦਇਆਰ—ਹੇ ਦਇਆਲ ਪ੍ਰਭੂ।੧। ਰਹਾਉ।

ਕਰਮ—(ਮਿਥੇ ਹੋਏ ਧਾਰਮਕ) ਕਰਮ। ਕੀਤਿ—ਕੀਤੇ। ਰੀਤਿ—(ਧਾਰਮਕ) ਰਸਮ। ਰਾਖਉ—ਰਾਖਉਂ, ਮੈਂ ਰਖਦਾ ਹਾਂ। ਤਰਉ—ਤਰਉਂ, ਮੈਂ ਤਰਦਾ ਹਾਂ, ਮੈਂ ਪਾਰ ਲੰਘ ਜਾਵਾਂਗਾ। ਟੇਕ—ਆਸਰੇ।੨।

ਕਲਾ—ਸਤਿਆ, ਹੁਨਰ। ਪ੍ਰਬੀਨ—ਸਿਆਣਾ, ਪੂਰਨ। ਜਲਹਿ ਮੀਨ—ਜਲ ਦੀਆਂ ਮੱਛੀਆਂ। ਅਗਮ—ਅਪਹੁੰਚ। ਤੇ—ਤੋਂ। ਥੋਰੇ—ਥੋੜ੍ਹੇ ਵਿੱਤ ਵਾਲੇ, ਥੋੜ੍ਹ ਵਿਤੇ। ਮੂਚ—ਵਡਾ, ਵਡੇ ਜਿਗਰੇ ਵਾਲਾ।੩।

ਤੂੰ—ਤੈਨੂੰ। ਸੇ—ਉਹ ਮਨੁੱਖ। ਗਨੀ—ਗਨੀਂ, ਧਨਾਢ। ਤੂੰ—ਤੈਨੂੰ। ਧਨੀ—ਧਨ ਵਾਲੇ, ਦੌਲਤ ਮੰਦ। ਜਿਨਿ—ਜਿਸ ਨੇ, ਜਿਸ ਜਿਸ ਨੇ।੪।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਸਾਈਂ ਜੀ ਬਾਰੇ ਮਨ ਵਿਚ ਕਿਸ ਤਰ੍ਹਾਂ ਦਾ ਨਿਸਚਾ ਹੋਣਾ ਚਾਹੀਦਾ ਹੈ ?

1. **ਉ**:—ਹੇ ਭਾਈ ! ਉਸ ਪ੍ਰਭੂ ਜੀ ਦਾ ਮਨ ਵਿਚ ਇਉਂ ਹੀ ਨਿਸਚਾ ਰਖੋ ਕਿ, ਹੇ ਪ੍ਰਭੂ ! ਤੂੰ ਸਭ ਤੋਂ ਵਡਾ ਦਾਤਾ ਹੈਂ, (ਸਭ ਜੀਵਾਂ ਨੂੰ ਸਭ ਪਦਾਰਥ) ਦੇ ਰਿਹਾ ਹੈਂ।
2. ਤੂੰ ਸਭਨਾਂ ਦੀ ਜਿੰਦ ਵਿਚ, ਸਭਨਾਂ ਦੇ ਪ੍ਰਾਣਾਂ ਵਿਚ ਵਿਆਪਕ ਹੈਂ।
3. ਤੂੰ ਖਾਣ ਲਈ ਸਾਰੇ ਪਦਾਰਥ ਦੇ ਰਿਹਾ ਹੈਂ।
4. ਪਰ, ਹੇ ਪ੍ਰਭੂ ਜੀ ! ਮੈਂ ਗੁਣ ਹੀਣ ਨੇ ਤੇਰਾ ਇਕ ਭੀ ਉਪਕਾਰ ਨਹੀਂ ਸਮਝਿਆ।੧।
5. ਹੇ ਦਇਆਲ ਪ੍ਰਭ ! ਮੈਂ ਤੇਰੀ ਰਤਾ ਭਰ ਭੀ ਕਦਰ ਨਹੀਂ ਜਾਣਦਾ।
6. ਹੇ ਪ੍ਰਭੂ ਜੀ ! ਮੇਹਰ ਕਰ, ਮੈਨੂੰ ਉਚੀ ਆਤਮਕ ਅਵਸਥਾ ਦੇ।੧। ਰਹਾਉ।
7. ਹੇ ਪ੍ਰਭੂ ਜੀਉ ! ਮੈਂ ਕੋਈ ਜਪ ਨਹੀਂ ਕੀਤਾ, ਮੈਂ ਕੋਈ ਤਪ ਨਹੀਂ ਕੀਤਾ, ਮੈਂ ਕੋਈ ਤੀਰਥ ਇਸ਼ਨਾਨ ਆਦਿਕ ਮਿਥੇ ਹੋਏ ਧਾਰਮਕ ਕਰਮ ਨਹੀਂ ਕੀਤੇ।
8. ਕੋਈ ਧਾਰਮਿਕ ਰੀਤ ਭੀ ਮੈਨੂੰ ਕਰਨੀ ਨਹੀਂ ਆਉਂਦੀ।
9. ਪਰ, ਹੇ ਪ੍ਰਭੂ ! ਮੈਂ ਆਪਣੇ ਮਨ ਵਿਚ ਸਿਰਫ ਇਹੋ ਆਸ ਰਖੀ ਬੈਠਾ ਹਾਂ।
10. ਕਿ, ਤੇਰੇ ਨਾਮ ਦੇ ਆਸਰੇ ਮੈਂ ਸੰਸਾਰ ਸਾਗਰ ਤੋਂ ਪਾਰ ਲੰਘ ਜਾਵਾਂਗਾ।੨।
11. ਹੇ ਪ੍ਰਭੂ ! ਤੂੰ ਸਾਰੀਆਂ ਹੀ ਤਾਕਤਾਂ ਵਿਚ ਪੂਰਨ ਹੈਂ।
12. ਅਸੀਂ ਜੀਵ ਤੇਰਾ ਅੰਤ ਨਹੀਂ ਪਾ ਸਕਦੇ, ਜਿਵੇਂ ਸਮੁੰਦਰ ਦੇ ਪਾਣੀ ਦੀਆਂ ਮੱਛੀਆਂ (ਸਮੁੰਦਰ ਦਾ) ਅੰਤ ਨਹੀਂ ਪਾ ਸਕਦੀਆਂ।
13. ਹੇ ਪ੍ਰਭੂ ! ਤੂੰ ਅਪਹੁੰਚ ਹੈਂ, ਤੂੰ ਅਪਹੁੰਚ ਹੈਂ, ਤੂੰ ਉਚਿਆਂ ਤੋਂ ਉੱਚਾ ਹੈ।
14. ਅਸੀਂ ਜੀਵ ਥੋੜ੍ਹ ਵਿਤੇ ਹਾਂ, ਤੂੰ ਵਡੇ ਜਿਗਰੇ ਵਾਲਾ ਹੈਂ।੩।
15. ਹੇ ਸਾਈਆਂ ਜੀਉ ! ਜਿਨ੍ਹਾਂ ਮਨੁੱਖਾਂ ਨੇ ਤੇਰਾ ਨਾਮ ਸਿਮਰਿਆ ਹੈ, ਉਹ ਅਸਲ ਵਿਚ ਦੌਲਤ ਮੰਦ ਹਨ।
16. ਜਿਨ੍ਹਾਂ ਨੇ ਤੈਨੂੰ ਲਭ ਲਿਆ ਹੈ ਉਹ ਅਸਲ ਧਨਾਢ ਹਨ।
17. ਹੇ ਪ੍ਰਭੂ ! ਜਿਨ੍ਹਾਂ ਮਨੁੱਖਾਂ ਨੇ ਭਗਤੀ ਕੀਤੀ ਹੈ ਉਹ ਸਭੇ ਹੀ ਸੁਖੀ ਹਨ।
18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਉਹ ਤੇਰੇ ਹੀ ਸੰਤ ਜਨਾਂ ਦੀ ਸ਼ਰਨ ਪਏ ਰਹਿੰਦੇ ਹਨ।੪।੭।

ਭਾਵਾਰਥ :—ਉਹ ਹਰੀ ਤਾਂ ਸਭੇ ਪਦਾਰਥ ਦੇਂਦਾ ਹੈ, ਪਰ ਮਨੁੱਖ ਨਾਸ਼ੁਕਰਾ ਹੈ, ਗੁਰੂ ਜੀ, ਹਰੀ ਦੀ ਵਡਿਆਈ ਦੇ ਸਾਹਮਣੇ ਆਪਣੀ ਤੁਛਤਾ ਬਿਆਨ ਕਰਦੇ ਹਨ ਅਤੇ ਆਸ ਰਖਦੇ ਹਨ ਕਿ, ਅੰਤ ਦੇ ਸਮੇਂ ਨਾਮ ਤਾਰ ਲਏਗਾ।

ਬਸੰਤੁ ਮਹਲਾ ੫ ॥

1. ਤਿਸੁ ਤੂ ਸੇਵਿ ਜਿਨਿ ਤੂ ਕੀਆ ॥
2. ਤਿਸੁ ਅਰਾਧਿ ਜਿਨਿ ਜੀਉ ਦੀਆ ॥
3. ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥
4. ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ॥੧॥
5. ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥
6. ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥
7. ਦੂਜੀ ਸੇਵਾ ਜੀਵਨੁ ਬਿਰਥਾ ॥
8. ਕਛੂ ਨ ਹੋਈ ਹੈ ਪੂਰਨ ਅਰਥਾ ॥
9. ਮਾਣਸ ਸੇਵਾ ਖਰੀ ਦੁਹੇਲੀ ॥
10. ਸਾਧ ਕੀ ਸੇਵਾ ਸਦਾ ਸੁਹੇਲੀ ॥੨॥
11. ਜੇ ਲੋੜਹਿ ਸਦਾ ਸੁਖੁ ਭਾਈ ॥
12. ਸਾਧੂ ਸੰਗਤਿ ਗੁਰਹਿ ਬਤਾਈ ॥
13. ਊਹਾ ਜਪੀਐ ਕੇਵਲ ਨਾਮ ॥
14. ਸਾਧੂ ਸੰਗਤਿ ਪਾਰਗਰਾਮ ॥੩॥
15. ਸਗਲ ਤਤ ਮਹਿ ਤਤੁ ਗਿਆਨੁ ॥
16. ਸਰਬ ਧਿਆਨ ਮਹਿ ਏਕੁ ਧਿਆਨੁ ॥
17. ਹਰਿ ਕੀਰਤਨ ਮਹਿ ਊਤਮ ਧੁਨਾ ॥
18. ਨਾਨਕ ਗੁਰ ਮਿਲਿ ਗਾਇ ਗੁਨਾ ॥੪॥੯॥

ਪਦ ਅਰਥ :—ਸੇਵਿ—ਸੇਵਾ ਭਗਤੀ ਕਰ। ਜਿਨਿ—ਜਿਸ (ਪ੍ਰਭੂ) ਨੇ। ਤੂੰ—ਤੈਨੂੰ। ਜੀਉ—ਜਿੰਦ। ਚਾਕਰੁ—ਦਾਸ। ਹੋਹਿ—ਜੇ ਤੂੰ ਬਣ ਜਾਏਂ। ਡਾਨੁ—ਡੰਨ, ਜਮਾਂ ਦਾ ਡੰਡ। ਪੋਤਦਾਰੀ—(ਪੋਤਹਿ—ਖਜ਼ਾਨਾ । ਪੋਤਹਦਾਰ—ਖਜ਼ਾਨਚੀ) ਖਜ਼ਾਨਚੀ ਦਾ ਕੰਮ, ਭਾਵ, ਆਪਣੇ ਆਪ ਨੂੰ ਮਾਲਕ ਨਾ ਸਮਝ ਬਲਕਿ ਖਜ਼ਾਨਚੀ ਸਮਝ, ਜੋ ਚੀਜ਼ ਉਸ ਤੋਂ ਮਿਲੀ ਹੈ ਉਸ ਨੂੰ ਅਮਾਨਤ ਕਰ ਕੇ ਸਮਝ।੧।

ਏਵਡ ਭਾਗ—ਏਡੇ ਵਡੇ ਭਾਗ, ਵਡੀ ਕਿਸਮਤ। ਪਦ ਨਿਰਬਾਣੀ—ਉਹ ਆਤਮਕ ਦਰਜਾ ਜਿਥੇ ਕੋਈ ਵਾਸ਼ਨਾਂ ਪੋਹ ਨਾ ਸਕੇ। ਨਿਰਬਾਣੀ—ਵਾਸ਼ਨਾ ਰਹਿਤ।੧। ਰਹਾਉ।

ਦੂਜੀ-ਪ੍ਰਭੂ ਤੋਂ ਬਿਨਾ ਕਿਸੇ ਹੋਰ ਦੀ। ਬਿਰਥਾ—ਵਿਅਰਥ। ਅਰਥਾ—ਲੋੜ, ਗਰਜ਼। ਖਰੀ—ਬਹੁਤੀ। ਦੁਹੇਲੀ—ਦੁਖਦਾਈ। ਸਾਧ—ਗੁਰੂ। ਸੁਹੇਲੀ—ਸੁਖ ਦੇਣ ਵਾਲੀ।੨।

ਭਾਈ—ਹੇ ਭਾਈ। ਗੁਰਹਿ—ਗੁਰੂ ਨੇ। ਊਹਾ—ਸਾਧ ਸੰਗਤ ਵਿਚ। ਜਪੀਐ—ਜਪੀਦਾ ਹੈ। ਪਾਰਗਰਾਮ—ਪਾਰ ਗਾਮਿਨ, ਪਾਰ ਗਾਮੀ, (ਸੰਸਾਰ ਸਮੁੰਦਰ ਤੋਂ) ਪਾਰ ਲੰਘਣ ਜੋਗ।੩।

ਗਿਆਨੁ—ਪ੍ਰਮਾਤਮਾਂ ਨਾਲ ਜਾਣ ਪਛਾਣ, ਆਤਮਕ ਜੀਵਨ ਦੀ ਸੂਝ। ਤਤੁ—ਸਰੇਸ਼ਟ ਵੀਚਾਰ। ਧਿਆਨ—ਸਮਾਧੀ। ਕੀਰਤਨ—ਸਿਫਤ ਸਲਾਹ। ਧੁਨਾ—ਲਗਨ, ਸੁਰਤਿ। ਗੁਰ ਮਿਲਿ—ਗੁਰੂ ਨੂੰ ਮਿਲ ਕੇ।੪।

ਅਰਥ :-

ਪ੍ਰ:—ਸ੍ਰੀ ਜੀਉ! ਮੈਂ ਵੇਖਦਾ ਹਾਂ ਕਿ ਲੋਕੀ ਬ੍ਰਹਮਾਂ ਆਦਿਕ ਭਿੰਨ ਭਿੰਨ ਦੇਵੀ ਦੇਵਤਿਆਂ ਦੀ ਸੇਵਾ ਭਗਤੀ ਕਰਦੇ ਹਨ, ਪਰ ਮੈਨੂੰ ਦਸੋ ਕਿਸ ਦੀ ਸੇਵਾ ਕਰਿਆ ਕਰਾਂ ?

1. ਉ:—ਹੇ ਭਾਈ! ਸੁਣ ਤੂੰ, ਜਿਸ ਪ੍ਰਮਾਤਮਾਂ ਨੇ ਤੈਨੂੰ ਪੈਦਾ ਕੀਤਾ ਹੈ, ਉਸੇ ਦੀ ਸੇਵਾ ਭਗਤੀ ਕਰਿਆ ਕਰ।

2. ਅਤੇ ਜਿਸ ਨੇ ਤੈਨੂੰ ਜਿੰਦ ਦਿਤੀ ਹੈ ਉਸੇ ਦਾ ਹੀ ਨਾਮ ਸਿਮਰਿਆ ਕਰ।

3. ਹੇ ਪਿਆਰੇ! ਜੇ ਤੂੰ ਉਸੇ ਪ੍ਰਭੂ ਦਾ ਦਾਸ ਬਣਿਆ ਰਹੇਂ, ਤਾਂ ਤੈਨੂੰ (ਜਮ ਆਦਿਕ ਕਿਸੇ ਵਲੋਂ ਭੀ) ਡੰਨ ਨਹੀਂ ਲਗ ਸਕਦਾ।

4. ਹੇ ਭਾਈ! ਉਸ (ਬੇਅੰਤ ਭੰਡਾਰਿਆਂ ਦੇ ਮਾਲਕ) ਪ੍ਰਮਾਤਮਾਂ ਦਾ ਸਿਰਫ ਭੰਡਾਰੀ ਬਣਿਆ ਰਹੁ, (ਫਿਰ ਉਸ ਦੇ ਦਿਤੇ ਕਿਸੇ ਪਦਾਰਥ ਦੇ ਖੁਸ ਜਾਣ ਤੇ) ਤੈਨੂੰ ਕੋਈ ਦੁੱਖ ਨਹੀਂ ਵਿਆਪੇਗਾ।੧।

ਪ੍ਰ:—ਗੁਰਦੇਵ ਜੀਉ! ਇਹ ਵਾਸ਼ਨਾ ਰਹਿਤ ਪਦਵੀ ਹਰ ਇਕ ਨੂੰ ਹੀ ਕਿਉਂ ਨਹੀਂ ਮਿਲ ਸਕਦੀ ?

5.6 ਉ—ਹੇ ਭਾਈ! ਚਾਹੁੰਦੇ ਤਾਂ ਬਹੁਤੇ ਲੋਕ ਹਨ, ਪਰ ਜਿਸ ਮਨੁੱਖ ਦੇ ਵਡੇ ਭਾਗ ਹੋਣ, ਉਸ ਮਨੁੱਖ ਨੂੰ ਉਹ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਥੇ ਕੋਈ ਭੀ ਵਾਸ਼ਨਾ ਪੋਹ ਨਹੀਂ ਸਕਦੀ।੧। ਰਹਾਉ।

ਪ੍ਰ:—ਸ੍ਰੀ ਜੀਉ! ਇਕ ਪ੍ਰਭੂ ਦੀ ਸੇਵਾ ਕਰਨੀ ਛਡ ਕੇ ਕਿਸੇ ਹੋਰ ਦੀ ਸੇਵਾ ਕਰਦੇ ਰਹਿਣ ਨਾਲ ਨੁਕਸਾਨ ਕੀ ਹੁੰਦਾ ਹੈ ?

7.8 ਉ:—ਹੇ ਪਿਆਰੇ! ਇਕ ਪ੍ਰਮਾਤਮਾਂ ਨੂੰ ਛਡ ਕੇ ਕਿਸੇ ਹੋਰ ਦੀ ਖਿਦਮਤ ਵਿਚ ਲਗੇ ਰਹਿਣ ਨਾਲ ਤਾਂ ਜ਼ਿੰਦਗੀ ਹੀ ਵਿਅਰਥ ਚਲੀ ਜਾਂਦੀ ਹੈ, ਤੇ ਲੋੜ ਭੀ ਕੋਈ ਪੂਰੀ ਨਹੀਂ ਹੁੰਦੀ।

9. ਹੇ ਭਾਈ! (ਹਰੀ ਜਾਂ ਗੁਰੂ ਨੂੰ ਛਡ ਕੇ ਕਿਸੇ ਹੋਰ) ਮਨੁੱਖ ਦੀ ਖਿਦਮਤ ਕਰਨੀ ਤਾਂ ਬਹੁਤ ਹੀ ਦੁਖਦਾਈ ਹੋਇਆ ਕਰਦੀ ਹੈ।

10. ਅਤੇ ਗੁਰੂ ਦੀ ਸੇਵਾ ਸਦਾ ਹੀ ਸੁੱਖ ਦੇਣ ਵਾਲੀ ਹੁੰਦੀ ਹੈ।੨।

ਪ੍ਰ:—ਸ੍ਰੀ ਜੀਉ! ਮੈਂ ਚਾਹੁੰਦਾ ਹਾਂ ਕਿ ਮੈਂ ਸਦਾ ਹੀ ਸੁਖਦਾਈ ਜੀਵਨ ਗੁਜ਼ਾਰਦਾ ਰਵ੍ਹਾਂ, ਮੈਨੂੰ ਕੋਈ ਅਜਿਹਾ ਸੁਖੈਨ ਸਾਧਨ ਦਸ ਦਿਓ ?

11. ਉ:—ਹੇ ਪਿਆਰੇ! ਜੇ ਤੂੰ ਚਾਹੁੰਦਾ ਹੈਂ ਕਿ (ਮੈਨੂੰ) ਸਦਾ ਆਤਮਕ ਅਨੰਦ ਮਿਲਿਆ ਰਹੇ, (ਤਾਂ ਤੂੰ ਗੁਰੂ ਦਾ ਦਸਿਆ ਮਾਰਗ ਅਪਨਾਉਣਾ ਕਰ)।

ਪ੍ਰ.—ਸ੍ਰੀ ਜੀਉ! ਗੁਰੂ ਨੇ ਕਿਹੜਾ ਮਾਰਗ ਦਸਿਆ ਹੈ ਇਹ ਭੀ ਸਮਝਾ ਦਿਓ ?

12. ਉ:—ਹੇ ਪਿਆਰੇ! ਸੁਣ, ਗੁਰੂ ਨੇ ਤਾਂ ਇਹੋ ਰਾਹ

ਦਰਸਾਇਆ ਹੈ ਕਿ, ਹੇ ਭਾਈ (ਤੂੰ) (ਕੇਵਲ) ਸਾਧ ਸੰਗਤ ਹੀ ਕਰਦਾ ਰਿਹਾ ਕਰ ।

ਪ੍ਰ:–ਸ੍ਰੀ ਜੀਉ ! ਇਹ ਭੀ ਸਮਝਾ ਦਿਓ ਕਿ, ਸਾਧ ਸੰਗਤ ਵਿਚ ਕਰਨਾ ਕੀ ਪੈਂਦਾ ਹੈ ?

13. ਹੇ ਸਜਨਾ ! ਸੁਣ, ਸਾਧ ਸੰਗਤ ਵਿਚ (ਮਿਲ ਕੇ) ਸਿਰਫ ਪ੍ਰਮਾਤਮਾਂ ਦਾ ਨਾਮ (ਹੀ) ਜਪੀਦਾ ਹੈ ।

14. ਹੇ ਪਿਆਰੇ ! ਉਸੇ ਨਾਮ ਦੀ ਬਰਕਤ ਨਾਲ ਸਾਧ ਸੰਗਤ ਵਿਚ ਟਿਕ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਜੋਗਾ ਹੋ ਜਾਈਦਾ ਹੈ ।੩।

ਪ੍ਰ:–ਹੇ ਗੁਰੋ ! ਇਹ ਦਸ ਕਿ, ਚੰਗੀ ਵਿਚਾਰ, ਚੰਗੀ ਸਮਾਧੀ ਅਤੇ ਚੰਗਾ ਕੰਮ ਅ ਪ ਜੀ ਕਿਹੜਾ ਸਮਝਦੇ ਹੋ ?

15. ਉ:–ਹੇ ਭਾਈ ਸਜਨਾ ! ਸੁਣ, ਪ੍ਰਮਾਤਮਾਂ ਨਾਲ ਜਾਣ ਪਛਾਣ ਬਨਾਉਣੀ ਸਭ ਵਿਚਾਰਾਂ ਨਾਲੋਂ ਸ੍ਰੇਸ਼ਟ ਵਿਚਾਰ ਹੈ ।

16. ਅਤੇ ਪ੍ਰਮਾਤਮਾਂ ਵਿਚ ਸੁਰਤਿ ਟਿਕਾਈ ਰਖਣੀ ਹਰ ਸਾਰੀਆਂ ਸਮਾਧੀਆਂ ਨਾਲੋਂ ਵਧੀਆ ਸਮਾਧੀ ਹੈ ।

17. (ਅਤੇ ਉਸ) ਪ੍ਰਮੇਸ਼ਰ ਦੀ ਸਿਫਤ ਸਲਾਹ ਵਿਚ ਸੁਰਤਿ ਜੋੜੀ ਰਖਣੀ (ਹੀ) ਸਭ ਤੋਂ ਸ੍ਰੇਸ਼ਟ ਕੰਮ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਤੂੰ ਇਸ ਲਈ ਗੁਰੂ ਨੂੰ ਮਿਲ ਕੇ ਪ੍ਰਭੂ ਦੇ (ਹੀ) ਗੁਣ ਗਾਂਦਾ ਰਿਹਾ ਕਰ ।੪।੮।

ਭਾਵਾਰਥ :–ਹਰ ਪ੍ਰਾਨੀ ਨੂੰ ਕੇਵਲ ਹਰੀ ਦੀ ਸੇਵਾ ਭਗਤੀ ਕਰਦੇ ਰਹਿਣ ਵਲ ਪ੍ਰੇਰਦੇ ਹਨ, ਕਿਉਂਕਿ, ਹਰੀ ਤੋਂ ਬਿਨਾ ਹੋਰ ਕਿਸੇ ਦੀ ਭੀ ਕੀਤੀ ਸੇਵਾ ਵਿਅਰਥ ਚਲੀ ਜਾਂਦੀ ਹੈ ਅਤੇ ਗਿਆਨ, ਧਿਆਨ, ਕੀਰਤਨ ਭੀ ਕੇਵਲ ਹਰੀ ਦਾ ਹੀ ਉੱਤਮ ਹੈ, ਜੋ ਹਰ ਪ੍ਰਾਨੀ ਨੂੰ ਹੀ ਕਰਦੇ ਰਹਿਣ ਲਈ ਪ੍ਰੇਰਨਾ ਕਰਦੇ ਹਨ ।

ਬਸੰਤੁ ਮਹਲਾ ੫ ॥

1. ਜਿਸੁ ਬੋਲਤ ਮੁਖੁ ਪਵਿਤੁ ਹੋਇ ॥
2. ਜਿਸੁ ਸਿਮਰਤ ਨਿਰਮਲ ਹੈ ਸੋਇ ॥
3. ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥
4. ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥
5. ਰਾਮ ਰਾਮ ਬੋਲਿ ਰਾਮ ਰਾਮ ॥
6. ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥
7. ਜਿਸ ਕ ਧਾਰੇ ਧਰਣਿ ਅਕਾਸੁ ॥
8. ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥
9. ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥
10. ਅੰਤ ਕਾਲਿ ਫਿਰਿ ਫਿਰਿ ਨ ਰੋਇ ॥੨॥
11. ਸਗਲ ਧਰਮ ਮਹਿ ਊਤਮ ਧਰਮ ॥
12. ਕਰਮ ਕਰਤੂਤਿ ਕੈ ਊਪਰਿ ਕਰਮ ॥
13. ਜਿਸ ਕਉ ਚਾਹਹਿ ਸੁਰਿ ਨਰ ਦੇਵ ॥
14. ਸੰਤ ਸਭਾ ਕੀ ਲਗਹੁ ਸੇਵ ॥੩॥
15. ਆਦਿ ਪੁਰਖਿ ਜਿਸੁ ਕੀਆ ਦਾਨੁ ॥
16. ਤਿਸ ਕਉ ਮਿਲਿਆ ਹਰਿ ਨਿਧਾਨੁ ॥
17. ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥
18. ਨਾਨਕ ਜਨ ਹਰਿ ਹਰਿ ਧਿਆਇ ॥੪॥੯॥

ਪਦ ਅਰਥ :–ਜਿਸੁ ਬੋਲਤ–ਜਿਸ ਹਰਿ ਨਾਮ ਨੂੰ ਉਚਾਰਦਿਆਂ । ਹੋਇ–ਹੋ ਜਾਂਦਾ ਹੈ । ਨਿਰਮਲ ਸੋਇ–ਬੇ-ਦਾਗ ਸੋਭਾ । ਸਭੁ ਕਿਛੁ–ਹਰੇਕ (ਲੋੜੀਂਦੀ) ਚੀਜ਼ । ਲਹੈ–(ਮਨੁੱਖ) ਪ੍ਰਾਪਤ ਕਰ ਲੈਂਦਾ ਹੈ ।੧।

ਬੋਲਿ–ਉਚਾਰਿਆ ਕਰ, ਸਿਮਰਿਆ ਕਰ । ਕੇ–ਦੇ । ਕਾਮ–ਵਾਸ਼ਨਾ ।੧। ਰਹਾਉ ।

ਧਾਰੇ–ਟਿਕਾਏ ਹੋਏ । ਧਰਣਿ–ਧਰਤੀ । ਘਟਿ ਘਟਿ–ਹਰੇਕ ਸਰੀਰ ਵਿਚ । ਪ੍ਰਗਾਸੁ–ਨੂਰ, ਚਾਨਣ । ਪਤਿਤ–ਵਿਕਾਰੀ, ਵਿਕਾਰਾਂ ਵਿਚ ਡਿਗਾ ਹੋਇਆ । ਅੰਤ ਕਾਲਿ–ਅਖੀਰ ਦੇ ਵੇਲੇ । ਕਾਲਿ–ਸਮੇਂ ਵਿਚ । ਨ ਰੋਇ–ਨਹੀਂ ਰੋਂਦਾ ।੨। ਉਤਮ–ਸ੍ਰੇਸ਼ਟ । ਕੈ ਊਪਰਿ-ਦੇ ਉਤੇ,ਤੋਂ ਵਧੀਆ । ਚਾਹਹਿ–ਤਾਂਘਦ ਹਨ । ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ । ਦੇਵ ਦੇਵਤੇ ।੩।

ਆਦਿ ਪੁਰਖਿ–ਆਦਿ ਪੁਰਖ ਨੇ, ਸਭ ਦੇ ਮੂਲ ਤੇ ਸਰਵ ਵਿਆਪਕ ਪ੍ਰਭੂ ਨੇ । ਨਿਧਾਨ–ਨਾਮ ਖਜ਼ਾਨਾ । ਗਤਿ–ਉਚੀ ਅ ਤਮਕ ਅਵਸਥਾ । ਮਿਤਿ–ਵਡੱਪਣ ।੪।

ਅਰਥ :–

ਪ੍ਰ:–ਸ੍ਰੀ ਜੀਉ ! ਮੈਨੂੰ ਦਸੋ, ਓਹ ਨਾਮ ਕਿਹੜਾ ਹੈ ਜਿਸ ਨੂੰ ਬੋਲਣ ਨਾਲ ਪਵਿਤ੍ਰਤਾ ਹਾਸਲ ਹੁੰਦੀ ਹੈ ?

1. ਉ–ਹੇ ਪਿਆਰੇ ! ਤੂੰ ਕੇਵਲ ਉਸੇ ਹਰਿ ਨਾਮ ਨੂੰ ਉਚਾਰਿਆ ਕਰ, ਜਿਸ ਨੂੰ ਉਚਾਰਿਆਂ ਮੂੰਹ ਪਵਿਤ੍ਰ ਹੋ ਜਾਂਦਾ ਹੈ ।

2. ਅਤੇ ਉਸੇ ਦਾ ਨਾਮ ਸਿਮਰਿਆ ਕਰ, ਜਿਸ ਨੂੰ ਸਿਮਰਦਿਆਂ (ਲੋਕ ਪ੍ਰਲੋਕ ਵਿਚ) ਬੇ-ਦਾਗ ਸੋਭਾ ਮਿਲਦੀ ਹੈ ।

3. ਜਿਸ ਨੂੰ ਅਰਾਧਦਿਆਂ ਜਮ ਰਾਜ ਭੀ ਕੁਝ ਨਹੀਂ ਆਖਦਾ (ਡਰਾ ਨਹੀਂ ਸਕਦਾ) ।

4 ਹੇ ਭਾਈ ! ਜਿਸ ਦੀ ਸੇਵਾ ਭਗਤੀ ਨਾਲ (ਮਨੁੱਖ) ਹਰੇਕ (ਲੋੜੀਂਦੀ) ਚੀਜ਼ ਹਾਸਲ ਕਰ ਲੈਂਦਾ ਹੈ ।੧।

5. (ਇਸ ਲਈ, ਹੇ ਭਾਈ !) ਸਦਾ ਪ੍ਰਮੇਸ਼ਰ ਦਾ ਨਾਮ ਉਚਾਰਿਆ ਕਰ, ਹਰਿ ਨਾਮ ਉਚ ਰਿਆ ਕਰ ।

ਪ੍ਰ:–ਕਿਉਂ ਜੀ ! ਨਾਮ ਉਚਾਰਨ ਕਰਨ ਸਮੇਂ ਸੰਕੇਤ ਕੀ ਕਰਨਾ ਲੋੜੀਂਦਾ ਹੈ ?

6. ਉ:–ਹੇ ਭਾਈ ! ਇਕ ਇਹੋ ਹੀ ਸੰਕੇਤ ਹੈ ਕਿ ਤੂੰ ਆਪਣੇ ਮਨ ਦੀਆਂ ਹੋਰ ਸਾਰੀਆਂ ਵਾਸ਼ਨਾਂ ਛਡ ਦੇਹ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਆਪ ਜਿਸ ਦਾ ਨਾਮ ਸਿਮਰਨ ਕਰਦੇ ਰਹਿਣ

ਦੀ ਪ੍ਰੇਰਨਾ ਕਰਦੇ ਹੋ ਉਸਦੀ ਕੁਝ ਸ਼ਕਤੀ ਬਿਆਨ ਕਰੋ ?

7. **ਉ**:–ਹੇ ਪਿਆਰੇ ! ਉਸ ਪ੍ਰਮਾਤਮਾਂ ਦਾ ਨਾਮ ਸਿਮਰਿਆ ਕਰ, ਇਹ ਧਰਤੀ ਤੇ ਅਕਾਸ਼ ਜਿਸਦੇ ਟਿਕਾਏ ਹੋਏ ਹਨ ।

8. ਅਤੇ ਜਿਸ ਦਾ ਨੂਰ ਹਰੇਕ ਸਰੀਰ ਵਿਚ ਹੈ ।

9. ਹੇ ਪਿਆਰੇ ! ਜਿਸ ਨੂੰ ਸਿਮਰਦਿਆਂ ਵਿਕਾਰੀ ਮਨੁੱਖ (ਭੀ) ਸੁੱਚੇ ਜੀਵਨ ਵਾਲੇ ਹੋ ਜਾਂਦੇ ਹਨ ।

10. ਹੇ ਪਿਆਰੇ ! ਜਿਸ ਦੇ ਸਿਮਰਨ ਦੀ ਬਰਕਤ ਨਾਲ ਅੰਤ ਸਮੇਂ (ਮਨੁੱਖ) ਮੁੜ ਮੁੜ ਦੁੱਖੀ ਨਹੀਂ ਹੁੰਦਾ ।੨।

ਪ੍ਰ:–ਸ੍ਰੀ ਜੀਉ ! ਸਾਰਿਆਂ ਧਰਮਾਂ ਵਿਚੋਂ ਉਹ ਕਿਹੜਾ ਸਰੇਸ਼ਟ ਧਰਮ ਹੈ ਜਿਸ ਨੂੰ ਕਿ ਮੈਂ ਧਾਰਨ ਕਰਾਂ ?

11. **ਉ**:–ਹੇ ਪਿਆਰੇ ! ਤੂੰ ਪ੍ਰਮੇਸ਼ਰ ਦਾ ਨਾਮ ਹੀ ਸਿਮਰਿਆ ਕਰ, ਕਿਉਂਕਿ, ਸਾਰੇ ਧਰਮਾਂ ਵਿਚੋਂ (ਨਾਮ ਸਿਮਰਨਾ ਹੀ) ਸਭ ਤੋਂ ਸ੍ਰੇਸ਼ਟ ਧਰਮ ਹੈ ।

12. ਅਤੇ ਹੇ ਭਾਈ ! ਇਹੀ ਕਰਮ ਹੋਰ ਸਾਰੇ ਧਾਰਮਿਕ ਕਰਮਾਂ ਨਾਲੋਂ ਉੱਤਮ ਹੈ ।

13. ਹੇ ਪਿਆਰੇ ! ਤੂੰ ਉਸੇ ਪ੍ਰਮਾਤਮਾਂ ਨੂੰ ਯਾਦ ਕਰਿਆ ਕਰ, ਜਿਸ ਨੂੰ (ਮਿਲਣ ਲਈ) ਦੈਵੀ ਗੁਣਾਂ ਵਾਲੇ ਮਨੁੱਖ ਅਤੇ ਦੇਵਤੇ ਭੀ ਲੋਚਦੇ ਹਨ ।

14. ਹੇ ਭਾਈ ! ਤੂੰ ਸਾਧ ਸੰਗਤ ਦੀ ਸੇਵਾ ਕਰਿਆ ਕਰ, (ਕਿਉਂਕਿ) (ਸਾਧ ਸੰਗਤ ਵਿਚੋਂ ਹੀ ਨਾਮ ਸਿਮਰਨ ਦੀ ਦਾਤ ਮਿਲਦੀ ਹੈ) ।੩।

ਪ੍ਰ:–ਕਿਉਂ ਜੀ ! ਨਾਮ ਸਿਮਰਨ ਦੀ ਦਾਤ ਸਾਰਿਆਂ ਨੂੰ ਕਿਉਂ ਨਹੀਂ ਮਿਲ ਸਕਦੀ ?

15. **ਉ**:–ਹੇ ਭਾਈ ! ਚਾਹੁੰਦੇ ਤਾਂ ਸਾਰੇ ਹੀ ਹਨ, ਪਰ, ਸਭ ਦੇ ਮੂਲ ਅਤੇ ਸਰਬ ਵਿਆਪਕ ਪ੍ਰਭੂ ਨੇ ਜਿਸ ਮਨੁੱਖ ਨੂੰ (ਇਹ) ਦਾਤ ਬਖਸ਼ੀ ਹੈ ।

16. ਉਸ ਨੂੰ ਹੀ ਇਹ ਹਰਿ ਨਾਮ ਖਜ਼ਾਨਾ ਮਿਲ ਗਿਆ ਹੈ ।

ਪ੍ਰ:–ਸ੍ਰੀ ਜੀਉ ! ਉਸ ਪ੍ਰਭੂ ਦੀ ਕੁਝ ਸੋਝੀ ਦਿਓ ?

17. **ਉ**:–ਹੇ ਪਿਆਰੇ ! ਉਸ ਦੀ ਬਾਬਤ ਇਹ ਨਹੀਂ ਦਸਿਆ ਜਾ ਸਕਦਾ ਕਿ ਉਹ ਕਿਹੋ ਜਿਹਾ ਤੇ ਕੇਡਾ ਵਡਾ ਹੈ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਤੂੰ, ਸਦਾ ਉਸੇ ਪ੍ਰਮੇਸ਼ਰ ਦਾ ਹੀ ਨਾਮ ਸਿਮਰਿਆ ਕਰ ।੪।੯।

ਭਾਵਾਰਥ :–ਇਸ ਸੰਸਾਰ ਸਾਗਰ ਤੋਂ ਤਰਨ ਲਈ ਅਨੇਕਾਂ ਲੋਕੀ ਅਨੇਕਾਂ ਹੀ ਤਰ੍ਹਾਂ ਦੇ ਸਾਧਨ ਕਰਦੇ ਹਨ, ਪਰ ਸਾਰੇ ਕਰਮਾਂ ਧਰਮਾਂ ਤੋਂ ਉਪਰ ਕੇਵਲ ਹਰੀ ਦਾ ਸੇਵਾ, ਸਿਮਰਨ ਹੀ ਹੈ, ਉਸੇ ਦੀ ਭਗਤੀ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਬਸੰਤੁ ਮਹਲਾ ੫ ॥

1. ਮਨ ਤਨ ਭੀਤਰਿ ਲਾਗੀ ਪਿਆਸ ॥
2. ਗੁਰਿ ਦਇਆਲਿ ਪੂਰੀ ਮੇਰੀ ਆਸ ॥
3. ਕਿਲਵਿਖ ਕਾਟੇ ਸਾਧਸੰਗਿ ॥
4. ਨਾਮੁ ਜਪਿਓ ਹਰਿ ਨਾਮ ਰੰਗਿ ॥੧॥
5. ਗੁਰ ਪਰਸਾਦਿ ਬਸੰਤੁ ਬਨਾ ॥
6. ਚਰਨ ਕਮਲ ਹਿਰਦੈ ਉਰਿ ਧਾਰੇ
ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥
7. ਸਮਰਥ ਸੁਆਮੀ ਕਾਰਨ ਕਰਣ ॥
8. ਮੋਹਿ ਅਨਾਥ ਪ੍ਰਭ ਤੇਰੀ ਸਰਣ ॥
9. ਜੀਅ ਜੰਤ ਤੇਰੇ ਆਧਾਰਿ ॥
10. ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥
11. ਭਵ ਖੰਡਨ ਦੁਖ ਨਾਸ ਦੇਵ ॥
12. ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥
13. ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥
14. ਤੇਰਾ ਦੀਆ ਸਭਿ ਜੰਤ ਖਾਹਿ ॥੩॥
15. ਅੰਤਰਜਾਮੀ ਪ੍ਰਭ ਦਇਆਲ ॥
16. ਅਪਣੇ ਦਾਸ ਕਉ ਨਦਰਿ ਨਿਹਾਲਿ ॥
17. ਕਰਿ ਕਿਰਪਾ ਮੋਹਿ ਦੇਹੁ ਦਾਨੁ ॥
18. ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥

ਪਦ ਅਰਥ :–ਭੀਤਰਿ- ਅੰਦਰ, ਵਿਚ । ਪਿਆਸ– ਤਾਂਘ । ਗੁਰਿ–ਗੁਰੂ ਨੇ । ਦਇਆਲਿ–ਦਇਆਲ ਨੇ । ਕਿਲਵਿਖ–ਪਾਪ । ਸਾਧ ਸੰਗਿ–ਸਾਧ ਸੰਗਤ ਵਿਚ । ਨਾਮ ਰੰਗਿ–ਨਾਮ ਦੇ ਪਿਆਰ ਵਿਚ ।੧।

ਗੁਰ ਪਰਸਾਦ–ਗੁਰੂ ਦੀ ਕ੍ਰਿਪਾ ਨਾਲ । ਬਸੰਤੁ– ਖਿੜਾਉ । ਚਰਨ ਕਮਲ–ਕੌਲ ਫੁਲਾਂ ਵਰਗੇ ਸੋਹਣੇ ਚਰਨ । ਹਿਰਦੈ–ਹਿਰਦੇ ਵਿਚ । ਉਰਿ-ਛਾਤੀ ਵਿਚ । ਜਸੁ–ਸਿਫਤ ਸਲਾਹ ।੧। ਰਹਾਉ ।

ਸਮਰਥ–ਹੇ ਸਭ ਤਾਕਤਾਂ ਦੇ ਮਾਲਕ । ਸੁਆਮੀ– ਹੇ ਮਾਲਕ । ਕਾਰਣ ਕਰਣੈ–ਹੇ ਕਰਣ ਦੇ ਕਾਰਨ, ਹੇ ਜਗਤ ਦੇ ਮੂਲ । ਮੋਹਿ–ਮੈਂ । ਪ੍ਰਭ–ਹੇ ਪ੍ਰਭੂ । ਅਧਾਰਿ–ਆਸਰੇ ਵਿਚ । ਕਰਿ–ਕਰ ਕੇ । ਪ੍ਰਭ–ਹੇ ਪ੍ਰਭੂ । ਲੇਹਿ ਨਿਸਤਾਰਿ– ਪਾਰ ਲੰਘਾ ਲੈ ।੨।

ਭਵ ਖੰਡਨ–ਹੇ ਜਨਮ ਮਰਨ ਦਾ ਗੇੜ ਕੱਟਣ ਵਾਲੇ । ਦੇਵ–ਹੇ ਪ੍ਰਕਾਸ਼ ਰੂਪ । ਸੁਰਿ ਨਰ ਦੈਵੀ ਗੁਣਾਂ ਵਾਲੇ ਮਨੁੱਖ । ਤਾ ਕੀ–ਉਸ (ਪ੍ਰਮਾਤਮਾਂ) ਦੀ । ਸੇਵ–ਭਗਤੀ । ਧਰਣਿ– ਧਰਤੀ । ਜਾ ਕੀ–ਜਿਸ (ਪ੍ਰਮਾਤਮਾਂ) ਦੀ । ਕਲਾ–ਸਤਿਆ । ਸਭਿ–ਸਾਰੇ । ਖਾਹਿ–ਖਾਂਦੇ ਹਨ । ਨਿਹਾਲਿ–ਵੇਖ ।੩।

ਅੰਤਰਜਾਮੀ–ਹੇ ਸਭ ਦੇ ਦਿਲ ਦੀ ਜਾਣਨ ਵਾਲੇ । ਕਉ–ਨੂੰ । ਨਦਰਿ–ਮਿਹਰ ਦੀ ਨਿਗਾਹ । ਕਰਿ-ਕਰ ਕੇ ।

ਮੋਹਿ—ਮੈਨੂੰ । ਜਪਿ—ਜਪ ਕੇ । ਜੀਵੈ—ਆਤਮਕ ਜੀਵਨ ਪ੍ਰਾਪਤ ਕਰੇ ।੪।

ਅਰਥ :—

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਦਾ ਨਾਮ ਜਪਦੇ ਰਹਿਣ ਨਾਲ ਹੁਣ ਤੁਹਾਨੂੰ ਆਪਣੇ ਅੰਤਰ ਆਤਮੇਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

1. **ਉ:**—ਹੇ ਭਾਈਓ ! ਨਾਮ ਜਪਦੇ ਰਹਿਣ ਨਾਲ ਹੁਣ ਮੇਰੇ ਮਨ ਵਿਚ ਮੇਰੇ ਤਨ ਵਿਚ (ਹਰੀ ਨਾਮ ਦੀ) ਲਗਨ ਬਣ ਗਈ ਹੈ ।
2. ਹੇ ਪਿਆਰੇ ! ਦਇਆਵਾਨ ਗੁਰੂ ਨੇ ਮੇਰੀ (ਚਿਰਾਂ ਦੀ) ਆਸ ਪੂਰੀ ਕਰ ਦਿਤੀ ਹੈ ।
3. ਹੇ ਭਾਈ ! (ਹੁਣ) ਗੁਰੂ ਦੀ ਸੰਗਤ ਵਿਚ (ਮੇਰੇ ਸਾਰੇ) ਪਾਪ ਕੱਟੇ ਗਏ ਹਨ ।
4. (ਕਿਉਂਕਿ) ਗੁਰੂ ਦੀ ਕ੍ਰਿਪਾ ਨਾਲ ਮੈਂ ਪ੍ਰੇਮ ਰੰਗ ਵਿਚ ਟਿਕ ਕੇ ਪ੍ਰਭੂ ਦਾ ਨਾਮ ਜਪ ਰਿਹਾ ਹਾਂ ।੧।
5. ਹੇ ਭਾਈਓ ! ਗੁਰੂ ਦੀ ਕ੍ਰਿਪਾ ਨਾਲ (ਹੁਣ ਮੇਰੇ ਅੰਦਰ) ਬਸੰਤ (ਰੁਤ ਵਾਲਾ ਖਿੜਾਉ) ਬਣ ਗਿਆ ਹੈ ।
6. (ਗੁਰੂ ਦੀ ਕ੍ਰਿਪਾ ਨਾਲ) ਮੈਂ ਪ੍ਰਮਾਤਮਾਂ ਦੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਆਪਣੇ ਦਿਲ ਵਿਚ ਵਸਾ ਲਏ ਹਨ, ਹੁਣ ਮੈਂ ਹਰ ਵੇਲੇ ਸਦਾ ਪ੍ਰਮਾਤਮਾਂ ਦੀ ਸਿਫ਼ਤ ਸਲਾਹ ਸੁਣਦਾ ਹਾਂ ।੧। ਰਹਾਉ ।
7. ਹੇ ਸਭ ਤਾਕਤਾਂ ਦੇ ਮਾਲਕ ! ਹੇ ਸੁਆਮੀ, ਹੇ ਜਗਤ ਦੇ ਮੂਲ !
8. ਹੇ ਪ੍ਰਭੂ ! ਮੈਂ ਅਨਾਥ ਤੇਰੀ ਸ਼ਰਨ ਆਇਆ ਹਾਂ ।
9. ਹੇ ਪ੍ਰਭੂ ! ਸਾਰੇ ਜੀਅ ਜੰਤ ਤੇਰੇ ਹੀ ਆਸਰੇ ਹਨ ।
10. ਮਿਹਰ ਕਰ ਕੇ (ਇਨ੍ਹਾਂ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈ ।੨।
11. ਹੇ ਜਨਮ ਮਰਣ ਦਾ ਗੇੜ ਕੱਟਣ ਵਾਲੇ, ਹੇ ਦੁੱਖਾਂ ਦਾ ਨਾਸ ਕਰਨ ਵਾਲੇ ਹੇ ਚਾਨਣ ਰੂਪ (ਸਾਈਆਂ ਜੀਉ ! ਤੂੰ ਬੇਅੰਤ ਗੁਣਾਂ ਦਾ ਭੰਡਾਰ ਹੈਂ) ।
12. ਹੇ ਭਾਈਓ ! ਦੈਵੀ ਗੁਣਾਂ ਵਾਲੇ ਮਨੁੱਖ ਅਤੇ ਮੁਨੀ ਲੋਕ ਉਸੇ ਦੀ ਸੇਵਾ ਭਗਤੀ ਕਰਦੇ ਹਨ ।
13. ਹੇ ਪਿਆਰੇ ! ਧਰਤੀ ਅਤੇ ਅਕਾਸ਼ ਜਿਸ (ਪ੍ਰਮਾਤਮਾਂ) ਦੀ ਸਤਿਆ ਦੇ ਆਸਰੇ ਟਿਕੇ ਹੋਏ ਹਨ ।
14. ਹੇ ਪ੍ਰਭੂ ! ਸਾਰੇ ਜੀਵ ਜੰਤ ਤੇਰਾ ਦਿਤਾ (ਅੰਨ) ਖਾਂਦੇ ਹਨ ।੩।
15. ਹੇ ਸਭ ਦੇ ਦਿਲਾਂ ਦੀ ਜਾਨਣ ਵਾਲੇ ਦਇਆਲ ਪ੍ਰਭੂ !
16. ਆਪਣੇ ਦਾਸ ਨੂੰ ਮਿਹਰ ਦੀ ਨਿਗਾਹ ਨਾਲ ਵੇਖ ।
17. ਹੇ ਸਾਈਆਂ ਜੀਉ ! ਮਿਹਰ ਕਰ ਕੇ (ਮੈਨੂੰ) ਇਹ ਦਾਨ ਦੇਹ ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਮੈਂ (ਤੇਰਾ ਦਾਸ) ਤੇਰਾ ਨਾਮ ਜਪ ਕੇ ਆਤਮਕ ਜੀਵਨ ਪ੍ਰਾਪਤ ਕਰਾਂ ।੪।੧੦।

ਭਾਵਾਰਥ :—ਹਰ ਮਨੁੱਖ ਹੀ ਦੁਖਾਂ ਤੇ ਪਾਪਾਂ ਦੇ ਨਾਸ ਕਰਨ ਲਈ ਜਤਨ ਕਰਦੇ ਹਨ, ਪਰ, ਇਹ ਦੁੱਖ ਪਾਪ ਹਰੀ ਦੇ ਪ੍ਰੇਮ ਦੁਆਰੇ ਹੀ ਦੂਰ ਹੁੰਦੇ ਹਨ ਅਤੇ ਸਾਰੇ ਹੀ ਕਾਰਜਾਂ ਵਿਚ ਸਫਲਤਾ ਹਾਸਲ ਹੁੰਦੀ ਹੈ, ਇਸ ਲਈ, ਪਿਆਰ ਵਿਚ ਭਿਜੇ ਹੋਏ ਮਨ ਦੁਆਰਾ ਹੀ ਨਾਮ ਜਪਦੇ ਰਹਿਣਾ ਚਾਹੀਦਾ ਹੈ ।

ਬਸੰਤੁ ਮਹਲਾ ੫ ॥

1. **ਰਾਮ ਰੰਗਿ ਸਭ ਗਏ ਪਾਪ ॥**
2. **ਰਾਮ ਜਪਤ ਕਛੁ ਨਹੀ ਸੰਤਾਪ ॥**
3. **ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥**
4. **ਹਰਿ ਸਿਮਰਤ ਕਛੁ ਨਾਹਿ ਫੇਰ ॥੧॥**
5. **ਬਸੰਤੁ ਹਮਾਰੈ ਰਾਮ ਰੰਗੁ ॥**
6. **ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥**
7. **ਸੰਤ ਜਨੀ ਕੀਆ ਉਪਦੇਸੁ ॥**
8. **ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥**
9. **ਹਰਿ ਭਗਤਿ ਹੀਨ ਉਦਿਆਨ ਥਾਨੁ ॥**
10. **ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥**
11. **ਹਰਿ ਕੀਰਤਨ ਰਸ ਭੋਗ ਰੰਗੁ ॥**
12. **ਮਨ ਪਾਪ ਕਰਤ ਤੂ ਸਦਾ ਸੰਗੁ ॥**
13. **ਨਿਕਟਿ ਪੇਖੁ ਪ੍ਰਭੁ ਕਰਣਹਾਰ ॥**
14. **ਈਤ ਊਤ ਪ੍ਰਭ ਕਾਰਜ ਸਾਰ ॥੩॥**
15. **ਚਰਨ ਕਮਲ ਸਿਉ ਲਗੋ ਧਿਆਨੁ ॥**
16. **ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥**
17. **ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥**
18. **ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥**

ਪਦ ਅਰਥ :—ਰੰਗਿ—ਪ੍ਰੇਮ ਵਿਚ (ਜੁੜਿਆਂ) । ਜਪਤ—ਜਪਦਿਆਂ । ਸੰਤਾਪ—ਦੁੱਖ ਕਲੇਸ਼ । ਸਭਿ—ਸਾਰੇ । ਅੰਧੇਰ—ਮਾਇਆ ਮੋਹ ਦੇ ਅੰਧੇਰੇ । ਫੇਰ—ਜਨਮ ਮਰਨ ਦੇ ਗੇੜ ।੧।

ਹਮਾਰੈ—ਮੇਰੇ ਹਿਰਦੇ ਵਿਚ । ਰੰਗੁ—ਪਿਆਰ । ਬਸੰਤ—ਖਿੜਾਉ । ਸਿਉ—ਨਾਲ । ਸੰਗੁ—ਸਾਥ ।੧। ਰਹਾਉ ।

ਜਨੀ—ਜਨਾਂ ਨੇ । ਜਹ—ਜਿਥੇ । ਧੰਨਿ—ਭਾਗਾਂ ਵਾਲਾ । ਉਦਿਆਨ—ਉਜਾੜ । ਪ੍ਰਸਾਦਿ—ਕ੍ਰਿਪਾ ਨਾਲ । ਘਟਿ ਘਟਿ—ਹਰੇਕ ਸਰੀਰ ਵਿਚ (ਵਿਆਪਕ) । ਪਛਾਨੁ—ਸਮਝ ਲੈ ।੨।

ਰਸ—ਸੁਆਦ । ਰੰਗ—ਮੌਜ ਬਹਾਰ । ਮਨ—ਹੇ ਮਨ । ਸੰਗੁ—ਝਿਜਕਿਆ ਕਰ । ਨਿਕਟਿ—ਨੇੜੇ । ਪੇਖੁ—ਵੇਖ । ਕਰਣਹਾਰ—ਸਭ ਕੁਝ ਕਰ ਸਕਣ ਵਾਲਾ । ਈਤ—ਇਸ ਲੋਕ

ਵਿਚ। ਊਤ-ਪ੍ਰਲੋਕ ਵਿਚ। ਸਾਰ-ਸਵਾਰਨ ਵਾਲਾ।੩।

ਕਰਿ-ਕਰ ਕੇ। ਪ੍ਰਭਿ-ਪ੍ਰਭੂ ਨੇ। ਬਾਛਉ-ਬਾਛਉਂ, ਮੈਂ ਮੰਗਦਾ ਹਾਂ। ਧੂਰਿ-ਚਰਨ ਧੂੜ। ਜਪਿ-ਜਪੀਂ, ਮੈਂ ਜਪਦਾ ਰਹਾਂ।੪।

ਅਰਥ :—

ਪ੍ਰ:-ਸ੍ਰੀ ਜੀਉ ! ਜਦ ਕਿਸੇ ਮਨੁੱਖ ਦਾ ਪ੍ਰਭੂ ਦੇ ਪਿਆਰ ਵਿਚ ਟਿਕਾ ਹੋ ਜਾਏ ਤਾਂ ਉਸ ਨੂੰ ਕੀ ਕੁਝ ਹਾਸਲ ਹੁੰਦਾ ਹੈ ?

1. ਉ:-ਹੇ ਭਾਈ ! ਪ੍ਰਭੂ ਜੀ ਦੇ ਪਿਆਰ ਵਿਚ (ਟਿਕਿਆਂ) ਸਾਰੇ ਹੀ ਪਾਪ ਮਿਟ ਜਾਂਦੇ ਹਨ ?
2. ਅਤੇ ਹੇ ਪਿਆਰੇ ! ਪ੍ਰਮੇਸ਼ਰ ਜੀ ਦਾ ਨਾਮ ਜਪਦਿਆਂ ਕੋਈ ਦੁੱਖ ਕਲੇਸ਼ ਪੋਹ ਨਹੀਂ ਸਕਦੇ।
3. ਗੋਬਿੰਦ ਦਾ ਨਾਮ ਜਪਦਿਆਂ (ਮਾਇਆ ਮੋਹ ਦੇ) ਸਾਰੇ ਹਨੇਰੇ ਮਿਟ ਜਾਂਦੇ ਹਨ।
4. ਹੇ ਭਾਈ ! ਹਰੀ ਦਾ ਨਾਮ ਸਿਮਰਦਿਆਂ ਜਨਮ ਮਰਨ ਦੇ ਗੇੜ ਨਹੀਂ ਰਹਿ ਜਾਂਦੇ।੧।
5. ਹੇ ਪਿਆਰੇ ! ਹੁਣ ਮੇਰੇ ਅੰਦਰ ਪ੍ਰਮਾਤਮਾਂ (ਦੇ ਨਾਮ) ਦਾ ਪਿਆਰ ਬਣ ਗਿਆ ਹੈ, ਮੇਰੇ ਹਿਰਦੇ ਵਿਚ ਖਿੜਾਉ ਪੈਦਾ ਹੋ ਗਿਆ ਹੈ।
6. (ਕਿਉਂਕਿ) ਗੁਰੂ ਦੀ ਕ੍ਰਿਪਾ ਨਾਲ ਸੰਤ ਜਨਾਂ ਨਾਲ (ਮੇਰਾ) ਸਦਾ ਹੀ ਸਾਥ ਬਣਿਆਂ ਰਹਿੰਦਾ ਹੈ।੧।ਰਹਾਉ।
7. ਹੇ ਭਾਈਓ ! ਮੈਨੂੰ ਸੰਤ ਜਨਾਂ ਨੇ ਇਹ ਸਿਖਿਆ ਦਿਤੀ ਹੈ।
8. ਕਿ ਜਿਥੇ ਪ੍ਰਮਾਤਮਾਂ ਦਾ ਭਗਤ ਵਸਦਾ ਹੈ ਉਹ ਦੇਸ਼ ਭਾਗਾਂ ਵਾਲਾ ਹੈ।
9. ਅਤੇ ਪ੍ਰਮਾਤਮਾਂ ਦੀ ਭਗਤੀ ਤੋਂ ਸੱਖਣਾ ਥਾਂ ਉਜਾੜ (ਬਰਾਬਰ) ਹੈ।
10. ਹੇ ਭਾਈ ! ਗੁਰੂ ਦੀ ਕ੍ਰਿਪਾ ਨਾਲ (ਤੂੰ ਉਸ ਪ੍ਰਮਾਤਮਾਂ ਨੂੰ) ਹਰੇਕ ਸਰੀਰ ਵਿਚ ਵਸਦਾ ਸਮਝ।੨।
11. ਹੇ (ਮੇਰੇ) ਮਨ ! ਪ੍ਰਮਾਤਮਾਂ ਦੀ ਸਿਫਤ ਸਲਾਹ ਨੂੰ ਹੀ ਦੁਨੀਆਂ ਦੇ ਰਸਾਂ ਭੋਗਾਂ ਦੀ ਮੌਜ ਬਹਾਰ ਸਮਝ।
12. ਹੇ ਮਨਾ ! ਤੂੰ ਪਾਪ ਕਰਦਿਆਂ ਸਦਾ ਹੀ ਝਿਜਕਿਆ ਕਰ।
13. ਸਭ ਕੁਝ ਕਰਨ ਵਾਲੇ ਪ੍ਰਭੂ ਨੂੰ (ਤੂੰ) (ਆਪਣੇ) ਨੇੜੇ ਹੀ ਵਸਦਾ ਵੇਖ।
14. (ਕਿਉਂਕਿ) ਇਸ ਲੋਕ ਅਤੇ ਪ੍ਰਲੋਕ ਦੇ ਸਾਰੇ ਕੰਮ ਪ੍ਰਭੂ ਹੀ ਸਵਾਰਨ ਵਾਲਾ ਹੈ।੩।
15. ਹੇ ਭਾਈ ! ਉਸੇ ਦੀ ਹੀ ਸੁਰਤਿ ਪ੍ਰਭੂ ਦੇ ਸੋਹਣੇ ਚਰਨ ਵਿਚ ਜੁੜ ਗਈ ਹੈ।
16. ਜਿਸ ਮਨੁੱਖ ਉਤੇ ਪ੍ਰਭੂ ਨੇ ਮੇਹਰ ਕਰਕੇ ਬਖਸ਼ਸ਼ ਕੀਤੀ ਹੈ।
17. ਹੇ ਪ੍ਰਭੂ ! ਮੈਂ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਤਾਂ ਕਿ, ਹੇ ਸੁਆਮੀ ! ਉਨ੍ਹਾਂ ਦੀ ਸੰਗਤ ਦੀ ਬਰਕਤ ਨਾਲ ਤੈਨੂੰ ਅੰਗ ਸੰਗ ਸਮਝ ਕੇ (ਸਦਾ ਹੀ) ਜਪਦਾ ਰਹਾਂ।੪।੧੧।

ਭਾਵਾਰਥ :-ਇਕ ਪ੍ਰਭੂ ਦਾ ਪਿਆਰ ਹੀ ਦੁਖਾਂ ਪਾਪਾਂ ਦਾ ਨਾਸਕ ਹੈ ਅਤੇ ਸਾਰੇ ਹੀ ਕਾਰਜ਼ਾਂ ਦੀ ਸਫਲਤਾ ਬਖਸ਼ਦਾ ਹੈ।

ਬਸੰਤੁ ਮਹਲਾ ੫ ॥

1. **ਸਚੁ ਪਰਮੇਸਰੁ ਨਿਤ ਨਵਾ ॥**
2. **ਗੁਰ ਕਿਰਪਾ ਤੇ ਨਿਤ ਚਵਾ ॥**
3. **ਪ੍ਰਭ ਰਖਵਾਲੇ ਮਾਈ ਬਾਪ ॥**
4. **ਜਾ ਕੈ ਸਿਮਰਣਿ ਨਹੀ ਸੰਤਾਪ ॥੧॥**
5. **ਖਸਮੁ ਧਿਆਈ ਇਕ ਮਨਿ ਇਕ ਭਾਇ ॥**
6. **ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ਰਹਾਉ॥**
7. **ਆਪਣੇ ਜਨ ਪ੍ਰਭਿ ਆਪਿ ਰਖੇ ॥**
8. **ਦੁਸਟ ਦੂਤ ਸਭਿ ਭ੍ਰਮਿ ਥਕੇ ॥**
9. **ਬਿਨੁ ਗੁਰ ਸਾਚੇ ਨਹੀ ਜਾਇ ॥**
10. **ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥**
11. **ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥**
12. **ਓਇ ਅਪਣਾ ਬੀਜਿਆ ਆਪਿ ਖਾਹਿ ॥**
13. **ਜਨ ਕਾ ਰਖਵਾਲਾ ਆਪਿ ਸੋਇ ॥**
14. **ਜਨ ਕਉ ਪਹੁਚਿ ਨ ਸਕਸਿ ਕੋਇ ॥੩॥**
15. **ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥**
16. **ਅਖੰਡ ਪੂਰਨ ਜਾ ਕੋ ਪ੍ਰਤਾਪੁ ॥**
17. **ਗੁਣ ਗੋਬਿੰਦ ਨਿਤ ਰਸਨ ਗਾਇ ॥**
18. **ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥**

ਪਦ ਅਰਥ :-ਸਚੁ-ਸਦਾ ਕਾਇਮ ਰਹਿਣ ਵਾਲਾ। ਨਿਤ ਨਵਾ-ਸਦਾ ਨਵਾਂ, ਸਦਾ ਸੋਹਣਾ। ਤੇ-ਤੋਂ,ਦੀ ਰਾਹੀਂ। ਚਵਾ-ਚਵਾਂ, ਮੈਂ ਉਚਾਰਦਾ ਹਾਂ। ਜਾ ਕੈ ਸਿਮਰਣਿ-ਜਿਸ ਦੇ ਸਿਮਰਨ ਦੀ ਰਾਹੀਂ। ਸੰਤਾਪ-ਦੁਖ, ਕਲੇਸ਼।੧।

ਧਿਆਈ-ਧਿਆਈਂ, ਮੈਂ ਧਿਆਉਂਦਾ ਹਾਂ। ਇਕ ਮਨਿ-ਇਕਾਗਰ ਮਨ ਨਾਲ। ਇਕ ਭਾਇ-ਅਨੰਨ ਪਿਆਰ ਨਾਲ। ਸਾਚੈ ਸਾਹਿਬਿ-ਸਦਾ ਕਾਇਮ ਰਹਿਣ ਵਾਲੇ ਮਾਲਕ ਨੇ। ਕਠਿ-ਗਲ ਨਾਲ। ਲਾਇ-ਲਾ ਕੇ।੧। ਰਹਾਉ।

ਜਨ-ਦਾਸ, ਸੇਵਕ। ਪ੍ਰਭਿ-ਪ੍ਰਭੂ ਨੇ। ਦੁਸਟ ਦੂਤ-ਚੰਦਰੇ ਵੈਰੀ। ਸਭਿ-ਸਾਰੇ। ਭ੍ਰਮਿ-ਭਟਕ ਭਟਕ ਕੇ। ਥਕੇ-ਹਾਰ ਗਏ। ਜਾਇ-ਥਾਂ। ਦੇਸ ਦਿਸੰਤਰਿ-ਦੇਸ਼ ਦੇਸ਼ ਅੰਦਰ, ਹੋਰ ਹੋਰ ਦੇਸ਼ ਵਿਚ। ਰਹੇ ਧਾਇ-ਦੌੜ ਦੌੜ ਕੇ ਥੱਕ ਗਏ।੨।

ਕਿਰਤੁ-ਕੀਤਾ ਹੋਇਆ ਕੰਮ। ਖਾਹਿ-ਖਾਂਦੇ ਹਨ। ਸੋਇ-ਉਹ (ਪ੍ਰਭੂ) ਹੀ। ਪਹੁਚਿ ਨ ਸਕਸਿ-ਬਰਾਬਰੀ ਨਹੀਂ ਕਰ ਸਕਦਾ।੩।

ਪ੍ਰਭਿ–ਪ੍ਰਭੂ ਨੇ। ਕਰਿ–ਕਰ ਕੇ। ਅਖੰਡ–ਅਤੁੱਟ। ਪੂਰਨ–ਮੁਕੰਮਲ। ਜਾ ਕੋ–ਜਿਸ (ਪ੍ਰਮਾਤਮਾਂ) ਦਾ। ਰਸਨ–ਜੀਭ ਨਾਲ। ਜੀਵੈ–ਆਤਮਕ ਜੀਵਨ ਪ੍ਰਾਪਤ ਕਰਦਾ ਹੈ। ਧਿਆਇ–ਧਿਆਨ ਧਰ ਕੇ।੪।

ਅਰਥ :–

ਪ੍ਰ:–ਗੁਰਦੇਵ ਜੀਉ! ਜਿਸ ਸਤ ਸਰੂਪ ਦਾ ਆਪ ਜੀ ਬਾਰ ਬਾਰ ਜ਼ਿਕਰ ਕਰਦੇ ਆ ਰਹੇ ਹੋ, ਉਸ ਦੀ ਕੁਝ ਜਾਣਕਾਰੀ ਕਰਾਉ?

1. **ੳ**:–ਹੇ ਪਿਆਰੇ! ਉਸ ਸੱਚ ਸਰੂਪ ਬਾਰੇ ਬਹੁਤ ਕੁਝ ਨਹੀਂ ਕਿਹਾ ਜਾ ਸਕਦਾ, ਬਸ, ਇਉਂ ਹੀ ਕਹਿ ਸਕਦੇ ਹਾਂ ਕਿ ਉਹ ਪ੍ਰਮਾਤਮਾਂ ਸਦਾ ਹੀ ਕਾਇਮ ਰਹਿਣ ਵਾਲਾ ਹੈ, (ਫਿਰ ਉਹ ਪਿਆਰਾ ਲਗਦਾ ਹੈ, ਕਿਉਂਕਿ, ਉਹ) ਸਦਾ ਹੀ ਨਵਾਂ ਹੈ।

ਪ੍ਰ:–ਸ੍ਰੀ ਜੀਉ! ਆਪ ਜੀ ਦੇ ਅੰਦਰ ਉਸ ਦੀ ਕਿਤਨੀ ਕੁ ਲਗਨ ਹੈ?

2. **ੳ**:–ਹੇ ਭਾਈ! ਮੈਂ ਤਾਂ ਗੁਰੂ ਦੀ ਕ੍ਰਿਪਾ ਨਾਲ ਸਦਾ (ਹੀ) ਉਸ ਦਾ ਨਾਮ ਉਚਾਰਨ ਕਰਦਾ ਰਹਿੰਦਾ ਹਾਂ।

ਪ੍ਰ:–ਕਿਉਂ ਜੀ! ਹੁਣ ਤੁਹਾਡਾ ਉਸ ਪ੍ਰਭੂ ਜੀ ਤੇ ਕਿਸ ਰੂਪ ਵਿਚ ਵਿਸ਼ਵਾਸ਼ ਪ੍ਰਪੱਕ ਹੋ ਗਿਆ ਹੈ?

3. **ੳ**:–ਹੇ ਭਾਈ! ਮੇਰੇ ਅੰਤਰ ਆਤਮੇਂ ਤਾਂ ਇਉਂ ਹੀ ਯਕੀਨ ਹੋ ਆਇਆ ਕਿ ਜਿਵੇਂ, ਮਾਪੇ (ਆਪਣੇ ਬੱਚੇ ਦਾ ਸਦਾ ਧਿਆਨ ਰਖਦੇ ਹਨ, ਤਿਵੇਂ) ਪ੍ਰਭੂ ਜੀ ਸਦਾ ਮੇਰੇ ਰਾਖੇ ਹਨ।

4. ਹੇ ਪਿਆਰੇ! ਹੁਣ ਮੈਨੂੰ ਇਉਂ ਨਿਸਚਾ ਹੋ ਗਿਆ ਹੈ ਕਿ ਉਹ ਪ੍ਰਭੂ ਐਸਾ ਹੈ ਕਿ ਉਸ ਦੇ ਸਿਮਰਨ ਨਾਲ ਕੋਈ ਦੁੱਖ ਕਲੇਸ਼ ਪੋਹ ਨਹੀਂ ਸਕਦਾ।੧।

5. ਹੇ ਭਾਈ! (ਹੁਣ) ਮੈਂ ਇਕਾਗ੍ਰ ਮਨ ਨਾਲ ਉਸੇ ਦੇ ਪਿਆਰ ਵਿਚ ਟਿਕ (ਕੇ ਉਸੇ ਖਸਮ ਪ੍ਰਭੂ ਨੂੰ (ਹੀ) ਸਿਮਰਦਾ ਰਹਿੰਦਾ ਹਾਂ।

ਪ੍ਰ:–ਸ੍ਰੀ ਜੀਉ! ਤੁਹਾਨੂੰ ਇਹ ਦਾਤ ਕਿਥੋਂ ਪ੍ਰਾਪਤ ਹੋਈ ਹੈ?

6. **ੳ**:–ਹੇ ਭਾਈਓ! ਅਸਲ ਵਿਚ ਮੈਂ ਪੂਰੇ ਗੁਰੂ ਦੀ ਸਦਾ ਸ਼ਰਨ ਵਿਚ ਪਿਆ ਰਹਿੰਦਾ ਹਾਂ, (ਉਸ਼ੇ ਦੀ ਮਿਹਰ ਨਾਲ) ਸਦਾ ਕਾਇਮ ਰਹਿਣ ਵਾਲੇ ਮਾਲਕ ਪ੍ਰਭੂ ਨੇ (ਮੈਨੂੰ) ਆਪਣੇ ਗਲ ਨਾਲ ਲਾ ਕੇ ਰਖਿਆ ਕੀਤੀ ਹੋਈ ਹੈ।੧। ਰਹਾਉ।

7. ਹੇ ਭਾਈ! ਮੈਨੂੰ ਤਾਂ ਪੂਰਨ ਭਰੋਸਾ ਹੈ ਕਿ ਪ੍ਰਭੂ ਨੇ ਆਪਣੇ ਸੇਵਕਾਂ ਦੀ ਸਦਾ ਆਪ ਹੀ ਰਖਿਆ ਕੀਤੀ ਹੈ।

8. ਅਤੇ (ਸੇਵਕਾਂ ਦੇ) ਭੈੜੇ ਵੈਰੀ ਸਾਰੇ (ਹੀ) ਭਟਕ ਭਟਕ ਕੇ ਹਾਰ ਜਾਂਦੇ ਹਨ।

9. ਪਰ, ਹੇ ਪਿਆਰੇ! ਉਨ੍ਹਾਂ ਸੇਵਕਾਂ ਨੂੰ ਭੀ ਉਸ ਸਦਾ ਥਿਰ ਪ੍ਰਭੂ ਦੇ ਰੂਪ ਗੁਰੂ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ਹੁੰਦਾ।

10. ਹੇ ਭਾਈਓ! ਜਿਹੜੇ ਮਨੁੱਖ ਗੁਰੂ ਨੂੰ ਛਡ ਕੇ ਹੋਰ ਹੋਰ ਥਾ ਭਟਕਦੇ ਫਿਰਦੇ ਹਨ, ਉਨ੍ਹਾਂ ਨੂੰ (ਸਦਾ) ਦੁਖ (ਹੀ) (ਵਾਪਰਦਾ ਹੈ)।੨।

ਪ੍ਰ:–ਸ੍ਰੀ ਜੀਉ! ਅਜਿਹੇ ਲੋਕ ਭਟਕਣਾ ਨੂੰ ਛਡ ਕਿਉਂ ਨਹੀਂ ਦੇਂਦੇ?

11. **ੳ**:–ਹੇ ਭਾਈਓ! ਉਹ ਜਤਨ ਤਾਂ ਬਹੁਤ ਕਰਦੇ ਹਨ, ਪਰ, ਗੁਰੂ ਨੂੰ ਛਡ ਕੇ ਹੋਰ ਹੋਰ ਥਾਵਾਂ ਤੇ ਭਟਕਣ ਵਾਲੇ ਮਨੁੱਖਾਂ ਦਾ ਇਹ ਕੀਤਾ ਹੋਇਆ ਕੰਮ (ਕੀਤੇ ਇਨ੍ਹਾਂ ਕੰਮਾਂ ਦਾ ਸੰਸਕਾਰ ਉਨ੍ਹਾਂ ਦੇ ਅੰਦਰੋਂ) ਮਿਟਦਾ ਨਹੀਂ ਹੈ।

12. ਇਸ ਲਈ, ਉਹ ਆਪਣੇ ਕੀਤੇ ਕਰਮਾਂ ਦਾ ਫਲ ਉਹ ਆਪ ਹੀ ਖਾਂਦੇ ਹਨ।

13. ਅਤੇ ਹੇ ਪਿਆਰੇ! ਆਪਣੇ ਸੇਵਕ ਦਾ ਰਾਖਾ ਪ੍ਰਭੂ ਆਪ (ਹੀ) ਬਣਦਾ ਹੈ।

14, ਹੇ ਭਾਈ! ਕੋਈ ਹੋਰ ਮਨੁੱਖ ਪ੍ਰਭੂ ਦੇ ਸੇਵਕ ਦੀ ਬਰਾਬਰੀ ਨਹੀਂ ਕਰ ਸਕਦਾ ੩।

15. ਹੇ ਭਾਈਓ! ਉਸ ਪ੍ਰਭੂ ਨੇ ਆਪਣੇ ਸੇਵਕਾਂ ਦੀ ਸਦਾ ਆਪ ਰਾਖੀ ਕੀਤੀ ਹੈ।

ਪ੍ਰ:–ਸ੍ਰੀ ਜੀਉ! ਦਸੋ ਮੈਨੂੰ ਕੀ ਕਰਦੇ ਰਹਿਣਾ ਚਾਹੀਦਾ ਹੈ?

16. ਜਿਸੁ ਪ੍ਰਭੂ ਦਾ ਅਤੁੱਟ ਅਤੇ ਪੂਰਨ ਪ੍ਰਤਾਪ ਹੈ, ਉਸ ਨੇ (ਉਚੇਚਾ) ਜਤਨਾ ਨਾਲ ਆਪਣੇ ਸੇਵਕਾਂ ਦੀ ਰਖਿਆ ਕੀਤੀ ਹੈ।

17. **ੳ**:–ਹੇ ਪਿਆਰੇ! ਤੂੰ ਉਸ ਗੋਬਿੰਦ ਦੇ ਗੁਣ ਸਦਾ ਹੀ ਆਪਣੀ ਜੀਭ ਨਾਲ ਗਾਉਂਦਾ ਰਿਹਾ ਕਰ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਮੈਂ ਭੀ ਉਸ ਪ੍ਰਮੇਸ਼ਰ ਦੇ ਚਰਨਾਂ ਦਾ ਧਿਆਨ ਧਰਕੇ ਆਤਮਕ ਜੀਵਨ ਹਾਸਲ ਕਰਦਾ ਰਹਿੰਦਾ ਹੈ।੪।੧੨।

ਭਾਵਾਰਥ :–ਹਰ ਮਨੁੱਖ ਨਿਰਦੁੱਖ ਜੀਵਨ ਜੀਊਣਾ ਚਾਹੁੰਦਾ ਹੈ, ਪਰ, ਗੁਰੂ ਦੁਆਰਾ ਲਭਾ ਹਰੀ ਸਾਰੇ ਹੀ ਦੁੱਖਾਂ ਤੋਂ ਬਚਾਈ ਰਖਦਾ ਹੈ।

ਬਸੰਤੁ ਮਹਲਾ ੫ ॥

1. **ਗੁਰ ਚਰਣ ਸਰੇਵਤ ਦੁਖੁ ਗਇਆ ॥**
2. **ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥**
3. **ਸਰਬ ਮਨੋਰਥ ਪੂਰਨ ਕਾਮ ॥**
4. **ਜਪਿ ਜੀਵੈ ਨਾਨਕੁ ਰਾਮ ਨਾਮ ॥੧॥**
5. **ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥**
6. **ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ ਰਹਾਉ ॥**
7. **ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥**
8. **ਕਾਮ ਕ੍ਰੋਧ ਗੁਰ ਸਬਦਿ ਨਾਸਿ ॥**

9. **ਭੈ ਬਿਨਸੇ ਨਿਰਭੈ ਪਦੁ ਪਾਇਆ ॥**
10. **ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥**
11. **ਸਾਧ ਸੰਗਤਿ ਪ੍ਰਭਿ ਕੀਓ ਨਿਵਾਸ ॥**
12. **ਹਰਿ ਜਪਿ ਜਪਿ ਹੋਈ ਪੂਰਨ ਆਸ ॥**
13. **ਜਲਿ ਥਲਿ ਮਹੀਅਲਿ ਰਵਿ ਰਹਿਆ ॥**
14. **ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥੩॥**
15. **ਅਸਟ ਸਿਧਿ ਨਵ ਨਿਧਿ ਏਹ ॥**
16. **ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥**
17. **ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥**
18. **ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥**

ਪਦ ਅਰਥ :-ਸਰੇਵਤ-ਹਿਰਦੇ ਵਿਚ ਵਸਾਂਦਿਆਂ, ਸਿਮਰਦਿਆਂ। ਪਾਰ ਬ੍ਰਹਮਿ-ਪਾਰਬ੍ਰਹਮ ਨੇ। ਪ੍ਰਭਿ ਪ੍ਰਭੂ ਨੇ। ਮਇਆ—ਦਇਆ। ਸਰਬ—ਸਾਰੇ। ਮਨੋਰਥ-ਲੋੜਾਂ, ਮੁਰਾਦਾਂ। ਕਾਮ—ਕੰਮ। ਜਪਿ—ਜਪ ਕੇ। ਜੀਵੈ—ਆਤਮਕ ਜੀਵਨ ਹਾਸਲ ਕਰਦਾ ਹੈ।੧।

ਸਾ ਉਹ। ਸੁਹਾਵੀ ਸੁਖਦਾਈ। ਜਿਤੁ-ਜਿਸ (ਰੁੱਤ) ਵਿਚ। ਚਿਤਿ—ਚਿੱਤ ਵਿਚ। ਬਿਲਲਾਤੀ—ਵਿਲਕਦੀ। ਸਾਕਤੁ—ਪ੍ਰਮਾਤਮਾਂ ਨਾਲੋਂ ਟੁੱਟਾ ਹੋਇਆ ਮਨੁੱਖ। ਆਵੈ ਜਾਵੈ—ਜੰਮਦਾ ਮਰਦਾ ਰਹਿੰਦਾ ਹੈ।੧। ਰਹਾਉ।

ਸੇ—ਉਹ ਮਨੁੱਖ। ਰਾਸਿ—ਸਰਮਾਇਆ, ਪੂੰਜੀ। ਸਬਦਿ—ਸ਼ਬਦ ਦੀ ਰਾਹੀਂ। ਭੈ—ਸਾਰੇ ਡਰ। ਪਦੁ—ਆਤਮਕ ਦਰਜਾ। ਨਿਰਭੈ ਪਦੁ—ਉਹ ਆਤਮਕ ਦਰਜਾ ਜਿਥੇ ਕੋਈ ਡਰ ਪੋਹ ਨਾ ਸਕੇ। ਮਿਲਿ- ਮਿਲਕੇ। ਨਾਨਕਿ—ਨਾਨਕ ਨੇ।੨।

ਪ੍ਰਭਿ—ਪ੍ਰਭੂ ਨੇ। ਜਪਿ—ਜਪ ਕੇ। ਜਲਿ—ਜਲ ਵਿਚ। ਥਲਿ—ਧਰਤੀ ਵਿਚ। ਮਹੀਅਲਿ-ਮਹੀ ਤਲਿ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਅਕਾਸ਼ ਵਿਚ।੩।

ਅਸਟ—ਅੱਠ। ਸਿਧਿ—ਸਿਧੀਆਂ, ਸਿਧਾਂ ਵਾਲੀਆਂ ਆਤਮਕ ਤਾਕਤਾਂ। ਨਵ ਨਿਧਿ-ਨੌਂ ਖ਼ਜ਼ਾਨੇ। ਕਰਮਿ—ਮਿਹਰ ਨਾਲ। ਪ੍ਰਭ—ਹੇ ਪ੍ਰਭੂ! ਜੀਵਹਿ—ਆਤਮਕ ਜੀਵਨ ਹਾਸਲ ਕਰਦੇ ਹਨ। ਕਮਲ ਪ੍ਰਗਾਸ-ਹਿਰਦਾ ਖਿੜ ਪੈਂਦਾ ਹੈ।੪।

ਅਰਥ :—

ਪ੍ਰ:—ਸ੍ਰੀ ਜੀਉ! ਜਗਤ ਦਾ ਹਰ ਜੀਵ ਹੀ ਦੁਖੀਆ ਵੇਖੀਦਾ ਹੈ, ਪਰ ਦਸੋ, ਇਹ ਸਾਰੇ ਦੁਖਾਂ ਦੀ ਨਵਿਰਤੀ ਕਿਸ ਦੀ ਹੋ ਸਕਦੀ ਹੈ?

1. **ਉ**:—ਹੇ ਭਾਈਓ! ਅਸੀਂ ਤਾਂ ਤੱਕਦੇ ਹਾਂ ਕਿ, ਜਿਸ ਮਨੁੱਖ ਨੇ ਭੀ ਗੁਰੂ ਦੇ ਚਰਨ ਹਿਰਦੇ ਵਿਚ ਵਸਾਏ ਹਨ ਉਸ ਦਾ ਹਰੇਕ ਦੁੱਖ ਦੂਰ ਹੋ ਜਾਂਦਾਂ ਹੈ।
2. ਪਰ, ਹੇ ਪਿਆਰੇ! ਗੁਰੂ ਦੇ ਚਰਨ ਹਿਰਦੇ ਵਿਚ ਵਸਾਉਣ ਦੀ ਦਾਤ ਭੀ ਉਸੇ ਨੂੰ ਮਿਲਦੀ ਹੈ ਜਿਸ ਮਨੁੱਖ ਉਤੇ ਉਸ ਪਾਰਬ੍ਰਹਮ ਪ੍ਰਭੂ ਨੇ ਮਿਹਰ ਕੀਤੀ ਹੈ।

ਪ੍ਰ:—ਕਿਉਂ ਜੀ! ਆਖ਼ਰ ਉਸ ਨੂੰ ਫਲ ਕੀ ਮਿਲਦਾ ਹੈ?

3, **ਉ**:—ਹੇ ਭਾਈ! ਉਸ ਦੀਆਂ ਸਾਰੀਆਂ ਮੁਰਾਦਾਂ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।

4. ਹੇ ਭਾਈਓ! (ਮੈਂ) ਨਾਨਕ (ਭੀ) ਉਸੇ ਪ੍ਰਮਾਤਮਾਂ ਦਾ ਨਾਮ ਜਪ ਕੇ ਆਤਮਕ ਜੀਵਨ ਪ੍ਰਾਪਤ ਕਰ ਰਿਹਾ ਹਾਂ।੧।
5. ਹੇ ਪਿਆਰੇ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੁੰਦੀ ਹੈ ਜਦੋਂ ਪ੍ਰਮਾਤਮਾਂ ਉਸ ਦੇ ਚਿੱਤ ਵਿਚ ਆ ਵਸਦਾ ਹੈ।
6. ਹੇ ਭਾਈ! ਮੈਂ ਤਾਂ ਜਦੋਂ ਵਿਚਾਰ ਦ੍ਰਿਸ਼ਟੀ ਨਾਲ ਤੱਕਦਾ ਹਾਂ ਤਾਂ ਇਉਂ ਹੀ ਨਜ਼ਰ ਆਉਂਦਾ ਹੈ ਕਿ, ਗੁਰੂ ਦੀ ਸ਼ਰਣ (ਪੈਣ) ਤੋਂ ਬਿਨਾ (ਲੁਕਾਈ) ਵਿਲਕਦੀ ਦਿਸਦੀ ਹੈ, (ਇਸ ਲਈ) ਪ੍ਰਮਾਤਮਾਂ ਤੋਂ ਟੁੱਟਾ ਹੋਇਆ ਮਨੁੱਖ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ।੧। ਰਹਾਉ।
7. ਹੇ ਭਾਈਓ! ਜਿਨ੍ਹਾਂ ਮਨੁੱਖਾਂ ਅੰਦਰ ਪ੍ਰਮਾਤਮਾਂ ਦਾ ਸਰਮਾਇਆ ਮੌਜੂਦ ਹੈ, ਉਹੀ (ਸਹੀ ਰੂਪ ਵਿਚ) ਧਨ ਵਾਲੇ ਹਨ।
8. (ਕਿਉਂਕਿ) ਉਨ੍ਹਾਂ ਦੇ ਅੰਦਰੋਂ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਕਾਮ ਕ੍ਰੋਧ (ਆਦਿਕ ਵਿਕਾਰ) ਨਾਸ ਹੋ ਜਾਂਦੇ ਹਨ।
9. ਉਨ੍ਹਾਂ ਦੇ ਸਾਰੇ ਡਰ ਨਾਸ ਹੋ ਜਾਂਦੇ ਹਨ, ਉਹ ਐਸਾ ਆਤਮਕ ਦਰਜਾ ਹਾਸਲ ਕਰ ਲੈਂਦੇ ਹਨ, ਜਿਥੇ ਕੋਈ ਡਰ ਪੋਹ ਨਹੀਂ ਸਕਦਾ।
10. (ਇਸ ਲਈ) ਹੇ,ਭਾਈਓ! ਗੁਰੂ ਨੂੰ ਮਿਲ ਕੇ ਨਾਨਕ ਨੇ (ਭੀ) ਉਸੇ ਖਸਮ ਪ੍ਰਭੂ ਨੂੰ ਸਿਮਰਿਆ ਹੈ।੨।

ਪ੍ਰ:—ਸ੍ਰੀ ਜੀਉ! ਮਨੁੱਖ ਦੇ ਮਨ ਵਿਚ ਤਾਂ ਅਨੰਤ ਹੀ ਆਸਾਂ ਉਪਜਦੀਆਂ ਰਹਿੰਦੀਆਂ ਹਨ ਆਪ ਜੀ ਦੀ ਵਿਚਾਰ ਅਨੁਸਾਰ ਇਹ ਕਿਸ ਮਨੁੱਖ ਦੀਆਂ ਪੂਰੀਆਂ ਹੁੰਦੀਆਂ ਹਨ।

11. **ਉ**:—ਹੇ ਭਾਈਓ! ਜਿਸ ਮਨੁੱਖ ਦਾ ਟਿਕਾਣਾ ਪ੍ਰਮਾਤਮਾਂ ਨੇ ਸਾਧ ਸੰਗਤ ਵਿਚ ਬਣਾ ਦਿਤਾ ਹੈ।
12. ਪ੍ਰਮੇਸ਼ਰ ਦਾ ਨਾਮ ਜਪ ਜਪ ਕੇ ਉਸ ਦੀ ਹਰੇਕ ਆਸ ਪੂਰੀ ਹੋ ਜਾਂਦੀ ਹੈ।

ਪ੍ਰ:-ਸ੍ਰੀ ਜੀਉ! ਉਸ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

13. **ਉ**;—ਹੇ ਭਾਈਓ! ਉਸ ਦੀ ਦ੍ਰਿਸ਼ਟੀ ਵਿਚ ਉਹ ਪ੍ਰਭੂ ਪਾਣੀ ਵਿਚ, ਧਰਤੀ ਵਿਚ, ਅਕਾਸ਼ ਵਿਚ, (ਹਰ ਥਾਂ) ਹੀ ਵਿਆਪਕ ਦਿਸਦਾ ਹੈ।
14. (ਇਸ ਲਈ) ਹੇ ਪਿਆਰੇ! ਗੁਰੂ ਨੂੰ ਮਿਲ ਕੇ ਨਾਨਕ ਨੇ (ਭੀ) ਉਸੇ (ਪ੍ਰਭੂ ਦਾ) ਸਿਮਰਨ ਕੀਤਾ ਹੈ।੩।

ਪ੍ਰ:—ਕਿਉਂ ਜੀ! ਨਾਮ ਬਾਰੇ ਆਪ ਜੀ ਦਾ ਕੀ ਨਿਸਚਾ ਹੈ?

15. **ਉ**:—ਹੇ ਭਾਈਓ! ਮੈਂ ਤਾਂ ਇਉਂ ਹੀ ਵਿਸ਼ਵਾਸ਼ ਰਖਦਾ

ਹਾਂ ਕਿ, ਇਹ ਹਰਿ ਨਾਮ ਹੀ (ਸਿਧਾਂ ਦੀਆਂ) ਅੱਠ ਆਤਮਕ ਤਾਕਤਾਂ ਹਨ (ਕੁਬੇਰ ਦੇ) ਨੌਂ ਖ਼ਜ਼ਾਨੇ ਹਨ ।

16. ਪਰ, ਹੇ ਪਿਆਰੇ ! ਇਹ ਨਾਮ ਉਸੇ ਮਨੁੱਖ ਨੂੰ ਹੀ ਮਿਲਦਾ ਹੈ ਜਿਸ ਨੂੰ ਪ੍ਰਭੂ ਮਿਹਰ ਕਰ ਕੇ ਇਹ ਨਾਮ ਦੀ ਦਾਤ ਦੇਂਦਾ ਹੈ ।

17. ਹੇ ਪ੍ਰਭੂ ! ਤੇਰੇ ਦਾਸ (ਤੇਰਾ ਹੀ ਨਾਮ) ਜਪ ਜਪ ਕੇ ਆਤਮਕ ਜੀਵਨ ਹਾਸਲ ਕਰਦੇ ਹਨ ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਗੁਰੂ ਨੂੰ ਮਿਲ ਕੇ (ਨਾਮ ਦੀ ਬਰਕਤ ਨਾਲ ਉਨ੍ਹਾਂ ਦਾ) ਹਿਰਦਾ ਕੌਲ ਖਿੜਿਆ ਰਹਿੰਦਾ ਹੈ ।੪।੧੩।

ਭਾਵਾਰਥ :–ਹਰੀ ਦੀ ਪ੍ਰਾਪਤੀ ਲਈ ਲੁਕਾਈ ਅਨੇਕਾਂ ਤਰ੍ਹਾਂ ਦੇ ਸਾਧਨ ਕਰਦੀ ਹੈ, ਪਰ ਗੁਰਮਤਿ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਸਾਧਨ ਕੇਵਲ ਸਾਧ ਸੰਗਤ ਹੀ ਮੰਨਿਆਂ ਜਾਂਦਾ ਹੈ ਅਤੇ ਇਸੇ ਹਰੀ ਦੀ ਪ੍ਰਾਪਤੀ ਵਿਚ ਸਾਰੇ ਸੁਖ ਹਾਸਲ ਹੋ ਆਉਂਦੇ ਹਨ ।

ਬਸੰਤੁ ਮਹਲਾ ੫ ਘਰੁ ੧ ਇਕ ਤੁਕੇ

ੴ ਸਤਿਗੁਰ ਪ੍ਰਸਾਦਿ ॥

1. **ਸਗਲ ਇਛਾ ਜਪਿ ਪੁੰਨੀਆ ॥**
2. **ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥੧॥**
3. **ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥**
4. **ਜਿਤੁ ਰਵਿਐ ਸੁਖ ਸਹਜ ਭੋਗੁ ॥੧॥ ਰਹਾਉ ॥**
5. **ਕਰਿ ਕਿਰਪਾ ਨਦਰਿ ਨਿਹਾਲਿਆ ॥**
6. **ਅਪਣਾ ਦਾਸੁ ਆਪਿ ਸਮ੍ਹਾਲਿਆ ॥੨॥**
7. **ਸੇਜ ਸੁਹਾਵੀ ਰਸਿ ਬਨੀ ॥**
8. **ਆਇ ਮਿਲੇ ਪ੍ਰਭ ਸੁਖ ਧਨੀ ॥੩॥**
9. **ਮੇਰਾ ਗੁਣੁ ਅਵਗਣੁ ਨ ਬੀਚਾਰਿਆ ।**
10. **ਪ੍ਰਭ ਨਾਨਕ ਚਰਣ ਪੂਜਾਰਿਆ ॥੪॥੧॥੧੪॥**

ਪਦ ਅਰਥ :–ਸਗਲ–ਸਾਰੀਆਂ । ਜਪਿ–(ਪ੍ਰਭੂ ਦਾ ਨਾਮ) ਜਪ ਕੇ । ਪੁਨੀਆ-ਪੂਰੀਆਂ ਹੋ ਜਾਂਦੀਆਂ ਹਨ । ਪ੍ਰਭਿ–ਪ੍ਰਭੂ ਨੇ । ਮੇਲੇ–ਮਿਲਾ ਲਏ । ਚਿਰੀ ਵਿਛੁੰਨਿਆ– ਚਿਰ ਦੇ ਵਿਛੜੇ ਹੋਇਆਂ ਨੂੰ ।੧।

ਰਵਹੁ–ਸਿਮਰੋ । ਗੋਬਿੰਦੈ–ਗੋਬਿੰਦ (ਦੇ ਨਾਮ) ਨੂੰ । ਰਵਣ ਜੋਗੁ–ਸਿਮਰਨ ਕਰਨ ਜੋਗ ਨੂੰ । ਜਿਤੁ–ਜਿਸ ਦੀ ਰਾਹੀਂ । ਜਿਤੁ ਰਵਿਐ–ਜਿਸ ਦਾ ਸਿਮਰਨ ਕੀਤਿਆਂ, ਜੇ ਉਸ ਦਾ ਸਿਮਰਨ ਕੀਤਾ ਜਾਏ । ਸੁਖ ਸਹਜ ਭੋਗੁ–ਆਤਮਕ ਅਡੋਲਤਾ ਦੇ ਸੁਖਾਂ ਦਾ ਸੁਆਦ ।੧। ਰਹਾਉ ।

ਕਰਿ–ਕਰ ਕੇ । ਨਦਰਿ–ਮਿਹਰ ਦੀ ਨਿਗਾਹ ਨਾਲ । ਨਿਹਾਲਿਆ–ਤਕਿਆ, ਵੇਖਿਆ । ਸਮ੍ਹਾਲਿਆ–ਸੰਭਾਲ ਕੀਤੀ ।੨।

ਸੇਜ–ਹਿਰਦਾ ਸੇਜ । ਸੁਹਾਵੀ–ਸੋਹਣੀ । ਰਸਿ–(ਮਿਲਾਪ ਦੇ)ਸੁਆਦ ਨਾਲ । ਸੁਖ ਧਨੀ–ਸੁਖਾਂ ਦੇ ਮਾਲਕ।੩। ਪੁਜਾਰਿਆ–ਪੁਜਾਰੀ ਬਣਾ ਲਿਆ ।੪।

ਅਰਥ :–

ਪ੍ਰ:–ਸ੍ਰੀ ਜੀਉ ! ਨਾਮ ਸਿਮਰਦੇ ਰਹਿਣ ਵਾਲਿਆਂ ਨੂੰ ਆਖਰ ਫਲ ਕੀ ਮਿਲਦਾ ਹੈ ?

1. **ਉ**:–ਹੇ ਭਾਈਓ ! ਪ੍ਰਮੇਸ਼ਰ ਜੀ ਦਾ ਨਾਮ ਜਪ ਕੇ ਉਨ੍ਹਾਂ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹਨ ।
2. ਹੇ ਪਿਆਰੇ ! ਜਿਨ੍ਹਾਂ ਨੇ ਸਿਮਰਨ ਕੀਤਾ ਹੈ ਉਨ੍ਹਾਂ ਚਿਰਾਂ ਦੇ ਵਿਛੜਿਆਂ ਹੋਇਆਂ ਨੂੰ (ਭੀ) ਪ੍ਰਭੂ ਨੇ ਆਪਣੇ ਚਰਨਾਂ ਨਾਲ ਮਿਲਾ ਲਿਆ ਹੈ ।੧।
3. ਇਸ ਲਈ, ਹੇ ਭਾਈਓ ! ਤੁਸੀਂ ਭੀ (ਉਸੇ) ਸਿਮਰਨ ਜੋਗ ਗੋਬਿੰਦ ਦਾ ਨਾਮ ਸਿਮਰਿਆ ਕਰੋ ।

ਪ੍ਰ:–(ਕਿਉਂ ਜੀ) ਸਾਨੂੰ ਹਾਸਲ ਕੀ ਹੋਵੇਗਾ ?

4. **ਉ**:–ਹੇ ਭਾਈ ! (ਜੇ ਉਸ ਦਾ ਨਾਮ) ਸਿਮਰਿਆ ਜਾਏ ਤਾਂ ਆਤਮਕ ਅਡੋਲਤਾ ਦੇ ਸੁਖਾਂ ਦਾ ਸੁਆਦ (ਪ੍ਰਾਪਤ ਹੁੰਦਾ ਹੈ) ।੧। ਰਹਾਉ ।
5. ਹੇ ਪਿਆਰੇ ! ਪ੍ਰਭੂ ਨੇ ਆਪਣੇ ਦਾਸ ਨੂੰ (ਸਦਾ ਹੀ) ਮਿਹਰ ਦੀ ਨਿਗਾਹ ਨਾਲ ਤਕਿਆ ਹੈ ।
6. ਅਤੇ ਆਪਣੇ ਦਾਸ ਦੀ (ਸਦਾ) ਆਪ ਹੀ ਸੰਭਾਲ ਕੀਤੀ ਹੈ ।੨।
7. ਹੇ ਭਾਈ ! ਉਨ੍ਹਾਂ ਦੀ ਹਿਰਦਾ ਸੇਜ ਸੋਹਣੀ ਬਣ ਜਾਂਦੀ ਹੈ ।
8. (ਜਿਸ ਮਨੁੱਖ ਨੂੰ) ਸੁਖਾਂ ਦੇ ਮਾਲਕ ਪ੍ਰਭੂ ਜੀ ਆ ਕੇ ਮਿਲ ਜਾਂਦੇ ਹਨ ।
9. ਹੇ ਭਾਈ ! ਉਸ ਪ੍ਰਭੂ ਨੇ ਮੇਰਾ ਕੋਈ ਗੁਣ ਨਹੀਂ ਵੀਚਾਰਿਆ ਕੋਈ ਅਵਗਣ ਨਹੀਂ ਵਿਚਾਰਿਆ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮਿਹਰ ਕਰ ਕੇ ਉਸ ਨੇ ਮੈਨੂੰ ਆਪਣੇ ਚਰਨਾਂ ਦਾ ਪੁਜਾਰੀ ਬਣਾ ਲਿਆ ਹੈ ।੪।੧।੧੪।

ਭਾਵਾਰਥ :–ਇਸ ਸ਼ਬਦ ਵਿਚ ਸਤਿਗੁਰੂ ਜੀ ਹਰੀ ਦੇ ਮਿਲਣ ਦੀ ਖੁਸ਼ੀ ਅਤੇ ਮਿਹਰ ਦਾ ਜ਼ਿਕਰ ਕਰਦੇ ਹਨ ।

ਬਸੰਤੁ ਮਹਲਾ ੫ ॥

1. **ਕਿਲਬਿਖ ਬਿਨਸੇ ਗਾਇ ਗੁਨਾ ॥**
2. **ਅਨਦਿਨੁ ਉਪਜੀ ਸਹਜ ਧੁਨਾ ॥੧॥**
3. **ਮਨੁ ਮਉਲਿਓ ਹਰਿ ਚਰਨ ਸੰਗਿ ॥**
4. **ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ ॥੧॥ ਰਹਾਉ ॥**
5. **ਕਰਿ ਕਿਰਪਾ ਪ੍ਰਗਟੇ ਗੁਪਾਲ ॥**
6. **ਲੜਿ ਲਾਇ ਉਧਾਰੇ ਦੀਨ ਦਇਆਲ ॥੨॥**

7. ਇਹੁ ਮਨੁ ਹੋਆ ਸਾਧ ਧੂਰਿ ॥
8. ਨਿਤ ਦੇਖੈ ਸੁਆਮੀ ਹਜੂਰਿ ॥੩॥
9. ਕਾਮ ਕ੍ਰੋਧ ਤ੍ਰਿਸਨਾ ਗਈ ॥
10. ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥

ਪਦ ਅਰਥ :–ਕਿਲਬਿਖ–ਪਾਪ । ਗਾਇ–ਗਾ ਕੇ । ਅਨਦਿਨੁ–ਹਰ ਰੋਜ਼, ਹਰ ਵੇਲੇ । ਸਹਜ ਧੁਨਾਂ–ਆਤਮਕ ਅਡੋਲਤਾ ਦੀ ਰੌ ।੧।

ਮਉਲਿਓ–ਖਿੜ ਪੈਂਦਾ ਹੈ । ਕਰਿ–ਕਰਕੇ । ਸਾਧੂ–ਗੁਰੂ । ਭੇਟੇ–ਮਿਲਾਂਦਾ ਹੈ । ਰਾਤੌ–ਰੰਗਿਆ ਰਹਿੰਦਾ ਹੈ । ਰੰਗਿ–ਰੰਗ ਵਿਚ ।੧। ਰਹਾਉ ।

ਗੁੋਪਾਲ–(ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ । ਅਸਲ ਲਫ਼ਜ਼ ਹੈ 'ਗੋਪਾਲ' । ਇਥੇ 'ਗੁਪਾਲ' ਪੜ੍ਹਨਾ ਹੈ) । ਲੜਿ–ਪੱਲੇ ਨਾਲ । ਲਾਇ–ਲਾ ਕੇ । ਉਧਾਰੇ–(ਸੰਸਾਰ ਸਮੁੰਦਰ ਤੋਂ) ਪਾਰ ਲੰਘਾਂਦਾ ਹੈ ।੨।

ਸਾਧੂ ਧੂਰਿ–ਗੁਰੂ ਦੇ ਚਰਨਾਂ ਦੀ ਧੂੜ । ਦੇਖੈ–ਵੇਖਦਾ ਹੈ । ਹਜੂਰਿ–ਅੰਗ ਸੰਗ, ਹਾਜ਼ਰ ਨਾਜ਼ਰ ।੩।

ਅਰਥ :–

ਪ੍ਰ:–ਸ੍ਰੀ ਜੀਉ ! ਪ੍ਰਭੂ ਦੇ ਗੁਣ ਗਾਉਂਦੇ ਰਹਿਣ ਦਾ ਫਲ ਕੀ ਹਾਸਲ ਹੁੰਦਾ ਹੈ ?

1. **ਉ**:–ਹੇ ਭਾਈਓ ! ਭਾਵੇਂ ਕੋਈ ਭੀ ਮਨੁੱਖ ਹੋਵੇ, ਪ੍ਰਮੇਸ਼ਰ ਦੇ ਗੁਣ ਗਾ ਕੇ ਉਸ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ ।
2. ਅਤੇ ਉਸ ਦੇ ਅੰਦਰ ਹਰ ਵੇਲੇ ਆਤਮਕ ਅਡੋਲਤਾ ਦੀ ਰੌ ਪੈਦਾ ਹੋਈ ਰਹਿੰਦੀ ਹੈ ।੧।
3. ਹੇ ਭਾਈ ! ਉਸ ਸੇਵਕ ਦਾ ਮਨ ਪ੍ਰਭੂ ਦੇ ਚਰਨਾਂ ਵਿਚ (ਜੁੜ ਕੇ) ਆਤਮਕ ਜੀਵਨ ਵਾਲਾ ਹੋ ਜਾਂਦਾ ਹੈ ।
4. ਹੇ ਭਾਈਓ ! ਪਰ, ਇਹ ਦਾਤ ਉਸੇ ਸੇਵਕ ਨੂੰ ਮਿਲਦੀ ਹੈ ਜਿਸ ਨੂੰ ਪ੍ਰਭੂ ਜੀ ਮਿਹਰ ਕਰ ਕੇ ਗੁਰੂ ਮਿਲਾਂਦਾ ਹੈ, ਉਹ ਸੇਵਕ ਸਦਾ ਹੀ ਹਰਿ ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ ।੧। ਰਹਾਉ ।
5. ਹੇ ਪਿਆਰੇ ! ਮਿਹਰ ਕਰ ਕੇ ਗੋਪਾਲ ਪ੍ਰਭੂ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਗਟ ਹੁੰਦਾ ਹੈ ।
6. ਹੇ ਭਾਈ ! ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਉਸ ਨੂੰ ਆਪਣੇ ਲੜ ਲਾ ਕੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ ।੨।
7. ਹੇ ਭਾਈ ! ਜਿਸ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਦੀ ਧੂੜ ਬਣਦਾ ਹੈ ।
8. ਉਹ ਮਨੁੱਖ ਸੁਆਮੀ ਪ੍ਰਭੂ ਨੂੰ ਸਦਾ ਆਪਣੇ ਅੰਗ ਸੰਗ ਵੱਸਦਾ ਵੇਖਦਾ ਹੈ ।੩।

ਪ੍ਰ:–ਸ੍ਰੀ ਜੀਉ ! ਉਸ ਦੀ ਪਛਾਣ ਕੀ ਹੈ ?

9. **ਉ**:–ਹੇ ਭਾਈਓ ! ਉਸ ਦੇ ਅੰਦਰੋਂ ਕਾਮ, ਕ੍ਰੋਧ, ਤ੍ਰਿਸ਼ਨਾਂ ਆਦਿਕ ਵਿਕਾਰ ਦੂਰ ਹੋ ਜਾਂਦੇ ਹਨ ।
10. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਸ ਮਨੁੱਖ ਉਤੇ ਪ੍ਰਭੂ ਦੀ ਮਿਹਰ ਹੁੰਦੀ ਹੈ ।੪।੨।੧੫।

ਭਾਵਾਰਥ :–ਪਾਪਾਂ ਦੀ ਨਵਿਰਤੀ ਕਰਨ ਦਾ ਸਾਧਨ ਕੇਵਲ ਇਕੋ ਹੀ ਹੈ ਕਿ ਸਾਧ ਸੰਗਤ ਵਿਚ ਮਿਲ ਕੇ ਉਸ ਪ੍ਰਭੂ ਦੀ ਹੀ ਸਿਫਤ ਸਲਾਹ ਕੀਤੀ ਜਾਵੇ, ਜਿਸ ਦੀ ਬਰਕਤ ਨਾਲ ਮਨੁੱਖ ਦੇ ਅੰਦਰੋਂ ਕਾਮਾਦਿਕ ਵਿਕਾਰਾਂ ਦਾ ਨਾਸ ਹੋ ਜਾਂਦਾ ਹੈ, ਪਰ ਇਹ ਦਾਤ ਭੀ ਪ੍ਰਭੂ ਦੀ ਮਿਹਰ ਨਾਲ ਹੀ ਮਿਲਦੀ ਹੈ ।

ਬਸੰਤੁ ਮਹਲਾ ੫ ॥

1. ਰੋਗ ਮਿਟਾਏ ਪ੍ਰਭੂ ਆਪਿ ॥
2. ਬਾਲਕ ਰਾਖੇ ਅਪਨੇ ਕਰ ਥਾਪਿ ॥੧॥
3. ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥
4. ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥
5. ਸੋਗ ਸੰਤਾਪ ਕਟੇ ਪ੍ਰਭਿ ਆਪਿ ॥
6. ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥੨॥
7. ਜੋ ਜਨੁ ਤੇਰਾ ਜਪੇ ਨਾਉ ॥
8. ਸਭਿ ਫਲ ਪਾਏ ਨਿਹਚਲ ਗੁਣ ਗਾਉ ॥੩॥
9. ਨਾਨਕ ਭਗਤਾ ਭਲੀ ਰੀਤਿ ॥
10. ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥

ਪਦ ਅਰਥ :-ਮਿਟਾਏ-ਮਿਟਾਂਦਾ ਹੈ । ਬਾਲਕ–ਬੱਚਿਆਂ ਨੂੰ । ਰਾਖੇ–ਰਖਦਾ ਹੈ, ਰਾਖੀ ਕਰਦਾ ਹੈ । ਕਰ–ਹੱਥ । ਥਾਪਿ–ਥਾਪ ਕੇ, ਥਾਪਣਾ ਦੇ ਕੇ । ਕਰ ਥਾਪਿ–ਹੱਥਾਂ ਨਾਲ ਥਾਪਣਾ ਦੇ ਕੇ ।੧।

ਸਹਜ–ਆਤਮਕ ਅਡੋਲਤਾ । ਗ੍ਰਿਹਿ–ਹਿਰਦੇ ਘਰ ਵਿਚ । ਸਦ ਬਸੰਤੁ–ਸਦਾ ਕਾਇਮ ਰਹਿਣ ਵਾਲਾ ਖਿੜਾਉ । ਕਲਿਆਣ ਰੂਪ ਹਰਿ ਮੰਤੁ–ਸੁਖ ਸਰੂਪ ਪ੍ਰਮਾਤਮਾਂ ਦਾ ਨਾਮ ਮੰਤ੍ਰ । ਜਪਿ–ਜਪ ਕੇ ।੧। ਰਹਾਉ ।

ਸੋਗ–ਚਿੰਤਾ, ਫ਼ਿਕਰ । ਸੰਤਾਪ–ਦੁੱਖ ਕਲੇਸ਼ । ਪ੍ਰਭਿ–ਪ੍ਰਭੂ ਨੇ । ਕਉ–ਨੂੰ । ਜਾਪਿ–ਜਪਿਆ ਕਰ ।੨।

ਜਪੇ–ਜਪਦਾ ਹੈ, ਜਪੈ । ਸਭਿ–ਸਾਰੇ । ਨਿਹਚਲ ਗੁਣ ਗਾਉ–ਸਦਾ ਕਾਇਮ ਰਹਿਣ ਵਾਲੇ ਗੁਣਾਂ ਦਾ ਗਾਇਨ (ਕਰ ਕੇ) ।੩।

ਰੀਤਿ–ਮਰਯਾਦਾ ।੪।

ਅਰਥ :–

ਪ੍ਰ:–ਸ੍ਰੀ ਜੀਉ ! ਗੁਰੂ ਦੀ ਸ਼ਰਨ ਵਿਚ ਆਉਣ ਨਾਲ ਕੀ ਲਾਭ ਹੁੰਦਾ ਹੈ ?

1. ਉ:—ਹੇ ਭਾਈਓ ! ਜਿਹੜੇ ਮਨੁੱਖ ਪੂਰੇ ਗੁਰੂ ਦੀ ਸ਼ਰਨ ਆਉਂਦੇ ਹਨ, ਪ੍ਰਭੂ ਜੀ ! ਆਪ ਹੀ (ਉਨ੍ਹਾਂ ਦੇ ਸਾਰੇ) ਰੋਗ ਮਿਟਾ ਦੇਂਦਾ ਹੈ ।
2. ਉਨ੍ਹਾਂ ਆਪਣੇ (ਸੇਵਕ) ਬੱਚਿਆਂ ਨੂੰ ਆਪਣੇ ਹੱਥਾਂ ਨਾਲ ਥਾਪਣਾ ਦੇ ਕੇ ਉਨ੍ਹਾਂ ਦੀ ਰਖਿਆ ਕਰਦਾ ਹੈ (ਜਿਵੇਂ ਕਿ ਮਾਪੇ ਆਪਣੇ ਬੱਚਿਆਂ ਦੀ ਸੰਭਾਲ ਕਰਦੇ ਹਨ) ।੧।
3.4 ਹੇ ਭਾਈ ! ਜਿਹੜੇ ਮਨੁੱਖ ਪੂਰੇ ਗੁਰੂ ਦੀ ਸ਼ਰਨ ਆਉਂਦੇ ਹਨ, ਸੁਖ ਸਰੂਪ ਪ੍ਰਮੇਸ਼ਰ ਦਾ ਨਾਮ ਜਪ ਕੇ (ਉਨ੍ਹਾਂ ਦੇ ਹਿਰਦੇ) ਘਰ ਵਿਚ ਆਤਮਕ ਅਡੋਲਤਾ ਵਾਲੀ ਸ਼ਾਂਤੀ ਬਣੀ ਰਹਿੰਦੀ ਹੈ ਤੇ ਸਦਾ ਹੀ ਕਾਇਮ ਰਹਿਣ ਵਾਲਾ ਖਿੜਾਉ ਬਣਿਆ ਰਹਿੰਦਾ ਹੈ ।੧। ਰਹਾਉ ।
5. ਹੇ ਭਾਈ ! ਜਿਹੜੇ ਮਨੁੱਖ ਪੂਰੇ ਗੁਰੂ ਦੀ ਸ਼ਰਨ ਆ ਗਏ ਪ੍ਰਭੂ ਨੇ ਆਪ (ਉਨ੍ਹਾਂ ਦੇ ਸਾਰੇ) ਚਿੰਤਾ ਫਿਕਰ ਅਤੇ ਦੁੱਖ ਕਲੇਸ਼ ਮਿਟਾ ਦਿਤੇ ।
6. (ਇਸ ਲਈ) ਹੇ ਭਾਈ ! ਤੂੰ ਭੀ ਸਦਾ ਹੀ ਆਪਣੇ ਗੁਰੂ ਨੂੰ ਯਾਦ ਕਰਦਾ ਰਹੁ ।੨।
7. ਹੇ ਪ੍ਰਭੂ ਜੀ ! ਜਿਹੜਾ ਮਨੁੱਖ ਤੇਰਾ ਨਾਮ ਜਪਦਾ ਹੈ ।
8. ਉਹ ਮਨੁੱਖ ਤੇਰੇ ਸਦਾ ਕਾਇਮ ਰਹਿਣ ਵਾਲੇ ਗੁਣਾਂ ਦਾ ਗਾਇਨ ਕਰ ਕੇ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਭਗਤ ਜਨਾਂ ਦੀ ਇਹ ਸੋਹਣੀ ਜੀਵਨ ਮਰਯਾਦਾ ਹੈ ।
10. ਉਹ ਸਦਾ ਹੀ, ਸਦਾ ਹੀ ਸੁਖਾਂ ਦੇ ਦੇਣ ਵਾਲੇ ਪ੍ਰਮਾਤਮਾਂ ਦਾ ਨਾਮ (ਹੀ) ਜਪਦੇ ਰਹਿੰਦੇ ਹਨ ।੪।੩।੧੬।

ਭਾਵ ਰਥ :—ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਚਿੰਤਨ ਕਰਨ ਵਾਲੇ ਦੇ ਸਾਰੇ ਹੀ ਦੁੱਖ ਕਲੇਸ਼ ਨਾਸ ਹੋ ਜਾਂਦੇ ਹਨ, ਇਸ ਲਈ ਨਾਮ ਹੀ ਜਪਦੇ ਰਹੋ ।

ਬਸੰਤੁ ਮਹਲਾ ੫ ॥

1. **ਹੁਕਮੁ ਕਰਿ ਕੀਨੇ ਨਿਹਾਲ ॥**
2. **ਅਪਨੇ ਸੇਵਕ ਕਉ ਭਇਆ ਦਇਆਲੁ ॥੧॥**
3. **ਗੁਰਿ ਪੂਰੈ ਸਭੁ ਪੂਰਾ ਕੀਆ ॥**
4. **ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥੧॥ ਰਹਾਉ ॥**
5. **ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥**
6. **ਬਾਹ ਪਕਰਿ ਭਵਜਲੁ ਨਿਸਤਾਰਿਓ ॥੨॥**
7. **ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥**
8. **ਗੁਰ ਪੂਰੇ ਕੀ ਸਰਣੀ ਪਰ ॥੩॥**
9. **ਆਪਿ ਕਰਹਿ ਆਪਿ ਕਰਣੈਹਾਰੇ ॥**
10. **ਕਰਿ ਕਿਰਪਾ ਨਾਨਕ ਉਧਾਰੇ ॥੪॥੪॥੧੭॥**

ਪਦ ਅਰਥ :—ਹੁਕਮੁ ਕਰਿ—ਹੁਕਮ ਦੇ ਕੇ । ਨਿਹਾਲ—ਪ੍ਰਸੰਨ ਚਿਤ । ਸੇਵਕ ਕਉ—ਸੇਵਕਾਂ ਉਤੇ । ਦਇਆਲੁ—ਦਇਆਵਾਨ ।੧।

ਗੁਰਿ ਪੂਰੈ—ਪੂਰੇ ਗੁਰੂ ਨੇ । ਸਭੁ—ਹਰੇਕ ਕੰਮ । ਪੂਰਾ ਕੀਆ—ਸਿਰੇ ਚਾੜ੍ਹ ਦਿਤਾ । ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਹਰਿ ਨਾਮ । ਰਿਦ ਮਹਿ—ਹਿਰਦੇ ਵਿਚ।੧।ਰਹਾਉ।

ਕਰਮੁ—ਚੰਗਾ ਕੰਮ । ਪਕਰਿ—ਫੜ ਕੇ । ਭਵਜਲੁ—ਸੰਸਾਰ ਸਮੁੰਦਰ । ਨਿਸਤਾਰਿਓ—ਪਾਰ ਲੰਘਾ ਦਿਤਾ ।੨।

ਪ੍ਰਭਿ—ਪ੍ਰਭੂ ਨੇ । ਕਾਟਿ—ਕੱਟ ਕੇ, ਦੂਰ ਕਰ ਕੇ ।੩।

ਕਰਹਿ—ਤੂੰ ਕਰਦਾ ਹੈਂ, ਕਰਹਿਂ । ਕਰਣੈਹਾਰੇ-ਹੇ ਸਭ ਕੁਝ ਕਰ ਸਕਣ ਵਾਲੇ ਪ੍ਰਭੂ । ਕਰਿ—ਕਰ ਕੇ । ਉਧਾਰੇ—ਉਧਾਰਿ, ਪਾਰ ਲੰਘਾ ਲੈ ।੪।

ਅਰਥ :—

ਪ੍ਰ:—ਸ੍ਰੀ ਜੀਉ ! ਪ੍ਰਭੂ ਆਪਣਾ ਨਾਮ ਸਿਮਰਨ ਕਰਨ ਵਾਲਿਆਂ ਨੂੰ ਬਖਸ਼ਸ਼ ਕੀ ਕਰਦਾ ਹੈ ?

1. **ਉ**:—ਹੇ ਭਾਈ ! ਉਹ ਪ੍ਰਭੂ ਆਪਣੇ ਨਾਮ ਲੇਵਾ ਸੇਵਕਾਂ ਨੂੰ ਆਪਣੇ ਹੁਕਮ ਅਨੁਸਾਰ (ਸਦਾ ਹੀ) ਪ੍ਰਸੰਨ ਚਿੱਤ ਰਖਦਾ ਹੈ ।
2. ਅਤੇ ਉਹ ਪ੍ਰਮੇਸ਼ਰ ਆਪਣੇ ਸੇਵਕਾਂ ਉਤੇ ਸਦਾ ਹੀ ਦਇਅ ਵਾਨ ਹੁੰਦਾ ਹੈ ।੧।
3. ਹੇ ਭਾਈ ! ਪੂਰੇ ਗੁਰੂ ਨੇ (ਉਸ ਸੇਵਕ ਦਾ) ਹਰੇਕ ਕੰਮ ਸਿਰੇ ਚਾੜ੍ਹ ਦਿਤਾ ਹੈ, (ਭਾਵ, ਉਸ ਦਾ ਸਾਰਾ ਜੀਵਨ ਸਫਲ ਕਰ ਦਿਤਾ ਹੈ) ।
4. (ਕਿਉਂਕਿ) ਪੂਰੇ ਗੁਰੂ ਨੇ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ ਉਸਦੇ ਹਿਰਦੇ ਵਿਚ ਵਸਾ ਦਿਤਾ ਹੈ ।੧।ਰਹਾਉ।
5. ਹੇ ਭਾਈਓ ! ਮੈਂ ਤਾਂ ਵੇਖਦਾ ਹਾਂ ਕਿ, ਗੁਰੂ ਨੇ ਮੇਰਾ (ਭੀ) ਕੋਈ (ਚੰਗਾ) ਕਰਮ ਨਹੀਂ ਵਿਚਾਰਿਆ, ਮੇਰਾ ਕੋਈ ਧਰਮ ਨਹੀਂ ਵਿਚਾਰਿਆ ।
6. (ਮੈਨੂੰ) ਬਾਹੋਂ ਫੜ ਕੇ ਉਸ ਨੇ ਸੰਸਾਰ ਸਾਗਰ (ਦੇ ਵਿਕਾਰਾਂ) ਤੋਂ ਪਾਰ ਲੰਘਾ ਦਿਤਾ ਹੈ ।੨।
7. ਹੇ ਭਾਈ ! ਪ੍ਰਮਾਤਮਾਂ ਨੇ (ਆਪ ਉਨ੍ਹਾਂ ਦੇ ਅੰਦਰੋਂ ਵਿਕਾਰਾਂ ਦੀ) ਮੈਲ ਕੱਟ ਕੇ ਉਨ੍ਹਾਂ ਨੂੰ ਪਵਿਤ੍ਰ ਜੀਵਨ ਵਾਲਾ ਬਣਾ ਲਿਆ ਹੈ ।
8. (ਕਿਉਂਕਿ) ਉਹ ਮਨੁੱਖ ਪੂਰੇ ਗੁਰੂ ਦੀ ਸ਼ਰਨ ਆ ਪਏ (ਸਨ) ।੩।

ਪ੍ਰ:—ਸ੍ਰੀ ਜੀਉ ! ਆਖਰ, ਉਸ ਸਾਈਂ ਜੀ ਤੋਂ ਤੁਹਾਡੀ ਹਮੇਸ਼ਾਂ ਮੰਗ ਕੀ ਰਹਿੰਦੀ ਹੈ ?

9. **ਉ**:—ਹੇ ਪਿਆਰੇ ! ਮੇਰੀ ਤਾਂ ਕੇਵਲ ਇਹੋ ਹੀ ਮੰਗ ਹੈ ਕਿ, ਹੇ ਸਭ ਕੁਝ ਕਰ ਸਕਣ ਵਾਲੇ ਪ੍ਰਭੂ ! ਤੂੰ ਸਭ ਕੁਝ ਆਪ ਹੀ ਕਰ ਰਿਹਾ ਹੈਂ ।
10. ਮਿਹਰ ਕਰ ਕੇ (ਮੈਨੂੰ) ਨਾਨਕ ਨੂੰ ਭੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈ ।੪।੪।੧੭।

ਭਾਵਾਰਥ :—ਜੋ ਸੇਵਕ ਸਹੀ ਰੂਪ ਵਿਚ ਉਸ ਸਾਈਂ

ਜੀ ਦੇ ਮਨ ਕਰਕੇ ਦਾਸ ਬਣ ਗਏ ਹਨ, ਉਨ੍ਹਾਂ ਨੂੰ ਉਹ ਪ੍ਰਭੂ ਜੀ, ਜੀਵਨ ਭਰ ਹੀ ਪ੍ਰਸੰਨ ਚਿੱਤ ਰਖਦਾ ਹੈ, ਕਿਉਂਕਿ, ਪੂਰੇ ਗੁਰੂ ਨੇ ਉਨ੍ਹਾਂ ਦੇ ਅੰਤਰ ਆਤਮੇਂ ਅਮਰ ਕਰ ਦੇਣ ਵਾਲੀ ਨਾਮ ਦੀ ਦਾਤ ਬਖਸ਼ਸ਼ ਕਰ ਦਿਤੀ ਹੈ, ਅੰਤ ਵਿਚ ਆਪ ਜੀ ਹਰ ਪ੍ਰਾਣੀ ਨੂੰ ਉਸ ਪ੍ਰਮੇਸ਼ਰ ਜੀ ਤੋਂ ਉਸ ਦਾ ਨਾਮ ਅੰਮ੍ਰਿਤ ਹੀ ਜਾਚਦੇ ਰਹਿਣ ਦੀ ਪ੍ਰੇਰਣਾ ਕਰਦੇ ਹਨ ।

ਬਸੰਤੁ ਮਹਲਾ ੫

੧ ੳ ਸਤਿਗੁਰ ਪ੍ਰਸਾਦਿ ॥

1. **ਦੇਖੁ ਫੂਲ ਫੂਲ ਫੂਲੇ ॥**
2. **ਅਹੰ ਤਿਆਗਿ ਤਿਆਗੇ ॥**
3. **ਚਰਨ ਕਮਲ ਪਾਗੇ ॥**
4. **ਤੁਮ ਮਿਲਹੁ ਪ੍ਰਭ ਸਭਾਗੇ ॥**
5. **ਹਰਿ ਚੇਤਿ ਮਨ ਮੇਰੇ ॥ ਰਹਾਉ ॥**
6. **ਸਘਨ ਬਾਸੁ ਕੂਲੇ ॥**
7. **ਇਕਿ ਰਹੇ ਸੂਕਿ ਕਠੂਲੇ ॥**
8. **ਬਸੰਤ ਰੁਤਿ ਆਈ ॥**
9. **ਪਰਫੂਲਤਾ ਰਹੇ ॥੧॥**
10. **ਅਬ ਕਲੂ ਆਇਓ ਰੇ ॥**
11. **ਇਕੁ ਨਾਮੁ ਬੋਵਹੁ ਬੋਵਹੁ ॥**
12. **ਅਨ ਰੁਤਿ ਨਾਹੀ ਨਾਹੀ ॥**
13. **ਮਤੁ ਭਰਮਿ ਭੂਲਹੁ ਭੂਲਹੁ ॥**
14. **ਗੁਰ ਮਿਲੇ ਹਰਿ ਪਾਏ ॥**
15. **ਜਿਸੁ ਮਸਤਕਿ ਹੈ ਲੇਖਾ ॥**
16. **ਮਨ ਰੁਤਿ ਨਾਮ ਰੇ ॥**
17. **ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥**

ਪਦ ਅਰਥ :—ਦੇਖੁ-(ਅੰਦਰ ਝਾਤੀ ਮਾਰਕੇ) ਵੇਖ। ਫੂਲ ਫੂਲ ਫੂਲੇ—ਫੁੱਲ ਹੀ ਫੁੱਲ ਖਿੜੇ ਹੋਏ ਹਨ, ਖਿੜਾਉ ਹੀ ਖਿੜਾਉ ਹੈ । ਅਹੰ—ਹਉਮੈਂ । ਤਿਆਗਿ—ਤਿਆਗ ਕੇ। ਤਿਆਗੇ—ਤਿਆਗਿ, ਤਿਆਗ ਕੇ । ਪਾਗੇ-ਚੰਬੜਿਆ ਰਹੁ । ਸਭਾਗੇ—ਹੇ ਭਾਗਾਂ ਵਾਲੇ (ਮਨ) । ਮਨ—ਹੇ ਮਨ ।੧। ਰਹਾਉ ।

ਸਘਨ—ਸੰਘਣੀ ਛਾਂ ਵਾਲੇ । ਬਾਸੁ—ਸੁਗੰਧੀ । ਕੂਲੇ—ਨਰਮ, ਕੋਮਲ । ਇਕਿ—ਬਹੁਤੇ । ਰਹੇ ਸੂਕਿ—ਸੁੱਕੇ ਰਹਿੰਦੇ ਹਨ । ਕਠੂਲੇ—(ਸੁੱਕੀ) ਕਾਠ ਵਰਗੇ ਕਰੜੇ । ਬਸੰਤ ਰੁਤਿ—ਖੇੜੇ ਦੀ ਰੁੱਤ, ਮਨੁੱਖਾ ਜਨਮ ਜਿਸ ਵਿਚ ਆਤਮਕ ਜੀਵਨ ਦਾ ਖਿੜਾਉ ਪੈਦਾ ਕੀਤਾ ਜਾ ਸਕਦਾ ਹੈ । ਪਰਫੂਲਤਾ ਰਹੇ—(ਜਿਹੜਾ ਮਨੁੱਖ ਨਾਮ ਜਪਦਾ ਹੈ ਉਹ)ਖਿੜਿਆ ਰਹਿੰਦਾ ਹੈ।੧।

ਅਬ—ਹੁਣ, ਮਨੁੱਖਾ ਜੀਵਨ ਮਿਲਣ ਤੇ । ਕਲੂ—ਕਾਲੁ, ਸਮਾਂ, ਨਾਮ ਬੀਜਣ ਦਾ ਸਮਾਂ ; ਰੇ—ਹੇ ਭਾਈ । ਅਨ—ਕੋਈ ਹੋਰ । ਅਨ ਰੁਤਿ ਨਾਹੀ—(ਮਨੁਖਾ ਜਨਮ ਤੋਂ ਬਿਨਾ ਨਾਮ ਬੀਜਣ ਦਾ) ਕੋਈ ਹੋਰ ਸਮਾਂ ਨਹੀਂ । ਮਤੁ—ਮਤਾਂ । ਭਰਮਿ—(ਮਾਇਆ ਦੀ) ਭਟਕਣਾ ਵਿਚ ਪੈ ਕੇ । ਮਤੁ ਭੂਲਹੁ—ਮਤਾਂ ਕੁਰਾਹੇ ਪੈ ਜਾਓ, ਕੁਰਾਹੇ ਨਾ ਪੈ ਜਾਣਾ । ਗੁਰ ਮਿਲੇ—ਗੁਰ ਮਿਲਿ, ਗੁਰੂ ਨੂੰ ਮਿਲਕੇ (ਹੀ) । ਜਿਸੁ ਮਸਤਕਿ—ਜਿਸ (ਮਨੁੱਖ)ਦੇ ਮੱਥੇ ਉਤੇ । ਲੇਖਾ—(ਨਾਮ ਦੀ ਪ੍ਰਾਪਤੀ ਦਾ) ਲੇਖ । ਮਨ—ਹੇ ਮਨ । ਕਹੇ—ਉਚਾਰਦਾ ਹੈ ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਬਾਣੀ ਵਿਚ ਅਨੇਕਾਂ ਹੀ ਥਾਵਾਂ ਤੇ ਅੰਤਰ ਆਤਮਕ ਖਿੜਾਉ ਦਾ ਜ਼ਿਕਰ ਆਉਂਦਾ ਹੈ, ਪਰ ਸਾਡਾ ਮਨ ਅਜੇਹਾ ਅਸ਼ਰਧਕ ਹੈ, ਇਹ ਵਿਸ਼ਵਾਸ਼ ਹੀ ਨਹੀਂ ਕਰਦਾ, ਕਿਉਂਕਿ, ਇਸ ਦੇ ਉਹ ਖਿੜਾਉ ਦੇਖਣ ਵਿਚ ਨਹੀਂ ਆਉਂਦਾ, ਬਿਨਾ ਦੇਖਣ ਤੋਂ ਇਸਦਾ ਨਿਸਚਾ ਨਹੀਂ ਬੱਝਦਾ, ਦਸੋ, ਇਸਨੂੰ ਕਿਵੇਂ ਸਮਝਾਇਆ ਜਾਵੇ ?

1. **ਉ**:—ਹੇ ਭਾਈ ! ਇਸ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਇਆ ਕਰ ਕਿ, ਹੇ ਮਨਾ ! ਵੇਖ, ਤੇਰੇ ਅੰਦਰ ਫੁੱਲ ਹੀ ਫੁੱਲ ਖਿੜੇ ਹੋਏ ਹਨ, ਭਾਵ ਤੇਰੇ ਅੰਦਰ ਹੀ ਆਤਮਕ ਖਿੜਾਉ ਹੈ ।

ਪ੍ਰ:—ਸ੍ਰੀ ਜੀਉ ! ਕੇਵਲ ਇਤਨਾ ਹੀ ਕਹਿਣ ਨਾਲ ਮਨ ਦੀ ਤਸੱਲੀ ਨਹੀਂ ਹੁੰਦੀ, ਉਹ ਤਾਂ ਵੇਖਣ ਨਾਲ ਹੀ ਨਿਸਚਾ ਕਰਨਾ ਚਾਹੁੰਦਾ ਹੈ, ਦਸੋ, ਮੈਂ ਉਸ ਨੂੰ ਨਿਸਚਾ ਕਿਵੇਂ ਕਰਾਵਾਂ ?

2. **ਉ**:—ਹੇ ਪਿਆਰੇ ! ਸੁਣ, ਉਸ ਬੇ-ਵਿਸ਼ਵਾਸ਼ੇ ਮਨ ਨੂੰ ਇਉਂ ਸਮਝਾ ਕਿ, ਹੇ ਮੇਰੇ ਮਨਾ ! ਜੇ ਤੂੰ ਉਸ ਖਿੜਾਉ ਨੂੰ ਵੇਖਣਾ ਹੀ ਚਾਹੁੰਦਾ ਹੈਂ ਤਾਂ ਤੂੰ ਆਪਣੇ ਅੰਦਰੋਂ ਹਉਮੈਂ (ਨੂੰ) ਦੂਰ ਕਰ, ਹਉਮੈਂ ਦੂਰ ਕਰ (ਦੇ) (ਬੱਸ, ਫਿਰ ਤੇਰੇ ਅੰਦਰ ਤੈਨੂੰ ਖਿੜਾਉ ਹੀ ਖਿੜਾਉ, ਪ੍ਰਕਾਸ਼ ਹੀ ਪ੍ਰਕਾਸ਼ ਦਿਸੇਗਾ) ।
3. ਹੇ ਮੇਰੇ ਮਨ ! ਪ੍ਰਭੂ ਦੇ ਚਰਨਾਂ ਕਮਲਾਂ ਨਾਲ ਚੰਬੜਿਆ ਰਹੁ ।
4. ਹੇ ਭਾਗਾਂ ਵਾਲੇ ਮਨ ! ਤੂੰ, ਸੋਹਣੇ ਪ੍ਰਭੂ ਨਾਲ (ਹੀ) ਜੁੜਿਆ ਰਹੁ ।
5. ਹੇ ਮੇਰੇ ਮਨ ! (ਤੂੰ) ਪ੍ਰਮਾਤਮਾਂ ਨੂੰ (ਹੀ) ਯਾਦ ਕਰਦਾ ਰਹੁ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਇਹ ਸਾਡਾ ਮਨ ਸੰਗਤ ਕਰਦਾ ਹੋਇਆ ਭੀ ਕਿਉਂ ਸੁੱਕਾ ਹੋਇਆ ਹੈ । ਭਾਵ, ਹੈ ਕਿ ਅਸ਼ਰਧਕ ਕਿਉਂ ਰਹਿੰਦਾ ਹੈ ?

6.7.8.9 **ਉ**:—ਹੇ ਭਾਈਓ ! ਵੇਖੋ, ਜਦੋਂ ਬਸੰਤ ਦਾ ਸਮਾਂ ਆਉਂਦਾ ਹੈ (ਤਦੋਂ ਰੁੱਖ ਤਰਾਵਤ ਨਾਲ) ਸੰਘਣੀ ਛਾਂ ਵਾਲੇ, ਸੁਗੰਧੀ ਵਾਲੇ ਅਤੇ ਨਰਮ ਹੋ ਜਾਂਦੇ ਹਨ, ਪਰ ਕਈ ਰੁੱਖ ਐਸੇ ਹੁੰਦੇ ਹਨ ਜੋ (ਬਸੰਤ ਆਉਣ ਤੇ ਭੀ)

ਸੁਕੇ ਰਹਿੰਦੇ ਹਨ ਅਤੇ ਸੁਕੇ ਕਾਠ ਵਰਗੇ ਕਰੜੇ ਰਹਿੰਦੇ ਹਨ, ਇਸੇ ਤਰ੍ਹਾਂ, ਹੇ ਭਾਈ ! ਭਾਵੇਂ ਆਤਮਕ ਜੀਵਨ ਦਾ ਖਿੜਾਉ ਪ੍ਰਾਪਤ ਕਰ ਸਕਣ ਵਾਲੀ ਮਨੁੱਖਾ ਜੀਵਨ ਦੀ ਰੁੱਤ ਸਭ ਤੇ ਹੀ ਆਈ ਹੋਈ ਹੈ, ਫਿਰ ਭੀ ਜਿਹੜਾ ਭਾਗਾਂ ਵਾਲਾ ਮਨੁੱਖ ਹਰਿ ਨਾਮ ਜਪਦਾ ਹੈ, ਉਹੀ ਖਿੜਿਆ ਰਹਿ ਸਕਦਾ ਹੈ ।੧।

ਪ੍ਰ:—ਗੁਰਦੇਵ ਜੀਉ ! ਤਾਂ ਫਿਰ ਦਸੋ, ਹੁਣ ਮੈਨੂੰ ਕੀ ਸਾਧਨ ਕਰਨਾ ਚਾਹੀਦਾ ਹੈ ?

10. ਉ:—ਹੇ ਭਾਈ ! ਹੁਣ ਤੈਨੂੰ ਮਨੁੱਖ ਜਨਮ ਮਿਲਣ ਤੇ (ਨਾਮ ਬੀਜਣ ਦਾ) ਇਹ ਸਮਾਂ ਮਿਲਿਆ ਹੈ ।

11. (ਇਸ ਲਈ) ਹੇ ਭਾਈ ! ਤੂੰ (ਆਪਣੀ ਹਿਰਦੇ ਦੀ ਪੈਲੀ ਵਿਚ) ਸਿਰਫ ਹਰਿ ਨਾਮ ਬੀਜ, ਸਿਰਫ ਹਰਿ ਨਾਮ (ਹੀ) ਬੀਜ ।

12. ਹੇ ਪਿਆਰੇ ! (ਕਿਉਂਕਿ) (ਮਨੁੱਖਾ ਜੀਵਨ ਤੋਂ ਬਿਨਾ) ਕਿਸੇ ਹੋਰ ਜਨਮ ਵਿਚ ਪ੍ਰਮਾਤਮਾਂ ਦਾ ਨਾਮ ਨਹੀਂ ਬੀਜਿਆ ਜਾ ਸਕੇਗਾ, ਨਹੀਂ ਬੀਜਿਆ ਜਾ ਸਕੇਗਾ ।

13. ਸੋ, ਹੇ ਪਿਆਰੇ ! ਤੂੰ ਆਪਣੇ ਮਨ ਨੂੰ ਇਉਂ ਹੀ ਸਮਝਾਉਂਦਾ ਰਿਹਾ ਕਰ ਕਿ, ਹੇ ਮੇਰੇ ਮਨ ! ਵੇਖੀਂ, (ਮਾਇਆ ਦੀ) ਭੱਜ ਦੌੜ ਵਿਚ ਪੈ ਕੇ ਕਿਤੇ ਕੁਰਾਹੇ ਨਾ ਪੈ ਜਾਈਂ ।

14. ਹੇ ਮਨ ! (ਇਹ ਮਨੁੱਖਾ ਜਨਮ ਹੀ) ਨਾਮ ਬੀਜਣ ਦਾ ਸਮਾਂ ਹੈ, ਪਰ, ਹੇ ਮਨ ! ਗੁਰੂ ਨੂੰ ਮਿਲ ਕੇ ਹੀ ਹਰਿ ਨਾਮ ਪ੍ਰਾਪਤ ਕੀਤਾ ਜਾ ਸਕਦਾ ਹੈ ।

15. ਹੇ ਭਾਈ ! ਜਿਸ ਮਨੁੱਖ ਦੇ ਮੱਥੇ ਉਤੇ (ਧੁਰੋਂ ਨਾਮ ਦੀ ਪ੍ਰਾਪਤੀ ਦਾ) ਲੇਖ ਉਘੜਦਾ ਹੈ (ਉਸੇ ਨੂੰ ਹੀ ਪ੍ਰਾਪਤ ਹੋ ਸਕਦਾ ਹੈ) ।

16. ਹੇ ਮਨਾ ! ਇਹੋ ਹੀ ਮਨੁੱਖਾ ਜਨਮ ਦਾ ਸਮਾਂ ਨਾਮ ਬੀਜਣ ਦੀ ਰੁੱਤ ਹੈ।

17. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਚੰਗੇ ਲੇਖਾਂ ਦੀ ਬਰਕਤ ਨਾਲ ਹੀ) ਮਨੁੱਖ ਸਦਾ ਪ੍ਰਮਾਤਮਾਂ ਦੇ ਗੁਣ ਉਚਾਰਦਾ ਹੈ ।੨।੧੮।

ਭਾਵਾਰਥ :—ਇਹ ਮਨੁੱਖਾ ਜਨਮ ਦਾ ਸਮਾਂ ਕਲਜੁਗ ਵਿਚ ਕੇਵਲ ਨਾਮ ਬੀਜਣ ਦਾ ਹੀ ਹੈ । ਕਈ ਭਾਗਾਂ ਵਾਲੇ ਹਉਮੈਂ ਨੂੰ ਤਿਆਗ ਕੇ ਆਪਣੇ ਅੰਦਰ ਹੀ ਨਾਮ ਨੂੰ ਪ੍ਰਫੁਲਤ ਕਰ ਲੈਂਦੇ ਹਨ ਅਤੇ ਕਈ ਭਰਮ ਵਿਚ ਭੁਲੇ ਹੋਏ ਨਾਮ ਤੋਂ ਸਖਣੇ ਸੁਕੇ ਕਠੋਰ ਹੀ ਰਹਿੰਦੇ ਹਨ, ਕਿਉਂਕਿ, ਉਹ ਇਸ ਸਮੇਂ ਵਿਚ ਭੀ ਪੁਰਾਤਨ ਜਪ ਤਪ, ਕਰਮ ਧਰਮ ਕਰਦੇ ਹੋਏ ਆਪਣੇ ਇਸ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਹੀ ਗਵਾ ਜਾਂਦੇ ਹਨ ।

ਬਸੰਤੁ ਮਹਲਾ ੫ ਘਰੁ ੨ ਹਿੰਡੋਲ

੧ ਓ ਸਤਿਗੁਰ ਪ੍ਰਸਾਦਿ ॥

1. ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
2. ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
3. ਇਨ੍ ਬਿਧਿ ਪਾਸਾ ਢਾਲਹੁ ਬੀਰ ॥
4. ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥
5. ਕਰਮ ਧਰਮ ਤੁਮ੍ ਚਉਪੜਿ ਸਾਜਹੁ
ਸਤੁ ਕਰਹੁ ਤੁਮ੍ ਸਾਰੀ ॥
6. ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ॥੨॥
7. ਉਠਿ ਇਸਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ ॥
8. ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ ॥੩॥
9. ਹਰਿ ਆਪੇ ਖੇਲੈ ਆਪੇ ਦੇਖੈ
ਹਰਿ ਆਪੇ ਰਚਨੁ ਰਚਾਇਆ ॥
10. ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ
ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥

ਪਦ ਅਰਥ :—ਹੋਇ—ਇਕਤ੍ਰ—(ਸਾਧ ਸੰਗਤ ਵਿਚ) ਇਕੱਠੇ ਹੋ ਕੇ। ਭਾਈ—ਹੇ ਭਾਈ । ਦੁਬਿਧਾ—ਮੇਰ ਤੇਰ, ਵਿਤਕਰੇ। ਲਿਵ ਲਾਇ—(ਪ੍ਰਭੂ ਚਰਨਾਂ ਵਿਚ)ਸੁਰਤੀ ਜੋੜਕੇ। ਜੋੜੀ—ਜੋਟੀਦਾਰ, ਸਾਥੀ । ਹੋਵਹੁ ਜੋੜੀ—ਸਾਥੀ ਬਣੋ । ਹਰਿ ਨਾਮੈ ਕੇ ਜੋੜੀ—ਹਰਿ ਨਾਮ ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ। ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸ਼ਰਨ ਪੈ ਕੇ । ਸਫਾ ਵਿਛਾਇ—ਸਫਾ ਵਿਛਾ ਕੇ, ਚੌਪੜ ਵਾਲਾ ਕੱਪੜਾ ਵਿਛਾ ਕੇ। ਗੁਰਮੁਖਿ ਸਫਾ ਵਿਛਾਇ—ਗੁਰੂ ਦੀ ਸ਼ਰਨ ਪਏ ਰਹਿਣਾ, ਇਹ ਕੱਪੜਾ ਵਿਛਾ ਕੇ । ਬੈਸਹੁ—ਬੈਠੋ ।੧।

ਇਨ ਬਿਧਿ—ਇਸ ਤਰੀਕੇ ਨਾਲ । ਪਾਸਾ ਢਾਲਹੁ—ਪਾਸਾ ਸੁਟੋ। ਅੰਤ ਕਾਲਿ—ਅਖੀਰਲੇ ਵਕਤ। ਪੀਰ—ਪੀੜ ।੧। ਰਹਾਉ ।

ਕਰਮ ਧਰਮ—ਧਰਮ ਦੇ ਕਰਮ, ਨੇਕ ਕੰਮ। ਸਾਜਹੁ—ਬਣਾਓ। ਸਤੁ—ਉਚਾ ਆਚਰਨ। ਸਾਰੀ—ਨਰਦ। ਐਸੀ—ਅਜਿਹੀ ।੨।

ਉਠਿ-ਉੱਠ ਕੇ । ਪਰਭਾਤੇ-ਅੰਮ੍ਰਿਤ ਵੇਲੇ । ਇਸਨਾਨੁ—ਹਰਿ ਨਾਮ ਵਿਚ ਆਤਮਕ ਇਸ਼ਨਾਨ। ਸੋਏ—ਸੁਤੇ ਹੋਏ ਭੀ। ਬਿਖੜੇ—ਔਖੇ। ਲੰਘਾਵੈ-ਪਾਰ ਲਘਾਂਦਾ ਹੈ,

ਜਿਤਾਂਦਾ ਹੈ। ਸਹਜ–ਆਤਮਕ ਅਡੋਲਤਾ। ਸੇਤੀ–ਨਾਲ। ਘਰਿ–ਸ੍ਵੈ ਸਰੂਪ ਵਿਚ, ਪ੍ਰਭੂ ਚਰਨਾਂ ਵਿਚ ।੩।

ਆਪੇ–ਆਪ ਹੀ। ਖੇਲੈ–ਜਗਤ ਖੇਡ ਖੇਡਦਾ ਹੈ। ਰਚਨ ਰਚਾਇਆ–ਰਚਨਾਂ ਰਚੀ ਹੈ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਜਿਣਿ–ਜਿੱਤ ਕੇ ।੪।

ਅਰਥ :–

ਪ੍ਰ:–ਸ੍ਰੀ ਗੁਰਦੇਵ ਜੀਉ! ਕ੍ਰਿਪਾ ਕਰਕੇ ਸਾਨੂੰ ਸਾਡੇ ਕਲਿਆਣ ਕਰਨ ਵਾਲਾ ਕੋਈ ਹਿਤੋ ਮਈ ਉਪਦੇਸ਼ ਦਿਓ ?

1. **ਉ:**–ਹੇ ਮੇਰੇ ਵੀਰੋ! ਤੁਸੀਂ ਇਕੱਠੇ ਹੋ ਕੇ ਸਾਧ ਸੰਗਤ ਵਿਚ ਬੈਠਿਆ ਕਰੋ।

ਪ੍ਰ:–ਕਿਉਂ ਜੀ! ਉਥੇ ਸਾਧਨ ਕੀ ਕਰਨਾ ਪਵੇਗਾ ?

ਉ:–ਹੇ ਭਾਈ! ਉਥੇ ਪ੍ਰਭੂ ਚਰਨਾਂ ਵਿਚ ਸੁਰਤਿ ਜੋੜ ਕੇ (ਆਪਣੇ ਮਨ ਵਿਚੋਂ) ਮੇਰ ਤੇਰ ਮਿਟਾਇਆ ਕਰੋ।

2. ਹੇ ਪਿਆਰੇ! ਗੁਰੂ ਦੀ ਸ਼ਰਨ ਪਏ ਰਹਿਣਾ, ਇਹ ਚੌਪੜ ਦਾ ਕੱਪੜਾ ਵਿਛਾ ਕੇ ਮਨ ਨੂੰ ਟਿਕਾਇਆ ਕਰੋ, (ਅਤੇ ਸਾਧ ਸੰਗਤ ਵਿਚ) ਹਰਿ ਨਾਮ ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ ਬਣਿਆ ਕਰੋ ।੧।

3. ਹੇ ਵੀਰ ਜੀ! ਇਸ ਤਰ੍ਹਾਂ, (ਇਸ ਜੀਵਨ ਖੇਡ ਵਿਚ) ਦਾਅ ਚਲਾਵੋ, (ਭਾਵ, ਪਾਸਾ ਸੁਟੋ)।

ਪ੍ਰ:–ਕਿਉਂ ਜੀ! ਇਸ ਖੇਡ ਖੇਡਣ ਦਾ ਆਖਰ ਫਲ ਕੀ ਮਿਲੇਗਾ ?

4. **ਉ:**–ਹੇ ਭਾਈ! (ਜੇ ਇਸ ਤਰ੍ਹਾਂ, ਇਹ ਖੇਡ ਖੇਡਦੇ ਰਹੋਗੇ ਤਾਂ) ਜ਼ਿੰਦਗੀ ਦੇ ਅਖੀਰਲੇ ਸਮੇਂ (ਜਮਾਂ ਦਾ) ਦੁੱਖ ਨਹੀਂ ਲਗੇਗਾ ।੧। ਰਹਾਉ।

ਪ੍ਰ:–ਸ੍ਰੀ ਜੀਉ! ਇਸ ਅੰਤਰੀਵ ਖੇਡ ਵਿਚ ਚੌਪੜ ਕਿਹੜੀ ਹੈ ਅਤੇ ਨਰਦ ਕਿਹੜੀ ਬਣਾਈ ਜਾਂਦੀ ਹੈ ?

5. **ਉ:**–ਹੇ ਭਰਾਵੋ! ਨੇਕ ਕੰਮ ਕਰਨ ਨੂੰ ਤੁਸੀਂ ਚੌਪੜ ਦੀ ਖੇਡ ਬਣਾਵੋ ਅਤੇ ਉਚੇ ਆਚਰਨ ਨੂੰ ਨਰਦ ਬਣਾਵੋ।

ਪ੍ਰ:–ਸ੍ਰੀ ਜੀਉ! ਜਦੋਂ ਅਸੀਂ ਨੇਕ ਕਰਮ ਕਰਨ ਦੀ ਚੌਪੜ ਵਿਚ ਉਚੇ ਆਚਰਨ ਦੀ ਨਰਦ ਬਣਾ ਕੇ ਇਹ ਖੇਡ ਖੇਡਾਂਗੇ ਤਾਂ ਇਸ ਦਾ ਫਲ ਕੀ ਹਾਸਲ ਹੋਵੇਗਾ ?

6. **ਉ:**–ਹੇ ਵੀਰੋ! ਇਸ ਨਰਦ ਦੀ ਬਰਕਤ ਨਾਲ ਤੁਸੀਂ (ਆਪਣੇ ਅੰਦਰੋਂ) ਕਾਮ ਨੂੰ, ਕ੍ਰੋਧ ਨੂੰ, ਲੋਭ ਨੂੰ ਅਤੇ ਮੋਹ ਨੂੰ ਵੱਸ ਵਿਚ ਕਰੋ, ਹੇ ਵੀਰ! ਇਹੋ ਜਿਹੀ ਖੇਡ ਪ੍ਰਮਾਤਮਾਂ ਨੂੰ ਪਿਆਰੀ ਲਗਦੀ ਹੈ (ਪਸੰਦ ਆਉਂਦੀ ਹੈ) ।੨।

ਪ੍ਰ:–ਸ੍ਰੀ ਜੀਉ! ਦਸੋ, ਹੋਰ ਕੀ ਕਰਨਾ ਪਵੇਗਾ ?

7. **ਉ:**–ਹੇ ਮੇਰੇ ਵੀਰ! ਅੰਮ੍ਰਿਤ ਵੇਲੇ ਉਠ ਕੇ (ਨਾਮ ਜਲ ਵਿਚ) ਚੁੱਭੀ ਲਾਇਆ ਕਰੋ ਅਤੇ ਸੁੱਤੇ ਹੋਏ ਭੀ ਪ੍ਰਮਾਤਮਾਂ ਦੇ ਅਰਾਧਨ ਵਿਚ ਜੁੜੇ ਰਹੋ।

ਪ੍ਰ:–ਸ੍ਰੀ ਜੀਉ! ਆਖਰ, ਇਉਂ ਕਰਦੇ ਰਹਿਣ ਨਾਲ ਫਲ ਕੀ ਮਿਲੇਗਾ ?

8. **ਉ:**–ਹੇ ਭਾਈ! ਜਿਹੜੇ ਮਨੁੱਖ ਇਹ ਉੱਦਮ ਕਰਦੇ ਹਨ ਉਨ੍ਹਾਂ ਨੂੰ ਪਿਆਰਾ ਗੁਰੂ (ਕਾਮਾਦਿਕਾਂ ਦੇ ਟਾਕਰੇ ਤੇ) ਔਖੇ ਦਾਅ ਤੋਂ ਕਾਮਯਾਬ ਕਰ ਦੇਂਦਾ ਹੈ, ਉਹ ਮਨੁੱਖ ਆਤਮਕ ਅਡੋਲਤਾ ਦੇ ਸੁਖ ਅਨੰਦ ਨਾਲ ਪ੍ਰਭੂ ਚਰਨਾਂ ਵਿਚ ਟਿਕੇ ਰਹਿੰਦੇ ਹਨ ।੩।

ਪ੍ਰ:–ਸ੍ਰੀ ਜੀਉ! ਅਜਿਹੇ ਮਨੁੱਖ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ?

9. **ਉ:**–ਹੇ ਵੀਰ! ਉਸ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ ਕਿ, ਪ੍ਰਮਾਤਮਾਂ ਆਪ ਹੀ ਜਗਤ ਖੇਡ ਖੇਡਦਾ ਹੈ,ਆਪ ਹੀ ਇਹ ਖੇਡ ਵੇਖਦਾ ਹੈ ਅਤੇ ਪ੍ਰਭੂ ਨੇ ਆਪ ਹੀ ਰਚਨਾਂ ਰਚੀ ਹੋਈ ਹੈ।

10. ਕਥਨ ਕਰਦੇ ਹਨ ਦਾਸ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਥੇ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਕਾਮਾਦਿਕਾਂ ਦੇ ਟਾਕਰੇ ਤੇ ਜੀਵਨ ਖੇਡ ਖੇਡਦਾ ਹੈ, ਉਹ ਇਹ ਬਾਜੀ ਜਿਤ ਕੇ ਪ੍ਰਭੂ ਦਰ ਤੇ ਪਹੁੰਚਦਾ ਹੈ।੪।੧।੧੯।

ਭਾਵਾਰਥ :–ਇਸ ਸ਼ਬਦ ਵਿਚ ਸਤਿਗੁਰੂ ਜੀ ਸੰਸਾਰ ਨੂੰ ਚੌਪੜਦੀ ਖੇਡ ਨਾਲ ਤਸਬੀਹ ਦੇ ਕੇ ਸਮਝਾਂਦੇ ਹਨ ਕਿ ਇਹ ਖੇਡ ਤਾਂ ਅਉਖੀ ਹੈ, ਪਰ ਜੇ ਗੁਰੂ ਦੁਆਰਾ ਸਤਿ ਸੰਗਤ ਵਿਚ ਵਾਸਾ ਕਰ ਲਿਆ ਜਾਵੇ ਤਾਂ ਜ਼ਿੰਦਗੀ ਦੇ ਦਾਉ ਪੇਚਾਂ ਵਿਚੋਂ ਲੰਘ ਕੇ ਬਾਜੀ ਜਿੱਤ ਸਕਦੇ ਹਾਂ।

ਬਸੰਤੁ ਮਹਲਾ ੫ ਹਿੰਡੋਲ ॥

1. ਤੇਰੀ ਕੁਦਰਤਿ ਤੂਹੈ ਜਾਣਹਿ
ਅਉਰੁ ਨ ਦੂਜਾ ਜਾਣੈ ॥
2. ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ
ਸੋਈ ਤੁਝੈ ਪਛਾਣੈ ॥੧॥
3. ਤੇਰਿਆ ਭਗਤਾ ਕਉ ਬਲਿਹਾਰਾ ॥
4. ਥਾਨੁ ਸੁਹਾਵਾ ਸਦਾ ਪ੍ਰਭ ਤੇਰਾ
ਰੰਗ ਤੇਰੇ ਆਪਾਰਾ ॥੧॥ ਰਹਾਉ ॥
5. ਤੇਰੀ ਸੇਵਾ ਤੁਝ ਤੇ ਹੋਵੈ
ਅਉਰੁ ਨ ਦੂਜਾ ਕਰਤਾ ॥
6. ਭਗਤੁ ਤੇਰਾ ਸੋਈ ਤੁਧੁ ਭਾਵੈ
ਜਿਸ ਨੋ ਤੂ ਰੰਗੁ ਧਰਤਾ ॥੨॥
7. ਤੂ ਵਡ ਦਾਤਾ ਤੂ ਵਡ ਦਾਨਾ
ਅਉਰੁ ਨਹੀ ਕੋ ਦੂਜਾ ॥
8. ਤੂ ਸਮਰਥੁ ਸੁਆਮੀ ਮੇਰਾ
ਹਉ ਕਿਆ ਜਾਣਾ ਤੇਰੀ ਪੂਜਾ ॥੩॥
9. ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ
ਬਿਖਮੁ ਤੇਰਾ ਹੈ ਭਾਣਾ ॥
10. ਕਹੁ ਨਾਨਕ ਢਹਿ ਪਇਆ ਦੁਆਰੈ
ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥

ਪਦ ਅਰਥ :—ਤੂਹੈ—ਤੂੰ ਹੀ । ਜਾਣਹਿ—(ਤੂੰ) ਜਾਣਦਾ ਹੈਂ । ਜਾਣੈ—ਜਾਣਦਾ ਹੈ । ਕਰਹਿ—(ਤੂੰ) ਕਰਦਾ ਹੈਂ । ਸੋਈ—ਉਹੀ ਮਨੁੱਖ ।੧।

ਕਉ—ਨੂੰ, ਤੋਂ । ਬਲਿਹਾਰਾ—ਸਦਕੇ । ਸੁਹਾਵਾ—ਸੋਹਣਾ । ਪ੍ਰਭ—ਹੇ ਪ੍ਰਭੂ । ਰੰਗ—ਚੋਜ ਤਮਾਸ਼ੇ । ਅਪਾਰਾ—ਬੇਅੰਤ ।੧। ਰਹਾਉ ।

ਸੇਵਾ—ਭਗਤੀ । ਤੁਝ ਤੇ—ਤੈਥੋਂ, ਤੇਰੀ ਪ੍ਰੇਰਨਾ ਨਾਲ । ਤੁਧੁ ਭਾਵੈ—(ਜਿਹੜਾ) ਤੈਨੂੰ ਪਿਆਰਾ ਲਗਦਾ ਹੈ । ਰੰਗੁ—ਪ੍ਰੇਮ ਰੰਗ ।੨।

ਦਾਨਾ—ਸਿਆਣਾ । ਕੋ—ਕੋਈ । ਸਮਰਥੁ—ਸਭ ਤਾਕਤਾਂ ਦਾ ਮਾਲਕ । ਕਿਆ ਜਾਨਾ—ਮੈਂ ਕੀ ਜਾਣਦਾ ਹਾਂ ? ।੩।

ਮਹਲੁ—ਟਿਕਾਣਾ । ਅਗੋਚਰੁ—(ਅ-ਗੋ-ਚਰ । ਗੋ—ਗਿਆਨ ਇੰਦ੍ਰੇ) ਜੀਵਾਂ ਦੇ ਗਿਆਨ ਇੰਦ੍ਰਿਆਂ ਤੋਂ ਪਰੇ । ਬਿਖਮੁ—ਔਖਾ । ਭਾਣਾ—ਰਜ਼ਾ । ਦੁਆਰੈ—(ਤੇਰੇ) ਦਰ ਤੇ । ਮੁਗਧ—ਮੂਰਖ । ਅਜਾਣਾ—ਅੰਞਾਣ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਜਦੋਂ ਆਪ ਜੀ ਉਸ ਪ੍ਰਮੇਸ਼ਰ ਨੂੰ ਬੇਅੰਤ ਤੇ ਅਪਾਰ ਰੂਪ ਕਹਿ ਰਹੇ ਹੋ ਤਾਂ ਦਸੋ ਉਸ ਦੀ ਮਹਿਮਾਂ ਕਿਸ ਰੂਪ ਵਿਚ ਵਰਣਨ ਕਰਨੀ ਯੋਗ ਹੈ ?

1. **ਉ**:—ਹੇ ਭਾਈ ! ਉਸ ਦੀ ਪੂਰਨ ਮਹਿਮਾਂ ਤਾਂ ਨਹੀਂ ਕਥਨ ਕੀਤੀ ਜਾ ਸਕਦੀ, ਪਰ, ਇਉਂ ਹੀ ਕਹਿ ਸਕਦੇ ਹਾਂ ਕਿ ਹੇ ਪ੍ਰਭੂ ! ਤੇਰੀ ਕੁਦਰਤਿ (ਤਾਕਤ) ਤੂੰ ਆਪ ਹੀ ਜਾਣਦਾ ਹੈਂ, ਕੋਈ ਹੋਰ (ਤੇਰੀ ਸਮਰੱਥਾ ਨੂੰ) ਨਹੀਂ ਸਮਝ ਸਕਦਾ ।
2. ਹੇ ਮੇਰੇ ਪਿਆਰੇ ਪ੍ਰਭੂ ! ਜਿਸ ਮਨੁੱਖ ਉਤੇ ਤੂੰ (ਆਪ) ਮਿਹਰ ਕਰਦਾ ਹੈਂ, ਉਹੀ ਤੇਰੇ ਨਾਲ ਸਾਂਝ ਪਾਂਦਾ ਹੈ ।੧।
3. ਹੇ ਪ੍ਰਭੂ ! ਮੈਂ ਤੇਰੇ ਭਗਤਾਂ ਤੋਂ ਸਦਕੇ ਜਾਂਦਾ ਹਾਂ ।
4. ਹੇ ਪ੍ਰਭੂ ਜੀ ! ਉਨ੍ਹਾਂ ਦੀ ਹੀ ਕ੍ਰਿਪਾ ਨਾਲ ਤੇਰੇ ਦਰ ਤੇ ਪਹੁੰਚਿਆ ਜਾ ਸਕਦਾ ਹੈ, ਹੇ ਸਾਈਆਂ ਜੀਉ ! ਜਿਥੇ ਤੂੰ ਵਸਦਾ ਹੈਂ, ਉਹ ਥਾਂ ਸਦਾ (ਹੀ) ਸੋਹਣਾ ਹੈ ਅਤੇ ਬੇਅੰਤ ਹਨ ਤੇਰੇ ਚੋਜ ਤਮਾਸ਼ੇ ।੧। ਰਹਾਉ ।
5. ਹੇ ਪ੍ਰਭੂ ਜੀਉ ! ਤੇਰੀ ਭਗਤੀ ਤੇਰੀ ਪ੍ਰੇਰਨਾ ਨਾਲ ਹੀ ਹੋ ਸਕਦੀ ਹੈ, (ਤੇਰੀ ਪ੍ਰੇਰਨਾ ਤੋਂ ਬਿਨਾ) ਕੋਈ ਭੀ ਹੋਰ ਪ੍ਰਾਣੀ ਤੇਰੀ ਭਗਤੀ ਨਹੀਂ ਕਰ ਸਕਦਾ ।
6. ਹੇ ਸਾਈਆਂ ਜੀਉ ! ਤੇਰਾ ਭਗਤ (ਭੀ) ਉਹੀ ਮਨੁੱਖ (ਬਣਦਾ ਹੈ) ਜਿਹੜਾ ਤੈਨੂੰ ਪਿਆਰਾ ਲਗਦਾ ਹੈ ਜਿਸ (ਦੇ ਮਨ) ਨੂੰ ਤੂੰ (ਆਪਣੇ ਪਿਆਰ ਦਾ) ਰੰਗ ਚਾੜ੍ਹਦਾ ਹੈਂ ।੨।
7. ਹੇ ਪ੍ਰਭੂ ਜੀ ! ਤੂੰ (ਸਭ ਤੋਂ) ਵਡਾ ਦਾਤਾਰ ਹੈਂ, ਤੂੰ (ਸਭ ਤੋ) ਵਡਾ ਸਿਆਣਾ ਹੈਂ, (ਤੇਰੇ ਬਰਾਬਰ ਦਾ) ਕੋਈ ਹੋਰ ਦੂਜਾ ਨਹੀਂ ਹੈ ।
8. ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੂੰ ਮੇਰਾ ਖਸਮ ਹੈਂ, ਮੈਂ ਤੇਰੀ ਭਗਤੀ ਕਰਨੀ ਨਹੀਂ ਜਾਣਦਾ (ਤੂੰ ਆਪ ਹੀ ਮਿਹਰ ਕਰੇਂ ਤਾਂ ਕਰ ਸਕਦਾ ਹਾਂ) ।੩।
9. ਹੇ ਮੇਰੇ ਪ੍ਰਭੂ ਪਿਆਰੇ ! ਜਿਥੇ ਤੂੰ ਵਸਦਾ ਹੈਂ, ਉਹ ਟਿਕਾਣਾ ਅਸਾਂ ਜੀਵਾਂ ਦੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਤੇਰੀ ਰਜ਼ਾ ਵਿਚ ਤੁਰਨਾਂ (ਭੀ) ਬੜਾ ਅਉਖਾ ਕੰਮ ਹੈ ।

ਪ੍ਰ:—ਸ੍ਰੀ ਜੀਉ ! ਆਖਰ ਰਖਿਆ ਲਈ ਅਰਦਾਸ ਕਿਵੇਂ ਕੀਤੀ ਜਾਵੇ ?

10. **ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੈਂ ਤਾਂ ਇਉਂ ਹੀ ਅਰਦਾਸ ਕਰਦਾ ਹਾਂ ਕਿ; ਹੇ ਪ੍ਰਭੂ ਜੀਉ ! ਮੈਂ ਤੇਰੇ ਦਰ ਤੇ ਡਿੱਗ ਪਿਆ ਹਾਂ, ਮੈਨੂੰ ਮੂਰਖ ਨੂੰ, ਮੈਨੂੰ ਅੰਞਾਣ ਨੂੰ (ਤੂੰ ਆਪ ਹੀ ਹੱਥ ਦੇ ਕੇ) ਬਚਾ ਲੈ ।੪।੨।੨੦।

ਭਾਵਾਰਥ :—ਉਸ ਬੇਅੰਤ ਪ੍ਰਭੂ ਦੀ ਸੇਵਾ ਭਗਤੀ ਕਰਨ ਲਈ ਤਾਂ ਬਹੁਤ ਲੋਕ ਤਾਂਘ ਕਰਦੇ ਹਨ, ਪਰ, ਜਿਸ ਉਤੇ ਉਹ ਮਿਹਰਵਾਨ ਹੁੰਦਾ ਹੈ ਉਹੀ ਉਸ ਦੀ ਭਗਤੀ ਕਰ ਸਕਦਾ ਹੈ ।

ਬਸੰਤੁ ਹਿੰਡੋਲ ਮਹਲਾ ੫ ॥

1. ਮੂਲੁ ਨ ਬੂਝੈ ਆਪੁ ਨ ਸੂਝੈ
ਭਰਮਿ ਬਿਆਪੀ ਅਹੰ ਮਨੀ ॥੧॥
2. ਪਿਤਾ ਪਾਰਬ੍ਰਹਮ ਪ੍ਰਭ ਧਨੀ ॥
3. ਮੋਹਿ ਨਿਸਤਾਰਹੁ ਨਿਰਗੁਨੀ ॥੧॥ ਰਹਾਉ ॥
4. ਓਪਤਿ ਪਰਲਉ ਪ੍ਰਭ ਤੇ ਹੋਵੈ
ਇਹ ਬੀਚਾਰੀ ਹਰਿ ਜਨੀ ॥੨॥
5. ਨਾਮ ਪ੍ਰਭੂ ਕੇ ਜੋ ਰੰਗਿ ਰਾਤੇ
ਕਲਿ ਮਹਿ ਸੁਖੀਏ ਸੇ ਗਨੀ ॥੩॥
6. ਅਵਰੁ ਉਪਾਉ ਨ ਕੋਈ ਸੂਝੈ
ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥

ਪਦ ਅਰਥ :—ਮੂਲੁ—ਜਗਤ ਦਾ ਮੂਲ ਪ੍ਰਭੂ । ਆਪੁ—ਆਪਣਾ ਆਪ । ਭਰਮਿ—ਭਟਕਣਾ ਵਿਚ । ਬਿਆਪੀ—ਫਸੀ ਹੋਈ । ਅਹੰਮਨੀ—ਹਉਮੈਂ (ਦੇ ਕਾਰਨ) ।੧।

ਪ੍ਰਭ—ਹੇ ਪ੍ਰਭੂ । ਧਨੀ—ਮਾਲਕ । ਮੋਹਿ-ਮੈਨੂੰ । ਮੋਹਿ ਨਿਰਗੁਨੀ—ਮੈਨੂੰ ਗੁਣ ਹੀਣ ਨੂੰ ।੧। ਰਹਾਉ ।

ਓਪਤਿ—ਉਤਪਤੀ । ਪਰਲਉ—ਨਾਸ । ਤੇ—ਤੋਂ । ਹਰਿ ਜਨੀ—ਹਰੀ ਦੇ ਜਨਾਂ ਨੇ ।੨।

ਨਾਮ ਰੰਗਿ—ਨਾਮ ਦੇ ਪਿਆਰ ਵਿਚ । ਰਾਤੇ—ਰੰਗੇ ਹੋਏ । ਕਲਿ ਮਹਿ—ਮਨੁੱਖਾ ਜਨਮ ਵਿਚ ਜਿਥੇ ਬੇਅੰਤ ਵਿਕਾਰ

ਹੱਲੇ ਕਰਦੇ ਰਹਿੰਦੇ ਹਨ। ਸੇ—ਉਹ ਮਨੁੱਖ। ਗਨੀ—ਗਨੀਂ, ਮੈਂ ਗਿਣਦਾ ਹਾਂ।੩।

ਤਰੀਐ—ਪਾਰ ਲੰਘਿਆ ਜਾ ਸਕਦਾ ਹੈ। ਬਚਨੀ—ਬਚਨੀਂ, ਬਚਨਾਂ ਦੀ ਰਾਹੀਂ।੪।

ਅਰਥ :—

ਪ੍ਰ:—ਸ੍ਰੀ ਜੀਉ! ਇਹ ਜੀਵ ਨਾ ਜਗਤ ਦੇ ਮੂਲ ਪ੍ਰਭੂ ਨੂੰ ਅਨੁਭਵ ਕਰਦਾ ਹੈ ਅਤੇ ਨਾ ਹੀ ਇਸ ਨੂੰ ਆਪਣੇ ਆਪ ਦੀ ਹੀ ਕੋਈ ਸੋਝੀ ਹੈ, ਇਸ ਦਾ ਅਸਲ ਮੂਲ ਕਾਰਨ ਕੀ ਹੈ?

1. ਉ:—ਹੇ ਭਾਈਓ! ਇਹ ਜੋ ਜੀਵ ਇਸ ਜਗਤ ਦੇ ਮੂਲ ਕਾਰਨ ਪ੍ਰਭੂ ਨਾਲ ਸਾਂਝ ਨਹੀਂ ਪਾਂਦਾ ਅਤੇ ਨਾ ਹੀ ਆਪਣੇ ਆਪ ਨੂੰ ਹੀ ਸਮਝਦਾ ਹੈ (ਇਸ ਦਾ ਇਕੋ ਹੀ ਕਾਰਨ ਹੈ ਕਿ) ਹਉਮੈਂ ਦੇ ਕਾਰਨ (ਜੀਵ ਦੀ ਬੁਧੀ ਮਾਇਆ ਦੀ ਖਾਤਰ) ਦੌੜ ਭੱਜ ਵਿਚ ਫਸੀ ਰਹਿੰਦੀ ਹੈ।੧।

ਪ੍ਰ:—ਸ੍ਰੀ ਜੀਉ! ਆਖਰ, ਸੰਸਾਰ ਤੋਂ ਪਾਰ ਲੰਘਣ ਦਾ ਕੀ ਸਾਧਨ ਹੈ?

2. ਹੇ ਪਿਆਰੇ! ਕੇਵਲ ਇਕੋ ਹੀ ਸਾਧਨ ਹੈ, ਬੇਨਤੀ ਹੈ ਕਿ, ਹੇ ਮੇਰੇ ਪਿਤਾ ਪਾਰਬ੍ਰਹਮ! ਹੇ ਮੇਰੇ ਮਾਲਕ ਪ੍ਰਭੂ!

3. ਮੈਨੂੰ ਗੁਣ ਹੀਣ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈ।੧। ਰਹਾਉ।

ਪ੍ਰ:—ਗੁਰਦੇਵ ਜੀਉ! ਹਰੀ ਦੇ ਜਨਾਂ ਦੀ ਵਿਚਾਰ ਦ੍ਰਿਸ਼ਟੀ ਕਿਸ ਰੂਪ ਵਿਚ ਵਰਤਦੀ ਹੈ?

4. ਉ:—ਹੇ ਭਾਈਓ! ਸੰਤ ਜਨਾਂ ਨੇ ਤਾਂ ਇਹੋ ਹੀ ਵਿਚਾਰਿਆ ਹੈ ਕਿ ਜਗਤ ਦੀ ਉਤਪਤੀ ਤੇ ਜਗਤ ਦਾ ਨਾਸ ਪ੍ਰਮੇਸ਼ਰ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ।੨।

ਪ੍ਰ:—ਸ੍ਰੀ ਜੀਉ! ਆਪ ਜੀ, ਜਗਤ ਵਿਚ ਸੁਖੀ ਜੀਵਨ ਵਾਲੇ ਕਿਸ ਨੂੰ ਸਮਝਦੇ ਹੋ?

5. ਉ:—ਹੇ ਭਾਈ! ਅਸਲ ਵਿਚ ਤਾਂ ਜਿਹੜੇ ਮਨੁੱਖ ਪ੍ਰਮੇਸ਼ਰ ਦੇ ਨਾਮ ਦੇ ਪਿਆਰ ਰੰਗ ਵਿਚ ਰੰਗੇ ਰਹਿੰਦੇ ਹਨ, ਮੈਂ ਤਾਂ ਉਨ੍ਹਾਂ ਨੂੰ ਹੀ ਸੁਖੀ ਜੀਵਨ ਵਾਲੇ ਸਮਝਦਾ ਹਾਂ, (ਬਾਕੀ ਤਾਂ ਸਾਰੇ ਦੁਖੀ ਜੀਵਨ ਹੀ ਗੁਜ਼ਾਰਦੇ ਹਨ)।੩।

ਪ੍ਰ:—ਸ੍ਰੀ ਜੀਉ! ਸੰਸਾਰ ਤੋਂ ਪਾਰ ਹੋਣ ਦਾ ਕੋਈ ਸੁਖੈਨ ਢੰਗ ਦਸੋ?

6. ਉ:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਗੁਰੂ ਦੇ ਬਚਨਾਂ ਉਤੇ ਤੁਰ ਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ, ਹੋਰ ਕੋਈ (ਭੀ) ਹੀਲਾ ਨਹੀਂ ਸੁਝਦਾ (ਜਿਸ ਦੀ ਮਦਦ ਨਾਲ ਪਾਰ ਲੰਘਿਆ ਜਾ ਸਕੇ)।੪।੩।੩੧।

ਭਾਵਾਰਥ :—ਮਨੁੱਖ ਦੇ ਅੰਦਰ ਇਕ ਹਉਮੈਂ ਦਾ ਅਜਿਹਾ ਦੀਰਘ ਰੋਗ ਹੈ, ਜਿਸ ਦਾ ਗ੍ਰਿਸਿਆ ਹੋਇਆ ਆਪਣੀ ਵਿਤ ਤੇ ਹਰੀ ਦੀ ਵਡਿਆਈ ਨੂੰ ਨਹੀਂ ਸਮਝਦਾ, ਪਰ ਆਖਰ ਨੂੰ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਾ ਕੇਵਲ ਗੁਰੂ ਦੇ ਬਚਨਾਂ ਦੀ ਕਮਾਈ ਕਰਨ ਨਾਲ ਹੀ ਹੋ ਸਕਦਾ ਹੈ।

੧ ੴ ਸਤਿਗੁਰ ਪ੍ਰਸਾਦਿ ॥

ਰਾਗੁ ਬਸੰਤੁ ਹਿੰਡੋਲ ਮਹਲਾ ੯ ॥

1. **ਸਾਧੋ ਇਹੁ ਤਨੁ ਮਿਥਿਆ ਜਾਨਉ ॥**
2. **ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥**
3. **ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥**
4. **ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥**
5. **ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥**
6. **ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥**

ਪਦ ਅਰਥ :—ਨੋਟ:—ਇਹ ਸ਼ਬਦ 'ਬਸੰਤੁ' ਅਤੇ 'ਹਿੰਡੋਲ' ਦੋਹਾਂ ਮਿਲਵੇਂ ਰਾਗਾਂ ਵਿਚ ਗਾਏ ਜਾਣੇ ਹਨ।

ਸਾਧੋ—ਹੇ ਸੰਤ ਜਨੋ। ਮਿਥਿਆ—ਨਾਸਵੰਤ। ਤਨੁ—ਸਰੀਰ। ਜਾਨੋ—ਸਮਝੋ। ਯਾ ਭੀਤਰਿ—ਇਸ (ਸਰੀਰ) ਵਿਚ। ਬਸਤੁ ਹੈ—ਵੱਸਦਾ ਹੈ। ਸਾਚੋ—ਸਦਾ ਕਾਇਮ ਰਹਿਣ ਵਾਲਾ। ਤਾਹਿ—ਉਸ (ਪ੍ਰਮਾਤਮਾਂ) ਨੂੰ।੧। ਰਹਾਉ।

ਸੰਪਤਿ—ਧਨ। ਸੰਪਤਿ ਸੁਪਨੇ ਕੀ—ਉਹ ਧਨ ਜੋ ਮਨੁੱਖ ਕਈ ਵਾਰੀ ਸੁਪਨੇ ਵਿਚ ਲਭ ਲੈਂਦਾ ਹੈ। ਦੇਖਿ—ਵੇਖ ਕੇ। ਕਹਾ—ਕਿਥੇ? ਕਿਉਂ?। ਐਡਾਨੋ—ਆਕੜਦਾ ਹੈਂ, ਅਹੰਕਾਰ ਕਰਦਾ ਹੈਂ। ਸੰਗਿ ਤਿਹਾਰੈ—ਤੇਰੇ ਨਾਲ। ਚਾਲੈ—ਚਲਦਾ। ਤਾਹਿ—ਉਸ (ਧਨ) ਨਾਲ। ਲਪਟਾਨੋ—ਚੰਬੜਿਆ ਹੋਇਆ ਹੈਂ।੧।

ਉਸਤਤਿ—(ਮਨੁੱਖ ਦੀ) ਖੁਸ਼ਾਮਦ। ਨਿੰਦਾ—ਚੁਗਲੀ। ਪਰਹਰਿ—ਦੂਰ ਕਰ, ਛਡ ਦੇ। ਕੀਰਤਿ—ਸਿਫਤ ਸਲਾਹ। ਉਰਿ—ਹਿਰਦੇ ਵਿਚ। ਆਨੋ—ਲਿਆਓ, ਵਸਾਓ। ਪੂਰਨੁ—ਵਿਆਪਕ।੨।

ਅਰਥ :—

ਪ੍ਰ:—ਗੁਰਦੇਵ ਜੀਉ! ਅਸਾਂ ਕਲਜੁਗੀ ਜੀਵਾਂ ਦੀ ਮਨ ਬ੍ਰਿਤੀ ਅਜਿਹੀ ਕਮਜ਼ੋਰ ਹੈ, ਜੋ ਕਿ ਸੱਤ ਅਸੱਤ ਦਾ ਨਿਰਨਾ ਹੀ ਨਹੀਂ ਕਰ ਸਕਦੀ, ਸਗੋਂ ਇਸ ਸਰੀਰ ਨੂੰ ਹੀ ਸੱਤ ਸਮਝਕੇ ਇਸੇ ਦੀ ਪਾਲਨਾ ਪੋਸਨਾ ਵਿਚ ਲਗ ਰਹੀ ਹੈ, ਕ੍ਰਿਪਾ ਕਰਕੇ ਸਾਨੂੰ ਸੱਤ ਅਸੱਤ ਦਾ ਨਿਰਨਾ ਕਰਦੇ ਰਹਿਣ ਦੀ ਸੋਝੀ ਦਿਓ?

1.ਉ:–ਹੇ ਸੰਤ ਜਨੋ ! ਇਸ ਸਰੀਰ ਨੂੰ ਨਾਸਵੰਤ (ਹੀ) ਸਮਝੋ ।

ਪ੍ਰ:–ਸ੍ਰੀ ਜੀਉ ! ਇਸ ਸਰੀਰ ਨੂੰ ਨਾਸਵੰਤ ਸਮਝ ਕੇ, ਫਿਰ ਦਸੋ ਸੱਤ ਰੂਪ ਕਿਸ ਨੂੰ ਸਮਝਿਆ ਜਾਵੇ ?

2. ਉ:–ਹੇ ਸੰਤ ਜਨੋ ! ਇਸ ਸਰੀਰ ਵਿਚ ਜੋ ਪ੍ਰਮੇਸ਼ਰ ਵੱਸ ਰਿਹਾ ਹੈ, (ਸਿਰਫ) ਉਸੇ ਨੂੰ ਹੀ ਸਦਾ ਕਾਇਮ ਰਹਿਣ ਵਾਲਾ ਜਾਣੋ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਇਸ ਜਗਤ ਵਿਚ ਮਾਇਕੀ ਪਦਾਰਥਾਂ ਦੇ ਅਜਿਹੇ ਸੁੱਖ ਹਨ ਜੋ ਮਨੁੱਖ ਨੂੰ ਹਰ ਸਮੇਂ ਹੀ ਆਪਣੇ ਵਿਚ ਲੁਭਾਇਮਾਨ ਰਖਦੇ ਹਨ, ਦਸੋ, ਇਸ ਤੋਂ ਕਿਵੇਂ ਛੁਟਕਾਰਾ ਹੋ ਸਕਦਾ ਹੈ ?

3.ਉ:–ਹੇ ਸੰਤ ਜਨੋ ! ਇਹ ਜਗਤ (ਤਾਂ) ਉਸੇ ਹੀ ਧਨ ਸਮਾਨ ਹੈ, ਜਿਹੜਾ (ਕਦੀ) ਸੁਪਨੇ ਵਿਚ ਲਭ ਲਈਦਾ ਹੈ (ਤੇ ਜਾਗਦਿਆਂ ਹੀ ਖਤਮ ਹੋ ਜਾਂਦਾ ਹੈ) ਇਸ ਜਗਤ ਨੂੰ ਧਨ ਨੂੰ) ਵੇਖ ਕੇ ਕਿਉਂ ਅਹੰਕਾਰ ਕਰਦੇ ਹੋ ।

4. (ਕਿਉਂਕਿ) ਇਥੋਂ ਕੋਈ ਭੀ ਚੀਜ਼ (ਅੰਤ ਸਮੇਂ) ਤੇਰੇ ਨਾਲ ਨਹੀਂ ਜਾਣੀ, ਫਿਰ (ਦਸ) ਇਸ ਨਾਲ ਕਿਉਂ ਚੰਬੜਿਆ ਹੋਇਆ ਹੈਂ ? ।੧।

ਪ੍ਰ:–ਸ੍ਰੀ ਜੀਉ ! ਦਸੋ, ਮੇਰੇ ਤਿਆਗਣ ਜੋਗ ਤੇ ਗ੍ਰਹਿਣ ਕਰਨ ਜੋਗ ਕਿਹੜੀ ਸ਼ੈ ਹੈ ?

5.ਉ:–ਹੇ ਭਾਈ ! ਕਿਸੇ ਦੀ ਖੁਸ਼ਾਮਦ ਤੇ ਕਿਸੇ ਦੀ ਨਿੰਦਿਆ ਇਹ ਦੋਵੇਂ ਕੰਮ (ਹੀ) ਛਡ ਦੇ ਅਤੇ ਇਕ ਪ੍ਰਮਾਤਮਾਂ ਦੀ ਸਿਫਤ ਸਲਾਹ (ਆਪਣੇ) ਹਿਰਦੇ ਵਿਚ ਵਸਾਓ ।

6.ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਸਿਰਫ ਉਹ ਭਗਵਾਨ ਪੁਰਖ ਹੀ (ਸਲਾਹੁਣ ਜੋਗ ਹੈ ਜੋ) ਸਭ ਜੀਵਾਂ ਵਿਚ ਵਿਆਪਕ ਹੈ ।੨।੧।

ਭਾਵਾਰਥ :–ਇਸ ਸ਼ਬਦ ਵਿਚ ਹਜ਼ੂਰ ਵੈਰਾਗ ਮਈ ਉਪਦੇਸ਼ ਕਰਦੇ ਹਨ ਕਿ, ਹੇ ਭਾਈ ! ਸੰਸਾਰੀ ਪਦਾਰਥਾਂ ਦੇ ਲੋਭ ਨੂੰ ਛਡ ਕੇ ਅੰਦਰ ਵਸਦੇ ਹਰੀ ਵਿਚ ਹੀ ਲਗਨ ਲਾਉਣੀ ਚਾਹੀਦੀ ਹੈ ਜਿਸ ਦੀ ਬਰਕਤ ਨਾਲ ਸਦੀਵੀ ਸੁਖ ਹਾਸਲ ਹੁੰਦਾ ਹੈ ।

ਬਸੰਤੁ ਮਹਲਾ ੯ ॥

1. ਪਾਪੀ ਹੀਐ ਮੈ ਕਾਮੁ ਬਸਾਇ ॥
2. ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥੧॥ਰਹਾਉ॥
3. ਜੋਗੀ ਜੰਗਮ ਅਰੁ ਸੰਨਿਆਸ ॥
4. ਸਭ ਹੀ ਪਰਿ ਡਾਰੀ ਇਹ ਫਾਸ ॥੧॥
5. ਜਿਹਿ ਜਿਹਿ ਹਰਿ ਕੋ ਨਾਮੁ ਸਮ੍ਾਰਿ ॥
6. ਤੇ ਭਵ ਸਾਗਰ ਉਤਰੇ ਪਾਰਿ ॥੨॥
7. ਜਨ ਨਾਨਕ ਹਰਿ ਕੀ ਸਰਨਾਇ ॥
8. ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥

ਪਦ ਅਰਥ :–ਪਾਪੀ ਕਾਮੁ–ਪਾਪਾਂ ਵਿਚ ਫਸਾਣ ਵਾਲੀ ਕਾਮ ਵਾਸ਼ਨਾਂ । ਹੀਐ ਮਹਿ–(ਮਨੁੱਖ ਦੇ) ਹਿਰਦੇ ਵਿਚ । ਬਸਾਇ–ਟਿਕਿਆ ਰਹਿੰਦਾ ਹੈ । ਯਾ ਤੇ–ਇਸ ਕਾਰਨ । ਗਹਿਓ ਨ ਜਾਇ–ਫੜਿਆ ਨਹੀਂ ਜਾ ਸਕਦਾ ।੧। ਰਹਾਉ ।

ਜਿਹਿ–ਜਿਸ ਨੇ । ਜਿਹਿ ਜਿਹਿ–ਜਿਸ ਜਿਸ ਨੇ । ਸਮਾਰਿ–ਸੰਭਾਲਿਆ ਹੈ, ਹਿਰਦੇ ਵਿਚ ਵਸਾਇਆ ਹੈ । ਤੇ–ਉਹ ਮਨੁੱਖ । ਭਵ ਸਾਗਰ–ਸੰਸਾਰ ਸਮੁੰਦਰ । ਕੋ–ਦਾ ।੨।

ਦੀਜੈ–ਦੇਹ । ਰਹੈ ਗਾਇ–ਗਾਂਦਾ ਰਹੇ ।੩।

ਅਰਥ :–

ਪ੍ਰ.–ਗੁਰਦੇਵ ਜੀਉ ! ਸਾਡਾ ਇਹ ਮਨ ਅਜਿਹਾ ਚੰਚਲ ਹੈ ਜੋ ਕਿ ਇਕ ਖਿਨ ਮਾਤ੍ਰ ਭੀ ਟਿਕ ਨਹੀਂ ਸਕਦਾ, ਇਸ ਦੀ ਚੰਚਲਤਾ ਦਾ ਸਹੀ ਕਾਰਨ ਕੀ ਹੈ ?

1. ਉ:–ਹੇ ਭਾਈ ! ਅਸਲ ਕਾਰਨ ਹੈ ਕਿ, ਪਾਪਾਂ ਵਿਚ ਫ਼ਸਾਣ ਵਾਲੀ ਕਾਮ ਵਾਸਨਾਂ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ ।

2. ਇਸੀ ਕਰ ਕੇ (ਮਨੁੱਖ ਦਾ) ਚੰਚਲ ਮਨ ਕਾਬੂ ਵਿਚ ਨਹੀਂ ਆ ਸਕਦਾ ਹੈ ।੧। ਰਹਾਉ ।

ਪ੍ਰ.–ਸ੍ਰੀ ਜੀਉ ! ਕੀ ਜੋਗੀ ਜੰਗਮ ਆਦਿਕ ਜੋ ਆਪਣੇ ਆਪ ਨੂੰ ਤਿਆਗੀ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੇ ਵਾਸਨਾਂ ਤੇ ਕਾਬੂ ਪਾ ਲਿਆ ਹੋਵੇਗਾ ?

3. ਉ:–ਹੇ ਭਾਈ ! ਜੋਗੀ ਜੰਗਮ ਅਤੇ ਸੰਨਿਆਸੀ (ਜਿਹੜੇ ਆਪਣੇ ਵਲੋਂ ਮਾਇਆ ਦਾ ਤਿਆਗ ਕਰ ਗਏ ਹਨ) ।

4. ਹੇ ਭਾਈ ! ਇਨ੍ਹਾਂ ਸਭਨਾਂ ਉਤੇ ਹੀ (ਮਾਇਆ ਨੇ ਕਾਮ ਵਾਸ਼ਨਾਂ ਦੀ) ਇਹ ਫਾਹੀ ਸੁਟੀ ਹੋਈ ਹੈ ।੧।

ਪ੍ਰ:–ਗੁਰਦੇਵ ਜੀ ! ਕੀ, ਇਸ ਸੰਸਾਰ ਤੋਂ ਕਿਸੇ ਦਾ ਪਾਰ ਉਤਾਰਾ ਭੀ ਹੁੰਦਾ ਹੈ ?

5. ਉ:–ਹੇ ਭਾਈ ! ਜਿਸ ਜਿਸ ਮਨੁੱਖ ਨੇ (ਭੀ) ਪ੍ਰਮੇਸ਼ਰ ਜੀ ਦਾ ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ ।

6. ਉਹ ਸ ਰੇ ਹੀ ਸੰਸਾਰ ਸਮੁੰਦਰ (ਦੇ ਵਿਕਾਰਾਂ) ਤੋਂ ਪਾਰ ਲੰਘ ਜਾਂਦੇ ਹਨ ।੨।

7. ਹੇ ਭਾਈ ! ਪ੍ਰਮਾਤਮਾਂ ਦਾ ਦਾਸ ਪ੍ਰਮੇਸ਼ਰ ਦੀ ਸ਼ਰਨ ਪਿਆ ਰਹਿੰਦਾ ਹੈ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਪ੍ਰਮਾਤਮਾਂ ਦੇ ਦਰ ਤੇ ਉਹ ਅਰਜ਼ੋਈ ਕਰਦਾ ਰਹਿੰਦਾ ਹੈ ਕਿ, ਹੇ ਪ੍ਰਭੂ ਜੀ !

8. ਆਪਣੇ ਦਾਸ ਨੂੰ ਆਪਣਾ ਨਾਮ ਦੇਹ (ਤਾਂ ਕਿ ਤੇਰਾ ਦਾਸ ਤੇਰੇ) ਗੁਣ ਗਾਂਦਾ ਰਹੇ (ਇਸ ਤਰ੍ਹਾਂ, ਉਹ ਕਾਮਾਦਿਕ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ) ।੩।੨।

ਭਾਵਾਰਥ :–ਜੇ ਕਰ ਮਨੁੱਖ ਦੇ ਮਨ ਵਿਚ ਕਾਮ ਵਾਸ਼ਨਾਂ ਬਣੀ ਰਹੇ ਤਾਂ ਭੀ ਮਨ ਹਰੀ ਦੇ ਪਾਸੇ ਨਹੀਂ ਲਗ ਸਕਦਾ, ਭਾਵੇਂ ਸੰਸਾਰ ਛਡ ਕੇ ਜੋਗੀ ਸੰਨਿਆਸੀ ਹੀ ਕਿਉਂ

ਨਾ ਬਣ ਜਾਈਏ, ਵਾਸ਼ਨਾਂ ਰਹਿਤ ਹੋ ਮਨ ਨੂੰ ਪ੍ਰਮੇਸ਼ਰ ਵਲ ਲਾਇਆ ਜਾਵੇ ਤਾਂ ਹੀ ਪਾਰ ਉਤਾਰਾ ਹੋ ਸਕਦਾ ਹੈ ।

ਬਸੰਤੁ ਮਹਲਾ ੯ ॥

1. **ਮਾਈ ਮੈ ਧਨੁ ਪਾਇਓ ਹਰਿ ਨਾਮੁ ॥**
2. **ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥**
3. **ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**
4. **ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥**
5. **ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**
6. **ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥**
7. **ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥**
8. **ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥**

ਪਦ ਅਰਥ :–ਮਾਈ–ਹੇ ਮਾਂ । ਪਾਇਓ–(ਗੁਰੂ ਪਾਸੋਂ) ਲੱਭ ਲਿਆ ਹੈ । ਧਾਵਨ ਤੇ–(ਮਾਇਆ ਦੀ ਖਾਤਰ) ਦੌੜ ਭੱਜ ਕਰਨ ਤੋਂ । ਛੂਟਿਓ–ਬਚ ਗਿਆ ਹੈ । ਕਰਿ–ਕਰ ਕੇ । ਬਿਸਰਾਮੁ–ਟਿਕਾਣਾ । ਕਰਿ ਬਿਸਰਾਮੁ–ਨਾਮ ਧਨ ਵਿਚ ਟਿਕਾਣਾ ਬਣਾ ਕੇ ।੧। ਰਹਾਉ ।

ਮਾਇਆ ਮਮਤਾ–ਮਾਇਆ ਦੀ ਮਮਤਾ, ਮਾਇਆ ਜੋੜਨ ਦੀ ਲਾਲਸਾ । ਤਨ ਤੇ–(ਮੇਰੇ) ਸਰੀਰ ਤੋਂ । ਨਿਰਮਲ ਗਿਆਨੁ–ਨਿਰਮਲ ਪ੍ਰਭੂ ਦਾ ਗਿਆਨ, ਸ਼ੁਧ ਸਰੂਪ ਪ੍ਰਭੂ ਨਾਲ ਜਾਣ ਪਛਾਣ । ਪਰਸਿ ਨ ਸਾਕਹਿ–(ਮੈਨੂੰ) ਛੂਹ ਨਹੀਂ ਸਕਦੇ, ਮੇਰੇ ਨੇੜ ਨਹੀਂ ਢੁੱਕਦੇ, ਮੇਰੇ ਉਤੇ ਆਪਣਾ ਜ਼ੋਰ ਨਹੀਂ ਪਾ ਸਕਦੇ । ਗਹੀ–ਫੜੀ ।੧।

ਸੰਸਾ–ਸਹਸਾ, ਸਹਿਮ । ਚੂਕਾ–ਮੁੱਕ ਗਿਆ ਹੈ । ਰਤਨੁ ਨਾਮੁ–ਅਮੋਲਕ ਹਰਿ ਨਾਮ । ਜਬ–ਜਦੋਂ । ਮਨ ਤੇ–ਮਨ ਤੋਂ । ਨਿਜ–ਆਪਣਾ, ਆਪਣੇ ਨਾਲ ਸਦਾ ਟਿਕੇ ਰਹਿਣ ਵਾਲਾ ।੨।

ਜਾ ਕਉ–ਜਿਸ (ਮਨੁੱਖ) ਉਤੇ । ਦਇਆਲੁ–ਦਇਆਵਾਨ । ਕਿਰਪਾ ਨਿਧਿ–ਕ੍ਰਿਪਾ ਦਾ ਖ਼ਜ਼ਾਨਾ ਪ੍ਰਭੂ । ਸੋ–ਉਹ ਮਨੁੱਖ । ਗਾਵੈ–ਗਾਂਦਾ ਹੈ । ਸੰਪੈ–ਧਨ । ਇਹ ਬਿਧਿ ਕੀ ਸੰਪੈ–ਇਸ ਤਰ੍ਹਾਂ ਦਾ ਧਨ । ਕੋਊ–ਕੋਈ ਵਿਰਲਾ ਹੀ । ਗੁਰਮੁਖਿ ਗੁਰੂ ਦੀ ਸ਼ਰਨ ਪੈ ਕੇ ।੩।

ਅਰਥ :–

ਪ੍ਰ:–ਸ੍ਰੀ ਜੀਉ ! ਜਿਥੇ ਹਰ ਜੀਵ ਦਾ ਮਨ ਦਿਨੇ ਰਾਤ ਭਟਕਦਾ ਹੈ ਉਥੇ ਆਪ ਜੀ ਦੇ ਮਨ ਵਿਚ ਹਰ ਵਕਤ ਹੀ ਸਥਿਰਤਾ ਵੇਖਣ ਵਿਚ ਆਉਂਦੀ ਹੈ, ਇਸ ਇਕਾਗ੍ਰਤ ਲਈ ਆਪ ਜੀ ਨੇਂ ਕੀ ਸਾਧਨ ਕੀਤਾ ਹੈ ?

1. ਉ:–ਹੇ (ਮੇਰੀ) ਮਾਂ ! (ਮੈਂ ਜਦੋਂ ਦਾ ਗੁਰੂ ਦੀ ਸ਼ਰਨ ਪੈ ਕੇ) ਪ੍ਰਮਾਤਮਾਂ ਦਾ ਹਰਿ ਨਾਮ ਧਨ ਹਾਸਲ ਕੀਤਾ ਹੈ ।
2. (ਤਦ ਤੋਂ ਹੀ) ਮੇਰਾ ਮਨ (ਮਾਇਆ ਦੀ ਖਾਤਰ) ਦੌੜ ਭੱਜ ਕਰਨ ਤੋਂ ਬਚ ਗਿਆ ਹੈ, (ਹੁਣ ਮੇਰਾ ਮਨ ਨਾਮ ਧਨ ਵਿਚ) ਟਿਕਾਣਾ ਬਣਾ ਕੇ ਬਹਿ ਗਿਆ ਹੈ ।੧।ਰਹਾਉ।
3. ਹੇ ਮੇਰੀ ਮਾਂ ! ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ ਸ਼ੁਧ ਸਰੂਪ ਪ੍ਰਮਾਤਮਾਂ ਨਾਲ ਡੂੰਘੀ ਸਾਂਝ ਬਣ ਗਈ ਹੈ, (ਜਿਸ ਕਰ ਕੇ) ਮੇਰੇ ਸਰੀਰ ਵਿਚੋਂ ਮਾਇਆ ਜੋੜਨ ਦੀ ਲਾਲਸਾ ਦੂਰ ਹੋ ਗਈ ਹੈ ।
4. (ਜਦੋਂ ਤੋਂ ਮੈਂ) ਭਗਵਾਨ ਦੀ ਭਗਤੀ ਹਿਰਦੇ ਵਿਚ ਵਸਾਈ ਹੈ, ਲੋਭ ਅਤੇ ਮੋਹ ਇਹ ਮੇਰੇ ਉਤੇ ਆਪਣਜ਼ੋਰ ਨਹੀਂ ਪਾ ਸਕਦੇ ।੧।
5. ਹੇ ਮੇਰੀ ਮਾਂ ! ਜਦੋਂ ਤੋਂ ਮੈਂ (ਗੁਰੂ ਦੀ ਕਿਰਪਾ ਨਾਲ) ਪ੍ਰਮਾਤਮਾਂ ਦਾ ਅਮੋਲਕ ਨਾਮ ਲੱਭਾ ਹੈ, ਮੇਰਾ ਜਨਮ ਜਨਮਾਤ੍ਰਾਂ ਦਾ ਸਹਿਮ ਦੂਰ ਹੋ ਗਿਆ ਹੈ ।
6. (ਹੇ ਮਾਂ ! ਹੁਣ) ਮੇਰੇ ਮਨ ਵਿਚੋਂ ਸਾਰੀ ਤ੍ਰਿਸ਼ਨਾ ਮੁੱਕ ਗਈ ਹੈ ਹੁਣ ਮੈਂ ਉਸ ਅਨੰਦ ਵਿਚ ਟਿਕਿਆ ਰਹਿੰਦਾ ਹਾਂ ਜਿਹੜਾ ਸਦਾ ਮੇਰੇ ਨਾਲ ਟਿਕਿਆ ਰਹਿਣ ਵਾਲਾ ਹੈ ।੨।

ਪ੍ਰ:–ਕਿਉਂ ਜੀ ! ਉਸ ਸੁਖਦਾਈ ਪ੍ਰਭੂ ਦੇ ਗੁਣ ਸਾਰੇ ਹੀ ਕਿਉਂ ਨਹੀਂ ਗਾਉਂਦੇ ?

7. ਉ.–ਹੇ ਮਾਂ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜਿਸ ਮਨੁੱਖ ਉਤੇ ਕ੍ਰਿਪਾ ਦਾ ਖ਼ਜ਼ਾਨਾ ਪ੍ਰਭੂ ਦਇਆਵਾਨ ਹੁੰਦਾ ਹੈ, ਉਹੀ ਮਨੁੱਖ ਉਸ ਦੇ ਗੁਣ ਗਾਉਂਦਾ ਰਹਿੰਦਾ ਹੈ ।
8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਾਂ ! ਕੋਈ ਵਿਰਲਾ ਮਨੁੱਖ ਹੀ ਹੈ ਜੋ ਇਸ ਕਿਸਮ ਦਾ ਧਨ ਗੁਰੂ ਦੇ ਸਨਮੁਖ ਰਹਿ ਕੇ ਹਾਸਲ ਕਰਦਾ ਹੈ ।੩।੩।

ਭਾਵਾਰਥ .–ਮਨ ਦੀ ਭਟਕਣਾ ਮਿਟਾਉਣ ਲਈ ਅਨੇਕਾਂ ਲੋਕੀ ਅਨੇਕਾਂ ਹੀ ਜਤਨ ਕਰਦੇ ਹਨ, ਪਰ ਨਾਮ ਵਿਚ ਮਨ ਲਾਉਣ ਨਾਲ ਮਨ ਦੀ ਭਟਕਣਾ ਸਹਿਜੇ ਹੀ ਦੂਰ ਹੋ ਜਾਂਦੀ ਹੈ ਅਤੇ ਮਨ ਵਿਸ਼ੇ ਵਿਕਾਰਾਂ ਵਲੋਂ ਹਟ ਕੇ ਪੂਰਨ ਟਿਕਾਉ ਵਿਚ ਟਿਕ ਜਾਂਦਾ ਹੈ ।

ਬਸੰਤੁ ਮਹਲਾ ੯ ॥

1. **ਮਨ ਕਹਾ ਬਿਸਾਰਿਓ ਰਾਮ ਨਾਮੁ ॥**
2. **ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ਰਹਾਉ॥**
3. **ਇਹੁ ਜਗੁ ਧੂਏ ਕਾ ਪਹਾਰ ॥**
4. **ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥**

5. **ਧਨੁ ਦਾਰਾ ਸੰਪਤਿ ਗ੍ਰੇਹ ॥**
6. **ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥**
7. **ਇਕ ਭਗਤਿ ਨਾਰਾਇਨ ਹੋਇ ਸੰਗਿ ॥**
8. **ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥**

ਪਦ ਅਰਥ :- ਮਨ—ਹੇ ਮਨ । ਕਹਾ—ਕਹਾਂ ? ਕਿਉਂ ? । ਤਨੁ—ਸਰੀਰ । ਬਿਨਸੈ—ਨਾਸ ਹੁੰਦਾ ਹੈ । ਜਮ ਸਿਉ—ਜਮਾਂ ਨਾਲ । ਕਾਮੁ—ਕੰਮ, ਵਾਹ, ਵਾਸਤਾ । ਪਰੈ—ਪੈਂਦਾ ਹੈ ।੧। ਰਹਾਉ ।

ਪਹਾਰ—ਪਹਾੜ । ਤੈ—ਤੂੰ । ਸਾਚਾ—ਸਦਾ ਕਾਇਮ ਰਹਿਣ ਵਾਲਾ । ਮਾਨਿਆ—ਮੰਨ ਲਿਆ ਹੈ । ਕਿਹ ਬਿਚਾਰਿ—ਕੀ ਵਿਚਾਰ ਕੇ ? ਕੀ ਸਮਝ ਕੇ ? ।੧।

ਦਾਰਾ—ਇਸਤ੍ਰੀ । ਸੰਪਤਿ—ਸੰਪਤੀ, ਧਨ ਪਦਾਰਥ । ਗ੍ਰੇਹ—ਘਰ । ਸੰਗਿ—ਨਾਲ । ਕਛੁ—ਕੋਈ ਭੀ ਚੀਜ਼ ।੨।

ਇਕ—ਸਿਰਫ । ਕਹੁ—ਆਪ । ਭਜੁ ਤਿਹ—ਉਸ ਪ੍ਰਮਾਤਮਾਂ ਦਾ ਭਜਨ ਕਰ । ਏਕ ਰੰਗਿ—ਇਕ ਦੇ ਪਿਆਰ ਵਿਚ (ਜੁੜ ਕੇ) ।੩।

ਅਰਥ :—

ਪ੍ਰ:—ਸ੍ਰੀ ਜੀਉ ! ਇਹ ਸਾਡਾ ਮਨ ਨਾਮ ਸਿਮਰਨ ਵਲੋਂ ਆਲਸੀ ਹੈ, ਸਦਾ ਇਸ ਸਰੀਰ ਦੀ ਪਾਲਨਾ ਪੋਸਨਾ ਵਿਚ ਹੀ ਲਗਾ ਰਹਿੰਦਾ ਹੈ, ਦਸੋ, ਇਸ ਨੂੰ ਕਿਵੇਂ ਸਮਝਾਇਆ ਜਾਵੇ ?

1. **ਉ**:—ਹੇ ਭਾਈ ! ਤੂੰ ਇਸ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਇਆ ਕਰ ਕੇ, ਹੇ ਮਨ ! ਤੂੰ ਪ੍ਰਮੇਸ਼ਰ ਦਾ ਨਾਮ ਕਿਉਂ ਭੁਲਾਈ ਬੈਠਾ ਹੈਂ ?
2. ਹੇ ਭੋਲਿਆ ਵੇਖ ! ਜਦੋਂ ਇਹ ਸਰੀਰ ਨਾਸ ਹੋ ਜਾਂਦਾ ਹੈ, (ਤਦੋਂ ਪ੍ਰਭੂ ਦੇ ਨਾਮ ਤੋਂ ਬਿਨਾ) ਜਮਾਂ ਨਾਲ (ਹੀ) ਵਾਹ ਪੈਂਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਅਨੇਕਾਂ ਜਤਨ ਕਰਦੇ ਰਹਿਣ ਨਾਲ ਭੀ ਇਹ ਮਨ ਜਗਤ ਦੀ ਸੁੰਦਰਤਾ ਵਲ ਹੀ ਲੁਭਾਏਮਾਨ ਰਹਿੰਦਾ ਹੈ, ਦਸੋ ਕੀ ਜਤਨ ਕੀਤਾ ਜਾਏ ?

3. **ਉ**:—ਹੇ ਪਿਆਰੇ ! ਇਸ ਮਨ ਨੂੰ ਇਉਂ ਹੀ ਸੋਝੀ ਦਿਆ ਕਰ ਕਿ, ਹੇ ਮਨਾ ! ਵੇਖ, ਇਹ ਜਗਤ (ਤਾਂ ਮਾਨੋਂ) ਧੂੰਏਂ ਦਾ ਪਹਾੜ ਹੈ (ਜਿਸ ਨੂੰ ਹਵਾ ਦਾ ਇਕੋ ਹੀ ਬੁਲਾ ਉਡਾ ਕੇ ਲੈ ਜਾਂਦਾ ਹੈ) ।
4. ਹੇ ਮਨ ! ਤੂੰ ਕੀ ਸਮਝ ਕੇ (ਇਸ ਜਗਤ ਨੂੰ) ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ ?।੧।

5.6 ਹੇ ਮਨ ! (ਤੂੰ ਚੰਗੀ ਤਰ੍ਹਾਂ ਸਮਝ ਲੈ ਕਿ, ਧਨ, ਇਸਤ੍ਰੀ, ਜਾਇਦਾਦ, ਘਰ, ਇਨ੍ਹਾਂ ਵਿਚੋਂ ਕੋਈ ਭੀ ਚੀਜ਼ (ਮੌਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ ।੨।

ਪ੍ਰ:—ਗੁਰਦੇਵ ਜੀਉ ! ਦਸੋ, ਆਖਰ ਮੈਨੂੰ ਕਰਨਾ ਕੀ ਚਾਹੀਦਾ ਹੈ ?

7. **ਉ**:—ਹੇ ਭਾਈ ! ਇਹ ਨਿਸਚਾ ਰਖ ਕਿ, ਸਿਰਫ ਪ੍ਰਮਾਤਮਾਂ ਦੀ ਭਗਤੀ ਹੀ ਮਨੁੱਖ ਦੇ ਨਾਲ ਰਹਿੰਦੀ ਹੈ ।
8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! (ਇਸ ਵਾਸਤੇ) ਸਿਰਫ ਪ੍ਰਮਾਤਮਾਂ ਦੇ ਪਿਆਰ ਵਿਚ (ਟਿਕ ਕੇ) ਉਸੇ ਦਾ (ਹੀ) ਭਜਨ ਕਰਿਆ ਕਰ ।੩।੪।

ਭਾਵਾਰਥ :- ਸੰਸਾਰ ਦੇ ਰਿਸ਼ਤੇ ਤੇ ਪਦਾਰਥ ਅਨਿਸਥਿਰ ਹਨ, ਇਨ੍ਹਾਂ ਦੀ ਲਗਨ ਤੋੜ ਨਹੀਂ ਨਿਭਦੀ, ਇਸ ਲਈ, ਮਨ ਦੀ ਪੂਰੀ ਲਗਨ ਹਰੀ ਦੀ ਭਗਤੀ ਵਿਚ ਲਾਉਣੀ ਚਾਹੀਦੀ ਹੈ ਜੋ ਦੋਹਾਂ ਹੀ ਜਹਾਨਾਂ ਵਿਚ ਕੰਮ ਆਉਂਦੀ ਹੈ ।

ਗੁਰਬਾਣੀ ਵਿਚ ਇਸ ਸੰਸਾਰ ਬਾਬਤ ਦੋ ਵਖਰੇ ਵਖਰੇ ਖਿਆਲ ਜ਼ਾਹਰ ਕੀਤੇ ਮਿਲਦੇ ਹਨ, ਇਕ ਇਹ ਕਿ 'ਇਹੁ ਜਗੁ ਸਚੈ ਕੀ ਹੈ ਕੋਠੜੀ' (ਵਾਰ ਆਸਾ) ਤੇ ਦੂਜਾ ਕਿ 'ਸਗਲ ਜਗਤ ਹੈ ਜੈਸੇ ਸੁਪਨਾ' (ਸੋਰਠਿ ਮ: ੯) ਜਾਂ 'ਕਾਗਦ ਕੋਟੁ ਇਹੁ ਜਗੁ ਹੈ ਬਪਰੋ' (ਮਲਾਰ ਮ: ੧) ਜਗਤ ਹੈ ਹੀ ਦੋ ਤਰ੍ਹਾਂ ਦਾ, ਇਕ ਉਹ ਜੋ ਵਾਹਿਗੁਰੂ ਨੇ ਆਪ ਬਣਾਇਆ ਹੈ ਅਤੇ ਦੂਜਾ ਓਹ ਜੋ ਦੂਜੇ ਭਾਵ ਵਿਚ ਲਗ ਕੇ ਅਸੀਂ ਮੋਹ ਦਾ ਪਸਾਰਾ ਖਚ ਲੈਂਦੇ ਹਾਂ, 'ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥ ਸਭਨਾ ਕਉ ਸਨਬੰਧੁ ਹਰਿ ਕਰਿ ਦੀਏ' (ਗੂਜਰੀ ਮ: ੪) । ਇਨ੍ਹਾਂ ਰਿਸ਼ਤਿਆਂ ਦੇ ਫਰਜ਼ ਪੂਰੇ ਕਰਨੇ ਸਾਡਾ ਫਰਜ਼ ਹੈ, ਪਰ ਜਦੋਂ ਮੋਹ ਵਧਾ ਕੇ ਅਸੀਂ ਆਪਣੀ ਜ਼ਿੰਦਗੀ ਇਨ੍ਹਾਂ ਵਿਚ ਹੀ ਸਮਝਣ ਲਗ ਪੈਂਦੇ ਹਾਂ ਤਾਂ ਇਹੋ ਹੀ ਪਸਾਰਾ ਝੂਠਾ ਸੰਸਾਰ ਬਣ ਜਾਂਦਾ ਹੈ ।

ਬਸੰਤੁ ਮਹਲਾ ੯ ॥

1. **ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥**
2. **ਕਛੁ ਬਿਗਰਿਓ ਨਾਹਿਨ ਅਜਹੁ ਜਾਗ॥੧॥ਰਹਾਉ॥**
3. **ਸਮ ਸੁਪਨੈ ਕੈ ਇਹੁ ਜਗੁ ਜਾਨੁ ॥**
4. **ਬਿਨਸੈ ਛਿਨ ਮੈ ਸਾਚੀ ਮਾਨੁ ॥੧॥**
5. **ਸੰਗਿ ਤੇਰੈ ਹਰਿ ਬਸਤ ਨੀਤ ॥**
6. **ਨਿਸ ਬਾਸੁਰ ਭਜੁ ਤਾਹਿ ਮੀਤ ॥੨॥**
7. **ਬਾਰ ਅੰਤ ਕੀ ਹੋਇ ਸਹਾਇ ॥**
8. **ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥**

ਪਦ ਅਰਥ :—ਕਹਾ ਭੂਲਿਓ—ਕਿਥੇ ਖੁੰਝਿਆ ਪਿਆ ਹੈਂ ? । ਰੇ—ਹੇ ਭਾਈ । ਲੋਭਿ—ਲੋਭ ਵਿਚ । ਲਾਗਿ—ਲਗ ਕੇ । ਨਾਹਿਨ—ਨਹੀਂ । ਅਜਹੁ—ਹੁਣ ਭੀ । ਜਾਗੁ—ਸੁਚੇਤ ਹੋ, ਸਿਆਣਾ ਬਣ ।੧। ਰਹਾਉ ।

ਸਮ—ਬਰਾਬਰ । ਜਾਨੁ—ਸਮਝ । ਛਿਨ ਮਹਿ—ਇਕ ਛਿਨ ਵਿਚ । ਸਾਚੀ ਮਾਨੁ—ਇਹ ਗਲ ਸੱਚੀ ਮੰਨ ।੧।

ਸੰਗਿ–ਨਾਲ । ਨੀਤ–ਸਦਾ । ਨਿਸਿ–ਰਾਤ । ਬਾਸੁਰ–ਦਿਨ । ਭਜੁ ਤਾਹਿ–ਉਸ ਦਾ ਭਜਨ ਕਰਿਆ ਕਰ । ਮੀਤ–ਹੇ ਮਿੱਤਰ ।੨।

ਬਾਰ ਅੰਤ ਕੀ–ਅੰਤ ਦੇ ਸਮੇਂ । ਸਹਾਇ–ਸਹਾਈ, ਮਦਦਗਾਰ । ਤਾ ਕੇ–ਉਸ (ਪ੍ਰਭੂ) ਦੇ ।੩।

ਅਰਥ :–

ਪ੍ਰ:–ਸ੍ਰੀ ਜੀਉ ! ਮੇਰੀ ਸਾਰੀ ਹੀ ਉਮਰ ਮਾਇਆ ਦੇ ਮੋਹ ਵਿਚ ਗ੍ਰਸਿਆਂ ਗੁਜ਼ਰ ਗਈ ਹੈ, ਮੇਰੀ ਕਲਿਆਣ ਹਿਤ ਮੈਨੂੰ ਸ਼ੁਭ ਉਪਦੇਸ਼ ਬਖਸ਼ੋ ?

1. **ਉ**:–ਹੇ ਭਾਈ ! ਸੁਣ,ਤੂੰ ਨਾਸਵੰਤ ਦੁਨੀਆਂ ਦੇ ਲੋਭ ਵਿਚ ਫਸ ਕੇ (ਹਰਿ ਨਾਮ ਤੋਂ) ਕਿਥੇ ਖੁੰਝਿਆ ਫਿਰਦਾ ਹੈਂ ?।

ਪ੍ਰ:–ਹੇ ਗੁਰੋ ! ਉਮਰ ਤਾਂ ਸਾਰੀ ਹੀ ਬੀਤ ਗਈ ਹੈ, ਹੁਣ ਮੈਂ ਕੀ ਕਰ ਸਕਦਾ ਹਾਂ ?

2. **ਉ**:–ਹੇ ਭੋਲਿਆ ! ਹੁਣ ਭੀ ਸਿਆਣਾ ਬਣ (ਤੇ ਪ੍ਰਮੇਸ਼ਰ ਦਾ ਨਾਮ ਜਪਿਆ ਕਰ । ਜੇ ਬਾਕੀ ਦੀ ਉਮਰ ਸਿਮਰਨ ਵਿਚ ਗੁਜ਼ਾਰੇਂ, (ਤਾਂ ਭੀ ਤੇਰਾ) ਸਮਝ ਕੁਝ ਵਿਗੜਿਆ ਨਹੀਂ ਹੈ ।੧। ਰਹਾਉ ।

ਪ੍ਰ:–ਸ੍ਰੀ ਜੀਉ ! ਇਸ ਜਗਤ ਦੇ ਸੁੰਦਰ ਚਮਤਕਾਰ ਮਨ ਨੂੰ ਸਦਾ ਹੀ ਆਪਣੇ ਵਲ ਖਿਚਦੇ ਰਹਿੰਦੇ ਹਨ, ਦਸੋ ਕੀ ਉਪਾਉ ਕੀਤਾ ਜਾਏ ?

3, **ਉ**:–ਹੇ ਪਿਆਰੇ ! ਸੁਣ, ਇਸ ਜਗਤ (ਦੀ ਸੁੰਦਰਤਾ) ਨੂੰ ਸੁਪਨੇ (ਵਿਚ ਵੇਖੇ ਪਦਾਰਥਾਂ) ਦੇ ਬਰਾਬਰ (ਹੀ) ਸਮਝਣਾ ਕਰ ।

4. ਹੇ ਭਾਈ ! ਇਹ ਗਲ ਸੱਚੀ ਮੰਨ ਕਿ (ਇਹ ਜਗਤ) ਇਕ ਖਿਨ ਵਿਚ ਨਾਸ ਹੋ ਜਾਂਦਾ ਹੈ ।੧।

5. ਹੇ ਮਿੱਤਰ ! ਉਹ ਪ੍ਰਮਾਤਮਾਂ ਸਦਾ ਤੇਰੇ ਨਾਲ (ਹੀ) ਵਸਦਾ ਹੈ ।

6. ਹੇ ਮਿੱਤਰਾ ! ਤੂੰ ਦਿਨ ਰਾਤ ਉਸੇ ਦਾ ਹੀ ਭਜਨ ਕਰਿਆ ਕਰ ।੨।

ਪ੍ਰ:–ਕਿਉਂ ਜੀ ! ਉਸ ਪ੍ਰਭੂ ਦੇ ਭਜਨ ਕਰਨ ਦਾ ਆਖਰ ਮੈਨੂੰ ਲਾਭ ਕੀ ਹੋਵੇਗਾ ?

7. **ਉ**:- ਹੇ ਭਾਈ ! ਇਹ ਨਿਸਚਾ ਕਰ ਕਿ, ਅਖੀਰਲੇ ਸਮੇਂ (ਉਹ) ਪ੍ਰਮਾਤਮਾਂ ਹੀ ਇਕ ਮਦਦਗਾਰ ਬਣਦਾ ਹੈ ।

8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਸ ਲਈ; ਤੂੰ (ਸਦਾ) ਉਸ ਪ੍ਰਮੇਸ਼ਰ ਦੇ ਹੀ ਗੁਣ ਗਾਉਂਦਾ ਰਿਹਾ ਕਰ ।੩।੫।

ਭਾਵਾਰਥ :–ਇਸ ਮਾਇਕੀ ਜਗਤ ਦੇ ਪਦਾਰਥਾਂ ਦਾ ਜੋ ਚਮਤਕਾਰ ਦਿਸ ਰਿਹਾ ਹੈ ਇਹ ਇਕ ਸੁਪਨੇ ਦੇ ਪਦਾਰਥਾਂ ਵਾਂਗੂ ਨਾਸਵੰਤ ਹੈ, ਇਸ ਲਈ, ਇਸ ਤੋਂ ਨਿਰਲੇਪ ਰਹਿ ਕੇ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਕਰਦੇ ਹਨ, ਜੋ ਕਿ ਅੰਤ ਦੇ ਸਮੇਂ ਮਨੁੱਖ ਦਾ ਸਦਾ ਸਾਥ ਦੇਣ ਵਾਲਾ ਕੇਵਲ ਪ੍ਰਮੇਸ਼ਰ ਜੀ ਦਾ ਨਾਮ ਹੀ ਹੈ, ਸੋ ਉਸੇ ਦੀ ਯਾਦ ਵਿਚ ਜੀਵਨ ਗੁਜ਼ਾਰਨਾ ਸੁਖਦਾਈ ਹੈ ।

ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ

ੴ ਸਤਿਗੁਰ ਪ੍ਰਸਾਦਿ ॥

1. **ਜਗੁ ਕਊਆ ਨਾਮੁ ਨਹੀ ਚੀਤਿ ॥**
2. **ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥**
3. **ਮਨੂਆ ਡੋਲੈ ਚੀਤਿ ਅਨੀਤਿ ॥**
4. **ਜਗ ਸਿਉ ਤੂਟੀ ਝੂਠ ਪਰੀਤਿ ॥੧॥**
5. **ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥**
6. **ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥**
7. **ਘਰੁ ਬਾਲੂ ਕਾ ਘੂਮਨ ਘੇਰਿ ॥**
8. **ਬਰਖਸਿ ਬਾਨੀ ਬੁਦਬੁਦਾ ਹੇਰਿ ॥**
9. **ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥**
10. **ਸਰਬ ਜੋਤਿ ਨਾਮੈ ਕੀ ਚਰਿ ॥੨॥**
11. **ਸਰਬ ਉਪਾਇ ਗੁਰੂ ਸਿਰਿ ਮੋਰੁ ॥**
12. **ਭਗਤਿ ਕਰਉ ਪਗ ਲਾਗਉ ਤੋਰ ॥**
13. **ਨਾਮਿ ਰਤੋ ਚਾਹਉ ਤੁਝ ਓਰੁ ॥**
14. **ਨਾਮੁ ਦੁਰਾਇ ਚਲੈ ਸੋ ਚੋਰੁ ॥੩॥**
15. **ਪਤਿ ਖੋਈ ਬਿਖੁ ਅੰਚਲਿ ਪਾਇ ॥**
16. **ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥**
17. **ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ ॥**
18. **ਭੈ ਮਾਨੈ ਨਿਰਭਉ ਮੇਰੀ ਮਾਇ ॥੪॥**
19. **ਕਾਮਨਿ ਚਾਹੈ ਸੁੰਦਰਿ ਭੋਗੁ ॥**
20. **ਪਾਨ ਫੂਲ ਮੀਠੇ ਰਸ ਰੋਗ ॥**
21. **ਖੀਲੈ ਬਿਗਸੈ ਤੇਤੋ ਸੋਗ ॥**
22. **ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥੫॥**
23. **ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥**
24. **ਮਾਟੀ ਫੂਲੀ ਰੂਪੁ ਬਿਕਾਰੁ ॥**
25. **ਆਸਾ ਮਨਸਾ ਬਾਂਧੋ ਬਾਰੁ ॥**
26. **ਨਾਮੁ ਬਿਨਾ ਸੂਨਾ ਘਰੁ ਬਾਰੁ ॥੬॥**
27. **ਗਾਛਹੁ ਪੁਤ੍ਰੀ ਰਾਜ ਕੁਆਰਿ ॥**
28. **ਨਾਮੁ ਭਣਹੁ ਸਚੁ ਦੋਤੁ ਸਵਾਰਿ ॥**
29. **ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥**
30. **ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥**
31. **ਮੋਹਨਿ ਮੋਹਿ ਲੀਆ ਮਨੁ ਮੋਹਿ ॥**
32. **ਗੁਰ ਕੈ ਸਬਦਿ ਪਛਾਨਾ ਤੋਹਿ ॥**
33. **ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥**
34. **ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥**

ਪਦ ਅਰਥ :—ਜਗੁ—ਜਗਤ, ਮਾਇਆ ਵੇੜ੍ਹਿਆ ਜੀਵ। ਚੀਤਿ—ਚਿਤ ਵਿਚ। ਗਿਰੈ—ਡਿਗਦਾ ਹੈ। ਦੇਖੁ—ਹੇ (ਭਾਈ) ਵੇਖ। ਭੀਤਿ—ਭਿਤੀ, ਚੋਗਾ। ਅਨੀਤਿ—ਬਦਨੀਤੀ। ਸਿਉ—ਨਾਲ। ਤੂਟੀ—ਟੁੱਟ ਜਾਂਦੀ ਹੈ, ਸਦਾ ਨਹੀਂ ਨਿਭਦੀ।੧।

ਬਿਖੁ—ਜ਼ਹਿਰ। ਬਜਰੁ—ਕਰੜਾ। ਗੁਨ ਚਾਰੁ—ਗੁਣਾਂ ਵਾਲਾ (ਆਚਰਨ)।੧। ਰਹਾਉ।

ਬਾਲੂ—ਰੇਤ। ਬਰਖਸਿ—ਵਰਖਾ ਹੋਣ ਤੇ। ਬਾਣੀ—ਬਨਾਵਟ। ਹੇਰਿ—ਵੇਖ। ਤੇ—ਤੋਂ। ਧਰਿ—ਬਣਾ ਦੇਂਦਾ ਹੈ। ਫੇਰਿ—ਫੇਰ ਕੇ। ਨਾਮੈ ਕੀ—ਨਾਮ ਦੀ ਹੀ। ਚੇਰਿ—ਦਾਸੀ।੨।

ਸਿਰਮੋਰ—ਸ਼੍ਰੋਮਣੀ। ਕਰਉ—ਮੈਂ ਕਰਾਂ। ਪਗ ਤੋਰ—ਤੇਰੀ ਚਰਨੀਂ। ਨਾਮਿ—ਨਾਮ ਵਿਚ। ਓਰੁ—ਪਾਸਾ, ਆਸਰਾ। ਦੁਰਾਇ—ਲੁਕਾ ਕੇ। ਚਲੈ—ਜੀਵਨ ਪੰਧ ਤੇ ਤੁਰਦਾ ਹੈ।੩।

ਪਤਿ—ਇੱਜ਼ਤ। ਅੰਚਲਿ ਪਾਇ—ਪੱਲੇ ਬੰਨ੍ਹ ਕੇ। ਕੀਨਸਿ—ਕਰਦਾ ਹੈ। ਮਾਇ—ਹੇ ਮਾਂ।੪।

ਕਾਮਨਿ—ਇਸਤ੍ਰੀ। ਸੁੰਦਰਿ—ਸੋਹਣੀ। ਖੀਲੈ—ਖੇਲਦੀ ਹੈ, ਖਿਲੀਆਂ ਪਾਂਦੀ ਹੈ। ਬਿਗਸੈ—ਖਿੜਦੀ ਹੈ, ਖੁਸ਼ ਹੁੰਦੀ ਹੈ। ਤੇਤੋ—ਉਤਨਾ ਹੀ (ਵਧੀਕ)। ਕੀਨ੍ਸਿ—ਕਰਦਾ ਹੈ।੫।

ਪਹਿਰਸਿ—ਪਹਿਨਦੀ ਹੈ। ਅਧਿਕੁ—ਬਹੁਤ। ਮਾਟੀ—ਮਿੱਟੀ ਦੀ ਮੂਰਤੀ, ਕਾਇਆਂ। ਫੂਲੀ—ਫੁੱਲਦੀ ਹੈ, ਮਾਣ ਕਰਦੀ ਹੈ। ਬਾਰੁ—ਦਰਵਾਜ਼ਾ (ਜਿਸ ਰਸਤੇ ਪ੍ਰਭੂ ਨੂੰ ਮਿਲ ਸਕੀਦਾ ਹੈ)। ਘਰੁ ਬਾਰੁ—ਹਿਰਦਾ।੬।

ਗਾਛਹੁ—ਜਾਓ (ਮੈਨੂੰ ਕੁਰਾਹੇ ਪਾਉਣ ਦਾ ਜਤਨ ਨਾ ਕਰੋ)। ਪੁਤ੍ਰੀ ਰਾਜ ਕੁਆਰਿ—ਹੇ ਪੁਤ੍ਰੀ। ਹੇ ਰਾਜ ਕੁਮਾਰੀ। ਹੇ ਮੇਰੀ ਜਿੰਦੇ। ਦੋਤੁ—ਅੰਮ੍ਰਿਤ ਵੇਲਾ, ਸਵੇਰਾ, ਦਿਨ। ਸਵਾਰਿ—ਸਵਾਰ ਕੇ, ਸੰਭਾਲ ਕੇ। ਅਧਾਰਿ—ਆਸਰੇ ਨਾਲ। ਤਿਆਸ—ਮਾਇਆ ਦੀ ਤ੍ਰਿਸ਼ਨਾ।੭।

ਮੋਹਨਿ—ਮੋਹਨ ਨੇ। ਮਨੁ ਮੋਹਿ—ਮੇਰਾ ਮਨ। ਤੋਹਿ—ਹੇ ਪ੍ਰਭੂ, ਤੈਨੂੰ। ਠਾਢੇ—ਖਲੋਤੇ ਹੋਏ। ਦੁਆਰਿ—ਦਰ ਤੇ। ਨਾਮਿ—ਨਾਮ ਵਿਚ। ਕਿਰਪਾ ਧਾਰਿ—ਮਿਹਰ ਕਰ।੮।

ਉਥਾਨਕਾ :—ਗੁਰੂ ਨਾਨਕ ਦੇਵ ਜੀ ਜਦੋਂ ਦੇਸ਼ ਦਿਸ਼ਾਂਤਰਾਂ ਦਾ ਰਟਨ ਕਰਦੇ ਹੋਏ ਸੰਗਲਾਦੀਪ ਸ਼ਿਵਨਾਭ ਰਾਜੇ ਦੇ ਬਾਗ ਵਿਚ ਜਾ ਉਤਰੇ ਤਾਂ ਆਪ ਜੀ ਦੀ ਚਰਨ ਛੋਹ ਨਾਲ ਰਾਜੇ ਦਾ ਸੁਕਾ ਬਾਗ ਹਰਾ ਭਰਾ ਹੋਇ ਆਇਆ ਤਾਂ ਬਾਗਵਾਨ ਨੇ ਰਾਜੇ ਪਾਸ ਜਦੋਂ ਇਹ ਖੁਸ਼ੀ ਭਰੀ ਖਬਰ ਸੁਣਾਈ, ਤਾਂ ਇਸ ਨੇ ਆਪਣੀ ਤਸੱਲੀ ਕਰਨ ਲਈ ਪ੍ਰੀਖਿਆ ਵਾਸਤੇ ਮਨਮੋਹਣੀਆਂ ਇਸਤ੍ਰੀਆਂ ਭੇਜੀਆਂ, ਕਿਉਂਕਿ, ਗੁਰੂ ਨਾਨਕ ਦੇਵ ਜੀ ਤੋਂ ਪਹਿਲੋਂ ਭੀ ਕਈ ਜੋਗੀ ਲੋਕ ਪ੍ਰੀਖਿਆ ਵਿਚ ਸਫਲ ਨਹੀਂ ਸਨ ਹੋ ਸਕੇ, ਤਾਂ ਆਪ ਜੀ ਦੀ ਪਰਖ ਕਰਨ ਲਈ ਦਾਸੀਆਂ ਆ ਕੇ ਅਨੇਕ ਪ੍ਰਕਾਰ ਦੇ ਹਾਵ ਭਾਵ ਕਰਨ ਲਗੀਆਂ ਅਤੇ ਆਪ ਜੀ ਨੂੰ ਡੁਲ੍ਹਾਉਣ ਲਈ ਅਨੇਕਾਂ ਤਰ੍ਹਾਂ ਦੇ ਜਤਨ ਕਰਨ ਨਾਲ ਭੀ ਇਹ ਸਫਲ ਨਾ ਹੋ ਸਕੀਆਂ ਤਾਂ ਆਪ ਜੀ ਨੇ ਇਨ੍ਹਾਂ ਦੇ ਪ੍ਰਥਾਇ ਸਾਰਿਆਂ ਦੇ ਕਲਿਆਣ ਕਾਰੀ ਇਹ ਉਪਦੇਸ਼ ਰੂਪ ਸ਼ਬਦ ਉਚਾਰਨ ਕੀਤਾ।

ਅਰਥ :—

ਪ੍ਰ:—ਗੁਰਦੇਵ ਜੀਉ! ਇਨ੍ਹਾਂ ਜੀਵਾਂ ਨੇ ਪ੍ਰਭੂ ਦੇ ਨਾਮ ਨੂੰ ਕਿਉਂ ਵਿਸਾਰ ਦਿਤਾ ਹੈ ਇਸ ਦਾ ਸਹੀ ਕਾਰਨ ਕੀ ਹੈ?

1. **ਉ**:—ਹੇ ਭਾਈ! ਵੇਖ, ਇਹ ਮਾਇਆ ਵੇੜ੍ਹਿਆ ਜੀਵ ਕਾਂ ਦੇ ਸੁਭਾਵ ਵਾਲਾ ਹੈ, ਜਿਸ ਕਰ ਕੇ ਇਸ ਦੇ ਚਿੱਤ ਵਿਚ ਪ੍ਰਮਾਤਮਾਂ ਦਾ ਨਾਮ ਨਹੀਂ (ਵਸਦਾ ਹੈ)।
2. ਹੇ ਪਿਆਰੇ! ਪ੍ਰਭੂ ਦਾ ਨਾਮ ਭੁਲਾ ਕੇ (ਉਹ ਕਾਂ ਵਾਂਗ) ਵਿਕਾਰਾਂ ਦੇ ਚੋਗੇ ਤੇ ਹੀ ਡਿਗਦਾ ਹੈ।
3. ਹੇ ਭਾਈ! ਉਸ ਦਾ ਮਨ (ਮਾਇਆ ਵਲ ਹੀ) ਡੋਲਦਾ ਰਹਿੰਦਾ ਹੈ ਉਸਦੇ ਚਿੱਤ ਵਿਚ (ਸਦਾ) ਖੋਟ ਹੀ ਹੁੰਦਾ ਹੈ।
4. ਪਰ, ਹੇ ਪਿਆਰੇ! ਦੁਨੀਆਂ ਦੀ ਮਾਇਆ ਨਾਲ ਇਹ ਪ੍ਰੀਤਿ ਝੂਠੀ ਹੈ, ਕਦੇ ਤੋੜ ਨਹੀਂ ਚੜ੍ਹਦੀ।੧।

ਪ੍ਰ:—ਕਿਉਂ ਜੀ! ਇਸ ਜੀਵ ਦਾ ਆਤਮਕ ਗੁਣਾਂ ਵਾਲਾ ਉਚਾ ਆਚਰਨ ਕਿਉਂ ਨਹੀਂ ਬਣ ਸਕਦਾ, ਜਦ ਕਿ ਅਨੇਕਾਂ ਹੀ ਲੋਕ ਉੱਦਮ ਕਰਦੇ ਹਨ?

5, **ਉ**:—ਹੇ ਭਾਈਓ! ਅਸਲ ਵਿਚ ਕਾਮ, ਕ੍ਰੋਧ (ਮਾਨੋਂ) ਜ਼ਹਿਰ ਹੈ (ਜੋ ਆਤਮਕ ਜੀਵਨ ਨੂੰ ਮੁਕਾ ਦੇਂਦਾ ਹੈ) ਇਹ (ਮਾਨੋ) ਇੰਦਰ ਦੀ ਗਦਾ ਵਾਂਗ ਸਖਤ ਕਰੜਾ ਭਾਰ ਹੈ, (ਜਿਸ ਦੇ ਹੇਠ ਆਤਮਕ ਜੀਵਨ ਘੁੱਟ ਕੇ ਮਰ ਜਾਂਦਾ ਹੈ)।

6. (ਇਸ ਲਈ) ਹੇ ਭਾਈ! ਗੁਣਾਂ ਵਾਲਾ ਆਚਰਨ (ਆਤਮਕ ਜੀਵਨ) ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਕਦੇ ਬਣ ਹੀ ਨਹੀਂ ਸਕਦਾ।੧। ਰਹਾਉ।

ਪ੍ਰ:—ਸ੍ਰੀ ਜੀਉ! ਮੈਂ ਆਤਮਕ ਮੌਤ ਤੋਂ ਬਚਣਾ ਤਾਂ ਚਾਹੁੰਦਾ ਹਾਂ, ਪਰ ਮੈਥੋਂ ਇਸ ਸਰੀਰ ਦਾ ਮੋਹ ਨਹੀਂ ਛੁਟਦਾ, ਕੋਈ ਇਸ ਦਾ ਉਪਾਉ ਦਸੋ?

7. **ਉ**:—ਹੇ ਭਾਈ! ਤੂੰ ਜਿਸ ਸਰੀਰ ਦੇ ਮੋਹ ਵਿਚ ਗਲਤਾਨ ਹੋ ਰਿਹਾ ਹੈਂ ਤੂੰ ਇਸ ਨੂੰ ਇਉਂ ਹੀ ਵੇਖ, ਜਿਵੇਂ ਘੁੰਮਣ ਘੇਰੀ ਵਿਚ ਰੇਤ ਦਾ ਘਰ ਬਣਿਆ ਹੋਇਆ ਹੋਵੇ।
8. ਅਤੇ ਜਿਵੇਂ ਤੂੰ ਵਰਖਾ ਵਿਚ ਬੁਦਬੁਦੇ ਦੀ ਬਨਾਵਟ ਨੂੰ ਵੇਖਦਾ ਹੈਂ, ਭਾਵ ਜਿਵੇਂ ਬਰਖਾ ਵੇਲੇ ਬੁਦਬੁਦਾ ਬਣ ਜਾਂਦਾ ਹੈ, (ਤਿਵੇਂ ਇਸ ਸਰੀਰ ਦੀ ਪਾਇਆਂ ਹੈ)।
9. (ਜਿਸ ਨੂੰ ਸਿਰਜਨਹਾਰ ਨੇ ਆਪਣੀ ਕੁਦਰਤ ਦਾ) ਚੱਕ ਘੁਮਾ ਕੇ (ਪਿਤਾ ਦੇ ਵੀਰਜ ਦੀ) ਬੂੰਦ ਮਾਤ੍ਰ ਤੋਂ ਰੱਚ

ਦਿਤਾ ਹੈ (ਜਿਵੇਂ ਕੋਈ ਘੁਮਿਆਰ ਚੱਕ੍ਰ ਘੁਮਾ ਕੇ ਮਿੱਟੀ ਤੋਂ ਭਾਂਡਾ ਬਣਾ ਦੇਂਦਾ ਹੈ)।

10. (ਇਸ ਲਈ) ਹੇ ਪਿਆਰੇ ! ਜੇ ਤੂੰ ਆਤਮਕ ਮੌਤ ਤੋਂ ਬਚਣਾ ਹੈ ਤਾਂ (ਤੂੰ) ਆਪਣੀ ਜਿੰਦ ਨੂੰ ਉਸ ਪ੍ਰਭੂ ਦੇ ਨਾਮ ਦੀ ਦਾਸੀ ਬਣਾ ਜਿਸ ਦੀ ਜੋਤ ਸਭ 'ਜੀਵਾਂ ਵਿਚ ਮੌਜੂਦ ਹੈ ।੨।

ਪ੍ਰ:–ਸ੍ਰੀ ਜੀਉ ! ਮੈਨੂੰ ਆਪਣੇ ਅੰਤਰ ਆਤਮੇਂ ਨਿਸਚਾ ਕਿਸ ਰੂਪ ਵਿਚ ਧਾਰਨ ਕਰਨਾ ਚਾਹੀਦਾ ਹੈ ?

11. ਉ:–ਹੇ ਭਾਈ ! ਤੇਰੇ ਅੰਦਰ ਨਿਸਚਾ ਇਉਂ ਹੀ ਚਾਹੀਦਾ ਹੈ ਕਿ, ਹੇ ਪ੍ਰਭੂ ਜੀਉ ! ਤੂੰ ਸਾਰੇ ਜੀਵ ਪੈਦਾ ਕਰ ਕੇ ਸਭ ਦੇ ਸਿਰ ਤੇ ਸ਼ਿਰੋਮਣੀ ਹੈਂ ਗੁਰੂ ਹੈਂ ।

12. ਅਤੇ ਮੇਰੀ ਇਹੋ ਹੀ ਤਾਂਘ ਹੈ ਕਿ, ਮੈਂ ਤੇਰੀ (ਹੀ) ਭਗਤੀ ਕਰਾਂ ਅਤੇ ਤੇਰੇ (ਹੀ) ਚਰਨੀਂ ਲਗਾ ਰਹਾਂ ।

13. ਤੇਰੇ ਹੀ ਨਾਮ ਰੰਗ ਵਿਚ ਰੰਗਿਆ ਰਹਾਂ ਅਤੇ ਤੇਰਾ ਹੀ ਪੱਲਾ ਫੜੀ ਰਖਾਂ ।

14. ਹੇ ਸਾਈਆਂ ਜੀਉ ! ਜਿਹੜਾ ਮਨੁੱਖ ਤੇਰੇ ਨਾਮ ਨੂੰ (ਆਪਣੀ ਜਿੰਦ ਤੋਂ) ਦੂਰ ਦੂਰ ਰਖ ਕੇ (ਜੀਵਨ ਪੰਧ ਵਿਚ) ਤੁਰਦਾ ਹੈ ਉਹ ਤੇਰਾ ਚੋਰ ਹੈ ।੩।

15. ਹੇ ਭਾਈ ! ਜਿਹੜਾ ਮਨੁੱਖ (ਵਿਕਾਰਾਂ ਦੀ) ਜ਼ਹਿਰ ਹੀ ਪੱਲੇ ਬੰਨ੍ਹਦਾ ਹੈ, ਉਹ ਆਪਣੀ ਇੱਜ਼ਤ ਗਵਾ ਲੈਂਦਾ ਹੈ ।

16. ਹੇ ਪਿਆਰੇ ! ਪਰ, ਜਿਹੜਾ ਬੰਦਾ ਸਦਾ ਥਿਰ ਪ੍ਰਮਾਤਮਾਂ ਦੇ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ, ਉਹ ਪ੍ਰਭੂ ਦੇ ਦੇਸ਼ ਵਿਚ ਇੱਜ਼ਤ ਨਾਲ ਜਾਂਦਾ ਹੈ ।

ਪ੍ਰ:–ਕਿਉਂ ਜੀ ! ਉਸ ਦਾ ਨਿਸਚਾ ਕੀ ਹੁੰਦਾ ਹੈ ?

17. ਉ:–ਹੇ ਭਾਈ ! ਉਸ ਨੂੰ ਇਹ ਯਕੀਨ ਹੁੰਦਾ ਹੈ ਕਿ ਪ੍ਰਭੂ ਜੋ ਕੁਝ ਭੀ ਕਰਦਾ ਹੈ ਉਹ ਆਪਣੀ ਰਜ਼ਾ ਵਿਚ ਕਰਦਾ ਹੈ (ਕਿਸੇ ਹੋਰ ਦਾ ਉਸ ਦੀ ਰਜ਼ਾ ਵਿਚ ਕੋਈ ਦਖਲ ਨਹੀਂ ਹੈ) ।

18. ਹੇ ਮੇਰੀ ਮਾਂ ! ਜਿਹੜਾ ਬੰਦਾ ਉਸ ਦੇ ਡਰ ਅਦਬ ਵਿਚ ਰਹਿਣ ਗਿੱਝ ਜਾਂਦਾ ਹੈ, ਉਹ (ਇਸ ਜੀਵਨ ਸਫਰ ਵਿਚ ਕਾਮ, ਕ੍ਰੋਧ ਆਦਿਕ ਵਲੋਂ) ਬੇ-ਫਿਕਰ ਹੋ ਕੇ ਤੁਰਦਾ ਹੈ ।੪।

ਪ੍ਰ:–ਗੁਰਦੇਵ ਜੀਉ ! ਇਹ ਜੀਵ ਜਿਤਨਾ ਭੀ ਸੁਖ ਪ੍ਰਾਪਤੀ ਦਾ ਜਤਨ ਕਰਦੇ ਹਨ, ਇਨ੍ਹਾਂ ਨੂੰ ਉਤਨਾਂ ਹੀ ਵਧੇਰੇ ਦੁੱਖ, ਕਲੇਸ਼ ਅਤੇ ਰੋਗ ਹੀ ਵਿਆਪਦੇ ਹਨ; ਦਸੋ ਇਸ ਦਾ ਅਸਲ ਕਾਰਨ ਕੀ ਹੈ ?

19. ਉ:–ਹੇ ਭਾਈਓ ! ਇਹ ਠੀਕ ਹੈ ਕਿ ਹਰ ਬੰਦੇ ਦੀ ਚਾਹਤ ਤਾਂ ਸੁਖ ਦੀ ਹੈ, ਪਰ ਸਾਧਨ ਦੁਖਾਂ ਦਾ ਕਰਦਾ ਵੇਖੀਦਾ ਹੈ ਜਿਵੇਂ ਕਿ ਹਰ ਸੁੰਦਰ ਜੀਵ ਇਸਤ੍ਰੀ ਦੁਨੀਆਂ ਦੇ ਚੰਗੇ ਪਦਾਰਥਾਂ ਦਾ ਭੋਗ ਲੋੜਦੀ ਹੈ ।

20. ਪਰ, ਜੇ ਵੀਚਾਰ ਦ੍ਰਿਸ਼ਟੀ ਨਾਲ ਤਕੀਏ ਤਾਂ ਇਹ ਪਾਨ ਫੁੱਲ, ਮਿੱਠੇ ਪਦਾਰਥਾਂ ਦੇ ਸੁਆਦ ਸਭ ਹੋਰ ਹੋਰ ਵਿਕਾਰ ਤੇ ਰੋਗ ਹੀ ਪੈਦਾ ਕਰਦੇ ਹਨ ।

21. (ਇਸ ਲਈ) ਹੇ ਭਾਈ ! ਇਹ ਜੀਵ ਰੂਪ ਇਸਤ੍ਰੀ ਜਿਤਨਾ ਭੀ ਵਧੀਕ ਇਨ੍ਹਾਂ ਭੋਗਾਂ ਵਿਚ ਖਿਲੀਆਂ ਮਾਰਦੀ ਹੈ, ਖੇਲਦੀ ਤੇ ਪ੍ਰਸੰਨ ਹੁੰਦੀ ਹੈ ਉਤਨਾਂ ਹੀ ਵਧੀਕ (ਇਸ ਨੂੰ) ਦੁੱਖ ਰੋਗ (ਹੀ) ਵਿਆਪਦਾ ਹੈ ।

22. ਪਰ, ਹੇ ਪਿਆਰੇ ! ਜਿਹੜੀ ਜੀਵ ਇਸਤ੍ਰੀ ਪ੍ਰਭੂ ਦੀ ਸ਼ਰਨ (ਵਿਚ) ਆ ਜਾਂਦੀ ਹੈ (ਉਹ ਰਜ਼ਾ ਵਿਚ ਤੁਰਦੀ ਹੈ ਉਸ ਨੂੰ ਨਿਸਚਾ ਹੁੰਦਾ ਹੈ ਕਿ) ਜੋ ਕੁਝ ਪ੍ਰਭੂ ਜੀ ਕਰਦਾ ਹੈ ਉਹੀ ਹੁੰਦਾ ਹੈ ।੫।

ਪ੍ਰ:–ਸ੍ਰੀ ਜੀਉ ! ਮਨੁੱਖ ਦਾ ਹਿਰਦਾ ਜੀਵਨ ਭਰ ਨਾਮ ਤੋਂ ਸਖਣਾ ਹੀ ਕਿਉਂ ਰਹਿੰਦਾ ਹੈ ?

23. ਉ:–ਹੇ ਭਾਈ ! ਜੋ ਜੀਵ ਰੂਪ ਇਸ਼ਤ੍ਰੀ ਸੋਹਣਾ ਸੋਹਣਾ ਕੱਪੜਾ ਪਹਿਨਦੀ ਹੈ ਅਤੇ ਵਧੀਕ ਵਧੀਕ ਸ਼ਿੰਗਾਰ ਕਰਦੀ ਹੈ ।

24. ਅਤੇ ਆਪਣੀ ਇਸ (ਮਿੱਟੀ ਦੀ ਫੁੱਲੀ ਹੋਈ)ਕਾਇਆਂ ਨੂੰ ਵੇਖ ਵੇਖ ਕੇ, ਫੂਲ ਫੂਲ ਕੇ ਬਹਿੰਦੀ ਹੈ, ਉਸ ਦਾ ਰੂਪ ਉਸ ਨੂੰ ਹੋਰ ਹੋਰ ਵਿਕਾਰਾਂ ਵਲ ਪ੍ਰੇਰਦਾ ਹੈ ।

25. ਦੁਨੀਆਂ ਦੀਆਂ ਆਸਾਂ ਤੇ ਖਾਹਸ਼ਾਂ ਉਸ ਦੇ (ਦਸਵੇਂ) ਦਰਵਾਜ਼ੇ, ਰੱਬ ਵਾਲੇ ਦਰਵਾਜ਼ੇ ਨੂੰ ਬੰਦ ਕਰ ਦੇਂਦੀਆਂ ਹਨ ।

26. (ਇਸ ਲਈ) ਹੇ ਭਾਈ ! ਉਸ ਜੀਵ ਰੂਪੀ ਇਸਤ੍ਰੀ ਦਾ ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਉਸ ਦਾ ਹਿਰਦਾ ਘਰ ਸੁੰਞਾ ਹੀ ਰਹਿੰਦਾ ਹੈ ।੬।

ਪ੍ਰ:–ਸ਼ਿਵ ਨਾਭ ਰਾਜੇ ਵਲੋਂ ਆਈਆਂ ਦਾਸੀਆਂ ਨੇ ਬੇਨਤੀ ਕਰੀ, ਕਿਉਂ ਜੀ, ਸਾਡੇ ਲਈ ਕੀ ਆਗਿਆ ਹੈ ?

27. ਉ:–ਤਾਂ ਇਨ੍ਹਾਂ ਦਾਸੀਆਂ ਨੂੰ ਆਪ ਜੀ ਨੇ ਵਾਸ਼ਨਾ ਰਹਿਤ ਕਰਨ ਲਈ ਬਚਨ ਕੀਤਾ ਕਿ, ਹੇ (ਰਾਜ ਕੁਮਾਰ) ਰਾਜੇ ਦੀ ਦਾਸੀਓ ! ਹੇ ਪੁਤ੍ਰੀ, ਤੁਸੀਂ ਹੁਣ ਇਥੋਂ (ਗਾਛਹੁ) ਚਲੀਆਂ ਜਾਵੋ, (ਭਾਵ, ਤੁਸੀਂ ਇਥੇ ਮੰਦ ਵਾਸ਼ਨਾਂ ਨਾ ਕਰੋ) ।

ਪ੍ਰ:–ਗੁਰਦੇਵ ਜੀਉ ! ਸਾਨੂੰ ਆਪ ਜੀ ਦੀ ਸ਼ਰਨ ਵਿਚ ਆਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਆਖਰ ਸਾਡੀ ਕਲਿਆਣ ਹਿਤ ਸਾਨੂੰ ਭੀ ਸ਼ੁਭ ਉਪਦੇਸ਼ ਬਖਸ਼ੋ ?

28. ਉ:–(ਹੇ ਰਾਜ ਕੁਮਾਰ ਪੁਤ੍ਰੀਓ !) ਦਿਨ ਨੂੰ ਸੰਵਾਰ ਕੇ, ਭਾਵ ਅੰਮ੍ਰਿਤ ਵੇਲਾ ਸੰਭਾਲ ਕੇ ਨਿਤ ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰਨ ਕਰਦੀਆਂ ਰਹੋ ।

29. (ਹੇ ਪੁਤ੍ਰੀ !) ਪ੍ਰਭੂ ਦੇ ਪ੍ਰੇਮ ਦੇ ਆਸਰੇ ਰਹਿ ਕੇ ਉਸ ਪ੍ਰੀਤਮ ਦੀ ਸੇਵਾ ਭਗਤੀ (ਹੀ) ਕਰੋ ।

30. ਹੇ ਪੁਤ੍ਰੀਓ ! ਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਦੀ

ਤ੍ਰਿਸ਼ਨਾਂ ਨੂੰ ਦੂਰ ਕਰੋ, (ਕਿਉਂਕਿ) ਇਹ ਤ੍ਰਿਸ਼ਨਾ ਜ਼ਹਿਰ ਹੈ ਜੋ ਕਿ (ਤੁਹਾਡੇ) ਆਤਮਕ ਜੀਵਨ ਨੂੰ ਮਾਰ ਦੇਵੇਗੀ।੭।

ਪ੍ਰ:-ਹੇ ਗੁਰਦੇਵ ਜੀਉ! ਆਪ ਜੀ ਤੋਂ ਪਹਿਲੋਂ ਜਿਤਨੇ ਭੀ ਵਡੇ ਵਡੇ ਸਾਧੂ ਤੇ ਜੋਗੀ ਲੋਕ ਆਏ ਹਨ, ਉਹ ਸਾਡੇ ਹਾਵ ਭਾਵਾਂ ਨੂੰ ਤੱਕ ਕੇ ਸ਼ੀਘਰ ਹੀ ਮੋਹਤ ਹੋ ਜਾਂਦੇ ਰਹੇ ਹਨ ਭਾਵ ਪਰਖ ਵੇਲੇ ਪੂਰੇ ਨਹੀਂ ਉਤਰ ਸਕੇ ਪਰ ਤੁਹਾਡਾ ਮਨ ਸਾਨੂੰ ਤੱਕ ਕੇ ਮੋਹਤ ਕਿਉਂ ਨਹੀਂ ਹੋਇਆ ਇਸ ਦਾ ਅਸਲ ਕਾਰਨ ਕੀ ਹੈ?

31. ਉ:-ਹੇ ਪੁਤ੍ਰੀਓ! ਅਸਲ ਕਾਰਨ ਹੈ ਕਿ, ਮੇਰਾ ਮਨ ਉਸ ਮੇਰੇ ਪ੍ਰਮੇਸ਼ਰ ਮੋਹਨ ਨੇ ਮੋਹਤ ਕਰ ਲਿਆ ਹੈ (ਜਿਸ ਕਰ ਕੇ ਹੁਣ ਇਹ ਮੇਰਾ ਮਨ ਕਿਸੇ ਤੇ ਭੀ ਮੋਹਤ ਨਹੀਂ ਹੁੰਦਾ)।

ਪ੍ਰ:-ਕਿਉਂ ਜੀ! ਆਖਰ, ਉਸ ਪ੍ਰਮੇਸ਼ਰ ਤੋਂ ਆਪ ਦੀ ਮੰਗ ਕੀ ਹੈ?

32. ਉ:-ਹੇ ਪੁਤ੍ਰੀਓ! ਮੇਰੀ ਤਾਂ ਉਸ ਮੋਹਨ ਪ੍ਰਮੇਸ਼ਰ ਤੋਂ ਸਦਾ ਇਕ ਇਹੋ ਹੀ ਮੰਗ ਹੈ ਕਿ, ਹੇ ਸਾਈਆਂ ਜੀਉ! ਮਿਹਰ ਕਰ, ਤਾਂ ਕਿ, ਮੈਂ ਗੁਰੂ ਦੇ ਸ਼ਬਦ ਦੀ ਰਾਹੀਂ ਤੈਨੂੰ ਪਛਾਣ ਸਕਾਂ।

33. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ! ਅਸੀਂ ਜੀਵ ਤੇਰੇ ਦਰ ਤੇ ਖਲੋਤੇ (ਬੇਨਤੀ ਕਰਦੇ ਹਾਂ) ਕਿਰਪਾ ਕਰ।

34. ਤਾਂ ਕਿ (ਅਸੀਂ) ਤੇਰੇ ਨਾਮ ਵਿਚ ਜੁੜ ਕੇ ਅਸੀਂ ਸੰਤੋਖ ਧਾਰਨ ਕਰ ਸਕੀਏ।੮।੧।

ਭਾਵਾਰਥ :-ਇਹ ਮਨੁੱਖ ਵਿਕਾਰਾਂ ਦੀ ਭਿੱਤੀ ਵੇਖਕੇ ਡੋਲਦਾ ਤਦੋਂ ਹੀ ਹੈ, ਜਦ ਉਹ ਨਾਮ ਨੂੰ' ਵਿਸਾਰ ਬਹਿੰਦਾ ਹੈ। ਇਸ ਲਈ, ਹੇ ਬਚੀਓ! ਜਿਸ ਰੂਪ ਦਾ ਮਾਣ ਕਰ ਕੇ ਤੁਸੀਂ ਮੇਰੇ ਪਾਸ ਆਈਆਂ ਹੋ, ਉਹ ਰੂਪ ਨਾਮ ਤੋਂ ਬਿਨਾ ਨਿਕੰਮਾਂ ਹੈ ਅਤੇ ਇਸ ਦੇ ਨਾਲ ਦੇ ਕਾਮ ਰਸ ਰੋਗ ਹਨ, ਜਿਨ੍ਹਾਂ ਦੇ ਭੋਗਣ ਤੋਂ ਸਿਵਾਇ ਸੋਗ ਦੇ ਕੁਝ ਪ੍ਰਾਪਤ ਨਹੀਂ ਹੁੰਦਾ, ਇਸ ਲਈ, ਹੇ ਬਚੀਓ! ਜਾਓ, ਨਾਮ ਜਪੋ ਅਤੇ ਆਪਣਾ ਜਨਮ ਸਵਾਰੋ, ਕਿਉਂਕਿ, ਤੁਸੀਂ ਮੈਨੂੰ ਮੋਹ ਨਹੀਂ ਸਕਦੀਆਂ, ਕਿਉਂਕਿ, ਮੇਰਾ ਮਨ ਤਾਂ ਅਗੇ ਹੀ ਉਸ ਮੋਹਨ ਦੇ ਤਰ੍ਹਾਂ ਤਰ੍ਹਾਂ ਦੇ ਕੌਤਕਾਂ ਨਾਲ ਮੋਹਿਆ ਹੋਇਆ ਹੈ, ਇਸ ਲਈ, ਤੁਸੀਂ ਭੀ ਉਸੇ ਸਰਬ ਪ੍ਰਿਆ ਪ੍ਰਭੂ ਨੂੰ ਪਿਆਰ ਨਾਲ ਸੇਵਨਾ ਕਰੋ।

ਬਸੰਤੁ ਮਹਲਾ ੧ ॥

1. **ਮਨੁ ਭੂਲਉ ਭਰਮਸਿ ਆਇ ਜਾਇ ॥**
2. **ਅਤਿ ਲੁਬਧ ਲੁਭਾਨਉ ਬਿਖਮ ਮਾਇ ॥**
3. **ਨਹ ਅਸਥਿਰੁ ਦੀਸੈ ਏਕ ਭਾਇ ॥**
4. **ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥**
5. **ਮਨੁ ਭੂਲਉ ਸਮਝਸਿ ਸਾਚ ਨਾਇ ॥**
6. **ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥**
7. **ਮਨੁ ਭੂਲਉ ਭਰਮਸਿ ਭਵਰ ਤਾਰ ॥**
8. **ਬਿਲ ਬਿਰਥੇ ਚਾਹੈ ਬਹੁ ਬਿਕਾਰ ॥**
9. **ਮੈਗਲ ਜਿਉ ਫਾਸਸਿ ਕਾਮਹਾਰ ॥**
10. **ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥**
11. **ਮਨੁ ਮੁਗਧੌ ਦਾਦਰੁ ਭਗਤਿ ਹੀਨੁ ॥**
12. **ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥**
13. **ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥**
14. **ਸਭਿ ਦੂਖ ਸਖਾਈ ਗੁਣਹ ਬੀਨ ॥੩॥**
15. **ਮਨੁ ਚਲੈ ਨ ਜਾਈ ਠਾਕਿ ਰਾਖੁ ॥**
16. **ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥**
17. **ਤੂ ਆਪੇ ਸੁਰਤਾ ਆਪਿ ਰਾਖੁ ॥**
18. **ਧਰਿ ਧਾਰਣ ਦੇਖੈ ਜਾਣੈ ਆਪਿ ॥੪॥**
19. **ਆਪਿ ਭੁਲਾਏ ਕਿਸੁ ਕਹਉ ਜਾਇ ॥**
20. **ਗੁਰੁ ਮੇਲੇ ਬਿਰਥਾ ਕਹਉ ਮਾਇ ॥**
21. **ਅਵਗਣ ਛੋਡਉ ਗੁਣ ਕਮਾਇ ॥**
22. **ਗੁਰ ਸਬਦੀ ਰਾਤਾ ਸਚਿ ਸਮਾਇ ॥੫॥**
23. **ਸਤਿਗੁਰ ਮਿਲਿਐ ਮਤਿ ਊਤਮ ਹੋਇ ॥**
24. **ਮਨੁ ਨਿਰਮਲੁ ਹਉਮੈ ਕਢੈ ਧੋਇ ॥**
25. **ਸਦਾ ਮੁਕਤੁ ਬੰਧਿ ਨ ਸਕੈ ਕੋਇ ॥**
26. **ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥**
27. **ਮਨੁ ਹਰਿ ਕੈ ਭਾਣੈ ਆਵੈ ਜਾਇ ॥**
28. **ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥**
29. **ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥**
30. **ਦੂਖ ਸੂਖ ਸਭ ਤਿਸੁ ਰਜਾਇ ॥੭॥**
31. **ਤੂ ਅਭੁਲੁ ਨ ਭੂਲੌ ਕਦੇ ਨਾਹਿ ॥**
32. **ਗੁਰ ਸਬਦੁ ਸੁਣਾਏ ਮਤਿ ਅਗਾਹਿ ॥**
33. **ਤੂ ਮੋਟਉ ਠਾਕੁਰੁ ਸਬਦ ਮਾਹਿ ॥**
34. **ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥**

ਪਦ ਅਰਥ :-ਭਰਮਸਿ-ਭਟਕਦਾ ਹੈ । ਆਇ ਜਾਇ ਆਉਂਦਾ ਹੈ ਜਾਂਦਾ ਹੈ, ਦੌੜ ਭੱਜ ਕਰਦਾ ਹੈ। ਅਤਿ-ਬਹੁਤ। ਲੁਬਧ-ਲਾਲਚੀ। ਲੁਭਾਨਉ-ਲਾਲਚ ਵਿਚ ਫਸਿਆ ਹੋਇਆ । ਬਿਖਮ ਮਾਇ-ਔਖੀ ਮਾਇਆ, ਉਹ ਮਾਇਆ ਜਿਸ ਤੋਂ ਬਚਣਾ ਬਹੁਤ ਔਖਾ ਹੈ। ਏਕ ਭਾਇ-ਇਕ ਪ੍ਰਮਾਤਮਾਂ ਦੇ ਪਿਆਰ ਵਿਚ । ਮੀਨ-ਮੱਛੀ। ਕੰਠਿ-ਗਲ ਵਿਚ।੧।

ਸਾਚ ਨਾਇ-ਸਦਾ ਥਿਰ ਪ੍ਰਭੂ ਦੇ ਨਾਮ ਵਿਚ (ਜੁੜ ਕੇ)। ਸਹਜ-ਆਤਮਕ ਅਡੋਲਤਾ । ਭਾਇ-ਪ੍ਰੇਮ ਵਿਚ। ਸਹਜ ਭਾਇ-ਅਡੋਲਤਾ ਦੇ ਭਾਵ ਵਿਚ।੧। ਰਹਾਉ।

ਭਵਰ ਤਾਰ–ਭੌਰੇ ਦੀ ਤਰ੍ਹਾਂ। ਬਿਲ–ਇੰਦ੍ਰੇ। ਬਿਰਥੇ ਬਿਕਾਰ–ਵਿਅਰਥ ਵਿਕਾਰ। ਮੈਗਲ–ਹਾਥੀ। ਕਾਮਹਾਰ–ਕਾਮਾਂਤਰ, ਕਾਮ ਅਧੀਨ। ਕੜਿ–ਕੜ ਕੇ, ਬੰਨ੍ਹ ਕੇ। ਬੰਧਨਿ–ਬੰਧਨ ਨਾਲ, ਰੱਸੇ (ਸੰਗਲ) ਨਾਲ। ਸੀਸ ਮਾਰ–ਸਿਰ ਤੇ ਮਾਰ।੨।

ਮੁਗਧੋ-ਮੂਰਖ। ਦਾਦਰੁ–ਡੱਡੂ। ਦਰਿ ਭ੍ਰਸਟ–ਦਰ ਤੋਂ ਡਿੱਗਾ ਹੋਇਆ। ਬੀਨੁ–ਬਿਨ, ਸਖਣਾ। ਗੁਣਹ ਬੀਨ–ਗੁਣਾਂ ਤੋਂ ਖਾਲੀ।੩।

ਠਾਕਿ–ਰੋਕ ਕੇ। ਸਾਖੁ–ਇਤਬਾਰ। ਸੁਰਤਾ–ਧਿਆਨ ਰਖਣ ਵਾਲਾ। ਰਾਖੁ–ਰਾਖਾ। ਧਾਰਿ–ਧਾਰ ਕੇ, ਪੈਦਾ ਕਰਕੇ। ਧਾਰਣ–ਧਰਣੀ, ਧਰਤੀ।੪।

ਕਹਉ–ਮੈਂ ਆਖਾਂ। ਬਿਰਥਾ–ਦੁੱਖ, ਪੀੜਾ। ਮਾਇ–ਹੇ ਮਾਂ। ਕਮਾਇ–ਵਿਹਾਝ ਕੇ। ਸਚਿ–ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾਂ ਵਿਚ।੫।

ਉਤਮ–ਸ੍ਰੇਸ਼ਟ। ਧੋਇ–ਧੋ ਕੇ। ਬੰਧਿ ਨ ਸਕੈ–ਬੰਨ੍ਹ ਨਹੀਂ ਸਕਦਾ।੬।

ਭਾਣੈ–ਰਜ਼ਾ ਵਿਚ। ਆਵੈ ਜਾਇ–ਭਟਕਦਾ ਹੈ। ਹੁਕਮਿ–ਹੁਕਮ ਵਿਚ।੭।

ਅਗਾਹਿ–ਅਗਾਧ। ਸਲਾਹਿ–ਸਲਾਹ ਕੇ, ਸਿਫਤ ਸਲਾਹ ਕਰ ਕੇ।੮।

ਅਰਥ :-

ਪ੍ਰ:-ਸ੍ਰੀ ਜੀਉ! ਜਗਤ ਦੇ ਹਰ ਜੀਵ ਦਾ ਹੀ ਮਨ ਦਿਨੇ ਰਾਤ ਡਾਵਾਂ ਡੋਲ ਰਹਿੰਦਾ ਹੈ, ਕਿਉਂ ਜੀ! ਇਸ ਦੇ ਭਟਕਦੇ ਰਹਿਣ ਦਾ ਅਸਲ ਕਾਰਨ ਕੀ ਹੈ?

1. ਉ:-ਹੇ ਭਾਈਓ! ਅਸਲ ਵਿਚ ਇਹ ਮਨ (ਮਾਇਆ ਦੇ ਮੋਹ ਦੇ ਕਾਰਨ) ਕੁਰਾਹੇ ਪਿਆ ਹੋਇਆ ਭਟਕਦਾ (ਹੀ) ਰਹਿੰਦਾ ਹੈ।
2. ਮਾਇਆ ਦੀ ਖਾਤਰ ਹੀ ਦੌੜ ਭੱਜ ਕਰਦਾ ਰਹਿੰਦਾ ਹੈ, ਬੜਾ ਲਾਲਚੀ ਹੋਇਆ ਰਹਿੰਦਾ ਹੈ, ਇਹ ਉਸ ਮਾਇਆ ਦੇ ਲਾਲਚ ਵਿਚ ਫਸਿਆ ਰਹਿੰਦਾ ਹੈ, ਜਿਸ ਦੀ ਫਾਹੀ ਵਿਚੋਂ ਨਿਕਲਣਾ ਬਹੁਤ ਔਖਾ ਹੈ।
3. ਹੇ ਪਿਆਰੇ! ਇਹੀ ਕਾਰਨ ਹੈ ਕਿ, ਜਿਤਨਾ ਚਿਰ ਮਨ ਮਾਇਆ ਦੇ ਅਧੀਨ ਰਹਿੰਦਾ ਹੈ, ਤਦ ਤਕ ਇਹ ਕਦੇ ਟਿਕਵੀਂ ਹਾਲਤ ਵਿਚ ਨਹੀਂ ਦਿਸਦਾ, ਇਕ ਪ੍ਰਭੂ ਦੇ ਪ੍ਰੇਮ ਵਿਚ (ਮਗਨ) ਨਹੀਂ ਦਿਸਦਾ।
4. ਹੇ ਪਿਆਰੇ! ਇਉਂ ਹੀ ਜਾਣੋ, ਜਿਵੇਂ ਮੱਛੀ (ਭਿੱਤੀ ਦੇ ਲਾਲਚ ਵਿਚ) ਆਪਣੇ ਗਲ (ਵਿਚ) ਕੁੰਡੀ ਪਵਾ ਲੈਂਦੀ ਹੈ, (ਤਿਵੇਂ ਮਨ ਮਾਇਆ ਦੀ ਗੁਲਾਮੀ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ)।੧।

ਪ੍ਰ:-ਸ੍ਰੀ ਜੀਉ! ਕੀ ਆਖਰ ਇਹ ਭੁਲਾ ਹੋਇਆ ਮਨ ਕਿਵੇਂ ਸਮਝ ਭੀ ਸਕਦਾ ਹੈ?

5. ਉ:-ਹੇ ਭਾਈਓ! ਅਸਲ ਵਿਚ ਤਾਂ ਇਹ ਮਾਇਆ ਦੇ ਮੋਹ ਦੇ ਕਾਰਨ ਕੁਰਾਹੇ ਪਿਆ ਹੋਇਆ ਮਨ ਸਦਾ ਥਿਰ ਪ੍ਰਭੂ ਦੇ ਨਾਮ ਵਿਚ (ਜੁੜ ਕੇ ਹੀ) ਆਪਣੀ ਭੁੱਲ ਨੂੰ ਸਮਝਦਾ ਹੈ।
6. (ਕਿਉਂਕਿ) (ਜਦੋਂ ਇਹ ਮਨ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਤਾਂ ਇਹ ਆਤਮਕ ਅਡੋਲਤਾ ਦੇ ਭਾਵ ਵਿਚ (ਟਿਕ ਜਾਂਦਾ ਹੈ)।੧। ਰਹਾਉ।
7. ਹੇ ਭਾਈ! ਇਉਂ ਹੀ ਵੇਖਣ ਵਿਚ ਆਉਂਦਾ ਹੈ ਕਿ, ਮਾਇਆ ਦੇ ਪ੍ਰਭਾਵ ਦੇ ਕਾਰਨ ਕੁਰਾਹੇ ਪਿਆ ਮਨ ਭੌਰੇ ਵਾਂਗ ਭਟਕਦਾ (ਫਿਰਦਾ) ਹੈ।
8. ਹੇ ਪਿਆਰੇ! ਇਹ ਮਨ ਇੰਦ੍ਰਿਆਂ ਦੇ ਰਾਹੀਂ ਬਹੁਤੇ ਵਿਅਰਥ ਵਿਕਾਰ ਕਰਨੇ ਚਾਹੁੰਦਾ ਹੈ।

9.10 ਹੇ ਭਾਈਓ ਜਾਂ ਇਉਂ ਹੀ ਜਾਣੋ ਕਿ ਇਹ ਮਨ ਕਾਮਾਤੁ ਹਾਥੀ ਵਾਂਗ ਫਸਦਾ ਹੈ ਜੋ ਸੰਗਲ ਨਾਲ ਕੜ ਕੇ ਬੰਨ੍ਹਿਆਂ ਜਾਂਦਾ ਹੈ ਤੇ ਸਿਰ ਉਤੇ ਚੋਟਾਂ ਸਹਾਰਦਾ ਹੈ।੨।

11. ਹੇ ਭਾਈ! ਮੂਰਖ ਮਨ ਭਗਤੀ ਤੋਂ ਵਾਂਜਿਆਂ ਰਹਿੰਦਾ ਹੈ, (ਇਹ ਮੂਰਖ ਮਨ ਮਾਨੋਂ) ਡੱਡੂ ਹੈ (ਜੋ ਕਿ ਨੇੜੇ ਹੀ ਉੱਗੇ ਹੋਏ ਕੌਲ ਫੁੱਲ ਦੀ ਕਦਰ ਹੀ ਨਹੀਂ ਜਾਣਦਾ)।
12. ਹੇ ਪਿਆਰੇ! ਇਉਂ ਹੀ ਪ੍ਰਤੀਤ ਹੁੰਦਾ ਹੈ ਕਿ, ਕੁਰਾਹੇ ਪਿਆ ਹੋਇਆ ਮਨ, ਪ੍ਰਭੂ ਦੇ ਦਰ ਤੋਂ ਡਿਗਿਆ ਹੋਇਆ ਹੈ, (ਮਾਨੋਂ) ਸਰਾਪਿਆ ਹੋਇਆ ਹੈ, (ਕਿਉਂਕਿ) ਨਾਮ ਤੋਂ ਸਖਣਾ ਹੈ।

ਪ੍ਰ:-ਸ੍ਰੀ ਜੀਉ! ਨਾਮ ਤੋਂ ਸਖਣੇ ਮਨੁੱਖਾਂ ਬਾਰੇ ਆਪ ਦਾ ਕੀ ਵਿਚਾਰ ਹੈ?

13. ਉ:-ਹੇ ਪਿਆਰਿਓ! ਜੋ ਮਨੁੱਖ ਨਾਮ ਤੋਂ ਖਾਲੀ ਹੈ (ਉਸ ਬਾਰੇ ਤਾਂ ਇਉਂ ਹੀ ਜਾਣਿਆ ਜਾ ਸਕਦਾ ਹੈ ਕਿ, ਨਾ ਕੋਈ ਉਸ ਦੀ ਚੰਗੀ ਜਾਤ ਮੰਨੀ ਜਾ ਸਕਦੀ ਹੈ, ਨਾ ਚੰਗੀ ਕੁਲ, ਉਸਦਾ (ਤਾਂ) ਕੋਈ ਨਾਮ ਭੀ ਨਹੀਂ ਲੈਂਦਾ।
14. ਹੇ ਭਾਈ! ਅਜਿਹਾ ਮਨੁੱਖ ਤਾਂ ਆਤਮਕ ਗੁਣਾਂ ਤੋਂ ਵਾਂਜਿਆਂ ਹੀ ਰਹਿੰਦਾ ਹੈ ਅਤੇ ਸਾਰੇ ਦੁੱਖ ਹੀ ਉਸ ਦੇ ਸਾਥੀ ਬਣੇ ਰਹਿੰਦੇ ਹਨ।੩।

ਪ੍ਰ:-ਸ੍ਰੀ ਜੀਉ! ਕੋਈ ਅਜਿਹਾ ਸਾਧਨ ਦਸੋ, ਜਿਸ ਦਾ ਸਦਕਾ ਮੈਨੂੰ ਹਰ ਥਾਂ ਇੱਜ਼ਤ ਹਾਸਲ ਹੋਵੇ ਅਤੇ ਹਰ ਕੋਈ ਮੇਰਾ ਇਤਬਾਰ ਕਰੇ?

15. ਉ:-ਹੇ ਪਿਆਰੇ! ਸੁਣ, ਇਹ ਮਨ ਚੰਚਲ ਹੈ, ਇਸ ਨੂੰ ਰੋਕ ਕੇ ਰਖ ਤਾਂ ਕਿ ਇਹ (ਵਿਕਾਰਾਂ ਦੇ ਪਿਛੇ) ਭਟਕਦਾ ਨਾ ਫਿਰੇ।
16. ਹੇ ਭਾਈ! ਇਹ ਨਿਸਚਾ ਕਰ ਲੈ ਕਿ, ਪ੍ਰਮਾਤਮਾਂ ਦੇ ਨਾਮ ਰਸ ਵਿਚ ਰੰਗੇ ਜਾਣ ਤੋਂ ਬਿਨਾ ਨਾ ਕਿਤੇ ਇੱਜ਼ਤ ਮਿਲਦੀ

ਹੈ ਅਤੇ ਨਾ ਹੀ ਕੋਈ ਇਤਬਾਰ ਹੀ ਕਰਦਾ ਹੈ।

ਪ੍ਰ:–ਗੁਰਦੇਵ ਜੀਉ ! ਆਖਰ ਦਸੋ, ਮੈਨੂੰ ਸਾਧਨ ਕੀ ਕਰਨਾ ਚਾਹੀਦਾ ਹੈ ?

17. ਉ:–ਹੇ ਪਿਆਰੇ ! ਇਕੋ ਹੀ ਸਾਧਨ ਅਰਦਾਸ ਹੈ ਜੋ ਸਦਾ ਇਉਂ ਹੀ ਕਰਦਾ ਰਿਹਾ ਕਰ ਕਿ, ਹੇ ਪ੍ਰਭੂ ! ਤੂੰ ਆਪ ਹੀ (ਸਾਡੀਆਂ ਜੀਵਾਂ ਦੀਆਂ ਅਰਦਾਸਾਂ) ਸੁਣਨ ਵਾਲਾ ਹੈਂ ਤੇ ਆਪ ਹੀ ਸਾਡਾ ਰਾਖਾ ਹੈਂ।

ਪ੍ਰ:–ਗੁਰਦੇਵ ਜੀਉ ! ਆਖਰ, ਸਰੀਰਕ ਲੋੜਾਂ ਪੂਰੀਆਂ ਕਰਨ ਵਾਸਤੇ ਕੁਝ ਉਪਾਉ ਤਾਂ ਕਰਨਾ ਹੀ ਪੈਂਦਾ ਹੈ ?

18. ਉ:–ਹੇ ਭਾਈ ! ਤੇਰਾ ਇਹ ਲੋੜਾਂ ਪੂਰੀਆਂ ਕਰਨ ਦਾ ਖਿਆਲ ਭੀ ਵਿਅਰਥ ਹੈ, ਕਿਉਂਕਿ, ਉਹ ਪ੍ਰਮਾਤਮਾਂ ਆਪ ਹੀ ਸ੍ਰਿਸ਼ਟੀ ਰਚ ਕੇ (ਇਸ ਦੀਆਂ ਲੋੜਾਂ ਨੂੰ ਭੀ) ਜਾਣਦਾ ਹੈ (ਇਹ ਪ੍ਰਬੰਧ ਉਸ ਨੇ ਜੀਵਾਂ ਦੇ ਪੈਦਾ ਕਰਨ ਤੋਂ ਪਹਿਲੇਂ ਹੀ ਬਣਾ ਰਖਿਆ ਹੈ) ।੪।

ਪ੍ਰ:–ਸ੍ਰੀ ਜੀਉ ! ਇਹ ਸਭ ਦੀ ਭਲਾਈ ਦਾ ਸੰਦੇਸ਼ ਤਾਂ ਆਪ ਜੀ ਨੂੰ ਹਰ ਪ੍ਰਾਣੀ ਮਾਤ੍ਰ ਨੂੰ ਪਹੁੰਚਾਉਣਾ ਚਾਹੀਦਾ ਹੈ ?

19. ਉ:–(ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਦਸੋ) ਮੈਂ ਪ੍ਰਭੂ ਤੋਂ ਬਿਨਾ ਹੋਰ ਕਿਸ ਨੂੰ ਜਾ ਕੇ ਇਹ (ਸੰਦੇਸ਼ ਸੁਣਾਵਾਂ) ਕਿਸ ਨੂੰ ਜਾ ਕੇ ਆਖਾਂ ? (ਕਿਉਂਕਿ) ਪ੍ਰਭੂ ਆਪ ਹੀ (ਜੀਵਾਂ ਨੂੰ) ਕੁਰਾਹੇ ਪਾਂਦਾ ਹੈ।

20. ਹੇ ਭਾਈਓ ! (ਉਹ) ਪ੍ਰਭੂ ਆਪ ਹੀ ਗੁਰੂ ਮਿਲਾਂਦਾ ਹੈ, ਸੋ, ਮੈਂ ਗੁਰੂ ਦੇ ਦਰ ਤੇ ਹੀ (ਇਹ) ਦਿਲ ਦਾ ਦੁੱਖ ਕਹਿ ਸਕਦਾ ਹਾਂ।

21. ਹੇ ਭਾਈ ! ਮੈਂ ਤਾਂ ਗੁਰੂ ਦੀ ਸਹਾਇਤਾ ਨਾਲ ਹੀ ਗੁਣ ਵਿਹਾਝ ਕੇ ਔਗੁਣ ਛਡ ਸਕਦਾ ਹਾਂ।

22. ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਮਸਤ ਰਹਿੰਦਾ ਹੈ, ਉਹ ਉਸ ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾਂ (ਦੀ ਯਾਦ) ਵਿਚ ਲੀਨ ਰਹਿੰਦਾ ਹੈ ।੫।

23. ਜੇ ਗੁਰੂ ਮਿਲ ਜਾਏ ਤਾਂ (ਮਨੁੱਖ ਦੀ) ਮਤਿ ਸ੍ਰੇਸ਼ਟ ਹੋ ਜਾਂਦੀ ਹੈ।

24. ਮਨ ਪਵਿਤ੍ਰ ਹੋ ਜਾਂਦਾ ਹੈ, ਉਹ ਮਨੁੱਖ ਆਪਣੇ ਮਨ ਵਿਚੋਂ ਹਉਮੈਂ ਦੀ ਮੈਲ ਧੋ ਕੇ ਕੱਢ ਦੇਂਦਾ ਹੈ।

25. ਉਹ ਮਨੁੱਖ ਸਦਾ ਹੀ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਕੋਈ (ਵਿਕਾਰ) ਭੀ ਉਸ ਨੂੰ ਕਾਬੂ ਨਹੀਂ ਕਰ ਸਕਦਾ।

26. ਹੇ ਭਾਈ ! ਉਹ ਸਦਾ (ਹੀ) ਪ੍ਰਮਾਤਮਾਂ ਦਾ ਨਾਮ ਸਿਮਰਦਾ ਹੈ, ਉਸ ਨੂੰ ਹੋਰ ਕੋਈ ਭੀ (ਚਮਤਕਾਰ ਆਪਣੇ ਵਲ ਖਿੱਚ) ਨਹੀਂ ਸਕਦਾ ।੬।

ਪ੍ਰ:–ਗੁਰਦੇਵ ਜੀਉ ! ਸੁਖਦਾਇਕ ਰੱਬੀ ਮਾਰਗ ਤੇ ਸਾਰੇ ਹੀ ਕਿਉਂ ਨਹੀਂ ਚਲਦੇ ?

27. ਉ:–ਹੇ ਪਿਆਰੇ ! ਚਾਹੁੰਦੇ ਤਾਂ ਬਹੁਤ ਹਨ, ਪਰ, ਜੀਵ ਦੇ ਭੀ ਕੀ ਵੱਸ ਹੈ ? ਇਸ ਮਨ ਦੀ ਕੋਈ ਪੇਸ਼ ਨਹੀਂ ਜਾ ਸਕਦੀ, ਇਹ ਮਨ ਪ੍ਰਮਾਤਮਾਂ ਦੇ ਭਾਣੇ ਅਨੁਸਾਰ (ਮਾਇਆ ਦੇ ਮੋਹ ਵਿਚ) ਭਟਕਦਾ ਫਿਰਦਾ ਹੈ।

28. ਉਹ ਪ੍ਰਭੂ ਆਪ ਹੀ ਸਭ ਜੀਵਾਂ ਵਿਚ ਵਸਦਾ ਹੈ, (ਉਸ ਦੀ ਰਜ਼ਾ ਦੇ ਉਲਟ) ਕੋਈ ਹੀਲ-ਹੁੱਜਤ ਕੀਤੀ ਨਹੀਂ ਜਾ ਸਕਦੀ।

29. ਹਰ ਥਾਂ ਪ੍ਰਭੂ ਦਾ ਹੁਕਮ ਹੀ ਚਲ ਰਿਹਾ ਹੈ, ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਹੀ ਬੱਝੀ ਰਹਿੰਦੀ ਹੈ।

30. (ਇਨ੍ਹਾਂ ਜੀਵਾਂ ਨੂੰ ਵਾਪਰਦੇ) ਸਾਰੇ ਦੁੱਖ ਤੇ ਸੁਖ ਉਸ ਪ੍ਰਮਾਤਮਾਂ ਦੀ ਰਜ਼ਾ ਅਨੁਸਾਰ ਹੀ ਹਨ ।੭।

ਪ੍ਰ:–ਕਿਉਂ ਜੀ ! ਉਸ ਪ੍ਰਭੂ ਦੀ ਸ਼ਲਾਘਾ ਕਿਵੇਂ ਕਰਦੇ ਰਹਿਣਾ ਚਾਹੀਦਾ ਹੈ ?

31. ਉ:–ਹੇ ਪਿਆਰੇ ! ਇਉਂ ਹੀ ਕਹਿੰਦੇ ਰਿਹਾ ਕਰੋ ਕਿ, ਹੇ ਪ੍ਰਭੂ ! ਤੂੰ ਅਭੁੱਲ ਹੈਂ, ਗਲਤੀ ਨਹੀਂ ਕਰਦਾ, ਕਦੇ ਭੀ ਉਕਾਈ ਨਹੀਂ ਖਾਂਦਾ।

32. (ਤੇਰੀ ਰਜ਼ਾ ਅਨੁਸਾਰ) ਗੁਰੂ ਜਿਸ ਨੂੰ ਆਪਣਾ ਸ਼ਬਦ ਸੁਣਾਂਦਾ ਹੈ, ਉਸ ਮਨੁੱਖ ਦੀ ਮਤਿ ਭੀ ਅਗਾਧ (ਡੂੰਘੀ) ਹੋ ਜਾਂਦੀ ਹੈ, (ਭਾਵ ਉਹ ਡੂੰਘੀ ਸਮਝ ਵਾਲਾ ਹੋ ਜਾਂਦਾ ਹੈ ਤੇ ਕੋਈ ਉਕਾਈ ਉਸ ਉਤੇ ਪ੍ਰਭਾਵ ਨਹੀਂ ਪਾ ਸਕਦੀ)।

33. ਹੇ ਪ੍ਰਭੂ ! ਤੂੰ ਵਡਾ (ਪਾਲਣਹਾਰ) ਮਾਲਕ ਹੈਂ ਤੇ ਗੁਰੂ ਦੇ ਸ਼ਬਦ ਵਿਚ ਵਸਦਾ ਹੈ, (ਭਾਵ, ਜਿਹੜਾ ਮਨੁੱਖ ਗੁਰੂ ਦੇ ਸਬਦ ਵਿਚ ਜੁੜਦਾ ਹੈ, ਉਸ ਨੂੰ ਤੇਰਾ ਦਰਸ਼ਨ ਹੋ ਜਾਂਦਾ ਹੈ)।

34 ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫਤ ਸਲਾਹ ਕਰ ਕੇ ਮੇਰਾ ਮਨ (ਉਸੇ ਦੀ ਯਾਦ ਵਿਚ) ਗਿੱਝ ਗਿਆ ਹੈ ।੮।੨।

ਭਾਵਾਰਥ :–ਨਾਮ ਤੋਂ ਬਿਨਾ ਮਨ ਸਦਾ ਹੀ ਭਟਕਦਾ ਰਹਿੰਦਾ ਹੈ ਤੇ ਦੁੱਖ ਪਾਉਂਦਾ ਹੈ, ਫਿਰ ਜਦੋਂ ਗੁਰੂ ਮਿਲੇ ਤੇ ਉਸ ਦਾ ਸ਼ਬਦ ਗ੍ਰਹਿਣ ਕਰੇ, ਤਾਂ ਮਤਿ ਉਜਲੀ ਹੋ ਕੇ ਉਸ ਸਾਈਂ ਜੀ ਦੀ ਰਜ਼ਾ ਵਿਚ ਤੁਰੀ ਰਹਿੰਦੀ ਹੈ।

ਬਸੰਤੁ ਮਹਲਾ ੧ ॥

1. ਦਰਸਨ ਕੀ ਪਿਆਸ ਜਿਸੁ ਨਰ ਹੋਇ ॥
2. ਏਕਤੁ ਰਾਚੈ ਪਰਹਰਿ ਦੋਇ ॥
3. ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
4. ਗੁਰਮੁਖਿ ਬੂਝੈ ਏਕ ਸਮਾਇ ॥੧॥
5. ਤੇਰੇ ਦਰਸਨ ਕਉ ਕੇਤੀ ਬਿਲਲਾਇ ॥
6. ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥

7. ਬੇਦ ਵਖਾਣਿ ਕਹਹਿ ਇਕੁ ਕਹੀਐ ॥
8. ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥
9. ਏਕੋ ਕਰਤਾ ਜਿਨਿ ਜਗੁ ਕੀਆ ॥
10. ਬਾਝੁ ਕਲਾ ਧਰਿ ਗਗਨੁ ਧਰੀਆ ॥੨॥
11. ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥
12. ਏਕੁ ਨਿਰਾਲਮੁ ਅਕਥ ਕਹਾਣੀ ॥
13. ਏਕੋ ਸਬਦੁ ਸਚਾ ਨੀਸਾਣੁ ॥
14. ਪੂਰੇ ਗੁਰ ਤੇ ਜਾਣੈ ਜਾਣੁ ॥੩॥
15. ਏਕੋ ਧਰਮੁ ਦ੍ਰਿੜੈ ਸਚੁ ਕੋਈ ॥
16. ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
17. ਅਨਹਦਿ ਰਾਤਾ ਏਕ ਲਿਵ ਤਾਰ ॥
18. ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥
19. ਏਕੋ ਤਖਤੁ ਏਕੋ ਪਾਤਿਸਾਹੁ ॥
20. ਸਰਬੀ ਥਾਈ ਵੇਪਰਵਾਹੁ ॥
21. ਤਿਸ ਕਾ ਕੀਆ ਤ੍ਰਿਭਵਣ ਸਾਰੁ ॥
22. ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
23. ਏਕਾ ਮੂਰਤਿ ਸਾਚਾ ਨਾਉ ॥
24. ਤਿਥੈ ਨਿਬੜੈ ਸਾਚੁ ਨਿਆਉ ॥
25. ਸਾਚੀ ਕਰਣੀ ਪਤਿ ਪਰਵਾਣੁ ॥
26. ਸਾਚੀ ਦਰਗਹ ਪਾਵੈ ਮਾਣੁ ॥੬॥
27. ਏਕਾ ਭਗਤਿ ਏਕੋ ਹੈ ਭਾਉ ॥
28. ਬਿਨੁ ਭੈ ਭਗਤੀ ਆਵਉ ਜਾਉ ॥
29. ਗੁਰ ਤੇ ਸਮਝਿ ਰਹੈ ਮਿਹਮਾਣੁ ॥
30. ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
31. ਇਤ ਉਤ ਦੇਖਉ ਸਹਜੇ ਰਾਵਉ ॥
32. ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
33. ਨਾਨਕ ਹਉਮੈ ਸਬਦਿ ਜਲਾਇਆ ॥
34. ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥

ਪਦ ਅਰਥ :–ਏਕਤੁ–ਇਕ (ਪ੍ਰਮਾਤਮਾਂ) ਵਿਚ ਹੀ। ਪਰਹਰਿ–ਤਿਆਗ ਕੇ। ਦੋਇ–ਦ੍ਵੈਤ, ਕਿਸੇ ਹੋਰ ਆਸਰੇ ਦੀ ਝਾਕ। ਮਥਿ–ਰਿੜਕ ਕੇ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਏਕ ਸਮਾਇ–ਇਕ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ।੧।

ਕੇਤੀ–ਬੇਅੰਤ ਲੁਕਾਈ। ਬਿਲਲਾਇ–ਤਰਲੇ ਲੈਂਦੀ ਹੈ। ਚੀਨਸਿ–ਪਛਾਣਦਾ ਹੈ। ਮਿਲਾਇ–ਮਿਲਿ, ਮਿਲ ਕੇ।੧। ਰਹਾਉ।

ਵਖਾਣਿ–ਵਖਾਣ ਕੇ, ਵਿਆਖਿਆ ਕਰ ਕੇ। ਕਹੀਐ–ਸਿਮਰਨਾ ਚਾਹੀਦਾ ਹੈ। ਕਿਨਿ–ਕਿਸ ਨੇ ?। ਜਿਨਿ–ਜਿਸ ਪ੍ਰਭੂ ਨੇ। ਕਲਾ–(ਕੋਈ ਦਿਸਦਾ) ਵਸੀਲਾ। ਧਰਿ–ਧਰਤੀ। ਗਗਨੁ–ਅਕਾਸ਼। ਧਰੀਆ–ਟਿਕਾਇਆ ਹੈ।੨।

ਧੁਨਿ–ਰੌ, ਲਗਨ। ਬਾਣੀ–ਸਿਫਤ ਸਲਾਹ। ਨਿਰਾਲਮੁ–ਜਿਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ। ਅਕਥ–ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ। ਨੀਸਾਣੁ–ਪਰਵਾਨਾ, ਰਾਹਦਾਰੀ। ਤੇ–ਤੋਂ, ਪਾਸੋਂ। ਜਾਣੁ–ਸੁਜਾਨ ਮਨੁੱਖ।੩।

ਦ੍ਰਿੜੈ–ਪੱਕਾ ਕਰਦਾ ਹੈ, ਹਿਰਦੇ ਵਿਚ ਟਿਕਾਂਦਾ ਹੈ। ਸਚੁ–ਸਦਾ ਥਿਰ ਪ੍ਰਭੂ। ਜੁਗਿ ਜੁਗਿ–ਹਰੇਕ ਜੁਗ ਵਿਚ। ਅਨਹਦਿ–ਅਬਿਨਾਸੀ ਪ੍ਰਭੂ ਵਿਚ। ਰਾਤਾ–ਮਸਤ। ਅਲਖ–ਅਦ੍ਰਿਸ਼ਟ।੪।

ਸਾਰੁ–ਮੂਲ, ਤਤ। ਅਗਮੁ–ਅਪਹੁੰਚ। ਅਗੋਚਰੁ–(ਅ-ਗੋ-ਚਰ) ਜਿਸ ਤਕ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਏਕੰਕਾਰੁ–ਇਕ ਆਪ ਹੀ ਆਪ।੫।

ਮੂਰਤਿ–ਸਰੂਪ। ਸਾਚਾ–ਸਦਾ ਥਿਰ ਰਹਿਣ ਵਾਲਾ। ਤਿਥੈ–ਉਸ ਪ੍ਰਭੂ ਦੀ ਹਜ਼ੂਰੀ ਵਿਚ। ਨਿਬੜੈ–ਨਿਬੜਦਾ ਹੈ, ਚਲਦਾ ਹੈ। ਸਾਚੀ–ਸਦਾ ਇਕ ਰਸ ਰਹਿਣ ਵਾਲੀ, ਸਚੀ। ਕਰਣੀ–ਆਚਰਨ। ਪਤਿ–ਇੱਜ਼ਤ। ਪਰਵਾਣੁ–ਕਬੂਲ।੬।

ਭਾਉ–ਪ੍ਰੇਮ। ਆਵਉ ਜਾਉ–ਜੰਮਣ ਮਰਣ (ਬਣਿਆਂ ਰਹਿੰਦਾ ਹੈ)। ਤੇ–ਤੋਂ। ਸਮਝਿ–ਸਿਖਿਆ ਲੈਕੇ। ਮਿਹਮਾਣੁ–ਪ੍ਰਾਹੁਣਾ। ਰਸਿ–ਰਸ ਵਿਚ।੭।

ਇਤ ਉਤ–ਲੋਕ ਪ੍ਰਲੋਕ ਵਿਚ। ਦੇਖਉ–ਮੈਂ ਵੇਖਦਾ ਹਾਂ। ਸਹਜੇ–ਸਹਿਜ ਵਿਚ, ਆਤਮਕ ਅਡੋਲਤਾ ਵਿਚ। ਗਾਵਉ–ਮੈਂ ਸਿਮਰਦਾ ਹਾਂ। ਠਾਕੁਰ–ਹੇ ਠਾਕੁਰ। ਸਬਦਿ–ਸ਼ਬਦ ਦੀ ਰਾਹੀਂ। ਸਤਿਗੁਰਿ–ਗੁਰੂ ਨੇ।੮।

ਅਰਥ :–

ਪ੍ਰ–ਸ੍ਰੀ ਜੀਉ! ਬਹੁਤ ਲੁਕਾਈ ਆਪਣੇ ਆਪ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਚਾਹਵਾਨ ਪ੍ਰਗਟ ਕਰਦੀ ਹੈ, ਪਰ ਜਿਸ ਦੇ ਅੰਤਰ ਆਤਮੇਂ ਸਹੀ ਰੂਪ ਵਿਚ ਉਸ ਪ੍ਰਮੇਸ਼ਰ ਦੇ ਮਿਲਾਪ ਦੀ ਇੱਛਾ ਹੋਵੇ ਉਸ ਦੀ ਪਛਾਣ ਕੀ ਹੈ ?

1. **ਉ**:–ਹੇ ਭਾਈ ! (ਅਸਲ ਵਿਚ) ਜਿਸ ਮਨੁੱਖ ਨੂੰ ਪ੍ਰਭੂ ਦੇ ਦਰਸ਼ਨਾਂ ਦੀ (ਸਹੀ ਰੂਪ ਵਿਚ) ਤਾਂਘ ਹੁੰਦੀ ਹੈ।
2. ਹੇ ਪਿਆਰੇ ! ਉਹ (ਫਿਰ) ਪ੍ਰਭੂ ਤੋਂ ਬਿਨਾ ਹੋਰ ਆਸਰੇ ਦੀ ਝਾਕ ਛਡ ਕੇ ਇਕ ਪ੍ਰਮਾਤਮਾਂ ਦੇ ਨਾਮ ਵਿਚ ਹੀ ਮਸਤ ਰਹਿੰਦਾ ਹੈ।

ਪ੍ਰ:–ਸ੍ਰੀ ਜੀਉ ! ਉਸ ਦਾ ਸਾਧਨ ਕੀ ਹੋਇਆ ਕਰਦਾ ਹੈ, ਜਿਸ ਨੂੰ ਕਿ ਉਹ ਹਮੇਸ਼ਾਂ ਹੀ ਕਰਦਾ ਰਹਿੰਦਾ ਹੈ ?

3. **ਉ**:–ਹੇ ਭਾਈਓ ! ਉਸ ਦਾ ਸਾਧਨ ਕੇਵਲ ਇਕ ਇਹੋ ਹੀ ਹੈ ਕਿ, (ਜਿਵੇਂ ਦੁੱਧ ਰਿੜਕ ਕੇ, ਮੁੜ ਮੁੜ ਮਧਾਣੀ ਹਿਲਾ ਕੇ, ਮੱਖਣ ਕਢੀਦਾ ਹੈ, ਤਿਵੇਂ) ਉਹ ਮਨੁੱਖ ਮੁੜ ਮੁੜ (ਭਾਵ, ਬਾਰ ਬਾਰ ਨਾਮ) ਸਿਮਰ ਕੇ ਆਤਮਕ ਜੀਵਨ ਦੇਣ ਵਾਲਾ ਨਾਮ (ਦਾ) ਰੱਸ ਰਖਦਾ ਹੈ ਤੇ ਉਸਦਾ ਦੁੱਖ ਕਲੇਸ਼ ਦੂਰ ਹੋ ਜਾਂਦਾ ਹੈ।

ਪ੍ਰ:--ਕਿਉਂ ਜੀ ! ਆਖਰ ਉਸ ਨੂੰ ਇਸ ਦਾ ਫਲ ਕੀ ਪ੍ਰਾਪਤ ਹੁੰਦਾ ਹੈ ?

4. ਉ:--ਹੇ ਭਾਈ ! ਉਹ ਗੁਰੂ ਦੀ ਸ਼ਰਨ ਪੈ ਕੇ (ਪ੍ਰਮਾਤਮਾਂ ਦੇ ਸਹੀ ਸਰੂਪ ਨੂੰ) ਸਮਝ ਲੈਂਦਾ ਹੈ ਤੇ ਉਸ ਇਕ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ ।੧।

ਪ੍ਰ:—ਗੁਰਦੇਵ ਜੀਉ ! ਤੁਹਾਡਾ ਆਪਣਾ ਇਸ ਬਾਰੇ ਕੀ ਨਿਸਚਾ ਹੈ ?

5. ਉ:—ਹੇ ਭਾਈ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਹੇ ਪ੍ਰਭੂ ! ਬੇਅੰਤ ਲੁਕਾਈ ਤੇਰੇ ਦਰਸ਼ਨ ਵਾਸਤੇ ਤਰਲੇ ਲੈਂਦੀ ਹੈ ।

6. ਪਰ, ਕੋਈ ਵਿਰਲਾ ਮਨੁੱਖ (ਹੀ) ਗੁਰੂ ਦੇ ਸ਼ਬਦ ਵਿਚ ਜੁੜ ਕੇ (ਤੇਰੇ ਸਰੂਪ ਨੂੰ) ਪਛਾਣਦਾ ਹੈ ।੧। ਰਹਾਉ ।

ਪ੍ਰ:—ਸ੍ਰੀ ਜੀਉ ! ਸਿਮਰਨ ਕਰਦੇ ਰਹਿਣ ਦੀ ਆਪ ਹੀ ਪ੍ਰੇਰਨਾ ਕਰਦੇ ਹੋ ਜਾਂ ਕਿ ਕਿਸੇ ਹੋਰ ਦਾ ਭੀ ਵਿਚਾਰ ਹੈ ?

7. ਉ:—ਹੇ ਪਿਆਰੇ ! ਸਿਰਫ ਇਹ ਮੇਰੀ ਹੀ ਪ੍ਰੇਰਨਾ ਨਹੀਂ ਸਗੋਂ ਵੇਦ ਆਦਿਕ ਧਰਮ ਪੁਸਤਕਾਂ ਭੀ ਵਿਆਖਿਆ ਕਰ ਕੇ ਇਹੀ ਆਖਦੇ ਹਨ ਕਿ ਇਕ ਉਸ ਪ੍ਰਮਾਤਮਾਂ ਨੂੰ (ਹੀ) ਸਿਮਰਨਾ ਚਾਹੀਦਾ ਹੈ ।

8. ਜੋ ਬੇਅੰਤ ਹੈ ਤੇ ਜਿਸ ਦਾ ਅੰਤ ਕਿਸੇ ਭੀ ਜੀਵ ਨੇ ਨਹੀਂ ਲੱਭਾ ।

9. ਹੇ ਭਾਈ ! ਉਹ ਇਕ ਆਪ ਹੀ ਆਪ ਕਰਤਾਰ ਹੈ ਜਿਸ ਨੇ (ਇਹ) ਸਾਰਾ ਜਗਤ ਰਚਿਆ ਹੈ ।

10. ਅਤੇ ਜਿਸ ਨੇ ਕਿਸੇ ਦਿਸਦੇ ਸਹਾਰੇ ਤੋਂ ਬਿਨਾ ਹੀ ਧਰਤੀ ਤੇ ਅਕਾਸ਼ ਨੂੰ ਠਹਿਰਾਇਆ ਹੋਇਆ ਹੈ ।੨।

ਪ੍ਰ:—ਕਿਉਂ ਜੀ ! ਉਸ ਪ੍ਰਭੂ ਦਾ ਇਹ ਗਿਆਨ ਸਾਰੇ ਜੀਵ ਹੀ ਕਿਉਂ ਨਹੀਂ ਸਮਝ ਸਕਦੇ ?

11. ਉ:—ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਇਕ ਸਿਆਣਾ ਮਨੁੱਖ ਹੀ ਪੂਰੇ ਗੁਰੂ ਪਾਸੋਂ ਸਮਝਦਾ ਹੈ ਕਿ ਪ੍ਰਮਾਤਮਾਂ ਦੀ ਸਿਫਤ ਸਲਾਹ ਦੀ ਲਗਨ ਹੀ ਅਸਲ ਗਿਆਨ ਹੈ ਤੇ ਅਸਲ ਧਿਆਨ (ਜੋੜਨਾ) ਹੈ ।

12. ਉਸ ਨੂੰ ਇਹ ਭੀ ਸੋਝੀ ਆ ਜਾਂਦੀ ਹੈ ਕਿ ਇਕ ਪ੍ਰਮੇਸ਼ਰ ਹੀ ਐਸਾ ਹੈ ਜਿਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ; ਉਸੇ ਅਕੱਥ ਪ੍ਰਭੂ ਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ ।

13. ਉਸ ਦੀ ਸਿਫਤ ਸਲਾਹ ਦਾ ਸ਼ਬਦ ਹੀ (ਮਨੁੱਖ ਦੇ ਪਾਸ ਇਸ ਜੀਵਨ ਪੰਧ ਵਿਚ) ਸੱਚਾ ਪ੍ਰਵਾਨਾ ਹੈ ।

14. ਹੇ ਭਾਈ ! ਇਹ ਗੱਲ ਪੂਰੇ ਗੁਰੂ ਤੋਂ ਜਾਣੀ ਜਾਂਦੀ ਹੈ ।੩।

ਪ੍ਰ:—ਗੁਰਦੇਵ ਜੀਉ ! ਆਖਰ, ਉਸ ਪ੍ਰਭੂ ਦੇ ਦੀਦਾਰ ਕਿਵੇਂ ਹੁੰਦੇ ਹਨ ?

15ਉ:—ਹੇ ਭਾਈ ! ਅਸਲ ਵਿਚ ਜਿਹੜਾ ਕੋਈ ਮਨੁੱਖ ਆਪਣੇ ਹਿਰਦੇ ਵਿਚ ਇਹ ਨਿਹਚਾ ਬਿਠਾਂਦਾ ਹੈ ਕਿ ਸਦਾ ਥਿਰ ਪ੍ਰਭੂ ਦਾ ਨਾਮ ਸਿਮਰਨਾ ਹੀ ਇਕ ਠੀਕ ਧਰਮ ਹੈ ।

16. ਹੇ ਪਿਆਰੇ ! ਉਹੀ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਸਦਾ ਲਈ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਹੋ ਜਾਂਦਾ ਹੈ ।

17. ਉਹੀ ਮਨੁੱਖ ਇਕ ਤਾਰ ਸੁਰਤਿ ਜੋੜ ਕੇ ਅਬਿਨਾਸੀ ਪ੍ਰਭੂ ਵਿਚ (ਸਦਾ) ਮਸਤ ਰਹਿੰਦਾ ਹੈ ।

18. ਉਹ ਮਨੁੱਖ ਗੁਰੂ ਦੀ ਸ਼ਰਨ ਪੈ ਕੇ (ਉਸ) ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦਾ ਦਰਸ਼ਨ ਕਰ ਲੈਂਦਾ ਹੈ ।੪।

ਪ੍ਰ:—ਕਿਉਂ ਜੀ ! ਉਸ ਦਾ ਵਿਸ਼ਵਾਸ਼ ਕਿਸ ਪ੍ਰਕਾਰ ਦਾ ਹੋ ਜਾਂਦਾ ਹੈ ?

19. ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਦਾ (ਇਹ) ਯਕੀਨ ਬਣ ਜਾਂਦਾ ਹੈ ਕਿ, ਸਾਰੇ ਜਗਤ ਦਾ ਮਾਲਕ ਪ੍ਰਮਾਤਮਾਂ ਹੀ ਸਦਾ ਥਿਰ ਇਕੋ ਇਕ ਪਾਤਸ਼ਾਹ ਹੈ (ਤੇ ਉਸ ਦਾ ਹੀ ਸਦਾ ਥਿਰ ਰਹਿਣ ਵਾਲਾ) ਇਕੋ ਇਕ ਤਖਤ ਹੈ ।

20. ਉਹੀ ਪਾਤਸ਼ਾਹ ਸਭ ਥਾਵਾਂ ਵਿਚ ਵਿਆਪਕ ਹੈ (ਅਤੇ ਸਾਰੇ ਜਗਤ ਦੀ ਕਾਰ ਚਲਾਂਦਾ ਹੋਇਆ ਭੀ ਉਹ ਸਦਾ) ਬੇ-ਫਿਕਰ ਰਹਿੰਦਾ ਹੈ ।

21. ਇਹ ਸਾਰਾ ਜਗਤ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ, ਉਹੀ ਤਿੰਨਾਂ ਭਵਨਾਂ ਦਾ ਮੂਲ ਕਾਰਨ ਹੈ ।

22. ਪਰ, ਉਹ ਅਪਹੁੰਚ ਹੈ, ਮਨੁੱਖ ਦੇ ਗਿਆਨ ਇੰਦ੍ਰਿਆਂ ਦੀ ਉਸ ਤਕ ਪਹੁੰਚ ਨਹੀਂ ਹੋ ਸਕਦੀ, (ਹਰ ਥਾਂ) ਉਹ ਆਪ ਹੀ ਆਪ ਹੈ ।੫।

23. (ਅਤੇ ਇਹ ਸਾਰਾ ਸੰਸਾਰ ਉਸੇ) ਇਕ ਪ੍ਰਮੇਸ਼ਰ ਦਾ ਸਰੂਪ ਹੈ, ਉਸ ਦਾ ਨਾਮ ਸਦਾ ਥਿਰ ਰਹਿਣ ਵਾਲਾ ਹੈ ।

24. ਉਸ ਦੀ ਦਰਗਾਹ ਵਿਚ ਸਦਾ ਸਦਾ ਥਿਰ ਨਿਆਂ ਹੀ ਚਲਦਾ ਹੈ ।

25. ਹੇ ਭਾਈ ! ਜਿਸ ਮਨੁੱਖ ਨੇ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਨੂੰ ਆਪਣਾ ਕਰਤਬ ਬਣਾਇਆ ਹੈ, ਉਸ ਨੂੰ ਸੱਚੀ ਦਰਗਾਹ ਵਿਚ ਇੱਜ਼ਤ ਮਿਲਦੀ ਹੈ ।

26. ਅਤੇ ਮਾਣ ਮਿਲਦਾ ਹੈ, ਦਰਗਾਹ ਵਿਚ ਭੀ ਉਹ ਕਬੂਲ ਹੁੰਦਾ ਹੈ ।੬।

27. ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਨੂੰ ਇਹ ਨਿਸਚਾ ਹੋ ਆਉਂਦਾ ਹੈ ਕਿ ਪ੍ਰਮਾਤਮਾਂ ਦੀ ਭਗਤੀ ਪ੍ਰਮਾਤਮਾਂ ਨਾਲ ਪਿਆਰ ਹੀ ਇਕੋ ਇਕ ਸਹੀ ਜੀਵਨ ਰਾਹ ਹੈ ।

28. ਹੇ ਪਿਆਰੇ ! ਜਿਹੜਾ ਮਨੁੱਖ ਭਗਤੀ ਤੋਂ ਸਖਣਾ ਹੈ ਤੇ ਪ੍ਰਭੂ ਦੇ ਡਰ ਅਦਬ ਤੋਂ ਖਾਲੀ ਹੈ ਉਸਨੂੰ ਜੰਮਣ ਮਰਣ ਦਾ ਗੇੜ ਮਿਲਿਆ ਰਹਿੰਦਾ ਹੈ ।

ਪ੍ਰ-ਸ੍ਰੀ ਜੀਉ, ਆਖਰ ਰੱਬੀ ਦਰਬਾਰ ਵਿਚ ਕੌਣ ਕਬੂਲ ਹੁੰਦਾ ਹੈ?

29.30 ਉ:—ਹੇ ਭਾਈ ! ਅਸਲ ਵਿਚ ਜਿਹੜਾ ਮਨੁੱਖ ਗੁਰੂ

ਪਾਸੋਂ ਸਿਖਿਆ ਲੈ ਕੇ (ਜਗਤ ਵਿਚ) ਪ੍ਰਾਹੁਣਾ (ਬਣ ਕੇ) ਜੀਊਂਦਾ ਹੈ ਤੇ ਪ੍ਰਮਾਤਮਾਂ ਦੇ ਨਾਮ ਰਸ ਵਿਚ ਮਸਤ ਰਹਿੰਦਾ ਹੈ, ਉਹੀ ਮਨੁੱਖ (ਪ੍ਰਭੂ ਦੀ ਹਜ਼ੂਰੀ ਵਿਚ)ਕਬੂਲ ਹੁੰਦਾ ਹੈ ।੭।

ਪ੍ਰ:-ਸ੍ਰੀ ਜੀਉ ! ਜਦ ਕਦੀ ਆਪ ਜੀ ਉਸ ਸਾਈਂ ਜੀ ਦੇ ਸਨਮੁਖ ਹੋ ਕੁਝ ਕਹਿਣਾ ਚਾਹੁੰਦੇ ਹੋ ਤਾਂ ਆਪਣੇ ਅੰਤਰ ਭਾਵਾਂ ਨੂੰ ਕਿਸ ਰੂਪ ਵਿਚ ਉਚਾਰਨ ਕਰਦੇ ਹੋ ?

31. ਉ:-ਹੇ ਭਾਈਓ ! ਮੇਰਾ ਤਾਂ ਇਉਂ ਹੀ ਵਿਸ਼ਵਾਸ਼ ਹੈ, ਜੋ ਕਿ ਮੈਂ ਉਸ ਸਾਈਂ ਜੀ ਦੇ ਸਨਮੁਖ ਹੋ ਉਚਾਰਨ ਕਰਦਾ ਰਹਿੰਦਾ ਹਾਂ ਕਿ, ਹੇ ਠਾਕਰ ! ਮੈਂ (ਗੁਰੂ ਦੀ ਕ੍ਰਿਪਾ ਨਾਲ) ਏਧਰ ਉਧਰ ਹਰ ਥਾਂ ਤੈਨੂੰ ਹੀ (ਵਿਆਪਕ) ਵੇਖਦਾ ਹਾਂ ਅਤੇ ਆਤਮਕ ਅਡੋਲਤਾ ਵਿਚ ਟਿਕ ਕੇ ਤੈਨੂੰ (ਹੀ) ਸਿਮਰਦਾ ਹਾਂ ।
32. ਹੇ ਠਾਕਰ ! ਤੈਥੋਂ ਬਿਨਾ ਮੈਂ ਕਿਸੇ ਹੋਰ ਨਾਲ ਪ੍ਰੀਤ ਨਹੀਂ ਜੋੜਦਾ ।
33. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਣੀ ਹਉਮੈਂ ਸਾੜ ਲਈ ਹੈ ।
34. ਗੁਰੂ ਨੇ ਉਸ ਨੂੰ ਪ੍ਰਭੂ ਦਾ ਸਦਾ ਲਈ ਟਿਕੇ ਰਹਿਣ ਵਾਲਾ ਦਰਸ਼ਨ ਕਰਾ ਦਿਤਾ ਹੈ ।੮।੩।

ਭਾਵਾਰਥ :-ਜਿਸ ਨੂੰ ਹਰੀ ਦੇ ਦੀਦਾਰ ਦੇਖਣ ਦੀ ਚਾਹ ਹੋਵੇ, ਉਹ ਗੁਰੂ ਦੇ ਸ਼ਬਦ ਵਿਚ ਲਗੇ, ਕਿਉਂਕਿ, ਇਸੇ ਵਿਚ ਹੀ ਸਾਰੇ ਗਿਆਨ ਧਿਆਨ ਆ ਜਾਂਦੇ ਹਨ, ਗੁਰੂ ਦੇ ਸ਼ਬਦ ਰਾਹੀਂ ਮਨੁੱਖ ਨੂੰ ਨਿਹਚਾ ਹੋ ਜਾਂਦਾ ਹੈ ਕਿ ਧਰਮ ਸਦਾ ਸਦਾ ਬਦਲਦਾ ਨਹੀਂ ਆਇਆ (ਇਹ ਨਹੀਂ ਕਿ ਕਦੀ ਭਗਤੀ ਮਾਰਗ ਤੇ ਕਦੀ ਗਿਆਨ ਮਾਰਗ ਪ੍ਰਵਾਨ ਹੁੰਦਾ ਹੋਵੇ) ਬਲਕਿ ਸਦਾ ਇਕੋ ਹੀ ਰਿਹਾ ਹੈ, ਕਿਉਂਕਿ, ਰੱਬ ਜੋ ਇਕੋ ਹੈ ਤੇ ਸਦਾ ਇਕੋ ਰਿਹਾ ਹੈ, ਉਸ ਦਾ ਸੁਭਾਉ ਇਕੋ ਹੋਣ ਕਰ ਕੇ ਇਹ ਹੋ ਨਹੀਂ ਸਕਦਾ ਕਿ ਉਸ ਨੂੰ ਅੱਜ ਇਕ ਗਲ ਪਸੰਦ ਹੋਵੇ ਤੇ ਕਲ ਕੋਈ ਹੋਰ ਗੱਲ ਉਹ ਸਦਾ ਭਗਤੀ ਤੇ ਹੀ ਪ੍ਰਸੰਨ ਹੁੰਦਾ ਆਇਆ ਹੈ । ਗੁਰਬਾਣੀ ਦਾ ਫੁਰਮਾਨ ਭੀ ਇਹੋ ਹੀ ਹੈ ਕਿ, 'ਜੋ ਜੋ ਤਰਿਓ ਪੁਰਾਤਨੁ ਭਗਤਿ ਭਾਇ ਹਰਿ ਦੇਵਾ' ਸਾਰਗ ਮ: ੫ ।

ਬਸੰਤੁ ਮਹਲਾ ੧ ॥

1. **ਚੰਚਲੁ ਚੀਤੁ ਨ ਪਾਵੈ ਪਾਰਾ ॥**
2. **ਆਵਤ ਜਾਤ ਨ ਲਾਗੈ ਬਾਰਾ ॥**
3. **ਦੂਖੁ ਘਣੋ ਮਰੀਐ ਕਰਤਾਰਾ ॥**
4. **ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥**
5. **ਸਭ ਊਤਮ ਕਿਸੁ ਆਖਉ ਹੀਨਾ ॥**
6. **ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥**
7. **ਅਉਖਧ ਕਰਿ ਥਾਕੀ ਬਹੁਤੇਰੇ ॥**
8. **ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥**
9. **ਬਿਨੁ ਹਰਿ ਭਗਤੀ ਦੂਖ ਘਣੇਰੇ ॥**
10. **ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥**
11. **ਰੋਗੁ ਵਡੋ ਕਿਉ ਬਾਂਧਉ ਧੀਰਾ ॥**
12. **ਰੋਗੁ ਬੁਝੈ ਸੋ ਕਾਟੈ ਪੀਰਾ ॥**
13. **ਮੈ ਅਵਗਣ ਮਨ ਮਾਹਿ ਸਰੀਰਾ ॥**
14. **ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥**
15. **ਗੁਰ ਕਾ ਸਬਦੁ ਦਾਰੂ ਹਰਿ ਨਾਉ ॥**
16. **ਜਿਉ ਤੂ ਰਾਖਹਿ ਤਿਵੈ ਰਹਾਉ ॥**
17. **ਜਗੁ ਰੋਗੀ ਕਹ ਦੇਖਿ ਦਿਖਾਉ ॥**
18. **ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥**
19. **ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥**
20. **ਗੁਰ ਮਹਲੀ ਸੋ ਮਹਲਿ ਬੁਲਾਵੈ ॥**
21. **ਮਨ ਮਹਿ ਮਨੂਆ ਚਿਤ ਮਹਿ ਚੀਤਾ ॥**
22. **ਐਸੇ ਹਰਿ ਕੇ ਲੋਗ ਅਤੀਤਾ ॥੫॥**
23. **ਹਰਖ ਸੋਗ ਤੇ ਰਹਹਿ ਨਿਰਾਸਾ ॥**
24. **ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥**
25. **ਆਪੁ ਪਛਾਣਿ ਰਹੈ ਲਿਵ ਲਾਗਾ ॥**
26. **ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥**
27. **ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥**
28. **ਸਹਜਿ ਮਰਉ ਜੀਵਤ ਹੀ ਜੀਵਉ ॥**
29. **ਅਪਣੋ ਕਰਿ ਰਾਖਹੁ ਗੁਰ ਭਾਵੈ ॥**
30. **ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥**
31. **ਭੋਗੀ ਕਉ ਦੁਖੁ ਰੋਗ ਵਿਆਪੈ ॥**
32. **ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥**
33. **ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥**
34. **ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥**

ਪਦ ਅਰਥ :-ਚੰਚਲੁ-ਹਰ ਵੇਲੇ ਭਟਕਣ ਦੇ ਸੁਭਾਉ ਵਾਲਾ, ਕਦੇ ਨਾ ਟਿਕ ਸਕਣ ਵਾਲਾ । ਨ ਪਾਵੈ ਪਾਰਾ-(ਚੰਚਲਤਾਂ ਦਾ) ਪਾਰਲਾ ਬੰਨਾ ਨਹੀਂ ਲਭ ਸਕਦਾ, ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ । ਆਵਤ ਜਾਤ-ਆਉਂਦ ਜਾਂਦੇ ਨੂੰ, ਭਟਕਦੇ ਨੂੰ । ਬਾਰਾ-ਦੇਰ । ਮਰੀਐ-ਮਰ ਜਾਈਦਾ ਹੈ, ਆਤਮਕ ਮੌਤ ਸਹੇੜ ਲਈਦੀ ਹੈ । ਕਰਤਾਰਾ-ਹੇ ਕਰਤਾਰ । ਕੋ-ਕੋਈ ਹੋਰ । ਸਾਰਾ-ਸੰਭਾਲ ।੧।

ਸਭ-ਸਾਰੀ ਲੁਕਾਈ । ਊਤਮ-(ਮੈਥੋਂ) ਚੰਗੀ । ਹੀਨਾ-ਮਾੜਾ । ਸਚਿ-ਸਦਾ ਥਿਰ ਪ੍ਰਭੂ ਵਿਚ । ਪਤੀਨਾ-ਪਤੀਜ ਗਿਆ ਹੈ, ਗਿੱਝ ਗਿਆ ਹੈ ।੧। ਰਹਾਉ ।

ਅਉਖਧ-ਦਵਾਈਆਂ, ਇਲਾਜ । ਕਿਉ ਚੂਕੇ-ਨਹੀਂ ਮੁੱਕ ਸਕਦਾ । ਦਾਤੇ-ਹੇ ਦਾਤਾਰ ।੨।

ਰੋਗੁ-(ਚੰਚਲਤਾ ਦਾ) ਰੋਗ । ਧੀਰਾ-ਧੀਰਜ । ਸੋ-ਉਹ ਗੁਰੂ । ਗੁਰਿ-ਗੁਰੂ ਨੇ । ਬੀਰਾ-ਵੀਰ, ਸਤਸੰਗੀ ।੩।

ਰਹਾਉ–ਰਹਿੰਦਾ ਹੈ। ਕਹ ਦੇਖਿ–ਕਿਸ ਨੂੰ ਲੱਭਕੇ ?। ਨਿਰਮਾਇਲੁ—ਪਵਿਤਰ ।੪।

ਘਰ ਮਹਿ–ਹਿਰਦੇ ਵਿਚ। ਘਰੁ–ਪ੍ਰਭੂ ਦਾ ਟਿਕਾਣਾ। ਗੁਰ ਮਹਲੀ—ਵਡੇ ਟਿਕਾਣੇ ਵਾਲਾ । ਮਹਲਿ–ਪ੍ਰਭੂ ਦੀ ਹਜ਼ੂਰੀ ਵਿਚ । ਐਸੇ–ਇਸ ਤਰ੍ਹਾਂ, ਇਸ ਤਰੀਕੇ ਨਾਲ। ਅਤੀਤਾ—ਨਿਰਲੇਪ ।੫।

ਹਰਖ–ਖੁਸ਼ੀ। ਸੋਗ—ਗ਼ਮੀ। ਨਿਰਾਸਾ—ਉਪਰਾਮ। ਚਾਖਿ–ਚੱਖ ਕੇ। ਆਪੁ–ਆਪਣੇ ਆਪ ਨੂੰ ।੬।

ਸਚੁ—ਸਦਾ ਥਿਰ ਰਹਿਣ ਵਾਲਾ । ਪੀਵਉ–ਮੈਂ ਪੀਂਦਾ ਹਾਂ। ਸਹਜਿ—ਆਤਮਕ ਅਡੋਲਤਾ ਵਿਚ। ਮਰਉ– ਮੈਂ (ਵਿਕਾਰਾਂ ਵਲੋਂ) ਮਰ ਜਾਂਦਾ ਹਾਂ, ਹੱਟ ਜਾਂਦਾ ਹਾਂ। ਜੀਵਤ ਹੀ—ਜੀਊਂਦਾ ਹੀ, ਦੁਨੀਆਂ ਦੀ ਕਿਰਤ ਕਾਰ ਕਰਦਾ ਹੀ। ਜੀਵਉ–ਮੈਂ ਜੀਊ ਪੈਂਦਾ ਹਾਂ, ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ ।੭।

ਦੁਖੁ ਰੋਗ–ਰੋਗਾਂ ਦਾ ਦੁੱਖ । ਵਿਆਪੈ–ਜ਼ੋਰ ਪਾਂਦਾ ਹੈ। ਘਟਿ ਘਟਿ–ਹਰੇਕ ਸਰੀਰ ਵਿਚ।। ਜਾਪੈ–ਜਾਪਦਾ ਹੈ, ਦਿਸਦਾ ਹੈ। ਤੇ–ਤੋਂ। ਅਤੀਤਾ—ਨਿਰਲੇਪ। ਹਿਤ–ਪ੍ਰੇਮ ।੮।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਚੰਚਲ ਭਟਕਦੇ ਮਨ ਨੂੰ ਦਸੋ ਕਿਸ ਉੱਦਮ ਨਾਲ ਸਥਿਰ ਕੀਤਾ ਜਾ ਸਕਦਾ ਹੈ ?

1. **ਉ:**—ਹੇ ਭਾਈਓ ! ਇਸ ਚੰਚਲ ਮਨ ਦੀ ਭਟਕਣਾ ਰੋਕਣ ਵਾਸਤੇ ਮਨੁੱਖ ਦਾ ਕੋਈ ਭੀ ਉੱਦਮ ਸਫਲ ਨਹੀਂ ਹੋ ਸਕਦਾ ਕੇਵਲ ਇਕ ਉਸ ਕਰਤਾਰ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈਕਿ ਹੇ ਕਰਤਾਰ (ਮਾਇਆ ਦੇ ਮੋਹ ਵਿਚ ਫਸ ਕੇ) ਚੰਚਲ (ਹੋ ਚੁਕਿਆ) (ਸਾਡਾ ਇਹ) ਮਨ ਆਪਣੇ ਉੱਦਮ ਨਾਲ ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ।
2. ਹਰ ਵੇਲੇ ਭਟਕਦਾ ਫਿਰਦਾ ਹੈ, ਰਤਾ ਭੀ ਚਿਰ ਨਹੀਂ ਲਗਦਾ, ਭਾਵ, ਰਤਾ ਭਰ ਭੀ ਟਿਕਦਾ ਨਹੀਂ।
3. ਆਖਰ ਇਸ ਦਾ ਸਿੱਟਾ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ, ਮਨੁੱਖ ਨੂੰ ਬਹੁਤ ਦੁੱਖ ਸਹਾਰਨਾ ਪੈਂਦਾ ਹੈ ਤੇ ਆਤਮਕ ਮੌਤ ਹੋ ਜਾਂਦੀ ਹੈ।
4. (ਅਤੇ ਇਸ ਬਿਪਤਾ ਵਿਚੋਂ) ਪ੍ਰੀਤਮ ਪ੍ਰਭੂ ਤੋਂ ਬਿਨਾ ਹੋਰ ਕੋਈ ਧਿਰ ਮਦਦ ਭੀ ਨਹੀਂ ਕਰ ਸਕਦੀ ।੧।
5. ਹੇ ਭਾਈਓ ! ਅਸਲ ਵਿਚ ਸਾਰੀ ਹੀ ਲੁਕਾਈ ਚੰਗੀ ਹੈ, ਕਿਉਂਕਿ, ਸਭ ਵਿਚ ਪ੍ਰਮਾਤਮਾਂ ਆਪ ਮੌਜੂਦ ਹੈ, ਮੈਂ ਕਿਸੇ ਨੂੰ ਭੀ ਮਾੜਾ ਨਹੀਂ ਆਖ ਸਕਦਾ।
6. ਪਰ, ਹੇ ਪਿਆਰੇ ! ਅਸਲ ਵਿਚ ਉਹੀ ਮਨੁੱਖ ਚੰਗਿਆਈ ਪ੍ਰਾਪਤ ਕਰਦਾ ਹੈ, ਜਿਸ ਦਾ ਮਨ ਪ੍ਰਮਾਤਮਾਂ ਦੀ ਭਗਤੀ ਵਿਚ (ਜੁੜਦਾ ਹੈ) ਪ੍ਰਭੂ ਦੇ ਸਦਾ ਥਿਤ ਨਾਮ ਵਿਚ (ਜੁੜ ਕੇ) ਖੁਸ਼ ਹੁੰਦਾ ਹੈ ।੧। ਰਹਾਉ ।
7. ਹੇ ਭਾਈਓ ! ਮਨ ਨੂੰ ਚੰਚਲਤਾ ਦੇ ਰੋਗ ਤੋਂ ਬਚਾਣ ਲਈ ਮੈਂ ਅਨੇਕਾਂ ਦਵਾਈਆਂ, (ਭਾਵ, ਉੱਦਮ) ਕਰ ਕੇ ਹਾਰ ਗਈ ਹਾਂ।
8. ਪਰ, ਪਿਆਰੇ ! ਗੁਰੂ (ਦੀ ਸਹਾਇਤਾ) ਤੋਂ ਬਿਨਾ ਇਹ ਦੁਖ ਦੂਰ ਨਹੀਂ ਹੁੰਦਾ।
9. ਹੇ ਭਾਈ ! ਉਸ ਪ੍ਰਮਾਤਮਾਂ ਦੀ ਭਗਤੀ ਤੋਂ ਬਿਨਾ (ਮਨ ਨੂੰ) ਅਨੇਕਾਂ ਹੀ ਦੁੱਖ ਆ ਘੇਰਦੇ ਹਨ ।੨।
10. ਹੇ ਭਾਈ ! ਇਹਨਾਂ ਦੁਖਾਂ ਸੁਖਾਂ ਦੇ ਦਾਤੇ ਮਾਲਕ (ਪ੍ਰਭੂ) ਆਪ ਹਨ।
11. ਹੇ ਪਿਆਰੇ ! ਚੰਚਲਤਾ ਦਾ ਇਹ ਰੋਗ ਬਹੁਤ ਵਡਾ ਹੈ (ਇਸਦੇ ਹੁੰਦਿਆਂ) ਮੈਨੂੰ ਆਤਮਕ ਸ਼ਾਂਤੀ ਨਹੀਂ ਮਿਲਦੀ।
12. (ਮੇਰੇ ਇਸ) ਰੋਗ ਨੂੰ ਗੁਰੂ ਹੀ ਸਮਝ ਸਕਦਾ ਹੈ ਤੇ ਉਹੀ ਮੇਰਾ ਦੁੱਖ ਕੱਟ ਸਕਦਾ ਹੈ।
13. ਹੇ ਭਾਈਓ ! ਇਸੇ ਰੋਗ ਦੇ ਕਾਰਨ ਮੇਰੇ ਮਨ ਵਿਚ, ਮੇਰੇ ਸਰੀਰ ਵਿਚ ਅਉਗਣ ਹੀ ਅਉਗਣ ਵਧ ਰਹੇ ਹਨ।
14. ਢੂੰਢਦਿਆਂ ਤੇ ਭਾਲ ਕਰਦਿਆਂ (ਆਖਰ) ਗੁਰੂ ਨੇ ਮੈਨੂੰ ਸਾਧ ਸੰਗਤ ਮਿਲਾ ਦਿਤੀ ਹੈ ।੩।
15. ਹੇ ਪਿਆਰੇ ! (ਚੰਚਲਤਾ ਦੇ ਰੋਗ ਦੀ) ਦਵਾਈ ਗੁਰੂ ਦਾ ਸ਼ਬਦ (ਹੀ) ਹੈ ਪ੍ਰਮਾਤਮਾਂ ਦਾ ਨਾਮ (ਹੀ) ਹੈ।
16. ਹੇ ਪ੍ਰਭੂ ! ਜਿਵੇਂ ਤੂੰ ਰਖੇਂ ਮੈਂ ਉਸੇ ਤਰ੍ਹਾਂ ਹੀ ਰਹਿ ਸਕਦਾ ਹਾਂ, (ਭਾਵ, ਮੈਂ ਉਸੇ ਜੀਵਨ ਪੰਧ ਤੇ ਤੁਰ ਸਕਦਾ ਹਾਂ, ਮੇਹਰ ਕਰ, ਮੈਨੂੰ ਗੁਰੂ ਦੇ ਸ਼ਬਦ ਵਿਚ ਆਪਣੇ ਨਾਮ ਵਿਚ ਜੋੜੀ ਰਖ)।
17. ਹੇ ਭਾਈਓ ! ਜਗਤ (ਆਪ ਹੀ) ਰੋਗੀ ਹੈ, ਮੈਂ ਕਿਸ ਨੂੰ ਲੱਭ ਕੇ ਆਪਣਾ ਰੋਗ ਦਸਾਂ ?।
18. ਹੇ ਪਿਆਰੇ ! ਇਕ ਪ੍ਰਮਾਤਮਾਂ ਹੀ ਪਵਿਤ੍ਰ ਹੈ, ਪ੍ਰਮਾਤਮਾਂ ਦਾ ਨਾਮ ਹੀ ਪਵਿਤ੍ਰ ਹੈ (ਗੁਰੂ ਦੀ ਸ਼ਰਨ ਪੈ ਕੇ ਇਹ ਹਰੀ ਨਾਮ ਹੀ ਵਿਹਾਝਣਾ ਚਾਹੀਦਾ ਹੈ) ।੪।
19. ਜਿਹੜਾ ਗੁਰੂ (ਭਾਵ, ਗੁਰੂ ਹੀ) (ਆਪਣੇ) ਹਿਰਦੇ ਵਿਚ ਪ੍ਰਮਾਤਮਾਂ ਦਾ ਨਿਵਾਸ ਵੇਖਕੇ, ਹੋਰਨਾਂ ਨੂੰ ਵਿਖਾ ਸਕਦਾ ਹੈ।
20. ਹੇ ਪਿਆਰੇ ! ਸਭ ਤੋ ਉਚੇ ਮਹੱਲ ਦਾ ਵਾਸੀ ਉਹ ਗੁਰੂ ਹੀ ਜੀਵ ਨੂੰ ਪ੍ਰਮਾਤਮਾ ਦੀ ਹਜ਼ੂਰੀ ਵਿਚ ਸਦ ਸਕਦਾ ਹੈ (ਤੇ ਟਿਕਾ ਸਕਦਾ ਹੈ)।
21. ਹੇ ਭਾਈ ! ਜਿਨ੍ਹਾਂ ਬੰਦਿਆਂ ਨੂੰ ਗੁਰੂ ਪ੍ਰਭੂ ਦੀ ਹਜ਼ੂਰੀ ਵਿਚ ਅਪੜਾਂਦਾ ਹੈ। ਉਨ੍ਹਾਂ ਦੇ ਮਨ ਉਨ੍ਹਾਂ ਦੇ ਚਿੱਤ (ਬਾਹਰ ਭਟਕਣੋ ਹੱਟ ਕੇ) ਅੰਦਰ ਹੀ ਟਿਕ ਜਾਂਦੇ ਹਨ।
22. ਤੇ ਇਸ ਤਰ੍ਹਾਂ ਪ੍ਰਮੇਸ਼ਰ ਦੇ ਸੇਵਕ (ਮਾਇਆ ਦੇ ਮੋਹ ਤੋਂ) ਨਿਰਲੇਪ ਹੋ ਜਾਂਦੇ ਹਨ ।੫।

ਪ੍ਰ:-ਸ੍ਰੀ ਜੀਉ ! ਉਨ੍ਹਾਂ ਨਿਰਲੇਪ ਸੇਵਕਾਂ ਦੀ ਪਛਾਣ ਕੀ ਹੈ ?

23. **ਉ**:–ਹੇ ਪਿਆਰੇ ! ਉਹ ਨਿਰਲੇਪ ਹੋਏ ਹੋਏ ਹਰੀ ਦੇ ਸੇਵਕ, ਖੁਸ਼ੀ ਗ਼ਮੀ ਤੋਂ ਉਤਾਹਾਂ ਰਹਿੰਦੇ ਹਨ।

24. ਆਤਮਕ ਜੀਵਨ ਦੇਣ ਵਾਲਾ ਨਾਮ ਅੰਮ੍ਰਿਤ ਚੱਖ ਕੇ ਉਹ ਬੰਦੇ ਪ੍ਰਭੂ ਦੇ ਨਾਮ ਵਿਚ (ਆਪਣੇ ਮਨ ਦਾ) ਟਿਕਾਣਾ ਬਣਾ ਲੈਂਦੇ ਹਨ।

25. ਹੇ ਭਾਈਓ ! ਜਿਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਪਰਖ ਕੇ ਪ੍ਰਮਾਤਮਾਂ ਦੀ ਯਾਦ ਵਿਚ ਸੁਰਤ ਜੋੜੀ ਰਖਦਾ ਹੈ।

26. ਉਹ ਮਨੁੱਖਾ ਜੀਵਨ ਦੀ ਬਾਜ਼ੀ ਜਿੱਤ ਲੈਂਦਾ ਹੈ, ਗੁਰੂ ਦੀ ਮੱਤ ਤੇ ਤੁਰਨ ਨਾਲ ਉਸ ਦਾ (ਚੰਚਲਤਾ ਵਾਲਾ) ਦੁੱਖ ਦੂਰ ਹੋ ਜਾਂਦਾ ਹੈ।੬।

27. ਹੇ ਪਿਆਰਿਓ ! ਮਿਹਰ ਕਰ ਕੇ ਗੁਰੂ ਨੇ ਮੈਨੂੰ ਸਦਾ ਥਿਰ ਰਹਿਣ ਵਾਲਾ ਨਾਮ ਅੰਮ੍ਰਿਤ ਦਿਤਾ ਹੈ, ਮੈਂ ਉਸ ਅੰਮ੍ਰਿਤ ਨੂੰ ਸਦਾ ਪੀਂਦਾ ਹਾਂ।

28. ਉਸ ਅੰਮ੍ਰਿਤ ਦੀ ਬਰਕਤ ਨਾਲ ਆਤਮਕ ਅਡੋਲਤਾ ਵਿਚ ਟਿਕ ਕੇ ਮੈਂ ਵਿਕਾਰਾਂ ਵਲੋਂ ਮੂੰਹ ਮੋੜ ਚੁਕਾ ਹਾਂ, ਦੁਨੀਆਂ ਦੇ ਕਾਰ ਵਿਹਾਰ ਕਰਦਿਆਂ ਹੀ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਰਿਹਾ ਹੈ।

ਪ੍ਰ:–ਸ੍ਰੀ ਜੀਉ ! ਤੁਹਾਡੀ ਗੁਰੂ ਪਾਸੋਂ ਮੰਗ ਕੀ ਹੈ ?

29. **ਉ**:–ਹੇ ਭਾਈ ! ਜੇ ਗੁਰੂ ਮੇਹਰ ਕਰੇ, (ਭਾਵ, ਗੁਰੂ ਦੀ ਮਿਹਰ ਨਾਲ ਹੀ) (ਮੈਂ ਅਰਦਾਸ ਕਰਦਾ ਹਾਂ ਤੇ ਆਖਦਾ ਹਾਂ, ਹੇ ਪ੍ਰਭੂ !) ਮੈਨੂੰ ਆਪਣਾ (ਸੇਵਕ) ਬਣਾ ਕੇ (ਆਪਣੇ ਚਰਨਾਂ ਵਿਚ) ਰੱਖ।

30. (ਕਿਉਂਕਿ) ਜਿਹੜਾ ਬੰਦਾ ਤੇਰਾ (ਸੇਵਕ) ਬਣ ਜਾਂਦਾ ਹੈ, ਉਹ ਤੇਰੇ ਵਿਚ ਹੀ ਲੀਨ ਹੋ ਜਾਂਦਾ ਹੈ।੭।

31. ਹੇ ਪਿਆਰੇ ! ਜਿਹੜਾ ਮਨੁੱਖ ਦੁਨੀਆਂ ਦੇ ਪਦਾਰਥਾਂ ਦੇ ਭੋਗਣ ਵਿਚ ਮਸਤ ਰਹਿੰਦਾ ਹੈ, ਉਸ ਨੂੰ ਰੋਗਾਂ ਦਾ ਦੁੱਖ ਆ ਦਬਾਂਦਾ ਹੈ।

32. ਪਰ, ਹੇ ਭਾਈਓ ! ਜਿਸ ਮਨੁੱਖ ਨੂੰ ਪ੍ਰਮਾਤਮਾਂ ਹਰੇਕ ਘਟ ਵਿਚ ਵਿਆਪਕ ਦਿਸ ਪੈਂਦਾ ਹੈ।

33. ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਸੁੱਖਾਂ ਦੁੱਖਾਂ ਤੋਂ ਨਿਰਲੇਪ ਰਹਿੰਦਾ ਹੈ।

34. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਚਿੱਤ ਤੇ ਪਿਆਰ ਨਾਲ (ਸਦਾ) ਪ੍ਰਮੇਸ਼ਰ ਜੀ ਦਾ ਨਾਮ ਸਿਮਰਦਾ ਹੈ।੮।੪।

ਭਾਵਾਰਥ:–ਉਸ ਪ੍ਰਮੇਸ਼ਰ ਦੀ ਭਗਤੀ ਤੋਂ ਸਖਣੇ ਮਨੁੱਖ ਨੂੰ ਅਨੇਕਾਂ ਹੀ ਦੁੱਖ ਵਾਪਰਦੇ ਹਨ, ਪਰ ਇਨ੍ਹਾਂ ਦੁੱਖਾਂ ਦੀ ਨਵਿਰਤੀ ਕੇਵਲ ਗੁਰੂ ਹੀ ਨਾਮ ਦੀ ਦਾਰੂ ਰਾਹੀਂ ਕਰਾਉਂਦਾ ਹੈ।

ਬਸੰਤੁ ਮਹਲਾ ੧ ਇਕ ਤੁਕੀਆ ॥

1. ਮਤੁ ਭਸਮ ਅੰਧੂਲੇ ਗਰਬਿ ਜਾਹਿ ॥
2. ਇਨ ਬਿਧਿ ਨਾਗੇ ਜੋਗੁ ਨਾਹਿ ।੧॥
3. ਮੂੜ੍ ਕਾਹੇ ਬਿਸਾਰਿਓ ਤੈ ਰਾਮ ਨਾਮ ॥
4. ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥
5. ਗੁਰ ਪੂਛਿ ਤੁਮ ਕਰਹੁ ਬੀਚਾਰੁ ॥
6. ਜਹ ਦੇਖਉ ਤਹ ਸਾਰਿਗਪਾਣਿ ॥੨॥
7. ਕਿਆ ਹਉ ਆਖਾ ਜਾਂ ਕਛੂ ਨਾਹਿ ॥
8. ਜਾਤਿ ਪਤਿ ਸਭ ਤੇਰੈ ਨਾਇ ॥੩॥
9. ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥
10. ਚਲਤੀ ਬਾਰ ਤੇਰੋ ਕਛੂ ਨਾਹਿ ॥੪॥
11. ਪੰਚ ਮਾਰਿ ਚਿਤੁ ਰਖਹੁ ਥਾਇ ॥
12. ਜੋਗ ਜੁਗਤਿ ਕੀ ਇਹੈ ਪਾਂਇ ॥੫॥
13. ਹਉਮੈ ਪੈਖੜੁ ਤੇਰੇ ਮਨੈ ਮਾਹਿ ॥
14. ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥
15. ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥
16. ਅੰਤ ਕਾਲਿ ਮੂੜੇ ਚੋਟ ਖਾਹਿ ॥੭॥
17. ਗੁਰ ਸਬਦੁ ਬੀਚਾਰਹਿ ਆਪੁ ਜਾਇ ॥
18. ਸਾਚ ਜੋਗੁ ਮਨਿ ਵਸੈ ਆਇ ॥੮॥
19. ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥
20. ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥
21. ਗੁਣ ਨਾਨਕੁ ਬੋਲੈ ਭਲੀ ਬਾਣਿ ॥
22. ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥

ਪਦ ਅਰਥ:–ਇਕ ਤੁਕੀਆ–ਉਹ ਅਸਟਪਦੀਆਂ ਜਿਨ੍ਹਾਂ ਦੇ ਹਰੇਕ ਬੰਦ ਵਿਚ ਇਕੋ ਇਕ ਤੁਕ ਹੈ।

ਭਸਮ–ਸੁਆਹ । ਅੰਧੂਲੇ–ਹੇ ਅੰਧੁਲੇ, ਹੇ ਅਕਲੋਂ ਅੰਨ੍ਹੇ। ਮਤੁ ਗਰਬਿ ਜਾਹਿ–ਮਤਾਂ ਤੂੰ ਅਹੰਕਾਰ ਵਿਚ ਆ ਜਾਏਂ । ਗਰਬਿ–ਅਹੰਕਾਰ ਵਿਚ । ਗਰਬਿ ਜਾਹਿ–ਤੂੰ ਅਹੰਕਾਰਿਆ ਜਾਂਹਿ। ਇਨ ਬਿਧਿ–ਇਨ੍ਹਾਂ ਤਰੀਕਿਆਂ ਨਾਲ। ਜੋਗੁ–ਪ੍ਰਮਾਤਮਾਂ ਨਾਲ ਮਿਲਾਪ।੧।

ਮੂੜੇ–ਹੇ ਮੂਰਖ। ਕਾਹੇ–ਕਾਹਦੇ ਵਾਸਤੇ ? ਕਿਉਂ ?। ਅੰਤ ਕਾਲਿ–ਅਖੀਰਲੇ ਸਮੇਂ ।੧। ਰਹਾਉ।

ਪੂਛਿ–ਪੁਛ ਕੇ, ਸਿਖਿਆ ਲੈਕੇ। ਦੇਖਉ–ਮੈਂ ਵੇਖਦਾ ਹਾਂ। ਸਾਰਿਗਪਾਣਿ–ਉਹ ਪ੍ਰਮਾਤਮਾਂ ਜਿਸ ਦੇ ਹੱਥ ਵਿਚ ਧਨਖ ਹੈ। ਸਾਰਿਗ-ਧਨਖ। ਪਾਣਿ-ਹੱਥ।੨।

ਆਖਾ–ਮੈਂ ਆਖਾਂ, ਮਾਣ ਕਰਾਂ। ਕਿਆ ਹਉ ਆਖਾ–ਮੈਂ ਕੀ ਮਾਣ ਕਰ ਸਕਦਾ ਹਾਂ ?। ਪਤਿ–ਇੱਜ਼ਤ । ਤੇਰੇ ਨਾਇ–ਤੇਰੇ ਨਾਮ ਵਿਚ (ਲੀਨ ਹੋਣ)।੩।

ਦਰਬੁ–ਧਨ । ਦੇਖਿ-ਵੇਖ ਕੇ । ਚਲਤੀ ਬਾਰ–ਸੰਸਾਰ ਤੋਂ ਕੂਚ ਕਰਨ ਵੇਲੇ।੪।

ਪੰਚ-ਕਾਮਾਦਿਕ ਪੰਜੇ ਵਿਕਾਰ। ਥਾਇ-ਥਾਂ ਵਿਚ, ਵੱਸ ਵਿਚ। ਪਾਇ-ਨੀਂਹ, ਬੁਨਿਆਦ। ਜੋਗ ਜੁਗਤਿ-ਪ੍ਰਮਾਤਮਾਂ ਨਾਲ ਮਿਲਾਪ ਦਾ ਤਰੀਕਾ।੫।

ਪੈਖੜੁ-ਢੰਗ, ਢੰਗਾ, ਪਸ਼ੂ ਦੇ ਪਿਛਲੇ ਪੈਰਾਂ ਨਾਲ ਬੱਧਾ ਹੋਇਆ ਰੱਸਾ ਜੋ ਉਸ ਨੂੰ ਦੌੜਨ ਨਹੀਂ ਦੇਂਦਾ। ਮੁਕਤਿ ਜਾਹਿ-ਵਿਕਾਰਾਂ ਤੋਂ ਸੁਤੰਤ੍ਰ ਹੋ ਸਕੇਂ।੬।

ਮਤਾਂ-ਮਤਾਂ ਕਿਤੇ। ਜਮ ਵਸਿ-ਜਮਾਂ ਦੇ ਵਸ ਵਿਚ। ਪਾਹਿ-ਪੈ ਜਾਏ। ਚੋਟ-ਮਾਰ ਕੁਟਾਈ।੭।

ਆਪੁ-ਆਪਾ ਭਾਵ। ਸਾਚ ਜੋਗੁ-ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਮਿਲਾਪ।੮।

ਜਿਨਿ-ਜਿਸ (ਪ੍ਰਭੂ) ਨੇ। ਜੀਉ-ਜਿੰਦ। ਪਿੰਡ-ਸਰੀਰ। ਮੂੜੇ-ਹੇ ਮੂਰਖ।੯।

ਗੁਣ ਬਾਨਿ-ਗੁਣਾਂ ਵਾਲੀ ਬਾਣੀ, ਪ੍ਰਭੂ ਦੀ ਸਿਫਤ ਸਲਾਹ ਵਾਲੀ ਬਾਣੀ। ਭਲੀ-ਚੰਗੀ, ਸੋਹਣੀ। ਸੁਜਾਖਾ-ਵੇਖ ਸਕਣ ਵਾਲੀਆਂ ਅੱਖਾਂ ਵਾਲਾ।੧੦।

ਉਥਾਨਕਾ :-ਇਕ ਬਸਤ੍ਰਾਂ ਤੋਂ ਸਖਣਾ ਸਰੀਰ ਉਤੇ ਸੁਆਹ ਮਲੀ ਹੋਈ ਲੋਕਾਂ ਨੂੰ ਆਪਣੇ ਪੂਰਨ ਸਾਧੂ ਹੋਣ ਦਾ ਦਾਵਾ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ, ਲੋਕੋ ਰੱਬ ਨਾਲ ਜੁੜਨ ਦਾ ਸਿਰਫ ਇਕ ਇਹੋ ਹੀ ਉੱਤਮ ਸਾਧਨ ਹੈ ਕਿ, ਜੇ ਤੁਸੀਂ ਭੀ ਰੱਬ ਦਾ ਮਿਲਾਪ ਚਾਹੁੰਦੇ ਹੋ ਤਾਂ ਮੇਰੇ ਲਿਬਾਸ ਨਾਲ ਸਹਿਮਤ ਹੋ ਜਾਓ, ਕਿਉਂਕਿ, ਮੈਂ ਸਮਝਦਾ ਹਾਂ ਕਿ ਇਹ ਇਕ ਮੈਂ ਬਹੁਤ ਹੀ ਉੱਤਮ ਕਰਮ ਕਰਦਾ ਹਾਂ, ਤਾਂ ਸਤਿਗੁਰੂ ਜੀ ਨੇ ਇਸ ਦੇ ਕੂੜੇ ਪਖੰਡ ਦਾ ਖੰਡਨ ਕਰਨ ਲਈ, ਇਸ ਦੇ ਪ੍ਰਥਾਇ ਸ਼ਬਦ ਉਚਾਰ ਕੇ ਸਾਰੀ ਲੋਕਾਈ ਨੂੰ ਹੀ ਸੱਚੇ ਮਾਰਗ ਤੇ ਚਲਣ ਦੀ ਪ੍ਰੇਰਨਾ ਕੀਤੀ ਹੈ ?

ਅਰਥ :-

1. **ਉ**:-ਇਸ ਪਖੰਡੀ ਨੂੰ ਸਨਮੁਖ ਤੱਕ ਕੇ ਕਹਿ ਰਹੇ ਹਨ ਕਿ, ਹੇ ਅਕਲੋਂ ਅੰਨ੍ਹੇ ! ਪਿੰਡੇ ਤੇ ਸੁਆਹ ਮਲ ਕੇ ਮਤਾਂ ਤੂੰ ਅਹੰਕਾਰ ਵਿਚ ਆ ਜਾਏਂ (ਕਿ ਤੂੰ ਕੋਈ ਬੜਾ ਹੀ ਉੱਤਮ ਕਰਮ ਕਰ ਰਿਹਾ ਹੈਂ)।
2. ਹੇ ਅੰਨ੍ਹੇ ! ਸੁਣ, ਨੰਗੇ ਰਹਿ ਕੇ (ਤੇ ਪਿੰਡੇ ਉਤੇ ਸੁਆਹ ਮਲ ਕੇ) ਇਨ੍ਹਾਂ ਤਰੀਕਿਆਂ ਨਾਲ (ਨਿਸਚਾ ਕਰ ਲੈ ਕਿ ਪ੍ਰਮੇਸ਼ਰ ਨਾਲ) ਮਿਲਾਪ ਨਹੀਂ ਹੋ ਸਕਦਾ।੧।
3. ਹੇ ਮੂਰਖਾ ! ਤੂੰ ਸੁਣ ਕਿ, ਤੈਂ ਪ੍ਰਮੇਸ਼ਰ ਦਾ ਨਾਮ ਕਿਉਂ ਵਿਸਾਰ ਦਿਤਾ ਹੈ ?
4. ਯਾਦ ਰਖ, ਇਕ ਪ੍ਰਮਾਤਮਾਂ ਦਾ ਨਾਮ ਹੀ ਅੰਤ ਸਮੇਂ ਤੇਰੇ ਕੰਮ ਆ ਸਕਦਾ ਹੈ।੧। ਰਹਾਉ।

ਪ੍ਰ:-ਕਿਉਂ ਜੀ ! ਫਿਰ ਤੁਸੀਂ ਹੀ ਦਸੋ, ਮੈਂ ਪ੍ਰਭੂ ਨਾਲ ਮਿਲਾਪ ਹਾਸਲ ਕਰਨ ਲਈ ਕਿਹੜਾ ਸਾਧਨ ਕਰਾਂ ?

5. **ਉ**:-ਹੇ ਭਾਈ ! ਗੁਰੂ ਦੀ ਸਿਖਿਆ ਲੈ ਕੇ ਇਹ ਸੋਚੋ ਤੇ ਸਮਝੋ ਕਿ, (ਘਰ ਘਾਟ ਛਡ ਕੇ ਬਾਹਰ ਭਟਕਦਿਆਂ ਰੱਬ ਨਹੀਂ ਮਿਲਦਾ)।

ਪ੍ਰ:-ਕਿਉਂ ਜੀ ! ਗੁਰਾਂ ਦੁਆਰੇ ਤੁਹਾਨੂੰ ਕੀ ਵੀਚਾਰ ਪ੍ਰਗਟ ਹੋ ਆਈ ਹੈ ?

6. **ਉ**:-ਹੇ ਭਾਈ ! ਮੈਂ ਤਾਂ ਗੁਰੂ ਰਾਹੀਂ ਹੁਣ ਜਿਧਰ (ਭੀ) ਵੇਖਦਾ ਹਾਂ ਉਧਰ ਹੀ (ਹਰ ਥਾਂ) ਪ੍ਰਮਾਤਮਾਂ ਮੌਜੂਦ ਹੈ।੨।
7. ਹੇ ਪ੍ਰਭੂ ! ਮੈਂ ਮਾਣ ਭੀ ਕਿਸ ਚੀਜ਼ ਦਾ ਕਰਾਂ ? ਭਾਵ, ਮੈਂ ਆਖ ਭੀ ਕੀ ਸਕਦਾ ਹਾਂ, ਜਦ ਕਿ ਮੇਰਾ ਕੁਝ ਭੀ ਨਹੀਂ ਹੈ।
8. ਹੇ ਸਾਈਆਂ ਜੀਓ ! ਇਹ ਮੇਰੀ ਉਚੀ ਜ਼ਾਤ ਜਾਂ ਇੱਜ਼ਤ ਤਾਂ ਤੇਰੇ ਨਾਮ ਕਰ ਕੇ ਹੀ ਬਣੀ ਹੋਈ ਹੈ। (ਭਾਵ ਹੈ ਕਿ, ਗ੍ਰਿਹਸਤ ਵਿਚ ਰਹਿ ਕੇ ਉਚੀ ਜ਼ਾਤ ਜਾਂ ਦੁਨਿਆਵੀ ਇੱਜ਼ਤ ਦਾ ਮਾਣ ਕਰਨਾ ਭੀ ਜੀਵ ਦੀ ਭਾਰੀ ਭੁੱਲ ਹੈ)।੩।
9. ਹੇ ਸਾਈਆਂ ਜੀਉ ! ਮੈਂ ਮਾਣ ਭੀ ਕਿਸ ਚੀਜ਼ ਦਾ ਕਰਾਂ ? (ਕਿਉਂਕਿ) ਜੋ ਕੁਝ ਭੀ ਮੈਂ ਆਪਣਾ ਸਮਝਦਾ ਹਾਂ ਇਹ ਮੇਰਾ ਆਪਣਾ ਨਹੀਂ, (ਸਭ ਕੁਝ ਤੇਰਾ ਹੀ ਦਿਤਾ ਹੋਇਆ ਹੈ ਤੇ ਹੈ ਭੀ ਨਾਸਵੰਤ)।

ਹੇ ਭਾਈਓ ! ਗ੍ਰਿਹਸਤ ਨੂੰ ਤਿਆਗ ਜਾਣ ਵਾਲਾ ਨਿਰੇ ਨੰਗੇ ਰਹਿਣ ਤੇ ਪਿੰਡੇ ਤੇ ਸੁਆਹ ਮਲਣ ਦਾ ਮਾਣ ਕਰਦਾ ਹੈ, ਇਹ ਭੁੱਲ ਹੈ। ਪਰ ਗ੍ਰਿਹਸਤੀ ਧਨ ਮਾਲ ਦਾ ਅਹੰਕਾਰ ਕਰਦਾ ਹੈ, ਇਹ ਭੀ ਮੂਰਖਤਾ ਹੈ।

10. ਹੇ ਭਾਈ ! ਆਖਰ ਸੰਸਾਰ ਨੂੰ ਕੂਚ ਕਰਨ ਵੇਲੇ (ਧਨ ਮਾਲ ਵਿਚੋਂ) ਕੋਈ ਭੀ ਚੀਜ਼ ਤੇਰੀ ਨਹੀਂ ਹੋਵੇਗੀ।੪।

ਪ੍ਰ:-ਸ੍ਰੀ ਜੀਉ ! ਆਖਰ, ਪ੍ਰਭੂ ਮਿਲਾਪ ਦੀ ਅਸਲ ਜੁਗਤ ਕਿਹੜੀ ਹੈ ?

11. **ਉ**:-ਹੇ ਭਾਈ ! ਕਾਮਾਦਿਕ ਪੰਜਾਂ ਨੂੰ ਮਾਰ ਕੇ ਆਪਣੇ ਮਨ ਨੂੰ ਵੱਸ ਵਿਚ ਰੱਖ।
12. ਬੱਸ, ਪ੍ਰਭੂ ਦੇ ਨਾਲ ਮਿਲਾਪ ਪੈਦਾ ਕਰਨ ਦੀ ਇਹੋ ਹੀ ਸਹੀ ਨੀਂਹ ਹੈ, ਬੁਨਿਆਦ ਹੈ।੫।

ਪ੍ਰ:-ਗੁਰਦੇਵ ਜੀਉ ! ਬੜਾ ਜਤਨ ਕਰਦੇ ਹਾਂ, ਪਰ ਮਨ ਪ੍ਰਭੂ ਦੇ ਮ ਰਗ ਵਲ ਟੁਰਦਾ ਹੀ ਨਹੀਂ, ਦਸੋ ਇਸ ਦਾ ਕਾਰਨ ਕੀ ਹੈ ?

13. **ਉ**:-ਹੇ ਮੂਰਖਾ ! ਸੁਣ, ਜੇ ਤੂੰ ਤਿਆਗੀ ਹੈਂ, ਤਾਂ ਤਿਆਗ ਦਾ ਤੇ ਜੇ ਤੂੰ ਗ੍ਰਿਹਸਤੀ ਹੈਂ ਤਾਂ ਧਨ ਮਾਲ ਦਾ ਤੈਨੂੰ ਮਾਣ ਹੈ, ਇਹ ਹਉਮੈਂ ਤੇਰੇ ਮਨ ਵਿਚ ਹੈ ਜੋ ਤੇਰੇ ਮਨ ਨੂੰ ਅਟਕਾਈ ਬੈਠੀ ਹੈ, ਜਿਵੇਂ ਪਸ਼ੂ ਦੀ ਪਿਛਲੀ ਲੱਤ ਨਾਲ ਬੱਧਾ ਹੋਇਆ ਢੰਗਾ ਉਸ ਨੂੰ ਦੌੜਨ ਨਹੀਂ ਦੇਂਦਾ।
14, ਹੇ ਭੋਲਿਆ ! ਤੂੰ ਇਸ ਹਉਮੈਂ ਦੇ ਢੰਗੇ ਦੇ ਕਾਰਨ ਪ੍ਰਮੇਸ਼ਰ ਨੂੰ ਨਹੀਂ ਸਿਮਰਦਾ ਤੇ ਵਿਕਾਰਾਂ ਤੋਂ ਖਲਾਸੀ ਸਿਮਰਨ ਨਾਲ ਹੀ ਹੋ ਸਕਦੀ ਹੈ।੬।

ਪ੍ਰ:—ਸ੍ਰੀ ਜੀਉ ! ਹੁਣ ਦਸੋ, ਮੈਂ ਕੀ ਕਰ ਸਕਦਾ ਹਾਂ ?

15. ਉ:—ਹੇ ਮੂਰਖਾ ! ਸੁਚੇਤ ਹੋ, ਕਿਉਂਕਿ, ਪ੍ਰਮਾਤਮਾਂ ਦਾ ਨਾਮ ਭੁਲਾਇਆਂ ਮਤਾਂ ਜਮਾਂ ਦੇ ਵੱਸ ਵਿਚ ਪੈ ਜਾਏਂ ।

16. ਅਤੇ ਅੰਤ ਸਮੇਂ (ਪ੍ਰਛਤਾਵੇ ਦੀ) ਮਾਰ ਕੁੱਟ ਖਾਏਂ ।੭।

ਪ੍ਰ:—ਸ੍ਰੀ ਜੀਉ ! ਅੰਦਰੋਂ ਹਉਮੈਂ ਦੂਰ ਨਹੀਂ ਹੁੰਦੀ, ਇਸ ਦਾ ਕੋਈ ਪੱਕਾ ਸਾਧਨ ਦਸੋ ?

17. ਉ:—ਹੇ ਭਾਈ ! ਸੁਣ, ਜੇ ਤੂੰ ਗੁਰੂ ਦੇ ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾਈ ਰਖੇਂ, ਤਾਂ ਇਸ਼ ਤਰ੍ਹਾਂ ਤੇਰੇ ਅੰਦਰੋਂ ਹਉਮੈਂ, ਆਪਾ ਭਾਵ ਦੂਰ ਹੋ ਸਕੇਗਾ ।

18. ਹੇ ਪਿਆਰੇ ! ਗੁਰੂ ਦਾ ਸ਼ਬਦ ਵੀਚਾਰਨ ਦੀ ਬਰਕਤ ਨਾਲ ਉਹ ਪ੍ਰਭੂ ਦਾ ਨਾਮ ਮਨ ਵਿਚ ਆ ਵਸਦਾ ਹੈ, ਜੋ ਕਿ ਉਸ ਸਦਾ ਥਿਰ ਪ੍ਰਭੂ ਨਾਲ ਸਦਾ ਲਈ ਮਿਲਾਪ ਬਣਾ ਦੇਂਦਾ ਹੈ ।੮।

ਪ੍ਰ:—ਕਿਉਂ ਜੀ ! ਮੈਂ ਤਾਂ ਪ੍ਰਭੂ ਦੇ ਮਿਲਾਪ ਦਾ ਸਾਧਨ ਕੇਵਲ ਮੜੀਆਂ ਮਸਾਣਾਂ ਵਿਚ ਵਸਣਾ ਹੀ ਸਮਝਦਾ ਹਾਂ, ਕੀ ਇਸ ਤਰ੍ਹਾਂ ਮੈਨੂੰ ਉਸ ਸਾਈਂ ਜੀ ਦਾ ਮਿਲਾਪ ਨਹੀਂ ਹੋ ਸਕੇਗਾ ?

19. ਉ:—ਹੇ ਮੂਰਖਾ ! ਵੇਖ, ਜਿਸ ਪ੍ਰਮਾਤਮਾਂ ਨੇ ਤੈਨੂੰ ਜਿੰਦ ਦਿਤੀ ਹੈ, ਸਰੀਰ ਦਿਤਾ ਹੈ, ਉਸ ਨੂੰ ਚੇਤੇ ਨਹੀਂ ਕਰਦਾ ।

20. (ਤੇ ਸੁਆਹ ਮਲ ਕੇ ਮੜੀਆਂ ਮਸਾਣਾਂ ਵਿਚ ਜਾ ਡੇਰਾ ਲਾਂਦਾ ਹੈਂ) ਯਾਦ ਰਖ, ਮੜੀਆਂ ਮਸਾਣਾਂ ਵਿਚ ਬੈਠਿਆਂ ਪ੍ਰਮਾਤਮਾਂ ਨਾਲ ਮਿਲਾਪ ਨਹੀਂ ਬਣ ਸਕਦਾ ।੯।

ਪ੍ਰ:—ਸ੍ਰੀ ਜੀਉ ! ਹੁਣ ਮੈਨੂੰ ਆਪ ਜੀ ਉਹ ਉਪਦੇਸ਼ ਦਿਓ, ਜਿਸ ਦਾ ਸਦਕਾ ਮੈਂ ਉਸ ਪ੍ਰਭੂ ਦੇ ਦੀਦਾਰ ਕਰ ਸਕਾਂ ?

21. ਉ:—ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ, ਮੈਂ ਤੈਨੂੰ ਪ੍ਰਮ ਤਮਾਂ ਦੀਆਂ ਸਿਫਤਾਂ ਦੀ ਬਾਣੀ ਉਚਾਰਨ ਕਰਦਾ ਹੈਂ ਪ੍ਰਭੂ ਦੀ ਸਿਫਤ ਸਲਾਹ ਵਾਲੀ ਬਾਣੀ ਹੀ ਸੁੰਦਰ ਬਾਣੀ ਹੈ, (ਇਹੀ ਪ੍ਰਭੂ ਦੇ ਚਰਨਾਂ ਵਿਚ ਜੋੜ ਸਕਦੀ ਹੈ) । ਇਸ ਗੱਲ ਨੂੰ ਸਮਝ (ਜੇ ਤੂੰ ਭੀ ਪ੍ਰਭੂ ਦੀ ਸਿਫਤ ਸਲਾਹ ਕਰੇਂਗਾ ਤਾਂ) ।

22. ਤਾਂ ਤੈਨੂੰ ਭੀ ਪ੍ਰਮਾਤਮਾਂ ਦਾ ਦੀਦਾਰ ਕਰਾਣ ਵਾਲੀਆਂ ਆਤਮਕ ਅੱਖਾਂ ਮਿਲ ਜਾਣਗੀਆਂ ।੧੦।੫।

ਭਾਵਾਰਥ :—ਹਰ ਬੰਦਾ ਹੀ ਸੁਖ ਪ੍ਰਾਪਤੀ ਦੇ ਸਾਧਨਾਂ ਵਿਚ ਲਗਾ ਹੋਇਆ ਹੈ, ਪਰ, ਨਾਮ ਤੋਂ ਸਖਣੇ ਦਾ ਹਰ ਸਾਧਨ ਹੀ ਦੁੱਖ ਦਾ ਕਾਰਨ ਬਣਦਾ ਹੈ, ਇਸ ਲਈ, ਸੁਖ ਨਾ ਪਦਾਰਥ ਭੋਗਾਂ ਵਿਚ ਹੈ, ਨਾ ਜੋਗ ਵਿਚ ਹੈ, ਕੇਵਲ ਇਕ ਨਾਮ ਹੀ ਹੈ ਜੋ ਮਨੁੱਖ ਨੂੰ ਸਦੀਵੀ ਸੁਖ ਦੇ ਸਕਦਾ ਹੈ ।

ਬਸੰਤੁ ਮਹਲਾ ੧ ॥

1. ਦੁਬਿਧਾ ਦੁਰਮਤਿ ਅਧੁਲੀ ਕਾਰ ॥
2. ਮਨਮੁਖਿ ਭਰਮੈ ਮਝਿ ਗੁਬਾਰ ॥੧॥
3. ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥
4. ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥
5. ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
6. ਪਸੂ ਭਏ ਅਭਿਮਾਨੁ ਨ ਜਾਈ ॥੨॥
7. ਲਖ ਚਉਰਾਸੀਹ ਜੰਤ ਉਪਾਏ ॥
8. ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥
9. ਸਗਲੀ ਭੂਲੈ ਨਹੀ ਸਬਦੁ ਅਚਾਰੁ ॥
10. ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥
11. ਗੁਰ ਕੇ ਚਾਕਰ ਠਾਕੁਰ ਭਾਣੇ ॥
12. ਬਖਸਿ ਲੀਏ ਨਾਹੀ ਜਮ ਕਾਣੇ ॥੫॥
13. ਜਿਨ੍ ਕੈ ਹਿਰਦੈ ਏਕੋ ਭਾਇਆ ॥
14. ਆਪੇ ਮੇਲੇ ਭਰਮੁ ਚੁਕਾਇਆ ॥੬॥
15. ਬੇਮੁਹਤਾਜੁ ਬੇਅੰਤੁ ਅਪਾਰਾ ॥
16. ਸਚਿ ਪਤੀਜੈ ਕਰਣੈਹਾਰਾ ॥੭॥
17. ਨਾਨਕ ਭੂਲੇ ਗੁਰੁ ਸਮਝਾਵੈ ॥
18. ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥

ਪਦ ਅਰਥ :—ਦੁਬਿਧਾ—ਦੁ-ਕਿਸਮਾਂ ਪਨ, ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ । ਅਧੁਲੀ—ਅੰਧੁਲੀ, ਅੰਨ੍ਹੀਂ । ਮਨਮੁਖਿ—ਆਪਣੇ ਮਨ ਦੇ ਪਿਛੇ ਤੁਰਨ ਵਾਲਾ ਬੰਦਾ । ਮਝਿ—ਵਿਚ । ਗੁਬਾਰ—ਹਨ੍ਹੇਰਾ, ਅਗਿਆਨਤਾ ਦਾ ਹਨ੍ਹੇਰਾ ।੧।

ਅੰਧੁਲੀ ਮਤਿ—ਮਾਇਆ ਦੇ ਮੋਹ ਵਿਚ ਅੰਨ੍ਹੀਂ ਮਤਿ । ਭਰਮੁ—ਭਟਕਣਾ ।੧। ਰਹਾਉ ।

ਨ ਭਾਈ—ਪਸੰਦ ਨਹੀਂ ਆਉਂਦੀ ।੨।

ਸਿਰਜਿ-ਪੈਦਾ ਕਰ ਕੇ । ਸਮਾਏ—ਲੀਨ ਕਰ ਲੈਂਦਾ ਹੈ ।੩।

ਅਚਾਰੁ-ਆਚਾਰ, ਚੰਗਾ ਜੀਵਨ ।੪।

ਕਾਣੇ—ਮੁਥਾਜੀ ।੫।

ਭਾਇਆ—ਚੰਗਾ ਲਗਾ ।੬।

ਸਾਚਿ-ਸੱਚ ਦੀ ਰਾਹੀਂ, ਸਿਮਰਨ ਦੀ ਰਾਹੀਂ । ਪਤੀਜੈ—ਪ੍ਰਸੰਨ ਹੁੰਦਾ ਹੈ ।੭।

ਏਕੁ—ਇਕ ਪ੍ਰਮਾਤਮਾਂ । ਸਾਚਿ—ਸਦਾ ਥਿਰ ਪ੍ਰਭੂ ਵਿਚ ।੮।

ਅਰਥ :—

ਪ੍ਰ:—ਸ੍ਰੀ ਜੀਉ ! ਇਸ ਜੀਵ ਨੂੰ ਜੀਵਨ ਦਾ ਸਹੀ ਪੰਧ ਕਿਉਂ ਨਹੀਂ ਦਿਸਦਾ ?

1. ਉ:—ਹੇ ਭਾਈ ! ਸਹੀ ਮਾਰਗ ਮਨੁੱਖ ਨੂੰ ਇਸ ਲਈ ਨਹੀਂ ਦਿਸਦਾ, ਕਿਉਂਕਿ, ਉਹ ਆਪਣੇ ਮਨ ਦੇ ਪਿਛੇ

ਤੁਰਨ ਵਾਲਾ ਮਨੁੱਖ (ਮਾਇਆ ਮੋਹ ਦੇ) ਹਨ੍ਹੇਰੇ ਵਿਚ ਭਟਕਦਾ ਫਿਰਦਾ ਹੈ (ਠੇਡੇ ਖਾਂਦਾ ਫਿਰਦਾ ਹੈ, ਉਸ ਨੂੰ ਇਸੇ ਲਈ ਹੀ ਸਹੀ ਜੀਵਨ ਪੰਧ ਨਹੀਂ ਦਿਸਦਾ)।

2. ਉਹ ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਰਖਦਾ ਹੈ, (ਮਾਇਆ ਦੇ ਮੋਹ ਵਿਚ) ਅੰਨ੍ਹੀਂ ਹੋ ਚੁੱਕੀ ਭੈੜੀ ਮਤ ਦੇ ਪਿਛੇ ਲਗਕੇ ਹੀ ਕਾਰ ਕਰਦਾ ਹੈ ।੧।

3. ਹੇ ਭਾਈ ! ਮਾਇਆ ਵਿਚ ਅੰਨ੍ਹਾਂ ਹੋਇਆ ਮਨ ਉਸੇ ਮੱਤ ਦੇ ਪਿਛੇ ਤੁਰਦਾ ਹੈ, ਜੋ (ਆਪ ਭੀ) ਮਾਇਆ ਦੇ ਮੋਹ ਵਿਚ ਅੰਨ੍ਹੀਂ ਹੋਈ ਪਈ ਹੈ (ਤੇ ਉਹ ਮਨ ਮਾਇਆ ਦੀ ਭਟਕਣਾ ਵਿਚ ਹੀ ਰਹਿੰਦਾ ਹੈ)।

4. ਹੇ ਭਾਈਓ ! ਪਰ, ਗੁਰੂ ਦੀ ਦੱਸੀ ਕਾਰ ਕਰਨ ਤੋਂ ਬਿਨਾ ਮਨ ਦੀ ਇਹ ਭਟਕਣਾ ਦੂਰ ਨਹੀਂ ਹੁੰਦੀ ।੧। ਰਹਾਉ ।

ਪ੍ਰ:—ਕਿਉਂ ਜੀ ! ਗੁਰੂ ਦੀ ਸਿਖਿਆ ਸੁਣ ਕੇ ਮਨੁੱਖ ਦੇ ਅੰਦਰੋਂ ਆਕੜ ਕਿਉਂ ਨਹੀਂ ਦੂਰ ਹੁੰਦੀ ?

5. ਉ:—ਹੇ ਭਾਈਓ ! ਅਸਲ ਵਿਚ ਲੋਕ ਗੁਰੂ ਦੀ ਸਿਖਿਆ ਨੂੰ ਸੁਣਦੇ ਤਾਂ ਹਨ, ਪਰ, ਆਪਣੇ ਮਨ ਦੇ ਪਿਛੇ ਤੁਰਨ ਵਾਲੇ ਅੰਨ੍ਹੇ ਮਨੁੱਖ ਨੂੰ ਗੁਰੂ ਦੀ (ਦਿਤੀ) ਮਤ ਪਸੰਦ ਨਹੀਂ ਆਉਂਦੀ।

6. ਹੇ ਪਿਆਰੇ ! ਉਹ ਵੇਖਣ ਨੂੰ ਭਾਵੇਂ ਮਨੁੱਖ ਹਨ, ਪਰ ਸੁਭਾਵ ਵਲੋਂ ਪਸ਼ੂ ਹੋ ਚੁਕੇ ਹੁੰਦੇ ਹਨ, (ਇਸੇ ਲਈ, ਉਨ੍ਹਾਂ ਦੇ ਅੰਦਰੋਂ) ਆਕੜ ਨਹੀਂ ਜਾਂਦੀ ।੨।

7. ਹੇ ਭਾਈਓ ! ਉਹ ਸਿਰਜਨਹਾਰ ਪ੍ਰਭੂ ਚੌਰਾਸੀ ਲੱਖ ਜੂਨਾਂ ਵਿਚ ਬੇਅੰਤ ਜੀਵ ਪੈਦਾ ਕਰਦਾ ਹੈ।

8. ਪਰ, ਹੇ ਪਿਆਰੇ ! ਜਿਵੇਂ ਉਸ ਠਾਕਰ ਦੀ ਮਰਜ਼ੀ ਹੁੰਦੀ ਹੈ, ਪੈਦਾ ਕਰਦਾ ਹੈ, ਤੇ ਨਾਸ ਭੀ ਕਰ ਦੇਂਦਾ ਹੈ ।੩।

9. ਪਰ, ਹੇ ਭਾਈ ! ਉਹ ਸਾਰੀ ਹੀ ਲੁਕਾਈ ਕੁਰਾਹੇ ਪਈ ਰਹਿੰਦੀ ਹੈ, ਜਦ ਤਕ ਕਿ ਉਹ ਗੁਰੂ ਦਾ ਸ਼ਬਦ (ਹਿਰਦੇ ਵਿਚ ਨਹੀਂ ਵਸਾਂਦੀ ਤੇ ਜਦ ਤਕ ਉਸ ਸ਼ਬਦ ਅਨੁਸਾਰ ਆਪਣਾ) ਕਰਤੱਬ ਨਹੀਂ ਬਣਾਂਦੀ।

10. ਪਰ, ਹੇ ਭਾਈ ! (ਸਿਰਫ) ਉਹ ਜੀਵ ਹੀ (ਜੀਵਨ ਦੇ ਸਹੀ ਰਸਤੇ ਨੂੰ) ਸਮਝਦਾ ਹੈ, ਜਿਸ ਦਾ ਰਹਿਬਰ ਗੁਰੂ ਬਣਦਾ ਹੈ ਤੇ ਕਰਤਾਰ ਬਣਦਾ ਹੈ ।੪।

ਪ੍ਰ:—ਸ੍ਰੀ ਜੀਉ ! ਆਖਰ, ਉਸ ਪ੍ਰਭੂ ਨੂੰ ਪਸੰਦ ਕਉਣ ਆਉਂਦੇ ਹਨ ?

11. ਉ:—ਹੇ ਭਾਈ ! ਜਿਹੜੇ ਮਨੁੱਖ ਸਤਿਗੁਰੂ ਦੇ ਸੇਵਕ ਬਣਦੇ ਹਨ, ਉਹ ਪਾਲਣਹਾਰ ਪ੍ਰਭੂ ਨੂੰ ਪਸੰਦ ਆ ਜਾਂਦੇ ਹਨ।

ਪ੍ਰ:—ਕਿਉਂ ਜੀ ! ਅਜਿਹੇ ਸੇਵਕ ਨੂੰ ਫਲ ਕੀ ਮਿਲਦਾ ਹੈ ?

12. ਉ:—ਹੇ ਭਾਈ ! ਅਜਿਹੇ ਸੇਵਕਾਂ ਨੂੰ ਜਮਾਂ ਦੀ ਮੁਥਾਜੀ ਨਹੀਂ ਰਹਿ ਜਾਂਦੀ, ਕਿਉਂਕਿ, ਪ੍ਰਭੂ ਨੇ ਉਨ੍ਹਾਂ ਉਤੇ ਮਿਹਰ ਕਰ ਦਿਤੀ ਹੁੰਦੀ ਹੈ ।੫।

13. ਹੇ ਪਿਆਰੇ ! ਜਿਨ੍ਹਾਂ ਬੰਦਿਆਂ ਨੂੰ ਆਪਣੇ ਹਿਰਦੇ ਵਿਚ ਇਕ ਪ੍ਰਮਾਤਮਾਂ ਹੀ ਪਿਆਰਾ ਲਗਦਾ ਹੈ।

14. ਉਨ੍ਹਾਂ ਨੂੰ ਪ੍ਰਮਾਤਮਾਂ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ਤੇ ਉਨ੍ਹਾਂ ਦੀ ਭਟਕਣਾ ਦੂਰ ਹੋ ਜਾਂਦੀ ਹੈ ।੬।

ਪ੍ਰ:—ਸ੍ਰੀ ਜੀਉ ! ਆਖਰ, ਉਸ ਸਾਈਂ ਜੀ ਨੂੰ ਪ੍ਰਸੰਨ ਕਿਵੇਂ ਕੀਤਾ ਜਾਂਦਾ ਹੈ ?

15. ਉ:—ਹੇ ਪਿਆਰੇ ! ਅਸਲ ਵਿਚ ਉਹ ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ ਪ੍ਰਭੂ (ਕੇਵਲ) ਸਿਮਰਨ ਦੁਆਰੇ ਹੀ ਖੁਸ਼ ਕੀਤਾ ਜਾ ਸਕਦਾ ਹੈ।

16. ਪਰ, ਉਹ ਭਾਵੇਂ ਬੇ-ਮੁਥਾਜ ਹੈ, ਬੇਅੰਤ ਹੈ ਉਸਦੀ ਹਸਤੀ ਦਾ ਪਾਰਲਾ ਬੰਨਾ ਨਹੀਂ ਲਭ ਸਕਦਾ ।੭।

ਪ੍ਰ:—ਸ੍ਰੀ ਜੀਉ ! ਇਸ ਗਿਆਨ ਨੂੰ ਹਰ ਬੰਦਾ ਹੀ ਕਿਉਂ ਨਹੀਂ ਸਮਝਦਾ ?

17. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਮਾਇਆ ਦੇ ਮੋਹ ਵਿਚ ਫਸ ਕੇ) ਕੁਰਾਹੇ ਪਏ ਮਨੁੱਖ ਨੂੰ ਗੁਰੂ (ਹੀ) ਸਮਝਾ ਸਕਦਾ ਹੈ।

18. (ਕਿਉਂਕਿ) ਗੁਰੂ ਉਸ ਨੂੰ ਇਕ ਪ੍ਰਮਾਤਮਾਂ ਦਾ ਦੀਦਾਰ ਕਰਾ ਦੇਂਦਾ ਹੈ, ਉਸ ਨੂੰ ਸਦਾ ਥਿਰ ਪ੍ਰਮਾਤਮਾਂ (ਦੀ ਯਾਦ) ਵਿਚ ਜੋੜ ਦੇਂਦਾ ਹੈ ।੮।੬।

ਭਾਵਾਰਥ :-ਸਹੀ ਮਤਿ ਕੇਵਲ ਗੁਰੂ ਤੋਂ ਹੀ ਮਿਲਦੀ ਹੈ, ਜਿਸ ਤੋਂ ਮਨੁੱਖ ਦਾ ਭਰਮ ਦੂਰ ਹੁੰਦਾ ਹੈ, ਜ਼ਿੰਦਗੀ ਦਾ ਆਦਰਸ਼ ਬਣਦਾ ਹੈ ਅਤੇ ਉਸੇ ਅਨੁਸਾਰ ਸਚੀ ਰਹਿਣੀ ਬਣਦੀ ਹੈ।

ਬਸੰਤੁ ਮਹਲਾ ੧ ॥

1. **ਆਪੇ ਭਵਰਾ ਫੂਲ ਬੇਲਿ ॥**
2. **ਆਪੇ ਸੰਗਤਿ ਮੀਤ ਮੇਲਿ ॥੧॥**
3. **ਐਸੀ ਭਵਰਾ ਬਾਸੁ ਲੇ ॥**
4. **ਤਰਵਰ ਫੂਲੇ ਬਨ ਹਰੇ ॥੧॥ ਰਹਾਉ ॥**
5. **ਆਪੇ ਕਵਲਾ ਕੰਤੁ ਆਪਿ ॥**
6. **ਆਪੇ ਰਾਵੇ ਸਬਦਿ ਥਾਪਿ ॥੨॥**
7. **ਆਪੇ ਬਛਰੂ ਗਊ ਖੀਰੁ ॥**
8. **ਆਪੇ ਮੰਦਰੁ ਥੰਮ੍ਹੁ ਸਰੀਰੁ ॥੩॥**
9. **ਆਪੇ ਕਰਣੀ ਕਰਣਹਾਰੁ ॥**
10. **ਆਪੇ ਗੁਰਮੁਖਿ ਕਰਿ ਬੀਚਾਰੁ ॥੪॥**
11. **ਤੂ ਕਰਿ ਕਰਿ ਦੇਖਹਿ ਕਰਣਹਾਰੁ ॥**
12. **ਜੋਤਿ ਜੀਅ ਅਸੰਖ ਦੇਇ ਅਧਾਰੁ ॥੫॥**
13. **ਤੂ ਸਰੁ ਸਾਗਰੁ ਗੁਣ ਗਹੀਰੁ ॥**
14. **ਤੂ ਅਕੁਲ ਨਿਰੰਜਨੁ ਪਰਮ ਹੀਰੁ ॥੬॥**
15. **ਤੂ ਆਪੇ ਕਰਤਾ ਕਰਣ ਜੋਗੁ ॥**
16. **ਨਿਹਕੇਵਲੁ ਰਾਜਨ ਸੁਖੀ ਲੋਗੁ ॥੭॥**

17. ਨਾਨਕ ਧ੍ਰਾਪੇ ਹਰਿ ਨਾਮ ਸੁਆਦਿ ॥

18. ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ ॥੮॥੭॥

ਪਦ ਅਰਥ :-ਆਪੇ-(ਪ੍ਰਭੂ) ਆਪ ਹੀ। ਮੇਲਿ-ਮੇਲ ਵਿਚ।੧।

ਐਸੀ-ਇਉਂ, ਇਸ ਤਰੀਕੇ ਨਾਲ। ਬਾਸੁ-ਸੁਗੰਧੀ। ਲੈ-ਲੈਂਦਾ ਹੈ। ਤਰਵਰ-ਰੁੱਖ।੧। ਰਹਾਉ।

ਕਵਲਾ-ਲੱਛਮੀ। ਕੰਤੁ-(ਲੱਛਮੀ ਦਾ) ਖਸਮ। ਸਬਦਿ-(ਆਪਣੇ) ਹੁਕਮ ਨਾਲ। ਥਾਪਿ-ਪੈਦਾ ਕਰ ਕੇ।੨।

ਬਛਰੂ-ਵੱਛਾ। ਖੀਰੁ-ਦੁੱਧ।੩।

ਕਰਣਹਾਰੁ-ਸਭ ਕੁਝ ਕਰਨ ਦੇ ਸਮਰੱਥ। ਗੁਰਮੁਖਿ-ਗੁਰੂ ਦੇ ਸਨਮੁਖ ਹੋ ਕੇ।੪।

ਵੇਖਹਿ-ਵੇਖਦਾ ਹੈ, ਸੰਭਾਲ ਕਰਦਾ ਹੈ। ਦੇਇ-ਦੇ ਕੇ। ਅਧਾਰੁ-ਆਸਰਾ।੫।

ਗੁਣ ਗਹੀਰੁ-ਗੁਣਾਂ ਦਾ ਡੂੰਘਾ (ਸਮੁੰਦ੍ਰ)। ਅਕੁਲ-ਜਿਸ ਦੀ ਕੋਈ ਖਾਸ ਕੁਲ ਨਹੀਂ। ਹੀਰੁ-ਹੀਰਾ।੬।

ਕਰਣਜੋਗੁ-ਸਭ ਕੁਝ ਕਰ ਸਕਣ ਵਾਲਾ। ਨਿਹਕੇਵਲੁ-ਵਾਸ਼ਨਾ ਰਹਿਤ। ਰਾਜਨ-ਹੇ ਰਾਜਨ।੭।

ਧ੍ਰਾਪੇ-ਰਜ ਜਾਂਦਾ ਹੈ। ਸੁਆਦਿ-ਸੁਆਦ ਵਿਚ। ਬਾਦਿ-ਵਿਅਰਥ।੮।

ਅਰਥ :-

ਪ੍ਰ:-ਸ੍ਰੀ ਜੀਉ! ਗੁਰੂ ਦੇ ਉਪਦੇਸ਼ ਤੇ ਤੁਰਨ ਵਾਲੇ ਗੁਰਮੁਖ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

1. **ਉ:-ਹੇ ਭਾਈ! ਗੁਰਮੁਖ ਨੂੰ ਹਰ ਤਰਫ ਇਹੋ ਹੀ ਦਿਸਦਾ ਹੈ ਕਿ, ਉਹ ਪ੍ਰਮਾਤਮਾਂ ਆਪ ਹੀ ਸੁਗੰਧੀ (ਲੈਣ ਵਾਲਾ) ਭੌਰਾ ਹੈ, ਆਪ ਹੀ ਵੇਲ ਹੈ ਤੇ ਆਪ ਹੀ ਵੇਲਾਂ ਉਤੇ ਉੱਗੇ ਹੋਏ ਫੁੱਲ ਹੈ।**
2. **ਅਤੇ ਆਪ ਹੀ ਸੰਗਤ ਹੈ, ਆਪ ਹੀ ਸੰਗਤ ਵਿਚ ਸਤਸੰਗੀ ਮਿਤ੍ਰਾਂ ਨੂੰ ਇਕੱਠਾ ਕਰਦਾ ਹੈ।੧।**
3. ਹੇ ਭਾਈ! (ਗੁਰਮੁਖ) **ਭੌਰਾ ਇਸ ਤਰ੍ਹਾਂ** (ਪ੍ਰਭੂ ਦੇ ਨਾਮ ਦੀ) ਸੁਗੰਧੀ ਲੈਂਦਾ ਹੈ।
4. ਕਿ ਉਸ ਨੂੰ ਜੰਗਲ ਦੇ ਸਾਰੇ ਰੁੱਖ ਹਰੇ ਤੇ ਫੁੱਲਾਂ ਨਾਲ ਲਦੇ ਹੋਏ ਦਿਸਦੇ ਹਨ, (ਭਾਵ, ਗੁਰਮੁਖ ਨੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਭੂ ਦੀ ਹੀ ਜੋਤ ਰੁਮਕਦੀ ਦਿਸਦੀ ਹੈ) ।੧। ਰਹਾਉ।
5. ਹੇ ਪਿਆਰੇ! ਗੁਰਮੁਖ ਨੂੰ ਦਿਸਦਾ ਹੈ ਕਿ, ਪ੍ਰਭੂ ਆਪ ਹੀ ਲਛਮੀ (ਮਾਇਆ) ਹੈ ਤੇ ਆਪ ਹੀ ਲਛਮੀ ਦਾ ਪਤੀ ਹੈ।
6. ਉਹ ਪ੍ਰਭੂ ਆਪ ਆਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਆਪ ਹੀ (ਦੁਨੀਆਂ ਦੇ ਪਦਾਰਥਾਂ ਨੂੰ) ਮਾਣ ਰਿਹਾ ਹੈ।੨।
7. ਹੇ ਭਾਈ! ਗੁਰਮੁਖ ਦੀ ਦ੍ਰਿਸ਼ਟੀ ਵਿਚ ਪ੍ਰਭੂ ਆਪ ਹੀ ਵੱਛਾ ਹੈ, ਆਪ ਹੀ (ਗਾਂ ਦਾ) ਦੁੱਧ ਹੈ।
8. ਆਪ ਹੀ ਉਹ ਪ੍ਰਭੂ ਮੰਦਰ ਹੈ, ਆਪ ਹੀ (ਮੰਦਰ ਦਾ) ਥੰਮ੍ਹ ਹੈ, (ਆਪ ਹੀ ਜਿੰਦ ਹੈ ਤੇ) ਆਪ ਹੀ ਸਰੀਰ ਹੈ।੩।
9. ਪ੍ਰਭੂ ਆਪ ਕਰਨ ਜੋਗ ਕੰਮ ਹੈ।
10. ਆਪ ਹੀ ਗੁਰੂ ਹੈ ਤੇ ਆਪ ਹੀ ਗੁਰੂ ਦੇ ਸਨਮੁਖ ਹੋ ਕੇ ਆਪਣੇ ਗੁਣਾਂ ਦੀ ਵੀਚਾਰ ਕਰਦਾ ਹੈ।੪।
11. ਹੇ ਪਿਆਰੇ! ਗੁਰਮੁਖਿ ਪ੍ਰਭੂ ਦੇ ਦਰ ਤੇ ਇਉਂ ਅਰਦਾਸ ਕਰਦਾ ਹੈ:-ਹੇ ਪ੍ਰਭੂ! ਤੂੰ ਸਭ ਕੁਝ ਕਰਨ ਦੀ ਤਾਕਤ ਰਖਦਾ ਹੈਂ।
12. ਹੇ ਪ੍ਰਭੂ! ਤੂੰ ਜੀਵ ਪੈਦਾ ਕਰ ਕੇ ਤੇ ਬੇਅੰਤ ਜੀਵਾਂ ਨੂੰ ਆਪਣੀ ਜੋਤ ਦਾ ਸਹਾਰਾ ਦੇ ਕੇ ਆਪ ਹੀ ਸਭ ਦੀ ਸੰਭਾਲ ਕਰਦਾ ਹੈਂ।੫।
13. ਹੇ ਪ੍ਰਭੂ! ਤੂੰ ਗੁਣਾਂ ਦਾ ਸਰੋਵਰ ਹੈਂ, ਤੂੰ ਗੁਣਾਂ ਦਾ ਅਥਾਹ ਸਮੁੰਦ੍ਰ ਹੈਂ।
14. ਹੇ ਸਾਈਆਂ ਜੀਉ! ਤੇਰੀ ਕੋਈ ਖਾਸ ਕੁਲ ਨਹੀਂ, ਤੇਰੇ ਉਤੇ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ, ਤੂੰ ਸਭ ਤੋਂ ਸ੍ਰੇਸ਼ਟ ਹੀਰਾ ਹੈਂ।੬।
15. **ਹੇ ਭਾਈ! ਗੁਰਮੁਖ ਸਦਾ ਇਉਂ ਹੀ ਅਰਦਾਸ ਕਰਦਾ ਹੈ ਹੈ ਕਿ, ਹੇ ਰਾਜਨ! ਤੂੰ ਆਪ ਹੀ ਸਾਰੇ ਜਗਤ ਦਾ** ਪੈਦਾ ਕਰਨ ਵਾਲਾ ਹੈਂ ਤੇ ਪੈਦਾ ਕਰਨ ਦੀ ਸਮਰੱਥਾ ਰਖਦਾ ਹੈਂ।
16. ਹੇ ਰਾਜਨ! ਤੂੰ ਪਵਿਤ੍ਰ ਸਰੂਪ ਹੈਂ, ਜਿਸ ਉਤੇ ਤੇਰੀ ਮਿਹਰ ਹੁੰਦੀ ਹੈ ਉਹ ਆਤਮਕ ਅਨੰਦ ਮਾਣਦਾ ਹੈ।੭।
17. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਜਿਹੜਾ ਭੀ ਮਨੁੱਖ ਪ੍ਰਮਾਤਮਾਂ ਦੇ ਨਾਮ ਦੇ ਸੁਆਦ ਵਿਚ ਮਗਨ ਹੁੰਦਾ ਹੈ, ਉਹ ਮਾਇਆ ਵਲੋਂ ਰੱਜ ਜਾਂਦਾ ਹੈ।
18. (ਅਤੇ ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ, ਪ੍ਰਮਾਤਮਾਂ ਤੋਂ ਬਿਨਾ ਪ੍ਰੀਤਮ ਗੁਰੂ ਦੀ ਸ਼ਰਨ ਤੋਂ ਬਿਨਾ ਮਨੁੱਖਾ ਜੀਵਨ ਵਿਅਰਥ ਚਲਾ ਜਾਂਦਾ ਹੈ।੮।੭।

ਭਾਵਾਰਥ :-ਮਨੁੱਖ ਮਨ ਨੂੰ ਮਾਇਕੀ ਪਦਾਰਥਾਂ ਦੁਆਰੇ ਰਜਾਉਣ ਦਾ ਜੀਵਨ ਭਰ ਹੀ ਜਤਨ ਕਰਦਾ ਰਹਿੰਦਾ ਹੈ ਪਰ ਫਿਰ ਭੀ ਇਹ ਤ੍ਰਿਸ਼ਨਾਂ ਦੀ ਭੁੱਖ ਕਰ ਕੇ ਭੁੱਖਾ ਹੀ ਰਹਿੰਦਾ ਹੈ, ਜੋ ਅਸਲੀ ਰਜੇਵਾਂ ਹਰੀ ਦੇ ਨਾਮ ਤੋਂ ਹੀ ਮਿਲਦਾ ਹੈ ਤੇ ਉਸੇ ਨਾਮ ਦੀ ਬਰਕਤ ਨਾਲ ਜਨਮ ਸਫਲ ਹੁੰਦਾ ਹੈ।

ਬਸੰਤੁ ਹਿੰਡੋਲੁ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥

1. ਨਉ ਸਤ ਚਉਦਹ ਤੀਨਿ ਚਾਰਿ
ਕਰਿ ਮਹਲਤਿ ਚਾਰਿ ਬਹਾਲੀ ॥
2. ਚਾਰੇ ਦੀਵੇ ਚਹੁ ਹਥਿ ਦੀਏ
ਏਕਾ ਏਕਾ ਵਾਰੀ ॥੧॥
3. ਮਿਹਰਵਾਨ ਮਧੁਸੂਦਨ ਮਾਧੌ
ਐਸੀ ਸਕਤਿ ਤੁਮ੍ਹਾਰੀ ॥੧॥ ਰਹਾਉ ॥
4. ਘਰਿ ਘਰਿ ਲਸਕਰੁ ਪਾਵਕੁ ਤੇਰਾ
ਧਰਮੁ ਕਰੇ ਸਿਕਦਾਰੀ ॥
5. ਧਰਤੀ ਦੇਗ ਮਿਲੈ ਇਕ ਵੇਰਾ
ਭਾਗੁ ਤੇਰਾ ਭੰਡਾਰੀ ॥੨॥
6. ਨਾ ਸਾਬੂਰੁ ਹੋਵੈ ਫਿਰਿ ਮੰਗੈ
ਨਾਰਦੁ ਕਰੇ ਖੁਆਰੀ ॥
7. ਲਬੁ ਅਧੇਰਾ ਬੰਦੀਖਾਨਾ
ਅਉਗਣ ਪੈਰਿ ਲੁਹਾਰੀ ॥੩॥
8. ਪੂੰਜੀ ਮਾਰ ਪਵੈ ਨਿਤ ਮੁਦਗਰ
ਪਾਪੁ ਕਰੇ ਕੁੋਟਵਾਰੀ ॥
9. ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥
10. ਆਦਿ ਪੁਰਖ ਕਉ ਅਲਹੁ ਕਹੀਐ
ਸੇਖਾਂ ਆਈ ਵਾਰੀ ॥
11. ਦੇਵਲ ਦੇਵਤਿਆ ਕਰੁ ਲਾਗਾ
ਐਸੀ ਕੀਰਤਿ ਚਾਲੀ ॥੫॥
12. ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥
13. ਘਰਿ ਘਰਿ ਮੀਆ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ ॥੬॥
14. ਜੇ ਤੂ ਮੀਰ ਮਹੀਪਤਿ ਸਾਹਿਬੁ
ਕੁਦਰਤਿ ਕਉਣ ਹਮਾਰੀ ॥
15. ਚਾਰੇ ਕੁੰਟ ਸਲਾਮੁ ਕਰਹਿਗੇ
ਘਰਿ ਘਰਿ ਸਿਫਤਿ ਤੁਮ੍ਹਾਰੀ ॥੭॥
16. ਤੀਰਥ ਸਿੰਮ੍ਰਿਤਿ ਪੁੰਨ ਦਾਨ
ਕਿਛੁ ਲਾਹਾ ਮਿਲੈ ਦਿਹਾੜੀ ॥
17. ਨਾਨਕ ਨਾਮੁ ਮਿਲੈ ਵਡਿਆਈ
ਮੇਕਾ ਘੜੀ ਸਮ੍ਹਾਲੀ ॥੮॥੧॥੮॥

ਪਦ ਅਰਥ :—ਨਉ—ਨੌਂ ਖੰਡ। ਸਤ—ਸੱਤ ਦੀਪ। ਚਉਦਹ—ਚੌਦਾਂ ਭਵਨ। ਤੀਨਿ—ਤਿੰਨ ਲੋਕ (ਸੁਰਗ, ਮਾਤ, ਪਾਤਾਲ)। ਚਾਰਿ—ਚਾਰ ਜੁੱਗ। ਕਰਿ—ਬਣਾਕੇ, ਪੈਦਾ ਕਰਕੇ। ਮਹਲਤਿ—ਹਵੇਲੀ, ਸ੍ਰਿਸ਼ਟੀ। ਚਾਰਿ—ਚਾਰ ਖਾਣੀਆਂ ਦੀ ਰਾਹੀਂ। ਬਹਾਲੀ—ਵਸਾ ਦਿੱਤੀ। ਚਾਰੇ ਦੀਵੇ—ਚਾਰ ਹੀ ਦੀਵੇ (ਬੇਦ ਚਾਰ)। ਚਹੁ ਹਥਿ—ਚਾਰ ਹੀ ਜੁਗਾਂ ਦੇ ਹੱਥ ਵਿਚ। ਏਕਾ ਏਕਾ ਵਾਰੀ—ਆਪੋ ਆਪਣੀ ਵਾਰੀ।੧।

ਮਿਹਰਵਾਨ—ਹੇ ਮਿਹਰਵਾਨ ਪ੍ਰਭੂ। ਮਧੁਸੂਦਨ—ਹੇ ਮਧੁ ਦੈਂਤ ਨੂੰ ਮਾਰਨ ਵਾਲੇ। ਮਾਧੌ—ਹੇ ਮਾਇਆ ਦੇ ਪਤੀ (ਮਾ—ਮਾਇਆ। ਧਵ—ਖਸਮ)। ਸਕਤਿ—ਤਾਕਤ, ਸਮਰੱਥਾ।੧। ਰਹਾਉ।

ਘਰਿ ਘਰਿ—ਹਰੇਕ ਸਰੀਰ ਵਿਚ। ਪਾਵਕੁ—ਅੱਗ, (ਤੇਰੀ) ਜੋਤਿ। ਧਰਮੁ—ਧਰਮ ਰਾਜ। ਸਿਕਦਾਰੀ—ਸਰਦਾਰੀ। ਇਕ ਵੇਰਾ—ਇਕੋ ਵਾਰੀ। ਭਾਗੁ—ਹਰੇਕ ਜੀਵ ਦੀ ਪਰਾਰਬਧ। ਭੰਡਾਰੀ—ਭੰਡਾਰਾ ਵੰਡਣ ਵਾਲਾ।੨।

ਨਾ ਸਾਬੂਰ—ਨ ਸਾਬੂਰ, ਬੇ-ਸਬਰਾ, ਸਿਦਕ-ਹੀਣ। ਫਿਰਿ—ਮੁੜ ਮੁੜ। ਨਾਰਦੁ—ਮਨ। ਅਧੇਰਾ—ਹਨ੍ਹੇਰਾ। ਬੰਦੀਖਾਨਾ—ਕੈਦ ਖ਼ਾਨਾ। ਪੈਰਿ—ਪੈਰ ਵਿਚ। ਲੋਹਾਰੀ—ਲੋਹੇ ਦੀ ਬੇੜੀ।੩।

ਪੂੰਜੀ—(ਲਬ ਗੁਸੇ ਜੀਵ ਦਾ) ਸਰਮਾਇਆ। ਮੁਦਗਰ ਮਾਰ—ਮੁਦਗਰਾਂ ਦੀ ਮਾਰ, ਮੁਹਲਿਆਂ ਦੀ ਮਾਰ। ਕੁਟਵਾਰੀ—ਕੋਤਵਾਲੀ (ਨੋਟ :—ਅੱਖਰ 'ਕ' ਦੇ ਨਾਲ ਦੋ ਲਗਾਂ ਹਨ—ੋ ਤੇ ੁ। ਅਸਲ ਲਫ਼ਜ਼ 'ਕੋਟਵਾਰੀ' ਹੈ, ਇਥੇ 'ਕੁਟਵਾਰੀ' ਪੜ੍ਹਨਾ ਹੈ)। ਭਾਵੈ—ਜੇ ਤੈਨੂੰ ਭਾਵੇ।੪।

ਆਦਿ ਪੁਰਖ ਕਉ—ਉਸ ਨੂੰ ਜਿਸ ਨੂੰ ਪਹਿਲਾਂ ਹਿੰਦੂ ਧਰਮ ਦੇ ਜ਼ੋਰ ਵੇਲੇ 'ਆਦਿ ਪੁਰਖ' ਆਖਿਆ ਜਾਂਦਾ ਸੀ। ਅਲਹੁ ਕਹੀਐ—ਹੁਣ 'ਅੱਲਾ' ਆਖਿਆ ਜਾ ਰਿਹਾ ਹੈ ਮੁਸਲਮਾਨੀ ਰਾਜ ਵਿਚ। ਸੇਖਾਂ ਵਾਰੀ—ਮੁਸਲਮਾਨਾਂ (ਦੀ ਰਾਜ ਕਰਨ) ਦੀ ਵਾਰੀ (ਆ ਗਈ ਹੈ)। ਦੇਵਲ—ਦੇਵਤਿਆਂ ਦੇ ਮੰਦਰ। ਕਰੁ—ਟੈਕਸ, ਡੰਨ। ਕੀਰਤਿ—ਰਿਵਾਜ।੫।

ਕੂਜਾ—ਕੂਜ਼ਾ, ਲੋਟਾ। ਨਿਵਾਜ—ਨਿਮਾਜ਼। ਮੁਸਲਾ—ਮੁਸੱਲਾ। ਨੀਲ ਰੂਪ—ਨੀਲਾ ਰੂਪ, ਨੀਲੇ ਰੰਗ ਦੇ ਕੱਪੜੇ। ਬਨਵਾਰੀ ਜਗਤ ਦਾ ਮਾਲਕ ਪ੍ਰਭੂ। ਘਰਿ ਘਰਿ—ਹਰੇਕ ਘਰ ਵਿਚ। ਮੀਆ—(ਲਫ਼ਜ਼ ਪਿਤਾ ਦੀ ਥਾਂ ਪਿਓ ਵਾਸਤੇ ਲਫ਼ਜ਼) ਮੀਆਂ। ਅਵਰ- ਹੋਰ ਹੀ।੬।

ਮੀਰ—ਪਾਤਿਸ਼ਾਹ। ਮਹੀਪਤਿ—ਧਰਤੀ ਦਾ ਖਸਮ (ਮਹੀ—ਧਰਤੀ) ਕੁਦਰਤਿ—ਤਾਕਤ, ਵਟਕ, ਪੇਸ਼। ਚਾਰੇ ਕੁੰਟ—ਚਹੁੰ ਕੁਟਾਂ ਦੇ ਜੀਵ।੭।

ਕਿਛੁ ਦਿਹਾੜੀ—ਥੋੜੀ ਕੁ ਮਜਦੂਰੀ ਵਜੋਂ। ਲਾਹਾ—ਲਾਭ। ਨਾਮੁ ਮੇਕਾ ਘੜੀ ਸਮ੍ਹਾਲੀ—ਜੇ ਮਨੁੱਖ ਪ੍ਰਮਾਤਮਾਂ ਦਾ ਨਾਮ ਇਕ ਘੜੀ ਮਾਤ੍ਰ ਚੇਤੇ ਕਰੇ।੮।

ਉਥਾਨਕਾ :—ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਹਨ ਤਾਂ ਆਪ ਜੀ ਨੇ ਇਥੇ ਮੁਸਲਮਾਨੀ ਦਾ ਬਹੁਤ ਜ਼ੋਰ ਵੇਖਿਆ ਤਾਂ ਆਪ ਜੀ ਨੇ ਏਥੇ ਦੇ ਵਾਤਾਵਰਨ ਨੂੰ ਤਕ ਕੇ ਉਸ ਅਕਾਲ ਪੁਰਖ ਦੇ ਸਨਮੁਖ ਹੋ ਉਸ ਦੀ ਸਿਫਤ ਸਲਾਹ ਵਿਚ

ਇਹ ਮਹਾਂਵਾਕ ਉਚਾਰਨ ਕੀਤਾ।

ਅਰਥ :–

1. ਉ:–ਕਿ, ਹੇ ਅਕਾਲ ਪੁਰਖ ਜੀ ! ਜਦੋਂ ਏਥੇ ਹਿੰਦੂ ਰਾਜ ਸੀ ਤਾਂ ਲੋਕ ਹੇਂਦਕੇ ਲਫ਼ਜ਼ ਹੀ ਵਰਤਦੇ ਸਨ ਤੇ ਆਖਿਆ ਕਰਦੇ ਸਨ ਕਿ, ਹੇ ਪ੍ਰਭੂ ! ਨੌਂ ਖੰਡ, ਸਤ ਦੀਪ, ਚੌਦ ਭਵਨ, ਤਿੰਨ ਲੋਕ ਤੇ ਚਾਰ ਜੁਗ ਬਣਾਕੇ ਤੂੰ ਚਾਰ ਖਾਣੀਆਂ ਦੀ ਰਾਹੀਂ ਇਸ (ਸ੍ਰਿਸ਼ਟੀ) ਹਵੇਲੀ ਨੂੰ ਵਸਾ ਦਿਤਾ ਹੈ।

2. ਹੇ ਪ੍ਰਭੂ ਜੀਉ ! ਤੂੰ (ਚਾਰ ਵੇਦ ਰੂਪ) ਚਾਰ ਦੀਵੇ, ਚੌਹਾਂ ਜੁਗਾਂ ਦੇ ਹੱਥ ਵਿਚ ਆਪੋ ਆਪਣੀ ਵਾਰੀ ਫੜਾ ਦਿਤੇ ਹਨ। ਭਾਵ, ਇਕ ਇਕ ਦੀਵਾ ਆਪਣੀ ਆਪਣੀ ਵਾਰੀ ਪ੍ਰਕਾਸ਼ਦਾ ਹੈ) ।੧।

3. ਹੇ ਸਭ ਜੀਵਾਂ ਤੇ ਮਿਹਰ ਕਰਨ ਵਾਲੇ ! ਹੇ ਦੁਸ਼ਟਾਂ ਦੇ ਨਾਸ ਕਰਨ ਵਾਲੇ, ਹੇ ਮਾਇਆ ਦੇ ਖਸਮ ਪ੍ਰਭੂ, ਤੇਰੀ ਇਹੋ ਜਿਹੀ ਤਾਕਤ ਹੈ (ਕਿ ਜਿਥੇ ਪਹਿਲਾਂ ਹਿੰਦੂ ਧਰਮ ਦਾ ਰਾਜ ਸੀ ਤੇ ਸਭ ਲੋਕ ਆਪਣੀ ਘਰੋਗੀ ਬੋਲੀ ਹੇਂਦਕੇ ਲਫਜ਼ ਵਰਤਦੇ ਸਨ, ਉਥੇ ਹੁਣ ਤੂੰ ਮੁਸਲਮਾਨੀ ਰਾਜ ਕਰ ਦਿਤਾ ਹੈ, ਨਾਲ ਹੀ ਲੋਕਾਂ ਦੀ ਬੋਲੀ ਭੀ ਬਦਲ ਗਈ ਹੈ) ।੧। ਰਹਾਉ।

4. ਹੇ ਸਾਈਆਂ ਜੀਉ ! ਹਰੇਕ ਸਰੀਰ ਵਿਚ ਤੇਰੀ ਹੀ ਜੋਤ ਵਿਆਪਕ ਹੈ, ਇਹ ਸਾਰੇ ਜੀਵ ਤੇਰਾ ਲਸ਼ਕਰ ਹੈ ਅਤੇ ਇਨ੍ਹਾਂ ਜੀਵਾਂ ਉਤੇ (ਤੇਰਾ ਪੈਦਾ ਕੀਤਾ) ਧਰਮ ਰਾਜ ਸਰਦਾਰੀ ਕਰਦਾ ਹੈ।

5. ਹੇ ਪ੍ਰਭੂ ਜੀਉ ! (ਤੂੰ ਇਸ ਲਸ਼ਕਰ ਦੀ ਪਾਲਣਾ ਵਾਸਤੇ) ਧਰਤੀ (ਰੂਪ) ਦੇਗ ਬਣਾ ਦਿਤੀ ਹੈ, ਜਿਸ ਵਿਚੋਂ ਇਕੋ ਵਾਰੀ, (ਭਾਵ, ਅਖੁਟ ਭੰਡਾਰਾ) ਮਿਲਦਾ ਹੈ, ਹਰੇਕ ਜੀਵ ਦੀ ਪ੍ਰਬਧ ਤੇਰਾ ਭੰਡਾਰਾ ਵਰਤਾ ਰਹੀ ਹੈ ।੨।

6. ਹੇ ਪ੍ਰਭੂ ਜੀਉ ! ਤੇਰਾ ਇਤਨਾ ਬੇਅੰਤ ਭੰਡਾਰਾ ਹੁੰਦਿਆਂ ਭੀ ਜੀਵ ਦਾ ਮਨ) ਨਾਰਦ (ਜੀਵ ਵਾਸਤੇ) ਖੁਆਰੀ ਪੈਦਾ ਕਰਦਾ ਹੈ, ਸਿਦਕ ਹੀਣਾ ਮਨ ਮੁੜ ਮੁੜ (ਪਦਾਰਥ) ਮੰਗਦਾ ਰਹਿੰਦਾ ਹੈ।

7. ਹੇ ਭਾਈਓ ! ਲੱਬ ਜੀਵ ਵਾਸਤੇ ਹਨੇਰਾ ਕੈਦਖਾਨਾਂ ਬਣਿਆ ਪਿਆ ਹੈ ਅਤੇ ਇਸ ਦੇ ਆਪਣੇ ਕਮਾਏ ਪਾਪ ਇਸ ਦੇ ਪੈਰ ਵਿਚ ਲੋਹੇ ਦੀ ਬੇੜੀ ਬਣੇ ਪਏ ਹਨ ।੩।

ਪ੍ਰ:–ਕਿਉਂ ਜੀ ! ਇਸ ਲੱਬ ਗੁਸੇ ਜੀਵ ਨੂੰ ਆਖਰ ਸਜ਼ਾ ਕੀ ਮਿਲਦੀ ਹੈ ?

8. ਉ:–ਹੇ ਭਾਈਓ !) (ਇਸੇ ਲਬ ਦੇ ਕਾਰਨ) ਜੀਵ ਦਾ ਸਰਮਾਇਆ ਇਹ ਹੈ ਕਿ, ਇਸ ਨੂੰ ਮਾਨੋ, ਨਿਤ ਮੁਹਲਿਆਂ ਦੀ ਮਾਰ ਪੈ ਰਹੀ ਹੈ ਤੇ ਇਸਦਾ ਆਪਣਾ ਕਮਾਇਆ ਪਾਪ (ਜੀਵਨ) ਇਸ ਦੇ ਸਿਰ ਉਤੇ ਕੁਤਵਾਲੀ ਕਰ ਰਿਹਾ ਹੈ।

9. ਪਰ, ਹੇ ਪ੍ਰਭੂ ਜੀਉ ! ਇਸ ਜੀਵ ਦੇ ਕੀ ਵੱਸ ਹੈ ? ਜਿਹੋ ਜਿਹੀ ਤੇਰੀ ਨਿਗਾਹ ਹੋਵੇ ਉਹੋ ਜਿਹਾ ਜੀਵ ਬਣ ਜਾਂਦਾ ਹੈ, ਤੈਨੂੰ ਭਾਵੇ ਤਾਂ ਚੰਗਾ, ਤੈਨੂੰ ਭਾਵੈ ਤਾਂ ਮੰਦਾ ਬਣ ਜਾਂਦਾ ਹੈ, (ਇਹ ਸੀ ਲੋਕਾਂ ਦੀ ਬੋਲੀ ਜੋ ਹਿੰਦੂ ਰਾਜ ਸਮੇਂ ਆਮ ਤੌਰ ਤੇ ਵਰਤੀ ਜਾਂਦੀ ਸੀ) ।੪।

10. ਪਰ, ਹੇ ਸਾਈਆਂ ਜੀਉ ! ਹੁਣ ਮੁਸਲਮਾਨੀ ਰਾਜ ਦਾ ਸਮਾਂ ਹੈ, (ਜਿਸ ਤੈਨੂੰ ਪਹਿਲਾਂ ਹੇਂਦਕੀ ਬੋਲੀ ਵਿਚ) ਆਦਿ ਪੁਰਖ ਆਖਿਆ ਜਾਂਦਾ ਸੀ, ਹੁਣ(ਉਸ ਵਿਚ ਆਪ ਨੂੰ) ਅੱਲਾ ਆਖਿਆ ਜਾ ਰਿਹਾ ਹੈ।

11. ਹੇ ਪ੍ਰਭੂ ! (ਹੁਣ ਇਹ ਰਿਵਾਜ ਚਲ ਪਿਆ ਹੈ ਕਿ) ਹਿੰਦੂ ਜਿਨ੍ਹਾਂ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਹਨ ਉਨ੍ਹਾਂ ਦੇਵ ਮੰਦਰਾਂ ਉਤੇ ਟੈਕਸ ਲਾਇਆ ਜਾ ਰਿਹਾ ਹੈ ।੫।

12. ਹੇ ਸਾਈਆਂ ਜੀਉ ! ਹੁਣ ਇਹ ਵੇਖਣ ਵਿਚ ਆ ਰਿਹਾ ਹੈ ਕਿ, ਲੋਟਾ, ਬਾਂਗ, ਨਿਮਾਜ਼, ਮੁਸੱਲਾ (ਪ੍ਰਧਾਨ ਹਨ), ਪ੍ਰਮੇਸ਼ਰ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆਂ ਹੋਇਆ ਹੈ।

13. ਹੁਣ ਤੇਰੀ (ਭਾਵ ਤੇਰੇ ਬੰਦਿਆਂ ਦੀ) ਬੋਲੀ ਹੀ ਹੋਰ ਹੋ ਗਈ ਹੈ, ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ (ਲਫ਼ਜ਼ ਪਿਤਾ ਦੇ ਥਾਂ) ਲਫ਼ਜ਼ ਮੀਆਂ (ਹੀ) ਪ੍ਰਧਾਨ ਹੈ।੬।

14. ਹੇ ਪਾਤਸ਼ਾਹ ! ਤੂੰ ਧਰਤੀ ਦਾ ਖਸਮ ਹੈਂ, ਮਾਲਕ ਹੈਂ, ਜੇ ਤੂੰ (ਇਹੀ ਪਸੰਦ ਕਰਦਾ ਹੈਂ ਕਿ ਇਥੇ ਇਸਲਾਮੀ ਰਾਜ ਹੋ ਜਾਏ) ਤਾਂ ਸਾਡੀ ਜੀਵਾਂ ਦੀ ਕੀ ਤਾਕਤ ਹੈ (ਕਿ ਗਿਲ੍ਹਾ ਕਰ ਸਕੀਏ) ?।

15. ਚਹੁੰ ਕੁਟਾਂ ਦੇ ਜੀਵ, ਹੇ ਪਾਤਸ਼ਾਹ ! ਤੈਨੂੰ ਸਲਾਮ ਕਰਦੇ ਹਨ (ਤੇਰੇ ਅਗੇ ਹੀ ਨਿਉਂਦੇ ਹਨ) ਹਰੇਕ ਘਰ ਵਿਚ ਤੇਰੀ ਹੀ ਸਿਫਤ ਸਲਾਹ ਹੋ ਰਹੀ ਹੈ (ਤੇਰੇ ਅਗੇ ਹੀ ਤੇਰੇ ਪੈਦਾ ਕੀਤੇ ਬੰਦੇ ਆਪਣੀਆਂ ਤਕਲੀਫਾਂ ਦਸ ਸਕਦੇ ਹਨ) ।੭।

ਪ੍ਰ:–ਕਿਉਂ ਜੀ ! ਤੀਰਥਾਂ ਤੇ ਮੰਦਰਾਂ ਆਦਿਕ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

16. ਉ:–ਹੇ ਭਾਈਓ ! ਤੀਰਥਾਂ ਮੰਦਰਾਂ ਆਦਿਕ ਉਤੇ ਰੋਕ ਤੇ ਗਿਲੇ ਦੀ ਭੀ ਲੋੜ ਨਹੀਂ, ਕਿਉਂਕਿ, ਤੀਰਥਾਂ ਦੇ ਇਸ਼ਨਾਨ, ਸਿੰਮ੍ਰਤੀਆਂ ਦੇ ਪਾਠ ਤੇ ਦਾਨ ਪੁੰਨ ਆਦਿਕ ਦਾ ਜੇ ਕੋਈ ਲਾਭ ਹੈ ਤਾਂ ਉਹ (ਤਿਲ ਮਾਤ੍ਰ ਹੀ ਹੈ) ਥੋੜ੍ਹੀ ਮਜ਼ਦੂਰੀ ਵਜੋਂ ਹੀ ਹੈ।

ਪ੍ਰ:–ਕਿਉਂ ਜੀ ! ਤੁਹਾਡਾ ਆਪਣਾ ਨਿਸਚਾ ਕੀ ਹੈ ?

17. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜੇ ਕੋਈ ਮਨੁੱਖ ਪ੍ਰਮੇਸ਼ਰ ਜੀ ਦਾ ਨਾਮ ਇਕ ਘੜੀ ਮਾਤ੍ਰ ਭੀ ਚੇਤੇ ਕਰਦਾ ਹੈ ਉਸ ਨੂੰ (ਲੋਕ ਪ੍ਰਲੋਕ ਵਿਚ) ਆਦਰ ਮਿਲਦਾ ਹੈ ।੮।੧।੮।

ਨੋਟ :–ਇਹ ਅਸਟਪਦੀ 'ਘਰੁ ੨' ਦੀ ਹੈ।

ਪਹਿਲੀਆਂ ੭ ਅਸਟਪਦੀਆਂ 'ਘਰੁ ੧' ਦੀਆਂ ਹਨ, ਕੁਲ ਜੋੜ ੮ ਹੈ।

ਨੋਟ :—ਇਹ ਅਸਟਪਦੀ ਰਾਗ ਬਸੰਤੁ ਅਤੇ ਰਾਗ ਹਿੰਡੋਲ ਦੋਹਾਂ ਮਿਲਵੇਂ ਰਾਗਾਂ ਵਿਚ ਗਾਈ ਜਾਣੀ ਹੈ।

ਭਾਵਾਰਥ :—ਹਰੀ ਨੇ ਸਮੇਂ ਸਮੇਂ ਦੀ ਅਗਵਾਈ ਲਈ ਧਰਮ ਬਣਾਏ ਹਨ। ਪਹਿਲੋਂ ਹਰ ਇਕ ਮਨੁੱਖ ਦੇ ਅੰਦਰ ਆਪਣੀ ਜੋਤ ਰਖੀ ਹੈ, ਜੋ ਹਰੀ ਦੇ ਪੱਖ ਦੀ ਪੁਸ਼ਟੀ ਲਈ ਫੌਜ ਦਾ ਕੰਮ ਦਿੰਦੀ ਹੈ, ਫਿਰ ਸਭ ਉਤੇ ਅਸਰ ਕਰਨ ਵਾਲੇ ਧਰਮ ਦੇ ਨੇਮ ਬੱਧੇ ਹਨ। ਮਨੁੱਖ ਲਈ ਹਰ ਥਾਂ ਚੋਗ ਖਿਲਾਰਿਆ ਹੈ, ਫਿਰ ਭੀ ਬੇ-ਸਬਰਾ ਜੀਵ ਇਧਰ ਉਧਰ ਭਟਕਦਾ ਹੈ ਤੇ ਅੰਦਰ ਦੀ ਲੋਅ ਤੋਂ ਫਾਇਦਾ ਨਹੀਂ ਉਠਾਉਂਦਾ, ਮਨੁੱਖ ਉਹੋ ਕੁਝ ਬਣਦਾ ਹੈ ਜੋ ਹਰੀ ਬਣਾਂਦਾ ਹੈ।

ਬਸੰਤੁ ਹਿੰਡੋਲੁ ਘਰੁ ੨ ਮਹਲਾ ੪

੧ ਓ ਸਤਿਗੁਰ ਪ੍ਰਸਾਦਿ ॥

1. ਕਾਂਇਆ ਨਗਰਿ ਇਕੁ ਬਾਲਕੁ ਵਸਿਆ
ਖਿਨੁ ਪਲੁ ਥਿਰੁ ਨ ਰਹਾਈ ॥
2. ਅਨਿਕ ਉਪਾਵ ਜਤਨ ਕਰਿ ਥਾਕੇ
ਬਾਰੰ ਬਾਰ ਭਰਮਾਈ ॥੧॥
3. ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥
4. ਸਤਿਗੁਰੁ ਮਿਲੈ ਤ ਪੂਰਾ ਪਾਈਐ
ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥
5. ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ
ਜਿਤੁ ਰਾਮ ਨਾਮੁ ਨਹੀ ਵਸਿਆ ॥
6. ਰਾਮ ਨਾਮੁ ਗੁਰਿ ਉਦਕੁ ਚੁਆਇਆ
ਫਿਰਿ ਹਰਿਆ ਹੋਆ ਰਸਿਆ ॥੨॥
7. ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ
ਇਕੁ ਗੁਰਮੁਖਿ ਚਲਤੁ ਦਿਖਾਇਆ ॥
8. ਬਾਹਰੁ ਖੋਜਿ ਮੁਏ ਸਭਿ ਸਾਕਤ
ਹਰਿ ਗੁਰਮਤੀ ਘਰਿ ਪਾਇਆ ॥੩॥
9. ਦੀਨਾ ਦੀਨ ਦਇਆਲ ਭਏ ਹੈ
ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥
10. ਮਿਲਿਓ ਸੁਦਾਮਾ ਭਾਵਨੀ ਧਾਰਿ
ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥੪॥

ਪਦ ਅਰਥ :—ਕਾਂਇਆ—ਸਰੀਰ। ਨਗਰਿ—ਨਗਰ ਵਿਚ। ਕਾਂਇਆ ਨਗਰਿ—ਸਰੀਰ ਨਗਰ ਵਿਚ। ਬਾਲਕੁ—ਅੰਞਾਣ ਮਨ। ਖਿਨੁ ਪਲੁ—ਰਤਾ ਭਰ ਸਮੇਂ ਲਈ ਭੀ। ਥਿਰੁ—ਅਡੋਲ। ਉਪਾਵ—ਉਪਾਉ। ਕਰਿ—ਕਰ ਕੇ। ਬਾਰੰ ਬਾਰ—ਮੁੜ ਮੁੜ। ਭਰਮਾਈ—ਭਟਕਦਾ ਫਿਰਦਾ ਹੈ।੧।

ਠਾਕੁਰ—ਹੇ ਮਾਲਕ। ਇਕਤੁ ਘਰਿ—ਇਕ ਟਿਕਾਣੇ ਤੇ। ਆਣੁ—ਲਿਆ, ਟਿਕਾ ਦੇ। ਤ—ਤਦੋਂ। ਪਾਈਐ—ਮਿਲਦਾ ਹੈ। ਭਜੁ—ਸਿਮਰਿਆ ਕਰ। ਨੀਸਾਣੁ—(ਪ੍ਰਭੂ ਦੇ ਦਰ ਤੇ ਪਹੁੰਚਣ ਲਈ) ਰਾਹਦਾਰੀ, ਪ੍ਰਵਾਨਾਂ।੧। ਰਹਾਉ।

ਮਿਰਤਕੁ—ਮੁਰਦਾ। ਮੜਾ—ਮੜ੍ਹ, ਮਿੱਟੀ ਦਾ ਢੇਰ। ਸਭੁ ਜਗੁ—ਸਾਰਾ ਜਗਤ। ਜਿਤੁ—ਜਿਸ ਵਿਚ, ਜੇ ਇਸ ਵਿਚ। ਗੁਰਿ—ਗੁਰੂ ਨੇ। ਉਦਕੁ—ਜਲ, ਪਾਣੀ। ਹਰਿਆ—ਹਰਾ ਭਰਾ, ਆਤਮਕ ਜੀਵਨ ਵਾਲਾ। ਰਸਿਆ—ਤਰਾਵਤ ਵਾਲਾ।੨।

ਨਿਰਖਤ ਨਿਰਖਤ—ਚੰਗੀ ਤਰ੍ਹਾਂ ਵੇਖਦਿਆਂ ਵੇਖਦਿਆਂ। ਸਭੁ—ਸਾਰਾ। ਗੁਰਮੁਖਿ—ਗੁਰੂ ਨੇ। ਚਲਤੁ—ਤਮਾਸ਼ਾ। ਬਾਹਰੁ—ਬਾਹਰਲਾ ਪਾਸਾ, ਦੁਨੀਆਂ, ਜਗਤ। ਖੋਜਿ—ਢੂੰਢ ਕੇ। ਮੁਏ—ਆਤਮਕ ਮੌਤ ਸਹੇੜ ਬੈਠੇ। ਸਭਿ—ਸਾਰੇ। ਸਾਕਤ—ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖ। ਗੁਰਮਤੀ—ਗੁਰੂ ਦੀ ਮੱਤ ਉਤੇ ਤੁਰਕੇ। ਘਰਿ—ਹਿਰਦੇ ਘਰ ਵਿਚ।੩।

ਦੀਨਾ ਦੀਨ—ਕੰਗਾਲਾਂ ਤੋਂ ਕੰਗਾਲ, ਮਹਾਂ ਕੰਗਾਲ। ਦਇਆਲ—ਦਇਆਵਾਨ। ਬਿਦਰ—ਕ੍ਰਿਸ਼ਨ ਜੀ ਦਾ ਪ੍ਰਸਿਧ ਭਗਤ। ਇਹ ਵਿਆਸ ਦਾ ਪੁੱਤ੍ਰ ਸੀ। ਕ੍ਰਿਸ਼ਨ ਜੀ ਦੁਰਜੋਧਨ ਦੇ ਮਹਲਾਂ ਵਿਚ ਜਾਣ ਦੇ ਥਾਂ ਭਗਤ ਬਿਦਰ ਦੇ ਘਰ ਗਏ ਸਨ। "ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ"। ਭਾਵਨੀ—ਸ਼ਰਧਾ। ਧਾਰਿ—ਧਾਰ ਕੇ। ਆਗੈ—(ਘਰ ਪਹੁੰਚਣ ਤੋਂ) ਪਹਿਲਾਂ ਹੀ। ਦਾਲਦੁ—ਗਰੀਬੀ। ਭੰਜਿ—ਦੂਰ ਕਰ ਕੇ, ਨਾਸ ਕਰ ਕੇ।੪।

ਅਰਥ :—

ਪ੍ਰ:—ਸ੍ਰੀ ਜੀਉ! ਇਸ ਸਰੀਰ ਅੰਦਰ ਉਹ ਐਸੀ ਕਿਹੜੀ ਸ਼ੈ ਹੈ ਜਿਸ ਦੀ ਸ਼ਕਤੀ ਦਾ ਪ੍ਰੇਰਿਆ ਹੋਇਆ ਇਹ ਜੀਵ ਦਿਨੇ ਰਾਤ ਭਟਕਦਾ ਰਹਿੰਦਾ ਹੈ?

1. **ਉ:**—ਹੇ ਭਾਈ! ਇਹ ਸਰੀਰ ਇਕ ਨਗਰ ਹੈ, (ਜਿਸ ਵਿਚ ਇਹ ਮਨ) ਇਕ ਅਜਿਹਾ ਅੰਞਾਣ ਬਾਲਕ ਵਸਦਾ ਹੈ ਜੋ ਰਤਾ ਭਰ ਸਮੇਂ ਲਈ ਭੀ ਟਿਕਿਆ ਨਹੀਂ ਰਹਿ ਸਕਦਾ।

ਪ੍ਰ:—ਕਿਉਂ ਜੀ! ਕੀ, ਇਸ ਨੂੰ ਟਿਕਾਉਣ ਲਈ ਕਦੇ ਕਿਸੇ ਨੇ ਜਤਨ ਨਹੀਂ ਕੀਤਾ?

2. **ਉ:**—ਹੇ ਪਿਆਰੇ! ਇਸ ਨੂੰ ਟਿਕਾਉਣ ਵਾਸਤੇ ਲੋਕ ਅਨੇਕਾਂ ਹੀਲੇ ਅਨੇਕਾਂ ਜਤਨ ਕਰ ਕੇ ਥੱਕ ਗਏ, ਥੱਕ ਜਾਂਦੇ ਹਨ, ਪਰ (ਇਹ ਮਨ) ਮੁੜ ਮੁੜ, ਬਾਰ ਬਾਰ ਭਟਕਦਾ ਹੀ ਫਿਰਦਾ ਹੈ।੧।

ਪ੍ਰ:—ਗੁਰਦੇਵ ਜੀਉ! ਆਖਰ ਇਸ ਨੂੰ ਟਿਕਾਉਣ ਲਈ ਕੋਈ ਆਪ ਹੀ ਸਾਧਨ ਦਸੋ?

3. **ਉ:**—ਹੇ ਭਾਈਓ! ਕੇਵਲ ਇਕੋ ਹੀ ਸਾਧਨ ਹੈ ਕਿ ਉਸ ਮਾਲਕ ਦੇ ਸਨਮੁਖ ਹੋ ਇਉਂ ਜੋਦੜੀਆਂ ਕਰਦੇ ਰਹੀਏ ਕਿ, ਹੇ ਮੇਰੇ ਮਾਲਕ! ਅਸਾਂ ਜੀਵਾਂ ਦੇ ਇਸ ਅੰਞਾਣ ਮਨ

ਨੂੰ ਤੂੰ ਹੀ ਇਕ ਟਿਕਾਣੇ ਤੇ ਲਿਆ, (ਕਿਉਂਕਿ) ਤੇਰੀ ਮਿਹਰ ਨਾਲ ਹੀ ਮਨ ਭਟਕਣੋਂ ਹੱਟ ਕੇ ਟਿਕ ਸਕਦਾ ਹੈ)।

4. ਹੇ ਭਾਈ! ਇਹ ਨਿਸਚਾ ਕਰ ਲਓ ਕਿ, ਜਦੋਂ ਗੁਰੂ ਮਿਲਦਾ ਹੈ ਤਦੋਂ ਪੂਰਨ ਪ੍ਰਮਾਤਮਾਂ ਮਿਲ ਪੈਂਦਾ ਹੈ (ਤਦੋਂ ਮਨ ਭੀ ਟਿਕ ਜਾਂਦਾ ਹੈ)। ਇਸ ਵਾਸਤੇ, ਹੇ ਭਾਈ! ਗੁਰੂ ਦੀ ਸ਼ਰਨ ਪੈ ਕੇ, ਪ੍ਰਮੇਸ਼ਰ ਜੀ ਦਾ ਨਾਮ ਜਪਿਆ ਕਰ, ਕਿਉਂਕਿ, ਇਹ ਹਰਿ ਨਾਮ ਹੀ ਪ੍ਰਮਾਤਮਾਂ ਦੇ ਦਰ ਤੇ ਪਹੁੰਚਣ ਲਈ ਰਾਹਦਾਰੀ ਹੈ।੧। ਰਹਾਉ।

ਪ੍ਰ:-ਸ੍ਰੀ ਜੀਉ! ਜਿਸ ਸਰੀਰ ਵਿਚ ਉਸ ਪ੍ਰਭੂ ਜੀ ਦਾ ਨਾਮ ਹੀ ਨਹੀਂ ਵਸਿਆ, ਉਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ?

5. ਉ:-ਹੇ ਪਿਆਰੇ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਜੇ ਕਿਸੇ ਦੇ ਇਸ (ਸਰੀਰ) ਵਿਚ ਪ੍ਰਮੇਸ਼ਰ ਜੀ ਦਾ ਨਾਮ ਨਹੀਂ ਵਸਿਆ ਤਾਂ ਇਹ ਮੁਰਦਾ ਹੈ, ਤਾਂ ਇਹ ਨਿਰਾ ਮਿੱਟੀ ਦਾ ਢੇਰ ਹੀ ਹੈ, ਹੇ ਭਾਈ! ਇਹ ਸਾਰਾ ਜਗਤ ਹੀ ਨਾਮ ਤੋਂ ਸਖਣਾ ਮੁਰਦਾ ਹੈ।

ਪ੍ਰ:-ਸ੍ਰੀ ਜੀਉ! ਆਪ ਜੀ ਸਫਲ ਜੀਵਨ ਕਿਸਦਾ ਮੰਨਦੇ ਹੋ?

6. ਉ:-ਹੇ ਭਾਈਓ! ਉਸ ਪ੍ਰਮਾਤਮਾਂ ਦਾ ਨਾਮ (ਆਤਮਕ ਜੀਵਨ ਦੇਣ ਵਾਲਾ) ਜਲ ਹੈ, ਗੁਰੂ ਨੇ (ਜਿਸ ਮਨੁੱਖ ਦੇ ਮੂੰਹ ਵਿਚ ਇਹ ਨਾਮ) ਜਲ ਚੋ ਦਿਤਾ ਹੈ, ਉਹ ਮਨੁੱਖ ਮੁੜ ਆਤਮਕ ਜੀਵਨ ਵਾਲਾ ਹੋ ਗਿਆ, ਉਹੀ ਮਨੁੱਖ ਆਤਮਕ ਤਰਾਵਤ ਵਾਲਾ ਹੋ ਗਿਆ।੨।

7.8 ਹੇ ਪਿਆਰੇ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ, ਪ੍ਰਮਾਤਮਾਂ ਤੋਂ ਟੁੱਟੇ ਹੋਏ ਸਾਰੇ ਮਨੁੱਖ ਦੁਨੀਆਂ ਢੂੰਢ ਢੂੰਢ ਕੇ ਆਤਮਕ ਮੌਤ ਸਹੇੜ ਲੈਂਦੇ ਹਨ। ਪਰ ਗੁਰੂ ਨੇ (ਮੈਨੂੰ) ਇਕ ਅਜਬ ਤਮਾਸ਼ਾ ਵਿਖਾਇਆ ਹੈ, ਮੈਂ ਬੜੇ ਗਹੁ ਨਾਲ ਆਪਣਾ ਸਾਰਾ ਸਰੀਰ (ਹੀ) ਖੋਜਿਆ ਹੈ, ਗੁਰੂ ਦੀ ਮਤ ਉਤੇ ਤੁਰ ਕੇ ਮੈਂ ਆਪਣੇ ਹਿਰਦੇ ਘਰ ਵਿਚ ਹੀ ਪ੍ਰਮਾਤਮਾਂ ਨੂੰ ਲੱਭ ਲਿਆ ਹੈ।੩।

ਪ੍ਰ:-ਸ੍ਰੀ ਜੀਉ! ਅਸੀਂ ਤਾਂ ਕਲਜੁਗੀ ਜੀਵ ਹਰ ਪਖੋਂ ਹੀ ਗਰੀਬ ਹਾਂ, ਕੀ ਅਸੀਂ ਆਪਣੇ ਉਧਰਨ ਵਲੋਂ ਨਿਰਾਸ ਹੋ ਜਾਈਏ?

9. ਉ:-ਹੇ ਭਾਈ! ਨਿਰਾਸ ਹੋਣ ਦੀ ਲੋੜ ਨਹੀਂ, ਕਿਉਂਕਿ, ਉਹ ਪ੍ਰਮੇਸ਼ਰ ਵਡੇ ਵਡੇ ਗਰੀਬਾਂ ਉਤੇ (ਸਦਾ) ਦਇਆਵਾਨ ਹੁੰਦਾ ਆਇਆ ਹੈ, ਜਿਵੇਂ ਕਿ ਕ੍ਰਿਸ਼ਨ (ਗਰੀਬ) ਬਿਦਰ ਦੇ ਘਰ ਆਇਆ ਸੀ।

10. ਤੇ ਇਸੇ ਹੀ ਤਰ੍ਹਾਂ ਜਦੋਂ (ਗਰੀਬ) ਸੁਦਾਮਾ ਸ਼ਰਧਾ ਧਾਰ ਕੇ (ਕ੍ਰਿਸ਼ਨ ਜੀ ਨੂੰ) ਮਿਲਿਆ ਸੀ, ਤਾਂ (ਵਾਪਸ ਉਸ ਦੇ ਆਪਣੇ ਘਰ ਪਹੁੰਚਣ ਤੋਂ) ਪਹਿਲਾਂ ਹੀ ਉਸ ਦੀ ਗਰੀਬੀ ਦੂਰ ਕਰ ਕੇ ਹਰੇਕ ਪਦਾਰਥ (ਉਸ ਦੇ ਘਰ) ਪਹੁੰਚ ਚੁੱਕਾ ਸੀ।੪।

11. ਰਾਮ ਨਾਮ ਕੀ ਪੈਜ ਵਡੇਰੀ
ਮੇਰੇ ਠਾਕੁਰਿ ਆਪਿ ਰਖਾਈ ॥
12. ਜੇ ਸਭਿ ਸਾਕਤ ਕਰਹਿ ਬਖੀਲੀ
ਇਕ ਰਤੀ ਤਿਲੁ ਨ ਘਟਾਈ ॥੫॥
13. ਜਨ ਕੀ ਉਸਤਤਿ ਹੈ ਰਾਮ ਨਾਮਾ
ਦਹ ਦਿਸਿ ਸੋਭਾ ਪਾਈ ॥
14. ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ
ਅਪਣੈ ਘਰਿ ਲੂਕੀ ਲਾਈ ॥੬॥
15. ਜਨ ਕਉ ਜਨੁ ਮਿਲਿ ਸੋਭਾ ਪਾਵੈ
ਗੁਣ ਮਹਿ ਗੁਣ ਪਰਗਾਸਾ ॥
16. ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ
ਜੋ ਹੋਵਹਿ ਦਾਸਨਿ ਦਾਸਾ ॥੭॥
17. ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ ॥
18. ਨਾਨਕ ਗੁਰਮੁਖਿ ਸਹਜਿ ਮਿਲਾਇ
ਜਿਉ ਜਲੁ ਜਲਹਿ ਸਮਾਵੈ ॥੮॥੧॥੯॥

ਪਦ ਅਰਥ :-ਕੀ-ਦੀ, ਦੀ ਰਾਹੀਂ, ਦੇ ਕਾਰਨ। ਪੈਜ-ਇੱਜ਼ਤ। ਵਡੇਰੀ-ਬਹੁਤ ਵਡੀ। ਠਾਕੁਰਿ-ਠਾਕਰ ਨੇ। ਸਭਿ-ਸਾਰੇ। ਸਾਕਤ-ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖ। ਕਰਹਿ-ਕਰਨ। ਬਖੀਲੀ-(ਨਾਮ ਜਪਣ ਵਾਲੇ ਦੀ) ਨਿੰਦਿਆ ਚੁਗਲੀ।੫।

ਜਨ-ਪ੍ਰਮਾਤਮਾਂ ਦਾ ਭਗਤ। ਉਸਤਤਿ-ਸੋਭਾ। ਦਿਸਿ-ਪਾਸਾ। ਦਹਦਿਸ-ਦਸੀਂ ਪਾਸੀਂ, ਸਾਰੇ ਜਗਤ ਵਿਚ। ਸਾਕਤੁ-ਪ੍ਰਭੂ ਨਾਲੋਂ ਟੁੱਟਾ ਹੋਇਆ ਮਨੁੱਖ। ਖਵਿ ਨ ਸਕੈ-ਸਹਾਰ ਨਹੀਂ ਸਕਦਾ। ਘਰਿ-ਹਿਰਦੇ ਘਰ ਵਿਚ। ਲੂਕੀ-ਚੁਆਤੀ।੬।

ਮਿਲਿ-ਮਿਲ ਕੇ। ਪਾਵੈ-ਹਾਸਲ ਕਰਦਾ ਹੈ। ਪਰਗਾਸਾ-ਚਾਨਣ। ਪ੍ਰੀਤਮ ਪਿਆਰੇ-ਪ੍ਰੀਤਮ ਪ੍ਰਭੂ ਨੂੰ ਪਿਆਰੇ ਲਗਦੇ ਹਨ। ਜੋ-ਜਿਹੜੇ। ਹੋਵਹਿ-ਹੁੰਦੇ ਹਨ। ਦਾਸਨਿ ਦਾਸਾ-ਦਾਸਾਂ ਦੇ ਦਾਸ।੭।

ਆਪੇ (ਪ੍ਰਭੂ) ਆਪ ਹੀ। ਅਪਰੰਪਰੁ ਕਰਤਾ-ਬੇਅੰਤ ਪ੍ਰਮਾਤਮਾਂ। ਮੇਲਿ-(ਗੁਰੂ ਦੀ) ਸੰਗਤ ਵਿਚ। ਮਿਲਾਵੈ-ਮਿਲਾਂਦਾ ਹੈ। ਗੁਰਮੁਖਿ-ਗੁਰੂ ਦੀ ਰਾਹੀਂ। ਸਹਜਿ-ਆਤਮਕ ਅਡੋਲਤਾ ਵਿਚ। ਜਲਹਿ-ਜਲ ਵਿਚ ਹੀ।੮।

ਅਰਥ :-

ਪ੍ਰ:-ਸ੍ਰੀ ਜੀਉ! ਨਾਮ ਜਪਣ ਨਾਲ ਮਨੁੱਖ ਨੂੰ ਹਾਸਲ ਕੀ ਹੁੰਦਾ ਹੈ?

11. ਉ:-ਹੇ ਭਾਈ! ਪ੍ਰਮੇਸ਼ਰ ਜੀ ਦਾ ਨਾਮ (ਜਪਣ ਵਾਲਿਆਂ) ਦੀ ਬਹੁਤ ਜਿਆਦਾ ਇੱਜ਼ਤ (ਲੋਕ ਪ੍ਰਲੋਕ ਵਿਚ ਹੁੰਦੀ) ਹੈ, (ਭਗਤਾਂ ਦੀ ਇਹ ਇੱਜ਼ਤ ਸਦਾ ਤੋਂ ਹੀ) ਮਾਲਕ

ਪ੍ਰਭੂ ਨੇ ਆਪ (ਹੀ) ਬਚਾਈ ਹੋਈ ਹੈ।

ਪ੍ਰ.-ਗੁਰਦੇਵ ਜੀਉ ! ਕਈ ਈਰਖਾਲੂ ਲੋਕ ਉਨ੍ਹਾਂ ਦੀ ਇੱਜ਼ਤ ਹੁੰਦੀ ਨੂੰ ਵੇਖ ਕੇ ਸਹਾਰ ਨਹੀਂ ਸਕਦੇ, ਸਦਾ ਸੇਵਕਾਂ ਦੀ ਨਿੰਦਾ ਹੀ ਕਰਦੇ ਰਹਿੰਦੇ ਹਨ ?

12.ਉ:-ਹੇ ਭਾਈਓ ! ਜੋ ਪ੍ਰਮਾਤਮਾਂ ਤੋਂ ਟੁੱਟੇ ਹੋਏ ਸਾਰੇ ਹੀ ਬੰਦੇ (ਰਲ ਕੇ ਜੇ ਪ੍ਰਭੂ ਦੇ ਭਗਤ ਜਨਾਂ ਦੀ) ਨਿੰਦਿਆ ਕਰਨ, (ਤਾਂ ਭੀ ਪ੍ਰਮਾਤਮਾਂ ਉਨ੍ਹਾਂ ਦੀ ਇੱਜ਼ਤ) ਰਤਾ ਭਰ ਭੀ ਘਟਣ ਨਹੀਂ ਦੇਂਦਾ।੫।

ਪ੍ਰ.-ਸ੍ਰੀ ਜੀਉ ! ਲੋਕ ਪ੍ਰਲੋਕ ਵਿਚ ਸੇਵਕਾਂ ਦੀ ਸੋਭਾ ਹੋਣ ਦੀ ਖਾਸ ਉਨ੍ਹਾਂ ਵਿਚ ਵਿਸ਼ੇਸ਼ਤਾ ਕਿਹੜੀ ਹੋਇਆ ਕਰਦੀ ਹੈ ?

13. ਉ:-ਹੇ ਭਾਈਓ ! ਪ੍ਰਮੇਸ਼ਰ ਦਾ ਨਾਮ (ਜਪਣ ਦਾ ਸਦਕਾ ਹੀ ਪ੍ਰਮਾਤਮਾਂ ਦੇ) ਸੇਵਕ ਦੀ (ਲੋਕ ਪ੍ਰਲੋਕ ਵਿਚ) ਸੋਭਾ ਹੁੰਦੀ ਹੈ, ਸੇਵਕ ਨਾਮ ਦੀ ਬਰਕਤ ਨਾਲ ਹੀ ਹਰ ਪਾਸੇ ਸੋਭਾ ਖੱਟਦਾ ਹੈ।

ਪ੍ਰ.-ਕਿਉਂ ਜੀ ! ਕੀ, ਸੇਵਕਾਂ ਦੇ ਈਰਖਾਲੂਆਂ ਨੂੰ ਕੋਈ ਸਜ਼ਾ ਭੀ ਮਿਲਦੀ ਹੈ ?

14. ਉ:-ਹੇ ਭਾਈ ! ਪ੍ਰਮਾਤਮਾਂ ਨਾਲੋਂ ਟੁੱਟਾ ਹੋਇਆ ਨਿੰਦਕ ਮਨੁੱਖ (ਸੇਵਕ ਦੀ ਹੋ ਰਹੀ ਸੋਭਾ ਨੂੰ) ਜੋ ਰਤਾ ਭਰ ਭੀ ਜਰ ਨਹੀਂ ਸਕਦਾ (ਇਸ ਤਰ੍ਹਾਂ, ਉਹ ਨਿੰਦਕ ਸੇਵਕ ਦਾ ਤਾਂ ਕੁਝ ਨਹੀਂ ਵਿਗਾੜ ਸਕਦਾ, ਉਹ) ਆਪਣੇ ਹਿਰਦੇ ਘਰ ਵਿਚ (ਹੀ ਈਰਖਾ ਤੇ ਸਾੜੇ ਦੀ) ਚੁਆਤੀ ਲਾਈ ਰਖਦਾ ਹੈ, (ਨਿੰਦਕ ਆਪ ਹੀ ਅੰਦਰੇ ਅੰਦਰ ਸੜਦਾ ਭੁਜਦਾ ਰਹਿੰਦਾ ਹੈ)।

15. ਹੇ ਭਾਈਓ ! ਨਿੰਦਕ ਤਾਂ ਅੰਦਰੇ ਅੰਦਰ ਸੜਦਾ ਹੈ, ਦੂਜੇ ਪਾਸੇ ਪ੍ਰਭੂ ਦਾ ਭਗਤ ਪ੍ਰਭੂ ਦੇ ਭਗਤ ਨੂੰ ਮਿਲ ਕੇ ਸੋਭਾ ਖੱਟਦਾ ਹੈ, ਉਸ ਦੇ ਆਤਮਕ ਗੁਣਾਂ ਵਿਚ (ਭਗਤ ਜਨ ਨੂੰ ਮਿਲ ਕੇ) ਹੋਰ ਗੁਣਾਂ ਦਾ ਵਾਧਾ ਹੁੰਦਾ ਹੈ।

16. ਹੇ ਪਿਆਰੇ ! ਜਿਹੜੇ ਮਨੁੱਖ ਪ੍ਰਮਾਤਮਾਂ ਦੇ ਦਾਸਾਂ ਦੇ ਦਾਸ ਬਣਦੇ ਹਨ, ਉਹੀ ਪ੍ਰਮਾਤਮਾਂ ਨੂੰ ਪਿਆਰੇ ਲਗਦੇ ਹਨ।੭।

ਪ੍ਰ.-ਸ੍ਰੀ ਜੀਉ ! ਆਖਰ ਆਪ ਜੀ ਦਾ ਵਿਸ਼ਵਾਸ਼ ਕੀ ਹੈ ?

17. ਉ:-ਹੇ ਭਾਈ ! ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ, ਪ੍ਰਮਾਤਮਾਂ ਸਭਨਾਂ ਉਤੇ ਦਇਆ ਕਰਨ ਵਾਲਾ ਹੈ। ਉਹ ਸਾਕਤ ਨਿੰਦਕ ਨੂੰ ਭੀ ਬਚਾਣ ਵਾਲਾ ਹੈ, ਸਾਕਤ ਨਿੰਦਕ ਦੇ ਅੰਦਰ ਦੀ ਈਰਖਾ ਦੀ ਅੱਗ ਬੁਝਾਣ ਲਈ ਉਹ ਬੇਅੰਤ ਕਰਤਾਰ ਆਪ ਹੀ ਜਲ ਹੈ, ਉਹ ਆਪ ਹੀ ਨਿੰਦਕ ਨੂੰ ਭੀ ਗੁਰੂ ਦੀ ਸੰਗਤ ਵਿਚ (ਲਿਆ) ਜੋੜਦਾ ਹੈ।

18. ਕਥਨ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਪ੍ਰਮਾਤਮਾਂ ਗੁਰੂ ਦੀ ਸ਼ਰਨ ਪਾ ਕੇ (ਨਿੰਦਕ ਨੂੰ ਭੀ) ਆਤਮਕ ਅਡੋਲਤਾ ਵਿਚ (ਇਉਂ) ਮਿਲਾ ਦੇਂਦਾ ਹੈ ਜਿਵੇਂ ਪਾਣੀ, ਪਾਣੀ ਵਿਚ ਮਿਲ ਜਾਂਦਾ ਹੈ।੮।੧।੯।

ਭਾਵਾਰਥ :-ਮਨ ਚੰਚਲ ਹੋਣ ਕਰ ਕੇ ਹਰੀ ਤੋਂ ਪਰੇ ਹੀ ਪਰੇ ਭਟਕਦਾ ਰਹਿੰਦਾ ਹੈ ਅਤੇ ਜਦ ਤਕ ਹਰੀ ਤੋਂ ਸਖਣਾ ਰਹਿੰਦਾ ਹੈ, ਤਦ ਤੋੜੀ ਸਰੀਰ ਨਿਰਾ ਇਕ ਮੁਰਦਾ ਢੇਰ ਵਾਂਗੂੰ ਹੁੰਦਾ ਹੈ। ਪਰ ਜਦ ਗੁਰੂ ਮਿਲੇ ਤਾਂ ਮਨ ਇਕਾਗਰ ਹੋ ਕੇ ਆਪਣੇ ਅੰਦਰ ਹੀ ਹਰੀ ਨੂੰ ਵਸਦਾ ਵੇਖ ਲੈਂਦਾ ਹੈ, ਪਰ ਇਹ ਸਾਰੀ ਬਖਸ਼ਸ਼ ਹਰੀ ਆਪ ਹੀ ਕਰਦਾ ਹੈ।

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ

੧ ਓ ਸਤਿਗੁਰ ਪ੍ਰਸਾਦਿ ॥

1. ਸੁਣਿ ਸਾਖੀ ਮਨ ਜਪਿ ਪਿਆਰ ॥
2. ਅਜਾਮਲੁ ਉਧਰਿਆ ਕਹਿ ਏਕ ਬਾਰ।
3. ਬਾਲਮੀਕੈ ਹੋਆ ਸਾਧ ਸੰਗੁ ॥
4. ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥
5. ਤੇਰਿਆ ਸੰਤਾ ਜਾਚਉ ਚਰਨ ਰੇਨ ॥
6. ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ ਰਹਾਉ ॥
7. ਗਨਿਕਾ ਉਧਰੀ ਹਰਿ ਕਹੈ ਤੋਤ ॥
8. ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥
9. ਬਿਪ੍ਰ ਸੁਦਾਮੇ ਦਾਲਦੁ ਭੰਜ ॥
10. ਰੇ ਮਨ ਤੂ ਭੀ ਭਜੁ ਗੋਬਿੰਦ ॥੨॥
11. ਬਧਿਕੁ ਉਧਾਰਿਓ ਖਮਿ ਪ੍ਰਹਾਰ ॥
12. ਕੁਬਿਜਾ ਉਧਰੀ ਅੰਗੁਸਟ ਧਾਰ ॥
13. ਬਿਦਰੁ ਉਧਾਰਿਓ ਦਾਸਤ ਭਾਇ ॥
14. ਰੇ ਮਨ ਤੂ ਭੀ ਹਰਿ ਧਿਆਇ ॥੩॥
15. ਪ੍ਰਹਲਾਦ ਰਖੀ ਹਰਿ ਪੈਜ ਆਪ ॥
16. ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥
17. ਜਿਨਿ ਜਿਨਿ ਸੇਵਿਆ ਅੰਤ ਬਾਰ ॥
18. ਰੇ ਮਨ ਸੇਵਿ ਤੂ ਪਰਹਿ ਪਾਰ ॥੪॥

ਪਦ ਅਰਥ :-ਸੁਣਿ-ਸੁਣ ਕੇ । ਸਾਖੀ-ਗੁਰੂ ਦੀ ਸਿਖਿਆ। ਮਨ-ਹੇ ਮਨ । ਜਪਿ ਪਿਆਰ-ਪਿਆਰ ਨਾਲ (ਪ੍ਰਮਾਤਮਾਂ ਦਾ ਨਾਮ) ਜਪਿਆ ਕਰ। ਉਧਰਿਆ-(ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ। ਕਹਿ-ਆਖ ਕੇ, ਸਿਮਰ ਕੇ। ਏਕ ਬਾਰ-ਇਕੋ ਵਾਰੀ, ਸਦਾ ਲਈ। ਸਾਧ ਸੰਗੁ-ਗੁਰੂ ਦੀ ਸੰਗਤ। ਕਉ-ਨੂੰ। ਨਿਸੰਗ--ਝਾਕਾ ਲਾਹ ਕੇ।੧।

ਜਾਚਉ--ਜਾਚਉਂ, ਮੈਂ ਮੰਗਦਾ ਹਾਂ। ਚਰਨ ਰੇਨ-ਚਰਨਾਂ ਦੀ ਧੂੜ । ਲੇ-ਲੈ ਕੇ। ਮਸਤਕਿ--ਮੱਥੇ ਉਤੇ। ਲਾਵਉ-ਲਾਵਉਂ, ਮੈਂ ਲਾਵਾਂ। ਕਰਿ ਕ੍ਰਿਪਾ ਦੇਨ-ਦੇਣ ਦੀ ਕ੍ਰਿਪਾ ਕਰ।੧। ਰਹਾਉ।

ਗਨਿਕਾ--ਵੇਸੁਆ। ਉਧਰੀ--(ਸੰਸਾਰ ਸਮੁੰਦਰ ਤੋਂ)

ਪਾਰ ਲੰਘ ਗਈ । ਕਹੈ–ਉਚਾਰਦਾ ਹੈ । ਤੋਤ–ਤੋਤਾ । ਗਜ–ਹਾਥੀ । ਗਜ ਇੰਦ੍ਰ–ਵਡਾ ਹਾਥੀ । ਕੀਓ–ਕਰ ਦਿੱਤਾ । ਮੋਖ–ਬੰਧਨਾਂ ਤੋਂ ਆਜ਼ਾਦ । ਬਿਪ੍ਰ–ਬ੍ਰਹਮਣ । ਦਾਲਦੁ–ਗਰੀਬੀ । ਭੰਜ–ਨਾਸ (ਕੀਤਾ) । ਭਜੁ–ਜਪਿਆ ਕਰ ।੨।

ਬਧਿਕੁ–ਸ਼ਿਕਾਰੀ । ਉਧਾਰਿਆ–(ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿੱਤਾ । ਖਮਿ–ਤੀਰ ਨਾਲ । ਖਮਿ ਪ੍ਰਹਾਰ–(ਕ੍ਰਿਸ਼ਨ ਜੀ ਨੂੰ) ਤੀਰ ਨਾਲ ਮਾਰਨ ਵਾਲਾ । ਕੁਬਿਜਾ–ਕੁੱਬੇ ਲੱਕ ਵਾਲੀ । ਅੰਗੁਸਟ–ਅੰਗੂਠਾ । ਅੰਗੁਸਟ ਧਾਰ–ਕ੍ਰਿਸ਼ਨ ਜੀ ਦੇ, ਅੰਗੂਠੇ ਦੇ ਛੁਹਣ ਨਾਲ । ਦਾਸ–ਸੇਵਕ । ਦਾਸਤ ਭਾਇ–ਸੇਵਾ ਦੇ ਭਾਵ ਨਾਲ ।੩।

ਪੈਜ–ਲਾਜ, ਇੱਜ਼ਤ । ਬਸਤ੍ਰ- ਕਪੜੇ । ਬਸਤ੍ਰ ਛੀਨਤ–ਬਸਤ੍ਰ ਖੋਹੇ ਜਾਣ ਵੇਲੇ । ਜਿਨਿ–ਜਿਸਨੇ । ਜਿਨਿ ਜਿਨਿ–ਜਿਸ ਜਿਸਨੇ । ਸੇਵਿਆ–ਸ਼ਰਨ ਲਈ, ਆਸਰਾ ਲਿਆ, ਭਗਤੀ ਕੀਤੀ । ਅੰਤ ਬਾਰ–ਅਖੀਰਲੇ–ਸਮੇਂ । ਪਰਹਿ ਪਾਰ–ਤੂੰ (ਸੰਸਾਰ ਸਮੁੰਦਰ ਤੋਂ) ਪਾਰ ਲਘ ਜਾਏਂਗਾ ।੪।

ਅਰਥ :–

ਪ੍ਰ:–ਗੁਰਦੇਵ ਜੀਉ, ਮੇਰਾ ਮਨ ਅਜਿਹਾ ਆਲਸੀਆ ਹੈ ਕਿ, ਪ੍ਰਭੂ ਦਾ ਨਾਮ ਜਪਣ ਵਲ ਉੱਕਾ ਹੀ ਰੁਚੀ ਨਹੀਂ ਕਰਦਾ ਇਸ ਨੂੰ ਪ੍ਰਭੂ ਦੇ ਨਾਮ ਸਿਮਰਨ ਵਲ ਪ੍ਰੇਰਨ ਲਈ ਕੋਈ ਸਾਧਨ ਦਸੋ ?

1: ਉ:–ਹੇ ਭਾਈ ! ਇਸ ਮਨ ਨੂੰ ਪ੍ਰੇਮ ਨਾਲ ਇਉਂ ਹੀ ਪ੍ਰੇਰਦਾ ਰਿਹਾ ਕਰ ਕਿ, ਹੇ (ਮੇਰੇ) ਮਨ (ਗੁਰੂ ਦੀ) ਸਿਖਿਆ ਸੁਣ ਕੇ ਪ੍ਰੇਮ ਨਾਲ (ਪ੍ਰਮੇਸ਼ਰ ਜੀ ਦਾ ਨਾਮ) ਜਪਿਆ ਕਰ ।

2. ਹੇ ਪਿਆਰੇ ! ਢਹਿੰਦੇ ਮਨ ਨੂੰ ਇਉਂ ਢਾਰਸ ਦੇਂਦਾ ਰਿਹਾ ਕਰ ਕਿ, ਹੇ ਮਨ ! ਵੇਖ ਅਜਾਮਲ (ਪ੍ਰਭੂ ਦਾ ਨਾਮ) ਜਪਕੇ ਸਦਾ ਲਈ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ ।

3. (ਅਤੇ) ਬਾਲਮੀਕ ਨੂੰ ਗੁਰੂ ਦੀ ਸੰਗਤ ਪ੍ਰਾਪਤ ਹੋਈ ਉਸਨੇ ਭੀ ਹਰਿ ਨਾਮ ਜਪਿਆ ਤੇ ਉਸਦਾ ਪਾਰ ਉਤਾਰਾ ਹੋ ਗਿਆ ।

4. ਵੇਖ ! ਨਾਮ ਜਪਣ ਦੀ ਹੀ ਬਰਕਤ ਨਾਲ ਧ੍ਰੂ ਨੂੰ ਪ੍ਰਮੇਸ਼ਰ ਜੀ ਪ੍ਰਤੱਖ ਹੋ ਕੇ ਮਿਲ ਪਿਆ ।੧।

ਪ੍ਰ:–ਕਿਉਂ ਜੀ ! ਸਾਈਂ ਜੀ ਤੋਂ ਮੈਂ ਮੰਗ ਕੀ ਕਰਦਾ ਰਵਾਂ ?

5. ਉ:–ਹੇ ਪਿਆਰੇ, ਇਹੋ ਹੀ ਮੰਗ ਕਰਦਾ ਰਹੁ ਕਿ, ਹੇ ਪ੍ਰਭੂ ! ਮੈਂ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ ।

6. ਹੇ ਪ੍ਰਭੂ ਜੀ, ਦੇਣ ਦੀ ਕ੍ਰਿਪਾ ਕਰ (ਤਾਂ ਕਿ ਉਹ ਚਰਨ ਧੂੜ ਲੈ ਕੇ) ਮੈਂ ਆਪਣੇ ਮੱਥੇ ਤੇ ਲਾਵਾਂਗਾ ।੧।ਰਹਾਉ।

7. ਹੇ ਮਨਾ ਵੇਖ, (ਜਿਉਂ ਜਿਉਂ) ਤੋਤਾ ਰਾਮ ਨਾਮ ਉਚਾ-ਰਦਾ ਸੀ (ਉਸ ਨੂੰ) ਰਾਮ ਨਾਮ ਸਿਖਾਲਣ ਲਈ ਗਨਕਾ ਭੀ ਰਾਮ ਨਾਮ ਉਚਾਰਦੀ ਸੀ, ਤੇ ਰਾਮ ਨਾਮ ਸਿਮਰਨ ਦੀ ਬਰਕਤ ਨਾਲ ਗਨਕਾ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਈ ।

8. ਹੇ ਮਨਾ, ਸੁਣ, ਸਰਾਪ ਦੇ ਕਾਰਨ ਗੰਧਰਬ ਤੋਂ ਬਣੇ ਹੋਏ, ਵਡੇ ਹਾਥੀ ਨੇ (ਸਰੋਵਰ ਵਿਚ ਤੰਦੂਏ ਦੀ ਫਾਹੀ ਵਿਚ ਫਸਕੇ) ਪ੍ਰਮੇਸ਼ਰ ਜੀ ਦਾ ਧਿਆਨ ਧਰਿਆ, ਪ੍ਰਮਾਤਮਾਂ ਨੇ ਉਸਨੂੰ (ਤੰਦੂਏ ਦੀ) ਫਾਹੀ ਵਿਚੋਂ ਬਚਾ ਲਿਆ ।

9. ਹੇ ਮਨਾ ! ਵੇਖ ਇਥੇ ਹੀ ਬਸ ਨਹੀਂ, ਸੁਦਾਮੇ ਬ੍ਰਾਹਮਣ ਦੀ (ਕ੍ਰਿਸ਼ਨ ਜੀ ਨੇ) ਗਰੀਬੀ ਕੱਟੀ ।

10. ਇਸ ਲਈ, ਹੇ (ਮੇਰੇ) ਮਨ ! ਤੂੰ ਭੀ ਪ੍ਰਮਾਤਮਾਂ ਦਾ ਭਜਨ ਕਰਿਆ ਕਰ ।੨।

11. ਹੇ (ਮੇਰੇ) ਮਨਾ ਹੋਰ ਸੁਣ, ਕਿਸ਼ਨ ਜੀ ਨੂੰ, ਤੀਰ ਨਾਲ ਮਾਰਨ ਵਾਲੇ ਸ਼ਿਕਾਰੀ ਨੂੰ (ਕ੍ਰਿਸ਼ਨ ਜੀ ਨੇ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦਿਤਾ ।

12. (ਅਤੇ) ਕ੍ਰਿਸ਼ਨ ਜੀ ਦੇ ਅੰਗੂਠੇ ਦੀ ਛੁਹ ਨਾਲ ਕੁਬਜਾਂ ਪਾਰ ਲੰਘ ਗਈ ।

13. (ਇਸੇ ਤਰ੍ਹਾਂ ਹੀ) ਬਿਦਰ ਨੂੰ (ਉਸਦੇ) ਸੇਵਾ ਭਾਵ ਦੇ ਕਾਰਨ (ਕ੍ਰਿਸ਼ਨ ਜੀ ਨੇ) ਪਾਰ ਲੰਘਾ ਦਿਤਾ ।

14. (ਇਸੇ ਤਰ੍ਹਾਂ) ਹੇ (ਮੇਰੇ) ਮਨ ! ਤੂੰ ਭੀ ਪ੍ਰਮਾਤਮਾਂ ਦਾ ਧਿਆਨ ਕਰਿਆ ਕਰ ।੩।

15. ਹੇ (ਮੇਰੇ) ਮਨਾ ਵੇਖ, ਪਹਿਲਾਦ ਦੀ ਇੱਜ਼ਤ ਪ੍ਰਮਾਤਮਾਂ ਨੇ ਆਪ ਰਖੀ ।

16. (ਅਤੇ) ਦੁਰਯੋਧਨ ਦੀ ਸਭਾ ਵਿਚ ਦਰੋਪਦੀ ਨੂੰ ਨਗਨ ਕਰਨ ਲਈ ਜਦੋਂ ਦਰੋਪਦੀ ਦੇ ਬਸਤ੍ਰ ਲਾਹੇ ਜਾ ਰਹੇ ਸਨ, ਤਦੋਂ (ਕ੍ਰਿਸ਼ਨ ਜੀ ਨੇ ਉਸ ਦੀ) ਇੱਜ਼ਤ ਬਚਾਈ ਸੀ ।

17. ਹੇ (ਮੇਰੇ) ਮਨਾ, ਜਿਸ ਜਿਸ ਨੇ ਭੀ ਔਖੇ ਵੇਲੇ ਪ੍ਰਮਾਤਮਾਂ ਦਾ ਪੱਲਾ ਫੜਿਆ (ਪ੍ਰਮਾਤਮਾਂ ਨੇ ਉਸਦੀ ਲਾਜ ਰੱਖੀ) ।

18. ਹੇ (ਮੇਰੇ) ਮਨ, ਤੂੰ ਭੀ ਪ੍ਰਮਾਤਮਾਂ ਦੀ ਸ਼ਰਨ ਪਉ, ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਏਂਗਾ ।੪।

19. ਧੰਨੈ ਸੇਵਿਆ ਬਾਲ ਬੁਧਿ ॥
20. ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥
21. ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥
22. ਰੇ ਮਨ ਤੂ ਭੀ ਹੋਹਿ ਦਾਸੁ ॥ ੫ ॥
23. ਜੈਦੇਵ ਤਿਆਗਿਓ ਅਹੰਮੇਵ ॥
24. ਨਾਈ ਉਧਰਿਓ ਸੈਨੁ ਸੇਵ ॥
25. ਮਨੁ ਡੀਗਿ ਨ ਡੋਲੈ ਕਹੂੰ ਜਾਇ ॥
26. ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥
27. ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥
28. ਸੇ ਤੈਂ ਲੀਨੇ ਭਗਤ ਰਾਖਿ ॥
29. ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥

30. ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥
31. ਕਬੀਰਿ ਧਿਆਇਓ ਏਕ ਰੰਗ ॥
32. ਨਾਮਦੇਵ ਹਰਿ ਜੀਉ ਬਸਹਿ ਸੰਗਿ ॥
33. ਰਵਿਦਾਸ ਧਿਆਏ ਪ੍ਰਭ ਅਨੂਪ ॥
34. ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥

ਪਦ ਅਰਥ :—ਧੰਨੈ—ਧੰਨੇ (ਭਗਤ) ਨੇ। ਸੇਵਿਆ—ਭਗਤੀ ਕੀਤੀ। ਬਾਲ ਬੁਧਿ—ਬਾਲਕਾਂ ਵਾਲੀ ਬੁਧੀ ਪ੍ਰਾਪਤ ਕਰਕੇ, ਵੈਰ ਵਿਰੋਧ ਵਾਲਾ ਸੁਭਾਉ ਮਿਟਾ ਕੇ [ਛੋਟੇ ਬਾਲਾਂ ਦੇ ਅੰਦਰ ਇਹੀ ਖਾਸ ਸਿਫਤ ਹੈ ਕਿ ਉਨ੍ਹਾਂ ਦੇ ਅੰਦਰ ਕਿਸੇ ਵਾਸਤੇ ਵੈਰ ਨਹੀਂ ਹੁੰਦਾ]।

ਗੁਰ ਮਿਲਿ—ਗੁਰੂ ਨੂੰ ਮਿਲ ਕੇ। ਸਿਧਿ—ਆਤਮਕ ਜੀਵਨ ਵਿਚ ਸਫਲਤਾ। ਕਉ—ਨੂੰ। ਗੁਰਿ—ਗੁਰੂ ਨੇ। ਪ੍ਰਗਾਸੁ—ਆਤਮਕ ਜੀਵਨ ਦਾ ਚਾਨਣ। ਹੋਹਿ—ਹੋ ਜਾ। ਦਾਸੁ—(ਪ੍ਰਮਾਤਮਾਂ ਦਾ) ਸੇਵਕ।੫।

ਅਹੰਮੇਵ—ਹਉਮੈਂ, ਅਹੰਕਾਰ। ਉਧਰਿਓ—(ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ। ਸੇਵ—ਭਗਤੀ (ਕਰਕੇ)। ਮਨੁ—(ਸੈਣ ਦਾ) ਮਨ। ਡੀਗਿ—ਡਿੱਗ ਕੇ। ਕਹੂ ਜਾਇ—ਕਿਸੇ ਭੀ ਥਾਂ। ਮਨ—ਹੇ ਮਨ। ਤਰਸਹਿ—ਪਾਰ ਲੰਘ ਜਾਏਂਗਾ। ਪਾਇ—ਪਾ ਕੇ, ਪੈ ਕੇ।੬।

ਜਿਹ—ਜਿਨ੍ਹਾਂ ਉਤੇ। ਅਨੁਗ੍ਰਹੁ—ਕਿਰਪਾ। ਠਾਕੁਰਿ—ਤੈਂ ਠਾਕਰ ਨੇ। ਸੇ—ਉਹ ਮਨੁੱਖ। ਰਾਖਿ ਲੀਨ੍—(ਸੰਸਾਰ ਸਮੁੰਦਰ ਤੋਂ) ਬਚਾ ਲਏ। ਇਹ ਬਿਧਿ—ਇਹ ਤਰੀਕਾ। ਦੇਖਿ—ਵੇਖ ਕੇ।੭।

ਏਕ ਰੰਗ—ਇਕ ਦੇ ਪਿਆਰ ਵਿਚ ਟਿਕ ਕੇ। ਬਸਹਿ—(ਹਰਿ ਜੀ) ਵਸਦੇ ਹਨ। ਸੰਗਿ—ਨਾਲ। ਅਨੂਪ—ਉਪਮਾ ਰਹਿਤ, ਸੋਹਣਾ, ਸੁੰਦਰ। ਗੁਰਦੇਵ—ਸਤਿਗੁਰੂ।੮।

ਅਰਥ:—

ਪ੍ਰ:—ਕਿਉਂ ਜੀ ਕਿਸੇ ਹੋਰ ਦਾ ਭੀ ਉਧਾਰ ਹੋਇਆ ਹੈ ?

19, ਉ:—ਹੇ (ਮੇਰੇ) ਮਨ ਵੇਖ, ਧੰਨੇ ਨੇ (ਗੁਰੂ ਦੀ ਸ਼ਰਨ ਪੈ ਕੇ) ਬਾਲਾਂ ਵਾਲੀ (ਨਿਰਵੈਰ) ਬੁਧੀ ਪ੍ਰਾਪਤ ਕਰਕੇ ਪ੍ਰਮੇਸ਼ਰ ਦੀ ਭਗਤੀ ਕੀਤੀ।

20. (ਅਤੇ) ਗੁਰੂ ਨੂੰ ਮਿਲ ਕੇ ਤ੍ਰਿਲੋਚਨ ਨੂੰ ਭੀ ਆਤਮਕ ਜੀਵਨ ਵਿਚ ਸਫਲਤਾ ਪ੍ਰਾਪਤ ਹੋਈ।

21. ਇਸੇ ਹੀ ਤਰ੍ਹਾਂ, ਗੁਰੂ ਨੇ (ਭਗਤ) ਬੇਣੀ ਨੂੰ ਆਤਮਕ ਜੀਵਨ ਦਾ ਚਾਨਣ ਬਖਸ਼ਿਆ।

22. (ਇਸ ਲਈ) ਹੇ (ਮੇਰੇ) ਮਨ, ਤੂੰ ਭੀ ਪ੍ਰਭੂ ਦਾ ਭਗਤ (ਇਸੇ ਤਰ੍ਹਾਂ) ਬਣ।੫।

23. (ਇਥੇ ਹੀ ਬੱਸ ਨਹੀਂ) ਹੇ (ਮੇਰੇ) ਮਨ, (ਗੁਰੂ ਨੂੰ ਮਿਲ ਕੇ) ਜੈ ਦੇਵ ਨੇ (ਆਪਣੇ ਬ੍ਰਾਹਮਣ ਹੋਣ ਦਾ) ਮਾਣ ਛਡਿਆ।

24. (ਵੇਖ) ਸੈਣ ਨਾਈ (ਗੁਰੂ ਦੀ ਸ਼ਰਨ ਪੈ ਕੇ) ਭਗਤੀ ਦੀ ਬਰਕਤ ਨਾਲ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ।

25. ਪਰ, (ਸੈਣ ਦਾ) ਮਨ ਕਿਸੇ ਭੀ ਥਾਂ (ਮਾਇਆ ਦੇ ਠੇਡਿਆਂ ਨਾਲ) ਡਿਗ ਕੇ ਡੋਲਦਾ ਨਹੀਂ ਸੀ।

26. ਹੇ (ਮੇਰੇ) ਮਨ, (ਸੁਣ) ਗੁਰੂ ਦੀ ਸ਼ਰਨ ਪੈ ਕੇ ਤੂੰ ਭੀ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਏਂਗਾ।੬।

27. ਹੇ ਪ੍ਰਭੂ, ਜਿਨ੍ਹਾਂ ਭਗਤ ਜਨਾਂ ਉਤੇ ਤੈਂ ਠਾਕਰ ਨੇ ਆਪ ਮਿਹਰ ਕੀਤੀ।

28. ਉਨ੍ਹਾਂ ਨੂੰ ਤੂੰ (ਸੰਸਾਰ ਸਮੁੰਦਰ ਵਿਚੋਂ) ਬਚਾ ਲਿਆ।

29. ਹੇ ਸਾਈਆਂ ਜੀਉ, ਤੂੰ ਉਨ੍ਹਾਂ ਦਾ ਨਾ ਕੋਈ ਗੁਣ ਤੇ ਨਾ ਕੋਈ ਔਗਣ ਹੀ ਵਿਚਾਰਿਆ।

30. ਹੇ ਪ੍ਰਭੂ, ਤੇਰੀ ਇਸ ਕਿਸਮ ਦੀ ਦਿਆਲਤਾ ਵੇਖਕੇ (ਮੇਰਾ ਭੀ) ਮਨ (ਤੇਰੀ) ਭਗਤੀ ਵਿਚ ਲੱਗ ਪਿਆ ਹੈ।੭।

31. ਹੇ (ਮੇਰੇ) ਮਨ ਵੇਖ, ਕਬੀਰ ਨੇ ਇਕ ਰਸ ਪਿਆਰ ਵਿਚ ਟਿਕ ਕੇ ਪ੍ਰਮਾਤਮਾਂ ਦਾ ਧਿਆਨ ਧਰਿਆ।

32. (ਤੇ) ਉਹ ਪ੍ਰਭੂ ਜੀ ਨਾਮ ਦੇਵ ਜੀ ਦੇ ਭੀ ਨਾਲ ਵਸਦੇ ਹਨ।

33. (ਅਤੇ) ਰਵਿਦਾਸ ਨੇ ਭੀ ਸੋਹਣੇ ਪ੍ਰਭੂ ਦਾ ਸਿਮਰਨ ਕੀਤਾ (ਇਨ੍ਹਾਂ ਸਭਨਾਂ ਉਤੇ ਗੁਰੂ ਨੇ ਹੀ ਕ੍ਰਿਪਾ ਕੀਤੀ)।

34. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ (ਹੇ ਮਨਾ) ਗੁਰੂ ਪ੍ਰਮਾਤਮਾਂ ਰੂਪ ਹੈ (ਤੂੰ ਭੀ ਗੁਰੂ ਦੀ ਸ਼ਰਨ ਪਿਆ ਰਹੁ।੮।੧।

ਭਾਵਾਰਥ :—ਪ੍ਰਮੇਸ਼ਰ ਦੀ ਭਗਤੀ ਕਰਕੇ ਉਧਰਨ ਵਾਲੇ ਭਗਤਾਂ ਦੀਆਂ ਸਾਖੀਆਂ ਦੇ ਕੇ ਹਰ ਮਨੁੱਖ ਮਾਤ੍ਰ ਨੂੰ ਪ੍ਰੇਰਨਾ ਕਰਦੇ ਹਨ ਕਿ ਵਡੇ ਵਡੇ ਨੀਚ ਕੁਲ ਵਾਲੇ ਅਤੇ ਪਾਪੀ ਪ੍ਰਭ ਜੀ ਦਾ ਨਾਮ ਸਿਮਰਨ ਕਰ ਕੇ ਤਰ ਗਏ, ਇਸ ਲਈ ਹੇ ਪਿਆਰੇ, ਤੁਸੀਂ ਭੀ ਜਪਦੇ ਰਹੋ ਤੁਹਾਡਾ ਭੀ ਉਧਾਰ ਹੋ ਜਾਏਗਾ।

ਬਸੰਤੁ ਮਹਲਾ ੫ ॥

1. ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥
2. ਹਰਿ ਸਿਮਰਨ ਬਿਨੁ ਨਰਕਿ ਪਾਹਿ ॥
3. ਭਗਤਿ ਬਿਹੂਨਾ ਖੰਡ ਖੰਡ ॥
4. ਬਿਨੁ ਬੂਝੇ ਜਮੁ ਦੇਤ ਡੰਡ ॥੧॥
5 ਗੋਬਿੰਦ ਭਜਹੁ ਮੇਰੇ ਸਦਾ ਮੀਤ ॥
6. ਸਾਚ ਸਬਦ ਕਰਿ ਸਦਾ ਪ੍ਰੀਤਿ ।੧॥ਰਹਾਉ॥
7. ਸੰਤੋਖੁ ਨ ਆਵਤ ਕਹੂ ਕਾਜ ॥
8. ਧੂੰਮ ਬਾਦਰ ਸਭਿ ਮਾਇਆ ਸਾਜ ॥
9. ਪਾਪ ਕਰੰਤੌ ਨਹ ਸੰਗਾਇ ॥
10 ਬਿਖੁ ਕਾ ਮਾਤਾ ਆਵੈ ਜਾਇ ॥੨॥
11. ਹਉ ਹਉ ਕਰਤ ਬਧੇ ਬਿਕਾਰ ॥

12. **ਮੋਹ ਲੋਭ ਡੂਬੌ ਸੰਸਾਰ ॥**
13. **ਕਾਮਿ ਕ੍ਰੋਧਿ ਮਨੁ ਵਸਿ ਕੀਆ ॥**
14. **ਸੁਪਨੈ ਨਾਮੁ ਨ ਹਰਿ ਲੀਆ ॥੩॥**
15. **ਕਬਹੀ ਰਾਜਾ ਕਬ ਮੰਗਨਹਾਰੁ ॥**
16. **ਦੂਖ ਸੂਖ ਬਾਧੌ ਸੰਸਾਰ ॥**
17. **ਮਨ ਉਧਰਣ ਕਾ ਸਾਜੁ ਨਾਹਿ ॥**
18. **ਪਾਪ ਬੰਧਨ ਨਿਤ ਪਉਤ ਜਾਹਿ ॥੪॥**

ਪਦ ਅਰਥ :–ਭ੍ਰਮੇ–ਭਟਕਦੇ ਹਨ। ਮਾਹਿ–ਵਿਚ। ਨਰਕਿ–ਨਰਕ ਵਿਚ। ਪਾਹਿ–ਪੈਂਦੇ ਹਨ। ਬਿਹੂਨਾ–ਸੱਖਣਾ। ਖੰਡ ਖੰਡ–ਟੋਟੇ ਟੋਟੇ। ਡੰਡ–ਸਜ਼ਾ।੧।

ਮੇਰੇ ਮੀਤ–ਹੇ ਮੇਰੇ ਮਿੱਤਰ। ਸਾਚ ਸਬਦ-ਸਦਾ ਕਾਇਮ ਰਹਿਣ ਵਾਲੀ ਸਿਫਤ ਸਲਾਹ।੧।ਰਹਾਉ।

ਸੰਤੋਖੁ–ਮਾਇਆ ਵਲੋਂ ਤ੍ਰਿਪਤੀ। ਕਹੂੰ ਕਾਜ–ਕਿਸੇ ਭੀ ਕੰਮਾਂ ਵਿਚ। ਧੂਮ ਬਾਦਰ–ਧੂੰਏਂ ਦੇ ਬਦਲ। ਸਭਿ ਸਾਜ–ਸਾਰੇ ਤਮਾਸ਼ੇ। ਸੰਗਾਇ-ਸੰਗਦਾ, ਸ਼ਰਮ ਕਰਦਾ। ਬਿਖੁ–ਆਤਮਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ। ਮਾਤਾ–ਮਸਤ। ਆਵੈ ਜਾਇ–ਜੰਮਦਾ ਮਰਦਾ ਰਹਿੰਦਾ ਹੈ।੨।

ਹਉ ਹਉ–ਮੈਂ ਮੈਂ। ਕਰਤ–ਕਰਦਿਆਂ। ਬਧੇ–ਵਧਦੇ ਜਾਂਦੇ ਹਨ। ਕਾਮਿ– ਕਾਮ ਵਾਸ਼ਨਾਂ ਨੇ। ਕ੍ਰੋਧਿ–ਕ੍ਰੋਧ ਨੇ। ਵਸਿ–ਵੱਸ ਵਿਚ, ਕਾਬੂ ਵਿਚ। ਸੁਪਨੈ–ਸੁਪਨੇ ਵਿਚ, ਕਦੇ ਭੀ।੩।

ਕਬ ਹੀ–ਕਦੇ। ਮੰਗਨਹਾਰੁ–ਮੰਗਤਾ। ਬਾਧੌ–ਬੱਝਾ ਹੋਇਆ। ਉਧਰਣ ਕਾ–(ਸੰਸਾਰ ਸਮੁੰਦਰ ਵਿਚ ਡੁਬਣ ਤੋਂ) ਬਚਾਣ ਦਾ। ਸਾਜੁ–ਉਦਮ। ਬੰਧਨ–ਫ਼ਾਹੀਆਂ। ਪਉਤ ਜਾਹਿ–ਪੈਂਦੇ ਜਾਂਦੇ ਹਨ।੪।

ਅਰਥ: –

ਪ੍ਰ:–ਸ੍ਰੀ ਜੀਉ, ਨਾਮ ਤੋਂ ਸਖਣੇ ਰਹਿਣ ਵਾਲੇ ਮਨੁਖਾਂ ਨੂੰ ਆਖਰ ਸਜ਼ਾ ਕੀ ਮਿਲਦੀ ਹੈ ?

1. ਹੇ ਭਾਈਓ ! ਨਾਮ ਤੋਂ ਸਖਣੇ ਮਨੁੱਖ ਅਨੇਕਾਂ ਜੂਨਾਂ ਅਨੇਕਾਂ ਜਨਮਾਂ ਵਿਚ ਭਟਕਦੇ ਫਿਰਦੇ ਹਨ।
2. ਹੇ ਪਿਆਰੇ ! ਪ੍ਰਮਾਤਮਾਂ ਦੇ ਸਿਮਰਨ ਤੋਂ ਬਿਨਾ ਮਨੁੱਖ ਨਰਕ ਵਿਚ (ਹੀ) ਪਏ ਰਹਿੰਦੇ ਹਨ।
3. (ਕਿਉਂਕਿ) ਹੇ ਭਾਈ, ਭਗਤੀ ਤੋਂ ਬਿਨਾ (ਉਨ੍ਹਾਂ ਦਾ ਮਨ ਅਨੇਕਾਂ ਦੌੜਾਂ-ਭਜਾਂ ਵਿਚ) ਟੋਟੇ ਟੋਟੇ ਹੋਇਆ ਰਹਿੰਦਾ ਹੈ।
4. (ਅਤੇ) ਹੇ ਪਿਆਰੇ ! ਆਤਮਕ ਸੂਝ ਤੋਂ ਬਿਨਾਂ (ਆਖਰ) ਉਨ੍ਹਾਂ ਨੂੰ ਜਮਰਾਜ ਭੀ ਸਜ਼ਾ ਦੇਂਦਾ ਹੈ।੧।
5. (ਇਸ ਲਈ) ਹੇ ਮੇਰੇ ਮਿੱਤਰ, ਸਦਾ ਪ੍ਰਮਾਤਮਾਂ ਦਾ ਭਜਨ ਕਰਿਆ ਕਰ।
6. (ਅਤੇ) ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾਂ ਦੀ ਸਿਫਤ ਸਲਾਹ ਨਾਲ ਸਦਾ ਪਿਆਰ ਬਣਾਈ ਰੱਖ।੧।ਰਹਾਉ।
7. ਹੇ ਭਾਈ ! ਆਤਮਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ ਦਾ ਮਤਾ ਹੋਇਆ, ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ।
8. ਹੇ ਪਿਆਰੇ, (ਉਸਨੂੰ) ਕਿਸੇ ਭੀ ਕੰਮ ਵਿਚ ਮਾਇਆ ਵਲੋਂ ਤ੍ਰਿਪਤੀ ਨਹੀਂ ਹੁੰਦੀ।
9. ਹੇ ਭਾਈ ! (ਉਸ ਨੂੰ ਇਹ ਸਮਝ ਹੀ ਨਹੀਂ ਆਉਂਦੀ ਕਿ) ਮਾਇਆ ਦੇ ਸਾਰੇ ਕੌਤਕ ਤਮਾਸ਼ੇ ਧੂੰਏਂ ਦੇ ਬਦਲ (ਹੀ) ਹਨ। (ਹਵਾ ਦੇ ਇਕੋ ਬੁਲੇ ਨਾਲ ਉਡ ਜਾਣ ਵਾਲੇ ਹਨ)।
10. ਹੇ ਭਾਈ ! ਵੇਖਣ ਵਿਚ ਆਉਂਦਾ ਹੈ ਕਿ, ਮਾਇਆ ਵਿਚ ਮਸਤ ਮਨੁੱਖ) ਪਾਪ ਕਰਦਾ ਭੀ ਝਿਜਕਦਾ ਨਹੀਂ।੨।

ਪ੍ਰ:–ਸ੍ਰੀ ਜੀਉ, ਉਸ ਦੀ ਪਛਾਣ ਕੀ ਹੈ ?

11. **ਉ**:–ਹੇ ਪਿਆਰੇ ! ਉਸਦੀ ਇਹੋ ਹੀ ਪਛਾਣ ਹੈ ਕਿ, ਮੈਂ ਮੈਂ ਕਰਦਿਆਂ ਉਸਦੇ ਅੰਦਰ ਵਿਕਾਰ (ਹੀ) ਵਧਦੇ ਜਾਂਦੇ ਹਨ।
12. (ਅਤੇ) ਜਗਤ ਦੇ ਮੋਹ ਅਤੇ ਲੋਭ ਵਿਚ ਉਹ ਸਦਾ ਡੁਬਾ ਰਹਿੰਦਾ ਹੈ।
13. ਕਾਮ ਵਾਸ਼ਨਾ ਨੇ, ਤੇ ਕ੍ਰੋਧ ਨੇ (ਉਸਦਾ) ਮਨ ਸਦਾ ਆਪਣੇ ਕਾਬੂ ਵਿਚ ਕੀਤਾ ਹੁੰਦਾ ਹੈ।
14. (ਕਿਉਂਕਿ) ਉਸ ਮਨੁੱਖ ਨੇ ਕਦੇ ਸੁਪਨੇ ਵਿਚ ਭੀ ਪ੍ਰਮਾਤਮਾਂ ਦਾ ਨਾਮ ਨਹੀਂ ਸਿਮਰਿਆ ਹੁੰਦਾ।੩।

ਪ੍ਰ:–ਕਿਉਂ ਜੀ, ਅਸੀਂ ਤਾਂ ਵੇਖਦੇ ਹਾਂ ਕਿ ਕਈ ਮਨੁੱਖ ਨਾਮ ਤੋਂ ਸਖਣੇ ਰਾਜ ਤਖਤ ਤੇ ਭੀ ਬੈਠੇ ਰਾਜ ਕਰਦੇ ਹਨ ?

15. **ਉ**:- ਹੇ ਭਾਈਓ, ਅਸਲੀਅਤ ਤਾਂ ਇਹੋ ਹੀ ਹੈ ਕਿ; ਨਾਮ ਤੋਂ ਸਖਣਾ ਮਨੁੱਖ, ਚਾਹੇ ਕਦੇ ਰਾਜਾ ਹੈ, ਚਾਹੇ ਮੰਗਤਾ ਹੈ।
16. ਉਹ ਸਦਾ ਜਗਤ ਦੇ ਦੁਖਾਂ ਸੁਖਾਂ ਵਿਚ ਜਕੜਿਆ (ਹੀ) ਰਹਿੰਦਾ ਹੈ।
17. ਹੇ ਭਾਈ ! ਉਹ ਆਪਣੇ ਮਨ ਨੂੰ (ਸੰਸਾਰ ਸਮੁੰਦਰ ਦੇ ਵਿਕਾਰਾਂ ਵਿਚ ਡੁੱਬਣ ਤੋਂ) ਬਚਾਣ ਦਾ ਕੋਈ ਉਦਮ ਨਹੀਂ ਕਰਦਾ।
18. (ਇਸ ਲਈ) ਉਸ ਨੂੰ ਪਾਪਾਂ ਦੀਆਂ ਫਾਹੀਆਂ ਸਦਾ ਪੈਂਦੀਆਂ ਹੀ ਜਾਂਦੀਆਂ ਹਨ।੪।
19. **ਈਠ ਮੀਤ ਕੋਊ ਸਖਾ ਨਾਹਿ ॥**
20. **ਆਪਿ ਬੀਜਿ ਆਪੇ ਹੀ ਖਾਂਹਿ ॥**
21. **ਜਾ ਕੈ ਕੀਨੈ ਹੋਤ ਬਿਕਾਰ ॥**
22. **ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥**
23. **ਮਾਇਆ ਮੋਹਿ ਬਹੁ ਭਰਮਿਆ ॥**
24. **ਕਿਰਤ ਰੇਖ ਕਰਿ ਕਰਮਿਆ ॥**
25. **ਕਰਣੈਹਾਰੁ ਅਲਿਪਤੁ ਆਪਿ ॥**
26. **ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥**

27. ਰਾਖਿ ਲੇਹੁ ਗੋਬਿੰਦ ਦਇਆਲ ॥
28. ਤੇਰੀ ਸਰਣਿ ਪੂਰਨ ਕ੍ਰਿਪਾਲ ॥
29. ਤੁਝ ਬਿਨੁ ਦੂਜਾ ਨਹੀ ਠਾਉ ॥
30, ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥
31. ਤੂ ਕਰਤਾ ਤੂ ਕਰਣਹਾਰੁ ॥
32. ਤੂ ਊਚਾ ਤੂ ਬਹੁ ਅਪਾਰੁ ॥
33. ਕਰਿ ਕਿਰਪਾ ਲੜਿ ਲੇਹੁ ਲਾਇ ॥
34. ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥

ਪਦ ਅਰਥ :–ਈਠ–ਇਸ਼ਟ, ਪਿਆਰੇ । ਸਖਾ–ਸਾਥੀ । ਬੀਜਿ–ਬੀਜ ਕੇ, (ਚੰਗੇ ਮੰਦੇ)ਕਰਮ ਕਰ ਕੇ । ਆਪੇ–ਆਪ ਹੀ । ਖਾਂਹਿ–ਜੀਵ ਉਨ੍ਹਾਂ ਕੀਤੇ ਕਰਮਾਂ ਦਾ ਫਲ ਭੋਗਦੇ ਹਨ । ਜਾ ਕੈ ਕੀਨੈ–ਜਿਨ੍ਹਾਂ ਪਦਾਰਥਾਂ ਦੇ ਇਕੱਠਿਆਂ ਕੀਤੇ ਤੋਂ । ਹੋਤ–(ਪੈਦਾ) ਹੁੰਦੇ ਹਨ । ਸੇ–ਉਹ ਪਦਾਰਥ । ਗਵਾਰ–ਮੂਰਖ ਮਨੁੱਖ ।੫।

ਮੋਹਿ–ਮੋਹ ਵਿਚ (ਫਸ ਕੇ) । ਭਰਮਿਆ–ਭਟਕਦਾ ਹੈ । ਕਿਰਤ–ਕੀਤੇ ਹੋਏ ਕਰਮ । ਕਿਰਤ ਰੇਖ–ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ । ਕਰਿ–ਕਰੇ, ਕਰਦਾ ਹੈ । ਕਰਮਿਆਂ–(ਹੋਰ ਉਹੋ ਜਿਹੇ ਹੀ) ਕਰਮ । ਕਰਣੈਹਾਰੁ–ਸਭ ਕੁਝ ਕਰ ਸਕਣ ਵਾਲਾ । ਅਲਿਪਤੁ–ਨਿਰਲੇਪ, ਜਿਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ । ਲੇਪੁ–ਅਸਰ, ਪ੍ਰਭਾਵ । ਪੁੰਨ–(ਮਿਥੇ ਹੋਏ) ਪੁੰਨਾਂ ਦੇ ਕਾਰਨ । ਪਾਪਿ–ਪਾਪ ਦੇ ਕਾਰਨ ।੬।

ਗੋਬਿੰਦ–ਹੇ ਗੋਬਿੰਦ । ਕ੍ਰਿਪਾਲ–ਹੇ ਕ੍ਰਿਪਾਲ । ਠਾਉ–ਥਾਂ । ਕਰਿ–ਕਰ ਕੇ ।੭।

ਕਰਣਹਾਰੁ–ਸਭ ਕੁਝ ਕਰਨ ਦੀ ਸਮਰੱਥਾ ਵਾਲਾ । ਅਪਾਰੁ–ਬੇਅੰਤ, ਜਿਸਦੀ ਹਸਤੀ ਦਾ ਪਾਰਲਾ ਬੰਨਾਂ ਨਹੀਂ ਲੱਭ ਸਕਦਾ । ਕਰਿ–ਕਰ ਕੇ । ਲੜਿ–ਲੜ ਨਾਲ, ਪੱਲੇ ਨਾਲ । ਨਾਨਕ–ਹੇ ਨਾਨਕ ।੮।

ਅਰਥ:–

ਪ੍ਰ:–ਸ੍ਰੀ ਜੀਉ ! ਕਈ ਅਜਿਹੇ ਪਿਆਰੇ ਮਿੱਤਰ ਜਿਗਰੀ ਪਿਆਰ ਕਰਨ ਵਾਲੇ ਹਨ ਜੋ ਸਦੀਵੀ ਹੀ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਨ, ਕੀ ਉਨ੍ਹਾਂ ਤੇ ਨਿਸਚਾ ਕਰ ਲੈਣਾ ਚਾਹੀਦਾ ਹੈ ?

19: ਉ:–ਹੇ ਭਾਈ ! ਅਸਲ ਵਿਚ ਤਾਂ ਪਿਆਰੇ ਮਿੱਤਰਾਂ ਵਿਚੋਂ ਕੋਈ ਭੀ (ਤੋੜ ਤੱਕ ਸਾਥ ਨਿਬਾਹੁਣ ਵਾਲਾ) ਸਾਥੀ ਨਹੀਂ ਬਣ ਸਕਦਾ ।

20. ਸੋ ਹੇ ਪਿਆਰੇ ! (ਸਾਰੇ ਜੀਵ ਚੰਗੇ ਮੰਦੇ) ਕਰਮ ਆਪ ਕਰ ਕੇ ਆਪ ਹੀ (ਉਨ੍ਹਾਂ ਕੀਤੇ ਕਰਮਾਂ ਦਾ) ਫਲ ਭੋਗਦੇ ਹਨ (ਕੋਈ ਭੀ ਮਿੱਤ੍ਰ ਮਦਦ ਨਹੀਂ ਕਰ ਸਕਦਾ) ।

21. ਹੇ ਭਾਈ ! ਜਿਨ੍ਹਾਂ ਪਦਾਰਥਾਂ ਦੇ ਇਕੱਠੇ ਕਰਦਿਆਂ (ਮਨੁੱਖ ਦੇ ਮਨ ਵਿਚ ਅਨੇਕਾਂ) ਵਿਕਾਰ ਪੈਦਾ ਹੁੰਦੇ ਰਹਿੰਦੇ ਹਨ ।

22. (ਜਦੋਂ ਅੰਤ ਦਾ ਸਮਾਂ ਆਉਂਦਾ ਹੈ ਤਾਂ) ਮੂਰਖ ਇਕ ਖਿਨ ਵਿਚ ਹੀ ਉਨ੍ਹਾਂ (ਪਦਾਰਥਾਂ) ਨੂੰ ਛੱਡ ਕੇ (ਇਥੋਂ) ਤੁਰ ਪੈਂਦਾ ਹੈ ।੫।

ਪ੍ਰ:–ਕਿਉਂ ਜੀ, ਇਸ ਜੀਵ ਨੂੰ ਇਤਨੀ ਅਗਿਆਨਤਾ ਦੀ ਪਰਬਲਤਾ ਕਿਉਂ ਵਿਆਪੀ ਰਹਿੰਦੀ ਹੈ ?

23. ਉ:–ਹੇ ਪਿਆਰੇ, ਅਸਲ ਵਿਚ ਇਹ ਮਨੁੱਖ ਪ੍ਰਮੇਸ਼ਰ ਜੀ ਦਾ ਸਿਮਰਨ ਭੁਲਾ ਕੇ, ਮਾਇਆ ਦੇ ਮੋਹ ਦੇ ਕਾਰਨ ਬਹੁਤ ਭਟਕਦਾ ਫਿਰਦਾ ਹੈ ।

24. ਹੇ ਭਾਈ, (ਪਿਛਲੇ) ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ (ਮਨੁੱਖ ਹੋਰ ਉਹੋ ਜਿਹੇ ਹੀ) ਕਰਮ ਕਰੀ ਜਾਂਦਾ ਹੈ ।

25. ਪਰ, ਹੇ ਪਿਆਰੇ, ਸਭ ਕੁਝ ਕਰਨ ਦੇ ਸਮਰੱਥ ਪ੍ਰਭੂ ਆਪ ਨਿਰਲੇਪ ਹੈਂ (ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ) ।

26. ਹੇ ਭਾਈਓ ! ਉਸ ਪ੍ਰਭੂ ਉਤੇ ਨਾ ਤਾਂ (ਜੀਵਾਂ ਦੇ ਮਿਥੇ ਹੋਏ) ਪੁੰਨ ਕਰਮਾਂ ਦੇ ਕੀਤੇ ਜਾਣ ਤੋਂ ਪੈਦਾ ਹੋਣ ਵਾਲੇ ਅਹੰਕਾਰ ਆਦਿਕ ਦਾ ਅਸਰ ਹੁੰਦਾ ਹੈ, ਅਤੇ ਨਾ ਕਿਸੇ ਪਾਪ ਦੇ ਕਾਰਨ (ਭਾਵ, ਉਸ ਪ੍ਰਭੂ ਨੂੰ ਨਾਂਹ ਅਹੰਕਾਰ ਨਾ ਵਿਕਾਰ ਆਪਣੇ ਅਸਰ ਹੇਠ ਲਿਆ ਸਕਦਾ ਹੈ) ।੬।

ਪ੍ਰ:–ਕਿਉਂ ਜੀ, ਉਸ ਸਾਈਂ ਜੀ ਤੋਂ ਮੰਗਾਂ ਕੀ ਮੰਗੀਏ ?

27. ਉ:–ਹੇ ਪਿਆਰੇ ! ਇਉਂ ਹੀ ਅਰਦਾਸ ਕਰਦੇ ਰਹੋ ਕਿ, ਹੇ ਦਇਆ ਦੇ ਸੋਮੇਂ ਗੋਬਿੰਦ, ਹੇ ਸਰਬ ਵਿਆਪਕ ।

28. ਹੇ ਕ੍ਰਿਪਾਲ, ਮੈਂ ਤੇਰੀ ਸ਼ਰਨ ਆਇਆ ਹਾਂ ਮੇਰੀ ਰਖਿਆ ਕਰ ।

29. ਹੇ ਸਾਈਆਂ ਜੀਉ, ਤੇਥੋਂ ਬਿਨਾ ਮੇਰਾ ਹੋਰ ਕੋਈ ਥਾਂ ਨਹੀਂ ।

30, ਮਿਹਰ ਕਰ ਮੈਨੂੰ ਆਪਣਾ ਨਾਮ ਬਖਸ਼ ।੭।

31. ਹੇ ਪ੍ਰਭੂ, ਤੂੰ (ਸਭ ਜੀਵਾਂ ਨੂੰ) ਪੈਦਾ ਕਰਨ ਵਾਲਾ ਹੈਂ ਤੂੰ, ਸਭ ਕੁਝ ਕਰਨ ਦੀ ਸਮਰਥਾ ਰੱਖਦਾ ਹੈਂ ।

32. ਤੂੰ ਸਭ ਤੋਂ ਉਚਾ ਹੈਂ, ਤੂੰ ਬੜਾ ਬੇਅੰਤ ਹੈਂ ।

33. ਮਿਹਰ ਕਰ (ਸਾਨੂੰ) ਆਪਣੇ ਲੜ ਨਾਲ ਲਾਈ ਰੱਖ ।

34. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ, ਉਸ ਪ੍ਰਭੂ ਦੇ ਦਾਸ ਪ੍ਰਭੂ ਦੀ ਸ਼ਰਨ ਹੀ ਪਏ ਰਹਿੰਦੇ ਹਨ ।੮।੨।

ਭਾਵਾਰਥ :–ਹਰੀ ਦੇ ਨਾਮ ਤੋਂ ਬਿਨਾ ਕੋਈ ਭੀ ਪਦਾਰਥ ਸਾਡੇ ਮਨ ਨੂੰ ਰਜਾ ਨਹੀਂ ਸਕਦਾ, ਨਾ ਕੋਈ ਸਾਨੂੰ ਪਾਪਾਂ ਦੇ ਨਤੀਜੇ ਤੋਂ ਬਚਾ ਸਕਦਾ ਹੈ, ਉਹ ਹਰੀ ਪ੍ਰਭੂ ਆਪ ਹੀ ਰਜਾਵਣ ਵਾਲਾ ਤੇ ਰਖਿਆ ਕਰਨ ਵਾਲਾ ਹੈ ।

ਬਸੰਤ ਕੀ ਵਾਰ ਮਹਲੁ ੫

ੴ ਸਤਿਗੁਰ ਪ੍ਰਸਾਦਿ ॥

1. ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥
2. ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
3. ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥
4. ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
5. ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥੧॥

ਪਦ ਅਰਥ :—ਮਹਲੁ—ਸਰੀਰ । ਨੋਟ :—ਇਥੇ ਲਫ਼ਜ਼ 'ਮਹਲਾ' ਦੇ ਥਾਂ ਲਫ਼ਜ਼ 'ਮਹਲੁ' ਹੈ । ਮਹਲੁ ੫—ਸਰੀਰ ਪੰਜਵਾਂ, ਗੁਰੂ ਨਾਨਕ ਪੰਜਵਾਂ ਸਰੀਰ, ਭਾਵ, ਗੁਰੂ ਅਰਜਨ । ਹਰਿਆ—ਆਤਮਕ ਜੀਵਨ ਵਾਲਾ । ਕਰਮਿ—ਬਖਸ਼ਸ਼ ਦੇ ਲੇਖ ਰਾਹੀਂ । ਇਹ ਰੁਤਿ—ਨਾਮ ਜਪਣ ਲਈ ਇਹ ਮਨੁੱਖਾ ਸਰੀਰ ਦੀ ਰੁਤਿ । ਸੁਹਾਈ । ਸੋਹਣੀ । ਮਉਲਿਆ—ਖਿੜਿਆ । ਛਾਈ—ਕਾਲਖ, ਮੈਲ—ਧਾਈ—ਭਟਕਣਾ ।

ਅਰਥ :—

ਪ੍ਰ:—ਸ੍ਰੀ ਜੀਉ, ਦਸੋ ਮੇਰਾ ਇਸ ਸੰਸਾਰ ਵਿਚ ਮਨੁੱਖ ਜਾਮਾ ਧਾਰਕੇ ਔਣ ਦਾ ਪਰਮ ਪ੍ਰਯੋਜਨ ਕੀ ਹੈ, ਜਿਸਨੂੰ ਕਿ ਮੈਂ ਸਦਾ ਹੀ ਕਰਦਾ ਰਵਾਂ ?

1. **ਉ**:—ਹੇ ਭਾਈ ! ਤੇਰਾ ਇਸ ਮਨੁੱਖ ਜਾਮੇ ਵਿਚ ਆਉਣ ਦਾ ਅਸਲ ਇਹੀ ਪ੍ਰਯੋਜਨ ਹੈ ਕਿ ਤੂੰ ਉਸ ਪ੍ਰਮਾਤਮਾਂ ਦਾ ਨਾਮ ਸਿਮਰ ਕੇ ਆਤਮਕ ਜੀਵਨ ਵਾਲਾ ਬਣ ਜਾ (ਜਿਵੇਂ ਪਾਣੀ ਮਿਲਣ ਨਾਲ ਰੁੱਖ ਨੂੰ ਹਰਿਆਵਲ ਮਿਲ ਜਾਂਦੀ ਹੈ) ।

ਪ੍ਰ:—ਕਿਉਂ ਜੀ, ਕੀ ਨਾਮ ਦਾ ਸਿਮਰਨ ਕਿਸੇ ਹੋਰ ਸਮੇਂ ਵਿਚ ਨਹੀਂ ਕੀਤਾ ਜਾ ਸਕਦਾ ?

2. **ਉ**:—ਹੇ ਭਾਈ ! ਅਸਲ ਵਿਚ ਨਾਮ ਜਪਣ ਵਾਸਤੇ ਮਨੁੱਖਾ ਜਨਮ ਦਾ, ਇਹੋ ਸੋਹਣਾ ਸਮਾਂ ਹੈ (ਪੂਰਬਲੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਵਲੋਂ) ਲਿਖੇ ਬਖਸ਼ਸ਼ ਦੇ ਲੇਖ ਦੇ ਉਘੜਨ ਨਾਲ ਹੀ ਮਿਲਦਾ ਹੈ ।

ਪ੍ਰ:—ਸ੍ਰੀ ਜੀਉ ! ਆਖਰ ਨਾਮ ਸਿਮਰਨ ਦੀ ਬਰਕਤ ਨਾਲ ਹਾਸਲ ਕੀ ਹੁੰਦਾ ਹੈ ?

3. **ਉ**:—ਹੇ ਭਾਈ ! ਵੇਖ, ਜਿਵੇਂ ਵਰਖਾ ਨਾਲ ਜੰਗਲ ਬਨਸਪਤੀ ਸਾਰਾ ਹੀ ਜਗਤ ਖਿੜ ਪੈਂਦਾ ਹੈ, (ਤਿਵੇਂ ਉਸ ਮਨੁੱਖ ਦਾ ਲੂੰ ਲੂੰ ਖਿੜ ਪੈਂਦਾ ਹੈ ਜੋ) ਅੰਮ੍ਰਿਤ ਨਾਮ ਰੂਪ ਫਲ ਹਾਸਲ ਕਰ ਲੈਂਦਾ ਹੈ ।
4. ਹੇ ਭਾਈ, ਗੁਰੂ ਨੂੰ ਮਿਲ ਕੇ (ਉਸਦੇ ਹਿਰਦੇ ਵਿਚ) ਸੁਖ ਪੈਦਾ ਹੁੰਦਾ ਹੈ ਅਤੇ ਉਸਦੇ ਮਨ ਦੀ ਮੈਲ ਲਹਿ ਜਾਂਦੀ ਹੈ ।
5. ਕਥਨ ਕਰਦੇ ਹਨ, ਗੁਰੂ ਨਾਨਕ ਜੀ ਕਿ, ਹੇ ਭਾਈ ! ਜੋ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ ਉਸਨੂੰ, ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਭਟਕਣਾ ਨਹੀਂ ਪੈਂਦਾ ।੧।

6. ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
7. ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
8. ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
9. ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
10. ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥

ਪਦ ਅਰਥ :—ਪੰਜੇ—ਕਾਮਾਦਿਕ ਪੰਜੇ ਹੀ ਵਿਕਾਰ । ਬਲੀ—ਬਲਵਾਨ । ਢੋਆ—ਭੇਟਾ । ਜਪਾਇਅਨੁ—ਉਸਨੇ ਜਪਾਏ। ਵਿਚਿ-ਉਸਦੇ ਹਿਰਦੇ ਵਿਚ । ਦਯੁ—ਦਿਆਲ ਪ੍ਰਭੂ । ਸਭਿ—ਸਾਰੇ । ਨਿਰੋਆ—ਰੋਗ ਰਹਿਤ, ਅਰੋਗ । ਰੈਣਿ—ਰਾਤ । ਮੋਆ—ਮੌਤ, ਜਨਮ ਮਰਨ ਦਾ ਗੇੜ ।

ਅਰਥ :—

ਪ੍ਰ:—ਸ੍ਰੀ ਜੀਉ, ਇਹ ਕਾਮਾਦਿਕ ਪੰਜੇ ਹੀ ਵਿਕਾਰ ਤਾਂ ਬੜੇ ਬਲਵਾਨ ਹਨ ਦਸੋ ਇਹ ਕਿਸ ਤਰ੍ਹਾਂ ਕਾਬੂ ਆ ਸਕਦੇ ਹਨ?

6. **ਉ**:—ਹੇ ਭਾਈਓ ! ਇਹ ਠੀਕ ਹੈ ਕਿ ਵਿਕਾਰ ਬਹੁਤ ਬਲੀ ਹਨ ਪਰ, ਜਿਸ ਮਨੁੱਖ ਨੇ (ਪ੍ਰਭੂ ਦਾ ਸਿਮਰਨ ਰੂਪ) ਸੱਚੀ ਭੇਟਾ (ਪ੍ਰਭੂ ਦੀ ਹਜ਼ੂਰੀ ਵਿਚ) ਪੇਸ਼ ਕੀਤੀ ਹੈ, ਪ੍ਰਭੂ ਨੇ ਉਸਦੇ ਕਾਮਾਦਿਕ ਪੰਜੇ ਹੀ ਵਡੇ ਵਿਕਾਰ ਬੰਨ ਦਿਤੇ ਹਨ ।
7. ਹੇ ਪਿਆਰੇ ! ਉਸਦੇ ਵਿਚਕਾਰ ਵਾਹਿਗੁਰੂ ਨੇ ਆਪ ਖੜਾ ਹੋ ਕਰਕੇ, ਅਰਥਾਤ ਰਖਯਕ ਹੋ ਕੇ ਆਪਣੇ ਚਰਨ ਜਪਾਏ ਹਨ, ਭਾਵ ਚਰਨਾਂ ਦਾ ਧਿਆਨ ਕਰਾਇਆ ਹੈ ।
8. (ਜਿਸ ਕਰਕੇ) ਉਸਦੇ ਸਾਰੇ ਹੀ ਰੋਗ ਤੇ ਸਹਸੇ ਮਿਟ ਜਾਂਦੇ ਹਨ, ਉਹ ਸਦਾ ਪਵਿਤ੍ਰ ਆਤਮਾਂ ਤੇ ਅਰੋਗ ਰਹਿੰਦਾ ਹੈ ।

ਪ੍ਰ:—ਕਿਉਂ ਜੀ ! ਉਸਦੀ ਪਛਾਣ ਕੀ ਹੈ ?

9. **ਉ**:—ਹੇ ਭਾਈ ! ਉਸਦੀ ਇਹੋ ਹੀ ਪਛਾਣ ਹੈ ਕਿ, ਉਹ ਮਨੁੱਖ ਦਿਨੇ ਰਾਤ ਪ੍ਰਮਾਤਮਾਂ ਦਾ ਨਾਮ ਸਿਮਰਦਾ ਹੈ (ਜਿਸ ਨਾਮ ਦੀ ਬਰਕਤ ਨਾਲ) ਉਸਨੂੰ ਜਨਮ ਮਰਨ ਦਾ ਗੇੜ ਨਹੀਂ ਲਾਣਾ ਪੈਂਦਾ ।

ਪ੍ਰ:—ਸ੍ਰੀ ਜੀਉ ! ਆਖਰ ਉਸਨੂੰ ਫਲ ਕੀ ਮਿਲਦਾ ਹੈ ?

10. **ਉ**:—ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ, ਕਿ ਹੇ ਪਿਆਰੇ ! ਉਹ ਜਿਸ ਪ੍ਰਮਾਤਮਾਂ ਤੋਂ ਪੈਦਾ ਹੋਇਆ ਸੀ, (ਸਿਮਰਨ ਦੀ ਬਰਕਤ ਨਾਲ) ਉਹ ਉਸੇ ਦਾ (ਹੀ) ਰੂਪ ਹੋ ਜਾਂਦਾ ਹੈ ।੨।

11. ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥
12. ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥
13. ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥
14. ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥
15, ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ।।੩।।੧।।

ਪਦ ਅਰਥ :–ਕਹ ਮਾਹਿ–ਕਾਹਦੇ ਵਿਚ ? ਸਮਾਵੈ–ਲੀਨ ਹੋ ਜਾਂਦਾ ਹੈ। ਕਹਨਿ–ਕਹਿੰਦੇ ਹਨ। ਸੁਹਾਵੈ–ਸੋਹਣੇ ਲਗਦੇ ਹਨ। ਲਵੈ ਨ ਲਾਵੈ-ਬਰਾਬਰੀ ਨਹੀਂ ਕਰ ਸਕਦਾ। ਗੁਰਿ–ਗੁਰੂ ਨੇ। ਉਪਦੇਸਿਆ-ਨੇੜੇ ਵਿਖਾ ਦਿਤਾ ਹੈ। ਸਚੁ–ਸਦਾ ਥਿਰ ਪ੍ਰਭੂ। ਅਗੋਚਰ–ਅ-ਗੋ-ਚਰ। ਗੋ–ਇੰਦ੍ਰੇ।

ਅਰਥ :–

ਪ੍ਰ:–ਸ੍ਰੀ ਜੀਉ ! ਉਸ ਪ੍ਰਭੂ ਦੀ ਕੁਝ ਜਾਣਕਾਰੀ ਕਰਾਓ ?

11. **ਉ:**–ਹੇ ਭਾਈਓ ! ਅਸਲ ਵਿਚ ਇਸ ਭੇਤ ਨੂੰ, ਕੋਈ ਭੀ ਨਹੀਂ ਦੱਸ ਸਕਦਾ ਕਿ, ਉਹ, ਪ੍ਰਭੂ ਕਿਥੋਂ ਪੈਦਾ ਹੁੰਦਾ ਹੈ, ਕਿਥੇ ਰਹਿੰਦਾ ਹੈ, (ਤੇ ਅੰਤ ਨੂੰ) ਉਹ ਕਿਥੇ ਲੀਨ ਹੋ ਜਾਂਦਾ ਹੈ।
12. (ਕਿਉਂਕਿ) ਹੇ ਭਾਈ ! ਇਹ ਸਾਰੇ ਜੀਵ ਖਸਮ ਪ੍ਰਭੂ ਦੇ ਪੈਦਾ ਕੀਤੇ ਹੋਏ ਹਨ। (ਇਸ ਲਈ ਕੋਈ ਭੀ ਆਪਣੇ ਪੈਦਾ ਕਰਨ ਵਾਲੇ ਦੇ ਗੁਣਾਂ ਦਾ) ਮੁੱਲ ਨਹੀਂ ਪਾ ਸਕਦੇ।
13. ਹੇ ਭਾਈਓ ! ਬੱਸ, ਇਤਨਾ ਹੀ ਕਿਹਾ ਜਾ ਸਕਦਾ ਹੈ ਕਿ, ਜੋ ਜੋ ਉਸ ਪ੍ਰਭੂ ਦੇ ਗੁਣ ਉਚਾਰਦੇ ਹਨ, ਚੇਤੇ ਕਰਦੇ ਹਨ, ਸੁਣਦੇ ਹਨ, ਉਹ ਭਗਤ ਸੋਹਣੇ (ਜੀਵਨ ਵਾਲੇ) ਹੋ ਜਾਂਦੇ ਹਨ।
14. ਹੇ ਪਿਆਰੇ, ਉਹ ਪ੍ਰਮਾਤਮਾਂ ਅਪਹੁੰਚ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਸਭ ਦਾ ਮਾਲਕ ਹੈ ਕੋਈ ਭੀ ਉਸਦੀ ਬਰਾਬਰੀ ਨਹੀਂ ਕਰ ਸਕਦਾ।
15. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! (ਮੈਂ) ਤਾਂ ਉਸੇ ਸਦਾ ਥਿਰ ਪ੍ਰਭੂ ਦੀ ਸਿਫਤ ਸਲਾਹ ਸੁਣਾਂਦਾ ਹਾਂ (ਕਿਉਂਕਿ) ਪੂਰੇ ਗੁਰੂ ਨੇ ਮੈਨੂੰ ਉਹ ਪ੍ਰਭੂ ਨੇੜੇ ਹੀ ਵਿਖਾ ਦਿਤਾ ਹੈ, (ਅੰਦਰ ਵਸਦਾ ਹੀ ਵਿਖਾ ਦਿਤਾ ਹੈ) ।੩।੧।

ਭਾਵਾਰਥ :-ਨਾਮ ਸਿਮਰਨ ਨਾਲ ਜੀਵਨ ਸੁਖੀ ਤੇ ਪ੍ਰਫੁਲਤ ਹੁੰਦਾ ਹੈ।

੧. ਹਰ ਤਰ੍ਹਾਂ ਦੇ ਦੁਖ ਤੇ ਪਾਪ ਦੂਰ ਹੁੰਦੇ ਹਨ।

੨. (ਅਤੇ) ਮਨੁੱਖ ਆਪਣੇ ਬੇਅੰਤ ਮਾਲਕ ਦਾ ਬੰਦਾ ਬਣ ਕੇ ਉਸੇ ਵਾਂਗ ਬੇਅੰਤ ਗੁਣਾਂ ਵਾਲਾ ਹੋ ਜਾਂਦਾ ਹੈ।੩।੧।

ਬਸੰਤੁ ਬਾਣੀ ਭਗਤਾਂ ਕੀ ॥ ਕਬੀਰ ਜੀ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਮਉਲੀ ਧਰਤੀ ਮਉਲਿਆ ਅਕਾਸੁ ॥**
2. **ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥**
3. **ਰਾਜਾ ਰਾਮੁ ਮਉਲਿਆ ਅਨਤ ਭਾਇ ॥**
4. **ਜਹ ਦੇਖਉ ਤਹ ਰਹਿਆ ਸਮਾਇ ॥੧॥ਰਹਾਉ॥**
5. **ਦੁਤੀਆ ਮਉਲੇ ਚਾਰਿ ਬੇਦ ॥**
6. **ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥**
7. **ਸੰਕਰੁ ਮਉਲਿਓ ਜੋਗ ਧਿਆਨ ॥**
8. **ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥**

ਪਦ ਅਰਥ :–ਮਉਲੀ–ਖਿੜੀ ਹੋਈ ਹੈ, ਟਹਿਕ ਰਹੀ ਹੈ, ਸੋਹਣੀ ਲੱਗ ਰਹੀ ਹੈ। ਘਟਿ ਘਟਿ–ਹਰੇਕ ਘਟ ਵਿਚ। ਮਉਲਿਆ–ਖਿੜਿਆ ਹੋਇਆ ਹੈ, ਚਮਕ ਦਿਖਾ ਰਿਹਾ ਹੈ, ਭਾਹ ਮਾਰ ਰਿਹਾ ਹੈ। ਪ੍ਰਗਾਸੁ–ਚਾਨਣ, ਜੋਤ। ਆਤਮ ਪ੍ਰਗਾਸੁ–ਆਤਮਾਂ ਦਾ ਪ੍ਰਕਾਸ਼, ਪ੍ਰਮਾਤਮਾਂ ਦੀ ਜੋਤ ਦਾ ਚਾਨਣ।੧।

ਰਾਜਾ–ਪ੍ਰਕਾਸ਼ ਸਰੂਪ। ਅਨਤ–ਅਨੰਤ। ਅਨਤ ਭਾਇ–ਅਨੰਤ ਭਾਵ ਵਿਚ, ਬੇਅੰਤ ਤਰੀਕਿਆਂ ਨਾਲ, ਅਨੇਕਾਂ ਤਰ੍ਹਾਂ। ਜਹ–ਜਿਧਰ। ਦੇਖਉ–ਦੇਖਉਂ, ਮੈਂ ਵੇਖਦਾ ਹਾਂ। ਤਹ–ਉਧਰ। ਸਮਾਇ ਰਹਿਆ-ਭਰਪੂਰ ਹੈ।੧।ਰਹਾਉ।

ਦੁਤੀਆ–ਦੂਜੀ ਗੱਲ (ਇਹ ਹੈ) ਅਤੇ ਹੋਰ (ਸੁਣੋ)। ਸਿਉ ਕਤੇਬ ਮੁਸਲਮਾਨੀ ਧਰਮ ਪੁਸਤਕਾਂ ਸਮੇਤ।੨।

ਸੰਕਰੁ–ਸ਼ਿਵ। ਸਭ–ਹਰ ਥਾਂ। ਸਮਾਨ–ਇਕੋ ਜਿਹਾ।੩।

ਅਰਥ :–

ਪ੍ਰ:–ਬਸੰਤ ਰੁਤ ਦੀ ਖਿੜਾਵਟ ਨੂੰ ਤੱਕ ਕੇ, ਲੋਕੀ ਕਹਿ ਰਹੇ ਹਨ, ਕਿ ਕਬੀਰ ਜੀਉ ਤੱਕੋ ਬਸੰਤ ਦੀ ਰੁਤ ਦਾ ਕੈਸਾ ਚਾਰੇ ਤਰਫ ਖਿੜਾਉ ਹੋ ਰਿਹਾ ਹੈ ਅਤੇ ਸਾਰੇ ਹੀ ਦਰਖਤ ਮੌਲ ਰਹੇ ਹਨ ?

1. **ਉ:**–ਤਾਂ ਉੱਤਰ ਰੂਪ ਵਿਚ ਕਬੀਰ ਜੀ ਇਹ ਸ਼ਬਦ ਉਚਾਰਨ ਕਰਦੇ ਹੋਏ, ਉਸ ਪ੍ਰਭੂ ਦੀ ਵਿਆਪਕਤਾ ਦਾ ਹਰ ਪ੍ਰਾਣੀ ਮਾਤ੍ਰ ਨੂੰ ਬੋਧ ਕਰਾ ਰਹੇ ਹਨ ਕਿ, ਹੇ ਭਾਈ ! ਤੁਸੀਂ ਉਸ ਪ੍ਰਭੂ ਦਾ ਖਿੜਾਉ, ਕੇਵਲ ਫੁੱਲਾਂ ਦੀ ਖਿੜਾਵਟ ਵਿਚ ਹੀ ਕਿਉਂ ਵੇਖ ਰਹੇ ਹੋ ਸਗੋਂ ਇਉਂ ਤਕੋ ਕਿ, ਧਰਤੀ ਤੇ ਅਕਾਸ਼ (ਉਸੇ ਦੀ ਜੋਤ ਦੇ ਪ੍ਰਕਾਸ਼ ਨਾਲ) ਖਿੜੇ ਹੋਏ ਹਨ।
2. ਹੇ ਪਿਆਰੇ ! ਮੈਂ ਤਾਂ ਵੇਖ ਰਿਹਾ ਹਾਂ ਕਿ, ਹਰੇਕ ਘਟ ਵਿਚ ਉਸੇ ਪ੍ਰਮਾਤਮਾਂ ਦਾ ਹੀ ਪ੍ਰਕਾਸ਼ ਹੋ ਰਿਹਾ ਹੈ।੧।
3. ਹੇ ਭਾਈਓ ! (ਮੈਂ ਤਾਂ ਤੱਕ ਰਿਹਾ ਹਾਂ ਕਿ) ਸਾਰੇ ਜਗਤ ਦਾ ਮਾਲਕ, ਜੋਤ ਸਰੂਪ ਪ੍ਰਮਾਤਮਾਂ (ਆਪਣੇ ਬਣਾਏ ਜਗਤ ਵਿਚ) ਅਨੇਕ ਤਰ੍ਹਾਂ ਆਪਣਾ ਪ੍ਰਕਾਸ਼ ਕਰ ਰਿਹਾ ਹੈ।
4. ਮੈਂ ਤਾਂ ਜਿਧਰ ਭੀ ਦੇਖਦਾ ਹਾਂ, ਉਧਰ ਹੀ ਉਹ ਭਰਪੂਰ (ਦਿਸਦਾ) ਹੈ।੧।ਰਹਾਉ।

5-6. ਹੇ ਭਾਈਓ ! ਨਿਰੀ ਧਰਤ ਅਕਾਸ਼ ਹੀ ਨਹੀਂ ਸਗੋਂ ਚਾਰ ਵੇਦ, ਸਿੰਮ੍ਰਿਤੀਆਂ ਤੇ ਮੁਸਲਮਾਨੀ ਧਰਮ ਪੁਸਤਕ– ਇਹ ਸਾਰੇ ਹੀ ਪ੍ਰਮਾਤਮਾਂ ਦੀ ਜੋਤ ਨਾਲ ਪ੍ਰਗਟ ਹੋਏ ਹਨ।੨।

7. ਹੇ ਪਿਆਰੇ ! ਜੋਗ ਸਮਾਧੀ ਲਾਣ ਵਾਲਾ ਸ਼ਿਵ ਭੀ (ਪ੍ਰਭੂ ਦੀ ਜੋਤ ਦੀ ਬਰਕਤ ਨਾਲ) ਹੀ ਖਿੜਿਆ ਹੋਇਆ ਹੈ।

8. ਮੁਕਦੀ ਗੱਲ ਇਹ ਹੈ ਕਿ, ਐ ਪਿਆਰੇ) ! ਕਬੀਰ ਦਾ ਮਾਲਕ (ਪ੍ਰਭੂ) ਸਭ ਥਾਂ ਇਕੋ ਜਿਹਾ ਖਿੜ ਰਿਹਾ ਹੈ ।੩।

ਭਾਵਾਰਥ :–ਉਹ ਪ੍ਰਮਾਤਮਾਂ ਸਰਬ ਵਿਆਪਕ ਹੈ, ਉਸੇ ਦੀ ਜੋਤ ਦਾ ਪ੍ਰਕਾਸ਼ ਹਰ ਥਾਂ ਹੋ ਰਿਹਾ ਹੈ, ਕੁਦਰਤ ਵਿਚ, ਧਾਰਮਕ ਪੁਸਤਕਾਂ ਵਿਚ ਅਤੇ ਦੇਵਤਿਆਂ ਵਿਚ ਕੇਵਲ ਹਰੀ ਦਾ ਹੀ ਪ੍ਰਵੇਸ਼ ਹੋਣ ਕਰਕੇ ਇਨ੍ਹਾਂ ਦੀ ਵਡਿਆਈ ਹੋ ਰਹੀ ਹੈ ।

1. ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥
2. ਜੋਗੀ ਮਾਤੇ ਜੋਗ ਧਿਆਨ ॥
3. ਸੰਨਿਆਸੀ ਮਾਤੇ ਅਹੰਮੇਵ ॥
4. ਤਪਸੀ ਮਾਤੇ ਤਪ ਕੈ ਭੇਵ ॥੧॥
5. ਸਭ ਮਦ ਮਾਤੇ ਕੋਊ ਨ ਜਾਗ ॥
6. ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ਰਹਾਉ॥
7. ਜਾਗੈ ਸੁਕਦੇਉ ਅਰੁ ਅਕੂਰੁ ॥
8. ਹਨਵੰਤੁ ਜਾਗੈ ਧਰਿ ਲੰਕੂਰੁ ॥
9, ਸੰਕਰੁ ਜਾਗੈ ਚਰਨ ਸੇਵ ॥
10. ਕਲਿ ਜਾਗੇ ਨਾਮਾ ਜੈਦੇਵ ॥੨॥
11. ਜਾਗਤ ਸੋਵਤ ਬਹੁ ਪ੍ਰਕਾਰ ॥
12. ਗੁਰਮੁਖਿ ਜਾਗੈ ਸੋਈ ਸਾਰੁ ॥
13. ਇਸੁ ਦੇਹੀ ਕੇ ਅਧਿਕ ਕਾਮ ॥
14. ਕਹਿ ਕਬੀਰ ਭਜਿ ਰਾਮ ਨਾਮ ॥੩॥੨॥

ਪਦ ਅਰਥ :–ਜਨ–ਲੋਕ । ਮਾਤੇ–ਮੱਤੇ ਹੋਏ, ਮਸਤ ਹੋਏ, ਅਹੰਕਾਰੀ । ਪੜ੍ਹਿ–ਪੜ੍ਹ ਕੇ । ਅਹੰਮੇਵ–ਅਹੰਕਾਰ । ਭੇਵ–ਭੇਤ, ਮਰਮ ।੧।

ਸੰਗ ਹੀ–ਨਾਲ ਹੀ, ਅੰਦਰ ਹੀ । ਮੁਸਨ ਲਾਗ–ਠਗਣ ਲੱਗ ਪੈਂਦੇ ਹਨ ।੧।ਰਹਾਉ।

ਸੁਕਦੇਉ–ਵਿਆਸ ਦੇ ਇਕ ਪੁਤਰ ਦਾ ਨਾਮ ਹੈ । ਇਹ ਜੰਮਦਾ ਹੀ ਭਗਤ ਸੀ, ਇਸਨੇ ਬੜੇ ਕਠਨ ਤਪ ਕੀਤੇ । ਰਾਜਾ ਪ੍ਰੀਖਤ ਨੂੰ ਇਸੇ ਰਿਸ਼ੀ ਨੇ ਭਾਗਵਤ ਪੁਰਾਣ ਸੁਣਾਇਆ ਸੀ । ਅਕੂਰ–ਕੰਸ ਦਾ ਭਰਾ, ਕ੍ਰਿਸ਼ਨ ਜੀ ਦਾ ਮਾਮਾ -ਅਤੇ ਭਗਤ.। ਲੰਕੂਰੁ–ਪੂਛਲ । ਧਾਰਿ–ਧਾਰਕੇ ।੨।

ਬਹੁ ਪ੍ਰਕਾਰ–ਕਈ ਕਿਸਮਾਂ ਦਾ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਸਾਰੁ–ਸ੍ਰੇਸ਼ਟ । ਸੋਈ–ਉਹ ਜਾਗਣਾ । ਦੇਹੀ–ਦੇਹ ਧਾਰੀ, ਜੀਵ । ਅਧਿਕ–ਬਹੁਤ ।੩।

ਅਰਥ :–

ਪ੍ਰ:–ਕਬੀਰ ਜੀਉ ! ਕੀ ਇਹ ਪੰਡਤ, ਜੋਗੀ, ਸੰਨਿਆਸੀ ਅਤੇ ਤਪੀਏ ਲੋਕ ਨਿਰਹੰਕਾਰ ਹੋ ਜਾਂਦੇ ਹਨ । ਇਸ ਬਾਰੇ ਤੁਹਾਡੇ ਆਪਣੇ ਵੀਚਾਰ ਕੀ ਹਨ ?

1. **ਉ**:–ਹੇ ਭਾਈਓ ! ਮੈਂ ਤਾਂ ਵੇਖ ਰਿਹਾ ਹਾਂ ਕਿ, ਇਹ ਪੰਡਤ ਲੋਕ ਪੁਰਾਨ (ਆਦਿਕ ਧਰਮ ਪੁਸਤਕਾਂ) ਪੜ੍ਹ ਕੇ ਅਹੰਕਾਰੇ ਹੋਏ ਹਨ ।
2. (ਅਤੇ) ਜੋਗੀ ਜਗ ਸਾਧਨਾਂ ਦੇ ਮਾਣ ਵਿਚ ਮੱਨੇ ਹੋਏ ਹਨ ।
3. ਸੰਨਿਆਸੀ (ਸੰਨਿਆਸ ਦੇ)ਅਹੰਕਾਰ ਵਿਚ ਡੁੱਬੇ ਹੋਏ ਹਨ ।
4. (ਅਤੇ) ਤਪੀ ਲੋਕ ਇਸ ਵਾਸਤੇ ਮਸਤੇ ਹੋਏ ਹਨ ਕਿ ਉਨ੍ਹਾਂ ਨੇ ਤਪ ਦਾ ਭੇਤ ਪਾ ਲਿਆ ਹੈ ।੧।
5. ਹੇ ਪਿਆਰੇ ! ਮੈਂ ਤਾਂ ਵੇਖ ਰਿਹਾ ਹਾਂ ਕਿ, ਸਭ ਜੀਵ (ਕਿਸੇ ਨਾ ਕਿਸੇ ਵਿਕਾਰ ਵਿਚ) ਮੱਤੇ ਪਏ ਹਨ । ਕੋਈ ਭੀ ਜਾਗਦਾ ਨਹੀਂ (ਦਿਸਦਾ) ।
6. (ਤੇ) ਇਹਨਾਂ ਜੀਵਾਂ ਦੇ ਅੰਦਰੋਂ ਹੀ (ਉੱਠ ਕੇ ਕਾਂਮਾਦਿਕ) ਚੋਰ ਇਨ੍ਹਾਂ ਦਾ (ਹਿਰਦਾ ਰੂਪ) ਘਰ ਲੁੱਟ ਰਹੇ ਹਨ ।੧।ਰਹਾਉ।

ਪ੍ਰ:–ਕਬੀਰ ਜੀਉ ! ਕੀ ਤੁਹਾਡੇ ਵਿਚਾਰਾਂ ਵਿਚ ਕੋਈ ਜਗਤ ਵਿਚ ਜਾਗਦਾ ਭੀ ਹੈ, ਇਸ ਮਾਇਆ ਦੇ ਪ੍ਰਭਾਵ ਤੋਂ ਕੋਈ ਬਚਿਆ ਭੀ ਹੈ ?

7. **ਉ**:–ਹੇ ਪਿਆਰੇ ! ਮੈਂ ਤਾਂ ਵੇਖ ਰਿਹਾ ਹਾਂ ਕਿ ਵਿਰਲੇ ਹੀ ਮਾਇਆ ਦੇ ਪ੍ਰਭਾਵ ਤੋਂ ਬਚੇ ਹਨ ਜਿਵੇਂ ਕਿ, ਜਾਗਦਾ ਰਿਹਾ ਸੁਕਦੇਉ ਰਿਸ਼ੀ ਅਤੇ ਅਕੂਰ ਭਗਤ ।
8. (ਅਤੇ) ਜਾਗਦਾ ਰਿਹਾ ਹਨੂਮਾਨ. ਪੂਛਲ ਧਾਰਕੇ ਭੀ (ਭਾਵ, ਭਾਵੇਂ ਲੋਕ ਉਸਨੂੰ ਪੂਛਲ ਵਾਲਾ ਹੀ ਆਖਦੇ ਹਨ) ।
9. ਹੇ ਪਿਆਰੇ ! ਪ੍ਰਭੂ ਚਰਨਾਂ ਦੀ ਸਵਾ ਕਰਕੇ ਜਾਗਿਆ ਸ਼ਿਵ ਜੀ ।
10. (ਅਤੇ) (ਹੁਣ ਦੇ ਸਮੇਂ) ਕਲਜੁਗ ਵਿਚ ਜਾਗਦੇ ਰਹੇ ਭਗਤ ਨਾਮ ਦੇਵ ਤੇ ਜੈ ਦੇਵ ਜੀ ।੨।

ਪ੍ਰ:–ਕਬੀਰ ਜੀਉ ! ਉਹ ਜਾਗਣਾ ਅਤੇ ਸੌਣਾ ਕਿਹੜਾ ਹੈ ਜਿਸ ਦਾ ਆਪ ਜੀ ਜ਼ਿਕਰ ਕਰਦੇ ਹੋ, ਕਿਉਂਕਿ ਅਸੀਂ ਤਾਂ ਤੱਕ ਰਹੇ ਹਾਂ ਕਿ ਜਾਗਣਾ ਸੋਣਾ ਭੀ ਕਈ ਪ੍ਰਕਾਰ ਦਾ ਹੈ ?

11. **ਉ**:–ਹੇ ਭਾਈਓ ! ਸੁਣੋ, ਇਹ ਠੀਕ ਹੈ ਕਿ, ਜਾਗਣਾ ਤੇ ਸੁੱਤੇ ਰਹਿਣਾ (ਭੀ) ਕਈ ਕਿਸਮ ਦਾ ਹੈ (ਕਿਉਂਕਿ) ਚੋਰ ਭੀ ਤਾਂ ਰਾਤ ਨੂੰ ਜਾਗਦੇ ਹੀ ਹਨ ।
12. ਪਰ, ਹੇ ਭਾਈ ! ਉਹੀ ਜਾਗਣਾ ਸ੍ਰੇਸ਼ਟ ਹੈ, ਜੋ ਗੁਰਮੁਖਾਂ ਦਾ ਜਾਗਣਾ ਹੈ, (ਭਾਵ, ਜੋ ਮਨੁੱਖ ਗੁਰੂ ਦੇ ਸਨਮੁਖ ਰਹਿਕੇ ਮਾਇਆ ਦੇ ਹਲਿਆਂ ਵਲੋਂ ਸੁਚੇਤ ਰਹਿੰਦਾ ਹੈ, ਉਹੀ ਸਹੀ ਰੂਪ ਵਿਚ ਜਾਗ ਰਿਹਾ ਹੈ) ।
13. ਹੇ ਭਾਈਓ ! ਇਸ ਜੀਵ ਦੇ ਬਹੁਤੇ ਕੰਮ ਆਉਣ ਵਾਲੀ ਇਹ ਇਕੋ ਗੱਲ ਹੈ ।
14. ਕਬੀਰ (ਸਾਹਿਬ ਜੀ) ਕਹਿੰਦੇ ਹਨ ਕਿ, ਹੇ ਭਾਈ ! ਪ੍ਰਭੂ ਦਾ ਨਾਮ ਸਿਮਰ ਕੇ (ਸੁਚੇਤ ਰਹਿਣਾ ਕਰ) ।੩।੨।

ਭਾਵਾਰਥ :–ਜੇ ਮਨੁੱਖ ਪ੍ਰਭੂ ਦਾ ਨਾਮ ਵਿਸਾਰ ਦੇਵੇ, ਤਾਂ ਕਾਮਾਦਿਕ ਅਨੇਕਾਂ ਵਿਕਾਰ ਉਸ ਦੇ ਆਚਰਨ ਨੂੰ, ਆਤਮਕ ਜੀਵਨ ਨੂੰ ਗਿਰਾ ਦੇਂਦੇ ਹਨ, ਕੋਈ ਪੰਡਤ ਹੋਵੇ, ਜੋਗੀ ਹੋਵੇ, ਸੰਨਿਆਸੀ ਹੋਵੇ,ਤਪੀ ਹੋਵੇ,ਕਿਸੇ ਦਾ ਭੀ ਲਿਹਾਜ਼ ਨਹੀਂ ਕਰਦੇ ।

1. **ਜੋਇ ਖਸਮੁ ਹੈ ਜਾਇਆ ॥**
2. **ਪੂਤਿ ਬਾਪੁ ਖੇਲਾਇਆ ॥**
3. **ਬਿਨੁ ਸ੍ਰਵਣਾ ਖੀਰੁ ਪਿਲਾਇਆ ॥੧॥**
4. **ਦੇਖਹੁ ਲੋਗਾ ਕਲਿ ਕੋ ਭਾਉ ॥**
5. **ਸੁਤਿ ਮੁਕਲਾਈ ਅਪਨੀ ਮਾਉ ॥੧॥ਰਹਾਉ॥**
6. **ਪਗਾ ਬਿਨੁ ਹੁਰੀਆ ਮਾਰਤਾ ॥**
7. **ਬਦਨੈ ਬਿਨੁ ਖਿਰ ਖਿਰ ਹਾਸਤਾ ॥**
8. **ਨਿਦ੍ਰਾ ਬਿਨੁ ਨਰੁ ਪੈ ਸੋਵੈ ॥**
9. **ਬਿਨੁ ਬਾਸਨ ਖੀਰੁ ਬਿਲੋਵੈ ॥੨॥**
10. **ਬਿਨੁ ਅਸਥਨ ਗਊ ਲਵੇਰੀ ॥**
11. **ਪੈਡੇ ਬਿਨੁ ਬਾਟ ਘਨੇਰੀ ॥**
12. **ਬਿਨੁ ਸਤਿਗੁਰ ਬਾਟ ਨ ਪਾਈ ॥**
13. **ਕਹੁ ਕਬੀਰ ਸਮਝਾਈ ॥੩॥੩॥**

ਪਦ ਅਰਥ :—ਜੋਇ—ਇਸਤ੍ਰੀ (ਨੇ) । ਜਾਇਆ—ਜੰਮਿਆ, ਜਨਮ ਦਿਤਾ । ਪੂਤਿ—ਪੁਤ੍ਰ(ਮਨ ਨੇ) । ਖੇਲਾਇਆ—ਖੇਡੇ ਲਾਇਆ ਹੈ । ਸ੍ਰਵਣਾ—(ਦੁੱਧ) ਵਗਣਾ, ਸਿੰਮਣਾ । ਖੀਰ—ਦੁੱਧ ।੧।,

ਕੋ—ਦਾ । ਭਾਉ—ਪ੍ਰਭਾਵ । ਸੁਤਿ-ਪੁਤਰ ਨੇ । ਮੁਕਲਾਈ—ਵਿਆਹ ਲਈ ਹੈ । ਮਾਉ—ਮਾਂ । ਕਲਿ-ਪ੍ਰਭੂ ਤੋਂ ਵਿਛੋੜਾ, ਕਲਜੁਗ ਦਾ ਪ੍ਰਤਾਪ, ਪ੍ਰਭਾਵ ।੧।ਰਹਾਉ।

ਪਗ—ਪੈਰ । ਹੁਰੀਆ—ਛਾਲਾਂ । ਬਦਨ—ਮੂੰਹ । ਖਿਰ ਖਿਰ—ਖਿੜ ਖਿੜ । ਹਾਸਤਾ—ਹੱਸਦਾ ਹੈ । ਨਿੰਦਾ—ਮੋਹ ਦੀ ਨੀਂਦ । ਪੈ-ਬੇ-ਪ੍ਰਵਾਹ ਹੋ ਕੇ, ਲੰਮੀ ਤਾਣ ਕੇ ,। ਬਾਸਨ—ਭਾਂਡਾ । ਬਿਲੋਵੈ—ਰਿੜਕਦਾ ਹੈ ।੨।

ਅਸਥਨ—ਥਣ । ਗਊ—ਮਾਇਆ ਰੂਪ ਗਾਂ । ਬਿਨੁ ਅਸਥਨ—ਥਣਾਂ ਤੋਂ ਬਿਨਾਂ ਹੈ (ਭਾਵ, ਇਸ ਮਾਇਆ ਪਾਸੋਂ ਸੁਖ ਨਹੀਂ ਮਿਲਦੇ) । ਪੈਡੇ ਬਿਨੁ -ਇਸ ਦਾ ਅਸਲਾ ਤਾਂ ਐਸਾ ਹੈ ਕਿ ਇਸਨੂੰ) ਕੋਈ ਪੈਂਡਾ ਨਹੀਂ । ਬਾਟ ਘਨੇਰੀ—ਲੰਮੀ ਵਾਟ । ਬਾਟ—ਜੀਵਨ ਦਾ ਸਹੀ ਰਸਤਾ ।੩।

ਅਰਥ :—

ਪ੍ਰ:—ਕਬੀਰ ਜੀਉ, ਇਸ ਜਗਤ ਦੇ ਜੀਵਾਂ ਉਤੇ ਕਲਜੁਗ ਦੇ ਪੈ ਰਹੇ ਪ੍ਰਭਾਵ ਦਾ ਸਨਾਤਨ ਪੁਸਤਕਾਂ ਵਿਚ ਕਈ ਪ੍ਰਕਾਰ ਦਾ ਜ਼ਿਕਰ ਆਉਂਦਾ ਹੈ, ਪਰ ਇਸ ਬਾਰੇ ਤੁਹਾਡੇ ਆਪਣੇ ਕੀ ਵੀਚਾਰ ਹਨ ?

1. ਉ:—ਹੇ ਭਾਈਓ ! ਜਦ ਮੈਂ ਵੀਚਾਰ ਦ੍ਰਿਸ਼ਟੀ ਨਾਲ ਤੱਕਦਾ ਹਾਂ ਤਾਂ ਮੈਨੂੰ ਇਸ ਕਲਜੁਗ ਦਾ ਪੈ ਰਿਹਾ ਪ੍ਰਭਾਵ ਇਉਂ ਹੀ ਪ੍ਰਤੀਤ ਹੋ ਰਿਹਾ ਹੈ ਕਿ ਜਿਵੇਂ ਕਿਸੇ ਇਸਤ੍ਰੀ ਨੇ ਖਸਮ ਨੂੰ ਜਨਮ ਦਿਤਾ ਹੈ । (ਭਾਵ, ਹੈ ਕਿ ਜਿਸ ਮਨ ਨੂੰ ਮਾਇਆ ਨੇ ਜਨਮ ਦਿਤਾ ਹੈ, ਉਹੀ ਇਸਨੂੰ ਭੋਗਣਹਾਰਾ ਬਣ ਜਾਂਦਾ ਹੈ) ।

2. ਹੇ ਪਿਆਰੇ ! ਜਾਂ ਇਉਂ ਹੀ ਜਾਣੋ ਕਿ, ਮਨ ਪੁਤਰ ਨੇ ਪਿਉ ਜੀਵਾਤਮਾਂ ਨੂੰ ਖੇਡੇ ਲਾਇਆ ਹੋਇਆ ਹੈ ।

3. ਹੇ ਭਾਈਓ ! ਮੈਂ ਤਾਂ ਇਉਂ ਭੀ ਤੱਕਦਾ ਹਾਂ ਕਿ; (ਇਹ ਮਨ) ਥਣਾਂ ਤੋਂ ਬਿਨਾਂ ਹੀ (ਜੀਵਾਤਮਾਂ ਨੂੰ) ਦੁੱਧ ਪਿਲਾ ਰਿਹਾ ਹੈ, (ਭਾਵ, ਨ ਸਵੰਤ ਪਦਾਰਥਾਂ ਦੇ ਸੁਆਦ ਵਿਚ ਪਾ ਰਿਹਾ ਹੈ) ।੧।

4. ਹੇ ਲੋਕੋ, ਵੇਖੋ ਕਲਯੁਗ ਦਾ ਅਜਬ ਹੀ ਪ੍ਰਭਾਵ ਪੈ ਰਿਹਾ ਹੈ, (ਭਾਵ ਹੈ ਕਿ, ਪ੍ਰਭੂ ਤੋਂ ਵਿਛੜਨ ਕਰਕੇ ਜੀਵ ਉਤੇ ਅਜੀਬ ਪ੍ਰਭਾਵ, ਦਬਾਉ ਪੈ ਰਿਹਾ ਹੈ) ।

ਪ੍ਰ:—ਕਿਉਂ ਜੀ, ਉਹ ਕਿਵੇਂ ?

5. ਉ:—ਹੇ ਭਾਈਓ ! ਮੈਂ ਤਾਂ ਵੇਖ ਰਿਹਾ ਹਾਂ ਕਿ, (ਮਨ ਰੂਪ) ਪੁਤਰ ਨੇ ਆਪਣੀ ਮਾਂ (ਮਾਇਆ) ਨੂੰ ਵਿਆਹ ਲਿਆ ਹੈ ।੧।ਰਹਾਉ।

6 ਹੇ ਪਿਆਰੇ, ਮੈਂ ਤਾਂ ਹੋਰ ਭੀ ਕਲਯੁਗ ਦਾ ਬਹੁਤ ਵੱਡਾ ਦਬਾਉ ਤੱਕ ਰਿਹਾ ਹਾਂ ਕਿ, (ਇਸ਼ (ਮਨ ਦੇ) ਕੋਈ ਪੈਰ ਨਹੀਂ ਹਨ, ਪਰ ਛਾਲਾਂ ਮਾਰਦਾ ਫਿਰਦਾ ਹੈ ।

7. (ਅਤੇ) ਇਸ ਮਨ ਦਾ ਮੂੰਹ ਨਹੀਂ ਹੈ, ਪਰ ਖਿੜ ਖਿੜ ਹੱਸਦਾ ਫਿਰਦਾ ਹੈ ।

8. ਹੇ ਭਾਈਓ ! ਹੋਰ ਸੁਣੋ ਕਿ, ਜੀਵ ਦਾ ਅਸਲਾ ਤਾਂ ਐਸਾ ਹੈ ਕਿ ਇਸਨੂੰ ਮਾਇਆ ਦੀ ਨੀਂਦ ਨਹੀਂ ਵਿਆਪ ਸਕਦੀ ਸੀ. ਪਰ (ਕਲਿ ਕੋ ਭਾਉ ਵੇਖੋ) ਜੀਵ ਲੰਮੀ ਤਾਣ ਕੇ ਸੁਤਾ ਪਿਆ ਹੈ ।

9. ਤੇ ਭਾਂਡੇ ਤੋਂ ਬਿਨਾ ਦੁੱਧ ਰਿੜਕ ਰਿਹਾ ਹੈ, (ਭਾਵ, ਸ਼ੇਖ ਚਿਲੀ ਵਾਂਗ ਐਵੇਂ ਵਿਅਰਥ ਘਾੜਤਾਂ ਘੜਦਾ ਰਹਿੰਦਾ ਹੈ ।੨।

10. ਹੇ ਪਿਆਰੇ ! ਹੋਰ ਸੁਣੋ, ਇਸ ਮਾਇਆ ਰੂਪ ਗਾਂ ਪਾਸੋਂ ਸੁਖ ਤਾਂ ਨਹੀਂ ਮਿਲ ਸਕਦੇ । ਪਰ ਇਹ (ਮਨ ਨੂੰ) ਝੂਠੇ ਪਦਾਰਥਾਂ ਰੂਪ ਦੁੱਧ ਵਿਚ ਮੋਹ ਰਹੀ ਹੈ ।

11. ਹੇ ਭਾਈ ! ਆਪਣੇ ਅਸਲੇ ਅਨੁਸਾਰ ਤਾਂ ਇਸ ਜੀਵ ਨੂੰ ਕੋਈ ਭਟਕਣਾ ਨਹੀਂ ਸੀ ਚਾਹੀਦੀ, ਪਰ (ਕਲਿ ਕੋ ਭਾਉ ਵੇਖੋ) ਲੰਮੇ ਪੈਂਡੇ (ਚੌਰਾਸੀ ਦੇ ਗੇੜ ਵਿਚ) ਪਿਆ ਹੋਇਆ ਹੈ ।

ਪ੍ਰ:—ਕਬੀਰ ਜੀਉ ! ਤੁਸਾਂ ਆਪਣਾ ਸ਼ਹੀ ਸਿਧਾਂਤ ਕੀ ਸਮਝਾਉਣਾ ਚਾਹੁੰਦੇ ਹੋ ?

12. ਉ:—ਹੇ ਭਾਈ ! ਮੈਂ ਤਾਂ ਇਹੋ ਹੀ ਕਹਿਣਾ ਚਾਹੁੰਦਾ ਹਾਂ ਕਿ, ਸਤਿਗੁਰੂ ਤੋਂ ਬਿਨਾ ਜੀਵਨ ਸਫਰ ਦਾ ਸਹੀ ਰਸਤਾ ਨਹੀਂ ਲੱਭ ਸਕਦਾ ।

13. ਬੱਸ, ਮੈਂ ਕਬੀਰ ਤਾਂ ਜਗਤ ਨੂੰ ਇਹੋ ਹੀ ਗੱਲ ਸਮਝਾਉਣਾ ਚਾਹੁੰਦਾ ਹਾਂ ।੩।੩।

ਭਾਵਾਰਥ :—ਇਸ ਸਾਰੇ ਸ਼ਬਦ ਵਿਚ ਕਬੀਰ ਜੀ

ਮਾਇਆ ਦੇ ਪ੍ਰਭਾਵ ਦਾ ਹਾਲ ਦਸ ਰਹੇ ਹਨ, ਮਾਇਆ ਵੇਹੜੇ ਜੀਵ ਦੀ ਦਸ਼ਾ ਬਿਆਨ ਕਰ ਰਹੇ ਹਨ ਅਤੇ ਇਹ ਭੀ ਸਿਧਾਂਤ ਅੰਕਤ ਕਰਦੇ ਹਨ ਕਿ ਗੁਰੂ ਦੀ ਰਹਿਬਰੀ ਤੋਂ ਬਿਨਾ ਮਨ ਮਾਇਆ ਦੀ ਨੀਂਦ ਵਿਚ ਸੁਤਾ ਰਹਿੰਦਾ ਹੈ।

ਇਹੋ ਹੀ ਕਲਯੁਗ ਦਾ ਪ੍ਰਭਾਵ ਹੈ।

1. ਪ੍ਰਹਲਾਦ ਪਠਾਏ ਪੜਨ ਸਾਲ ॥
2. ਸੰਗਿ ਸਖਾ ਬਹੁ ਲੀਏ ਬਾਲ ॥
3. ਮੋਕਉ ਕਹਾ ਪੜ੍ਹਾਵਸਿ ਆਲ ਜਾਲ ॥
4. ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੁੋਪਾਲ ॥੧॥
5. ਨਹੀ ਛੋਡਉ ਰੇ ਬਾਬਾ ਰਾਮ ਨਾਮ ॥
6. ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥੧॥ਰਹਾਉ॥
7. ਸੰਡੈ ਮਰਕੈ ਕਹਿਓ ਜਾਇ ॥
8. ਪ੍ਰਹਲਾਦ ਬੁਲਾਏ ਬੇਗਿ ਧਾਇ ॥
9. ਤੂ ਰਾਮ ਕਹਨ ਕੀ ਛੋਡੁ ਬਾਨਿ ॥
10. ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥
11, ਮੋਕਉ ਕਹਾ ਸਤਾਵਹੁ ਬਾਰ ਬਾਰ ॥
12. ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥
13. ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥
14. ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥
15. ਕਾਢਿ ਖੜਗੁ ਕੋਪਿਓ ਰਿਸਾਇ ॥
16 ਤੁਝ ਰਾਖਨਹਾਰੋ ਮੋਹਿ ਬਤਾਇ ॥
17. ਪ੍ਰਭ ਥੰਮ ਤੇ ਨਿਕਸੇ ਕੈ ਬਿਸਥਾਰ ॥
18, ਹਰਨਾਖਸੁ ਛੇਦਿਓ ਨਖ ਬਿਦਾਰ ॥੪॥
19. ਓਇ ਪਰਮ ਪੁਰਖ ਦੇਵਾਧਿ ਦੇਵ ॥
20. ਭਗਤਿ ਹੇਤਿ ਨਰ ਸਿੰਘ ਭੇਵ ॥
21. ਕਹਿ ਕਬੀਰ ਕੋ ਲਖੈ ਨ ਪਾਰ ॥
22. ਪ੍ਰਹਲਾਦ ਉਧਾਰੇ ਅਨਿਕ ਬਾਰ ॥੫॥੪॥

ਪਦ ਅਰਥ :–ਪਠਾਏ–ਘੱਲਿਆ । ਪੜਨਸਾਲ–ਪਾਠਸ਼ਾਲਾ। ਸੰਗਿ–(ਆਪਣੇ) ਨਾਲ। ਸਖਾ–ਮਿੱਤਰ, ਸਾਥੀ। ਬਾਲ–ਬਾਲਕ। ਕਹਾ ਪੜ੍ਹਾਵਸਿ–ਤੂੰ ਕਿਉਂ ਪੜ੍ਹਾਉਂਦਾ ਹੈਂ ? ਆਲ ਜਾਲ–ਘਰ ਦੇ ਧੰਧੇ [ਆਲ–ਘਰ । ਜਾਲ–ਧੰਧੇ]। ਪਟੀਆ–ਨਿਕੀ ਜਿਹੀ ਪੱਟੀ। ਗੁੋਪਾਲ–[ਅੱਖਰ 'ਗ' ਦੇ ਨਾਲ ਦੋ ਲਗਾਂ ਹਨ (ੋ) ਅਤੇ (ੁ) ਅਸਲੀ ਲਫ਼ਜ਼ 'ਗੋਪਾਲ' ਹੈ। ਪਰ, ਇਥੇ 'ਗੁਪਾਲ' ਪੜ੍ਹਨਾ ਹੈ] ।੧।

ਰੇ ਬਾਬਾ–ਹੇ ਬਾਬਾ । ਛੋਡਉ–ਮੈਂ ਛੱਡਦਾ ਹਾਂ, ਮੈਂ ਛਡਾਂਗਾ। ਮੇਰੋ ਨਹੀ ਕਾਮੁ–ਮੇਰਾ ਕੋਈ ਕੰਮ ਨਹੀਂ, ਮੇਰੀ ਕੋਈ ਗ਼ਰਜ਼ ਨਹੀਂ ।੧।ਰਹਾਉ।

ਬੇਗਿ–ਛੇਤੀ । ਬੁਲਾਏ–ਸਦਵਾਇਆ । ਬਾਨਿ–ਆਦਤ। ਮਾਨਿ–ਮੰਨ ਲੈ । ਬਾਰ ਬਾਰ–ਮੁੜ ਮੁੜ। ਪ੍ਰਭਿ–ਪ੍ਰਭੂ ਨੇ। ਗਿਰਿ-ਪਹਾੜ। ਗੁਰਹਿ–ਗੁਰੂ ਨੇ। ਗਾਰਿ–ਗਾਲ। ਘਾਲਿ ਜਾਰਿ–ਸਾੜ ਦੇਹ। ਭਾਵੈ–ਚਾਹੇ । ਮਾਰਿ ਡਾਰਿ–ਮਾਰ ਦੇਹ ।੩।

ਖੜਗੁ–ਤਲਵਾਰ । ਰਿਸਾਇ–ਖਿੱਝ ਕੇ। ਕੋਪਿਓ–ਕ੍ਰੋਧ ਵਿਚ ਆਇਆ। ਮੋਹਿ–ਮੈਨੂੰ। ਬਤਾਇ–ਦੱਸ। ਤੇ–ਤੋਂ। ਨਿਕਸੇ–ਨਿਕਲ ਆਏ। ਕੈ–ਕਰਿ, ਕਰ ਕੇ। ਕੈ ਬਿਸਥਾਰ–ਵਿਸਥਾਰ ਕਰ ਕੇ, ਭਿਆਨਕ ਰੂਪ ਧਾਰ ਕੇ। ਛੇਦਿਓ–ਚੀਰ ਦਿਤਾ, ਮਾਰ ਦਿਤਾ । ਨਖ–ਨਹੁੰਆਂ ਨਾਲ। ਬਿਦਾਰ-ਪਾੜ ਕੇ ।੪।

ਦੇਵਾਧਿਦੇਵ-ਦੇਵ ਅਧਿਦੇਵ-ਦੇਵਤਿਆਂ ਦਾ ਵੱਡਾ ਦੇਵਤਾ। ਹੇਤਿ–ਖਾਤਰ । ਭਗਤਿ ਹੇਤਿ–ਭਗਤੀ ਦੀ ਖ਼ਾਤਰ, ਭਗਤੀ ਨਾਲ ਪਿਆਰ ਕਰ ਕੇ। ਭੇਵ–ਰੂਪ । ਕਹਿ–ਕਹੈ, ਆਖਦਾ ਹੈ । ਕੋ–ਕਈ ਜੀਵ । ਪਾਰ–ਅੰਤ । ਉਧਾਰੇ–ਅਨਿਕ ਬਾਰ–ਬਚਾਇਆ ਅਨੇਕਾਂ ਵਾਰੀ,ਅਨੇਕਾਂ ਕਸ਼ਟਾਂ ਤੋਂ।੫।

ਅਰਥ :–

ਪ੍ਰ:–ਕਬੀਰ ਜੀਉ ! ਜਦੋਂ ਪ੍ਰਹਿਲਾਦ ਭਗਤ ਨੂੰ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜਿਆ ਗਿਆ ਸੀ, ਪ੍ਰਹਿਲਾਦ ਦਾ ਜਿਵੇਂ ਸੰਡੇ ਮਰਕੇ ਪੜ੍ਹਾਉਣ ਵਾਲੇ ਉਸਤਾਦ ਨਾਲ ਵੀਚਾਰ ਵਟਾਂਦਰਾ ਹੋਇਆ ਹੈ, ਉਸ ਬਾਰੇ ਸਾਨੂੰ ਕੁਝ ਜਾਣਕਾਰੀ ਕਰਾਓ ?

1. **ਉ:**–ਹੇ ਭਾਈਓ ! ਸੁਣੋ, ਪ੍ਰਹਿਲਾਦ ਨੂੰ (ਉਸਦੇ ਪਿਉ ਹਰਨਾਖਸ਼ ਨੇ) ਪਾਠਸ਼ਾਲਾ ਵਿਚ ਪੜ੍ਹਨ (ਲਈ) ਘਲਿਆ।
2. ਅਤੇ (ਪ੍ਰਹਿਲਾਦ ਨੇ ਆਪਣੇ) ਨਾਲ ਕਈ (ਹੋਰ) ਬਾਲਕ ਸਾਥੀ ਲੈ ਲਏ।

ਪ੍ਰ:–ਕਿਉਂ ਜੀ, ਕੀ ਪ੍ਰਹਿਲਾਦ ਨੇ ਪਾਠਸ਼ਾਲਾ ਵਿਚ ਪੜ੍ਹਾਈ ਅਰੰਭ ਕਰ ਦਿਤੀ ਸੀ ?

3. **ਉ:**-ਹੇ ਭਾਈ ! ਉਸ ਨੇ ਪੜ੍ਹਾਈ ਤਾਂ ਕੀ ਸ਼ੁਰੂ ਕਰਨੀ ਸੀ ਉਹ ਤਾਂ ਜਦੋਂ ਪਾਂਧਾ ਕੁਝ ਹੋਰ ਉਲਟ ਪੁਲਟ ਪੜ੍ਹਾਉਣ ਲੱਗਾ ਤਾਂ ਪ੍ਰਹਿਲਾਦ ਨੇ ਆਖਿਆ, ਹੇ ਬਾਬਾ ! ਮੈਨੂੰ ਊਲ ਜਲੂਲ ਕਿਉਂ ਪੜ੍ਹਾਉਂਦਾ ਹੈਂ ?
4. ਮੇਰੀ ਇਸ ਨਿੱਕੀ ਜਿਹੀ ਪੱਟੀ ਉਤੇ (ਤੂੰ) ਸ੍ਰੀ ਗੋਪਾਲ, ਸ੍ਰੀ 'ਗੁਪਾਲ' ਲਿਖ ਦੇਹ ।੧।

ਪ੍ਰ:–ਪਾਂਧੇ ਨੇ ਕਿਹਾ ਕਿ ਐ ਪ੍ਰਹਿਲਾਦ ! ਤੂੰ ਇਸ ਪਾਠਸ਼ਾਲਾ ਦੀ ਪੜ੍ਹਾਈ ਨੂੰ ਊਲ ਜਲੂਲ ਕਹਿੰਦਾ ਹੈਂ ਤੂੰ, ਦਸ ਇਸ ਤੋਂ ਵੱਖਰੀ ਹੋਰ ਕਿਹੜੀ ਚੰਗੀ ਪੜ੍ਹਾਈ ਪੜ੍ਹਨਾ ਚਾਹੁੰਦਾ ਹੈਂ ?

5. **ਉ:**–ਹੇ ਬਾਬਾ ! ਮੇਰੀ ਅਸਲ ਪੜ੍ਹਾਈ ਤਾਂ ਕੇਵਲ ਪ੍ਰਮਾਤਮਾਂ ਦਾ ਨਾਮ ਹੀ ਹੈ, ਸੋ, ਨਾਮ ਸਿਮਰਨ ਦੀ (ਪੜ੍ਹਾਈ ਮੈਂ) ਨਹੀਂ ਛੱਡਾਂਗਾ।
6. (ਇਸ ਲਈ) ਹੇ ਬਾਬਾ ! ਨਾਮ ਤੋਂ ਬਿਨਾਂ ਕੋਈ ਹੋਰ ਗੱਲ ਪੜ੍ਹਨ ਨਾਲ ਮੇਰਾ ਕੋਈ ਵਾਸਤਾ ਹੀ ਨਹੀਂ ਹੈ ।੧।ਰਹਾਉ।

ਪ੍ਰ:– ਕਿਉਂ ਜੀ ! ਆਖਰ ਫਿਰ ਕੀ ਹੋਇਆ ?

7. ਉ:–ਹੇ ਭਾਈਓ ! ਤਾਂ (ਪ੍ਰਹਿਲਾਦ ਦੇ ਅਧਿਆਪਕ) ਡੰਡੇ ਮਰਕੇ (ਅਮਰਕ) ਨੇ ਹਰਨਾਖਸ਼ ਨੂੰ ਇਹ ਗੱਲ ਕਹਿ ਦਿੱਤੀ।

8. (ਤਾਂ ਉਸ ਹਰਨਾਖਸ਼ ਨੇ) ਛੇਤੀ ਨਾਲ ਪ੍ਰਹਿਲਾਦ ਨੂੰ ਸੱਦ ਘਲਿਆ।

9. (ਤਦੋਂ ਪਾਂਧੇ ਨੇ ਪ੍ਰਹਿਲਾਦ ਨੂੰ ਸਮਝਾਇਆ ਕਿ) ਤੂੰ ਪ੍ਰਮਾਤਮਾਂ ਦੇ ਨਾਮ ਸਿਮਰਨ ਦੀ ਆਦਿਤ (ਨੂੰ) ਛੱਡ ਦੇਹ।

10. ਤੂੰ ਮੇਰਾ ਆਖਿਆ ਮੰਨ ਲੈ, ਮੈਂ ਤੈਨੂੰ ਤੁਰੰਤ (ਹੀ) ਛਡਾ ਲਵਾਂਗਾ ।੨।

ਪ੍ਰ:–ਕਿਉਂ ਜੀ ! ਕੀ ਉਸ ਪਾਂਧੇ ਦੇ ਕਹਿਣ ਦਾ ਪ੍ਰਹਿਲਾਦ ਨੂੰ ਕੋਈ ਅਸਰ ਹੋਇਆ ?

11. ਉ:–ਹੇ ਭਾਈ ! ਉਸ ਨੂੰ ਅਸਰ ਤਾਂ ਕੀ ਹੋਣਾ ਸੀ, ਸਗੋਂ ਪ੍ਰਹਿਲਾਦ ਨੇ ਤਾਂ ਨਿਧੱੜਕ ਹੋ ਕੇ ਇਉਂ ਉੱਤਰ ਦਿੱਤਾ, ਕਿ ਐ ਪਾਂਧਾ, ਇਹ ਗੱਲ ਕਹਿ ਕੇ ਮੈਨੂੰ ਮੁੜ ਮੁੜ ਕਿਉਂ ਸਤਾਉਂਦੇ ਹੋ, ਦਿੱਕ ਕਰਦੇ ਹੋ ?

12. ਹੇ ਪਾਂਧਾ ਜੀ ਸੁਣੋ ! ਜਿਸ ਪ੍ਰਭੂ ਨੇ ਪਾਣੀ, ਧਰਤੀ, ਪਹਾੜ ਆਦਿਕ ਸਾਰੀ ਸ੍ਰਿਸ਼ਟੀ ਬਣਾਈ ਹੈ।

13. ਮੈਂ ਉਸ ਰਾਮ ਨੂੰ ਸਿਮਰਨਾ ਨਹੀਂ ਛੱਡਾਂਗਾ (ਕਿਉਂਕਿ) ਉਸ ਨੂੰ ਛਡਿਆਂ ਮੇਰੇ ਗੁਰੂ ਗ੍ਰਾਲ ਲੱਗਦੀ ਹੈ, (ਭਾਵ ਮੇਰੇ ਗੁਰੂ ਦੀ ਬਦਨਾਮੀ ਹੁੰਦੀ ਹੈ)।

ਪ੍ਰ:–ਹੇ ਪ੍ਰਹਿਲਾਦ ਕੀ ਤੈਨੂੰ ਮਰਨ ਦਾ ਕੋਈ ਡਰ ਭੈ ਨਹੀਂ ਹੈ ?

14. ਉ:–ਮੈਨੂੰ ਭਾਵੇਂ ਸਾੜ ਭੀ ਦੇਹ ਚਾਹੇ ਮਾਰ ਦੇਹ। (ਪਰ, ਮੈਂ ਰਾਮ ਨਾਮ ਦਾ ਸਿਮਰਨ ਨਹੀਂ ਛੱਡਾਂਗਾ) ।੩।

ਪ੍ਰ:–ਕਿਉਂ ਜੀ ! ਆਖਰ ਹੋਇਆ ਕੀ ?

15. ਉ।–ਹੇ ਭਾਈਓ ! (ਹਰਨਾਖਸ਼) ਖਿੱਝ ਕੇ ਕ੍ਰੋਧ ਵਿਚ ਆਇਆ, ਤਲਵਾਰ (ਮਿਆਨੋ) ਕੱਢ ਕੇ (ਆਖਣ ਲੱਗਾ)।

16. ਤੂੰ (ਮੈਨੂੰ) ਹੁਣ ਉਹ ਦੱਸ, ਜੋ ਤੈਨੂੰ ਬਚਾਉਣ ਵਾਲਾ ਹੈ।

17, ਬੱਸ ! ਇਹੋ ਗੱਲ ਕਹਿਣ ਦੀ ਦੇਰ ਸੀ, ਪ੍ਰਭੂ ਭਿਆਨਕ ਰੂਪ ਧਾਰ ਕੇ ਥੰਮ੍ਹ ਵਿਚੋਂ ਨਿਕਲ ਆਇਆ।

18. (ਤੇ) ਉਸਨੇ ਆਪਣੇ ਨਹੁੰਆਂ ਨਾਲ ਚੀਰ ਕੇ ਹਰਨਾਖਸ਼ ਨੂੰ ਮਾਰ ਦਿੱਤਾ ।੪।

19. ਕਬੀਰ ਜੀ ! ਆਖਦਾ ਹੈ, ਕਿ ਹੇ ਭਾਈਓ, ਪ੍ਰਭੂ ਜੀ ਪਰਮ ਪੁਰਖ ਹਨ, ਦੇਵਤਿਆਂ ਦੇ ਭੀ ਵੱਡੇ ਦੇਵਤੇ ਹਨ।

20 ਪ੍ਰਹਿਲਾਦ ਦੀ ਭਗਤੀ ਨਾਲ ਪਿਆਰ ਕਰ ਕੇ ਪ੍ਰਭੂ ਨੇ ਨਰ ਸਿੰਘ ਦਾ ਰੂਪ ਧਾਰਨ ਕੀਤਾ।

21. ਕਬੀਰ ਜੀ ਕਹਿੰਦੇ ਹਨ ਕਿ. ਹੇ ਭਾਈ ! ਕੋਈ ਜੀਵ ਉਸ ਪ੍ਰਭੂ ਦੀ ਤਾਕਤ ਦਾ ਅੰਤ ਨਹੀਂ ਪਾ ਸਕਦਾ।

22. (ਉਸਨੇ) ਪ੍ਰਹਿਲਾਦ ਨੂੰ ਅਨੇਕਾਂ ਹੀ ਕਸ਼ਟਾਂ ਤੋ ਬਚਾਇਆ ਹੈ ।੫।੪।

ਭਾਵਾਰਥ : ਪ੍ਰਹਿਲਾਦ ਭਗਤ ਦੀ ਮਿਸਾਲ ਲੈ ਦਸਦੇ ਹਨ ਕਿ ਗੁਰੂ ਦਾ ਦ੍ਰਿੜ੍ਹ ਕਰਾਇਆ ਉਪਦੇਸ਼ ਭਗਤਾਂ ਨੂੰ ਨਹੀਂ ਭੁੱਲਦਾ ਅਤੇ ਹਰੀ ਨਾਮ ਲਈ ਵੱਡੀ ਤੋਂ ਵੱਡੀ ਕੁਰਬਾਨਾ ਕਰਾਉਣ ਲਈ ਤਿਆਰ ਕਰ ਦੇਂਦਾ ਹੈ। ਨਿਰਭਉ ਪ੍ਰਭੂ ਦੀ ਸਿਮਰਨ ਕੀਤਿਆਂ ਮਨੁੱਖ ਦੇ ਅੰਦਰ ਨਿਰਭੈਤਾ ਆ ਜਾਂਦੀ ਹੈ।

1. ਇਸੁ ਤਨ ਮਨ ਮਧੇ ਮਦਨ ਚੋਰ ॥
2. ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥
3 ਮੈ ਅਨਾਥੁ ਪ੍ਰਭ ਕਹਉ ਕਾਹਿ ।
4. ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥
5. ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥
6. ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ਰਹਾਉ॥
7. ਸਨਕ ਸਨੰਦਨ ਸਿਵ ਸੁਕਾਦਿ ॥
8. ਨਾਭਿ ਕਮਲ ਜਾਨੇ ਬ੍ਰਹਮਾਦਿ ॥
9. ਕਬਿ ਜਨ ਜੋਗੀ ਜਟਾਧਾਰਿ ॥
10. ਸਭ ਆਪਨ ਅਉਸਰ ਚਲੇ ਸਾਰਿ ॥੨॥
11. ਤੁ ਅਥਾਹੁ ਮੋਹਿ ਥਾਹ ਨਾਹਿ ॥
12. ਪ੍ਰਭ ਦੀਨਾਨਾਥ ਦੁਖੁ ਕਹਉ ਕਾਹਿ ॥
13. ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥
14. ਸੁਖ ਸਾਗਰ ਗੁਨ ਰਉ ਕਬੀਰ ॥੩॥੫॥

ਪਦ ਅਰਥ :–ਮਧੇ–ਵਿਚ । ਮਦਨ–ਕਾਮਦੇਵ । ਜਿਨਿ–ਜਿਸ (ਕਾਮਦੇਵ ਨੇ)। ਹਰਿ ਲੀਨ–ਚੁਰਾ ਲਿਆ ਹੈ। ਮੋਰ–ਮੇਰਾ । ਅਨਾਥੁ–ਆਜਜ਼ । ਕਹਉ ਕਾਹਿ–ਮੈਂ ਕਿਸਨੂੰ ਆਖਾਂ ? ਕੋ–ਕੌਣ ? ਮੈ ਕੋ ਆਹਿ–ਮੈਂ ਕੌਣ ਹਾਂ ? ਮੇਰੀ ਕੀ ਪਾਇਆਂ ਹੈ ?

ਦਾਰੁਨ–ਭਿਆਨਕ, ਡਰਾਉਣਾ। ਮੇਰੋ ਕਹਾ ਬਸਾਇ– ਮੇਰਾ ਕੀ ਵੱਸ ਚਲ ਸਕਦਾ ਹੈ ? ਮੇਰੀ ਕੋਈ ਪੇਸ਼ ਨਹੀਂ ਜਾਂਦੀ। ਚਪਲ–ਚੰਚਲ। ਸਿਉ–ਨਾਲ ।੧।ਰਹਾਉ।

ਸੁਕਾਦਿ–ਸੁਕਦੇਵ ਆਦਿਕ। ਨਾਭਿ ਕਮਲ ਜਾਨੇ– ਕਮਲ ਦੀ ਨਾਭੀ ਤੋਂ ਜਣੇ ਹੋਏ। ਬ੍ਰਹਮਾਦਿ–ਬ੍ਰਹਮਾਂ ਆਦਿਕ। ਕਬਿ–ਕਵੀ। ਅਉਸਰ–ਸਮਾਂ। ਅਉਸਰ ਸਾਰਿ–ਸਮਾਂ ਸੰਭਾਲ ਕੇ, ਸਮਾਂ ਲੰਘਾ ਕੇ ('ਕੰਮ' ਤੋਂ ਡਰਦੇ) ਦਿਨ ਕਟੀ ਕਰਕੇ ।੨।

ਮੋਹਿ–ਮੈਨੂੰ। ਥਾਹ–(ਤੇਰੇ ਗੁਣਾਂ ਦੀ) ਹਾਥ। ਕਹਉ ਕਾਹਿ–ਕਿਸਨੂੰ ਦਸਾਂ ? ਆਥਿ–ਮਾਇਆ। ਜਨਮ ਮਰਨ ਦੁਖੁ– ਜਨਮ ਤੋਂ ਲੈ ਕੇ ਮਰਨ ਤੱਕ ਦਾ ਦੁੱਖ ਸਾਰੀ ਉਮਰ ਦਾ ਦੁਖ। ਧੀਰ–ਮੱਠਾ ਕਰ, ਹਟਾ। ਸੁਖ ਸਾਗਰ ਹੇ ਸੁਖਾਂ ਦੇ ਸਾਗਰ। ਰਉ–ਰਵਾਂ, ਸਿਮਰਾਂ ।੩।

ਅਰਥ:–

ਪ੍ਰ–ਕਬੀਰ ਜੀਉ ! ਮੇਰੇ ਮਨ ਅੰਦਰ ਹਰ ਸਮੇਂ ਹੀ ਬਲਵਾਨ ਕਾਮ ਦੀ ਵਾਸ਼ਨਾ ਵੱਸ ਰਹੀ ਹੈ, ਜਿਸ ਕਰਕੇ ਮੈਨੂੰ ਆਪਣੇ ਆਪ ਦੀ ਸੋਝੀ ਨਹੀਂ ਹੋ ਰਹੀ ਦਸੋ ਮੈਂ ਕੀ ਸਾਧਨ ਕਰਾਂ ?

1. ਉ:–ਹੇ ਭਾਈ ! ਇਸ ਕਾਮ ਦੀ ਬਲਵਾਨ ਵਾਸ਼ਨਾਂ ਤੋਂ ਬਚਣ ਲਈ ਤਾਂ ਕੇਵਲ ਇਕੋ ਹੀ ਸਾਧਨ ਅਰਦਾਸ ਹੈ ਉਹ

ਹਰ ਵਕਤ ਹੀ ਇਉਂ ਕਰਦਾ ਰਹੁ ਕਿ, ਹੇ ਪ੍ਰਭੂ ਜੀਉ, ਮੇਰੀ ਚੰਚਲ ਬੁਧੀ ਦੇ ਕਾਰਨ ਹੁਣ ਮੇਰੇ ਇਸ ਤਨ ਮਨ ਵਿਚ ਕਾਮਦੇਵ ਚੋਰ ਆ ਵਸਿਆ ਹੈ।

2. ਜਿਸ ਨੇ ਗਿਆਨ ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ, (ਭਾਵ ਜਿਸਨੇ ਮੇਰੀ ਸਮਝ ਨੂੰ ਹੀ ਵਿਗਾੜ ਦਿਤਾ ਹੈ)।
3. (ਇਸ ਲਈ) ਹੇ ਪ੍ਰਭੂ, ਮੈਂ (ਬੜਾ ਹੀ) ਆਜਜ਼ ਹੋ ਗਿਆ ਹਾਂ (ਹੁਣ ਤੈਥੋਂ ਬਿਨਾ ਆਪਣਾ ਦੁੱਖ ਹੋਰ) ਕਿਸਨੂੰ ਦੱਸਾਂ ?
4. ਹੇ ਸਾਈਆਂ ਜੀਉ, ਮੈਂ ਤਾਂ ਇਹ ਭੀ ਸੁਣਦਾ ਆ ਰਿਹਾ ਹਾਂ ਕਿ, ਇਸ ਕਾਮ ਦੇ ਹੱਥੋਂ ਕੌਣ ਕੌਣ ਖੁਆਰ ਨਹੀਂ ਹੋਇਆ ? ਮੇਰੀ (ਗਰੀਬ) ਦੀ ਕੀ ਪਾਇਆਂ ਹੈ ? ।੧।
5. ਹੇ ਮੇਰੇ ਮਾਧੋ, ਇਹ ਡਾਢਾ ਭਿਆਨਕ ਦੁਖ (ਹੁਣ) ਮੈਥੋਂ ਸਹਾਰਿਆ ਨਹੀਂ ਜਾਂਦਾ।
6. (ਅਤੇ) ਮੇਰੀ, ਆਪਣੀ ਚੰਚਲ ਮੱਤ ਅਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ।੧।ਰਹਾਉ।
7. ਹੇ ਪ੍ਰਭੂ ਜੀਉ ! ਮੈਂ ਤਾਂ ਇਉਂ ਸੁਣਦਾ ਆ ਰਿਹਾ ਹਾਂ ਕਿ, ਸਨਕ, ਸਨੰਦਨ, ਸ਼ਿਵ, ਸੁਕਦੇਵ ਵਰਗੇ (ਵਡੇ ਵਡੇ ਰਿਸ਼ੀ ਤਪੀ)।
8. ਕਮਲ ਦੀ ਨਾਭੀ ਤੋਂ ਜਣੇ ਹੋਏ ਬ੍ਰਹਮਾ ਆਦਿਕ।
9. ਕਵੀ ਲੋਕ, ਜੋਗੀ ਤੇ ਜਟਾਧਾਰੀ ਸਾਧੂ।
10. ਇਹ ਸਭ (ਕਾਮ ਤੋਂ ਡਰਦੇ ਡਰਦੇ) ਆਪੋ ਆਪਣੇ ਵੇਲੇ ਦਿਨ ਕੱਟੀ ਕਰ ਕੇ ਚਲੇ ਗਏ।੨।

ਪ੍ਰ:—ਹੇ ਕਬੀਰ ਜੀਉ ! ਇਸ ਕਾਮ ਵਾਸ਼ਨਾਂ ਤੋਂ ਬਚੇ ਰਹਿਣ ਦਾ ਆਖਰ ਸਾਧਨ ਕੀ ਹੈ ?

11. ਉ:-ਹੇ ਭਾਈਓ ! ਕਾਮਾਦਿਕ ਵਿਕਾਰਾਂ ਤੋਂ ਬਚਣ ਲਈ ਇਕੋ ਹੀ ਪ੍ਰਭੂ ਦਾ ਆਸਰਾ ਹੈ, ਉਸੇ ਅਗੇ ਇਉਂ ਅਰਜੋਈ ਕਰ, ਕਿ ਹੇ ਪ੍ਰਭੂ, ਤੂੰ ਬੜੇ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ) ਹਾਥ ਨਹੀਂ ਪਾ ਸਕਦਾ।
12. ਹੇ ਦੀਨਾ ਨਾਥ ਪ੍ਰਭੂ, ਮੈਂ ਹੋਰ ਕਿਸ ਅਗੇ ਅਰਜੋਈਂ ਕਰਾਂ ?
13. ਹੇ ਸਾਈਆਂ ਜੀਓ ! ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁਖ ਦੂਰ ਕਰ।
14. ਕਬੀਰ ਜੀ ਕਥਨ ਕਰਦੇ ਹਨ ਕਿ, ਹੇ ਸੁਖਾਂ ਦੇ ਸਾਗਰ ਪ੍ਰਭੂ ਜੀਉ, ਤਾਂ ਕਿ ਮੈਂ ਤੇਰੇ ਗੁਣ ਚੇਤੇ ਕਰ ਸਕਾਂ।੩।੫।

ਭਾਵਾਰਥ :-ਮਨ ਨੂੰ ਰੱਬ ਵਲੋਂ ਰੋਕ ਪਉਣ ਵਾਲੀਆਂ ਕਾਮਾਦਿਕ ਦੀਆਂ ਕਈ ਖਿੱਚਾਂ ਹਨ, ਜਿਨ੍ਹਾਂ ਤੋਂ ਵੱਡੇ ਵੱਡੇ ਰਿਸ਼ੀ ਮੁਨੀ ਭੀ ਨਹੀਂ ਬਚ ਸਕੇ, ਸੋ ਮਾਇਆ ਦੇ ਸੂਰਬੀਰ ਕਾਮਾਦਿਕਾਂ ਤੋਂ ਬਚਣ ਲਈ ਇਕੋ ਇੱਕ ਰਸਤਾ ਹੈ। ਉਹ ਇਹ ਕਿ ਪ੍ਰਭੂ ਦੇ ਦਰ ਤੇ ਡਿੱਗ ਕੇ ਉਸ ਪਾਸੋਂ ਉਸ ਦੇ ਸਿਮਰਨ ਦੀ ਦਾਤ ਮੰਗੀਏ।

1. ਨਾਇਕੁ ਏਕੁ ਬਨਜਾਰੇ ਪਾਚ ॥
2. ਬਰਧ ਪਚੀਸਕ ਸੰਗੁ ਕਾਚ ॥
3. ਨਉ ਬਹੀਆਂ ਦਸ ਗੋਨਿ ਆਹਿ ॥
4. ਕਸਨਿ ਬਹਤਰਿ ਲਾਗੀ ਤਾਹਿ ॥੧॥
5. ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥
6. ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ਰਹਾਉ॥
7. ਸਾਤ ਸੂਤ ਮਿਲਿ ਬਨਜੁ ਕੀਨ ॥
8. ਕਰਮ ਭਾਵਨੀ ਸੰਗ ਲੀਨ ॥
9. ਤੀਨਿ ਜਗਾਤੀ ਕਰਤ ਰਾਰਿ ॥
10. ਚਲੋ ਬਨਜਾਰਾ ਹਾਥ ਝਾਰਿ ॥੨॥
11. ਪੂੰਜੀ ਹਿਰਾਨੀ ਬਨਜੁ ਟੂਟ ॥
12. ਦਹਦਿਸ ਟਾਂਡੋ ਗਇਓ ਫੂਟਿ ॥
13. ਕਹਿ ਕਬੀਰ ਮਨ ਸਰਸੀ ਕਾਜ ॥
14. ਸਹਜ ਸਮਾਨੋ ਤ ਭਰਮ ਭਾਜ ॥੩॥੬॥

ਪਦ ਅਰਥ :—ਨਾਇਕੁ—ਸ਼ਾਹ (ਜੀਵ)। ਬਨਜਾਰੇ—ਵਣਜ ਕਰਨ ਵਾਲੇ ਵਪਾਰੀ। ਪਾਚ—ਪੰਜ ਗਿਆਨ ਇੰਦਰੇ। ਬਰਧ—ਬਲਦ। ਪਚੀਸਕ—ਪੰਝੀ (ਪ੍ਰਕ੍ਰਿਤੀਆਂ)। ਸੰਗੁ—ਸਾਥ। ਕਾਚ—ਕੱਚਾ। ਨਉ—ਨੌਂ ਗੋਲਕਾਂ, ਨੌਂ ਸੋਤ੍ਰ। ਬਹੀਆ—ਚੂਆੜੀਆਂ, ਲੰਮੀਆਂ ਡਾਂਗਾਂ ਜਿਨ੍ਹਾਂ ਦੀ ਸਹਾਇਤਾ ਨਾਲ ਛੱਟਾਂ ਲਦੀਦੀਆਂ ਹਨ। ਦਸ—ਗਿਆਨ ਇੰਦ੍ਰੇ ਤੇ ਕਰਮ ਇੰਦ੍ਰੇ। ਗੋਨਿ- ਛੱਟਾਂ। ਆਹਿ—ਹਨ। ਕਸਨ—ਕਸਣ ਵਾਲੀਆਂ, ਖਿੱਚਣ ਵਾਲੀਆਂ, ਸੇਬੇ, ਰਸੀਆਂ ਜਿਨ੍ਹਾਂ ਨਾਲ ਛੱਟਾਂ ਸੀਵੀਦੀਆਂ ਹਨ। ਬਹਤਰਿ—ਬਹੱਤਰ ਨਾੜੀਆਂ। ਤਾਹਿ—ਉਨ੍ਹਾਂ ਛਟਾਂ ਵਿਚ।੧।

ਜਿਹ—ਜਿਸ ਵਣਜ ਨਾਲ।ਰਹਾਉ।

ਸਾਤ ਸੂਤ—ਸੂਤ ਸਾਤ (ਆਸਾ ਤ੍ਰਿਸ਼ਨਾ ਆਦਿਕ) ਕਈ ਕਿਸਮ ਦੇ ਸੂਤ੍ਰ ਦਾ। ਮਿਲਿ—(ਪੰਜ ਵਣਜਾਰਿਆਂ ਨੇ) ਮਿਲ ਕੇ। ਕਰਮ ਭਾਵਨੀ—ਕੀਤੇ ਕਰਮਾਂ ਦੇ ਸੰਸਕਾਰ। ਤੀਨਿ—ਤਿੰਨ ਗੁਣ। ਜਗਾਤੀ—ਮਸੂਲੀਏ। ਰਾਰਿ—ਝਗੜਾ। ਚਲੋ—ਤੁਰ ਪਿਆ। ਹਾਥ ਝਾਰਿ—ਹੱਥ ਝਾੜ ਕੇ, ਖਾਲੀ ਹੱਥ।੨।

ਹਿਰਾਨੀ—ਖੁਹਾ ਲਈ। ਟਾਂਡੋ—ਕਾਫ਼ਲਾ (ਸਰੀਰ)। ਮਨ—ਹੇ ਮਨ। ਸਰਸੀ—ਸੱਵਰੇਗਾ। ਸਹਜਿ ਸਮਾਨੋ—ਜੇ ਸਹਿਜ ਵਿਚ ਲੀਨ ਹੋਵੇਗਾ।੩।

ਅਰਥ :—

ਪ੍ਰ:—ਕਬੀਰ ਜੀਉ ! ਕੀ ਤੁਸੀਂ ਬਾਹਰਲਾ ਵਣਜ ਵਪਾਰ ਕਰਨਾ ਪਸੰਦ ਨਹੀਂ ਕਰਦੇ ?

1. ਉ:—ਹੇ ਪਿਆਰੇ, ਅਸੀਂ ਤਾਂ ਕੇਵਲ ਇਕ ਅੰਤਰੀਵ ਹੋ ਰਹੇ ਵਣਜ ਨੂੰ ਹੀ ਪਸੰਦ ਕਰਦੇ ਹਾਂ ? ਕਿਉਂ ਜੀ, ਉਹ ਕਿਹੜਾ ਵਣਜ ਹੈ ਸਾਨੂੰ ਭੀ ਦਸਣਾ ਕਰੋ ? ਹੇ ਭਾਈਓ ! ਜੀਵ (ਮਨੋ) ਇਕ ਸ਼ਾਹ ਹੈ ਅਤੇ ਪੰਜ ਗਿਆਨ ਇੰਦਰੇ (ਇਸ ਸ਼ਾਹ ਦੇ ਨਾਲ) ਵਣਜਾਰੇ ਹਨ।
2. (ਅਤੇ) ਹੇ ਭਾਈ ! ਪੰਝੀ ਪ੍ਰਕ੍ਰਿਤੀਆਂ (ਕਾਫਲੇ ਦੇ) ਬਲਦ

ਹਨ, ਪਰ, ਇਹ ਸਾਰਾ ਸਾਥ ਕੱਚਾ ਹੀ ਹੈ ।

3. ਹੇ ਪਿਆਰੇ ! ਨੌਂ ਗੋਲਕਾਂ (ਮਾਨੋਂ) ਚੁਆੜੀਆਂ ਹਨ, ਦਸ ਇੰਦਰੇ ਛਟਾਂ ਹਨ ।

4. (ਅਤੇ) ਬਹੱਤਰ ਨਾੜੀਆਂ (ਛੱਟਾਂ ਸੀਊਣ ਲਈ) ਸੇਬੇ ਹਨ, ਜੋ (ਇਨ੍ਹਾਂ ਇੰਦਰੇ ਰੂਪ ਛੱਟਾਂ) ਨੂੰ ਲੱਗੀਆਂ ਹੋਈਆਂ ਹਨ।੧।

ਪ੍ਰ:–ਕਬੀਰ ਜਾਉ ! ਜਗਤ ਵਿਚ ਜੀਵਨ ਗੁਜ਼ਾਰਨ ਲਈ ਵਣਜ ਕਰਨਾ ਭੀ ਤਾਂ ਜ਼ਰੂਰੀ ਹੋਇਆ ਕਰਦਾ ਹੈ, ਤੁਸਾਂ ਇਸ ਵਣਜ ਕਰਨ ਨੂੰ ਕਿਉਂ ਨਹੀਂ ਪਸੰਦ ਕਰਦੇ ?

ਉ:–5. ਹੇ ਭਾਈਓ, ਅਸਲ ਵਿਚ ਮੈਨੂੰ ਅਜਿਹਾ ਵਣਜ ਕਰਨ ਦੀ ਲੋੜ ਨਹੀਂ ।

6. ਜਿਸ ਵਣਜ ਦੇ ਕੀਤਿਆਂ ਮੂਲ ਘਟਦਾ ਜਾਏ ਤੇ ਵਿਆਜ ਵਧਦਾ ਜਾਏ, (ਭਾਵ, ਜਿਉਂ ਜਿਉਂ ਉਮਰ ਗੁਜ਼ਰੇ ਤਿਉਂ ਤਿਉਂ ਵਿਕਾਰਾਂ ਦਾ ਭਾਰ ਵਧੀ ਜਾਏ) ।ਰਹਾਉ।

7. ਹੇ ਭਾਈਓ ! ਮੈਂ ਤਾਂ ਵੇਖ ਰਿਹਾ ਹਾਂ ਕਿ, ਇਹ ਗਿਆਨ ਇੰਦਰੇ ਮਿਲ ਕੇ ਕਈ ਕਿਸਮ ਦੇ ਸੂਤਰ (ਭਾਵ, ਵਿਕਾਰਾਂ) ਦਾ ਵਣਜ ਕਰ ਰਹੇ ਹਨ ।

8. ਕੀਤੇ ਕਰਮਾਂ ਦੇ ਸੰਸਕਾਰਾਂ ਨੂੰ ਇਨ੍ਹਾਂ (ਆਪਣੀ ਸਹਾਇਤਾ ਵਾਸਤੇ) ਨਾਲ ਲੈ ਲਿਆ ਹੈ, (ਭਾਵ ਇਹ ਪਿਛਲੇ ਸੰਸਕਾਰ ਹੋਰ ਵਿਕਾਰਾਂ ਵਲ ਪ੍ਰੇਰਦੇ ਜਾ ਰਹੇ ਹਨ) ।

9. ਹੇ ਪਿਆਰੇ, ਇਹ ਤਿੰਨ ਗੁਣ (ਰੂਪ) ਮਸੂਲੀਏ (ਹੋਰ)ਝਗੜਾ ਵਧਾਉਂਦੇ ਹਨ) ।

10. ਹੇ ਭਾਈ ! ਨਤੀਜਾ ਇਹ ਨਿਕਲਦਾ ਹੈ ਕਿ, ਵਣਜਾਰਾ (ਜੀਵ) ਖਾਲੀ ਹੱਥ ਤੁਰ ਪੈਂਦਾ ਹੈ ।੨।

11, ਹੇ ਭਾਈਓ ! ਜਦੋਂ (ਸੁਆਸਾਂ ਦੀ) ਰਾਸ ਖੁਸ ਜਾਂਦੀ ਹੈ, ਤਦੋਂ ਵਣਜ ਮੁੱਕ ਜਾਂਦਾ ਹੈ ।

12. (ਅਤੇ) ਕਾਫਲਾ (ਸਰੀਰ)ਦਸੀਂ ਪਾਸੀਂ ਖਿੱਲਰ ਜਾਂਦਾ ਹੈ ।

13. ਕਬੀਰ ਜੀ ਕਥਨ ਕਰਦੇ ਹਨ, ਹੇ ਮਨ, ਜੇ ਤੂੰ ਸਹਿਜ ਅਵਸਥਾ ਵਿਚ ਲੀਨ ਹੋ ਜਾਏਂ ।

14. ਤਾਂ ਤੇਰੀ ਭਟਕਣਾ ਮੁੱਕ ਜਾਏ, (ਤਾਂ ਇਸ ਤਰ੍ਹਾਂ) ਤੇਰਾ ਕੰਮ ਸਵਰੇਗਾ, (ਭਾਵ, ਕਲਿਆਣ ਹੋਣ ਰੂਪ ਕਾਰਜ ਸਵਰ ਜਾਏਗਾ ।੩।੬।

ਭਾਵਾਰਥ :–ਮਨੁੱਖ ਦੇ ਅੰਦਰ ਪਿਛਲੇ ਕਰਮਾਂ ਤੋਂ ਬਣੇ ਸੁਭਾਉ ਤੋਂ ਇਲਾਵਾ ਵਿਸ਼ੇ ਵਿਕਾਰਾਂ ਦਾ ਜ਼ੋਰ ਬਹੁਤ ਹੈ, ਜਿਨ੍ਹਾਂ ਕਰਕੇ ਉਸਦਾ ਵਰਤੋਂ ਵਿਹਾਰ ਹਾਨੀ ਵਾਲਾ ਹੀ ਹੁੰਦਾ ਹੈ, ਪਰ ਜੇ ਮਾਇਆ ਦਾ ਭਰਮ ਛੱਡ ਕੇ ਅਡੋਲ ਮਨ ਦੁਆਰਾ ਹਰੀ ਦਾ ਧਿਆਨ ਕਰੇ ਤਾਂ ਜੀਵਨ ਸਫਲ ਹੋ ਜਾਂਦਾ ਹੈ, ਕਿਉਂਕਿ ਇਸ ਜੀਵ ਨੂੰ ਵਿਕਾਰਾਂ ਦਾ ਵਣਜ ਸਦਾ ਹੀ ਘਾਟੇ-ਵੰਦ ਰਹਿੰਦਾ ਹੈ, ਜਿਉਂ ਜਿਉਂ ਉਮਰ ਘਟਦੀ ਜਾਂਦੀ ਹੈ, ਤਿਉਂ ਤਿਉਂ ਵਿਕਾਰਾਂ ਦਾ ਭਾਰ ਵਧਦਾ ਜਾਂਦਾ ਹੈ । ਆਖਰ ਜੀਵ ਇਥੋਂ ਖਾਲੀ ਹੱਥ ਹੀ ਤੁਰ ਜਾਂਦਾ ਹੈ ।

ਬਸੰਤੁ ਹਿੰਡੋਲੁ ਘਰੁ ੨

ੴ ਸਤਿਗੁਰ ਪ੍ਰਸਾਦਿ ॥

1. ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
2, ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥
3. ਕਹੁ ਪੰਡਿਤ ਸੂਚਾ ਕਵਨੁ ਠਾਉ ॥
4. ਜਹਾਂ ਬੈਸਿ ਹਉ ਭੋਜਨੁ ਖਾਉ ॥੧॥ਰਹਾਉ॥
5. ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥
6. ਇੰਦ੍ਰੀ ਕੀ ਜੂਠਿ ਉਤਰਸਿ ਨਾਹੀ
ਬ੍ਰਹਮ ਅਗਨਿ ਕੇ ਲੂਠੇ ॥੨॥
7. ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ॥
8. ਜੂਠੀ ਕਰਛੀ ਪਰੋਸਨ ਲਾਗਾ
ਜੂਠੇ ਹੀ ਬੈਠਿ ਖਾਇਆ ॥੩॥
9. ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥
10. ਕਹਿ ਕਬੀਰ ਤੇਈ ਨਰ ਸੂਚੇ
ਸਾਚੀ ਪਰੀ ਬਿਚਾਰਾ ॥੪॥੧॥੭॥

ਪਦ ਅਰਥ :–ਜੂਠੀ–ਅਪਵਿਤ੍ਰ । ਫਲ ਲਾਗੇ–ਲੱਗੇ ਹੋਏ ਫਲ; ਬਾਲ ਬੱਚੇ । ਆਵਹਿ–ਜੰਮਦੇ ਹਨ । ਜਾਹਿ–ਮਰ ਜਾਂਦੇ ਹਨ । ਅਭਾਗੇ–ਬਦ-ਨਸੀਬ । ਜੂਠੇ–ਅਪਵਿਤ੍ਰ ਹੀ ।੧।

ਪੰਡਿਤ–ਹੇ ਪੰਡਤ । ਕਵਨੁ ਠਾਉ–ਕਿਹੜਾ ਥਾਂ ? ਬੈਸਿ–ਬੈਠ ਕੇ । ਹਉ - ਮੈਂ ।੧।ਰਹਾਉ।

ਜਿਹਬਾ–ਜੀਭ । ਬੋਲਤ–ਬਚਨ ਜੋ ਬੋਲੇ ਜਾਂਦੇ ਹਨ । ਕਰਨ–ਕੰਨ । ਸਭਿ–ਸਾਰੇ । ਜੂਠਿ–ਅਪਵਿੱਤ੍ਰਤਾ । ਲੂਠੇ–ਹੇ ਸੜੇ ਹੋਏ । ਅਗਨਿ ਕੇ ਲੂਠੇ–ਹੇ ਅੱਗ ਨਾਲ ਸੜੇ ਹੋਏ । ਬ੍ਰਹਮ ਅਗਨਿ–ਬ੍ਰਾਹਮਣ ਹੋਣ ਦੇ ਅਹੰਕਾਰ ਦੀ ਅੱਗ ।੨।

ਬੈਸਿ–ਬੈਠ ਕੇ । ਪਰੋਸਨ ਲਾਗਾ–ਭੋਜਨ ਵਰਤਾਉਣ ਲੱਗਾ, ਵੰਡਣ ਲੱਗਾ ।੩।

ਗੋਬਰ–ਗੋਹਾ (ਜਿਸ ਨਾਲ ਚੌਂਕੇ ਵਿਚ ਪੋਚਾ ਦਿੱਤਾ ਜਾਂਦਾ ਹੈ) । ਕਾਰਾਂ–ਚੌਂਕੇ ਦੀਆਂ ਬਾਹਰੀਆਂ ਲਕੀਰਾਂ । ਕਹਿ–ਕਹੇ, ਆਖਦਾ ਹੈ । ਤੇਈ–ਓਹੀ ।੪।

ਉਥਾਨਕਾ ;–ਕਬੀਰ ਜੀ ਕਪੜਾ ਬੁਣਨ ਵਾਲੀ ਥਾਂ ਬੈਠੇ ਹੀ ਭੋਜਨ ਖਾ ਰਹੇ ਸਨ ਤਾਂ ਕਿਸੇ ਕਰਮ ਕਾਂਡੀ ਬ੍ਰਾਹਮਣ ਨੇ ਤੱਕ ਕੇ ਕਿਹਾ ਕਿ ਹੇ ਕਬੀਰ ! ਤੈਨੂੰ ਲੋਕੀਂ ਭਗਤ ਭਗਤ ਆਖਦੇ ਹਨ, ਪਰ ਤੈਨੂੰ ਤਾਂ ਇਤਨੀ ਭੀ ਸੋਝੀ ਨਹੀਂ ਕਿ ਭੋਜਨ ਕਿਵੇਂ ਤੇ ਕਿਥੇ ਬੈਠ ਕੇ ਖਾਈਦਾ ਹੈ, ਤੂੰ ਇਸ ਅਪਵਿਤਰ ਥਾਂ ਤੇ ਬੈਠਕੇ ਹੀ ਭੋਜਨ ਖਾਈ ਜਾ ਰਿਹਾ ਹੈਂ, ਤਾਂ ਕਬੀਰ ਨੇ ਕਿਹਾ ਕਿ ਹੇ ਪੰਡਤ ! ਵੇਖ ਜਿਸ ਥਾਂ ਤੇ ਮੈਂ ਬੈਠਕੇ ਆਪਣੀ ਕਪੜਾ ਬੁਨਣ ਦੀ ਕਿਰਤ ਕਰਦਾ ਹਾਂ, ਜਦ ਕਿ ਮੇਰੀ ਉਹ ਕਿਰਤ ਸੁੱਚੀ ਹੈ ਤਾਂ ਦਸ ਇਹ ਥਾਂ ਕਿਵੇਂ ਅਪਵਿਤ੍ਰ ਹੋ ਸਕਦੀ ਹੈ,ਹੇ ਪੰਡਤ ! ਮੈਂ ਤਾਂ ਸਮਝਦਾ ਹਾਂ ਕਿ ਸੁੱਚੀ ਕਿਰਤ ਤੋਂ ਸਖਣੀ

ਹਰ ਸ਼ੈ ਹੀ ਅਪਵਿੱਤਰ ਹੈ । ਹੇ ਕਬੀਰ ! ਦਸ ਉਹ ਕਿਵੇਂ ?

ਅਰਥ :–

1. ਉ:–ਹੇ ਪੰਡਤ ! ਵੇਖ ਮਾਂ ਅਪਵਿਤ੍ਰ ਹੈ, ਪਿਉ ਅਪਵਿਤ੍ਰ ਹੈ, ਇਨ੍ਹਾਂ ਤੋਂ ਜੋ ਜੰਮੇ ਹੋਏ ਬਾਲ ਬੱਚੇ ਹਨ । ਇਹ ਭੀ ਅਪਵਿਤਰ ਹੀ ਹਨ ।
2. ਹੇ ਪੰਡਤ, (ਜਗਤ ਵਿਚ ਜੋ ਭੀ) ਜੰਮਦੇ ਹਨ ਉਹ ਅਪਵਿੱਤਰ, ਜੋ ਮਰਦੇ ਹਨ, ਉਹ ਭੀ ਅਪਵਿੱਤਰ ਅਤੇ ਬਦ-ਨਸੀਬ ਜੀਵ ਅਪਵਿਤਰ ਹੀ ਮਰ ਜਾਂਦੇ ਹਨ ।੧।

ਪ੍ਰ:- ਹੇ ਕਬੀਰ ! ਤੇਰੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਤੈਨੂੰ ਪਵਿਤ੍ਰਤਾ ਦਾ ਗਿਆਨ ਹੀ ਨਹੀਂ ਹੈ ?

3. ਉ:–ਤਾਂ ਕਬੀਰ ਜੀ ਨੇ ਕਿਹਾ ਕਿ, ਹੇ ਪੰਡਤ ! ਤੂੰ ਹੀ ਦਸ, ਉਹ ਕਿਹੜਾ ਥਾਂ ਹੈ ਜੋ ਸੁੱਚਾ ਹੈ ।
4. ਜਿਥੇ ਬੈਠਕੇ ਮੈਂ ਰੋਟੀ ਖਾ ਸਕਾਂ (ਤਾਂ ਜੋ ਪੂਰੀ ਸੁਚ ਰਹਿ ਸਕੇ ?) ।੧।ਰਹਾਉ।
5. ਹੇ ਪੰਡਤ, ਵੇਖ, ਮੈਂ ਤਾਂ ਸਮਝਦਾ ਹਾਂ ਕਿ ਮਨੁੱਖ ਦੀ ਜੀਭ ਮੈਲੀ ਹੈ ਅਤੇ ਬਚਨ ਭੀ ਮਾੜੇ ਹਨ, ਕੰਨ, ਅੱਖਾਂ ਆਦਿਕ ਸਾਰੇ ਹੀ ਅਪਵਿਤ੍ਰ ਹਨ ।
6. ਹੇ ਪੰਡਤ ਸੁਣ (ਇਨ੍ਹਾਂ ਤੋਂ ਵਧੀਕ) ਕਾਮ-ਚੇਸ਼ਟਾ (ਐਸੀ ਹੈ ਜਿਸ) ਦੀ ਮੈਲ ਲਹਿੰਦੀ ਹੀ ਨਹੀਂ (ਹੇ ਬ੍ਰਾਹਮਣ ਪੁਣੇ ਦੇ ਮਾਣ ਦੀ ਅੱਗ ਦੇ ਸੜੇ ਹੋਏ, (ਦਸ, ਸੁੱਚੀ ਕਿਹੜੀ ਸ਼ੈ ਹੋਈ ?) ।੨।
7. ਹੇ ਪੰਡਤ ਵੇਖ, ਅੱਗ ਜੂਠੀ, ਪਾਣੀ ਜੂਠਾ, ਪਕਾਣ ਵਾਲੀ ਭੀ ਜੂਠੀ
8. ਅਤੇ ਕੜਛੀ ਜੂਠੀ ਜਿਸ ਨਾਲ (ਭਾਜੀ ਆਦਿਕ) ਵਰਤਾ-ਉਂਦਾ ਹੈਂ, ਅਤੇ ਉਹ ਪ੍ਰਾਣੀ ਭੀ ਜੂਠਾ ਜਿਹੜਾ ਬਹਿ ਕੇ ਖਾਂਦਾ ਹੈ ।੩।

ਪ੍ਰ.–ਹੇ ਕਬੀਰ ! ਮੈਂ ਸਮਝਦਾ ਹਾਂ ਕਿ, ਤੈਨੂੰ ਸਮਝ ਹੀ ਨਹੀਂ ਕਿ ਸੁੱਚਤਾ ਕਿਵੇਂ ਕੀਤੀ ਜਾਂਦੀ ਹੈ ? ਵੇਖ, ਪਹਿਲੋਂ ਪਵਿਤ੍ਰ ਗੋਬਰ ਲਿਆ ਕੇ ਥਾਂ ਨੂੰ ਲਿਪਿਆ ਜਾਂਦਾ ਹੈ, ਫਿਰ ਚੌਕਾ ਦਿਤਾ ਜਾਂਦਾ ਹੈ ਚੌਕੇ ਦੇ ਉਦਾਲੇ ਲਕੀਰਾਂ ਦਿਤੀਆਂ ਜਾਂਦੀਆਂ ਹਨ, ਉਸ ਥਾਂ ਨੂੰ ਪਵਿਤ੍ਰ ਕਿਹਾ ਜਾਂਦਾ ਹੈ ?

9. ਉ:–ਹੇ ਪੰਡਤ ਸੁਣ, ਮੈਂ ਤਾਂ ਸਮਝਦਾ ਹਾਂ ਕਿ, ਗੋਹਾ ਜੂਠਾ, ਚੌਕਾ ਜੂਠਾ, ਜੂਠੀਆਂ ਹੀ ਉਸ ਚੌਕੇ ਦੇ ਉਦਾਲੇ ਦਿਤੀਆਂ ਗਈਆਂ ਲਕੀਰਾਂ ਹਨ ।

ਪ੍ਰ:–ਹੇ ਕਬੀਰ ! ਤਾਂ ਫਿਰ ਤੂੰ ਹੀ ਦਸ ਕਿ ਤੂੰ ਸੁੱਚਾ ਕਿਸਨੂੰ ਮੰਨਦਾ ਹੈਂ ?

10. ਉ:–ਕਬੀਰ ਆਖਦਾ ਹੈ ਕਿ, ਹੇ ਪੰਡਤ ਸੁਣ, ਸਿਰਫ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਨੂੰ (ਉਸ ਸੁਚੇ) ਪ੍ਰਮਾਤਮਾਂ ਦੀ ਸੂਝ ਆ ਗਈ ਹੈ ।੩।੧।੭।

ਭਾਵਾਰਥ :–ਤ੍ਰਿਗੁਣੀ ਮਾਇਆ ਦੇ ਅਸਰ ਹੇਠ ਪ੍ਰਭੂ ਨੂੰ ਵਿਸਾਰ ਕੇ ਜੀਵ ਅਪਵਿਤ੍ਰ ਬਣੇ ਰਹਿੰਦੇ ਹਨ, ਹਰ ਥਾਂ ਮਾਇਆ ਦਾ ਹੀ ਪ੍ਰਭਾਵ ਹੈ, ਲਕੀਰਾਂ ਕੱਢਕੇ ਚੌਂਕੇ ਬਣਾਇਆਂ ਪਵਿਤ੍ਰਤਾ ਨਹੀਂ ਬਣ ਸਕਦੀ, ਸਿਰਫ ਉਹੀ ਬੰਦੇ ਸੁੱਚੇ ਹਨ ਜਿਨ੍ਹਾਂ ਨੂੰ ਪ੍ਰਮਾਤਮਾਂ ਦੀ ਸੂਝ ਪੈ ਜਾਂਦੀ ਹੈ ।

ਰਾਮਾਨੰਦ ਜੀ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਕਤ ਜਾਈਐ ਰੇ ਘਰ ਲਾਗੋ ਰੰਗੁ ॥**
2. **ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ਰਹਾਉ॥**
3. **ਏਕ ਦਿਵਸ ਮਨ ਭਈ ਉਮੰਗ ॥**
4. **ਘਸਿ ਚੰਦਨ ਚੋਆ ਬਹੁ ਸੁਗੰਧ ॥**
5. **ਪੂਜਨ ਚਾਲੀ ਬ੍ਰਹਮ ਠਾਇ ॥**
6. **ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥**
7. **ਜਹਾ ਜਾਈਐ ਤਹ ਜਲ ਪਖਾਨ ॥**
8. **ਤੂ ਪੂਰਿ ਰਹਿਓ ਹੈ ਸਭ ਸਮਾਨ ॥**
9. **ਬੇਦ ਪੁਰਾਨ ਸਭ ਦੇਖੇ ਜੋਇ ॥**
10. **ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥**
11. **ਸਤਿਗੁਰ ਮੈ ਬਲਿਹਾਰੀ ਤੋਰ ॥**
12. **ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**
13. **ਰਾਮਾਨੰਦ ਸੁਆਮੀ ਰਮਤ ਬ੍ਰਹਮ ॥**
14. **ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥**

ਪਦ ਅਰਥ :–ਕਤ–ਹੋਰ ਕਿਥੇ ? ਰੇ–ਹੇ ਭਾਈ। ਰੰਗੁ–ਮੌਜ । ਘਰਿ–ਹਿਰਦੇ ਰੂਪ ਘਰ ਵਿਚ ਹੀ । ਨ ਚਲੈ–ਭਟਕਦਾ ਨਹੀਂ ਹੈ । ਪੰਗ–ਪਿੰਗਲਾ, ਜੋ ਹਿਲ ਜੁਲ ਨਹੀਂ ਸਕਦਾ, ਥਿਰ ।੧।ਰਹਾਉ।

ਦਿਵਸ–ਦਿਨ । ਉਮੰਗ–ਚਾਹ, ਤਾਂਘ, ਖ਼ਾਹਸ਼ । ਘਸਿ–ਘਸਾਕੇ । ਚੋਆ–ਅਤਰ । ਬਹੁ–ਕਈ । ਸੁਗੰਧ–ਸੁਗੰਧੀਆਂ । ਬ੍ਰਹਮ ਠਾਇ–ਠਾਕਰ ਦੁਆਰੇ, ਮੰਦਰ ਵਿਚ ।੧।

ਜੋਇ–ਢੂੰਡ ਕੇ, ਖੋਜ ਕੇ । ਤਹ–ਉਥੇ । ਜਲ ਪਖਾਨ–(ਤੀਰਥਾਂ ਤੇ) ਪਾਣੀ, (ਮੰਦਰਾਂ ਵਿਚ) ਪੱਥਰ । ਸਮਾਨ-ਇਕੋ ਜਿਹਾ । ਊਹਾਂ–ਤੀਰਥਾਂ ਤੇ ਮੰਦਰਾਂ ਵਲ । ਤਉ–ਤਾਂ ਹੀ। ਜਉ–ਜੇ । ਈਹਾ–ਇਥੇ ਹਿਰਦੇ ਵਿਚ ।੨।

ਬਲਿਹਾਰੀ ਤੋਰ–ਤੈਥੋਂ ਸਦਕੇ । ਜਿਨਿ–ਜਿਸਨੇ । ਬਿਕਲ–ਕਠਨ । ਭ੍ਰਮ–ਵਹਿਮ, ਭੁਲੇਖੇ । ਮੋਰ–ਮੇਰੇ । ਰਾਮਾਨੰਦ ਸੁਆਮੀ–ਰਾਮਾਨੰਦ ਦਾ ਪ੍ਰਭੂ । ਰਮਤ–ਸਭ ਥਾਂ ਮੌਜੂਦ ਹੈ। ਕੋਟਿ–ਕ੍ਰੋੜਾਂ । ਕਰਮ–(ਕੀਤੇ ਹੋਏ ਮੰਦੇ) ਕੰਮ ।੩।੧।

ਉਥਾਨਕਾ :–ਕੁਝ ਕੁ ਤੀਰਥ ਯਾਤਰੂਆਂ ਨੇ ਭਗਤ ਰਾਮਾ ਨੰਦ ਜੀ ਨੂੰ ਆ ਕੇ ਕਿਹਾ ਕਿ ਭਗਤ ਜੀ ਚਲੋ ਆਓ ਤੁਹਾਨੂੰ ਤੀਰਥ ਯਾਤਰਾ ਕਰਵਾ ਲਿਆਵੀਏ ਤਾਂ ਭਗਤੀ ਕਰ-ਦਿਆਂ ਕਰਦਿਆਂ ਜੋ ਰਾਮਾਨੰਦ ਜੀ ਦੀ ਸੁਰਤੀ ਸਿਖਰਾਂ ਨੂੰ

ਛੋਹ ਚੁੱਕੀ ਸੀ ਤਾਂ ਉਸਦੇ ਅਧਾਰਤ ਹੋ ਭਗਤ ਜੀ ਇਨ੍ਹਾਂ ਪ੍ਰਤੀ ਇਹ ਸ਼ਬਦ ਉਚਾਰਨ ਕਰਦੇ ਹਨ।

ਅਰਥ: —

1. **ਉ:**—ਹੇ ਭਾਈਓ ! (ਦਸੋ) ਹੋਰ ਕਿਥੇ ਜਾਈਏ ? (ਕਿਉਂਕਿ) ਹੁਣ ਤਾਂ ਹਿਰਦੇ ਘਰ ਵਿਚ ਹੀ ਮੌਜ ਬਣ ਗਈ ਹੈ।

2. ਹੇ ਭਾਈ ! ਮੇਰਾ ਮਨ ਹੁਣ ਡੋਲਦਾ ਨਹੀਂ ਥਿਰ ਹੋ ਗਿਆ ਹੈ ।੧।ਰਹਾਉ।

ਪ੍ਰ:- ਕਿਉਂ ਜੀ ! ਕੀ ਤੁਸਾਂ ਕਿਸੇ ਮੰਦਰ ਵਿਚ ਜਾਕੇ ਕਦੀ ਪੂਜਾ ਕਰਨ ਦਾ ਭੀ ਤਜਰਬਾ ਕੀਤਾ ਹੈ ?

3. **ਉ:**—ਹੇ ਭਾਈਓ ! ਸੁਣੋ ਇਕ ਦਿਨ ਮੇਰੇ ਮਨ ਵਿਚ ਭੀ ਤਾਂਘ ਪੈਦਾ ਹੋਈ ਸੀ।

4. ਤਾਂ, ਮੈਂ ਚੰਦਨ ਘਸਾ ਕੇ, ਅਤਰ ਤੇ ਹੋਰ ਕਟੀ ਸੁਗੰਧੀਆਂ ਲੈ ਲਈਆਂ।

5. ਤਾਂ, ਫਿਰ ਮੈਂ ਮੰਦਰ ਵਿਚ ਪੂਜਾ ਕਰਨ ਲਈ ਤੁਰ ਪਈ।

6. ਹੇ ਭਾਈਓ ! ਅਰੰਭ ਵਿਚ ਤਾਂ ਇਹ ਵੀਚਾਰ ਹੁੰਦੇ ਸਨ। ਪਰ ਹੁਣ ਤਾਂ ਮੈਨੂੰ ਉਹ ਪ੍ਰਮਾਤਮਾ (ਜਿਸਨੂੰ ਮੈਂ ਮੰਦਰ ਵਿਚ ਰਹਿੰਦਾ ਸਮਝਦੀ ਸਾਂ, ਮੇਰੇ ਗੁਰੂ ਨੇ ਮੇਰੇ ਮਨ ਵਿਚ ਵਸਦਾ ਹੀ ਵਿਖਾ ਦਿੱਤਾ ਹੈ।੧।

7. ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਭਾਵੇਂ ਤੀਰਥਾਂ ਉਤੇ ਜਾਈਏ, ਚਾਹੇ ਮੰਦਰਾਂ ਵਿਚ ਜਾਈਏ, ਜਿਥੇ ਭੀ ਜਾਈਏ ਉਥੇ ਪਾਣੀ ਹੈ, ਜਾਂ ਪੱਥਰ ਹਨ।

8. ਹੇ ਪ੍ਰਭੂ, ਤੂੰ ਹਰ ਥਾਂ ਇਕੋ ਜਿਹਾ ਭਰਪੂਰ ਹੈਂ।

ਪ੍ਰ:- ਕਿਉਂ ਜੀ ! ਹੁਣ ਤੁਹਾਡੇ ਮਨ ਵਿਚ ਵਿਸ਼ਵਾਸ਼ ਕੀ ਹੈ ?

9. **ਉ:**—ਹੇ ਭਾਈਓ ! ਮੈਂ ਤਾਂ ਵੇਦ ਪੁਰਾਨ ਆਦਿਕ ਧਰਮ ਪੁਸਤਕਾਂ ਭੀ ਖੋਜ ਕੇ ਵੇਖ ਲਈਆਂ ਹਨ।

10. ਆਖਰ ਇਉਂ ਹੀ ਨਿਸਚਾ ਹੋ ਆਇਆ ਹੈ ਕਿ, ਤੀਰਥਾਂ ਤੇ ਮੰਦਰਾਂ ਵਿਚ ਤਦੋਂ ਹੀ ਜਾਣ ਦੀ ਲੋੜ ਪਏ ਜੇ ਪ੍ਰਮਾਤਮਾਂ ਇਥੇ ਮੇਰੇ ਮਨ ਵਿਚ ਨਾ ਵੱਸਦਾ ਹੋਵੇ।੨।

11. ਹੇ ਸਤਿਗੁਰੂ, ਮੈਂ ਤੈਥੋਂ ਸਦਕੇ ਹਾਂ।

12. ਜਿਸ ਨੇ ਮੇਰੇ ਸਾਰੇ ਔਖੇ ਭੁਲੇਖੇ ਦੂਰ ਕਰ ਦਿਤੇ ਹਨ।

ਪ੍ਰ:- ਭਗਤ ਜੀ ! ਦਸੋ ਹੁਣ ਤੁਹਾਡੇ ਅੰਤਰ ਆਤਮੇ ਨਿਸਚਾ ਕੀ ਹੈ ?

13. ਹੇ ਭਾਈਓ ! ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ, ਰਾਮਾ-ਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ।

14. ਪਰ, ਉਹ ਮਿਲਦਾ ਗੁਰੂ ਦੀ ਰਾਹੀਂ ਹੈ, ਕਿਉਂਕਿ ਗੁਰੂ ਦਾ ਸ਼ਬਦ ਕ੍ਰੋੜਾਂ (ਕੀਤੇ ਮੰਦੇ) ਕਰਮਾਂ ਦਾ ਨਾਸ ਕਰ ਦੇਂਦਾ ਹੈ।੨।੧।

ਭਾਵਾਰਥ:—ਇਸ ਭਗਤ ਰਾਮਾਨੰਦ ਦਾ ਜਨਮ ਪ੍ਰਯਾਗ ਵਿਚ ਸੰਮਤ ੧੪੨੩ ਵਿਚ ਅਤੇ ਦੇਹਾਂਤ ੧੫੨੪ ਵਿਚ ਕਾਂਸ਼ੀ ਜੀ ਹੋਇਆ। ਭਗਤ ਰਾਮਾਨੰਦ ਜਾਤੀ ਦੇ ਬ੍ਰਾਹਮਣ ਸਨ। ਪਰ ਧਰਮ ਆਗੂ ਬ੍ਰਾਹਮਣਾਂ ਦੇ ਪਾਏ ਹੋਏ ਭੁਲੇਖਿਆਂ ਦਾ ਇਸ ਸ਼ਬਦ ਵਿਚ ਖੰਡਨ ਕਰਦੇ ਹਨ ਤੇ ਆਖਦੇ ਹਨ ਕਿ ਤੀਰਥਾਂ ਦੇ ਇਸ਼ਨਾਨ ਤੇ ਮੂਰਤੀ ਪੂਜਾ ਨਾਲ ਮਨ ਦੀ ਅਵਸਥਾ ਉਚੀ ਨਹੀਂ ਹੋ ਸਕਦੀ। ਜੇ ਪੂਰੇ ਗੁਰੂ ਦੀ ਸ਼ਰਨ ਪਈਏ ਤਾਂ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ ਤੇ ਪ੍ਰਮਾਤਮਾਂ ਹਰ ਥਾਂ ਵਿਆਪਕ ਅਤੇ ਆਪਣੇ ਅੰਦਰ ਵਸਦਾ ਦਿਸਦਾ ਹੈ। ਸਤਿਗੁਰੂ ਦਾ ਸ਼ਬਦ ਹੀ ਜਨਮ ਜਨਮਾਂਤ੍ਰਾਂ ਦੇ ਕੀਤੇ ਮੰਦੇ ਕਰਮਾਂ ਦਾ ਨਾਸ ਕਰਨ ਦੇ ਸਮਰਥ ਹੈ।

ਬਸੰਤੁ ਬਾਣੀ ਨਾਮਦੇਉ ਜੀ ਕੀ

ੴ ਸਤਿਗੁਰ ਪ੍ਰਸਾਦਿ ॥

1. **ਸਾਹਿਬੁ ਸੰਕਟਵੈ ਸੇਵਕੁ ਭਜੈ ॥**
2. **ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥**
3. **ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥**
4. **ਚਰਨ ਕਮਲ ਮੇਰੇ ਹੀਅਰੇ ਬਸੈ ॥੧॥ਰਹਾਉ॥**
5. **ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥**
6. **ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈ ॥੨॥**
7. **ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥**
8. **ਨਾਰਾਇਣੁ ਸੁ ਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥**

ਪਦ ਅਰਥ :—ਸੰਕਟਵੈ—ਸੰਕਟ ਦੇਵੇ । ਭਜੈ—ਨੱਠ ਜਾਏ, ਛੱਡ ਜਾਏ। ਚਿਰੰਕਾਲ—ਬਹੁਤਾ ਸਮਾਂ । ਲਜੈ—ਲਾਜ ਲਾਂਦਾ ਹੈ, ਬਦਨਾਮ ਕਰਾਉਂਦਾ ਹੈ।੧।

ਹਸੈ—ਠੱਠਾ ਕਰੇ। ਹੀਅਰੇ—ਹਿਰਦੇ ਵਿਚ।੧।ਰਹਾਉ।

ਧਨਹਿ—ਧਨ ਦੀ ਖ਼ਾਤਰ । ਪ੍ਰਾਨੀ—ਜੀਵ, ਬੰਦਾ। ਮਾਂਡੈ—ਠਾਨ ਲੈਂਦਾ ਹੈ। ਮਰਨੁ ਮਾਂਡੈ—ਮਰਨਾ ਠਾਨ ਲੈਂਦਾ ਹੈ, ਮਰਨ ਦੇ ਤੁਲ ਪੈਂਦਾ ਹੈ।੨।

ਸੰਸਾਰ ਕੇ—ਦੁਨੀਆਂ ਨੂੰ ਪਤਿਆਉਣ ਵਾਲੇ। ਨਾਮਾ—ਹੇ ਨਾਮ ਦੇਵ। ਤ—ਤਦੋਂ ਹੀ।੩। **ਅਰਥ :—**

ਪ੍ਰ.—ਹੇ ਭਗਤ ਜੀ ! ਇਹ ਦਸੋ ਕਿ ਰੱਬੀ ਮਾਰਗ ਤੇ ਚਲਣ ਵਾਲੇ ਸੇਵਕਾਂ ਦੀ ਗਿਣਤੀ ਤਾਂ ਭਾਵੇਂ ਬਹੁਤ ਹੈ, ਪਰ, ਉਨ੍ਹਾਂ ਵਿਚੋਂ ਕੇਵਲ ਬਨਾਵਟੀ ਸੇਵਕਾਂ ਦੀ ਕੀ ਪਛਾਣ ਹੈ, ਇਸ ਪਰ ਕੋਈ ਉਦਾਹਰਣ ਦੇ ਕੇ ਸਮਝਾਉਣ ਦੀ ਕ੍ਰਿਪਾ ਕਰੋ ?

1. **ਉ:**—ਹੇ ਭਾਈਉ, ਇਉਂ ਹੀ ਸਮਝੋ ਕਿ, ਜੇ (ਕਦੀ) ਮਾਲਕ ਆਪਣੇ ਨੌਕਰ ਨੂੰ ਕੋਈ ਕਸ਼ਟ ਦੇਵੇ; ਤੇ ਨੌਕਰ (ਉਸ ਕਸ਼ਟ ਤੋਂ ਡਰਦਾ) ਨੱਠ ਜਾਏ।

2. ਹੇ ਭਾਈ ! ਇਸ ਤਰ੍ਹਾਂ (ਜਿੰਦ ਨੂੰ ਕਸ਼ਟਾਂ ਤੋਂ ਬਚਾਉਣ ਦੀ ਖ਼ਾਤਰ ਨੱਠਿਆ ਹੋਇਆ) ਨੌਕਰ ਸਦਾ ਤਾਂ ਜੀਉਂਦਾ ਨਹੀਂ ਰਹਿੰਦਾ (ਪਰ ਉਹ ਮਾਲਕ ਨੂੰ ਪਿੱਠ ਦੇ ਕੇ) ਆਪਣੀਆਂ ਦੋਵੇਂ ਕੁਲਾਂ ਨੂੰ ਬਦਨਾਮ ਕਰ ਲੈਂਦਾ ਹੈ। (ਇਸੇ ਤਰ੍ਹਾਂ ਪ੍ਰਭੂ ਦੇ ਸੇਵਕ ਦੀ ਕਹਾਣੀ ਸਮਝੋ ਜੋ ਪਰਖ

ਵੇਲੇ ਬੇ-ਯਕੀਨਾਂ ਹੋ ਜਾਏ ਉਹ (ਦੋਵੇਂ) ਲੋਕ ਪ੍ਰਲੋਕ ਵਿਚ ਬਦਨਾਮੀਂ ਖੱਟਦਾ ਹੈ ।੧।

ਪ੍ਰ:—ਕਿਉਂ ਜੀ, ਤੁਹਾਡਾ ਆਪਣਾ ਨਿਸਚਾ ਕੀ ਹੈ ?

3. ਉ:—ਹੇ ਭਾਈਓ ! ਮੈਂ ਤਾਂ ਉਸ ਪ੍ਰਭੂ ਦੇ ਦਰ ਤੇ ਇਉਂ ਹੀ ਸਦਾ ਜੋਦੜੀਆਂ ਕਰਦਾ ਰਹਿੰਦਾ ਹਾਂ ਕਿ, ਹੇ ਪ੍ਰਭੂ, ਜਗਤ ਦੇ ਲੋਕ ਭਾਵੇਂ ਪਏ ਠੱਗੀਆਂ ਕਰਨ ਮੈਂ ਤੇਰੀ ਭਗਤੀ ਨਹੀਂ ਛਡਾਂਗਾ (ਭਾਵ, ਲੋਕਾਂ ਦੇ ਇਸ ਠੱਠੇ ਤੋਂ ਡਰ ਕੇ ਮੈਂ ਤੇਰੇ ਦਰ ਤੋਂ ਨੱਠ ਨਹੀਂ ਜਾਣਾ) ।

4. ਕਿਉਂਕਿ, ਹੇ ਪ੍ਰਭੂ, ਕਵਲਾਂ ਫੁਲਾਂ ਵਰਗੇ ਕੋਮਲ ਤੇਰੇ ਚਰਨ ਮੇਰੇ ਹਿਰਦੇ ਵਿਚ ਵਸਦੇ ਹਨ (ਤੇ ਮੈਨੂੰ ਬੜੇ ਪਿਆਰੇ ਲਗਦੇ ਹਨ) ।੧।ਰਹਾਉ।

ਪ੍ਰ:—ਸ੍ਰੀ ਜੀਉ ! ਭਗਤਾਂ ਦੇ ਨਿਸਚੇ ਬਾਰੇ ਕੋਈ ਦੁਨਿਆਵੀ ਉਦਾਹਰਣ ਦੇ ਕੇ ਸਮਝਾਓ ?

5. ਉ:—ਹੇ ਪਿਆਰੇ ਵੇਖੋ, ਜਿਵੇਂ ਆਪਣਾ ਧਨ ਬਚਾਣ ਦੀ ਖ਼ਾਤਰ ਮਨੁੱਖ ਮਰਨ ਤੇ ਭੀ ਤੁਲ ਪੈਂਦਾ ਹੈ, ਮਰਣਾ ਠਾਣ ਲੈਂਦਾ ਹੈ ।

6. ਹੇ ਭਾਈ ! ਤਿਵੇਂ ਪ੍ਰਭੂ ਦੇ ਭਗਤ ਭੀ ਪ੍ਰਭੂ ਦਾ ਨਾਮ (ਧਨ) ਨਹੀਂ ਛੱਡਦੇ । (ਕਿਉਂਕਿ) ਉਨ੍ਹਾਂ ਪਾਸ ਭੀ ਪ੍ਰਭੂ ਦਾ ਨਾਮ ਹੀ ਧਨ ਹੈ ।੨।

ਪ੍ਰ:—ਕਿਉਂ ਜੀ, ਕਈ ਲੋਕ, ਗੰਗਾ ਗਇਆ, ਗੋਦਾਵਰੀ ਆਦਿਕ ਤੀਰਥਾਂ ਤੇ ਰਟਨ ਕਰਦੇ ਹੀ ਜੀਵਨ ਗੁਜਾਰ ਦੇਂਦੇ ਹਨ, ਕੀ ਤੁਸਾਂ ਉਨ੍ਹਾਂ ਨੂੰ ਭਗਤਾਂ ਦੀ ਸ਼੍ਰੇਣੀ ਵਿਚ ਨਹੀਂ ਗਿਣਦੇ ?

7. ਉ:—ਹੇ ਭਾਈਓ ! ਸੁਣੋ, ਅਸਲੀਅਤ ਤਾਂ ਇਹੋ ਹੀ ਹੈ ਕਿ, ਗੰਗਾ ਗਇਆ, ਗੋਦਾਵਰੀ (ਆਦਿਕ ਤੀਰਥਾਂ ਤੇ ਜਾਣਾ ਇਹ) ਦੁਨੀਆਂ ਨੂੰ ਹੀ ਪਤਿਆਉਣ ਵਾਲੇ ਕੰਮ ਹਨ ।

ਪ੍ਰ:—ਫਿਰ ਆਪ ਜੀ ਭਗਤ ਕਿਸਨੂੰ ਮੰਨਦੇ ਹੋ ?

8. ਉ:—ਨਾਮ ਦੇਵ ਜੀ ਕਥਨ ਕਰਦੇ ਹਨ ਕਿ, ਹੇ ਪਿਆਰੇ, ਭਗਤ ਉਹੀ ਹੈ, ਜਿਸ ਉਤੇ ਪ੍ਰਭੂ ਆਪ ਤੁੱਠ ਪਏ (ਤੇ ਆਪਣੇ ਨਾਮ ਦੀ ਦਾਤ ਕਰੇ ।੩.੧।

ਭਾਵਾਰਥ :—ਸੇਵਕ ਨੂੰ ਅਨੇਕਾਂ ਹੀ ਤਕਲੀਫਾਂ ਆਉਣ ਤੇ ਭੀ ਦ੍ਰਿੜ੍ਹ ਰਹਿਣਾ ਚਾਹੀਦਾ ਹੈ ਅਤੇ ਸਦਾ ਆਪਣੇ ਮਾਲਕ ਨੂੰ ਖੁਸ਼ ਰੱਖਣ ਦਾ ਜਤਨ ਕਰਨਾ ਚਾਹੀਦਾ ਹੈ । ਚਾਹੇ ਕਸ਼ਟ ਆਉਣ, ਭਾਵੇਂ ਲੋਕ ਠੱਠਾ ਕਰਨ, ਭਗਤ ਪ੍ਰਭੂ ਦੀ ਭਗਤੀ ਨਹੀਂ ਤਿਆਗਦੇ ।

1. **ਲੋਭ ਲਹਰਿ ਅਤਿ ਨੀਝਰ ਬਾਜੈ ॥**
2. **ਕਾਇਆ ਡੂਬੈ ਕੇਸਵਾ ॥੧॥**
3. **ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥**
4. **ਤਾਰਿ ਲੈ ਬਾਪ ਬੀਠੁਲਾ ॥੧॥ਰਹਾਉ॥**
5. **ਅਨਿਲ ਬੇੜਾ ਹਉ ਖੇਵਿ ਨ ਸਾਕਉ ॥**
6. **ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥**
7. **ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ॥**
8. **ਮੋਕਉ ਪਾਰਿ ਉਤਾਰੇ ਕੇਸਵਾ ॥੩॥**
9. **ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥**
10. **ਮੋਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥**

ਪਦ ਅਰਥ:—ਨੀਝਰ—ਝੀਲ, ਚਸ਼ਮਾ, ਪਹਾੜੀ ਨਦੀ । ਬਾਜੈ—ਵੱਜ ਰਹੇ ਹਨ, ਠਾਠਾਂ ਮਾਰ ਰਹੀਆਂ ਹਨ । ਕੇਸਵਾ—ਹੇ ਕੇਸ਼ਵ, ਹੇ ਪ੍ਰਭੂ, ਹੇ ਲੰਮੇ ਕੇਸਾਂ ਵਾਲੇ ।੧।

ਗੁੋਬਿੰਦੇ—[ਨੋਟ :—ਅੱਖਰ "ਗ" ਦੇ ਨਾਲ ਦੋ ਲਗਾਂ ਹਨ—ੋ ਅਤੇ ੁ । ਅਸਲ ਲਫ਼ਜ਼ 'ਗੋਬਿੰਦ' ਹੈ, ਇਥੇ 'ਗੁਬਿੰਦ' ਪੜ੍ਹਨਾ ਹੈ] ਹੇ ਗੋਬਿੰਦ । ਬਾਪ ਬੀਠਲਾ—ਹੇ ਬੀਠਲ ਪਿਤਾ । ਬੀਠਲ—ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ।੧।ਰਹਾਉ।

ਅਨਿਲ—ਹਵਾ । ਖੇਵਿ ਨ ਸਾਕਉ—ਚੱਪੂ ਨਹੀਂ ਲਗਾ ਸਕਦਾ । ਖੇਵਿ- ਚੱਪੂ, ਚੱਪੂ ਲਾਣਾ । ਪਾਰੁ—ਪਾਰਲਾ ਬੰਨਾ ।੨।

ਮੋਕਉ—ਮੈਨੂੰ । ਉਤਾਰੇ—ਉਤਾਰਿ, ਲੰਘਾ ।੩।

ਤਰਿ ਨ ਜਾਨਉ—ਮੈਂ ਤਰਨਾਂ ਨਹੀਂ ਜਾਣਦਾ ।੪।

ਅਰਥ :—

ਪ੍ਰ:—ਸ੍ਰੀ ਜੀਉ ! ਇਹ ਸੰਸਾਰ ਸਮੁੰਦਰ ਜਿਸ ਵਿਚ ਲੋਭ ਆਦਿਕ ਵਿਕਾਰਾਂ ਦੀਆਂ ਅਨੇਕਾਂ ਹੀ ਲਹਿਰਾ ਦੇ ਵੇਗ ਵਗ ਰਹੇ ਹਨ, ਇਨ੍ਹਾਂ ਤੋਂ ਪਾਰ ਹੋਣ ਲਈ ਕੋਈ ਸਾਧਨ ਦਸੋ ?

1. ਉ:—ਹੇ ਭਾਈਓ ! ਇਕੋ ਹੀ ਸਾਧਨ ਅਰਦਾਸ ਹੈ ਜੋ ਉਸ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਪ੍ਰਭੂ ਜੀਉ, ਇਸ ਸੰਸਾਰ ਸਮੁੰਦਰ ਵਿਚ ਲੋਭ ਦੀਆਂ ਠਿੱਲਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ ।
2. ਹੇ ਸੋਹਣੇ ਕੇਸਾਂ ਵਾਲੇ ਪ੍ਰਭੂ, ਮੇਰਾ ਸਰੀਰ ਇਨ੍ਹਾਂ (ਲਹਿਰਾਂ) ਵਿਚ ਡੁਬਦਾ ਜਾ ਰਿਹਾ ਹੈ ।੧।
3. ਹੇ ਗੋਬਿੰਦ ਮੈਨੂੰ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਾ ਲੈ ।
4. ਹੇ ਬੀਠਲ ਪਿਤਾ ਮੈਨੂੰ ਪਾਰ ਲੰਘਾ ਲੈ ।੧।ਰਹਾਉ।
5. ਹੇ ਬੀਠਲ (ਮੇਰੀ ਜ਼ਿੰਦਗੀ ਦੀ) ਬੇੜੀ ਝੱਖੜ ਵਿਚ (ਫਸ ਗਈ ਹੈ) ਮੈਂ ਇਸਨੂੰ ਚੱਪੂ ਲਾਣ ਜੋਗਾ ਨਹੀਂ ਹਾਂ ।
6. ਹੇ ਪ੍ਰਭੂ ਤੇਰੇ (ਇਸ ਸੰਸਾਰ ਸਮੁੰਦਰ ਦਾ) ਮੈਨੂੰ ਪਾਰਲਾ ਬੰਨਾਂ ਨਹੀਂ ਲੱਭਦਾ ।੨।
7. ਹੇ ਕੇਸਵ, ਮੇਰੇ ਉਤੇ ਦਇਆ ਕਰ, ਮੈਨੂੰ ਗੁਰੂ ਮਿਲਾ ।
8. ਹੇ ਕੇਸਵ, (ਇਸ ਸਮੁੰਦਰ ਵਿਚੋਂ) ਪਾਰ ਲੰਘਾ ਲੈ ।੩।
9. ਹੇ ਬੀਠਲ ਜੀਉ, (ਤੇਰਾ) ਨਾਮਦੇਵ ਬੇਨਤੀ ਕਰਦਾ ਹੈ, (ਸੰਸਾਰ ਸਮੁੰਦਰ ਵਿਚ ਠਿੱਲਾਂ ਪੈ ਰਹੀਆਂ ਹਨ, ਮੇਰੀ ਬੇੜੀ ਝੱਖੜ ਦੇ ਮੂੰਹ ਆ ਪਈ ਹੈ, ਮੈਂ ਤਰਨਾਂ ਭੀ ਨਹੀਂ ਜਾਣਦਾ ।
10. ਹੇ ਪ੍ਰਭੂ ਜੀ ! ਮੈਨੂੰ ਆਪਣੀ ਬਾਂਹ ਫੜਾ, ਦਾਤਾ, ਬਾਂਹ ਫੜਾ ।੪।੨।

ਭਾਵਾਰਥ :—ਦੁਨੀਆਂ ਦੇ ਵਿਕਾਰਾਂ ਤੋਂ ਬਚਣ ਲਈ ਲੋਕੀ ਅਨੇਕਾਂ ਹੀ ਕਠਨ ਸਾਧਨ ਕਰਦੇ ਹਨ, ਪਰ ਇਨ੍ਹਾਂ ਵਿਕਾਰਾਂ ਤੋਂ ਬਚਣ ਲਈ ਇਕੋ ਹੀ ਇਕ ਤਰੀਕਾ ਹੈ ਉਸ ਸਾਈਂ ਜੀ ਦੇ ਦਰ ਤੇ ਪੁਕਾਰ, ਅਰਦਾਸ ਕਰਨੀ।

1. **ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥**
2. **ਪੀਛੈ ਤਿਨਕਾ ਲੈ ਕਰਿ ਹਾਂਕਤੀ ।੧॥**
3. **ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥**
4. **ਸਰਿ ਧੋਵਨ ਚਾਲੀ ਲਾਡੁਲੀ ॥੧॥ਰਹਾਉ॥**
5. **ਧੋਬੀ ਧੋਵੈ ਬਿਰਹ ਬਿਰਾਤਾ ॥**
6. **ਹਰਿ ਚਰਨ ਮੇਰਾ ਮਨੁ ਰਾਤਾ ॥੨॥**
7. **ਭਣਤਿ ਨਾਮਦੇਉ ਰਮਿ ਰਹਿਆ ॥**
8. **ਅਪਨੇ ਭਗਤ ਪਰ ਕਰਿ ਦਇਆ ॥੩॥੩॥**

ਪਦ ਅਰਥ :—ਪਨਕਤ–ਪਨਘਟ (ਭਾਵ, ਪਾਣੀ ਦਾ ਘਾਟ। ਥ੍ਰੂਟਿਟਿ–ਪਸ਼ੂ ਨੂੰ ਹਿਕਣ ਦੀਆਂ ਦੇ ਅਵਾਜ਼ਾਂ ਥ੍ਰੂਟਿਟਿ (ਆਖ ਆਖ ਕੇ) ਹਿੱਕਣ ਵਾਲੀ।

ਨੋਟ : 'ਸ਼ਬਦ' ਦਾ ਭਾਵ ਸਮੁੱਚੇ ਤੌਰ ਤੇ ਬੀਜ ਰੂਪ ਵਿਚ 'ਰਹਾਉ' ਦੀ ਤੁਕ ਦੇ ਅੰਦਰ ਮਿਲਦਾ ਹੈ। ਸਾਰਾ ਸ਼ਬਦ 'ਰਹਾਉ' ਦੀ ਤੁਕ ਜਾਂ ਤੁਕਾਂ ਦੀ ਮਾਨੋਂ, ਵਿਆਖਿਆ ਹੈ. 'ਰਹਾਉ' ਦੀ ਤੁਕ ਜਾਂ ਤੁਕਾਂ ਵਿਚ ਇਕ ਬੱਝਵਾਂ ਖਿਆਲ ਹੁੰਦਾ ਹੈ।

'ਰਹਾਉ' ਵਾਲੇ ਬੰਦ ਨੂੰ ਸਮੁੱਚੇ ਤੌਰ ਤੇ ਪੜ੍ਹਨਾਂ ਤੇ ਸਮਝਣਾ ਇਹ ਹਰੇਕ ਸ਼ਬਦ ਦੇ ਭਾਵ ਨੂੰ ਠੀਕ ਤਰ੍ਹਾਂ ਵਿਚਾਰਨ ਲਈ ਅਤਿ ਜ਼ਰੂਰੀ ਹੈ, ਇਸ ਸ਼ਬਦ ਨੂੰ ਸਮਝਣ ਵਾਸਤੇ ਭੀ ਇਸ ਗੱਲ ਦਾ ਖਾਸ ਖ਼ਿਆਲ ਰੱਖਣ ਦੀ ਲੋੜ ਹੈ।

ਪਾਠਕ ਜਨ ਹੁਣ 'ਰਹਾਉ' ਦੀਆਂ ਤੁੱਕਾਂ ਗਹੁ ਨਾਲ ਪੜ੍ਹਨ-ਜੈਸੇ ਪਨਕਤ ਥ੍ਰੂਟਿਟਿ ਹਾਂਕਤੀ।

ਸਰਿ ਧੋਵਨ ਚਾਲੀ ਲਾਡੁਲੀ ।੧।ਰਹਾਉ।

ਲਫ਼ਜ਼ 'ਜੈਸੇ' ਇਹ ਦਸਦਾ ਹੈ ਕਿ ਇਹ ਪਹਿਲੀ ਤੁੱਕ ਆਪਣੇ ਆਪ ਵਿਚ ਸੰਪੂਰਣ ਵਾਕ ਨਹੀਂ ਹੈ। ਦੂਜੀ ਤੁੱਕ ਦੇ ਮੁੱਢ ਤੇ ਲਫ਼ਜ਼ 'ਤੈਸੇ' ਵਰਤਿਆਂ ਸੰਪੂਰਨ ਵਾਕ ਇਉਂ ਬਣੇਗਾ :

ਜੈਸੇ (ਧੂੜਿ ਮਣੀ ਗਾਡੀ ਨੂੰ) ਥ੍ਰੂਟਿਟ (ਆਖ ਆਖ ਕੇ) (ਹਿੱਕਣ ਵਾਲੀ) ਪਨਕਤ (ਵਲ) ਹਾਂਕਤੀ (ਹੈ) (ਤੈਸੇ) ਲਾਡਲੀ ਸਰਿ ਧੋਵਨ ਚਾਲੀ।

ਹੁਣ ਪਾਠਕ ਜਨ ਵੇਖ ਚੁੱਕੇ ਹਨ ਕਿ ਇਸ ਸ਼ਬਦ ਵਿਚ ਨਾਮਦੇਵ ਜੀ ਆਪਣੇ ਧੋਬੀਪਨ ਦਾ ਜਿਕਰ ਕਰਕੇ ਸੁਲੱਖਣੇ ਧੋਬੀ ਦੀ ਵਡਿਆਈ ਕਰ ਰਹੇ ਹਨ। ਧੋਬੀ ਦੇ ਨਾਲ ਸਧਾਰਨ ਹੀ ਪਾਣੀ ਦੇ ਘਾਟ ਦਾ ਸਬੰਧ ਹੈ। ਸੋ 'ਪਨਕਤ' ਅਸਲ ਵਿਚ 'ਪਨਘਟ' (ਪਾਣੀ ਦਾ ਘਾਟ) ਹੈ।

ਇਸ ਸ਼ਬਦ ਵਿਚ ਧੋਬੀ ਦੀ ਕਿਰਤ ਦਾ ਜ਼ਿਕਰ ਕਰਕੇ ਇਸ ਨੂੰ ਆਤਮਕ ਉਪਦੇਸ਼ ਦੇਣ ਵਿਚ ਵਰਤਿਆ ਹੋਇਆ ਹੈ।

ਲਫ਼ਜ਼ 'ਧੂੜਿ ਮਣੀ ਗਾਡੀ' ਨੂੰ 'ਧੋਬਣ' ਦੇ ਨਾਲ ਵਰਤਣ ਵੇਲੇ ਇਸਦਾ ਅਰਥ ਕਰਨਾ ਹੈ–'ਮੈਲੇ ਕੱਪੜਿਆਂ ਦੀ ਭਰੀ ਹੋਈ ਗੱਡੀ' ਜਦੋਂ ਇਸਨੂੰ 'ਧੋਬੀ' ਗੁਰੂ ਦੇ ਨਾਲ ਵਰਤਾਂਗੇ, ਤਾਂ 'ਲਾਡੁਲ' ਪ੍ਰੇਮਣ ਜੀਵ ਇਸਤ੍ਰੀ ਦੇ ਨਾਲ ਇਸਦਾ ਅਰਥ ਹੋਵੇਗਾ 'ਇਹ ਮਿੱਟੀ ਦੀ ਗੱਡੀ' ਸਰੀਰ।

ਅਰਥ :—

1. (ਜਿਵੇਂ) ਪਹਿਲਾਂ (ਭਾਵ, ਅਗੇ ਅਗੇ) ਮੈਲੇ ਕੱਪੜਿਆਂ ਨਾਲ ਲੱਦੀ ਹੋਈ ਗੱਡੀ ਸਹਿਜੇ ਸਹਿਜੇ ਤੁਰੀ ਜਾਂਦੀ ਹੈ।
2. (ਅਤੇ) ਪਿਛੇ ਪਿਛੇ (ਧੋਬਣ) ਸੋਟੀ ਲੈ ਕੇ ਹਿੱਕਦੀ ਜਾਂਦੀ ਹੈ. (ਤਿਵੇਂ ਪਹਿਲਾਂ ਇਹ ਆਲਸੀ ਸਰੀਰ ਸਹਿਜੇ ਟੁਰਦਾ ਹੈ, ਪਰ 'ਲਾਡਲੀ' ਇਸ ਨੂੰ ਪ੍ਰੇਮ ਆਦਿਕ ਨਾਲ ਪ੍ਰੇਰਦੀ ਹੈ)।੧।
3. ਜਿਵੇਂ (ਧੋਬਣ) (ਉਸ ਗੱਡੀ ਨੂੰ) ਪਾਣੀ ਦੇ ਘਾਟ ਵਲ 'ਥ੍ਰੂਟਿਟ' ਆਖ ਆਖ ਕੇ ਹਿੱਕਦੀ ਹੈ।
4. (ਅਤੇ) ਸਿਰ ਉਤੇ (ਧੋਬੀ ਦੀ) ਲਾਡਲੀ ਇਸਤ੍ਰੀ (ਕਪੜੇ) ਧੋਣ ਲਈ ਜਾਂਦੀ ਹੈ, ਤਿਵੇਂ ਪ੍ਰੇਮਣ (ਜੀਵ ਇਸਤ੍ਰੀ) ਸਤਿਸੰਗ ਸਰੋਵਰ ਉਤੇ (ਮਨ ਨੂੰ) ਧੋਣ ਲਈ ਜਾਂਦੀ ਹੈ।੧।ਰਹਾਉ।
5. ਹੇ ਭਾਈਓ ! ਪਿਆਰ ਵਿਚ ਰੰਗਿਆ ਹੋਇਆ ਧੋਬੀ (ਗੁਰੂ ਸਰੋਵਰ ਤੇ ਆਇਆਂ ਜਗਿਆਸੂ ਇਸਤ੍ਰੀਆਂ ਦੇ ਮਨ) ਪਵਿਤਰ ਕਰ ਦੇਂਦਾ ਹੈ।
6. ਹੇ ਪਿਆਰੇ, (ਉਸੇ ਗੁਰੂ ਧੋਬੀ ਦੀ ਮਿਹਰ ਦਾ ਸਦਕਾ) ਮੇਰਾ ਮਨ ਭੀ ਅਕਾਲ ਪੁਰਖ ਦੇ ਚਰਨਾਂ ਵਿਚ ਰੰਗਿਆ ਗਿਆ ਹੈ।੨।
7. ਕਥਨ ਕਰਦੇ ਹਨ ਨਾਮਦੇਵ ਜੀ ਕਿ, ਹੇ ਭਾਈਓ ! ਉਹ ਅਕਾਲ ਪੁਰਖ ਸਭ ਥਾਈਂ ਵਿਆਪਕ ਹੈ।
8. ਅਤੇ ਆਪਣੇ ਭਗਤਾਂ ਉਤੇ (ਇਸੇ ਤਰ੍ਹਾਂ ਭਾਵ, ਗੁਰੂ ਦੀ ਰਾਹੀਂ) ਮਿਹਰ ਕਰਦਾ ਰਹਿੰਦਾ ਹੈ।੩।

ਭਾਵਾਰਥ :—ਇਸ ਸ਼ਬਦ ਵਿਚ ਦੇਹ ਦੇ ਪਰਥਾਇ, ਇਸ ਜੀਵ ਨੂੰ ਉਪਦੇਸ਼ ਕਰਦੇ ਹੋਏ ਸਮਝਾਉਣ ਦਾ ਉਪਕਾਰ ਕਰਦੇ ਹਨ।

ਬਸੰਤੁ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

1. **ਤੁਝਹਿ ਸੁਝੰਤਾ ਕਛੂ ਨਾਹਿ ॥**
2. **ਪਹਿਰਾਵਾ ਦੇਖੇ ਊਭਿ ਜਾਹਿ ॥**
3. **ਗਰਬਵਤੀ ਕਾ ਨਾਹੀ ਠਾਉ ॥**
4. **ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥**

5. **ਤੂੰ ਕਾਂਇ ਗਰਬਹਿ ਬਾਵਲੀ ॥**
6. **ਜੈਸੇ ਭਾਦਉ ਖੂੰਬ ਰਾਜੁ ਤੂ
ਤਿਸ ਤੇ ਖਰੀ ਉਤਾਵਲੀ ॥੧॥ਰਹਾਉ॥**
7. **ਜੈਸੇ ਕੁਰੰਕ ਨਹੀ ਪਾਇਓ ਭੇਦੁ ॥**
8. **ਤਨਿ ਸੁਗੰਧ ਢੂਢੈ ਪ੍ਰਦੇਸੁ ॥**
9. **ਅਪ ਤਨ ਕਾ ਜੋ ਕਰੇ ਬੀਚਾਰੁ ॥**
10. **ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥**
11. **ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥**
12. **ਠਾਕੁਰੁ ਲੇਖਾ ਮਗਨਹਾਰੁ ॥**
13. **ਫੇੜੇ ਕਾ ਦੁਖੁ ਸਹੈ ਜੀਉ ॥**
14. **ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥**
15. **ਸਾਧੂ ਕੀ ਜਉ ਲੇਹਿ ਓਟ ॥**
16. **ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥**
17. **ਕਹਿ ਰਵਿਦਾਸ ਜੁੋ ਜਪੈ ਨਾਮੁ ॥**
18. **ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥**

ਪਦ ਅਰਥ :–ਤੁਝਹਿ–ਤੈਨੂੰ । ਪਹਿਰਾਵਾ–(ਸਰੀਰ ਦਾ) ਠਾਠ, ਪ੍ਰਕਾਸ਼ । ਉਭਿ ਜਾਹਿ–ਆਕੜਦੀ ਹੈਂ । ਗਰਬਵਤੀ–ਅਹੰਕਾਰਨ । ਠਾਉ–ਥਾਂ । ਗਰਦਨਿ–ਧੌਣ । ਲਵੈ ਕਾਉ–ਕਾਂ ਲਉਂਦਾ ਹੈ, ਅਵਾਜ਼ਾਂ ਮਾਰਦਾ ਹੈ ।੧।

ਕਾਂਇ–ਕਿਉਂ ? ਕਾਹਦੇ ਲਈ । ਗਰਬਹਿ–ਅਹੰਕਾਰ ਕਰਦੀ ਹੈਂ । ਖੂੰਬਰਾਜੁ–ਵਡੀ ਖੁੰਭ, ਜਿਵੇਂ ਖੁੰਬ ਉੱਗ ਕੇ ਛੇਤੀ ਹੀ ਸੜ ਜਾਂਦੀ ਹੈ । ਖਰੀ–ਵਧੀਕ । ਉਤਾਵਲੀ–ਕਾਹਲੀ, ਛੇਤੀ ਜਾਣ ਵਾਲੀ ।੧।ਰਹਾਉ।

ਕੁਰੰਕ–ਹਰਨ । ਤਨਿ ਸਰੀਰ ਵਿਚ । ਸੁਗੰਧ–ਕਸਤੂਰੀ । ਅਪ–ਆਪਣਾ । ਜਮ ਕੰਕਰੁ–ਜਮ ਕਿੰਕਰ, ਜਮਦੂਤ ।੨।

ਕਲਤ੍ਰ–ਇਸਤ੍ਰੀ । ਫੇੜੇ–ਕੀਤੇ(ਮੰਦੇ) ਕਰਮ । ਪਾਛੇ–(ਜਿੰਦ ਦੇ ਨਿਕਲ ਜਾਣ) ਪਿਛੋਂ । ਪੀਉ–ਪਿਆਰਾ । ਪੁਕਾਰਹਿ–ਤੂੰ ਅਵਾਜ਼ਾਂ ਮਾਰੇਂਗੀ ।੩।

ਸਾਧੂ–ਗੁਰੂ । ਓਟ–ਆਸਰਾ । ਕੋਟਿ–ਕ੍ਰੋੜਾਂ । ਜੋਨਿ ਕਾਮ–ਜੂਨਾਂ ਨਾਲ ਵਾਸਤਾ ।੪।

ਅਰਥ :–

ਪ੍ਰ:-ਭਗਤ ਜੀ ਮੈਨੂੰ ਕੋਈ ਅਜਿਹਾ ਸ਼ੁਭ ਉਪਦੇਸ਼ ਬਖਸ਼ੋ ਜਿਸ ਕਰਕੇ ਮੇਰਾ ਅੰਦਰੋਂ ਅਹੰਕਾਰ ਮਿਟ ਜਾਵੇ, ਕਿਉਂਕਿ ਮੇਰੀ ਕਾਇਆਂ ਨੂੰ ਹਰ ਵਕਤ ਹੀ ਹੰਕਾਰ ਦੁਖੀ ਕਰਦਾ ਰਹਿੰਦਾ ਹੈ ?

1.**ਉ**:–ਹੇ ਪਿਆਰੇ ! ਤੂੰ ਆਪਣੀ ਇਸ ਕਾਇਆਂ ਨੂੰ ਇਉਂ ਹੀ ਸੰਬੋਧਨ ਕਰਦਾ ਰਿਹਾ ਕਰ, ਕਿ ਹੇ ਮੇਰੀ ਕਾਇਆਂ ! ਕੀ ਤੈਨੂੰ ਕੁਝ ਭੀ ਸੁਰਤ ਨਹੀਂ ਰਹੀ ।

2. ਤੂੰ ਆਪਣਾ (ਇਸ ਸਰੀਰ ਉਪਰ) ਠਾਠ ਵੇਖਕੇ ਆਕੜਦੀ ਹੈਂ ।
3. ਹੇ ਮੇਰੀ ਕਾਇਆਂ, (ਵੇਖ) ਅਹੰਕਾਰਨ ਦਾ ਕੋਈ ਭੀ ਥਾਂ ਨਹੀਂ ਹੁੰਦਾ ।
4. ਹੇ ਕਾਇਆਂ ਸੁਣ, ਮੈਂ ਤਾਂ ਸਮਝਦਾ ਹਾਂ ਕਿ ਤੇਰੇ ਮੰਦੇ ਦਿਨ ਆਏ ਹੋਏ ਹਨ, ਕਿ ਤੂੰ ਝੂਠਾ ਮਾਣ ਕਰਦੀ ਹੈਂ, ਪਰ ਤੇਰੀ ਗਰਦਨ ਉਪਰ ਕਾਲ ਰੂਪੀ ਕਾਂ ਵਾਜਾਂ ਮਾਰਦਾ ਹੈ, (ਭਾਵ ਮੌਤ ਹਰ ਵਕਤ ਤਤਪਰ ਹੈ ।੧।
5. ਹੇ ਮੇਰੀ ਕਮਲੀ ਕਾਇਆਂ, ਤੂੰ ਕਿਉਂ ਮਾਣ ਕਰਦੀ ਹੈਂ ?
6. (ਹੇ ਕਮਲੀਏ) ਤੂੰ ਤਾਂ ਉਸ ਖੁੰਬ ਨਾਲੋਂ ਭੀ ਛੇਤੀ ਨਾਸ ਹੋ ਜਾਣ ਵਾਲੀ ਹੈਂ, ਜੋ ਭਾਦਰੋਂ ਵਿਚ (ਉੱਗਦੀ ਹੈ) । (ਭਾਵ ਜਿਵੇਂ ਭਾਦਰੋਂ ਦੇ ਮਹੀਨੇ ਖੁੰਬ ਉੱਗ ਕੇ ਛੇਤੀ ਹੀ ਸੜ ਜਾਂਦੀ ਹੈ, ਤੂੰ ਤਾਂ ਉਸ ਤੋਂ ਭੀ ਵਧੀਕ ਉਤਾਵਲੀ ਹੈਂ) ।੧।ਰਹਾਉ।

ਪ੍ਰ:–ਕਿਉਂ ਜੀ ! ਕੀ ਉਸ ਸਾਈਂ ਜੀ ਨੂੰ ਘਰ ਬਾਰ ਛੱਡ ਕੇ ਕਿਤੇ ਪ੍ਰਦੇਸ਼ ਵਿਚ ਲੱਭਣ ਜਾਈਏ ?

7.**ਉ**:–ਹੇ ਭਾਈਓ ! ਉਸ ਨੂੰ ਲੱਭਣ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ, ਉਹ ਤਾਂ ਇਸ ਸਰੀਰ ਦੇ ਅੰਦਰ ਹੀ ਵਸਦਾ ਹੈ, ਪਰ ਔਕੜ ਇਉਂ ਹੀ ਸਮਝੋ ਕਿ ਜਿਵੇਂ ਹਰਨ ਨੂੰ ਇਹ ਭੇਤ ਨਹੀਂ ਮਿਲਦਾ ਕਿ ਕਸਤੂਰੀ ਦੀ ਸੁਗੰਧੀ ਉਸਦੇ ਆਪਣੇ ਸਰੀਰ ਵਿਚੋਂ ਹੀ (ਆਉਂਦੀ ਹੈ) ।

8. ਪਰ, ਉਹ ਪ੍ਰਦੇਸ਼ (ਵਿਚ) ਢੂੰਡਦਾ ਫਿਰਦਾ ਹੈ । ਹੇ ਭਾਈ ! (ਤਿਵੇਂ ਹੀ ਤੈਨੂੰ ਇਹ ਸਮਝ ਨਹੀਂ ਕਿ) ਸੁਖਾਂ ਦਾ ਮੂਲ ਪ੍ਰਭੂ ਤੇਰੇ ਆਪਣੇ ਅੰਦਰ ਹੈ ।

ਪ੍ਰ:–ਕਿਉਂ ਜੀ, ਸੁਣਦੇ ਹਾਂ ਕਿ ਅੰਤ ਸਮੇਂ ਹਰ ਜੀਵ ਨੂੰ ਜਮ ਖੁਆਰ ਕਰਦਾ ਹੈ, ਦਸੋ ਇਸ ਤੋਂ ਬਚਾ ਕਿਵੇਂ ਹੋ ਸਕੇਗਾ ?

9.**ਉ**:–ਹੇ ਭਾਈਓ ! ਜੋ ਜੀਵ ਆਪਣੇ ਸਰੀਰ ਦੀ ਵੀਚਾਰ ਕਰਦਾ ਹੈ ਕਿ (ਇਹ ਸਦਾ ਥਿਰ ਰਹਿਣ ਵਾਲਾ ਨਹੀਂ) ਉਸਨੂੰ ਫਿਰ ਸਦਾ ਹੀ ਉਹ ਪ੍ਰਮੇਸ਼ਰ ਜੀ ਯਾਦ ਰਹਿੰਦਾ ਹੈ।

10. (ਉਸ ਪ੍ਰਮੇਸ਼ਰ ਦੀ ਯਾਦ ਦਾ ਸਦਕਾ) ਉਸਨੂੰ (ਫਿਰ ਕਦੇ ਭੀ) ਜਮਦੂਤ ਖੁਆਰ ਨਹੀਂ ਕਰਦਾ ।੨।
11. (ਹੇ ਕਾਇਆਂ ਸੁਣ) ਤੂੰ ਪੁਤਰ ਤੇ ਵਹੁਟੀ ਦਾ ਮਾਣ ਕਰਦੀ ਹੈਂ, ਤੇ ਪ੍ਰਭੂ ਨੂੰ ਭੁਲਾ ਬੈਠੀ ਹੈਂ ਚੇਤਾ ਰੱਖ ।
12. ਉਹ ਮਾਲਕ ਪ੍ਰਭੂ (ਕੀਤੇ ਕਰਮਾਂ ਦਾ) ਲੇਖਾ ਮੰਗਦਾ ਹੈ ।
13. ਭਾਵ, ਜੀਵ ਆਪਣੇ ਕੀਤੇ ਮੰਦੇ ਕਰਮਾਂ ਕਰਕੇ ਦੁੱਖ ਸਹਾਰਦਾ ਹੈ ।
14. ਹੇ ਕਾਇਆਂ ਦਸ, ਜਿੰਦ ਦੇ ਨਿਕਲ ਜਾਣ ਪਿਛੋਂ ਤੂੰ ਕਿਸ ਨੂੰ ਪਿਆਰਾ, ਪਿਆਰਾ ਆਖ ਕੇ ਵਾਜਾਂ ਮਾਰੇਂਗੀ ? ।੩।

ਪ੍ਰ:–ਕਿਉਂ ਜੀ, ਦਸੋ, ਇਸ ਕਾਇਆਂ ਦੇ ਜਨਮ ਜਨਮਾਤ੍ਰਾਂ ਦੇ ਕੀਤੇ ਪਾਪ ਕਿਵੇਂ ਮਿਟ ਸਕਦੇ ਹਨ ?

15. ਉ:–ਹੇ ਭਾਈਓ ! ਇਕੋ ਹੀ ਸਾਧਨ ਹੈ ਜੇ ਕਰ ਗੁਰੂ ਦਾ ਆਸਰਾ ਲਿਆ ਜਾਏ।
16. ਤਾਂ ਤੇਰੇ ਕ੍ਰੋੜਾਂ ਕੀਤੇ ਪਾਪ ਸਾਰੇ ਦੇ ਸਾਰੇ ਨਾਸ ਹੋ ਜਾਣਗੇ।
17. ਰਵਿਦਾਸ ਜੀ ਕਹਿੰਦੇ ਹਨ ਕਿ, ਹੇ ਭਾਈਓ ! ਜੋ ਮਨੁੱਖ ਨਾਮ ਜਪਦਾ ਹੈ।
18. ਉਸ ਦੀ (ਨੀਵੀਂ) ਜ਼ਾਤ ਮੁੱਕ ਜਾਂਦੀ ਹੈ, ਉਸਦਾ ਜਨਮ ਮਰਨ ਮਿਟ ਜਾਂਦਾ ਹੈ ਤੇ ਜੂਨਾਂ ਨਾਲ ਉਸਦਾ (ਕੋਈ) ਵਾਸਤਾ ਨਹੀਂ ਰਹਿੰਦਾ।੪।੧।

ਭਾਵਾਰਥ :–ਪਹਿਰਾਵੇ ਆਦਿ ਸ਼ੌਕੀਨੀਆਂ ਦਾ ਅਤੇ ਘਰ ਦੇ ਸਬੰਧੀਆਂ ਦਾ ਗੁਮਾਨ ਕਰਨ ਨਾਲ ਜੀਵ ਖੁਆਰ ਹੁੰਦਾ ਹੈ। ਆਪਣੀ ਵਿਤ ਨੂੰ ਸਮਝ ਕੇ ਅਤੇ ਅਹੰਕਾਰ ਨੂੰ ਛੱਡ ਕੇ ਗੁਰੂ ਦੇ ਹਵਾਲੇ ਹੋ ਜਾਣਾ ਚਾਹੀਦਾ ਹੈ ਤਾਂ ਕਿ ਪਾਪ ਦੂਰ ਹੋ ਕੇ ਅੰਦਰ ਨਾਮ ਦਾ ਨਿਵਾਸ ਹੋ ਸਕੇ। ਸਰੀਰ ਆਦਿਕ ਦਾ ਮਾਣ ਕੂੜਾ ਹੈ, ਇਥੇ ਸਦਾ ਨਹੀਂ ਬੈਠ ਰਹਿਣਾ।

ਬਸੰਤੁ ਕਬੀਰ ਜੀਉ

੧ਓ ਸਤਿਗੁਰ ਪ੍ਰਸਾਦਿ ॥

1. ਸੁਰਹ ਕੀ ਜੈਸੀ ਤੇਰੀ ਚਾਲ ॥
2. ਤੇਰੀ ਪੂੰਛਟ ਊਪਰਿ ਝਮਕ ਬਾਲ ॥੧॥
3. ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ ॥
4. ਅਉਰ ਕਿਸਹੀ ਕੇ ਤੂ ਮਤਿ ਹੀ ਜਾਹਿ ॥੧॥ਰਹਾਉ॥
5. ਚਾਕੀ ਚਾਟਹਿ ਚੂਨੁ ਖਾਹਿ ॥
6. ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥੨॥
7. ਛੀਕੇ ਪਰ ਤੇਰੀ ਬਹੁਤੁ ਡੀਠਿ ॥
8. ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥੩॥
9. ਕਹਿ ਕਬੀਰ ਭੋਗ ਭਲੇ ਕੀਨ ॥
10. ਮਤਿ ਕੋਊ ਮਾਰੈ ਈਂਟ ਢੇਮ ॥੪॥੧॥

ਪਦ ਅਰਥ:–ਸੁਰਹ–ਗਾਂ । ਚਾਲ–ਤੋਰ । ਪੂਛਟ–ਪੂਛਲ। ਝਮਕ–ਚਮਕਦੇ। ਬਾਲ–ਵਾਲ।੧।

ਇਸ ਘਰ ਮੈ ਹੈ–(ਭਾਵ) ਜੋ ਕੁਝ ਤੈਨੂੰ ਆਪਣੀ ਕਮਾਈ ਵਿਚੋਂ ਮਿਲਦਾ ਹੈ।੧।ਰਹਾਉ।

ਚੂਨੁ–ਆਟਾ। ਚੀਥਰਾ–ਪਰੋਲਾ। ਕਹਾਂ–ਕਿੱਥੇ ?।੨।

ਪਰ–ਉੱਤੇ। ਡੀਠਿ–ਨਜ਼ਰ, ਨਿਗਾਹ। ਮਤੁ–ਮਤਾਂ। ਪੀਠਿ–ਲੱਕ ਉੱਤੇ।੩।

ਭਲੇ–ਚੰਗੇ ਚੰਗੇ। ਕੀਨ–ਕੀਤੇ ਹਨ । ਮਤਿ–ਮਤਾਂ। ਕੋਊ ਢੇਮ–ਕਿਤੇ ਖੁਆਰੀ ਹੋਵੇ।੪।

ਉਥਾਨਕਾ :–ਇਕ ਵਾਰ ਕਬੀਰ ਜੀ ਨੇ ਵੇਖਿਆ ਕਿ ਉਨ੍ਹਾਂ ਦੇ ਘਰ ਕੁੱਤਾ ਆ ਕੇ ਚੱਕੀ ਵਿਚੋਂ ਆਟਾ ਚੱਟ ਕੇ ਪਰੋਲੇ ਨੂੰ ਚੁਕੀ ਲਿਜਾਂਦਾ ਹੈ। ਉਸ ਨੂੰ ਪਿਆਰ ਨਾਲ ਕਹਿੰਦੇ ਹਨ ਕਿ ਸਾਡੇ ਘਰ ਵਿਚੋਂ ਹੀ ਆਪਣੀ ਲੋੜ ਪੂਰੀ ਕਰ ਲੈ, ਹੋਰ ਕਿਸੇ ਦੇ ਮਤਾਂ ਜਾਈਂ ਨਹੀਂ ਤਾਂ ਸ਼ਾਇਦ ਕੋਈ ਇੱਟ ਢੀਂਮ ਹੀ ਕੱਢ ਮਾਰੇਗਾ।

ਇਹ ਸ਼ਬਦ ਨਿਰਾ ਕੁੱਤੇ ਉਤੇ ਹੀ ਨਹੀਂ, ਸਗੋਂ ਇਸ ਵਿਚ ਕਬੀਰ ਜੀ ਆਮ ਜੀਵਾਂ ਦੀ ਬ੍ਰਿਤੀ ਦੇਖ ਕੇ ਦਿਲਚਸਪੀ ਲੈ ਰਹੇ ਹਨ। ਜੀਵ [ਚੱਕੀ ਚੱਟਦਾ ਹੈ] ਭਾਵ ਮਾਇਕੀ ਪਦਾਰਥ ਲੋਭ ਨਾਲ ਭੋਗਦਾ ਹੈ। [ਚੱਕੀ ਦਾ ਪਰੋਲਾ ਲਈ ਜਾਂਦਾ ਹੈ]। ਭਾਵ ਬੇ-ਲੋੜੇ ਤੇ ਨਿਕੰਮੇਂ ਪਦਾਰਥਾਂ ਦਾ ਲਾਲਚ ਕਰਦਾ ਹੈ, ਅਤੇ [ਛਿੱਕੇ ਵਲ ਤਕਦਾ ਹੈ] ਭਾਵ ਜਿਥੇ ਪਹੁੰਚ ਨਹੀਂ ਉਨ੍ਹਾਂ ਪਦਾਰਥਾਂ ਦੀ ਭੀ ਲਾਲਸਾ ਕਰਦਾ ਹੈ। ਉਸ ਨੂੰ ਹਦਾਇਤ ਕਰਦੇ ਹਨ ਕਿ ਵੇਖੀਂ। ਇੱਕ ਰੱਬ ਤੇ ਭਰੋਸਾ ਰੱਖ, ਨਹੀਂ ਤਾਂ ਭੋਗਾਂ ਦਾ ਅੰਤ ਮਾੜਾ ਹੀ ਨਿਕਲੇਗਾ।

ਅਰਥ :–

1. (ਹੇ ਕੁੱਤੇ) ਗਾਂ ਵਰਗੀ ਤੇਰੀ ਤੋਰ ਹੈ।
2. ਤੇਰੀ ਪੂਛਲ ਉਤੇ ਵਾਲ ਭੀ ਸੋਹਣੇ ਚਮਕਦੇ ਹਨ। (ਭਾਵ ਹੇ ਕੁੱਤਾ ਸੁਭਾਉ ਵਾਲੇ ਜੀਵ, ਸ਼ਰੀਫਾਂ ਵਾਲੀ ਤੇਰੀ ਸ਼ਕਲ ਤੇ ਪਹਿਰਾਵਾ ਹੈ)।੧।
3. ਹੇ ਕੁੱਤੇ ਦੇ ਸੁਭਾਉ ਵਾਲੇ ਜੀਵ, ਜੋ ਕੁਝ (ਤੇਰੀ) ਆਪਣੀ ਹੱਕ ਦੀ ਕਮਾਈ ਹੈ, ਉਸੇ ਨੂੰ ਨਸੰਗ ਹੋ ਕੇ ਵਰਤ।
4. ਕਿਸੇ ਬਿਗਾਨੇ ਮਾਲ ਦੀ ਲਾਲਸਾ ਨਾ ਕਰਨੀ।੧।ਰਹਾਉ।
5. (ਹੇ ਕੁੱਤੇ) ਤੂੰ ਚੱਕੀ ਚਟਦਾ ਹੈਂ, ਤੇ ਆਟਾ ਖਾਂਦਾ ਹੈਂ।
6. ਪਰ, (ਜਾਂਦਾ ਹੋਇਆ) ਪਰੋਲਾ ਕਿਥੇ ਲੈ ਜਾਏਂਗਾ ? (ਭਾਵ ਹੇ ਜੀਵ (ਜਿਹੜੀ ਮਾਇਆ (ਤੂੰ) ਰੋਜ਼ ਵਰਤਦਾ ਹੈਂ ਇਹ ਤਾਂ ਭਲਾ ਤੂੰ ਭਾਵੇਂ ਵਰਤ ਹੀ ਲਈ ਹੈ, ਪਰ ਜੋੜ ਜੋੜ ਕੇ (ਦਸ) ਆਖਰ ਨਾਲ ਕੀ ਲੈ ਜਾਏਂਗਾ ? (ਭਾਵ ਨਾਲ ਤਾਂ ਕੁਝ ਭੀ ਨਹੀਂ ਲੈ ਜਾ ਸਕੇਂਗਾ)।੨।
7. ਹੇ ਸੁਆਨ ! ਤੂੰ ਛਿੱਕੇ ਵਲ ਬੜਾ ਤੱਕ ਰਿਹਾ ਹੈਂ।
8. ਪਰ ਵੇਖੀਂ ਕਿਤੇ ਲੱਕ ਉਤੇ ਕਿਤੋਂ ਸੋਟਾ ਨਾ ਵੱਜੇ। ਭਾਵ ਹੇ ਜੀਵ (ਤੂੰ) ਬਿਗਾਨੇ ਘਰਾਂ ਵਲ ਤੱਕਦਾ ਹੈਂ ਇਸ ਵਿਚੋਂ ਉਪਾਧੀ ਹੀ ਨਿਕਲੇਗੀ।੩।
9. ਕਬੀਰ ਜੀ ਕਥਨ ਕਰਦੇ ਹਨ ਕਿ (ਹੇ ਸੁਆਨ) ਤੂੰ ਬਥੇਰਾ ਕੁਝ ਖਾਧਾ ਤੇ ਉਜਾੜਿਆ ਹੈ।
10. ਪਰ, ਧਿਆਨ ਰੱਖੀਂ ਕਿਤੇ ਕੋਈ ਇੱਟ ਢੀਮ ਤੇਰੇ ਸਿਰ ਉਤੇ ਨਾ ਮਾਰ ਦੇਵੇ। (ਭਾਵ : ਹੇ ਜੀਵ, ਤੂੰ ਜੋ ਇਹ ਭੋਗ ਭੋਗਣ ਵਿਚ ਹੀ ਰੁੱਝਾ ਪਿਆ ਹੈਂ, ਇਨ੍ਹਾਂ ਦਾ ਅੰਤ ਖੁਆਰੀ ਹੀ ਹੁੰਦਾ ਹੈ)।੪।੧।

ਭਾਵਾਰਥ:-ਕਬੀਰ ਜੀ, ਮਨੁੱਖ ਨੂੰ ਕੁਤੇ ਨਾਲ ਉਪਮਾਂ ਦੇਂਦੇ ਹਨ, ਕੁੱਤੇ ਦਾ ਸੁਭਾਉ ਹਰ ਕੋਈ ਜਾਣਦਾ ਹੈ। ਜਦੋਂ ਕਿਸੇ ਬੂਹੇ ਤੇ ਟੁਕੜੇ ਦੀ ਖਾਤਰ ਜਾਂਦਾ ਹੈ ਤਾਂ ਬੜਾ ਗਰੀਬੜਾ ਜਿਹਾ ਬਣਕੇ ਜਾਂਦਾ ਹੈ। ਪਰ, ਜੇ ਕੋਈ ਘਰ ਸੁੰਞਾਂ ਮਿਲ ਜਾਏ, ਤਾਂ ਪਹਿਲਾਂ ਚੱਕੀ ਜਾ ਚਟਦਾ ਹੈ, ਉਥੋਂ ਤਸੱਲੀ ਨਾ ਹੋਵੇ ਤਾਂ

ਛਿੱਕੇ ਵਲ ਬੜੀ ਲਾਲਸਾ ਨਾਲ ਤੱਕਦਾ ਹੈ, ਜੋ ਕੁਝ ਘਰ ਵਿਚ ਖਾਣ ਨੂੰ ਮਿਲੇ ਕੁਝ ਖਾਂਦਾ ਹੈ, ਕੁਝ ਵਿਗਾੜਦਾ ਹੈ, ਚੱਕੀ ਚੱਟਣ ਪਿਛੋਂ ਜਾਂਦਾ ਹੋਇਆ ਥੋੜੇ ਜਿਹੇ ਲਾਲਚ ਪਿਛੇ ਪਰੋਲਾ ਭੀ ਲੈ ਭੱਜਦਾ ਹੈ।

ਇਹੀ ਹਾਲ ਲਾਲਚ ਨਾਲ ਹਲਕੇ ਹੋਏ ਮਨੁੱਖ ਦਾ ਹੈ, ਵੇਖਣ ਨੂੰ ਸੋਹਣੀ ਸ਼ਕਲ, ਸ਼ਰੀਫਾਂ ਵਾਲਾ ਪਹਿਰਾਵਾ, ਪਰ "ਦੁਆਰਹਿ ਦੁਆਰਿ ਸੁਆਨ ਜਿਉ ਡੋਲਤ" ਆਪਣੀ ਕੀਤੀ ਕਮਾਈ ਤੋਂ ਸੰਤੋਖ ਨਹੀਂ ਬਣਦਾ, ਬਿਗਾਨਾ ਧੰਨ ਵੇਖਕੇ ਜੀਅ ਲਲਚਾਂਦਾ ਹੈ, ਨਿੱਤ ਜੋੜਨ ਦੀ ਤਾਂਘ, ਨਿਤ ਜੋੜਨ ਦੀ ਖਿੱਚ। ਆਪਣੇ ਘਰ ਸੌਖਾ ਭੀ ਹੋਵੇ ਤਾਂ ਭੀ ਆਪਣੇ ਤੋਂ ਅਮੀਰਾਂ ਨੂੰ ਵੇਖ ਕੇ ਮਨ ਵਿਚ ਸਾੜਾ ਰਹਿੰਦਾ ਹੈ। ਸਾਰੀ ਉਮਰ ਭੋਗਾਂ ਵਿਚ ਗੁਜ਼ਾਰਦਾ ਹੈ, ਕਈਆਂ ਨਾਲ ਬਖੇੜੇ, ਕਈਆਂ ਨਾਲ ਝਗੜੇ ਸਹੇੜਦਾ ਹੈ। ਆਖਰ ਭੋਗਾਂ ਦਾ ਅੰਤ ਕਈ ਤਰ੍ਹਾਂ ਦੇ ਰੋਗ ਹੀ ਹੋਇਆ ਕਰਦਾ ਹੈ।

(ਰਾਗੁ ਬਸੰਤੁ ਸਮਾਪਤ)

—o—

ਰਾਗੁ ਸਾਰਗ

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

1. ਅਪੁਨੇ ਠਾਕੁਰ ਕੀ ਹਉ ਚੇਰੀ ॥
2. ਚਰਨ ਗਹੇ ਜਗਜੀਵਨ ਪ੍ਰਭ ਕੇ
ਹਉਮੈ ਮਾਰਿ ਨਿਬੇਰੀ ॥੧॥ਰਹਾਉ॥
3. ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥
4. ਮੋਹਨ ਮੋਹਿ ਲੀਆ ਮਨੁ ਮੇਰਾ
ਸਮਝਸਿ ਸਬਦੁ ਬੀਚਾਰੇ ॥੧॥
5. ਮਨਮੁਖ ਹੀਨ ਹੋਛੀ ਮਤਿ ਝੂਠੀ
ਮਨਿ ਤਨਿ ਪੀਰ ਸਰੀਰੇ ॥
6. ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ॥੨॥
7. ਹਉਮੈ ਛੋਡਿ ਭਈ ਬੈਰਾਗਨਿ
ਤਬ ਸਾਚੀ ਸੁਰਤਿ ਸਮਾਨੀ ॥
8. ਅਕੁਲ ਨਿਰੰਜਨ ਸਿਉ ਮਨੁ ਮਾਨਿਆ
ਬਿਸਰੀ ਲਾਜ ਲੁ ਕਾਨੀ ॥੩॥
9. ਭੂਰ ਭਵਿਖ ਨਾਹੀ ਤੁਮ ਜੈਸੇ
ਮੇਰੇ ਪ੍ਰੀਤਮ ਪ੍ਰਾਨ ਆਧਾਰਾ ॥
10. ਹਰਿ ਕੈ ਨਾਮਿ ਰਤੀ ਸੋਹਾਗਨਿ
ਨਾਨਕ ਰਾਮ ਭਤਾਰਾ ॥੪॥੧॥

ਪਦ ਅਰਥ:—ਠਾਕੁਰ ਕੀ—ਮਾਲਕ ਪ੍ਰਭੂ ਦੀ। ਹਉ—ਮੈਂ। ਚੇਰੀ—ਦਾਸੀ। ਗਹੇ—ਫੜੇ। ਮਾਰਿ—ਮਾਰ ਕੇ। ਨਿਬੇਰੀ—ਮੁਕਾ ਦਿੱਤੀ ਹੈ।੧।ਰਹਾਉ।

ਪੂਰਨ—ਸਭ ਵਿਚ ਵਿਆਪਕ। ਜੋਤਿ—ਚਾਨਣ ਦਾ ਸੋਮਾਂ। ਬੀਚਾਰੇ—ਬੀਚਾਰਿ, ਵਿਚਾਰ ਕੇ।੧।

ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ। ਹੀਨ—ਕਮਜ਼ੋਰ, ਨਿਰਬਲ। ਹੋਛੀ—ਥੋੜ੍ਹ ਵਿਤੀ। ਮਨਿ—ਮਨ ਵਿਚ। ਤਨਿ—ਤਨ ਵਿਚ। ਸਰੀਰੇ—ਸਰੀਰ ਵਿਚ। ਰਾਤੀ—ਰੰਗੀ ਗਈ। ਧੀਰੇ—ਧੀਰਜ ਧਾਰਦਾ ਹੈ।੨।

ਬੈਰਾਗਨਿ—ਵੈਰਾਗ ਵਾਲੀ, ਮਾਇਆ ਤੋਂ ਉਪਰਾਮ। ਸਮਾਨੀ—ਲੀਨ ਰਹਿੰਦੀ ਹੈ। ਅਕੁਲ—ਜਿਸ ਦੀ ਕੋਈ ਖਾਸ

ਕੁਲ ਨਹੀਂ । ਨਿਰੰਜਨ—[ਨਿਰ-ਅੰਜਨ । ਅੰਜਨ—ਕਾਲਖ, ਸੁਰਮਾਂ, ਮਾਇਆ ਦੇ ਮੋਹ ਦੀ ਕਾਲਖ] ਮਾਇਆ ਦੇ ਪ੍ਰਭਾਵ ਤੋਂ ਪਰੇ । ਲੋਕੁ-ਦੁਨੀਆਂ, ਜਗਤ । ਲੁੋਕਾਨੀ—ਜਗਤ ਦੀ। ਲੁੋਕਾਨੀ—ਨੋਟ—ਅੱਖਰ 'ਲ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫ਼ਜ਼ 'ਲੋਕਾਨੀ' ਹੈ, ਇਥੇ 'ਲੁਕਾਨੀ' ਪੜ੍ਹਨਾ ਹੈ] ਦੁਨੀਆਂ ਦੀ ।੩।

ਭੂਤ—ਬੀਤਿਆ ਹੋਇਆ ਸਮਾ, ਭੂਤ । ਭਵਿਖ-ਆਉਣ ਵਾਲਾ ਸਮਾਂ । ਅਧਾਰਾ—ਆਸਰਾ । ਨਾਮਿ—ਨਾਮ ਵਿਚ ਸੋਹਾਗਨਿ—ਚੰਗੇ ਭਾਗਾਂ ਵਾਲੀ । ਭਤਾਰ—ਖਸਮ । ।

ਅਰਥ :—

ਪ੍ਰ:—ਸ੍ਰੀ ਗੁਰਦੇਵ ਜੀਉ, ਇਹ ਜੋ ਹਉਮੈਂ ਹਰ ਜੀਵ ਨੂੰ ਹੀ ਗ੍ਰਸੀ ਰੱਖਦੀ ਹੈ, ਆਪ ਜੀ ਨੇ ਇਸਨੂੰ ਕਿਵੇਂ ਨਿਵਿਰਤ ਕੀਤਾ ਹੈ ਉਹ ਸਾਧਨ ਦਸੋ ਤਾਂ ਕਿ ਅਸੀਂ ਭੀ ਕਰ ਸਕੀਏ ?

1. **ਉ:**—ਹੇ ਭਾਈਓ ! ਅਸਲ ਵਿਚ ਸਾਧਨ ਤਾਂ ਮੈਂ ਕੋਈ ਭੀ ਨਹੀਂ ਕਰ ਸਕੀ, ਪਰ ਇਉਂ ਹੀ ਸਮਝੋ ਕਿ, ਜਦੋਂ ਦੀ ਮੈਂ ਆਪਣੇ ਮਾਲਕ ਪ੍ਰਭੂ ਦੀ ਦਾਸੀ ਬਣ ਗਈ ਹਾਂ ।
2. (ਅਤੇ) ਜਦੋਂ ਦੇ ਮੈਂ ਜਗਤ ਦੇ ਜੀਵਨ ਪ੍ਰਭੂ ਦੇ ਚਰਨ ਫੜੇ ਹਨ, (ਬੱਸ) ਉਸੇ ਨੇ ਮੇਰੀ ਹਉਮੈਂ ਨੂੰ ਮਾਰ ਕੇ ਮੁਕਾ ਦਿਤਾ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ ! ਹੁਣ ਤੁਹਾਨੂੰ ਅੰਤਰ ਆਤਮੇਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

3. **ਉ:**—ਹੇ ਪਿਆਰੇ, ਮੈਨੂੰ ਹੁਣ ਇਉਂ ਹੀ ਅਨੁਭਵ ਹੁੰਦਾ ਹੈ ਕਿ, ਉਹ ਪ੍ਰਮੇਸ਼ਰ ਸਭ ਵਿਚ ਵਿਆਪਕ ਹੈ, ਸਭ ਤੋਂ ਉਚਾ ਹੈ, ਆਤਮਕ ਜੀਵਨ ਦਾ ਚਾਨਣ ਦੇਣ ਵਾਲਾ, ਮੇਰਾ ਪਿਆਰਾ ਹੈ ਅਤੇ ਮੇਰੀ ਜਿੰਦ (ਦਾ) ਸਹਾਰਾ ਹੈ ।

ਪ੍ਰ:—ਕਿਉਂ ਜੀ ! ਇਹ ਸੋਝੀ ਆਪ ਨੂੰ ਕਿਵੇਂ ਪ੍ਰਗਟ ਹੋ ਆਈ ਹੈ ?

4. **ਉ:**—ਹੇ ਭਾਈਓ ! ਜਦ ਤੋਂ ਮੋਹਨ ਪ੍ਰਭੂ ਨੇ ਮੇਰਾ ਮਨ (ਆਪਣ ਪਿਆਰ ਵਿਚ) ਮੋਹ ਲਿਆ ਹੈ, ਤਦੋਂ ਤੋਂ ਹੀ ਮੇਰਾ ਮਨ ਗੁਰੂ ਦਾ ਸ਼ਬਦ ਵੀਚਾਰ ਵੀਚਾਰ ਕੇ ਬੱਸ ਇਹੋ ਹੀ ਸਮਝ ਰਿਹਾ ਹੈ ।੧।
5. ਪਰ, ਹੇ ਭਾਈਓ ! ਜਿਤਨਾ ਚਿਰ ਮੈਂ ਆਪਣੇ ਮਨ ਦੇ ਪਿਛੇ ਤੁਰਦਾ ਰਿਹਾ, ਮੈਂ ਕਮਜ਼ੋਰ (ਹੀ) ਰਿਹਾ (ਭਾਵ, ਵਿਕਾਰ ਮੇਰੇ ਉਤੇ ਜ਼ੋਰ ਪਾਂਦੇ ਰਹੇ) ਮੇਰੀ ਅਕਲ ਥੋੜ੍ਹ ਵਿਤੀ ਰਹੀ, ਝੂਠ ਵਿਚ ਹੀ ਲੱਗੀ ਰਹੀ, (ਇਸ ਕਰਕੇ) ਮੇਰੇ ਮਨ ਵਿਚ, ਮੇਰੇ ਸਰੀਰ ਵਿਚ ਦੁਖ ਕਲੇਸ਼ (ਹੀ) ਉੱਠਦੇ ਰਹੇ ।
6. ਪਰ, ਹੇ ਪਿਆਰੇ, ਜਦ ਤੋਂ ਮੈਂ ਰੰਗੀਲੇ ਰਾਮ (ਦੇ ਪਿਆਰ) ਵਿਚ ਰੰਗੀ ਗਈ ਹਾਂ । (ਹੁਣ) ਮੇਰਾ ਮਨ ਉਸ ਰਾਮ ਨੂੰ ਸਿਮਰ ਸਿਮਰ ਕੇ ਧੀਰਜ ਵਾਲਾ ਹੁੰਦਾ ਜਾ ਰਿਹਾ ਹੈ ।੨।

ਪ੍ਰ:—ਗੁਰਦੇਵ ਜੀਉ ! ਮਨੁੱਖ ਦੀ ਸੁਰਤੀ ਤਾਂ ਹਰ ਵਕਤ ਹੀ ਖਿਲਰੀ ਰਹਿੰਦੀ ਹੈ, ਤੁਸਾਂ ਇਸ ਨੂੰ ਪ੍ਰਭੂ ਦੀ ਯਾਦ ਵਿਚ ਕਿਵੇਂ ਲੀਨ ਕੀਤਾ ਹੈ ?

7. ਹੇ ਭਾਈ ! ਮੈਂ ਜਦ ਤੋਂ (ਠਾਕਰ ਪ੍ਰਭੂ ਦੀ ਦਾਸੀ ਬਣ ਕੇ) ਹਉਮੈਂ ਨੂੰ ਤਿਆਗ ਕੇ ਮਾਇਆ ਮੋਹ ਵਲੋਂ ਉਪਰਾਮ ਹੋ ਚੁਕੀ ਹਾਂ, ਤਦ ਤੋਂ ਹੀ ਮੇਰੀ ਸੁਰਤਿ (ਹੁਣ) ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ ।
8. ਹੇ ਪਿਆਰੇ, (ਹੁਣ) ਮੇਰਾ ਮਨ ਉਸ ਪ੍ਰਭੂ ਦੀ ਯਾਦ ਵਿਚ ਗਿੱਝਿਆ ਰਹਿੰਦਾ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ ਅਤੇ ਜਿਸਦੀ ਕੋਈ ਖਾਸ ਕੁਲ ਨਹੀਂ ਹੈ । (ਹੁਣ ਮੈਨੂੰ ਹਉਮੈ ਨਹੀਂ ਰਹੀ, ਇਸ ਵਾਸਤੇ) ਮੈਂ ਲੋਕ ਲਾਜ (ਭੀ) ਭੁਲਾ ਬੈਠੀ ਹਾਂ ।੩।

ਪ੍ਰ:—ਗੁਰਦੇਵ ਜੀਉ ! ਹੁਣ ਆਪ ਜੀ ਦੇ ਅੰਤਰ ਆਤਮੇਂ ਵਿਸ਼ਵਾਸ ਕਿਸ ਰੂਪ ਵਿਚ ਹੋ ਆਇਆ ਹੈ ?

9. **ਉ:**—ਹੇ ਭਾਈਓ ! ਮੇਰਾ ਤਾਂ ਹੁਣ ਇਹੋ ਹੀ ਨਿਸਚਾ ਹੈ ਕਿ, ਹੇ ਮੇਰੇ ਪ੍ਰੀਤਮ, ਹੇ ਮੇਰੀ ਜਿੰਦ ਦੇ ਆਸਰੇ ਪ੍ਰਭੂ, ਹੁਣ ਮੈਨੂੰ ਤੇਰੇ ਵਰਗਾ ਕੋਈ (ਭੀ) ਨਹੀਂ ਦਿਸਦਾ, ਨਾ ਪਿਛਲੇ ਬੀਤੇ ਸਮਿਆਂ ਵਿਚ, ਨਾ ਹੁਣ ਅਤੇ ਨਾ ਹੀ ਆਉਣ ਵਾਲੇ ਸਮਿਆਂ ਵਿਚ ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ, ਜਿਸ ਜੀਵ ਇਸਤ੍ਰੀ ਨੇ ਪ੍ਰਮਾਤਮਾਂ ਨੂੰ ਆਪਣਾ ਖਸਮ ਮੰਨ ਲਿਆ ਹੈ, ਤੇ ਜਿਹੜੀ ਪ੍ਰਭੂ ਦੇ ਨਾਮ ਵਿਚ ਰੰਗੀ ਰਹਿੰਦੀ ਹੈ, ਉਹ ਚੰਗੇ ਭਾਗਾਂ ਵਾਲੀ ਬਣ ਜਾਂਦੀ ਹੈ ।੪।੧।

ਭਾਵਾਰਥ :-ਜਦ ਤੱਕ ਮਨੁੱਖ ਆਪ ਹੁਦਰਾ ਹੋ ਕੇ ਆਪਣੀ ਹੋਛੀ ਮੱਤ ਪਿਛੇ ਲੱਗਾ ਫਿਰਦਾ ਹੈ, ਤਦ ਤਕ ਤਨ ਮਨ ਵਿਚ ਦੁੱਖ ਹੀ ਦੁੱਖ ਰਹਿੰਦਾ ਹੈ, ਪਰ ਜਦ ਹਉਮੈਂ ਨੂੰ ਛੱਡ ਕੇ ਹਰੀ ਪ੍ਰੇਮ ਵਿਚ ਮਗਨ ਹੋ ਬਹਿੰਦਾ ਹੈ ਤਾਂ ਉਸਨੂੰ ਲੋਕ ਲਾਜ ਜਾਂ ਕਿਸੇ ਹੋਰ ਪਾਸੇ ਦਾ ਦੁੱਖ ਨਹੀਂ ਸਤਾਉਂਦਾ ਅਤੇ ਮਨ ਇਹ ਸਮਝ ਕੇ ਪੂਰਨ ਧੀਰਜ ਫੜ ਲੈਂਦਾ ਹੈ ਕਿ ਹਰੀ ਜਿਹਾ ਹੋਰ ਕੋਈ, ਨਾ ਕਦੀ ਹੋਇਆ ਹੈ ਅਤੇ ਨਾ ਹੀ ਹੋਵੇਗਾ, ਪਰ, ਇਹ ਪੂਰੀ ਨਿਸ਼ਾ ਦੇਣ ਵਾਲਾ ਆਸਰਾ ਤਦੋਂ ਹੀ ਫੜ ਸਕੀਦਾ ਹੈ, ਜਦ ਕਿ ਗੁਰੂ ਦੇ ਸ਼ਬਦ ਤੋਂ ਸਮਝ ਆ ਜਾਵੇ ।

ਸਾਰਗ ਮਹਲਾ ੧

1. ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ ॥
2. ਜਿਹਵਾ ਸਾਦੁ ਨ ਫੀਕੀ ਰਸ ਬਿਨੁ
ਬਿਨੁ ਪ੍ਰਭ ਕਾਲੁ ਸੰਤਾਪੈ ॥੧॥ਰਹਾਉ॥
3. ਜਬ ਲਗੁ ਦਰਸੁ ਨ ਪਰਸੈ ਪ੍ਰੀਤਮ
ਤਬ ਲਗੁ ਭੂਖ ਪਿਆਸੀ ॥

4. **ਦਰਸਨੁ ਦੇਖਤ ਹੀ ਮਨੁ ਮਾਨਿਆ**
ਜਲ ਰਸਿ ਕਮਲ ਬਿਗਾਸੀ ॥੧॥
5. **ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥**
6 **ਤਰਵਰ ਬਿਰਖ ਬਿਹੰਗ ਭੁਇਅੰਗਮ**
ਘਰਿ ਪਿਰੁ ਧਨ ਸੋਹਾਗੈ ॥੨॥
7. **ਕੁਚਿਲ ਕੁਰੂਪਿ ਕੁਨਾਰਿ ਕੁਲਖਨੀ**
ਪਿਰ ਕਾ ਸਹਜੁ ਨ ਜਾਨਿਆ ॥
8. **ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ**
ਦੁਰਮਤਿ ਦੂਖ ਸਮਾਨਿਆ ॥੩॥
9. **ਆਇ ਨ ਜਾਵੈ ਨਾ ਦੁਖੁ ਪਾਵੈ**
ਨਾ ਦੁਖ ਦਰਦੁ ਸਰੀਰੇ ॥
10. **ਨਾਨਕ ਪ੍ਰਭ ਤੇ ਸਹਜ ਸੁਹੇਲੀ**
ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥

ਪਦ ਅਰਥ :—ਕਿਉ ਰਹੀਐ—ਰਿਹਾ ਨਹੀਂ ਜਾ ਸਕਦਾ, ਮਨ ਨੂੰ ਧੀਰਜ ਨਹੀਂ ਆਉਂਦੀ, ਜੀਵਨ ਸੁਖੀ ਨਹੀਂ ਹੋ ਸਕਦਾ । ਬਿਆਪੈ—ਜ਼ੋਰ ਪਾ ਲੈਂਦਾ ਹੈ, ਦਬਾ ਲੈਂਦਾ ਹੈ। ਜਿਹਵਾ—ਜੀਭ । ਸਾਦੁ—ਸੁਆਦ, ਮਿਠਾਸ । ਫੀਕੀ—ਫਿੱਕੇ ਬੋਲ ਬੋਲਣ ਵਾਲੀ । ਸੰਤਾਪੈ—ਦੁਖੀ ਕਰਦਾ ਹੈ । ਕਾਲੁ—ਮੌਤ (ਦਾ ਡਰ) ।੧।ਰਹਾਉ।

ਦਰਸੁ ਪ੍ਰੀਤਮ—ਪ੍ਰੀਤਮ ਦਾ ਦਰਸ਼ਨ । ਨ ਪਰਸੈ—ਨਹੀਂ ਪਰਸਦਾ ,ਨਹੀਂ ਛੁਹਦਾ । ਮਾਨਿਆ—ਗਿੱਝ ਜਾਂਦਾ ਹੈ। ਰਸਿ—ਰਸ ਵਿਚ, ਅਨੰਦ ਵਿਚ । ਬਿਗਾਸੀ—ਬਿਗਾਸੈ, ਖਿੜਦਾ ਹੈ ।੧।

ਊਨਵਿ—ਝੁਕ ਕੇ, ਲਿਫ ਕੈ, ਨੀਵੇਂ ਹੋ ਕੇ । ਘਨਹਰੁ—ਬਦਲ । ਬੈਰਾਗੈ—ਵੈਰਾਗ ਵਿਚ, ਹੁਲਾਰੇ ਵਿਚ । ਤਰਵਰ—ਰੁੱਖ । ਬਿਰਖ—ਬਲਦ । ਬਿਹੰਗ—ਪੰਛੀ । ਭੁਇਅੰਗਮ—ਸੱਪ । ਘਰਿ—ਘਰ ਵਿਚ, ਹਿਰਦੇ ਵਿਚ । ਪਿਰੁ—ਪਤੀ ।ਧਨ—ਇਸਤ੍ਰੀ। ਸੋਹਾਗੈ—ਸੁਹਾਗ ਮਾਣਦੀ ਹੈ, ਆਪਣੇ ਆਪ ਨੂੰ ਭਾਗਾਂ ਵਾਲੀ ਜਾਣਦੀ ਹੈ ।੨।

ਕੁਚਿਲ—ਕੁਚੀਲ, ਗੰਦੀ ਰਹਿਤ ਬਹਿਤ ਵਾਲੀ । ਕੁਰੂਪਿ—ਕੋਝੇ ਰੂਪ ਵਾਲੀ । ਕੁਨਾਰਿ—ਭੈੜੀ ਇਸਤ੍ਰੀ । ਕੁਲਖਨੀ —ਭੈੜੇ ਲੱਛਣਾਂ ਵਾਲੀ । ਸਹਜੁ—(ਮਿਲਾਪ ਦਾ) ਅਨੰਦ। ਰਸਨ—ਜੀਭ । ਤ੍ਰਿਪਤੀ—ਰੱਜੀ, ਚਸਕਿਆਂ ਵਲੋਂ ਪਰਤੀ ।੩।

ਪ੍ਰਭ ਤੇ—ਪ੍ਰਭੂ ਤੋਂ, ਪ੍ਰਭੂ (ਦੇ ਮਿਲਾਪ) ਤੋਂ । ਸਹਜ ਸੁਹੇਲੀ—ਸਹਜ ਦਾ ਸੁਖ ਪਾਣ ਵਾਲੀ, ਅਡੋਲਤਾ ਦਾ ਅਨੰਦ ਮਾਨਣ ਵਾਲੀ । ਧੀਰੇ—ਧੀਰਜ ਫੜਦਾ ਹੈ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਹਰ ਮਨੁੱਖ ਦਾ ਜੀਵਨ ਦੁਖ ਵਿਚ ਹੀ ਗੁਜਰਦਾ ਹੈ, ਇਸਦਾ ਸਹੀ ਕਾਰਨ ਕੀ ਹੈ ?

1. ਉ:—ਹੇ ਭਾਈਓ ! ਇਹ ਇਕ ਅਟੱਲ ਨਿਯਮ ਹੈ ਕਿ ਪ੍ਰਮੇਸ਼ਰ ਦੇ ਨਾਮ ਸਿਮਰਨ ਕਰਨ ਤੋਂ ਸਖਣਾ ਮਨੁੱਖ ਦਾ ਜੀਵਨ ਕਦੇ ਭੀ ਸੁਖ ਨਾਲ ਨਹੀਂ ਗੁਜਰ ਸਕਦਾ, ਤੇ (ਇਸ ਦੇ ਮਨ ਉਤੇ) ਦੁੱਖ ਸਦਾ ਹੀ ਦਬਾਅ ਪਾਈ ਰਖਦਾ ਹੈ।

2. (ਅਤੇ) ਸਿਮਰਨ ਤੋਂ ਬਿਨਾ ਮਨੁੱਖ ਦੀ ਜੀਭ ਵਿਚ (ਬੋਲਣ ਦੀ) ਮਿਠਾਸ ਨਹੀਂ ਪੈਦਾ ਹੁੰਦੀ ਮਿਠਾਸ ਤੋਂ ਬਿਨਾ ਹੋਣ ਕਰਕੇ ਸਦਾ ਹੀ ਇਹ ਖਰਵੇ ਬੋਲ ਬੋਲਦੀ ਹੈ, ਪ੍ਰਭੂ ਦੇ ਸਿਮਰਨ ਤੋਂ ਬਿਨਾ ਮੌਤ ਦਾ ਡਰ (ਭੀ) ਦੁਖੀ ਕਰਦਾ ਰਹਿੰਦਾ ਹੈ ।੧।ਰਹਾਉ।

3. ਹੇ ਪਿਆਰੇ ! ਜਦੋਂ ਤੱਕ ਮਨੁੱਖ ਪ੍ਰੀਤਮ ਪ੍ਰਭੂ ਦਾ ਦੀਦਾਰ ਨਹੀਂ ਕਰਦਾ, ਤੱਦ ਤਕ ਮਾਇਆ ਦੀ ਭੁੱਖ ਤ੍ਰੇਹ ਜ਼ੋਰ ਪਾਈ ਰੱਖਦੀ ਹੈ।

4. ਹੇ ਭਾਈ ! ਦੀਦਾਰ ਕਰਦਿਆਂ ਹੀ ਮਨ ਪ੍ਰਭੂ ਦੀ ਯਾਦ ਵਿਚ ਗਿੱਝ ਜਾਂਦਾ ਹੈ ਤੇ ਇਉਂ ਖਿੜਦਾ ਹੈ, ਜਿਵੇਂ ਕੌਲ ਫੁਲ ਜਲ ਦੇ ਅਨੰਦ ਵਿਚ ਖਿੜਦਾ ਹੈ ।੧।

ਪ੍ਰ:—ਕਿਉਂ ਜੀ ! ਉਸਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਰਹਿੰਦੀ ਹੈ ?

5. ਉ:—ਹੇ ਭਾਈ ! ਸੁਣੋ, ਜਿਵੇਂ ਬੱਦਲ ਝੁੱਕ ਝੁੱਕ ਕੇ ਗਜਦਾ ਹੈ, ਤੇ ਵਰ੍ਹਦਾ ਹੈ, ਤਦੋਂ ਕੋਇਲਾਂ ਮੋਰ ਰੁੱਖ, ਬਲਦ, ਪੰਛੀ, ਸੱਪ (ਆਦਿਕ) ਹੁਲਾਰੇ ਵਿਚ ਆਉਂਦੇ ਹਨ ।

6. ਇਸੇ ਤਰ੍ਹਾਂ ਜਿਸ ਜੀਵ ਇਸਤ੍ਰੀ ਦੇ ਹਿਰਦੇ ਘਰ ਵਿਚ ਪਤੀ ਪ੍ਰਭੂ ਆ ਵਸਦਾ ਹੈ, ਉਹ ਜੀਵ ਇਸਤ੍ਰੀ ਆਪਣੇ ਆਪ ਨੂੰ ਭਾਗਾਂ ਵਾਲੀ ਜਾਣਦੀ ਹੈ ।੨।

7. ਪਰ ਹੇ ਭਾਈਓ ! ਜਿਸ ਜੀਵ ਇਸਤ੍ਰੀ ਨੇ) ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਨਹੀਂ ਮਾਣਿਆ, ਉਹ ਗੰਦੀ ਰਹਿਤ ਬਹਿਤ ਵਾਲੀ, ਕੋਝੇ ਰੂਪ ਵਾਲੀ, ਭੈੜੀ ਤੇ ਭੈੜੇ ਲੱਛਣਾਂ ਵਾਲੀ ਹੀ ਰਹਿੰਦੀ ਹੈ।

8. ਹੇ ਭਾਈਓ ! (ਜਿਸ ਦੀ ਜੀਭ ਪ੍ਰਭੂ ਦੇ ਅਨੰਦ ਦੇ ਰਸ ਵਿਚ (ਰਚ ਕੇ) ਚਸਕਿਆਂ ਵਲੋਂ ਨਹੀਂ ਪਰਤੀ, ਉਹ ਜੀਵ ਇਸਤ੍ਰੀ ਭੈੜੀ ਮੱਤ ਵਿਚ ਲਗਣ ਕਰਕੇ ਦੁਖਾਂ ਵਿਚ ਹੀ ਗ੍ਰਸੀ ਰਹਿੰਦੀ ਹੈ ।੩।

ਪ੍ਰ:—ਸ੍ਰੀ ਜੀਉ ! ਉਹ ਕਿਹੜਾ ਸਾਧਨ ਹੈ ਜਿਸਦੀ ਬਰਕਤ ਨਾਲ ਇਸ ਜੀਵ ਰੂਪ ਇਸਤ੍ਰੀ ਨੂੰ ਦੁਖ ਤੇ ਕਲੇਸ਼ ਨਾ ਵਾਪਰਦਾ ਹੋਵੇ ?

9. ਉ:—ਹੇ ਪਿਆਰੇ ! ਪ੍ਰਭੂ ਦੇ ਮਿਲਾਪ ਤੋਂ ਅਡੋਲਤਾ ਦਾ ਅਨੰਦ ਮਾਨਣ ਵਾਲੀ ਜੀਵ ਇਸਤਰੀ ਦਾ ਮਨ ਪ੍ਰਭੂ ਦਾ ਦੀਦਾਰ ਕਰਕੇ ਧੀਰਜਵਾਨ ਰਹਿੰਦਾ ਹੈ ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੀ ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਉਸ ਦੇ ਨਾ ਮਨ ਨੂੰ ਨਾ ਤਨ ਨੂੰ ਕੋਈ ਦੁਖ ਕਲੇਸ਼ ਵਿਆਪਦਾ ਹੈ (ਭਾਵ, ਸਾਈਂ ਜੀ ਦੇ ਮਿਲਾਪ ਦਾ ਸਦਕਾ ਜੀਵ

ਰੂਪ ਇਸਤ੍ਰੀ ਨੂੰ) ਕੋਈ ਭੀ ਦੁੱਖ ਕਲੇਸ਼ ਨਹੀਂ ਵਾਪਰਦਾ।੪।

ਭਾਵਾਰਥ :- ਜਦ ਤੋੜੀ ਮਨੁੱਖ ਨੂੰ ਹਰੀ ਦੇ ਸੁਭਾਉ ਦਾ ਪਤਾ ਨਹੀਂ ਲਗਦਾ ਅਤੇ ਉਸਦੇ ਪ੍ਰੇਮ ਰਸ ਦਾ ਸੁਆਦ ਨਹੀਂ ਆਉਂਦਾ, ਤਦ ਤੋੜੀ ਉਹ ਦੁਖ ਵਿਚ ਪਿਆ ਰਹਿੰਦਾ ਹੈ। ਇਥੇ ਦੇ ਪਦਾਰਥ ਮਨੁੱਖ ਦੇ ਮਨ ਨੂੰ ਕਦੇ ਭੀ ਰਜੇਵਾ ਨਹੀਂ ਦਿੰਦੇ ਅਤੇ ਹਰ ਵਕਤ ਮੌਤ ਦਾ ਡਰ ਸਤਾਂਦਾ ਰਹਿੰਦਾ ਹੈ। ਪਰ ਜਦ ਹਰੀ ਰਸ ਦਾ ਸੁਆਦ ਚੱਖ ਲੈਂਦਾ ਹੈ ਤਾਂ ਉਸਨੂੰ ਅਪਾਰ ਦਰਸ਼ਨ ਦੀ ਅਜੇਹੀ ਝਲਕ ਪੈਂਦੀ ਹੈ ਕਿ ਅੰਦਰ ਸਰੂਰ ਹੀ ਸਰੂਰ ਆ ਵਸਦਾ ਹੈ, ਜੋ ਕਿ ਮਨੁੱਖ ਦੇ ਮਨ ਨੂੰ ਸਦਾ ਖਿੜਾਉ ਵਿਚ ਰਖਦਾ ਹੈ।

ਸਾਰਗ ਮਹਲਾ ੧ ॥

1. ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥
2. ਸਤਿਗੁਰ ਬਚਨਿ ਮੇਰੋ ਮਨੁ ਮਾਨਿਆ
ਹਰਿ ਪਾਏ ਪ੍ਰਾਨ ਅਧਾਰਾ ॥੧॥ਰਹਾਉ॥
3. ਇਨ ਬਿਧਿ ਹਰਿ ਮਿਲੀਐ ਵਰ ਕਾਮਨਿ
ਧਨ ਸੋਹਾਗੁ ਪਿਆਰੀ ॥
4. ਜਾਤਿ ਬਰਨ ਕੁਲ ਸਹਸਾ ਚੂਕਾ
ਗੁਰਮਤਿ ਸਬਦਿ ਬੀਚਾਰੀ ॥੧॥
5. ਜਿਸੁ ਮਨੁ ਮਾਨੈ ਅਭਿਮਾਨੁ ਨ ਤਾਕਉ
ਹਿੰਸਾ ਲੋਭੁ ਵਿਸਾਰੇ ॥
6. ਸਹਜਿ ਰਵੈ ਵਰੁ ਕਾਮਣਿ ਪਿਰ ਕੀ
ਗੁਰਮੁਖਿ ਰੰਗਿ ਸਵਾਰੇ ॥੨॥
7. ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ
ਮਾਇਆ ਮੋਹ ਪਸਾਰੀ ॥
8. ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ
ਦੁਬਿਧਾ ਕਰਮ ਬਿਕਾਰੀ ॥੩॥
9. ਅੰਤਰਿ ਰਤਨ ਪਦਾਰਥ ਹਿਤ ਕੌ
ਦੁਰੈ ਨ ਲਾਲ ਪਿਆਰੀ ॥
10. ਨਾਨਕ ਗੁਰਮੁਖਿ ਨਾਮੁ ਅਮੋਲਕੁ
ਜੁਗਿ ਜੁਗਿ ਅੰਤਰਿ ਧਾਰੀ ॥੪॥੩॥

ਪਦ ਅਰਥ :–ਸਤਿਗੁਰ ਬਚਨਿ–ਗੁਰੂ ਦੇ ਉਪਦੇਸ਼ ਵਿਚ। ਮਾਨਿਆ–ਪਤੀਜ ਗਿਆ ਹੈ। ਪ੍ਰਾਨ ਅਧਾਰਾ–ਜ਼ਿੰਦਗੀ ਦਾ ਆਸਰਾ।੧।ਰਹਾਉ।

ਇਨ ਬਿਧਿ–ਇਸ ਤਰੀਕੇ ਨਾਲ। ਹਰਿ ਵਰ ਮਿਲੀਐ–ਹਰੀ ਪਤੀ ਨੂੰ ਮਿਲੀ ਦਾ ਹੈ। ਕਾਮਨਿ–ਹੇ ਜੀਵ ਇਸਤ੍ਰੀ। ਸੋਹਾਗੁ–ਚੰਗਾ ਭਾਗ। ਧਨ–ਜੀਵ ਇਸਤ੍ਰੀ। ਸਹਸਾ–ਭਰਮ। ਬੀਚਾਰੀ–ਵਿਚਾਰਵਾਨ।੧।

ਹਿੰਸਾ–ਨਿਰਦਇਆ। ਸਹਜਿ–ਅਡੋਲ ਅਵਸਥਾ ਵਿਚ। ਰਵੈ–ਮਾਣਦੀ ਹੈ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਰੰਗਿ–ਪ੍ਰੇਮ ਵਿਚ।੨।

ਜਾਰਉ–ਮੈਂ ਸਾੜ ਦਿਆਂ। ਦੁਬਿਧਾ–ਮੇਰ ਤੇਰ। ਬਿਕਾਰੀ–ਵਿਕਾਰਾਂ ਦੇ।੩।

ਹਿਤ–ਪਿਆਰ। ਕੌ–ਨੂੰ, ਦੀ ਖਾਤਰ। ਹਿਤ ਕੌ–ਪ੍ਰੇਮ ਪੈਦਾ ਕਰਨ ਦੀ ਖ਼ਾਤਰ। ਦੁਰੈ ਨ–ਨਹੀਂ ਲੁਕਦੀ, ਗੁੱਝੀ ਨਹੀਂ ਰਹਿੰਦੀ। ਲਾਲ ਪਿਆਰੀ–ਪ੍ਰਭੂ ਦੀ ਪਿਆਰੀ। ਜੁਗਿ ਜੁਗਿ–ਹਰੇਕ ਜੁਗ ਵਿਚ, ਸਦਾ ਹੀ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ।੪।

ਅਰਥ :–

ਪ੍ਰ:–ਸ੍ਰੀ ਜੀਉ ! ਅਸੀਂ ਤਾਂ ਇਉਂ ਹੀ ਪ੍ਰਤੀਤ ਕਰਦੇ ਹਾਂ ਕਿ ਉਹ ਪਿਆਰਾ ਪ੍ਰਭੂ ਸਾਥੋਂ ਕਿਤੇ ਦੂਰ ਦੁਰਾਡੇ ਵਸਦਾ ਹੈ, ਪਰ, ਤੁਹਾਨੂੰ ਨਾਮ ਸਿਮਰਨ ਦੀ ਬਰਕਤ ਨਾਲ ਉਹ ਪ੍ਰਭੂ ਜੀ ਕਿਵੇਂ ਪ੍ਰਤੀਤ ਹੋ ਰਿਹਾ ਹੈ ?

1, **ਉ**:–ਹੇ ਭਾਈਓ ! ਮੈਨੂੰ ਤਾਂ ਨਾਮ ਸਿਮਰਨ ਦਾ ਸਦਕਾ ਇਉਂ ਪਰਤੀਤ ਹੋ ਰਿਹਾ ਹੈ ਕਿ, ਉਹ ਮੇਰਾ ਪਿਆਰਾ ਪ੍ਰਭੂ (ਮੈਥੋਂ) ਦੂਰ ਨਹੀਂ ਹੈ।

2. ਹੇ ਪਿਆਰੇ ! ਇਹ ਪ੍ਰਤੀਤੀ ਮੈਨੂੰ ਤਦੋਂ ਹੀ ਹੋ ਆਈ ਹੈ ਜਦ ਕਿ ਮੇਰਾ ਮਨ ਗੁਰੂ ਦੇ ਬਚਨਾਂ ਵਿਚ ਯਕੀਨ ਲੈ ਆਇਆ ਹੈ, ਇਸ ਯਕੀਨ ਦਾ ਹੀ ਸਦਕਾ ਮੈਨੂੰ ਹੁਣ ਇਉਂ ਨਜ਼ਰ ਆਉਂਦਾ ਹੈ ਕਿ, ਮੈਂ ਆਪਣੀ ਜਿੰਦ ਦਾ ਸਹਾਰਾ ਪ੍ਰਭੂ ਲੱਭ ਲਿਆ ਹੈ।੧।ਰਹਾਉ।

ਪ੍ਰ:–ਸ੍ਰੀ ਜੀਉ ! ਉਹ ਪਿਆਰਾ ਪ੍ਰਭੂ ਮੈਨੂੰ ਕਿਵੇਂ ਪ੍ਰਾਪਤ ਹੋ ਸਕਦਾ ਹੈ ?

3. **ਉ**:–ਹੇ ਜੀਵ ਰੂਪ ਇਸਤ੍ਰੀਏ ! ਸੁਣ ਉਹ ਇਸ ਤਰੀਕੇ ਨਾਲ (ਭਾਵ, ਉਸ ਪ੍ਰਭੂ ਦੇ ਅੰਗ ਸੰਗ ਹੋਣ ਤੇ ਯਕੀਨ ਕੀਤਿਆਂ ਹੀ) ਪਤੀ ਪ੍ਰਭੂ ਮਿਲਦਾ ਹੈ, (ਜਿਸ ਨੂੰ ਮਿਲ ਪਿਆ ਹੈ)। ਉਸ ਜੀਵ ਇਸਤਰੀ ਦਾ ਚੰਗਾ ਭਾਗ ਜਾਗ ਪਿਆ ਹੈ, ਉਹ ਪਤੀ ਪ੍ਰਭੂ ਦੀ ਪਿਆਰੀ ਹੋ ਗਈ ਹੈ।

4. ਹੇ ਭਾਈ ! ਉਹ ਜੀਵ ਰੂਪ ਇਸਤਰੀ ਗੁਰੂ ਦੀ ਮਤ ਲੈ ਕੇ ਗੁਰੂ ਦੇ ਸ਼ਬਦ ਦੀ ਰਾਹੀਂ ਵੀਚਾਰਵਾਨ ਹੋ ਜਾਂਦੀ ਹੈ ਅਤੇ ਜ਼ਾਤ, ਵਰਨ, ਕੁਲ (ਆਦਿਕ) ਬਾਰੇ ਉਸਦਾ ਭਰਮ ਹੀ ਦੂਰ ਹੋ ਜਾਂਦਾ ਹੈ।੧।

ਪ੍ਰ:–ਸ੍ਰੀ ਜੀਉ ! ਗੁਰੂ ਦੀ ਮਤ ਧਾਰਨ ਨਾਲ ਹੋਰ ਕੀ ਹਾਸਲ ਹੁੰਦਾ ਹੈ ?

5. **ਉ**:–ਹੇ ਪਿਆਰੇ ! ਜਿਸਦਾ ਮਨ ਗੁਰੂ ਦੇ ਇਸ ਉਪਦੇਸ਼ ਵਿਚ ਮੰਨ ਜਾਂਦਾ ਹੈ ਕਿ ਪ੍ਰਭੂ ਮੇਰੇ ਸਦਾ ਅੰਗ ਸੰਗ ਹੈ, ਉਸਨੂੰ ਫਿਰ ਅਹੰਕਾਰ ਨਹੀਂ ਰਹਿੰਦਾ, ਉਹ ਨਿਰਦਇਤਾ ਤੇ ਲਾਲਚ ਨੂੰ (ਆਪਣੇ ਅੰਦਰੋਂ) ਭੁਲਾ ਦੇਂਦੀ ਹੈ।

6. ਹੇ ਭਾਈ ! ਉਹ ਜੀਵ ਰੂਪ ਇਸਤ੍ਰੀ ਪ੍ਰਭੂ ਪਤੀ ਦੀ ਪਿਆਰੀ ਹੈ, ਉਹ ਅਡੋਲ ਅਵਸਥਾ ਵਿਚ ਟਿਕ ਕੇ ਪ੍ਰਭੂ ਪਤੀ ਨੂੰ ਮਿਲੀ ਰਹਿੰਦੀ ਹੈ, ਉਹ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦੇ ਪਿਆਰ ਵਿਚ ਆਪਣੇ ਆਪ ਨੂੰ ਸਵਾਰਦੀ ਹੈ।੨।

ਪ੍ਰ:-ਸ੍ਰੀ ਜੀਉ ! ਮੇਰੇ ਅੰਦਰੋਂ ਤਾਂ ਸੰਸਾਰ ਦਾ ਮੋਹ ਪਿਆਰ ਹੀ ਨਹੀਂ ਦੂਰ ਹੁੰਦਾ, ਪਰ, ਤੁਸਾਂ ਇਸ ਨੂੰ ਦੂਰ ਕਰਨ ਲਈ ਕੀ ਸਾਧਨ ਕਰਦੇ ਹੋ ?

7.ਉ:—ਹੇ ਭਾਈਓ ! ਮੈਂ ਤਾਂ ਇਹੋ ਹੀ ਅਰਦਾਸ ਕਰਦਾ ਹਾਂ ਕਿ, ਹੇ ਮੇਰੇ ਸਾਈਆਂ ਜੀਉ ! ਮੇਰੇ ਪਰ, ਐਸੀ ਕ੍ਰਿਪਾ ਕਰੋ ਕਿ, (ਮੈਂ ਪ੍ਰਵਾਰ ਤੇ ਸਨਬੰਧੀਆਂ ਦੇ ਮੋਹ ਪਿਆਰ ਨੂੰ ਆਪਣੇ ਅੰਦਰੋਂ) ਸਾੜ ਦਿਆਂ ਜੋ (ਮੇਰੇ ਅੰਦਰ) ਮਾਇਆ ਦੇ ਮੋਹ ਦਾ ਹੀ ਖਿਲਾਰਾ ਖਿਲਾਰਦਾ ਹੈ ।

8. ਹੇ ਭਾਈ ! ਜਿਸਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਨਹੀਂ, ਪ੍ਰਭੂ ਮਿਲਾਪ ਦਾ ਅਨੰਦ ਨਹੀਂ (ਉਪਜਦਾ) ਉਹ ਮੇਰ ਤੇਰ ਅਤੇ (ਹੋਰ) ਵਿਕਾਰਾ ਦੇ ਕੰਮਾਂ ਵਿਚ ਹੀ ਪ੍ਰਵਿਰਤ ਰਹਿੰਦੀ ਹੈ ।੩।

ਪ੍ਰ:—ਸ੍ਰੀ ਜੀਉ ! ਦਸੋ ਉਸ ਪ੍ਰਭੂ ਦੀ ਪਿਆਰ ਵਾਲੀ ਜੀਵ ਇਸਤਰੀ ਨੂੰ ਕਿਥੋਂ ਲੱਭਿਆ ਜਾਵੇ ?

9. ਉ:—ਹੇ ਭਾਈਓ, ਜਿਸ ਜੀਵ ਰੂਪੀ ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਦਾ ਪਿਆਰ ਪੈਦਾ ਕਰਨ ਵਾਸਤੇ ਪ੍ਰਭੂ ਦੀ ਸਿਫਤ ਸਾਲਾਹ ਦੇ ਰਤਨ ਮੌਜੂਦ ਹਨ, ਉਹ ਪ੍ਰਭੂ ਦੀ ਪਿਆਰੀ ਜੀਵ ਇਸਤ੍ਰੀ ਜਗਤ ਵਿਚ ਗੁੱਝੀ ਨਹੀਂ ਰਹਿੰਦੀ ਹੈ (ਭਾਵ ਉਹ ਆਪ ਨੂੰ ਕਿਤਨਾ ਹੀ ਛਪਾਉਣਾ ਚਾਹੇ ਛੁੱਪ ਹੀ ਨਹੀਂ ਸਕਦੀ) ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਅਜਿਹੀ ਜੀਵ ਰੂਪ ਇਸਤ੍ਰੀ ਹਰੇਕ ਜੁਗ ਵਿਚ ਹੀ, ਭਾਵ, ਸਦਾ ਤੋਂ ਹੀ ਗੁਰੂ ਦੀ ਸ਼ਰਨ ਪੈ ਕੇ ਆਪਣੇ ਹਿਰਦੇ ਵਿਚ ਪ੍ਰਭੂ ਦਾ ਅਮੋਲਕ ਨਾਮ ਧਾਰਦੀ ਚਲੀ ਆ ਰਹੀ ਹੈ (ਭਾਵ ਜਗਤ ਦੇ ਅਰੰਭ ਤੋਂ ਹੀ ਇਹ ਮਰਯਾਦਾ ਚਲੀ ਆ ਰਹੀ ਹੈ ਕਿ ਪ੍ਰਭੂ ਦੀ ਸਿਫਤ ਸਾਲਾਹ ਕੀਤਿਆਂ ਪ੍ਰਭੂ ਦੇ ਚਰਨਾਂ ਨਾਲ ਪਿਆਰ ਬਣਦਾ ਹੈ) ।੪।੩।

ਭਾਵਾਰਥ :—ਜਦੋਂ ਮਨੁੱਖ ਦੇ ਅੰਦਰ ਗੁਰੂ ਉਪਦੇਸ਼ ਦੁਆਰਾ ਇਕ ਹਰੀ ਦਾ ਪ੍ਰੇਮ ਆ ਵਸਦਾ ਹੈ, ਤਾਂ ਉਸ ਤੋਂ ਦੂਰ ਲੈ ਜਾਣ ਵਾਲੇ ਮਾਇਆ ਮੋਹ ਦੇ ਬੰਧਨ ਟੁੱਟ ਜਾਂਦੇ ਹਨ ਤੇ ਮਨ ਇਕੋ ਹਰੀ ਦੇ ਪ੍ਰੇਮ ਵਿਚ ਸਭ ਪਾਸਿਓਂ ਰਜਿਆ ਰਹਿੰਦਾ ਹੈ ।

ਸਾਰੰਗ ਮਹਲਾ ੪ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥**
2. **ਮਿਲਿ ਸਤ ਸੰਗਤਿ ਪਰਮ ਪਦੁ ਪਾਇਆ**
   ਆਤਮਰਾਮੁ ਰਹਿਆ ਭਰਪੂਰਿ ॥੧॥ਰਹਾਉ॥
3. **ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ**
   ਕਿਲਵਿਖ ਦੁਖ ਕਾਟੇ ਸਭਿ ਦੂਰਿ ॥
4. **ਆਤਮ ਜੋਤਿ ਭਈ ਪਰਫੂਲਿਤ**
   ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥
5. **ਵਡੈ ਭਾਗਿ ਸਤ ਸੰਗਤਿ ਪਾਈ**
   ਹਰਿ ਹਰਿ ਨਾਮੁ ਰਹਿਆ ਭਰਪੂਰਿ ॥
6. **ਅਠਸਠਿ ਤੀਰਥ ਮਜਨੁ ਕੀਆ**
   ਸਤ ਸੰਗਤਿ ਪਗ ਨਾਏ ਧੂਰਿ ॥੨॥
7. **ਦੁਰਮਤਿ ਬਿਕਾਰ ਮਲੀਨ ਮਤਿ ਹੋਛੀ**
   ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
8. **ਬਿਨੁ ਕਰਮਾ ਕਿਉ ਸੰਗਤਿ ਪਾਈਐ**
   ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥
9. **ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ**
   ਮਾਗਉ ਸਤ ਸੰਗਤਿ ਪਗ ਧੂਰਿ ॥
10. **ਨਾਨਕ ਸੰਤੁ ਮਿਲੈ ਹਰਿ ਪਾਈਐ**
    ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥

ਪਦ ਅਰਥ :—ਹਮ—ਅਸੀਂ, ਮੈਂ । ਧੂਰਿ—ਚਰਨਾਂ ਦੀ ਧੂੜ । ਮਿਲਿ—ਮਿਲ ਕੇ । ਪਰਮ ਪਦੁ—ਸਭ ਤੋਂ ਉਚਾ ਆਤਮਕ ਦਰਜਾ । ਆਤਮਰਾਮੁ—ਪ੍ਰਮਾਤਮਾਂ । ਭਰਪੂਰਿ—ਸਰਬ ਵਿਆਪਕ ।੧।ਰਹਾਉ।

ਪਾਈਐ—ਪ੍ਰਾਪਤ ਕਰ ਲਈਦੀ ਹੈ । ਕਿਲਵਿਖ—ਪਾਪ । ਸਭਿ—ਸਾਰੇ । ਆਤਮ ਜੋਤਿ—ਅੰਤਰ ਆਤਮਾ, ਜਿੰਦ । ਪਰਫੂਲਿਤ—ਖਿੜੀ ਹੋਈ । ਪੁਰਖ ਨਿਰੰਜਨੁ—ਨਿਰਲੇਪ ਪ੍ਰਭੂ [ਨਿਰ-ਅੰਜਨੁ । ਅੰਜਨੁ—ਮਾਇਆ ਦੇ ਮੋਹ ਦੀ ਕਾਲਖ] ਹਜੂਰਿ —ਹਾਜ਼ਰ ਨਾਜ਼ਰ ।੧।

ਵਡੈ ਭਾਗਿ—ਵਡੀ ਕਿਸਮਤ ਨਾਲ । ਅਠਸਠਿ— [੮+੬੦] ਅਠਾਹਠ । ਮਜਨੁ—ਇਸ਼ਨਾਨ । ਪਗ ਧੂਰਿ— ਚਰਨਾਂ ਦੀ ਧੂੜ । ਨਾਏ—ਨ੍ਹਾਇ, ਨ੍ਹਾ ਕੇ ।੨।

ਦੁਰਮਤਿ—ਖੋਟੀ ਮਤਿ, ਮਲੀਨ ਮਤਿ (ਵਿਕਾਰਾਂ ਦੀ ਮੈਲ ਨਾਲ) ਮੈਲੀ ਹੋ ਚੁੱਕੀ ਮਤਿ । ਕੁਸੁਧੁ—[ਕੁ-ਸੁਧੁ] ਗੰਦਾ, ਮੈਲਾ । ਕੂਰੁ—ਕੂੜ । ਬਿਨੁ ਕਰਮਾ—(ਪ੍ਰਭੂ ਦੀ) ਮਿਹਰ ਤੋਂ ਬਿਨਾ । ਬਿਆਪਿ ਰਹਿਆ—ਫਸਿਆ ਰਹਿੰਦਾ ਹੈ । ਝੂਰਿ— ਝੂਰਦਾ ਹੈ ।੩।

ਦਇਆਲ—ਦਇਆਵਾਨ । ਮਾਗਉ—ਮਾਗਉਂ, ਮੈਂ ਮੰਗਦਾ ਹਾਂ । ਪਗ ਧੂਰਿ—ਚਰਨਾਂ ਦੀ ਧੂੜ । ਸੰਤੁ—ਗੁਰੂ । ਹਜੂਰਿ- ਅੰਗ ਸੰਗ (ਵਸਦਾ) ।੪।

ਅਰਥ :—

ਪ੍ਰ:—ਸ੍ਰੀ ਜੀਉ, ਬਹੁਤ ਲੋਕੀਂ ਅਨੇਕਾਂ ਜਤਨ ਕਰਨ ਤੋਂ ਭੀ ਉਸ ਪ੍ਰਭੂ ਨੂੰ ਵਿਆਪਕ ਦੇਖਣ ਵਲੋਂ ਸਖਣੇ ਰਹਿ ਜਾਂਦੇ ਹਨ, ਪਰ ਤੁਸਾਂ ਨੇ ਉਸ ਪ੍ਰਮੇਸ਼ਰ ਨੂੰ ਵਿਆਪਕ ਵੇਖਣ ਲਈ ਕਿਹੜਾ ਸਾਧਨ ਕੀਤਾ ਹੈ ?

1. ਉ:–ਹੇ ਭਾਈਓ ! ਅਸਲ ਵਿਚ ਮੈਂ ਹੋਰ ਤਾਂ ਸਾਧਨ ਕਰਨ ਦੀ ਸਮਰੱਥਾ ਨਹੀਂ ਰੱਖਦਾ, ਪਰ, ਮੈਂ ਪ੍ਰਮਾਤਮਾਂ ਦੇ ਸੰਤ ਜਨਾਂ ਦੇ ਚਰਨਾਂ ਦੀ ਧੂੜ (ਹੋਇਆ ਰਹਿੰਦਾ ਹਾਂ)।

2. (ਕਿਉਂਕਿ) ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਸਭ ਤੋਂ ਉਚਾ ਦਰਜਾ ਆਤਮਕ ਦਰਜਾ ਪ੍ਰਾਪਤ ਹੋ ਜਾਂਦਾ ਹੈ (ਅਤੇ ਇਸ ਤਰ੍ਹਾਂ ਸੁਭਾਵਕ ਹੀ) ਪ੍ਰਮਾਤਮਾਂ ਸਭ ਥਾਈਂ ਵਸਦਾ ਦਿੱਸ ਪੈਂਦਾ ਹੈ।੧।ਰਹਾਉ।

ਪ੍ਰ.–ਕਿਉਂ ਜੀ, ਜਦੋਂ ਗੁਰੂ ਸੰਤ ਦਾ ਮਿਲਾਪ ਹੋ ਜਾਏ ਤਾਂ ਹਾਸਲ ਕੀ ਕੁਝ ਹੁੰਦਾ ਹੈ ?

3. ਉ:–ਹੇ ਭਾਈ ! ਜਦੋਂ ਗੁਰੂ ਸੰਤ ਮਿਲ ਪੈਂਦਾ ਹੈ, ਤਦੋਂ ਆਤਮਕ ਠੰਡ ਪ੍ਰਾਪਤ ਹੋ ਜਾਂਦੀ ਹੈ, (ਅਤੇ) ਗੁਰੂ ਮਨੁੱਖ ਦੇ ਸਾਰੇ ਦੁਖ ਤੇ ਸਾਰੇ ਪਾਪ ਕਟ ਕੇ ਦੂਰ ਕਰ ਦੇਂਦਾ ਹੈ।

4. (ਅਤੇ ਹੇ ਪਿਆਰੇ) ਗੁਰੂ ਨੂੰ ਮਿਲਿਆਂ, ਜਿੰਦ ਖਿੜ ਪੈਂਦੀ ਹੈ, (ਤੇ ਉਹ) ਨਿਰਲੇਪ ਅਤੇ ਸਰਬ ਵਿਆਪਕ ਪ੍ਰਭੂ ਅੰਗ ਸੰਗ ਵਸਦਾ ਵੇਖ ਲਈਦਾ ਹੈ।੧।

5. ਹੇ ਭਾਈਓ ! ਜਿਸ ਮਨੁੱਖ ਨੇ ਵਡੀ ਕਿਸਮਤ ਨਾਲ ਸਾਧ ਸੰਗਤ ਪ੍ਰਾਪਤ ਕਰ ਲਈ ਹੈ, ਉਸ ਨੇ ਸਭ ਥਾਂ ਭਰਪੂਰ ਪ੍ਰਮਾਤਮਾਂ ਦਾ ਨਾਮ (ਹਿਰਦੇ ਵਿਚ ਵਸਾ ਲਿਆ)।

ਪ੍ਰ.–ਕਿਉਂ ਜੀ ! ਕੀ ਅਜਿਹੇ ਮਨੁੱਖਾਂ ਨੂੰ ਤੀਰਥ ਇਸ਼ਨਾਨ ਕਰਨ ਦੀ ਲੋੜ ਨਹੀਂ ਰਹਿੰਦੀ ?

6. ਉ:–ਹੇ ਭਾਈਓ ! ਅਸਲ ਵਿਚ ਸਤ ਸੰਗੀਆਂ ਦੇ ਚਰਨਾਂ ਦੀ ਧੂੜ ਵਿਚ ਨ੍ਹਾ ਕੇ ਉਸ ਮਨੁੱਖ ਨੇ (ਮਾਨੋਂ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ।੨।

ਪ੍ਰ:- ਗੁਰਦੇਵ ਜੀਉ ! ਵੇਖਣ ਵਿਚ ਆਉਂਦਾ ਹੈ ਕਿ ਆਮ ਲੋਕਾਂ ਦੀ ਮਤ ਮਲੀਨ ਹੀ ਰਹਿੰਦੀ ਹੈ ਇਸਦਾ ਅਸਲ ਕਾਰਨ ਕੀ ਹੈ ?

7. ਉ:–ਹੇ ਪਿਆਰੇ ! ਅਸਲ ਵਿਚ ਜਿਸ ਮਨੁੱਖ ਨੂੰ ਮਾਇਆ ਦਾ ਝੂਠਾ ਮੋਹ ਚੰਬੜਿਆ ਰਹਿੰਦਾ ਹੈ, ਉਸਦਾ ਹਿਰਦਾ (ਵਿਕਾਰਾਂ ਨਾਲ) ਗੰਦਾ ਹੀ ਹੋਇਆ ਰਹਿੰਦਾ ਹੈ, ਉਸ ਦੀ ਮਤਿ ਵਿਕਾਰਾਂ ਨਾਲ ਖੋਟੀ ਮੈਲੀ ਅਤੇ ਹੋਛੀ ਹੋਈ ਰਹਿੰਦੀ ਹੈ।

ਪ੍ਰ:–ਸ੍ਰੀ ਜੀਉ ! ਇਹ ਮਨੁੱਖ ਚਿੰਤਾ ਤੋਂ ਰਹਿਤ ਹੋਣ ਲਈ ਸੰਗਤ ਦਾ ਮਿਲਾਪ ਹਾਸਲ ਕਿਉਂ ਨਹੀਂ ਕਰਦਾ ?

8. ਉ:–ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਪ੍ਰਮਾਤਮਾਂ ਦੀ ਮਿਹਰ ਤੋਂ ਬਿਨਾਂ ਸਾਧ ਸੰਗਤ ਦਾ ਮਿਲਾਪ ਹਾਸਲ ਨਹੀਂ ਹੁੰਦਾ, (ਸੰਗਤ ਤੋਂ ਸਖਣਾ) ਹਉਮੈਂ ਵਿਚ ਫਸਿਆ ਮਨੁੱਖ ਦਾ ਮਨ ਸਦਾ ਚਿੰਤਾ ਫਿਕਰਾਂ ਵਿਚ ਟਿਕਿਆ ਰਹਿੰਦਾ ਹੈ।੩।

ਪ੍ਰ:–ਗੁਰਦੇਵ ਜੀਉ ! ਉਸ ਪ੍ਰਭੂ ਤੋਂ ਮੰਗ ਕੀ ਕਰਦੇ ਰਹਿਣਾ ਚਾਹੀਦਾ ਹੈ ?

9. ਉ:–ਹੇ ਭਾਈਓ ! ਇਕ ਇਹੋ ਹੀ ਮੰਗ ਕਰਦੇ ਰਹੋ ਕਿ, ਹੇ ਪ੍ਰਭੂ ਜੀ, ਮੇਰੇ ਉਤੇ ਦਇਆਵਾਨ ਹੋਵੋ, ਮਿਹਰ ਕਰੋ। ਮੈਂ (ਤੇਰੇ ਦਰ ਤੋਂ) ਸਤ ਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਗੁਰੂ ਮਿਲ ਪੈਂਦਾ ਹੈ, ਤਦੋਂ ਪ੍ਰਮਾਤਮਾਂ ਮਿਲ ਪੈਦਾ ਹੈ, ਜਿਸਨੂੰ ਪ੍ਰਮਾਤਮਾਂ ਦਾ ਦਾਸ (ਗੁਰੂ)ਮਿਲਦਾ ਹੈ, ਉਸ ਨੂੰ ਪ੍ਰਮਾਤਮਾਂ ਅੰਗ ਸੰਗ ਵੱਸਦਾ ਦਿੱਸਦਾ ਹੈ।੪।੧।

ਭਾਵਾਰਥ :–ਸਤ ਸੰਗਤ ਮਿਲਣ ਤੇ ਹਰ ਥਾਂ ਰਮੇਂ ਹੋਏ ਹਰੀ ਦੀ ਜੋਤ ਸਾਡੇ ਅੰਦਰ ਪ੍ਰਗਟ ਹੋ ਪੈਂਦੀ ਹੈ, ਜਿਸ ਨਾਲ ਅੰਦਰੋਂ ਪਵਿਤ੍ਰਤਾ ਪੈਦਾ ਕਰਨ ਵਾਲੇ ਗੁਣ ਪੈਦਾ ਹੋ ਜਾਂਦੇ ਹਨ, ਦੁਖ ਤੇ ਪਾਪ ਦੂਰ ਹੋ ਜਾਂਦੇ ਹਨ।

ਸਾਰੰਗ ਮਹਲਾ ੪ ॥

1. ਗੋਬਿੰਦ ਚਰਨਨ ਕਉ ਬਲਿਹਾਰੀ ॥
2. ਭਵਜਲੁ ਜਗਤੁ ਨ ਜਾਈ ਤਰਣਾ
ਜਪਿ ਹਰਿ ਹਰਿ ਪਾਰਿ ਉਤਾਰੀ॥੧॥ਰਹਾਉ॥
3 ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ
ਸੇਵਾ ਸੁਰਤਿ ਬੀਚਾਰੀ ॥
4. ਅਨਦਿਨੁ ਰਾਮ ਨਾਮੁ ਜਪਿ ਹਿਰਦੈ
ਸਰਬ ਕਲਾ ਗੁਣਕਾਰੀ ॥੧॥
5. ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ
ਮਨਿ ਤਨਿ ਅਲਖ ਅਪਾਰੀ ॥
6. ਗੁਰ ਕਿਰਪਾਲ ਭਏ ਤਬ ਪਾਇਆ
ਹਿਰਦੈ ਅਲਖੁ ਲਖਾਰੀ ॥੨॥
7. ਅੰਤਰਿ ਹਰਿ ਨਾਮੁ ਸਰਬ ਧਰਣੀ ਧਰ
ਸਾਕਤ ਕਉ ਦੂਰਿ ਭਇਆ ਅਹੰਕਾਰੀ ॥
8. ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ॥੩॥
9. ਊਠਤ ਬੈਠਤ ਹਰਿ ਗੁਨ ਗਾਵਹਿ
ਗੁਰਿ ਕਿੰਚਤ ਕਿਰਪਾ ਧਾਰੀ ॥
10. ਨਾਨਕ ਜਿਨ ਕਉ ਨਦਰਿ ਭਈ ਹੈ
ਤਿਨ ਕੀ ਪੈਜ ਸਵਾਰੀ ॥੪॥੨॥

ਪਦ ਅਰਥ :–ਕਉ–ਤੋਂ, ਨੂੰ। ਬਲਿਹਾਰੀ–ਕੁਰਬਾਨ, ਸਦਕੇ। ਭਵਜਲੁ–ਸੰਸਾਰ ਸਮੁੰਦਰ। ਨ ਜਾਈ ਤਰਣਾ–ਪਾਰ ਨਹੀਂ ਲੰਘਿਆ ਜਾ ਸਕਦਾ। ਜਪਿ–ਜਪਿਆ ਕਰ। ਪਾਰਿ ਉਤਾਰੀ–ਪਾਰ ਲੰਘਾ ਲੈਂਦਾ ਹੈ।੧।ਰਹਾਉ।

ਹਿਰਦੈ–ਹਿਰਦੇ ਵਿਚ। ਪ੍ਰਤੀਤਿ–ਸ਼ਰਧਾ। ਕੇਰੀ–ਦੀ। ਸੇਵਾ–ਭਗਤੀ। ਬੀਚਾਰੀ–ਪ੍ਰਮਾਤਮਾਂ ਦੇ ਗੁਣਾ ਦੀ ਵੀਚਾਰ ਵਾਲਾ। ਅਨਦਿਨੁ–ਹਰ ਰੋਜ਼। ਸਰਬ ਕਲਾ–ਸਾਰੀਆਂ ਤਾਕਤਾਂ ਦਾ ਮਾਲਕ। ਗੁਣਕਾਰੀ–ਗੁਣ ਪੈਦਾ ਕਰਨ ਵਾਲਾ।੧।

ਅਗਮ–ਅਪਹੁੰਚ। ਅਗੋਚਰੁ–[ਅ-ਗੋ-ਚਰ] ਜਿਸ ਤੱਕ

ਗਿਆਨ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਰਵਿਆ— ਮੌਜੂਦ। ਸ੍ਰਬ ਠਾਈ—ਸਭਨੀ ਥਾਈਂ। ਮਨਿ—(ਹਰੇਕ ਦੇ) ਮਨ ਵਿਚ। ਤਨਿ—(ਹਰੇਕ ਦੇ) ਸਰੀਰ ਵਿਚ। ਅਲਖ—ਅਦ੍ਰਿਸ਼ਟ। ਅਪਾਰੀ-[ਅ-ਪਾਰ] ਜਿਸਦਾ ਪਾਰਲਾ ਬੰਨਾਂ ਨਹੀਂ ਲੱਭ ਸਕਦਾ, ਬੇਅੰਤ। ਕਿਰਪਾਲ—ਦਇਆਵਾਨ ।੨।

ਸਰਬ ਅੰਤਰਿ—ਹਰੇਕ ਦੇ ਅੰਦਰ। ਧਰਣੀ ਧਰ—ਧਰਤੀ ਦਾ ਆਸਰਾ ਪ੍ਰਭੂ। ਸਾਕਤ-ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖ। ਜਲਤ—ਸੜ ਰਹੇ। ਨ ਬੂਝਹਿ—ਨਹੀਂ ਸਮਝਦੇ। ਜੂਐ— ਜੂਏ ਵਿਚ ।੩।

ਗਾਵਹਿ—ਗਾਂਦੇ ਹਨ। ਗੁਰਿ—ਗੁਰੂ ਨੇ। ਕਿੰਚਤ— ਥੋੜੀ ਜਿਤਨੀ ਭੀ। ਨਦਰਿ—ਮਿਹਰ ਦੀ ਨਿਗਾਹ। ਪੈਜ— ਇੱਜ਼ਤ, ਲਾਜ ।੪।

ਅਰਥ :—

ਪ੍ਰ:—ਸ੍ਰੀ ਜੀਉ ! ਜਗਤ ਦਾ ਹਰ ਮਨੁੱਖ ਹੀ ਇਕ ਦੂਜੇ ਤੋਂ ਸਦਕੇ ਜਾਣ ਦਾ ਉਪਰਾਲਾ ਕਰਦਾ ਹੈ, ਪਰ ਗੁਰਮਤਿ ਅਨੁਸਾਰ ਕਿਸ ਤੋਂ ਸਦਕੇ ਕੁਰਬਾਨ ਜਾਣਾ ਚਾਹੀਦਾ ਹੈ ?

1,**ਉ:**—ਹੇ ਭਾਈਓ ! ਗੁਰਮਤਿ ਅਨੁਸਾਰ ਤਾਂ ਕੇਵਲ ਪ੍ਰਮੇਸ਼ਰ ਦੇ ਚਰਨਾਂ ਤੋਂ ਹੀ ਸਦਕੇ ਜਾਣਾ ਚਾਹੀਦਾ ਹੈ।

2. ਹੇ ਭਾਈ ! ਪ੍ਰਮਾਤਮਾਂ ਦਾ ਨਾਮ ਜਪਣ ਤੋਂ ਬਿਨਾ (ਜਗਤ ਦੇ ਵਿਕਾਰਾਂ) ਤੋਂ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ। ਇਸ ਲਈ ਹੇ ਭਾਈ, ਪ੍ਰਮਾਤਮਾਂ ਦਾ ਹੀ ਨਾਮ ਜਪਿਆ ਕਰ, (ਕਿਉਂਕਿ) ਪ੍ਰਮਾਤਮਾਂ (ਵਿਕਾਰਾਂ ਭਰੇ ਜਗਤ ਤੋਂ) ਪਾਰ ਲੰਘਾ ਦੇਂਦਾ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ ! ਕੀ ਹਰੀ ਦਾ ਨਾਮ ਜਪਦੇ ਰਹਿਣ ਦਾ ਭੀ ਕੋਈ ਖਾਸ ਸਮਾਂ ਨੀਯਤ ਹੈ ?

3.**ਉ:**—ਹੇ ਭਾਈ ! ਉਸ ਸਾਰੀਆਂ ਤਾਕਤਾਂ ਦੇ ਮਾਲਕ, ਸਾਰੇ ਗੁਣਾਂ ਦੇ ਮਾਲਕ ਪ੍ਰਮਾਤਮਾਂ ਦਾ ਨਾਮ ਹਰ ਵੇਲੇ ਹਿਰਦੇ ਵਿਚ ਜਪ (ਕਿਉਂਕਿ) ਹਰ ਵੇਲੇ ਜਪਦੇ ਰਹਿਣ ਨਾਲ (ਮਨੁੱਖ ਦੇ) ਹਿਰਦੇ ਵਿਚ ਪ੍ਰਮਾਤਮਾਂ ਵਾਸਤੇ ਸ਼ਰਧਾ ਬਣ ਜਾਂਦੀ ਹੈ ਅਤੇ ਮਨੁੱਖ ਦੀ ਸੁਰਤਿ ਸੇਵਾ ਭਗਤੀ ਵਿਚ ਜੁੜੀ ਰਹਿੰਦੀ ਹੈ, ਪ੍ਰਮਾਤਮਾਂ ਦੇ ਗੁਣ ਮਨ ਵਿਚ ਆ ਵਸਦੇ ਹਨ।੧।

4. ਹੇ ਭਾਈ ! (ਜਿਹੜਾ) ਪ੍ਰਮਾਤਮਾਂ (ਜੀਵਾਂ ਦੀ) ਪਹੁੰਚ ਤੋਂ ਪਰੇ ਹੈ। (ਜੀਵਾਂ ਦੇ) ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਜਿਹੜਾ ਸਭਨੀ ਥਾਈਂ ਮੌਜੂਦ ਹੈ, ਸਭਨਾਂ ਦੇ ਮਨ ਵਿਚ ਤਨ ਵਿਚ ਵਸਦਾ ਹੈ, ਅਦ੍ਰਿਸ਼ਟ ਹੈ ਤੇ ਬੇਅੰਤ ਹੈ।

5. ਹੇ ਭਾਈ ! ਉਹ ਪ੍ਰਮਾਤਮਾਂ ਤਦੋਂ ਮਿਲ ਪੈਂਦਾ ਹੈ,ਜਦੋਂ ਮਨੁੱਖ ਉਤੇ ਸਤਿਗੁਰੂ ਜੀ ਦਇਆਵਾਨ ਹੁੰਦੇ ਹਨ, ਤਦੋਂ ਮਨੁੱਖ ਉਸ ਅਦ੍ਰਿਸ਼ਟ ਪ੍ਰਭੂ ਨੂੰ ਆਪਣੇ ਹਿਰਦੇ ਵਿਚ (ਹੀ) ਵੇਖ ਲੈਂਦਾ ਹੈ ।੨।

ਪ੍ਰ:—ਗੁਰਦੇਵ ਜੀਉ ! ਜਿਸ ਨਾਮ ਦੀ ਆਪ ਜੀ ਮਹਿਮਾ ਕਰਦੇ ਆ ਰਹੇ ਹੋ, ਉਸ ਨਾਮ ਦਾ ਨਿਵਾਸ ਕਿਥੇ ਹੈ ?

6.**ਉ:**—ਹੇ ਭਾਈ ! ਅਸਲ ਵਿਚ ਉਸ ਧਰਤੀ ਦੇ ਆਸਰੇ ਪ੍ਰਮਾਤਮਾਂ ਦਾ ਨਾਮ ਸਭ ਜੀਵਾਂ ਵਿਚ ਮੌਜੂਦ ਹੈ। ਪਰ ਹੇ ਪਿਆਰੇ, ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਅਹੰਕਾਰੀ ਮਨੁੱਖਾਂ ਨੂੰ ਉਹ ਕਿਤੇ ਦੂਰ ਵਸਦਾ ਜਾਪਦਾ ਹੈ।

ਪ੍ਰ:—ਕਿਉਂ ਜੀ ! ਉਹ ਅਹੰਕਾਰੀ ਇਸ ਭੇਤ ਨੂੰ ਸਮਝਦਾ ਕਿਉਂ ਨਹੀਂ ?

7.**ਉ:**—ਹੇ ਭਾਈ ! ਅਸਲ ਵਿਚ ਮਾਇਆ ਦੀ ਤ੍ਰਿਸ਼ਨਾਂ ਦੀ ਅੱਗ ਵਿਚ ਸੜ ਰਹੇ ਮਨੁੱਖ ਉਹ ਕਦੇ (ਇਸ ਭੇਤ ਨੂੰ ਨਹੀਂ ਸਮਝ ਸਕਦੇ, ਇਸ ਲਈ) ਉਨ੍ਹਾਂ ਨੇ (ਇਸ) ਮਨੁੱਖਾ

8. ਜੀਵਨ ਦੀ ਬਾਜ਼ੀ ਹਾਰ ਦਿਤੀ ਹੁੰਦੀ ਹੈ, ਜਿਵੇਂ ਕਿ ਜੁਆਰੀਏ ਨੇ ਜੂਏ ਵਿਚ (ਆਪਣੀ ਮਾਇਆ ਹਾਰ ਦਿਤੀ ਹੁੰਦੀ ਹੈ) ।੩।

ਪ੍ਰ:—ਸ੍ਰੀ ਜੀਉ ! ਹਰ ਮਨੁੱਖ ਹੀ ਹਰੀ ਦੇ ਗੁਣ ਕਿਉਂ ਨਹੀਂ ਗਾਉਂਦਾ ?

9.**ਉ:**—ਹੇ ਭਾਈਓ ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਜਿਨ੍ਹਾਂ ਮਨੁੱਖਾਂ ਉਤੇ ਗੁਰੂ ਨੇ ਥੋੜ੍ਹੀ ਜਿਤਨੀ ਭੀ ਮਿਹਰ ਕਰ ਦਿਤੀ (ਉਹੀ) ਉਠਦੇ ਬੈਠਦੇ ਹਰ ਵੇਲੇ ਪ੍ਰਮਾਤਮਾਂ ਦੇ ਗੁਣ ਗਾਉਂਦੇ ਰਹਿੰਦੇ ਹਨ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਜਿਨ੍ਹਾਂ ਉਤੇ ਗੁਰੂ ਪ੍ਰਮਾਤਮਾਂ ਦੀ ਮਿਹਰ ਦੀ ਨਿਗਾਹ ਹੋਈ ਹੈ, ਪ੍ਰਮੇਸ਼ਰ ਨੇ ਉਨ੍ਹਾਂ ਦੀ (ਲੋਕ ਪ੍ਰਲੋਕ ਵਿਚ) ਲਾਜ ਰੱਖ ਲਈ ।੪।੨।

ਭਾਵਾਰਥ :—ਗੁਰੂ ਦੀ ਕ੍ਰਿਪਾ ਹੋਣ ਨਾਲ ਮਨੁੱਖ ਦੇ ਅੰਦਰ ਹਰੀ ਦੀ ਪ੍ਰੀਤੀ ਅਤੇ ਉਸਦੀ ਸੇਵਾ ਕਰਨ ਵਾਲੀ ਬ੍ਰਿਤੀ ਪੈਦਾ ਹੋ ਜਾਂਦੀ ਹੈ, ਜਿਸ ਨਾਲ ਅਪਹੁੰਚ ਤੇ ਅਦਿਖ ਹਰੀ ਅੰਦਰ ਵਸਦਾ ਦਿਸ ਪੈਂਦਾ ਹੈ ਅਤੇ ਉਸਦੇ ਨਾਲ ਹਰ ਤਰ੍ਹਾਂ ਦੇ ਗੁਣ ਤੇ ਤਾਕਤਾਂ ਆ ਜਾਂਦੀਆ ਹਨ।

ਸਾਰਗ ਮਹਲਾ ੪ ॥

1. ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥
2. ਜਿਨ ਊਪਰਿ ਗੁਰਮੁਖਿ ਮਨੁ ਮਾਨਿਆ
ਤਿਨ ਕੇ ਕਾਜ ਸਵਾਰੇ ॥੧॥ਰਹਾਉ॥
3. ਜੋ ਜਨ ਦੀਨ ਭਏ ਗੁਰ ਆਗੈ ਤਿਨ ਕੇ ਦੂਖ ਨਿਵਾਰੇ ॥
4. ਅਨਦਿਨੁ ਭਗਤਿ ਕਰਹਿ ਗੁਰ ਆਗੈ
ਗੁਰ ਕੈ ਸਬਦਿ ਸਵਾਰੇ ॥੧॥
5. ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ
ਰਸੁ ਗਾਵਹਿ ਰਸੁ ਬੀਚਾਰੇ ॥
6. ਗੁਰਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ
ਓਇ ਪਾਵਹਿ ਮੋਖ ਦੁਆਰੇ ॥੨॥

7. ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ
ਜਿਸੁ ਦ੍ਰਿੜਤਾ ਨਾਮੁ ਅਧਾਰੇ ॥
8. ਤਿਸੁ ਆਗੈ ਜੀਉ ਦੇਵਉ ਅਪੁਨਾ
ਹਉ ਸਤਿਗੁਰ ਕੈ ਬਲਿਹਾਰੇ ॥੩॥
9. ਮਨਮੁਖ ਭ੍ਰਮਿ ਦੂਜੈ ਭਾਇ ਲਾਗੇ
ਅੰਤਰਿ ਅਗਿਆਨ ਗੁਬਾਰੇ ॥
10. ਸਤਿਗੁਰੁ ਦਾਤਾ ਨਦਰਿ ਨ ਆਵੈ
ਨਾ ਉਰਵਾਰਿ ਨ ਪਾਰੇ ॥੪॥
11. ਸਰਬੇ ਘਟਿ ਘਟਿ ਰਵਿਆ ਸੁਆਮੀ
ਸਰਬ ਕਲਾ ਕਲ ਧਾਰੇ ॥
12. ਨਾਨਕੁ ਦਾਸਨਿ ਦਾਸੁ ਕਹਤ ਹੈ
ਕਰਿ ਕਿਰਪਾ ਲੇਹੁ ਉਬਾਰੇ ॥੫॥੩॥

ਪਦ ਅਰਥ :–ਅੰਮ੍ਰਿਤ ਨਾਮੁ–ਆਤਮਕ ਜੀਵਨ ਦੇਣ ਵਾਲਾ ਹਰਿ ਨਾਮ। ਗੁਰਮੁਖਿ ਮਨੁ–ਗੁਰੂ ਦਾ ਮਨ। ਮਾਨਿਆ –ਪਤੀਜ ਜਾਂਦਾ ਹੈ। ਕਾਜ–ਸਾਰੇ ਕੰਮ। ਸਵਾਰੇ–(ਗੁਰੂ) ਸਵਾਰ ਦੇਂਦਾ ਹੈ ।੧।ਰਹਾਉ।

ਦੀਨ–ਨਿਮਾਣੇ । ਨਿਵਾਰੇ–ਦੂਰ ਕਰ ਦੇਂਦਾ ਹੈ। ਅਨਦਿਨੁ–ਹਰ ਰੋਜ਼, ਹਰ ਵੇਲੇ। ਕਰਹਿ–ਕਰਦੇ ਹਨ। ਗੁਰੂ ਅਗੈ–ਗੁਰੂ ਦੀ ਹਜ਼ੂਰੀ ਵਿਚ, ਗੁਰੂ ਦੇ ਸਨਮੁਖ ਰਹਿ ਕੇ। ਕੈ ਸਬਦਿ–ਦੇ ਸ਼ਬਦ ਦੀ ਰਾਹੀਂ ।੧।

ਹਿਰਦੈ-ਹਿਰਦੇ ਵਿਚ। ਨਾਮੁ ਅੰਮ੍ਰਿਤ ਰਸੁ-ਆਤਮਕ ਜੀਵਨ ਦੇਣ ਵਾਲਾ ਨਾਮ ਰਸ । ਰਸਨਾ–ਜੀਭ ਨਾਲ। ਗਾਵਹਿ–ਗਾਂਦੇ ਹਨ। ਬੀਚਾਰੇ–ਬੀਚਾਰਿ, ਮਨ ਵਿਚ ਵਸਾਕੇ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ । ਚੀਨਿਆ–ਪਛਾਣ ਲਿਆ । ਓਇ–ਉਹ ਬੰਦੇ । ਮੋਖ ਦੁਆਰੇ–(ਮਾਇਆ ਦੇ ਮੋਹ ਤੋਂ) ਖਲਾਸੀ ਦਾ ਰਸਤਾ ।੨।

ਅਚਲੁ–ਅਡੋਲ ਚਿੱਤ। ਅਚਲਾ ਮਤਿ–(ਮਾਇਆ ਦੇ ਟਾਕਰੇ ਤੇ (ਅਡੋਲ ਰਹਿਣ ਵਾਲੀ ਮਤਿ ਵਾਲਾ। ਜਿਸੁ ਦ੍ਰਿੜਤਾ –ਜਿਸ ਦੇ ਅੰਦਰ ਅਡੋਲਤਾ ਹੈ। ਅਧਾਰੇ–ਆਸਰਾ। ਜੀਉ– ਜਿੰਦ। ਦੇਵਉ–ਦੇਵਉਂ, ਮੈਂ ਭੇਟਾ ਕਰਦਾ ਹਾਂ। ਹਉ–ਮੈਂ ।੩।

ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਭ੍ਰਮਿ–ਭਟਕਣਾ ਵਿਚ ਪੈ ਕੇ। ਦੂਜੈ ਭਾਇ–(ਪ੍ਰਭੂ ਤੋਂ ਬਿਨਾ) ਹੋਰ ਦੇ ਪਿਆਰ ਵਿਚ। ਅਗਿਆਨ ਗੁਬਾਰੇ–ਆਤਮਕ ਜੀਵਨ ਦੀ ਸੋਝੀ ਤੋਂ ਬਿਨਾ ਘੁਪ ਹਨੇਰਾ। ਨਦਰਿ ਨ ਆਵੈ–(ਉਨ੍ਹਾਂ ਨੂੰ) ਦਿਸਦਾ ਨਹੀਂ, (ਉਨ੍ਹਾਂ ਨੂੰ) ਕਦਰ ਨਹੀਂ ਪੈਂਦੀ । ਉਰਵਾਰਿ–(ਸੰਸਾਰ ਸਮੁੰਦਰ ਤੋਂ) ਉਰਲੇ ਪਾਸੇ ।੪।

ਸਰਬੇ-ਸਭਨਾਂ ਵਿਚ । ਘਟਿ ਘਟਿ–ਹਰੇਕ ਸਰੀਰ ਵਿਚ। ਰਵਿਆ–ਮੌਜੂਦ। ਸਰਬ ਕਲਾ–ਸਾਰੀਆਂ ਤਾਕਤਾਂ ਦਾ ਮਾਲਕ। ਕਲ–ਸਤਿਆ, ਤਾਕਤ । ਧਾਰੇ–ਟਿਕਾ ਰਿਹਾ ਹੈ। ਕਰਿ–ਕਰ ਕੇ ।੫।

ਅਰਥ :–

ਪ੍ਰ:–ਸ੍ਰੀ ਜੀਉ ! ਗੁਰੂ ਤੋਂ ਹਰ ਮਨੁੱਖ ਹੀ ਮਾਇਕ ਪਦਾਰਥਾਂ ਦੀ ਮੰਗ ਕਰਦਾ ਵੇਖੀਦਾ ਹੈ, ਪਰ ਤੁਹਾਡੀ ਮੰਗ ਗੁਰੂ ਤੋਂ ਕੀ ਹੈ ?

1. **ਉ**:–ਹੇ ਭਾਈਓ ! ਮੇਰੀ ਤਾਂ ਗੁਰੂ ਤੋਂ ਕੇਵਲ ਇਕ ਇਹੋ ਹੀ ਮੰਗ ਹੈ ਕਿ, ਹੇ (ਮੇਰੇ) ਪਿਆਰੇ ਗੁਰੂ, ਮੈਨੂੰ ਪ੍ਰਮੇਸ਼ਰ ਜੀ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਬਖਸ਼ਸ਼ ਕਰੋ।

2. ਹੇ ਭਾਈ ! ਜਿਨ੍ਹਾਂ ਮਨੁੱਖਾਂ ਉਤੇ ਗੁਰੂ ਦਾ ਮਨ ਪਤੀਜ ਜਾਂਦਾ ਹੈ (ਗੁਰੂ) ਉਨ੍ਹਾਂ ਦੇ ਸਾਰੇ ਕੰਮ ਸਵਾਰ ਦੇਂਦਾ ਹੈ ।੧।ਰਹਾਉ।

3. ਹੇ ਪਿਆਰੇ ! ਜਿਹੜੇ ਮਨੁੱਖ ਨਿਮਾਣੇ ਹੋ ਕੇ ਗੁਰੂ ਦੇ ਦਰ ਤੇ ਢਹਿ ਪੈਂਦੇ ਹਨ (ਗੁਰੂ) ਉਨ੍ਹਾਂ ਦੇ ਸਾਰੇ ਦੁੱਖ ਦੂਰ ਕਰ ਦੇਂਦਾ ਹੈ।

ਪ੍ਰ:–ਸ੍ਰੀ ਜੀਉ, ਉਨ੍ਹਾਂ ਮਨੁੱਖਾਂ ਦੀ ਪਛਾਣ ਕੀ ਹੈ ?

4. **ਉ**:–ਹੇ ਭਾਈ ! ਉਹ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਹਰ ਵੇਲੇ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਹਨ। ਗੁਰੂ ਦੇ ਸ਼ਬਦ ਦੁਆਰੇ ਉਨ੍ਹਾਂ ਦੇ ਜੀਵਨ ਸੋਹਣੇ ਬਣ ਜਾਂਦੇ ਹਨ ।੧।

ਪ੍ਰ:–ਗੁਰਦੇਵ ਜੀਉ ! ਮੁਕਤੀ ਦਾ ਦਰਵਾਜਾ ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ ?

5. **ਉ**:–ਹੇ ਭਾਈਓ ! ਜਿਹੜੇ ਮਨੁੱਖ ਆਪਣੇ ਹਿਰਦੇ ਵਿਚ ਪ੍ਰਮਾਤਮਾਂ ਦਾ ਅਮਰ ਜੀਵਨ ਦੇਣ ਵਾਲਾ ਨਾਮ ਵਸਾਉਂਦੇ ਹਨ, ਜੀਭ ਨਾਲ ਉਸ ਨੂੰ ਸਲਾਹੁੰਦੇ ਹਨ, ਮਨ ਵਿਚ ਉਸ ਨਾਮ ਰਸ ਨੂੰ ਵੀਚਾਰਦੇ ਹਨ।

6. (ਅਤੇ) ਜਿਨ੍ਹਾਂ ਨੇ ਗੁਰੂ ਦੀ ਕ੍ਰਿਪਾ ਨਾਲ ਅਮਰ ਜੀਵਨ ਦੇਣ ਵਾਲੇ ਨਾਮ ਰਸ ਨੂੰ (ਆਪਣੇ ਅੰਦਰ) ਪਛਾਣ ਲਿਆ, ਉਹ ਮਨੁੱਖ (ਵਿਕਾਰਾਂ ਤੋਂ) ਖਲਾਸੀ ਪਾਉਣ ਵਾਲਾ ਦਰਵਾਜ਼ਾ (ਗਿਆਨ) ਲੱਭ ਲੈਂਦੇ ਹਨ ।੨।

ਪ੍ਰ:–ਸ੍ਰੀ ਜੀਉ ! ਆਪ ਜੀ ਦਾ ਹੁਣ ਵਿਸਵਾਸ਼ ਕਿਸ ਰੂਪ ਵਿਚ ਬੱਝ ਗਿਆ ਹੈ ?

7. **ਉ**: ਹੇ ਪਿਆਰੇ ! ਜਿਹੜਾ ਗੁਰੂ-ਪੁਰਖ ਅਡੋਲ ਚਿਤ ਰਹਿਣ ਵਾਲਾ ਹੈ, ਜਿਸ ਦੀ ਮਤਿ (ਵਿਕਾਰਾਂ ਦੇ ਟਾਕਰੇ ਤੇ) ਸਦਾ ਅਹਿੱਲ ਰਹਿੰਦੀ ਹੈ, ਜਿਸਨੂੰ ਸਦਾ ਹਰਿ ਨਾਮ ਦਾ ਸਹਾਰਾ ਹੈ ।

8. ਹੇ ਭਾਈਓ ! ਉਸ ਗੁਰੂ ਦੇ ਅੱਗੇ ਮੈਂ ਆਪਣੀ ਜਿੰਦ ਭੇਟਾ ਕਰਦਾ ਹਾਂ, ਉਸ ਗੁਰੂ ਤੋਂ ਮੈਂ (ਸਦਾ) ਸਦਕੇ ਜਾਂਦਾ ਹਾਂ ।੩।

ਪ੍ਰ:–ਕਿਉਂ ਜੀਉ ! ਇਸ ਜੀਵ ਦੇ ਸੰਸਾਰ ਵਿਚ ਸਦਾ ਹੀ ਜੰਮਦੇ ਮਰਦੇ ਰਹਿਣ ਦਾ ਅਸਲ ਕਾਰਣ ਕੀ ਹੈ ?

9. **ਉ**:–ਹੇ ਪਿਆਰੇ ! ਜੋ ਮਨੁੱਖ ਆਪਣੇ ਮਨ ਦੇ ਪਿਛੇ ਤੁਰਨ ਵਾਲੇ (ਗੁਰੂ ਦਾ ਪਾਸਾ ਛੱਡਕੇ) ਮਾਇਆ ਵਾਲੀ ਦੌੜ ਭੱਜ

ਦੇ ਕਾਰਨ ਮਾਇਆ ਦੇ ਮੋਹ ਵਿਚ (ਹੀ) ਫਸੇ ਰਹਿੰਦੇ ਹਨ ਉਨ੍ਹਾਂ ਦੇ ਅੰਦਰ ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਘੁੱਪ ਹਨੇਰਾ ਬਣਿਆ ਰਹਿੰਦਾ ਹੈ।

10. ਹੇ ਭਾਈਓ ! ਉਨ੍ਹਾਂ ਨੂੰ ਨਾਮ ਦੀ ਦਾਤ ਦੇਣ ਵਾਲਾ ਗੁਰੂ ਦਿਸਦਾ ਹੀ ਨਹੀਂ ਉਹ ਮਨੁੱਖ (ਵਿਕਾਰਾਂ ਭਰੇ ਸੰਸਾਰ ਸਮੁੰਦਰ ਤੋਂ) ਨਾ ਉਰਲੇ ਪਾਸੇ ਨਾ ਪਰਲੇ ਪਾਸੇ (ਪਹੁੰਚ ਸਕਦੇ ਹਨ, ਉਹ ਸੰਸਾਰ ਸਮੁੰਦਰ ਦੇ ਵਿਚ ਹੀ ਗੋਤੇ ਖਾਂਦੇ ਰਹਿੰਦੇ ਹਨ) ।੪।

ਪ੍ਰ:-ਗੁਰਦੇਵ ਜੀਉ ! ਉਸ ਮਾਲਕ ਪ੍ਰਭੂ ਪਾਸੋਂ ਆਪ ਦੀ ਮੰਗ ਕੀ ਹੈ ?

11. ਉ:-ਹੇ ਭਾਈ ! ਜਿਹੜਾ ਪ੍ਰਮਾਤਮਾਂ ਸਭਨਾਂ ਵਿਚ ਵਿਆਪਕ ਹੈ, ਹਰੇਕ ਸਰੀਰ ਵਿਚ ਮੌਜੂਦ ਹੈ, ਸਾਰੀਆਂ ਤਾਕਤਾਂ ਦਾ ਮਾਲਕ, ਆਪਣੀ ਸਤਿਆ ਨਾਲ ਸ੍ਰਿਸ਼ਟੀ ਨੂੰ ਸਹਾਰਾ ਦੇ ਰਿਹਾ ਹੈ।

12. ਕਥਨ ਕਰਦੇ ਹਨ (ਗੁਰੂ)ਨਾਨਕ ਦੇਵ ਜੀ ਕਿ, ਹੇ ਭਾਈ ! ਉਸਦੇ ਦਾਸਾਂ ਦਾ ਦਾਸ ਬੇਨਤੀ ਕਰਦਾ ਹੈ (ਤੇ ਆਖਦਾ ਹੈ, ਹੇ ਪ੍ਰਭੂ) ਮਿਹਰ ਕਰਕੇ ਮੈਨੂੰ (ਇਸ ਸੰਸਾਰ ਸਮੁੰਦਰ ਤੋਂ) ਬਚਾਈ ਰੱਖ ।੫।੩।

ਭਾਵਾਰਥ :-ਜਿਹੜੇ ਲੋਕ ਨਿਰਮਾਣ ਹੋ ਕੇ ਆਪਣੇ ਆਪ ਨੂੰ ਗੁਰੂ ਦੇ ਹਵਾਲੇ ਕਰ ਦੇਂਦੇ ਹਨ ਉਨ੍ਹਾਂ ਉਤੇ ਗੁਰੂ ਪ੍ਰਸੰਨ ਹੋ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਸਵਾਰ ਦਿੰਦਾ ਹੈ, ਉਹ ਆਪਣੇ ਹਿਰਦੇ ਅੰਦਰ ਹਰੀ ਦਾ ਰਸ ਮਾਣਦੇ ਅਤੇ ਅੰਤ ਨੂੰ ਮੁਕਤਿ ਪਾ ਜਾਂਦੇ ਹਨ।

ਸਾਰਗ ਮਹਲਾ ੪ ॥

1. ਗੋਬਿਦ ਕੀ ਐਸੀ ਕਾਰ ਕਮਾਇ ॥

2. ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ
ਗੁਰਮੁਖਿ ਨਾਮਿ ਰਹਹੁ ਲਿਵ ਲਾਇ ।.੧॥ਰਹਾਉ॥

3. ਗੋਬਿਦ ਪ੍ਰੀਤਿ ਲਗੀ ਅਤਿ ਮੀਠੀ
ਅਵਰ ਵਿਸਰਿ ਸਭ ਜਾਇ ॥

4. ਅਨਦਿਨੁ ਰਹਸੁ ਭਇਆ ਮਨੁ ਮਾਨਿਆ
ਜੋਤੀ ਜੋਤਿ ਮਿਲਾਇ ॥ ੧ ॥

5. ਜਬ ਗੁਣ ਗਾਇ ਤਬਹੀ ਮਨੁ ਤ੍ਰਿਪਤੈ
ਸਾਂਤਿ ਵਸੈ ਮਨਿ ਆਇ ॥

6. ਗੁਰ ਕਿਰਪਾਲ ਭਏ ਤਬ ਪਾਇਆ
ਹਰਿ ਚਰਣੀ ਚਿਤੁ ਲਾਇ ॥ ੨ ॥

7. ਮਤਿ ਪ੍ਰਗਾਸ ਭਈ ਹਰਿ ਧਿਆਇਆ
ਗਿਆਨਿ ਤਤਿ ਲਿਵ ਲਾਇ ॥

8. ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ
ਹਰਿ ਸਹਜਿ ਸਮਾਧਿ ਲਗਾਇ ।।੩।।

9. ਹਿਰਦੈ ਕਪਟੁ ਨਿਤ ਕਪਟੁ ਕਮਾਵਹਿ
ਮੁਖਹੁ ਹਰਿ ਹਰਿ ਸੁਣਾਇ ॥

10. ਅੰਤਰਿ ਲੋਭੁ ਮਹਾ ਗੁਬਾਰਾ
ਤੁਹ ਕੂਟੈ ਦੁਖ ਖਾਇ ।।੪।।

11. ਜਬ ਸੁਪ੍ਰਸੰਨ ਭਏ ਪ੍ਰਭ ਮੇਰੇ
ਗੁਰਮੁਖਿ ਪਰਚਾ ਲਾਇ ॥

12. ਨਾਨਕ ਨਾਮ ਨਿਰੰਜਨੁ ਪਾਇਆ
ਨਾਮੁ ਜਪਤ ਸੁਖੁ ਪਾਇ ।।੫।।੪।।

ਪਦ ਅਰਥ :-ਕਾਰ ਕਮਾਇ-ਕਾਰ ਕਰ । ਕਰੇ-(ਪ੍ਰਮਾਤਮਾਂ) ਕਰਦਾ ਹੈ। ਸੇ-ਉਹ (ਕੰਮ)। ਸਤਿ-ਅਟੱਲ, ਠੀਕ। ਕਰਿ-ਕਰ ਕੇ, ਸਮਝ ਕੇ। ਮਾਨਹੁ-ਮੰਨੋਂ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਨਾਮਿ- ਹਰਿ ਨਾਮ ਵਿਚ। ਰਹਹੁ ਲਿਵ ਲਾਇ-ਸੁਰਤਿ ਜੋੜ ਕੇ ਟਿਕੇ ਰਹੋ ।੧।ਰਹਾਉ।

ਅਤਿ-ਬਹੁਤ । ਅਵਰ-ਹੋਰ ਪ੍ਰੀਤ । ਸਭ-ਸਾਰੀ। ਵਿਸਰਿ ਜਾਇ-ਭੁਲ ਜਾਂਦੀ ਹੈ। ਅਨਦਿਨੁ-ਹਰ ਰੋਜ, ਹਰ ਵੇਲੇ। ਰਹਸੁ-ਆਤਮਕ ਅਨੰਦ। ਮਾਨਿਆ-ਗਿੱਝ ਜਾਂਦਾ ਹੈ। ਜੋਤੀ-ਪ੍ਰਭੂ ਦੀ ਜੋਤਿ ਵਿਚ। ਜੋਤਿ-ਜਿੰਦ ।੧।

ਗਾਇ-ਗਾਂਦਾ ਹੈ । ਤ੍ਰਿਪਤੈ-ਮਾਇਆ ਵਲੋਂ ਰੱਜ ਜਾਂਦਾ ਹੈ। ਮਨਿ-ਮਨ ਵਿਚ। ਆਇ-ਆ ਕੇ ।੨।

ਪ੍ਰਗਾਸ-ਚਾਨਣ । ਗਿਆਨਿ-ਆਤਮਕ ਜੀਵਨ ਦੀ ਸੂਝ ਦੀ ਰਾਹੀਂ । ਤਤਿ-ਤੱਤ ਵਿਚ, ਜਗਤ ਦੇ ਮੂਲ ਪ੍ਰਭੂ ਵਿਚ। ਲਿਵ ਲਾਇ-ਸੁਰਤਿ ਜੋੜ ਕੇ। ਅੰਤਰਿ (ਉਸ ਦੇ) ਅੰਦਰ। ਸਹਜਿ-ਆਤਮਕ ਅਡੋਲਤਾ ਦੀ ਰਾਹੀਂ । ਹਰਿ ਸਮਾਧਿ ਲਗਾਇ-ਪ੍ਰਮਾਤਮਾਂ ਦੀ ਯਾਦ ਵਿਚ ਮਨ ਇਕਾਗਰ ਕਰ ਕੇ ।੩।

ਹਿਰਦੈ-ਹਿਰਦੇ ਵਿਚ । ਮੁਖਹੁ-ਮੂੰਹੋਂ । ਸੁਣਾਇ-ਸੁਣਾ ਕੇ। ਮਹਾ ਗੁਬਾਰਾ-ਵੱਡਾ ਘੁੱਪ ਹਨੇਰਾ। ਕੂਟੈ-ਕੁੱਟਦਾ ਹੈ। ਖਾਇ-ਖਾਂਦਾ ਹੈ, ਸਹਾਰਦਾ ਹੈ ।੪।

ਸੁਪ੍ਰਸੰਨ-ਬਹੁਤ ਖ਼ੁਸ਼ । ਗੁਰਮੁਖਿ-ਗੁਰੂ ਦੀ ਰਾਹੀਂ। ਪਰਚਾ-ਪਿਆਰ । ਨਿਰੰਜਨੁ-[ਨਿਰ-ਅੰਜਨ] ਮਾਇਆ ਦੀ ਕਾਲਖ ਤੋਂ ਰਹਿਤ। ਪਵਿਤ੍ਰ ।੫।

ਪ੍ਰ:-ਸ੍ਰੀ ਜੀਉ ! ਪ੍ਰਮੇਸ਼ਰ ਦੀ ਉਹ ਕਿਹੜੀ ਕਾਰ ਹੈ ਜੋ ਕਿ ਮੈਂ ਸਦਾ ਹੀ ਕਰਦਾ ਰਿਹਾ ਕਰਾਂ ?

1. ਉ:-ਹੇ ਭਾਈ ! ਉਸ ਪ੍ਰਮਾਤਮਾਂ ਦੀ ਕਾਰ (ਕੇਵਲ) ਸੇਵਾ ਭਗਤੀ ਹੈ, ਇਹ ਕਾਰ ਸਦਾ ਇਸ ਤਰ੍ਹਾਂ ਹੀ ਕਰਿਆ ਕਰ।

2. ਕਿ, ਜੋ ਕੁਝ ਪ੍ਰਮਾਤਮਾਂ ਕਰਦਾ ਹੈ ਉਸੇ ਨੂੰ ਠੀਕ ਮੰਨਿਆ ਕਰ ਅਤੇ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾਂ ਦੇ ਨਾਮ ਵਿਚ ਸੁਰਤਿ ਜੋੜੀ ਰੱਖਿਆ ਕਰ ।੧।ਰਹਾਉ।

ਪ੍ਰ:-ਸ੍ਰੀ ਜੀਉ ! ਪ੍ਰਭੂ ਦੀ ਪ੍ਰੀਤ ਵਾਲੇ ਮਨੁੱਖ ਦੀ ਪਛਾਣ ਕੀ ਹੈ ?

3. ਉ:–ਹੇ ਪਿਆਰੇ ! ਜਿਸ ਮਨੁੱਖ ਨੂੰ ਆਪਣੇ ਮਨ ਵਿਚ, ਪ੍ਰਮੇਸ਼ਰ ਜੀ ਦੀ ਪ੍ਰੀਤ ਬਹੁਤ ਮਿੱਠੀ ਲੱਗਦੀ ਹੈ, ਉਸਨੂੰ (ਦੁਨੀਆਂ ਵਾਲੀ) ਹੋਰ ਸਾਰੀ ਪ੍ਰੀਤ ਭੁੱਲ (ਹੀ) ਜਾਂਦੀ ਹੈ।

4. (ਉਸ ਦੇ ਅੰਦਰ) ਹਰ ਵੇਲੇ ਆਤਮਕ ਅਨੰਦ ਬਣਿਆ ਰਹਿੰਦਾ ਹੈ, ਉਸਦਾ ਮਨ (ਪ੍ਰਭੂ ਦੀ ਯਾਦ ਵਿਚ) ਗਿੱਝ ਜਾਂਦਾ ਹੈ. ਉਸ ਦੀ ਜਿੰਦ ਪ੍ਰਮਾਤਮਾਂ ਦੀ ਜੋਤ ਨਾਲ ਇੱਕ ਮਿੱਕ ਰਹਿੰਦੀ ਹੈ ।੧।

ਪ੍ਰ:–ਗੁਰਦੇਵ ਜੀਉ ! ਮਨੁੱਖ ਦਾ ਮਨ ਮਾਇਆ ਦੀ ਭੁੱਖ ਵਲੋਂ ਕਿਵੇਂ ਰੱਜ ਸਕਦਾ ਹੈ ?

5.ਉ:–ਹੇ ਭਾਈਓ ! ਜਦੋਂ ਮਨੁੱਖ ਪ੍ਰਭੂ ਦੇ ਗੁਣ ਗਾਉਂਦਾ ਹੈ, ਤਦੋਂ ਹੀ ਉਸ ਦਾ ਮਨ (ਮਾਇਆ ਦੀ ਭੁੱਖ ਵਲੋਂ) ਰੱਜ ਜਾਂਦਾ ਹੈ ਤੇ ਉਸ ਦੇ ਮਨ ਵਿਚ ਸ਼ਾਂਤੀ ਆ ਵੱਸਦੀ ਹੈ।

6. ਹੇ ਭਾਈ ! ਸਤਿਗੁਰੂ ਜੀ ਜਦੋਂ ਉਸ ਉਤੇ ਦਇਆਵਾਨ ਹੁੰਦੇ ਹਨ, ਤਦੋਂ ਉਹ ਮਨੁੱਖ ਪ੍ਰਮਾਤਮਾਂ ਦੇ ਚਰਨਾਂ ਵਿਚ ਚਿਤ ਜੋੜ ਕੇ, ਪ੍ਰਮਾਤਮਾਂ ਨਾਲ ਮਿਲਾਪ ਹਾਸਲ ਕਰ ਲੈਂਦਾ ਹੈ ।੨।

7. ਹੇ ਪਿਆਰੇ ! ਆਤਮਕ ਜੀਵਨ ਦੀ ਸੂਝ ਦੀ ਰਾਹੀਂ ਜਿਸ ਮਨੁੱਖ ਨੇ ਜਗਤ ਦੇ ਮੂਲ ਪ੍ਰਭੂ ਵਿਚ ਸੁਰਤਿ ਜੋੜ ਕੇ ਉਸਦਾ ਸਿਮਰਨ ਕੀਤਾ ਹੈ, ਉਸ ਦੀ ਮੱਤ ਵਿਚ ਆਤਮਕ ਜੀਵਨ ਦਾ ਚਾਨਣ ਹੋ ਗਿਆ।

8. ਉਸਦੇ ਅੰਦਰ ਪ੍ਰਮਾਤਮਾਂ ਦੀ ਜੋਤ ਪ੍ਰਗਟ ਹੋ ਗਈ, ਆਤਮਕ ਅਡੋਲਤਾ ਦੀ ਰਾਹੀਂ, ਪ੍ਰਮਾਤਮਾਂ ਦੀ ਯਾਦ ਵਿਚ ਮਨ ਇਕਾਗਰ ਕਰ ਕੇ ਉਸ ਦਾ ਮਨ (ਉਸ ਯਾਦ ਵਿਚ ਹੀ) ਗਿੱਝ ਗਿਆ ਹੈ ।੩।

ਪ੍ਰ:–ਕਿਉਂ ਜੀ ! ਇਹ ਜਿਤਨੇ ਲੋਕ ਭੀ ਮੁਖੋਂ ਹਰਿ ਹਰਿ ਨਾਮ ਉਚਾਰਨ ਕਰਦੇ ਰਹਿੰਦੇ ਹਨ ਕੀ ਉਨ੍ਹਾਂ ਸਾਰਿਆਂ ਦੇ ਅੰਦਰੋਂ ਹੀ ਮਾਇਆ ਮੋਹ ਦਾ ਅੰਧੇਰਾ ਮਿਟ ਜਾਂਦਾ ਹੈ ?

9.ਉ:–ਹੇ ਭਾਈ ! (ਜਿਨ੍ਹਾਂ ਮਨੁੱਖਾਂ ਦੇ) ਹਿਰਦੇ ਵਿਚ ਠੱਗੀ ਵੱਸ਼ਦੀ ਹੈ, ਉਹ ਮਨੁੱਖ (ਨਿਰਾ) ਮੂੰਹੋਂ ਹਰਿ ਨਾਮ ਸੁਣਾ ਸੁਣਾ ਕੇ (ਅੰਦਰੋਂ ਅੰਦਰ) ਠੱਗੀ ਦਾ ਵਿਹਾਰ ਕਰਦੇ ਰਹਿੰਦੇ ਹਨ।

10. (ਅਤੇ) ਜਿਸ ਮਨੁੱਖ ਦੇ ਹਿਰਦੇ ਵਿਚ (ਸਦਾ) ਲੋਭ ਵਸਦਾ ਹੈ, ਉਸਦੇ ਹਿਰਦੇ ਵਿਚ ਤਾਂ ਮਾਇਆ ਦੇ ਮੋਹ ਦਾ ਘੁੱਪ ਹਨੇਰਾ ਬਣਿਆ ਹੀ ਰਹਿੰਦਾ ਹੈ, ਉਹ ਮਨੁੱਖ ਤਾਂ ਇਉਂ ਹੈ ਜਿਵੇਂ ਉਹ ਦਾਣਿਆਂ ਤੋਂ ਸਖਣੇ ਨਿਰੇ ਤੋਹ ਹੀ ਕੁਟਦਾ ਰਹਿੰਦਾ ਹੈ, ਅਤੇ ਤੋਹ ਕੁੱਟਣ ਦੀਆਂ ਖੇਚਲਾਂ ਹੀ ਸਹਾਰਦਾ ਹੈ ।੪।

ਪ੍ਰ:–ਸ੍ਰੀ ਜੀਉ ! ਆਖਰ ਉਨ੍ਹਾਂ ਲੋਕਾਂ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

11.ਉ:–ਹੇ ਭਾਈ ! ਜਦੋਂ ਕਿਸੇ ਮਨੁੱਖ ਉਤੇ ਮੇਰੇ ਪ੍ਰਭੂ ਜੀ ਬੜੇ ਪ੍ਰਸੰਨ ਹੁੰਦੇ ਹਨ, ਤਦੋਂ ਉਹ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਜੀ ਨਾਲ ਪਿਆਰ ਪਾਉਂਦਾ ਹੈ।

12. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਤਦੋਂ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਕਰਨ ਵਾਲਾ ਹਰਿ ਨਾਮ ਮਨ ਵਿਚ ਵਸਾਉਂਦਾ ਹੈ, ਅਤੇ ਇਸ ਤਰ੍ਹਾਂ ਉਹ ਫਿਰ, ਨਾਮ ਜਪਦਿਆਂ ਆਤਮਕ ਸੁਖ ਮਾਣਦਾ ਹੈ ।੫।੪।

ਭਾਵਾਰਥ :–ਜਦੋਂ ਗੁਰੂ ਦੁਆਰਾ ਹਰਿ ਨਾਮ ਵਿਚ ਪ੍ਰੀਤੀ ਲੱਗ ਜਾਂਦੀ ਹੈ, ਐਸੀ ਬ੍ਰਿਤੀ ਹੋ ਜਾਂਦੀ ਹੈ ਕਿ ਹਰੀ ਦਾ ਪਿਆਰ ਹੀ ਚੰਗਾ ਲੱਗਦਾ ਹੈ ਅਤੇ ਮਨ ਸਦਾ ਹੀ ਖਿੜਿਆ ਰਹਿੰਦਾ ਹੈ। ਮਤਿ ਗਿਆਨ ਰੂਪ ਹਰੀ ਵਿਚ ਲੱਗੀ ਹੋਣ ਕਰਕੇ ਗਿਆਨਵਾਨ ਅਤੇ ਅਡੋਲ ਹੋ ਜਾਂਦੀ ਹੈ, ਜਿਸਦੀ ਬਰਕਤ ਨਾਲ ਫਿਰ ਸਦਾ ਹੀ ਅਬਿਨਾਸੀ ਸੁਖ ਬਣਿਆ ਰਹਿੰਦਾ ਹੈ।

ਸਾਰਗ ਮਹਲਾ ੪ ॥

1. ਮੇਰਾ ਮਨੁ ਰਾਮ ਨਾਮਿ ਮਨੁ ਮਾਨੀ ॥
ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ
2. ਮਨਿ ਹਰਿ ਹਰਿ ਕਥਾ ਸੁਖਾਨੀ ॥੧॥ਰਹਾਉ॥
3. ਦੀਨ ਦਇਆਲ ਹੋਵਹੁ ਜਨ ਊਪਰਿ
ਜਨ ਦੇਵਹੁ ਅਕਥ ਕਹਾਨੀ ॥
4. ਸੰਤ ਜਨਾ ਮਿਲਿ ਹਰਿ ਰਸੁ ਪਾਇਆ
ਹਰਿ ਮਨਿ ਤਨਿ ਮੀਠ ਲਗਾਨੀ ॥੧॥
5. ਹਰਿ ਕੈ ਰੰਗਿ ਰਤੇ ਬੈਰਾਗੀ
ਜਿਨ੍ ਗੁਰਮਤਿ ਨਾਮੁ ਪਛਾਨੀ ॥
6. ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ
ਸਭ ਚੂਕੀ ਆਵਣ ਜਾਨੀ ॥ ੨ ॥
7. ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ
ਰਸਨਾ ਨਾਮੁ ਵਖਾਨੀ ॥
8. ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ
ਹਿਰਦੈ ਹਰਿ ਹਰਿ ਭਾਨੀ ॥੩॥
9. ਪੰਚ ਜਨਾ ਗੁਰਿ ਵਸਗਤਿ ਆਣੇ
ਤਉ ਉਨਮਨਿ ਨਾਮਿ ਲਗਾਨੀ ॥
10. ਜਨ ਨਾਨਕ ਹਰਿ ਕਿਰਪਾ ਧਾਰੀ
ਹਰਿ ਰਾਮੈ ਨਾਮਿ ਸਮਾਨੀ ॥੪॥੫॥

ਪਦ ਅਰਥ :–ਨਾਮਿ–ਨਾਮ ਵਿਚ । ਮਾਨੀ–ਮੰਨ ਗਿਆ ਹੈ, ਗਿੱਝ ਗਿਆ ਹੈ। ਹੀਅਰੈ–ਹਿਰਦੇ ਵਿਚ । ਸਤਿਗੁਰਿ –ਗੁਰੂ ਨੇ । ਮਨਿ–ਮਨ ਵਿਚ । ਕਥਾ–ਸਿਫਤ ਸਾਲਾਹ। ਸੁਖਾਨੀ–ਚੰਗੀ ਲਗਦੀ ਹੈ ।੧।ਰਹਾਉ।

ਦੀਨ–ਗਰੀਬ । ਦਇਆਲ–ਦਇਆਵਾਨ । ਜਨ–ਦਾਸ, ਸੇਵਕ । ਅਕਥ - ਜਿਹੜੀ ਬਿਆਨ ਨਾ ਕੀਤੀ ਜਾ ਸਕੇ। ਮਿਲਿ–ਮਿਲ ਕੇ। ਰਸੁ–ਸੁਆਦ। ਮਨਿ–ਮਨ ਵਿਚ। ਤਨਿ–ਤਨ ਵਿਚ ।੧।

ਕੈ ਰੰਗਿ–ਦੇ ਪਿਆਰ ਰੰਗ ਵਿਚ। ਰਤੇ–ਰੰਗੇ ਹੋਏ। ਬੈਰਾਗੀ–ਪ੍ਰੇਮੀ। ਪੁਰਖੈ–ਪੁਰਖ ਨੂੰ, ਜੀਵ ਨੂੰ। ਪੁਰਖੁ–ਸਰਬ ਵਿਆਪਕ ਪ੍ਰਭੂ। ਚੂਕੀ–ਮੁੱਕ ਗਈ। ਆਵਣ ਜਾਨੀ–ਜਨਮ ਮਰਨ ਦਾ ਗੇੜ।੨।

ਨੈਣੀ–ਅੱਖਾਂ ਨਾਲ। ਬਿਰਹੁ–ਪਿਆਰ ਭਰੀ ਤਾਂਘ। ਦੇਖਾ–ਦੇਖਾਂ, ਮੈਂ ਵੇਖਾਂ। ਪ੍ਰਭ–ਹੇ ਪ੍ਰਭੂ। ਰਸਨਾ–ਜੀਭ ਨਾਲ। ਵਖਾਨੀ–ਵਖਾਨੀਂ, ਮੈ ਉਚਾਰਾਂ। ਸ੍ਰਵਣੀ–ਕੰਨਾਂ ਨਾਲ। ਸੁਨਉ–ਸੁਨਉਂ, ਮੈਂ ਸੁਣਦਾ ਰਹਾਂ। ਹਿਰਦੈ–ਹਿਰਦੇ ਵਿਚ। ਭਾਨੀ–ਚੰਗਾ ਲੱਗ ਰਿਹਾ ਹੈ।੩।

ਪੰਚ ਜਨਾ–ਕਾਮਾਦਿਕ ਪੰਜਾਂ ਨੂੰ। ਗੁਰਿ–ਗੁਰੂ ਨੇ। ਆਣੇ–ਲੈ ਆਂਦੇ। ਤਦ–ਤਦੋਂ। ਉਨਮਨਿ–ਉਨਮਨ ਅਵਸ਼ਥਾ ਵਿਚ, ਬਿਰਹੋਂ ਅਵਸਥਾ ਵਿਚ। ਨਾਮਿ–ਨਾਮ ਵਿਚ। ਰਾਮੈ ਨਾਮਿ–ਪ੍ਰਮਾਤਮਾਂ ਦੇ ਹੀ ਨਾਮ ਵਿਚ।੪।

ਅਰਥ :–

ਪ੍ਰ:–ਗੁਰਦੇਵ ਜੀਉ, ਕਥਾ ਸੁਣਨ ਵਾਲੇ ਤਾਂ ਬਹੁਤ ਸਰੋਤੇ ਵੇਖੇ ਜਾਂਦੇ ਹਨ ਪਰ, ਉਨ੍ਹਾਂ ਸਾਰਿਆਂ ਦੇ ਅੰਦਰ ਪ੍ਰਭੂ ਦੀ ਸਿਫਤ ਸਲਾਹ ਮਨ ਵਿਚ ਪਿਆਰੀ ਨਹੀਂ ਲਗਦੀ, ਪਰ ਆਪ ਜੀ ਦੇ ਮਨ ਵਿਚ ਸਿਫਤ ਸਲਾਹ ਕਿਵੇਂ ਚੰਗੀ ਤੇ ਪਿਆਰੀ ਲਗਦੀ ਹੈ, ਇਸ ਲਈ ਆਪ ਨੇ ਕੀ ਸਾਧਨ ਕੀਤਾ ਹੈ ?

ਉ:–1. ਹੇ ਭਾਈਓ! ਅਸਲ ਵਿਚ ਮੈਂ ਹੋਰ ਸਾਧਨ ਤਾਂ ਕੋਈ ਨਹੀਂ ਕਰ ਸਕਿਆ, ਪਰ ਮੇਰਾ ਮਨ ਹੁਣ ਪ੍ਰਭੂ ਦੇ ਨਾਮ ਵਿਚ ਗਿੱਝ ਗਿਆ ਹੈ।

2. ਜਿਸ ਦੀ ਬਰਕਤ ਨਾਲ ਮੇਰੇ ਹਿਰਦੇ ਵਿਚ ਪ੍ਰਮਾਤਮਾਂ ਦਾ ਪਿਆਰ ਪੈਦਾ ਹੋ ਗਿਆਂ ਹੈ, (ਇਸੇ ਕਰਕੇ ਹੁਣ) ਪ੍ਰਮਾਤਮਾਂ ਦੀ ਸਿਫਤ ਸਾਲਾਹ ਮੇਰੇ ਮਨ ਵਿਚ ਪਿਆਰੀ ਲੱਗ ਰਹੀ ਹੈ।੧।ਰਹਾਉ।

ਪ੍ਰ:–ਸ੍ਰੀ ਜੀਉ, ਹੁਣ ਆਪ ਜੀ ਦੀ ਉਸ ਪ੍ਰਭੂ ਤੋਂ ਮੰਗ ਕੀ ਹੈ ?

ਉ:–3. ਹੇ ਭਾਈਓ! ਮੇਰੀ ਤਾਂ ਕੇਵਲ ਇਹੋ ਹੀ ਮੰਗ ਹੈ ਕਿ) ਹੇ ਪ੍ਰਭੂ ਜੀ, ਮੈਂ ਗਰੀਬ ਸੇਵਕ ਉਤੇ ਦਇਆਵਾਨ ਹੋਵੋ, ਮੈਨੂੰ ਦਾਸ ਨੂੰ ਕਦੇ ਠਾ ਮੁੱਕਣ ਵਾਲੀ ਆਪਣੀ ਸਿਫਤ ਦੀ ਦਾਤ ਦੇਵੋ।

4. ਹੇ ਭਾਈ, ਜਿਸ ਮਨੁੱਖ ਨੇ ਸੰਤ ਜਨਾਂ ਨੂੰ ਮਿਲ ਕੇ ਪ੍ਰਮਾਤਮਾਂ ਦੇ ਨਾਮ ਦਾ ਸੁਆਦ ਚੱਖਿਆ ਹੈ, ਉਸਦੇ ਮਨ ਵਿਚ ਉਸਦੇ ਹਿਰਦੇ ਵਿਚ ਪ੍ਰਭੂ ਦੀ ਸਿਫਤ ਸਲਾਹ ਮਿਠੀ ਲੱਗਣ ਲੱਗ ਪੈਂਦੀ ਹੈ।੧।

5. ਹੇ ਪਿਆਰੇ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤ ਉਤੇ ਤੁਰ ਕੇ ਪ੍ਰਮਾਤਮਾਂ ਦੇ ਨਾਮ ਨਾਲ ਸਾਂਝ ਪਾ ਲਈ, ਉਹ ਮਨੁੱਖ ਪ੍ਰਮਾਤਮਾਂ ਦੇ ਪਿਆਰ ਰੰਗ ਵਿਚ ਰੰਗੇ ਜਾਂਦੇ ਹਨ, ਤੇ ਉਹ ਮਨੁੱਖ ਮਾਇਆ ਦੇ ਮੋਹ ਵਿਚੋਂ ਉਪਰਾਮ ਹੋ ਜਾਂਦੇ ਹਨ।

6. ਹੇ ਭਾਈ! ਜਿਸ ਮਨੁੱਖ ਨੂੰ ਸਰਬ ਵਿਆਪਕ ਪ੍ਰਭੂ ਮਿਲ ਪਿਆ ਹੈ, ਉਸ ਨੂੰ ਆਤਮਕ ਅਨੰਦ ਪ੍ਰਾਪਤ ਹੋ ਗਿਆ, ਉਸ ਦਾ ਜਨਮ ਮਰਨ ਦਾ ਸਾਰਾ ਗੇੜ ਮੁੱਕ ਗਿਆ।੨।

ਪ੍ਰ:–ਹੇ ਗੁਰੋ, ਆਪ ਜੀ ਦੇ ਅੰਦਰ ਉਸ ਮਾਲਕ ਤੋਂ ਜਾਚਨਾਂ ਕੀ ਹੈ ?

ਉ:–7. ਹੇ ਪਿਆਰੇ! ਮੇਰੀ ਤਾਂ ਕੇਵਲ ਇਕ ਇਹੋ ਹੀ ਤਾਂਘ ਹੈ ਕਿ ਹੇ ਪ੍ਰਭੂ! ਹੇ ਸੁਆਮੀ, ਮੇਰੇ ਅੰਦਰ ਇਹੋ ਹੀ ਤਾਂਘ ਹੈ ਕਿ, ਅੱਖਾਂ ਨਾਲ ਮੈਂ ਤੇਰਾ ਦਰਸ਼ਨ ਕਰਦਾ ਰਹਾਂ, ਜ਼ਬਾਨ ਨਾਲ ਤੇਰਾ ਨਾਮ ਜਪਦਾ ਰਹਾਂ।

8. ਕੰਨਾਂ ਨਾਲ ਦਿਨ ਰਾਤ ਤੇਰੀ ਸਿਫ਼ਤ ਸਲਾਹ ਸੁਣਦਾ ਰਹਾਂ ਅਤੇ ਹਿਰਦੇ ਵਿਚ ਮੈਨੂੰ ਪਿਆਰਾ ਲਗਦਾ ਰਹੇਂ।੩।

ਪ੍ਰ:–ਸ੍ਰੀ ਜੀਉ, ਆਖਰ ਪ੍ਰਭੂ ਦੇ ਨਾਮ ਵਿਚ ਲੀਨਤਾ ਕਿਸ ਦੀ ਹੁੰਦੀ ਹੈ ?

ਉ:–9. ਹੇ ਭਾਈਓ, ਜਦੋਂ ਗੁਰੂ ਨੇ ਕਾਮਾਦਿਕ ਪੰਜਾਂ ਨੂੰ (ਕਿਸੇ ਵਡਭਾਗੀ ਦੇ) ਵੱਸ ਵਿਚ ਕਰ ਦਿਤਾ, ਤਦੋਂ ਬਿਰਹੋਂ ਅਵਸਥਾ ਵਿਚ ਅਪੜਕੇ ਉਸਦੀ ਸੁਰਤਿ ਹਰਿ ਨਾਮ ਵਿਚ ਜੁੜ ਜਾਂਦੀ ਹੈ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ! ਜਿਸ ਮਨੁੱਖ ਉਤੇ ਪ੍ਰਭੂ ਨੇ ਮਿਹਰ ਕੀਤੀ ਹੈ, (ਬੱਸ) ਪ੍ਰਭੂ ਦੇ ਨਾਮ ਵਿਚ ਹੀ ਉਸਦੀ ਲੀਨਤਾ ਹੋ ਗਈ।੪।੫।

ਭਾਵਾਰਥ :-ਗੁਰੂ ਦੀ ਕ੍ਰਿਪਾ ਨਾਲ ਪਾਪਾਂ ਵਾਲੀ ਬ੍ਰਿਤੀ ਹਟ ਕੇ ਹਰੀ ਰਸ ਗ੍ਰਹਿਣ ਕਰਨ ਵਾਲੀ ਬ੍ਰਿਤੀ ਬਣ ਜਾਂਦੀ ਹੈ, ਫਿਰ ਅਖਾਂ, ਜੀਭ, ਕੰਨ, ਆਦਿ ਸਭ ਨਾਮ ਦੇ ਪਿਆਰ ਵਿਚ ਕੰਮ ਕਰਨ ਲੱਗ ਪੈਂਦੇ ਹਨ ਅਤੇ ਮਨੁੱਖ ਹਰ ਵਕਤ ਨਾਮ ਵਿਚ ਲੀਨ ਰਹਿੰਦਾ ਹੋਇਆ ਅੰਤ ਨੂੰ ਹਰੀ ਵਿਚ ਮਿਲ ਜਾਂਦਾ ਹੈ।

ਸਾਰਗ ਮਹਲਾ ੪ ॥

1. ਜਪਿ ਮਨ ਰਾਮ ਨਾਮੁ ਪੜ੍ਹੁ ਸਾਰੁ ॥
2. ਰਾਮ ਨਾਮ ਬਿਨੁ ਥਿਰੁ ਨਹੀ ਕੋਈ
ਹੋਰੁ ਨਿਹਫਲ ਸਭੁ ਬਿਸਥਾਰੁ ॥੧॥ਰਹਾਉ॥
3. ਕਿਆ ਲੀਜੈ ਕਿਆ ਤਜੀਐ ਬਉਰੇ
ਜੋ ਦੀਸੈ ਸੋ ਛਾਰੁ ॥
4. ਜਿਸੁ ਬਿਖਿਆ ਕਉ ਤੁਮ੍ ਅਪੁਨੀ ਕਰਿ ਜਾਨਹੁ
ਸਾ ਛਾਡਿ ਜਾਹੁ ਸਿਰਿ ਭਾਰੁ ॥੧॥
5. ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ
ਬੂਝਿ ਨ ਸਕੈ ਗਵਾਰੁ ॥
6. ਸੋ ਕਿਛੁ ਕਰੈ ਜਿ ਸਾਥਿ ਨ ਚਾਲੈ
ਇਹੁ ਸਾਕਤ ਕਾ ਆਚਾਰੁ ॥੨॥
7. ਸੰਤ ਜਨਾ ਕੈ ਸੰਗਿ ਮਿਲੁ ਬਉਰੇ
ਤਉ ਪਾਵਹਿ ਮੋਖ ਦੁਆਰੁ ॥

8. ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ
ਜਾਇ ਪੂਛਹੁ ਬੇਦ ਬੀਚਾਰੁ ॥੩॥
9 ਰਾਣਾ ਰਾਉ ਸਭੈ ਕੋਊ ਚਾਲੈ
ਝੂਠੁ ਛੋਡਿ ਜਾਇ ਪਾਸਾਰੁ ॥
10. ਨਾਨਕ ਸੰਤ ਸਦਾ ਥਿਰੁ ਨਿਹਚਲੁ
ਜਿਨ ਰਾਮ ਨਾਮੁ ਆਧਾਰੁ ॥੪॥੬॥

ਪਦ ਅਰਥ :—ਮਨ—ਹੇ ਮਨ। ਸਾਰੁ—ਸਰੇਸ਼ਟ (ਕੰਮ)। ਥਿਰੁ—ਟਿਕਵਾਂ। ਨਿਹਫਲ—ਵਿਅਰਥ। ਬਿਸਥਾਰੁ—ਖਿਲਾਰਾ ।੧।ਰਹਾਉ।

ਕਿਆ ਲੀਜੈ—ਕੁਝ ਭੀ ਆਪਣਾ ਨਹੀਂ ਬਣਾਇਆ ਜਾ ਸਕਦਾ। ਤਜੀਐ—ਛਡਿਆ ਜਾ ਸਕਦਾ। ਬਉਰੇ—ਹੇ ਕਮਲੇ। ਛਾਰੁ—ਸੁਆਹ, ਨਾਸਵੰਤ। ਬਿਖਿਆ—ਮਾਇਆ। ਸਾ—ਉਹ ਮਾਇਆ। ਸਿਰਿ—ਸਿਰ ਉਤੇ ।੧।

ਅਉਧ—ਉਮਰ। ਘਾਟੈ—ਘਟਦੀ ਜਾ ਰਹੀ ਹੈ। ਗਵਾਰੁ—ਮੂਰਖ। ਜਿ—ਜਿਹੜਾ। ਸਾਕਤ—ਪ੍ਰਮਾਤਮਾਂ ਨਾਲੋਂ ਟੁੱਟਾ ਹੋਇਆ ਮਨੁੱਖ। ਆਚਾਰੁ—ਕਰਤੱਬ ।੨।

ਕੈ ਸੰਗਿ—ਦੇ ਨਾਲ। ਤਉ—ਤਦੋਂ। ਮੋਖ ਦੁਆਰੁ—(ਮਾਇਆ ਦੇ ਮੋਹ ਤੋਂ) ਖਲਾਸੀ ਦਾ ਦਰਵਾਜ਼ਾ। ਕਿਨੈ—ਕਿਸੇ ਨੇ ਭੀ। ਜਾਇ—ਜਾ ਕੇ ।੩।

ਰਾਣਾ—ਰਾਜਾ। ਰਾਉ—ਅਮੀਰ। ਸਭੈ ਕੋਊ—ਹਰ ਕੋਈ। ਪਸਾਰੁ—ਪਸਾਰਾ। ਨਿਹਚਲੁ—ਅਡੋਲ—ਚਿੱਤ। ਆਧਾਰੁ—ਆਸਰਾ ।੪।

ਅਰਥ :—

ਪ੍ਰ:—ਗੁਰਦੇਵ ਜੀਓ ! ਇਹ ਸਾਡਾ ਮਨ ਸਦਾ ਸੰਸਾਰ ਦੇ ਕੰਮਾਂ ਵਿਚ ਹੀ ਭੌਂਦਾ ਰਹਿੰਦਾ ਹੈ, ਦਸੋ ਇਸਨੂੰ ਉਹ ਕਿਹੜਾ ਸ੍ਰੇਸ਼ਟ ਕੰਮ ਹੈ ਜਿਸ ਵਲ ਪ੍ਰੇਰਦੇ ਰਹੀਏ ?

ਉ.—1. ਹੇ ਭਾਈ ! (ਇਸ ਮਨ ਨੂੰ ਤੂੰ ਇਉਂ ਹੀ ਪ੍ਰੇਰਦਾ ਰਹੁ ਕਿ) (ਮੇਰੇ) ਮਨ (ਤੂੰ) ਪ੍ਰਭੂ ਜੀ ਦਾ ਨਾਮ ਜਪਿਆ ਕਰ, ਪ੍ਰਮਾਤਮਾਂ ਦਾ (ਹੀ) ਨਾਮ ਪੜ੍ਹਿਆ ਕਰ, ਕਿਉਂਕਿ ਇਹੀ ਸ੍ਰੇਸ਼ਟ (ਕੰਮ ਹੈ)।

2. ਹੇ (ਮੇਰੇ) ਮਨ ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕੋਈ (ਇਥੇ) ਸਦਾ ਕਾਇਮ ਰਹਿਣ ਵਾਲਾ ਨਹੀਂ ਹੈ, ਹੋਰ ਸਾਰਾ ਖਿਲਾਰਾ ਐਸਾ ਹੈ ਜਿਸ ਤੋਂ (ਆਤਮਕ ਜੀਵਨ) ਵਾਸਤੇ ਕੋਈ ਫਲ ਨਹੀਂ ਮਿਲਦਾ ।੧।ਰਹਾਉ।

3. ਹੇ ਕਮਲੇ ਮਨ, ਜੋ ਕੁਝ (ਜਗਤ ਵਿਚ) ਦਿਸ ਰਿਹਾ ਹੈ ਉਹ (ਸਭ) ਨਾਸਵੰਤ ਹੈ, ਇਸ ਵਿਚ ਨਾ ਕੁੱਝ ਅਪਣਾ ਬਣਾਇਆ ਜਾ ਸਕਦਾ ਹੈ, ਨਾ ਛਡਿਆ ਜਾ ਸਕਦਾ ਹੈ।

4. ਹੇ ਕਮਲੇ, ਜਿਸ ਮਾਇਆ ਨੂੰ ਤੂੰ ਆਪਣੀ ਸਮਝੀ ਬੈਠਾ ਹੈਂ, ਉਹ ਤਾਂ ਛੱਡ ਜਾਏਂਗਾ (ਉਸਦੇ ਖਾਤਰ ਕੀਤੇ ਪਾਪਾਂ ਦਾ) ਭਾਰ ਹੀ ਆਪਣੇ ਸਿਰ ਉਤੇ (ਲੈ ਜਾਏਂਗਾ)।

ਪ੍ਰ:—ਸ੍ਰੀ ਜੀਉ, ਆਪ ਜੀ ਸਾਕਤ ਕਿਸਨੂੰ ਸਮਝਦੇ ਹੋ ?

ਉ.—5. ਹੇ ਭਾਈ, ਰਤਾ ਰਤਾ ਕਰਕੇ ਪਲ ਪਲ ਕਰਕੇ ਉਮਰ ਘਟਦੀ ਜਾਂਦੀ ਹੈ, ਪਰ, ਮੂਰਖ ਮਨੁੱਖ (ਇਹ ਗਲ) ਸਮਝ ਨਹੀਂ ਸਕਦਾ।

6. ਇਹ (ਮੂਰਖ) ਉਹੀ ਕੁੱਝ ਕਰਦਾ ਹੈ ਰਹਿੰਦਾ ਜੋ (ਅੰਤ ਵੇਲੇ) ਇਸਦੇ ਨਾਲ ਨਹੀਂ ਜਾਂਦਾ (ਬੱਸ) ਪ੍ਰਮਾਤਮਾਂ ਨਾਲੋਂ ਟੁੱਟੇ ਹੋਏ ਮਨੁੱਖ ਦਾ ਸਦਾ ਇਹੀ ਕਰਤੱਬ ਰਹਿੰਦਾ ਹੈ ।੨।

ਪ੍ਰ:—ਸ੍ਰੀ ਜੀਉ, ਦਸੋ ਮਾਇਆ ਦੇ ਮੋਹ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ ?

ਉ:—7. ਹੇ ਕਮਲੇ, ਸੰਤ ਜਨਾ ਨਾਲ ਮਿਲਕੇ ਬੈਠਿਆ ਕਰ, ਤਦੋਂ ਹੀ ਤੂੰ (ਮਾਇਆ ਦੇ ਮੋਹ ਤੋਂ) ਖਲਾਸੀ ਦਾ ਦਰਵਾਜ਼ਾ ਗਿਆਨ ਲੱਭ ਸਕੇਂਗਾ।

8. ਹੇ ਕਮਲਿਆ ! ਤੂੰ ਬੇਸ਼ੱਕ ਵੇਦ (ਆਦਿਕ ਹੋਰ ਧਰਮ ਪੁਸਤਕਾਂ) ਦਾ ਭੀ ਵਿਚਾਰ ਜਾ ਕੇ ਪੁਛ ਵੇਖ, (ਸਭ ਇਹੀ ਦਸਣਗੇ ਕਿ) ਸਾਧ ਸੰਗਤ ਤੋਂ ਬਿਨਾਂ ਕਿਸੇ ਨੇ ਭੀ ਆਤਮਕ ਅਨੰਦ ਨਹੀਂ ਲੱਭਾ ।੩।

9. ਹੇ ਕਮਲਿਆ ਵੇਖ, ਕੋਈ ਰਾਜਾ ਹੋਵੇ, ਪਾਤਸ਼ਾਹ ਹੋਵੇ, ਹਰ ਕੋਈ (ਇਥੋਂ ਆਖਰ) ਤੁਰ ਪੈਂਦਾ ਹੈ, ਇਸ ਨਾਸਵੰਤ ਜਗਤ ਖਿਲਾਰੇ ਨੂੰ ਛੱਡ ਜਾਂਦਾ ਹੈ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ, ਪ੍ਰਮਾਤਮਾਂ ਦਾ ਨਾਮ ਜਿਨ੍ਹਾਂ ਨੇ ਆਪਣੇ ਜੀਵਨ ਦਾ ਆਸਰਾ ਬਣਾਇਆ ਹੈ, ਉਹ ਸੰਤ ਜਨ (ਇਸ ਮੋਹਨੀ ਮਾਇਆ ਦੇ ਪਸਾਰੇ ਵਿਚ) ਅਡੋਲ ਚਿਤ ਰਹਿੰਦੇ ਹਨ ।੪।੬।

ਭਾਵਾਰਥ :—ਨਾਮ ਤੋਂ ਬਿਨਾਂ ਇਸ ਸੰਸਾਰ ਵਿਚ ਕੋਈ ਭੀ ਸਾਰ ਜਾਂ ਥਿਰ ਵਸਤੂ ਨਹੀਂ, ਇਸ ਲਈ ਸਚਾ ਸੁਖ ਪ੍ਰਾਪਤ ਕਰਨ ਲਈ ਨਾਮ ਹੀ ਗ੍ਰਹਿਣ ਕਰਦੇ ਰਹਿਣਾ ਚਾਹੀਦਾ।

ਸਾਰਗ ਮਹਲਾ ੪ ਘਰੁ ੩ ਦੁਪਦਾ

ੴ ਸਤਿਗੁਰ ਪ੍ਰਸਾਦਿ ॥

1. ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
2. ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥੧॥ਰਹਾਉ॥
3. ਜਿਸੁ ਧਨ ਕਾ ਤੁਮ ਗਰਬੁ ਕਰਤ ਹਉ
ਸੋ ਧਨੁ ਕਿਸਹਿ ਨ ਆਪ ॥
4. ਖਿਨ ਮਹਿ ਛੋਡਿ ਜਾਇ ਬਿਖਿਆ ਰਸੁ
ਤਉ ਲਾਗੈ ਪਛੁਤਾਪ ॥੧॥
5. ਜੋ ਤੁਮਰੇ ਪ੍ਰਭ ਹੋਤੇ ਸੁਆਮੀ
ਹਰਿ ਤਿਨ ਕੇ ਜਾਪਹੁ ਜਾਪ ॥
6. ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥

ਪਦ ਅਰਥ :—ਪੂਤ—ਹੇ ਪੁੱਤਰ ! ਕਾਹੇ ਝਗਰਤ ਹਉ—ਕਿਉਂ ਝਗੜਾ ਕਰਦੇ ਹੋ ? ਸੰਗਿ ਬਾਪ—ਪਿਤਾ ਨਾਲ। ਜਣੇ—ਜੰਮੇ ਹੋਏ। ਬਡੀਰੇ—ਵਡੇ ਕੀਤੇ ਹੋਏ, ਪਾਲੇ ਹੋਏ। ਸਿਉ—ਨਾਲ। ਪਾਪ—ਮਾੜਾ ਕੰਮ।੧।ਰਹਾਉ।

ਗਰਬੁ—ਮਾਣ, ਅਹੰਕਾਰ। ਕਿਸਹਿ ਨ ਆਪ—ਕਿਸੇ ਦਾ ਭੀ ਆਪਣਾ ਨਹੀਂ। ਮਹਿ—ਵਿਚ। ਜਾਇ—ਜਾਂਦਾ ਹੈ। ਬਿਖਿਆ—ਮਾਇਆ। ਰਸੁ—ਸੁਆਦ। ਜਉ—ਤਦੋਂ। ਪਛੁਤਾਪ—ਪਛਤਾਵਾ, ਅਫਸੋਸ।੧।

ਜੋ ਪ੍ਰਭ—ਜਿਹੜੇ ਪ੍ਰਭੂ ਜੀ। ਸੁਆਮੀ—ਮਾਲਕ। ਜਾਪਹੁ ਜਾਪ—ਜਾਪ ਜਪਦੇ ਰਹੋ। ਜਨ—ਪ੍ਰਮਾਤਮਾਂ ਦੇ ਸੇਵਕ। ਤੁਮ ਕਉ—ਤੁਹਾਨੂੰ। ਤਾਉ—ਜੇ। ਤਉ—ਤਾਂ। ਜਾਇ—ਦੂਰ ਹੋ ਜਾਇਗਾ। ਸੰਤਾਪ—ਮਾਨਸਕ ਦੁੱਖ ਕਲੇਸ਼।੨।

ਉਥਾਨਕਾ—ਜਦੋਂ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਤਾ ਦੇ ਯੋਗ ਸਮਝ ਕੇ ਗੁਰਤਾ ਗੱਦੀ ਤੇ ਅਸਥਾਪਨ ਕਰ ਦਿਤਾ ਤਾਂ ਬਾਬਾ ਪ੍ਰਿਥੀ ਚੰਦ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਦੀ ਵਿਰੋਧਤਾ ਕੀਤੀ, ਤਦੋਂ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਇਹ ਉਪਦੇਸ਼ ਕੀਤਾ ਪਰ. ਉਂਞ ਇਹ ਉਪਦੇਸ਼ ਸਾਰੇ ਸੰਸਾਰ ਲਈ ਹੀ ਸਾਂਝਾ ਹੈ ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਂਝੀ ਸਗਲ ਜਹਾਨੈਂ ॥

ਅਰਥ :—

ਉ:—1. ਹੇ ਪੁੱਤਰ (ਸੁਣ ਦੁਨੀਆਂ ਦੇ ਧਨ ਦੀ ਖਾਤਰ) ਪਿਤਾ ਨਾਲ ਕਿਉਂ ਝਗੜਾ ਕਰਦੇ ਹੋ ?

2. ਹੇ ਪੁੱਤ੍ਰਾ, ਸੁਣ ਜਿਨ੍ਹਾਂ ਮਾਪਿਆਂ ਨੇ ਜੰਮਿਆਂ ਤੇ ਪਾਲਿਆ ਹੁਦਾ ਹੈ ਉਨ੍ਹਾਂ ਨਾਲ (ਧਨ ਦੀ ਖਾਤਰ) ਝਗੜਾ ਕਰਨਾ ਮਾੜਾ ਕੰਮ ਹੈ।੧।ਰਹਾਉ।

3. ਹੇ ਪੁੱਤਰ, ਵੇਖ ਜਿਸ ਧਨ ਦਾ ਤੁਸੀਂ ਮਾਣ ਕਰਦੇ ਹੋ, ਉਹ ਧਨ (ਕਦੇ ਭੀ) ਕਿਸੇ ਦਾ ਆਪਣਾ ਨਹੀਂ ਬਣਿਆ।

4. ਹੇ ਪੁੱਤਰਾ ! ਸੁਣ, ਹਰੇਕ ਮਨੁੱਖ ਮਾਇਆ ਦਾ ਚਸਕਾ (ਅੰਤ ਵੇਲੇ) ਇਕ ਖਿਨ ਵਿਚ ਹੀ ਛੱਡ ਜਾਂਦਾ ਹੈ (ਜਦੋਂ ਛੱਡਦਾ ਹੈ) ਤਦੋਂ ਉਸਨੂੰ (ਛੱਡਣ ਦਾ) ਹਉਕਾ ਲਗਦਾ ਹੈ।੧।

ਪ੍ਰ:—ਫਿਰ ਪਿਤਾ ਜੀ ਦਸੋ ਹੁਣ ਮੈਂ ਕਰਾਂ ਭੀ ਕੀ ?

5.**ਉ**:— ਹੇ ਪੁੱਤਰ ਸੁਣ, ਜਿਹੜੇ ਪ੍ਰਭੂ ਜੀ ਤੁਹਾਡੇ (ਸਾਡੇ ਸਭਨਾਂ ਦੇ) ਮਾਲਕ ਹਨ, ਉਨ੍ਹਾਂ ਦੇ ਨਾਮ ਦਾ ਜਾਪ ਜਪਿਆ ਕਰ।

ਪ੍ਰ:—ਕਿਉਂ ਜੀ, ਮੈਨੂੰ ਇਸਦਾ ਫਲ ਕੀ ਮਿਲੇਗਾ ?

ਉ:—6. ਉਪਦੇਸ਼, ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪੁੱਤਰ, ਪ੍ਰਭੂ ਦੇ ਦਾਸ ਜੋ ਉਪਦੇਸ਼ ਕਰਦੇ ਹਨ, ਜੇ ਤੁਸੀਂ ਉਹ ਉਪਦੇਸ਼ (ਧਿਆਨ ਨਾਲ) ਸੁਣੋ ਤਾਂ (ਤੁਹਾਡੇ ਅੰਦਰੋਂ) ਮਾਨਸਕ ਦੁੱਖ ਕਲੇਸ਼ ਦੂਰ ਹੋ ਜਾਣਗੇ।੨।੧।੭।

ਭਾਵਾਰਥ :—ਸੰਸਾਰਕ ਧਨ ਦੌਲਤ ਦਾ ਮਾਣ ਕਰਕੇ ਬਜ਼ੁਰਗਾਂ ਦੀ ਨਿਰਾਦਰੀ ਕਰਨਾ ਮਹਾਂ ਪਾਪ ਹੈ, ਮਹਾਂ ਪੁਰਖਾਂ ਦੇ ਉਪਦੇਸ਼ ਨੂੰ ਹਿਰਦੇ ਅੰਦਰ ਵਸ਼ਾ ਕੇ ਜੀਵਨ ਸਫਰ ਕਰਨਾਂ ਹੀ ਦੁਖਾਂ ਦਾ ਨਾਸਕ ਹੈ।

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ

ੴ ਸਤਿਗੁਰ ਪ੍ਰਸਾਦਿ ॥

1. ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ
ਮਨ ਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ
ਟੇਕ ਸਭ ਦਿਨਸੁ ਸਭ ਰਾਤਿ ॥੧॥ਰਹਾਉ॥
2. ਹਰਿ ਕੀ ਉਪਮਾ ਅਨਿਕ ਅਨਿਕ ਅਨਿਕ
ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ
ਤਵ ਗੁਨ ਸੁਆਮੀ ਗਨਿਨ ਨ ਜਾਤਿ ॥
3. ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ
ਤੂ ਆਪੇ ਹੀ ਜਾਨਹਿ ਆਪਨੀ ਭਾਂਤਿ ॥੧॥
4. ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ
ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥
5. ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ
ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ॥੨॥੧॥੮॥

ਪਦ ਅਰਥ :—ਮਨ—ਹੇ ਮਨ। ਜਗੰਨਾਥ—ਜਗਤ ਦਾ ਖਸਮ। ਜਗਦੀਸ—ਜਗਤ ਦਾ ਈਸ਼੍ਵਰ। ਜਗ ਜੀਵਨੋ—ਜਗਤ ਦਾ ਜੀਵਨ, ਜਗਤ ਦਾ ਸਹਾਰਾ, ਜਗਤ ਨੂੰ ਪੈਦਾ ਕਰਨ ਵਾਲਾ। ਮਨ ਮੋਹਨ—ਮਨ ਨੂੰ ਮੋਹ ਲੈਣ ਵਾਲਾ। ਸਿਉ—ਨਾਲ। ਟੇਕ—ਆਸਰਾ।੧।ਰਹਾਉ।

ਉਪਮਾ—ਵਡਿਆਈ। ਅਨਿਕ—ਅਨੇਕਾਂ। ਸੁਕ—ਸੁਕਦੇਵ ਰਿਸ਼ੀ। ਨਾਰਦ—ਬ੍ਰਹਮਾਂ ਦਾ ਪੁੱਤਰ ਨਾਰਦ ਰਿਸ਼ੀ। ਬ੍ਰਹਮਾਦਿਕ—ਬਰਮਾਂ ਅਤੇ ਦੇਵਤੇ। ਤਵ—ਤੇਰੇ। ਸੁਆਮੀ—ਹੇ ਸੁਆਮੀ। ਗਨਿਨ ਨ ਜਾਤ-ਗਿਣੇ ਨਹੀਂ ਜਾ ਸਕਦੇ। ਆਪੇ—ਆਪ ਹੀ। ਭਾਂਤਿ—ਕਿਸਮ, ਤਰੀਕਾ।੧।

ਹਰਿ ਕੈ ਨਿਕਟਿ—ਪ੍ਰਮਾਤਮਾਂ ਦੇ ਨੇੜੇ। ਬਸਤੇ—ਵੱਸਦੇ ਹਨ। ਤੇ—ਉਹ। ਭਗਾਤ—ਭਗਤ। ਸਿਉ—ਨਾਲ। ਰਲਿ ਮਿਲੇ—ਇਕ ਮਿਕ ਹੋ ਗਏ। ਸਲਲੈ—ਪਾਣੀ ਵਿਚ।੨।

ਅਰਥ:—

ਪ੍ਰ:—ਗੁਰਦੇਵ ਜੀਉ, ਮੇਰਾ ਮਨ ਸਦਾ ਹੀ ਸੰਸਾਰਕ ਮਿਤਰਾਂ ਦੋਸਤਾਂ ਨੂੰ ਜਪਦਾ ਰਹਿੰਦਾ ਹੈ ਦਸੋ ਇਸਨੂੰ ਕਿਵੇਂ ਸਮਝਾਵਾਂ ?

1.**ਉ**:—ਹੇ ਭਾਈ ! ਤੂੰ ਇਸ ਮਨ ਨੂੰ ਇਉਂ ਸਮਝਾਇਆ ਕਰ ਕਿ ਹੇ (ਮੇਰੇ) ਮਨ (ਸੁਣ ਤੂੰ) ਜਗਤ ਦੇ ਮਾਲਕ ਪ੍ਰਮਾਤਮਾਂ ਦਾ ਨਾਮ ਜਪਿਆ ਕਰ, (ਕਿਉਂਕਿ) ਉਸਦਾ ਨਾਮ ਜਪਿਆਂ ਉਸ) ਮਨ ਦੇ ਮੋਹਣ ਵਾਲੇ ਪ੍ਰਮਾਤਮਾਂ ਨਾਲ ਪਿਆਰ ਬਣ ਜਾਂਦਾ ਹੈ। ਹੇ ਭਾਈ) ! ਮੈਨੂੰ ਤਾਂ ਸਾਰਾ ਦਿਨ ਸਾਰੀ ਰਾਤ ਉਸੇ ਪ੍ਰਮਾਤਮਾਂ ਦਾ ਹੀ ਸਹਾਰਾ ਹੈ।੧।ਰਹਾਉ।

ਪ੍ਰ:–ਸ੍ਰੀ ਜੀਉ ! ਮੈਨੂੰ ਉਸ ਬਾਰੇ ਕੁੱਝ ਗਿਆਨ ਕਰਵਾਉ ?

2.ਉ: ਹੇ ਭਾਈ, ਉਸ ਪ੍ਰਮਾਤਮਾਂ ਦੀਆਂ ਅਨੇਕਾਂ (ਹੀ) ਵਡਿਆਈਆਂ ਹਨ । (ਇਸ ਲਈ ਹੇ ਭਾਈ ! ਇਉਂ ਹੀ ਕਿਹਾ ਜਾ ਸਕਦਾ ਹੈ ਕਿ) ਹੇ ਸੁਆਮੀ ਪ੍ਰਭੂ, ਸੁਕਦੇਵ, ਨਾਰਦ, ਬ੍ਰਹਮਾ ਆਦਿਕ ਦੇਵਤੇ ਤੇਰੇ ਗੁਣ ਗਾਂਦੇ ਰਹਿੰਦੇ ਹਨ, ਤੇਰੇ ਗੁਣ ਗਿਣੇ ਨਹੀਂ ਜਾ ਸਕਦੇ ।

3. ਹੇ ਹਰੀ, ਹੇ ਸੁਆਮੀਂ, ਤੂੰ ਬੇਅੰਤ ਹੈਂ, ਤੂੰ ਬੇਅੰਤ ਹੈਂ, ਆਪਣੀ ਅਵਸਥਾ ਤੂੰ ਆਪ ਹੀ ਜਾਣਦਾ ਹੈਂ ।੧।

4. ਹੇ ਭਾਈ, ਜਿਹੜੇ ਮਨੁੱਖ ਪ੍ਰਮਾਤਮਾਂ ਦੇ ਨੇੜੇ ਸਦਾ ਪ੍ਰਮਾਤਮਾਂ ਦੇ ਨੇੜੇ ਵੱਸਦੇ ਹਨ, ਉਹ ਪ੍ਰਮਾਤਮਾਂ ਦੇ ਸਾਧੂ ਜਨ ਹਨ ਪ੍ਰਮਾਤਮਾਂ ਦੇ ਭਗਤ ਹਨ ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮਾਤਮਾ ਦੇ ਉਹ ਸੇਵਕ ਪ੍ਰਮਾਤਮਾਂ ਨਾਲ ਇਕ ਮਿੱਕ ਹੋ ਜਾਂਦੇ ਹਨ, ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ ।੨।੧।੮।

ਭਾਵਾਰਥ :–ਇਸ ਸ਼ਬਦ ਵਿਚ ਸਤਿਗੁਰੂ ਜੀ ਬੜੇ ਰਸ ਨਾਲ ਆਪਣੀ ਖਾਸ ਤਰਜ ਨਾਲ ਹਰੀ ਦੇ ਨਾਮ ਵਿਚ ਮਨ ਜੋੜਨ ਲਈ ਪ੍ਰੇਰਨਾ ਕਰਦੇ ਹਨ ।

ਸਾਰੰਗ ਮਹਲਾ ੪ ॥

1. ਜਪਿ ਮਨ ਨਰਹਰੇਨਰਹਰ ਸੁਆਮੀ ਹਰਿ ਸਗਲ ਦੇਵ ਦੇਵਾਸ੍ਰੀ ਰਾਮਰਾਮ ਨਾਮਾ ਹਰਿ ਪ੍ਰੀਤਮੁਮੋਰਾ।੧।ਰਹਾਉ

2. ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ
ਪੰਚ ਸਬਦ ਵਡਭਾਗ ਮਥੋਰਾ ॥

3. ਤਿਨ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ
ਸਭਿ ਰੋਗ ਗਏ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ
ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚਚੋਰਾ ॥੧॥

4. ਹਰਿ ਰਾਮ ਬੋਲਹੁ ਹਰਿ ਸਾਧੂ ਹਰਿ ਕੇ ਜਨ
ਸਾਧੂ ਜਗਦੀਸੁ ਜਪਹੁ ਮਨਿ ਬਚਨਿ ਕਰਮਿ
ਹਰਿ ਹਰਿ ਆਰਾਧੂ ਹਰਿ ਕੇ ਜਨ ਸਾਧੂ ॥

5. ਹਰਿ ਰਾਮ ਬੋਲਿ ਹਰਿ ਰਾਮ ਬੋਲਿ
ਸਭਿ ਪਾਪ ਗਵਾਧੂ ॥

6. ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ
ਜਪਿ ਜਗਦੀਸੁੋਰਾ ॥

7. ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ
ਧਰਮੁ ਅਰਥੁ ਕਾਮ ਮੋਖੁ ਜਨ ਨਾਨਕ ਹਰਿ ਸਿਉ
ਮਿਲੇ ਹਰਿ ਭਗਤ ਤੋਰਾ ॥੨॥੨॥੯॥

ਪਦ ਅਰਥ :–ਮਨ–ਹੇ ਮਨ । ਜਪਿ–ਜਪਿਆ ਕਰ । ਨਰਹਰ–[ਨਰ ਸਿੰਘ] ਪ੍ਰਮਾਤਮਾਂ । ਸਗਲ ਦੇਵ ਦੇਵਾ–ਸਾਰ ਦੇਵਤਿਆਂ ਦਾ ਦੇਵਤਾ । ਮੋਰਾ–ਮੇਰਾ ।੧।ਰਹਾਉ।

ਜਿਤੁ–ਜਿਸ ਵਿਚ । ਜਿਤੁ ਗ੍ਰਿਹਿ–ਜਿਸ (ਹਿਰਦੇ) ਘਰ ਵਿਚ । ਤਿਤੁ–ਉਸ (ਹਿਰਦੇ) ਘਰ ਵਿਚ । ਪੰਚ ਸ਼ਬਦ–ਪੰਜ ਕਿਸਮਾਂ ਦੇ ਵਾਜੇ [ਤਾਰ, ਚੰਮ, ਧਾਤ, ਘੜੇ, ਫੂਕ ਵਾਲੇ ਵਾਜੇ] ਮਥੋਰਾ–ਮਥੇ ਉਤੇ । ਸਭਿ–ਸਾਰੇ । ਦੋਖ–ਵਿਕਾਰ । ਪੰਚ ਚੋਰਾ–ਕਾਮਾਦਿਕ, ਪੰਜੇ (ਆਤਮਕ ਜੀਵਨ ਦਾ ਸਰਮਾਇਆ) ਚੁਰਾਣ ਵਾਲੇ ।੧।

ਹਰਿ ਸਾਧੂ–ਹੇ ਪ੍ਰਮਾਤਮਾਂ ਦੇ ਸੰਤ ਜਨੋਂ । ਜਨ ਸਾਧੂ–ਹੇ ਸਾਧੂ ਜਨੋਂ । ਜਗਦੀਸ਼–ਜਗਤ ਦਾ ਮਾਲਕ । ਮਨਿ–ਮਨ ਦੀ ਰਾਹੀਂ । ਬਚਨਿ–ਬਚਨ ਦੀ ਰਾਹੀਂ । ਆਰਾਧੂ–ਅਰਾਧਨ ਕਰੋ । ਬੋਲਿ–ਬੋਲਿ ਕੇ । ਗਵਾਧੂ–ਦੂਰ ਕਰੋ । ਨਿਤ–ਸਦਾ । ਜਾਗਰਣੁ ਕਰਹੁ–ਜਾਗਦੇ ਰਹੋ (ਵਿਕਾਰਾਂ ਹਲਿਆਂ ਵਲੋਂ) ਸੁਚੇਤ ਰਹੋ । ਜਪਿ–ਜਪ ਕੇ । ਜਗਦੀਸ਼ੋਰਾ–[ਅੱਖਰ 'ਸ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ । ਅਸਲ ਲਫਜ਼ "ਜਗਦੀਸੁਰਾ" ਹੈ, ਇਥੇ "ਜਗਦੀਸੋਰੁ" ਪੜ੍ਹਨਾ ਹੈ[। ਮਨ ਇਛੇ–ਮਨ ਮੰਗੇ । ਪਾਵਹੁ–ਹਾਸਲ ਕਰੋਗੇ । ਧਰਮੁ–ਆਪਣੇ ਜੀਵਨ ਨਿਯਮਾਂ ਵਿਚ ਪੱਕੇ ਰਹਿਣਾ । ਅਰਥੁ–ਦੁਨੀਆਵੀ ਲੋੜਾਂ ਦੀ ਸਫਲਤਾ । ਕਾਮ–ਕਾਮਯਾਬੀਆਂ । ਮੋਖੁ–ਮੁਕਤੀ, ਵਿਕਾਰਾਂ ਤੋਂ ਖਲਾਸੀ । ਤੋਰਾ–ਤੇਰੇ ।੨।

ਅਰਥ :–

ਪ੍ਰ:–ਗੁਰਦੇਵ ਜੀਉ, ਮੇਰਾ ਚੰਚਲ ਮਨ ਭਿੰਨ ਭਿੰਨ ਦੇਵੀ ਦੇਵਤਿਆਂ ਦੇ ਨਾਮ ਜਪਦੇ ਰਹਿਣ ਨੂੰ ਭਟਕਦਾ ਰਹਿੰਦਾ ਹੈ, ਆਪ ਜੀ ਦਸੋ ਮੈਂ ਕਿਸਦਾ ਨਾਮ ਜਪਦਾ ਰਵਾਂ, ਜਿਸ ਦੀ ਬਰਕਤ ਨਾਲ ਮੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਹੋ ਸਕੇ ?

1. ਉ:–ਹੇ ਭਾਈ ! ਤੂੰ ਆਪਣੇ ਭਟਕ ਰਹੇ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ (ਮੇਰੇ) ਮਨ (ਤੂੰ ਸਭ ਦੇ) ਮਾਲਕ ਨਰਹਰ ਪ੍ਰਭੂ ਦਾ ਨਾਮ ਜਪਿਆ ਕਰ, ਸਰਬ ਵਿਆਪਕ ਰਾਮ ਦਾ ਨਾਮ ਜਪਿਆ ਕਰ, ਉਹ ਹਰੀ ਸਾਰੇ ਦੇਵਤਿਆਂ ਦਾ ਦੇਵਤਾ ਹੈ, ਉਹੀ ਹਰੀ ਮੇਰਾ ਪ੍ਰੀਤਮ ਹੈ ।੧।ਰਹਾਉ।

ਪ੍ਰ:–ਸ੍ਰੀ ਜੀਉ, ਬਾਰ ਬਾਰ ਮਨ ਵਲੋਂ ਇਹ ਸ਼ੰਕਾ ਭੀ ਉਠਦਾ ਰਹਿੰਦਾ ਹੈ ਕਿ ਗੁਣ ਗਾਉਂਦੇ ਰਹਿਣ ਨਾਲ ਮੈਨੂੰ ਹਾਸਲ ਕੀ ਹੋਵੇਗਾ ?

2. ਉ:–ਹੇ ਭਾਈ, ਤੂੰ ਮਨ ਨੂੰ ਇਉਂ ਤਸੱਲੀ ਦਵਾਇਆ ਕਰ ਕਿ, ਹੇ (ਮੇਰੇ) ਮਨ (ਵੇਖ) ਜਿਸ (ਹਿਰਦੇ) ਘਰ ਵਿਚ ਪ੍ਰਮਾਤਮਾਂ ਦੇ ਗੁਣ ਗਾਏ ਜਾਂਦੇ ਹਨ, ਹਰੀ ਦੇ ਗੁਣ ਗਾਏ ਜਾਂਦੇ ਹਨ, ਰਾਮ ਦੇ ਗੁਣ ਗਾਏ ਜਾਂਦੇ ਹਨ, ਉਸ (ਹਿਰਦੇ) ਘਰ ਵਿਚ (ਮਾਨੋਂ) ਪੰਜ ਹੀ ਕਿਸਮ ਦੇ ਸਾਜ ਵੱਜ ਰਹੇ ਹਨ, ਭਾਵ ਖੁਸ਼ੀ ਦੇ ਤਰ੍ਹਾਂ ਤਰ੍ਹਾਂ ਦੇ [ਵਾਜੇ ਵੱਜ ਆਉਂਦੇ ਹਨ, ਬੜਾ ਹੀ ਅਨੰਦ ਬਣ ਆਉਂਦਾ ਹੈ । ਪਰ, ਇਹ ਅਵਸਥਾ ਉਨ੍ਹਾਂ ਮਨੁੱਖਾਂ ਦੇ ਅੰਦਰ ਹੀ ਬਣਦੀ ਹੈ ਜਿਨ੍ਹਾਂ ਦੇ ਮਥੇ ਦੇ ਵੱਡੇ ਭਾਗ ਜਾਗਦੇ ਹਨ ।

3. (ਹੇ ਮਨ ਸੁਣ) ਉਨ੍ਹਾਂ ਮਨੁੱਖਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਸਾਰੇ ਵਿਕਾਰ ਦੂਰ ਹੋ ਜਾਂਦੇ ਹਨ, ਸਾਰੇ ਰੋਗ ਦੂਰ ਹੋ ਜਾਂਦੇ ਹਨ, (ਉਨ੍ਹਾਂ ਦੇ ਅੰਦਰੋਂ) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਾਸ ਹੋ ਜਾਂਦੇ ਹਨ, ਪ੍ਰਮੇਸ਼ਰ ਉਨ੍ਹਾਂ ਦੇ ਅੰਦਰੋਂ ਆਤਮਕ ਜੀਵਨ ਦਾ ਸਰਮਾਇਆ ਚੁਰਾਣ ਵਾਲੇ ਇਨ੍ਹਾਂ ਪੰਜਾਂ ਚੋਰਾਂ ਨੂੰ ਮਾਰ ਕੇ ਕੱਢ ਦੇਂਦਾ ਹੈ ।੧।
4. (ਇਸ ਲਈ) ਹੇ ਸੰਤ ਜਨੋਂ (ਤੁਸੀਂ ਭੀ) ਪ੍ਰਮਾਤਮਾਂ ਦਾ ਨਾਮ ਉਚਾਰਿਆ ਕਰੋ, ਹੇ ਹਰੀ ਦੇ ਸੰਤ ਜਨੋਂ ! ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪਿਆ ਕਰੋ, ਹੇ ਹਰੀ ਦੇ ਸਾਧ ਜਨੋਂ, ਆਪਣੇ ਮਨ ਦੀ ਰਾਹੀਂ (ਹਰੇਕ) ਬਚਨ ਦੀ ਰਾਹੀਂ, (ਹਰੇਕ) ਕਰਮ ਦੀ ਰਾਹੀਂ ਪ੍ਰਭੂ ਦਾ ਅਰਾਧਨ ਕਰਿਆ ਕਰੋ ।
5. ਹਰੀ ਦਾ ਨਾਮ ਉਚਾਰ ਕੇ, ਰਾਮ ਦਾ ਨਾਮ ਜਪ ਕੇ ਸਾਰੇ ਪਾਪ ਦੂਰ ਕਰ ਲਵੋਗੇ ।
6. ਹੇ ਸੰਤ ਜਨੋਂ, ਸਦਾ ਗ (ਵਿਕਾਰਾਂ ਦੇ ਹਲਿਆਂ ਵਲੋਂ) ਸੁਚੇਤ ਰਹੋ, ਜਗਤ ਦੇ ਮਾਲਕ ਦਾ ਨਾਮ ਜਪ ਜਪ ਕੇ ਸਦਾ ਹੀ ਆਤਮਕ ਅਨੰਦ ਬਣਿਆਂ ਰਹਿੰਦਾ ਹੈ ।
7. ਹੇ ਸੰਤ ਜਨੋਂ, (ਨਾਮ ਦੀ ਬਰਕਤ ਨਾਲ) ਸਾਰੇ ਮਨ ਮੰਗੇ ਫਲ ਹਾਸਲ ਕਰੋਗੇ ਸਾਰੀਆਂ ਮੁਰਾਦਾਂ ਪਾ ਲਵੋਗੇ, ਧਰਮ, ਅਰਥ, ਕਾਮ, ਮੋਖ, ਇਹ ਸਾਰੇ ਪਦਾਰਥ ਪ੍ਰਾਪਤ ਕਰ ਲਵੋਗੇ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ ਜਿਹੜੇ ਮਨੁੱਖ ਤੇਰੇ (ਚਰਨਾਂ) ਨਾਲ ਜੁੜੇ ਰਹਿੰਦੇ ਹਨ, ਉਹੀ ਤੇਰੇ ਭਗਤ ਹਨ ।੨।੨।੯।

ਭਾਵਾਰਥ :–ਜੋ ਮਨੁੱਖ ਜੀਵਨ ਦੇ ਸਹੀ ਨਿਯਮਾਂ ਵਿਚ ਰਹਿੰਦੇ ਹੋਏ ਆਪਣੇ ਜੀਵਨ ਨੂੰ ਗੁਜ਼ਾਰਦੇ ਹਨ । ਉਹੀ ਹਰੀ ਦੇ ਚਰਨਾਂ ਵਿਚ ਜੁੜੇ ਰਹਿਣ ਵਾਲੇ ਪ੍ਰਭੂ ਦੇ ਪਿਆਰੇ ਭਗਤ ਹਨ ।

ਸਾਰਗ ਮਹਲਾ ੪ ॥

1. **ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ॥**
2. **ਸਭ ਦੂਖਨ ਕੋਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਓੁ ॥੧॥ਰਹਾਉ॥**
3. **ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਓੁ ॥**
4. **ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥**
5. **ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥੧॥**
6. **ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ ॥**
7. **ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਓੁ ॥**
8. **ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ॥**
9. **ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਓੁ ॥੨॥੩॥੧੦॥**

ਪਦ ਅਰਥ :–ਮਨ–ਹੇ (ਮੇਰੇ) ਮਨ । ਮਾਧੋ–ਮਾਧਵ, ਲਛਮੀ ਦਾ ਪਤੀ ਪ੍ਰਮਾਤਮਾਂ । ਮਧੁ ਸੂਦਨੋ–ਮਧੂ ਸੂਦਨ, ਮਧੂ ਰਾਖਸ਼ ਨੂੰ ਮਾਰਨ ਵਾਲਾ । ਸ੍ਰੀ ਰੰਗੋ–ਸ੍ਰੀ ਰੰਗੁ, ਲਛਮੀ ਦਾ ਪਤੀ । ਸਤਿ–ਸਦਾ ਕਾਇਮ ਰਹਿਣ ਵਾਲਾ । ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ । ਕੋ–ਦਾ । ਹੰਤਾ–ਨਾਸ ਕਰਨ ਵਾਲਾ । ਦਾਤਾ–ਦੇਣ ਵਾਲਾ । ਗਾਓੁ–ਗਾਇਆ ਕਰ ਅੱਖਰ 'ਓ' ਦੇ ਨਾਲ ਦੋ ਲਗਾਂ ਹਨ–(˜) ਅਤੇ (_) । ਅਸਲ ਲਫ਼ਜ਼ ਹੈ 'ਗਾਉ' ਇਥੇ 'ਗਾਓ' ਪੜ੍ਹਨਾ ਹੈ ।੧।ਰਹਾਉ।

ਘਟਿ ਘਟੇ ਘਟਿ–ਹਰੇਕ ਸਰੀਰ ਵਿਚ । ਬਸਤਾ–ਵਸਦਾ । ਜਲਿ ਥਲੇ–ਜਲਿ ਥਲਿ, ਜਲ ਵਿਚ, ਧਰਤੀ ਵਿਚ । ਥਾਨ ਥਾਨੰਤਰਿ–ਥਾਨ ਥਾਨ ਅੰਤਰਿ, ਹਰੇਕ ਥਾਂ ਵਿਚ । ਕੋ–ਦਾ ਚਾਓੁ–[ਅਸਲ ਲਫ਼ਜ਼ ਹੈ 'ਚਾਉ', ਇਥੇ ਪੜ੍ਹਨਾ ਹੈ 'ਚਾਓ'] । ਸੰਤੋ–ਸੰਤੁ । ਮੋਹਿ–ਮੈਨੂੰ । ਮਾਰਗੁ–(ਸਹੀ ਜੀਵਨ ਦਾ) ਰਸਤਾ । ਮਲਿ–ਮਲ ਕੇ । ਹਉ–ਮੈਂ । ਧੋਵਾ–ਧੋਵਾਂ, ਮੈਂ ਧੋਵਾਂ । ਪਾਉ–[ਅਸਲ ਲਫ਼ਜ਼ ਹੈ 'ਪਾਉ'=ਪੈਰ । ਇਥੇ ਪੜ੍ਹਨਾ ਹੈ 'ਪਾਓ'] ।੧।

ਕਉ–ਨੂੰ । ਤੇ–ਤੋਂ, ਦੀ ਰਾਹੀਂ । ਗੁਰਮੁਖਿ–ਗੁਰੂ ਦੀ ਸ਼ਰਨ ਪਿਆਂ । ਮੇਰੈ ਮਨਿ–ਮੇਰੇ ਮਨ ਵਿਚ । ਰਾਓੁ–[ਅਸਲ ਲਫ਼ਜ਼ ਹੈ 'ਰਾਉ' ਇਥੇ ਪੜ੍ਹਨਾ ਹੈ 'ਰਾਓ'] ਰਾਜਾ, ਪਾਤਿਸ਼ਾਹ ਅਨਦਿਨੋ–ਅਨਦਿਨੁ–ਹਰ ਰੋਜ, ਹਰ ਵੇਲੇ ।੨।

ਅਰਥ :–

ਪ੍ਰ:–ਗੁਰਦੇਵ ਜੀਉ, ਸਾਡਾ ਭੋਲਾ ਮਨ ਉਸ ਅੰਤਰਜਾਮੀ ਨੂੰ ਛੱਡਕੇ ਥਾਂ ਥਾਂ ਭਟਕਦਾ ਰਹਿੰਦਾ ਹੈ, ਦਸੋ ਇਸਨੂੰ ਕਿਵੇਂ ਸਮਝਾਇਆ ਜਾਵੇ ?

1, **ਉ**:–ਹੇ ਭਾਈ, ਤੂੰ ਆਪਣੇ ਇਸ ਭੁੱਲੜ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਇਆ ਕਰ ਕਿ, ਹੇ ਮੇਰੇ ਮਨ (ਸੁਣ ਤੂੰ) ਹਰੇਕ ਦੇ ਦਿਲ ਦੀ ਜਾਨਣ ਵਾਲੇ ਪ੍ਰਭੂ ਦਾ ਨਾਮ (ਹੀ) ਜਪਿਆ ਕਰ, ਉਹੀ ਮਾਇਆ ਦਾ ਪਤੀ ਹੈ, ਉਹੀ ਮਧੂ ਰਾਖਸ਼ ਦਾ ਮਾਰਨ ਵਾਲਾ ਹੈ, ਉਹੀ ਹਰੀ ਲਛਮੀ ਦਾ ਖਸਮ ਹੈ, ਉਹੀ ਸਭ ਤੋਂ ਵਡਾ ਮਾਲਕ ਹੈ, ਉਹੀ ਸਦਾ ਕਾਇਮ ਰਹਿਣ ਵਾਲਾ ਹੈ ।

2. ਹੇ ਮੇਰੇ ਮਨ (ਤੂੰ) ਹਰੀ ਪ੍ਰੀਤਮ ਦੇ ਗੁਣ ਗਾਇਆ ਕਰ, (ਕਿਉਂਕਿ) ਉਹੀ ਸਾਰੇ ਦੁਖਾਂ ਦਾ ਨਾਸ ਕਰਨ ਵਾਲਾ ਹੈ, ਉਹੀ ਸਾਰੇ ਸੁਖਾਂ ਦੇ ਦੇਣ ਵਾਲਾ ਹੈ ।੧।ਰਹਾਉ।

ਪ੍ਰ:–ਸ੍ਰੀ ਜੀਉ, ਕਈ ਵਾਰ ਮਨ ਵਿਚ ਇਹ ਭੀ ਖਿਆਲ

ਉਪਜਦਾ ਹੈ ਕਿ ਉਸ ਪ੍ਰਭੂ ਦਾ ਨਿਵਾਸ ਕਿਥੇ ਹੈ, ਦਸੋ ਉਸਨੂੰ ਕਿਵੇਂ ਸਮਝਾਇਆ ਜਾਵੇ ?

3. ਉ:–ਹੇ ਪਿਆਰੇ, ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ ਮਨ ! ਉਹ ਹਰੀ (ਤਾਂ) ਹਰੇਕ ਸਰੀਰ ਵਿਚ ਵਸਦਾ ਹੈ, ਜਲ ਵਿਚ (ਅਤੇ) ਧਰਤੀ ਵਿਚ ਭੀ ਵਸਦਾ ਹੈ, ਹਰੇਕ ਥਾਂ ਵਿਚ ਵਸਦਾ ਹੈ। (ਹੇ ਪਿਆਰੇ) ਮੇਰੇ ਅੰਦਰ (ਤਾਂ ਕੇਵਲ) ਉਸੇ ਦੇ ਦਰਸ਼ਨਾਂ ਦੀ ਤਾਂਘ ਹੈ।

4. ਹੇ ਭਾਈਓ, ਮੇਰੇ ਅੰਦਰੋਂ ਤਾਂ ਸਦਾ ਇਹੋ ਹੀ ਬਿਰਹੋਂ ਵਿਚ ਭਿਜੀ ਅਵਾਜ ਨਿਕਲਦੀ ਹੈ ਕਿ, ਜੇ ਕੋਈ ਮੈਨੂੰ ਸੰਤ ਆ ਮਿਲੇ, ਹਰੀ ਦਾ ਕੋਈ ਸੰਤ ਆ ਮਿਲੇ, ਕੋਈ ਮੇਰਾ ਪਿਆਰਾ ਸੰਤ ਜਨ ਮੈਨੂੰ ਆ ਮਿਲੇ ਤੇ ਮੈਨੂੰ (ਉਹ) (ਪ੍ਰਮਾਤਮਾ ਦੇ ਮਿਲਾਪ ਦਾ) ਰਾਹ ਵਿਖਾ ਜਾਏ। ਮੈਂ ਉਸਦੇ ਪੈਰ ਮਲ ਮਲ ਕੇ ਧੋਵਾਂ ।੧।

ਪ੍ਰ:–ਸ੍ਰੀ ਜੀਉ, ਆਖਰ ਉਸਦਾ ਮਿਲਾਪ ਕਿਵੇਂ ਤੇ ਕਿਸਨੂੰ ਹੁੰਦਾ ਹੈ ?

6. ਉ:–ਹੇ ਭਾਈਓ, ਅਸਲ ਵਿਚ ਉਹ ਪ੍ਰਮਾਤਮਾਂ ਆਪਣੇ ਕਿਸੇ ਸੇਵਕ ਨੂੰ (ਹੀ) ਮਿਲਦਾ ਹੈ ਅਤੇ (ਸੇਵਕ ਦੀ) ਸ਼ਰਧਾ, ਭਾਵਨੀ ਨਾਲ ਮਿਲਦਾ ਹੈ, ਗੁਰੂ ਦੀ ਸ਼ਰਨ ਪਿਆਂ ਮਿਲਦਾ ਹੈ।

7. ਹੇ ਭਾਈ ! ਗੁਰੂ ਦੀ ਮਿਹਰ ਨਾਲ ਜਦੋਂ ਮੈਂ ਭੀ ਪ੍ਰਭੂ ਪਾਤਸ਼ਾਹ ਦਾ ਦਰਸ਼ਨ ਕੀਤਾ ਤਾਂ ਮੇਰੇ ਮਨ ਵਿਚ, ਮੇਰੇ ਤਨ ਵਿਚ ਖੁਸ਼ੀ ਹੀ ਖੁਸ਼ੀ ਪੈਦਾ ਹੋ ਗਈ।

8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ, ਦਾਸ ਨਾਨਕ ਉਤੇ (ਭੀ) ਮਿਹਰ ਹੋਈ ਹੈ, ਹਰੀ ਦੀ ਮਿਹਰ ਹੋਈ ਹੈ, ਜਗਤ ਦੇ ਮਾਲਕ ਦੀ ਮਿਹਰ ਹੋਈ ਹੈ, ਮੈਂ ਹੁਣ ਹਰ ਵੇਲੇ ਸਦਾ ਹੀ ਸਦਾ ਹੀ ਉਸ ਹਰੀ ਦਾ ਨਾਮ ਜਪ ਰਿਹਾ ਹਾਂ ।੨।੩।੧੦।

ਭਾਵਾਰਥ :–ਭਟਕ ਰਹੇ ਮਨ ਨੂੰ ਉਸ ਸੁਖਾਂ ਦੇ ਦਾਤੇ ਪ੍ਰਮੇਸ਼ਰ ਜੀ ਦੇ ਨਾਮ ਜਪਣ ਦੀ ਪ੍ਰੇਰਨਾ ਕਰਦੇ ਹਨ, ਜਿਸ ਦੀ ਬਰਕਤ ਨਾਲ ਸਾਰੇ ਦੁਖਾਂ ਕਲੇਸ਼ਾਂ ਦਾ ਨਾਸ ਹੋ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ।

ਸਾਰਗ ਮਹਲਾ ੪ ॥

1. ਜਪਿ ਮਨ ਨਿਰਭਉ ॥
2. ਸਤਿ ਸਤਿ ਸਦਾ ਸਤਿ ॥
3. ਨਿਰਵੈਰੁ ਅਕਾਲ ਮੂਰਤਿ ॥
4. ਆਜੂਨੀ ਸੰਭਉ ॥
5. ਮੇਰੇ ਮਨ ਅਨਦਿਨੁ ਧਿਆਇ
ਨਿਰੰਕਾਰੁ ਨਿਰਾਹਾਰੀ ॥੧॥ਰਹਾਉ॥
6. ਹਰਿ ਦਰਸਨ ਕਉ ਹਰਿ ਦਰਸਨ ਕਉ
ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ
ਪਰਭਵਨ ਕਰਤ ਰਹਤ ਨਿਰਾਹਾਰੀ ॥
7. ਤਿਨ ਜਨ ਕੀ ਸੇਵਾ ਥਾਇ ਪਈ
ਜਿਨ ਕਉ ਕਿਰਪਾਲ ਹੋਵਤੁ ਬਨਵਾਰੀ ॥੧॥
8. ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ
ਜੋ ਭਾਵਤ ਹਰਿ ਰਾਮ ਮੁਰਾਰੀ ॥
9. ਜਿਨ ਕਾ ਅੰਗੁ ਕਰੈ ਮੇਰਾ ਸੁਆਮੀ
ਤਿਨ ਕੀ ਨਾਨਕ ਹਰਿ ਪੈਜ ਸਵਾਰੀ ॥੨॥੪॥੧੧॥

ਪਦ ਅਰਥ :–ਨਿਰਭਉ–ਜਿਸਨੂੰ ਕਿਸੇ ਤੋਂ ਡਰ ਨਹੀਂ। ਸਤਿ–ਸਦਾ ਕਾਇਮ ਰਹਿਣ ਵਾਲਾ । ਨਿਰਵੈਰੁ–ਜਿਸਦਾ ਕਿਸੇ ਨਾਲ ਵੈਰ ਨਹੀਂ। ਅਕਾਲ ਮੂਰਤਿ–(ਅਕਾਲ–ਮੌਤ ਰਹਿਤ । ਮੂਰਤਿ–ਹਸਤੀ, ਸਰੂਪ) ਜਿਸਦਾ ਵਜੂਦ ਮੌਤ ਰਹਿਤ ਹੈ। ਅਜੂਨੀ–ਜੋ ਜੂਨਾਂ ਵਿਚ ਨਹੀਂ ਪੈਂਦਾ। ਸੰਭਉ–ਜੋ ਆਪਣੇ ਆਪ ਤੋਂ ਪ੍ਰਗਟ ਹੁੰਦਾ ਹੈ। ਅਨਦਿਨੁ–ਹਰ ਰੋਜ਼, ਹਰ ਵੇਲੇ। ਨਿਰੰਕਾਰੁ–ਜਿਸਦਾ ਕੋਈ ਖਾਸ ਆਕਾਰ (ਸ਼ਕਲ) ਦਸਿਆ ਨਹੀਂ ਜਾ ਸਕਦਾ । ਨਿਰਾਹਾਰੀ–[ਨਿਰ-ਅਹਾਰ । ਆਹਾਰ–ਖੁਰਾਕ, ਭੋਜਨ] ਜਿਸਨੂੰ ਕਿਸੇ ਖੁਰਾਕ ਦੀ ਲੋੜ ਨਹੀਂ ਪੈਂਦੀ ।੧।ਰਹਾਉ।

ਕਉ–ਦੀ ਖਾਤਰ। ਕੋਟਿ ਤੇਤੀਸ–ਤੇਤੀ ਕ੍ਰੋੜ ਦੇਵਤੇ। ਸਿਧ–ਸਿੱਧ, ਜੋਗ ਸਾਧਨਾ ਵਿਚ ਪੁਗੇ ਹੋਏ ਜੋਗੀ। ਜਤੀ–ਇੰਦ੍ਰਿਆਂ ਨੂੰ ਵਸ ਵਿਚ ਰੱਖਣ ਵਾਲੇ । ਤਟ–ਦਰਿਆਵਾਂ ਦੇ ਕੰਢੇ। ਪਰਭਵਨ-ਰਟਨ। ਰਹਤ–ਰਹਿੰਦੇ ਹਨ। ਥਾਇ ਪਈ–ਕਬੂਲ ਹੋਈ। ਜਿਨ ਕਉ–ਜਿਨ੍ਹਾਂ ਉਤੇ। ਬਨਵਾਰੀ–[ਜੰਗਲ ਦੇ ਫੂਲਾਂ ਦੀ ਮਾਲਾ ਵਾਲਾ] ਪ੍ਰਮਾਤਮਾਂ ।੧।

ਹੋ–ਹੇ ਭਾਈ। ਤੇ–ਉਹ । ਜੋ–ਜਿਹੜੇ। ਭਾਵਤ–ਚੰਗੇ ਲਗਦੇ ਹਨ । ਮੁਰਾਰੀ–[ਮੁਰ–ਅਰਿ–ਮੁਰ ਦੈਂਤ ਦਾ ਵੈਰੀ] ਪ੍ਰਮਾਤਮਾਂ। ਅੰਗੁ-ਪੱਖ, ਮਦਦ। ਪੈਜ–ਲਾਜ, ਇੱਜ਼ਤ ।੨।

ਅਰਥ:–

ਪ੍ਰ:–ਸ੍ਰੀ ਜੀਉ, ਮਨ ਵਲੋਂ ਹਰ ਵਕਤ ਇਹੋ ਹੀ ਖਿਆਲ ਉਪਜਦਾ ਹੈ ਕਿ, ਨਾਮ ਕਿਸ ਦਾ ਜਪਿਆ ਜਾਏ, ਦਸੋ ਇਸਨੂੰ ਕਿਵੇਂ ਤਸੱਲੀ ਕਰਾਈ ਜਾਵੇ ?

1-2. ਉ:–ਹੇ ਭਾਈ, ਇਸਨੂੰ ਇਉਂ ਹੀ ਸਮਝਾਉਂਦਾ ਰਿਹਾ ਕਰ ਕਿ, ਹੇ ਮਨ, (ਤੂੰ) ਉਸੇ ਪ੍ਰਮਾਤਮਾਂ ਦਾ ਨਾਮ ਜਪਿਆ ਕਰ, ਜਿਸਨੂੰ ਕਿਸੇ ਤੋਂ ਕੋਈ ਡਰ ਨਹੀਂ, ਜੋ ਸਦਾ ਸਦਾ ਹੀ ਕਾਇਮ ਰਹਿਣ ਵਾਲਾ ਹੈ।

3. (ਅਤੇ) ਜਿਸਦਾ ਕਿਸੇ ਨਾਲ ਕੋਈ ਵੈਰ ਨਹੀਂ ਜਿਸਦੀ ਹਸਤੀ ਮੌਤ ਤੋਂ ਪਰੇ ਹੈ ।

4. ਜੋ ਜੂਨਾਂ ਵਿਚ ਨਹੀਂ ਆਉਂਦਾ, ਜੋ ਆਪਣੇ ਆਪ ਤੋਂ ਪ੍ਰਗਟ ਹੁੰਦਾ ਹੈ।

5. ਹੇ (ਮੇਰੇ) ਮਨ, ਹਰ ਵੇਲੇ ਉਸ ਪ੍ਰਮਾਤਮਾਂ ਦਾ ਧਿਆਨ ਧਰਿਆ ਕਰ, ਜਿਸ ਦੀ ਕੋਈ ਸ਼ਕਲ ਨਹੀਂ ਦਸੀਂ ਜਾ

ਸਕਦੀ, ਜਿਸਨੂੰ ਕਿਸੇ ਭੀ ਖ਼ੁਰਾਕ ਦੀ ਲੋੜ ਨਹੀਂ।੧।ਰਹਾਉ।

6. ਹੇ ਮੇਰੇ ਮਨ ਵੇਖ, ਉਸ ਪ੍ਰਮਾਤਮਾਂ ਦੇ ਦਰਸ਼ਨ ਦੀ ਖਾਤਰ ਤੇਤੀ ਕ੍ਰੋੜ ਦੇਵਤੇ, ਸਿੱਧ-ਜਤੀ ਅਤੇ ਜੋਗੀ ਭੁੱਖੇ ਰਹਿ ਰਹਿ ਕੇ, ਅਨੇਕਾਂ ਤੀਰਥਾਂ ਤੇ ਰਟਨ ਕਰਦੇ ਫਿਰਦੇ ਹਨ।

ਪ੍ਰ:–ਕਿਉਂ ਜੀ, ਕੀ ਇਹ ਸਾਰੇ ਹੀ ਕਠਨ ਸਾਧਨ ਕਰਨ ਵਾਲੇ ਰੱਬੀ ਦਰ ਵਿਚ ਕਬੂਲ ਹੋ ਜਾਂਦੇ ਹਨ?

7.ਉ:–ਹੇ ਭਾਈ, ਜਤਨ ਤਾਂ ਭਾਵੇਂ ਬਹੁਤ ਲੋਕ ਕਰਦੇ ਹਨ ਪਰ, ਉਨ੍ਹਾਂ (ਭਾਗਾਂ ਵਾਲਿਆਂ ਦੀ ਹੀ ਸੇਵਾ ਕਬੂਲ ਹੁੰਦੀ ਹੈ,) ਜਿਨ੍ਹਾਂ ਉਤੇ ਪ੍ਰਮਾਤਮਾਂ ਆਪ ਹੀ ਦਇਆਵਾਨ ਹੁੰਦਾ ਹੈ।੧।

8. (ਇਸ ਲਈ) ਹੇ ਭਾਈ! ਉਹੀ ਹਰੀ ਦੇ ਸੰਤ ਚੰਗੇ ਹਨ, ਉਹੀ ਹਰੀ ਦੇ ਭਗਤ ਸ੍ਰੇਸ਼ਟ ਹਨ, ਜਿਹੜੇ ਦੁਸਟ ਦਮਨ ਪ੍ਰਮਾਤਮਾਂ ਨੂੰ ਪਿਆਰੇ ਲੱਗਦੇ ਹਨ।

9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ, ਉਹ ਮਾਲਕ ਪ੍ਰਭੂ ਜਿਨ੍ਹਾਂ ਮਨੁੱਖਾਂ ਦਾ ਪੱਖ ਕਰਦਾ ਹੈ (ਲੋਕ ਪ੍ਰਲੋਕ ਵਿਚ) ਉਨ੍ਹਾਂ ਦੀ ਇੱਜ਼ਤ ਰੱਖ ਲੈਂਦਾ ਹੈ।੨।੪।੧੧।

ਸਾਰਗ ਮਹਲਾ ੪ ਪੜਤਾਲ ॥

1: ਜਪਿ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ
ਸਭ ਸ੍ਰਿਸਟਿ ਕਾ ਪ੍ਰਭੋ ਮੇਰੇ ਮਨ
ਹਰਿ ਬੋਲਿ ਹਰਿ ਪੁਰਖੁ ਅਬਿਨਾਸੀ ॥੧॥ਰਹਾਉ॥
2. ਹਰਿ ਕਾ ਨਾਮੁ ਅੰਮ੍ਰਿਤੁ ਹਰਿ ਹਰਿ ਹਰੇ
ਸੋ ਪੀਐ ਜਿਸੁ ਰਾਮੁ ਪਿਆਸੀ ॥
3: ਹਰਿ ਆਪਿ ਦਇਆਲੁ ਦਇਆ ਕਰਿ ਮੇਲੈ
ਜਿਸੁ ਸਤਿਗੁਰੂ ਸੋ ਜਨੁ ਹਰਿ ਹਰਿ ਅੰਮ੍ਰਿਤ
ਨਾਮੁ ਚਖਾਸੀ ॥੧॥
4. ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ
ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥
5. ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ
ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ ॥੨॥੫॥੧੨॥

ਪਦ ਅਰਥ:–ਪੜਤਾਲ–[ਪਰਤਾਓ ਤਾਲ] ਇਥੇ ਗਾਉਣ ਵਿਚ ਮੁੜ ਮੁੜ ਤਾਲ ਪਰਤਾਇਆ ਜਾਂਦਾ ਹੈ। ਮਨ–ਹੇ ਮਨ। ਗੁਣੀ ਨਿਧਾਨੁ–ਗੁਣਾਂ ਦਾ ਖ਼ਜ਼ਾਨਾ। ਪ੍ਰਭੋ–ਪ੍ਰਭੂ, ਮਾਲਕ। ਪੁਰਖੁ–ਸਰਬ ਵਿਆਪਕ। ਅਬਿਨਾਸੀ–ਨਾਸ ਰਹਿਤ।੧।ਰਹਾਉ।

ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ। ਸੋ–ਉਹ ਮਨੁੱਖ। ਪੀਐ–ਪੀਂਦਾ ਹੈ। ਪਿਆਸੀ–ਪਿਲਾਏਗਾ। ਕਰਿ–ਕਰ ਕੇ। ਚਖਾਸੀ–ਚੱਖੇਗਾ।੧।

ਸੇਵਹਿ–ਸਿਮਰਦੇ ਹਨ। ਸਭੁ–ਸਾਰਾ। ਜਾਸੀ–ਦੂਰ ਹੋ ਜਾਏਗਾ। ਜੀਵੈ–ਆਤਮਕ ਜੀਵਨ ਹਾਸਲ ਕਰਦਾ ਹੈ। ਚਾਤ੍ਰਿਕੁ–ਪਪੀਹਾ। ਜਲਿ–ਜਲ ਦੀ ਰਾਹੀਂ। ਜਲਿ ਪੀਐ–ਜਲ ਪੀਣ ਨਾਲ। ਤ੍ਰਿਪਤਾਸੀ–ਰੱਜ ਜਾਂਦਾ ਹੈ।੨।

ਅਰਥ:–

1. ਹੇ (ਮੇਰੇ) ਮਨ! ਗੋਬਿੰਦ (ਦਾ ਨਾਮ) ਜਪ, (ਹਰੀ ਦਾ) ਨਾਮ ਜਪ। (ਉਹ) ਹਰੀ ਗੁਣਾਂ ਦਾ ਖ਼ਜ਼ਾਨਾ ਹੈ, ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਹੇ ਮੇਰੇ ਮਨ! ਪ੍ਰਮਾਤਮਾਂ ਦਾ ਨਾਮ ਉਚਾਰਿਆ ਕਰ, ਉਹ ਪ੍ਰਮਾਤਮਾਂ ਸਰਬ ਵਿਆਪਕ ਹੈ, ਨਾਸ ਰਹਿਤ ਹੈ।੧।ਰਹਾਉ।
2. ਹੇ ਮੇਰੇ ਮਨ, ਪ੍ਰਮਾਤਮਾਂ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਹੈ, (ਇਹ ਜਲ) ਉਹ ਮਨੁੱਖ ਪੀਂਦਾ ਹੈ, ਜਿਸਨੂੰ ਪ੍ਰਮਾਤਮਾਂ (ਆਪ) ਪਿਲਾਂਦਾ ਹੈ।
3. ਹੇ ਭਾਈ, ਉਹ ਦਇਆ ਦਾ ਘਰ ਪ੍ਰਭੂ ਮਿਹਰ ਕਰਕੇ ਜਿਸ ਮਨੁੱਖ ਨੂੰ ਗੁਰੂ ਮਿਲਾਂਦਾ ਹੈ, ਉਹ ਮਨੁੱਖ ਆਤਮਕ ਜੀਵਨ ਦੇਣ ਵਾਲਾ ਹਰੀ ਦਾ ਨਾਮ ਜਲ ਚੱਖਦਾ ਹੈ।੧।
4. ਹੇ ਮੇਰੇ ਮਨ, ਜਿਹੜੇ ਮਨੁੱਖ ਸਦਾ ਹ। ਪ੍ਰਮਾਤਮਾਂ ਦਾ ਨਾਮ ਸਿਮਰਦੇ ਰਹਿੰਦੇ ਹਨ, ਉਨ੍ਹਾਂ ਦਾ ਹਰੇਕ ਦੁਖ, ਉਨ੍ਹਾਂ ਦਾ ਹਰੇਕ ਭਰਮ ਉਨ੍ਹਾਂ ਦਾ ਹਰੇਕ ਡਰ ਦੂਰ ਹੋ ਜਾਂਦਾ ਹੈ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ, ਪ੍ਰਭੂ ਦਾ ਦਾਸ (ਭੀ ਜਦੋਂ) ਪ੍ਰਭੂ ਦਾ ਨਾਮ ਜਪਦਾ ਹੈ, ਤਦੋਂ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ, ਜਿਵੇਂ ਪਪੀਹਾ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦਾ) ਪਾਣੀ ਪੀਣ ਨਾਲ ਰੱਜ ਜਾਂਦਾ ਹੈ।੨।੫।੧੨।

ਸਾਰਗ ਮਹਲਾ ੪ ॥

1. ਜਪਿ ਮਨ ਸਿਰੀ ਰਾਮੁ ॥
2. ਰਾਮ ਰਮਤ ਰਾਮੁ ॥
3. ਸਤਿ ਸਤਿ ਰਾਮੁ ॥
4 ਬੋਲਹੁ ਭਈਆ ਸਦ ਰਾਮ ਰਾਮੁ ਰਾਮੁ
ਰਵਿ ਰਹਿਆ ਸਰਬਗੇ ॥੧॥ਰਹਾਉ॥
5. ਰਾਮੁ ਆਪੇ ਆਪਿ ਆਪੇ ਸਭੁ ਕਰਤਾ
ਰਾਮੁ ਆਪੇ ਆਪਿ ਆਪਿ ਸਭਤੁ ਜਗੇ ॥
6. ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮਰਾਇ
ਸੋ ਜਨੁ ਰਾਮ ਨਾਮ ਲਿਵ ਲਾਗੇ ॥੧॥
7. ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ
ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ॥
8. ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮਰਾਇ
ਦੁਸਮਨ ਦੂਖ ਗਏ ਸਭਿ ਭਗੇ ॥੨॥੬॥੧੩॥

ਪਦ ਅਰਥ:-ਮਨ–ਹੇ ਮਨ। ਰਮਤ–ਵਿਆਪਕ, ਹਰ ਥਾਂ ਮੌਜੂਦ। ਸਤਿ-ਸਦਾ ਕਾਇਮ ਰਹਿਣ ਵਾਲਾ। ਭਈਆ–ਹੇ ਭਾਈ। ਸਦ–ਸਦਾ। ਰਵਿ ਰਹਿਆ–ਵਿਆਪਕ ਹੈ। ਸਰਬਗੇ–ਸਭ ਕੁੱਝ ਜਾਨਣ ਵਾਲਾ।੧।ਰਹਾਉ।

ਆਪੇ–ਆਪ ਹੀ। ਕਰਤਾ–ਕਰਨ ਵਾਲਾ। ਸਭਤੁ–ਸਭ ਥਾਈਂ। ਜਗੇ–ਜਗਤ ਵਿਚ। ਰਾਮ ਰਾਇ–ਰਾਮ ਰਾਜਾ, ਪ੍ਰਭੂ ਪਾਤਸ਼ਾਹ। ਲਿਵ–ਲਗਨ।੧।

ਉਪਮਾ–ਵਡਿਆਈ। ਪਤਿ–ਇੱਜ਼ਤ। ਕਲਜੁਗ ਅਗੇ–ਕਲਜੁਗ ਦੀ ਅਗ ਵਿਚ, ਵਿਕਾਰਾਂ ਭਰਿਆ ਜਗਤ। ਅੰਗੁ–ਪਖ। ਮੇਰੈ ਰਾਮ ਰਾਇ–ਮੇਰੇ ਪ੍ਰਭੂ ਪਾਤਸ਼ਾਹ ਨੇ। ਸਭਿ–ਸਾਰੇ। ਗਏ ਭਗੇ–ਭਜ ਗਏ, ਭੱਜ ਜਾਂਦੇ ਹਨ।੨।

ਅਰਥ :–

1. ਹੇ (ਮੇਰੇ) ਮਨ! ਸ੍ਰੀ ਰਾਮ (ਦਾ ਨਾਮ) ਜਪਿਆ ਕਰ।
2. ਉਸਦਾ ਨਾਮ ਜਿਹੜਾ ਸਭ ਥਾਈਂ ਵਿਆਪਕ ਹੈ।
3. ਜਿਹੜਾ ਸਦਾ ਹੀ ਸਦਾ ਹੀ ਕਾਇਮ ਰਹਿਣ ਵਾਲਾ ਹੈ।
4. ਹੇ ਭਾਈ, ਸਦਾ ਰਾਮ ਦਾ ਨਾਮ ਬੋਲਿਆ ਕਰੋ, ਉਹ ਸਭ ਥਾਵਾਂ ਵਿਚ ਮੌਜੂਦ ਹੈ, ਉਹ ਸਭ ਕੁਝ ਜਾਨਣ ਵਾਲਾ ਹੈ।੧।ਰਹਾਉ।
5. ਹੇ ਭਾਈ, ਉਹ ਰਾਮ (ਸਭ ਥਾਈ) ਆਪ ਹੀ ਆਪ ਹੈ, ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈ, ਜਗਤ ਵਿਚ ਸਭਨੀ ਥਾਈਂ ਆਪ ਹੀ ਆਪ ਮੌਜੂਦ ਹੈ।
6. ਹੇ ਭਾਈ, ਜਿਸ ਮਨੁੱਖ ਉਤੇ ਉਹ ਮੇਰਾ ਪਿਆਰਾ ਰਾਮ ਮਿਹਰ ਕਰਦਾ ਹੈ, ਉਹ ਮਨੁੱਖ ਰਾਮ ਦੇ ਨਾਮ ਦੀ ਲਗਨ ਵਿਚ ਜੁੜਦਾ ਹੈ।੧।
7. ਹੇ ਸੰਤ ਜਨੋਂ, ਉਸ ਪ੍ਰਮਾਤਮਾਂ ਦੇ ਨਾਮ ਦੀ ਵਡਿਆਈ ਵੇਖੋ, ਜਿਹੜਾ ਇਸ ਵਿਕਾਰਾਂ ਭਰੇ ਜਗਤ ਦੀ ਵਿਕਾਰਾਂ ਦੀ ਅੱਗ ਵਿਚ ਆਪਣੇ ਭਗਤਾਂ ਦੀ ਆਪ ਇੱਜਤ ਰਖਦਾ ਹੈ।
8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ, ਮੇਰੇ ਪ੍ਰਭੂ ਪਾਤਸ਼ਾਹ ਨੇ (ਆਪਣੇ ਜਿਸ) ਸੇਵਕ ਦਾ ਪੱਖ ਕੀਤਾ ਹੈ, ਉਸਦੇ ਸਾਰੇ ਵੈਰੀ, ਉਸਦੇ ਸਾਰੇ ਦੁੱਖ ਦੂਰ ਹੋ ਗਏ।੨।੬।੧੩।

ਸਾਰੰਗ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. ਸਤਿਗੁਰ ਮੂਰਤਿ ਕਉ ਬਲਿ ਜਾਉ ॥
2. ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ
ਸਫਲ ਦਰਸਨੁ ਕਦਿ ਪਾਂਉ ॥੧॥ਰਹਾਉ॥
3. ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ
ਭਗਤਿ ਵਛਲੁ ਹਰਿ ਨਾਉ ॥
4. ਜਾ ਕਉ ਕੋਇ ਨ ਰਾਖੈ ਪ੍ਰਾਣੀ
ਤਿਸੁ ਤੂ ਦੇਹਿ ਅਸਰਾਉ ॥੧॥
5. ਨਿਧਰਿਆ ਧਰ ਨਿਗਤਿਆਗਤਿ
ਨਿਥਾਵਿਆ ਤੂ ਥਾਉ ॥
6. ਦਹਦਿਸ ਜਾਂਉ ਤਹਾਂ ਤੂ ਸੰਗੇ
ਤੇਰੀ ਕੀਰਤਿ ਕਰਮ ਕਮਾਉ ॥੨॥
7. ਏਕਸੁ ਤੇ ਲਾਖ ਲਾਖ ਤੇ ਏਕਾ
ਤੇਰੀ ਗਤਿ ਮਿਤਿ ਕਹਿਨ ਸਕਾਉ ॥
8. ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ
ਸਭੁ ਤੇਰੋ ਖੇਲੁ ਦਿਖਾਉ ॥੩॥
9. ਸਾਧਨ ਕਾ ਸੰਗੁ ਸਾਧ ਸਿਉ ਗੋਸਟਿ
ਹਰਿ ਸਾਧਨ ਸਿਉ ਲਿਵ ਲਾਉ ॥
10. ਜਨ ਨਾਨਕ ਪਾਇਆ ਹੈ ਗੁਰਮਤਿ
ਹਰਿ ਦੇਹੁ ਦਰਸੁ ਮਨਿ ਚਾਉ ॥੪॥੧॥

ਪਦ ਅਰਥ:–ਸਤਿਗੁਰ ਮੂਰਤਿ–ਸਤਿਗੁਰੂ ਦੀ ਹਸਤੀ, ਸਤਿਗੁਰੂ। ਕਉ–ਤੋਂ। ਬਲਿ ਜਾਉ–ਬਲਿ ਜਾਉਂ, ਮੈਂ ਸਦਕੇ ਜਾਂਦਾ ਹਾਂ। ਅੰਤਰਿ–(ਮੇਰੇ) ਅੰਦਰ। ਪਿਆਸ–ਤਾਂਘ। ਚਾਤ੍ਰਿਕ–ਪਪੀਹਾ। ਸਫਲ ਦਰਸਨੁ–ਸਾਰੇ ਮਨੋਰਥ ਪੂਰੇ ਕਰਨ ਵਾਲੇ (ਗੁਰੂ) ਦਾ ਦਰਸ਼ਨ। ਕਦਿ–ਕਦੋਂ।੧।ਰਹਾਉ।

ਕੋ–ਦਾ। ਨਾਥੁ–ਖਸਮ। ਪ੍ਰਤਿਪਾਲਕੁ–ਪਾਲਣ ਵਾਲਾ। ਭਗਤਿ ਵਛਲੁ–ਭਗਤੀ ਨੂੰ ਪਿਆਰ ਕਰਨ ਵਾਲਾ। ਜਾ ਕਉ–ਜਿਸ ਨੂੰ। ਤਿਸੁ–ਉਸ (ਮਨੁੱਖ) ਨੂੰ। ਤੂ ਦੇਹਿ–ਤੂੰ ਦੇਂਦਾ ਹੈਂ। ਅਸਰਾਉ–ਆਸਰਾ।੧।

ਧਰ–ਆਸਰਾ। ਗਤਿ–ਚੰਗੀ ਸੁਚੱਜੀ ਹਾਲਤ। ਦਹ-ਦਿਸ–ਦਸੀਂ ਪਾਸੀਂ। ਜਾਉ–ਮੈਂ ਜਾਂਦਾ ਹਾਂ। ਸੰਗੇ–ਨਾਲ ਹੀ। ਕੀਰਤਿ–ਸਿਫਤਿ ਸਾਲਾਹ। ਕਮਾਉ–ਕਮਾਉਂ, ਮੈਂ ਕਮਾਂਦਾ ਹਾਂ ਮੈਂ ਕਰਦਾ ਹਾਂ।੨।

ਏਕਸੁ ਤੇ–(ਤੈਂ) ਇਕ ਤੋਂ ਹੀ। ਲਾਖ–ਲੱਖਾਂ ਜਗਤ। ਤੇ–ਤੋਂ। ਗਤਿ–ਹਾਲਤ। ਮਿਤਿ-ਵਡੱਪਣਾ, ਮਾਪ। ਮਿਤਿ–ਅੰਦਾਜ਼ਾ। ਪਾਈਐ–ਪਾਇਆ ਜਾ ਸਕਦਾ। ਖੇਲੁ–ਤਮਾਸ਼ਾ। ਦਿਖਾਉ–ਦਿਖਾਉਂ, ਮੈਂ ਵੇਖਦਾ ਹਾਂ।੩।

ਸਾਧਨ ਕਾ ਸੰਗੁ–ਸੰਤ ਜਨਾਂ ਦਾ ਸਾਥ। ਸਿਉ–ਨਾਲ। ਗੋਸਟਿ–ਵਿਚਾਰ ਵਟਾਂਦਰਾ। ਲਿਵ–ਲਗਨ, ਪ੍ਰੀਤ। ਲਾਉ–ਲਾਉਂ ਮੈਂ ਲਾਂਦਾ ਹਾਂ। ਗੁਰਮਤਿ–ਗੁਰੂ ਦੀ ਮਤਿ ਉਤੇ ਤੁਰ ਕੇ। ਹਰਿ–ਹੇ ਹਰੀ। ਮਨਿ–(ਮੇਰੇ) ਮਨ ਵਿਚ। ਚਾਉ–ਤਾਂਘ।੪।

ਅਰਥ:–

ਪ੍ਰ:–ਸ੍ਰੀ ਜੀਉ, ਅਸੀਂ ਵੇਖਦੇ ਹਾਂ ਕਿ, ਲੋਕੀਂ ਆਪਣੇ ਆਪਣੇ ਮਿੱਤਰ ਦੋਸਤਾਂ ਤੋਂ ਕੁਰਬਾਨ ਜਾਂਦੇ ਹਨ, ਕੋਈ ਦੇਵੀ ਦੇਵਤਿਆਂ ਤੋਂ ਕੁਰਬਾਨ ਜਾਂਦੇ ਹਨ, ਪਰ, ਆਪ ਕਿਸ ਤੋਂ ਕੁਰਬਾਨ ਜਾਂਦੇ ਹੋ?

1. **ਉ**:–ਹੇ ਭਾਈਓ! ਮੈਂ (ਤਾਂ ਆਪਣੇ ਗੁਰੂ ਤੋਂ (ਹੀ) ਕੁਰਬਾਨ ਜਾਂਦਾ ਹਾਂ।

ਪ੍ਰ:–ਗੁਰਦੇਵ ਜੀਉ, ਆਪ ਜੀ ਦੇ ਅੰਤਰ ਆਤਮੇਂ ਉਸ ਪ੍ਰਭੂ

ਦੇ ਦਰਸ਼ਨਾਂ ਦੀ ਕਿਤਨੀ ਕੁ ਤਾਂਘ ਹੈ?

2. ਉ:–ਹੇ ਭਾਈ! ਇਉਂ ਹੀ ਜਾਣੋ ਕਿ, ਜਿਵੇਂ ਪਪੀਹੇ ਨੂੰ (ਸ੍ਵਾਤੀ ਨਛੱਤ੍ਰ ਦੀ ਵਰਖਾ ਦੇ) ਪਾਣੀ ਦੀ ਪਿਆਸ ਹੁੰਦੀ ਹੈ, (ਤਿਵੇਂ ਹੀ ਮੇਰੇ) ਅੰਦਰ ਇਹ ਤਾਂਘ ਰਹਿੰਦੀ ਹੈ ਕਿ ਮੈਂ (ਗੁਰੂ ਦੀ ਰਾਹੀਂ) ਕਦੋਂ ਉਸ ਹਰੀ ਦਾ ਦਰਸ਼ਨ ਕਰਾਂਗਾ ਜੋ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।੧।ਰਹਾਉ।

ਪ੍ਰ:–ਸ੍ਰੀ ਜੀਉ! ਆਪ ਉਸ ਪ੍ਰਭੂ ਜੀ ਬਾਰੇ ਕਿਵੇਂ ਨਿਸਚਾ ਰਖਦੇ ਹੋ?

3. ਉ:–ਹੇ ਭਾਈਓ! ਮੇਰਾ ਤਾਂ ਇਉਂ ਹੀ ਵਿਸ਼ਵਾਸ਼ ਹੈ ਕਿ, ਹੇ ਪ੍ਰਭੂ ਜੀਉ, ਤੂੰ ਨਿਖਸਮਿਆਂ ਦਾ ਖਸਮ ਹੈ, ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ, ਹੇ ਹਰੀ ਤੇਰਾ ਹੈ ਤੇਰਾ ਨਾਮ ਹੀ ਹੈ 'ਭਗਤ ਵਛਲ' (ਭਗਤੀ ਨੂੰ ਪਿਆਰ ਕਰਨ ਵਾਲਾ)।

4. ਹੇ ਪ੍ਰਭੂ ਜੀਉ! ਜਿਸ ਮਨੁੱਖ ਦੀ ਹੋਰ ਕੋਈ ਪ੍ਰਾਣੀ ਰਖਿਆ ਨਹੀਂ ਕਰ ਸਕਦਾ, ਤੂੰ (ਆਪ) ਉਸ ਨੂੰ (ਆਪਣਾ) ਆਸਰਾ ਦੇਂਦਾ ਹੈਂ।੧।

5. ਹੇ ਪ੍ਰਭੂ, ਜਿਨ੍ਹਾਂ ਦਾ ਕੋਈ ਹੋਰ ਸਹਾਰਾ ਨਹੀਂ ਹੁੰਦਾ, ਤੂੰ ਉਨ੍ਹਾਂ ਦਾ ਸਹਾਰਾ ਬਣਦਾ ਹੈਂ, ਮੰਦੀ ਭੈੜੀ ਹਾਲਤ ਵਾਲਿਆਂ ਦੀ ਤੂੰ ਚੰਗੀ ਹਾਲਤ ਬਣਾਂਦਾ ਹੈਂ, ਜਿਨ੍ਹਾਂ ਨੂੰ ਕਿਤੇ ਢੋਈ ਨਹੀਂ ਮਿਲਦੀ ਤੂੰ ਉਨ੍ਹਾਂ ਦਾ ਆਸਰਾ ਹੈਂ।

6. ਹੇ ਪ੍ਰਭੂ, ਦਸੀਂ ਹੀ ਪਾਸੀਂ ਜਿਧਰ ਮੈਂ ਜਾਂਦਾ ਹਾਂ, ਉਥੇ ਹੀ ਤੂੰ (ਮੇਰੇ) ਨਾਲ ਹੀ ਦਿਸਦਾ ਹੈਂ (ਤੇਰੀ ਮਿਹਰ ਨਾਲ) ਮੈਂ ਤੇਰੀ ਸਿਫ਼ਤ ਸਲਾਹ ਦੀ ਕਾਰ ਕਮਾਂਦਾ ਹਾਂ।੨।

7. ਹੇ ਸਾਈਆਂ ਜੀਉ, ਤੈਂ ਇਕ ਤੋਂ ਲਖਾਂ ਬ੍ਰਹਮੰਡ ਬਣਦੇ ਹਨ, ਤੇ ਲੱਖਾਂ ਬ੍ਰਹਮੰਡਾਂ ਤੋਂ (ਫਿਰ) ਤੂੰ ਇਕ ਆਪ ਹੀ ਆਪ ਬਣ ਜਾਂਦਾ ਹੈਂ। ਮੈਂ ਦਸ ਨਹੀਂ ਸਕਦਾ ਤੂੰ ਕਿਹੋ ਜਿਹਾ ਹੈ, ਅਤੇ ਕੇਡਾ ਵੱਡਾ ਹੈਂ।

8. ਹੇ ਪ੍ਰਭੂ, ਤੂੰ ਬੇਅੰਤ ਹੈਂ, ਤੇਰੀ ਹਸਤੀ ਦਾ ਅੰਦਾਜਾ ਨਹੀਂ ਲਾਇਆ ਜਾ ਸਕਦਾ। ਇਹ ਸਾਰਾ ਜਗਤ ਮੈਂ ਤਾਂ ਤੇਰਾ ਹੀ ਰਚਿਆ ਤਮਾਸ਼ਾ ਵੇਖਦਾ ਹਾਂ।੩।

9. ਹੇ ਪ੍ਰਭੂ, ਤੇਰੇ ਚਰਨਾਂ ਵਿਚ ਜੁੜਨ ਵਾਸਤੇ ਮੈਂ ਸੰਤ ਜਨਾਂ ਦਾ ਸੰਗ ਕਰਦਾ ਹਾਂ, ਮੈਂ ਸੰਤ ਜਨਾਂ ਨਾਲ (ਤੇਰੇ ਗੁਣਾਂ ਦਾ) ਵਿਚਾਰ ਵਟਾਂਦਰਾ ਕਰਦਾ ਰਹਿੰਦਾ ਹਾਂ, ਤੇਰੇ ਸੰਤ ਜਨਾਂ ਦੀ ਸੰਗਤ ਵਿਚ ਰਹਿ ਕੇ ਤੇਰੇ ਚਰਨਾਂ ਵਿਚ ਸੁਰਤਿ ਜੋੜਦਾ ਹਾਂ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ਗੁਰੂ ਦੀ ਮਤਿ ਉਤੇ ਤੁਰਿਆਂ ਹੀ ਪ੍ਰਭੂ ਮਿਲਾਪ ਹੁੰਦਾ ਹੈ, ਹੇ ਹਰੀ (ਮੇਰੇ) ਮਨ ਵਿਚ (ਬੜੀ) ਤਾਂਘ ਹੈ, (ਮੈਨੂੰ) ਆਪਣਾ ਦਰਸ਼ਨ ਦੇਹ।੪।੧।

ਭਾਵਾਰਥ:–ਉਸ ਗੁਰੂ ਤੋਂ ਬਲਿਹਾਰ ਜਾਈਏ ਜਿਸ ਨੇ ਹਰੀ ਦੇ ਦਰਸ਼ਨ ਦੀ ਤਾਂਘ ਦਿੱਤੀ ਹੈ।

ਸਾਰਗ ਮਹਲਾ ੫ ॥

1. ਹਰਿ ਜੀਉ ਅੰਤਰਜਾਮੀ ਜਾਨ ॥
2. ਕਰਤ ਬੁਰਾਈ ਮਾਨੁਖ ਤੇ ਛਪਾਈ
ਸਾਖੀ ਭੂਤ ਪਵਾਨ ॥੧॥ਰਹਾਉ॥
3. ਬੈਸਨੌ ਨਾਮੁ ਕਰਤ ਖਟ ਕਰਮਾ
ਅੰਤਰਿ ਲੋਭ ਜੂਠਾਨ ॥
4. ਸੰਤ ਸਭਾ ਕੀ ਨਿੰਦਾ ਕਰਤੇ
ਡੂਬੇ ਸਭ ਅਗਿਆਨ ॥੧॥
5. ਕਰਹਿ ਸੋਮਪਾਕੁ ਹਿਰਹਿ ਪਰਦਰਬਾ
ਅੰਤਰਿ ਝੂਠ ਗੁਮਾਨ ॥
6. ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ
ਬਿਆਪੇ ਮਨ ਕੈ ਮਾਨ ॥੨॥
7. ਸੰਧਿਆ ਕਾਲ ਕਰਹਿ ਸਭਿ ਵਰਤਾ
ਜਿਉ ਸਫਰੀ ਦੰਫਾਨ ॥
8. ਪ੍ਰਭੂ ਭੁਲਾਏ ਊਝੜਿ ਪਾਏ
ਨਿਹਫਲ ਸਭਿ ਕਰਮਾਨ ॥੩॥
9. ਸੋ ਗਿਆਨੀ ਸੋ ਬੈਸਨੌ ਪੜਿਆ
ਜਿਸੁ ਕਰੀ ਕ੍ਰਿਪਾ ਭਗਵਾਨ ॥
10. ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ
ਉਧਰਿਆ ਸਗਲ ਬਿਸ੍ਵਾਨ ॥੪॥
11. ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ
ਪ੍ਰਭ ਭਾਵੈ ਤਿਵੈ ਬੁੋਲਾਨ ॥
12. ਸਾਧ ਸੰਗਤਿ ਕੀ ਧੂਰਿ ਇਕ ਮਾਂਗਉ
ਜਨ ਨਾਨਕ ਪਇਓ ਸਰਾਨ ॥੫॥੨॥

ਪਦ ਅਰਥ:–ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ। ਜਾਨ–ਸੁਜਾਨ, ਸਿਆਣਾ। ਮਾਨੁਖ ਤੇ–ਮਨੁੱਖਾਂ ਪਾਸੋਂ। ਸਾਖੀ–ਵੇਖਣ ਵਾਲਾ। ਭੂਤ–ਪਿਛਲੇ ਬੀਤੇ ਸਮੇਂ ਦਾ। ਪਵਾਨ–ਭਵਾਨ, ਭਵਿੱਖਤ ਦਾ।੧।ਰਹਾਉ।

ਬੈਸਨੌ–ਵਿਸ਼ਨੂੰ ਦਾ ਭਗਤ, ਹਰੇਕ ਕਿਸਮ ਦੀ ਸਰੀਰਕ ਸੁੱਚ ਰੱਖਣ ਵਾਲਾ। ਖਟ ਕਰਮਾ–ਸ਼ਾਸਤ੍ਰਾਂ ਅਨੁਸਾਰ ਜ਼ਰੂਰੀ ਮਿਥੇ ਹੋਏ ਛੇ ਕਰਮ (ਦਾਨ ਦੇਣਾ ਤੇ ਲੈਣਾ, ਵਿਦਿਆ ਪੜ੍ਹਨੀ ਤੇ ਪੜ੍ਹਾਣੀ, ਜੱਗ ਕਰਨਾ ਤੇ ਕਰਾਉਣਾ)। ਜੂਠਾਨ–ਮਲੀਨ ਕਰਨ ਵਾਲਾ। ਅਗਿਆਨ–ਆਤਮਕ ਜੀਵਨ ਵਲੋਂ ਬੇਸਮਝੀ।੧।

ਕਰਹਿ–ਕਰਦੇ ਹਨ। ਸੋਮਪਾਕ–ਅਪਣੀ ਹਥੀ ਭੋਜਨ ਤਿਆਰ ਕਰਨਾ। ਹਿਰਹਿ–ਚੁਰਾਂਦੇ ਹਨ। ਦਰਬਾ–ਧਨ। ਗੁਮਾਨ–ਅਹੰਕਾਰ। ਬਿਧਿ–ਢੰਗ, ਮਰਯਾਦਾ। ਬਿਆਪੇ–ਫਸੇ ਹੋਏ। ਮਨ ਕੈ ਮਾਨ–ਮਨ ਦੇ ਮਾਣ ਵਿਚ।੨।

ਸਭਿ—ਸਾਰੇ । ਸਫਰੀ—ਮਦਾਰੀ । ਦੰਫਾਨ—ਤਮਾਸ਼ਾ । ਉਝੜਿ—ਕੁਰਾਹੇ । ਕਰਮਾਨ—ਕਰਮ ।੩।

ਗਿਆਨੀ—ਗਿਆਨਵਾਨ । ਪੜ੍ਹਿਆ—ਵਿਦਵਾਨ । ਜਿਸੁ—ਜਿਸ ਉਤੇ । ਉਨਿ—ਉਸਨੇ [ਅੱਖਰ 'ਓ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫਜ਼ ਹੈ 'ਉਨਿ' ਇਥੇ 'ਓਨਿ' ਪੜ੍ਹਨਾ ਹੈ] । ਪਰਮ ਪਦੁ—ਸਭ ਤੋਂ ਉਚਾ ਆਤਮਕ ਦਰਜਾ । ਬਿਸ੍ਵਾਨ—ਜਗਤ ।੪।

ਕਥਹ—ਅਸੀਂ ਆਖ ਸਕਦੇ ਹਾਂ । ਨਹੀਂ ਜਾਣਹ—ਅਸੀਂ ਨਹੀਂ ਜਾਣਦੇ । ਬੁੋਲਾਨ—ਬੁਲਾਂਦਾ ਹੈ । ਅੱਖਰ 'ਬ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫਜ਼ ਹੈ 'ਬੋਲਾਨ' ਇਥੇ 'ਬੁਲਾਨ' ਪੜ੍ਹਨਾ ਹੈ] । ਮਾਗਉ—ਮੈਂ ਮੰਗਦਾ ਹਾਂ । ਸਰਾਨ—ਸ਼ਰਨ ।੫।

ਅਰਥ:—

ਪ੍ਰ:—ਗੁਰਦੇਵ ਜੀਉ, ਉਸ ਪ੍ਰਭੂ ਦੀ ਖਾਸ ਵਿਸ਼ੇਸ਼ਤਾ ਕੀ ਮੰਨੀ ਜਾਂਦੀ ਹੈ ?

1.ਉ:—ਹੇ ਭਾਈ, ਉਹ ਪ੍ਰਭੂ ਜੀ ਹਰੇਕ ਦੇ ਦਿਲ ਦੀ ਜਾਣਨ ਵਾਲੇ ਹਨ ਅਤੇ ਸੁਜਾਨ ਹਨ ।

2. ਹੇ ਭਾਈ, (ਜਿਹੜਾ ਮਨੁੱਖ) ਹੋਰਨਾਂ ਮਨੁੱਖਾਂ ਪਾਸੋਂ ਲੁਕਾ ਕੇ ਕੋਈ ਭੈੜਾ ਕੰਮ ਕਰਦਾ ਹੈ (ਉਹ ਇਹ ਨਹੀਂ ਜਾਣਦਾ ਕਿ) ਪ੍ਰਮਾਤਮਾਂ ਤਾਂ ਪਿਛਲੇ ਬੀਤੇ ਸਮੇਂ ਦੇ ਕਰਮਾਂ ਤੋਂ ਲੈ ਕੇ ਅਗਾਹ ਭਵਿੱਖ ਦੇ ਕੀਤੇ ਜਾਣ ਵਾਲੇ ਸਾਰੇ ਕੰਮਾਂ ਦਾ ਵੇਖਣ ਵਾਲਾ ਹੈ ।੧।ਰਹਾਉ।

ਪ੍ਰ.-ਸ੍ਰੀ ਜੀਉ, ਜੋ ਲੋਕ ਸਾਸਤ੍ਰਾਂ ਦੇ ਦਸੇ ਹੋਏ ਛੇ ਕਰਮ ਕਰਦੇ ਹਨ ਕੀ ਉਹ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ ?

3. ਹੇ ਭਾਈਓ, (ਜਿਹੜੇ ਮਨੁੱਖ) ਆਪਣੇ ਆਪ ਨੂੰ ਵੈਸ਼ਨੋਂ ਅਖਵਾਂਦੇ ਹਨ, (ਸ਼ਾਸ਼ਤ੍ਰਾਂ ਦੇ ਦਸੇ ਹੋਏ ਛੇ ਕਰਮ ਭੀ ਕਰਦੇ ਹਨ, (ਪਰ ਜੇ ਉਨ੍ਹਾਂ ਦੇ) ਅੰਦਰ (ਮਨ ਨੂੰ) ਮੈਲਾ ਕਰਨ ਵਾਲਾ ਲੋਭ ਵੱਸ ਰਿਹਾ ਹੈ ।

4. ਪਰ, (ਜੇ ਉਹ) ਸਾਧ ਸੰਗਤ ਦੀ ਨਿੰਦਾ ਕਰਦੇ ਹਨ (ਤਾਂ ਉਹ ਸਾਰੇ ਮਨੁੱਖ ਆਤਮਕ ਜੀਵਨ ਵਲੋਂ ਬੇ-ਸਮਝੀ ਦੇ ਕਾਰਨ (ਸੰਸਾਰ ਸਮੁੰਦਰ ਵਿਚ) ਡੁੱਬ ਜਾਂਦੇ ਹਨ ।੧।

ਪ੍ਰ:—ਸ੍ਰੀ ਜੀਉ ! ਕਈ ਅਜਿਹੇ ਵੈਸ਼ਨੋ ਅਖਵਾਣ ਵਾਲੇ ਲੋਕ ਭੀ ਹਨ, ਜੋ ਕਿ ਆਪਨੇ ਹਥੀਂ ਭੋਜਨ ਤਿਆਰ ਕਰਕੇ ਖਾਣ ਪੀਣ ਦੀ ਪਵਿਤ੍ਰਤਾ ਰਖਦੇ ਹਨ, ਕਿ ਉਹ ਲੋਕ ਨਿਰ-ਅਹੰਕਾਰ ਹੋ ਕੇ ਬੰਧਨਾਂ ਤੋਂ ਛੁੱਟ ਜਾਂਦੇ ਹਨ ?

5.ਉ:—ਹੇ ਭਾਈ ! ਜੋ ਆਪਣੇ ਹਥੀਂ ਭੋਜਨ ਤਿਆਰ ਕਰਦੇ ਹਨ, ਉਹ ਮਨੁੱਖ ਭਾਵੇਂ ਆਪਣੇ ਆਪ ਨੂੰ ਵੈਸ਼ਨੋ ਅਖਵਾਂਦੇ ਹਨ, ਪਰ ਉਹ ਪਰਾਇਆ ਧਨ ਚੁਰਾਂਦੇ ਹਨ,ਉਨ੍ਹਾਂ ਦੇ ਅੰਦਰ ਝੂਠ ਵਸਾਂਦਾ ਹੈ, ਅਤੇ ਅਹੰਕਾਰ ਵਸਦਾ ਹੈ ।

6. ਹੇ ਭਾਈ, ਉਹ ਮਨੁੱਖ (ਆਪਣੇ ਧਰਮ ਪੁਸਤਕਾਂ) ਵੇਦ ਸ਼ਾਸਤ੍ਰਾਂ ਦੀ ਆਤਮਕ ਮਰਯਾਦਾ ਨਹੀਂ ਸਮਝਦੇ, ਉਹ ਤਾਂ ਆਪਣੇ ਮਨ ਦੇ ਅਹੰਕਾਰ ਵਿਚ ਹੀ ਫੱਸੇ ਰਹਿੰਦੇ ਹਨ ।੨।

ਪ੍ਰ:—ਗੁਰਦੇਵ ਜੀਉ, ਅਸੀਂ ਤਾਂ ਵੇਖਦੇ ਹਾਂ ਕਿ, ਉਹ ਲੋਕ ਤਿੰਨ ਵੇਲੇ ਸੰਧਿਆ ਕਰਦੇ ਹਨ ਅਤੇ ਵਰਤ ਰਖਦੇ ਹਨ ਕੀ ਉਨ੍ਹਾਂ ਨੂੰ ਇਸ ਉਦਮ ਦਾ ਕੋਈ ਫਲ ਨਹੀਂ ਮਿਲੇਗਾ ?

7.ਉ:—ਹੇ ਭਾਈਓ, ਇਹ ਠੀਕ ਹੈ ਕਿ ਉਹ ਵੈਸ਼ਨੋਂ ਅਖਵਾਣ ਵਾਲੇ ਲੋਕ ਉ'ਞ ਤਾਂ) ਤਿੰਨੇ ਵੇਲੇ ਸੰਧਿਆ ਕਰਦੇ ਹਨ, ਸਾਰੇ ਵਰਤ ਭੀ ਰਖਦੇ ਹਨ, ਪਰ, ਹੇ ਪਿਆਰੇ ਉਨ੍ਹਾਂ ਦਾ ਇਹ ਸਾਰਾ ਉਦਮ ਇਉਂ ਹੀ ਸਮਝੋ ਜਿਵੇਂ ਕਿਸੇ ਮਦਾਰੀ ਦਾ ਤਮਾਸ਼ਾ (ਰੋਟੀ ਕਮਾਣ ਲਈ ਹੈ) :

ਪ੍ਰ:—ਕਿਉਂ ਜੀ, ਅਜਿਹੇ ਲੋਕ ਇਸ ਫੋਕੀ ਕਿਰਿਆ ਨੂੰ ਤਿਆਗੀ ਕਿਉਂ ਨਹੀਂ ਦੇਂਦੇ ?

ਉ:- 8. ਪਰ, ਹੇ ਭਾਈਓ, ਅਸਲ ਵਿਚ ਉਨ੍ਹਾਂ ਦੇ ਭੀ ਕੀ ਵੱਸ ਹੈ ? ਕਿਉਂਕਿ, ਪ੍ਰਭੂ ਨੇ ਆਪ ਹੀ ਉਨ੍ਹਾਂ ਨੂੰ ਸਹੀ ਰਾਹ ਤੋਂ ਖੁੰਝਾਇਆ ਹੈ, ਗਲਤ ਰਸਤੇ ਪਾਇਆ ਹੋਇਆ ਹੈ, ਉਨ੍ਹਾਂ ਦੇ (ਕੀਤੇ ਹੋਏ ਧਾਰਮਕ) ਕਰਮ ਭੀ ਵਿਅਰਥ ਚਲੇ ਜਾਂਦੇ ਹਨ ।੩।

ਪ੍ਰ:—ਸ੍ਰੀ ਜੀਉ, ਫਿਰ ਦਸੋ, ਆਪ ਜੀ ਪੜ੍ਹਿਆ ਲਿਖਿਆ ਗਿਆਨੀ ਵੈਸ਼ਨੋਂ ਮਨੁੱਖ ਕਿਸਨੂੰ ਮੰਨਦੇ ਹੋ ?

ਉ.—9. ਹੇ ਭਾਈ, ਅਸਲ ਗਿਆਨਵਾਨ, ਉਹੀ ਮਨੁੱਖ ਹੈ, ਅਤੇ ਵੈਸ਼ਨੋਂ ਭੀ ਉਹੀ ਹੈ, ਅਸਲ ਵਿਦਵਾਨ ਭੀ ਉਹੋ ਹੀ (ਕਿਹਾ ਜਾ ਸਕਦਾ) ਹੈ, ਜਿਸ ਉਤੇ ਪ੍ਰਮੇਸ਼ਰ ਜੀ ਨੇ ਮਿਹਰ ਕੀਤੀ ਹੈ ।

10. ਹੇ ਪਿਆਰੇ, ਉਸੇ ਨੇ ਹੀ ਗੁਰੂ ਦੀ ਸ਼ਰਨ ਪੈ ਕੇ ਸਭ ਤੋਂ ਉਚਾ ਆਤਮਕ ਦਰਜਾ ਹਾਸਲ ਕਰ ਲਿਆ ਹੈ, (ਹੇ ਭਾਈ ਉਸਦੇ ਉਧਾਰ ਹੋਣ ਵਿਚ ਤਾਂ ਕੋਈ ਭੀ ਸੰਸਾ ਨਹੀਂ) ਅਜਿਹੇ ਮਨੁੱਖ ਦੀ ਸੰਗਤ ਵਿਚ ਤਾਂ ਸਾਰਾ ਜਗਤ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ।੪।

ਪ੍ਰ.—ਗੁਰਦੇਵ ਜੀਉ, ਆਪ ਜੀ ਉਸ ਪ੍ਰਭੂ ਦੀ ਰਜ਼ਾ ਬਾਰੇ ਕੁੱਝ ਆਪਣੇ ਵੀਚਾਰ ਆਖਕੇ ਸੁਣਾਓ, ਤਾਂ ਕਿ ਸਾਨੂੰ ਭੀ ਕੁੱਝ ਸੋਝੀ ਪੈ ਸੱਕੇ ?

ਉ:11.—ਹੇ ਭਾਈਓ, ਅਸਲੀਅਤ ਤਾਂ ਇਹੋ ਹੀ ਹੈ ਕਿ ਅਸੀਂ ਜੀਵ (ਉਸ ਪ੍ਰਭੂ ਦੀ ਰਜ਼ਾ ਬਾਰੇ) ਕੀ ਆਖ ਸਕਦੇ ਹਾਂ ? ਅਸੀਂ ਤਾਂ ਕੁੱਝ ਆਖਣਾ ਜਾਣਦੇ ਹੀ ਨਹੀਂ ਹਾਂ, (ਹੇ ਪਿਆਰੇ) ਜਿਵੇਂ ਪ੍ਰਭੂ ਨੂੰ ਚੰਗਾ ਲਗਦਾ ਹੈ ਤਿਵੇਂ ਉਹ ਸਾਨੂੰ ਜੀਵਾਂ ਨੂੰ ਬੋਲਣ ਲਈ ਪ੍ਰੇਰਦਾ ਹੈ ।

ਪ੍ਰ:—ਸ੍ਰੀ ਜੀਉ, ਆਖਰ ਉਸ ਪ੍ਰਭੂ ਪਾਸੋਂ ਆਪ ਦੀ ਮੰਗ ਕੀ ਹੈ ?

ਉ:—12. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਮੈਂ ਤਾਂ ਉਸ ਪ੍ਰਭੂ ਤੋਂ) ਇਕੋ ਹੀ ਮੰਗ ਮੰਗਦਾ ਹਾਂ ਕਿ (ਫਿਰ ਹੇ ਪ੍ਰਭੂ ! ਮੈਂ ਤੇਰੀ ਸ਼ਰਨ ਪਿਆ ਹਾਂ, ਮੈਂ ਤੇਰੇ

ਦਰ ਤੋਂ)ਸਿਰਫ ਸਾਧ ਸੰਗਤਿ (ਦੇ ਚਰਨਾਂ) ਦੀ ਧੂੜ ਹੀ ਮੰਗਦਾ ਹਾਂ।੫।੨।

ਭਾਵਾਰਥ—ਇਸ ਸ਼ਬਦ ਵਿਚ ਹਜ਼ੂਰ, ਪਖੰਡੀ ਸਾਧਾਂ ਤੇ ਭੁੱਲੜ ਭਗਤਾਂ ਦੇ ਉਤਲੇ ਉਤਲੇ ਨਿਸਫਲ ਕਰਮਾਂ ਵੱਲ ਧਿਆਨ ਦੁਆ ਕੇ ਅਸਲ ਧਰਮ ਦੀ ਜੁਗਤੀ ਦਸਦੇ ਹਨੀ ਉਹ ਜੁਗਤੀ ਇਹ ਹੈ ਕਿ ਗੁਰੂ ਦੀ ਸ਼ਰਨ ਲੈ ਕੇ ਉਸ ਦੀ ਸੰਗਤ ਵਿਚ ਹਰੀ ਦੀ ਕ੍ਰਿਪਾ ਦੇ ਪਾਤਰ ਹੋਣਾ ਚਾਹੀਦਾ ਹੈ, ਜਿਸਦੀ ਬਰਕਤ ਨਾਲ ਮਨੁੱਖ ਦੇ ਮਨ ਦੀਆਂ ਸਾਰੀਆਂ ਹੀ ਭਟਕਣਾ ਮੁੱਕ ਜਾਂਦੀਆਂ ਹਨ।

ਸਾਰਗ ਮਹਲਾ ੫ ॥

1. ਅਬ ਮੋਰੋ ਨਾਚਨੋ ਰਹੋ ॥
2. ਲਾਲੁ ਰਗੀਲਾ ਸਹਜੇ ਪਾਇਓ
ਸਤਿਗੁਰ ਬਚਨਿ ਲਹੋ ॥੧॥ਰਹਾਉ॥
3. ਕੁਆਰ ਕੰਨਿਆ ਜੈਸੇ ਸੰਗਿ ਸਹੇਰੀ
ਪ੍ਰਿਅ ਬਚਨ ਉਪਹਾਸ ਕਹੋ ॥
4. ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ
ਤਬ ਮੁਖੁ ਕਾਜਿ ਲਜੋ ॥੧॥
5. ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥
6. ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥੨॥
7. ਜਉ ਦਿਨੁ ਰੈਨਿ ਤਊ ਲਉ ਬਜਿਓ
ਮੂਰਤ ਘਰੀ ਪਲੋ ॥
8. ਬਜਾਵਨਹਾਰੋ ਊਠਿ ਸਿਧਾਰਿਓ
ਤਬ ਫਿਰਿ ਬਾਜੁ ਨ ਭਇਓ ॥੩॥
9. ਜੈਸੇ ਕੁੰਭ ਉਦਕ ਪੂਰਿ ਆਨਿਓ
ਤਬ ਉਹੁ ਭਿੰਨ ਦ੍ਰਿਸਟੋ ॥
10. ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ
ਅੰਭੈ ਅੰਭ ਮਿਲੋ ॥੪॥੩॥

ਪਦ ਅਰਥ :-ਮੋਰੋ-ਮੇਰਾ। ਨਾਚਨੋ—ਮਾਇਆ ਦੀ ਖਾਤਰ ਭਟਕਣਾ, ਮਾਇਆ ਦੇ ਹਥਾਂ ਉਤੇ ਨੱਚਣਾ। ਰਹੋ—ਮੁੱਕ ਗਿਆ ਹੈ। ਸਹਜੇ—ਆਤਮਕ ਅਡੋਲਤਾ ਵਿਚ। ਬਚਨਿ—ਬਚਨ ਦੀ ਰਾਹੀਂ। ਲਹੋ—ਲੱਭ ਲਿਆ ਹੈ।੧।ਰਹਾਉ।

ਕੁਆਰ ਕੰਨਿਆ—ਕੁਆਰੀ ਕੁੜੀ। ਸੰਗਿ ਸਹੇਰੀ—ਸਹੇਲੀਆਂ ਨਾਲ। ਉਪਹਾਸ-ਹਾਸੇ ਨਾਲ, ਹੱਸ ਹੱਸ ਕੇ। ਪ੍ਰਿਅ ਬਚਨ ਕਹੋ-ਆਪਣੇ ਪ੍ਰੀਤਮ ਦੀਆਂ ਗਲਾਂ ਕਰਦੀ ਹੈ। ਸੁਰਿਜਨੁ-ਪਤੀ। ਮੁਖੁ-ਮੂੰਹ। ਕਾਜਿ—ਕੱਜ ਲੈਂਦੀ ਹੈ। ਲਜੋ—ਲਾਜ ਨਾਲ।੧।

ਕਨਿਕੋ—ਸੋਨਾ। ਕੋਠਾਰੀ ਚੜਿਓ—ਕੁਠਾਲੀ ਵਿਚ ਪੈਂਦਾ ਹੈ। ਕਬਰੋ—ਕਮਲਾ। ਜਬ ਤੇ—ਜਦੋਂ ਤੋਂ। ਬਾਰਹਿ—ਬਾਰਾਂ ਵੰਨੀਆਂ ਦਾ। ਤਬ ਤੇ-ਤਦੋਂ ਤੋਂ। ਥਾਨ ਥਿਰੋ—ਟਿਕ ਜਾਂਦਾ ਹੈ, ਮੁੜ ਕੁਠਾਲੀ ਵਿਚ ਨਹੀਂ ਪੈਂਦਾ।੨।

ਜਉ ਦਿਨੁ—ਜਿਸ ਦਿਨ ਤੱਕ, ਜਦੋਂ ਤੱਕ। ਰੈਨਿ—(ਜ਼ਿੰਦਗੀ ਦੀ) ਰਾਤ। ਤਊ ਲਉ—ਉਤਨਾ ਚਿਰ ਹੀ। ਮੂਰਤ—ਮਹੂਰਤ। ਬਜਾਵਨਹਾਰੋ-ਵਜਾਣ ਵਾਲਾ ਜੀਵ। ਬਾਜੁ ਨ ਭਇਓ—(ਘੜਿਆਲ) ਨਹੀਂ ਵੱਜਦਾ।੩।

ਕੁੰਭ—ਘੜਾ। ਉਦਕਿ—ਪਾਣੀ ਨਾਲ। ਪੂਰਿ-ਭਰ ਕੇ। ਆਨਿਓ—ਲਿਆਂਦਾ। ਉਹੁ—ਉਹ (ਪਾਣੀ) [ਅੱਖਰ 'ੳ' ਦੇ ਨਾਲ ਦੋ ਲਗਾਂ ਹਨ— (˜) ਅਤੇ (_)। ਅਸਲ ਲਫ਼ਜ਼ ਹੈ 'ਉਹੁ', ਇਥੇ ਓਹੁ ਪੜ੍ਹਨਾ ਹੈ]। ਭਿੰਨ—ਵਖਰਾ। ਦ੍ਰਿਸ—ਟੋ ਦਿਸਦਾ ਹੈ। ਜਲੈ ਮਹਿ—ਪਾਣੀ ਵਿਚ ਹੀ। ਅੰਭੈ-ਪਾਣੀ ਨੂੰ। ਅੰਭ—ਪਾਣੀ।੪।

ਅਰਥ:—

ਪ੍ਰ:—ਸ੍ਰੀ ਜੀਉ, ਉਸ ਪ੍ਰਭੂ ਨੂੰ ਲੱਭਣ ਲਈ ਤਾਂ ਅਨੇਕਾਂ ਮਨੁੱਖ ਅਨੇਕਾਂ ਹੀ ਜਤਨ ਕਰਦੇ ਹੋਏ ਭੀ ਸਖਣੇ ਰਹਿ ਜਾਂਦੇ ਹਨ, ਪਰ ਆਪ ਨੂੰ ਕਿਵੇਂ ਪ੍ਰਾਪਤ ਹੋ ਗਿਆ ਹੈ ?

1. **ਉ:**—ਹੇ ਭਾਈਓ ! ਅਸਲ ਵਿਚ ਮੈਂ ਗੁਰੂ ਦੇ ਬਚਨਾਂ ਦੀ ਰਾਹੀਂ ਆਤਮਿਕ ਅਡੋਲਤਾ ਵਿਚ ਟਿਕ ਕੇ ਹੀ ਸੋਹਣੇ ਲਾਲ ਪ੍ਰਭੂ ਨੂੰ ਲੱਭ ਲਿਆ ਹੈ, ਪ੍ਰਾਪਤ ਕਰ ਲਿਆ ਹੈ।

2. ਹੇ ਭਾਈ ! ਹੁਣ ਮੇਰੀ ਭਟਕਣਾ ਮੁੱਕ ਗਈ ਹੈ।੧।ਰਹਾਉ।

ਪ੍ਰ:—ਗੁਰਦੇਵ ਜੀਉ, ਜਦੋਂ ਉਹ ਪ੍ਰਮੇਸ਼ਰ ਪਤੀ ਜੀ ਕਿਸੇ ਦੇ ਹਿਰਦੇ ਘਰ ਵਿਚ ਪ੍ਰਗਟ ਹੋ ਆਉਣ ਤਾਂ ਉਸ ਦਾ ਸਰੂਪ ਬਿਆਨ ਕਰਨ ਸਮੇਂ ਉਸ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਹੁੰਦੀ ਹੈ ?

3. **ਉ:**—ਹੇ ਭਾਈਓ ! ਇਉਂ ਜਾਣੋ ਕਿ ਉਸ ਪ੍ਰਮੇਸ਼ਰ ਪਤੀ ਦੇ ਹਿਰਦੇ ਘਰ ਵਿਚ ਪ੍ਰਗਟ ਹੋਣ ਸਮੇਂ ਉਸਦੀ ਮਾਨਸਿਕ ਦਸ਼ਾ ਇਸ ਅਸਚਰਜਤਾ ਵਿਚ ਮਗਨ ਹੋ ਜਾਂਦੀ ਹੈ ਕਿ ਉਹ ਉਸਦੇ ਸਹੀ ਸਰੂਪ ਦਾ ਬਿਆਨ ਹੀ ਨਹੀਂ ਕਰ ਸਕਦੀ। ਜਿਵੇਂ ਕਿ ਕੋਈ ਕੁਆਰੀ ਕੁੜੀ (ਪਹਿਲੋਂ ਤਾਂ) ਸਹੇਲੀਆਂ ਨਾਲ ਆਪਣੇ (ਮੰਗੇਤਰ) ਪਿਆਰੇ ਦੀਆਂ ਗੱਲਾਂ ਹੱਸ ਹੱਸ ਕੇ ਕਰਦੀ ਹੈ।

4. ਪਰ, ਜਦੋਂ (ਉਸਦਾ) ਪਤੀ ਘਰ ਵਿਚ ਆਉਂਦਾ ਹੈ, ਤਦੋਂ (ਉਹ ਕੁੜੀ) ਲੱਜਿਆ ਨਾਲ ਆਪਣਾ ਮੂੰਹ ਕੱਜ ਲੈਂਦੀ ਹੈ।੧।

ਪ੍ਰ:-ਸ੍ਰੀ ਜੀਉ, ਆਖਰ ਉਸ ਪ੍ਰਮੇਸ਼ਰ ਪਤੀ ਦੇ ਦੀਦਾਰ ਕਰਨ ਤੋਂ ਉਸ ਦੇ ਮਨ ਉਤੇ ਕੀ ਪਰਭਾਵ ਪੈਂਦਾ ਹੈ ?

5. **ਉ.**—ਹੇ ਭਾਈ ! ਉਸਦਾ ਮਨ ਇਉਂ ਹੀ ਅਡੋਲ ਹੋ ਜਾਂਦਾ ਹੈ, ਜਿਵੇਂ ਕਿ ਪਹਿਲੋਂ ਕੁਠਾਲੀ ਵਿਚ ਪਿਆ ਹੋਇਆ ਸੋਨਾ (ਸੇਕ ਨਾਲ) ਕਮਲਾ ਹੋਇਆ ਫਿਰਦਾ ਹੈ।

6. ਪਰ, ਜਦ ਉਹ ਬਾਰਾਂ ਵੰਨੀ ਦਾ ਸੁਧ ਬਣ ਜਾਂਦਾ ਹੈ, ਤਦੋਂ ਉਹ (ਸੇਕ ਵਿਚ ਤੜਫਣੋਂ) ਅਡੋਲ ਹੋ ਜਾਂਦਾ ਹੈ, (ਭਾਵ ਹੈ ਕਿ ਪਤੀ ਪ੍ਰਮੇਸ਼ਰ ਦੇ ਦਰਸ਼ਨਾਂ ਦਾ ਸਦਕਾ ਉਸਦੇ ਮਨ

ਦੀ ਭਟਕਣਾ ਮੁੱਕ ਜਾਂਦੀ ਹੈ) ।੨।

ਪ੍ਰ:–ਸ੍ਰੀ ਜੀਉ, ਜ਼ਿੰਦਗੀ ਪ੍ਰਤਖ ਰੂਪ ਵਿਚ ਤਾਂ ਗੁਜ਼ਰਦੀ ਨਜ਼ਰ ਨਹੀਂ ਆਉਂਦੀ ਇਸਨੂੰ ਕਿਵੇਂ ਅਨਭਵ ਕੀਤਾ ਜਾਵੇ ?

ਉ,–7. ਹੇ ਭਾਈਓ, ਅਸਲ ਵਿਚ ਇਉਂ ਹੀ ਸਮਝਣਾ ਚਾਹੀਦਾ ਹੈ ਕਿ) ਜਦ ਤੱਕ (ਮਨੁੱਖ ਦੀ ਜ਼ਿੰਦਗੀ ਦੀ) ਰਾਤ ਕਾਇਮ ਰਹਿੰਦੀ ਹੈ ਤਦ ਤੱਕ (ਉਮਰ ਦੇ ਬੀਤ ਜਾਣ ਦੀ ਖਬਰ ਦੇਣ ਲਈ ਘੜਿਆਲ ਦੀ ਰਾਹੀਂ) ਮਹੂਰਤ ਘੜੀਆਂ ਪਲ ਵੱਜਦੇ ਰਹਿੰਦੇ ਹਨ ।

8. ਪਰ, ਜਦੋਂ ਇਨ੍ਹਾਂ ਨੂੰ ਵਜਾਣ ਵਾਲਾ (ਦੁਨੀਆਂ ਤੋਂ) ਉਠ ਜਾਂਦਾ ਹੈ ਤਦੋਂ ਉਨ੍ਹਾਂ (ਘੜੀਆਂ ਪਲਾਂ ਦਾ) ਵੱਜਣਾ ਭੀ ਮੁੱਕ ਜਾਂਦਾ ਹੈ । (ਭਾਵ ਹੈ ਕਿ ਸੰਸਾਰਕ ਮੋਹ ਦੀ ਪਰ-ਬਲਤਾ ਵਿਚ ਘਿਰਿਆਂ ਨੂੰ ਸਾਨੂੰ ਭਾਵੇਂ ਜੀਵਨ ਗੁਜ਼ਰਦਾ ਨਜ਼ਰ ਨਹੀਂ ਆਉਂਦਾ ਪਰ, ਉਂਝ ਖਿਨ ਖਿਨ ਕਾਲ ਕਰਕੇ ਜ਼ਿੰਦਗੀ ਗੁਜਰਦੀ ਜਾ ਰਹੀ ਹੈ) ।੩।

ਪ੍ਰ:–ਸ੍ਰੀ ਜੀਉ, ਇਹ ਜੀਵਾਤਮਾਂ ਭਾਵੇਂ ਪ੍ਰਮਾਤਮਾਂ ਵਿਚੋਂ ਹੀ ਨਿਕਲਿਆ ਸੁਣੀਂਦਾ ਹੈ, ਪਰ ਇਨ੍ਹਾਂ ਦਾ ਪਰਸਪਰ ਵਖਰਾ ਪਨ ਬਹੁਤ ਵੱਡਾ ਵੇਖੀਦਾ ਹੈ ਇਨ੍ਹਾਂ ਦਾ ਮਿਲਾਪ ਹੋਣਾ ਕਿਵੇਂ ਮੰਨ ਲਿਆ ਜਾਵੇ ਕੋਈ ਉਦਾਹਰਣ ਦੇ ਕੇ ਸਮਝਾਓ ?

ਉ:–9. ਹੇ ਭਾਈਓ, ਸੁਣੋਂ ਜਿਵੇਂ ਜਦੋਂ ਕੋਈ ਘੜਾ ਪਾਣੀ ਨਾਲ ਭਰਕੇ ਲਿਆਂਦਾ ਜਾਏ, ਤਦੋਂ (ਘੜੇ ਵਾਲਾ) ਉਹ (ਪਾਣੀ ਖੂਹ ਆਦਿਕ ਦੇ ਹੋਰ ਪਾਣੀ ਨਾਲੋਂ ਵਖਰਾ ਦਿਸਦਾ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਜਦੋਂ ਉਹ (ਭਰਿਆ) ਘੜਾ ਪਾਣੀ ਵਿਚ ਪਾ ਦੇਈਦਾ ਹੈ, ਤਦੋਂ (ਘੜੇ ਦਾ) ਪਾਣੀ ਹੋਰ ਪਾਣੀ ਵਿਚ (ਹੀ) ਮਿਲ ਜਾਂਦਾ ਹੈ । ਇਸੇ ਹੀ ਤਰਾਂ ਨਾਮ ਸਿਮਰਨ ਦੀ ਬਰਕਤ ਨਾਲ ਜੀਵਾਤਮਾਂ ਪ੍ਰਮਾਤਮਾਂ ਵਿਚ ਅਭੇਦ ਹੋ ਜਾਂਦਾ ਹੈ ।੪।

ਭਾਵਾਰਥ :–ਜਗਿਆਸੂ ਨੂੰ ਬਾਹਰਲੇ ਕਰਮਾਂ ਧਰਮਾਂ ਦੀ ਉਧੇੜ ਬੁਣ ਤਦ ਤੱਕ ਹੀ ਰਹਿੰਦੀ ਹੈ, ਜਦ ਤੱਕ ਪ੍ਰਭੂ ਜੀ ਨਾਲ ਮਿਲਾਪ ਨਹੀਂ ਹੋ ਜਾਂਦਾ, ਜਦੋਂ ਮਿਲਾਪ ਹੋ ਜਾਏ ਤਾਂ ਮਨ ਦਾ ਟਿਕਾ ਹੋ ਜਾਂਦਾ ਹੈ ਅਤੇ ਪੂਰਨ ਸਹਿਜ ਜਾਂ ਸ਼ਕਤੀ ਵਰਤ ਜਾਂਦੀ ਹੈ, ਜਿਵੇਂ ਵਿਆਹ ਵਾਲੀ ਕੁੜੀ ਜਿਸਨੂੰ ਅਜੇ ਪਤੀ ਮਿਲਿਆ ਨਹੀਂ, ਉਹ ਆਪਣੀਆਂ ਸਹੇਲੀਆਂ ਨਾਲ ਪਤੀ ਦੀਆਂ ਹੱਸ ਹੱਸ ਕੇ ਗੱਲਾਂ ਕਰਦੀ ਹੈ, ਪਰ ਜਦੋਂ ਮਿਲਾਪ ਹੁੰਦਾ ਹੈ ਤਾਂ ਚੁੱਪ ਵਰਤ ਜਾਂਦੀ ਹੈ ਅਤੇ ਤਾੜ ਤਾੜ ਗੱਲਾਂ ਕਰਨ ਤੋਂ ਸ਼ਰਮ ਆਉਂਦੀ ਹੈ । ਇਸੇ ਤਰ੍ਹਾਂ ਸੋਨਾ ਜਦ ਤੱਕ ਸਾਫ ਨਹੀਂ ਹੁੰਦਾ ਕੁਠਾਲੀ ਵਿਚ ਪਿਆ ਤਿੜ ਤਿੜ ਕਰਦਾ ਹੈ, ਪਰ ਜਦੋਂ ਬਾਰਾਂ ਵੰਨੀ ਦਾ ਹੋ, ਸ਼ੁਧ ਹੋ ਜਾਂਦਾ ਹੈ ਤਾਂ ਫਿਰ ਨਹੀਂ ਹਿਲਦਾ । ਘੜਿਆਲ ਭੀ ਸਮੇਂ ਦੀ ਵੰਡ ਤੇ ਉਮਰ ਦੇ ਗੁਜਰਨ ਨੂੰ ਦਸਣ ਲਈ ਵਜਦਾ ਰਹਿੰਦਾ ਹੈ, ਪਰ ਜਦ ਮਨੁੱਖ ਦੀ ਉਮਰ ਮੁੱਕ ਜਾਏ ਤਾਂ ਉਸ ਲਈ ਸਮੇਂ ਦੀ ਵੰਡ ਵੀ ਮੁੱਕ ਜਾਂਦੀ ਤੇ ਘੜਿਆਲ ਵੀ ਉਸਦੇ ਹਥੋਂ ਡਿਗ ਕੇ ਚੁੱਪ ਹੋ ਜਾਂਦਾ ਹੈ, ਦਰਿਆ ਵਿਚੋਂ ਘੜਾ ਭਰ ਕੇ ਬਾਹਰ ਕਢੋ ਤਾਂ ਘੜਾ ਦਰਿਆ ਤੋਂ ਅੱਡਰਾ ਪਿਆ ਦਿਸਦਾ ਹੈ, ਪਰ ਜੇ ਉਸਨੂੰ ਮੁੜ ਦਰਿਆ ਵਿਚ ਪਾ ਦਿਓ ਤਾਂ ਪਾਣੀ ਪਾਣੀ ਵਿਚ ਰਲ ਜਾਂਦਾ ਹੈ ਤੇ ਘੜਾ ਵਖਰਾ ਦਿਸਦਾ ਹੀ ਨਹੀਂ ਇਸੇ ਤਰ੍ਹਾਂ ਮਨੁੱਖ ਹਰੀ ਨਾਲ ਇਕ ਮਿੱਕ ਹੋ ਕੇ ਮਿਲ ਜਾਵੇ ਤਾਂ ਉਸਦੀ ਸਾਰੀ ਭਟਕਣਾ ਮੁੱਕ ਜਾਂਦੀ ਹੈ ।

ਸਾਰਗ ਮਹਲਾ ੫

1. ਅਬ ਪੂਛੇ ਕਿਆ ਕਹਾ ॥
2. ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ
ਬਾਵਰ ਬਿਖੁ ਸਿਉ ਗਹਿ ਰਹਾ ॥੧॥ਰਹਾਉ॥
3. ਦੁਲਭ ਜਨਮੁ ਚਿਰੰਕਾਲ ਪਾਇਓ
ਜਾਤਉ ਕਉਡੀ ਬਦਲਹਾ ॥
4. ਕਾਥੂਰੀ ਕੋ ਗਾਹਕੁ ਆਇਓ
ਲਾਦਿਓ ਕਾਲਰ ਬਿਰਖ ਜਿਵਹਾ ॥੧॥
5. ਆਇਓ ਲਾਭੁ ਲਾਭਨ ਕੈ ਤਾਈ
ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥
6. ਕਾਚ ਬਾਦਰੈ ਲਾਲੁ ਖੋਈ ਹੈ
ਫਿਰਿ ਇਹੁ ਅਉਸਰੁ ਕਦਿ ਲਹਾ ॥੨॥
7. ਸਗਲ ਪਰਾਧ ਏਕੁ ਗੁਣੁ ਨਾਹੀ
ਠਾਕੁਰੁ ਛੋਡਹ ਦਾਸਿ ਭਜਹਾ ॥
8. ਆਈ ਮਸਟਿ ਜੜਵਤ ਕੀ ਨਿਆਈ
ਜਿਉ ਤਸਕਰੁ ਦਰਿ ਸਾਂਨ੍ਹਿਹਾ ॥੩॥
9. ਆਨ ਉਪਾਉ ਨ ਕੋਊ ਸੂਝੈ
ਹਰਿ ਦਾਸਾ ਸਰਣੀ ਪਰਿ ਰਹਾ ॥
10. ਕਹੁ ਨਾਨਕ ਤਬ ਹੀ ਮਨ ਛੁਟੀਐ
ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥

ਪਦ ਅਰਥ:–ਪੂਛੇ–ਜੇ (ਤੈਨੂੰ) ਪੁਛਿਆ ਜਾਏ । ਕਿਆ ਕਹਾ–ਕੀਹ ਦਸੇਂਗਾ ? ਲੈਨੋ–ਲੈਣਾ ਸੀ । ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ । ਨੀਕੋ–ਸੋਹਣਾ । ਬਾਵਰ–ਹੇ ਕਮਲੇ । ਬਿਖੁ–ਆਤਮਕ ਮੌਤ ਲਿਆਉਣ ਵਾਲੀ ਮਾਇਆ ਦਾ ਮੋਹ ਜ਼ਹਰ । ਰਹਿ ਰਹਾ–ਚੰਬੜ ਰਿਹਾ ਹੈ ।੧।ਰਹਾਉ।

ਦੁਲਭ–ਬੜੀ ਮੁਸ਼ਕਲ ਨਾਲ ਮਿਲਣ ਵਾਲਾ । ਚਿਰੰਕਾਲ–ਚਿਰਾਂ ਪਿਛੋਂ । ਜਾਤਉ–ਜਾ ਰਿਹਾ ਹੈ । ਬਦਲਹਾ–ਵੱਟੇ ਵਿਚ । ਕਾਥੂਰੀ–ਕਸਤੂਰੀ । ਕੋ–ਦਾ । ਲਾਦਿਓ–ਤੂੰ ਲੱਦ ਲਿਆ ਹੈ, ਤੂੰ ਖਰੀਦ ਲਿਆ ਹੈ । ਬਿਰਖ ਜਿਵਹਾ–ਜਿਵਾਂਹ ਦੇ ਬੂਟੇ ।੧।

ਲਭਨ ਕੈ ਤਾਈ–ਲੱਭਣ ਵਾਸਤੇ । ਮੋਹਨਿ–ਮਨ ਨੂੰ

ਮੋਹ ਲੈਣ ਵਾਲੀ ਠਗਉਰੀ—ਠਗ ਮੂਰੀ, ਠਗ ਬੂਟੀ। ਉਲਝਿ ਪਹਾ—ਮਨ ਜੋੜ ਬੈਠਾ ਹੈ । ਕਾਚ—ਕੱਚ । ਬਾਦਰੈ—ਬਦਲੇ, ਵੱਟੇ ਵਿਚ। ਖੋਈ ਹੈ—ਗਵਾ ਰਿਹਾ ਹੈ । ਅਉਸਰੁ—ਸਮਾਂ। ਕਦਿ—ਕਦੋਂ ? ਲਹਾ—ਲੱਭੇਗਾ ।੨।

ਪਰਾਧ—ਅਪਰਾਧ, ਖ਼ੁਨਾਮੀਆਂ। ਛੋਡਹ—ਅਸੀਂ ਜੀਵ ਛੱਡ ਦੇਂਦੇ ਹਾਂ। ਦਾਸਿ—ਦਾਸੀ, ਮਾਇਆ । ਭਜਹਾ—ਭਜਹ, ਅਸੀਂ ਸੇਵਦੇ ਹਾਂ। ਮਸਟਿ—ਚੁੱਪ, ਮੂਰਛਾ ਜਿਹੀ। ਜੜਵਤ ਕੀ ਨਿਆਈ—ਜੜ੍ਹ (ਬੇ-ਜਾਨ) ਪਦਾਰਥਾਂ ਵਾਂਗ। ਤਸਕਰੁ—ਚੋਰ। ਦਰਿ—ਦਰ ਤੇ, ਬੂਹੇ ਤੇ। ਸਾਨਹਾ—ਸੰਨ ।੩।

ਉਪਾਉ—ਇਲਾਜ । ਪਰਿ ਰਹਾ—ਮੈਂ ਪਿਆ ਰਹਿੰਦਾ ਹਾਂ। ਮਨ—ਹੇ ਮਨ । ਛੁਟੀਐ—ਮਾਇਆ ਦੇ ਪੰਜੇ ਤੋਂ ਬਚ ਸਕੀਦਾ ਹੈ। ਜਉ—ਜਦੋਂ। ਮੇਟਿ ਧਰਹਾ—ਮੇਟਿ ਧਰਹ, ਅਸੀਂ ਮਿਟਾ ਦੇਵੀਏ ।੪।

ਅਰਥ:—

ਪ੍ਰ:—ਸ੍ਰੀ ਜੀਉ, ਮੈਨੂੰ ਦਸੋ ਕਿ ਕੀ ਕਰਨਾ ਚਾਹੀਦਾ ਹੈ ?

1. ਉ:—ਹੇ ਕਮਲਿਆ (ਪਹਿਲੋਂ ਤੂੰ ਇਹ ਦਸ) ਹੁਣ ਜੇ ਤੈਨੂੰ ਪੁਛਿਆ ਜਾਏ (ਕਿ ਤੇਰਾ ਪਿਛਲਾ ਬੀਤ ਚੁੱਕਾ ਜੀਵਨ ਦਾ ਹਿੱਸਾ ਕਿਵੇਂ ਗੁਜ਼ਰਿਆ ਹੈ) ਤਾਂ ਕੀਹ ਦਸੇਂਗਾ ?
2. (ਕਿਉਂਕਿ) (ਤੂੰ ਇਥੇ ਜਗਤ ਵਿਚ ਆ ਕੇ) ਆਤਮਕ ਜੀਵਨ ਦੇਣ ਵਾਲਾ ਪ੍ਰਭੂ ਦਾ ਸੋਹਣਾ ਨਾਮ ਰਸ ਲੈਣਾ ਸੀ, ਪਰ ਤੂੰ ਤਾਂ ਆਤਮਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ ਦੇ ਨਾਲ ਹੀ ਚੰਬੜ ਰਿਹਾ ਹੈਂ ।੧।ਰਹਾਉ।
3. ਹੇ ਝੱਲੇ, ਬੜੇ ਚਿਰਾਂ ਪਿਛੋਂ (ਤੈਨੂੰ) ਦੁਰਲੱਭ (ਮਨੁੱਖਾ) ਜਨਮ ਮਿਲਿਆ ਸੀ, ਪਰ ਇਹ ਤਾਂ ਕੌਡੀ ਦੇ ਵੱਟੇ ਜਾ ਰਿਹਾ ਹੈ।
4. ਹੇ ਕਮਲਿਆ ! ਤੂੰ ਤਾਂ ਇਥੇ ਕਸਤੂਰੀ ਦਾ ਗਾਹਕ ਬਣਨ ਲਈ ਆਇਆ ਸੀ। ਪਰ ਤੂੰ ਇਥੋਂ ਕੱਲਰ ਲੱਦ ਲਿਆ ਹੈ, ਜਿਵਾਂਹਾਂ ਦੇ ਬੂਟੇ ਲੱਦ ਲਏ ਹਨ, (ਭਾਵ ਤੂੰ ਇਥੇ ਭਗਤੀ ਰੂਪੀ ਕਸਤੂਰੀ ਲੈਣ ਆਇਆ ਸੀ, ਪਰ ਤੂੰ ਵਿਕਾਰਾਂ ਦਾ ਕੱਲਰ ਲੱਦ ਲਿਆ ਹੈ, ਜਿਵਾਂਹਾਂ ਰੂਪ ਵਿਸ਼ਿਆਂ ਦੇ ਬੂਟੇ ਲੱਦ ਲਏ ਹਨ) ।੧।
5. ਹੇ ਕਮਲੇ, (ਤੂੰ ਜਗਤ ਵਿਚ ਆਤਮਕ ਜੀਵਨ ਦਾ) ਲਾਭ ਖੱਟਣ ਲਈ ਆਇਆ ਸੀ, ਪਰ ਤੂੰ ਤਾਂ ਮਨ ਨੂੰ ਮੋਹਣ ਵਾਲੀ ਮਾਇਆ ਠਗ ਬੂਟੀ ਨਾਲ ਹੀ ਆਪਣਾ ਮਨ ਜੋੜ ਬੈਠਾ ਹੈਂ।
6. ਤੂੰ ਕੱਚ ਦੇ ਵੱਟੇ ਲਾਲ ਗਵਾ ਰਿਹਾ ਹੈਂ, ਹੇ ਕਮਲੇ, ਇਹ ਮਨੁਖਾ ਜਨਮ ਵਾਲਾ ਸਮਾਂ ਫਿਰ ਕਦੋਂ ਲੱਭੇਗਾ ।੨।
7. ਹੇ ਭਾਈ ! ਅਸਾਂ ਜੀਵਾਂ ਵਿਚ ਸਾਰੀਆਂ ਖ਼ੁਨਾਮੀਆਂ ਹੀ ਹਨ, ਗੁਣ ਇਕ ਭੀ ਨਹੀਂ, ਅਸੀਂ ਮਾਲਕ ਪ੍ਰਭੂ ਨੂੰ ਛੱਡ ਦੇਂਦੇ ਹਾਂ ਅਤੇ ਉਸਦੀ ਦਾਸੀ ਦੀ ਹੀ ਸੇਵਾ ਕਰਦੇ ਰਹਿੰਦੇ ਹਾਂ।

ਪ੍ਰ.—ਸ੍ਰੀ ਜੀਉ ! ਇਸਦਾ ਬੋਧ ਸਾਨੂੰ ਕਿਵੇਂ ਹੋਵੇ ?

8. ਉ:—ਹੇ ਭਾਈ ! ਵੇਖੋ, ਜਿਵੇਂ ਕੋਈ ਚੋਰ ਸੰਨ੍ਹ ਦੇ ਬੂਹੇ ਤੇ (ਫੜਿਆ ਜਾ ਕੇ ਮਾਰ ਖਾ ਖਾ ਕੇ ਬੇਹੋਸ਼ ਹੋ ਜਾਂਦਾ ਹੈ, ਤਿਵੇਂ ਨਾਮ ਜਪਣ ਵਲੋਂ ਸਾਨੂੰ) ਜੜ੍ਹ ਪਦਾਰਥਾਂ ਵਾਂਗ ਮੂਰਛਾ ਹੀ ਆਈ ਰਹਿੰਦੀ ਹੈ ।੩।

ਪ੍ਰ:—ਗੁਰਦੇਵ ਜੀਉ ! ਆਖਰ ਮਾਇਆ ਦੇ ਪੰਜੇ ਵਿਚੋਂ ਨਿਕਲਣ ਲਈ ਸਾਨੂੰ ਕਿਹੜਾ ਜਤਨ ਕਰਦੇ ਰਹਿਣਾ ਚਾਹੀਦਾ ਹੈ ?

9. ਉ:—ਹੇ ਭਾਈਓ ! (ਇਸ ਮੋਹਨੀ ਮਾਇਆ ਦੇ ਪੰਜੇ ਵਿਚੋਂ ਨਿਕਲਣ ਵਾਸਤੇ ਮੈਨੂੰ ਤਾਂ) ਕੋਈ ਹੋਰ ਢੰਗ ਨਹੀਂ ਸੁੱਝਦਾ, (ਇਸ ਲਈ) ਮੈਂ ਤਾਂ ਪ੍ਰਮਾਤਮਾਂ ਦੇ ਦਾਸਾਂ ਦੀ ਸ਼ਰਨ ਪਿਆ ਰਹਿੰਦਾ ਹਾਂ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਨ ! ਮਾਇਆ ਦੇ ਮੋਹ ਤੋਂ ਤਦੋਂ ਹੀ ਬਚੀਦਾ ਹੈ ਜਦੋਂ (ਪ੍ਰਭੂ ਦੇ ਸੇਵਕਾਂ ਦੀ ਸ਼ਰਨੀ ਪੈ ਕੇ ਆਪਣੇ ਅੰਦਰੋਂ) ਅਸੀਂ ਸਾਰੇ ਅਉਗਣ ਮਿਟਾ ਦੇਈਏ ।੪।੪।

ਭਾਵਾਰਥ :—ਮਨ ਜਦ ਤਕ ਜੜ੍ਹ ਹਾਲਤ ਵਿਚ ਰਹਿੰਦਾ ਹੈ, ਤਦ ਤਕ ਜੀਵਨ ਦੇ ਅਸਲ ਮਨੋਰਥ (ਨਾਮ ਜਪਣ) ਨੂੰ ਛੱਡ ਕੇ ਹੋਰ ਵਿਅਰਥ ਕੰਮਾਂ ਵਿਚ ਲਗਾ ਰਹਿੰਦਾ ਹੈ।

ਸਾਰਗ ਮਹਲਾ ੫ ॥

1. **ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥**
2. **ਅਨਿਕ ਭਾਂਤਿ ਆਨੂਪ ਰੰਗ ਰੇ**
   ਤਿਨ ਸਿਉ ਰੁਚੈ ਨ ਲਾਗਿਓ ॥੧॥ਰਹਾਉ॥
3. **ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ**
   ਨੀਂਦ ਪਲਕ ਨਹੀ ਜਾਗਿਓ ॥
4. **ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ**
   ਬਿਨੁ ਪਿਰ ਸਭੈ ਬਿਖੁ ਲਾਗਿਓ ॥੧॥
5. **ਪੂਛਉ ਪੂਛਉ ਦੀਨ ਭਾਂਤਿ ਕਰਿ**
   ਕੋਊ ਕਹੈ ਪ੍ਰਿਅ ਦੇਸਾਂਗਿਓ ॥
6. **ਹੀਂਉ ਦੇਂਉ ਸਭੁ ਮਨੁ ਤਨੁ ਅਰਪਉ**
   ਸੀਸੁ ਚਰਣ ਪਰਿ ਰਾਖਿਓ ॥੨॥
7. **ਚਰਣ ਬੰਦਨਾ ਅਮੋਲ ਦਾਸਰੋ**
   ਦੇਂਉ ਸਾਧ ਸੰਗਤਿ ਅਰਦਾਗਿਓ ॥
8. **ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ**
   ਨਿਮਖ ਦਰਸੁ ਪੇਖਾਗਿਓ ॥੩॥
9. **ਦ੍ਰਿਸਟਿ ਭਈ ਤਬ ਭੀਤਰਿ ਆਇਓ**
   ਮੇਰਾ ਮਨੁ ਅਨਦਿਨੁ ਸੀਤਲਾਗਿਓ ॥
10. **ਕਹੁ ਨਾਨਕ ਰਸਿ ਮੰਗਲ ਗਾਏ**
    ਸਬਦੁ ਅਨਾਹਦੁ ਬਾਜਿਓ ॥੪॥੫॥

ਪਦ ਅਰਥ :–ਮਾਈ–ਹੇ ਮਾਂ । ਧੀਰਿ–ਧੀਰਜ, ਸਹਾਰਨ ਦੀ ਤਾਕਤ । ਰਹੀ–ਰਹਿ ਗਈ ਹੈ, ਮੁੱਕ ਗਈ ਹੈ। ਪ੍ਰਿਅ ਬਿਰਾਗਿਓ–ਪਿਆਰੇ ਦੇ ਵੈਰਾਗ, ਪਿਆਰੇ ਤੋਂ ਵਿਛੋੜੇ ਦਾ ਦਰਦ। ਅਨਿਕ ਭਾਂਤਿ–ਅਨੇਕਾਂ ਕਿਸਮਾਂ ਦੇ। ਆਨੂਪ–ਅਨੂਪ, ਸੋਹਣੇ। ਹੇ–ਹੇ ਭਾਈ। ਰੁਚੈ–ਪਿਆਰ, ਖਿੱਚ।੧।ਰਹਾਉ।

ਨਿਸਿ–ਰਾਤ । ਬਾਸੁਰ–ਦਿਨ । ਪ੍ਰਿਅ–ਹੇ ਪਿਆਰੇ। ਮੁਖਿ–ਮੂੰਹ ਨਾਲ । ਟੇਰਉ–ਟੇਰਉਂ, ਮੈਂ ਉਚਾਰਦੀ ਹਾਂ, ਮੈਂ ਪੁਕਾਰਦੀ ਹਾਂ। ਕਜਰ–ਕੱਜਲ । ਬਸਤ੍ਰ–ਕਪੜੇ। ਸੀਗਾਰ–ਸ਼ਿੰਗਾਰ, ਗਹਿਣੇ । ਰੇ–ਹੇ ਭਾਈ । ਬਿਖੁ–ਆਤਮਕ ਮੌਤ ਲਿਆਉਣ ਵਾਲੀ ਜ਼ਹਿਰ।੧।

ਪੂਛਉ–ਪੂਛਉਂ, ਮੈਂ ਪੁਛਦੀ ਹਾਂ। ਦੀਨ–ਨਿਮਾਣੀ। ਦੀਨ ਭਾਂਤਿ ਕਰਿ–ਨਿਮਾਣਿਆਂ ਵਾਂਗ । ਭਾਂਤਿ–ਤਰੀਕਾ। ਪ੍ਰਿਅ ਦੇਸਾਂਗਿਓ–ਪਿਆਰੇ ਦਾ ਦੇਸ। ਹੀਂਉ–ਹਿਰਦਾ [ਅਖ਼ਰ 'ੳ' ਦੇ ਨਾਲ ਦੋ ਲਗਾਂ ਹਨ–(ੋ) ਅਤੇ (ੁ) ਅਸਲ ਲਫਜ਼ 'ਹੀਂਰੁ' ਹੈ ਇਥੇ 'ਹੀਤੋ' ਪੜ੍ਹਨਾ ਹੈ] ਦੇਉਂ–ਮੈਂ ਦੇਂਦੀ ਹਾਂ, ਮੈਂ ਦੇਣ ਨੂੰ ਤਿਆਰ ਹਾਂ। ਅਰਪਉ–ਅਰਪਉਂ, ਮੈਂ ਭੇਟ ਕਰਦੀ ਹਾਂ। ਰਾਖਿਓ–ਰਾਖਿ, ਰੱਖ ਕੇ।੨।

ਬੰਦਨਾ–ਨਮਸਕਾਰ। ਅਮੋਲ–ਮੁੱਲ ਤੋਂ ਬਿਨਾਂ, ਦੰਮਾਂ ਤੋਂ ਬਿਨਾਂ । ਦਾਸਰੋ–ਨਿਮਾਣਾ ਜਿਹਾ ਦਾਸ। ਅਰਦਾਗਿਓ–ਮੈਂ ਅਰਦਾਸ ਭੇਟ ਕਰਦਾ ਹਾਂ । ਮੋਹਿ–ਮੈਨੂੰ। ਨਿਮਖ-ਅੱਖ ਝਮਕਣ ਜਿਤਨਾਂ ਸਮਾਂ। ਪੇਖ ਗਿਓ–ਮੈਂ ਦੇਖਾਂ, ਮੈਂ ਪੇਖਾਂ।੩।

ਦ੍ਰਿਸਟਿ–(ਮਿਹਰ ਦੀ) ਨਿਗਾਹ । ਭੀਤਰਿ–ਮੇਰੇ ਹਿਰਦੇ ਵਿਚ। ਅਨਦਿਨੁ–ਹਰ ਰੋਜ਼,ਹਰ ਵੇਲੇ। ਸੀਤਲਾਗਿਓ–ਸੀਤਲ, ਸ਼ਾਂਤ, ਠੰਡਾ ਠਾਰ। ਰਸਿ–ਸੁਆਦ ਨਾਲ। ਮੰਗਲ–ਖੁਸ਼ੀ ਦੇ ਗੀਤ, ਸਿਫਤ ਸਾਲਾਹ ਦੇ ਗੀਤ। ਅਨਾਹਦੁ -[ਅਨ-ਆਹਤ] ਬਿਨਾ ਬਜਾਏ, ਇਕ ਰਸ, ਹਰ ਵੇਲੇ । ਸ਼ਬਦ ਬਾਜਿਓ–ਗੁਰੂ ਦਾ ਸ਼ਬਦ ਵੱਜ ਰਿਹਾ ਹੈ, ਸ਼ਬਦ ਆਪਣਾ ਪੂਰਾ ਪ੍ਰਭਾਵ ਪਾ ਰਿਹਾ ਹੈ।੪।

ਅਰਥ:–

ਪ੍ਰ:–ਗੁਰਦੇਵ ਜੀਉ ! ਕੀ ਰੱਬੀ ਮਾਰਗ ਤੇ ਟੁਰਦਿਆਂ ਤੁਹਾਨੂੰ ਕਦੀ ਰੱਬੀ ਵਿਛੋੜੇ ਦਾ ਦੁੱਖ ਭੀ ਅਨਭਵ ਹੁੰਦਾ ਹੈ ?

1.**ਉ**:–ਹੇ (ਮੇਰੀ) ਮਾਂ (ਮੇਰੇ ਅੰਦਰ) ਪਿਆਰੇ ਤੋਂ ਵਿਛੋੜੇ ਦਾ ਦਰਦ ਬਹੁਤ ਤੇਜ ਹੋ ਗਿਆ ਹੈ, (ਕਿ) ਇਸਨੂੰ ਸਹਾਰਨ ਦੀ (ਹੁਣ) ਤਾਕਤ ਨਹੀਂ ਰਹਿ ਗਈ।

ਪ੍ਰ:–ਕਿਉਂ ਜੀ, ਇਸ ਵਿਛੋੜੇ ਦੀ ਅਨਭਵਤਾ ਤੁਹਾਨੂੰ ਕਿਵੇਂ ਹੋ ਰਹੀ ਹੈ ?

2.**ਉ**–ਹੇ ਭਾਈਓ ! ਉਹ ਇਉਂ ਹੋ ਰਹੀ ਹੈ ਕਿ, ਦੁਨੀਆਂ ਦੇ, ਅਨੇਕਾਂ ਕਿਸਮਾਂ ਦੇ ਸੋਹਣੇ ਸੋਹਣੇ ਰੰਗ ਤਮਾਸ਼ੇ ਹਨ, ਪਰ ਮੇਰੇ ਅੰਦਰ ਇਨ੍ਹਾਂ ਵਾਸਤੇ ਕੋਈ ਖਿਚ ਹੀ ਨਹੀਂ ਪੈਂਦੀ, (ਭਾਵ ਮੈਨੂੰ ਭਾਉਂਦੇ ਹੀ ਨਹੀਂ) ।੧।ਰਹਾਉ।

ਪ੍ਰ:–ਸ੍ਰੀ ਜੀਉ, ਇਸ ਹਾਲਤ ਵਿਚ ਤੁਹਾਡਾ ਸਮਾਂ ਕਿਵੇਂ ਗੁਜਰਦਾ ਹੈ ?

3.**ਉ**:–ਹੇ (ਵੀਰ ਜੀ) ਹੁਣ ਤਾਂ ਮੈਂ ਰਾਤ ਦਿਨ (ਆਪਣੇ) ਮੂੰਹੋਂ ਹੇ ਪਿਆਰੇ, ਹੇ ਪਿਆਰੇ, ਬੋਲਦੀ ਰਹਿੰਦੀ ਹਾਂ, ਮੈਨੂੰ ਇੱਕ ਪਲ ਭਰ ਭੀ ਨੀਂਦ ਨਹੀਂ ਆਉਂਦੀ, ਸਦਾ ਜਾਗ ਕੇ (ਸਮਾਂ ਗੁਜਾਰ ਰਹੀ ਹਾਂ)।

ਪ੍ਰ:–ਗੁਰਦੇਵ ਜੀਉ ! ਵੇਖ ਰਹੇ ਹਾਂ ਕਿ ਆਪ ਜੀ ਨੂੰ ਹਰ ਪ੍ਰਕਾਰ ਦਾ ਪਦਾਰਥਕ ਸੁਖ ਪ੍ਰਾਪਤ ਹੈ, ਫਿਰ ਭੀ ਆਪ ਨੂੰ ਇਤਨਾ ਦੁਖ ਕਿਉਂ ਪ੍ਰਤੀਤ ਹੋ ਰਿਹਾ ਹੈ ?

8. ਹੇ (ਵੀਰ ਜੀ) ਇਹ ਸੁਖ ਇਉਂ ਹੀ ਸਮਝੋ, ਜਿਵੇਂ ਕਿ ਕਿਸੇ ਇਸਤ੍ਰੀ ਨੂੰ ਸਾਰੇ ਹਾਰ, ਕੱਜਰ, ਕਪੜੇ, ਅਨੇਕਾਂ ਗਹਿਣੇ ਪ੍ਰਾਪਤ ਹੋਣ (ਪਰ ਪਤੀ ਦੇ ਮਿਲਾਪ ਤੋਂ ਬਿਨਾਂ ਇਹ ਉਸ ਨੂੰ ਸਾਰੇ ਹੀ ਦੁਖ ਰੂਪ ਹਨ) ਇਸੇ ਹੀ ਤਰ੍ਹਾਂ ਪ੍ਰਭੂ ਪਤੀ ਦੇ ਮਿਲਾਪ ਤੋਂ ਸਖਣੇ ਮੈਨੂੰ ਇਹ ਆਤਮਕ ਮੌਤ ਲਿਆਉਣ ਵਾਲੀ ਜ਼ਹਿਰ ਦਿਸ ਰਹੇ ਹਨ ।੧।

5. ਹੇ ਮਾਂ, ਹੁਣ ਤਾਂ ਮੈਂ ਨਿਮਾਣਿਆਂ ਵਾਂਗ ਮੁੜ ਮੁੜ ਪੁਛਦੀ ਫਿਰਦੀ ਹਾਂ, ਭਲਾ ਜੀ ਕੋਈ ਮੈਨੂੰ ਪਿਆਰੇ ਦਾ ਦੇਸ਼ ਦਸ ਦੇਵੇ।

ਪ੍ਰ:–ਕਿਉਂ ਜੀ, ਉਸ ਪਿਆਰੇ ਦੇ ਦੇਸ ਦੱਸਣ ਵਾਲੇ ਨੂੰ ਤੁਸਾਂ ਭੇਟਾ ਕੀ ਦਿਓਗੇ ?

6.**ਉ**:-ਹੇ ਮਾਂ, (ਮੈਂ ਉਸ ਪਿਆਰੇ ਦੇ ਦੇਸ ਦੱਸਣ ਵਾਲੇ ਦੇ) ਚਰਨਾਂ ਉਤੇ (ਆਪਣਾ) ਸਿਰ ਰੱਖਕੇ, ਮੈਂ ਆਪਣਾ ਹਿਰਦਾ, ਆਪਣਾ ਮਨ ਆਪਣਾ ਤਨ ਸਭ ਕੁਝ ਭੇਟਾ ਕਰਨ ਨੂੰ ਤਿਆਰ ਹਾਂ।੨।

7. ਹੇ ਭਾਈ ! ਮੈਂ ਸਾਧ ਸੰਗਤ ਦੇ ਚਰਨਾਂ ਤੇ ਨਮਸਕਾਰਾਂ ਕਰਦਾ ਹਾਂ, ਮੈਂ ਸਾਧ ਸੰਗਤ ਦਾ ਦਮਾਂ ਤੋਂ ਬਿਨਾ ਹੀ ਇਕ ਨਿਮਾਣਾ ਜਿਹਾ ਦਾਸ ਹਾਂ।

8. (ਅਤੇ) ਮੈਂ ਸਾਧ ਸੰਗਤ ਅਗੇ ਅਰਦਾਸ ਕਰਦਾ ਹਾਂ ਕਿ, (ਮੇਰੇ ਉਤੇ) ਮਿਹਰ ਕਰੋ ਕਿ ਮੈਨੂੰ ਪ੍ਰਮਾਤਮਾਂ ਮਿਲਾ ਦਿਓ ਮੈਂ (ਉਸਦਾ) ਅੱਖ ਝਮਕਣ ਜਿਤਨੇ ਸਮੇਂ ਲਈ ਹੀ ਦਰਸ਼ਨ ਕਰ ਲਵਾਂ।੩।

ਪ੍ਰ:–ਸ੍ਰੀ ਜੀਉ ! ਆਖਰ ਇਨ੍ਹਾਂ ਜੋਦੜੀਆਂ ਕਰਦੇ ਰਹਿਣ ਦਾ ਤੁਹਾਨੂੰ ਫਲ ਕੀ ਹਾਸਲ ਹੋਇਆ ?

9. **ਉ**:–ਹੇ ਭਾਈਓ ! ਇਨ੍ਹਾਂ ਹੀ ਜੋਦੜੀਆਂ ਦਾ ਸਦਕਾ ਜਦੋਂ ਪ੍ਰਮਾਤਮਾਂ ਦੀ ਮਿਹਰ ਦੀ ਨਿਗਾਹ (ਮੇਰੇ ਉਤੇ) ਹੋਈ ਤਦੋਂ ਉਹ ਮੇਰੇ ਹਿਰਦੇ ਵਿਚ ਆ ਵਸਿਆ, ਹੁਣ ਮੇਰਾ ਮਨ ਹਰ ਵੇਲੇ ਠੰਢਾ ਠਾਰ ਰਹਿੰਦਾ ਹੈ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ ਹੇ ਭਾਈਓ ! ਹੁਣ ਮੈਂ ਉਸਦੀ ਸਿਫਤ ਸਾਲਾਹ ਦੇ ਗੀਤ ਸੁਆਦ ਨਾਲ ਗਾਂਦਾ ਹਾਂ (ਮੇਰੇ ਅੰਦਰ) ਗੁਰੂ ਦਾ ਸ਼ਬਦ ਇਕ ਰਸ ਆਪਣਾ

ਪੂਰਾ ਪ੍ਰਭਾਵ ਪਾਈ ਰੱਖਦਾ ਹੈ ।੪।੫।

ਭਾਵਾਰਥ :–ਜਦੋਂ ਮਨ ਜਾਗਦਾ ਹੈ, ਤਾਂ ਉਸ ਵਿਚ ਹਰੀ ਲਈ ਵਿਰਾਗ ਪੈਦਾ ਹੁੰਦਾ ਹੈ ਅਤੇ ਹਰੀ ਪ੍ਰੇਮ ਤੋਂ ਬਿਨਾਂ ਕੋਈ ਰਸ ਚੰਗੇ ਨਹੀਂ ਲਗਦੇ । ਇਸ ਲਈ ਸਾਧ ਸੰਗਤ ਅਗੇ ਇਹੀ ਅਰਦਾਸ ਹੈ ਕਿ ਹਰੀ ਦੇ ਦਰਸ਼ਨ ਕਰਾ ਦਿਓ ।

ਸਾਰਗ ਮਹਲਾ ੫ ॥

1. ਮਾਈ ਸਤਿ ਸਤਿ ਸਤਿ ਹਰਿ ਸਤਿਸਤਿ ਸਤਿ ਸਾਧਾ॥
2. ਬਚਨੁ ਗੁਰੂ ਜੋ ਪੂਰੈ ਕਹਿਓ
ਮੈ ਛੀਕਿ ਗਾਂਠਰੀ ਬਾਧਾ ॥੧॥ਰਹਾਉ॥
3. ਨਿਸਿ ਬਾਸੁਰ ਨਖਿਅਤ੍ਰ ਬਿਨਾਸੀ
ਰਵਿ ਸਸੀਅਰ ਬੇਨਾਧਾ ॥
4 ਗਿਰਿ ਬਸੁਧਾ ਜਲ ਪਵਨ ਜਾਇਗੋ
ਇਕਿ ਸਾਧ ਬਚਨ ਅਟਲਾਧਾ ॥੧॥
5. ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
6. ਚਾਰਿ ਬਿਨਾਸੀ ਖਟਹਿ ਬਿਨਾਸੀ
ਇਕਿ ਸਾਧ ਬਚਨ ਨਿਹਚਲਾਧਾ ॥੨॥
7. ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
8. ਦ੍ਰਿਸਟਿਮਾਨ ਹੈ ਸਗਲ ਬਿਨਾਸੀ
ਇਕਿ ਸਾਧ ਬਚਨ ਆਗਾਧਾ ॥੩॥
9. ਆਪੇ ਆਪਿ ਆਪ ਹੀ ਆਪੇ
ਸਭੁ ਆਪਨ ਖੇਲੁ ਦਿਖਾਧਾ॥
10. ਪਾਇਓ ਨ ਜਾਈ ਕਹੀ ਭਾਂਤਿ ਰੇ
ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥

ਪਦ ਅਰਥ :–ਮਾਈ–ਹੇ ਮਾਂ । ਸਤਿ ਹਰਿ–ਸਦਾ ਕਾਇਮ ਰਹਿਣ ਵਾਲਾ ਹਰੀ । ਸਤਿ ਸਾਧਾ - ਅਟੱਲ ਆਤਮਕ ਜੀਵਨ ਵਾਲਾ ਗੁਰੂ । ਗੁਰੂ ਪੂਰੈ–ਪੂਰੇ ਗੁਰੂ ਨੇ । ਛੀਕਿ–ਖਿੱਚ ਕੇ ।ਗਾਂਠਰੀ–ਪੱਲੇ । ਬਾਧਾ–ਬੰਨ੍ਹ ਲਿਆ ਹੈ ।੧।ਰਹਾਉ।

ਨਿਸਿ–ਰਾਤ । ਬਾਸੁਰ–ਦਿਨ । ਨਖਿਅਤ੍ਰ–ਤ ਰੇ । ਬਿਨਾਸੀ–ਨਾਸਵੰਤ । ਰਵਿ–ਸੂਰਜ । ਸਸੀਅਰ–ਚੰਦ੍ਰਮਾਂ । ਬੇਨਾਧਾ–ਨਾਸਵੰਤ । ਗਿਰਿ–ਪਹਾੜ । ਬਸੁਧਾ–ਧਰਤੀ । ਪਵਨ–ਹਵਾ । ਇਕਿ–[ਲਫਜ਼ "ਇਕ" ਤੋਂ ਬਹੁ ਵਚਨ] ।੧।

ਅੰਡ, ਜੇਰ, ਉਤਭੁਜ, ਸੇਤ–ਅੰਡਿਆਂ ਤੋਂ, ਜਿਓਰ ਤੋਂ, ਧਰਤੀ ਤੋਂ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ । ਚਾਰਿ–ਚਾਰ ਵੇਦ । ਖਟਹਿ–ਛੇ ਸ਼ਾਸ਼ਤ੍ਰ ਭੀ । ਨਿਹਚਲਾਧਾ–ਅਟੱਲ ।੨।

ਰਾਜ, ਤਾਮ, ਸਾਤਕ - ਰਾਜਸ, ਤਾਮਸ, ਸਾਤਕ (ਮਾਇਆ ਦੇ ਤਿੰਨ ਗੁਣ)–ਇਨ੍ਹਾਂ ਗੁਣਾਂ ਦੇ ਪ੍ਰਭਾਵ ਵਿਚ ਰਹਿਣ ਵਾਲੇ ਸਾਰੇ ਜੀਵ । ਦ੍ਰਿਸਟਿਮਾਨ–ਜੋ ਕੁਝ ਦਿਸ ਰਿਹਾ ਹੈ, ਇਹ ਸਾਰਾ ਦਿਸਦਾ ਜਗਤ । ਆਗਾਧਾ–ਅਗਾਧਾ, ਅਥਾਹ, ਅੰਤ ਰਹਿਤ ।੩।

ਆਪੇ–ਆਪ ਹੀ । ਸਭੁ ਖੇਲੁ–ਸਾਰਾ (ਜਗਤ) ਤਮਾਸ਼ਾ । ਕਹੀ ਭਾਂਤਿ–(ਹੋਰ) ਕਿਸੇ ਤਰੀਕੇ ਨਾਲ । ਰੇ–ਹੇ ਭਾਈ । ਗੁਰ ਮਿਲਿ–ਗੁਰੂ ਨੂੰ ਮਿਲਕੇ ।੪।

ਅਰਥ:–

ਪ੍ਰ:–ਸ੍ਰੀ ਜੀਉ ! ਇਸ ਦਿਸ ਰਹੇ ਸੰਸਾਰ ਵਿਚ ਸਤਿ ਰਹਿਣ ਵਾਲੀ ਕਿਹੜੀ ਵਸਤੂ ਹੈ ?

1. **ਉ**:–ਹੇ ਭਾਈਓ ! ਹੇ ਮਾਂ ਇਸ ਦ੍ਰਿਸ਼ਟਮਾਨ ਜਗਤ ਵਿਚ ਤਾਂ ਕੇਵਲ ਇੱਕ ਪ੍ਰਮਾਤਮਾਂ ਹੀ ਸਦਾ ਕਾਇਮ ਰਹਿਣ ਵਾਲਾ ਹੈ, (ਜਾਂ) ਪ੍ਰਮੇਸ਼ਰ ਦੇ ਸੰਤ ਜਨ ਭੀ ਅਟੱਲ ਆਤਮਕ ਜੀਵਨ ਵਾਲੇ ਹਨ ।

ਪ੍ਰ:–ਗੁਰਦੇਵ ਜੀਉ ! ਇਹ ਉਪਦੇਸ਼ ਤਾਂ ਸਾਰੇ ਹੀ ਲੋਕ ਗੁਰੂ ਤੋਂ ਸੁਣਦੇ ਹਨ, ਪਰ ਸਾਰਿਆਂ ਨੂੰ ਹੀ ਇਹ ਨਿਸਚਾ ਕਿਉਂ ਨਹੀਂ ਹੁੰਦਾ, ਜੋ ਕਿ ਆਪ ਜੀ ਨੂੰ ਹੋ ਆਇਆ ਹੈ ?

2. **ਉ**:–ਹੇ ਭਾਈਓ, ਅਸਲ ਵਿਚ ਇਹ ਜਿਹੜਾ ਬਚਨ (ਮੈਨੂੰ) ਪੂਰੇ ਗੁਰੂ ਨੇ ਦਸਿਆ ਹੈ, ਮੈਂ ਇਸਨੂੰ ਘੁੱਟ ਕੇ ਆਪਣੇ ਪੱਲੇ ਬੰਨ੍ਹ ਲਿਆ ਹੈ ।੧।ਰਹਾਉ।

ਪ੍ਰ:–ਗੁਰਦੇਵ ਜੀਉ ! ਸਾਨੂੰ ਤਾਂ ਇਹ ਦਿਨ ਰਾਤ ਚੰਦ੍ਰਮਾਂ ਸੂਰਜ ਅਨੰਤ ਕਾਲ ਤੋਂ ਹੀ ਜੋ ਰੋਸ਼ਨੀ ਕਰਦੇ ਆ ਰਹੇ ਹਨ, ਸਤਿ ਹੀ ਪ੍ਰਤੀਤ ਹੋ ਰਹੇ ਹਨ, ਪਰ ਆਪ ਜੀ ਇਨ੍ਹਾਂ ਨੂੰ ਗੁਰਮਤ ਅਨੁਸਾਰ ਕਿਵੇਂ ਅਨਭਵ ਕਰਦੇ ਹੋ ?

3. **ਉ**:–ਹੇ ਭਾਈ ! ਸੁਣੋ ਇਹ ਜੋ ਰਾਤ, ਦਿਨ, ਤਾਰੇ, ਸੂਰਜ, ਚੰਦ੍ਰਮਾਂ ਹਨ ਇਹ ਸਾਰੇ ਹੀ ਨਾਸਵੰਤ ਹਨ ।

4. (ਅਤੇ) ਪਹਾੜ, ਧਰਤੀ, ਪਾਣੀ, ਹਵਾ–ਹਰੇਕ ਚੀਜ਼ ਨਾਸ ਹੋ ਜਾਇਗੀ, (ਪਰ ਇਕ) ਗੁਰੂ ਦੇ ਬਚਨ ਹੀ ਟਲ ਨਹੀਂ ਸਕਦੇ ।੧।

5. ਹੇ ਭਾਈ ! ਅੰਡਿਆਂ ਤੋਂ, ਜਿਓਰ ਤੋਂ, ਧਰਤੀ ਤੋਂ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਸਭ ਜੀਵ ਨਾਸਵੰਤ ਹਨ ।

6. ਹੇ ਭਾਈ ! ਚਾਰ ਵੇਦ, ਛੇ ਸ਼ਾਸ਼ਤ੍ਰ–ਇਹ ਭੀ ਨਾਸਵੰਤ ਹਨ, ਸਿਰਫ ਗੁਰੂ ਦੇ ਬਚਨ ਹੀ ਸਦਾ ਕਾਇਮ ਰਹਿਣ ਵਾਲੇ ਹਨ ।੨।

7. ਹੇ ਭਾਈ ! (ਮਾਇਆ ਦੇ ਤਿੰਨ ਗੁਣ) ਰਾਜਸ, ਤਾਮਸ, ਸਾਤਕ ਨਾਸਵੰਤ ਹਨ ।

8. ਜੋ ਕੁਝ (ਇਹ ਜਗਤ) ਦਿਸ ਰਿਹਾ ਹੈ, ਸਾਰਾ ਨਾਸਵੰਤ ਹੈ, ਸਿਰਫ ਗੁਰੂ ਦੇ ਬਚਨ ਹੀ ਐਸੇ ਹਨ । ਉਹ ਕਦੇ ਭੀ ਕਿਤੇ ਭੀ ਬਦਲ ਨਹੀਂ ਸਕਦੇ (ਭਾਵ, ਆਤਮਕ ਜੀਵਨ ਵਾਸਤੇ ਜੋ ਮਰਯਾਦਾ ਗੁਰੂ ਨੇ ਦੱਸੀ ਹੈ, ਉਹ ਕਦੇ ਭੀ ਬਦਲ ਨਹੀਂ ਸਕਦੀ) ।੩।

9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜਾ ਪ੍ਰਮਾਤਮਾਂ (ਆਪਣੇ ਵਰਗਾ) ਆਪ ਹੀ ਆਪ ਹੈ, ਜਿਸਨੇ ਇਹ ਸਾਰਾ ਆਪਣਾ ਜਗਤ ਤਮਾਸ਼ਾ ਵਿਖਾਇਆ ਹੋਇਆ ਹੈ ।

10. ਉਹ ਹੋਰ ਕਿਸੇ ਭੀ ਤਰੀਕੇ ਨਾਲ ਨਹੀਂ ਮਿਲ ਸਕਦਾ, ਉਹ ਪ੍ਰਭੂ ਗੁਰੂ ਨੂੰ ਮਿਲ ਕੇ (ਹੀ) ਲੱਭ ਸਕੀਦਾ ਹੈ ।੪।੬।

ਭਾਵਾਰਥ :-ਇਹ ਸਾਰੀ ਦੁਨੀਆਂ ਅਤੇ ਇਸਦੇ ਮੰਨੇ ਪ੍ਰਮੰਨੇ ਅਗਵਾਈ ਕਰਨ ਵਾਲੇ ਧਰਮ ਪੁਸਤਕ ਨਾਸ ਹੋ ਜਾਣਗੇ, ਪਰ, ਇਕ ਗੁਰੂ ਦਾ ਬਚਨ ਹੀ ਸਦਾ ਕਾਇਮ ਰਹੇਗਾ ।

ਸਾਰਗ ਮਹਲਾ ੫ ॥

1. **ਮੇਰੈ ਮਨਿ ਬਾਸਿਬੋ ਗੁਰ ਗੋਬਿੰਦ ॥**
2. **ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ ॥੧॥ਰਹਾਉ॥**
3. **ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ॥**
4. **ਜਹ ਗੁਨ ਗਾਇ ਆਨੰਦ ਮੰਗਲ ਰੂਪ ਤਹਾਂ ਸਦਾ ਸੁਖ ਸੰਪਦ ॥੧॥**
5. **ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ ॥**
6. **ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ ॥੨॥**
7. **ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥**
8. **ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥੩॥**
9. **ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧ ਸੰਗਤਿ ਕਿਰਪਾਨਦ ॥**
10. **ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ ॥੪॥੭॥**

ਪਦ ਅਰਥ :—ਮਨਿ—ਮਨ ਵਿਚ । ਬਾਸਿਬੋ—ਵਸਦਾ ਹੈ । ਜਹਾਂ—ਜਿਥੇ । ਸਿਮਰਨੁ ਠਾਕੁਰ—ਠਾਕਰ ਦਾ ਸਿਮਰਨ। ਤਹਾਂ ਨਗਰ—ਉਨ੍ਹਾਂ (ਹਿਰਦੇ) ਨਗਰਾਂ ਵਿਚ ।੧।ਰਹਾਉ।

ਬੀਸਰੈ—ਵਿਸਰ ਜਾਂਦਾ ਹੈ । ਸਭ ਅਪਦ—ਸਾਰੀਆਂ ਬਿਪਤਾਂ। ਗਾਇ—ਗਾਂਦਾ ਹੈ । ਸੰਪਦ—ਐਸ੍ਵਰਜ ।੧।

ਸ੍ਰਵਨ—ਕੰਨਾਂ ਨਾਲ । ਨ ਸੁਨੀਐ—ਨਹੀਂ ਸੁਣੀ ਜਾਂਦੀ। ਤਹ—ਉਥੇ । ਭਇਆਨ—ਭਿਆਨਕ, ਡਰਾਉਣਾ । ਉਦਿਆਨਦ —ਜੰਗਲ । ਕੀਰਤਨੁ—ਸਿਫਤਿ ਸਾਲਾਹ । ਰਸੁ—ਸੁਆਦ । ਸਘਨ ਬਾਸ—ਸੰਘਣੀ ਸੁਗੰਧੀ । ਫਲਾਂਨਦ—ਫਲਾਂ ਦਾ ਅਨੰਦ ।੨।

ਕੋਟਿ ਬਰਖ—ਕ੍ਰੋੜਾਂ ਵਰੇ । ਜੀਵੈ—ਜੇ ਜੀਉਂਦਾ ਰਹੇ। ਸਗਲੀ—ਸਾਰੀ । ਅਉਧ—ਉਮਰ । ਨਿਮਖ—ਅੱਖ ਝਮਕਣ ਜਿਤਨਾ ਸਮਾਂ । ਜੀਵਾਨਦ—ਆਤਮਕ ਜੀਉਣ ਜੀਉਦਾ ਹੈ ।੩।

ਪ੍ਰਭ—ਹੇ ਪ੍ਰਭੂ । ਪਾਵਉ—ਪਾਵਉਂ, ਮੈਂ ਹਾਸਲ ਕਰਾਂ । ਦੀਜੈ—ਦੇਹ । ਕਿਰਪਾਨਦ—ਕਿਰਪਾ ਨਾਲ । ਸਰਬ ਮੈ -ਸਭਨਾ ਵਿਚ, ਸਾਰੀ ਸ੍ਰਿਸ਼ਟੀ ਵਿਚ । ਬਿਧਿ—ਢੰਗ । ਜਾਂਣਦਾ ਹੈ ।੪।

ਅਰਥ :—

ਪ੍ਰ:—ਗੁਰਦੇਵ ਜੀਉ ! ਅਨੇਕਾਂ ਲੋਕਾਂ ਨੇ ਉਸ ਗੁਰੂ ਗੋਬਿੰਦ ਨੂੰ ਭਿੰਨ ਭਿੰਨ ਥਾਵਾਂ ਤੇ ਵਸਦਾ ਮੰਨਿਆ ਹੈ, ਪਰ ਆਪ ਜੀ ਦਾ ਕੀ ਨਿਸਚਾ ਹੈ ?

1. **ਉ**:—ਹੇ ਭਾਈਓ ! ਮੇਰਾ ਤਾਂ ਗੁਰਮਤਿ ਅਨੁਸਾਰ ਇਹੋ ਹੀ ਨਿਸਚਾ ਹੈ ਕਿ, ਉਹ ਗੁਰੂ ਗੋਬਿੰਦ ਮੇਰੇ ਮਨ ਵਿਚ (ਹੀ) ਵੱਸ ਰਿਹਾ ਹੈ ।
2. ਮੈਨੂੰ ਤਾਂ ਹੁਣ ਇਉਂ ਹੀ ਸਮਝ ਆ ਰਹੀ ਹੈ ਕਿ, ਜਿਥੇ ਠਾਕਰ ਪ੍ਰਭੂ ਦਾ ਸਿਮਰਨ ਹੁੰਦਾ ਰਹਿੰਦਾ ਹੈ, ਉਨ੍ਹਾਂ(ਹਿਰਦੇ) ਨਗਰਾਂ ਵਿਚ ਸੁਖ ਅਨੰਦ ਬਣੇ ਰਹਿੰਦੇ ਹਨ ।੧।ਰਹਾਉ।

ਪ੍ਰ:—ਸ੍ਰੀ ਜੀਉ ! ਸੰਸਾਰ ਦਾ ਹਰ ਮਨੁੱਖ ਹੀ ਦੁਖਾਂ ਵਿਚ ਵਿਲਕਦਾ ਹੈ ਇਸਦਾ ਅਸਲ ਕਾਰਨ ਕੀ ਹੈ ?

3. **ਉ**:—ਹੇ ਭਾਈਓ ! ਇਸਦਾ ਅਸਲ ਕਾਰਨ ਹੈ ਕਿ, ਜਿਸ ਹਿਰਦੇ ਵਿਚ (ਉਸ) ਮਾਲਕ ਪ੍ਰਭੂ (ਦੀ ਯਾਦ) ਭੁੱਲ ਜਾਂਦੀ ਹੈ, ਉਥੇ ਸਾਰੇ ਦੁੱਖ-ਸਾਰੀਆਂ ਮੁਸੀਬਤਾਂ ਆਈਆਂ ਰਹਿੰਦੀਆਂ ਹਨ ।
4. ਪਰ, ਐ ਪਿਆਰੇ, ਜਿਥੇ (ਕੋਈ ਮਨੁੱਖ) ਅਨੰਦ ਅਤੇ ਖੁਸ਼ੀਆਂ ਦੇਣ ਵਾਲੇ ਹਰਿ ਗੁਣ ਗਾਂਦਾ ਰਹਿੰਦਾ ਹੈ, ਉਸ ਹਿਰਦੇ ਵਿਚ ਖੁਸ਼ੀਆਂ ਉਸ ਹਿਰਦੇ ਵਿਚ ਚੜ੍ਹਦੀ ਕਲਾ ਬਣੀ ਰਹਿੰਦੀ ਹੈ ।੧।
5. ਹੇ ਭਾਈ ! ਅਸੀਂ ਤਾਂ ਇਹੋ ਹੀ ਨਿਸਚਾ ਰਖਦੇ ਹਾਂ ਕਿ, ਜਿਥੇ ਕੰਨਾਂ ਨਾਲ ਪ੍ਰਮੇਸ਼ਰ ਦੀ ਸਿਫਤ ਸਾਲਾਹ ਨਹੀਂ ਸੁਣੀ ਜਾਂਦੀ ਉਸ ਹਿਰਦੇ ਵਿਚ (ਮਾਨੋ) ਭਾਰਾ ਭਿਆਨਕ ਜੰਗਲ ਬਣਿਆ ਪਿਆ ਹੈ ।
6. (ਅਤੇ) ਜਿਥੇ (ਪ੍ਰਭੂ ਦੀ) ਸਿਫਤ ਸਾਲਾਹ ਹੋ ਰਹੀ ਹੈ, ਸਾਧ ਸੰਗਤ ਵਾਲਾ ਰੰਗ ਬਣਿਆ ਹੋਇਆ ਹੈ, ਉਥੇ (ਮਾਨੋਂ) ਐਸਾ ਬਾਗ ਹੈ ਜਿਥੇ ਸੰਘਣੀ ਸੁਗੰਧੀ ਹੈ ਤੇ ਫਲਾਂ ਦਾ ਅਨੰਦ ਹੈ ।੨।
7. ਹੇ ਭਾਈ ! ਪ੍ਰਮਾਤਮਾਂ ਦੇ ਸਿਮਰਨ ਤੋਂ ਬਿਨਾ ਜੇ ਕੋਈ ਮਨੁੱਖ ਕ੍ਰੋੜਾਂ ਵਰ੍ਹੇ ਭੀ ਜੀਉਂਦਾ ਰਹੇ (ਤਾਂ ਭੀ ਉਸ ਦੀ) ਸਾਰੀ ਉਮਰ ਵਿਅਰਥ ਜਾਂਦੀ ਹੈ ।
8. ਪਰ, ਹੇ ਭਾਈ ! ਜੇ ਮਨੁੱਖ ਗੋਬਿੰਦ ਦਾ ਭਜਨ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਕਰੇ, ਤਾਂ ਉਹ ਸਦਾ ਹੀ ਆਤਮਕ ਜੀਉਣ ਜੀਉਂਦਾ ਹੈ ।੩।

ਪ੍ਰ:—ਗੁਰਦੇਵ ਜੀਉ ! ਆਪ ਜੀ ਦੀ ਪ੍ਰਭੂ ਤੋਂ ਮੰਗ ਕੀ ਹੈ ?

9. **ਉ**:—ਹੇ ਭਾਈ ! ਮੇਰੀ ਤਾਂ ਇਕ ਇਹੋ ਹੀ ਜਾਚਨਾ ਹੈ ਕਿ ਹੇ ਪ੍ਰਭੂ ਜੀ ! ਮਿਹਰ ਕਰਕੇ ਮੈਨੂੰ ਆਪਣੀ ਸਾਧ ਸੰਗਤ (ਦਾ ਮਿਲਾਪ) ਬਖ਼ਸ਼ (ਤਾਂ ਕਿ) ਮੈਂ ਸਦਾ ਲਈ ਤੇਰੀ ਸ਼ਰਨ ਪ੍ਰਾਪਤ ਕਰੀਂ ਰੱਖਾਂ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ (ਉਹ) ਪ੍ਰਮਾਤਮਾਂ ਸਭਨਾਂ ਵਿਚ ਵਿਆਪਕ ਹੈ (ਆਪਣੇ ਜੀਵਾਂ ਦੇ ਅੰਦਰ ਆਪਣੇ) ਸਾਰੇ ਗੁਣ ਪੈਦਾ ਕਰਨ ਦਾ ਢੰਗ ਉਹ ਆਪ ਹੀ ਜਾਣਦਾ ਹੈ ।੪।੭।

ਭਾਵਾਰਥ :- ਜਿਥੇ ਹਰੀ ਦਾ ਭਜਨ ਹੁੰਦਾ ਹੈ, ਉਹ ਥਾਂ ਸਦਾ ਪ੍ਰਫੁਲਤ ਹੈ । ਉਹ ਥਾਂ ਗੁਰੂ ਦੀ ਸੰਗਤ ਹੈ ।

ਸਾਰਗ ਮਹਲਾ ੫ ॥

1. ਅਬ ਮੋਹਿ ਰਾਮ ਭਰੋਸਉ ਪਾਏ ॥
2. ਜੋ ਜੋ ਸਰਣਿ ਪਰਿਓ ਕਰੁਣਾ ਨਿਧਿ
ਤੇ ਤੇ ਭਵਹਿ ਤਰਾਏ ॥੧॥ਰਹਾਉ॥
3. ਸੁਖਿ ਸੋਇਓ ਅਰੁ ਸਹਜਿ ਸਮਾਇਓ
ਸਹਸਾ ਗੁਰਹਿ ਗਵਾਏ ॥
4. ਜੋ ਚਾਹਤ ਸੋਈ ਹਰਿ ਕੀਓ
ਮਨ ਬਾਂਛਤ ਫਲ ਪਾਏ ॥੧॥
5. ਹਿਰਦੈ ਜਪਉ ਨੇਤ੍ ਧਿਆਨੁ ਲਾਵਉ
ਸ੍ਰਵਨੀ ਕਥਾ ਸੁਨਾਏ ॥
6. ਚਰਣੀ ਚਲਉ ਮਾਰਗਿ ਠਾਕੁਰ ਕੈ
ਰਸਨਾ ਹਰਿ ਗੁਣ ਗਾਏ ॥੨॥
7. ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ
ਉਲਟੀ ਸੰਤ ਕਰਾਏ ॥
8. ਪਾਇਓ ਲਾਲੁ ਅਮੋਲੁ ਨਾਮੁ ਹਰਿ
ਛੋਡਿ ਨ ਕਤਹੂ ਜਾਏ ॥੩॥
9. ਕਵਨ ਉਪਮਾ ਕਉਨ ਬਡਾਈ
ਕਿਆ ਗੁਨ ਕਹਉ ਰੀਝਾਏ ॥
10. ਹੋਤ ਕ੍ਰਿਪਾਲ ਦੀਨ ਦਇਆ ਪ੍ਰਭ
ਜਨ ਨਾਨਕ ਦਾਸ ਦਸਾਏ ॥੪॥੮॥

ਪਦ ਅਰਥ :–ਅਬ–ਹੁਣ, ਪ੍ਰਮਾਤਮਾਂ ਦੀ ਸ਼ਰਨ ਪੈ ਕੇ । ਭਰੋਸਉ–ਭਰੋਸਾ, ਯਕੀਨ; ਨਿਸਚਾ । ਮੋਹਿ–ਮੈਂ । ਕਰੁਣਾ–ਤਰਸ । ਨਿਧਿ–ਖਜ਼ਾਨਾ, ਸੋਮਾਂ । ਕਰੁਣਾ ਨਿਧਿ ਸਰਣਿ–ਤਰਸ ਦੇ ਸਮੁੰਦਰ ਪ੍ਰਭੂ ਦੀ ਸ਼ਰਨ । ਤੇ–ਉਹ ਮਨੁੱਖ । ਭਵਹਿ–ਭਵ, ਭਵ ਸਾਗਰ, ਸੰਸਾਰ ਸਮੁੰਦਰ । ਤਰਾਏ–ਪਾਰ ਲੰਘਾ ਦਿਤੇ ।੧।ਰਹਾਉ।

ਸੁਖਿ–ਸੁਖ ਵਿਚ, ਆਤਮਕ ਅਨੰਦ ਵਿਚ । ਸੋਇਓ–ਲੀਨ ਹੋ ਗਿਆ । ਅਰੁ–ਅਤੇ[ਅਰਿ–ਵੈਰੀ] । ਸਹਜਿ–ਆਤਮਕ ਅਡੋਲਤਾ ਵਿਚ । ਸਹਸਾ–ਸਹਿਮ, ਚਿੰਤਾ, ਫਿਕਰ । ਗੁਰਹਿ–ਗੁਰੂ ਨੇ । ਮਨ ਬਾਂਛਤ–ਮਨ ਮੰਗੇ ।੧।

ਹਿਰਦੈ–ਹਿਰਦੇ ਵਿਚ । ਜਪਉ–ਜਪਉਂ, ਮੈਂ ਜਪਦਾ ਹਾਂ । ਨੇਤ੍–ਅੱਖਾਂ ਵਿਚ ।,ਧਿਆਨੁ–ਸੁਰਤਿ । ਲਾਵਉ–ਲਾਵਉਂ, ਮੈਂ ਲਾਂਦਾ ਹਾਂ । ਸ੍ਰਵਨੀ–ਕੰਨਾਂ ਨਾਲ । ਸੁਨਾਏ–ਸੁਣਦਾ ਹਾਂ । ਚਲਉ–ਚਲਉਂ, ਮੈਂ ਤੁਰਦਾ ਹਾਂ । ਮਾਰਗਿ ਠਾਕੁਰ ਕੈ–ਠਾਕਰ ਦੇ ਰਸਤੇ ਤੇ । ਰਸਨਾ–ਜੀਭ । ਗਾਏ–ਗਾਂਦਾ ਹੈ ।੨।

ਦੇਖਉ ਦ੍ਰਿਸਟਿ–ਨਿਗ੍ਹਾ ਨਾਲ ਵੇਖ ਲਿਆ ਹੈ । ਸਰਬ ਮੰਗਲ ਰੂਪ–ਸਾਰੀਆਂ ਖੁਸ਼ੀਆਂ ਦਾ ਸਰੂਪ ਪ੍ਰਭੂ । ਉਲਟੀ ਕਰਾਏ–(ਮੇਰੀ ਬ੍ਰਿਤੀ ਮਾਇਆ ਵਲੋਂ) ਉਲਟਾ ਦਿੱਤੀ ਹੈ । ਅਮੋਲੁ–ਜਿਸਦਾ ਮੁਲ ਨਹੀਂ ਪਾਇਆ ਜਾ ਸਕਦਾ । ਛੋਡਿ–ਛੱਡ ਕੇ । ਕਤਹੂ–ਕਿਸੇ ਹੋਰ ਥਾਂ ।੩।

ਉਪਮਾ–ਸੋਭਾ । ਕਹਉ–ਕਹਉਂ, ਮੈਂ ਆਖਾਂ । ਰੀਝਾਏ –ਪ੍ਰਸੰਨ ਕਰਨ ਲਈ ।੪।

ਅਰਥ:–

ਪ੍ਰ:–ਗੁਰਦੇਵ ਜੀਉ ! ਪ੍ਰਭੂ ਜੀ ਦਾ ਸਿਮਰਨ ਕਰਦੇ ਰਹਿਣ ਨਾਲ ਹੁਣ ਤੁਹਾਡਾ ਆਪਣਾ ਅੰਤਰ ਆਤਮੇਂ ਨਿਸਚਾ ਕੀ ਪ੍ਰਪੱਕ ਹੋ ਗਿਆ ਹੈ ?

1. **ਉ**:–ਹੇ ਭਾਈਓ ! (ਅਸਲ ਵਿਚ ਪ੍ਰਮਾਤਮਾਂ ਦੀ ਸ਼ਰਨ ਪੈ ਕੇ) ਹੁਣ ਮੈਂ ਪ੍ਰਮੇਸ਼ਰ ਦੀ ਬਾਬਤ ਇਹ ਨਿਸਚਾ ਬਣਾ ਲਿਆ ਹੈ ।
2. ਕਿ ਜਿਹੜਾ ਮਨੁੱਖ ਪ੍ਰਮਾਤਮਾਂ ਦੀ ਸ਼ਰਨ ਪੈਂਦਾ ਹੈ ਉਹ ਆਤਮਕ ਅਨੰਦ ਵਿਚ ਲੀਨ ਰਹਿੰਦਾ ਹੈ ਅਤੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ ਅਤੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ ।੧।ਰਹਾਉ।
3. ਉਹ ਅਨੰਦ ਵਿਚ ਟਿਕਿਆ ਰਹਿੰਦਾ ਹੈ ਤੇ ਗੁਰੂ ਉਸਦੇ ਸਾਰੇ ਚਿੰਤਾ-ਫਿਕਰ ਦੂਰ ਕਰ ਦੇਂਦਾ ਹੈ ।
4. ਉਹ ਜੋ ਚਾਹੁੰਦਾ ਹੈ ਪ੍ਰਭੂ (ਉਹੀ ਕੁਝ ਉਸ ਵਾਸਤੇ) ਕਰ ਦੇਂਦਾ ਹੈ, ਉਹ ਮਨੁੱਖ ਮਨ ਮੰਗੀਆਂ ਮੁਰਾਦਾਂ ਹਾਸਲ ਕਰ ਲੈਂਦਾ ਹੈ ।੧।
5. ਹੇ ਭਾਈਓ ! ਜਦੋਂ ਦਾ ਮੈਂ ਪ੍ਰਮਾਤਮਾਂ ਦੀ ਸ਼ਰਨ ਪਿਆ ਹਾਂ, ਤਦੋਂ ਤੋਂ ਹੁਣ ਮੈਂ ਆਪਣੇ ਹਿਰਦੇ ਵਿਚ (ਪ੍ਰਮਾਤਮਾਂ ਦਾ ਨਾਮ) ਜਪਦਾ ਹਾਂ, ਅੱਖਾਂ ਵਿਚ ਉਸ ਦਾ ਧਿਆਨ ਧਰਦਾ ਹਾਂ, ਕੰਨਾਂ ਨਾਲ ਉਸਦੀ ਸਿਫਤ ਸਾਲਾਹ ਸੁਣਦਾ ਹਾਂ ।
6. ਪੈਰਾਂ ਨਾਲ ਉਸ ਪ੍ਰਭੂ ਦੇ ਰਸਤੇ ਤੇ ਤੁਰਦਾ ਹਾਂ ਅਤੇ ਮੇਰੀ ਜੀਭ ਭੀ ਉਸੇ ਦੇ ਗੁਣ ਗਾਂਦੀ ਰਹਿੰਦੀ ਹੈ ।੨।
7. ਹੇ ਭਾਈਓ ! ਜਦੋਂ ਤੋਂ ਸੰਤ ਜਨਾਂ ਨੇ ਮੇਰੀ ਬ੍ਰਿਤੀ ਮਾਇਆ ਵਲੋਂ ਪਰਤਾ ਦਿਤੀ ਹੈ, ਮੈਂ ਆਪਣੀਆਂ ਅੱਖਾਂ ਨਾਲ ਉਸ ਸਾਰੀਆਂ ਖੁਸ਼ੀਆਂ ਦੇ ਮਾਲਕ ਹਰੀ ਨੂੰ ਵੇਖ ਲਿਆ ਹੈ ।
8. ਹੇ ਭਾਈ ! ਮੈਂ ਪ੍ਰਮਾਤਮਾਂ ਦਾ ਕੀਮਤੀ ਅਮੋਲਕ ਨਾਮ ਲੱਭ ਲਿਆ ਹੈ, ਉਸਨੂੰ ਛੱਡ ਕੇ (ਮੇਰਾ ਮਨ ਹੁਣ) ਹੋਰ ਕਿਸੇ ਭੀ ਪਾਸੇ ਨਹੀਂ ਜਾਂਦਾ ।੩।
9. ਹੇ ਭਾਈਓ ! ਮੈਂ ਉਸ ਪ੍ਰਮਾਤਮਾਂ ਦੀ ਕਿਹੜੀ ਸਿਫਤ ਕਰਾਂ, ਕਿਹੜੀ ਵਡਿਆਈ ਦਸਾਂ ? ਕਿਹੜੇ ਗੁਣ ਬਿਆਨ ਕਰਾਂ ?

ਜਿਸ ਕਰਕੇ ਉਹ ਮੇਰੇ ਉਤੇ ਪ੍ਰਸੰਨ ਹੋ ਜਾਏ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਆਪ ਹੀ ਜਿਸ ਉਤੇ ਦਇਆਵਾਨ ਹੁੰਦਾ ਹੈ, ਉਸਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈਂਦਾ ਹੈ ।੪।੮।

ਭਾਵਾਰਥ:—ਗੁਰੂ ਮਨੁੱਖ ਦੀ ਬਿਰਤੀ ਨੂੰ ਮਾਇਆ ਵਲੋਂ ਉਲਟਾ ਕੇ ਹਰੀ ਵਾਲੇ ਪਾਸੇ ਕਰ ਦੇਂਦਾ ਹੈ । ਜਿਸ ਨਾਲ ਮਨੁੱਖ ਹਰੀ ਨੂੰ ਹੀ ਵੇਖਦਾ, ਸੁਣਦਾ ਤੇ ਜਪਦਾ ਹੈ ਤੇ ਉਸੇ ਦੇ ਪਿਆਰ ਵਿਚ ਸਾਰੀਆਂ ਮਨ ਦੀਆਂ ਮੁਰਾਦਾਂ ਪਾਉਂਦਾ ਹੈ ।

ਸਾਰਗ ਮਹਲਾ ੫ ॥

1. ਉਇ ਸੁਖ ਕਾ ਸਿਉ ਬਰਨਿ ਸੁਨਾਵਤ ॥
2. ਅਨਦ ਬਿਨੋਦ ਪੇਖਿ ਪ੍ਰਭ ਦਰਸਨ
ਮਨਿ ਮੰਗਲ ਗੁਨ ਗਾਵਤ ॥੧॥ਰਹਾਉ॥
3. ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ॥
4. ਪੀਓ ਅੰਮ੍ਰਿਤ ਨਾਮੁ ਅਮੋਲਕ
ਜਿਉ ਚਾਖਿ ਗੂੰਗਾ ਮੁਸਕਾਵਤ ॥੧॥
5. ਜੈਸੇ ਪਵਨੁ ਬੰਧ ਕਰਿ ਰਾਖਿਓ
ਬੂਝ ਨ ਆਵਤ ਜਾਵਤ ॥
6. ਜਾਕਉ ਰਿਦੈ ਪ੍ਰਗਾਸੁ ਭਇਓ ਹਰਿ
ਉਆ ਕੀ ਕਹੀ ਨ ਜਾਇ ਕਹਾਵਤ ॥੨॥
7. ਆਨ ਉਪਾਵ ਜੇਤੇ ਕਿਛੁ ਕਹੀਅਹਿ
ਤੇਤੇ ਸੀਖੇ ਪਾਵਤ ॥
8. ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ
ਅਗਮ ਜੈਸੇ ਪਰਖਾਵਤ ॥੩॥
9. ਨਿਰਗੁਣ ਨਿਰੰਕਾਰ ਅਬਿਨਾਸੀ
ਅਤੁਲੋ ਤੁਲਿਓ ਨ ਜਾਵਤ ॥
10. ਕਹੁ ਨਾਨਕ ਅਜਰੁ ਜਿਨਿ ਜਰਿਆ
ਤਿਸ ਹੀ ਕਉ ਬਨਿ ਆਵਤ ॥੪॥੯॥

ਪਦ ਅਰਥ :-ਉਇ-[ਲਫਜ਼ 'ਓਹੁ' ਬਹੁ ਵਚਨ । ਅੱਖਰ 'ਉ' ਦੇ ਨਾਲ ਦੋ ਲਗਾਂ ਹਨ-(ੋ) ਅਤੇ (ੁ) । ਅਸਲ ਲਫਜ਼ 'ਓਇ' ਹੈ । ਇਥੇ 'ਉਇ' ਪੜ੍ਹਨਾ ਹੈ] । ਕਾ ਸਿਉ-ਕਿਸ ਨਾਲ ? ਕਿਸ ਅੱਗੇ ? ਬਰਨਿ-ਖਿਆਨ ਕਰ ਕੇ । ਪੇਖਿ ਪ੍ਰਭ ਦਰਸਨ-ਪ੍ਰਭੂ ਦਾ ਦਰਸ਼ਨ ਕਰਕੇ । ਮਨਿ-ਮਨ ਵਿਚ । ਮੰਗਲ ਖੁਸ਼ੀਆਂ ।੧।ਰਹਾਉ।

ਬਿਸਮ-ਹੈਰਾਨ । ਪੇਖਿ-ਵੇਖ ਕੇ । ਬਿਸਮਾਦੀ-ਅਸਚਰਜ ਰੂਪ ਪ੍ਰਭੂ । ਕਿਰਪਾਵਤ-ਕਿਰਪਾਲ ਹਰੀ । ਪੀਓ-ਪੀ ਲਿਆ । ਅੰਮ੍ਰਿਤ ਨਾਮੁ-ਆਤਮਕ ਜੀਵਨ ਦੇਣ ਵਾਲਾ ਨਾਮ ਜਲ । ਚਾਖਿ-ਚੱਖ ਕੇ ।੧।

ਪਵਨ-ਹਵਾ; ਪ੍ਰਾਣ । ਬੰਧ ਕਰਿ-ਬੰਨ੍ਹ ਕੇ, ਰੋਕ ਕੇ । ਬੂਝ-ਸਮਝ । ਆਵਤ ਜਾਵਤ-(ਪ੍ਰਾਣਾਂ ਦੇ) ਆਉਂਦਿਆਂ ਜਾਂਦਿਆਂ ਦੀ । ਜਾ ਕਉ ਰਿਦੈ-ਜਿਸਦੇ ਹਿਰਦੇ ਵਿਚ । ਉਆ ਕੀ ਕਹਾਵਤ-ਉਸਦੀ ਦਸ਼ਾ ।੨।

ਆਨ-ਹੋਰ । ਉਪਾਵ-ਹੀਲੇ, ਜਤਨ । ਜੇਤੇ-ਜਿਤਨੇ ਭੀ । ਕਹੀਅਹਿ-ਆਖੇ ਜਾਂਦੇ ਹਨ । ਤੇਤੇ-ਉਹ ਸਾਰੇ । ਸੀਖੇ-(ਕਿਸੇ ਪਾਸੋਂ) ਸਿਖਿਆਂ । ਪਾਵਤ-ਸਿਖੇ ਜਾਂਦੇ ਹਨ । ਅਚਿੰਤ-ਚਿੰਤਾ ਦੂਰ ਕਰਨ ਵਾਲਾ ਹਰੀ । ਗ੍ਰਿਹ ਭੀਤਰਿ-ਹਿਰਦੇ ਦੇ ਅੰਦਰ ਹੀ । ਅਗਮ ਜੈਸੇ-ਕਠਨ ਜਿਹਾ । ਪਰਖਾਵਤ-(ਉਸ ਦਾ) ਪਰਖਣਾ ।੩।

ਨਿਰਗੁਨ-ਮਾਇਆ ਦੇ ਤਿੰਨ ਗੁਣਾਂ ਤੋਂ ਪਰੇ । ਨਿਰੰਕਾਰ-ਜਿਸਦਾ ਕੋਈ ਖਾਸ ਸਰੂਪ ਦਸਿਆ ਨਹੀਂ ਜਾ ਸਕਦਾ । ਅਜਰੁ-[ਅ-ਜਰੁ] ਜਿਸਨੂੰ ਜਰਾ ਨਹੀਂ ਵਿਆਪ ਸਕਦਾ [ਜਰਾ-ਬੁਢੇਪਾ] । ਜਿਨਿ-ਜਿਸ (ਮਨੁੱਖ) ਨੇ । ਜਰਿਆ-ਜੜਿਆ-ਜੜਿਆਂ, ਹਿਰਦੇ ਵਿਚ ਪ੍ਰੋ ਲਿਆ । ਤਿਸ ਹੀ [ਕ੍ਰਿਆ ਵਿਸ਼ੇਸ਼ਣ (ਹੀ) ਦੇ ਕਾਰਨ ਲਫਜ਼ 'ਤਿਸੁ' ਦਾ (ੁ) ਉੱਡ ਗਿਆ ਹੈ] । ਬਨ ਆਵਤ-ਫਬਦਾ ਹੈ, ਬਣਦਾ ਹੈ ।੪।

ਅਰਥ:—

ਪ੍ਰ:—ਸ੍ਰੀ ਜੀਉ ! ਪ੍ਰਭੂ ਦੇ ਦਰਸ਼ਨ ਕਰਦਿਆਂ ਜੋ ਅਨੰਦ ਅਤੇ ਖੁਸ਼ੀ ਪ੍ਰਾਪਤ ਹੁੰਦੀ ਹੈ ਉਸਦੀ ਜਾਣਕਾਰੀ ਕਰਾਓ ?

1. **ਉ**:—ਹੇ ਭਾਈ ! ਪ੍ਰਭੂ ਦਾ ਦਰਸ਼ਨ ਕਰਦਿਆਂ ਤੇ ਪ੍ਰਭੂ ਦੇ ਗੁਣ ਗਾਂਦਿਆਂ ਮਨ ਵਿਚ ਜਿਹੜੀਆਂ ਖੁਸ਼ੀਆਂ ਪੈਦਾ ਹੁੰਦੀਆਂ ਹਨ, ਜਿਹੜੇ ਅਨੰਦ ਕੌਤਕ ਪੈਦਾ ਹੁੰਦੇ ਹਨ ।
2. ਉਨ੍ਹਾਂ ਸੁਖਾਂ ਦਾ ਬਿਆਨ ਕਿਸੇ ਪਾਸੋਂ ਭੀ ਨਹੀਂ ਕੀਤਾ ਜਾ ਸਕਦਾ ।੧।ਰਹਾਉ।
3. ਹੇ ਭਾਈਓ ! ਉਸ ਅਸਚਰਜ ਰੂਪ ਅਤੇ ਕਿਰਪਾ ਦੇ ਸੋਮੇ ਸਰਬ ਵਿਆਪਕ ਪ੍ਰਭੂ ਦਾ ਦਰਸ਼ਨ ਕਰ ਕੇ ਮੈਂ ਹੈਰਾਨ ਹੋ ਗਈ ਹਾਂ ।

ਪ੍ਰ:—ਸ੍ਰੀ ਜੀਉ ! ਨਾਮ ਦੀ ਬਰਕਤ ਨਾਲ ਹੁਣ ਤੁਹਾਡੀ ਮਾਨਸਕ ਅਵਸਥਾ ਕਿਸ ਰੂਪ ਵਿਚ ਬਦਲ ਗਈ ਹੈ ?

4. **ਉ**:—ਹੇ ਭਾਈ ! ਜਦੋਂ ਮੈਂ ਉਸਦਾ ਆਤਮਕ ਜੀਵਨ ਦੇਣ ਵਾਲਾ ਅਮੋਲਕ ਨਾਮ ਜਲ ਪੀਤਾ ਹੈ, (ਤਾਂ ਹੁਣ ਮੇਰੀ ਹਾਲਤ ਇਉਂ ਹੋ ਗਈ) ਜਿਵੇਂ ਕੋਈ ਗੂੰਗਾ ਮਨੁੱਖ (ਗੁੜ ਆਦਿਕ) ਚੱਖ ਕੇ ਸਿਰਫ ਮੁਸਕ੍ਰਾਉਂਦਾ ਹੀ ਹੈ, (ਪਰ ਸੁਆਦ ਦਸ ਨਹੀਂ ਸਕਦਾ) ।੧।

ਪ੍ਰ:-ਸ੍ਰੀ ਜੀਉ ! ਉਨ੍ਹਾਂ ਦੀ ਮਾਨਸਕ ਦਸ਼ਾ ਤਾਂ ਬਿਆਨ ਕਰੋ ?

5. **ਉ**:—ਹੇ ਭਾਈਓ ! ਉਨ੍ਹਾਂ ਦੀ ਮਾਨਸਕ ਅਵਸਥਾ ਤਾਂ ਇਉਂ ਹੀ ਸਮਝੋ ਕਿ, ਜਿਵੇਂ (ਕੋਈ ਜੋਗੀ) ਆਪਣੇ ਪ੍ਰਾਨ ਰੋਕ ਲੈਂਦਾ ਹੈ, ਉਨ੍ਹਾਂ ਦੇ ਆਉਣ ਜਾਣ ਦੀ (ਕਿਸੇ ਹੋਰ ਨੂੰ) ਸਮਝ ਨਹੀਂ ਪੈ ਸਕਦੀ ।
6. ਹੇ ਪਿਆਰੇ, (ਇਸੇ ਤਰ੍ਹਾਂ) ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਦੇ (ਗਿਆਨ ਦਾ) ਪ੍ਰਕਾਸ਼ ਹੋ ਜਾਂਦਾ ਹੈ, ਉਸ

ਮਨੁੱਖ ਦੀ ਆਤਮਕ ਦਸ਼ਾ ਬਿਆਨ ਨਹੀਂ ਕੀਤੀ ਜਾ ਸਕਦੀ ।੨।

ਪ੍ਰ:—ਸ੍ਰੀ ਜੀਉ ! ਉਸ ਪ੍ਰਭੂ ਨੂੰ ਹਿਰਦੇ ਵਿਚ ਪ੍ਰਗਟ ਕਰਨ ਲਈ ਕਿਹੜਾ ਜਤਨ ਕਰਨਾ ਚਾਹੀਦਾ ਹੈ ?

7. ਉ:—ਹੇ ਭਾਈਓ ! ਅਸਲ ਵਿਚ ਦੁਨੀਆਂ ਵਾਲੇ ਗੁਣ ਸਿਖਣ ਵਾਸਤੇ, ਹੋਰ ਜਿਤਨੇ ਭੀ ਜਤਨ ਦਸੇ ਜਾਂਦੇ ਹਨ । ਉਹ (ਹੋਰਨਾਂ ਪਾਸੋਂ) ਸਿਖਿਆਂ ਹੀ ਸਿਖੇ ਜਾ ਸਕਦੇ ਹਨ ।

8. ਪਰ, ਹੇ ਪਿਆਰੇ, ਚਿੰਤਾ ਦੂਰ ਕਰਨ ਵਾਲਾ ਸੋਹਣਾ ਪ੍ਰਭੂ ਮਨੁੱਖ ਦੇ ਹਿਰਦੇ ਘਰ ਦੇ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ, ਪਰ ਜਿਸਦੇ ਹਿਰਦੇ ਵਿਚ ਪ੍ਰਗਟ ਹੋ ਜਾਏ, ਉਸਦੀ ਪਰਖ ਕਰਨੀ ਕਠਨ ਹੈ ।੩।

ਪ੍ਰ:—ਗੁਰਦੇਵ ਜੀਉ ! ਉਸ ਪ੍ਰਭੂ ਦਾ ਸਰੂਪ ਬਿਆਨ ਕਰੋ ?

9. ਉ:—ਹੇ ਪਿਆਰੇ, ਉਹ ਪ੍ਰਮਾਤਮਾਂ ਮਾਇਆ ਦੇ ਤਿੰਨ ਗੁਣਾਂ ਦੀ ਪਹੁੰਚ ਤੋਂ ਪਰੇ ਹੈ, (ਉਸ) ਪ੍ਰਮਾਤਮਾਂ ਦਾ ਕੋਈ ਖਾਸ ਸਰੂਪ ਦਸਿਆ ਨਹੀਂ ਜਾ ਸਕਦਾ, ਉਹ ਪ੍ਰਮਾਤਮਾਂ ਨਾਸ ਰਹਿਤ ਹੈ, ਅਤੁੱਲ ਹੈ, ਉਸਨੂੰ ਤੋਲਿਆ ਨਹੀਂ ਜਾ ਸਕਦਾ ।

10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਨੇ ਉਸ ਸਦਾ ਜਵਾਨ ਰਹਿਣ ਵਾਲੇ (ਜਰਾ ਰਹਿਤ) ਪ੍ਰਮਾਤਮਾਂ ਨੂੰ ਆਪਣੇ ਮਨ ਵਿਚ ਵਸਾ ਲਿਆ ਹੈ, ਉਸਦੀ ਆਤਮਕ ਅਵਸਥਾ ਉਹ ਆਪ ਹੀ ਜਾਣਦਾ ਹੈ, (ਬਿਆਨ ਨਹੀਂ ਕੀਤੀ ਜਾ ਸਕਦੀ) ।੪।੯।

ਭਾਵਾਰਥ :—ਹਰੀ ਦੇ ਮਿਲਾਪ ਦੀ ਅਕਹਿ ਖੁਸ਼ੀ ਦਾ ਨਕਸ਼ਾ ਖਿੱਚ ਕੇ ਦਸਦੇ ਹਨ ।

ਸਾਰਗ ਮਹਲਾ ੫ ॥

1. **ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥**
2. **ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥੧॥ਰਹਾਉ॥**
3. **ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥**
4. **ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥**
5. **ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥**
6. **ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥੨॥**
7. **ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥**
8. **ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥**
9. **ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥**
10. **ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥੪॥ ੧੦॥**

ਪਦ ਅਰਥ :—ਬਿਖਈ—ਵਿਸ਼ਈ, ਵਿਕਾਰੀ ਮਨੁੱਖ । ਰੈਨਿ—ਰਾਤ । ਇਵ ਹੀ—ਇਸੇ ਤਰ੍ਹਾਂ (ਵਿਕਾਰਾਂ ਵਿਚ) ਹੀ । ਗੁਦਾਰੈ—ਗੁਜਾਰਦਾ ਹੈ । ਨ ਭਜੈ—ਨਹੀਂ ਸਿਮਰਦਾ । ਅਹੰਬੁਧਿ—ਹਉਮੈਂ ਅਹੰਕਾਰ । ਮਾਤਾ—ਮਸਤ । ਜੂਐ—ਜੂਏ ਵਿਚ । ਜਿਉ—(ਜੁਆਰੀਏ) ਵਾਂਗ ।੧।ਰਹਾਉ।

ਅਮੋਲਾ—ਜਿਹੜਾ ਕਿਸੇ ਮੁੱਲ ਤੋਂ ਨਹੀਂ ਮਿਲ ਸਕਦਾ । ਸਿਉ—ਨਾਲ । ਹਿਤਕਾਰੈ—ਪਿਆਰ ਕਰਦਾ ਹੈ । ਛਾਪਰੁ ਤ੍ਰਿਣ ਕੋ—ਕਖਾਂ ਦਾ ਛਪਰ । ਬਾਧਿ—ਬੰਨ੍ਹ ਕੇ, ਬਣਾ ਕੇ । ਦੁਆਰੈ—(ਛਪਰ ਦੇ) ਬੂਹੇ ਉਤੇ । ਪਾਵਕੁ—ਅੱਗ । ਜਾਰੈ—ਬਾਲਦਾ ਹੈ ।੧।

ਕਾਲਰ ਪੋਟ—ਕੱਲਰ ਦੀ ਪੋਟਲੀ । ਮੂੰਡਹਿ—ਸਿਰ ਉਤੇ। ਅੰਮ੍ਰਿਤ—ਅਮਰ ਜੀਵਨ ਦੇਣ ਵਾਲਾ ਨਾਮ ਜਲ । ਤੇ—ਤੋਂ, ਵਿਚੋਂ । ਡਾਰੈ—ਸੁਟ ਦੇਂਦਾ ਹੈ । ਓਢੈ—ਪਹਿਣਦਾ ਹੈ । ਕਾਜਰ ਮਹਿ—ਕੱਜਲ ਵਿਚ, ਕਾਲਖ ਭਰੇ ਕਮਰੇ ਵਿਚ । ਪਰਿਆ—ਬੈਠਾ ਹੋਇਆ ਹੈ । ਬਹੁਰਿ-ਮੁੜ । ਝਾਰੈ—ਝਾੜਦਾ ਹੈ ।੨।

ਪੇਡੁ—ਰੁੱਖ । ਡਾਲ—ਟਹਿਣੀ । ਪਰਿ—ਉਤੇ । ਠਾਢੌ—ਖਲੋਤਾ ਹੋਇਆ । ਮੁਸਕ ਰੈ—ਮੁਸਕ੍ਰਾਂਦਾ ਹੈ । ਜਾਇ ਜਾ ਕੇ । ਰਸਾਤਲਿ—ਪਤਾਲ ਵਿਚ, ਡੂੰਘੇ ਥਾਂ ਵਿਚ । ਛਿਟੀ ਛਿਟੀ—ਟੋਟੇ ਟੋਟੇ, ਹੱਡੀ ਹੱਡੀ । ਪਰਿਓ ਸਿਰ ਭਾਰੈ-ਸਿਰ ਭਾਰ ਜਾ ਪਿਆ ।੩।

ਸੰਗਿ—ਨਾਲ । ਗਵਾਰੈ—ਗਵਾਰ, ਮੂਰਖ ।੪।

ਅਰਥ.—

ਪ੍ਰ:—ਗੁਰਦੇਵ ਜੀਉ ! ਗੁਰਮਤਿ ਅਨੁਸਾਰ ਆਪ ਜੀ ਵਿਸ਼ਈ ਪੁਰਸ਼ ਕਿਸਨੂੰ ਕਹਿੰਦੇ ਹੋ ?

1. ਉ:—ਹੇ ਭਾਈਓ ! ਇਉਂ ਹੀ ਜਾਣੋ ਕਿ ਵਿਸ਼ਈ ਪੁਰਸ਼ (ਵਿਕਾਰਾਂ ਵਿਚ ਗਲਤਾਨ ਹੋਇਆ ਹੀ) ਦਿਨ ਰਾਤ (ਆਪਣੀ ਉਮਰ) ਗੁਜਾਰਦਾ ਹੈ ।

2. (ਅਤੇ) ਉਹ ਵਿਸ਼ਈ ਮਨੁੱਖ ਪ੍ਰਮੇਸ਼ਰ ਦਾ ਭਜਨ ਨਹੀਂ ਕਰਦਾ, ਅਹੰਕਾਰ ਵਿਚ ਮਤਾ ਹੋਇਆ (ਆਪਣਾ ਮਨੁਖਾ) ਜਨਮ ਇਉਂ ਹਾਰ ਜਾਂਦਾ ਹੈ ਜਿਵੇਂ ਕਿ (ਜੁਆਰੀਆ) ਜੂਏ ਵਿਚ ਬਾਜੀ ਹਾਰ ਜਾਂਦਾ ਹੈ ।੧।ਰਹਾਉ।

3. ਹੇ ਭਾਈ ! ਹੋਰ ਸੁਣੋ ਕਿ ਉਹ ਵਿਸ਼ਈ ਪੁਰਸ਼ ਉਸ ਨਾਮ ਨਾਲ ਪ੍ਰੀਤ ਨਹੀਂ ਪਾਂਦਾ ਜੋ ਕਿ ਪ੍ਰਭੂ ਦਾ ਨਾਮ ਬਹੁਤ ਹੀ ਕੀਮਤੀ ਹੈ, ਪਰ ਉਹ ਦੂਜਿਆਂ ਦੀ ਨਿੰਦਾ ਨਾਲ ਪਿਆਰ ਕਰਦਾ ਹੈ ।

ਪ੍ਰ:—ਸ੍ਰੀ ਜੀਉ ! ਅਜਿਹੇ ਵਿਸ਼ਈ ਬਾਰੇ ਆਪ ਜੀ ਕੀ ਅਨੁਭਵ ਕਪਦੇ ਹੋ ?

4. ਉ:—ਹੇ ਪਿਆਰੇ, ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਅਜਿਹਾ ਵਿਸ਼ਈ ਮਨੁੱਖ ਤਾਂ ਮਾਨੋਂ ਕੱਖਾਂ ਦਾ ਛੱਪਰ ਬਣਾਕੇ (ਉਸ ਨੂੰ) ਸਜਾਂਦਾ ਰਹਿੰਦਾ ਹੈ, (ਪਰ ਉਸਦੇ)

ਬੂਹੇ ਅਗੇ ਅੱਗ ਬਾਲ ਦੇਂਦਾ ਹੈ (ਜਿਸ ਕਰਕੇ ਉਸਦੇ ਸੜਨ ਦਾ ਖਤਰਾ ਹਰ ਵੇਲੇ ਹੀ ਬਣਿਆ ਰਹਿੰਦਾ ਹੈ) ।੧।

5. ਹੇ ਭਾਈਓ ! ਉਸ ਵਿਸ਼ਈ ਪੁਰਖ ਨੂੰ ਤਾਂ ਇਉਂ ਹੀ ਸਮਝੋ ਕਿ ਮਾਨੋਂ ਕੱਲਰ ਦੀ ਪੰਡ (ਆਪਣੇ) ਸਿਰ ਤੇ ਚੁੱਕੀਂ ਫਿਰਦਾ ਹੈ ਅਤੇ ਆਤਮਕ ਜੀਵਨ ਦੇਣ ਵਾਲਾ ਨਾਮ (ਆਪਣੇ) ਮਨ ਵਿਚੋਂ (ਬਾਹਰ) ਸੁੱਟ ਦੇਂਦਾ ਹੈ।

6. ਐ ਪਿਆਰੇ ! ਜਾਂ ਇਉਂ ਜਾਣੋ ਕਿ, ਕਾਲਖ (ਭਰੇ ਕਮਰੇ) ਵਿਚ ਬੈਠਾ ਹੋਇਆ (ਚਿੱਟੇ) ਕਪੜੇ ਪਹਿਨਦਾ ਹੈ ਅਤੇ (ਕੱਪੜਿਆਂ ਉਤੇ ਪਈ ਕਾਲਖ ਨੂੰ) ਮੁੜ ਮੁੜ ਝਾੜਦਾ ਰਹਿੰਦਾ ਹੈ ।੨।

7. ਹੇ ਭਾਈਓ ! ਵਿਕਾਰਾਂ ਵਿਚ ਫਸਿਆ ਹੋਇਆ ਮਨੁੱਖ ਤਾਂ ਮਾਨੋਂ ਇਉਂ ਹੈ ਕਿ, (ਉਹ ਰੁੱਖ ਦੇ ਹੀ) ਟਾਹਣੇ (ਉਤੇ ਖਲੋਤਾ ਹੋਇਆ (ਉਸੇ) ਹੀ ਰੁੱਖ ਨੂੰ ਵੱਢ ਰਿਹਾ ਹੈ (ਅਤੇ ਨਾਲ ਨਾਲ ਹੀ ਮਿਠਿਆਈ ਆਦਿਕ) ਖਾ ਖਾ ਮੁਸਕ੍ਰਾ ਰਿਹਾ ਹੈ।

8. ਪਰ, ਹੇ ਭਾਈ ! ਰੁੱਖ ਵਢਿਆ ਜਾਣ ਤੇ ਉਹ ਮਨੁੱਖ ਡੂੰਘੇ ਟੋਏ ਵਿਚ ਜਾ ਡਿਗਦਾ ਹੈ, ਸਿਰ ਭਾਰ ਡਿੱਗ ਕੇ (ਉਹ) ਹੱਡੀ ਹੱਡੀ ਹੋ ਜਾਂਦਾ ਹੈ ।੩।

9. ਹੇ ਪਿਆਰੇ ! ਸੁਣੋ ਉਸ ਵਿਸ਼ਈ ਮਨੁੱਖ ਦੀ ਇਕ ਹੋਰ ਵੱਡੀ ਨਿਸ਼ਾਨੀ ਇਹੋ ਹੈ ਕਿ, ਉਹ ਮੂਰਖ ਵਿਕਾਰੀ, ਪੁਰਸ਼ ਉਸ ਸੰਤ ਨਾਲ ਸਦਾ ਵੈਰ ਬਣਾਈ ਰਖਦਾ ਹੈ ਜੋ ਕਿ ਕਿਸੇ ਨਾਲ ਭੀ ਕਦੀ ਵੈਰ ਨਹੀਂ ਕਰਦਾ। ਉਹ ਮੂਰਖ ਮਨੁੱਖ ਉਸ ਸੰਤ ਜਨ ਨਾਲ ਬਰਾਬਰੀ ਕਰਨ ਦਾ ਜਤਨ ਕਰਦਾ ਹੈ (ਪਰ) ਉਹ ਉਸਦੀ ਬਰਾਬਰੀ ਨਹੀਂ ਕਰ ਸਕਦਾ।

ਪ੍ਰ:—ਕਿਉਂ ਜੀ ! ਉਸ ਸੰਤ ਜਨ ਦਾ ਕੁਝ ਨਾ ਵਿਗੜਨ ਦਾ ਸਹੀ ਕਾਰਨ ਕੀ ਹੈ ?

10. ਉ:—ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ ਹੇ ਭਾਈਓ ! ਉਹ ਵਿਕਾਰੀ ਪੁਰਸ਼ ਸੰਤ ਜਨਾਂ ਦਾ ਇਸ ਲਈ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ, ਸੰਤ ਜਨਾਂ ਦਾ ਰਾਖਾ ਨਿਰੰਕਾਰ ਪਾਰਬ੍ਰਹਮ (ਸਦਾ ਆਪ) ਹੈ ।੪।੧੦।

ਭਾਵਾਰਥ :—ਇਸ ਸ਼ਬਦ ਵਿਚ ਉਸ ਵਿਸ਼ਈ ਪੁਰਸ਼ ਦਾ ਨਕਸ਼ਾ ਖਿੱਚਿਆ ਹੈ ਜੋ ਕਿ ਹਰੀ ਦਾ ਪਾਸਾ ਛੱਡਕੇ ਵਿਕਾਰਾਂ ਵਿਚ ਗਲਤਾਨ ਹੋ ਜੀਵਨ ਗੁਜਾਰਦਾ ਹੈ ਅਤੇ ਇਸ ਅਮੋਲਕ ਮਨੁੱਖਾ ਜਨਮ ਨੂੰ ਅਜਾਈਂ ਗਵਾ ਜਾਂਦਾ ਹੈ।

ਸਾਰਗ ਮਹਲਾ ੫ ॥

1. ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥
2. ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ
ਤਿਨਿ ਬੇਦਹਿ ਤਤੁ ਪਛਾਨਿਆ ॥੧॥ਰਹਾਉ॥
3. ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ
ਤੇਤਾ ਲੋਗ ਪਚਾਰਾ ॥
4. ਜਉ ਲਉ ਰਿਦੈ ਨਹੀ ਪਰਗਾਸਾ
ਤਉ ਲਉ ਅੰਧ ਅੰਧਾਰਾ ॥੧॥
5. ਜੈਸੇ ਧਰਤੀ ਸਾਧੈ ਬਹੁ ਬਿਧਿ
ਬਿਨੁ ਬੀਜੈ ਨਹੀ ਜਾਂਮੈ ॥
6. ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ
ਤੁਟੈ ਨਾਹੀ ਅਭਿਮਾਨੈ ॥੨॥
7. ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥
8. ਬਿਨੁ ਗੁਰ ਭੇਟੇ ਮੁਕਤਿ ਨ ਕਾਹੂ
ਮਿਲਤ ਨਹੀ ਜਗਦੀਸੈ ॥੩॥
9. ਖੋਜਤ ਖੋਜਤ ਇਹੈ ਬੀਚਾਰਿਓ
ਸਰਬ ਸੁਖਾ ਹਰਿ ਨਾਮਾ ॥
10. ਕਹੁ ਨਾਨਕ ਤਿਸੁ ਭਇਓ ਪਰਾਪਤਿ
ਜਾ ਕੈ ਲੇਖੁ ਮਥਾਮਾ ॥੪॥੧੧॥

ਪਦ ਅਰਥ :—ਅਵਰਿ—ਹੋਰ । ਸਭਿ—ਸਾਰੇ। ਭੂਲੇ—ਜੀਵਨ ਦੇ ਸਹੀ ਰਾਹ ਤੋਂ ਖੁੰਝੇ ਹੋਏ। ਭ੍ਰਮਤ—ਭਟਕਦਿਆਂ। ਨ ਜਾਨਿਆਂ—ਆਤਮਕ ਜੀਵਨ ਦੀ ਸੂਝ ਨਹੀਂ ਪੈਂਦੀ। ਸੁਧਾਖਰੁ—ਸੁੱਧ ਅਖਰ, ਪਵਿਤ੍ਰ ਹਰਿ ਨਾਮ। ਜਾ ਕੈ ਹਿਰਦੈ—ਜਿਸ ਮਨੁੱਖ ਦੇ ਹਿਰਦੇ ਵਿਚ। ਤਿਨਿ—ਉਸ (ਮਨੁੱਖ) ਨੇ। ਬੇਦਹਿ ਤਤੁ—ਵੇਦ (ਆਦਿਕ ਧਰਮ ਪੁਸਤਕਾਂ) ਦੀ ਅਸਲੀਅਤ ।੧।ਰਹਾਉ।

ਪਰਵਿਰਤਿ ਮਾਰਗੁ—ਦੁਨੀਆਂ ਦੇ ਧੰਧਿਆਂ ਵਿਚ ਰੁੱਝੇ ਰਹਿਣ ਵਾਲਾ ਜੀਵਨ ਰਾਹ। ਮਾਰਗੁ—ਰਸਤਾ। ਜੇਤਾ—ਜਿਤਨਾ ਹੀ । ਤੇਤਾ—ਉਹ ਸਾਰਾ ਹੀ । ਲੋਗਪਚਾਰਾ—ਜਗਤ ਨੂੰ ਪਰਚਾਉਣ ਵਾਲਾ, ਲੋਕਾਂ ਵਿਚ ਆਪਣੀ ਇੱਜ਼ਤ ਬਣਾਈ ਰੱਖਣ ਵਾਲਾ। ਜਉ ਲਉ—ਜਦੋਂ ਤੱਕ। ਪਰਸਾਸਾ—ਚਾਨਣ। ਅੰਧ ਅੰਧਾਰ—ਘੁੱਪ ਹਨੇਰਾ ।੧।

ਜੈਸੇ—ਜਿਵੇਂ । ਸਾਧੈ—ਸਾਧਦਾ ਹੈ, ਤਿਆਰ ਕਰਦਾ ਹੈ। ਬਹੁ ਬਿਧਿ—ਕਈ ਤਰੀਕਿਆਂ ਨਾਲ । ਜਾਮੈ—ਜੰਮਦਾ, ਉੱਗਦਾ। ਮੁਕਤਿ—ਵਿਕਾਰਾਂ ਤੋਂ ਖਲਾਸੀ ।੨।

ਨੀਰੁ—ਪਾਣੀ । ਬਿਲੋਵੈ—ਰਿੜਕਦਾ ਹੈ । ਸ੍ਰਮੁ—ਥਕੇਵਾਂ। ਨੈਨੂ—ਮੱਖਣ । ਕੈਸੇ ਰੀਸੈ—ਕਿਵੇਂ ਨਿਕਲ ਸਕਦਾ ਹੈ ? ਬਿਨੁ ਭੇਟੇ—ਮਿਲਣ ਤੋਂ ਬਿਨਾ । ਕਾਹੂ—ਕਿਸੇ ਨੂੰ ਭੀ। ਜਗਦੀਸੈ—ਜਗਤ ਦੇ ਮਾਲਕ, ਹਰੀ ਨੂੰ ।੩।

ਖੋਜਤ—ਖੋਜ ਕਰਦਿਆਂ । ਇਹੈ—ਇਹੋ ਹੀ। ਸਰਬ—ਸਾਰੇ। ਜਾ ਕੈ ਮਥਾਮਾ—ਜਿਸਦੇ ਮੱਥੇ ਉਤੇ ।੪।

ਅਰਥ:—

ਪ੍ਰ:—ਸ੍ਰੀ ਜੀਉ ! ਪ੍ਰਭੂ ਪ੍ਰਾਪਤੀ ਦੇ ਮਾਰਗ ਤੇ ਟੁਰਨ ਵਾਲੇ ਭਿੰਨ ਭਿੰਨ ਪਾਂਧੀ ਤਾਂ ਆਪੋ ਹੀ ਆਪਣੇ ਮਾਰਗ ਨੂੰ ਪ੍ਰਭੂ ਪ੍ਰਾਪਤੀ

ਦਾ ਰਾਹ ਮੰਨਦੇ ਹਨ, ਪਰ ਆਪ ਦੀ ਇਸ ਬਾਰੇ ਕੀ, ਵੀਚਾਰ ਹੈ ?

1. ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਹੋਰ ਸਾਰੇ ਹੀ ਜੀਵ ਕੁਰਾਹੇ ਪਏ ਰਹਿੰਦੇ ਹਨ ।(ਕਿਉਂਕਿ) ਮਾਇਆ ਦੀ ਖਾਤਰ ਭਟਕਦਿਆਂ ਉਨ੍ਹਾਂ ਨੂੰ (ਸਹੀ ਜੀਵਨ ਰਾਹ ਈ) ਸੁਝ ਨਹੀਂ ਪੈਂਦੀ ।

ਪ੍ਰ:–ਸ੍ਰੀ ਜੀਉ ! ਕੀ ਬੇਦਾਂ ਦੀ ਵੀਚਾਰ ਕਰਨ ਵਾਲਿਆਂ ਨੂੰ ਤੱਤ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ ?

2.ਉ:–ਹੇ ਭਾਈਓ ! ਇਉਂ ਹੀ ਸਮਝੋ ਕਿ, ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮਾਤਮਾਂ ਦਾ ਪਵਿਤ੍ਰ ਨਾਮ ਵਸਦਾ ਹੈ, ਉਸ ਨੇ (ਤਾਂ ਸਮਝੋ) ਵੇਦ (ਆਦਿਕ ਧਰਮ ਪੁਸਤਕਾਂ) ਦਾ ਤੱਤ ਸਮਝ ਲਿਆ ਹੈ (ਉਸਨੂੰ ਕਿਸੇ ਵੇਦ ਆਦਿਕਾਂ ਦੇ ਪੜ੍ਹਨ ਦੀ ਲੋੜ ਹੀ ਨਹੀਂ ਰਹਿੰਦੀ ਹੈ ।੧।ਰਹਾਉ।

ਪ੍ਰ:–ਸ੍ਰੀ ਜੀਉ ! ਵੇਖਦੇ ਹਾਂ ਕਿ ਲੋਕ ਸੰਸਾਰਕ ਮਾਰਗ ਵਿਚ ਬੜੀ ਤਰੱਕੀ ਕਰ ਜਾਂਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਪ੍ਰਾਪਤ ਹੁੰਦਾ ਹੈ ?

3.ਉ:–ਹੇ ਭਾਈ ! ਅਸਲ ਵਿਚ ਦੁਨੀਆਂ ਦੇ ਧੰਧਿਆਂ ਵਿਚ ਰੁੱਝੇ ਰਹਿਣ ਵਾਲਾ ਜਿਤਨਾਂ ਭੀ ਜੀਵਨ ਰਸਤਾ ਹੈ, ਇਹ ਸਾਰਾ ਲੋਕਾਂ ਵਿਚ ਆਪਣੀ ਇੱਜ਼ਤ ਬਣਾਈ ਰੱਖਣ ਵਾਲਾ ਰਸਤਾ ਹੈ ।

4. ਹੇ ਪਿਆਰੇ ! ਜਦੋਂ ਤੱਕ (ਮਨੁੱਖ ਦੇ) ਹਿਰਦੇ ਵਿਚ (ਹਰਿ ਨਾਮ ਦਾ) ਚਾਨਣ ਨਹੀਂ ਹੁੰਦਾ, ਤਦ ਤੱਕ (ਆਤਮਕ ਜੀਵਨ ਵਲੋਂ) ਘੁੱਪ ਹਨੇਰਾ ਟਿਕਿਆ ਰਹਿੰਦਾ ਹੈ ।੧।

ਪ੍ਰ:–ਸ੍ਰੀ ਜੀਉ ! ਕਈ ਲੋਕ ਅਨੇਕਾਂ ਤਰ੍ਹਾਂ ਦੇ ਸਾਧਨ ਕਰਦੇ ਹਨ ਕੀ ਉਨ੍ਹਾਂ ਨੂੰ ਸੰਸਾਰ ਦੇ ਵਿਕਾਰਾਂ ਤੋਂ ਮੁਕਤ ਹੋ ਜਾਂਦੀ ਹੈ ?

5.ਉ:–ਹੇ ਭਾਈਓ ! ਜਿਵੇਂ, (ਕੋਈ ਕਿਸਾਨ ਆਪਣੀ) ਜ਼ਮੀਨ ਨੂੰ ਕਈ ਤਰੀਕਿਆਂ ਨਾਲ ਤਿਆਰ ਕਰਦਾ ਹੈ, ਪਰ ਉਸ ਵਿਚ ਬੀਜ ਬੀਜਣ ਤੋਂ ਬਿਨਾਂ ਕੁਝ ਭੀ ਨਹੀਂ ਉੱਗਦਾ ।

6. ਹੇ ਪਿਆਰੇ, (ਇਸੇ ਤਰ੍ਹਾਂ) ਪ੍ਰਮਾਤਮਾਂ ਦਾ ਨਾਮ (ਹਿਰਦੇ ਵਿਚ ਬੀਜਣ) ਤੋਂ ਬਿਨਾਂ ਮਨੁੱਖ ਨੂੰ ਵਿਕਾਰਾਂ ਤੋਂ ਖਲਾਸੀ ਨਹੀਂ ਹੁੰਦੀ, ਉਸਦੇ ਅੰਦਰੋਂ ਅਹੰਕਾਰ ਭੀ ਨਹੀਂ ਮੁਕਦਾ ।੨।

7. ਹੇ ਭਾਈ ! ਜਿਹੜਾ ਮਨੁੱਖ ਪਾਣੀ ਨੂੰ ਰਿੜਕਦਾ ਰਹਿੰਦਾ ਹੈ ਉਹ ਨਿਰਾ ਬਹੁਤ ਥਕੇਵਾਂ ਹੀ ਖੱਟਦਾ ਹੈ । (ਪਾਣੀ ਰਿੜਕਣ ਨਾਲ ਉਸ ਵਿਚੋਂ)ਮੱਖਣ ਨਹੀਂ ਨਿਕਲ ਸਕਦਾ ।

8. ਤਿਵੇਂ ਹੀ, ਹੇ ਭਾਈ ! (ਗੁਰੂ ਨੂੰ ਮਿਲਣ ਤੋਂ ਬਿਨਾਂ ਕਿਸੇ ਨੂੰ ਭੀ ਵਿਕਾਰਾਂ ਤੋਂ ਖਲਾਸੀ) ਪ੍ਰਾਪਤ ਨਹੀਂ ਹੁੰਦੀ, ਮਨੁੱਖ ਪ੍ਰਮਾਤਮਾਂ ਨੂੰ ਨਹੀਂ ਮਿਲ ਸਕਦਾ ।੩।

ਪ੍ਰ:–ਗੁਰਦੇਵ ਜੀਉ ! ਆਖਰ, ਸੁਖ ਪ੍ਰਾਪਤੀ ਦਾ ਸਾਧਨ ਆਪ ਕੀ ਮੰਨਦੇ ਹੋ ?

9.ਉ:–ਹੇ ਭਾਈਓ ! ਅਸਾਂ ਤਾਂ ਖੋਜ ਕਰਦਿਆਂ ਕਰਦਿਆਂ ਇਹੋ ਹੀ ਵੀਚਾਰ ਕੀਤੀ ਹੈ ਕਿ ਪ੍ਰਮੇਸ਼ਰ ਦਾ ਨਾਮ (ਹੀ) ਸਾਰੇ ਸੁਖ ਦੇਣ ਵਾਲਾ ਹੈ ।

ਪ੍ਰ:–ਸ੍ਰੀ ਜੀਉ ! ਆਖਰ ਇਹ ਨਾਮ ਕਿਵੇਂ ਪ੍ਰਾਪਤ ਹੁੰਦਾ ਹੈ ?

10.ਉ:–ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ ! ਇਹ ਹਰਿ ਨਾਮ ਉਸੇ ਮਨੁੱਖ ਨੂੰ ਮਿਲਦਾ ਹੈ, ਜਿਸਦੇ ਮੱਥੇ ਉਤੇ (ਹਰਿ ਨਾਮ ਦੀ ਪ੍ਰਾਪਤੀ ਦਾ) ਲੇਖ (ਜਾਗਦਾ) ਹੈ ।੬।੧੧।

ਭਾਵਾਰਥ :–ਇਸ ਸ਼ਬਦ ਵਿਚ ਹਜ਼ੂਰ ਨਾਮ ਦੀ ਮਹਿਮਾਂ ਕਥਨ ਕਰਦੇ ਹਨ ਨਾਮ ਤੋਂ ਬਿਨਾਂ ਸਾਰੇ ਹੋਰ ਕਰਮ ਨਿਸਫਲ ਹਨ ।

ਸਾਰਗ ਮਹਲਾ ੫ ॥

1. ਅਨਦਿਨੁ ਰਾਮ ਕੇ ਗੁਣ ਕਹੀਐ ॥
2. ਸਗਲ ਪਦਾਰਥ ਸਰਬ ਸੂਖ ਸਿਧਿ
ਮਨ ਬਾਂਛਤ ਫਲ ਲਹੀਐ ॥੧॥ਰਹਾਉ॥
3. ਆਵਹੁ ਸੰਤ ਪ੍ਰਾਨ ਸੁਖਦਾਤੇ
ਸਿਮਰਹ ਪ੍ਰਭੁ ਅਬਿਨਾਸੀ ॥
4. ਅਨਾਥਹ ਨਾਥੁ ਦੀਨ ਦੁਖ ਭੰਜਨ
ਪੂਰਿ ਰਹਿਓ ਘਟ ਵਾਸੀ ॥੧॥
5. ਗਾਵਤ ਸੁਨਤ ਸੁਨਾਵਤ ਸਰਧਾ
ਹਰਿ ਰਸੁ ਪੀ ਵਡਭਾਗੇ ॥
6. ਕਲਿ ਕਲੇਸ ਮਿਟੇ ਸਭਿ ਤਨ ਤੇ
ਰਾਮ ਨਾਮ ਲਿਵ ਜਾਗੇ ॥੨॥
7. ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ
ਹਰਿ ਸਿਮਰਨ ਬੰਧਨ ਤੂਟੇ ॥
8 ਮੋਹ ਮਗਨ ਅਹੰ ਅੰਧ ਮਮਤਾ
ਗੁਰ ਕਿਰਪਾ ਤੇ ਛੂਟੇ ॥੩॥
9. ਤੂ ਸਮਰਥੁ ਪਾਰਬ੍ਰਹਮ ਸੁਆਮੀ
ਕਰਿ ਕਿਰਪਾ ਜਨੁ ਤੇਰਾ ॥
10. ਪੂਰਿ ਰਹਿਓ ਸਰਬ ਮਹਿ ਠਾਕੁਰੁ
ਨਾਨਕ ਸੋ ਪ੍ਰਭੁ ਨੇਰਾ ॥੪॥੧੨॥

ਪਦ ਅਰਥ :–ਅਨਦਿਨੁ–ਹਰ ਰੋਜ਼ । ਕਹੀਐ–ਆਓ, ਭਾਈ, ਆਖਿਆ ਕਰੀਏ । ਸਗਲ–ਸਾਰੇ । ਸਿਧਿ–ਸਿਧੀਆਂ । ਮਨ ਬਾਂਛਤ–ਮੰਨ ਮੰਗੇ । ਲਹੀਐ–ਆਓ, ਭਾਈ, ਪ੍ਰਾਪਤ ਕਰੀਏ ।੧।ਰਹਾਉ।

ਸੰਤ–ਹੇ ਸੰਤ ਜਨੋ । ਸਿਮਰਹ- ਆਓ, ਅਸੀਂ ਸਿਮਰੀਏ । ਅਨਾਥਹ ਨਾਥੁ–ਨਿਖਸਮਿਆਂ ਦਾ ਖਸਮ । ਦੀਨ–ਗਰੀਬ । ਪੂਰਿ ਰਹਿਓ–ਵਿਆਪਕ ਹੈ । ਘਟ ਵਾਸੀ–ਸਾਰੇ

ਸਰੀਰਾਂ ਵਿਚ ਵਸਣ ਵਾਲਾ ।੧।

ਗਾਵਤ—ਗਾਂਦਿਆਂ । ਸਰਧਾ—ਰਸਧਾ ਨਾਲ । ਪੀ-ਪੀ ਕੇ । ਵਡ ਭਾਗੇ—ਵੱਡੇ ਭਾਗਾਂ ਵਾਲੇ । ਕਲਿ—ਝਗੜੇ । ਕਲੇਸ਼—ਦੁੱਖ । ਸਭਿ—ਸਾਰੇ । ਤੇ—ਤੋਂ । ਲਿਵ—ਲਗਨ । ਜਾਗੇ—ਸੁਚੇਤ ਹੋ ਗਏ ।੨।

ਤਜਿ-ਤਜ ਕੇ, ਤਿਆਗ ਕੇ । ਸਿਮਰਨਿ—ਸਿਮਰਨ ਦੀ ਰਾਹੀਂ । ਮੋਹ ਮਗਨ ਮੋਹ (ਦੇ ਸਮੁੰਦਰ) ਵਿਚ ਡੁੱਬੇ ਰਹਿਣਾ । ਅਹੰ ਅੰਧ—ਹਉਮੈ ਵਿਚ ਅੰਨ੍ਹੇ ਹੋਏ ਰਹਿਣਾ । ਮਮਤਾ—ਅਪਣਤ । ਗੁਰ ਕਿਰਪਾ ਤੇ—ਗੁਰੂ ਦੀ ਕਿਰਪਾ ਨਾਲ।੩।

ਸਮਰਥੁ—ਸਾਰੀਆਂ ਤਾਕਤਾਂ ਦਾ ਮਾਲਕ । ਪਾਰਬ੍ਰਹਮ—ਹੇ ਪਾਰ ਬ੍ਰਹਮ । ਸੁਆਮੀ—ਹੇ ਸੁਆਮੀ । ਜਨੁ—ਸੇਵਕ । ਸਰਬ ਮਹਿ—ਸਾਰੇ ਜੀਵਾਂ ਵਿਚ । ਨੇਰਾ—(ਸਭ ਦੇ) ਨੇੜੇ ।੪।

ਅਰਥ:—

ਪ੍ਰ:—ਸ੍ਰੀ ਜੀਉ ! ਸਾਨੂੰ ਸਾਧਨ ਕੀ ਕਰਦੇ ਰਹਿਣਾ ਚਾਹੀਦਾ ਹੈ ?

1. **ਉ:**—ਹੇ ਭਾਈਓ ! ਆਓ, ਅਸੀਂ ਹਰ ਵੇਲੇ ਪ੍ਰਮੇਸ਼ਰ ਦੇ ਗੁਣ ਗਾਂਦੇ ਰਹੀਏ ।
2. ਹੇ ਪਿਆਰੇ, (ਗੁਣ ਗਾਣ ਦੀ ਬਰਕਤ ਨਾਲ) ਆਓ, ਸਾਰੇ ਪਦਾਰਥ, ਸਾਰੇ ਸੁਖ, ਸਾਰੀਆਂ ਸਿਧੀਆਂ, ਸਾਰੇ ਮਨ ਮੰਗੇ ਫਲ ਹਾਸਲ ਕਰੀਏ ।੧।ਰਹਾਉ।
3. ਹੇ ਸੰਤ ਜਨੋ, ਆਓ, ਅਸੀਂ ਪ੍ਰਾਨ ਦਾਤੇ, ਸੁਖ ਦਾਤੇ, ਅਬਿ-ਨਾਸ਼ੀ ਪ੍ਰਭੂ (ਦਾ ਨਾਮ) ਸਿਮਰੀਏ ।
4. ਹੇ ਭਾਈਓ ! ਉਹ ਪ੍ਰਭੂ ਨਿਖਸਮਿਆਂ ਦਾ ਖਸਮ ਹੈ, ਉਹ ਪ੍ਰਭੂ ਗਰੀਬਾਂ ਦੇ ਦੁੱਖ ਨਾਸ ਕਰਨ ਵਾਲਾ ਹੈ, ਉਹ ਪ੍ਰਭੂ ਸਭ ਥਾਈਂ ਵਿਆਪਕ ਹੈ, ਉਹ ਪ੍ਰਭੂ ਸਾਰਿਆਂ ਸਰੀਰਾਂ ਵਿਚ ਮੌਜੂਦ ਹੈ ।੧।

ਪ੍ਰ:-ਸ੍ਰੀ ਜੀਉ, ਇਸਦਾ ਸਾਨੂੰ ਫਲ ਕੀ ਪ੍ਰਾਪਤ ਹੋਵੇਗਾ ?

5. **ਉ:**—ਹੇ ਸੰਤ ਜਨੋ, ਪ੍ਰਮੇਸ਼ਰ ਦੇ ਗੁਣ ਸ਼ਰਧਾ ਨਾਲ ਗਾਂਦਿਆਂ ਸੁਣਦਿਆਂ ਸੁਣਾਦਿਆਂ ਪ੍ਰਮਾਤਮਾਂ ਦਾ ਨਾਮ ਰਸ ਪੀ ਕੇ ਵਡੇ ਭਾਗਾਂ ਵਾਲਾ ਬਣ ਜਾਈਦਾ ਹੈ ।
6. ਹੇ ਪਿਆਰੇ, ਜਿਹੜੇ ਮਨੁੱਖ ਪ੍ਰਮਾਤਮਾਂ ਦੇ ਨਾਮ ਵਿਚ ਸੁਰਤਿ ਜੋੜ ਕੇ, (ਵਿਕਾਰਾਂ ਦੇ ਹਲਿਆਂ ਵਲੋਂ ਸਦਾ) ਸੁਚੇਤ ਰਹਿੰਦੇ ਹਨ, ਉਨ੍ਹਾਂ ਦੇ ਸਰੀਰ ਵਿਚੋਂ ਸਾਰੇ ਝਗੜੇ, ਸਾਰੇ ਦੁੱਖ ਮਿਟ ਜਾਂਦੇ ਹਨ ।੨।

ਪ੍ਰ:—ਗੁਰਦੇਵ ਜੀਉ, ਮਾਇਆ ਮੋਹ ਦੀਆਂ ਫਾਹੀਆਂ ਬੜੀਆਂ ਕਠਨ ਹਨ, ਇਨ੍ਹਾਂ ਨੂੰ ਕਿਵੇਂ ਕੱਟਿਆ ਜਾਵੇ ?

7. **ਉ:**—ਹੇ ਸੰਤ ਜਨੋ, ਕਾਮ ਕ੍ਰੋਧ, ਝੂਠ, ਨਿੰਦਿਆ ਛਡਕੇ ਪ੍ਰਮਾਤਮਾਂ ਦੇ ਨਾਮ ਸਿਮਰਨ ਦੀ ਰਾਹੀਂ (ਮਨੁੱਖ ਦੇ ਅੰਦਰੋਂ, ਮਾਇਆ ਦੇ ਮੋਹ ਦੀਆਂ ਸਾਰੀਆਂ) ਫਾਹੀਆਂ ਟੁੱਟ ਜਾਂਦੀਆਂ ਹਨ ।
8. ਹੇ ਭਾਈ ! ਮੋਹ ਵਿਚ ਡੁੱਬੇ ਰਹਿਣਾ, ਹਉਮੈ ਵਿਚ ਅੰਨ੍ਹੇ ਹੋਏ ਰਹਿਣਾ, ਮਾਇਆ ਦੇ ਕਬਜ਼ੇ ਦੀ ਲਾਲਸਾ, ਇਹ ਸਾਰੇ ਗੁਰੂ ਦੀ ਕ੍ਰਿਪਾ ਨਾਲ (ਮਨੁੱਖ ਦੇ ਅੰਦਰੋਂ) ਖਤਮ ਹੋ ਜਾਂਦੇ ਹਨ ।੩।

ਪ੍ਰ:—ਸ੍ਰੀ ਜੀਉ, ਉਸ ਮਾਲਕ ਪ੍ਰਭੂ ਤੋਂ ਮੰਗਣਾ ਕੀ ਚਾਹੀਦਾ ਹੈ ?

9. **ਉ:**—ਹੇ ਭਾਈ ! ਉਸ ਪ੍ਰਭੂ ਤੋਂ ਇਹੋ ਹੀ ਮੰਗ ਕਰੋ ਕਿ, ਹੇ ਪਾਰਬ੍ਰਹਮ, ਹੇ ਸੁਆਮੀ, ਤੂੰ ਸਭ ਤਾਕਤਾਂ ਦਾ ਮਾਲਕ ਹੈਂ, (ਮੇਰੇ ਉਤੇ) ਮਿਹਰ ਕਰ (ਮੈਨੂੰ ਆਪਣੇ ਨਾਮ ਸਿਮਰਨ ਦਾ ਖੈਰ ਪਾ ਮੈਂ ਤੇਰਾ ਦਾਸ ਹਾਂ ।
10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ ਹੇ ਭਾਈ ! ਉਹ ਮਾਲਕ ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ, ਉਹ ਪ੍ਰਭੂ ਸਭ ਦੇ ਨੇੜੇ ਵਸਦਾ ਹੈ ।੪।੧੨।

ਭਾਵਾਰਥ:—ਹਰੀ ਦੇ ਸਿਮਰਨ ਤੇ ਗੁਣ ਗਾਉਣ ਨਾਲ ਸਾਰੇ ਪਾਪ ਤੇ ਦੁਖ ਦੂਰ ਹੁੰਦੇ ਤੇ ਹਰ ਤਰ੍ਹਾਂ ਦੇ ਸੁਖ ਪ੍ਰਾਪਤ ਹੁੰਦੇ ਹਨ, ਇਸ ਲਈ ਹਜ਼ੂਰ ਹਰ ਪ੍ਰਾਣੀ ਮਾਤ੍ਰ ਨੂੰ ਹਰੀ ਦੇ ਨਾਮ ਸਿਮਰਨ ਦੀ ਹੀ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਬਲਿਹਾਰੀ ਗੁਰਦੇਵ ਚਰਨ ॥
2. ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ
ਉਪਦੇਸੁ ਹਮਾਰੀ ਗਤਿ ਕਰਨ ॥੧॥ਰਹਾਉ॥
3. ਦੂਖ ਰੋਗ ਭੈ ਸਗਲ ਬਿਨਾਸੇ
ਜੋ ਆਵੈ ਹਰਿ ਸੰਤ ਸਰਨ ॥
4 ਆਪਿ ਜਪੈ ਅਵਰਹ ਨਾਮੁ ਜਪਾਵੈ
ਵਡ ਸਮਰਥ ਤਾਰਨ ਤਰਨ ॥੧॥
5. ਜਾਕੋ ਮੰਤ੍ਰੁ ਉਤਾਰੈ ਸਹਸਾ ਊਨੇ ਕਉ ਸੁਭਰ ਭਰਨ ॥
6. ਹਰਿ ਦਾਸਨ ਕੀ ਆਗਿਆ
ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥੨॥
7. ਭਗਤਨ ਕੀ ਟਹਲ ਕਮਾਵਤ ਗਾਵਤ
ਦੁਖ ਕਾਟੇ ਤਾ ਕੇ ਜਨਮ ਮਰਨ ॥
8. ਜਾ ਕਉ ਭਇਓ ਕ੍ਰਿਪਾਲੁ ਬੀਠੁਲਾ
ਤਿਨਿ ਹਰਿ ਹਰਿ ਅਜਰ ਜਰਨ ॥੩॥
9. ਹਰਿ ਰਸਹਿ ਅਘਾਨੇ ਸਹਜਿ ਸਮਾਨੇ
ਮੁਖ ਤੇ ਨਾਹੀ ਜਾਤ ਬਰਨ ॥
10. ਗੁਰ ਪ੍ਰਸਾਦਿ ਨਾਨਕ ਸੰਤੋਖੇ
ਨਾਮੁ ਪ੍ਰਭੂ ਜਪਿ ਜਪਿ ਉਧਰਨ ॥੪॥੧੩॥

ਪਦ ਅਰਥ :—ਬਲਿਹਾਰੀ—ਸਦਕੇ, ਕੁਰਬਾਨ । ਜਾ ਕੈ ਸੰਗਿ—ਜਿਸ (ਗੁਰੂ) ਦੀ ਸੰਗਤ ਵਿਚ । ਧਿਆਈਐ—ਸਿਮਰਿਆ ਜਾ ਸਕਦਾ ਹੈ । ਗਤਿ— ਉਚੀ ਆਤਮਕ ਅਵਸਥਾ ।੧।ਰਹਾਉ।

ਭੈ ਸਗਲ—ਸਾਰੇ ਡਰ। ਅਵਰਹ—ਹੋਰਨਾਂ ਨੂੰ। ਤਰਨ—ਬੇੜੀ ।੧।

ਜਾ ਕੋ ਮੰਤ੍ਰ—(ਗੁਰੂ) ਦਾ ਉਪਦੇਸ਼। ਸਹਸਾ—ਸਹਿਮ। ਊਣੇ ਕਉ—ਆਤਮਕ ਜੀਵਨ ਤੋਂ ਸਖਣੇ ਨੂੰ। ਸੁਭਰ ਭਰਨ—ਨਕਾ-ਨਕ ਭਰ ਦੇਂਦਾ ਹੈ। ਤੇ—ਉਹ ਮਨੁਖ। ਫੁਨਿ—ਮੁੜ ।੨।

ਤਾ ਕੈ—ਉਨ੍ਹਾਂ ਦੇ। ਜਾ ਕਉ—ਜਿਸ ਮਨੁੱਖ ਉਤੇ। ਬੀਠੁਲਾ—ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ। ਤਿਨਿ—ਉਸ (ਮਨੁੱਖ) ਨੇ। ਹਰਿ ਅਜਰ-ਜਰਾ ਰਹਿਤ ਹਰੀ ਨੂੰ। ਜਰਨ—(ਹਿਰਦੇ ਵਿਚ) ਪ੍ਰੋ ਲਿਆ ।੩।

ਹਰਿ ਰਸਹਿ—ਹਰੀ ਦੇ ਨਾਮ ਰਸ ਨਾਲ। ਅਘਾਨੇ—ਰੱਜ ਗਏ। ਸਹਜਿ—ਆਤਮਕ ਅਡੋਲਤਾ ਵਿਚ। ਮੁਖ ਤੇ—ਮੂੰਹੋਂ। ਜਾਤ ਬਰਨ—ਬਿਆਨ ਕੀਤੇ ਜਾ ਸਕਦੇ। ਪ੍ਰਸਾਦਿ—ਕਿਰਪਾ ਨਾਲ। ਸੰਤੋਖੇ—ਸੰਤੋਖ ਵਾਲੇ ਹੋ ਗਏ। ਜਪਿ—ਜਪ ਕੇ। ਉਧਰਨ—ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ ।੪।

ਅਰਥ:—

ਪ੍ਰ:—ਸ੍ਰੀ ਜੀਓ, ਹਰ ਮਨੁੱਖ ਭਿੰਨ ਭਿੰਨ ਦੇਵੀ ਦੇਵਤਿਆਂ ਤੋਂ ਕੁਰਬਾਨ ਜਾਂਦੇ ਹਨ, ਪਰ ਆਪ ਕਿਸ ਤੋਂ ਬਲਿਹਾਰ ਜਾਂਦੇ ਹੋ?

1. **ਉ**—ਹੇ ਭਾਈਓ! (ਮੈਂ ਤਾਂ ਆਪਣੇ) ਗੁਰੂ ਦੇ ਚਰਨਾਂ ਤੋਂ ਹੀ ਕੁਰਬਾਨ ਜਾਂਦਾ ਹਾਂ।
2. ਹੇ ਭਾਈ! ਜਿਸ ਦਾ ਉਪਦੇਸ਼ ਅਸਾਂ ਜੀਵਾਂ ਦੀ ਉਚੀ ਆਤਮਕ ਦਸ਼ਾ ਬਣਾ ਦੇਂਦਾ ਹੈ ।੧।ਰਹਾਉ।
3. ਹੇ ਭਾਈ! ਜਿਹੜਾ ਮਨੁੱਖ ਹਰੀ ਦੇ ਸੰਤ ਗੁਰਦੇਵ ਦੀ ਸ਼ਰਨ ਪੈਂਦਾ ਹੈ, ਉਸਦੇ ਸਾਰੇ ਦੁਖ ਸਾਰੇ ਰੋਗ ਡਰ ਨਾਸ ਹੋ ਜਾਂਦੇ ਹਨ।

ਪ੍ਰ:—ਕਿਉਂ ਜੀ, ਉਨ੍ਹਾਂ ਦੀ ਪਛਾਣ ਕੀ ਹੈ?

4. **ਉ:**—ਹੇ ਭਾਈ! ਉਹ ਮਨੁੱਖ ਵਡੀ ਸਮਰਥਾ ਵਾਲੇ ਹਰੀ ਦਾ, ਸਭ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਣ ਜੋਗ ਹਰੀ ਦਾ, ਨਾਮ ਆਪ ਜਪਦਾ ਹੈ ਅਤੇ ਹੋਰਨਾਂ ਪਾਸੋਂ ਜਪਾਂਦਾ ਹੈ ।੧।
5. ਹੇ ਭਾਈ! (ਮੈਂ ਆਪਣੇ ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ) ਜਿਸ ਦਾ ਉਪਦੇਸ਼ ਮਨੁੱਖ ਦਾ ਸਹਿਮ ਦੂਰ ਕਰ ਦੇਂਦਾ ਹੈ, ਜਿਹੜਾ ਗੁਰੂ ਆਤਮਕ ਜੀਵਨ ਤੋਂ ਸੱਖਣੇ ਮਨੁੱਖਾਂ ਨੂੰ ਨਕਾ ਨਕ ਭਰ ਦੇਂਦਾ ਹੈ।
6. ਹੇ ਪਿਆਰੇ, ਜਿਹੜੇ ਮਨੁੱਖ ਹਰੀ ਦੇ ਦਾਸਾਂ ਦੀ ਰਜ਼ਾ ਵਿਚ ਤੁਰਦੇ ਹਨ, ਉਹ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ ।੨।
7. ਹੇ ਭਾਈ! ਸੰਤ ਜਨਾਂ ਦੀ ਸੇਵਾ ਕਰਦਿਆਂ ਪ੍ਰਮਾਤਮਾਂ ਦੇ ਗੁਣ ਗਾਂਦਿਆਂ (ਗੁਰੂ) ਉਨ੍ਹਾਂ ਦੇ ਜਨਮ ਮਰਨ ਦੇ ਸਾਰੇ ਦੁਖ ਕੱਟ ਦੇਂਦਾ ਹੈ।
8. ਹੇ ਪਿਆਰੇ, (ਗੁਰੂ ਦੀ ਮਿਹਰ ਨਾਲ) ਜਿਸ ਮਨੁੱਖ ਉਤੇ ਮਾਇਆ ਤੋਂ ਨਿਰਲੇਪ ਪ੍ਰਭੂ ਦਇਆਵਾਨ ਹੁੰਦਾ ਹੈ, ਉਸ ਮਨੁੱਖ ਨੇ ਸਦਾ ਜਵਾਨ ਰਹਿਣ ਵਾਲੇ (ਜਰਾ-ਰਹਿਤ) ਪ੍ਰਮਾਤਮਾਂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ।੩।

ਪ੍ਰ:—ਸ੍ਰੀ ਜੀਉ! ਜੋ ਨਾਮ ਰਸ ਦੁਆਰੇ ਰਜ ਜਾਂਦੇ ਹਨ। ਉਨ੍ਹਾਂ ਨੂੰ ਫਲ ਕੀ ਹਾਸਲ ਹੁੰਦਾ ਹੈ?

9. **ਉ:**—ਹੇ ਭਾਈ! ਜਿਹੜੇ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਪ੍ਰਮਾਤਮਾਂ ਦੇ ਨਾਮ ਰਸ ਨਾਲ ਰੱਜ ਜਾਂਦੇ ਹਨ, (ਉਹ) ਆਤਮਿਕ ਅਡੋਲਤਾ ਵਿਚ ਲੀਨ ਹੋ ਜਾਂਦੇ ਹਨ, (ਉਨ੍ਹਾਂ ਦੀ ਉਚੀ ਆਤਮਕ ਅਵਸਥਾ) ਮੂੰਹੋਂ ਬਿਆਨ ਨਹੀਂ ਕੀਤੀ ਜਾ ਸਕਦੀ।
10. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ ਹੇ ਭਾਈ! ਉਹ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਸੰਤੋਖੀ ਜੀਵਨ ਵਾਲੇ ਹੋ ਜਾਂਦੇ ਹਨ, ਉਹ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।੪।੧੩।

ਭਾਵਾਰਥ: ਹਰੀ ਨਾਲ ਮੇਲ ਕਰਨ ਦੇ ਅਨੇਕਾਂ ਲੋਕੀਂ ਅਨੇਕਾਂ ਹੀ ਸਾਧਨ ਕਰਦੇ ਹਨ ਪਰ ਗੁਰੂ ਦੀ ਕ੍ਰਿਪਾ ਨਾਲ ਹੀ ਹਰੀ ਦਾ ਮਿਲਾਪ ਹੁੰਦਾ ਹੈ।

ਸਾਰਗ ਮਹਲਾ ੫ ॥

1. **ਗਾਇਓ ਰੀ ਮੈ ਗੁਣ ਨਿਧਿ ਮੰਗਲ ਗਾਇਓ ॥**
2. **ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥੧॥ਰਹਾਉ॥**
3. **ਸੰਤਹ ਚਰਨ ਮੋਰਲੋ ਮਾਥਾ ॥**
4. **ਹਮਰੇ ਮਸਤਕਿ ਸੰਤ ਧਰੇ ਹਾਥਾ ॥੧॥**
5. **ਸਾਧਹ ਮੰਤ੍ਰ ਮੋਰਲੋ ਮਨੂਆ ॥**
6. **ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥੨॥**
7. **ਭਗਤਹ ਦਰਸੁ ਦੇਖਿ ਨੈਨ ਰੰਗਾ ॥**
8. **ਲੋਭ ਮੋਹ ਤੂਟੇ ਭ੍ਰਮ ਸੰਗਾ ॥੩॥**
9. **ਕਹੁ ਨਾਨਕ ਸੁਖ ਸਹਜ ਅਨੰਦਾ ॥**
10. **ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥੪॥੧੪॥**

ਪਦ ਅਰਥ:—ਰੀ—ਹੇ ਭੈਣ। ਗੁਣ ਨਿਧਿ—ਗੁਣਾਂ ਦਾ ਖਜ਼ਾਨਾ ਪ੍ਰਭੂ। ਮੰਗਲ—ਸਿਫ਼ਤ ਸਾਲਾਹ ਦੇ ਗੀਤ, ਖੁਸ਼ੀ ਦੇ ਗੀਤ। ਸੰਜੋਗ—ਮਿਲਾਪ ਦੇ ਸਬਬ। ਅਉਸਰ—ਸਮਾਂ। ਜਉ—ਜਦੋਂ। ਗੋਪਾਲੁ—ਸ੍ਰਿਸ਼ਟੀ ਦਾ ਪਾਲਣਹਾਰ ਪ੍ਰਭੂ। ਰੀਝਾਇਓ—ਪ੍ਰਸੰਨ ਕਰ ਲਿਆ ।੧।ਰਹਾਉ।

ਮਰਲੋ—ਮੇਰਾ। ਮਸਤਕਿ—ਮੱਥੇ ਉਤੇ ।੧।

ਮੰਤ੍ਰ—ਉਪਦੇਸ਼। ਤਾ ਤੇ—ਉਸ (ਉਪਦੇਸ਼) ਨਾਲ। ਗਤੁ ਹੋਏ—ਦੂਰ ਹੋ ਗਏ। ਤ੍ਰੈ ਗੁਨੀਆ—ਮਾਇਆ ਦੇ ਤਿੰਨ ਗੁਣ ।੨।

ਦੇਖਿ—ਵੇਖ ਕੇ। ਨੈਨ—ਅੱਖਾਂ ਵਿਚ। ਰੰਗਾ—ਪ੍ਰੇਮ। ਸੰਗਾ—ਸਾਥ ।੩।

ਸਹਜ–ਆਤਮਕ ਅਡੋਲਤਾ । ਖੋਲਿ–ਖੋਲ੍ਹ ਕੇ । ਭੀਤਿ–ਕੰਧ, ਵਿੱਥ । ਪਰਮਾਨੰਦ–ਸਭ ਤੋਂ ਉਚੇ ਅਨੰਦ ਦਾ ਮਾਲਕ ਪ੍ਰਭੂ ।੪।

ਅਰਥ:–

ਪ੍ਰ:–ਗੁਰਦੇਵ ਜੀਉ ! ਆਪ ਜੀ, ਭਲਾ ਸਮਾਂ, ਭਲੇ ਦਿਨ ਕਿਸ ਨੂੰ ਮੰਨਦੇ ਹੋ ?

1. ਉ:–ਹੇ ਭੈਣ, ਸੁਣ, ਮੈਂ ਤਾਂ ਉਸੇ ਗੁਣਾਂ ਦੇ ਖਜ਼ਾਨੇ ਪ੍ਰਭੂ ਦੇ ਸਿਫਤ ਸਾਲਾਹ ਦੇ ਗੀਤ ਗਾ ਰਹੀ ਹਾਂ ।
2. (ਜਿੰਦ ਵਾਸਤੇ ਉਹੀ) ਭਲੇ ਸਬਬ ਹੁੰਦੇ ਹਨ, ਭਾਗਾਂ ਵਾਲੇ ਦਿਨ ਹੁੰਦੇ ਹਨ, ਸੋਹਣੇ ਸਮੇਂ ਹੁੰਦੇ ਹਨ ਜਦੋਂ(ਕੋਈ ਜਿੰਦ) ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਨੂੰ ਖੁਸ਼ ਕਰ ਲਏ ।੧।ਰਹਾਉ।
3. ਹੇ ਭੈਣ, ਮੇਰਾ ਮੱਥਾ ਹੁਣ ਸੰਤਾਂ ਦੇ ਚਰਨਾਂ ਤੇ ਹੈ ।
4. ਮੇਰੇ ਮੱਥੇ ਉਤੇ ਸੰਤਾਂ ਨੇ ਆਪਣੇ ਹੱਥ ਰੱਖੇ ਹਨ । (ਮੇਰੇ ਲਈ ਇਹ ਬੜਾ ਹੀ ਸੁਭਾਗ ਸਮਾਂ ਹੈ) ।੧।
5. ਹੇ ਭੈਣ, ਗੁਰੂ ਦਾ ਉਪਦੇਸ਼ ਮੇਰੇ ਅੰਞਾਣ ਮਨ ਵਿਚ ਆ ਵਸਿਆ ਹੈ ।
6. ਉਸ ਦੀ ਬਰਕਤ ਨਾਲ (ਮੇਰੇ ਅੰਦਰੋਂ) ਮਾਇਆ ਦੇ ਤਿੰਨਾਂ ਹੀ ਗੁਣਾਂ ਦਾ ਪ੍ਰਭਾਵ ਦੂਰ ਹੋ ਗਿਆ ਹੈ ।੨।
7. ਹੇ ਭੈਣ, ਸੰਤ ਜਨਾਂ ਦਾ ਦਰਸ਼ਨ ਕਰ ਕੇ ਮੇਰੀਆਂ ਅੱਖਾਂ ਵਿਚ (ਅਜਿਹਾ) ਪ੍ਰੇਮ ਪੈਦਾ ਹੋ ਗਿਆ ਹੈ ।
8. ਜਿਸ ਦੀ ਬਰਕਤ ਨਾਲ (ਮੇਰੇ ਅੰਦਰੋਂ) ਲੋਭ ਮੋਹ ਭਟਕਣਾ ਦਾ ਸਾਥ ਮੁੱਕ ਗਿਆ ਹੈ ।੩।
9. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭੈਣ ! ਮੇਰੇ ਅੰਦਰੋਂ ਹਉਮੈਂ ਦੀ ਕੰਧ ਤੋੜ ਕੇ ਸਭ ਤੋਂ ਉੱਚੇ ਅਨੰਦ ਦੇ ਮਾਲਕ ਪ੍ਰਭੂ ਜੀ ਮੈਨੂੰ ਮਿਲ ਪਏ ਹਨ ।
10. (ਹੁਣ ਮੇਰੇ ਅੰਦਰ) ਆਤਮਕ ਅਡੋਲਤਾ ਦੇ ਸੁਖ ਅਨੰਦ ਬਣੇ ਪਏ ਹਨ ।੪।੧੪।

ਭਾਵਾਰਥ :–ਗੁਰੂ ਦੀ ਕ੍ਰਿਪਾ ਹੋਈ ਤੇ ਅਸੀਂ ਹਰੀ ਦੇ ਗੁਣ ਗਾਏ ਜਿਸ ਤੋਂ ਪਾਪ ਦੂਰ ਹੋ ਕੇ ਪਰਮ ਸੁਖ ਦੀ ਪ੍ਰਾਪਤੀ ਹੋ ਗਈ ।

ਸਾਰਗ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥

1. **ਕੈਸੇ ਕਹਉ ਮੋਹਿ ਜੀਅ ਬੇਦਨਾਈ ॥**
2. **ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ ॥੧॥ਰਹਾਉ॥**
3. **ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ॥**
4. **ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ ॥੧॥**
5. **ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ॥**
6. **ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥੨॥**
7. **ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ॥**
8. **ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ॥੩॥**
9. **ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ ॥**
10. **ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥੪॥੧॥੧੫॥**

ਪਦ ਅਰਥ :–ਜੀਅ ਬੇਦਨਾਈ–ਦਿਲ ਦੀ ਪੀੜ । ਮੋਹਿ–ਮੈਂ । ਪਿਆਸ–ਤਾਂਘ । ਮਨੋਹਰ–ਮਨ ਨੂੰ ਮੋਹ ਲੈਣ ਵਾਲਾ । ਪ੍ਰਿਅ ਮਨੋਹਰ ਪ੍ਰੀਤਿ–ਮਨ ਨੂੰ ਮੋਹ ਲੈਣ ਵਾਲੇ ਪਿਆਰੇ (ਹਰੀ) ਦੀ ਪ੍ਰੀਤ । ਨ ਰਹੈ–ਟਿਕਦਾ ਨਹੀਂ, ਧੀਰਜ ਨਹੀਂ ਫੜਦਾ । ਬਹੁ ਬਿਧਿ–ਕਈ ਤਰੀਕਿਆਂ ਨਾਲ । ਉਮਕਾਈ–ਉਮੰਗ ਵਿਚ ਆਉਂਦਾ ਹੈ ।੧।ਰਹਾਉ।

ਚਿਤਵਨਿ–ਸੋਚ । ਚਿਤਵਉ–ਚਿਤਵਉਂ, ਮੈਂ ਸੋਚਦੀ ਹਾਂ । ਬੈਰਾਗੀ–ਵੈਰਾਗਣ ਹੋਈ ਹੋਈ । ਕਦਿ–ਕਦੋਂ ? ਪਾਵਉ–ਪਾਵਉਂ, ਮੈਂ ਪਾਵਾਂਗੀ । ਕਰਉ–ਕਰਉਂ, ਮੈਂ ਕਰਦੀ ਹਾਂ । ਨਹੀਂ ਧੀਰੈ–ਧੀਰਜ ਨਹੀਂ ਕਰਦਾ । ਰੇ–ਹੇ ਭਾਈ ।੧।

ਸੰਜਮ–ਇੰਦ੍ਰਿਆਂ ਨੂੰ ਵਸ ਕਰਨ ਦੇ ਸਾਧਨ । ਪੁੰਨ–ਮਿਥੇ ਹੋਏ ਧਾਰਮਕ ਕੰਮ । ਸਭਿ–ਸਾਰੇ । ਹੋਮਉ–ਹੋਮਉਂ, ਮੈਂ ਭੇਟ ਕਰ ਦਿਆਂਗੀ । ਅਰਪਉ–ਅਰਪਉਂ, ਮੈਂ ਦੇ ਦਿਆਂਗੀ । ਸੁਖ ਜਾਈਂ–ਸੁਖਾਂ ਦੇ ਥਾਂ । ਨਿਮਖ–ਅੱਖ ਝਮਕਣ ਜਿਤਨਾ ਸਮਾਂ । ਤਿਸੁ ਸੰਤਨ ਕੈ–ਉਸ ਪ੍ਰਭੂ ਦੇ ਸੰਤਾਂ ਤੋਂ । ਬਲਿ ਜਾਂਈ–ਮੈਂ ਸਦਕੇ ਜਾਂਦੀ ਹਾਂ ।੨।

ਨਿਹੋਰਾ–ਤਰਲਾ, ਮਿੰਨਤ । ਸੇਵਉ–ਸੇਵਉਂ, ਮੈਂ ਸੇਵਾ ਕਰਾਂਗੀ । ਰੈਨਾਈ–ਰਾਤ । ਹਉ–ਹਉਂ, ਮੈਂ । ਤਿਆਗਉ–ਤਿਆਗਉਂ, ਮੈਂ ਛੱਡ ਦਿਆਂਗੀ । ਸੁਨਾਈ–ਸੁਨਾਏ, ਸੁਣਾਇਗਾ ।੩।

ਦੇਖਿ–ਵੇਖ ਕੇ । ਚਰਿਤ੍ਰ–ਕੌਤਕ, ਤਮਾਸ਼ਾ । ਬਿਸਮਨਿ ਹੈਰਾਨ । ਗੁਰਿ–ਗੁਰੂ ਨੇ । ਸਤਿਗੁਰਿ–ਸਤਿਗੁਰੂ ਨੇ । ਪੁਰਖਿ–ਪ੍ਰਭੂ ਵਿਚ । ਰੰਗ–ਪ੍ਰੇਮ ਸਰੂਪ । ਮੋਹਿ–ਮੈਂ । ਗ੍ਰਿਹ ਮਹਿ–ਹਿਰਦੇ ਘਰ ਵਿਚ । ਤਪਤਿ–ਸੜਨ, ਤਪਸ਼ ।੪।

ਅਰਥ :–

ਪ੍ਰ:–ਸ੍ਰੀ ਜੀਉ ! ਜੋ ਆਪ ਜੀ ਦੇ ਦਿਲ ਦੀ ਬੇਦਨਾਂ ਹੈ ਉਹ ਕਹੋ ਤਾਂ ਕਿ ਅਸੀਂ ਸਮਝ ਸਕੀਏ ?

1. ਉ:–ਹੇ ਵੀਰ, ਮੈਂ ਆਪਣੇ ਦਿਲ ਦੀ ਪੀੜਾ ਕਿਵੇਂ ਬਿਆਨ ਕਰਾਂ ? (ਭਾਵ ਬਿਆਨ ਨਹੀਂ ਕਰ ਸਕਦੀ) ।

ਪ੍ਰ:-ਗੁਰਦੇਵ ਜੀਉ, ਕੁਝ ਤਾਂ ਬਿਆਨ ਕਰੋ ?

2. **ਉ:**-ਹੇ ਪਿਆਰੇ, ਮੇਰੇ ਅੰਦਰ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤ ਹੈ, ਉਸਦੇ ਦਰਸ਼ਨ ਦੀ ਤਾਂਘ ਹੈ, (ਦਰਸ਼ਨ ਤੋਂ ਬਿਨਾਂ ਮੇਰਾ) ਮਨ ਧੀਰਜ ਨਹੀਂ ਕਰਦਾ (ਮੇਰੇ ਅੰਦਰ) ਕਈ ਤਰੀਕਿਆਂ ਨਾਲ ਉਮੰਗ ਉੱਠ ਰਹੀ ਹੈ ।੧।ਰਹਾਉ।

3. ਹੇ ਵੀਰ, ਮੈਂ ਪਿਆਰੇ ਦੀ ਪ੍ਰੀਤ ਨਾਲ ਵੈਰਾਗਣ ਹੋਈ ਪਈ ਹਾਂ, ਮੈਂ ਹਰ ਵੇਲੇ ਮੈਂ (ਹਰ ਵੇਲੇ ਇਹ) ਇਹ ਸੋਚ ਸੋਚਦੀ ਰਹਿੰਦੀ ਹਾਂ ਕਿ ਮੈਂ, ਹਰੀ ਦਾ ਦਰਸ਼ਨ ਕਦੋਂ ਕਰਾਂਗੀ ।

4. ਹੇ ਵੀਰ, ਇਸ ਮਨ ਨੂੰ ਧੀਰਜ ਦੇਣ ਲਈ, ਮੈਂ ਜਤਨ ਕਰਦੀ ਰਹਿੰਦੀ ਹਾਂ, ਪਰ ਇਹ ਮਨ ਧੀਰਜ ਕਰਦਾ ਹੀ ਨਹੀਂ, ਹੇ ਵੀਰ, ਕੋਈ ਅਜਿਹਾ ਭੀ ਸੰਤ ਹੈ, ਜਿਹੜਾ ਮੈਨੂੰ ਪ੍ਰਭੂ ਮਿਲਾ ਦੇਵੇ ।੧।

ਪ੍ਰ:-ਗੁਰਦੇਵ ਜੀਉ, ਜੋ ਤੁਹਾਨੂੰ ਦਰਸ਼ਨ ਕਰਾ ਦੇਵੇ ਤੁਸੀਂ ਉਸਨੂੰ ਭੇਟਾ ਕੀ ਦੇਵੋਗੇ ?

5. **ਉ:**-ਹੇ ਵੀਰਾ, ਜੇ ਕੋਈ ਮੈਨੂੰ ਅੱਖ ਝਮਕਣ ਜਿਤਨੇ ਸਮੇਂ ਲਈ ਹੀ ਪਿਆਰੇ ਦਾ ਦਰਸ਼ਨ ਕਰਵਾ ਦੇਵੇ, ਤਾਂ ਮੈਂ ਉਸ ਪਿਆਰੇ ਦੇ ਉਨ੍ਹਾਂ ਸੰਤਾਂ ਤੋਂ ਸਦਕੇ ਕੁਰਬਾਨ ਜਾਵਾਂਗੀ ।

6. ਹੇ ਵੀਰ, ਮੈਂ ਉਸ ਨੂੰ ਸਾਰੇ ਜਪ, ਸਾਰੇ ਤਪ, ਸੰਜਮ, ਸਾਰੇ ਪੁੰਨ ਕੁਰਬਾਨ ਕਰ ਦਿਆਂ, ਸਾਰੇ ਸੁਖਾਂ ਦੇ ਵਸੀਲੇ (ਪਿਆਰੇ ਪ੍ਰਭੂ ਨਾਲ ਮਿਲਾਣ ਵਾਲੇ ਸੰਤ ਅਗੇ) ਭੇਟਾ ਰੱਖ ਦਿਆਂਗੀ ।੨।

7. ਹੇ ਵੀਰ, ਜਿਹੜਾ ਕੋਈ ਸੰਤ ਮੈਨੂੰ ਪਿਆਰੇ ਪ੍ਰਭੂ ਦੀ ਸਿਫਤ ਸਾਲਾਹ ਦੀ ਗੱਲ ਸੁਣਾਵੇ, ਮੈਂ ਉਸਦੇ ਅਗੇ ਆਪਣਾ ਸਾਰਾ ਮਾਣ ਅਹੰਕਾਰ ਤਿਆਗ ਦਿਆਂਗੀ ।

8. ਮੈਂ ਉਸਦੇ ਅੱਗੇ ਬਹੁਤ ਤਰਲਾ ਕਰਾਂਗੀ, ਬੇਨਤੀ ਕਰਾਂਗੀ, ਮੈਂ ਦਿਨ ਰਾਤ ਉਸਦੀ ਸੇਵਾ ਕਰਾਂਗੀ ।੩।

9. ਹੇ ਵੀਰ ਮੈਂ ਇਹ ਕੌਤਕ ਦੇਖਕੇ ਹੈਰਾਨ ਹੋ ਗਈ, ਕਿ ਗੁਰੂ ਨੇ, ਸਤਿਗੁਰੂ ਨੇ ਮੈਨੂੰ ਅਕਾਲ ਪੁਰਖ (ਦੇ ਚਰਨਾਂ) ਵਿਚ ਜੋੜ ਦਿੱਤਾ ਹੈ ।

ਪ੍ਰ:-ਸ੍ਰੀ ਜੀਉ, ਪ੍ਰਭੂ ਦੇ ਚਰਨਾਂ ਵਿਚ ਜੁੜਨ ਨਾਲ ਤੁਹਾਨੂੰ ਹਾਸਲ ਕੀ ਹੋਇਆ ਹੈ ?

10. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਦਇਆ ਦਾ ਸੋਮਾਂ ਪਿਆਰ ਸਰੂਪ ਪ੍ਰਮਾਤਮਾਂ ਮੈਂ ਆਪਣੇ ਹਿਰਦੇ ਘਰ ਵਿਚ ਹੀ ਲੱਭ ਲਿਆ (ਤੇ, ਮੇਰੇ ਅੰਦਰੋਂ ਮਾਇਆ ਵਾਲੀ ਸਾਰੀ) ਤਪਸ਼ ਮਿਟ ਗਈ ਹੈ ।੪।੧।੧੫।

ਭਾਵਾਰਥ :-ਇਸ ਮਹਾਂਵਾਕ ਵਿਚ ਹਰੀ ਦੇ ਪ੍ਰੇਮ ਲਈ ਤਾਂਘ ਦਸਦੇ ਹਨ ।

ਸਾਰਗ ਮਹਲਾ ੫ ॥

1. ਰੇ ਮੂੜ੍ਹੇ ਤੂ ਕਿਉ ਸਿਮਰਤ ਅਬ ਨਾਹੀ ॥
2. ਨਰਕ ਘੋਰ ਮਹਿ ਉਰਧ ਤਪੁ ਕਰਤਾ
ਨਿਮਖ ਨਿਮਖ ਗੁਣ ਗਾਂਹੀ ॥੧॥ਰਹਾਉ॥
3. ਅਨਿਕ ਜਨਮ ਭ੍ਰਮਤੌ ਹੀ ਆਇਓ
ਮਾਨਸ ਜਨਮੁ ਦੁਲਭਾਹੀ ॥
4. ਗਰਭ ਜੋਨਿ ਛੋਡਿ ਜਉ ਨਿਕਸਿਓ
ਤਉ ਲਾਗੋ ਅਨ ਠਾਂਹੀ ॥੧॥
5. ਕਰਹਿ ਬੁਰਾਈ ਠਗਾਈ ਦਿਨੁ ਰੈਨਿ
ਨਿਹਫਲ ਕਰਮ ਕਮਾਹੀ ॥
6. ਕਣੁ ਨਾਹੀ ਤੁਹ ਗਾਹਣ ਲਾਗੇ
ਧਾਇ ਧਾਇ ਦੁਖ ਪਾਂਹੀ ॥੨॥
7. ਮਿਥਿਆ ਸੰਗਿ ਕੂੜਿ ਲਪਟਾਇਓ
ਉਰਝਿ ਪਰਿਓ ਕੁਸਮਾਂਹੀ ॥
8. ਧਰਮ ਰਾਇ ਜਬ ਪਕਰਸਿ ਬਵਰੇ
ਤਉ ਕਾਲ ਮੁਖਾ ਉਠਿ ਜਾਹੀ ॥੩॥
9. ਸੋ ਮਿਲਿਆ ਜੋ ਪ੍ਰਭੂ ਮਿਲਾਇਆ
ਜਿਸੁ ਮਸਤਕਿ ਲੇਖੁ ਲਿਖਾਂਹੀ ॥
10. ਕਹੁ ਨਾਨਕ ਤਿਨ੍ ਜਨ ਬਲਿਹਾਰੀ
ਜੋ ਅਲਿਪ ਰਹੇ ਮਨ ਮਾਂਹੀ ॥੪॥੨॥੧੬॥

ਪਦ ਅਰਥ :-ਰੇ ਮੂੜ੍ਹੇ-ਹੇ ਮੂਰਖ । ਅਬ-ਹੁਣ, ਇਸ ਮਨੁਖ ਜਨਮ ਵਿਚ । ਘੋਰ-ਭਿਆਨਕ । ਉਰਧ-ਉਲਟਾ, ਪੁਠਾ ਲਮਕ ਕੇ । ਨਿਮਖ-ਅੱਖ ਦੇ ਝਮਕਣ ਜਿਤਨਾ ਸਮਾਂ । ਨਿਮਖ ਨਿਮਖ-ਪਲ ਪਲ, ਹਰ ਵੇਲੇ । ਗਾਂਹੀ-ਗਾਂਹਿ, ਤੂੰ ਗਾਂਹਦਾ ਸੀ ।੧।ਰਹਾਉ ।੧।ਰਹਾਉ।

ਭ੍ਰਮਤੌ-ਭਟਕਦਾ । ਦੁਲਭਾਹੀ-ਦੁਰਲੱਭ । ਛੋਡਿ-ਛੱਡ ਕੇ । ਜਉ-ਜਦੋਂ । ਨਿਕਸਿਓ-ਨਿਕਲਿਆ, ਜਗਤ ਵਿਚ ਆਇਆ । ਤਉ-ਤਦੋਂ । ਅਨ-ਹੋਰ ਹੋਰ । ਅਨ ਠਾਂਹੀ-ਹੋਰ ਥਾਂਈ ।੧।

ਕਰਹਿ-ਤੂੰ ਕਰਦਾ ਹੈਂ, ਕਰਹਿ । ਰੈਨਿ-ਰਾਤ । ਕਮਾਹੀ-ਕਮਾਹਿ, ਤੂੰ ਕਮਾਂਦਾ ਹੈਂ । ਨਿਹਫਲ-ਜਿਨ੍ਹਾਂ ਤੋਂ ਕੋਈ ਫਲ ਨਹੀਂ ਮਿਲਣਾ । ਕਣੁ-ਦਾਣੇ । ਤੁਹ-ਦਾਣਿਆਂ ਦੇ ਖਾਲੀ ਉਪਰਲੇ ਸਿੱਕੜ । ਧਾਇ ਧਾਇ-ਦੌੜ ਦੌੜ ਕੇ । ਪਾਂਹੀ-ਪਾਂਹਿ, ਪਾਂਦੇ ਹਨ ।੨।

ਮਿਥਿਆ-ਨਾਸਵੰਤ (ਮਾਇਆ) । ਸੰਗਿ-ਨਾਲ । ਕੂੜਿ-ਝੂਠ ਵਿਚ, ਨਾਸਵੰਤ ਜਗਤ ਵਿਚ । ਕੁਸਮਾਂਹੀ-ਫੁਲਾਂ ਵਿਚ । ਕਸੁੰਭੇ ਦੇ ਫੁਲਾਂ ਵਿਚ । ਜਬ-ਜਦੋਂ । ਪਕਰਸਿ-ਫੜੇਗਾ । ਬਵਰੇ-ਹੇ ਕਮਲੇ । ਕਾਲ ਮੁਖਾ-ਕਾਲੇ ਮੂੰਹ ਵਾਲਾ । ਉਠਿ-ਉੱਠ ਕੇ । ਜਾਹੀ-ਜਾਹਿ, ਤੂੰ ਜਾਹਿੰਗਾ ।੩।

ਸੋ-ਉਹ ਮਨੁਖ (ਹੀ) । ਜੋ-ਜਿਸ ਮਨੁੱਖ ਨੂੰ । ਜਿਸ

ਮਸਤਕਿ—ਜਿਸ (ਮਨੁੱਖ) ਦੇ ਮੱਥੇ ਉਤੇ। ਜੋ—ਜਿਹੜੇ ਮਨੁੱਖ। ਅਲਿਪ—ਅਲਿਪਤ, ਨਿਰਲੇਪ। ਮਾਂਹੀ—ਵਿਚ।੪।

ਅਰਥ:—

ਪ੍ਰ:—ਗੁਰਦੇਵ ਜੀਉ, ਮੇਰਾ ਮਨ ਬੜਾ ਹੀ ਆਲਸੀ ਹੈ, ਮੈਨੂੰ ਕੋਈ ਸ਼ੁਭ ਉਪਦੇਸ਼ ਬਖਸ਼ੋ, ਜਿਸ ਦੀ ਬਰਕਤ ਨਾਲ ਇਸਨੂੰ ਕੁਝ ਸੋਝੀ ਪੈ ਸਕੇ ?

1. **ਉ:**—ਹੇ ਮੂਰਖ ਸੁਣ, ਤੂੰ ਹੁਣ ਜਨਮ ਲੈ ਕੇ ਪ੍ਰਮੇਸ਼ਰ ਦਾ ਨਾਮ ਕਿਉਂ ਨਹੀਂ ਸਿਮਰਦਾ ?
2. ਹੇ ਮੂਰਖਾ ਵੇਖ ਜਦੋਂ ਤੂੰ ਭਿਆਨਕ ਨਰਕ (ਵਰਗੇ ਮਾਂ ਦੇ ਪੇਟ) ਵਿਚ (ਸੀ ਤਦੋਂ ਤੂੰ) ਪੁੱਠਾ (ਲਟਕਿਆ ਹੋਇਆਂ) ਤਪ ਕਰਦਾ ਸੀ, (ਉਥੇ ਤੂੰ) ਹਰ ਵੇਲੇ ਪ੍ਰਮਾਤਮਾਂ ਦੇ ਗੁਣ ਗਾਂਦਾ ਸੀ।੧।ਰਹਾਉ।
3. ਹੇ ਮੂਰਖਾ, ਸੁਣ ਤੂੰ ਅਨੇਕਾਂ ਹੀ ਜਨਮਾਂ ਵਿਚ ਭਟਕਦਾ ਆਇਆ ਹੈਂ, ਹੁਣ ਤੈਨੂੰ ਦੁਰਲੱਭ ਮਨੁਖਾ ਜਨਮ ਮਿਲਿਆ ਹੈ।
4. ਪਰ ਹੇ ਭੋਲਿਆ, ਮਾਂ ਦਾ ਪੇਟ ਛੱਡ ਕੇ ਤੂੰ ਜਗਤ ਵਿਚ ਆ ਗਿਆ, ਤਦੋਂ ਤੂੰ (ਸਿਮਰਨ ਛੱਡ ਕੇ) ਹੋਰ ਹੋਰ ਥਾਂਈ ਰੁੱਝ ਗਿਆ।੧।
5. ਹੇ ਮੂਰਖਾ, ਸੁਣ ਤੂੰ ਦਿਨ ਰਾਤ ਬੁਰਾਈਆਂ ਕਰਦਾ ਹੈਂ, ਠਗੀਆਂ ਕਰਦਾ ਹੈਂ, ਤੂੰ ਸਦਾ ਉਹੀ ਕੰਮ ਕਰਦਾ ਹੈਂ, ਜਿਨ੍ਹਾਂ ਤੋਂ ਕੁਝ ਭੀ ਹੱਥ ਨਹੀਂ ਆਉਣਾ।

ਪ੍ਰ—ਸ੍ਰੀ ਜੀਉ, ਇਹ ਜਿਤਨੇ ਭੀ ਮੈਂ ਕਰਮ ਕਰਦਾ ਹਾਂ ਕੀ ਇਨ੍ਹਾਂ ਦਾ ਮੈਨੂੰ ਕੋਈ ਫਲ ਨਹੀਂ ਮਿਲੇਗਾ ?

6. **ਉ:**—ਹੇ ਮੂਰਖ ! (ਦੇਖ ਤਰੇ ਕੀਤੇ ਕਰਮ ਤਾਂ ਇਉਂ ਹੀ ਨਿਸ-ਫਲ ਹਨ ਜਿਵੇਂ ਕਈ ਕਿਸਾਨ 'ਉਨ੍ਹਾਂ) ਤੁਹਾਂ ਨੂੰ ਹੀ ਗਾਂਹਦੇ ਰਹਿੰਦੇ ਹਨ। ਜਿਨ੍ਹਾਂ ਵਿਚ ਦਾਣੇ ਨਹੀਂ ਹੁੰਦੇ ਉਹ ਦੌੜ ਦੌੜ ਕੇ ਦੁੱਖ (ਹੀ) ਪਾਂਦੇ ਹਨ।੨।
7. ਹੇ ਮੂਰਖਾ ਤੂੰ ਨਾਸਵੰਤ ਮਾਇਆ ਨਾਲ ਨਾਸਵੰਤ ਜਗਤ ਨਾਲ ਚੰਬੜਿਆ ਰਹਿੰਦਾ ਹੈਂ, ਕਸੁੰਭੇ ਦੇ ਫੁਲਾਂ ਨਾਲ ਹੀ ਪਿਆਰ ਪਾਈ ਬੈਠਾ ਹੈ।
8. ਪਰ ਯਾਦ ਰੱਖ, ਜਦੋਂ ਤੈਨੂੰ ਧਰਮ ਰਾਜ ਆ ਫੜੇਗਾ (ਜਦੋਂ ਮੌਤ ਆ ਗਈ) ਤਦੋਂ (ਭੈੜੇ ਕੰਮਾਂ ਦੀ) ਕਾਲਖ ਹੀ ਮੂੰਹ ਤੇ ਲੈ ਕੇ (ਇਥੋਂ) (ਚਲਾ) ਜਾਏਂਗਾ।।

ਪ੍ਰ:—ਸ੍ਰੀ ਜੀਉ, ਆਖਰ ਪ੍ਰਭੂ ਦਾ ਮਿਲਾਪ ਕਿਸਨੂੰ ਹੁੰਦਾ ਹੈ ?

9. **ਉ:**—ਹੇ ਭਾਈ ! ਮਿਲਾਪ ਕਰਨਾਂ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ ਕਿਸੇ ਜੀਵ ਦੇ ਭੀ ਕੀ ਵੱਸ ਹੈ ? ਪ੍ਰਮਾਤਮਾਂ ਨੂੰ ਉਹੀ ਮਨੁੱਖ ਹੀ ਮਿਲ ਸਕਦਾ ਹੈ, ਜਿਸ ਮਨੁੱਖ ਨੂੰ ਉਹ ਪ੍ਰਮੇਸ਼ਰ ਆਪ ਹੀ ਮਿਲਾਂਦਾ ਹੈ, ਜਿਸ ਮਨੁੱਖ ਦੇ ਮੱਥੇ ਉਤੇ (ਪ੍ਰਭੂ ਮਿਲਾਪ ਦੇ) ਲੇਖ ਲਿਖੇ ਹੁੰਦੇ ਹਨ।
10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਮੈਂ ਉਨ੍ਹਾਂ ਮਨੁੱਖਾਂ ਤੋਂ ਕੁਰਬਾਨ ਹਾਂ, ਜਿਹੜੇ (ਪ੍ਰਭੂ ਮਿਲਾਪ ਦੀ ਬਰਕਤ ਨਾਲ) ਮਨ ਵਿਚ (ਮਾਇਆ ਤੋਂ) ਨਿਰਲੇਪ ਰਹਿੰਦੇ ਹਨ।੪।੨।੧੬।

ਭਾਵਾਰਥ :—ਹਜ਼ੂਰ ਇਸ ਮਹਾਂਵਾਕ ਵਿਚ ਮਨੁੱਖ ਨੂੰ ਤਾੜ ਕੇ ਸਮਝਾਂਦੇ ਹਨ ਕਿ ਮਾਇਕ ਪਦਾਰਥਾਂ ਦੇ ਹੋਛੇ ਰਸ ਵਿਚ ਲੱਗਾ ਹੋਇਆ ਜੀਵਨ ਦੇ ਅਸਲ ਮਨੋਰਥ(ਹਰੀ ਮਿਲਾਪ) ਨੂੰ ਕਿਉਂ ਭੁਲਦਾ ਹੈ ?

ਸਾਰਗ ਮਹਲਾ ੫ ॥

1. ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥
2. ਜਾ ਕੇ ਬਿਛੁਰਤ ਹੋਤ ਮਿਰਤਕਾ
ਗ੍ਰਿਹ ਮਹਿ ਰਹਨੁ ਨ ਪਾਈ ॥੧॥ਰਹਾਉ॥
3. ਜੀਅ ਹੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥
4. ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ
ਪ੍ਰਭ ਮੰਗਲ ਗੁਣ ਗਾਈ ॥੧॥
5. ਚਰਨ ਸੰਤਨ ਕੇ ਮਾਥੇ ਮੇਰੇ ਊਪਰਿ
ਨੈਨਹੁ ਧੂਰਿ ਬਾਂਛਾਈ ॥
6. ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ
ਬਲਿ ਬਲਿ ਤਾਕੈ ਹਉ ਜਾਈ ॥੨॥੩॥੧੭॥

ਪਦ ਅਰਥ :—ਕਿਉ—ਕਿਵੇਂ ? ਨਹੀਂ ਹੋ ਸਕਦਾ। ਜੀਵਨੁ—ਆਤਮਕ ਜੀਵਨ। ਪ੍ਰੀਤਮ ਬਿਨੁ—ਪਿਆਰੇ ਪ੍ਰਭੂ (ਦੀ ਯਾਦ)ਤੋਂ ਬਿਨਾ। ਮਾਈ—ਹੇ ਮਾਂ। ਬਿਛੁਰਤ—ਵਿਛੜਿਆ। ਮਿਰਤਕਾ—ਮੁਰਦਾ। ਗ੍ਰਿਹ—ਘਰ।੧।ਰਹਾਉ।

ਜੀਅ ਕੋ ਦਾਤਾ—ਜਿੰਦ ਦਾ ਦਾਤਾ। ਹੀਅ ਕੋ ਦਾਤਾ—ਹਿਰਦੇ ਦਾ ਦੇਣ ਵਾਲਾ। ਪ੍ਰਾਨ ਕੋ ਦਾਤਾ-ਪ੍ਰਾਣਾਂ ਦਾ ਦੇਣ ਵਾਲਾ। ਜਾ ਕੈ ਸੰਗਿ—ਜਿਸ ਦੇ ਨਾਲ, ਜਿਸ ਦੀ ਜੋਤ ਸਰੀਰ ਵਿਚ ਹੁੰਦਿਆਂ। ਸੁਹਾਈ—(ਸ੍ਰੀਰ) ਸੋਹਣਾ ਲੱਗਦਾ ਹੈ। ਸੰਤਹੁ—ਹੇ ਸੰਤ ਜਨੋ। ਮੰਗਲ—ਸਿਫਤ ਸਾਲਾਹ ਦੇ ਗੀਤ। ਗਾਈ—ਗਾਂਈ, ਮੈਂ ਗਾਵਾਂ।੧।

ਨੈਨਹੁ—ਅੱਖਾਂ ਵਿਚ। ਧੂਰਿ—(ਸੰਤਾਂ ਦੇ ਚਰਨਾਂ ਦੀ) ਧੂੜ। ਬਾਂਛਾਈ—ਮੈਂ (ਲਾਣੀ) ਚਾਹੁੰਦਾ ਹਾਂ। ਜਿਹ ਪ੍ਰਸਾਦਿ—ਜਿਸ (ਗੁਰੂ) ਦੀ ਕ੍ਰਿਪਾ ਨਾਲ। ਬਲਿ ਬਲਿ ਤਾ ਕੈ—ਉਸ ਤੋਂ ਸਦਾ ਕੁਰਬਾਨ। ਹਉ—ਮੈਂ। ਜਾਈ—ਜਾਂਈ, ਮੈਂ ਜਾਂਦਾ ਹਾਂ।੨।

ਅਰਥ:—

ਪ੍ਰ—ਗੁਰਦੇਵ ਜੀਉ, ਆਤਮਕ ਜੀਵਨ ਹਾਸਲ ਕਰਨ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ ?

1. **ਉ:**—ਹੇ (ਮੇਰੀ) ਮਾਂ ! ਉਸ ਪ੍ਰੀਤਮ ਪ੍ਰਭੂ ਦੀ ਯਾਦ ਤੋਂ ਬਿਨਾ ਆਤਮਕ ਜੀਵਨ ਹਾਸਲ ਨਹੀਂ ਹੋ ਸਕਦਾ।
2. ਹੇ ਮਾਂ ਵੇਖ, ਜਿਸ ਪ੍ਰਮਾਤਮਾਂ ਦੀ ਜੋਤ ਸਰੀਰ ਤੋਂ ਵਿਛੜਿਆਂ ਸਰੀਰ ਮੁਰਦਾ ਹੋ ਜਾਂਦਾ ਹੈ (ਤੇ ਮੁਰਦਾ ਸਰੀਰ) ਘਰ ਵਿਚ ਟਿਕਿਆ ਨਹੀਂ ਰਹਿ ਸਕਦਾ।੧।ਰਹਾਉ।

3. ਹੇ ਮਾਂ ! ਜਿਹੜਾ (ਸਭ ਜੀਵਾਂ ਨੂੰ) ਜਿੰਦ ਦੇਣ ਵਾਲਾ ਹੈ, ਹਿਰਦਾ ਦੇਣ ਵਾਲਾ ਹੈ, ਪ੍ਰਾਣ ਦੇਣ ਵਾਲਾ ਹੈ, ਜਿਸਦੀ ਸੰਗਤ ਵਿਚ ਹੀ (ਇਹ ਸਰੀਰ) ਸੋਹਣਾ ਲਗਦਾ ਹੈ ।
4. ਹੇ ਸੰਤ ਜਨੋ ! ਮੇਰੇ ਉਤੇ ਆਪਣੀ ਕ੍ਰਿਪਾ ਕਰੋ, ਮੈਂ ਉਸ ਪ੍ਰਮਾਤਮਾਂ ਦੇ ਗੁਣ, ਸਿਫਤ ਸਾਲਾਹ ਦੇ ਗੀਤ ਗਾਂਦਾ ਰਹਾਂ ।੧।
5. ਹੇ (ਮੇਰੀ) ਮਾਂ ਮੇਰੀ ਤਾਂਘ ਹੈ ਕਿ ਸੰਤ ਜਨਾਂ ਦੇ ਚਰਨ ਮੇਰੇ ਮੱਥੇ ਉਤੇ ਟਿਕੇ ਰਹਿਣ ਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੇਰੀਆਂ ਅੱਖਾਂ ਨੂੰ ਲੱਗਦੀ ਰਹੇ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ,ਹੇ ਪਿਆਰੇ ! ਜਿਨ੍ਹਾਂ ਸੰਤ ਜਨਾਂ ਦੀ ਕ੍ਰਿਪਾ ਨਾਲ ਪ੍ਰਮਾਤਮਾਂ ਨੂੰ ਮਿਲਿਆ ਜਾ ਸਕਦਾ ਹੈ, ਮੈਂ ਉਨ੍ਹਾਂ ਤੋਂ ਸਦਾ ਸਦਕੇ ਜਾਂਦਾ ਹਾਂ ।੨।੩।੧੭।

ਭਾਵਾਰਥ :—ਹਰੀ ਦੇ ਮਿਲਾਪ ਤੋਂ ਬਿਨਾ ਜੀਵਨ ਵਿਅਰਥ ਹੈ, ਇਸ ਲਈ ਪ੍ਰਭੂ ਦੇ ਮਿਲਾਪ ਦਾ ਸਾਧਨ ਕੇਵਲ ਸੰਤਾਂ ਦਾ ਹੀ ਸੰਜੋਗ ਹੈ ।

ਸਾਰਗ ਮਹਲਾ ੫ ॥

1. **ਉਆ ਅਉਸਰ ਕੈ ਹਉ ਬਲਿ ਜਾਈ ॥**
2. **ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥੧॥ਰਹਾਉ॥**
3. **ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥**
4. **ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥੧॥**
5. **ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥**
6. **ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥੨॥੪॥੧੮॥**

ਪਦ ਅਰਥ :—ਅਉਸਰ—ਸਮਾਂ, ਮੌਕਾ । ਉਆ ਅਉਸਰ ਕੈ—ਉਸ ਸਮੇਂ ਤੋਂ । ਹਉ—ਮੈ । ਬਲਿ ਜਾਈ—ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ । ਵਡਭਾਗੀ—ਵਡੇ ਭਾਗਾਂ ਵਾਲਾ । ਪਾਂਈ—ਮੈਂ ਪਾ ਲਿਆ ਹੈ, ਮੈਂ ਲੱਭ ਲਿਆ ਹੈ ।੧।ਰਹਾਉ।

ਭਲੋ-ਚੰਗਾ, ਸ੍ਰੇਸ਼ਟ । ਕੋ—ਦਾ । ਦਾਸ ਦਾਸਨ ਕੋ—ਦਾਸਨ ਕੋ ਦਾਸੁ—ਦਾਸਾਂ ਦਾ ਦਾਸ । ਜਨੁ—ਦਾਸ । ਤੇ—ਤੋਂ । ਸਮਦਰਸੀ—(ਸਭ ਨੂੰ) ਇਕੋ ਜਿਹਾ ਵੇਖਣ ਵਾਲਾ, ਸਭਨਾਂ ਵਿਚ ਇਕੋ ਜੋਤ ਵੇਖਣ ਵਾਲਾ । ਬਣਿ ਆਈ—ਪ੍ਰੀਤ ਬਣ ਗਈ ।੧।

ਜੀਉ - ਜਿੰਦ । ਪਿੰਡੁ—ਸਰੀਰ । ਸਾਧਨ ਕਾ—ਸੰਤ ਜਨਾਂ ਦਾ । ਰੇਨਾਈ—ਚਰਨ ਧੂੜ । ਸੰਤ ਪ੍ਰਤਾਪਿ—ਸੰਤਾਂ ਦੇ ਪ੍ਰਤਾਪ ਨਾਲ । ਸਭਿ—ਸਾਰੇ । ਗੁਸਾਈ—ਧਰਤੀ ਦਾ ਖਸਮ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਦਸੋ ਜੀਵਨ ਦਾ ਉਹ ਕਿਹੜਾ ਸਮਾਂ ਹੈ, ਜਿਸਨੂੰ ਤੁਸਾਂ ਚੰਗਾ ਪ੍ਰਤੀਤ ਕਰਦੇ ਹੋ ?

1. **ਉ**:—ਹੇ ਭਾਈਓ ! ਮੈਂ ਤਾਂ ਉਸੇ ਸਮੇਂ ਤੋਂ ਸਦਕੇ ਜਾਂਦਾ ਹਾਂ; (ਜਦੋਂ ਮੈਨੂੰ ਸੰਤ ਜਨਾਂ ਦੀ ਸੰਗਤਿ ਪ੍ਰਾਪਤ ਹੋਈ ਹੈ) ।
2. ਹੇ ਭਾਈ ! (ਹੁਣ ਮੈਨੂੰ) ਅੱਠੇ ਪਹਿਰ ਆਪਣੇ ਪ੍ਰਭੂ ਦਾ ਸਿਮਰਨ (ਮਿਲ ਗਿਆ ਹੈ) ਤੇ ਵੱਡੇ ਭਾਗਾਂ ਨਾਲ ਮੈਂ ਹਰੀ ਨੂੰ ਲੱਭ ਲਿਆ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ, ਸਿਮਰਨ ਦੁਆਰਾ ਜਿਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਹੋਇਆ ਹੈ ਉਨ੍ਹਾਂ ਦਾ ਉਦਾਹਰਣ ਦੇ ਕੇ ਸਮਝਾਓ ?

3. **ਉ**:—ਹੇ ਭਾਈ ! ਵੇਖ ਕਬੀਰ (ਪ੍ਰਮਾਤਮਾਂ ਦੇ) ਦਾਸਾਂ ਦਾ ਦਾਸ ਬਣ ਕੇ ਭਲਾ ਬਣ ਗਿਆ ਅਤੇ ਸੈਨ ਨਾਈ ਸੰਤ ਜਨਾਂ ਦਾ ਦਾਸ ਬਣ ਕੇ ਉਤਮ ਜੀਵਨ ਵਾਲਾ ਹੋ ਗਿਆ ।
4. ਹੇ ਪਿਆਰੇ, ਹੋਰ ਸੁਣ, ਸੰਤ ਜਨਾਂ ਦੀ ਸੰਗਤ ਨਾਲ ਨਾਮ ਦੇਵ ਉਚੇ ਤੋਂ ਉਚੇ ਜੀਵਨ ਵਾਲਾ ਬਣਿਆ ਅਤੇ ਸਭ ਵਿਚ ਪ੍ਰਮਾਤਮਾਂ ਦੀ ਜੋਤ ਵੇਖਣ ਵਾਲਾ ਬਣਿਆ, ਸੰਤ ਜਨਾਂ ਦੀ ਕ੍ਰਿਪਾ ਨਾਲ ਹੀ ਰਵਿਦਾਸ ਦੀ ਪ੍ਰਮਾਤਮਾਂ ਨਾਲ ਪ੍ਰੀਤ ਬਣ ਗਈ ।੧।

ਪ੍ਰ:—ਸ੍ਰੀ ਜੀਉ, ਹੁਣ ਆਪ ਜੀ ਦਾ ਸੰਤਾਂ ਬਾਰੇ ਕੀ ਵਿਸ਼ਵਾਸ ਹੈ ?

5. **ਉ**:—ਹੇ ਭਾਈ ! ਮੇਰੀ ਇਹ ਜਿੰਦ, ਮੇਰਾ ਇਹ ਸਰੀਰ, ਇਹ ਤਨ, ਇਹ ਧਨ, ਸਭ ਕੁਝ ਸੰਤ ਜਨਾਂ ਦਾ ਹੋ ਚੁਕਿਆ ਹੈ, ਮੇਰਾ ਇਹ ਮਨ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਸੰਤ ਜਨਾਂ ਦੇ ਪ੍ਰਤਾਪ ਨਾਲ ਸਾਰੇ ਭਰਮ ਨਾਸ ਹੋ ਜਾਂਦੇ ਹਨ ਅਤੇ ਜਗਤ ਦਾ ਖਸਮ ਪ੍ਰਭੂ ਮਿਲ ਜਾਂਦਾ ਹੈ ।੨।੪।੧੮।

ਭਾਵਾਰਥ :—ਉਸ ਹਰੀ ਦੇ ਮਿਲਾਪ ਲਈ ਭਾਵੇਂ ਬਹੁਤ ਲੋਕ ਯਤਨ ਕਰਦੇ ਹਨ । ਪਰ ਹਰੀ ਦਾ ਮਿਲਣਾ ਵਡੇ ਭਾਗਾਂ ਵਾਲਿਆਂ ਦੇ ਨਸੀਬਾਂ ਵਿਚ ਹੀ ਹੁੰਦਾ ਹੈ । ਜਿਵੇਂ ਕਬੀਰ ਨਾਮਦੇਵ ਆਦਿਕਾਂ ਦਾ ਮਿਲਾਪ ਹੋ ਚੁਕਾ ਹੈ ।

ਸਾਰਗ ਮਹਲਾ ੫ ॥

1. **ਮਨੋਰਥ ਪੂਰੇ ਸਤਿਗੁਰ ਆਪਿ ॥**
2. **ਸਗਲ ਪਦਾਰਥ ਸਿਮਰਨਿ ਜਾ ਕੈ ਆਠ ਪਹਰ ਮੇਰੇ ਮਨ ਜਾਪਿ ॥੧॥ਰਹਾਉ॥**
3. **ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥**
4. **ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ ॥੧॥**

5. ਸਰਨਿ ਤੁਮਾਰੀ ਆਇਓ ਕਰਤੇ
ਪਾਰਬ੍ਰਹਮ ਪੂਰਨ ਅਬਿਨਾਸ ॥
6. ਕਰਿ ਕਿਰਪਾ ਤੇਰੇ ਚਰਨ ਧਿਆਵਉ
ਨਾਨਕ ਮਨਿ ਤਨਿ ਦਰਸ ਪਿਆਸ ॥੨॥੫॥੧੯॥

ਪਦ ਅਰਥ :–ਮਨੋਰਥ–ਗਰਜ਼, ਲੋੜਾਂ । ਪੂਰੇ–ਪੂਰੀਆਂ ਕਰਦਾ ਹੈ । ਸਗਲ–ਸਾਰੇ । ਸਿਮਰਨਿ ਜਾ ਕੈ–ਜਿਸ ਦੇ ਸਿਮਰਨ ਦੀ ਰਾਹੀਂ । ਮਨ–ਹੇ ਮਨ ।੧।ਰਹਾਉ।

ਅੰਮ੍ਰਿਤ ਨਾਮੁ–ਅਮਰ ਜੀਵਨ ਦੇਣ ਵਾਲਾ ਨਾਮ । ਪੀਵੈ–ਪੀਂਦਾ ਹੈ । ਤ੍ਰਿਪਤਾਸ–ਤ੍ਰਿਪਤੀ, ਸ਼ਾਂਤੀ । ਕਿਲਵਿਖ–ਪਾਪ । ਨਾਸਹਿ–ਨਾਸ ਹੋ ਜਾਂਦੇ ਹਨ । ਆਗੈ–ਪ੍ਰਲੋਕ ਵਿਚ । ਖਲਾਸ–ਸੁਰਖਰੋਈ ।੧।

ਕਰਤੇ–ਹੇ ਕਰਤਾਰ । ਪੂਰਨ–ਹੇ ਸਰਬ ਵਿਆਪਕ । ਧਿਆਵਉ–ਧਿਆਵਉਂ, ਮੈਂ ਧਿਆਵਾਂ । ਨਾਨਕ ਮਨਿ ਤਨਿ–ਨਾਨਕ ਦੇ ਮਨ ਤਨ ਵਿਚ । ਪਿਆਸ–ਤਾਂਘ ।੨।

ਅਰਥ :–

ਪ੍ਰ:–ਸ੍ਰੀ ਜੀਉ, ਮੇਰਾ ਮਨ ਨਾਮ ਸਿਮਰਨ ਵਲੋਂ ਸਦਾ ਹੀ ਆਲਸੀ ਰਹਿੰਦਾ ਹੈ ਦਸੋ ਇਸਨੂੰ ਕਿਵੇਂ ਸਮਝਾਵਾਂ ?

1. **ਉ**:–ਹੇ ਭਾਈ ! ਤੂੰ ਆਪਣੇ ਮਨ ਨੂੰ ਇਉਂ ਪਿਆਰ ਨਾਲ ਸਮਝਾਇਆ ਕਰ ਕਿ, ਹੇ ਮੇਰੇ ਮਨ, ਜਿਸ ਪ੍ਰਮਾਤਮਾਂ ਦੇ ਸਿਮਰਨ ਦੀ ਬਰਕਤ ਨਾਲ ਸਾਰੇ ਪਦਾਰਥ ਮਿਲਦੇ ਹਨ ।

3. (ਗੁਰੂ ਦੀ ਸ਼ਰਨ ਪੈ ਕੇ) ਅੱਠੇ ਪਹਿਰ, ਉਸਦਾ ਨਾਮ ਜਪਿਆ ਕਰ (ਸ਼ਰਨ ਪਏ ਮਨੁੱਖ ਦੀਆਂ) ਸਾਰੀਆਂ ਲੋੜਾਂ ਗੁਰੂ ਆਪ ਪੂਰੀਆਂ ਕਰਦਾ ਹੈ ।੧।ਰਹਾਉ।

3. ਹੇ ਮੇਰੇ ਮਾਲਕ ਪ੍ਰਭੂ ! ਤੇਰਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ, ਜਿਹੜਾ ਮਨੁੱਖ (ਇਹ ਨਾਮ ਜਲ) ਪੀਂਦਾ ਹੈ, ਉਸਨੂੰ ਸ਼ਾਂਤੀ ਮਿਲਦੀ ਹੈ ।

4. ਉਸਦੇ ਅਨੇਕਾਂ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ, ਤੇਰੀ ਹਜ਼ੂਰੀ ਵਿਚ ਉਸਨੂੰ ਸੁਰਖਰੋਈ ਹਾਸਲ ਹੁੰਦੀ ਹੈ ।੧।

ਪ੍ਰ:–ਸ੍ਰੀ ਜੀਉ, ਸਾਨੂੰ ਸਾਧਨ ਕੀ ਕਰਦੇ ਰਹਿਣਾ ਚਾਹੀਦਾ ਹੈ ?

5. **ਉ**:–ਹੇ ਭਾਈ ! ਇਕ ਇਹੋ ਹੀ ਸਾਧਨ ਕਰਦੇ ਰਹੋ ਕਿ, ਹੇ ਕਰਤਾਰ, ਹੇ ਪਾਰਬ੍ਰਹਮ, ਹੇ ਸਰਬ ਵਿਆਪਕ, ਹੇ ਨਾਸ ਰਹਿਤ, ਮੈਂ ਤੇਰੀ ਸ਼ਰਨ ਆਇਆ ਹਾਂ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਸੁਆਮੀ ਜੀ, ਮਿਹਰ ਕਰ, ਮੈਂ (ਸਦਾ) ਤੇਰੇ ਚਰਨਾਂ ਦਾ ਧਿਆਨ ਧਰਦਾ ਰਹਾਂ, ਮੇਰੇ ਮਨ ਵਿਚ, ਹਿਰਦੇ ਵਿਚ (ਤੇਰੇ) ਦਰਸ਼ਨਾਂ ਦੀ ਤਾਂਘ ਬਣੀ ਰਹੇ ।੨।੫।੧੯।

ਭਾਵਰਥ :–ਅੰਤ ਵਿਚ ਹਰੀ ਅਗੇ ਸਨਮੁਖ ਬੇਨਤੀ ਕਰਦੇ ਹਨ ਕਿ ਸਰਬ ਰੋਗ ਦਾ ਔਖਧ ਅਤੇ ਸਰਬ ਪਦਾਰਥ ਦਾ ਪੁੰਜ ਹਰੀ ਨਾਮ ਬਖਸ਼ੋ ।

ਸਾਰਗ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥

1. ਮਨ ਕਹਾ ਲੁਭਾਈਐ ਆਨ ਕਉ ॥
2. ਈਤ ਊਤ ਪ੍ਰਭੁ ਸਦਾ ਸਹਾਈ
ਜੀਅ ਸੰਗਿ ਤੇਰੇ ਕਾਮ ਕਉ ॥੧॥ਰਹਾਉ॥
3. ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ
ਇਹੈ ਅਘਾਵਨ ਪਾਂਨ ਕਉ ॥
4. ਅਕਾਲ ਮੂਰਤਿ ਹੈ ਸਾਧ ਸੰਤਨ ਕੀ
ਠਾਹਰ ਨੀਕੀ ਧਿਆਨ ਕਉ ॥੧॥
5. ਬਾਣੀ ਮੰਤ੍ਰ ਮਹਾ ਪੁਰਖਨ ਕੀ
ਮਨਹਿ ਉਤਾਰਨ ਮਾਨ ਕਉ ॥
6. ਖੋਜਿ ਲਹਿਓ ਨਾਨਕ ਸੁਖ ਥਾਨਾਂ
ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥

ਪਦ ਅਰਥ :–ਮਨ–ਹੇ ਮਨ । ਕਹਾ ਲੁਭਾਈਐ–ਲੋਭ ਵਿਚ ਨਹੀਂ ਫਸਣਾ ਚਾਹੀਦਾ । ਆਨ ਕਉ–ਹੋਰ ਹੋਰ ਪਦਾਰਥਾਂ ਵਾਸਤੇ । ਈਤ–ਇਸ ਲੋਕ ਵਿਚ । ਊਤ–ਪ੍ਰਲੋਕ ਵਿਚ । ਸਹਾਈ–ਮਦਦ ਕਰਨ ਵਾਲਾ । ਜੀਅ ਸੰਗਿ–ਜਿੰਦ ਦੇ ਨਾਲ (ਰਹਿਣ ਵਾਲਾ) । ਕਾਮ ਕਉ–ਕੰਮ ਆਉਣ ਵਾਲਾ ।੧।ਰਹਾਉ।

ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ । ਪ੍ਰਿਅ ਪ੍ਰੀਤਿ ਮਨੋਹਰ–ਮਨ ਨੂੰ ਮੋਹਣ ਵਾਲੇ ਪਿਆਰੇ ਦੀ ਪ੍ਰੀਤ । ਇਹੈ–ਇਹ ਹੀ । ਅਘਾਵਨ ਕਉ–ਤ੍ਰਿਪਤੀ ਦੇਣ ਵਾਸਤੇ । ਪਾਂਨ–ਪੀਣਾ । ਠਾਹਰ–ਥਾਂ । ਨੀਕੀ–ਸੋਹਣੀ । ਅਕਾਲ ਮੂਰਤਿ ਧਿਆਨ ਕਉ–ਅਕਾਲ ਮੂਰਤਿ ਪ੍ਰਭੂ ਦਾ ਧਿਆਨ ਧਰਨ ਵਾਸਤੇ ।੧।

ਮੰਤ੍ਰ–ਉਪਦੇਸ਼ । ਮਨਹਿ ਮਾਨ ਉਤਾਰਨ ਕਉ–ਮਨ ਦਾ ਮਾਣ ਦੂਰ ਕਰਨ ਲਈ । ਖੋਜਿ–ਖੋਜ ਕੇ । ਲਹਿਓ–ਲਭਾ ਹੈ । ਬਿਸ੍ਰਾਮ–ਟਿਕਾਣਾ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਇਹ ਸਾਡਾ ਮਨ ਲੋਭ ਵਿਚ ਗ੍ਰਸਿਆ ਹੋਇਆ ਸਦਾ ਮਾਇਕੀ ਪਦਾਰਥਾਂ ਵਿਚ ਹੀ ਖੱਚਤ ਰਹਿੰਦਾ ਹੈ, ਦਸੋ ਇਸਨੂੰ ਕਿਵੇਂ ਹੋੜਿਆ ਜਾਵੇ ?

1. **ਉ**:–ਹੇ ਭਾਈਓ ! ਇਸ ਭੁਲੇ ਹੋਏ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਉਂਦੇ ਰਹੋ ਕਿ ਹੇ ਮਨ ! (ਤੈਨੂੰ) ਹੋਰ ਹੋਰ ਪਦਾਰਥਾਂ ਦੀ ਖਾਤਰ ਲੋਭ ਵਿਚ ਨਹੀਂ ਫਸਣਾ ਚਾਹੀਦਾ ।

2. (ਕਿਉਂਕਿ) ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਪ੍ਰਮਾਤਮਾਂ (ਹੀ) ਸਦਾ ਸਹਾਇਤਾ ਕਰਨ ਵਾਲਾ ਹੈ ਤੇ ਜਿੰਦ ਦੇ ਨਾਲ ਰਹਿਣ ਵਾਲਾ ਹੈ, (ਹੇ ਮਨ) ਉਹ ਪ੍ਰਭੂ ਹੀ ਤੇਰੇ ਕੰਮ ਆਉਣ ਵਾਲਾ ਹੈ ।੧।ਰਹਾਉ।

ਪ੍ਰ:-ਸ੍ਰੀ ਜੀਉ, ਅਨੰਤ ਪਦਾਰਥਾਂ ਦੇ ਮਿਲਣ ਤੋਂ ਭੀ ਮਨ ਰੱਜਦਾ ਨਹੀਂ ਦਸੋ ਕੀ ਜਤਨ ਕੀਤਾ ਜਾਏ ?

3. ਉ:-ਹੇ ਭਾਈ ! ਕੇਵਲ ਇਕੋ ਹੀ ਸਾਧਨ ਹੈ ਕਿ, ਮਨ ਨੂੰ ਮੋਹਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤ ਅਤੇ ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਜਲ-ਇਹੋ ਹੀ ਪੀਣਾ ਤ੍ਰਿਪਤੀ ਦੇਣ ਵਾਸਤੇ ਹੈ ਸਹੀ ਸਾਧਨ ਹੈ ।

ਪ੍ਰ:-ਗੁਰਦੇਵ ਜੀਉ, ਉਸ ਅਕਾਲ ਪੁਰਖ ਦਾ ਧਿਆਨ ਧਰਨ ਲਈ ਸਭ ਤੋਂ ਸ੍ਰੇਸ਼ਟ ਅਸਥਾਨ ਕਿਹੜਾ ਮੰਨਿਆ ਜਾਵੇ ?

4.ਉ:-ਹੇ ਭਾਈ ! ਅਕਾਲ ਮੂਰਤ ਪ੍ਰਭੂ ਦਾ ਧਿਆਨ ਧਰਨ ਵਾਸਤੇ(ਇਕ)ਸਾਧ ਸੰਗਤ ਹੀ ਸੋਹਣੀ ਥਾਂ ਹੈ ।੧।

ਪ੍ਰ:-ਗੁਰਦੇਵ ਜੀਉ ! ਕਈ ਤਰ੍ਹਾਂ ਦੇ ਸਾਧਨ ਕਰਦਿਆਂ ਮਨ ਵਿਚ ਮਾਨ ਪੈਦਾ ਹੋ ਜਾਂਦਾ ਹੈ ਇਸ ਮਾਨ ਦੀ ਨਵਿਰਤੀ ਲਈ ਕਿਹੜਾ ਉਤਮ ਸਾਧਨ ਹੈ ?

5.ਉ:-ਹੇ ਭਾਈਓ ! ਕੇਵਲ ਇਕ ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼ ਹੀ ਮਨ ਦਾ ਮਾਣ ਦੂਰ ਕਰਨ ਲਈ ਸਮਰੱਥ ਹੈ ।

ਪ੍ਰ:-ਸ੍ਰੀ ਜੀਉ, ਤੁਸੀਂ ਆਤਮਕ ਸ਼ਾਂਤੀ ਵਾਸਤੇ ਸਹੀ ਅਸਥਾਨ ਕਿਹੜਾ ਸਮਝਦੇ ਹੋ ?

6.ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੈਂ ਤਾਂ ਆਤਮਕ ਸ਼ਾਂਤੀ ਵਾਸਤੇ (ਕੇਵਲ) ਪ੍ਰਮਾਤਮਾਂ ਦਾ ਨਾਮ ਹੀ ਸੁਖਾਂ ਦਾ ਅਸਥਾਨ ਨਿਸਚਤ ਕੀਤਾ ਹੈ, (ਪਰ ਇਹ ਥਾਂ ਸਾਧ ਸੰਗਤ ਵਿਚ) ਖੋਜ ਕੀਤਿਆਂ ਹੀ ਲਭਦੀ ਹੈ ।੨।੧।੨੦।

ਭਾਵਾਰਥ :-ਉਪ੍ਰੋਕਤ ਮਹਾਂਵਾਕ ਅੰਦਰ ਨਾਮ ਬਾਣੀ ਦੀ ਮਹਿਮਾਂ ਅੰਕਤ ਕੀਤੀ ਗਈ ਹੈ, ਕਿਉਂਕਿ ਅਸਲੀ ਰਜੇਵਾਂ ਤੇ ਸਦੀਵੀ ਸੁਖ ਕੇਵਲ ਨਾਮ ਹੀ ਦੇਂਦਾ ਹੈ ਅਤੇ ਮਨ ਦਾ ਮਾਣ ਦੂਰ ਕਰਨ ਲਈ ਬਾਣੀ ਦਾ ਅਭਿਆਸ ਭੀ ਜ਼ਰੂਰੀ ਹੈ, ਪਰ ਨਾਮ ਬਾਣੀ ਦੀ ਦਾਤ ਸਿਰਫ ਸਾਧ ਸੰਗਤ ਦੀ ਬਰਕਤ ਨਾਲ ਹੀ ਮਿਲਦੀ ਹੈ ।

ਸਾਰਗ ਮਹਲਾ ੫ ॥

1. ਮਨ ਸਦਾ ਮੰਗਲ ਗੋਬਿੰਦ ਗਾਇ ॥
2. ਰੋਗ ਸੋਗ ਤੇਰੇ ਮਿਟਹਿ ਸਗਲ ਅਘ
ਨਿਮਖ ਹੀਐ ਹਰਿ ਨਾਮੁ ਧਿਆਇ ॥੧॥ਰਹਾਉ॥
3. ਛੋਡਿ ਸਿਆਨਪ ਬਹੁ ਚਤੁਰਾਈ
ਸਾਧੂ ਸਰਨੀ ਜਾਇ ਪਾਇ ॥
4. ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ
ਜਮ ਤੇ ਹੋਵੈ ਧਰਮ ਰਾਇ ॥੧॥
5. ਏਕਸ ਬਿਨੁ ਨਾਹੀ ਕੋ ਦੂਜਾ
ਆਨ ਨ ਬੀਓ ਲਵੈ ਲਾਇ ॥
6. ਮਾਤ ਪਿਤਾ ਭਾਈ ਨਾਨਕ ਕੋ
ਸੁਖਦਾਤਾ ਹਰਿ ਪ੍ਰਾਨ ਸਾਇ ॥੨॥੨॥੨੧॥

ਪਦ ਅਰਥ :-ਮਨ-ਹੇ ਮਨ । ਮੰਗਲ-ਸਿਫਤ ਸਾਲਾਹ ਦੇ ਗੀਤ । ਗਾਇ-ਗਾਇਆ ਕਰ । ਸੋਗ-ਗਮ । ਅਘ -ਪਾਪ । ਨਿਮਖ-ਅੱਖ ਝਮਕਣ ਜਿਤਨਾ ਸਮਾਂ । ਹੀਐ-ਹਿਰਦੇ ਵਿਚ ।੧।ਰਹਾਉ।

ਸਾਧੂ-ਗੁਰੂ । ਜਾਇ ਪਾਇ-ਜਾ ਪੌ । ਜਉ-ਜਦੋਂ । ਦੀਨ-ਗਰੀਬ । ਭੰਜਨ-ਨਾਸ ਕਰਨ ਵਾਲਾ । ਤੇ-ਤੋਂ । ਧਰਮ ਰਾਇ-ਧਰਮ ਰਾਜ ।੧।

ਏਕਸ਼ ਬਿਨੁ-ਇਕ ਪ੍ਰਮਾਤਮਾਂ ਤੋਂ ਬਿਨਾਂ । ਆਨ-ਹੋਰ । ਬੀਓ-ਦੂਜਾ । ਲਵੈ ਲਾਇ- ਬਰਾਬਰੀ ਕਰ ਸਕਦਾ । ਕੋ-ਦਾ । ਸੁਖ ਦਾਤਾ-ਸੁਖ ਦੇਣ ਵਾਲਾ । ਸਾਇ-ਉਹ (ਹਰੀ) ਹੀ ।੨।

ਅਰਥ:-

ਪ੍ਰ:-ਸ੍ਰੀ ਜੀਉ, ਇਹ ਸਾਡਾ ਭੋਲਾ ਮਨ ਸਦਾ ਸੰਸਾਰੀ ਲੋਕਾਂ ਦੀ ਸਿਫਤ ਕਰਨ ਵਿਚ ਹੀ ਲੱਗਾ ਰਹਿੰਦਾ ਹੈ, ਦਸੋ ਇਸਨੂੰ ਕਿਸਦੀ ਸਿਫਤ ਕਰਨ ਵਿਚ ਲਾਉਣਾ ਚਾਹੀਦਾ ਹੈ ?

1.ਉ:-ਹੇ ਪਿਆਰੇ, ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ (ਮੇਰੇ) ਮਨ (ਤੂੰ) ਸਦਾ ਪ੍ਰਮਾਤਮਾਂ ਦੀ ਸਿਫਤ ਸਾਲਾਹ ਦੇ ਗੀਤ ਗਾਇਆ ਕਰ ।

ਪ੍ਰ:-ਕਿਉਂ ਜੀ, ਇਸਦਾ ਸਾਨੂੰ ਫਲ ਕੀ ਪ੍ਰਾਪਤ ਹੋਵੇਗਾ ?

2.ਉ:-ਹੇ ਭਾਈ ! ਸੁਣ, ਜੇ ਤੂੰ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਹਿਰਦੇ ਵਿਚ ਹਰੀ ਦਾ ਨਾਮ ਸਿਮਰੇਂਗਾ ਤਾਂ ਤੇਰੇ ਸਾਰੇ ਰੋਗ ਸਾਰੇ ਚਿੰਤਾ ਫਿਕਰ ਸਾਰੇ ਪਾਪ ਦੂਰ ਹੋ ਜਾਣਗੇ ।੧।ਰਹਾਉ।

ਪ੍ਰ:-ਸ੍ਰੀ ਜੀਉ ! ਮਨ ਆਪਣੀ ਸਿਆਣਪ ਤੇ ਹੀ ਬੜਾ ਮਾਣ ਕਰਦਾ ਹੈ,ਦਸੋ ਇਸਦਾ ਉਪਾਉ ਕੀ ਕਰਨਾ ਚਾਹੀਦਾ ਹੈ ?

3.ਉ:-ਹੇ ਭਾਈ ! (ਤੂੰ) ਆਪਣੀ ਬਹੁਤ ਸਿਆਣਪ ਚਤਰਾਈ ਛੱਡ ਕੇ (ਇਹ ਖਿਆਲ ਦੂਰ ਕਰ ਕਿ) ਤੂੰ ਬੜਾ ਸਿਆਣਾ ਤੇ ਅਕਲ ਵਾਲਾ ਹੈਂ,ਬੱਸ ਕੇਵਲ ਗੁਰੂ ਦੀ ਸ਼ਰਨ ਜਾ ਪਉ ।

4. ਹੇ ਭਾਈ ! ਸੁਣ ਜਦੋਂ ਗਰੀਬਾਂ ਦੇ ਦੁਖ ਨਾਸ ਕਰਨ ਵਾਲਾ ਪ੍ਰਭੂ (ਕਿਸੇ ਉਤੇ) ਦਇਆਵਾਨ ਹੁੰਦਾ ਹੈ, ਤਾਂ (ਉਸ ਮਨੁੱਖ ਵਾਸਤੇ) ਜਮਰਾਜ ਤੋਂ ਧਰਮਰਾਜ ਬਣ ਜਾਂਦਾ ਹੈ, (ਪ੍ਰਲੋਕ ਵਿਚ ਮਨੁੱਖ ਨੂੰ ਜਮਾਂ ਦਾ ਕੋਈ ਡਰ ਨਹੀਂ ਰਹਿ ਜਾਂਦਾ)।੧।

5. ਹੇ ਭਾਈਓ ! ਇਕ ਪ੍ਰਮਾਤਮਾਂ ਤੋਂ ਬਿਨਾਂ ਕੋਈ ਹੋਰ (ਅਸਾਂ ਜੀਵਾਂ ਦਾ ਰਾਖਾ) ਨਹੀਂ ਹੈ, ਕੋਈ ਹੋਰ ਦੂਜਾ ਉਸ ਪ੍ਰਮਾਤਮਾਂ ਦੀ ਬਰਾਬਰੀ ਨਹੀਂ ਕਰ ਸਕਦਾ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਮੇਰਾ ਤਾਂ ਉਹ ਪ੍ਰਮੇਸ਼ਰ ਹੀ ਮਾਂ, ਪਿਉ, ਭਰਾ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ ।੨।੨।੨੧।

ਭਾਵਾਰਥ:-ਹਰੀ ਨਾਮ ਧਿਆਉਣ ਨਾਲ ਦੁਖ ਪਾਪ ਦੂਰ ਹੁੰਦੇ ਹਨ, ਪਰ ਇਹ ਨਾਮ ਦੀ ਦਾਤ ਗੁਰੂ ਦੀ ਸ਼ਰਨ

ਪਿਆਂ ਹੀ ਪ੍ਰਾਪਤ ਹੁੰਦੀ ਹੈ ।

ਸਾਰਗ ਮਹਲਾ ੫ ॥

1. ਹਰਿ ਜਨ ਸਗਲ ਉਧਾਰੇ ਸੰਗ ਕੇ ॥
2. ਭਏ ਪੁਨੀਤ ਪਵਿਤ੍ਰ ਮਨ
ਜਨਮ ਜਨਮ ਕੇ ਦੁਖ ਹਰੇ ॥੧॥ਰਹਾਉ॥
3. ਮਾਰਗਿ ਚਲੇ ਤਿਨ੍ਹੀ ਸੁਖੁ ਪਾਇਆ
ਜਿਨ੍ਹ ਸਿਉ ਗੋਸਟਿ ਸੇ ਤਰੇ ॥
4. ਬੂਡਤ ਘੋਰ ਅੰਧ ਕੂਪ ਮਹਿ
ਤੇ ਸਾਧੂ ਸੰਗਿ ਪਾਰਿ ਪਰੇ ॥੧॥
5. ਜਿਨ੍ਹ ਕੇ ਭਾਗ ਬਡੇ ਹੈ ਭਾਈ
ਤਿਨ੍ਹ ਸਾਧੂ ਸੰਗਿ ਮੁਖ ਜੁਰੇ ॥
6. ਤਿਨ੍ਹ ਕੀ ਧੂਰਿ ਬਾਂਛੈ ਨਿਤ ਨਾਨਕੁ
ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥

ਪਦ ਅਰਥ :—ਹਰਿ ਜਨ—ਹਰੀ ਦੇ ਜਨ, ਪ੍ਰਮਾਤਮਾਂ ਦੇ ਸੰਤ ਜਨ । ਸਗਲ—ਸਾਰੇ । ਉਧਾਰੇ—ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ । ਸੰਗ ਕੇ—ਆਪਣੇ ਨਾਲ ਦੇ । ਪੁਨੀਤ—ਸੁਚੇ ਜੀਵਨ ਵਾਲੇ । ਹਰੇ—ਦੂਰ ਹੋ ਜਾਂਦੇ ਹਨ ।੧।ਰਹਾਉ।

ਮਾਰਗਿ—ਰਸਤੇ ਉਤੇ । ਸਿਉ—ਨਾਲ । ਗੋਸਟਿ—ਬਹਿਣ ਖਲੋਣ, ਵੀਚਾਰ ਵਟਾਂਦਰਾ । ਸੇ—ਉਹ ਮਨੁਖ । ਤਰੇ—ਪਾਰ ਲੰਘ ਗਏ । ਘੋਰ ਅੰਧ ਕੂਪ ਮਹਿ—ਘੁਪ ਹਨੇਰੇ ਖੂਹ ਵਿਚ । ਤੇ—ਉਹ । ਸਾਧੂ ਸੰਗਿ—ਸਾਧ ਸੰਗਤ ਵਿਚ ।੧।

ਭਾਈ—ਹੇ ਭਾਈ । ਤਿਨ੍ਹ ਮੁਖ—ਉਨ੍ਹਾਂ ਦੇ ਮੂੰਹ । ਜਰੇ—ਜੁੜਦੇ ਹਨ । ਧੂਰਿ—ਚਰਨ ਧੂੜ । ਬਾਂਛੈ-ਮੰਗਦਾ ਹੈ ।੨।

ਅਰਥ :—

ਪ੍ਰ:—ਗੁਰਦੇਵ ਜੀਉ, ਹਰੀ ਦੇ ਸੰਤ ਜਨਾਂ ਵਿਚ ਕੀ ਵਿਸ਼ੇਸ਼ਤਾ ਹੁੰਦੀ ਹੈ ?

1.**ਉ**:—ਹੇ ਭਾਈ ! ਉਸ ਪ੍ਰਮਾਤਮਾਂ ਦੇ ਸੰਤ ਜਨ (ਆਪਣੇ) ਨਾਲ ਬੈਠਣ ਵਾਲੇ ਸਾਰਿਆਂ ਨੂੰ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈਂਦੇ ਹਨ ।

ਪ੍ਰ:—ਸ੍ਰੀ ਜੀਉ, ਹੋਰ ਕੀ ਲਾਭ ਹੁੰਦਾ ਹੈ ?

2.**ਉ**:—ਹੇ ਪਿਆਰੇ, ਸੰਤ ਜਨਾਂ ਦੇ ਨਾਲ ਸੰਗਤ ਕਰਨ ਵਾਲੇ ਮਨੁੱਖ ਪਵਿਤ੍ਰ ਮਨ ਵਾਲੇ, ਅਤੇ ਉਚੇ ਜੀਵਨ ਵਾਲੇ ਬਣ ਜਾਂਦੇ ਹਨ ਤੇ ਉਨ੍ਹਾਂ ਦੇ ਅਨੇਕਾਂ ਜਨਮਾਂ ਦੇ ਦੁੱਖ ਦੂਰ ਹੋ ਜਾਂਦੇ ਹਨ ।੧।ਰਹਾਉ।

ਪ੍ਰ:—ਗੁਰਦੇਵ ਜੀਉ, ਸੰਸਾਰ ਦਾ ਹਰ ਮਨੁੱਖ ਹੀ ਵਿਲਕਦਾ ਨਜ਼ਰ ਆਉਂਦਾ ਹੈ, ਪਰ ਜੀਵਾਂ ਨੂੰ ਸੁਖ ਅਨੰਦ ਕਿਵੇਂ ਪ੍ਰਾਪਤ ਹੋ ਸਕਦਾ ਹੈ ?

3.**ਉ**:—ਹੇ ਭਾਈਓ ! ਜਿਹੜੇ ਭੀ ਮਨੁੱਖ (ਸਾਧ ਸੰਗਤ ਦੇ) ਰਸਤੇ ਉਤੇ ਤੁਰਦੇ ਹਨ । (ਉਹ ਸਦਾ ਹੀ) ਸੁਖ ਅਨੰਦ ਮਾਣਦੇ ਹਨ, ਜਿਨ੍ਹਾਂ ਨਾਲ ਸੰਤ ਜਨਾਂ ਦਾ ਬਹਿਣ ਖਲੋਣ ਹੋ ਜਾਂਦਾ ਹੈ, ਉਹ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦੇ ਹਨ ।

4. ਪਰ, ਜਿਹੜੇ ਮਨੁੱਖ (ਮਾਇਆ ਦੇ ਮੋਹ ਦੇ) ਘੁੱਪ ਹਨੇਰੇ ਖੂਹ ਵਿਚ ਡੁੱਬੇ ਰਹਿੰਦੇ ਹਨ, ਉਹ ਭੀ ਸਾਧ ਸੰਗਤ ਦੀ ਬਰਕਤ ਨਾਲ ਪਾਰ ਲੰਘ ਜਾਂਦੇ ਹਨ ।੧।

ਪ੍ਰ:—ਸ੍ਰੀ ਜੀਉ, ਸਾਧ ਸੰਗਤ ਦੀ ਸ਼ਰਨ ਵਿਚ ਸਾਰੇ ਲੋਕ ਹੀ ਕਿਉਂ ਨਹੀਂ ਆ ਜਾਂਦੇ ?

5. **ਉ**.—ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜਿਨ੍ਹਾਂ ਲੋਕਾਂ ਦੇ ਵਡੇ ਭਾਗ (ਜਾਗਦੇ) ਹਨ, ਉਨ੍ਹਾਂ ਦੇ ਮੂੰਹ ਸਾਧ ਸੰਗਤ ਵਿਚ ਜੁੜਦੇ ਹਨ (ਭਾਵ, ਉਹ ਮਨੁੱਖ ਸਾਧ ਸੰਗਤ ਸਤ ਸੰਗੀਆਂ ਨਾਲ ਮਿਲਦੇ ਹਨ) ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮੈਂ ਦਾਸ ਉਨ੍ਹਾਂ ਦੇ ਚਰਨਾਂ ਦੀ ਧੂੜ ਸਦਾ ਹੀ ਮੰਗਦਾ ਹਾਂ, (ਪਰ, ਇਹ ਤਦੋਂ ਹੀ ਮਿਲ ਸਕਦੀ ਹੈ) ਜੇ ਮੇਰਾ ਪ੍ਰਭੂ ਮਿਹਰ ਕਰੇ ।੨।੩।੨੨।

ਭਾਵਾਰਥ :—ਭਾਵੇਂ ਬਹੁਤ ਲੋਕ ਮਾਇਆ ਮੋਹ ਦੇ ਅਸਰ ਤੋਂ ਬੱਚਣਾ ਚਾਹੁੰਦੇ ਹਨ, ਪਰ ਇਕ ਗੁਰੂ ਹੀ ਹੈ ਜੋ ਸਭ ਨੂੰ ਮਾਇਆ ਦੇ ਅਸਰ ਤੋਂ ਬਚਾ ਕੇ ਸੰਸਾਰ ਸਾਗਰ ਤੋਂ ਪਾਰ ਉਤਾਰ ਦੇਂਦਾ ਹੈ ।

ਸਾਰਗ ਮਹਲਾ ੫ ॥

1. ਹਰਿ ਜਨ ਰਾਮ ਰਾਮ ਰਾਮ ਧਿਆਂਏ ॥
2. ਏਕ ਪਲਕ ਸੁਖ ਸਾਧ ਸਮਾਗਮ
ਕੋਟਿ ਬੈਕੁੰਠਹ ਪਾਂਏ ॥੧॥ਰਹਾਉ॥
3. ਦੁਲਭ ਦੇਹ ਜਪਿ ਹੋਤ ਪੁਨੀਤਾ
ਜਮ ਕੀ ਤ੍ਰਾਸ ਨਿਵਾਰੈ ॥
4. ਮਹਾ ਪਤਿਤ ਕੇ ਪਾਤਿਕ ਉਤਰਹਿ
ਹਰਿ ਨਾਮਾ ਉਰਿ ਧਾਰੈ ॥੧॥
5. ਜੋ ਜੋ ਸੁਨੈ ਰਾਮ ਜਸੁ ਨਿਰਮਲ
ਤਾ ਕਾ ਜਨਮ ਮਰਣ ਦੁਖੁ ਨਾਸਾ ॥
6. ਕਹੁ ਨਾਨਕ ਪਾਈਐ ਵਡਭਾਗਂੀ
ਮਨ ਤਨ ਹੋਇ ਬਿਗਾਸਾ ॥੨॥੪॥੨੩॥

ਪਦ ਅਰਥ :—ਹਰਿ ਜਨ—ਪ੍ਰਮਾਤਮਾਂ ਦੇ ਭਗਤ । ਧਿਆਏ—ਧਿਆਉਂਦੇ ਹਨ । ਸਮਾਗਮ—ਇਕੱਠ । ਕੋਟਿ—ਕ੍ਰੋੜਾਂ । ਪਾਏ—ਪਾ ਲੈਂਦੇ ਹਨ ।੧।ਰਹਾਉ।

ਜਪਿ—ਜਪ ਕੇ । ਪੁਨੀਤਾ—ਪਵਿਤ੍ਰ । ਤ੍ਰਾਸ—ਡਰ । ਨਿਵਾਰੈ—ਦੂਰ ਕਰਦਾ ਹੈ । ਪਤਿਤ—ਵਿਕਾਰੀ, ਪਾਪਾਂ ਵਿਚ ਡਿੱਗਾ ਹੋਇਆ । ਪਾਤਿਕ—ਪਾਪ । ਉਤਰਹਿ—ਲਹਿ ਜਾਂਦੇ ਹਨ । ਉਰਿ—ਹਿਰਦੇ ਵਿਚ । ਧਾਰੈ—ਵਸਾਂਦਾ ਹੈ । ਦੇਹ—ਸਰੀਰ ।੧।

ਜਸੁ—ਸਿਫਤ ਸਾਲਾਹ । ਤਾ ਕਾ—ਉਸ (ਮਨੁੱਖ) ਦਾ । ਨਾਸਾ—ਨਾਸ ਹੋ ਜਾਂਦਾ ਹੈ । ਬਿਗਾਸਾ—ਖਿੜਾਉ ।੨।

ਅਰਥ:—

ਪ੍ਰ:—ਸ੍ਰੀ ਜੀਉ, ਪ੍ਰਭੂ ਦੇ ਭਗਤਾਂ ਦਾ ਨਿਸਚਾ ਕੀ ਹੈ ?

1. **ਉ**—ਹੇ ਭਾਈਓ ! ਪ੍ਰਮੇਸ਼ਰ ਦੇ ਭਗਤ ਸਦਾ ਹੀ ਪ੍ਰਮੇਸ਼ਰ ਦਾ ਨਾਮ ਸਿਮਰਦੇ ਰਹਿੰਦੇ ਹਨ ।
2. (ਅਤੇ) ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ, ਉਹ ਸਾਧ ਸੰਗਤ ਦੇ ਇਕ ਪਲ ਭਰ ਦੇ ਸੁਖ ਨੂੰ (ਇਉਂ ਸਮਝਦੇ ਹਨ ਕਿ) ਅਸਾਂ ਕ੍ਰੋੜਾਂ ਹੀ ਬੈਕੁੰਠ ਹਾਸਲ ਕਰ ਲਏ ਹਨ ।੧।ਰਹਾਉ।
3. ਹੇ ਪਿਆਰੇ, ਜਿਹੜਾ ਮਨੁੱਖ ਪ੍ਰਮਾਤਮਾਂ ਦਾ ਨਾਮ (ਆਪਣੇ) ਹਿਰਦੇ ਅੰਦਰ ਵਸਾਂਦਾ ਹੈ ।
   ਹੇ ਭਾਈ ! ਨਾਮ ਜਪ ਕੇ ਉਨ੍ਹਾਂ ਦਾ ਦੁਰਲੱਭ ਮਨੁੱਖਾ ਸਰੀਰ ਪਵਿਤ੍ਰ ਹੋ ਜਾਂਦਾ ਹੈ ਅਤੇ ਨਾਮ ਉਸਦੇ ਅੰਦਰੋਂ ਜਮਾਂ ਦਾ ਡਰ ਦੂਰ ਕਰ ਦੇਂਦਾ ਹੈ ।
4. ਹੇ ਭਾਈਓ ! ਨਾਮ ਦੀ ਬਰਕਤ ਨਾਲ ਵੱਡੇ ਵੱਡੇ ਵਿਕਾਰੀਆਂ ਦੇ ਭੀ ਪਾਪ ਲਹਿ ਜਾਂਦੇ ਹਨ ।੧।
5. ਹੇ ਭਾਈਓ ! ਜਿਹੜਾ ਜਿਹੜਾ ਮਨੁੱਖ ਭੀ ਪ੍ਰਮਾਤਮਾਂ ਦੀ ਪਵਿਤ੍ਰ ਸਿਫਤ ਸਾਲਾਹ ਸੁਣਦਾ ਹੈ, ਉਸਦਾ ਸਾਰੀ ਉਮਰ ਦਾ ਦੁੱਖ ਨਾਸ ਹੋ ਜਾਂਦਾ ਹੈ ।

ਪ੍ਰ—ਸ੍ਰੀ ਜੀਉ, ਇਹ ਦੁਖਾਂ ਦੀ ਨਾਸਕ ਸਿਫਤ ਸਾਲਾਹ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸੁਣਦੇ ?

6. **ਉ:**—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ । ਪਰ ਇਹ ਸਿਫਤ ਸਾਲਾਹ ਵਡੇ ਭਾਗਾਂ ਨਾਲ ਹੀ ਮਿਲਦੀ ਹੈ (ਜਿਸਨੂੰ ਇਹ ਮਿਲ ਜਾਏ ਉਨ੍ਹਾਂ ਦੇ ਮਨਾਂ ਵਿਚ ਤਨਾਂ ਵਿਚ (ਸਦੀਵੀ) ਖਿੜਾਉ ਪੈਦਾ ਹੋ ਜਾਂਦਾ ਹੈ ।੨।੪।੨੩।

ਭਾਵਾਰਥ—ਗੁਰੂ ਦੀ ਸੰਗਤ ਦੇ ਇਕ ਪਲ ਭਰ ਮਿਲਾਪ ਕਰਨ ਨਾਲ ਜੋ ਪਵਿਤ੍ਰਤਾ ਤੇ ਸੁਖ ਮਿਲਦਾ ਹੈ, ਉਸਦਾ ਟਾਕਰਾ ਕ੍ਰੋੜਾਂ ਬੈਕੁੰਠ ਭੀ ਨਹੀਂ ਕਰ ਸਕਦੇ ।

ਸਾਰਗ ਮਹਲਾ ੫ ਦੁਪਦੇ ਘਰੁ ੪

ੴ ਸਤਿਗੁਰ ਪ੍ਰਸਾਦਿ ॥

1. ਮੋਹਨ ਘਰਿ ਆਵਹੁ ਕਰਉ ਜੋਦਰੀਆ ॥
2. ਮਾਨੁ ਕਰਉ ਅਭਿਮਾਨੈ ਬੋਲਉ
ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥੧॥ਰਹਾਉ॥
3. ਨਿਕਟਿ ਸੁਨਉ ਅਰੁ ਪੇਖਉ ਨਾਹੀ
ਭਰਮਿ ਭਰਮਿ ਦੁਖ ਭਰੀਆ ॥
4. ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ
ਮਿਲਉ ਲਾਲ ਮਨੁ ਹਰੀਆ ॥੧॥
5. ਏਕ ਨਿਮਖ ਜੇ ਬਿਸਰੈ ਸੁਆਮੀ
ਜਾਨਉ ਕੋਟਿ ਦਿਨਸ ਲਖ ਬਰੀਆ ॥
6. ਸਾਧ ਸੰਗਤਿ ਕੀ ਭੀਰ ਜਉ ਪਾਈ
ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥

ਪਦ ਅਰਥ:—ਮੋਹਨ—ਹੇ ਮਨ ਨੂੰ ਮੋਹਣ ਵਾਲੇ । ਘਰਿ—ਮੇਰੇ (ਹਿਰਦੇ ਘਰ) ਵਿਚ । ਕਰਉ—ਕਰਉ, ਮੈਂ ਕਰਦੀ ਹਾਂ । ਜੋਦਰੀਆ—ਜੋਦੜੀ, ਮਿੰਨਤ । ਅਭਿਮਾਨੈ—ਅਹੰਕਾਰ ਨਾਲ । ਬੋਲਉ—ਬੋਲਉਂ, ਬੋਲਦੀ ਹਾਂ । ਭੂਲ ਚੂਕ—ਗਲਤੀਆਂ ਉਕਾਈਆਂ । ਪ੍ਰਿਅ—ਹੇ ਪਿਆਰੇ । ਤੇਰੀ ਚਿਰੀਆ—ਤੇਰੀ ਚੇਰੀ, ਤੇਰੀ ਦਾਸੀ ।੧।ਰਹਾਉ।

ਨਿਕਟਿ—ਨੇੜੇ । ਸੁਨਉ—ਸੁਨਉਂ, ਮੈਂ ਸੁਣਦੀ ਹਾਂ । ਅਰੁ—ਅਤੇ । ਪੇਖਉ—ਪੇਖਉਂ, ਮੈਂ ਵੇਖਦੀ ਹਾਂ । ਭਰਮਿ—ਭਟਕ ਕੇ । ਗੁਰ—ਹੇ ਗੁਰੂ । ਹੋਇ—ਹੋ ਕੇ । ਲਾਹਿ—ਦੂਰ ਕਰ । ਪਾਰਦੋ ਪਰਦਾ, ਵਿਥ । ਮਿਲਉ—ਮਿਲਉਂ, ਮੈਂ ਮਿਲ ਸਕਾਂ । ਹਰੀਆ—ਹਰਾ ਭਰਾ ।੧।

ਨਿਮਖ—ਅੱਖ ਝਮਕਣ ਜਿਤਨਾ ਸਮਾਂ । ਜਾਨਉ—ਜਾਨਉਂ, ਮੈਂ ਜਾਣਦੀ ਹਾਂ । ਕੋਟਿ—ਕ੍ਰੋੜਾਂ । ਬਰੀਆ—ਵਰ੍ਹੇ, ਬਰਸ । ਭੀਰ-ਭੀੜ, ਇਕੱਠ । ਜਉ—ਜਦੋਂ । ਤਉ—ਤਦੋਂ । ਸੰਗਿ—ਨਾਲ । ਮਿਰੀਆ—ਮਿਲ ਗਈ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਅਸੀਂ ਕਲਜੁਗੀ ਜੀਵ ਅਤਯੰਤ ਮਲੀਨ ਮਤ ਵਾਲੇ ਹਾਂ ਸਾਨੂੰ ਉਸ ਪ੍ਰਮੇਸ਼ਰ ਪਤੀ ਦੇ ਸਨਮੁਖ ਹੋ ਬੇਨਤੀਆਂ ਕਰਨ ਦੀ ਜਾਚ ਦਸੋ ?

1. **ਉ:**—ਹੇ ਭਾਈਓ ! ਤੁਸੀਂ ਇਸੇ ਤਰ੍ਹਾਂ ਹੀ ਜੋਦੜੀਆਂ ਕਰਦੇ ਰਹੋ ਜਿਵੇਂ ਕਿ ਇਕ ਸ਼ਰਧਾਵਾਨ ਇਸਤ੍ਰੀ ਆਪਣੇ ਪਤੀ ਦੇ ਸਨਮੁਖ ਹੋ ਬੇਨਤੀਆਂ ਕਰਦੀ ਹੈ । ਹੇ ਮੋਹਨ ਪ੍ਰਭੂ, ਮੈਂ ਮਿੰਨਤ ਕਰਦੀ ਹਾਂ ਕਿ, (ਤੁਸਾਂ) ਮੇਰੇ ਹਿਰਦੇ ਘਰ ਵਿਚ ਆ ਵਸੋ ।
2. ਹੇ ਪ੍ਰਭੂ ਜੀ (ਇਹ ਠੀਕ ਹੈ ਕਿ ਮੈਂ ਸ਼ਦਾ) ਮਾਣ ਕਰਦੀ ਰਹਿੰਦੀ ਬਾਂ । ਮੈਂ (ਸ਼ਦਾ) ਅਹੰਕਾਰ ਨਾਲ ਗੱਲਾਂ ਕਰਦੀ ਹਾਂ । ਮੈਂ ਬਥੇਰੀਆਂ ਭੁਲਾਂ ਚੁੱਕਾਂ ਕਰਦੀ ਹਾਂ, (ਫਿਰ ਭੀ) ਹੇ ਪਿਆਰੇ ! ਮੈਂ ਤੇਰੀ (ਹੀ) ਦਾਸੀ ਹਾਂ ।੧।ਰਹਾਉ।
3. ਹੇ ਮੋਹਨ ਜੀਉ ! ਮੈਂ ਸੁਣਦੀ ਹਾਂ (ਕਿ ਤੂੰ) ਨੇੜੇ (ਵਸਦਾ ਹੈਂ) ਪਰ ਮੈਂ ਤੈਨੂੰ ਵੇਖ ਨਹੀਂ ਸਕਦੀ, ਸਦਾ ਭਟਕ ਭਟਕ ਕੇ ਮੈਂ ਦੁਖਾਂ ਵਿਚ (ਹੀ) ਫਸੀ ਰਹਿੰਦੀ ਹਾਂ ।
4. ਹੇ ਗੁਰੂ ਜੀਉ, ਜੇ ਤੂੰ ਦਇਆਵਾਨ ਹੋ ਕੇ (ਮੇਰੇ ਅੰਦਰੋਂ ਮਾਇਆ ਦੇ ਮੋਹ ਦਾ) ਪਰਦਾ ਦੂਰ ਕਰ ਦੇਵੇਂ, (ਤਾਂ) ਮੈਂ (ਸੋਹਣੇ) ਲਾਲ (ਪ੍ਰਭੂ) ਨੂੰ ਮਿਲ ਪਵਾਂ, ਤੇ ਮੇਰਾ ਮਨ (ਆਤਮਕ ਜੀਵਨ ਨਾਲ) ਹਰਾ ਭਰਾ ਹੋ ਜਾਏ ।੧।

ਪ੍ਰ:—ਸ੍ਰੀ ਜੀਉ, ਹੁਣ ਆਪ ਜੀ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤ ਰਹੀ ਹੈ ।

5.**ਉ**:–ਹੇ ਭਾਈਓ ! ਅਸਲੀਅਤ ਤਾਂ ਇਹੋ ਹੀ ਸਮਝੋ ਕਿ, ਜੇ ਅੱਖ ਝਮਕਣ ਜਿਤਨੇ ਸਮੇਂ ਲਈ ਭੀ (ਉਹ) ਮਾਲਕ ਪ੍ਰਭੂ (ਮਨ ਤੋਂ) ਭੁਲ ਜਾਏ, ਤਾਂ ਮੈਂ ਇਉਂ ਸਮਝ ਦੀ ਹਾਂ ਕਿ ਕ੍ਰੋੜਾਂ ਦਿਨ (ਤੇ) ਲਖਾਂ (ਹੀ) ਵਰ੍ਹੇ ਲੰਘ ਗਏ ਹਨ।

ਪ੍ਰ:–ਗੁਰਦੇਵ ਜੀਉ, ਆਖਰ ਇਸ ਤੀਬਰ ਖਿਚ ਦਾ ਆਪ ਜੀ ਨੂੰ ਫਲ ਕੀ ਹਾਸਲ ਹੋਇਆ ?

6.**ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪਿਆਰੇ ! ਜਦੋਂ ਮੈਨੂੰ ਸਾਧ ਸੰਗਤ ਦਾ ਸਮਾਗਮ ਪ੍ਰਾਪਤ ਹੋਇਆ, ਤਦੋਂ (ਹੀ) (ਮੇਰਾ) ਪ੍ਰਮਾਤਮਾਂ ਨਾਲ ਮਿਲਾਪ ਹੋ ਗਿਆ ।੨।੧।੨੪।

ਭਾਵਾਰਥ:–ਅਸਲ ਵਿਚ ਇਹ ਮਨੁੱਖ ਭਰਮ ਕਰਕੇ ਨਾਲ ਵਸਦੇ ਹਰੀ ਨੂੰ ਨਹੀਂ ਪਛਾਣਦਾ ਤੇ ਉਸ ਤੋਂ ਦੂਰ ਦੂਰ ਭਟਕਦਾ ਰਹਿੰਦਾ ਹੈ। ਪਰ ਸਾਧ ਸੰਗਤ ਦੇ ਮੇਲ ਨਾਲ ਗੁਰੂ ਤੋਂ ਭਰਮ ਦਾ ਪਰਦਾ ਦੂਰ ਕਰਵਾ ਕੇ ਹਰੀ ਨਾਲ ਮਿਲਾਪ ਕਰ ਲੈਂਦਾ ਹੈ।

ਸਾਰਗ ਮਹਲਾ ੫ ॥

1. ਅਬ ਕਿਆ ਸੋਚਉ ਸੋਚ ਬਿਸਾਰੀ ॥
2. ਕਰਣਾ ਸਾ ਸੋਈ ਕਰਿ ਰਹਿਆ
ਦੇਹਿ ਨਾਉ ਬਲਿਹਾਰੀ ॥੧॥ਰਹਾਉ॥
4. ਹਾਥ ਦੇਇ ਰਾਖਿਓ ਕਰਿ ਅਪੁਨਾ
ਜਿਉ ਜਲ ਕਮਲਾ ਅਲਿਪਾਰੀ ॥੧॥
3. ਚਹੁ ਦਿਸ ਫੂਲਿ ਰਹੀ ਬਿਖਿਆ
ਬਿਖੁ ਗੁਰ ਮੰਤ੍ਰੁ ਮੂਖਿ ਗਰੁੜਾਰੀ ॥
5. ਹਉ ਨਾਹੀ ਕਿਛੁ ਮੈ ਕਿਆ ਹੋਸਾ
ਸਭ ਤੁਮ ਹੀ ਕਲਧਾਰੀ ॥
6. ਨਾਨਕ ਭਾਗਿ ਪਰਿਓ ਹਰਿ ਪਾਛੈ
ਰਾਖੁ ਸੰਤ ਸਦਕਾਰੀ ॥੨॥੨॥੨੫॥

ਪਦ ਅਰਥ:–ਸੋਚਉ--ਸੋਚਉਂ, ਮੈਂ ਸੋਚਾਂ । ਕਿਆ ਸੋਚਉ–ਮੈਂ ਕੀਹ ਸੋਚਾਂ ਕਰਾਂ ? ਬਿਸਾਰੀ–ਛੱਡ ਦਿਤੀ ਹੈ। ਸਾ–ਸੀ। ਬਲਿਹਾਰੀ-ਮੈਂ ਸਦਕੇ ਹਾਂ ।੧।ਰਹਾਉ।

ਚਹੁ ਦਿਸ–ਚੌਹੀਂ ਪਾਸੀਂ, ਸਾਰੇ ਜਗਤ ਵਿਚ। ਬਿਖਿਆ–ਮਾਇਆ । ਬਿਖੁ–ਜ਼ਹਿਰ । ਮੁਖਿ–ਮੂੰਹ ਵਿਚ । ਗਰੁੜਾਰੀ–ਸੱਪ ਦਾ ਜ਼ਹਿਰ ਕੱਟਣ ਵਾਲਾ, ਗਰੁੜ ਮੰਤ੍ਰ। ਦੇਇ–ਦੇ ਕੇ। ਰਾਖਿਓ–ਰਖਿਆ ਕੀਤੀ। ਕਰਿ--ਕਰ ਕੇ, ਬਣਾ ਕੇ। ਅਲਿਪਾਰੀ--ਅਲਿਪਤ, ਨਿਰਲੇਪ ।੧।

ਹਉ–ਮੈਂ। ਹੋਸਾ–ਹੋਸਾਂ, ਹੋਵਾਂਗਾ, ਹ ਸਕਦਾ ਹਾਂ। ਕਲ--ਸਤਿਆ। ਧਾਰੀ--ਟਿਕਾਈ ਹੋਈ ਹੈ। ਭਾਗਿ–ਭਜ ਕੇ। ਪਾਛੈ--ਸ਼ਰਨ । ਰਾਖੁ--ਰਖਿਆ ਕਰ । ਹਰਿ–ਹੇ ਹਰੀ। ਸਦਕਾਰੀ--ਸਦਕਾ ।੨।

ਅਰਥ:–

ਪ੍ਰ:–ਗੁਰਦੇਵ ਜੀਉ, ਜਦ ਕਦੀ ਤੁਸੀਂ ਉਸ ਪ੍ਰਭੂ ਤੋਂ ਕੋਈ ਮੰਗ ਮੰਗਦੇ ਹੋ ਤਾਂ ਆਪ ਜੀ ਦੀ ਮੰਗ ਕੀ ਹੋਇਆ ਕਰਦੀ ਹੈ ?

1.**ਉ**:–ਹੇ ਭਾਈਓ ! ਮੇਰੀ ਤਾਂ ਕੇਵਲ ਇਕ ਇਹੋ ਹੀ ਮੰਗ ਹੁੰਦੀ ਹੈ ਕਿ, ਹੇ ਪ੍ਰਭੂ ਜੀਉ, ਮੈਨੂੰ ਆਪਣਾ ਨਾਮ ਬਖਸ਼ਸ਼ ਕਰੋ।

2. ਹੇ ਸਾਈਆਂ ਜੀਉ,(ਤੇਰੇ ਨਾਮ ਦੀ ਬਰਕਤ ਨਾਲ) ਹੁਣ ਮੈਂ ਹੋਰ ਹੋਰ ਕਿਹੜੀਆਂ ਸੋਚਾਂ ਸੋਚਾਂ, (ਕਿਉਂਕਿ) ਮੈਂ ਹਰੇਕ ਸੋਚ ਵਿਸ਼ਾਰ ਦਿਤੀ ਹੈ; ਹੇ ਭਾਈ ! ਉਸਦੇ ਨਾਮ ਦਾ ਸਦਕਾ ਹੁਣ ਮੈਨੂੰ ਯਕੀਨ ਬਣ ਗਿਆ ਹੈ ਕਿ, ਉਹ ਜੋ ਕੁਝ ਕਰਨਾ ਚਾਹੁੰਦਾ ਹੈ, ਉਹੀ ਕਰ ਰਿਹਾ ਹੈ, ਇਸ ਲਈ ਐ ਪਿਆਰੇ, ਮੈਂ ਤਾਂ ਇਉਂ ਹੀ ਅਰਜ਼ਾਂ ਕਰਦਾ ਹਾਂ ਕਿ ਹੇ ਪ੍ਰਭੂ ! ਮੈਂ ਤੈਥੋਂ ਬਲਿਹਾਰ ਜਾਂਦਾ ਹਾਂ ਮੈਨੂੰ ਆਪਣਾ ਨਾਮ ਹੀ ਬਖਸ਼ਣਾ ਕਰੋ ।੧।ਰਹਾਉ।

3. ਹੇ ਪਿਆਰੇ, ਮੈਂ ਤਾਂ ਵੇਖ ਰਿਹਾ ਹਾਂ ਕਿ, ਸਾਰੇ ਜਗਤ ਵਿਚ ਮਾਇਆ (ਸੱਪਣੀ) ਦੀ ਜ਼ਹਰ ਵਧ ਫੁੱਲ ਰਹੀ ਹੈ, (ਪਰ ਇਸਤੋਂ ਉਹੀ ਬਚਦਾ ਹੈ, ਜਿਸਦੇ) ਮੂੰਹ ਵਿਚ ਗੁਰੂ ਦਾ ਉਪਦੇਸ਼ ਗਰੁੜ ਮੰਤ੍ਰ ਹੈ।

ਪ੍ਰ:–ਸ੍ਰੀ ਜੀਉ, ਇਸ ਮਾਇਆ ਸੱਪਣੀ ਦੀ ਜ਼ਹਿਰ ਤੋਂ ਨਿਰਲੇਪ ਕੌਣ ਰਹਿੰਦਾ ਹੈ ?

4.**ਉ**:–ਹੇ ਭਾਈ ! ਜਿਸ ਮਨੁੱਖ ਨੂੰ ਪ੍ਰਭੂ ਆਪਣਾ ਹੱਥ ਦੇ ਕੇ ਆਪਣਾ ਬਣਾ ਕੇ ਰਖਿਆ ਕਰਦਾ ਹੈ, ਉਹ ਜਗਤ ਵਿਚ ਇਉਂ ਨਿਰਲੇਪ ਰਹਿੰਦਾ ਹੈ, ਜਿਵੇਂ ਕਿ ਪਾਣੀ ਵਿਚ ਕੰਵਲ ਫੁਲ ਰਹਿੰਦਾ ਹੈ ।੧।

ਪ੍ਰ:–ਸ੍ਰੀ ਜੀਉ, ਸਾਨੂੰ ਭੀ ਕੋਈ ਅਰਜ਼ ਕਰਦੇ ਰਹਿਣ ਦਾ ਢੰਗ ਦਸੋ ?

5.**ਉ**:–ਹੇ ਪਿਆਰੇ ਤੁਸੀਂ ਇਉਂ ਹੀ ਅਰਦਾਸ ਕਰਦੇ ਰਹੋ ਕਿ ਹੇ ਪ੍ਰਭੂ, ਨਾ ਹੁਣ ਹੀ ਮੇਰੀ ਪਾਇਆਂ ਹੈ, ਨਾ ਅਗਾਹਾਂ ਨੂੰ ਭੀ ਮੇਰੀ ਕੋਈ ਪਾਇਆਂ ਹੋ ਸਕਦੀ ਹੈ, ਹਰ ਥਾਂ ਤੂੰ ਹੀ ਆਪਣੀ ਸਤਿਆ ਟਿਕਾਈ ਹੋਈ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ, (ਮਾਇਆ ਸਪਣੀ ਤੋਂ ਬਚਣ ਲਈ) ਮੈਂ ਭੱਜ ਕੇ ਤੇਰੇ ਸੰਤਾਂ ਦੀ ਸ਼ਰਨ ਪਿਆ ਹਾਂ, ਸੰਤ ਸ਼ਰਨ ਦਾ ਸਦਕਾ ਮੇਰੀ ਰਖਿਆ ਕਰੋ ।੨।੨।੨੫।

ਭਾਵਾਰਥ:–ਮਨੁੱਖ ਹਰ ਪਾਸਿਓਂ ਮਾਇਆ ਦੇ ਜ਼ਹਿਰੀਲੇ ਅਸਰ ਨਾਲ ਘਿਰਿਆ ਪਿਆ ਹੈ, ਪਰ ਗੁਰੂ ਇਸ ਜ਼ਹਿਰ ਦੇ ਕੱਟਣ ਲਈ ਆਪਣੀ ਬਾਣੀ ਦਿੰਦਾ ਹੈ, ਜਿਸ ਨਾਲ ਸੰਸਾਰਕ ਰੁਝੇਵੇਂ ਆਪਣਾ ਜ਼ਹਿਰੀਲਾ ਅਸਰ ਨਹੀਂ ਕਰ ਸਕਦੇ।

ਸਾਰਗ ਮਹਲਾ ੫ ॥

1. ਅਬ ਮੋਹਿ ਸਰਬ ਉਪਾਵ ਬਿਰਕਾਤੇ ॥
2. ਕਰਣ ਕਾਰਣ ਸਮਰਥ ਸੁਆਮੀ
ਹਰਿ ਏਕਸੁ ਤੇ ਮੇਰੀ ਗਾਤੇ ॥੧॥ਰਹਾਉ॥

3. ਦੇਖੇ ਨਾਨਾ ਰੂਪ ਬਹੁਰੰਗਾ ਅਨ ਨਾਹੀ ਤੁਮ ਭਾਂਤੇ ॥
4. ਦੇਂਹਿ ਅਧਾਰੁ ਸਰਬ ਕਉ ਠਾਕੁਰ
ਜੀਅ ਪ੍ਰਾਨ ਸੁਖ ਦਾਤੇ ॥੧॥
5. ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ
ਤਉ ਗੁਰ ਮਿਲਿ ਚਰਨ ਪਰਾਤੇ ॥
6. ਕਹੁ ਨਾਨਕ ਮੈ ਸਰਬ ਸੁਖੁ ਪਾਇਆ
ਇਹ ਸੂਖਿ ਬਿਹਾਨੀ ਰਾਤੇ ॥੨॥੩॥੨੬॥

ਪਦ ਅਰਥ :—ਅਬ—ਹੁਣ । ਮੋਹਿ—ਮੈਂ । ਉਪਾਵ—ਉਪਾਉ । ਬਿਰਕਾਤੇ—ਛੱਡ ਦਿਤੇ ਹਨ । ਕਰਣ—ਜਗਤ । ਕਰਣ ਕਾਰਣ—ਹੇ ਜਗਤ ਦੇ ਮੂਲ । ਸਮਰਥ—ਹੇ ਸਾਰੀਆਂ ਤਾਕਤਾਂ ਦੇ ਮਾਲਕ । ਸੁਆਮੀ—ਹੇ ਮਾਲਕ । ਏਕਸੁ ਤੇ—ਇਕ ਤੈਥੋਂ ਹੀ । ਗਾਤੇ—ਗਤਿ, ਉਚੀ ਆਤਮਕ ਅਵਸਥਾ ।੧।ਰਹਾਉ।

ਨਾਨਾ—ਕਈ ਕਿਸਮਾਂ ਦੇ । ਬਹੁ—ਅਨੇਕਾਂ । ਅਨ—ਕੋਈ ਹੋਰ । ਭਾਂਤੇ—ਵਰਗਾ । ਦੇਂਹਿ—ਤੂੰ ਦੇਂਦਾ ਹੈਂ । ਅਧਾਰੁ—ਆਸਰਾ । ਠਾਕੁਰ—ਹੇ ਠਾਕਰ । ਜੀਅ ਦਾਤੇ—ਹੇ ਜਿੰਦ ਦੇ ਦੇਣ ਵਾਲੇ । ਪ੍ਰਾਨ ਦਾਤੇ—ਹੇ ਪ੍ਰਾਣ ਦੇਣ ਵਾਲੇ । ਸੁਖ ਦਾਤੇ—ਹੇ ਸੁਖ ਦੇਣ ਵਾਲੇ ।੧।

ਭ੍ਰਮਤੌ—ਭਟਕਦਿਆਂ । ਜਉ—ਜਦੋਂ । ਹਾਰਿ ਪਰਿਓ—ਥੱਕ ਗਿਆ । ਤਉ—ਤਦੋਂ । ਗੁਰ ਮਿਲਿ—ਗੁਰੂ ਨੂੰ ਮਿਲ ਕੇ । ਪਰਾਤੇ—ਪਛਾਣ ਲਏ, ਕਦਰ ਸਮਝ ਲਈ । ਸਰਬ ਸੁਖ—ਸਾਰੇ ਸੁਖ ਦੇਣ ਵਾਲਾ । ਸੂਖਿ—ਸੁਖ ਵਿਚ, ਅਨੰਦ ਵਿਚ । ਬਿਹਾਨੀ—ਬੀਤ ਰਹੀ ਹੈ । ਰਾਤੇ—ਜ਼ਿੰਦਗੀ ਦੀ ਰਾਤ ।੨।

ਅਰਥ:—

ਪ੍ਰ:—ਸ੍ਰੀ ਜੀਉ, ਹੁਣ ਆਪ ਜੀ ਦਾ ਨਿਸਚਾ ਕੀ ਹੋ ਗਿਆ ਹੈ ?

1. ਉ:—ਹੇ ਭਾਈਓ ! ਮੇਰਾ ਤਾਂ ਵਿਸ਼ਵਾਸ਼ ਇਉਂ ਹੀ ਹੋ ਗਿਆ ਹੈ ਕਿ, ਹੇ ਜਗਤ ਦੇ ਮੂਲ ਹਰੀ, ਹੇ ਸਾਰੀਆਂ ਤਾਕਤਾਂ ਦੇ ਮਾਲਕ ਸੁਆਮੀ, (ਗੁਰੂ ਨੂੰ ਮਿਲਕੇ) ਹੁਣ ਮੈਂ ਹੋਰ ਸਾਰੇ ਹੀਲੇ ਛੱਡ ਦਿਤੇ ਹਨ ।
2. (ਕਿਉਂਕਿ) ਹੁਣ ਮੈਨੂੰ ਨਿਸਚਾ ਹੋ ਗਿਆ ਹੈ ਕਿ, ਸਿਰਫ ਤੇਰੇ ਦਰ ਤੋਂ ਹੀ ਮੇਰੀ ਉਚੀ ਆਤਮਕ ਅਵਸਥਾ ਬਣ ਸਕਦੀ ਹੈ ।੧।ਰਹਾਉ।
3. ਹੇ ਪ੍ਰਭੂ ਜੀ ! ਹੁਣ ਮੇਰਾ ਇਹ ਵਿਸ਼ਵਾਸ਼ ਹੋ ਗਿਆ ਹੈ ਕਿ, ਮੈਂ (ਜਗਤ ਦੇ) ਅਨੇਕਾਂ ਕਈ ਕਿਸਮਾਂ ਦੇ ਰੂਪ ਰੰਗ ਵੇਖ ਲਏ ਹਨ ਤੇਰੇ ਵਰਗਾ (ਸੋਹਣਾ) ਹੋਰ ਕੋਈ ਨਹੀਂ ਹੈ ।
4. ਹੇ ਠਾਕੁਰ, ਹੇ ਜਿੰਦ ਦਾਤੇ, ਹੇ ਪ੍ਰਾਣ ਦਾਤੇ, ਹੇ ਸੁਖਦਾਤੇ, ਸਭ ਜੀਵਾਂ ਨੂੰ ਤੂੰਹੀ ਆਸਰਾ ਦੇਂਦਾ ਹੈਂ ।੧।
5. ਹੇ ਭਾਈਓ ! ਭਟਕਦਿਆਂ, ਭਟਕਦਿਆਂ ਜਦੋਂ ਮੈਂ ਥੱਕ ਗਿਆ ਹਾਂ, ਤਦੋਂ ਗੁਰੂ ਨੂੰ ਮਿਲਕੇ ਮੈਂ ਪ੍ਰਮਾਤਮਾਂ ਦੇ ਚਰਨਾਂ ਦੀ ਕਦਰ ਪਛਾਣ ਲਈ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਹੁਣ ਮੈਂ ਸਾਰੇ ਸੁਖ ਦੇਣ ਵਾਲਾ ਪ੍ਰਭੂ ਲੱਭ ਲਿਆ ਹੈ, ਤੇ ਮੇਰੀ (ਜ਼ਿੰਦਗੀ ਦੀ) ਰਾਤ ਸੁਖ ਅਨੰਦ ਵਿਚ ਬੀਤ ਰਹੀ ਹੈ ।੨।੩।੨੬।

ਭਾਵਾਰਥ :—ਗੁਰੂ ਨੂੰ ਮਿਲਕੇ ਹੁਣ ਪਤਾ ਲੱਗਾ ਹੈ ਕਿ ਹਰੀ ਤੋਂ ਬਿਨਾ ਹੋਰ ਸਭ ਆਸਰੇ ਤੁੱਛ ਹਨ, ਇਸ ਲਈ ਉਹ ਛੱਡ ਕੇ ਇਕ ਹਰੀ ਦਾ ਹੀ ਆਸਰਾ ਫੜਿਆ ਹੈ ।

ਸਾਰਗ ਮਹਲਾ ੫ ॥

1. ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥
2. ਗੁਰ ਦਇਆਲ ਭਏ ਸੁਖਦਾਈ
ਅੰਧੁਲੈ ਮਾਨਿਕੁ ਦੇਖਾ ॥੧॥ਰਹਾਉ॥
3. ਕਾਟੇ ਅਗਿਆਨ ਤਿਮਰ ਨਿਰਮਲੀਆ
ਬੁਧਿ ਬਿਗਾਸ ਬਿਬੇਕਾ ॥
4. ਜਿਉ ਜਲ ਤਰੰਗ ਫੇਨੁ ਜਲ ਹੋਈ ਹੈ
ਸੇਵਕ ਠਾਕੁਰ ਭਏ ਏਕਾ ॥੧॥
5. ਜਹ ਤੇ ਉਠਿਓ ਤਹ ਹੀ ਆਇਓ
ਸਭ ਹੀ ਏਕੈ ਏਕਾ ॥
6. ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ
ਪ੍ਰਾਣ ਪਤੀ ਹਰਿ ਸਮਕਾ ॥੨॥੪॥੨੭॥

ਪਦ ਅਰਥ :—ਮੋਹਿ—ਮੈਂ । ਲਬਧਿਓ ਹੈ—ਲੱਭ ਲਿਆ ਹੈ । ਟੇਕਾ—ਆਸਰਾ । ਦਇਆਲ—ਦਇਆਵਾਨ । ਅੰਧੁਲੈ ਮੈਂ ਅੰਨ੍ਹੇ ਨੇ । ਮਾਨਿਕੁ—ਨਾਮ ਮੋਤੀ । ਦੇਖਾ—ਵੇਖ ਲਿਆ ਹੈ ।੧।ਰਹਾਉ।

ਅਗਿਆਨ—ਆਤਮਕ ਜੀਵਨ ਵਲੋਂ ਬੇਸਮਝੀ । ਤਿਮਰ—ਹਨੇਰੇ । ਨਿਰਮਲੀਆ—ਪਵਿੱਤ੍ਰ । ਬੁਧਿ—ਅਕਲ । ਬਿਗਾਸ—ਪਰਕਾਸ਼ । ਬਿਬੇਕਾ—(ਚੰਗੇ ਮੰਦੇ ਕਰਮ ਦੀ)ਪਰਖ ਦੀ ਸ਼ਕਤੀ । ਫੇਨੁ—ਝੱਗ । ਠਾਕੁਰ—ਮਾਲਕ ਪ੍ਰਭੂ ।੧।

ਜਹ ਤੇ—ਜਿਸ ਥਾਂ ਤੋਂ । ਦ੍ਰਿਸਟਿ ਆਇਓ—ਦਿਸ ਪਿਆ ਹੈ । ਸ੍ਰਬ ਠਾਈ—ਸਭਨੀਂ ਥਾਂਈ । ਸਮਕਾ—ਇਕ ਸਮਾਨ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਨਾਮ ਰੂਪ ਮੋਤੀ ਲੱਭਣ ਲਈ ਤਾਂ ਲੋਕੀਂ ਅਨੇਕਾਂ ਹੀ ਜਤਨ ਕਰਦੇ ਹਨ ਤੁਹਾਨੂੰ ਇਹ ਕਿਵੇਂ ਲੱਭਾ ਹੈ ?

1. ਉ:—ਹੇ ਭਾਈਓ ! ਜਦੋਂ ਤੋਂ (ਮੈਂ) ਸਾਰੇ ਸੁਖ ਦੇਣ ਵਾਲੇ ਸਤਿਗੁਰੂ ਦੀ ਮਿਹਰ ਪ੍ਰਾਪਤ ਕਰ ਲਈ ।
2. ਹੇ ਭਾਈ ! ਸਤਿਗੁਰੂ ਦਇਆਵਾਨ ਹੋਏ ਹਨ, ਮੈਂ ਅੰਨ੍ਹੇ ਨੇ ਨਾਮ ਰੂਪੀ ਮੋਤੀ ਦੇਖ ਲਿਆ ਹੈ ।੧।ਰਹਾਉ।
3. ਹੇ ਭਾਈ ! (ਗੁਰੂ ਦੀ ਕ੍ਰਿਪਾ ਨਾਲ ਮੇਰੇ ਅੰਦਰੋਂ) ਆਤਮਕ ਜੀਵਨ ਵਲੋਂ ਬੇਸਮਝੀ ਦੇ ਹਨੇਰੇ ਕਟੇ ਗਏ ਹਨ, ਮੇਰੀ ਬੁਧ

ਨਿਰਮਲ ਹੋ ਗਈ ਹੈ, ਮੇਰੇ ਅੰਦਰ ਚੰਗੇ ਮੰਦੇ ਕੰਮ ਦੀ ਪਰਖ ਦੀ ਸ਼ਕਤੀ-ਦਾ ਪ੍ਰਕਾਸ਼ ਹੋ ਗਿਆ ਹੈ।

4. ਹੇ ਭਾਈਓ ! ਹੁਣ ਮੈਨੂੰ ਸਮਝ ਪੈ ਗਈ ਹੈ ਕਿ, ਜਿਵੇਂ ਪਾਣੀ ਦੀਆਂ ਲਹਿਰਾਂ ਤੇ ਝੱਗ ਸਭ ਕੁਝ ਪਾਣੀ ਹੀ ਹੋ ਜਾਂਦਾ ਹੈ, ਤਿਵੇਂ ਮਾਲਕ ਪ੍ਰਭੂ ਅਤੇ ਉਸਦੇ ਸੇਵਕ ਇਕ ਰੂਪ ਹੋ ਜਾਂਦੇ ਹਨ ।੧।

5. ਗੁਰੂ ਦੀ ਕ੍ਰਿਪਾ ਨਾਲ ਹੁਣ ਮੈਨੂੰ ਸਮਝ ਪੈ ਗਈ ਹੈ ਕਿ, ਜਿਸ ਪ੍ਰਭੂ ਤੋਂ ਇਹ ਜੀਵ ਉਪਜਦਾ ਹੈ, ਉਸ ਵਿਚ ਲੀਨ ਹੁੰਦਾ ਹੈ, ਇਹ ਸਾਰੀ ਰਚਨਾਂ ਹੀ ਇਕ ਪ੍ਰਮਾਤਮਾਂ ਦਾ ਹੀ ਖੇਲ ਪਸਾਰਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਹੁਣ ਮੈਨੂੰ ਗੁਰੂ ਦੀ ਕ੍ਰਿਪਾ ਨਾਲ) ਦਿਸ ਪਿਆ ਹੈ ਕਿ ਪ੍ਰਾਣਾਂ ਦਾ ਮਾਲਕ ਹਰੀ ਸਭਨੀ ਥਾਈਂ ਇਕ ਸਮਾਨ ਵੱਸ ਰਿਹਾ ਹੈ ।੨।੪।੨੭।

ਭਾਵਾਰਥ :–ਗੁਰੂ ਨੇ ਕ੍ਰਿਪਾ ਕਰਕੇ ਮੇਰੀ ਬੁਧੀ ਉਜਲ ਕਰ ਦਿਤੀ ਹੈ, ਜਿਸ ਨਾਲ ਭਰਮ ਮਿਟਾ ਕੇ ਮੈਂ ਹਰੀ ਨਾਲ ਇੱਕ ਮਿੱਕ ਹੋ ਗਿਆ ਹਾਂ।

ਸਾਰਗ ਮਹਲਾ ੫ ॥

1. ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
2. ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ਰਹਾਉ॥
3. ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
4. ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥੧॥
5. ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥
6. ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥

ਪਦ ਅਰਥ :-ਏਕੈ ਹੀ ਪ੍ਰਿਅ–ਏਕੈ ਪ੍ਰਿਅ ਹੀ, ਸਿਰਫ ਪਿਆਰੇ ਪ੍ਰਭੂ ਦਾ (ਦਰਸ਼ਨ) ਹੀ। ਮਾਂਗੈ ਮੰਗਦਾ ਹੈ। ਪੇਖਿ–ਵੇਖ ਕੇ। ਸਮਸਰਿ-ਬਰਾਬਰ ।੧।ਰਹਾਉ।

ਨੀਰੇ-ਪ੍ਰੋਸੇ, ਥਾਲ ਵਿਚ ਪਾ ਕੇ ਰੱਖੇ । ਬਿੰਜਨ–ਸੁਆਦਲੇ ਖਾਣੇ। ਦ੍ਰਿਸਟਿ-ਨਿਗਾਹ । ਰੁਚਾਂਗੈ–ਰੁੱਚੀ। ਰਸੁ–ਸੁਆਦ। ਪ੍ਰਿਅ–ਹੇ ਪਿਆਰੇ। ਮੁਖਿ–ਮੂੰਹ। ਟੇਰੈ–ਬੋਲਦਾ ਹੈ। ਅਲਿ–ਭੌਰਾ । ਕਮਲਾ–ਕੌਲ ਫੁੱਲ । ਲੋਭਾਂਗੈ-ਲਲਚਾਂਦਾ ਹੈ।੧।

ਗੁਣ ਨਿਧਾਨ-ਹੇ ਗੁਣਾਂ ਦੇ ਖਜ਼ਾਨੇ । ਲਾਲਨ–ਹੇ ਸੋਹਣੇ ਲਾਲ। ਸਰਬਾਂਗੈ–ਹੇ ਸਭ ਜੀਵਾ ਵਿਚ ਵਿਆਪਕ। ਗੁਰਿ–ਗੁਰੂ ਨੇ। ਪਾਹਿ–ਪਾਸ, ਕੋਲ। ਪਠਾਇਓ–ਭੇਜਿਆ ਹੈ। ਸਖਾ–ਹੇ ਮਿੱਤਰ। ਗਲਿ ਲਾਗੈ–ਗਲ ਨਾਲ ਲੱਗ ਕੇ ।੨।

ਅਰਥ:–

ਪ੍ਰ:–ਗੁਰਦੇਵ ਜੀਉ, ਜਗਤ ਦਾ ਹਰ ਮਨੁੱਖ ਭਿੰਨ ਭਿੰਨ ਪਦਾਰਥਾਂ ਦੀ ਮੰਗ ਕਰਦਾ ਹੈ, ਪਰ ਆਪ ਪ੍ਰਭੂ ਤੋਂ ਕੀ ਮੰਗਦੇ ਹੋ ?

1. **ਉ:**–ਹੇ ਭਾਈ ! ਮੇਰਾ ਮਨ (ਤਾਂ) ਸਿਰਫ (ਇਕ ਉਸ) ਪਿਆਰੇ ਪ੍ਰਭੂ ਦਾ ਹੀ ਦਰਸ਼ਨ ਮੰਗਦਾ ਹੈ।

2. (ਕਿਉਂਕਿ) ਮੈਂ ਸਾਰੇ ਥਾਂ ਸਾਰੇ ਦੇਸ਼ ਵੇਖ ਆਇਆ ਹਾਂ, (ਉਨ੍ਹਾਂ ਵਿਚੋਂ ਕੋਈ ਭੀ ਸੁੰਦਰਤਾ ਵਿਚ) ਪਿਆਰੇ (ਪ੍ਰਭੂ) ਦੇ ਇਕ ਰੋਮ ਦੀ ਭੀ ਬਰਾਬਰੀ ਨਹੀਂ ਕਰ ਸਕਦਾ ।੧।ਰਹਾਉ।

3. ਹੇ ਭਾਈ ! ਮੈਂ ਅਨੇਕਾਂ ਭੋਜਨ ਅਨੇਕਾਂ ਸੁਆਦਲੇ ਪਦਾਰਥ ਪਰੋਸਕੇ ਰੱਖਦਾ ਹਾਂ। (ਮੇਰਾ ਮਨ) ਉਨ੍ਹਾਂ ਵਲ ਨਿਗਾਹ ਭੀ ਨਹੀਂ ਕਰਦਾ, (ਇਸ ਦੀ) ਉਨ੍ਹਾਂ ਵਲ ਕੋਈ ਰੁਚੀ ਨਹੀਂ।

4. ਹੇ ਭਾਈ ! ਜਿਵੇਂ ਭੌਰਾ ਕੌਲ ਫੁਲ ਵਾਸਤੇ ਲਲਚਾਂਦਾ ਹੈ, ਤਿਵੇਂ (ਮੇਰਾ ਮਨ) ਪ੍ਰਮਾਤਮਾਂ (ਦੇ ਨਾਮ) ਦਾ ਸੁਆਦ (ਹੀ) ਮੰਗਦਾ ਹੈ, ਮੂੰਹੋਂ ਹੇ ਪਿਆਰੇ ਪ੍ਰਭੂ, ਹੇ ਪਿਆਰੇ ਪ੍ਰਭੂ, ਹੀ ਬੋਲਦਾ ਰਹਿੰਦਾ ਹੈ ।੧।

5. ਹੇ ਗੁਣਾਂ ਦੇ ਖਜ਼ਾਨੇ, ਹੇ ਮਨ ਨੂੰ ਮੋਹਣ ਵਾਲੇ, ਹੇ ਸੋਹਣੇ ਲਾਲ, ਹੇ ਸਾਰੇ ਸੁਖ ਦੇਣ ਵਾਲੇ, ਹੇ ਸਭ ਜੀਵਾਂ ਵਿਚ ਵਿਆਪਕ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਮਿੱਤ੍ਰ ਪ੍ਰਭੂ, ਮੈਨੂੰ ਗੁਰੂ ਨੇ (ਤੇਰੇ) ਪਾਸ ਭੇਜਿਆ ਹੈ, ਮੈਨੂੰ ਗਲ ਲਗਾ ਕੇ ਮਿਲ ।੨।੫।੨੮।

ਭਾਵਾਰਥ :–ਗੁਰੂ ਦੇ ਸਦਕੇ ਹੁਣ ਮੇਰੀ ਰੁਚੀ ਐਸੀ ਪ੍ਰੇਰੀ ਗਈ ਹੈ ਕਿ, ਹਰੀ ਰਸ ਬਿਨਾ ਮੈਨੂੰ ਹੋਰ ਕੋਈ ਰਸ ਚੰਗਾ ਹੀ ਨਹੀਂ ਲੱਗਦਾ।

ਸਾਰਗ ਮਹਲਾ ੫ ॥

1. ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥
2. ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥੧॥ਰਹਾਉ॥
3. ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥
4. ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾਂ ॥੧॥
5. ਤੁਮ ਹੀ ਨਾਇਕ ਤੁਮਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥
6. ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥੨॥੬॥੨੯॥

ਪਦ ਅਰਥ :—ਮੇਰੋ ਮਨੁ—ਮੇਰਾ ਮਨ। ਸਿਉ—ਨਾਲ। ਮਾਨਾਂ—ਗਿੱਝ ਗਿਆ ਹੈ। ਛੇਦਿਓ ਕੱਟ ਦਿਤਾ ਹੈ। ਦੁਸਟੁ—ਭੈੜਾ। ਬਿਗਾਨਾ—ਬਿਗਾਨਾਪਨ, ਓਪਰਾਪਨ।੧।ਰਹਾਉ।

ਸੁਘਰ—ਸੋਹਣੀ ਆਤਮਕ ਘਾੜਤ ਵਾਲਾ। ਸੁਜਾਨਾ—ਸਿਆਣਾ। ਸਗਲ—ਸਾਰੇ। ਅਰੁ—ਅਤੇ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਕੀਮਤਿ-ਮੁਲ, ਸਾਰ, ਕਦਰ।੧।

ਨਾਇਕ—ਮਾਲਕ। ਛਤ੍ਰਪਤਿ—ਰਾਜਾ। ਪੂਰਿ ਰਹੇ—ਸਭ ਥਾਈਂ ਮੌਜੂਦ ਹੈ। ਪਾਵਉ—ਪਾਵਉਂ, ਮੈਂ ਹਾਸਲ ਕਰਾਂ। ਦਾਨੁ—ਖੈਰ। ਸਦ—ਸਦਾ।੨।

ਅਰਥ:—

ਪ੍ਰ:-ਗੁਰਦੇਵ ਜੀਉ, ਸਾਡੇ ਮਨਾਂ ਵਿਚ ਉਸ ਪ੍ਰਮੇਸ਼ਰ ਬਾਰੇ ਓਪਰਾਪਨ ਸਦਾ ਹੀ ਬਣਿਆਂ ਰਹਿੰਦਾ ਹੈ, ਤੁਸਾਂ ਇਹ ਆਪਣੇ ਅੰਦਰੋਂ ਕਿਵੇਂ ਦੂਰ ਕਰ ਲਿਆ ਹੈ ?

1. **ਉ**—ਹੇ ਭਾਈਓ! ਅਸਲ ਵਿਚ ਤਾਂ ਇਉਂ ਹੀ ਜਾਣੋ ਕਿ; ਜਦੋਂ ਮੇਰੇ ਉਤੇ ਸੰਤ ਜਨ ਤ੍ਰੁਠ ਪਏ, ਦਇਆਵਾਨ ਹੋਏ, ਤਾਂ ਹੁਣ ਮੇਰਾ ਮਨ ਮਾਲਕ ਪ੍ਰਭੂ ਨਾਲ (ਸਦਾ) ਹੀ ਗਿਝਿਆ ਰਹਿੰਦਾ ਹੈ।
2. ਮੇਰੇ ਉਤੇ ਹੁਣ ਗੁਰੂ ਦਿਆਲੂ ਹੋਏ ਹਨ, ਜਿਸ ਦੀ ਬਰਕਤ ਨਾਲ ਮੈਂ ਆਪਣੇ ਅੰਦਰੋਂ ਪ੍ਰਮਾਤਮਾਂ ਨਾਲੋਂ ਇਹ ਭੈੜਾ ਓਪਰਾਪਨ ਕੱਟ ਦਿਤਾ ਹੈ।੧।ਰਹਾਉ।
3. ਹੇ ਭਾਈਓ! ਹੁਣ ਮੈਨੂੰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ, ਹੇ ਪ੍ਰਭੂ, ਤੂੰ ਹੀ ਮੈਨੂੰ ਸੋਹਣਾ ਲਗਦਾ ਹੈਂ, ਤੂੰ ਹੀ ਸਿਆਣਾ ਜਾਪਦਾ ਹੈਂ, ਤੂੰ ਹੀ ਸੋਹਣੀ ਆਤਮਕ ਘਾੜਤ ਘੜਨ ਵਾਲਾ ਸੁਜਾਨ ਦਿਸਦਾ ਹੈਂ।
4. ਹੇ ਪ੍ਰਭੂ ਜੀਉ, ਜੋਗ ਸਾਧਨ, ਗਿਆਨ ਚਰਚਾ ਕਰਨ ਵਾਲੇ ਅਤੇ ਸਮਾਧੀਆਂ ਲੌਣ ਵਾਲੇ, ਇਨ੍ਹਾਂ ਸਭਨਾਂ ਨੇ, ਅੱਖ ਝਮਕਣ ਜਿਤਨਾ ਸਮਾਂ ਭੀ ਤੇਰੀ ਕਦਰ ਨਹੀਂ ਜਾਣੀ।੧।
5. ਹੇ ਭਗਵਾਨ, ਤੂੰ ਹੀਂ (ਸਭ ਜੀਵਾਂ ਦਾ) ਮਾਲਕ ਹੈਂ, ਤੂੰ ਹੀ (ਸਭ ਰਾਜਿਆਂ ਦਾ) ਰਾਜਾ ਹੈਂ, ਤੂੰ ਹੀ ਸਭ ਸ੍ਰਿਸ਼ਟੀ ਵਿਚ ਵਿਆਪਕ ਹੈਂ।

ਪ੍ਰ:—ਗੁਰਦੇਵ ਜੀਉ, ਉਸ ਪ੍ਰਭੂ ਤੋਂ ਆਪ ਦੀ ਮੰਗ ਕੀ ਹੈ ?

ਉ:—6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਮੇਰੀ ਤਾਂ ਇਕ ਇਹੋ ਹੀ ਮੰਗ ਹੈ ਕਿ, ਹੇ ਹਰੀ ਮਿਹਰ ਕਰ, ਤੇਰੇ ਦਰ ਤੋਂ ਮੈਂ ਸੰਤ ਜਨਾਂ ਦੀ ਸੇਵਾ ਦਾ ਖੈਰ ਹਾਸਲ ਕਰਾਂ, ਮੈਂ ਸੰਤ ਜਨਾਂ ਤੋਂ ਸਦਾ ਸਦਕੇ ਜਾਵਾਂ।੨।੬।੨੯।

ਭਾਵਾਰਥ :—ਜਦੋਂ ਮਨ ਗੁਰੂ ਦੀ ਕ੍ਰਿਪਾ ਨਾਲ ਇਕੋ ਹਰੀ ਨਾਲ ਲੱਗ ਜਾਏ, ਤਾਂ ਉਸਦੇ ਸਨਮੁਖ ਹੋ ਕੇ ਸਦਾ ਉਸੇ ਦੇ ਹੀ ਗੁਣ ਗਾਉਣ ਵਿਚ ਗਿੱਝ ਜਾਂਦਾ ਹੈ।

ਸਾਰਗ ਮਹਲਾ ੫ ॥

1. ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥
2. ਬਿਸਰਿਓ ਧੰਧੁ ਬੰਧੁ ਮਾਇਆ ਕੋ
ਰਜਨਿ ਸਬਾਈ ਜੰਗਾ ॥੧॥ਰਹਾਉ॥
3. ਹਰਿ ਸੇਵਉ ਹਰਿ ਰਿਦੈ ਬਸਾਵਉ
ਹਰਿ ਪਾਇਆ ਸਤਸੰਗਾ ॥
4. ਐਸੋ ਮਿਲਿਓ ਮਨੋਹਰੁ ਪ੍ਰੀਤਮੁ
ਸੁਖ ਪਾਏ ਮੁਖ ਮੰਗਾ ॥੧॥
5. ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ
ਭੋਗਉ ਭੋਗ ਨਿਸੰਗਾ ॥
6. ਨਿਰਭਉ ਭਏ ਨਾਨਕ ਭਉ ਮਿਟਿਆ
ਹਰਿ ਧਾਇਓ ਪਾਠੰਗਾ ॥੨॥੭॥੩੦॥

ਪਦ ਅਰਥ: —ਮੇਰੈ ਮਨਿ—ਮੇਰੇ ਮਨ ਵਿਚ। ਮੇਰੈ ਚਿਤ ਵਿਚ। ਪ੍ਰਿਅ ਰੰਗਾ—ਪਿਆਰੇ ਦੇ ਕੌਤਕ। ਮਾਇਆ ਕੋ ਧੰਧੁ—ਮਾਇਆ ਦਾ ਧੰਧਾ। ਮਾਇਆ ਕੋ ਬੰਧੁ—ਮਾਇਆ (ਦੇ ਮੋਹ) ਦਾ ਬੰਧਨ। ਰਜਨਿ—(ਉਮਰ ਦੀ) ਰਾਤ। ਸਬਾਈ—ਸਾਰੀ। ਜੰਗਾ—(ਕਾਮਾਦਿਕਾਂ ਨਾਲ) ਜੁੱਧ (ਕਰਦਿਆਂ) ।੧।ਰਹਾਉ।

ਸੇਵਉ—ਸੇਵਉਂ, ਮੈਂ ਸਿਮਰਦਾ ਹਾਂ। ਰਿਦੈ—ਹਿਰਦੇ ਵਿਚ! ਬਸਾਵਉ—ਬਸਾਵਉਂ, ਮੈਂ ਵਸਾਂਦਾ ਹਾਂ। ਮਨੋਹਰੁ—ਮਨ ਨੂੰ ਮੋਹਣ ਵਾਲਾ। ਸੁਖ ਮੁਖ ਮੰਗਾ—ਮੂੰਹ ਮੰਗੇ ਸੁਖ।੧।

ਗੁਰਿ—ਗੁਰੂ ਨੇ। ਬਸਿ—ਵੱਸ ਵਿਚ। ਭੋਗਉ—ਭੋਗਉਂ, ਮੈਂ ਭੋਗਦਾ ਹਾਂ, ਮੈਂ ਮਾਣਦਾ ਹਾਂ। ਭੋਗ—ਪ੍ਰਭੂ ਮਿਲਾਪ ਦੇ ਅਨੰਦ। ਨਿਸੰਗਾ—(ਕਾਮਾਦਿਕਾਂ ਦਾ) ਰੁਕਾਵਟ ਤੋਂ ਬਿਨਾਂ। ਪਾਠੰਗਾ—ਆਸਰਾ।੨।

ਅਰਥ :—

ਪ੍ਰ:—ਗੁਰਦੇਵ ਜੀਉ, ਮਾਇਆ ਮੋਹ ਦੀ ਭਟਕਣਾ ਨੇ ਤਾਂ ਸਾਰੇ ਜੀਵਾਂ ਨੂੰ ਹੀ ਭਟਕਾ ਛਡਿਆ ਹੈ ਪਰ, ਆਪ ਇਸ ਭਟਕਣਾ ਤੋਂ ਕਿਵੇਂ ਬਚ ਗਏ ਹੋ ?

ਉ:—1. ਹੇ ਭਾਈਓ, ਮੈਂ ਹੋਰ ਸਾਧਨ ਤਾਂ ਕੋਈ ਨਹੀਂ ਕਰ ਸਕਿਆ (ਪਰ, ਜਦੋਂ ਤੋਂ ਸਾਧ ਸੰਗਤ ਦੀ ਬਰਕਤ ਨਾਲ) ਪਿਆਰੇ—ਪ੍ਰਭੂ ਦੇ ਕੌਤਕ ਮੇਰੇ ਮਨ ਵਿਚ ਮੇਰੇ ਚਿਤ ਵਿਚ ਆ ਵੱਸੇ ਹਨ (ਤਾਂ ਹੁਣ) ਮੈਨੂੰ ਮਾਇਆ ਵਾਲੀ।

2. (ਸਾਰੀ ਹੀ) ਭਟਕਣਾ ਭੁੱਲ ਗਈ ਹੈ ਮਾਇਆ ਦੇ ਮੋਹ ਦੀ ਫਾਹੀ ਮੁੱਕ ਗਈ ਹੈ, ਹੁਣ ਮੇਰੀ ਸਾਰੀ ਉਮਰ ਰਾਤ (ਵਿਕਾਰਾਂ ਨਾਲ) ਜੰਗ ਕਰਦਿਆਂ ਬੀਤ ਰਹੀ ਹੈ।੧। ਰਹਾਉ।
3. ਹੇ ਭਾਈ, ਜਦੋਂ ਤੋਂ ਮੈਂ ਪ੍ਰਭੂ ਦੀ ਸਾਧ ਸੰਗਤ ਪਾਈ ਹੈ. ਮੈਂ ਪ੍ਰਭੂ ਦਾ ਹੀ ਸਿਮਰਨ ਕਰਦਾ ਰਹਿੰਦਾ ਹਾਂ ਤੇ ਮੈਂ ਪ੍ਰਮਾਤਮਾਂ ਨੂੰ ਹੀ ਆਪਣੇ ਹਿਰਦੇ ਵਿਚ ਵਸਾਈ ਰਖਦਾ ਹਾਂ।

4. ਹੇ ਪਿਆਰੇ, ਮਨ ਨੂੰ ਮੋਹਣ ਵਾਲਾ ਪ੍ਰੀਤਮ ਇਸ ਤਰ੍ਹਾਂ ਮੈਨੂੰ ਮਿਲ ਗਿਆ ਹੈ, (ਇਸ ਤਰ੍ਹਾਂ ਹੁਣ) ਮੈਂ ਮੂੰਹ ਮੰਗੇ ਪਦਾਰਥ ਹਾਸਲ ਕਰ ਲਏ ਹਨ।੧।
5. ਹੇ ਭਾਈਓ, ਗੁਰੂ ਨੇ ਪਿਆਰਾ ਪ੍ਰਭੂ ਮੇਰੇ (ਪਿਆਰ ਦੇ) ਵਸ ਵਿਚ ਕਰ ਦਿਤਾ ਹੈ, ਹੁਣ (ਕਾਮਾਦਿਕ ਦੀ) ਰੁਕਾਵਟ ਤੋਂ ਬਿਨਾਂ ਮੈਂ ਉਸਦੇ ਮਿਲਾਪ ਦਾ ਆਤਮਕ ਅਨੰਦ ਮਾਣਦਾ ਰਹਿੰਦਾ ਹਾਂ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ, ਮੈਂ (ਜੀਵਨ ਦਾ)ਆਸਰਾ ਪ੍ਰਭੂ ਲੱਭ ਲਿਆ ਹੈ,ਮੇਰਾ ਹਰੇਕ ਡਰ ਮਿੱਟ ਗਿਆ ਹੈ, ਮੈਂ (ਕਾਮਾਦਿਕ ਦੇ ਹਲਿਆਂ ਦੇ ਖਤਰੇ ਤੋਂ) ਨਿਡਰ ਹੋ ਗਿਆ ਹਾਂ।੨।੭।੩੦।

ਭਾਵਾਰਥ:–ਜਦ ਹਰੀ ਦੇ ਪ੍ਰੇਮ ਦੀਆਂ ਮੌਜਾਂ ਦਿਲ ਵਿਚ ਸਮਾ ਗਈਆਂ ਤਾਂ ਉਨ੍ਹਾਂ ਦੇ ਮੁਕਾਬਲੇ ਤੇ ਮਾਇਆ ਦੇ ਭੋਗ ਧੰਧੇ ਤੇ ਬੰਧਨ ਭਾਸਣ ਲਗੇ ਅਤੇ ਰੁੱਚੀ ਉਨ੍ਹਾਂ ਨੂੰ ਗ੍ਰਹਿਣ ਕਰਨ ਦੀ ਥਾਂ ਉਨ੍ਹਾਂ ਨਾਲ ਜੰਗ ਕਰਨ ਵਾਲੀ ਹੋ ਗਈ।

ਸਾਰਗ ਮਹਲਾ ੫ ॥

1. ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥
2. ਬਚਨ ਨਾਦ ਮੇਰੇ ਸ੍ਰਵਨਹੁ ਪੂਰੇ
ਦੇਹਾ ਪ੍ਰਿਅ ਅੰਕਿ ਸਮਾਨੀ ॥੧॥ਰਹਾਉ॥
3. ਛੂਟਰਿ ਤੇ ਗੁਰਿ ਕੀਈ ਸੁੋਹਾਗਨਿ
ਹਰਿ ਪਾਇਓ ਸੁਘੜ ਸੁਜਾਨੀ ॥
4. ਜਿਹ ਘਰ ਮਹਿ ਬੈਸਨੁ ਨਹੀ ਪਾਵਤ
ਸੋ ਥਾਨੁ ਮਿਲਿਓ ਬਾਸਾਨੀ ॥੧॥
5. ਉਨ ਕੈ ਬਸਿ ਆਇਓ ਭਗਤਿ ਬਛਲੁ
ਜਿਨਿ ਰਾਖੀ ਆਨ ਸੰਤਾਨੀ ॥
6. ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ
ਸਭ ਚੂਕੀ ਕਾਣਿ ਲੁੋਕਾਨੀ ॥੨॥੮॥੩੧॥

ਪਦ ਅਰਥ :–ਕਉ-ਤੋਂ । ਕੁਰਬਾਨੀ–ਸਦਕੇ । ਬਚਨ ਨਾਦ–ਸਿਫਤ ਸਾਲਾਹ ਦੀ ਬਾਣੀ ਦੀਆਂ ਅਵਾਜ਼ਾਂ। ਸ੍ਰਵਨਹੁ–ਕੰਨਾਂ ਵਿਚ। ਪੂਰੇ–ਭਰੇ ਰਹਿੰਦੇ ਹਨ । ਦੇਹਾ–(ਮੇਰਾ) ਸਰੀਰ । ਪ੍ਰਿਅ ਅੰਕਿ–ਪਿਆਰੇ ਦੀ ਗੋਦ ਵਿਚ ।੧ਰਹਾਉ।

ਛੂਟਰਿ–ਛੁੱਟੜ। ਤੇ–ਤੋਂ। ਗੁਰਿ–ਗੁਰੂ ਨੇ । ਸੁੋਹਾਗਨਿ–ਅੱਖਰ 'ਸ' ਦੇ ਨਾਲ ਦੋ ਲਗਾਂ ਹਨ–ੋ ਅਤੇ ੁ। ਅਸਲ ਲਫਜ਼ 'ਸੋਹਾਗਨਿ' ਹੈ, ਇਥੇ 'ਸੁਹਾਗਨਿ' ਪੜ੍ਹਨਾ ਹੈ। ਸੁਹਾਗ ਵਾਲੀ, ਖਸਮ ਵਾਲੀ । ਸੁਘੜ–ਸੋਹਣੀ ਆਤਮਕ ਘਾੜਤ ਵਾਲਾ । ਜਿਹ ਘਰ ਮਹਿ ਜਿਸ ਘਰ ਵਿਚ, ਜਿਨ੍ਹਾਂ ਪ੍ਰਭੂ ਚਰਨਾਂ ਵਿਚ। ਬੈਸਨੁ–ਬੈਠਣ)। ਬਾਸਾਨੀ–ਵਸਣ ਲਈ।੧।

ਉਨ ਕੈ ਬਸਿ–ਉਨ੍ਹਾਂ (ਸੰਤ ਜਨਾਂ) ਦੇ ਵਸ ਵਿਚ। ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਭੂ। ਜਿਨਿ–ਜਿਸ ਪ੍ਰਭੂ ਨੇ । ਆਨ–ਇੱਜ਼ਤ, ਲਾਜ । ਸੰਤਾਨੀ–ਸੰਤ ਦੀ। ਸੰਗਿ–ਨਾਲ। ਮਾਨਿਆ–ਗਿੱਝ ਗਿਆ ਹੈ। ਚੂਕੀ–ਮੁੱਕ ਗਈ ਹੈ । ਕਾਣਿ–ਮੁਥਾਜੀ । ਲੁੋਕਾਨੀ–ਲੋਕਾਂ ਦੀ (ਅਸਲ ਲਫਜ਼ ਹੈ 'ਲੋਕਾਨੀ', ਇਥੇ 'ਲੁਕਾਨੀ' ਪੜ੍ਹਨਾ ਹੈ)।੨।

ਅਰਥ:–

ਪ੍ਰ:–ਸ੍ਰੀ ਜੀਉ, ਗੁਰੂ ਦੀ ਕ੍ਰਿਪਾ ਦੁਆਰੇ ਹੁਣ ਤੁਹਾਨੂੰ ਅੰਤਰ ਆਤਮੇ ਕਿਵੇਂ ਪ੍ਰਤੀਤ ਹੋ ਰਿਹਾ ਹੈ ?

ਉ:–1. ਹੇ ਭਾਈ! ਹੁਣ ਮੈਂ ਗੁਰੂ ਦੀ ਕ੍ਰਿਪਾ ਦਾ ਸਦਕਾ ਪ੍ਰਭੂ ਦੇ ਦਰਸ਼ਨਾਂ ਤੋਂ ਹੀ ਸਦਕੇ ਹਾਂ।
2. (ਹੁਣ ਉਸੇ ਪ੍ਰਭੂ ਦੀ) ਸਿਫਤ ਸਾਲਾਹ ਦੇ ਗੀਤ ਮੇਰੇ ਕੰਨਾਂ ਵਿਚ ਭਰੇ ਰਹਿੰਦੇ ਹਨ, ਅਤੇ ਮੇਰਾ ਸਰੀਰ (ਹੁਣ) ਉਸਦੀ ਗੋਦ ਵਿਚ ਹੀ ਲੀਨ ਰਹਿੰਦਾ ਹੈ।੧।ਰਹਾਉ।

ਪ੍ਰ:–ਹੇ ਗੁਰੋ, ਹੁਣ ਤੁਹਾਨੂੰ ਹੋਰ ਕਿਵੇਂ ਅਨਭਵ ਹੋ ਰਿਹਾ ਹੈ ?

ਉ:–3. ਹੇ ਭਾਈ, ਜਦੋਂ ਤੋਂ ਮੈਂ ਪ੍ਰਭੂ ਦੀ ਸਾਧ ਸੰਗਤ ਪ੍ਰਾਪਤ ਕੀਤੀ ਹੈ, ਗੁਰੂ ਨੇ ਮੈਨੂੰ ਛੁਟੜ ਤੇ ਸੁਹਾਗਣ ਬਣਾ ਦਿਤਾ ਹੈ, ਮੈਂ ਸੋਹਣੀ ਆਤਮਕ ਘਾੜਤ ਵਾਲੇ ਸੁਜਾਨ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ।
4. ਹੇ ਭਾਈਓ, ਹੁਣ ਮੇਰੇ ਮਨ ਨੂੰ ਉਹ (ਹਰਿ ਚਰਣ) ਥਾਂ ਵੱਸਣ ਲਈ ਮਿਲ ਗਿਆ ਹੈ, ਜਿਸ ਥਾਂ ਤੇ (ਅੱਗੇ ਇਹ ਕਦੇ) ਟਿਕਦਾ ਹੀ ਨਹੀਂ ਸੀ।੧।
5. ਹੇ ਪਿਆਰੇ, ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਮੇਸ਼ਰ ਜਿਸ ਨੇ (ਸਦਾ ਆਪਣੇ) ਸੰਤਾਂ ਦੀ ਲਾਜ ਰੱਖੀ ਹੈ ਉਨ੍ਹਾਂ (ਸੰਤ ਜਨਾਂ ਦੇ ਪਿਆਰ ਦੇ ਵੱਸ ਵਿਚ ਆਇਆ ਰਹਿੰਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ, ਸੰਤ ਜਨਾਂ ਦੀ ਕ੍ਰਿਪਾ ਨਾਲ) ਮੇਰਾ ਮਨ ਪ੍ਰਮਾਤਮਾਂ ਨਾਲ ਗਿੱਝ ਗਿਆ ਹੈ (ਮੇਰੇ ਅੰਦਰੋਂ) ਲੋਕਾਂ ਦੀ ਮੁਥਾਜੀ ਭੀ ਮੁੱਕ ਗਈ ਹੈ।੨।੮।੩੧।

ਭਾਵਾਰਥ :–ਗੁਰੂ ਦੀ ਕ੍ਰਿਪਾ ਨਾਲ ਹਰੀ ਦੇ ਦਰਸ਼ਨ ਤੇ ਉਸਦੇ ਮਨੋਹਰ ਬਚਨ ਇਤਨੇ ਚੰਗੇ ਲੱਗਣ ਲੱਗ ਪਏ ਹਨ ਕਿ, ਹੁਣ ਹਰ ਵੇਲੇ ਉਸੇ ਦੇ ਹੀ ਅੰਗ ਸੰਗ ਰਹੀਦਾ ਹੈ।

ਸਾਰਗ ਮਹਲਾ ੫ ॥

1. ਅਬ ਮੋਰੋ ਪੰਚਾ ਤੇ ਸੰਗੁ ਤੂਟਾ ॥
2 ਦਰਸਨੁ ਦੇਖਿ ਭਏ ਮਨਿ ਆਨਦ
ਗੁਰ ਕਿਰਪਾ ਤੇ ਛੂਟਾ ।੧॥ਰਹਾਉ॥
3. ਬਿਖਮ ਥਾਨ ਬਹੁਤ ਬਹੁ ਧਰੀਆ
ਅਨਿਕ ਰਾਖ ਸੂਟਾ ॥
4. ਬਿਖਮ ਗਾਰੁ ਕਰੁ ਪਹੁਚੈ ਨਾਹੀ
ਸੰਤ ਸਾਨਥ ਭਏ ਲੂਟਾ ॥੧॥
5 ਬਹੁਤੁ ਖਜਾਨੇ ਮੇਰੈ ਪਾਲੈ ਪਰਿਆ
ਅਮੋਲ ਲਾਲ ਆਖੂਟਾ ॥

6. ਜਨ ਨਾਨਕ ਪ੍ਰਭਿ ਕਿਰਪਾ ਧਾਰੀ
ਤਉ ਮਨ ਮਹਿ ਹਰਿ ਰਸੁ ਘੂਟਾ ॥੨॥੯॥੩੨॥

ਪਦ ਅਰਥ :—ਮੇਰੋ ਸੰਗੁ—ਮੇਰਾ ਸਾਥ। ਪੰਚਾ ਤੇ—ਕਾਮਾਦਿਕ ਪੰਜਾਂ ਤੋਂ। ਦੇਖਿ—ਦੇਖਕੇ। ਮਨਿ—ਮਨ ਵਿਚ। ਕਿਰਪਾ ਤੇ—ਕ੍ਰਿਪਾ ਨਾਲ। ਛੂਟਾ—ਸੁਤੰਤ੍ਰ ਹੋ ਗਿਆ ਹਾਂ।੧।ਰਹਾਉ।

ਬਿਖਮ ਥਾਨ—ਉਹ ਥਾਂ ਜਿਥੇ ਪਹੁੰਚਣਾ ਬਹੁਤ ਔਖਾ ਹੈ। ਧਰੀਆ—(ਨਾਮ ਖਜ਼ਾਨਾ) ਰਖਿਆ ਹੋਇਆ ਹੈ। ਰਾਖਿ—ਰਾਖੇ, ਕਾਮਾਦਿਕ ਰਾਖੇ। ਸੂਰੂਟਾ—ਸੂਰਮੇਂ। ਗਾਰੁ—ਟੋਆ, ਮੜਾ, ਖਾਈ। ਕਰੁ—ਹੱਥ। ਸਾਨਥ—ਸਾਥੀ।੧।

ਮੇਰੈ ਪਾਲੈ—ਮੇਰੇ ਪੱਲੇ, ਮੇਰੇ ਕਾਬੂ। ਅਖੂਟਾ—ਅਖੁੱਟ। ਪ੍ਰਭਿ—ਪ੍ਰਭੂ ਨੇ। ਘੂਟਾ—ਘੁੱਟ ਘੁੱਟ ਕਰਕੇ ਪੀਤਾ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਗੁਰੂ ਦੀ ਮਿਹਰ ਦਾ ਸਦਕਾ ਹੁਣ ਤੁਹਾਨੂੰ ਅੰਤਰ ਆਤਮੇਂ ਕੀ ਲਾਭ ਪ੍ਰਾਪਤ ਹੋਇਆ ਪ੍ਰਤੀਤ ਹੁੰਦਾ ਹੈ ?

1. ਉ:—ਹੇ ਭਾਈਓ ! (ਗੁਰੂ ਦੀ ਕ੍ਰਿਪਾ ਨਾਲ ਮੈਂ ਕਾਮਾਦਿਕ ਦੀ ਮਾਰ ਤੋਂ) ਬਚ ਗਿਆ ਹਾਂ।
2. ਹੇ ਭਾਈ ! (ਗੁਰੂ ਦੀ ਰਾਹੀਂ ਉਸਦਾ) ਦਰਸ਼ਨ ਕਰਕੇ ਮੇਰੇ ਮਨ ਵਿਚ ਖੁਸ਼ੀਆਂ ਹੀ ਖੁਸ਼ੀਆਂ ਬਣ ਗਈਆਂ ਹਨ, ਹੁਣ ਮੇਰਾ (ਕਾਮਾਦਿਕ) ਨਾਲੋਂ ਸਾਥ ਮੁੱਕ ਗਿਆ ਹੈ।੧।ਰਹਾਉ।
3. ਹੇ ਭਾਈਓ, ਜਿਸ ਥਾਂ ਨਾਮ ਖਜਾਨੇ ਧਰੇ ਪਏ ਸਨ, ਉਥੇ ਅਪੜਨਾ ਬਹੁਤ ਹੀ ਅਉਖਾ ਸੀ (ਕਿਉਂਕਿ ਕਾਮਾਦਿਕ) ਅਨੇਕਾਂ ਸੂਰਮੇਂ (ਰਾਹ ਵਿਚ) ਰਾਖੇ ਬਣੇ ਪਏ ਸਨ।
4. (ਅਤੇ) ਉਸਦੇ ਦੁਆਲੇ ਮਾਇਆ ਦੇ ਮੋਹ ਦੀ, ਬੜੀ ਔਖੀ ਖਾਈ ਬਣੀ ਹੋਈ ਸੀ, (ਉਸ ਖਜ਼ਾਨੇ ਤੱਕ) ਹੱਥ ਨਹੀਂ ਸੀ ਪਹੁੰਚਦਾ, ਹੁਣ ਜਦੋਂ ਸੰਤ ਜਨ ਮੇਰੇ ਸਾਥੀ ਬਣ ਗਏ, (ਉਹ ਟਿਕਾਣਾ) ਲੁੱਟ ਲਿਆ।੧।
5. (ਸੰਤ ਜਨਾਂ ਦੀ ਕ੍ਰਿਪਾ ਨਾਲ) ਹਰਿ ਨਾਮ ਦੇ ਅਮੋਲਕ ਤੇ ਅਮੁੱਕ ਲਾਲਾਂ ਦੇ ਬਹੁਤ ਖਜ਼ਾਨੇ ਮੈਨੂੰ ਮਿਲ ਗਏ।
6. ਕਥਨ ਕਰਦੇ ਹਨ ਦਾਸ ਨਾਨਕ ਕਿ ਹੇ ਭਾਈਓ ! ਜਦੋਂ ਪ੍ਰਭੂ ਨੇ ਮੇਰੇ ਉਤੇ ਮਿਹਰ ਕੀਤੀ, ਤਦੋਂ ਮੈਂ ਆਪਣੇ ਮਨ ਵਿਚ ਨਾਮ ਦਾ ਰਸ ਪੀਣ ਲੱਗ ਪਿਆ।੨।੯।੩੨।

ਭਾਵਾਰਥ :—ਇੱਕ ਕਿਲ੍ਹੇ ਦੇ ਸਰ ਕਰਨ ਦਾ ਦ੍ਰਿਸ਼ਟਾਂਤ ਲੈ ਕੇ ਗੁਰੂ ਦੀ ਮਦਦ ਨਾਲ ਪਾਪ ਬਿਰਤੀ ਨੂੰ ਜਿਤਣ ਦਾ ਭਾਵ ਬਿਆਨ ਕਰ ਰਹੇ ਹਨ।

ਸਾਰਗ ਮਹਲਾ ੫ ॥

1. ਅਬ ਮੇਰੋ ਠਾਕੁਰ ਸਿਉ ਮਨੁ ਲੀਨਾ ॥
2. ਪ੍ਰਾਨ ਦਾਨੁ ਗੁਰਿ ਪੂਰੈ ਦੀਆ
ਉਰਝਾਇਓ ਜਿਉ ਜਲ ਮੀਨਾ ॥੧॥ਰਹਾਉ॥
3. ਕਾਮ ਕ੍ਰੋਧ ਲੋਭ ਮਦ ਮਤਸਰ
ਇਹ ਅਰਪਿ ਸਗਲ ਦਾਨੁ ਕੀਨਾ ॥
4. ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ
ਤਉ ਮਿਲਿਓ ਸਗਲ ਪ੍ਰਬੀਨਾ ॥੧॥
5. ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ
ਗੁਰਿ ਹਉ ਖੋਈ ਪ੍ਰਭੁ ਦੀਨਾ ॥
6. ਕਹੁ ਨਾਨਕ ਮੈ ਸਹਜ ਘਰੁ ਪਾਇਆ
ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥

ਪਦ ਅਰਥ :—ਠਾਕੁਰ ਸਿਉ—ਮਾਲਕ ਪ੍ਰਭੂ ਨਾਲ। ਲੀਨਾ—ਇਕ ਮਿੱਕ ਹੋ ਗਿਆ ਹੈ। ਪ੍ਰਾਨ ਦਾਨੁ—ਆਤਮਕ ਜੀਵਨ ਦਾ ਖ਼ੈਰ। ਗੁਰਿ ਪੂਰੈ—ਪੂਰੇ ਗੁਰੂ ਨੇ। ਉਰਝ ਇਓ—(ਗੁਰੂ ਨੇ ਠਾਕਰ ਨਾਲ) ਚੰਗੀ ਤਰ੍ਹਾਂ ਜੋੜ ਦਿਤਾ ਹੈ। ਮੀਨਾ—ਮੱਛੀ।੧।ਰਹਾਉ।

ਮਦ—ਹਉਮੈ। ਮਤਸਰ—ਈਰਖਾ। ਅਰਪਿ—ਅਰਪ ਕੇ। ਅਰਪਿ ਦਾਨੁ ਕੀਨਾ—ਅਰਪ ਕੇ ਦਾਨ ਕਰ ਦਿਤੇ ਹਨ, ਸਦਾ ਲਈ ਛੱਡ ਦਿਤੇ ਹਨ। ਮੰਤ੍ਰ—ਉਪਦੇਸ਼। ਦ੍ਰਿੜਾਇ—(ਹਿਰਦੇ ਵਿਚ) ਪਕਾ ਕਰਕੇ। ਅਉਖਧੁ—ਦਵਾਈ, ਦਾਰੂ। ਗੁਰਿ—ਗੁਰੂ ਨੇ। ਤਉ—ਤਦੋਂ। ਸਗਲ ਪ੍ਰਬੀਨਾ—ਸਾਰੇ ਗੁਣਾਂ ਵਿਚ ਸਿਆਣਾ ਪ੍ਰਭੂ।੧।

ਗ੍ਰਿਹੁ—ਹਿਰਦਾ ਘਰ। ਠਾਕੁਰ—ਮਾਲਕ। ਗੁਰਿ—ਗੁਰੂ ਨੇ। ਹਉ—ਹਉਮੈਂ। ਖੋਈ—ਦੂਰ ਕਰ ਦਿਤੀ ਹੈ। ਸਹਜ ਘਰੁ—ਆਤਮਕ ਅਡੋਲਤਾ ਦਾ ਥਾਂ। ਪਾਇਆ—ਲੱਭ ਲਿਆ ਹੈ। ਖਜੀਨਾ—ਖਜਾਨੇ।੨।

ਅਰਥ:—

ਪ੍ਰ:—ਸ੍ਰੀ ਜੀਉ ! ਆਪ ਜੀ ਨੂੰ ਗੁਰੂ ਨੇ ਹੋਰ ਕਿਹੜੀ ਦਾਤ ਬਖਸ਼ੀ ਹੈ ?

1. ਉ:—ਹੇ ਭਾਈਓ ! (ਗੁਰੂ ਦੀ ਕ੍ਰਿਪਾ ਦਾ ਸਦਕਾ) ਹੁਣ ਮੇਰਾ ਮਨ (ਉਸ) ਠਾਕੁਰ ਪ੍ਰਭੂ ਨਾਲ ਇਕ ਮਿੱਕ ਹੋਇਆ ਰਹਿੰਦਾ ਹੈ।
2. ਹੇ ਪਿਆਰੇ, ਪੂਰੇ ਗੁਰੂ ਨੇ ਮੈਨੂੰ ਆਤਮਕ ਜੀਵਨ ਦੀ ਦਾਤ ਬਖਸ਼ੀ ਹੈ, ਮੈਨੂੰ ਠਾਕੁਰ ਪ੍ਰਭੂ ਨਾਲ ਇਉਂ ਜੋੜ ਦਿਤਾ ਹੈ, ਜਿਵੇਂ ਕਿ ਮੱਛੀ ਪਾਣੀ ਨਾਲ ਜੁੜੀ ਰਹਿੰਦੀ ਹੈ।੧।ਰਹਾਉ।

ਪ੍ਰ:—ਸ੍ਰੀ ਜੀਉ ! ਮਨੁੱਖ ਦੇ ਅੰਦਰ ਤਾਂ ਵਿਕਾਰਾਂ ਦੀ ਬਹੁਤ ਪ੍ਰਬਲਤਾ ਹੈ, ਇਸਦੀ ਨਵਿਰਤੀ ਆਪ ਜੀ ਨੇ ਕਿਵੇਂ ਕੀਤੀ ਹੈ ?

3. ਉ:—ਹੇ ਭਾਈਓ ! ਜਦੋਂ ਤੋਂ ਮੇਰੇ ਹਿਰਦੇ ਵਿਚ ਗੁਰੂ ਨੇ (ਆਪਣਾ) ਉਪਦੇਸ਼ ਪੱਕਾ ਕਰਕੇ ਮੈਨੂੰ ਹਰਿ ਨਾਮ ਦੀ

ਦਵਾਈ ਦਿਤੀ ਹੈ, ਤਦੋਂ ਤੋਂ ਮੈਨੂੰ ਸਾਰੇ ਗੁਣਾਂ ਵਿਚ ਪ੍ਰਬੀਨ ਸਿਆਣਾ ਪ੍ਰਭੂ ਮਿਲ ਪਿਆ ਹੈ।

4. (ਤੇ) ਮੈਂ (ਅੰਦਰੋਂ) ਕਾਮ, ਕ੍ਰੋਧ, ਲੋਭ, ਹਉਮੈਂ, ਈਰਖਾ (ਆਦਿਕ ਸਾਰੇ ਵਿਕਾਰ) ਸਦਾ ਲਈ ਕੱਢ ਦਿਤੇ ਹਨ।੧।

ਪ੍ਰ:—ਸ੍ਰੀ ਜੀਉ! ਹੁਣ ਆਪ ਜੀ ਉਸ ਸਾਈਂ ਪ੍ਰਭੂ ਜੀ ਤੇ ਕਿਤਨਾ ਕੁ ਯਕੀਨ ਰਖਦੇ ਹੋ?

5. **ਉ:**—ਹੇ ਭਾਈਓ! ਹੁਣ ਤਾਂ ਮੈਂ ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਕਹਿੰਦਾ ਹਾਂ ਕਿ, ਹੇ ਪ੍ਰਭੂ, (ਹੁਣ ਮੇਰਾ ਹਿਰਦਾ) ਤੇਰਾ (ਹੀ) ਘਰ ਬਣ ਗਿਆ ਹੈ, ਤੂੰ (ਸੱਚ ਮੁੱਚ) ਮੇਰੇ (ਇਸ ਘਰ ਦਾ) ਮਾਲਕ ਬਣ ਗਿਆ ਹੈਂ। ਹੇ ਭਾਈ! ਗੁਰੂ ਨੇ ਮੇਰੀ ਹਉਮੈ ਦੂਰ ਕਰ ਦਿਤੀ ਹੈ, ਮੈਨੂੰ ਪ੍ਰਭੂ ਮਿਲਾ ਦਿਤਾ ਹੈ।

6. ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, (ਐ ਪਿਆਰੇ! ਗੁਰੂ ਦੀ ਕ੍ਰਿਪਾ ਨਾਲ) ਮੈਂ ਆਤਮਕ ਅਡੋਲਤਾ ਦਾ ਸੋਮਾ ਲੱਭ ਲਿਆ ਹੈ, ਮੈਂ ਪ੍ਰਮਾਤਮਾਂ ਦੀ ਭਗਤੀ ਦੇ ਭੰਡਾਰੇ ਖਜ਼ਾਨੇ ਲਭ ਲਏ ਹਨ।੨।੧੦।੩੩।

ਭਾਵਾਰਥ—ਹਉਮੈ ਦੀ ਨਵਿਰਤੀ ਕਰਨ ਲਈ ਲੋਕੀਂ ਅਨੇਕਾਂ ਸਾਧਨ ਕਰਦੇ ਹਨ ਪਰ ਜਦੋਂ ਹਰੀ ਨਾਲ ਦਿਲ ਲੱਗ ਜਾਏ ਤਾਂ ਹਉਮੈਂ ਆਦਿ ਪਾਪ ਆਪੇ ਹੀ ਦੂਰ ਹੋ ਜਾਂਦੇ ਹਨ।

ਸਾਰਗ ਮਹਲਾ ੫।

1. ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥
2. ਛੁਟਹਿ ਸੰਘਾਰ ਨਿਮਖ ਕਿਰਪਾ ਤੇ
ਕੋਟਿ ਬ੍ਰਹਮੰਡ ਉਧਾਰਹਿ ॥੧॥ਰਹਾਉ॥
3. ਕਰਹਿ ਅਰਦਾਸਿ ਬਹੁਤੁ ਬੇਨਤੀ
ਨਿਮਖ ਨਿਮਖ ਸਾਮ੍ਾਰਹਿ ॥
4. ਹੋਹੁ ਕ੍ਰਿਪਾਲ ਦੀਨ ਦੁਖ ਭੰਜਨ
ਹਾਥ ਦੇਇ ਨਿਸਤਾਰਹਿ ॥੧॥
5. ਕਿਆ ਏ ਭੂਪਤਿ ਬਪੁਰੇ ਕਹੀਅਹਿ
ਕਹੁ ਏ ਕਿਸ ਨੋ ਮਾਰਹਿ ॥
6. ਰਾਖੁ ਰਾਖੁ ਰਾਖੁ ਸੁਖਦਾਤੇ
ਸਭੁ ਨਾਨਕ ਜਗਤੁ ਤੁਮ੍ਾਰਹਿ ॥੨॥੧੧॥੩੪॥

ਪਦ ਅਰਥ :-ਮੋਹਨ—ਹੇ ਮੋਹਨ! ਸਭਿ—ਸਾਰੇ। ਤਾਰਹਿ—ਪਾਰ ਲੰਘਾਂਦਾ ਹੈਂ। ਸੰਘਾਰ—ਮਾਰਨ ਵਾਲੇ। ਛੁਟਹਿ—ਵਿਕਾਰਾਂ ਵਲੋਂ ਹਟ ਜਾਂਦੇ ਹਨ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਤੇ-ਤੋਂ। ਕੋਟਿ—ਕ੍ਰੋੜਾਂ। ਉਧਾਰਹਿ—ਤੂੰ ਬਚਾਂਦਾ ਹੈਂ। ੧।ਰਹਾਉ।

ਕਰਹਿ-ਕਰਦੇ ਹਨ। ਸਾਮ੍ਾਰਹਿ—ਯਾਦ ਕਰਦੇ ਹਨ। ਹੋਹੁ—ਜਦੋਂ ਤੂੰ ਹੁੰਦਾ ਹੈਂ। ਦੀਨ ਦੁਖ ਭੰਜਨ—ਹੇ ਗਰੀਬਾਂ ਦੇ ਦੁੱਖ ਦੂਰ ਕਰਨ ਵਾਲੇ। ਦੇਇ—ਦੇ ਕੇ। ਨਿਸਤਾਰਹਿ—ਪਾਰ ਲੰਘਾਂਦਾ ਹੈਂ।੧।

ਏ ਭੂਪਤਿ—ਇਹ ਰਾਜੇ। ਬਪੁਰੇ—ਵਿਚਾਰੇ। ਕਿਆ ਕਹੀਅਹਿ—ਕੀਹ ਕਹੇ ਜਾ ਸਕਦੇ ਹਨ? ਇਹਨਾਂ ਦੀ ਕੀਹ ਪਾਇਆਂ ਕਹੀ ਜਾ ਸਕਦੀ ਹੈ? ਮਾਰਹਿ—ਮਾਰ ਸਕਦੇ ਹਨ। ਸੁਖ ਦਾਤੇ—ਹੇ ਸੁਖ ਦੇਣ ਵਾਲੇ ਪ੍ਰਭੂ! ਸਭੁ—ਸਾਰਾ। ਤੁਮ੍ਾਰਹਿ—ਤੇਰਾ ਹੀ ਹੈ।੨।

ਅਰਥ:—

1. ਹੇ ਮੋਹਨ ਪ੍ਰਭੂ! (ਇਸ ਜਗਤ ਦੇ) ਸਾਰੇ ਜੀਵ ਤੇਰੇ ਹੀ (ਪੈਦਾ ਕੀਤੇ ਹੋਏ ਹਨ) ਤੂੰ ਹੀ (ਇਹਨਾਂ ਨੂੰ ਦੁੱਖਾਂ ਕਲੇਸ਼ਾਂ ਆਦਿਕ ਤੋਂ) ਪਾਰ ਲੰਘਾਂਦਾ ਹੈਂ।

2. ਤੇਰੀ ਥੋੜ੍ਹੀ ਜਿਹੀ ਮਿਹਰ (ਦੀ ਨਿਗਾਹ) ਨਾਲ ਵੱਡੇ ਵੱਡੇ ਨਿਰਦਈ ਬੰਦੇ ਭੀ ਅੱਤਿਆਚਾਰਾਂ ਵਲੋਂ ਹਟ ਜਾਂਦੇ ਹਨ। ੧।ਰਹਾਉ।

3.4.—ਹੇ ਮੋਹਨ! (ਤੇਰੇ ਪੈਦਾ ਕੀਤੇ ਜੀਵ ਤੇਰੇ ਹੀ ਦਰ ਤੇ) ਅਰਦਾਸ ਬੇਨਤੀ ਕਰਦੇ ਹਨ। (ਤੈਨੂੰ ਹੀ) ਪਲ ਪਲ ਹਿਰਦੇ ਵਿਚ ਵਸਾਂਦੇ ਹਨ। ਹੇ ਗਰੀਬਾਂ ਦੇ ਦੁਖ ਨਾਸ ਕਰਨ ਵਾਲੇ ਮੋਹਨ! ਜਦੋਂ ਤੂੰ ਦਇਆਵਾਨ ਹੁੰਦਾ ਹੈਂ, ਤਾਂ ਆਪਣੇ ਹੱਥ ਦੇ ਕੇ (ਜੀਵਾਂ ਨੂੰ ਦੁੱਖਾਂ ਤੋਂ) ਪਾਰ ਲੰਘਾ ਦੇਂਦਾ ਹੈਂ।੧।

5. ਹੇ ਪਿਆਰੇ! ਇਹਨਾਂ ਵਿਹਾਰੇ ਰਾਜਿਆਂ ਦੀ ਕੋਈ ਪਾਂਇਆਂ ਨਹੀਂ ਕਿ ਇਹ ਕਿਸੇ ਨੂੰ ਮਾਰ ਸਕਣ। (ਇਹ ਸਭ ਤੇਰਾ ਹੀ ਖੇਲ ਹੈ।

6. ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ ਹੇ ਭਾਈ! ਬੇਨਤੀ ਕਰ ਕਿ ਹੇ ਸੁਖਾਂ ਦੇ ਦਾਤੇ! ਰਖਿਆ ਕਰ, ਰਖਿਆ ਕਰ, ਰਖਿਆ ਕਰ। ਸਾਰਾ ਜਗਤ ਤੇਰਾ ਹੀ ਰਚਿਆ ਹੋਇਆ ਹੈ।੨।੧੧।੩੪।

ਭਾਵਾਰਥ :—ਇਸ ਸ਼ਬਦ ਵਿਚ ਸਿੱਧਾਂਤ ਅੰਕਿਤ ਕਰਦੇ ਹਨ ਕਿ ਹੇ ਪ੍ਰਮੇਸ਼ਰ! ਤੂੰ ਹੀ ਇਹਨਾਂ ਜੀਵਾਂ ਦੀ ਰਖਿਆ ਕਰਨ ਵਾਲਾ ਹੈਂ, ਉਸ ਅੱਗੇ ਹੀ ਅਰਦਾਸ ਕਰਨੀ ਚਾਹੀਦੀ ਹੈ।

ਸਾਰਗ ਮਹਲਾ ੫ ॥

1. ਅਬ ਮੋਹਿ ਧਨੁ ਪਾਇਓ ਹਰਿ ਨਾਮਾ ॥
2. ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ
ਇਹੁ ਲਿਖਿਓ ਲੇਖੁ ਮਥਾਮਾ ॥੧॥ਰਹਾਉ॥
3 ਖੋਜਤ ਖੋਜਤ ਭਇਓ ਬੈਰਾਗੀ
ਫਿਰਿ ਆਇਓ ਦੇਹ ਗਿਰਾਮਾ ॥
4. ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ
ਹਥਿ ਚਰਿਓ ਲਾਲੁ ਅਗਾਮਾ ॥੧॥
5. ਆਨ ਬਾਪਾਰ ਬਨਜ ਜੋ ਕਰੀਅਹਿ
ਤੇਤੇ ਦੂਖ ਸਹਾਮਾ ॥
6. ਗੋਬਿਦ ਭਜਨ ਕੇ ਨਿਰਭੈ ਵਾਪਾਰੀ
ਹਰਿ ਰਾਸਿ ਨਾਨਕ ਰਾਮ ਨਾਮਾ ॥੨॥੧੨॥੩੫॥

ਪਦ ਅਰਥ-ਮੋਹਿ–ਮੈਂ। ਪਾਇਓ–ਲੱਭ ਲਿਆ ਹੈ। ਅਚਿੰਤ–ਚਿੰਤਾ ਰਹਿਤ, ਬੇ-ਫਿਕਰ। ਸਭ–ਸਾਰੀ। ਮਥਾਮਾ–ਮੱਥੇ ਉਤੇ।੧।ਰਹਾਉ।

ਖੋਜਤ–ਢੂੰਡਦਿਆਂ। ਭਇਓ–ਹੋ ਗਿਆ। ਫਿਰਿ–ਫਿਰ ਫਿਰ ਕੇ। ਦੇਹ ਗਿਰਾਮਾ–ਸਰੀਰ ਪਿੰਡ ਵਿਚ। ਗੁਰਿ–ਗੁਰੂ ਨੇ। ਕ੍ਰਿਪਾਲਿ–ਕ੍ਰਿਪਾਲ ਨੇ। ਜੋਗਿਓ–ਜੋੜ ਦਿਤਾ, ਕਰ ਦਿੱਤਾ। ਹਥਿ–ਹੱਥ ਵਿਚ। ਹਥਿ ਚਰਿਆ–ਮਿਲ ਗਿਆ। ਅਗਾਮਾ–ਅਪਹੁੰਚ, ਅਮੋਲਕ, ਬੇ ਕੀਮਤਾ।੧।

ਆਨ–ਹੋਰ ਹੋਰ। ਕਰੀਅਹਿ–ਕੀਤੇ ਜਾਂਦੇ ਹਨ। ਤੇਤ-ਉਹ ਸਾਰੇ। ਰਾਸਿ–ਪੂੰਜੀ, ਸਰਮਾਇਆ।੨।

ਅਰਥ–

ਪ੍ਰ:–ਗੁਰਦੇਵ ਜੀਉ, ਨਾਮ ਦੀ ਪ੍ਰਾਪਤੀ ਲਈ ਲੋਕੀਂ ਅਨੇਕਾਂ ਹੀ ਜਤਨ ਕਰਨ ਤੋਂ ਭੀ ਸੱਖਣੇ ਰਹਿੰਦੇ ਹਨ, ਪਰ ਆਪ ਨੂੰ ਨਾਮ ਕਿਵੇਂ ਪ੍ਰਾਪਤ ਹੋ ਗਿਆ ਹੈ ?

1. ਉ:–ਹੇ ਭਾਈਓ, ਮੈਂ ਸਾਧਨ ਤਾਂ ਕੋਈ ਨਹੀਂ ਕੀਤਾ ਪਰ, ਮੈਨੂੰ ਕੇਵਲ (ਗੁਰੂ) ਦੀ ਕ੍ਰਿਪਾ ਨਾਲ ਹੀ ਹੁਣ ਨਾਮ ਧਨ ਪ੍ਰਾਪਤ ਹੋ ਗਿਆ ਹੈ।
2. ਹੇ ਭਾਈ ! (ਇਸ ਨਾਮ ਧਨ ਦੀ ਬਰਕਤ ਨਾਲ) ਹੀ ਮੈਂ ਬੇਫਿਕਰ ਹੋ ਗਿਆ ਹਾਂ, (ਮੇਰੇ ਅੰਦਰੋਂ) ਸਾਰੀ (ਮਾਇਆ ਦੀ) ਤ੍ਰਿਸ਼ਨਾ ਮਿਟ ਗਈ, ਧੁਰ ਦਰਗਾਹ ਤੋਂ ਹੀ (ਇਹ ਪ੍ਰਾਪਤੀ ਦਾ) ਲੇਖ (ਮੇਰੇ) ਮਥੇ ਉਤੇ ਲਿਖਿਆ ਹੋਇਆ ਸੀ।੧।ਰਹਾਉ।

ਪ੍ਰ.–ਸ੍ਰੀ ਜੀਉ, ਆਖਰ ਕੁੱਝ ਉਪਰਾਲਾ ਤਾਂ ਕਰਨਾ ਹੀ ਪਿਆ ਹੋਵੇਗਾ ?

3. ਉ:–ਹੇ ਭਾਈ ! ਅਸਲ ਵਿਚ ਪਹਿਲੋਂ ਪਹਿਲ ਤਾਂ ਮੈਂ ਭਾਲ ਕਰਦਾ ਕਰਦਾ ਵੈਰਾਗੀ ਹੀ ਹੋ ਗਿਆ ਸਾਂ, ਆਖਿਰ ਭਟਕ ਭਟਕ ਕੇ (ਗੁਰੂ ਦੀ ਕ੍ਰਿਪਾ ਨਾਲ) ਮੈਂ ਸਰੀਰ ਪਿੰਡ ਵਿਚ ਆ ਪਹੁੰਚਿਆ।
4. ਹੇ ਭਾਈਓ ! ਆਖਿਰ ਕ੍ਰਿਪਾਲ ਗੁਰੂ ਨੇ ਇਹ ਵਣਜ ਕਰਵਾ ਦਿਤਾ ਕਿ ਸਰੀਰ ਦੇ ਅੰਦਰੋਂ ਹੀ ਮੈਨੂੰ ਪ੍ਰਮਾਤਮਾਂ ਦਾ ਨਾਮ ਅਮੋਲਕ ਲਾਲ ਮਿਲ ਗਿਆ ਹੈ।੧।
5. ਹੇ ਪਿਆਰੇ, ਹੁਣ ਮੈਨੂੰ ਸਮਝ ਪੈ ਗਈ ਹੈ ਕਿ, ਪ੍ਰਮਾਤਮਾਂ ਦੇ ਨਾਮ ਤੋਂ ਬਿਨਾਂ ਹੋਰ ਜਿਹੜੇ ਜਿਹੜੇ ਭੀ ਵਣਜ ਵਾਪਾਰ ਕਰੀਦੇ ਹਨ, ਉਹ ਸਾਰੇ ਦੁਖ ਸਹਾਰਨ (ਦਾ ਸਬੱਬ ਬਣਦੇ ਹਨ)।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ, ਪ੍ਰਮਾਤਮਾਂ ਦੇ ਭਜਨ ਦੇ ਵਪਾਰੀ ਬੰਦੇ (ਦੁਨੀਆਂ ਦੇ) ਡਰਾਂ ਤੋਂ ਬਚੇ ਰਹਿੰਦੇ ਹਨ (ਕਿਉਂਕਿ) ਉਨ੍ਹਾਂ ਦੇ ਪਾਸ ਪ੍ਰਮਾਤਮਾਂ ਦੇ ਨਾਮ ਦਾ ਸਰਮਾਇਆ ਟਿਕਿਆ ਰਹਿੰਦਾ ਹੈ।੨।੧੨।੩੫।

ਭਾਵਾਰਥ–ਹਰੀ ਦੇ ਨਾਮ ਬਰਾਬਰ ਕੋਈ ਭੀ ਪਦਾਰਥ ਹੀਰਾ ਲਾਲ ਆਦਿ ਨਹੀਂ ਹੈ, ਇਸੇ ਲਈ ਇਸ ਨਾਮ ਦੇ ਵਾਪਾਰ ਕਰਨ ਵਾਲੇ ਸਭਨਾਂ ਵਪਾਰੀਆਂ ਤੋਂ ਉਤਮ ਵਾਪਾਰੀ ਹਨ।

ਸਾਰਗ ਮਹਲਾ ੫ ॥

1. ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ ॥
2. ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ
ਸਦ ਦਇਆਲੁ ਹਰਿ ਢੋਲਾ ॥੧॥ਰਹਾਉ॥
3. ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ
ਮੋਹਿ ਕਲਤ੍ਰ ਸਹਿਤ ਸਭਿ ਗੋਲਾ ॥
4. ਮਾਣੁ ਤਾਣੁ ਸਭੁ ਤੂਹੈ ਤੂਹੈ
ਇਕੁ ਨਾਮੁ ਤੇਰਾ ਮੈ ਓਲਾ ॥੧॥
5. ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਰਾਰੇ
ਘਾਸੁ ਬਢਾਵਹਿ ਕੇਤਕ ਬੋਲਾ ॥
6. ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ
ਮੇਰੇ ਠਾਕੁਰ ਅਗਹ ਅਤੋਲਾ ॥੨॥੧੩॥੩੬॥

ਪਦ ਅਰਥ :–ਮੇਰੈ ਮਨਿ–ਮੇਰੇ ਮਨ ਵਿਚ। ਮਿਸਟ–ਮਿਸ਼ਟ, ਮਿੱਠੇ। ਪ੍ਰਿਅ ਬੋਲਾ–ਪਿਆਰੇ ਪ੍ਰਭੂ ਦੀ ਸਿਫਤ ਸਾਲਾਹ ਦੇ ਬਚਨ। ਗੁਰਿ–ਗੁਰੂ ਨੇ। ਪਕਰਿ–ਫੜ ਕੇ। ਸਦ–ਸਦਾ। ਢੋਲਾ–ਪਿਆਰਾ।੧।ਰਹਾਉ।

ਪ੍ਰਭ–ਹੇ ਪ੍ਰਭੂ। ਠਾਕੁਰੁ–ਮਾਲਕ। ਪ੍ਰਤਿਪਾਲਕੁ–ਪਾਲਣ ਵਾਲਾ। ਮੋਹਿ–ਮੈਂ। ਕਲਤ੍ਰ–ਇਸਤ੍ਰੀ। ਸਹਿਤ–ਸਮੇਤ। ਸਭਿ–ਸਾਰੇ। ਗੋਲਾ–ਗੁਲਾਮ, ਸੇਵਕ। ਤਾਣੁ–ਆਸਰਾ, ਤਾਕਤ। ਓਲਾ-ਪਰਦਾ, ਆਸਰਾ।੧।

ਤਖਤਿ–ਤਖਤ ਉੱਤੇ। ਬੈਸਾਲਹਿ–ਤੂੰ (ਮੈਨੂੰ) ਬਠਾਏਂ। ਤਉ–ਤਦੋਂ, ਤਾਂ ਭੀ। ਘਾਸੁ–ਘਾਹ। ਬਢਾਵਹਿ–ਤੂੰ ਬਢਾਏਂ। ਕੇਤਕ ਬੋਲਾ–ਕਿਤਨੇ ਕੁ ਬੋਲ (ਬੋਲ ਸਕਦਾ ਹਾਂ) ? ਮੈਨੂੰ ਕੋਈ ਇਤਰਾਜ਼ ਨਹੀਂ। ਬਿਧਾਤੇ–ਹੇ ਰਚਨਹਾਰ। ਠਾਕੁਰ–ਹੇ ਮਾਲਕ। ਅਗਹ–ਹੇ ਅਥਾਹ।੨।

ਅਰਥ–

ਪ੍ਰ:–ਸ੍ਰੀ ਜੀਉ, ਅਸੀਂ ਸੰਸਾਰੀ ਜੀਵਾਂ ਨੂੰ ਤਾਂ ਸੰਸਾਰੀ ਲੋਕਾਂ ਦੀ ਸਿਫਤ ਸਾਲਾਹ ਦੇ ਬਚਨ ਹੀ ਚੰਗੇ ਪਿਆਰੇ ਲੱਗਦੇ ਹਨ, ਪਰ ਤੁਹਾਡੀ ਮਾਨਸਕ ਅਵਸਥਾ ਇਸ ਬਾਰੇ ਕਿਵੇਂ ਵਰਤ ਰਹੀ ਹੈ ?

1. ਉ:–ਹੇ ਭਾਈਓ, ਅਸਲ ਵਿਚ ਤਾਂ ਜਦੋਂ ਤੋਂ ਗੁਰੂ ਨੇ (ਮੇਰੀ) ਬਾਂਹ ਫੜ ਕੇ (ਮੈਨੂੰ) ਪ੍ਰਭੂ ਦੀ ਸੇਵਾ ਭਗਤੀ ਵਿਚ ਲਾਇਆ ਹੈ।
2. ਤਦੋਂ ਤੋਂ ਮੇਰੇ ਮਨ ਵਿਚ, ਪਿਆਰੇ ਪ੍ਰਭੂ ਦੀ ਸਿਫਤ ਸਾਲਾਹ ਦੇ (ਹੀ) ਬਚਨ ਮਿੱਠੇ ਲੱਗ ਰਹੇ ਹਨ।

ਹੇ ਪਿਆਰੇ, ਹੁਣ ਮੈਨੂੰ ਇਉਂ ਸਮਝ ਆ ਗਈ ਹੈ ਕਿ

ਪਿਆਰਾ ਹਰੀ ਸਦਾ ਹੀ (ਮੇਰੇ ਉਤੇ) ਦਇਆਵਾਨ ਹੈ। ।੧।ਰਹਾਉ।

3. ਹੇ ਪ੍ਰਭੂ ਜੀਉ! (ਜਦ ਤੋਂ ਗੁਰੂ ਨੇ ਮੈਨੂੰ ਤੇਰੀ ਸੇਵਾ ਵਿਚ ਲਾਇਆ ਹੈ) ਮੈਨੂੰ ਯਕੀਨ ਹੋ ਗਿਆ ਹੈ ਕਿ ਤੂੰ (ਸਾਡਾ) ਮਾਲਕ ਹੈਂ, ਤੂੰ ਸਭ ਜੀਵਾਂ ਦਾ ਪਾਲਣਹਾਰ ਹੈਂ, ਮੈਂ (ਆਪਣੀ) ਇਸਤ੍ਰੀ (ਪ੍ਰਵਾਰ) ਸਮੇਤ ਅਸੀਂ ਸਾਰੇ ਤੇਰੇ ਹੀ ਗੁਲਾਮ ਹਾਂ।

4. ਹੇ ਪ੍ਰਭੂ! ਤੂੰ ਹੀ ਮੇਰਾ ਮਾਣ ਹੈਂ, ਤੂੰ ਹੀ ਮੇਰਾ ਤਾਣ ਹੈਂ ਤੇਰਾ ਨਾਮ ਹੀ ਮੇਰਾ ਸਹਾਰਾ ਹੈ।੧।

5. ਹੇ ਪ੍ਰਭੂ ਜੀਉ, ਜੇ ਤੂੰ ਮੈਨੂੰ ਤਖਤ ਉਤੇ ਬਿਠਾ ਦੇਵੇਂ, ਤਾਂ ਭੀ ਮੈਂ ਤੇਰਾ ਦਾਸ ਹਾਂ। ਜੇ ਤੂੰ ਮੈਨੂੰ (ਘਾਹੀ ਬਣਾ ਕੇ ਮੈਥੋਂ) ਘਾਹ ਵਢਾਏਂ, ਤਾਂ ਭੀ ਮੈਨੂੰ ਕੋਈ ਇਤਰਾਜ਼ ਨਹੀਂ ਹੈ।

6. ਕਥਨ ਕਰਦੇ ਹਨ ਦਾਸ ਨਾਨਕ ਜੀ, ਹੇ ਪ੍ਰਭੂ, ਹੇ ਅਕਾਲ ਪੁਰਖ, ਹੇ ਰਚਨਹਾਰ, ਹੇ ਮੇਰੇ ਅਥਾਹ ਤੇ ਅਤੋਲ ਠਾਕਰ ਜੀਉ।੨।੧੩।੩੬।

ਭਾਵਾਰਥ:—ਪ੍ਰਭੂ ਦੇ ਸਨਮੁਖ ਹੋ ਕੇ ਆਪਣੇ ਆਪ ਨੂੰ ਹਰੀ ਦੇ ਹਵਾਲੇ ਕਰਦੇ ਹਨ ਅਤੇ ਸਨਿੰਮਰ ਬੇਨਤੀ ਕਰਦੇ ਹਨ ਕਿ ਹੇ ਸਾਈਆਂ ਜੀਉ! ਸਾਨੂੰ ਤੁਸੀਂ ਜਿਸ ਹਾਲਤ ਵਿਚ ਭੀ ਰਖੋ ਅਸੀਂ ਰਾਜ਼ੀ ਹਾਂ।

ਸਾਰਗ ਮਹਲਾ ੫ ॥

1. ਰਸਨਾ ਰਾਮ ਕਹਤ ਗੁਣ ਸੋਹੰ ॥
2. ਏਕ ਨਿਮਖ ਓਪਾਇ ਸਮਾਵੈ
ਦੇਖਿ ਚਰਿਤ ਮਨ ਮੋਹੰ ॥੧॥ਰਹਾਉ॥
3. ਜਿਸੁ ਸੁਣਿਐ ਮਨਿ ਹੋਇ ਰਹਸੁ
ਅਤਿ ਰਿਦੈ ਮਾਨ ਦੁਖ ਜੋਹੰ ॥
4. ਸੁਖੁ ਪਾਇਓ ਦੁਖੁ ਦੂਰਿ ਪਰਾਇਓ
ਬਨਿ ਆਈ ਪ੍ਰਭ ਤੋਹੰ ॥੧॥
5. ਕਿਲਵਿਖ ਗਏ ਮਨ ਨਿਰਮਲ ਹੋਈ ਹੈ
ਗੁਰਿ ਕਾਢੇ ਮਾਇਆ ਦ੍ਰੋਹੰ ॥
6. ਕਹੁ ਨਾਨਕ ਮੈ ਸੋ ਪ੍ਰਭੁ ਪਾਇਆ
ਕਰਣ ਕਾਰਣ ਸਮਰਥੋਹੰ ॥੨॥੧੪॥੩੭॥

ਪਦ ਅਰਥ:—ਰਸਨਾ—ਜੀਭ। ਰਾਮ ਕਹਤ ਗੁਣ—ਰਾਮ ਦੇ ਗੁਣ ਕਹਿੰਦਿਆਂ। ਸੋਹੰ—ਸੋਹਣੀ ਲੱਗਦੀ ਹੈ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਓਪਾਇ—ਪੈਦਾ ਕਰਕੇ। ਸਮਾਵੈ—ਲੀਨ ਕਰ ਲੈਂਦਾ ਹੈ। ਦੇਖਿ-ਵੇਖ ਕੇ। ਚਰਿਤ—ਕੌਤਕਾ, ਤਮਾਸ਼ੇ। ਮੋਹੇ—ਮੋਹਿਆ ਜਾਂਦਾ ਹੈ।੧।ਰਹਾਉ।

ਜਿਸੁ ਸੁਣਿਐ—ਜਿਸ ਦਾ (ਨਾਮ) ਸੁਣਿਆਂ। ਮਨਿ—ਮਨ ਵਿਚ। ਰਹਸੁ—ਖੁਸ਼ੀ। ਅਤਿ—ਬਹੁਤ। ਰਿਦੇ ਮਾਨ—(ਜਿਸਨੂੰ) ਹਿਰਦੇ ਵਿਚ ਮੰਨਿਆਂ। ਜੋਹੰ—ਤਾੜਨਾ। ਦੁਖ ਜੋਹੰ—ਦੁਖਾਂ ਨੂੰ ਤਾੜਨਾਂ, ਦੁਖਾਂ ਦਾ ਨਾਸ। ਦੂਰਿ ਪਰਾਇਓ—ਦੂਰ ਹੋ ਜਾਂਦਾ ਹੈ। ਪ੍ਰਭ—ਹੇ ਪ੍ਰਭੂ। ਬਨਿ ਆਈ ਤੋਹੰ—ਤੇਰੇ ਨਾਲ (ਪ੍ਰੀਤ) ਬਣ ਜਾਂਦੀ ਹੈ।੧।

ਕਿਲਵਿਖ—ਪਾਪ। ਨਿਰਮਲ—ਪਵਿੱਤਰ। ਗੁਰਿ—ਗੁਰੂ ਨੇ। ਦ੍ਰੋਹੰ—ਠੱਗੀ, ਛਲ। ਕਰਣ—ਜਗਤ। ਕਰਣ ਕਾਰਣ—ਜਗਤ ਦਾ ਮੂਲ। ਸਮਰਥੋਹੰ—ਸਾਰੀਆਂ ਤਾਕਤਾਂ ਦਾ ਮਾਲਕ।੨।

ਅਰਥ:—

ਪ੍ਰ:—ਗੁਰਦੇਵ ਜੀਉ! ਪ੍ਰਮੇਸ਼ਰ ਦੇ ਗੁਣ ਉਚਾਰਨ ਕਰਦਿਆਂ ਲਾਭ ਕੀ ਹਾਸਲ ਹੁੰਦਾ ਹੈ?

1. **ਉ**:—ਹੇ ਭਾਈ! ਉਸ ਪ੍ਰਮੇਸ਼ਰ ਦੇ ਗੁਣ ਉਚਾਰਨ ਕਰਦੇ ਰਹਿਣ ਨਾਲ ਜੀਭ ਸੋਹਣੀ ਲੱਗਦੀ ਹੈ।

2. ਹੇ ਪਿਆਰੇ, ਉਹ ਪ੍ਰਭੂ ਅੱਖ ਝਮਕਣ ਜਿਤਨੇ ਸਮੇਂ ਵਿਚ ਪੈਦਾ ਕਰਕੇ (ਮੁੜ ਆਪਣੇ ਵਿਚ) ਜਗਤ ਨੂੰ (ਜੋ ਲੀਨ ਕਰ ਸਕਦਾ ਹੈ) ਉਸਦੇ ਚੋਜ ਤਮਾਸ਼ੇ ਵੇਖ ਕੇ ਮਨ ਮੋਹਿਆ ਜਾਂਦਾ ਹੈ।੧।ਰਹਾਉ।

3. ਹੇ ਪ੍ਰਭੂ ਜੀਉ, (ਮੈਨੂੰ ਤਾਂ ਪੂਰਾ ਯਕੀਨ ਹੈ ਕਿ) ਜਿਸ ਮਨੁੱਖ ਦੀ ਪ੍ਰੀਤ-ਤੇਰੇ ਨਾਲ ਬਣ ਜਾਂਦੀ ਹੈ, ਉਸਦਾ ਸਾਰਾ ਦੁਖ ਦੂਰ ਹੋ ਜਾਂਦਾ ਹੈ, ਜਿਸਨੂੰ ਹਿਰਦੇ ਵਿਚ ਵਸਾਇਆਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ ਤੇ ਉਹੀ ਸੁਖ ਮਾਣਦਾ ਹੈ।

4. ਹੇ ਪ੍ਰਭੂ! ਤੂੰ ਐਸਾ ਹੈਂ, ਜਿਸਦਾ ਨਾਮ ਸੁਣਿਆਂ ਮਨ ਵਿਚ ਬਹੁਤ ਖੁਸ਼ੀ ਪੈਦਾ ਹੁੰਦੀ ਹੈ, ਜਿਸਨੂੰ ਹਿਰਦੇ ਵਿਚ ਵਸਾਇਆਂ ਸਾਰੇ ਦੁਖਾਂ ਦਾ ਨਾਸ ਹੁੰਦਾ ਹੈ।੧।

5. ਹੇ ਭਾਈ! ਜਿਸ ਮਨੁੱਖ ਨੇ ਜੀਭ ਨਾਲ ਰਾਮ ਦੇ ਗੁਣ ਗਾਏ ਹਨ, ਉਸਦੇ ਅੰਦਰੋਂ, ਗੁਰੂ ਨੇ ਮਾਇਆ ਦੇ ਛਲ ਕੱਢ ਦਿਤੇ, ਉਸਦੇ ਸਾਰੇ ਪਾਪ ਦੂਰ ਹੋ ਗਏ, ਉਸਦਾ ਮਨ ਪਵਿਤ੍ਰ ਹੋ ਗਿਆ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਗੁਰੂ ਦੀ ਕ੍ਰਿਪਾ ਨਾਲ ਮੈਂ ਉਹ ਪ੍ਰਮਾਤਮਾਂ ਲੱਭ ਲਿਆ ਹੈ, ਜੋ ਜਗਤ ਦਾ ਮੂਲ ਹੈ, ਜੋ ਸਾਰੀਆਂ ਤਾਕਤਾਂ ਦਾ ਮਾਲਕ ਹੈ।੨।੧੪।੩੭।

ਭਾਵਾਰਥ:—ਦੁਖਾਂ ਦੀ ਨਵਿਰਤੀ ਲਈ ਅਨੇਕਾਂ ਲੋਕੀ ਅਨੇਕਾਂ ਹੀ ਜਤਨ ਕਰਦੇ ਹਨ, ਪਰ, ਗੁਰੂ ਦੁਆਰੇ ਹਰੀ ਦੇ ਮਿਲਾਪ ਹੋਣ ਤੋਂ ਹੀ ਦੁਖ ਦੂਰ ਅਤੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ।

ਸਾਰਗ ਮਹਲਾ ੫ ॥

1. ਨੈਨਹੁ ਦੇਖਿਓ ਚਲਤੁ ਤਮਾਸਾ ॥
2. ਸਭਹੂ ਦੂਰਿ ਸਭਹੂ ਤੇ ਨੇਰੈ
ਅਗਮ ਅਗਮ ਘਟ ਵਾਸਾ ॥੧॥ਰਹਾਉ॥

3. ਅਭੂਲੁ ਨ ਭੂਲੈ ਲਿਖਿਓ ਨ ਚਲਾਵੈ
ਮਤਾ ਨ ਕਰੈ ਪਚਾਸਾ ॥
4. ਖਿਨ ਮਹਿ ਸਾਜਿ ਸਵਾਰਿ ਬਿਨਾਹੈ
ਭਗਤਿ ਵਛਲ ਗੁਣ ਤਾਸਾ॥੧॥
5. ਅੰਧ ਕੂਪ ਮਹਿ ਦੀਪਕੁ ਬਲਿਓ
ਗੁਰਿ ਰਿਦੈ ਕੀਓ ਪਰਗਾਸਾ ॥
6. ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ
ਸਭ ਪੂਰਨ ਹੋਈ ਆਸਾ ॥੨॥੧੫॥੩੮॥

ਪਦ ਅਰਥ :–ਨੈਨਹੁ–ਅੱਖਾਂ ਨਾਲ। ਸਭਹੂ ਦੂਰਿ– ਸਭ ਤੋਂ ਦੂਰ (ਨਿਰਲੇਪ)। ਤੇ–ਤੋਂ। ਨੇਰੈ–ਨੇੜੇ। ਅਗਮ– ਅਪਹੁੰਚ। ਘਟ ਵਾਸ–ਸਭਨਾਂ ਸਰੀਰਾਂ ਵਿਚ ਨਿਵਾਸ।੧।ਰਹਾਉ।

ਅਭੂਲੁ–ਭੁੱਲਾਂ ਤੋਂ ਰਹਿਤ। ਲਿਖਿਓ– ਲਿਖਿਆ ਹੋਇਆ (ਹੁਕਮ)। ਮਤਾ–ਸਲਾਹਾਂ। ਪਚਾਸਾ– ਪੰਜਾਹ, ਕਈ। ਸਾਜਿ–ਪੈਦਾ ਕਰ ਕੇ। ਸਵਾਰਿ–ਸੋਹਣਾ ਬਣਾ ਕੇ। ਬਿਨਾਹੈ–ਨਾਸ ਕਰ ਦੇਂਦਾ ਹੈ। ਭਗਤਿ ਵਛਲ– ਭਗਤੀ ਨੂੰ ਪਿਆਰ ਕਰਨ ਵਾਲਾ। ਗੁਣਤਾਸਾ–ਗੁਣਾਂ ਦਾ ਖਜ਼ਾਨਾ।੧।

ਅੰਧ–ਅੰਨ੍ਹਾ, ਘੁਪ ਹਨੇਰੇ ਵਾਲਾ। ਕੂਪ–ਖੂਹ। ਦੀਪਕੁ –ਦੀਵਾ। ਗੁਰਿ–ਗੁਰੂ ਨੇ। ਰਿਦੈ–ਹਿਰਦੇ ਵਿਚ। ਪਰਗਾਸਾ– ਚਾਨਣ। ਪੇਖਿ–ਵੇਖ ਕੇ। ਸਭ–ਸਾਰੀ।੨।

ਅਰਥ–

ਪ੍ਰ:–ਗੁਰਦੇਵ ਜੀਉ, ਜੇ ਆਪ ਜੀ ਨੇ ਉਸ ਪ੍ਰਭੂ ਜੀ ਦਾ ਕੋਈ ਕੌਤਕ ਤਕਿਆ ਹੋਵੇ ਤਾਂ ਦਸੋ ਤਾਂ ਕਿ ਸਾਡੇ ਮਨਾਂ ਵਿਚ ਭੀ ਉਸ ਸਾਈਂ ਜੀ ਦੇ ਮਿਲਾਪ ਦਾ ਉਤਸ਼ਾਹ ਪੈਦਾ ਹੋਵੇ ?

1. **ਉ**:–ਹੇ ਭਾਈਓ, ਸੁਣੋ (ਮੈਂ ਤਾਂ ਆਪਣੀ) ਅੱਖੀਂ ਉਸ ਪ੍ਰਮਾਤਮਾਂ ਦਾ ਅਜਬ ਹੀ ਕੌਤਕ ਵੇਖਿਆ ਹੈ (ਅਜਬ) ਤਮਾਸ਼ਾ ਵੇਖਿਆ ਹੈ।

ਪ੍ਰ:–ਸ੍ਰੀ ਜੀਉ, ਉਹ ਕੌਤਕ ਕਿਹੜਾ ਹੈ, ਜੋ ਆਪ ਜੀ ਨੇ ਤਕਿਆ ਹੈ ?

2. **ਉ**:–ਹੇ ਭਾਈਓ, ਉਹ ਕੌਤਕ ਇਹ ਹੈ ਕਿ ਉਹ ਪ੍ਰਮੇਸ਼ਰ (ਨਿਰਲੇਪ ਹੋਣ ਦੇ ਕਾਰਨ) ਸਭਨਾਂ ਜੀਵਾਂ ਤੋਂ ਦੂਰ (ਵਖਰਾ) ਹੈ। ਅਤੇ ਸਰਬ ਵਿਆਪਕ ਹੋਣ ਦੇ ਕਾਰਨ ਉਹ ਸਭ ਜੀਵਾਂ ਤੋਂ ਨੇੜੇ ਹੈ, ਉਹ ਅਪਹੁੰਚ ਹੈ, ਅਪਹੁੰਚ ਹੈ, ਪਰ ਉਂਝ ਸਭ ਸਰੀਰਾਂ ਵਿਚ ਉਸਦਾ ਨਿਵਾਸ ਹੈ। ।੧।ਰਹਾਉ।

ਪ੍ਰ:–ਸ੍ਰੀ ਜੀਉ, ਆਪ ਉਸ ਵਿਚ ਹੋਰ ਕਿਹੜੀ ਕਿਹੜੀ ਸਿਫਤ ਤੱਕਦੇ ਹੋ ?

3. **ਉ**:–ਹੇ ਪਿਆਰੇ, ਉਸ ਦੀਆਂ ਸਾਰੀਆਂ ਸਿਫਤਾਂ ਬਿਆਨੀਆਂ ਨਹੀਂ ਜਾ ਸਕਦੀਆਂ, ਪਰ, ਇਉਂ ਹੀ ਕਿਹਾ ਜਾ ਸਕਦਾ ਹੈ ਕਿ ਉਹ ਪ੍ਰਮਾਤਮਾਂ ਭੁੱਲਾਂ ਤੋਂ ਰਹਿਤ ਹੈ, ਉਹ ਕਦੇ ਕੋਈ ਗਲਤੀ ਨਹੀਂ ਕਰਦਾ, ਅਤੇ ਨਾ ਉਹ ਕੋਈ ਲਿਖਿਆ ਹੋਇਆ ਹੁਕਮ ਚਲਾਂਦਾ ਹੈ ਅਤੇ ਨਾ ਉਹ ਬਹੁਤੀਆਂ ਸਲਾਹਾਂ ਹੀ ਕਰਦਾ ਹੈ (ਭਾਵ ਸੰਸਾਰੀ ਰਾਜਿਆਂ ਵਾਂਗੂ ਹੁਕਮ ਨਾਮੇ ਨਹੀਂ ਚਲਾਂਦਾ, ਅਰਥਾਤ ਲਿਖਤੀ ਫੁਰਮਾਨ ਕੱਢਕੇ ਆਪਣੇ ਹੁਕਮ ਲੋਕਾਂ ਤੱਕ ਨਹੀਂ ਪਚਾਂਦਾ, ਸਗੋਂ ਉਸਦੀ ਮਰਜ਼ੀ ਤੁਰਤ ਫੁਰਤ ਅਮਲ ਵਿਚ ਆ ਜਾਂਦੀ ਹੈ।

4. ਉਹ ਤਾਂ ਇਕ ਖਿਨ ਵਿਚ ਪੈਦਾ ਕਰਕੇ ਸੋਹਣਾ ਬਣਾ ਕੇ (ਖਿਨ ਵਿਚ ਹੀ) ਨਾਸ ਕਰ ਦੇਂਦਾ ਹੈ, ਹੇ ਪਿਆਰੇ, ਉਹ ਪ੍ਰਭੂ (ਬੇਅੰਤ) ਗੁਣਾਂ ਦਾ ਖਜ਼ਾਨਾ ਹੈ ਅਤੇ ਉਹ ਪ੍ਰਮੇਸ਼ਰ ਭਗਤੀ ਨਾਲ ਪਿਆਰ ਕਰਨ ਵਾਲਾ ਹੈ।੧।

ਪ੍ਰ:–ਸ੍ਰੀ ਜੀਉ ! ਗੁਰਦੇਵ ਜੀ ਦੀ ਜਿਸ ਪਰ ਅਪਾਰ ਬਖਸ਼ਸ਼ ਹੋਵੇ ਉਸਦੀ ਪਛਾਣ ਕੀ ਹੈ ?

5. **ਉ**:–ਹੇ ਭਾਈ ! (ਜਿਸ ਮਨੁਖ ਦੇ) ਹਿਰਦੇ ਵਿਚ ਗੁਰੂ ਨੇ ਪ੍ਰਮਾਤਮਾਂ ਦੇ ਨਾਮ ਦਾ) ਚਾਨਣ ਕਰ ਦਿਤਾ ਹੈ, (ਉਥੇ, ਮਾਨੋਂ) ਘੁਪ ਹਨੇਰੇ ਵਾਲੇ ਖੂਹ ਵਿਚ ਦੀਵਾ ਬਲ ਪਿਆ।

ਪ੍ਰ:–ਸ੍ਰੀ ਜੀਉ, ਮਨੁੱਖ ਦੇ ਮਨ ਵਿਚ ਅਥਾਹ ਆਸਾਂ ਦਾ ਵੇਗ ਵਗਦਾ ਰਹਿੰਦਾ ਹੈ, ਪਰ ਆਪ ਜੀ ਦੀਆਂ ਆਸਾਂ ਕਿਵੇਂ ਪੂਰੀਆਂ ਹੋ ਗਈਆਂ ਹਨ ?

6. **ਉ**:–ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ ਕਿ, ਹੇ ਭਾਈ, ਪ੍ਰਮਾਤਮਾਂ ਦਾ ਦਰਸ਼ਨ ਕਰਕੇ ਮੈਂ ਆਤਮਕ ਅਨੰਦ ਪ੍ਰਾਪਤ ਕਰ ਲਿਆ ਹੈ। (ਇਸ ਲਈ ਹੁਣ) ਮੇਰੀ ਹਰੇਕ ਆਸ ਪੂਰੀ ਹੋ ਗਈ ਹੈ।੨।੧੫।੩੮।

ਭਾਵਾਰਥ :–ਉਹ ਹਰੀ ਸਰਬ ਕਲਾਂ ਸਮਰਥ ਹੈ, ਉਹ ਅਗਮ ਹੋਣ ਦੇ ਬਾਵਜੂਦ ਹਰ ਥਾਂ ਮੌਜੂਦ ਹੈ, ਉਸ ਨੂੰ ਕਿਸੇ ਕੋਲੋਂ ਪੁੱਛ ਕੇ ਜਾਂ ਕਿਸੇ ਦੇ ਰਾਹੀਂ ਆਪਣੀ ਮਰਜ਼ੀ ਮਨਵਾਣ ਦੀ ਲੋੜ ਨਹੀਂ, ਪਰ ਇਹ ਗੱਲ ਭੀ ਗੁਰੂ ਤੋਂ ਸਮਝ ਆਉਂਦੀ ਹੈ।

ਸਾਰਗ ਮਹਲਾ ੫ ॥

1. ਚਰਨਹ ਗੋਬਿੰਦ ਮਾਰਗੁ ਸੁਹਾਵਾ ॥
2. ਆਨ ਮਾਰਗ ਜੇਤਾ ਕਿਛੁ ਧਾਈਐ
ਤੇਤੋ ਹੀ ਦੁਖੁ ਹਾਵਾ ॥੧॥ਰਹਾਉ॥
3. ਨੇਤ੍ਰ ਪੁਨੀਤ ਭਏ ਦਰਸੁ ਪੇਖੇ
ਹਸਤ ਪੁਨੀਤ ਟਹਲਾਵਾ ॥
4. ਰਿਦਾ ਪੁਨੀਤ ਰਿਦੈ ਹਰਿ ਬਸਿਓ
ਮਸਤ ਪੁਨੀਤ ਸੰਤ ਧੂਰਾਵਾ ॥੧॥
5. ਸਰਬ ਨਿਧਾਨ ਨਾਮਿ ਹਰਿ ਹਰਿ ਕੈ
ਜਿਸੁ ਕਰਮਿ ਲਿਖਿਆ ਤਿਨਿ ਪਾਵਾ ॥
6. ਜਨ ਨਾਨਕ ਕਉ ਗੁਰੁ ਪੂਰਾ ਭੇਟਿਓ
ਸੁਖਿ ਸਹਜੇ ਅਨਦ ਬਿਹਾਵਾ ॥੨॥੧੬॥੩੯॥

ਪਦ ਅਰਥ :—ਚਰਨਹ—ਪੈਰਾਂ ਨਾਲ । ਮਾਰਗੁ—ਰਸਤਾ। ਸੁਹਾਵਾ—ਸੋਹਣਾ, ਸੁਖਦਾਈ । ਆਨ—ਹੋਰ ਹੋਰ। ਮਾਰਗ—ਰਸਤੇ । ਜੇਤਾ—ਜਿਤਨਾਂ ਹੀ। ਧਾਈਐ—ਦੌੜ ਭੱਜ ਕਰੀਦੀ ਹੈ। ਤੇਤੋ—ਉਤਨਾਂ ਹੀ। ਹਾਵਾ—ਹਾਹੁਕਾ ।੧।ਰਹਾਉ।

ਨੇਤ੍ਰ—ਅੱਖਾਂ। ਪੁਨੀਤ—ਪਵਿਤ੍ਰ। ਦਰਸੁ ਪੇਖੇ—ਦਰਸ਼ਨ ਕੀਤਿਆਂ। ਪੇਖੇ—ਵੇਖਿਆਂ। ਹਸਤ—ਹੱਥ । ਟਹਲਾਵਾ—ਟਹਲ, ਸੇਵਾ । ਰਿਦਾ—ਹਿਰਦਾ । ਰਿਦੈ—ਹਿਰਦੇ ਵਿਚ। ਮਸਤ—ਮਸਤਕ, ਮੱਥਾ। ਧੂਰਾਵਾ—ਚਰਨਾਂ ਦੀ ਧੂੜ ।੧।

ਨਿਧਾਨ—ਖਜ਼ਾਨੇ । ਨਾਮਿ ਹਰਿ ਕੈ—ਹਰੀ ਦੇ ਨਾਮ ਵਿਚ। ਜਿਸੁ ਲਿਖਿਆ—ਜਿਸ ਦੇ (ਮੱਥੇ ਉਤੇ) ਲਿਖਿਆ ਗਿਆ। ਕਰਮਿ—(ਪ੍ਰਮਾਤਮਾਂ ਦੀ) ਮਿਹਰ ਨਾਲ [ਕਰਮੁ—ਮਿਹਰ, ਬਖਸ਼ਸ਼] । ਤਿਨਿ—ਉਸ (ਮਨੁੱਖ) ਨੇ। ਕਉ—ਨੂੰ। ਭੇਟਿਓ—ਮਿਲ ਪਿਆ। ਸੁਖਿ—ਅਨੰਦ ਵਿਚ। ਸਹਜੇ—ਆਤਮਕ ਅਡੋਲਤਾ ਵਿਚ। ਜਨ ਕਉ—ਜਿਸ ਮਨੁੱਖ ਨੂੰ ।੨।

ਅਰਥ—

ਪ੍ਰ:—ਸ੍ਰੀ ਜੀਉ, ਜਗਤ ਵਿਚ ਲੋਕੀਂ ਅਨੇਕਾਂ ਮਾਰਗਾਂ ਤੇ ਤੁਰਦੇ ਵੇਖੀ ਦੇ ਹਨ, ਪਰ ਆਪ ਜੀ ਦੁਖਾਂ ਤੋਂ ਰਹਿਤ ਕਿਹੜਾ ਮਾਰਗ ਮੰਨਦੇ ਹੋ ?

1.**ਉ:**—ਹੇ ਭਾਈਓ ! (ਗੁਰਮਤਿ ਅਨੁਸਾਰ ਮੈਨੂੰ ਤਾਂ) ਪੈਰਾਂ ਨਾਲ (ਸਿਰਫ) ਪ੍ਰਮੇਸ਼ਰ ਦਾ ਰਸਤਾ (ਹੀ ਤੁਰਨਾ) ਸੋਹਣਾ ਲੱਗਦਾ ਹੈ।

2. ਹੇ ਭਾਈ! ਮੈਂ ਤਾਂ ਵੇਖਦਾ ਹਾਂ ਕਿ ਹੋਰ ਅਨੇਕਾਂ ਰਸਤਿਆਂ ਉਤੇ ਜਿਤਨੀ ਭੀ ਦੌੜ ਭੱਜ ਕਰੀਦੀ ਹੈ, ਉਤਨਾਂ ਹੀ ਦੁਖ ਲੱਗਦਾ ਹੈ, ਉਤਨਾਂ ਹੀ ਹਾਹੁਕਾ ਲੱਗਦਾ ਹੈ ।੧।ਰਹਾਉ।

ਪ੍ਰ:—ਗੁਰਦੇਵ ਜੀਉ, ਆਪ ਜੀ ਸਰੀਰਕ ਅੰਗਾਂ ਦੀ ਪਵਿਤ੍ਰਤਾ ਕਿਵੇਂ ਮੰਨਦੇ ਹੋ ?

3.**ਉ:**—ਹੇ ਪਿਆਰੇ! ਅਸਲ ਵਿਚ ਤਾਂ ਪ੍ਰਮਾਤਮਾਂ ਦਾ ਦਰਸ਼ਨ ਕੀਤਿਆਂ ਅੱਖਾਂ ਪਵਿਤ੍ਰ ਹੋ ਜਾਂਦੀਆਂ ਹਨ ਅਤੇ (ਪ੍ਰਭੂ ਦੇ ਸੰਤ ਜਨਾਂ ਦ)ਟਹਲ ਕੀਤਿਆਂ ਹੱਥ ਪਵਿਤ੍ਰ ਹੋ ਜਾਂਦੇ ਹਨ।

4. ਹੇ ਭਾਈ ! ਜਿਸ ਹਿਰਦੇ ਵਿਚ ਪ੍ਰਮਾਤਮਾਂ ਆ ਵੱਸਦਾ ਹੈ, ਉਹ ਹਿਰਦਾ ਪਵਿਤ੍ਰ ਹੋ ਜਾਂਦਾ ਹੈ ਅਤੇ ਉਹ ਮੱਥਾ ਪਵਿਤ੍ਰ ਹੋ ਜਾਂਦਾ ਹੈ, ਜਿਸ ਉਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੱਗਦੀ ਹੈ ।੧।

5. ਹੇ ਭਾਈਓ ! ਪ੍ਰਮੇਸ਼ਰ ਜੀ ਦੇ ਨਾਮ ਵਿਚ ਸਾਰੇ (ਹੀ) ਖਜ਼ਾਨੇ ਹਨ, ਜਿਸ ਮਨੁੱਖ ਦੇ ਮੱਥੇ ਉਤੇ (ਪ੍ਰਮਾਤਮਾਂ ਨੇ ਆਪਣੀ) ਮਿਹਰ ਨਾਲ (ਨਾਮ ਦੀ ਪ੍ਰਾਪਤੀ ਦਾ ਲੇਖ) ਲਿਖ ਦਿਤਾ ਹੈ, ਉਸ ਮਨੁੱਖ ਨੇ (ਨਾਮ) ਪ੍ਰਾਪਤ ਕਰ ਲਿਆ।

ਪ੍ਰ—ਸ੍ਰੀ ਜੀਉ, ਨਾਮ ਪ੍ਰਾਪਤੀ ਵਾਲੇ ਦੀ ਪਛਾਣ ਕੀ ਹੈ ?

6.**ਉ:**—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪਿਆ ਉਸਨੂੰ ਪ੍ਰਭੂ ਦਾ ਨਾਮ ਮਿਲ ਗਿਆ ਹੈ, ਤੇ ਉਸਦੀ ਜ਼ਿੰਦਗੀ) ਸੁਖ ਵਿਚ, ਆਤਮਕ ਅਡੋਲਤਾ ਵਿਚ ਅਤੇ ਅਨੰਦ ਵਿਚ ਗੁਜ਼ਰਨ ਲਗ ਪਈ ਹੈ ।੨।੧੬।੩੯।

ਭਾਵਾਰਥ :—ਉਹ ਹਰੀ, ਹਰ ਤਰ੍ਹਾਂ ਦੇ ਸੁਖਾਂ ਦਾ ਭੰਡਾਰ ਹੈ, ਉਸਦੀ ਸੇਵਾ, ਉਸਦੀ ਅਰਾਧਨਾਂ ਕਰਨ ਨਾਲ ਪਵਿਤ੍ਰਤਾ ਤੇ ਸੁੱਖ ਮਿਲਦਾ ਹੈ।

ਸਾਰਗ ਮਹਲਾ ੫ ॥

1. ਧਿਆਇਓ ਅੰਤਿ ਬਾਰ ਨਾਮੁ ਸਖਾ ॥

2. ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ
ਤਹਾ ਤਹਾ ਤੂ ਰਖਾ ॥੧॥ਰਹਾਉ॥

3. ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ
ਜਿਸੁ ਮਸਤਕਿ ਲੇਖੁ ਲਿਖਾ ॥

4. ਖੂਲ੍ੇ ਬੰਧਨ ਮੁਕਤਿ ਗੁਰਿ ਕੀਨੀ
ਸਭ ਤੂਹੈ ਤੁਹੀ ਦਿਖਾ ॥੧॥

5. ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ
ਆਘਾਏ ਰਸਨ ਚਖਾ ॥

6. ਕਹੁ ਨਾਨਕ ਸੁਖ ਸਹਜੁ ਮੈ ਪਾਇਆ
ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥

ਪਦ ਅਰਥ :—ਅੰਤਿ ਬਾਰ—ਅਖੀਰਲੇ ਸਮੇਂ। ਸਖਾ—ਸਾਥੀ, ਮਿਤ੍ਰ। ਜਹ—ਜਿਥੇ। ਸੁਤ—ਪੁੱਤਰ । ਤੂ—ਤੈਨੂੰ। ਰਖਾ—ਰਖਦਾ ਹੈਂ, ਸਹਾਇਤਾ ਕਰਦਾ ਹੈਂ ।੧।ਰਹਾਉ।

ਅੰਧ ਕੂਪ—ਘੁੱਪ ਹਨੇਰੇ ਖੂਹ। ਗ੍ਰਿਹ—ਹਿਰਦਾ ਘਰ। ਤਿਨਿ—ਉਸ (ਮਨੁੱਖ) ਨੇ । ਮਸਤਕਿ—ਮਥੇ ਉਤੇ। ਬੰਧਨ—ਮੋਹ ਦੀਆਂ ਫਾਹੀਆਂ । ਗੁਰਿ—ਗੁਰੂ ਨੇ । ਮੁਕਤਿ—ਖਲਾਸੀ। ਦਿਖਾ—ਦਿਸ ਪਿਆ ।੧।

ਅੰਮ੍ਰਿਤ ਨਾਮੁ—ਅਮਰ ਜੀਵਨ ਦੇਣ ਵਾਲਾ ਨਾਮ ਜਲ। ਤ੍ਰਿਪਤਿਆ—ਰੱਜ ਗਿਆ। ਅਘਾਏ- ਰੱਜ ਗਏ। ਰਸਨ—ਜੀਭ। ਸੁਖ ਸਹਜ—ਸਾਰੇ ਸੁਖ ਦੇਣ ਵਾਲੀ ਆਤਮਕ ਅਡੋਲਤਾ। ਗੁਰਿ—ਗੁਰੂ ਨੇ। ਤਿਖਾ—ਤ੍ਰਿਹ—ਤ੍ਰਿਸ਼ਨਾ ।੨।

ਅਰਥ—

ਪ੍ਰ:—ਗੁਰਦੇਵ ਜੀਉ, ਮਨੁੱਖ ਦਾ ਸਹੀ ਰੂਪ ਵਿਚ ਅਸਲ ਸਾਥੀ ਕੌਣ ਹੈ ?

1. **ਉ:**—ਹੇ ਭਾਈਓ ! ਅਸਲ ਵਿਚ ਮਨੁੱਖ ਦਾ ਸਾਥੀ ਤਾਂ ਨਾਮ ਹੀ ਹੈ, (ਜਿਸ ਮਨੁੱਖ ਨੇ) ਅੰਤ ਵੇਲੇ (ਇਸ ਨਾਮ ਨੂੰ) ਸਿਮਰਿਆ ਹੈ, ਉਸੇ ਦਾ ਹੀ ਸਾਥੀ ਬਣਿਆ ਹੈ।

2. ਹੇ ਭਾਈ! ਵੇਖ ਜਿਥੇ ਮਾਂ, ਪਿਉ, ਪੁੱਤਰ, ਭਰਾ, ਕੋਈ ਭੀ ਪਹੁੰਚ ਨਹੀਂ ਸਕਦਾ, ਉਥੇ ਉਥੇ (ਇਹ ਹਰਿ ਨਾਮ ਹੀ) ਤੈਨੂੰ ਰੱਖ ਸਕਦਾ ਹੈ, (ਤੇਰੀ ਰਾਖੀ ਕਰਦਾ ਹੈ) ।੧।ਰਹਾਉ।

ਪ੍ਰ:—ਸ੍ਰੀ ਜੀਉ, ਜੋ ਨਾਮ ਅੰਤ ਵੇਲੇ ਸਹਾਇਕ ਹੁੰਦਾ ਹੈ, ਇਸਨੂੰ ਸਾਰੇ ਹੀ ਕਿਉਂ ਨਹੀਂ ਸਿਮਰਦੇ ?

3.**ਉ**:—ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ,(ਪਰ ਮਾਇਆ ਮੋਹ ਦੇ) ਅੰਨੇ ਖੂਹ ਹਿਰਦੇ ਘਰ ਵਿਚ (ਸਿਰਫ) ਉਸ (ਮਨੁੱਖ) ਨੇ ਹੀ ਹਰਿ ਨਾਮ ਸਿਮਰਿਆ ਹੈ, ਜਿਸਦੇ ਮੱਥੇ ਉਤੇ (ਨਾਮ ਸਿਮਰਨ ਦਾ) ਲੇਖ (ਧੁਰੋਂ) ਹੀ ਲਿਖਿਆ ਗਿਆ ਹੈ।

ਪ੍ਰ:—ਕਿਉਂ ਜੀ, ਉਸਦੀ ਪਛਾਣ ਕੀ ਹੈ ?

4.**ਉ**:—ਹੇ ਭਾਈ ! (ਉਸ ਮਨੁੱਖ ਦੀਆਂ) ਮਾਇਆ ਦੇ ਮੋਹ ਦੀਆਂ ਫਾਹੀਆਂ ਖੁਲ੍ਹ ਗਈਆਂ, ਗੁਰੂ ਨੇ ਉਸਨੂੰ (ਮੋਹ ਤੋਂ) ਖਲਾਸੀ ਦਿਵਾ ਦਿਤੀ, ਉਸ ਨੂੰ ਇਉਂ ਦਿਸ ਪਿਆ ਹੈ ਕਿ (ਹੇ ਪ੍ਰਭੂ) ਸਭ ਥਾਈਂ ਤੂੰ ਹੀ ਹੈਂ, ਤੂੰ ਹੀ ਹੈਂ।੧।

5. ਹੇ ਭਾਈਓ ! ਜਿਸ ਮਨੁੱਖ ਨੇ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਪੀ ਲਿਆ ਹੈ, ਉਸਦਾ ਮਨ-ਸ਼ਾਂਤ ਹੋ ਗਿਆ ਉਸਦੀ ਜੀਭ ਨਾਮ ਜਲ ਚੱਖ ਕੇ ਰੱਜ ਗਈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਗੁਰੂ ਨੇ (ਹਰਿ ਨਾਮ ਦੀ ਦਾਤ ਦੇ ਕੇ) ਮੇਰੀ ਸਾਰੀ ਤ੍ਰਿਸ਼ਨਾ ਦੂਰ ਕਰ ਦਿਤੀ ਹੈ, ਹੁਣ ਮੈਂ ਸਾਰੇ ਸੁਖ ਦੇਣ ਵਾਲੀ ਆਤਮਿਕ ਅਡੋਲਤਾ ਹਾਸਲ ਕਰ ਲਈ ਹੈ।੨।੧੭।੪੦।

ਭਾਵਾਰਥ :—ਮਨ ਦੇ ਰਜੇਵੇਂ ਲਈ ਮਨੁੱਖ ਅਨੇਕਾਂ ਸਾਧਨ ਕਰਦਾ ਹੈ, ਪਰ ਮਨ ਫਿਰ ਭੀ ਭੁੱਖਾ ਹੀ ਰਹਿੰਦਾ ਹੈ, ਇਕ ਹਰੀ ਦਾ ਨਾਮ ਹੀ ਹੈ ਜੋ ਮਨੁੱਖ ਦੇ ਮਨ ਨੂੰ ਪੂਰਨ ਤ੍ਰਿਪਤੀ ਬਖਸ਼ਸ਼ ਕਰਦਾ ਹੈ।

ਸਾਰਗ ਮਹਲਾ ੫ ॥

1. ਗੁਰ ਮਿਲਿ ਐਸੇ ਪ੍ਰਭੂ ਧਿਆਇਆ ॥
2. ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ
ਲਗੈ ਨ ਤਾਤੀ ਬਾਇਆ ॥੧॥ਰਹਾਉ॥
3. ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ ॥
4. ਨਿਮਖ ਨ ਬਿਛੁਰੈ ਘਰੀ ਨ ਬਿਸਰੈ
ਸਦ ਸੰਗੇ ਜਤ ਜਾਇਆ ॥੧॥
5. ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ
ਬਲਿ ਬਲਿ ਗੁਰ ਦਰਸਾਇਆ ॥
6. ਕਹੁ ਨਾਨਕ ਕਾਹੂ ਪਰਵਾਹਾ
ਜਉ ਸੁਖ ਸਾਗਰੁ ਮੈ ਪਾਇਆ ॥੨॥੧੮॥੪੧॥

ਪਦ ਅਰਥ :—ਗੁਰ ਮਿਲਿ—ਗੁਰ ਨੇ ਮਿਲ ਕੇ। ਐਸੇ—ਇਸਤ੍ਹਾਂ (ਹਰੇਕ ਸਾਹ ਦੇ ਨਾਲ) ਤਾਤੀ ਬਾਇਆ—ਤੱਤੀ ਹਵਾ।੧।ਰਹਾਉ।

ਜੇਤੇ—ਜਿਤਨੇ ਭੀ। ਸਾਸ—ਸਾਹ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਘਰੀ—ਘੜੀ। ਸਦ—ਸਦਾ। ਜਤ—ਜਿਥੇ ਜਿਥੇ। ਜਾਇਆ—ਜਾਈਦਾ ਹੈ।੧।

ਹਉ—ਮੈਂ। ਬਲਿ ਸਦਕੇ। ਕਉ—ਨੂੰ, ਤੋਂ। ਦਰਸਾਇਆ—ਦਰਸ਼ਨ। ਕਾਹੂ—ਕਿਸਦੀ ? ਸੁਖ ਸਾਗਰੁ—ਸੁਖਾਂ ਦਾ ਸਮੁੰਦਰ ਪ੍ਰਭੂ।੨।

ਅਰਥ:—

ਪ੍ਰ:—ਗੁਰਦੇਵ ਜੀਉ, ਅਜਿਹਾ ਉਹ ਕਿਹੜਾ ਸਾਧਨ ਹੈ, ਜਿਸ ਦੀ ਬਰਕਤ ਨਾਲ ਮਨੁੱਖ ਨੂੰ ਕੋਈ ਭੀ ਦੁਖ ਕਲੇਸ਼ ਨਾ ਵਿਆਪ ਸਕਦਾ ਹੋਵੇ ?

1.**ਉ**:—ਹੇ ਭਾਈਓ ! (ਜਿਸ ਮਨੁੱਖ ਨੇ) ਗੁਰੂ ਨੂੰ ਮਿਲਕੇ ਇਉਂ (ਹਰੇਕ ਸਾਹ ਨਾਲ) ਪ੍ਰਮਾਤਮਾਂ ਦਾ ਸਿਮਰਨ ਕੀਤਾ ਹੈ।

2. (ਸਮਝੋ) ਸਾਰੇ ਦੁਖਾਂ ਦਾ ਨਾਸ ਕਰਨ ਵਾਲਾ ਪ੍ਰਮੇਸ਼ਰ ਉਸ ਉਤੇ ਦਇਆਵਾਨ ਹੋਇਆ ਹੈ, ਉਸ ਮਨੁੱਖ ਨੂੰ (ਸਾਰੀ ਉਮਰ) ਤੱਤੀ ਵਾ ਨਹੀਂ ਲਗਦੀ (ਕੋਈ ਦੁਖ ਕਲੇਸ਼ ਨਹੀਂ ਪੋਹਦਾ)।੧।ਰਹਾਉ।

3. ਹੇ ਭਾਈ ! ਅਸੀਂ (ਜੀਵ) ਜਿਤਨੇ ਭੀ ਸਾਹ ਲੈਂਦੇ ਹਾਂ, ਜਿਹੜਾ ਮਨੁੱਖ ਉਹ ਸਾਰੇ ਹੀ ਸਾਹ (ਲੈਂਦਿਆਂ) ਪ੍ਰਮਾਤਮਾਂ ਦੇ ਗੁਣ ਗਾਉਂਦਾ ਹੈ।

4. (ਅਤੇ) ਜਿਹੜਾ ਮਨੁੱਖ (ਪ੍ਰਮਾਤਮਾਂ ਤੋਂ) ਅੱਖ ਝਮਕਣ ਜਿਤਨੇ ਸਮੇਂ ਲਈ ਭੀ ਨਹੀਂ ਵਿਛੜਦਾ, (ਜਿਸਨੂੰ ਉਸ ਦੀ ਯਾਦ) ਇਕ ਘੜੀ ਭੀ ਨਹੀਂ ਭੁੱਲਦੀ, ਉਹ ਜਿਥੇ ਭੀ ਜਾਂਦਾ ਹੈ, ਪ੍ਰਮਾਤਮਾਂ ਉਸਨੂੰ ਸਦਾ ਆਪਣੇ ਨਾਲ ਦਿੱਸਦਾ ਹੈ।੧।

ਪ੍ਰ:-ਸ੍ਰੀ ਜੀਉ ! ਉਸ ਪ੍ਰਭੂ ਦੇ ਚਰਨਾਂ ਵਿਚ ਹੁਣ ਤੁਹਾਡਾ ਕਿਤਨਾ ਕੁ ਨਿਸਚਾ ਹੈ ?

5. **ਉ**:—ਹੇ ਭਾਈ ! (ਹੁਣ ਤਾਂ ਮੈਂ) ਪ੍ਰਮਾਤਮਾਂ ਦੇ ਸੋਹਣੇ ਚਰਨਾਂ ਤੋਂ ਸਦਾ ਹੀ ਸਦਾ ਹੀ ਸਦਕੇ ਜਾਂਦਾ ਹਾਂ। ਗੁਰੂ ਦੇ ਦਰਸ਼ਨਾਂ ਤੋਂ ਕੁਰਬਾਨ ਜਾਂਦਾ ਹਾਂ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਦੋਂ ਤੋਂ ਮੈਂ (ਗੁਰੂ ਦੀ ਕ੍ਰਿਪਾ ਨਾਲ) ਸਾਰੇ ਸੁਖਾਂ ਦਾ ਸਮੁੰਦਰ ਪ੍ਰਭੂ ਲੱਭਾ ਹੈ, (ਹੁਣ) ਮੈਨੂੰ ਕਿਸੇ ਦੀ (ਭੀ) ਮੁਥਾਜੀ ਨਹੀਂ ਰਹੀ।੨।੧੮।੪੧।

ਭਾਵਾਰਥ :—ਗੁਰੂ ਨੂੰ ਮਿਲਕੇ ਜਿਸਨੇ ਹਰੀ ਨਾਮ ਦਾ ਚਿੰਤਨ ਕੀਤਾ ਹੈ, ਉਸਨੂੰ ਦੁਖਾਂ ਕਲੇਸ਼ਾਂ ਤ੍ਰਿਸ਼ਨਾਂ ਦੀ ਕਦੀ ਭੀ ਤੱਤੀ ਵਾਉ ਨਹੀਂ ਲੱਗਦੀ।

ਸਾਰਗ ਮਹਲਾ ੫ ॥

1. ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥
2. ਖੁਲ੍ਹਿਓ ਕਰਮੁ ਭਇਓ ਪਰਗਾਸਾ
ਘਟਿ ਘਟਿ ਹਰਿ ਹਰਿ ਡੀਠਾ ॥੧॥ਰਹਾਉ॥
3. ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ॥
4. ਭਇਓ ਪਰਾਪਤਿ ਅੰਮ੍ਰਿਤ ਨਾਮਾ
ਬਲਿ ਬਲਿ ਪ੍ਰਭ ਚਰਣੀਠਾ ॥੧॥

5. ਸਤ ਸੰਗਤਿ ਕੀ ਰੇਣੁ ਮੁਖਿ ਲਾਗੀ
ਕੀਏ ਸਗਲ ਤੀਰਥ ਮਜਨੀਠਾ ॥
6. ਕਹੁ ਨਾਨਕ ਰੰਗਿ ਚਲੂਲ ਭਏ ਹੈ
ਹਰਿ ਰੰਗੁ ਨ ਲਹੈ ਮਜੀਠਾ ॥੨॥੧੯॥੪੨॥

ਪਦ ਅਰਥ :—ਮੇਰੈ ਮਨਿ—ਮੇਰੇ ਮਨ ਵਿਚ। ਸਬਦੁ ਗੁਰ—ਗੁਰੂ ਦਾ ਸ਼ਬਦ । ਕਰਮੁ—ਬਖਸ਼ਸ਼ (ਦਾ ਦਰਵਾਜ਼ਾ) ਪਰਗਾਸਾ—ਆਤਮਕ ਜੀਵਨ ਦਾ ਚਾਨਣ । ਘਟਿ ਘਟਿ—ਹਰੇਕ ਸਰੀਰ ਵਿਚ। ਡੀਠਾ—ਮੈਂ ਵੇਖ ਲਿਆ ਹੈ ।੧।ਰਹਾਉ।

ਆਜੋਨੀ—ਅਜੋਨੀ, ਜਿਹੜਾ ਜੂਨਾਂ ਵਿਚ ਨਹੀਂ ਆਉਂਦਾ। ਸੰਭਉ—ਆਪਣੇ ਆਪ ਤੋਂ ਪ੍ਰਗਟ ਹੋਣ ਵਾਲਾ। ਘਟ—ਸਰੀਰ। ਬੀਠਾ—ਬੈਠਾ ਹੋਇਆ, ਵਿਆਪਕ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ। ਬਲਿ ਬਲਿ—ਕੁਰਬਾਨ ਸਦਕੇ, ਸਦਕੇ। ਚਰਣੀਠਾ—ਚਰਨ ।੧।

ਰੇਣੁ—ਚਰਣ ਧੂੜ। ਮੁਖਿ—ਮੂੰਹ ਉਤੇ। ਸਗਲ—ਸਾਰੇ। ਮਜਨੀਠਾ—ਇਸ਼ਨਾਨ । ਰੰਗਿ—ਪ੍ਰੇਮ ਰੰਗ ਨਾਲ। ਚਲੂਲ—ਗੂੜ੍ਹਾ ਲਾਲ। ਨ ਲਹੈ—ਨਹੀਂ ਉਤਰਦਾ । ਮਜੀਠਾ—ਮਜੀਠ (ਦੇ ਰੰਗ ਵਾਂਗ) ।੨।

ਅਰਥ :—

ਪ੍ਰ:—ਗੁਰਦੇਵ ਜੀਉ, ਅਸੀਂ ਤਾਂ ਸੱਕਰ, ਖੰਡ, ਮਿਸਰੀ, ਗੁੜ ਆਦਿਕ ਪਦਾਰਥਾਂ ਨੂੰ ਹੀ ਮਿਠੇ ਮੰਨਿਆ ਹੈ, ਪਰ ਕੀ ਇਨ੍ਹਾਂ ਤੋਂ ਬਿਨਾਂ ਭੀ ਕੋਈ ਹੋਰ ਪਦਾਰਥ ਹੈ, ਜਿਸਨੂੰ ਕਿ ਤੁਸੀਂ ਅਤਿ ਰਸ ਦਾਇਕ ਮਿੱਠਾ ਮੰਨਦੇ ਹੋ ?

1.**ਉ**:—ਹੇ ਭਾਈਓ ! ਮੇਰੇ ਮਨ ਵਿਚ ਤਾਂ (ਕੇਵਲ) ਗੁਰੂ ਦਾ ਸ਼ਬਦ ਹੀ ਮਿੱਠਾ ਲੱਗ ਰਿਹਾ ਹੈ।

2, ਹੇ ਭਾਈ ! (ਇਸੇ ਸ਼ਬਦ ਦੀ ਬਰਕਤ ਨਾਲ ਹੁਣ ਮੇਰੇ ਵਾਸਤੇ) ਪ੍ਰਮੇਸ਼ਰ ਦੀ ਮਿਹਰ (ਦਾ ਦਰਵਾਜ਼ਾ) ਖੁੱਲ੍ਹ ਗਿਆ ਹੈ, (ਹੁਣ ਮੇਰੇ ਹਿਰਦੇ ਵਿਚ ਆਤਮਕ ਜੀਵਨ ਦਾ) ਚਾਨਣ ਹੋ ਗਿਆ ਹੈ, (ਜਿਸ ਕਰਕੇ ਮੈਂ ਹਰੇਕ ਸਰੀਰ ਵਿਚ ਪ੍ਰਭੂ ਵਸਦਾ) ਵੇਖ ਲਿਆ ਹੈ ।੧।ਰਹਾਉ।

3. ਹੇ ਪਿਆਰੇ, ਗੁਰੂ ਦੇ ਸ਼ਬਦ ਦੀ ਬਰਕਤ ਨਾਲ ਹੁਣ ਮੈਨੂੰ ਇਉਂ ਦਿਸ ਪਿਆ ਹੈ ਕਿ, ਅਜੋਨੀ ਸੁਤੇ ਪ੍ਰਕਾਸ਼ ਪਾਰ-ਬ੍ਰਹਮ ਹਰੇਕ ਥਾਂ ਵਿਚ ਬੈਠਾ ਹੋਇਆ ਹੈ।

4. ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ ਮੈਨੂੰ, ਅਮਰ ਜੀਵਨ ਦੇਣ ਵਾਲਾ ਹਰਿ ਨਾਮ ਮਿਲ ਗਿਆ ਹੈ। (ਜਿਸ ਕਰਕੇ ਹੁਣ) ਮੈਂ ਪ੍ਰਮੇਸ਼ਰ ਦੇ ਚਰਨਾਂ ਤੋਂ (ਸਦਾ) ਹੀ ਸਦਕੇ ਜਾ ਰਿਹਾ ਹਾਂ ।੧।

ਪ੍ਰ:—ਸ੍ਰੀ ਜੀਉ, ਕੀ ਆਪ ਤੀਰਥਾਂ ਦੇ ਇਸ਼ਨਾਨ ਕਰਨ ਵਿਚ ਯਕੀਨ ਨਹੀਂ ਰੱਖਦੇ ?

5.**ਉ**:—ਹੇ ਭਾਈ ! ਹੁਣ ਗੁਰੂ ਦੀ ਕ੍ਰਿਪਾ ਨਾਲ, ਸਾਧ ਸੰਗਤ ਦੇ ਚਰਨਾਂ ਦੀ ਧੂੜ ਮੇਰੇ ਮੱਥੇ ਉਤੇ ਲੱਗੀ ਹੈ, ਇਸ ਚਰਨ ਧੂੜ ਦੀ ਬਰਕਤ ਨਾਲ ਮੈਂ ਤਾਂ, ਮਾਨੋਂ ਸਾਰੇ ਹੀ ਤੀਰਥਾਂ ਦੇ ਇਸ਼ਨਾਨ ਕਰ ਲਏ ਹਨ।

ਪ੍ਰ:—ਸ੍ਰੀ ਜੀਉ, ਹੁਣ ਆਪ ਜੀ ਨੂੰ ਕਿਵੇਂ ਅਨਭਵ ਹੁੰਦਾ ਹੈ ?

6.**ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! (ਹੁਣ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ) ਮੈਂ ਪ੍ਰਮਾਤਮਾਂ ਦੇ ਪ੍ਰੇਮ ਰੰਗ ਵਿਚ ਗੂੜ੍ਹਾ ਰੰਗਿਆ ਗਿਆ ਹਾਂ। ਮਜੀਠ ਦੇ ਪੱਕੇ ਰੰਗ ਵਾਂਗ ਇਹ ਹਰਿ ਪ੍ਰੇਮ ਦਾ ਰੰਗ (ਮੇਰੇ ਮਨ ਤੋਂ ਕਦੇ ਭੀ) ਉਤਰਦਾ ਨਹੀਂ ਹੈ ।੨।੧੯।੪੨।

ਭਾਵਾਰਥ :—ਗੁਰੂ ਦੇ ਸ਼ਬਦ ਤੋਂ ਮਨ ਵਿਚ ਚਾਨਣਾ ਹੋ ਗਿਆ ਹੈ,ਜਿਸ ਦੀ ਬਰਕਤ ਨਾਲ ਉਹ ਹਰੀ ਹਰ ਥਾਂ ਵਸਦਾ ਦਿਸ ਪਿਆ ਹੈ ਤੇ ਉਸਦਾ ਅੰਮ੍ਰਿਤ ਨਾਮ ਪ੍ਰਾਪਤ ਹੋ ਗਿਆ ਹੈ।

ਸਾਰਗ ਮਹਲਾ ੫ ॥

1. ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥
2: ਨਿਮਖ ਬਚਨੁ ਪ੍ਰਭ ਹੀਅਰੈ ਬਸਿਓ
ਸਗਲ ਭੂਖ ਮੇਰੀ ਲਾਥੇ ॥੧॥ਰਹਾਉ॥
3. ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ
ਸੁਖ ਸਮੂਹ ਸਭ ਨਾਥੇ ॥
4. ਏਕ ਆਸ ਮੋਹਿ ਤੇਰੀ ਸੁਆਮੀ
ਅਉਰ ਦੁਤੀਆ ਆਸ ਬਿਰਾਥੇ ॥੧॥
5. ਨੈਣ ਤ੍ਰਿਪਤਾਸੇ ਦੇਖਿ ਦਰਸਾਵਾ
ਗੁਰਿ ਕਰ ਧਾਰੇ ਮੇਰੈ ਮਾਥੇ ॥
6. ਕਹੁ ਨਾਨਕ ਮੈ ਅਤੁਲ ਸੁਖੁ ਪਾਇਆ
ਜਨਮ ਮਰਣ ਭੈ ਲਾਥੇ ॥੨॥੨੦॥੪੩॥

ਪਦ ਅਰਥ :—ਗੁਰਿ—ਗੁਰੂ ਨੇ । ਸਾਥੇ—ਨਾਲ । ਨਿਮਖ—ਅੱਖ ਝਮਕਣ ਜਿਤਨਾ ਸਮਾਂ। ਹੀਅਰੈ—ਹਿਰਦੇ ਵਿਚ। ਭੂਖ—ਮਾਇਆ ਦੀ ਭੁੱਖ। ਲਾਥੇ—ਲਹਿ ਗਈ ਹੈ ।੧।ਰਹਾਉ।

ਕ੍ਰਿਪਾ ਨਿਧਾਨ—ਹੇ ਮਿਹਰ ਦੇ ਖਜ਼ਾਨੇ। ਗੁਣ ਨਾਇਕ—ਹੇ ਸਾਰੇ ਗੁਣਾਂ ਦੇ ਮਾਲਕ । ਠਾਕੁਰ—ਹੇ ਮਾਲਕ। ਨਾਥੇ—ਹੇ ਨਾਥ। ਮੋਹਿ—ਮੈਨੂੰ। ਸੁਆਮੀ—ਹੇ ਸੁਆਮੀ। ਦੁਤੀਆ—ਦੂਜੀ। ਬਿਰਾਥੇ—ਵਿਅਰਥ ।੧।

ਨੈਣ—ਅੱਖਾਂ। ਤ੍ਰਿਪਤਾਸੇ—ਰੱਜ ਗਈਆਂ ਹਨ। ਦੇਖਿ—ਵੇਖਕੇ। ਗੁਰਿ—ਗੁਰੂ ਨੇ। ਕਰ—(ਅਪਣੇ) ਹੱਥ। ਮੇਰੈ ਮਾਥੇ—ਮੇਰੇ ਮੱਥੇ ਉਤੇ। ਅਤੁਲ—ਜਿਹੜਾ ਤੋਲਿਆ ਨਾ ਜਾ ਸਕੇ। ਭੈ—ਸਾਰੇ ਡਰ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਹਰ ਪ੍ਰਾਣੀ ਦੇ ਮਨ ਵਿਚ ਮਾਇਆ ਦੀ ਭੁੱਖ ਵਿਆਪੀ ਰਹਿੰਦੀ ਹੈ, ਪਰ ਆਪ ਜੀ ਨੇ ਇਸ ਭੁੱਖ ਤੋਂ ਕਿਵੇਂ ਛੁਟਕਾਰਾ ਪਾਇਆ ਹੈ ?

1.**ਉ**:—ਹੇ ਭਾਈਓ ! (ਅਸਲ ਵਿਚ ਮੈਨੂੰ ਗੁਰੂ ਨੇ ਉਸ ਪ੍ਰਭੂ ਜੀ ਦਾ ਨਾਮ ਹਰ ਵੇਲੇ) ਮੇਰੇ ਨਾਲ (ਰਹਿਣ ਵਾਲਾ) ਮੈਨੂੰ

ਸਾਥੀ ਦੇ ਦਿੱਤਾ ਹੈ ।

2. ਹੁਣ ਪ੍ਰਮਾਤਮਾਂ ਦੀ ਸਿਫਤ ਸਾਲਾਹ ਦਾ ਸ਼ਬਦ ਹਰ ਵੇਲੇ ਮੇਰੇ ਹਿਰਦੇ ਵਿਚ ਟਿਕਿਆ ਰਹਿੰਦਾ ਹੈ (ਉਸੇ ਦੀ ਬਰਕਤ ਨਾਲ) ਹੁਣ ਮੇਰੀ ਮਾਇਆ ਦੀ ਸਾਰੀ ਭੁੱਖ ਲਹਿ ਗਈ ਹੈ ।੧।ਰਹਾਉ।

3. ਹੇ ਕ੍ਰਿਪਾ ਦੇ ਖਜ਼ਾਨੇ, ਹੇ ਸਾਰੇ ਗੁਣਾਂ ਦੇ ਮਾਲਕ ਠਾਕਰ, ਹੇ ਸਾਰੇ ਸੁਖਾਂ ਦੇ ਨਾਥ, ਹੇ ਸੁਆਮੀ (ਹੁਣ ਹਰੇਕ ਸੁਖ ਦੁੱਖ

4. ਵਿਚ) ਮੈਨੂੰ ਸਿਰਫ ਤੇਰੀ ਹੀ ਸਹਾਇਤਾ ਦੀ ਆਸ ਰਹਿੰਦੀ ਹੈ, ਕੋਈ ਹੋਰ ਦੂਜੀ ਆਸ ਮੈਨੂੰ ਵਿਅਰਥ ਜਾਪਦੀ ਹੈ ।੧।

ਪ੍ਰ:—ਸ੍ਰੀ ਜੀਉ, ਜਦੋਂ ਗੁਰੂ ਨੇ ਮਿਹਰ ਭਰਿਆ ਹੱਥ ਤੁਹਾਡੇ ਸਿਰ ਤੇ ਰਖਿਆ ਤਾਂ ਤੁਹਾਨੂੰ ਆਪਣੇ ਅੰਦਰ ਕਿਵੇਂ ਉਸਦੀ ਪਛਾਣ ਹੋਈ ?

5. ਉ:—ਹੇ ਭਾਈਓ ! ਜਦੋਂ ਤੋਂ ਗੁਰੂ ਨੇ ਮੇਰੇ ਮੱਥੇ ਉਤੇ ਆਪਣੇ ਹੱਥ ਰੱਖੇ ਹਨ, (ਉਦੋਂ ਤੋਂ ਹੀ) ਮੇਰੀਆਂ ਅੱਖਾਂ (ਪ੍ਰਭੂ ਦਾ) ਦਰਸ਼ਨ ਕਰਕੇ ਰੱਜ ਗਈਆਂ ਹਨ ।

ਪ੍ਰ:—ਸ੍ਰੀ ਜੀਉ, ਉਨ੍ਹਾਂ ਦਰਸ਼ਨਾਂ ਦਾ ਸੁਖ ਕੁਝ ਬਿਆਨ ਕਰਕੇ ਦਸੋ ?

6. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈਓ ! ਮੈਂ ਇਤਨਾ ਸੁਖ ਪ੍ਰਾਪਤ ਕੀਤਾ ਹੈ ਕਿ ਉਹ ਤੋਲਿਆ ਮਿਣਿਆਂ ਨਹੀਂ ਜਾ ਸਕਦਾ, (ਉਸ ਸੁਖ ਦਾ ਸਦਕਾ ਹੁਣ) ਮੇਰੇ ਜੰਮਣ ਮਰਣ ਦੇ ਭੀ ਸਾਰੇ ਡਰ ਲਹਿ ਗਏ ਹਨ ।੨।੨੦।੪੩।

ਭਾਵਾਰਥ :—ਮਨ ਦੀ ਭੁਖ ਕਿਸੇ ਮਾਇਕੀ ਪਦਾਰਥ ਨਾਲ ਦੂਰ ਨਹੀਂ ਹੁੰਦੀ ਕੇਵਲ ਇਕ ਹਰੀ ਦਾ ਨਾਮ ਹੀ ਹੈ ਜੋ ਮਨ ਦੀ ਭੁਖ ਦੂਰ ਕਰਦਾ ਤੇ ਸਾਰੇ ਹੀ ਡਰਾਂ ਦਾ ਨਾਸਕ ਹੈ ।

ਸਾਰਗ ਮਹਲਾ ੫ ॥

1. ਰੇ ਮੂੜ੍ਹੇ ਆਨ ਕਾਹੇ ਕਤ ਜਾਈ ॥
2. ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ
ਭੂਲਿ ਭੂਲਿ ਬਿਖੁ ਖਾਈ ॥੧॥ਰਹਾਉ॥
3. ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ
ਤਿਸ ਸਿਉ ਰੁਚ ਨਹੀ ਰਾਈ ॥
4. ਮੋਹਨਿ ਸਿਉ ਬਾਵਰ ਮਨੁ ਮੋਹਿਓ
ਝੂਠਿ ਠਗਉਰੀ ਪਾਈ ॥੧॥
5 ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ
ਸੰਤਨ ਸਿਉ ਬਨਿ ਆਈ ॥
6. ਸਗਲ ਨਿਧਾਨ ਘਰੈ ਮਹਿ ਪਾਏ
ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥

ਪਦ ਅਰਥ :—ਰੇ ਮੂੜੇ—ਹੇ ਮੂਰਖ । ਆਨ ਕਤ—ਹੋਰ ਕਿਤੇ । ਕਾਹੇ—ਕਿਉਂ ? ਸੰਗਿ—(ਤੇਰੇ) ਨਾਲ । ਮਨੋਹਰ—ਮਨ ਨੂੰ ਮੋਹਣ ਵਾਲਾ । ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ ਨਾਮ ਜਲ । ਰੇ—ਹੇ (ਮੂਰਖ) । ਭੂਲਿ ਭੂਲਿ—ਮੁੜ ਮੁੜ (ਇਸਨੂੰ) ਭੁੱਲ ਕੇ । ਬਿਖੁ—(ਆਤਮਕ ਮੌਤ ਲਿਆਉਣ ਵਾਲੀ) ਜ਼ਹਿਰ ।੧।ਰਹਾਉ।

ਚਤੁਰ—ਸਿਆਣੇ । ਅਨੂਪ—[ਅਨ-ਊਪ] ਉਪਮਾਂ ਰਹਿਤ । ਬਿਧਾਤੇ—ਸਿਰਜਨਹਾਰ । ਤਿਸ ਸਿਉ—ਉਸ ਨਾਲ । ਰੁਚ—ਪ੍ਰੀਤ । ਰਾਈ—ਰਤਾ ਭੀ । ਮੋਹਨਿ—ਮਨ ਨੂੰ ਮੋਹਣ ਵਾਲੀ ਮਾਇਆ । ਬਾਵਰ—ਹੇ ਝੱਲੇ । ਝੂਠਿ—ਝੂਠ ਵਿਚ, ਨਾਸਵੰਤ ਵਿਚ । ਠਗਉਰੀ—ਠੱਗ ਬੂਟੀ ।੧।

ਦੁਖ ਹਰਤਾ—ਦੁਖਾਂ ਦਾ ਨਾਸ ਕਰਨ ਵਾਲਾ । ਸਿਉ—ਨਾਲ । ਬਨਿ ਆਈ—ਪ੍ਰੀਤ ਬਣੀ ਹੈ । ਨਿਧਾਨ—ਖ਼ਜ਼ਾਨੇ । ਘਰੈ ਮਹਿ—ਹਿਰਦੇ ਘਰ ਵਿਚ ਹੀ । ਜੋਤਿ—ਪ੍ਰਮਾਤਮਾਂ ਦੀ ਜੋਤ ਵਿਚ । ਸਮਾਈ—ਲੀਨਤਾ ਹੋ ਗਈ ਹੈ ।੨।

ਅਰਥ:—

ਪ੍ਰ:-ਗੁਰਦੇਵ ਜੀਉ ! ਮੈਂ ਤਪ ਰਹੇ ਮਨ ਨੂੰ ਸ਼ਾਂਤ ਕਰਨ ਲਈ ਜੀਵਨ ਦਾ ਬਹੁਤ ਹਿੱਸਾ ਭਟਕਦੇ ਨੇ ਹੀ ਗੁਜ਼ਾਰ ਲਿਆ ਹੈ, ਪਰ ਮੈਨੂੰ ਹੁਣ ਤੱਕ ਨਾਮ ਦੀ ਪ੍ਰਾਪਤੀ ਨਹੀਂ ਹੋਈ ਕੋਈ ਆਪ ਹੀ ਸਾਧਨ ਦਸੋ ਜਿਸ ਕਰਕੇ ਮੈਨੂੰ ਨਾਮ ਜਲ ਪ੍ਰਾਪਤ ਹੋ ਸਕੇ ?

1. ਉ:—ਹੇ ਮੂਰਖਾ, (ਸੁਣ) ਤੂੰ ਹੋਰ ਕਿਤੇ ਕਿਉਂ ਭਟਕਦਾ ਫਿਰਦਾ ਹੈਂ ?

2. ਵੇਖ, ਉਹ, ਆਤਮਕ ਜੀਵਨ ਦੇਣ ਵਾਲਾ ਸੁੰਦਰ ਹਰਿ ਨਾਮ ਜਲ ਤਾਂ ਤੇਰੇ ਨਾਲ ਹੀ ਹੈ, ਤੂੰ ਉਸ ਤੋਂ ਭੁੱਲ ਭੁੱਲ ਕੇ, ਖੁੰਝ ਖੁੰਝ ਕੇ (ਹੁਣ ਤੱਕ) ਆਤਮਕ ਮੌਤ ਲਿਆਉਣ ਵਾਲੀ, (ਵਿਸ਼ਿਆਂ ਦੀ) ਜ਼ਹਰ ਹੀ ਖਾਧੀ ਹੈ ।੧।ਰਹਾਉ।

3. ਹੇ ਝੱਲਿਆ ਸੁਣ ਉਹ ਪ੍ਰਮਾਤਮਾਂ ਸੁੰਦਰ ਹੈ, ਸੁਜਾਨ ਹੈ, ਉਪਮਾਂ ਰਹਿਤ ਹੈ, ਰਚਨਹਾਰ ਹੈ, ਉਸ ਨਾਲ ਤੇਰੀ ਰਤਾ ਭੀ ਪ੍ਰੀਤ ਨਹੀਂ ਹੈ ।

4. ਹੇ ਝੱਲੇ ! ਮੈਂ ਤਾਂ ਵੇਖ ਰਿਹਾ ਹਾਂ ਕਿ, ਮਨ ਨੂੰ ਮੋਹ ਲੈਣ ਵਾਲੀ ਮਾਇਆ ਦੇ ਨਾਲ ਹੀ ਤੇਰਾ ਮਨ ਪਰਚਿਆ ਰਹਿੰਦਾ ਹੈ, (ਇਸ) ਨਾਸਵੰਤ ਜਗਤ ਵਿਚ ਫਸਾਣ ਵਾਲੀ ਇਹ ਠੱਗ ਬੂਟੀ ਹੀ ਤੂੰ ਸਾਂਭ ਰੱਖੀ ਹੈ ।੧।

ਪ੍ਰ:—ਸ੍ਰੀ ਜੀਉ, ਇਹ ਦਸੋ ਕਿ ਆਖਰ ਉਸ ਜੋਤੀ ਸਰੂਪ ਦੀ ਜੋਤ ਵਿਚ ਕਿਸ ਮਨੁੱਖ ਦੀ ਲੀਨਤਾ ਹੋਈ ਹੈ ?

5. ਕਥਨ ਕਰਦੇ ਹਨ (ਗੁਰੂ)ਨਾਨਕ ਦੇਵ ਜੀ ਕਿ, ਹੇ ਭਾਈਓ ! (ਉਹ) ਸਾਰੇ ਦੁਖਾਂ ਦੇ ਨਾਸ ਕਰਨ ਵਾਲਾ ਪ੍ਰਮੇਸ਼ਰ ਜੀ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ, ਉਸਦੀ ਪ੍ਰੀਤ ਸੰਤ ਜਨਾਂ ਨਾਲ ਬਣ ਗਈ ਹੈ ।

6. ਹੇ ਪਿਆਰੇ, ਉਸਨੇ ਸਾਰੇ ਖ਼ਜ਼ਾਨੇ (ਸਮਝੋ) ਹਿਰਦੇ ਘਰ ਵਿਚੋਂ ਹੀ ਲੱਭ ਲਏ ਹਨ, (ਇਸ ਤਰ੍ਹਾਂ) ਪ੍ਰਮਾਤਮਾਂ ਦੀ

ਜੋਤ ਵਿਚ ਉਸਦੀ (ਸਦਾ ਲਈ) ਲੀਨਤਾ ਹੋ ਗਈ ਹੈ ।੨।੨੧।੪੪।

ਭਾਵਾਰਥ :—ਇਸ ਮਹਾਂਵਾਕ ਵਿਚ ਮਨੁੱਖ ਨੂੰ ਤਾੜਨਾਂ ਕਰਕੇ ਸਮਝਾ ਰਹੇ ਹਨ ਕਿ ਹੇ ਭੋਲਿਆ ! ਇਹੋ ਜਿਹੇ ਅੰਮ੍ਰਿਤ ਨਾਮ ਨੂੰ ਛੱਡ ਕੇ ਤੂੰ ਜ਼ਹਿਰ ਰੂਪ ਮਾਇਆ ਵਿਚ ਲਗਕੇ ਇਸ ਅਮੋਲਕ ਜਨਮ ਨੂੰ ਕਿਉਂ ਵਿਅਰਥ ਹੀ ਗਵਾ ਰਿਹਾ ਹੈਂ ।

ਸਾਰਗ ਮਹਲਾ ੫ ॥

1. **ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ ॥**
2. **ਜੋ ਤਉ ਬਚਨੁ ਦੀਓ ਮੇਰੇ ਸਤਿਗੁਰ**
ਤਉ ਮੈ ਸਾਜ ਸੀਗਰੀਆ ॥੧॥ਰਹਾਉ॥
3. **ਹਮ ਭੂਲਹ ਤੁਮ ਸਦਾ ਅਭੂਲਾ**
ਹਮ ਪਤਿਤ ਤੁਮ ਪਤਿਤ ਉਧਰੀਆ ॥
4. **ਹਮ ਨੀਚ ਬਿਰਖ ਤੁਮ ਮੈਲਾਗਰ**
ਲਾਜ ਸੰਗਿ ਸੰਗਿ ਬਸਰੀਆ ॥੧॥
5. **ਤੁਮ ਗੰਭੀਰ ਧੀਰ ਉਪਕਾਰੀ**
ਹਮ ਕਿਆ ਬਪੁਰੇ ਜੰਤਰੀਆ ॥
6. **ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ**
ਤਉ ਮੇਰੀ ਸੂਖਿ ਸੇਜਰੀਆ ॥੨॥੨੨॥੪੫॥

ਪਦ ਅਰਥ :—ਓਅੰ ਪ੍ਰੀਤਿ—ਪ੍ਰਮਾਤਮਾਂ ਦੀ ਪ੍ਰੀਤ। ਪ੍ਰਿਆ ਪ੍ਰੀਤਿ—ਪਿਆਰੇ ਦੀ ਪ੍ਰੀਤ। ਚੀਤਿ—ਮੇਰੇ ਚਿਤ ਵਿਚ। ਪਹਿਲਰੀਆ—ਪਹਿਲਾਂ ਦੀ, ਮੁੱਢ ਕਦੀਮਾਂ ਦੀ। ਜੋ ਬਚਨ—ਜਿਹੜਾ ਉਪਦੇਸ਼। ਤਉ—ਤੂੰ। ਸਤਿਗੁਰ—ਹੇ ਸਤਿਗੁਰ। ਤਉ—ਤਦੋਂ। ਸੀਗਰੀਆ—ਸ਼ਿੰਗਾਰੀ ਗਈ ।੧।ਰਹਾਉ।

ਹਮ—ਅਸੀਂ ਜੀਵ । ਭੂਲਹ—ਅਸੀਂ ਭੁੱਲਦੇ ਹਾਂ। ਪਤਿਤ—(ਵਿਕਾਰਾਂ ਵਿਚ) ਡਿਗੇ ਹੋਏ। ਉਧਰੀਆ—(ਵਿਕਾਰਾਂ ਤੋਂ) ਬਚਾਣ ਵਾਲਾ। ਬਿਰਖ—ਰੁੱਖ। ਮੈਲਾਗਰ—ਮਲਯ ਪਰਬਤ ਉਤੇ ਉੱਗਣ ਵਾਲਾ ਚੰਦਨ। ਲਾਜ—ਇੱਜ਼ਤ। ਸੰਗਿ—ਨਾਲ। ਬਸਰੀਆ—ਵਸਣ ਵਾਲੇ ।੧।

ਧੀਰ—ਧੀਰਜ ਵਾਲੇ । ਬਪੁਰੇ—ਨਿਮਾਣੇ, ਵਿਚਾਰੇ। ਜੰਤਰੀਆ—ਜੰਤ । ਗੁਰ—ਹੇ ਗੁਰੂ । ਸੁਖਿ—ਸੁਖ ਵਾਲੀ। ਸੇਜਰੀਆ—ਹਿਰਦਾ ਸੇਜ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਤੁਹਾਡੇ ਅੰਦਰ ਜੋ ਇਤਨਾਂ ਗੂੜ੍ਹਾ ਪ੍ਰਭੂ ਦਾ ਪਿਆਰ ਪ੍ਰਗਟ ਹੋਇਆ ਹੈ, ਇਸ ਪਿਆਰ ਲਈ ਤੁਸੀਂ ਕਿਹੜਾ ਸਾਧਨ ਕਰਦੇ ਰਹੇ ਹੋ ?

1. **ਉ**:—ਹੇ ਭਾਈਓ ! ਇਸ ਪਿਆਰ ਸਬੰਧੀ ਤਾਂ ਮੈਂ ਸਤਿਗੁਰਾਂ ਅਗੇ ਇਉਂ ਹੀ ਪ੍ਰਗਟ ਕਰਦਾ ਹਾਂ ਕਿ, ਹੇ ਸਤਿਗੁਰੋ (ਉਂਝ ਤਾਂ ਮੇਰੇ) ਚਿਤ ਵਿਚ ਪਿਆਰੇ ਪ੍ਰਮਾਤਮਾਂ ਦੀ ਪ੍ਰੀਤ ਮੁੱਢ ਕਦੀਮਾਂ ਦੀ ਹੀ (ਟਿਕੀ ਹੋਈ ਹੈ)।
2. ਪਰ, ਹੇ ਮੇਰੇ ਸਤਿਗੁਰੋ, ਜਦੋਂ ਤੂੰ ਮੈਨੂੰ ਉਪਦੇਸ਼ ਦਿਤਾਂ, (ਉਹ ਪ੍ਰੀਤ ਮੇਰੇ ਅੰਦਰੋਂ ਹੀ ਜਾਗ ਪਈ,(ਤੇ ਮੇਰਾ ਆਤਮਕ ਜੀਵਨ ਸੋਹਣਾ ਬਣ ਗਿਆ ।੧।ਰਹਾਉ।
3. ਹੇ ਗੁਰੋ ! ਅਸੀਂ ਜੀਵ (ਸਦਾ ਹੀ) ਭੁੱਲਾਂ ਕਰਦੇ ਹਾਂ, ਤੂੰ ਸਦਾ ਹੀ ਅਭੁੱਲ ਹੈਂ, ਅਸੀਂ ਜੀਵ ਵਿਕਾਰਾਂ ਵਿਚ ਡਿਗੇ ਰਹਿੰਦੇ ਹਾਂ, ਤੂੰ ਵਿਕਾਰੀਆਂ ਨੂੰ ਬਚਾਣ ਵਾਲਾ ਹੈਂ।
4. ਹੇ ਸਤਿਗੁਰੋ, ਅਸੀਂ (ਅਰਿੰਡ ਵਰਗੇ) ਨੀਚ ਰੁੱਖ ਹਾਂ ਤੂੰ ਚੰਦਨ ਹੈਂ, ਜੋ ਕਿ ਨਾਲ ਵੱਸਣ ਵਾਲੇ ਰੁੱਖਾਂ ਨੂੰ ਸੁਗੰਧਤ ਕਰ ਦੇਂਦਾ ਹੈਂ, ਹੇ ਪ੍ਰਭੂ ! ਤੂੰ ਆਪਣੇ ਚਰਨਾਂ ਵਿਚ ਰਹਿਣ ਵਾਲਿਆਂ ਦੀ ਇੱਜ਼ਤ ਰੱਖਣ ਵਾਲਾ ਹੈਂ ।੧।
5. ਹੇ ਗੁਰੂ, ਤੂੰ ਜਿਗਰੇ ਵਾਲਾ ਹੈਂ, ਧੀਰਜ ਵਾਲਾ ਹੈਂ, ਉਪਕਾਰ ਕਰਨ ਵਾਲਾ ਹੈਂ, ਅਸਾਂ ਨਿਮਾਣੇ ਜੀਵਾਂ ਦੀ ਕੋਈ (ਭੀ) ਪਾਇਆਂ ਨਹੀਂ।

ਪ੍ਰ:—ਸ੍ਰੀ ਜੀਉ, ਹੁਣ ਆਪ ਜੀ ਨੂੰ ਗੁਰੂ ਬਾਰੇ ਕਿਵੇਂ ਅਨਭਵ ਹੁੰਦਾ ਹੈ ?

6. **ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪਿਆਰੇ ! ਮੈਂ ਤਾਂ ਇਉਂ ਹੀ ਵਿਸ਼ਵਾਸ ਕਰਦਾ ਹਾਂ ਕਿ, ਹੇ ਕ੍ਰਿਪਾਲ ਗੁਰੂ, ਜਦੋਂ ਤੂੰ ਮੈਨੂੰ ਪ੍ਰਭੂ ਦਾ ਮੇਲ ਕਰਾਇਆ, ਤਦੋਂ ਤੋਂ (ਹੀ) ਮੇਰੀ ਹਿਰਦਾ ਸੇਜ ਸੁਖਾਂ ਨਾਲ ਭਰਪੂਰ ਹੋ ਗਈ ਹੈ ।੨।੨੨।੪੫।

ਭਾਵਾਰਥ :—ਜਿਤਨੇ ਭੀ ਅਸੀਂ ਨੀਵੇਂ ਹਾਂ, ਹਰੀ ਉਤਨਾਂ ਹੀ ਉਚਾ ਤੇ ਚੰਗਾ ਹੈ, ਪਰ ਗੁਰੂ ਕ੍ਰਿਪਾ ਕਰੇ ਤਾਂ ਐਸੇ ਹਰੀ ਨਾਲ ਭੀ ਮਿਲਾਪ ਹੋ ਸਕਦਾ ਹੈ, ਕਿਉਂਕਿ ਉਸਦੀ ਪ੍ਰੀਤ ਸਾਡੀ ਪ੍ਰਕਿਰਤੀ ਵਿਚ ਧੁਰ ਤੋਂ ਹੀ ਪਈ ਹੋਈ ਹੈ। ਪਰ, ਭੁੱਲ ਕਰਕੇ ਅਸੀਂ ਇਸ ਪ੍ਰੀਤੀ ਨੂੰ ਪਛਾਣਦੇ ਨਹੀਂ, ਗੁਰੂ ਇਹ ਪ੍ਰੀਤ ਸਾਡੇ ਅੰਦਰੋਂ ਕ੍ਰਿਪਾ ਕਰਕੇ ਉਘਾੜ ਦਿੰਦਾ ਹੈ।

ਸਾਰਗ ਮਹਲਾ ੫ ॥

1. **ਮਨ ਓਇ ਦਿਨਸ ਧੰਨਿ ਪਰਵਾਨਾਂ ॥**
2. **ਸਫਲ ਤੇ ਘਰੀ ਸੰਜੋਗ ਸੁਹਾਵੇ**
ਸਤਿਗੁਰ ਸੰਗਿ ਗਿਆਨਾਂ ॥੧॥ਰਹਾਉ॥
3. **ਧੰਨਿ ਸੁਭਾਗ ਧੰਨਿ ਸੋਹਾਗਾ ਧੰਨਿ ਦੇਤ ਜਿਨਿ ਮਾਨਾਂ॥**
4. **ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ ਧਨੁ ਤੁਮਰਾ**
ਹੀਂਉ ਕੀਓ ਕੁਰਬਾਨਾਂ ॥੧॥
5. **ਕੋਟਿ ਲਾਖ ਰਾਜ ਸੁਖ ਪਾਏ**
ਇਕ ਨਿਮਖ ਪੇਖਿ ਦ੍ਰਿਸਟਾਨਾਂ ॥
6. **ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ**
ਸੁਖ ਨਾਨਕ ਅੰਤੁ ਨ ਜਾਨਾਂ ॥੨॥੨੩॥੪੬॥

ਪਦ ਅਰਥ :—ਮਨ—ਹੇ ਮਨ। ਓਇ—ਉਹ। ਧੰਨਿ—ਭਾਗਾਂ ਵਾਲੇ। ਤੇ ਘਰੀ—ਉਹ ਘੜੀਆਂ । ਸੰਜੋਗ—ਮਿਲਾਪ ਦੇ

ਸਮੇਂ । ਸੁਹਾਵੇ–ਸੋਹਣੇ । ਗਿਆਨਾਂ–ਆਤਮਕ ਜੀਵਨ ਦੀ ਸੂਝ ।੧।ਰਹਾਉ।

ਜਿਨ–ਜਿਨ੍ਹਾਂ ਨੂੰ । ਮਾਨਾਂ–ਆਦਰ । ਸਭੁ–ਸਾਰਾ । ਗ੍ਰਿਹੁ–ਘਰ । ਹੀਉ–ਹਿਰਦਾ । ਨੋਟ : ਅੱਖਰ 'ਉ' ਦੇ ਨਾਲ ਦੋ ਲਗਾਂ ਹਨ– ੋ –ਅਤੇ ੁ । ਅਸਲ ਲਫਜ਼ 'ਹੀਉ' ਹੈ ਇਥੇ 'ਹੀਓ' ਪੜ੍ਹਨਾ ਹੈ] ।੧।

ਕੋਟਿ–ਕ੍ਰੋੜਾਂ । ਨਿਮਖ–ਅੱਖ ਝਮਕਣ ਜਿਤਨਾ ਸਮਾਂ । ਪੇਖਿ–ਵੇਖ ਕੇ । ਦ੍ਰਿਸਟਾਨਾਂ–ਨਿਗਾਹ, ਦਰਸ਼ਨ । ਜਉ–ਜੇ । ਮੁਖਹੁ–ਮੂੰਹੋਂ । ਸੇਵਕ–ਹੇ ਸੇਵਕ । ਇਹ–ਇਥੇ ।੨।

ਅਰਥ :–

ਪ੍ਰ:–ਗੁਰਦੇਵ ਜੀਉ, ਆਪ ਜੀ ਜ਼ਿੰਦਗੀ ਦੇ ਦਿਨ ਅਤੇ ਘੜੀਆਂ ਕਿਹੜੀਆਂ ਸਫਲ ਮੰਨਦੇ ਹੋ ?

1. **ਉ** :– ਹੇ ਭਾਈਓ ! ਮੈਂ ਤਾਂ ਮਨ ਨੂੰ ਹਮੇਸ਼ਾਂ ਇਉਂ ਹੀ ਸੰਬੋਧਨ ਕਰਦਾ ਰਹਿੰਦਾ ਹਾਂ ਕਿ, ਹੇ ਮਨ, ਉਹ ਦਿਨ ਭਾਗਾਂ ਵਾਲੇ ਹੋਇਆ ਕਰਦੇ ਹਨ । (ਪ੍ਰਭੂ ਦੇ ਦਰ ਤੇ) ਕਬੂਲ ਹੁੰਦੇ ਹਨ ।
2. (ਜ਼ਿੰਦਗੀ ਦੀਆਂ) ਉਹ ਘੜੀਆਂ ਸਫਲ ਹਨ (ਗੁਰੂ ਨਾਲ) ਮੇਲ ਦੇ ਉਹ ਸਮੇਂ ਸੋਹਣੇ ਹੁੰਦੇ ਹਨ, ਜਦੋਂ ਗੁਰੂ ਦੀ ਸੰਗਤ ਵਿਚ (ਰਹਿ ਕੇ) ਆਤਮਕ ਜੀਵਨ ਦੀ ਸੂਝ ਪ੍ਰਾਪਤ ਹੁੰਦੀ ਹੈ ।੧।ਰਹਾਉ।
3. ਹੇ ਭਾਈਓ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਹੇ ਪ੍ਰਭੂ ਜਿਸ ਮਨੁੱਖ ਨੂੰ ਤੂੰ (ਆਪਣੇ ਦਰ ਤੇ) ਆਦਰ ਦੇਂਦਾ ਹੈਂ, ਉਹ ਧੰਨ ਹਨ, ਸੁਭਾਗ ਹਨ, ਕਿਸਮਤ ਵਾਲੇ ਹਨ ।
4. ਹੇ ਪ੍ਰਭੂ ! ਮੇਰਾ ਇਹ ਸਰੀਰ ਤੇਰੇ ਹਵਾਲੇ ਹੈ, ਮੇਰਾ ਸਾਰਾ ਘਰ ਤੇ ਧਨ ਤੇਥੋਂ ਸਦਕੇ ਹਨ, ਮੈਂ ਆਪਣਾ ਹਿਰਦਾ (ਤੇਰੇ ਚਰਨਾਂ ਤੋਂ) ਸਦਕੇ ਕਰਦਾ ਹਾਂ ।੧।
5. ਹੇ ਮੇਰੇ ਸਾਂਈਆਂ ਜੀਉ, ਮੈਨੂੰ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਤੇਰੇ ਦਰਸ਼ਨ ਕਰ ਕੇ (ਮਾਨੋ) ਰਾਜ ਦੇ ਲੱਖਾਂ ਕ੍ਰੋੜਾਂ ਸੁਖ ਪ੍ਰਾਪਤ ਹੋ ਜਾਂਦੇ ਹਨ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਜੇ ਤੂੰ ਮੂੰਹੋਂ ਆਖੇਂ ਕਿ, ਹੇ ਸੇਵਕ, ਇਥੇ ਬੈਠ, (ਮੈਨੂੰ ਇਤਨਾ ਅਨੰਦ ਆਉਂਦਾ ਹੈ ਕਿ ਉਸ) ਅਨੰਦ ਦਾ ਮੈਂ ਅੰਤ ਨਹੀਂ ਜਾਣ ਸਕਦਾ ।੨।੨੩।੪੬।

ਭਾਵਾਰਥ :–ਭਾਵੇਂ ਮਾਇਕੀ ਪਦਾਰਥਾਂ ਦੇ ਮਿਲਣ ਦੀ ਖੁਸ਼ੀ ਭੀ ਮਨੁੱਖ ਦੇ ਮਨ ਨੂੰ ਪ੍ਰਭਾਵਤ ਕਰਦੀ ਹੈ, ਪਰ ਜੋ ਹਰੀ ਦੇ ਮਿਲਾਪ ਦੀ ਖੁਸ਼ੀ ਹੈ ਇਸ ਖੁਸ਼ੀ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਇਹ ਅਨੰਤ ਖੁਸ਼ੀ ਹੈ ।

ਸਾਰਗ ਮਹਲਾ ੫ ॥

1. **ਅਬ ਮੋਰੋ ਸਹਸਾ ਦੂਖੁ ਗਇਆ ॥**
2. **ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ ॥੧॥ਰਹਾਉ॥**
3. **ਸਰਬ ਸਿਧਿ ਕਾਰਜ ਸਭਿ ਸਵਰੇ ਅਹੰ ਰੋਗ ਸਗਲ ਹੀ ਖਇਆ ॥**
4. **ਕੋਟਿ ਪਰਾਧ ਖਿਨ ਮਹਿ ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥੧॥**
5. **ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥**
6. **ਆਇ ਨ ਜਾਵੈ ਨ ਕਤਹੀ ਡੋਲੈ ਥਿਰੁ ਨਾਨਕ ਰਾਜਇਆ ॥੨॥੨੪॥੪੭॥**

ਪਦ ਅਰਥ:–ਮੋਰੋ–ਮੇਰਾ । ਸਹਸਾ–ਸਹਿਮ । ਉਪਾਵ –ਉਪਾਉ ਹੀਲੇ ।੧।ਰਹਾਉ।

ਕੋਟਿ–ਕ੍ਰੋੜਾਂ । ਪਰਾਧ–ਅਪਰਾਧ । ਖਉ–ਨਾਸ । ਭਈ ਹੈ–ਹੋ ਜਾਂਦੀ ਹੈ । ਸਿਧਿ–ਸਿਧੀਆਂ । ਅਹੰ–ਹਉਮੈਂ । ਖਇਆ –ਨਾਸ ਹੋ ਗਿਆ ।੧।

ਪੰਚ–(ਕਾਮਾਦਿਕ) ਪੰਜੇ । ਗੁਰਿ–ਗੁਰੂ ਨੇ । ਵਸਗਤਿ– ਵੱਸ ਵਿਚ । ਨਿਹਚਲ–ਅਡੋਲ । ਕਤ ਹੀ–ਕਿਤੇ ਭੀ । ਆਇ ਨ ਜਾਵੈ–ਨਾ ਆਉਂਦਾ ਹੈ ਨਾ ਜਾਂਦਾ ਹੈ, ਦੌੜ ਭਜ ਨਹੀਂ ਕਰਦਾ । ਥਿਰੁ–ਸਦਾ ਕਾਇਮ ਰਹਿਣ ਵਾਲਾ ।੨।

ਅਰਥ:–

ਪ੍ਰ:–ਹੇ ਗੁਰਦੇਵ ਜੀ, ਸਾਡੇ ਮਨਾਂ ਵਿਚ ਤਾਂ ਅਨੇਕਾਂ ਹੀ ਤਰ੍ਹਾਂ ਦੇ ਸੰਸੇ ਬਣੇ ਰਹਿੰਦੇ ਹਨ, ਜਿਨ੍ਹਾਂ ਦੇ ਪ੍ਰਭਾਵ ਕਰਕੇ, ਹਰ ਵਕਤ ਹੀ ਦੁਖਾਂ ਦਾ ਜਨਮ ਹੁੰਦਾ ਹੈ, ਪਰ ਆਪ ਜੀ ਨੂੰ ਇਹ ਨਿਰਸੰਸੇ ਪਦਵੀ ਕਿਵੇਂ ਹਾਸਲ ਹੋ ਗਈ ?

1. **ਉ**:–ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ, ਜਦੋਂ ਦਾ, ਮੈਂ ਗੁਰੂ ਦੀ ਸ਼ਰਨ ਪਿਆ ਹਾਂ (ਉਦੋਂ ਤੋਂ ਹੀ ਮੈਂ ਨਿਰਸੰਸੇ ਹੋ ਗਿਆ ਹਾਂ) ਇਸ ਲਈ ਮੇਰਾ ਸਾਰਾ ਭਰਮ ਅਤੇ ਦੁਖ ਦੂਰ ਹੋ ਗਿਆ ਹੈ ।

ਪ੍ਰ:–ਕਿਉਂ ਜੀ, ਗੁਰੂ ਦੀ ਸ਼ਰਨ ਵਿਚ ਰਹਿਕੇ ਤੁਸਾਂ ਨੇ ਸਾਧਨ ਕੀ ਕੀਤਾ ਹੈ ?

2. **ਉ**:–ਹੇ ਭਾਈਓ ! ਗੁਰੂ ਦੀ ਸ਼ਰਨ ਵਿਚ ਜਾਕੇ ਮੈਂ (ਮਨ ਨੂੰ ਕਾਬੂ ਕਰਨ ਦੇ) ਹੋਰ ਸਾਰੇ ਹੀਲੇ ਛੱਡ ਦਿਤੇ ਹਨ (ਬਸ, ਗੁਰੂ ਸ਼ਰਨ ਦੀ ਬਰਕਤ ਨਾਲ) ਹੁਣ ਮੇਰਾ ਹਰੇਕ ਸਹਿਸਾ ਹਰੇਕ ਦੁਖ ਦੂਰ ਹੋ ਗਿਆ ਹੈ ।੧।ਰਹਾਉ।
3. ਹੇ ਭਾਈ ! ਜਦੋਂ ਤੋਂ ਮੈਂ ਗੁਰੂ ਨੂੰ ਮਿਲਕੇ ਪ੍ਰਮੇਸ਼ਰ ਜੀ ਦਾ ਨਾਮ ਜਪਣਾ ਸ਼ੁਰੂ ਕੀਤਾ ਹੈ ਤਾਂ ਮੈਨੂੰ ਸਾਰੀਆਂ ਸਿਧੀਆਂ ਪ੍ਰਾਪਤ ਹੋ ਗਈਆਂ ਹਨ ਤੇ ਮੇਰੇ ਸਾਰੇ ਕੰਮ ਸਵਾਰ ਗਏ ਹਨ, ਮੇਰੇ ਅੰਦਰੋਂ ਹਉਮੈਂ ਦਾ ਰੋਗ ਭੀ ਸਾਰਾ ਹੀ ਮਿਟ ਗਿਆ ਹੈ ।
4. ਹੇ ਭਾਈਓ ! ਹੁਣ ਮੇਰੇ ਕ੍ਰੋੜਾਂ ਹੀ ਅਪਰਾਧ ਮਿਟ ਗਏ, ਜਦ

ਕਿ ਮੈਂ ਗੁਰੂ ਨੂੰ ਮਿਲਕੇ ਹਰਿ ਹਰਿ ਨਾਮ ਜਪਣਾ ਸ਼ੁਰੂ ਕਰ ਦਿਤਾ ਹੈ ।੧।

5. ਹੇ ਭਾਈ ! ਗੁਰੂ ਨੇ ਹੁਣ ਕਾਮਾਦਿਕ ਪੰਜਾਂ ਨੂੰ ਮੇਰੇ ਦਾਸ ਬਣਾ ਦਿਤਾ ਹੈ, ਮੇਰੇ ਵੱਸ ਵਿਚ ਕਰ ਦਿਤਾ, (ਇਨ੍ਹਾਂ ਦੇ ਟਾਕਰੇ ਤੇ ਮੇਰਾ ਮਨ ਅਹਿੱਲ ਹੋ ਗਿਆ ਹੈ) ਨਿਡਰ ਹੋ ਗਿਆ ਹੈ ।

ਪ੍ਰ:–ਸ੍ਰੀ ਜੀਉ ! ਹੁਣ ਤੁਹਾਡੇ ਅੰਤਰ ਆਤਮੇਂ ਕਿਵੇਂ ਪ੍ਰਤੀਤ ਹੋ ਰਿਹਾ ਹੈ ?

6.ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ, (ਹੁਣ ਗੁਰੂ ਦੀ ਕ੍ਰਿਪਾ ਨਾਲ ਮੇਰਾ ਮਨ) ਕਿਤੇ ਦੌੜ ਭੱਜ ਨਹੀਂ ਕਰਦਾ, ਕਿਤੇ ਨਹੀਂ ਡੋਲਦਾ, (ਇਸ ਨੂੰ ਮਾਨੋ) ਸਦਾ ਕਾਇਮ ਰਹਿਣ ਵਾਲਾ ਰਾਜ ਮਿਲ ਗਿਆ ਹੈ ।੨।੨੪।੪੭।

ਭਾਵਾਰਥ :–ਗੁਰੂ ਦੀ ਸ਼ਰਨ ਪ੍ਰਾਪਤ ਕਰਨ ਨਾਲ ਹਰੀ ਤੋਂ ਦੂਰ ਰੱਖਣ ਵਾਲੇ ਸਾਰੇ ਅਉਗਣ ਮਿਟ ਗਏ ਅਤੇ ਸਹਿਸਾ ਹਉਮੈਂ ਆਦਿਕ ਭੀ ਦੂਰ ਹੋ ਗਏ, ਕਿਉਂਕਿ ਗੁਰੂ ਦੀ ਸ਼ਰਨ ਵਿਚ ਰਹਿਕੇ ਹੁਣ ਮਨ ਸਥਿਰ ਹੋ ਕੇ ਕੇਵਲ ਹਰੀ ਹਰੀ ਜਪਣ ਦਾ ਹੀ ਆਦੀ ਹੋ ਗਿਆ ਹੈ ।

ਸਾਰਗ ਮਹਲਾ ੫ ॥

1. ਪ੍ਰਭੁ ਮੇਰੋ ਇਤ ਉਤ ਸਦਾ ਸਹਾਈ ॥
2. ਮਨਮੋਹਨੁ ਮੇਰੇ ਜੀਅ ਕੋ ਪਿਆਰੋ ॥
ਕਵਨ ਕਹਾ ਗੁਨ ਗਾਈ ॥੧॥ਰਹਾਉ॥
3, ਖੇਲਿ ਖਿਲਾਇ ਲਾਡ ਲਾਡਾਵੈ
ਸਦਾ ਸਦਾ ਅਨਦਾਈ ॥
4. ਪ੍ਰਤਿਪਾਲੈ ਬਾਰਿਕ ਕੀ ਨਿਆਈ
ਜੈਸੇ ਮਾਤ ਪਿਤਾਈ ॥੧॥
5. ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ
ਬਿਸਰਿਨ ਕਬਹੂ ਜਾਈ ॥
6. ਕਹੁ ਨਾਨਕ ਮਿਲਿ ਸੰਤ ਸੰਗਤਿ ਤੇ
ਮਗਨ ਭਏ ਲਿਵ ਲਾਈ ॥੨॥੨੫॥੪੮॥

ਪਦ ਅਰਥ :–ਇਤ–ਇਸ ਲੋਕ ਵਿਚ । ਉਤ–ਪ੍ਰਲੋਕ ਵਿਚ । ਸਹਾਈ–ਸਹਾਇਤਾ ਕਰਨ ਵਾਲਾ । ਜੀਅ ਕੋ–ਜਿੰਦ ਦਾ । ਗਾਈ–ਗਾਇ,ਗਾ ਕੇ । ਕਵਨ ਗੁਨ–ਕਿਹੜੇ ਕਿਹੜੇ ਗੁਣ ? ਕਹਾ–ਕਹਾਂ ਮੈਂ ਦਸਾਂ ।੧।ਰਹਾਉ।

ਖੇਲਿ–ਖੇਲ ਵਿਚ । ਖਿਲਾਇ–ਖਿਡਾ ਕੇ । ਅਨਦਾਈ–ਅਨੰਦ ਦੇਣ ਵਾਲਾ । ਨਿਆਈ–ਵਾਂਗ । ਪਿਤਾਈ–ਪਿਤਾ ।੧।

ਨਿਮਖ–ਅੱਖ ਝਮਕਣ ਜਿਤਨਾ ਸਮਾਂ । ਮਿਲਿ–ਮਿਲੇ, ਜੋ ਮਿਲੇ । ਤੇ–ਉਹ । ਲਿਵ–ਲਗਨ । ਲਾਈ–ਲਾਇ, ਲਾ ਕੇ ।੨।

ਅਰਥ.–

ਪ੍ਰ:–ਸ੍ਰੀ ਜੀਉ ! ਪ੍ਰਭੂ ਦਾ ਨਾਮ ਸਿਮਰਦੇ ਰਹਿਣ ਨਾਲ ਆਪ ਜੀ ਦਾ ਹੁਣ ਨਿਸਚਾ ਕਿਸ ਰੂਪ ਵਿਚ ਬਣ ਗਿਆ ਹੈ ?

1.ਉ:–ਹੇ ਭਾਈਓ ! ਮੇਰੇ ਮਨ ਵਿਚ ਸਿਮਰਨ ਦੀ ਬਰਕਤ ਨਾਲ ਹੁਣ ਮੇਰਾ ਇਹ ਨਿਸਚਾ ਬੱਝ ਗਿਆ ਹੈ ਕਿ, ਉਹ ਮੇਰਾ ਪ੍ਰਭੂ ਇਸ ਲੋਕ ਵਿਚ, ਪ੍ਰਲੋਕ ਵਿਚ ਸਦਾ ਸਹਾਇਤਾ ਕਰਨ ਵਾਲਾ ਹੈ ।

2. ਹੇ ਪਿਆਰੇ, ਮੇਰੇ ਮਨ ਨੂੰ ਮੋਹਣ ਵਾਲਾ ਉਹ ਮੇਰਾ ਪ੍ਰਭੂ ਮੇਰੀ ਜਿੰਦ ਦਾ ਪਿਆਰਾ ਹੈ, ਮੈਂ ਉਸਦੇ ਕਿਹੜੇ ਕਿਹੜੇ ਗੁਣ ਗਾ ਕੇ ਦਸਾਂ ।੧।ਰਹਾਉ।

3. ਹੇ ਭਾਈਓ ! ਜਿਵੇਂ ਮਾਂ ਪਿਉ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਤਿਵੇਂ ਉਹ ਸਾਡੀ ਪਾਲਣਾ ਕਰਦਾ ਹੈ, ਉਹ ਸਾਨੂੰ (ਜਗਤ) ਤਮਾਸ਼ੇ ਵਿਚ ਖਿਡਾਂਦਾ ਹੈ, ਲਾਡ ਲਡਾਂਦਾ ਹੈ, ਉਹ ਸਦਾ ਹੀ ਸਦਾ ਹੀ ਸੁਖ ਦੇਣ ਵਾਲਾ ਹੈ ।

4. ਹੇ ਭਾਈ ! ਜਿਵੇਂ ਮਾਂ ਪਿਉ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਤਿਵੇਂ ਉਹ ਸਾਡੀ ਪਾਲਣਾ ਕਰਦਾ ਹੈ ।

ਪ੍ਰ.–ਗੁਰਦੇਵ ਜੀਉ, ਹੁਣ ਆਪ ਜੀ ਦੇ ਅੰਤਰ ਆਤਮੇ ਉਸ ਸਾਈਂ ਜੀ ਦਾ ਕਿਤਨਾ ਕੁ ਪਿਆਰ ਹੈ ?

5.ਉ:–ਹੇ ਭਾਈਓ ! ਜੇ ਸੱਚ ਪੁਛੋਂ ਤਾਂ ਹੁਣ ਉਸ ਪ੍ਰਮਾਤਮਾਂ ਦੀ ਯਾਦ ਤੋਂ ਬਿਨਾ ਮੈਥੋਂ ਅੱਖ ਝਮਕਣਾ ਜਿਤਨਾ ਸਮਾਂ ਭੀ ਨਹੀਂ ਰਿਹਾ ਜਾ ਸਕਦਾ । ਉਸਨੂੰ ਮੈਥੋਂ ਕਦੀ ਭੁਲਾਇਆ ਨਹੀਂ ਜਾ ਸਕਦਾ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਹੜੇ ਬੰਦੇ ਸਾਧ ਸੰਗਤ ਵਿਚ ਮਿਲਦੇ ਹਨ, ਉਹ ਮਨੁੱਖ ਪ੍ਰਮਾਤਮਾਂ ਵਿਚ ਸੁਰਤ ਜੋੜਕੇ (ਸਦਾ ਹੀ) ਮਸਤ ਰਹਿੰਦੇ ਹਨ ।੨।੨੫।੪੮।

ਭਾਵਾਰਥ :–ਗੁਰੂ ਦੀ ਸੰਗਤ ਦੇ ਮਿਲਾਪ ਨਾਲ ਉਹ ਐਸਾ ਹਰੀ ਮਿਲਿਆ ਹੈ ਜੋ ਕਿ ਹੁਣ ਉਹ ਸਾਨੂੰ ਬਚਿਆਂ ਵਾਂਗੂ ਲਾਡ ਲਡਾ ਕੇ ਰਖਦਾ ਤੇ ਹਰ ਤਰ੍ਹਾਂ ਦਾ ਸੁਖ ਦੇਂਦਾ ਹੈ ।

ਸਾਰਗ ਮਹਲਾ ੫ ॥

1. ਅਪਨਾ ਮੀਤੁ ਸੁਆਮੀ ਗਾਈਐ ॥
2. ਆਸ ਨ ਅਵਰ ਕਾਹੂ ਕੀ ਕੀਜੈ
ਸੁਖਦਾਤਾ ਪ੍ਰਭੁ ਧਿਆਈਐ ॥੧॥ਰਹਾਉ॥
3. ਸੂਖ ਮੰਗਲ ਕਲਿਆਣ ਜਿਸਹਿ ਘਰਿ
ਤਿਸ ਹੀ ਸਰਣੀ ਪਾਈਐ ॥
4. ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ
ਤਉ ਲਾਜ ਲੋਨੁ ਹੋਇ ਜਾਈਐ ॥੧॥
5. ਏਕ ਓਟ ਪਕਰੀ ਠਾਕੁਰ ਕੀ
ਗੁਰ ਮਿਲਿ ਮਤਿ ਬੁਧਿ ਪਾਈਐ ॥

6. ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ
ਸਗਲ ਚੁਕੀ ਮੁਹਤਾਈਐ ॥੨॥੨੬॥੪੯॥

ਪਦ ਅਰਥ :–ਮੀਤੁ–ਮਿੱਤਰ । ਸੁਆਮੀ–ਮਾਲਕ । ਗਾਈਐ–ਸਿਫਤ ਸਾਲਾਹ ਕਰਨੀ ਚਾਹੀਦੀ ਹੈ । ਅਵਰ ਕਾਹੂ ਕੀ–ਕਿਸੇ ਭੀ ਹੋਰ ਦੀ । ਕੀਜੈ–ਕਰਨੀ ਚਾਹੀਦੀ । ਧਿਆਈਐ –ਸਿਮਰਨਾ ਚਾਹੀਦਾ ਹੈ ।੧।ਰਹਾਉ।

ਮੰਗਲ–ਖੁਸ਼ੀਆਂ । ਕਲਿਆਣ–ਸੁਖ । ਜਿਸਹਿ ਘਰਿ–ਜਿਸ (ਪ੍ਰਭੂ) ਦੇ ਹੀ ਘਰ ਵਿਚ । ਪਾਈਐ–ਪੈਣਾ ਚਾਹੀਦਾ ਹੈ। ਤਿਆਗਿ–ਛੱਡ ਕੇ । ਸੇਵਹੁ–ਖੁਸ਼ਾਮਦ ਕਰੋਗੇ । ਲਾਜ–ਸ਼ਰਮ । ਲੋਨੁ–(ਲੋਇਣਾ) । ਲਾਜ ਲੋਨੁ–ਸ਼ਰਮ ਸਾਰ ਅੱਖਾਂ ਵਾਲਾ ।੧।

ਓਟ–ਆਸਰਾ । ਪਕਰੀ–ਫੜੀ ਹੈ । ਗੁਰ ਮਿਲਿ–ਗੁਰੂ ਨੂੰ ਮਿਲ ਕੇ । ਗੁਣ ਨਿਧਾਨ–ਗੁਣਾਂ ਦਾ ਖ਼ਜ਼ਾਨਾ । ਚੁਕੀ–ਮੁੱਕ ਗਈ । ਮੁਹਤਾਈਐ–ਮੁਥਾਜੀ ।੨।

ਅਰਥ:–

ਪ੍ਰ:–ਗੁਰਦੇਵ ਜੀਓ, ਵੇਖਣ ਵਿਚ ਆਉਂਦਾ ਹੈ ਕਿ ਸੰਸਾਰੀ ਲੋਕ ਆਪਣੇ ਸੰਸਾਰਕ ਮਿੱਤਰਾਂ ਦੀ ਸਿਫ਼ਤ ਸਲਾਹ ਵਿਚ ਲਗੇ ਰਹਿੰਦੇ ਹਨ, ਪਰ ਗੁਰਮਤਿ ਅਨੁਸਾਰ ਸਿਫਤ ਕਿਸ ਦੀ ਕਰਦੇ ਰਹਿਣਾ ਚਾਹੀਦਾ ਹੈ ?

1. **ਉ**:–ਹੇ ਭਾਈ ! ਆਪਣਾ ਅਸਲ ਮਿੱਤਰ ਤਾਂ ਉਹ ਮਾਲਕ ਇਕ ਪ੍ਰਭੂ ਹੀ ਹੈ, ਉਸੇ ਦੀ ਸਿਫਤ ਸਾਲਾਹ ਕਰਦੇ ਰਹਿਣਾ ਚਾਹੀਦਾ ਹੈ ।
2. (ਉਸ ਪ੍ਰਮਾਤਮਾਂ ਤੋਂ ਬਿਨਾ) ਕਿਸੇ ਭੀ ਹੋਰ ਦੀ ਆਸ ਨਹੀਂ ਕਰਨੀ ਚਾਹੀਦੀ ਉਹ ਪ੍ਰਭੂ ਹੀ ਸਾਰੇ ਸੁਖ ਦੇਣ ਵਾਲਾ ਹੈ, ਉਸੇ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ।੧।ਰਹਾਉ।
3. ਹੇ ਭਾਈਓ ! ਜਿਸ ਪ੍ਰਮਾਤਮਾਂ ਦੇ ਹੀ ਘਰ ਵਿਚ ਸਾਰੇ ਸੁਖ ਹਨ, ਖੁਸ਼ੀਆਂ ਤੇ ਅਨੰਦ ਹਨ, ਉਸੇ ਦੀ ਸ਼ਰਨ ਹੀ ਪਏ ਰਹਿਣਾ ਚਾਹੀਦਾ ਹੈ ।
4. ਹੇ ਭਾਈ ! ਯਾਦ ਰਖੋ, ਜੇ ਤੁਸੀਂ ਉਸ ਪ੍ਰਭੂ ਨੂੰ ਛੱਡ ਕੇ ਮਨੁੱਖ ਦੀ ਖੁਸ਼ਾਮਦ ਕਰੋਗੇ, ਤਾਂ ਸ਼ਰਮਸਾਰ ਹੀ ਹੋਣਾ ਪੈਂਦਾ ਹੈ ।੧।
5. ਹੇ ਪਿਆਰੇ, ਜਿਸ ਮਨੁੱਖ ਨੇ ਗੁਰੂ ਨੂੰ ਮਿਲਕੇ ਉਚੀ ਮਤਿ, ਉਚੀ ਬੁਧ ਪ੍ਰਾਪਤ ਕਰ ਲਈ ਹੈ, ਉਸਨੇ ਸਿਰਫ ਮਾਲਕ ਪ੍ਰਭੂ ਦਾ ਹੀ ਆਸਰਾ ਲਿਆ ਹੈ ।

ਪ੍ਰ:–ਕਿਉਂ ਜੀ, ਆਖਰ ਉਸਨੂੰ ਹਾਸਲ ਕੀ ਹੋਇਆ ਹੈ ?

6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ, ਜਿਸ ਮਨੁੱਖ ਨੂੰ ਸਾਰੇ ਗੁਣਾਂ ਦਾ ਖ਼ਜ਼ਾਨਾ ਪ੍ਰਭ ਮਿਲ ਪਿਆ ਹੈ, ਉਸਦੀ ਤਾਂ ਸਾਰੀ ਹੀ ਮੁਥਾਜੀ ਮੁੱਕ ਗਈ ।੨।੨੬।੪੯।

ਭਾਵਾਰਥ :–ਜਿਸ ਪਰੀ ਪੂਰਨ ਪ੍ਰਮਾਤਮਾਂ ਦੇ ਪਾਸ ਸਾਡੇ ਲਈ ਸਾਰੇ ਹੀ ਸੁਖ ਹਨ, ਉਸਨੂੰ ਛੱਡਕੇ ਮਨੁੱਖ ਦੀ ਪੂਜਾ ਕਰਨੀ ਵਿਅਰਥ ਹੈ ।

ਸਾਰਗ ਮਹਲਾ ੫ ॥

1. ਓਟ ਸਤਾਣੀ ਪ੍ਰਭ ਜੀਉ ਮੇਰੈ ॥
2. ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ
ਮਾਣਿ ਮਹਤਿ ਪ੍ਰਭ ਤੇਰੈ ॥੧॥ਰਹਾਉ॥
3. ਅੰਗੀਕਾਰੁ ਕੀਓ ਪ੍ਰਭਿ ਅਪੁਨੈ
ਕਾਢਿ ਲੀਆ ਬਿਖੁ ਘੇਰੈ ॥
4. ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ
ਜਾਇ ਪਇਆ ਗੁਰ ਪੈਰੈ ॥੧॥
5. ਕਵਨ ਉਪਮਾ ਕਹਉ ਏਕ ਮੁਖ
ਨਿਰਗੁਣ ਕੇ ਦਾਤੇਰੈ ॥
6. ਕਾਟਿ ਸਿਲਕ ਜਉ ਅਪੁਨਾ ਕੀਨੋ
ਨਾਨਕ ਸੂਖ ਘਨੇਰੈ ॥੨॥੨੭॥੫੦॥

ਪਦ ਅਰਥ :–ਓਟ–ਆਸਰਾ । ਸਤਾਣੀ–ਤਾਣ ਵਾਲੀ, ਤਕੜੀ । ਮੇਰੈ–ਮੇਰੇ ਅੰਦਰ । ਦ੍ਰਿਸਟਿ ਨ ਲਿਆਵਉ–ਮੈਂ ਨਿਗਾਹ ਵਿਚ ਨਹੀਂ ਲਿਆਉਂਦਾ । ਤੇਰੈ ਮਾਣਿ–ਤੇਰੇ ਮਾਣ ਦੇ ਆਸਰੇ । ਤੇਰੈ ਮਹਤਿ–ਤੇਰੇ ਵਡੱਪਣ ਦੇ ਆਸਰੇ । ਪ੍ਰਭ –ਹੇ ਪ੍ਰਭੂ ।੧।ਰਹਾਉ।

ਅੰਗੀਕਾਰੁ–ਪੱਖ । ਪ੍ਰਭਿ–ਪ੍ਰਭੂ ਨੇ । ਬਿਖੁ–ਆਤਮਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ । ਘੇਰੈ–ਘੇਰੇ ਵਿਚੋਂ । ਅੰਮ੍ਰਿਤ ਨਾਮੁ–ਆਤਮਕ ਜੀਵਨ ਦੇਣ ਵਾਲਾ ਨਾਮ ਜਲ । ਅਉਖਧੁ–ਦਵਾਈ । ਮੁਖਿ–ਮੂੰਹ ਵਿਚ । ਗੁਰ ਪੈਰੈ–ਗੁਰੂ ਦੇ ਚਰਨਾਂ ਉਤੇ ।੧।

ਕਵਨ ਉਪਮਾ–ਕਿਹੜੀ ਕਿਹੜੀ ਵਡਿਆਈ? ਕਹਉ–ਕਹਉਂ, ਮੈਂ ਆਖਾਂ । ਨਿਰਗੁਣ–ਗੁਣ ਹੀਣ । ਦਾਤੇਰੈ–ਦਾਤੇ ਦੇ । ਕਾਟਿ–ਕਟ ਕੇ । ਸਿਲਕ–ਫਾਹੀ । ਜਉ–ਜਦੋਂ । ਘਨੇਰੈ–ਬਹੁਤ ।੨।

ਅਰਥ:–

ਪ੍ਰ:–ਗੁਰਦੇਵ ਜੀਉ, ਜਗਤ ਵਿਚ ਹਰ ਪ੍ਰਾਣੀ ਨੇ ਮਨ ਵਿਚ ਭਿੰਨ ਭਿੰਨ ਆਸਰੇ ਮੰਨੇ ਹੋਏ ਹਨ, ਪਰ ਆਪ ਜੀ ਦਾ ਕੀ ਨਿਸਚਾ ਹੈ ?

1, **ਉ**:–ਹੇ ਭਾਈਓ ! ਮੇਰੇ ਮਨ ਦਾ ਤਾਂ ਇਹੋ ਹੀ ਨਿਸਚਾ ਹੈ ਕਿ, ਹੇ ਪ੍ਰਭੂ ਜੀ ! ਮੇਰੇ ਹਿਰਦੇ ਵਿਚ (ਇਕ) ਤੇਰਾ ਹੀ ਤਕੜਾ ਸਹਾਰਾ ਹੈ ।

2. (ਇਸ ਲਈ) ਹੇ ਪ੍ਰਭੂ ਜੀ, ਤੇਰੇ ਮਾਣ ਦੇ ਆਸਰੇ ਤੇਰੇ ਵਡੱਪਣ ਦੇ ਆਸਰੇ ਮੈਂ ਹੋਰ ਕਿਸੇ ਨੂੰ ਨਿਗਾਹ ਵਿਚ ਨਹੀਂ ਲਿਆਉਂਦਾ (ਭਾਵ ਮੈਂ ਕਿਸੇ ਹੋਰ ਨੂੰ ਤੇਰੇ ਬਰਾਬਰ ਦਾ ਨਹੀਂ ਸਮਝਦਾ) ।੧।ਰਹਾਉ।

ਪ੍ਰ:–ਸ੍ਰੀ ਜੀਉ, ਇਹ ਨਿਸਚਾ ਆਪ ਜੀ ਨੂੰ ਕਿਵੇਂ ਆਇਆ ਹੈ?

3.**ਉ**:–ਹੇ ਪਿਆਰੇ, ਮੈਨੂੰ ਗੁਰੂ ਦੁਆਰੇ ਇਹ ਸੋਝੀ ਆ ਗਈ ਹੈ

ਕਿ, ਜਿਸ ਮਨੁੱਖ ਦਾ ਉਸ ਪਿਆਰੇ ਪ੍ਰਭੂ ਜੀ ਨੇ ਪੱਖ ਕੀਤਾ ਹੈ, ਉਸਨੂੰ ਉਸ (ਪ੍ਰਭੂ) ਨੇ ਆਤਮਕ ਮੌਤ ਲਿਆਉਣ ਵਾਲੀ ਮਾਇਆ ਜ਼ਹਿਰ ਦੇ ਘੇਰੇ ਵਿਚੋਂ ਕੱਢ ਲਿਆ ਹੈ।

4. ਹੇ ਭਾਈਓ ! ਅਸਲ ਵਿਚ ਇਹ ਦਾਤ ਤਦੋਂ ਹੀ ਮਿਲੀ ਹੈ, ਜਦੋਂ ਕਿ, ਉਹ ਮਨੁੱਖ ਗੁਰੂ ਦੇ ਚਰਨਾਂ ਉਤੇ ਜਾ ਡਿਗਾ, ਤੇ (ਗੁਰੂ ਨੇ ਉਸ ਦੇ) ਮੂੰਹ ਵਿਚ ਆਤਮਕ ਜੀਵਨ ਦੇਣ ਵਾਲੀ ਨਾਮ ਦਵਾਈ ਦਿੱਤੀ।੧।

5. ਹੇ ਭਾਈ ! ਗੁਣ ਹੀਨਾਂ ਨੂੰ ਗੁਣ ਦੇਣ ਵਾਲੇ (ਉਸ) ਪ੍ਰਭੂ ਦੀਆਂ ਮੈਂ ਆਪਣੇ ਇਕ ਮੂੰਹ ਨਾਲ ਕਿਹੜੀਆਂ ਕਿਹੜੀਆਂ ਵਡਿਆਈਆਂ ਬਿਆਨ ਕਰਾਂ ?

6, ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਉਸ (ਪ੍ਰਭੂ) ਨੇ ਕਿਸੇ ਭਾਗਾਂ ਵਾਲੇ ਨੂੰ ਉਸਦੀ ਮਾਇਆ ਦੀ ਫਾਹੀ ਕੱਟ ਕੇ ਆਪਣਾ ਬਣਾ ਲਿਆ, ਉਸਨੂੰ ਬੇਅੰਤ (ਹੀ) ਸੁਖ ਪ੍ਰਾਪਤ ਹੋ ਗਏ।੨।੨੭।੫੦।

ਭਾਵਾਰਥ :—ਇਕੋ ਹਰੀ ਦੀ ਓਟ ਤਕੜੀ ਹੈ, ਉਸਦੇ ਮੁਕਾਬਲੇ ਤੇ ਹੋਰ ਕਿਸੇ ਦਾ ਆਸਰਾ ਲੈਣਾ ਕੁਝ ਨਹੀਂ, ਵਿਅਰਥ ਹੈ।

ਸਾਰਗ ਮਹਲਾ ੫ ॥

1. ਪ੍ਰਭ ਸਿਮਰਤ ਦੂਖ ਬਿਨਾਸੀ ॥
2. ਭਇਓ ਕ੍ਰਿਪਾਲੁ ਜੀਅ ਸੁਖ ਦਾਤਾ
ਹੋਈ ਸਗਲ ਖਲਾਸੀ ॥੧॥ਰਹਾਉ॥
3. ਅਵਰੁ ਨ ਕੋਊ ਸੂਝੈ ਪ੍ਰਭ ਬਿਨੁ
ਕਹੁ ਕੋ ਕਿਸੁ ਪਹਿ ਜਾਸੀ ॥
4. ਜਿਉ ਜਾਣਹੁ ਤਿਉ ਰਾਖਹੁ ਠਾਕੁਰ
ਸਭੁ ਕਿਛੁ ਤੁਮਹੀ ਪਾਸੀ ॥੧॥
5. ਹਾਥ ਦੇਇ ਰਾਖੇ ਪ੍ਰਭਿ ਅਪੁਨੇ
ਸਦ ਜੀਵਨ ਅਬਿਨਾਸੀ ॥
6. ਕਹੁ ਨਾਨਕ ਮਨਿ ਅਨਦੁ ਭਇਆ ਹੈ
ਕਾਟੀ ਜਮ ਕੀ ਫਾਸੀ ॥੨॥੨੮॥੫੧॥

ਪਦ ਅਰਥ :—ਦੂਖ ਬਿਨਾਸੀ—ਸਾਰੇ ਦੁਖਾਂ ਦੇ ਨਾਸ ਕਰਨ ਵਾਲਾ। ਜੀਅ ਦਾਤਾ—ਜਿੰਦ ਦੇਣ ਵਾਲਾ।੧।ਰਹਾਉ।

ਕਹੁ—ਦੱਸੋ। ਕੋ—ਕੌਣ ? ਕਿਸੁ ਪਹਿ—ਕਿਸ ਕੋਲ ? ਜਾਸੀ—ਜਾਵੇਗਾ। ਠਾਕੁਰ—ਹੇ ਠਾਕੁਰ। ਤੁਮ ਹੀ ਪਾਸੀ—ਤੇਰੇ ਹੀ ਕੋਲ, ਤੇਰੇ ਹੀ ਵੱਸ ਵਿਚ।੧।

ਦੇਇ—ਦੇ ਕੇ ਪ੍ਰਭਿ—ਪ੍ਰਭੂ ਨੇ। ਸਦ ਜੀਵਨ—ਅਟੱਲ ਜੀਵਨ ਵਾਲੇ। ਅਬਿਨਾਸੀ—ਆਤਮਕ ਮੌਤ ਤੋਂ ਰਹਿਤ। ਮਨਿ—ਮਨ ਵਿਚ। ਫਾਸੀ—ਫਾਹੀ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਦੁਖਾਂ ਦੇ ਨਾਸ ਕਰਨ ਵਾਲਾ ਕੋਈ ਉਪਾਉ ਦਸੋ ?

1.**ਉ**;—ਹੇ ਪਿਆਰੇ, ਪ੍ਰਭੂ ਦਾ ਨਾਮ ਸਿਮਰਦਿਆਂ ਹੀ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ।

2. ਹੇ ਭਾਈ ! ਉਹ ਜਿੰਦ ਦੇਣ ਵਾਲਾ ਅਤੇ ਸੁਖ ਦੇਣ ਵਾਲਾ ਪ੍ਰਭੂ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ, ਉਸਦੀ ਸਾਰੇ ਹੀ ਵਿਕਾਰਾਂ ਵਲੋਂ ਖਲਾਸੀ ਹੋ ਜਾਂਦੀ ਹੈ।੧।ਰਹਾਉ।

ਪ੍ਰ:—ਕਿਉਂ ਜੀ, ਉਸਦਾ ਨਿਸਚਾ ਕਿਸ ਰੂਪ ਵਿਚ ਹੋ ਜਾਂਦਾ ਹੈ ?

3. **ਉ**:—ਹੇ ਭਾਈਓ ! ਹਰੀ ਦਾ ਨਾਮ ਸਿਮਰਨ ਵਾਲੇ ਮਨੁੱਖ ਨੂੰ ਪ੍ਰਮੇਸ਼ਰ ਤੋਂ ਬਿਨਾ (ਉਸ ਵਰਗਾ) ਹੋਰ ਕੋਈ ਨਹੀਂ ਸੁੱਝਦਾ (ਉਹ ਤਾਂ ਸਦਾ ਇਹੋ ਹੀ ਆਖਦਾ ਹੈ) ਦੱਸ, (ਹੇ ਭਾਈ ! ਪ੍ਰਭੂ ਨੂੰ ਛੱਡ ਕੇ) ਕੌਣ ਕਿਸ ਕੋਲ ਜਾ ਸਕਦਾ ਹੈ ?

4. ਹੇ ਪਿਆਰੇ, ਉਹ ਤਾਂ ਸਦਾ ਇਉਂ ਹੀ ਅਰਦਾਸ ਕਰਦਾ ਹੈ ਕਿ, ਹੇ ਠਾਕੁਰ, ਜਿਵੇਂ ਹੋ ਸਕੇ ਤਿਵੇਂ ਮੇਰੀ ਰੱਖਿਆ ਕਰ, ਹਰੇਕ ਚੀਜ਼ ਤੇਰੇ ਹੀ ਕੋਲ ਹੈ।੧।

5. ਹੇ ਭਾਈ ! ਉਸ ਪਿਆਰੇ ਪ੍ਰਭੂ ਨੇ ਜਿਨ੍ਹਾਂ ਮਨੁੱਖਾਂ ਨੂੰ ਹੱਥ ਦੇ ਕੇ ਰੱਖ ਲਿਆ, ਉਹ ਅਟੱਲ ਜੀਵਨ ਵਾਲੇ ਬਣ ਗਏ ਆਤਮਕ ਮੌਤ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ।

6. ਕਥਨ ਕਰਦੇ ਹਨ (ਗੁਰੂ)ਨਾਨਕ ਦੇਵ ਜੀ ਕਿ, ਹੇ ਭਾਈਓ ! ਉਨ੍ਹਾਂ ਦੇ ਮਨ ਵਿਚ (ਸਦਾ ਹੀ) ਅਨੰਦ ਬਣਿਆਂ ਰਹਿੰਦਾ ਹੈ,ਉਨ੍ਹਾਂ ਦੀ ਜਮਾਂ ਵਾਲੀ ਫਾਹੀ ਕੱਟੀ ਜਾਂਦੀ ਹੈ।੨।੨੮।੫੧।

ਭਾਵਾਰਥ :—ਭਾਵੇਂ ਸਾਰਾ ਹੀ ਸੰਸਾਰ ਦੁਖੀਆ ਹੈ, ਪਰ ਇਕ ਹਰੀ ਦਾ ਨਾਮ ਸਿਮਰਨ ਹੀ ਦੁਖਾਂ ਦਾ ਨਾਸਕ ਹੈ।

ਸਾਰਗ ਮਹਲਾ ੫ ॥

1. ਮੇਰੋ ਮਨੁ ਜਤ ਕਤ ਤੁਝਹਿ ਸਮ੍ਾਰੈ ॥
2. ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ
ਜਿਉ ਜਾਨਹਿ ਤਿਉ ਪਾਰੈ ॥੧॥ਰਹਾਉ॥
3. ਜਬ ਭੂਖੇ ਤਬ ਭੋਜਨੁ ਮਾਂਗੈ ਅਘਾਏ ਸੂਖ ਸਘਾਰੈ ॥
4. ਤਬ ਅਰੋਗ ਜਬ ਤੁਮ ਸੰਗਿ ਬਸਤੌ
ਛੁਟਕਤ ਹੋਇ ਰਵਾਰੈ ॥੧॥
5. ਕਵਨ ਬਸੇਰੋ ਦਾਸ ਦਾਸਨ ਕੋ ਥਾਪਿ ਉਥਾਪਨਹਾਰੈ॥
6. ਨਾਮੁ ਨ ਬਿਸਰੈ ਤਬ ਜੀਵਨੁ ਪਾਈਐ
ਬਿਨਤੀ ਨਾਨਕ ਇਹ ਸਾਰੈ ॥੨॥੨੯॥੫੨॥

ਪਦ ਅਰਥ :—ਜਤ ਕਤ—ਜਿੱਥੇ ਕਿੱਥੇ, ਹਰ ਥਾਂ। ਤੁਝਹਿ—ਤੈਨੂੰ ਹੀ। ਸਮ੍ਰੈ—ਯਾਦ ਕਰਦਾ ਹੈ। ਦੀਨ—ਗਰੀਬ। ਪ੍ਰਭ—ਹੇ ਪ੍ਰਭੂ। ਜਿਉ ਜਾਨਹਿ—ਜਿਵੇਂ ਤੂੰ ਜਾਣਦਾ ਹੈਂ। ਪਾਰੈ—ਪਾਰ ਉਤਾਰ।੧।ਰਹਾਉ।

ਮਾਂਗੈ—(ਬਾਲਕ) ਮੰਗਦਾ ਹੈ। ਅਘਾਏ—ਜਦੋਂ ਰੱਜ ਜਾਂਦਾ ਹੈ। ਸਘਾਰੈ—ਸਾਰੇ, ਸਗਲੇ। ਤੁਮ ਸੰਗਿ—ਤੇਰੇ ਨਾਲ। ਛੁਟਕਤ—(ਤੈਥੋਂ) ਵਿਛੜਿਆਂ ਹੋਇਆਂ। ਰਵਾਰੈ—ਧੂੜ ਮਿੱਟੀ।੧।

ਬਸੇਰੋ—ਵੱਸ, ਜ਼ੋਰ। ਕੋ—ਦਾ। ਥਾਪਿ—ਥਾਪ ਕੇ, ਪੈਦਾ ਕਰਕੇ। ਉਥਾਪਨਹਾਰੈ—ਨਾਸ ਕਰਨ ਵਾਲਾ ਹੈਂ। ਪਾਈਐ—ਹਾਸਲ ਕਰੀਦਾ ਹੈ। ਬਿਨਤੀ ਸਾਰੈ—ਬਿਨਤੀ ਕਰਦਾ ਹੈ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਰੱਬੀ ਮਾਰਗ ਤੇ ਟੁਰਨ ਵਾਲਿਆਂ ਦਾ ਨਿਸਚਾ ਕੀ ਹੈ ?

1. **ਉ:**—ਹੇ ਭਾਈਓ ! ਉਨ੍ਹਾਂ ਦੇ ਨਿਸਚੇ ਭਰੇ ਹਿਰਦੇ ਵਿਚੋਂ ਤਾਂ ਸਦਾ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਪ੍ਰਭੂ, ਮੇਰਾ ਮਨ ਤਾਂ ਹਰ ਥਾਂ ਤੈਨੂੰ ਹੀ ਯਾਦ ਕਰਦਾ ਹੈ।
2. ਹੇ ਮੇਰੇ ਪ੍ਰਭੂ ਪਿਤਾ ਜੀਉ, ਅਸੀਂ (ਤੇਰੇ) ਬਾਰਕ ਹਾਂ, ਗਰੀਬ ਬੱਚੇ ਹਾਂ, ਜਿਵੇਂ ਹੋ ਸਕੇ ਤਿਵੇਂ (ਸਾਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈ ।੧।ਰਹਾਉ।
3. ਹੇ ਪ੍ਰਭੂ ਜੀ, ਜਦੋਂ (ਬੱਚਾ) ਭੁੱਖਾ ਹੁੰਦਾ ਹੈ ਤਦੋਂ (ਖਾਣ ਨੂੰ) ਭੋਜਨ ਮੰਗਦਾ ਹੈ, ਜਦੋਂ ਰੱਜ ਜਾਂਦਾ ਹੈ, ਤਦੋਂ ਉਸਨੂੰ ਸਾਰੇ ਸੁਖ (ਪ੍ਰਤੀਤ ਹੁੰਦੇ ਹਨ)।
4. (ਤਿਵੇਂ ਹੀ ਇਹ ਜੀਵ) ਜਦੋਂ ਤੇਰੇ ਨਾਲ (ਤੇਰੇ ਚਰਨਾਂ ਵਿਚ) ਵਸਦਾ ਹੈ, ਤਦੋਂ ਇਸਨੂੰ ਕੋਈ ਰੋਗ ਨਹੀਂ ਸਤਾਂਦਾ (ਤੈਥੋਂ) ਵਿਛੜਿਆਂ ਹੋਇਆਂ (ਇਹ) ਮਿੱਟੀ ਹੋ ਜਾਂਦਾ ਹੈ।੧।
5. ਹੇ ਸਾਈਆਂ ਜੀਉ, ਮੇਰੀ ਤਾਂ ਇਹੋ ਹੀ ਅਰਦਾਸ ਹੈ ਕਿ, ਤੇਰੇ ਦਾਸਾਂ ਦੇ ਦਾਸ ਦਾ ਕੀ ਵਸ ਹੈ, ਕੀ ਜ਼ੋਰ ਚਲ ਸਕਦਾ ਹੈ ? ਤੂੰ ਆਪ ਹੀ ਪੈਦਾ ਕਰਕੇ ਨਾਸ ਕਰਨ ਵਾਲਾ ਹੈਂ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਤੇਰਾ ਦਾਸ) ਤਾਂ ਇਹੋ ਹੀ ਬੇਨਤੀ ਕਰਦਾ ਹੈ ਕਿ, ਜਦੋਂ ਤੇਰਾ ਨਾਮ ਨਹੀਂ ਭੁੱਲਦਾ, ਤਦੋਂ (ਆਤਮਕ) ਜੀਵਨ ਹਾਸਲ ਕਰੀਦਾ ਹੈ ।੨।੨੯।੫੨।

ਭਾਵਾਰਥ :—ਅਸਲ ਜੀਵਨ ਹਰੀ ਦੇ ਨਾਮ ਸਿਮਰਨ ਵਿਚ ਹੈ, ਨਾਮ ਤੋਂ ਸਖਣਾ ਜੀਵਨ ਤਾਂ ਵਿਅਰਥ ਹੀ ਮੰਨਿਆ ਜਾਏਗਾ।

ਸਾਰਗ ਮਹਲਾ ੫ ॥

1. ਮਨ ਤੇ ਭੈ ਭਉ ਦੂਰਿ ਪਰਾਇਓ ॥
2. ਲਾਲ ਦਇਆਲ ਗੁਲਾਲ ਲਾਡਿਲੇ
ਸਹਜਿ ਸਹਜਿ ਗੁਨ ਗਾਇਓ ॥੧॥ਰਹਾਉ॥
3. ਗੁਰ ਬਚਨਾਤਿ ਕਮਾਤ ਕ੍ਰਿਪਾ ਤੇ
ਬਹੁਰਿ ਨ ਕਤਹੂ ਧਾਇਓ ॥
4. ਰਹਤ ਉਪਾਧਿ ਸਮਾਧਿ ਸੁਖ ਆਸਨ
ਭਗਤਿ ਵਛਲੁ ਗ੍ਰਿਹਿ ਪਾਇਓ ॥੧॥
5. ਨਾਦ ਬਿਨੋਦ ਕੋਡ ਆਨੰਦਾ
ਸਹਜੇ ਸਹਜਿ ਸਮਾਇਓ ॥
6. ਕਰਨਾ ਆਪਿ ਕਰਾਵਨ ਆਪੇ
ਕਹੁ ਨਾਨਕ ਆਪਿ ਆਪਾਇਓ ॥੨॥੩੦॥੫੩॥

ਪਦ ਅਰਥ :—ਤੇ—ਤੋਂ। ਭੈ ਭਉ—ਡਰਾਂ ਦਾ ਡਰ, ਦੁਨੀਆਂ ਦੇ ਡਰਾਂ ਦਾ ਸਹਿਮ। ਦੂਰ ਪਰਾਇਓ—ਦੂਰ ਚਲਾ ਗਿਆ। ਸਹਜਿ—ਆਤਮਕ ਅਡੋਲਤਾ ਵਿਚ (ਟਿਕ ਕੇ)। ਲਾਡਿਲੇ ਗੁਨ—ਪਿਆਰ ਦੇ ਗੁਣ ।੧।ਰਹਾਉ।

ਕਮਾਤ—ਕਮਾਂਦਿਆਂ। ਕ੍ਰਿਪਾ ਤੇ—(ਉਸਦੀ) ਮਿਹਰ ਨਾਲ। ਬਹੁਰਿ—ਮੁੜ। ਕਤਹੂ—ਹੋਰ ਕਿਤੇ ਭੀ। ਨ ਧਾਇਓ—ਨਹੀਂ ਭਟਕਦਾ। ਉਪਾਧਿ—ਵਿਕਾਰ। ਆਸਨ—ਟਿਕਾਉ। ਭਗਤਿ ਵਛਲੁ—ਭਗਤੀ ਨਾਲ ਪਿਆਰ ਕਰਨ ਵਾਲਾ। ਗ੍ਰਿਹਿ—ਹਿਰਦੇ ਘਰ ਵਿਚ ।੧।

ਨਾਦ—ਰਾਗ। ਬਿਨੋਦ—ਕੌਤਕ-ਤਮਾਸ਼ੇ। ਕੋਡ—ਕ੍ਰੋੜਾਂ। ਸਹਜੇ-ਸਹਜਿ, ਆਤਮਕ ਅਡੋਲਤਾ ਵਿਚ। ਆਪੇ—ਆਪ ਹੀ। ਆਪਿ ਆਪਾਇਓ—ਆਪ ਹੀ ਆਪ ।੨।

ਅਰਥ :—

ਪ੍ਰ:—ਗੁਰਦੇਵ ਜੀਉ, ਸਾਡੇ ਮਨਾਂ ਵਿਚ ਦੁਨੀਆਂ ਦੇ ਖਤਰਿਆਂ ਦਾ ਸਹਿਮ ਹਰ ਵਕਤ ਹੀ ਬਣਿਆਂ ਰਹਿੰਦਾ ਹੈ, ਪਰ ਤੁਸੀਂ ਆਪਣੇ ਅੰਦਰ ਕਿਵੇਂ ਅਨੁਭਵ ਕਰਦੇ ਹੋ ?

1. **ਉ:**—ਹੇ ਭਾਈਓ ! ਅਸਲ ਵਿਚ ਮੇਰੇ ਮਨ ਵਿਚੋਂ ਤਾਂ ਦੁਨੀਆਂ ਦੇ ਖਤਰਿਆਂ ਦਾ ਡਰ (ਉੱਕਾ ਹੀ) ਦੂਰ ਹੋ ਗਿਆ ਹੈ।

ਪ੍ਰ:—ਸ੍ਰੀ ਜੀਉ, ਪਰ ਆਖਰ ਇਸਦੀ ਨਵਿਰਤੀ ਕਿਵੇਂ ਹੋਈ ?

2. **ਉ:**—ਹੇ ਭਾਈ ! ਜਦੋਂ ਮੈਂ ਹਰ ਵੇਲੇ ਆਤਮਕ ਅਡੋਲਤਾ ਵਿਚ ਟਿਕ ਕੇ ਸੋਹਣੇ ਦਿਆਲ ਪ੍ਰੇਮ ਰਸ ਵਿਚ ਭਿਜੇ ਹੋਏ ਪਿਆਰੇ ਪ੍ਰਭੂ ਦੇ ਗੁਣ ਗਾਉਣੇ ਸ਼ੁਰੂ ਕੀਤੇ ਤਾਂ ਮੇਰੇ ਮਨ ਤੋਂ ਦੁਨੀਆਂ ਦੇ ਖਤਰਿਆਂ ਦਾ ਸਹਿਮ ਦੂਰ ਹੋ ਗਿਆ ।੧।ਰਹਾਉ।

ਪ੍ਰ:—ਸ੍ਰੀ ਜੀਉ, ਮਨ ਤਾਂ ਬੜਾ ਹੀ ਚੰਚਲ ਹੈ, ਇਸਦੀ ਤੁਸਾਂ ਭਟਕਣਾ ਮਿਟਾਉਣ ਲਈ ਕਿਹੜਾ ਸਾਧਨ ਕੀਤਾ ਹੈ ?

3. **ਉ:**—ਹੇ ਭਾਈਓ ! ਅਸਲ ਵਿਚ ਮੈਂ ਹੋਰ ਜਪ ਤਪ ਆਦਿਕਾਂ ਦੇ ਸਾਧਨ ਤਾਂ ਨਹੀਂ ਕੀਤੇ ਪਰ, ਗੁਰੂ ਦੇ ਬਚਨਾਂ ਨੂੰ (ਪ੍ਰਭੂ ਦੀ) ਕ੍ਰਿਪਾ ਨਾਲ ਕਮਾਂਦਿਆਂ, (ਗੁਰੂ ਦੇ ਦਸੇ ਹੋਏ ਰਸਤੇ ਉਤੇ ਤੁਰਦਿਆਂ ਹੁਣ ਮੇਰਾ ਮਨ) ਹੋਰ ਕਿਸੇ ਭੀ ਪਾਸੇ ਨਹੀਂ ਭਟਕਦਾ।
4. ਹੇ ਭਾਈ ! (ਹੁਣ ਮੇਰਾ ਮਨ) ਵਿਕਾਰਾਂ ਤੋਂ ਬਚ ਗਿਆ ਹੈ, ਪ੍ਰਭੂ ਚਰਨਾਂ ਵਿਚ ਲੀਨਤਾ ਦੇ ਸੁਖਾਂ ਵਿਚ ਟਿਕ ਗਿਆ ਹੈ, ਹੁਣ ਉਸ ਭਗਤੀ ਵਿਚ ਪਿਆਰ ਕਰਨ ਵਾਲੇ ਪ੍ਰਭੂ ਨੂੰ ਮੈਂ ਹਿਰਦੇ ਘਰ ਵਿਚੋਂ ਹੀ ਲਭ ਲਿਆ ਹੈ ।੧।
5. ਹੇ ਭਾਈਓ ! ਹੁਣ ਮੇਰਾ ਮਨ ਸਦਾ ਹੀ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ'। (ਮਾਨੋਂ) ਸਾਰੇ ਰਾਗਾਂ ਅਤੇ

ਤਮਾਸ਼ਿਆਂ ਦੇ ਕ੍ਰੋੜਾਂ ਹੀ ਅਨੰਦ ਮੈਨੂੰ ਪ੍ਰਾਪਤ ਹੋ ਗਏ ਹਨ।

ਪ੍ਰ:–ਗੁਰਦੇਵ ਜੀਉ, ਹੁਣ ਆਪ ਦਾ ਨਿਸਚਾ ਕੀ ਹੋ ਗਿਆ ਹੈ ?

6. **ਉ**,–ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਐ ਪਿਆਰੇ, ਹੁਣ ਮੇਰਾ ਇਉਂ ਨਿਸਚਾ ਹੋ ਗਿਆ ਹੈ ਕਿ, ਪ੍ਰਮਾਤਮਾਂ ਆਪ ਹੀ ਸਭ ਕੁਝ ਕਰਨ ਵਾਲਾ ਹੈ, ਆਪ ਹੀ (ਜੀਵਾਂ ਪਾਸੋਂ) ਕਰਾਣ ਵਾਲਾ ਹੈ, ਉਹ ਸਭ ਥਾਂ ਆਪ ਹੀ ਆਪ ਹੈ ।੨।੩੦।੫੩।

ਭਾਵਾਰਥ :–ਭਾਵੇਂ ਮਾਇਕੀ ਪਦਾਰਥਾਂ ਨੂੰ ਪ੍ਰਾਪਤ ਕਰਨ ਦੇ ਭੀ ਅਨੰਦ ਮੰਨੇ ਹਨ ਪਰ, ਹਰੀ ਦੇ ਨਾਮ ਸਿਮਰਨ ਦਾ ਜੋ ਅਕਹਿ ਅਨੰਦ ਹੈ, ਇਸ ਵਿਚ ਸਾਰੇ ਹੀ ਅਨੰਦ ਆ ਜਾਂਦੇ ਹਨ।

ਸਾਰਗ ਮਹਲਾ ੫ ॥

1. ਅੰਮ੍ਰਿਤ ਨਾਮੁ ਮਨਹਿ ਆਧਾਰੋ ॥
2. ਜਿਨਿ ਦੀਆ ਤਿਸ ਕੈ ਕੁਰਬਾਨੈ
ਗੁਰ ਪੂਰੇ ਨਮਸਕਾਰੋ ॥੧॥ਰਹਾਉ॥
3. ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ॥
4. ਆਇ ਨ ਜਾਇ ਬਸੈ ਇਹ ਠਾਹਰ
ਜਹ ਆਸਨੁ ਨਿਰੰਕਾਰੋ ॥੧॥
5. ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ ॥
6. ਆਦਿ ਮਧਿ ਅੰਤਿ ਪ੍ਰਭੁ ਸੋਈ
ਕਹੁ ਨਾਨਕ ਸਾਚੁ ਬੀਚਾਰੋ ॥੨॥੩੧॥੫੪॥

ਪਦ ਅਰਥ :–ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ। ਮਨਹਿ ਅਧਾਰੋ–ਮਨ ਦਾ ਆਸਰਾ । ਜਿਨਿ–ਜਿਸ (ਗੁਰੂ) ਨੇ। ਤਿਸ ਕੈ–[ਸੰਬੰਧਕ 'ਕੈ' ਦੇ ਕਾਰਨ ਲਫਜ਼ 'ਤਿਸੁ' ਦਾ ੁ ਉਡ ਗਿਆ ਹੈ] ।੧।ਰਹਾਉ।

ਸਹਜਿ–ਆਤਮਕ ਅਡੋਲਤਾ ਵਿਚ। ਸੁਹੇਲਾ–ਸੁਖੀ। ਬਿਖੁ–ਆਤਮਕ ਮੌਤ ਲਿਆਉਣ ਵਾਲਾ ਜ਼ਹਿਰ। ਜਾਰੋ–ਸਾੜ ਦਿਤਾ ਹੈ। ਆਇ ਨ ਜਾਇ–ਕਿਸੇ ਪਾਸੇ ਭਟਕਦਾ ਨਹੀਂ। ਠਾਹਰ–ਥਾਂ। ਜਹ–ਜਿੱਥੇ ।੧।

ਏਕੈ–(ਪ੍ਰਮਾਤਮਾਂ) ਆਪ ਹੀ । ਗੁਪਤਾ–ਲੁਕਿਆ ਹੋਇਆ। ਧੁੰਧੂਕਾਰੋ–ਘੁਪ ਹਨੇਰਾ। ਆਦਿ–(ਜਗਤ ਦੇ) ਸ਼ੁਰੂ ਵਿਚ। ਮਧਿ–ਵਿਚਕਾਰਲੇ ਸਮੇਂ, ਹੁਣ। ਅੰਤਿ–(ਜਗਤ ਦੇ) ਅਖੀਰ ਵਿਚ। ਸਾਚੁ–ਅਟੱਲ, ਸਦਾ ਕਾਇਮ ਰਹਿਣ ਵਾਲਾ ।੨।

ਅਰਥ:–

ਪ੍ਰ:–ਸ੍ਰੀ ਜੀਉ, ਸਾਡਾ ਸੰਸਾਰੀ ਜੀਵਾਂ ਦਾ ਮਨ ਸਦਾ ਹੀ ਡਾਵਾਂ ਡੋਲ ਰਹਿੰਦਾ ਹੈ, ਤੁਸਾਂ ਆਪਣੇ ਮਨ ਨੂੰ ਕਿਵੇਂ ਸਥਿਰ ਕਰ ਲਿਆ ਹੈ ?

1. **ਉ**:–ਹੇ ਭਾਈਓ ! (ਹੁਣ ਮੇਰੇ) ਮਨ ਦਾ ਆਸਰਾ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ (ਬਣ ਗਿਆ) ਹੈ। (ਜਿਸਦਾ ਸਦਕਾ ਮਨ ਸਥਿਰ ਹੋ ਗਿਆ ਹੈ)।
2. ਹੇ ਭਾਈ ! ਜਿਸ (ਗੁਰੂ) ਨੇ (ਇਹ ਹਰਿ ਨਾਮ ਮੈਨੂੰ) ਦਿਤਾ ਹੈ, ਮੈਂ ਉਸ ਤੋਂ ਸਦਕੇ ਜਾਂਦਾ ਹਾਂ, ਉਸ ਪੂਰੇ ਗੁਰੂ ਅਗੇ ਸਿਰ ਨਿਵਾਂਦਾ ਹਾਂ।੧।ਰਹਾਉ।

ਪ੍ਰ:–ਸ੍ਰੀ ਜੀਉ, ਨਾਮ ਦੀ ਬਰਕਤ ਨਾਲ ਹੁਣ ਤੁਹਾਨੂੰ ਆਪਣੇ ਅੰਦਰ ਕੀ ਬਦਲ ਪ੍ਰਤੀਤ ਹੋ ਰਹੀ ਹੈ ।੧।

3. **ਉ** –ਹੇ ਭਾਈਓ ! ਹੁਣ ਅੰਮ੍ਰਿਤ ਨਾਮ ਦੀ ਬਰਕਤ ਨਾਲ, ਮੇਰੇ ਅੰਦਰੋਂ ਤ੍ਰਿਸ਼ਨਾ ਮਿਟ ਗਈ ਹੈ,ਮੈਂ ਆਤਮਕ ਅਡੋਲਤਾ ਵਿਚ (ਟਿਕ ਕੇ) ਸੁਖੀ (ਹੋ ਗਿਆ) ਹਾਂ, ਆਤਮਕ ਮੌਤ ਲਿਆਉਣ ਵਾਲੇ ਕਾਮ, ਕ੍ਰੋਧ, ਜ਼ਹਿਰ ਨੂੰ (ਆਪਣੇ) ਅੰਦਰੋਂ ਸਾੜ ਦਿਤਾ ਹੈ।
4. (ਹੁਣ ਮੇਰਾ ਮਨ) ਕਿਸੇ ਪਾਸੇ ਭਟਕਦਾ ਨਹੀਂ, ਉਸ ਟਿਕਾਣੇ ਤੇ ਟਿਕਿਆ ਰਹਿੰਦਾ ਹੈ ਜਿਥੇ ਪ੍ਰਮਾਤਮਾਂ ਦਾ ਨਿਵਾਸ ਹੈ।੧।
5. ਹੇ ਭਾਈ ! ਹੁਣ ਮੇਰੇ ਅੰਦਰ ਇਹ ਅਟੱਲ ਵਿਸ਼ਵਾਸ (ਬਣ ਗਿਆ) ਹੈ ਕਿ ਜਗਤ ਦੇ ਅਰੰਭ ਵਿਚ, ਹੁਣ ਵਿਚਕਾਰਲੇ ਸਮੇਂ ਵਿਚ, ਜਗਤ ਦੇ ਅਖੀਰ ਵਿਚ ਉਹ ਪ੍ਰਮਾਤਮਾਂ ਆਪ ਹੀ ਆਪ ਹੈ ।
6. ਇਹ ਪ੍ਰਤੱਖ ਦਿਸਦਾ ਜਗਤ ਉਹ ਆਪ ਹੀ ਹੈ, (ਇਸ ਜਗਤ ਵਿਚ) ਲੁਕਿਆ ਹੋਇਆ (ਆਤਮਾਂ ਭੀ) ਉਹ ਆਪ ਹੀ ਹੈ, ਘੁਪ ਹਨੇਰਾ ਭੀ (ਜਦੋਂ ਕੋਈ ਜਗਤ ਰਚਨਾਂ ਨਹੀਂ ਸੀ) ਉਹ ਆਪ ਹੀ ਹੈ ।੨।੩੧।੫੪।

ਭਾਵਾਰਥ :–ਹਰੀ ਦਾ ਨਾਮ ਗ੍ਰਹਿਣ ਕਰਨ ਨਾਲ ਪਾਪ ਬ੍ਰਿਤੀ ਦੂਰ ਹੋ ਜਾਂਦੀ ਹੈ ਅਤੇ ਮਨ ਪੂਰਨ ਅਡੋਲਤਾ ਤੇ ਸ਼ਾਂਤੀ ਵਾਲੀ ਹਾਲਤ ਵਿਚ ਹਰ ਵਕਤ ਹਰੀ ਨੂੰ ਅੰਗ-ਸੰਗ ਮਹਿਸੂਸ ਕਰਦਾ ਹੈ।

ਸਾਰਗ ਮਹਲਾ ੫ ॥

1. ਬਿਨੁ ਪ੍ਰਭ ਰਹਨੁ ਨ ਜਾਇ ਘਰੀ ॥
2. ਸਰਬ ਸੂਖ ਤਾਹੂ ਕੈ ਪੂਰਨ
ਜਾਕੈ ਸੁਖੁ ਹੈ ਹਰੀ ॥੧॥ਰਹਾਉ॥
3. ਮੰਗਲ ਰੂਪ ਪ੍ਰਾਨ ਜੀਵਨ ਧਨ
ਸਿਮਰਤ ਅਨਦ ਘਨਾ ॥
4. ਵਡ ਸਮਰਥੁ ਸਦਾ ਸਦ ਸੰਗੇ
ਗੁਨ ਰਸਨਾ ਕਵਨ ਭਨਾ ॥੧॥
5. ਥਾਨ ਪਵਿਤ੍ਰਾ ਮਾਨ ਪਵਿਤ੍ਰਾ
ਪਵਿਤ੍ਰ ਸੁਨਨ ਕਰਨਹਾਰੇ ॥
6. ਕਹੁ ਨਾਨਕ ਤੇ ਭਵਨ ਪਵਿਤ੍ਰਾ
ਜਾ ਮਹਿ ਸੰਤ ਤੁਮ੍ਹਾਰੇ ॥੨॥੩੨॥੫੫॥

ਪਦ ਅਰਥ :–ਘਰੀ–(ਇਕ) ਘੜੀ। ਸਰਬ–ਸਾਰੇ। ਤਾ ਹੂ ਕੈ–ਉਸਦੇ ਹਿਰਦੇ ਵਿਚ। ਜਾ ਕੈ–ਜਿਸ ਦੇ ਹਿਰਦੇ ਵਿਚ। ਹਰੀ–ਪ੍ਰਮਾਤਮਾਂ ।੧।ਰਹਾਉ।

ਮੰਗਲ—ਖੁਸ਼ੀਆਂ । ਸਿਮਰਤ—ਸਿਮਰਦਿਆਂ । ਘਨਾ—ਬਹੁਤ । ਸਮਰਥੁ—ਤਾਕਤ ਵਾਲਾ । ਸਦ—ਸਦਾ । ਸੰਗੇ—ਨਾਲ । ਰਸਨਾ—ਜੀਭ ਨਾਲ । ਗੁਨ ਕਵਨ—ਕਿਹੜੇ ਕਿਹੜੇ ਗੁਣ ? ਭਨਾ—ਭਨਾਂ, ਮੈਂ ਉਚਾਰਾਂ ।੧।

ਥਾਨ—ਥਾਂ । ਮਾਨ—ਮੰਨਣ ਵਾਲੇ । ਸੁਨਨਹਾਰੇ—ਸੁਣਨ ਵਾਲੇ । ਕਰਨਹਾਰੇ—ਕਹਿਣ ਵਾਲੇ । ਤੇ ਭਵਨ—ਉਹ ਘਰ । ਜਾ ਮਹਿ—ਜਿੰਨ੍ਹਾਂ (ਘਰਾਂ) ਵਿਚ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਜਿਸ ਮਨੁੱਖ ਦੇ ਅੰਦਰ ਪ੍ਰਮੇਸ਼ਰ ਦੀ ਲਗਨ ਲਗ ਜਾਏ ਉਸ ਦੀ ਮਾਨਸਕ ਦਸ਼ਾ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ ?

ਉ:—1. ਹੇ ਭਾਈਓ, ਅਸਲ ਵਿਚ ਉਹ ਮਨੁੱਖ ਪ੍ਰਮੇਸ਼ਰ ਦੀ ਯਾਦ ਤੋਂ ਬਿਨਾਂ ਇਕ ਘੜੀ ਭੀ ਨਹੀਂ ਰਹਿ ਸਕਦਾ ।

2. ਹੇ ਪਿਆਰੇ, ਉਸਦਾ ਵਿਸ਼ਵਾਸ ਇਹ ਬਣ ਜਾਂਦਾ ਹੈ ਕਿ, ਜਿਸ (ਮਨੁੱਖ) ਦੇ ਹਿਰਦੇ ਵਿਚ ਸੁਖਾਂ ਦਾ ਮੂਲ ਪ੍ਰਮੇਸ਼ਰ ਆ ਵਸਦਾ ਹੈ, ਉਸ ਮਨੁੱਖ ਦੇ ਹੀ ਹਿਰਦੇ ਵਿਚ ਸਾਰੇ ਸੁਖ ਆ ਵਸਦੇ ਹਨ ।੧।ਰਹਾਉ।
3. ਹੇ ਭਾਈ ! ਉਹ ਪ੍ਰਭੂ ਖੁਸ਼ੀਆਂ ਦਾ ਰੂਪ ਹੈ, ਪ੍ਰਾਣਾਂ ਦਾ ਜੀਵਨ ਦਾ ਆਸਰਾ ਹੈ, ਉਸਨੂੰ ਸਿਮਰਦਿਆਂ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ ।
4. ਹੇ ਭਾਈ ! ਉਹ ਪ੍ਰਭੂ ਵੱਡੀਆਂ ਤਾਕਤਾਂ ਦਾ ਮਾਲਕ ਹੈ, ਸਦਾ ਹੀ ਸਦਾ ਹੀ (ਸਾਡੇ) ਨਾਲ ਰਹਿੰਦਾ ਹੈ, ਮੈਂ ਆਪਣੀ ਜੀਭ ਨਾਲ ਉਸਦੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ ?
5. ਹੇ ਭਾਈਓ ! ਮੈਂ ਤਾਂ ਇਹੋ ਹੀ ਵਿਸ਼ਵਾਸ਼ ਰਖਦਾ ਹਾਂ ਕਿ, ਹੇ ਪ੍ਰਭੂ ! ਜਿਥੇ ਤੇਰਾ ਨਾਮ ਉਚਾਰਿਆ ਜਾਂਦਾ ਹੈ ਉਹ ਥਾਂ ਪਵਿਤ੍ਰ ਹੋ ਜਾਂਦੇ ਹਨ, ਤੇਰੇ ਨਾਮ ਨੂੰ ਮੰਨਣ ਵਾਲੇ (ਸ਼ਰਧਾ ਨਾਲ ਮਨ ਵਿਚ ਵਸਾਣ ਵਾਲੇ) ਪਵਿਤ੍ਰ ਹੋ ਜਾਂਦੇ ਹਨ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ਜਿੰਨ੍ਹਾਂ ਘਰਾਂ ਵਿਚ ਤੇਰੇ ਸੰਤ ਵਸਦੇ ਹਨ । ਉਹ ਘਰ ਪਵਿੱਤ੍ਰ ਹੋ ਜਾਂਦੇ ਹਨ ।੨।੩੨।੫੫।

ਭਾਵਾਰਥ :—ਸੁਖਾਂ ਦੀ ਪ੍ਰਾਪਤੀ ਲਈ ਲੋਕੀ ਅਨੇਕਾਂ ਹੀ ਜਤਨ ਕਰਦੇ ਹਨ, ਪਰ ਪੂਰਨ ਸੁਖ ਕੇਵਲ ਹਰੀ ਦੇ ਸਿਮਰਨ ਵਿਚ ਹੈ ।

ਸਾਰਗ ਮਹਲਾ ੫ ॥

1. ਰਸਨਾ ਜਪਤੀ ਤੂਹੀ ਤੂਹੀ ॥
2. ਮਾਤ ਗਰਭ ਤੁਮ ਹੀ ਪ੍ਰਤਿਪਾਲਕ
ਮ੍ਰਿਤ ਮੰਡਲ ਇਕ ਤੁਹੀ ॥੧॥ਰਹਾਉ॥
3. ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ
ਤੁਮਹਿ ਮੀਤ ਹਿਤ ਭ੍ਰਾਤਾ ॥
4. ਤੁਮ ਪਰਵਾਰ ਤੁਮਹਿ ਆਧਾਰਾ
ਤੁਮਹਿ ਜੀਅ ਪ੍ਰਾਨ ਦਾਤਾ ॥੧॥
5. ਤੁਮਹਿ ਖਜੀਨਾ ਤੁਮਹਿ ਜਰੀਨਾ
ਤੁਮ ਹੀ ਮਾਨਿਕ ਲਾਲਾ ॥
6. ਤੁਮਹਿ ਪਾਰਜਾਤ ਗੁਰ ਤੇ ਪਾਏ
ਤਉ ਨਾਨਕ ਭਏ ਨਿਹਾਲਾ ॥੨॥੩੩॥੫੬॥

ਪਦ ਅਰਥ :—ਰਸਨਾ—ਜੀਭ । ਗਰਭ—ਪੇਟ । ਪ੍ਰਤਿ-ਪਾਲਕ—ਪਾਲਣ ਵਾਲਾ । ਮ੍ਰਿਤ ਮੰਡਲ—ਜਗਤ । ਇਕ—ਸਿਰਫ ।੧।ਰਹਾਉ।

ਤੁਮਹਿ—ਤੁਮ ਹੀ । ਫੁਨਿ—ਭੀ । ਮੀਤ—ਮਿੱਤਰ । ਹਿਤ—ਹਿਤੂ । ਅਧਾਰਾ—ਆਸਰਾ । ਜੀਅ ਦਾਤਾ—ਜਿੰਦ ਦੇਣ ਵਾਲਾ।੧।

ਖਜੀਨਾ—ਖਜ਼ਾਨਾ । ਜ਼ਰੀਨਾ—ਜ਼ਰੀਨਾ, ਜ਼ਰ । ਮਾਨਿਕ—ਮੋਤੀ । ਪਾਰਜਾਤ—ਸਵਰਗ ਦਾ ਉਹ ਰੁੱਖ ਜੋ ਸਾਰੀਆਂ ਮਨੋ ਕਾਮਨਾ ਪੂਰੀਆਂ ਕਰਨ ਵਾਲਾ ਮੰਨਿਆਂ ਜਾਂਦਾ ਹੈ । ਗੁਰ ਤੇ—ਗੁਰੂ ਪਾਸੋਂ । ਤਉ—ਤਦੋਂ ।੨।

ਅਰਥ:—

ਪ੍ਰ:—ਗੁਰਦੇਵ ਜੀਉ, ਨਾਮ ਜਪਣ ਵਾਲੇ ਦਾ ਨਿਸਚਾ ਕਿਸ ਰੂਪ ਵਿਚ ਹੁੰਦਾ ਹੈ ?

1.**ਉ:**—ਹੇ ਭਾਈ ! ਪ੍ਰਭੂ ਦੇ ਪਿਆਰ ਵਿਚ ਮਸਤ ਹੋਏ ਮਨੁੱਖ ਸਦਾ ਰਸਨਾ ਤੋਂ ਇਉਂ ਹੀ ਉਚਾਰਨ ਕਰਦੇ ਰਹਿੰਦੇ ਹਨ ਕਿ, ਹੇ ਪ੍ਰਭੂ, ਮੇਰੀ ਜੀਭ ਸਦਾ ਤੇਰਾ ਜਾਪ ਹੀ ਜਪਦੀ ਹੈ ।
2. ਹੇ ਪ੍ਰਭੂ ਜੀ, ਮਾਂ ਦੇ ਪੇਟ ਵਿਚ ਤੂੰ ਹੀ (ਜੀਵਾਂ ਦੀ) ਪਾਲਣਾ ਕਰਨ ਵਾਲਾ ਹੈਂ, ਜਗਤ ਵਿਚ ਭੀ ਸਿਰਫ ਤੂੰ ਹੀ ਪਾਲਣ-ਹਾਰ ਹੈਂ ।੧।ਰਹਾਉ।
3. ਹੇ ਪ੍ਰਭੂ, ਤੂੰਹੀ ਸਾਡਾ ਪਿਉ ਹੈਂ, ਤੂੰਹੀ ਸਾਡੀ ਮਾਂ ਭੀ ਹੈਂ, ਤੂੰ ਹੀ ਮਿੱਤਰ ਹੈਂ, ਤੂੰ ਹੀ ਹਿਤੂ ਹੈ, ਤੂੰ ਹੀ ਭਰਾ ਹੈਂ ।
4. ਤੂੰ ਸਾਡਾ ਪ੍ਰਵਾਰ ਹੈਂ, ਤੂੰ ਹੀ ਆਸਰਾ ਹੈਂ, ਤੂੰ ਹੀ ਜਿੰਦ ਦੇਣ ਵਾਲਾ ਹੈਂ,ਤੂੰ ਹੀ ਪ੍ਰਾਣ ਦੇਣ ਵਾਲਾ ਹੈਂ ।੧।
5. ਹੇ ਪ੍ਰਭੂ, ਤੂੰਹੀਂ (ਮੇਰੇ ਵਾਸਤੇ) ਖ਼ਜ਼ਾਨਾ ਹੈਂ, ਤੂੰ ਹੀ ਮੇਰਾ ਧਨ ਦੌਲਤ ਹੈਂ, ਤੂੰ ਹੀ (ਮੇਰੇ ਲਈ) ਮੋਤੀ ਹੀਰੇ ਹੈਂ ।
6. ਤੂੰ ਹੀ (ਸੁਵਰਗ ਦਾ) ਪਾਰਜਾਤ ਰੁੱਖ ਹੈਂ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪ੍ਰਭੂ) ਜਦੋਂ ਤੂੰ ਗੁਰੂ ਦੀ ਰਾਹੀਂ ਮਿਲ ਪੈਂਦਾ ਹੈ, ਤਦੋਂ ਪ੍ਰਸੰਨ ਚਿਤ ਹੋ ਜਾਈਦਾ ।੨।੩੩।੫੬।

ਭਾਵਾਰਥ :—ਹਰੀ ਦੇ ਸੇਵਕਾਂ ਲਈ ਸਿਰਫ ਇਕ ਹਰੀ ਹੀ ਸਭੋ ਕੁਝ ਹੋਇਆ ਕਰਦਾ ਹੈ ।

ਸਾਰਗ ਮਹਲਾ ੫ ॥

1. ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥
2. ਜੋ ਕਾਹੂ ਕੋ ਚੇਰੋ ਹੋਵਤ
ਠਾਕੁਰ ਹੀ ਪਹਿ ਜਾਵੈ ॥੧॥ਰਹਾਉ॥
3. ਅਪਨੇ ਪਹਿ ਦੂਖ ਅਪਨੇ ਪਹਿ ਸੂਖਾ
ਅਪੁਨੇ ਹੀ ਪਹਿ ਬਿਰਥਾ ॥

4. ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ
ਅਪਨੇ ਹੀ ਪਹਿ ਅਰਥਾ ॥੧॥
5. ਕਿਨ ਹੀ ਰਾਜ ਜੋਬਨੁ ਧਨ ਮਿਲਖਾ
ਕਿਨਹੀ ਬਾਪ ਮਹਤਾਰੀ ॥
6. ਸਰਬ ਥੋਕ ਨਾਨਕ ਗੁਰ ਪਾਏ
ਪੂਰਨ ਆਸ ਹਮਾਰੀ ॥੨॥੩੪॥੫੭॥

ਪਦ ਅਰਥ .–ਜਾਹੂ ਕਾਹੂ–ਹਰ ਕਿਸੇ ਨੂੰ । ਚਿਤਿ–ਚਿਤ ਵਿਚ । ਆਵੈ–ਯਾਦ ਆਉਂਦਾ ਹੈ । ਕਾਹੂ ਕੋ–ਕਿਸੇ ਦਾ । ਚੇਰੋ–ਸੇਵਕ, ਨੌਕਰ । ਠਾਕੁਰ–ਮਾਲਕ । ਪਹਿ–ਪਾਸ, ਕੋਲ ।੧।ਰਹਾਉ।

ਬਿਰਥਾ–ਦਿਲ ਦਾ ਦੁਖ । ਤਾਨਾ–ਤਾਕਤ, ਆਸਰਾ । ਅਰਥਾ–ਲੋੜਾਂ ।੧।

ਕਿਨ ਹੀ–ਕਿਨਿ ਹੀ, ਕਿਸੇ ਨੇ । ਜੋਬਨੁ–ਜੁਆਨੀ । ਮਿਲਖਾ–ਜ਼ਮੀਨ । ਮਹਤਾਰੀ-ਮਾਂ । ਗੁਰ–ਹੇ ਗੁਰੂ ।੨।

ਅਰਥ:–

ਪ੍ਰ.–ਸ੍ਰੀ. ਜੀਉ ! ਗੁਰੂ ਸ਼ਰਨ ਵਿਚ ਆ ਕੇ ਹੁਣ ਆਪ ਜੀ ਦਾ ਨਿਸਚਾ ਕਿਸ ਰੂਪ ਵਿਚ ਸਥਿਰ ਹੋ ਗਿਆ ਹੈ ?

1. **ਉ**:–ਹੇ ਭਾਈਓ ! ਮੈਂ ਤਾਂ ਵੇਖ ਰਿਹਾ ਹਾਂ ਕਿ ਸੰਸਾਰ ਵਿਚ ਹਰ ਕਿਸੇ ਨੂੰ (ਕੋਈ) ਆਪਣਾ ਹੀ (ਪਿਆਰਾ) ਚਿਤ ਵਿਚ ਯਾਦ ਆਉਂਦਾ ਹੈ ।
2. ਹੇ ਭਾਈ ! ਜਿਹੜਾ ਮਨੁੱਖ ਕਿਸੇ ਦਾ ਸੇਵਕ ਹੁੰਦਾ ਹੈ (ਉਹ ਸੇਵਕ ਆਪਣੇ) ਮਾਲਕ ਪਾਸ ਹੀ (ਲੋੜ ਪਿਆਂ) ਜਾਂਦਾ ਹੈ ।੧।ਰਹਾਉ।
3. ਹੇ ਪਿਆਰੇ ! ਆਪਣੇ ਸਨੇਹੀ ਪਾਸ ਦੁਖ ਫੋਲੀਦਾ ਹੈ, ਆਪਣੇ ਸਨੇਹੀ ਪਾਸ (ਹੀ) ਸੁਖ ਦੀਆਂ ਗੱਲਾਂ ਕਰੀਦੀਆਂ, ਆਪਣੇ ਹੀ ਸਨੇਹੀ ਕੋਲ ਦਿਲ ਦਾ ਦੁਖ ਫੋਲੀਦਾ ਹੈ ।
4. ਹੇ ਭਾਈਓ ! ਆਪਣੇ ਸਨੇਹੀ ਉਤੇ ਹੀ ਮਾਣ ਕਰੀਦਾ ਹੈ, ਆਪਣੇ ਸਨੇਹੀ ਦਾ ਹੀ ਆਸਰਾ ਤੱਕੀਦਾ ਹੈ । ਆਪਣੇ ਸਨੇਹੀ ਨੂੰ ਹੀ ਆਪਣੀਆਂ ਲੋੜਾਂ ਦਸੀ ਦੀਆਂ ਹਨ ।੧।
5. ਹੇ ਪਿਆਰੇ ! (ਮੈਂ ਤਾਂ ਵੇਖਦਾ ਹਾਂ ਕਿ) ਕਿਸੇ ਨੇ ਰਾਜ ਦਾ ਮਾਣ ਕੀਤਾ ਹੈ, ਕਿਸੇ ਨੇ ਜੁਆਨੀ ਨੂੰ (ਆਪਣੀ ਸਮਝਿਆ) ਕਿਸੇ ਨੇ ਧਨ ਧਰਤੀ ਦਾ ਮਾਣ ਕੀਤਾ ਹੈ, ਕਿਸੇ ਨੇ ਪਿਉ ਮਾਂ ਦਾ ਆਸਰਾ ਤਕਿਆ ਹੈ ।

ਪ੍ਰ:–ਸ੍ਰੀ ਜੀਉ ! ਆਪ ਜੀ ਦਾ ਕੀ ਵਿਸ਼ਵਾਸ਼ ਹੈ ?

6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੇਰਾ ਤਾਂ ਇਹੋ ਹੀ ਵਿਸ਼ਵਾਸ਼ ਹੈ ਕਿ, ਹੇ ਗੁਰੂ ਮੈਂ ਸਾਰੇ ਪਦਾਰਥ ਤੈਥੋਂ ਹੀ ਪ੍ਰਾਪਤ ਕਰ ਲਏ ਹਨ, ਮੇਰੀ ਹਰੇਕ ਆਸ (ਤੇਰੇ ਦਰ ਤੋਂ) ਪੂਰੀ ਹੁੰਦੀ ਹੈ ।੨।੩੪।੫੭।

ਭਾਵਾਰਥ.–ਹਰ ਮਨੁੱਖ ਸੁਖ ਦੁੱਖ ਵੇਲੇ ਆਪਣੇ ਸੰਬੰਧੀ ਪਾਸ ਹੀ ਜਾਂਦਾ ਹੈ, ਕੋਈ ਮਾਪਿਆਂ ਪਾਸ ਜਾਂਦਾ ਹੈ, ਤੇ ਕੋਈ ਆਪਣੇ ਰਾਜ ਮਾਲਦਾ ਆਸਰਾ ਤੱਕਦਾ ਹੈ, ਪਰ ਮੈਂ ਤਾਂ ਗੁਰੂ ਘਰ ਦਾ ਹੀ ਆਸਰਾ ਤੱਕਦਾ ਹਾਂ, ਜਿਥੋਂ ਕਿ ਮੈਨੂੰ ਸਰਬ ਇੱਛਾ ਪੂਰਨ ਕਰਨ ਵਾਲਾ ਹਰੀ ਦਾ ਮਿਲਾਪ ਹੋਇਆ ਹੈ । ਸੋ ਇਹੋ ਹੀ ਵਿਸ਼ਵਾਸ਼ ਪ੍ਰਪੱਕ ਕਰਨ ਲਈ ਹਰ ਮਨੁੱਖ ਮਾਤ੍ਰ ਨੂੰ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਝੂਠੋ ਮਾਇਆ ਕੋ ਮਦ ਮਾਨੁ ॥
2. ਧ੍ਰੋਹ ਮੋਹ ਦੂਰਿ ਕਰਿ ਬਪੁਰੇ
ਸੰਗਿ ਗੋਪਾਲਹਿ ਜਾਨੁ ॥੧॥ਰਹਾਉ॥
3. ਮਿਥਿਆ ਰਾਜ ਜੋਬਨ ਅਰੁ ਉਮਰੇ
ਮੀਰ ਮਲਕ ਅਰੁ ਖਾਨ ॥
4. ਮਿਥਿਆ ਕਾਪਰ ਸੁਗੰਧ ਚਤੁਰਾਈ
ਮਿਥਿਆ ਭੋਜਨ ਪਾਨ ॥੧॥
5. ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ ॥
6. ਮਾਂਗਨਿ ਮਾਂਗਉ ਹੋਇ ਅਚਿੰਤਾ
ਮਿਲੁ ਨਾਨਕ ਕੇ ਹਰਿ ਪ੍ਰਾਨ ॥੨॥੩੫॥੫੮॥

ਪਦ ਅਰਥ:–ਝੂਠੋ–ਸਦਾ ਨਾਲ ਨਾਹ ਨਿਭਣ ਵਾਲਾ। ਕੋ–ਦਾ । ਮਦ–ਨਸ਼ਾ । ਧ੍ਰੋਹ–ਠੱਗੀ । ਬਪੁਰੇ–ਹੇ ਵਿਚਾਰੇ, ਹੇ ਨਿਮਾਣੇ । ਸੰਗਿ–ਨਾਲ ।੧।ਰਹਾਉ।

ਮਿਥਿਆ–ਨਾਸਵੰਤ । ਅਰੁ–ਅਉਰ, ਅਤੇ । ਉਮਰੇ–ਅਮੀਰ ਲੋਕ । ਮੀਰ–ਪਾਤਿਸ਼ਾਹ । ਕਾਪਰ–ਕਪੜੇ । ਸੁਗੰਧ–ਸੁਗੰਧੀਆਂ । ਭੋਜਨ ਪਾਨ–ਖਾਣ ਪੀਣ ਦੇ ਪਦਾਰਥ ।੧।

ਦੀਨ ਬੰਧਰੋ–ਹੇ ਦੀਨ ਬੰਧੂ, ਹੇ ਗਰੀਬਾਂ ਦੇ ਸਹਾਈ । ਸਾਰਾਨ–ਸ਼ਰਨ । ਮਾਂਗਉ–ਮਾਂਗਉਂ, ਮੈਂ ਮੰਗਦਾ ਹਾਂ । ਹੋਇ ਅਚਿੰਤਾ–ਅਚਿੰਤ ਹੋ ਕੇ; ਬੇ ਫਿਕਰ ਹੋ ਕੇ, ਪੂਰੀ ਸ਼ਰਧਾ ਨਾਲ । ਮਾਂਗਨਿ–ਮੰਗ ।੨।

ਅਰਥ:–

ਪ੍ਰ:–ਗੁਰਦੇਵ ਜੀਉ, ਮਨ ਵਿਚ ਰੱਬੀ ਮਾਰਗ ਤੇ ਟੁਰਨ ਦੀ ਆਸਾ ਤਾਂ ਬਣੀ ਰਹਿੰਦੀ ਹੈ, ਪਰ ਇਹ ਸਾਡਾ ਬੇ-ਵਿਸ਼ਵਾਸ਼ਾ ਮਨ ਇਸ ਸ਼ੁਭ ਮਾਰਗ ਤੇ ਟੁਰਨ ਵਲੋਂ ਸਦਾ ਹੀ ਆਲਸੀ ਰਹਿੰਦਾ ਹੈ, ਕੋਈ ਆਪ ਹੀ ਉਪਦੇਸ਼ ਬਖਸ਼ੋ ?

1. **ਉ**:–ਹੇ ਅੰਞਾਣ ਸੁਣ, ਮਾਇਆ ਦਾ ਨਸ਼ਾ, ਮਾਇਆ ਦਾ ਅਹੰਕਾਰ ਝੂਠਾ ਹੈ, (ਸਦਾ ਕਾਇਮ ਰਹਿਣ ਵਾਲਾ ਨਹੀਂ) ।
2. ਹੇ ਅੰਞਾਣ, (ਤੂੰ) (ਮਾਇਆ ਦਾ) ਮੋਹ (ਆਪਣੇ ਅੰਦਰੋਂ) ਦੂਰ ਕਰ ਦੇ, (ਮਾਇਆ ਦੀ ਖਾਤਰ) ਠੱਗੀ ਕਰਨੀ ਦੂਰ ਕਰ ਦੇ ਅਤੇ (ਉਸ) ਪ੍ਰਭੂ ਨੂੰ ਸਦਾ ਆਪਣੇ ਨਾਲ ਵਸਦਾ ਸਮਝ ।੧।ਰਹਾਉ।

ਪ੍ਰ:–ਗੁਰਦੇਵ ਜੀਉ, ਜਦੋਂ ਉਸ ਪ੍ਰਮੇਸ਼ਰ ਨੂੰ ਅੰਗ ਸੰਗ ਸਮਝਣ ਦਾ ਯਤਨ ਕਰਦੇ ਹਾਂ ਤਾਂ ਜਗਤ ਦੇ ਸੁੰਦਰ ਮਾਇਕੀ ਪਦਾਰਥ ਮਨ ਨੂੰ ਸਦਾ ਆਪਣੇ ਵਲ ਹੀ ਲੁਭਾਇਮਾਨ

ਕਰਦੇ ਰਹਿੰਦੇ ਹਨ, ਦਸੋ ਇਨ੍ਹਾਂ ਤੋਂ ਕਿਵੇਂ ਬਚਾ ਹੋ ਸਕਦਾ ਹੈ ?

3. ਉ:—ਹੇ ਭੋਲਿਆ ! ਇਉਂ ਸਮਝ ਕਿ, ਰਾਜ ਨਾਸਵੰਤ ਹੈ, ਜੁਆਨੀ ਨਾਸਵੰਤ ਹੈ, ਅਮੀਰ ਪਾਤਸ਼ਾਹ ਮਲਕ ਖਾਨ, ਸਭ ਨਾਸਵੰਤ ਹਨ। (ਭਾਵ ਹੈ ਕਿ ਇਨ੍ਹਾਂ ਹਕੂਮਤਾਂ ਦਾ ਨਸ਼ਾ ਸਦਾ ਕਾਇਮ ਨਹੀਂ ਰਹੇਗਾ)।

4. ਹੇ ਸਜਣਾਂ ਸੁਣ, ਇਹ ਕਪੜੇ ਤੇ ਸੁਗੰਧੀਆਂ ਸਭ ਨਾਸਵੰਤ ਹਨ, (ਹੇ ਭੋਲਿਆ ਇਨ੍ਹਾਂ ਦੇ ਆਸਰੇ) ਚਤਰਾਈ ਕਰਨੀ, ਝੂਠਾ ਕੰਮ ਹੈ, ਇਹ ਖਾਣ ਪੀਣ ਦੇ (ਵਧੀਆ) ਪਦਾਰਥ ਸਭ ਨਾਸਵੰਤ ਹਨ ।੧।

ਪ੍ਰ:—ਸ੍ਰੀ ਜੀਉ, ਦਸੋ ਕਿ ਉਸ ਪ੍ਰਮੇਸ਼ਰ ਦੇ ਦਰਸ਼ਨਾਂ ਲਈ ਕੀ ਉਪਰਾਲਾ ਕਰਨਾ ਚਾਹੀਦਾ ਹੈ ?

5. ਉ:—ਹੇ ਪਿਆਰੇ, ਇਕੋ ਹੀ ਸਾਧਨ ਹੈ ਕਿ ਉਸਦੇ ਸਨਮੁਖ ਹੋ ਇਉਂ ਹੀ ਜਾਚਨਾਂ ਕਰਦਾ ਰਹੁ ਕਿ, ਹੇ ਗਰੀਬਾਂ ਦੇ ਸਹਾਰੇ, ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਮੈਂ ਤੇਰੇ ਸੰਤਾਂ ਦੀ ਸ਼ਰਨ ਹਾਂ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮੇਰੀ ਜਿੰਦ ਜਾਨ ਦੇ (ਮਾਲਕ) ਹਰੀ ਮੈਂ ਹੋਰ ਆਸਰੇ ਛੱਡ ਕੇ (ਤੇਰੇ ਦਰ ਤੋਂ) ਮੰਗ ਮੰਗਦਾ ਹਾਂ ਕਿ ਮੈਨੂੰ ਦਰਸ਼ਨ ਦੇਣਾ ਕਰੋ ।੨।੩੫।੫੮।

ਭਾਵਾਰਥ :—ਰਾਜ ਮਾਲ ਮਿਲਖਾਂ ਦੇ ਆਸਰੇ ਸਭ ਖਿਰਥੇ ਹਨ, ਇਸ ਲਈ ਹਰ ਮਨੁੱਖ ਨੂੰ ਹਰੀ ਦੀ ਸ਼ਰਨ ਵਿਚ ਪਏ ਰਹਿਣ ਦੀ ਹੀ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫ ॥

1. ਅਪੁਨੀ ਇਤਨੀ ਕਛੂ ਨ ਸਾਰੀ ॥
2. ਅਨਿਕ ਕਾਜ ਅਨਿਕ ਧਾਵਰਤਾ
ਉਰਝਿਓ ਆਨ ਜੰਜਾਰੀ ॥੧॥ਰਹਾਉ॥
3. ਦਿਉਸ ਚਾਰਿ ਕੇ ਦੀਸਹਿ ਸੰਗੀ
ਊਹਾਂ ਨਾਹੀ ਜਹ ਭਾਰੀ ॥
4. ਤਿਨ ਸਿਉ ਰਾਚਿ ਮਾਚਿ ਹਿਤੁ ਲਾਇਓ
ਜੋ ਕਾਮਿ ਨਹੀ ਗਾਵਾਰੀ ॥੧॥
5 ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ॥
6. ਕਰਨ ਕਰਾਵਨ ਨਾਨਕ ਕੇ ਪ੍ਰਭ
ਸੰਤਨ ਸੰਗਿ ਉਧਾਰੀ ॥੨॥੩੬॥੫੯॥

ਪਦ ਅਰਥ:—ਇਤਨੀ ਕਛੂ—ਰਤਾ ਭਰ ਭੀ। ਸਾਰੀ—ਸੰਭਾਲੀ, ਸੰਭਾਲ ਕੀਤੀ। ਧਾਵਰਤਾ—ਭੱਜ ਦੌੜ। ਉਰਝਿਓ—ਫਸਿਆ ਰਿਹਾ। ਆਨ ਜੰਜਾਰੀ—ਹੋਰ ਹੋਰ ਜੰਜਾਲਾਂ ਵਿਚ ।੧।ਰਹਾਉ।

ਦਿਉਸ—ਦਿਵਸ, ਦਿਨ। ਚਾਰਿ—ਚਾਰ ਦਿਨਾਂ ਦੇ ਹੀ (ਸਾਥੀ)। ਦੀਸਹਿ—ਦਿਸਦੇ ਹਨ। ਸੰਗੀ—ਸਾਥੀ। ਊਹਾਂ—ਉਸ ਥਾਂ। ਜਹ—ਜਿਥੇ। ਭਾਰੀ—ਬਿਪਤਾ, ਔਖਿਆਈ। ਰਾਚਿ ਮਾਚਿ—ਰਚ ਮਿਚ ਕੇ। ਹਿਤੁ—ਪਿਆਰ। ਕਾਮਿ ਨਹੀਂ—ਕੰਮ ਨਹੀਂ ਆਉਂਦਾ। ਗਾਵਾਰੀ—ਹੇ ਗਵਾਰ ।੧।

ਹਉ—ਮੈਂ। ਬਸੁ—ਵੱਸ। ਚਾਰੀ—ਚਾਰਾ, ਜ਼ੋਰ। ਪ੍ਰਭ—ਹੇ ਪ੍ਰਭੂ। ਸੰਗਿ—ਨਾਲ। ਉਧਾਰੀ—ਉਧਾਰਿ, ਬਚਾ ਲੈ ।੨।

ਅਰਥ :—

ਪ੍ਰ—ਸ੍ਰੀ ਜੀਉ, ਮੇਰੇ ਅੰਦਰ ਹਰ ਵਕਤ ਹੀ ਡਾਵਾਂ ਡੋਲਤਾ ਬਣੀ ਰਹਿੰਦੀ ਹੈ, ਇਸਦਾ ਸਹੀ ਕਾਰਨ ਕੀ ਹੈ ?

1. ਉ:—ਹੇ ਗਵਾਰ ਸੁਣ, (ਜਿਹੜੀ ਆਤਮਕ ਜਾਇਦਾਦ) ਆਪਣੀ ਬਣਾਈ ਸੀ, ਉਸਦੀ ਤੂੰ ਰਤਾ ਭਰ ਭੀ ਸੰਭਾਲ ਨਾਂਹ ਕੀਤੀ। (ਇਹ ਕਾਰਨ ਤੇਰੇ ਡੁਲਾਂਵੇਂਦਾ ਹੈ)।

2. ਹੇ ਭੋਲਿਆ ! ਤੂੰ ਸਾਰੀ ਉਮਰ ਅਨੇਕਾਂ ਕੰਮਾਂ ਵਿਚ, ਅਨੇਕਾਂ ਦੌੜ ਭੱਜਾਂ ਵਿਚ ਅਤੇ ਹੋਰ ਹੋਰ ਜੰਜਾਲਾਂ ਵਿਚ ਹੀ ਫਸਿਆ ਰਿਹਾ ।੧।ਰਹਾਉ।

ਪ੍ਰ:—ਗੁਰਦੇਵ ਜੀਉ, ਇਹ ਜੋ ਮੇਰੇ ਹਰ ਵਕਤ ਸਾਥ ਦੇਣ ਵਾਲੇ ਸੰਬੰਧੀ ਹਨ ਕੀ ਇਹ ਮੇਰਾ ਸਦੀਵੀ ਸਾਥ ਨਹੀਂ ਨਿਭਾਹ ਸਕਣਗੇ ?

3. ਉ:—ਹੇ ਗਵਾਰ ਸੁਣ, ਇਹ ਜੋ ਦੁਨੀਆਂ ਵਾਲੇ ਸਾਥੀ ਹਨ, ਇਹ ਤਾਂ ਕੇਵਲ ਚਾਰ ਦਿਨਾਂ ਦੇ ਹੀ ਸੰਗੀ ਦਿਸਦੇ ਹਨ, ਜਿਥੇ ਬਿਪਤਾ ਪੈਂਦੀ ਹੈ ਉਥੇ ਇਹ (ਸਹਾਇਤਾ) ਨਹੀਂ (ਕਰ ਸਕਦੇ)।

4. ਹੇ ਗਵਾਰ, ਸੁਣ ਤੂੰ ਤਾਂ ਉਨ੍ਹਾਂ ਨਾਲ (ਹੀ) ਪਰਚ ਕੇ ਪਿਆਰ ਪਾਇਆ ਹੋਇਆ ਹੈ ਜੋ (ਆਖਿਰ) ਤੇਰੇ ਕੰਮ ਨਹੀਂ ਆ ਸਕਦੇ ।੧।

ਪ੍ਰ:—ਸ੍ਰੀ ਜੀਉ, ਫਿਰ ਦਸੋ ਮੈਨੂੰ ਸੰਸਾਰ ਤੋਂ ਉਧਰਨ ਲਈ ਚਾਰਾ ਕੀ ਕਰਦੇ ਰਹਿਣਾ ਚਾਹੀਦਾ ਹੈ ?

5. ਉ:—ਹੇ ਪਿਆਰੇ, ਇਕੋ ਹੀ ਚਾਰਾ ਹੈ ਕਿ ਇਉਂ ਅਰਦਾਸ ਕਰਦਾ ਰਹੁ ਕਿ ਹੇ ਸਭ ਕੁਝ ਕਰਨ ਦੀ ਸਮਰਥਾ ਵਾਲੇ, ਹੇ ਸਭ ਕੁਝ ਕਰਾ ਸਕਣ ਵਾਲੇ, ਹੇ ਪ੍ਰਭੂ ਮੇਰੀ ਕੋਈ ਪਾਂਇਆਂ ਨਹੀਂ, ਮੇਰੀ ਕੋਈ ਸਮਰੱਥਾ ਨਹੀਂ, (ਮਾਇਆ ਦੇ ਟਾਕਰੇ ਤੇ) ਮੇਰਾ ਕੋਈ ਵਸ ਨਹੀਂ ਚਲਦਾ, ਮੇਰਾ ਕੋਈ ਜ਼ੋਰ ਨਹੀਂ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪ੍ਰਭੂ ਜੀ ਮੈਨੂੰ ਆਪਣੇ ਸੰਤਾਂ ਦੀ ਸੰਗਤ ਵਿਚ ਰੱਖ ਕੇ (ਇਸ ਸੰਸਾਰ ਸਮੁੰਦਰ ਤੋਂ) ਮੇਰਾ ਪਾਰ ਉਤਾਰਾ ਕਰੋ।੨।੩੬।੫੯।

ਭਾਵਾਰਥ :—ਮਨੁੱਖ ਆਪਣੇ ਭਲੇ ਦੀ ਕਦੇ ਭੀ ਨਹੀਂ ਸੋਚਦਾ ਤੇ ਨਿਕੰਮਿਆਂ ਸਾਥੀਆਂ ਨਾਲ ਰਲ ਕੇ ਵਿਅਰਥ ਕੰਮਾਂ ਵਿਚ ਰੁੱਝਿਆ ਰਹਿੰਦਾ ਹੈ, ਇਸ ਨੂੰ ਚਾਹੀਦਾ ਹੈ ਕਿ ਨਿਰਮਾਣ ਹੋ ਕੇ ਸੰਤਾਂ ਦੀ ਸੰਗਤ ਰਾਹੀਂ ਹਰੀ ਵਾਲੇ ਪਾਸੇ ਰੁਚੀ ਲਾਵੇ।

ਸਾਰਗ ਮਹਲਾ ੫ ॥

1. **ਮੋਹਨੀ ਮੋਹਤ ਰਹੈ ਨ ਹੋਰੀ ॥**
2. **ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥੧॥ਰਹਾਉ॥**
3. **ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥**
4. **ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥**
5. **ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥**
6. **ਸਾਧ ਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥੨॥੩੭॥੬੦॥**

ਪਦ ਅਰਥ :— ਮੋਹਨੀ–ਮਾਇਆ । ਹੋਰੀ–ਰੋਕੀ ਹੋਈ । ਰਹੈ ਨ–ਰੁਕਦੀ ਨਹੀਂ । ਸਾਧਿਕ–ਜੋਗ ਸਾਧਨਾ ਕਰਨ ਵਾਲੇ । ਸਿਧ–ਸਿੱਧ, ਜੋਗ ਸਾਧਨਾ ਵਿਚ ਪੁਗੇ ਹੋਏ ਜੋਗੀ । ਕਾਹੂ–ਕਿਸੇ ਪਾਸੋਂ । ਤੋਰੀ–ਤੋੜੀ ਹੋਈ ।੧।ਰਹਾਉ।

ਖਟੁ–ਛੇ । ਰਸਨਾਗਰ–ਰਸਨਾ-ਅਗ੍ਰ, ਮੂੰਹ ਜ਼ਬਾਨੀ । ਨ ਥੋਰੀ–ਘਟਦੀ ਨਹੀਂ । ਚਕ੍ਰ–ਪਿੰਡੇ ਉਤੇ ਗਣੇਸ਼ ਆਦਿਕ ਦੇ ਨਿਸਾਨ । ਊਹਾ–ਉਥੇ ਭੀ । ਗੈਲਿ–ਪਿੱਛਾ । ਨ ਛੋਰੀ–ਨਹੀਂ ਛੱਡਦੀ ।੧।

ਅੰਧ ਕੂਪ ਮਹਿ–(ਮਾਇਆ ਦੇ ਮੋਹ ਦੇ) ਅੰਨ੍ਹੇ ਖੂਹ ਵਿਚ । ਪਤਿਤ ਹੋਤ–ਡਿਗਦਾ ਹੈ । ਸੰਤਹੁ–ਹੇ ਸੰਤ ਜਨੋ । ਪਰਮ ਗਤਿ–ਸਭ ਤੋਂ ਉੱਚੀ ਆਤਮਕ ਅਵਸਥਾ । ਮੋਰੀ–ਮੇਰੀ । ਮੁਕਤਾ–(ਮਾਇਆ ਦੇ ਪੰਜੇ ਤੋਂ) ਆਜ਼ਾਦ । ਭੋਰੀ-ਥੋੜ੍ਹਾ ਕੁ ਹੀ ।੨।

ਅਰਥ.—

ਪ੍ਰ.—ਗੁਰਦੇਵ ਜੀਉ, ਇਹ ਮਾਇਆ ਕਿਤਨਾ ਕੁ ਬਲ ਰੱਖਦੀ ਹੈ ?

1.**ਉ**:—ਹੇ ਭਾਈਓ, ਇਹ ਮੋਹਨੀ ਮਾਇਆ (ਇਤਨੀ ਬਲਵਾਨ ਹੈ ਜੋ ਕਿ ਸਾਰੇ ਹੀ ਜੀਵਾਂ ਨੂੰ) ਆਪਣੇ (ਹੀ) ਮੋਹ ਵਿਚ ਫਸਾਂਦੀ ਰਹਿੰਦੀ ਹੈ । ਇਹ ਕਿਸੇ ਪਾਸੋਂ (ਭੀ) ਰੋਕਿਆਂ ਰੁਕਦੀ ਨਹੀਂ ।

ਪ੍ਰ.—ਕਿਉਂ ਜੀ, ਜੋਗੀ ਲੋਕ ਤਾਂ ਇਸ ਨੂੰ ਆਪਣੇ ਕਾਬੂ ਕਰ ਸਕਦੇ ਹੋਣਗੇ ?

2.**ਉ**:—ਹੇ ਭਾਈਓ, ਅਸੀਂ ਤਾਂ ਵੇਖਦੇ ਹਾਂ ਕਿ ਜੋਗ ਸਾਧਨਾ ਕਰਨ ਵਾਲੇ ਸਾਧੂ, ਅਤੇ ਜੋਗ ਸਾਧਨਾ ਵਿਚ ਪੁੱਗੇ ਹੋਏ ਜੋਗੀ, (ਮਾਇਆ ਇਨ੍ਹਾਂ) ਸਭਨਾਂ ਦੀ ਹੀ ਪਿਆਰੀ ਹੈ, ਕਿਸੇ ਪਾਸੋਂ ਭੀ (ਉਸ ਦਾ ਪਿਆਰ) ਤੋੜਿਆ ਹੋਇਆ ਟੁੱਟਦਾ ਨਹੀਂ ।੧।ਰਹਾਉ।

ਪ੍ਰ.—ਗੁਰਦੇਵ ਜੀਉ, ਅਸੀਂ ਤਾਂ ਵੇਖਦੇ ਹਾਂ ਕਿ ਬਹੁਤ ਲੋਕ ਸ਼ਾਸਤ੍ਰਾਂ ਨੂੰ ਜ਼ਬਾਨੀ ਹੀ ਪੜ੍ਹਨ ਵਾਲੇ ਹਨ, ਕਈ ਸਦਾ ਹੀ ਤੀਰਥਾਂ ਦਾ ਰਟਨ ਕਰਦੇ ਰਹਿੰਦੇ ਹਨ ਇਨ੍ਹਾਂ ਦੇ ਅੰਦਰੋਂ ਤਾਂ ਮਾਇਆ ਦੀ ਪ੍ਰੀਤ ਜ਼ਰੂਰ ਘਟ ਜਾਂਦੀ ਹੋਵੇਗੀ ?

3.**ਉ**:—ਹੇ ਭਾਈਓ, ਵਿਸ਼ਵਾਸ ਰਖੋ ਕਿ ਛੇ ਸ਼ਾਸਤ੍ਰ ਮੂੰਹ-ਜ਼ਬਾਨੀ ਉਚਾਰਿਆਂ ਅਤੇ ਤੀਰਥਾਂ ਦਾ ਰਟਨ ਕੀਤਿਆਂ ਭੀ (ਮਾਇਆ ਵਾਲੀ ਪ੍ਰੀਤ) ਘਟਦੀ ਨਹੀਂ ।

4. ਹੇ ਪਿਆਰਿਓ, ਅਸੀਂ ਤਾਂ ਵੇਖਦੇ ਹਾਂ ਕਿ ਅਨੇਕਾਂ ਲੋਕ ਹਨ ਦੇਵ ਪੂਜਾ ਕਰਨ ਵਾਲੇ (ਆਪਣੇ ਸਰੀਰ ਉਤੇ ਗਣੇਸ਼ ਆਦਿਕਾਂ ਦੇ) ਨਿਸ਼ਾਨ ਲਾਉਣ ਵਾਲੇ, ਵਰਤ ਆਦਿਕਾਂ ਨੇਮ ਨਿਭਾਉਣ ਵਾਲੇ, ਤਪ ਕਰਨ ਵਾਲੇ, ਪਰ ਮਾਇਆ ਉਥੇ ਭੀ ਪਿੱਛਾ ਨਹੀਂ ਛੱਡਦੀ (ਖਲਾਸੀ ਨਹੀਂ ਕਰਦੀ) ।੧।

ਪ੍ਰ.: ਕਿਉਂ ਜੀ, ਤਾਂ ਫਿਰ ਦਸੋ ਮਾਇਆ ਦੇ ਮੋਹ ਤੋਂ ਕਿਵੇਂ ਛੁਟਕਾਰਾ ਹੋ ਸਕੇ ?

5.**ਉ**: ਹੇ ਭਾਈਓ, ਇਕੋ ਹੀ ਸਾਧਨ ਜੋਦੜੀ ਹੈ ਉਹ ਨਿਤਾ ਪ੍ਰਤੀ ਇਉਂ ਹੀ ਕਰਦੇ ਰਹੋ ਕਿ ਹੇ ਸੰਤ ਜਨੋ (ਇਹ) ਜਗਤ ਮਾਇਆ ਦੇ ਮੋਹ ਦੇ ਅੰਨ੍ਹੇ ਖੂਹ ਵਿਚ ਡਿੱਗ ਰਿਹਾ ਹੈ, ਤੁਸੀਂ ਮਿਹਰ ਕਰੋ, ਮੇਰੀ ਉਚੀ ਆਤਮਕ ਅਵਸਥਾ ਬਣਾਓ (ਅਤੇ ਮੈਨੂੰ ਮਾਇਆ ਦੇ ਪੰਜੇ ਵਿਚੋਂ ਬਚਾਓ) ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ, ਜਿਹੜਾ ਮਨੁੱਖ ਸਾਧ ਸੰਗਤ ਵਿਚ ਪ੍ਰਮਾਤਮਾ ਦਾ ਥੋੜ੍ਹਾ ਜਿਤਨਾ ਭੀ ਦਰਸ਼ਨ ਕਰਦਾ ਹੈ, (ਉਹ ਮਾਇਆ ਦੇ ਪੰਜੇ ਤੋਂ) ਆਜ਼ਾਦ ਹੋ ਜਾਂਦਾ ਹੈ ।੨।੩੭।੬੦।

ਭਾਵਾਰਥ :– ਇਹ ਮਨੁੱਖ ਮਾਇਆ ਦੇ ਮੋਹ ਵਿਚ ਪਿਆ ਰਹਿੰਦਾ ਹੈ, ਜਿਸ ਤੋਂ ਕਿ ਵੱਡੇ ਵੱਡੇ ਤਪੀਸਰ ਤੇ ਕਰਮ-ਕਾਂਡੀ ਭੀ ਨਹੀਂ ਬਚ ਸਕੇ । ਇਸ ਲਈ ਬਚਾਓ ਕੇਵਲ ਸਾਧ ਸੰਗਤ ਦੇ ਰਾਹੀਂ ਹਰੀ ਦਰਸ਼ਨ ਦੀ ਤਾਂਘ ਵਿਚ ਹੈ ।

ਸਾਰਗ ਮਹਲਾ ੫ ॥

1. **ਕਹਾ ਕਰਹਿ ਰੇ ਖਾਟਿ ਖਾਟੁਲੀ ॥**
2. **ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ ॥੧॥ਰਹਾਉ॥**
3. **ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ ॥**
4. **ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ ॥੧॥**
5. **ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ ॥**
6. **ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲੈ ਤੇਰੀ ਗਾਂਠੁਲੀ ॥੨॥੩੮॥੬੧॥**

ਪਦ ਅਰਥ :—ਕਹਾ ਕਰਹਿ—ਤੂੰ ਕੀ ਕਰਦਾ ਹੈਂ? ਰੇ—ਹੇ ਭਾਈ। ਖਾਟਿ—ਖੱਟ ਕੇ। ਖਾਟੁਲੀ—(ਮਾਇਆ ਦੀ ਕੋਝੀ) ਖੱਟੀ। ਪਵਨਿ—ਹਵਾ ਨਾਲ। ਅਫਾਰ-ਆਫਰਿਆ ਹੋਇਆ, ਫੁਲਿਆ ਹੋਇਆ। ਤੋਰ ਚਾਮਰੋ—ਤੇਰਾ ਚਮੜਾ, ਤੇਰਾ ਸਰੀਰ। ਅਤਿ—ਬਹੁਤ। ਜਜਰੀ—ਜਰਜਰੀ, ਪੁਰਾਣੀ। ਮਾਟੁਲੀ—ਤੇਰੀ ਕਾਇਆ।੧।ਰਹਾਉ।

ਊਹੀ ਤੇ—ਉਥੋਂ ਹੀ, ਧਰਤੀ ਤੋਂ ਹੀ। ਹਰਿਓ—ਚੁਰਾਇਆ ਹੈ। ਊਹਾ—ਉਥੇ ਧਰਤੀ ਵਿਚ ਹੀ। ਬਾਸਾ—ਬਾਸ਼ਾ, ਸ਼ਿਕਾਰੀ ਪੰਛੀ। ਝਾਟੁਲੀ—ਝਪਟ। ਅੰਧੁਲੇ—ਹੇ ਅੰਨ੍ਹੇ। ਸਫਰੀ—ਰਾਹੀ। ਉਦਰੁ—ਪੇਟ। ਬਹਿ—ਬਹਿ ਕੇ। ਹਾਟੁਲੀ—ਕਿਸੇ ਹੱਟੀ ਉਤੇ।੧।

ਸਾਦ—ਸੁਆਦ। ਜਹ—ਜਿੱਥੇ। ਭੀਰ—ਭੀੜੀ। ਬਾਟੁਲੀ—ਪਗਡੰਡੀ, ਵਾਟ। ਆਜੁ ਕਾਲਿ—ਅੱਜ ਭਲਕੇ, ਛੇਤੀ ਹੀ। ਗਾਂਠੁਲੀ—ਗੰਢ, ਪ੍ਰਾਣਾਂ ਦੀ ਗੰਢ।੨।

ਅਰਥ—

ਪ੍ਰ:—ਗੁਰਦੇਵ ਜੀਉ, ਮੇਰਾ ਜੀਵਨ ਮਾਇਆ ਦੇ ਇਕੱਠੀ ਕਰਨ ਤੇ ਸਰੀਰ ਦੀ ਪਾਲਨਾ ਪੋਸਨਾ ਕਰਨ ਵਿਚ ਹੀ ਲੱਗਾ ਰਹਿੰਦਾ ਹੈ, ਮੈਨੂੰ ਕੋਈ ਵੈਰਾਗਮਈ ਸ਼ੁਭ ਉਪਦੇਸ਼ ਦਿਓ?

1.**ਉ**:—ਹੇ ਮੂਰਖਾ! ਸੁਣ ਮਾਇਆ ਵਾਲੀ ਕੋਝੀ ਖੱਟੀ ਖੱਟਕੇ ਤੂੰ ਕੀ ਕਰਦਾ ਰਹਿੰਦਾ ਹੈਂ।

ਪ੍ਰ:—ਸ੍ਰੀ ਜੀਉ, ਦਸੋ ਮੈਂ ਹੋਰ ਕੀਹ ਕਰਾਂ?

2.**ਉ**:—ਹੇ ਮੂਰਖ ਸੁਣ, ਤੂੰ ਕਦੀ ਧਿਆਨ ਹੀ ਨਹੀਂ ਦੇਂਦਾ ਕਿ ਇਹ ਤੇਰੀ ਚਮੜੀ ਸਿਰਫ ਹਵਾ ਨਾਲ (ਹੀ) ਫੁੱਲੀ ਹੋਈ ਹੈ ਤੇ ਤੇਰਾ ਸਰੀਰ ਇਹ ਬਹੁਤ ਜਰਜਰਾ ਹੁੰਦਾ ਜਾ ਰਿਹਾ ਹੈ।੧।ਰਹਾਉ।

ਪ੍ਰ:—ਗੁਰਦੇਵ ਜੀਉ, ਆਖਰ ਪੇਟ ਪੂਰਤੀ ਲਈ ਧਨ ਇਕੱਠਾ ਕਰਨ ਲਈ ਉੱਦਮ ਕਰਨਾ ਭੀ ਤਾਂ ਅਤਿ ਜ਼ਰੂਰੀ ਹੈ?

3.**ਉ**:—ਹੇ ਮੂਰਖਾ, ਅਸੀਂ ਤਾਂ ਵੇਖ ਰਹੇ ਹਾਂ ਕਿ ਸਰੀਰ ਦੇ ਨਿਰਬਾ ਮਾਤ੍ਰ ਤੋਂ ਵਧੇਰੇ ਜੋ ਤੂੰ ਧਨ ਇਕੱਠਾ ਕਰਦਾ ਹੈਂ ਉਹ ਤਾਂ ਇਉਂ ਹੀ ਹੈ ਜਿਵੇਂ ਕਿ ਬਾਸ਼ਾ ਮਾਸ ਵਾਸਤੇ ਝਪਟ ਮਾਰਦਾ ਹੈ, ਤਿਵੇਂ ਤੂੰ ਭੀ ਧਰਤੀ ਤੋਂ ਹੀ (ਧਨ ਝਪਟ ਮਾਰ ਕੇ) ਖੋਂਹਦਾ ਹੈਂ ਤੇ ਧਰਤੀ ਵਿਚ ਹੀ ਸਾਂਭ ਰਖਦਾ ਹੈਂ।

ਪ੍ਰ:—ਕਿਉਂ ਜੀ, ਕੀ ਇਸ ਤੋਂ ਇਲਾਵਾ ਮੇਰੇ ਕਰਨ ਜੋਗ ਕੁਝ ਹੋਰ ਭੀ ਹੈ?

4.**ਉ**:—ਹੇ ਮੂਰਖਾ ਸੁਣ, (ਤੂੰ ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਨੇ ਸਾਰੇ ਪਦਾਰਥ ਦੇਣ ਵਾਲੇ ਪ੍ਰਭੂ ਨੂੰ (ਹੀ) ਭੁਲਾ ਦਿਤਾ ਹੈ, (ਹੇ ਮੂਰਖਾ) ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਜਿਵੇਂ ਕੋਈ ਰਾਹੀ ਕਿਸੇ ਹੱਟੀ ਤੇ ਬੈਠ ਕੇ ਆਪਣਾ ਪੇਟ ਭਰੀ ਜਾਂਦਾ ਹੈ (ਤੇ ਇਹ ਚੇਤਾ ਹੀ ਭੁਲਾ ਦੇਂਦਾ ਹੈ ਕਿ ਮੇਰਾ ਪੈਂਡਾ ਖੋਟਾ ਹੋ ਰਿਹਾ ਹੈ)।੧।

5.ਹੇ ਮੂਰਖਾ, ਤੂੰ ਵਿਕਾਰਾਂ ਦੇ ਸੁਆਦਾਂ ਵਿਚ ਨਾਸਵੰਤ ਪਦਾਰਥਾਂ ਦੇ ਰਸਾਂ ਵਿਚ (ਮਸਤ ਹੈਂ) ਜਿਥੇ ਤੂੰ ਜਾਣਾ ਹੈ, ਉਹ ਰਸਤਾ (ਇਨ੍ਹਾਂ ਰਸਾਂ ਤੇ ਸੁਆਦਾਂ ਦੇ ਕਾਰਨ) ਔਖਾ ਹੁੰਦਾ ਜਾ ਰਿਹਾ ਹੈ।

6.ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਮੂਰਖਾ! (ਤੂੰ ਅਜੇ ਭੀ ਸ਼ੀਘਰ ਹੀ ਸਮਝਣ ਦਾ ਉਦਮ ਕਰ ਕਿਉਂਕਿ) ਝਬਦੇ ਹੀ ਤੇਰੇ ਪ੍ਰਾਣਾਂ ਦੀ ਗੰਢ ਖੁਲ੍ਹ ਜਾਣੀ ਹੈ।੨।੩੮।੬੧।

ਭਾਵਾਰਥ :—ਮਨੁੱਖ ਆਪਣੇ ਤੁਲ ਸਰੀਰ ਦੀ ਚੇਸ਼ਟਾ ਵਿਚ ਲੱਗਾ ਹੋਇਆ ਮਾਇਕ ਪਦਾਰਥਾਂ ਦਾ ਲਾਲਚ ਕਰਦਾ ਹੈ, ਪਰ ਮੌਤ ਛੇਤੀ ਆ ਕੇ ਉਸ ਨੂੰ ਦਸ ਦੇਂਦੀ ਹੈ ਕਿ ਇਹ ਸੁਆਦ ਝੂਠੇ ਸਨ ਤੇ ਅਸਲੀ ਜੀਵਨ ਵਲ ਲਿਜਾਣ ਵਾਲੇ ਨਹੀਂ ਸਨ।

ਸਾਰਗ ਮਹਲਾ ੫ ॥

1. ਗੁਰ ਜੀਉ ਸੰਗਿ ਤੁਹਾਰੈ ਜਾਨਿਓ ॥
2. ਕੋਟਿ ਜੋਧ ਉਆ ਕੀ ਬਾਤ ਨ ਪੁਛੀਐ
ਤਾਂ ਦਰਗਹ ਭੀ ਮਾਨਿਓ ॥੧॥ਰਹਾਉ॥
3. ਕਵਨ ਮੂਲੁ ਪ੍ਰਾਨੀ ਕਾ ਕਹੀਐ
ਕਵਨ ਰੂਪੁ ਦ੍ਰਿਸਟਾਨਿਓ ॥
4. ਜੋਤਿ ਪ੍ਰਗਾਸ ਭਈ ਮਾਟੀ ਸੰਗਿ
ਦੁਲਭ ਦੇਹ ਬਖਾਨਿਓ ॥੧॥
5. ਤੁਮ ਤੇ ਸੇਵ ਤੁਮ ਤੇ ਜਪ ਤਾਪਾ
ਤੁਮ ਤੇ ਤਤੁ ਪਛਾਨਿਓ ॥
6. ਕਰੁ ਮਸਤਕਿ ਧਰਿ ਕਟੀ ਜੇਵਰੀ
ਨਾਨਕ ਦਾਸ ਦਸਾਨਿਓ ॥੨॥੩੯॥੬੨॥

ਪਦ ਅਰਥ :—ਗੁਰ—ਹੇ ਗੁਰੂ। ਸੰਗਿ ਤੁਹਾਰੈ—ਤੇਰੀ ਸੰਗਤ ਵਿਚ। ਜਾਨਿਓ—ਸਮਝ ਆਈ ਹੈ। ਜੋਧ—ਜੋਧੇ। ਉਆ ਕੀ—ਉਨ੍ਹਾਂ (ਜੋਧਿਆਂ) ਦੀ। ਨ ਪੁਛੀਐ—ਨਹੀਂ ਪੁੱਛੀ ਜਾਣੀ। ਤਾਂ—(ਜੇ ਤੇਰੀ ਸੰਗਤਿ ਵਿਚ ਰਹੀਏ) ਤਾਂ। ਮਾਨਿਓ—ਆਦਰ ਮਿਲਦਾ ਹੈ।੧।ਰਹਾਉ।

ਕਵਨ ਮੂਲੁ—(ਰਕਤ ਬਿੰਦ ਦਾ) ਗੰਦਾ ਜਿਹਾ ਹੀ ਅਸਲਾ। ਕਹੀਐ—ਆਖਿਆ ਜਾ ਸਕਦਾ ਹੈ। ਕਵਨ ਰੂਪੁ—ਕੈਸੀ ਸੋਹਣੀ ਸ਼ਕਲ। ਦਿਸਟਾਨਿਓ—ਦਿਸ ਪੈਂਦੀ ਹੈ। ਸੰਗਿ—ਨਾਲ। ਦੇਹ—ਸਰੀਰ। ਬਖਾਨਿਓ—ਆਖੀਦਾ ਹੈ।੧।

ਤੁਮ ਤੇ—ਤੈਥੋਂ ਹੀ (ਹੇ ਗੁਰੂ)। ਤਤੁ—ਅਸਲੀਅਤ, ਸਹੀ ਜੀਵਨ ਰਸਤਾ। ਕਰੁ—ਹੱਥ। ਮਸਤਕਿ—ਮੱਥੇ ਉਤੇ। ਧਰਿ—ਧਰ ਕੇ। ਦਾਸ ਦਸਾਨਿਓ—ਦਾਸਾਂ ਦਾ ਦਾਸ।੨।

ਅਰਥ—

ਪ੍ਰ:—ਸ੍ਰੀ ਜੀਉ, ਆਪ ਜੀ ਗੁਰੂ ਦੀ ਸੰਗਤ ਸੰਬੰਧੀ ਕੀ ਨਿਸਚਾ ਰਖਦੇ ਹੋ?

1. **ਉ**:–ਹੇ ਭਾਈਓ ! ਮੈਂ ਤਾਂ ਸੰਗਤ ਬਾਰੇ ਇਉਂ ਹੀ ਵੀਚਾਰ ਰਖਦਾ ਹਾਂ ਕਿ, ਹੇ ਸਤਿਗੁਰੂ ਜੀ, ਤੇਰੀ ਸੰਗਤ ਵਿਚ (ਰਹਿਕੇ) ਇਹ ਵੀਚਾਰ ਆਈ ਹੈ ਕਿ ।
2. (ਜੇਹੜੇ ਜਗਤ ਵਿਚ) ਕ੍ਰੋੜਾਂ ਸੂਰਮੇ (ਅਖਵਾਂਦੇ ਸਨ) ਉਥੇ ਜਿਨ੍ਹਾਂ ਦੀ ਵਾਤ ਭੀ ਨਹੀਂ ਪੁਛੀ ਜਾਂਦੀ (ਜੇ ਤੇਰੀ ਸੰਗਤ ਵਿਚ ਟਿਕੇ ਰਹੀਏ) ਤਾਂ ਉਸ ਦਰਗਾਹ ਵਿਚ ਭੀ ਆਦਰ ਮਿਲਦਾ ਹੈ ।੧।ਰਹਾਉ।

ਪ੍ਰ:–ਸ੍ਰੀ ਜੀਉ ! ਤੁਸੀਂ ਉਸ ਪ੍ਰਭੂ ਦਾ ਵੱਡਾ ਉਪਕਾਰ ਕੀ ਅਨਭਵ ਕਰਦੇ ਹੋ ?

3. **ਉ**:–ਹੇ ਭਾਈਓ ! ਵੇਖੋ, (ਰਕਤ ਬਿੰਦ ਦਾ) ਇਸ ਜੀਵ ਦਾ ਗੰਦਾ ਜਿਹਾ ਹੀ ਮੁੱਢ ਆਖਿਆ ਜਾਂਦਾ ਹੈ (ਪਰ ਇਸ ਗੰਦੇ ਮੂਲ ਤੋਂ ਭੀ) ਕੈਸੀ ਸੋਹਣੀ ਸ਼ਕਲ ਦਿਸ ਪੈਂਦੀ ਹੈ ।
4. ਹੇ ਪਿਆਰੇ ! ਜਦੋਂ ਮਿਟੀ ਦੇ ਅੰਦਰ (ਉਸ ਪ੍ਰਭੂ ਦੀ) ਜੋਤ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਸਨੂੰ (ਭੀ) ਦੁਰਲੱਭ (ਮਨੁੱਖਾ) ਸਰੀਰ ਆਖੀਦਾ ਹੈ ।੧।
5. (ਹੇ ਸਤਿਗੁਰੂ) ਤੈਥੋਂ ਹੀ (ਮੈਂ) ਸੇਵਾ ਭਗਤੀ ਦੀ ਜਾਚ ਸਿਖੀ ਹੈ, ਤੈਥੋਂ ਹੀ ਜਪ ਤਪ ਦੀ ਸਮਝ ਆਈ ਹੈ, ਤੈਥੋਂ ਹੀ ਸਹੀ ਜੀਵਨ ਦਾ ਰਸਤਾ ਸਮਝਿਆ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਗੁਰੂ ! ਮੇਰੇ ਮੱਥੇ ਉਤੇ ਤੂੰ ਆਪਣਾ ਹੱਥ ਰੱਖ ਕੇ ਮੇਰੀ ਮਾਇਆ ਦੇ ਮੋਹ ਦੀ ਫਾਹੀ ਕੱਟ ਦਿਤੀ ਹੈ, ਮੈਂ ਤੇਰੇ ਦਾਸਾਂ ਦਾ ਦਾਸ ਹਾਂ ।੨।੩੯।੬੨।

ਭਾਵਾਰਥ :–ਹਰੀ ਦੀ ਕ੍ਰਿਪਾ ਵੱਲ ਧਿਆਨ ਦੁਆਂਦੇ ਹਨ ਕਿ ਮਨੁੱਖ ਕਿਸ ਤੁਛ ਮਿਟੀ ਦਾ ਬਣਿਆ ਹੈ, ਪਰ ਹਰੀ ਦੀ ਜੋਤ ਦੇ ਪ੍ਰਵੇਸ਼ ਕਰਨ ਨਾਲ ਕਿਸ ਰੂਪ ਦਾ ਮਾਲਕ, ਕੈਸਾ ਗਿਆਨ ਧਿਆਨ ਕਰਨ ਵਾਲਾ ਬਣਿਆ ਹੈ ।

ਸਾਰਗ ਮਹਲਾ ੫ ॥

1. ਹਰਿ ਹਰਿ ਦੀਓ ਸੇਵਕ ਕਉ ਨਾਮ ॥
2. ਮਾਨਸੁ ਕਾ ਕੋ ਬਪੁਰੋ ਭਾਈ
ਜਾ ਕੋ ਰਾਖਾ ਰਾਮ ॥੧॥ਰਹਾਉ॥
3. ਆਪਿ ਮਹਾਜਨੁ ਆਪੇ ਪੰਚਾ
ਆਪਿ ਸੇਵਕ ਕੈ ਕਾਮ ॥
4. ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ ॥੧॥
5. ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ ॥
6. ਆਦਿ ਜੁਗਾਦਿ ਸੇਵਕ ਕੀ ਰਾਖੈ
ਨਾਨਕ ਕੋ ਪ੍ਰਭੁ ਜਾਨ ॥੨॥੪੦॥੬੩॥

ਪਦ ਅਰਥ :–ਕਉ–ਨੂੰ । ਕਾ ਕੋ ਬਪਰੋ–ਕਿਸਦਾ ਵਿਚਾਰਾ ਹੈ ? ਭਾਈ–ਹੇ ਭਾਈ । ਜਾ ਕੋ–ਜਿਸ (ਮਨੁੱਖ) ਦਾ ।੧।ਰਹਾਉ।

ਮਹਾ ਜਨੁ–ਮੁਖੀਆ । ਪੰਚਾ–ਮੁਖੀਆ । ਕੈ ਕਾਮ–ਦੇ ਕੰਮਾਂ ਵਿਚ (ਸਹਾਈ ਹੁੰਦਾ ਹੈ) । ਦੂਤ–ਵੈਰੀ । ਬਿਦਾਰੇ–ਤਬਾਹ ਕਰਦਾ ਹੈ । ਅੰਤਰਜਾਮ–ਸਭ ਦੇ ਦਿਲ ਦੀ ਜਾਨਣ ਵਾਲਾ ।੧।

ਆਪੇ–ਆਪ ਹੀ । ਪਤਿ–ਇਜ਼ਤ । ਬੰਧਾਨ–ਬਾਂਧ, ਪੱਕਾ ਨਿਯਮ । ਆਦਿ–ਗੁਰੂ ਤੋਂ। ਜੁਗਾਦਿ–ਜੁਗਾਂ ਦੇ ਮੁੱਢ ਤੋਂ । ਜਾਨ–ਸੁਜਾਨ, ਜਾਣੀ ਜਾਣ ।੨।

ਅਰਥ:–

ਪ੍ਰ:–ਸ੍ਰੀ ਜੀਉ ! ਅਸਲ ਵਿਚ ਨਾਮ ਦੀ ਦਾਤ ਕਿਵੇਂ ਮਿਲ ਸਕਦੀ ਹੈ ?

1. **ਉ**:–ਹੇ ਭਾਈਓ ! (ਅਸਲ ਵਿਚ ਤਾਂ) ਆਪਣੇ ਸੇਵਕ ਨੂੰ ਪ੍ਰਮਾਤਮਾਂ ਆਪਣਾ ਨਾਮ ਆਪ (ਹੀ) ਦੇਂਦਾ ਹੈ ।
2. ਹੇ ਭਾਈਓ ! ਜਿਸ ਮਨੁੱਖ ਦਾ ਰਖਵਾਲਾ ਪ੍ਰਮਾਤਮਾਂ ਆਪ ਬਣਦਾ ਹੈ । ਮਨੁੱਖ ਕਿਸ ਦਾ ਵਿਚਾਰਾ ਹੈ, (ਕਿ ਉਸਦਾ ਕੁੱਛ ਵਿਗਾੜ ਸਕੇ) ? ।੧।ਰਹਾਉ।
3. ਐ ਪਿਆਰੇ ! ਪ੍ਰਮਾਤਮਾਂ ਆਪ ਹੀ ਆਪਣੇ ਸੇਵਕ ਦੇ ਕੰਮ ਆਉਂਦਾ ਹੈ, ਆਪ ਹੀ (ਉਸਦੇ ਵਾਸਤੇ) ਮੁਖੀਆ ਹੈ ।
4. ਹੇ ਭਾਈਓ ! ਉਹ ਅੰਤਰਜਾਮੀ ਮਾਲਕ ਪ੍ਰਭੂ ਆਪ ਹੀ (ਆਪਣੇ ਸੇਵਕ ਦੇ) ਸਾਰੇ ਵੈਰੀ ਮੁਕਾ ਦੇਂਦਾ ਹੈ ।੧।
5. ਹੇ ਪਿਆਰੇ, ਪ੍ਰਮਾਤਮਾ ਆਪ ਹੀ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਹੈ, (ਉਸਦੀ ਇੱਜ਼ਤ ਬਚਾਉਣ ਲਈ) ਆਪ ਹੀ ਪੱਕੇ ਨਿਯਮ ਥਾਪ ਦੇਂਦਾ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ਉਹ ਜਾਣੀ ਜਾਣ ਪ੍ਰਭੂ ਆਦਿ ਤੋਂ ਜੁਗਾਂ ਦੇ ਆਦਿ ਤੋਂ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਆਇਆ ਹੈ । ੨।੪੦।੬੩।

ਭਾਵਾਰਥ :–ਹਰੀ ਨੂੰ ਆਦਰਸ਼ਕ ਮਾਲਕ ਦਸ ਕੇ ਮਨੁੱਖ ਨੂੰ ਉਸਦਾ ਸੇਵਕ ਬਣਨ ਲਈ ਪ੍ਰੇਰਦੇ ਹਨ ।

ਸਾਰਗ ਮਹਲਾ ੫ ॥

1. ਤੂ ਮੇਰੇ ਮੀਤ ਸਖਾ ਹਰਿ ਪ੍ਰਾਨ ॥
2. ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ
ਇਹੁ ਤਨੁ ਸੀਤੋ ਤੁਮਰੈ ਧਾਨ ॥੧॥ਰਹਾਉ॥
3. ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ॥
4. ਸਦਾ ਸਦਾ ਤੁਮ ਹੀ ਪਤਿ ਰਾਖਹੁ
ਅੰਤਰਜਾਮੀ ਜਾਨ ॥੧॥
5. ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ॥
6. ਜਨ ਕਾ ਸੰਗੁ ਪਾਈਐ ਵਡਭਾਗੀ
ਨਾਨਕ ਸੰਤਨ ਕੈ ਕੁਰਬਾਨ ॥੨॥੪੧॥੬੪॥

ਪਦ ਅਰਥ :—ਮੀਤ—ਮਿੱਤਰ । ਸਖਾ—ਸਹਾਈ। ਜੀਉ—ਜਿੰਦ। ਪਿੰਡੁ—ਸ੍ਰੀਰ। ਸੀਤੋ—ਬਣਿਆ ਹੈ, ਪਲਿਆ ਹੈ। ਤੁਮਰੈ ਧਾਨ—ਤੇਰੀ ਬਖਸ਼ੀ ਖੁਰਾਕ ਨਾਲ ।੧।ਰਹਾਉ।

ਦੀਏ-ਦਿੱਤੇ। ਅਨਿਕ ਪ੍ਰਕਾਰਾ—ਕਈ ਕਿਸਮਾਂ ਦੇ ਪਦਾਰਥ । ਮਾਨ—ਆਦਰ। ਪਤਿ—ਇੱਜ਼ਤ । ਜਾਨ—ਜਾਣੀ ਜਾਣ ।੧।

ਤੂ—ਤੈਨੂੰ। ਠਾਕੁਰ—ਹੇ ਠਾਕੁਰ, ਹੇ ਮਾਲਕ। ਤੇ—ਉਹ। ਆਏ—(ਜਗਤ ਵਿਚ) ਆਏ ਹੋਏ। ਸੰਗੁ—ਸਾਥ । ਵਡਭਾਗੀ—ਵਡੇ ਭਾਗਾਂ ਨਾਲ। ਕੈ—ਤੋਂ। ਕੁਰਬਾਨ—ਸਦਕੇ ।੨।

ਅਰਥ:—

ਪ੍ਰ:—ਗੁਰਦੇਵ ਜੀਉ! ਉਸ ਮਾਲਕ ਤੇ ਆਪ ਜੀ ਕਿਤਨਾ ਕੁ ਨਿਸਚਾ ਰਖਦੇ ਹੋ ?

1. **ਉ** :—ਹੇ ਭਾਈਓ! ਮੇਰਾ ਤਾਂ ਇਉਂ ਹੀ ਨਿਸਚਾ ਹੈ ਕਿ ਹੇ ਪ੍ਰਭੂ! ਤੂੰ ਹੀ ਮੇਰਾ ਮਿੱਤਰ ਹੈਂ, ਤੂੰ ਹੀ ਮੇਰੇ ਪ੍ਰਾਣਾਂ ਦਾ ਸਹਾਈ ਹੈਂ।
2. ਇਹ ਮੇਰਾ ਮਨ ਧਨ, ਇਹ ਜਿੰਦ ਇਹ ਸਰੀਰ, ਸਭ ਕੁੱਝ ਤੇਰਾ ਹੀ ਦਿਤਾ ਹੋਇਆ ਹੈ। ਮੇਰਾ ਇਹ ਸਰੀਰ ਤੇਰੀ ਹੀ ਬਖਸ਼ੀ ਖੁਰਾਕ ਨਾਲ ਪਾਲਿਆ ਹੈ ।੧।ਰਹਾਉ।
3. ਹੇ ਮੇਰੇ ਦਿਲ ਦੀ ਜਾਨਣ ਵਾਲੇ ਤੂੰਹੀ ਸਦਾ ਸਦਾ ਮੇਰੀ ਇੱਜ਼ਤ ਰਖਦਾ ਹੈਂ ।੧।
4. ਹੇ ਪ੍ਰਭੂ! ਹੇ ਦਿਲ ਦੀ ਜਾਣਨ ਵਾਲੇ, ਹੇ ਜਾਣੀ ਜਾਣ, ਮੈਨੂੰ ਤੂੰ ਹੀ ਅਨੇਕਾਂ ਕਿਸਮਾਂ ਦੇ ਪਦਾਰਥ ਦੇਂਦਾ ਹੈਂ, ਤੂੰ ਹੀ ਸਦਾ ਸਦਾ ਮੇਰੀ ਇੱਜ਼ਤ ਰੱਖਦਾ ਹੈਂ ।੧।
5. ਹੇ ਮੇਰੇ ਮਾਲਕ! ਜਿਨ੍ਹਾਂ ਸੰਤ ਜਨਾਂ ਨੇ, ਤੈਨੂੰ ਜਾਣ ਲਿਆ (ਤੇਰੇ ਨਾਲ ਡੂੰਘੀ ਸਾਂਝ ਪਾ ਲਈ) ਉਨ੍ਹਾਂ ਦਾ ਹੀ ਜਗਤ ਵਿਚ ਆਉਣਾ ਸਫਲ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ,ਹੇ ਭਾਈਓ, ਸੰਤ ਜਨਾਂ ਦੀ ਸੰਗਤ ਵੱਡੇ ਭਾਗਾਂ ਨਾਲ ਮਿਲਦੀ ਹੈ, (ਇਸ਼ ਲਈ) ਮੈਂ ਤਾਂ ਸੰਤ ਜਨਾਂ ਤੋਂ ਸਦਕੇ ਜਾਂਦਾ ਹਾਂ। ੨।੪੧।੬੪।

ਭਾਵਾਰਥ :—ਉਸ ਪ੍ਰਭੂ ਦੇ ਸਨਮੁਖ ਹੋ ਕੇ ਗੁਣ ਗਾਉਂਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫॥

1. **ਕਰਹੁ ਗਤਿ ਦਇਆਲ ਸੰਤਹੁ ਮੋਰੀ ॥**
2. **ਤੁਮ ਸਮਰਥ ਕਾਰਨ ਕਰਨਾ**
   ਤੂਟੀ ਤੁਮ ਹੀ ਜੋਰੀ ॥੧॥ਰਹਾਉ॥
3. **ਜਨਮ ਜਨਮ ਕੇ ਬਿਖਈ ਤੁਮ ਤਾਰੇ**
   ਸੁਮਤਿ ਸੰਗਿ ਤੁਮਾਰੈ ਪਾਈ॥
4. **ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ**
   ਸਾਸਿ ਸਾਸਿ ਹਰਿ ਗਾਈ ॥੧॥
5. **ਜੋ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ ਪਤਿਤ ਪੁਨੀਤਾ ॥**
6. **ਕਹੁ ਨਾਨਕ ਜਾ ਕੇ ਵਡਭਾਗਾ**
   ਤਿਨਿ ਜਨਮੁ ਪਦਾਰਥੁ ਜੀਤਾ ॥੨॥੪੨॥੬੫॥

ਪਦ ਅਰਥ :—ਗਤਿ—ਉਚੀ ਆਤਮਕ ਅਵਸਥਾ। ਦਇਆਲ—ਹੇ ਦਇਆ ਦੇ ਸੋਮੇ । ਸੰਤਹੁ—ਹੇ ਸੰਤ ਜਨੋ। ਮੋਰੀ—ਮੇਰੀ । ਸਮਰਥ—ਸਭ ਤਾਕਤਾਂ ਦਾ ਮਾਲਕ। ਕਾਰਨ ਕਰਨਾ—ਜਗਤ ਦਾ ਮੂਲ। ਕਰਨਾ—ਕਰਣ, ਜਗਤ। ਜੋਰੀ—ਜੋੜੀ ।੧।ਰਹਾਉ।

ਬਿਖਈ—ਵਿਸ਼ਈ, ਵਿਕਾਰੀ। ਸੁਮਤਿ—ਸ੍ਰੇਸ਼ਟ ਅਕਲ। ਸੰਗਿ—ਸੰਗਤ ਵਿਚ । ਭ੍ਰਮਤੇ—ਭਟਕਦੇ। ਬਿਸਰਤ—ਵਿਸਾਰ-ਦਿਆਂ । ਸਾਸਿ ਸਾਸਿ—ਹਰੇਕ ਸਾਹ ਦੇ ਨਾਲ । ਗਾਈ—ਗਾਇਆ ।੧।

ਸੰਗਿ—ਨਾਲ। ਸਾਧੂ ਕੈ ਸੰਗਿ—ਗੁਰੂ ਦੀ ਸੰਗਤ ਵਿਚ। ਤੇ ਤੇ—ਉਹ ਸਾਰੇ । ਪਤਿਤ—ਵਿਕਾਰਾਂ ਵਿਚ ਡਿਗੇ ਹੋਏ। ਪੁਨੀਤਾ—ਪਵਿਤ੍ਰ, ਸੁਚੇ ਜੀਵਨ ਵਾਲੇ। ਜਾ ਕੈ—ਜਿਸ (ਮਨੁੱਖ) ਦੇ। ਤਿਨਿ—ਉਸ (ਮਨੁੱਖ) ਨੇ । ਜਨਮੁ ਪਦਾਰਥੁ—ਕੀਮਤੀ ਮਨੁੱਖਾ ਜਨਮ ।੨।

ਅਰਥ:—

ਪ੍ਰ:—ਗੁਰਦੇਵ ਜੀਉ! ਜਦ ਕਦੀ ਪੂਰਨ ਸੰਤਾਂ ਦਾ ਮਿਲਾਪ ਹੋ ਜਾਏ ਤਾਂ ਉਨ੍ਹਾਂ ਪਾਸੋਂ ਕਿਹੜੀ ਸ਼ੈ ਮੰਗਣੀ ਚਾਹੀਦੀ ਹੈ ?

1. **ਉ:**—ਹੇ ਭਾਈਓ! ਦੁਨੀਆਂ ਦੇ ਸਾਰੇ ਹੀ ਮਾਇਕੀ ਪਦਾਰਥ ਤਾਂ ਦੁਖਾਂ ਨੂੰ ਹੀ ਜਨਮ ਦੇਂਦੇ ਹਨ। ਇਸ ਲਈ ਕੇਵਲ ਇਕ ਇਹੋ ਹੀ ਮੰਗ ਮੰਗੋ ਕਿ, ਹੇ ਦਇਆ ਦੇ ਸੋਮੇਂ ਸੰਤ ਜਨੋ, (ਮਿਹਰ ਕਰਕੇ) ਮੇਰੀ ਉਚੀ ਆਤਮਿਕ ਅਵਸਥਾ ਕਰ ਦਿਉ।
2. (ਕਿਉ ਕਿ) ਹੇ ਸੰਤ ਜਨੋਂ! ਤੁਸੀਂ ਸਭ ਤਾਕਤਾਂ ਦੇ ਮਾਲਕ ਅਤੇ ਜਗਤ ਦੇ ਮੂਲ ਪ੍ਰਮਾਤਮਾਂ ਦਾ ਰੂਪ ਹੋ, ਪ੍ਰਮਾਤਮਾਂ ਨਾਲੋਂ ਟੁੱਟੀ ਹੋਈ ਸੁਰਤਿ ਤੁਸੀਂ ਹੀ ਜੋੜਨ ਵਾਲੇ ਹੋ। ੧।ਰਹਾਉ।
3. ਹੇ ਸੰਤ ਜਨੋ! ਅਨੇਕਾਂ ਜਨਮ ਦੇ ਵਿਕਾਰੀਆਂ ਨੂੰ ਤੁਸੀਂ (ਵਿਕਾਰਾਂ ਤੋਂ) ਬਚਾ ਲੈਂਦੇ ਹੋ, ਤੁਹਾਡੀ ਸੰਗਤ ਵਿਚ ਰਿਹਾਂ ਸਰੇਸ਼ਟ ਅਕਲ ਪ੍ਰਾਪਤ ਹੋ ਜਾਂਦੀ ਹੈ।
4. ਹੇ ਸੰਤ ਜਨੋਂ! ਮੈਂ ਤਾਂ ਵੇਖ ਰਿਹਾ ਹਾਂ ਕਿ, ਪ੍ਰਭੂ ਨੂੰ ਭੁਲਾਕੇ ਅਨੇਕਾਂ ਜੂਨਾਂ ਵਿਚ ਭਟਕਦਿਆਂ ਨੇ ਭੀ (ਤੁਹਾਡੀ ਸੰਗਤ ਵਿਚ) ਮਿਲ ਕੇ, ਹਰੇਕ ਸਾਹ ਨਾਲ ਪ੍ਰਭੂ ਦੀ ਸਿਫਤ ਸਲਾਹ ਕਰਨੀ ਅਰੰਭ ਕਰ ਦਿਤੀ ਹੈ ।੧।
5. ਹੇ ਭਾਈਓ! ਇਹ ਵਿਸ਼ਵਾਸ ਕਰੋ ਕਿ) ਜਿਹੜੇ ਜਿਹੜੇ ਭੀ ਗੁਰੂ ਦੀ ਸੰਗਤ ਵਿਚ ਮਿਲਦੇ ਹਨ ਉਹ ਸਾਰੇ ਵਿਕਾਰੀਆਂ ਤੋਂ ਸੁੱਚੇ ਜੀਵਨ ਵਾਲੇ ਬਣ ਗਏ ਹਨ।

ਪ੍ਰ:-ਸ੍ਰੀ ਜੀਉ ! ਸਾਰੇ ਹੀ ਗੁਰੂ ਦੀ ਸੰਗਤ ਵਿਚ ਕਿਉਂ ਨਹੀਂ ਆ ਜਾਂਦੇ ?

6.ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕੀ ਹੇ ਭਾਈਓ, ਚਾਹੁੰਦੇ ਤਾਂ ਬਹੁਤ ਲੋਕ ਹਨ ਪਰ, ਜਿਸ ਮਨੁੱਖ ਦੇ ਵੱਡੇ ਭਾਗ ਜਾਗ ਪਏ, ਉਸ ਦਾ ਸੰਤ ਜਨਾਂ ਦੀ ਸੰਗਤ ਵਿਚ (ਰਹਿ ਕੇ) ਇਹ ਕੀਮਤੀ ਮਨੁੱਖਾ ਜਨਮ (ਵਿਕਾਰਾਂ ਅਗੇ) ਹਾਰਨ ਤੋਂ ਬਚ ਗਿਆ ।੨।੪੨।੬੫।

ਭਾਵਾਰਥ :-ਫਿਰ ਗੁਰੂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਹਰੀ ਦੇ ਗੁਣ ਗਵਾ ਕੇ ਉਸ ਸਾਈਆਂ ਜੀ ਦੇ ਨਾਲ ਮਿਲਾਪ ਕਰਵਾ ਦਿਤਾ ਹੈ ।

ਸਾਰਗ ਮਹਲਾ ੫ ॥

1. ਠਾਕੁਰ ਬਿਨਤੀ ਕਰਨ ਜਨੁ ਆਇਓ ॥
2. ਸਰਬ ਸੂਖ ਆਨੰਦ ਸਹਜ ਰਸ
ਸੁਨਤ ਤੁਹਾਰੋ ਨਾਇਓ ॥੧॥ਰਹਾਉ॥
3. ਕ੍ਰਿਪਾ ਨਿਧਾਨ ਸੂਖ ਕੇ ਸਾਗਰ
ਜਸੁ ਸਭ ਮਹਿ ਜਾ ਕੋ ਛਾਇਓ ॥
4. ਸੰਤ ਸੰਗਿ ਰੰਗ ਤੁਮ ਕੀਏ
ਅਪਨਾ ਆਪੁ ਦ੍ਰਿਸਟਾਇਓ ॥੧॥
5. ਨੈਨਹੁ ਸੰਗਿ ਸੰਤਨ ਕੀ ਸੇਵਾ
ਚਰਨ ਝਾਰੀ ਕੇਸਾਇਓ ॥
6. ਆਠ ਪਹਰ ਦਰਸਨੁ ਸੰਤਨ ਕਾ
ਸੁਖੁ ਨਾਨਕ ਇਹੁ ਪਾਇਓ ॥੨॥੪੩॥੬੬॥

ਪਦ ਅਰਥ :-ਠਾਕੁਰ-ਹੇ ਮਾਲਕ ਪ੍ਰਭੂ । ਜਨੁ-(ਤੇਰਾ) ਦਾਸ । ਸਰਬ-ਸਾਰੇ । ਸਹਜ-ਆਤਮਕ ਅਡੋਲਤਾ । ਸੁਨਤ-ਸੁਣਦਿਆਂ । ਤੁਹਾਰੋ ਨਾਇਓ-ਤੇਰਾ ਨਾਮ ।੧।ਰਹਾਉ।

ਕ੍ਰਿਪਾ ਨਿਧਾਨ-ਹੇ ਮਿਹਰ ਦੇ ਖ਼ਜ਼ਾਨੇ । ਸਾਗਰ-ਹੇ ਸਮੁੰਦਰ । ਜਸੁ-ਸੋਭਾ । ਜਾ ਕੋ-ਜਿਸ ਦਾ । ਛਾਇਓ-ਖਿਲ-ਰਿਆ ਹੋਇਆ । ਰੰਗ-ਅਨੰਦ, ਕੌਤਕ । ਆਪੁ-ਆਪਣੇ ਆਪ ਨੂੰ । ਦ੍ਰਿਸਟਾਇਓ-ਪ੍ਰਗਟ ਕਰਦਾ ਹੈ ।੧।

ਨੈਨਹੁ ਸੰਗਿ-ਅਖਾਂ ਨਾਲ । ਝਾਰੀ-ਝਾਰੀਂ, ਮੈਂ ਝਾੜਦਾ ਹਾਂ । ਕੇਸਾਇਓ-ਕੇਸਾਂ ਨਾਲ ।੨।

ਅਰਥ :-

ਪ੍ਰ.-ਗੁਰਦੇਵ ਜੀਉ ! ਪ੍ਰਭੂ ਦੀ ਸ਼ਰਨ ਵਿਚ ਪੁੱਜਕੇ ਕਹਿਣਾ ਕੀ ਚਾਹੀਦਾ ਹੈ ?

1.ਉ.-ਹੇ ਭਾਈ ! ਉਸ ਮਾਲਕ ਦੀ ਚਰਨ ਸ਼ਰਨ ਵਿਚ ਪੁੱਜ ਕੇ ਇਉਂ ਹੀ ਕਹਿਣਾ ਚਾਹੀਦਾ ਹੈ ਕਿ, ਹੇ ਪ੍ਰਭੂ (ਮੈਂ ਤੇਰਾ) ਦਾਸ (ਤੇਰੇ ਦਰ ਤੇ) ਬੇਨਤੀ ਕਰਨ ਆਇਆ ਹਾਂ ।

2. (ਕਿਉਂਕਿ) ਮੈਨੂੰ ਨਿਸਚਾ ਹੈ ਕਿ ਤੇਰਾ ਨਾਮ ਸੁਣਦਿਆਂ ਆਤਮਕ ਅਡੋਲਤਾ ਦੇ ਸਾਰੇ ਸੁਖ ਸਾਰੇ ਅਨੰਦ ਸਾਰੇ ਰਸ (ਮਿਲ ਜਾਂਦੇ ਹਨ) ।੧।ਰਹਾਉ।

3. ਹੇ ਦਇਆ ਦੇ ਖਜ਼ਾਨੇ, ਹੇ ਸੁਖਾਂ ਦੇ ਸਮੁੰਦਰ (ਤੂੰ ਐਸਾ ਹੈਂ) ਆਪ ਦੀ ਸੋਭਾ ਸਾਰੀ ਸ੍ਰਿਸ਼ਟੀ ਵਿਚ ਆਪਣਾ ਪ੍ਰਭਾਵ ਪਾਉਂਦੀ ਹੈ ।

4. ਹੇ ਸਾਈਆਂ ਜੀਉ ! ਸੰਤਾਂ ਦੀ ਸੰਗਤ ਵਿਚ ਤੂੰ ਅਨੇਕਾਂ ਅਨੰਦ ਚੋਜ ਕਰਦਾ ਹੈਂ, ਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈਂ ।੧।

ਪ੍ਰ:-ਸ੍ਰੀ ਜੀਉ, ਆਪ ਜੀ ਦੀ ਉਸ ਸਾਈਂ ਜੀ ਤੋਂ ਮੰਗ ਕੀ ਹੈ ?

5.ਉ:-ਹੇ ਭਾਈਓ, ਮੈਂ ਤਾਂ ਪ੍ਰਭੂ ਤੋਂ ਇਹੋ ਹੀ ਜਾਚਨਾ ਕਰਦਾ ਰਹਿੰਦਾ ਹਾਂ ਕਿ (ਹੇ ਮਾਲਕਾ ਮਿਹਰ ਕਰ) ਅੱਖਾਂ ਨਾਲ (ਦਰਸ਼ਨ ਕਰ ਕੇ) ਮੈਂ ਸੰਤ ਜਨਾਂ ਦੀ ਸੇਵਾ ਕਰਦਾ ਰਹਾਂ, ਉਨ੍ਹਾਂ ਦੇ ਚਰਨ ਆਪਣੇ ਕੇਸਾਂ ਨਾਲ ਝਾੜਦਾ ਰਹਾਂ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਮੇਰੀ ਇਹੋ ਹੀ ਮੰਗ ਹੈ ਅਠੇ ਪਹਿਰ ਸੰਤ ਜਨਾਂ ਦਾ ਮੈਂ ਦਰਸ਼ਨ ਕਰਦਾ ਰਹਾਂ ਤੇ ਮੈਨੂੰ ਇਹ ਸੁਖ ਮਿਲਿਆ (ਹੀ) ਰਹੇ ।੨।੪੩।੬੬।

ਭਾਵਾਰਥ :-ਇਸ ਸ਼ਬਦ ਵਿਚ ਫਿਰ ਹਰੀ ਦਾ ਅਤੇ ਗੁਰੂ ਦਾ ਇਕੱਠਾ ਧੰਨਵਾਦ ਕਰਦੇ ਹੋਏ ਸਾਰਿਆਂ ਨੂੰ ਹਰੀ ਗੁਰੂ ਦੇ ਸ਼ੁਕਰਾਨਾ ਕਰਦੇ ਰਹਿਣ ਦੀ ਪਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਜਾ ਕੀ ਰਾਮ ਨਾਮ ਲਿਵ ਲਾਗੀ ॥
2. ਸਜਨੁ ਸੁਰਿਦਾ ਸੁਹੇਲਾ ਸਹਜੇ
ਸੋ ਕਹੀਐ ਬਡਭਾਗੀ ॥੧॥ਰਹਾਉ॥
3. ਰਹਿਤ ਬਿਕਾਰ ਅਲਪ ਮਾਇਆ ਤੇ
ਅਹੰਬੁਧਿ ਬਿਖੁ ਤਿਆਗੀ ॥
4. ਦਰਸ ਪਿਆਸ ਆਸ ਏਕਹਿ ਕੀ
ਟੇਕ ਹੀਐਂ ਪ੍ਰਿਅ ਪਾਗੀ ॥੧॥
5. ਅਚਿੰਤ ਸੋਇ ਜਾਗਨੁ ਉਠਿ ਬੈਸਨੁ
ਅਚਿੰਤ ਹਸਤ ਬੈਰਾਗੀ ॥
6. ਕਹੁ ਨਾਨਕ ਜਿਨਿ ਜਗਤੁ ਠਗਾਨਾ
ਸੁ ਮਾਇਆ ਹਰਿ ਜਨ ਠਾਗੀ ॥੨॥੪੪॥੬੭॥

ਪਦ ਅਰਥ:-ਜਾ ਕੀ ਲਿਵ-ਜਿਸ ਮਨੁੱਖ ਦੀ ਲਗਨ। ਸਜਨੁ-ਭਲਾ ਮਨੁੱਖ । ਸੁਰਿਦਾ-ਸੋਹਣੇ ਹਿਰਦੇ ਵਾਲਾ । ਸੁਹੇਲਾ-ਸੁਖੀ । ਸਹਜੇ-ਆਤਮਕ ਅਡੋਲਤਾ ਵਿਚ ਟਿਕਿਆ ਹੋਇਆ । ਕਹੀਐ-ਕਿਹਾ ਜਾ ਸਕਦਾ ਹੈ ।੧।ਰਹਾਉ।

ਰਹਿਤ-ਬਚਿਆ ਹੋਇਆ। ਅਲਪ-ਅਲਿਪ, ਨਿਰਲੇਪ। ਤੇ-ਤੋਂ । ਅਹੰਬੁਧਿ-ਹਉਮੈਂ ਵਾਲੀ ਬੁੱਧੀ । ਬਿਖੁ-ਆਤਮਕ ਮੌਤ ਲਿਆਉਣ ਵਾਲੀ ਜ਼ਹਿਰ । ਪਿਆਸ-ਤਾਂਘ । ਆਸ-ਉਡੀਕ । ਏਕਹਿ ਕੀ-ਇਕ ਪ੍ਰਮਾਤਮਾ ਦੀ । ਟੇਕ-ਆਸਰਾ । ਹੀਐ-ਹਿਰਦੇ ਵਿਚ । ਪ੍ਰਿਅ ਪਾਗੀ-ਪਿਆਰੇ ਦੇ ਪਗਾਂ ਦੀ, ਪਿਆਰੇ ਦੇ ਚਰਨਾਂ ਦੀ ।੧।

ਅਚਿੰਤ–ਚਿੰਤਾ ਰਹਿਤ । ਸੋਇ ਜਾਗਨੁ–ਸੌਂ ਕੇ ਜਾਗਣਾ । ਉਠਿ ਬੈਸਨੁ–ਉਠ ਕੇ ਬੈਠਣਾ । ਸੋਇ ਬੈਸਨੁ–ਸੁਤਿਆਂ, ਜਾਗਦਿਆਂ, ਉਠਦਿਆਂ, ਬੈਠਦਿਆਂ । ਹਸਤ–ਹੱਸਦਿਆਂ । ਬੈਰਾਗੀ–ਵੈਰਾਗ ਕਰਦਿਆਂ । ਜਿਨਿ–ਜਿਸ (ਮਾਇਆ) ਨੇ । ਹਰਿ ਜਨ–ਹਰੀ ਦੇ ਜਨਾਂ ਨੇ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਇਸ ਮਨੁੱਖ ਦੇ ਚੰਗਾ ਹੋ ਜਾਣ ਲਈ ਸਹੀ ਸਾਧਨ ਆਪ ਜੀ ਕਿਹੜਾ ਮੰਨਦੇ ਹੋ ?

1.ਉ,–ਹੇ ਪਿਆਰੇ ! ਜਿਸ ਮਨੁੱਖ ਦੀ ਲਗਨ ਪ੍ਰਮਾਤਮਾਂ ਦੇ ਨਾਮ ਨਾਲ ਲੱਗ ਜਾਂਦੀ ਹੈ, (ਸਮਝੋ) ਉਹ ਮਨੁੱਖ ਭਲਾ ਹੋ ਜਾਂਦਾ ਹੈ (ਚੰਗਾ ਹੋ ਜਾਂਦਾ ਹੈ) ।

2.ਹੇ ਭਾਈ ! ਉਹ ਸੋਹਣੇ ਹਿਰਦੇ ਵਾਲਾ ਹੋ ਜਾਂਦਾ ਹੈ, ਉਹ ਸੁਖੀ ਹੋ ਜਾਂਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ । ਉਸ ਨੂੰ ਵੱਡੇ ਭਾਗਾਂ ਵਾਲਾ ਆਖਣਾ ਚਾਹੀਦਾ ਹੈ ।੧।ਰਹਾਉ।

3.ਹੇ ਭਾਈ ! ਜਿਸ ਮਨੁੱਖ ਦੀ ਸੁਰਤਿ ਪ੍ਰਮਾਤਮਾਂ ਦੇ ਨਾਮ ਵਿਚ ਜੁੜਦੀ ਹੈ, ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਆਤਮਕ ਮੌਤ ਲਿਆਉਣ ਵਾਲੀ ਹਉਮੈ ਜ਼ਹਿਰ ਉਹ ਤਿਆਗ ਦੇਂਦਾ ਹੈ ।

4.ਹੇ ਭਾਈ, ਉਸ ਨੂੰ ਸਿਰਫ ਪ੍ਰਮਾਤਮਾ ਦੇ ਦਰਸ਼ਨ ਦੀ ਤਾਂਘ ਤੇ ਉਡੀਕ ਲੱਗੀ ਰਹਿੰਦੀ ਹੈ, ਉਹ ਮਨੁੱਖ ਆਪਣੇ ਹਿਰਦੇ ਵਿਚ ਪਿਆਰੇ ਪ੍ਰਭੂ ਦੇ ਚਰਨਾਂ ਦਾ ਆਸਰਾ ਬਣਾਈ ਰੱਖਦਾ ਹੈ ।੧।

5.ਹੇ ਪਿਆਰੇ ! ਪ੍ਰਮਾਤਮਾਂ ਦੇ ਨਾਮ ਵਿਚ ਸੁਰਤਿ ਜੋੜੀ ਰੱਖਣ ਵਾਲਾ ਮਨੁੱਖ ਸੁੱਤਾ, ਜਾਗਦਾ, ਉਠਦਾ, ਬੈਠਦਾ, ਹੱਸਦਾ, ਵੈਰਾਗ ਕਰਦਾ ਹਰ ਵੇਲੇ ਹੀ ਚਿੰਤਾ ਤੋਂ ਰਹਿਤ ਰਹਿੰਦਾ ਹੈ ।

ਪ੍ਰ:–ਸ੍ਰੀ ਜੀਉ ! ਉਸ ਦੀ ਮਾਨਸਿਕ ਅਵਸਥਾ ਕਿਸ ਰੂਪ ਵਿਚ ਹੁੰਦੀ ਹੈ ?

6.ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ਜਿਸ ਮਾਇਆ ਨੇ ਸਾਰੇ ਜਗਤ ਨੂੰ ਭਰਮਾਇਆ ਹੋਇਆ ਹੈ, (ਉਨ੍ਹਾਂ) ਸੰਤ ਜਨਾਂ ਨੇ ਉਸ ਮਾਇਆ ਨੂੰ ਆਪਣੇ ਵੱਸ ਵਿਚ ਰੱਖਿਆ ਹੋਇਆ ਹੈ ।੨।੪੪।੬੭।

ਭਾਵਾਰਥ :–ਜਿਹੜੇ ਮਨੁੱਖ ਹਰੀ ਨਾਮ ਵਿਚ ਲਿਵ ਲਾਉਂਦੇ ਹਨ, ਉਨ੍ਹਾਂ ਦੀ ਪਾਪ ਰਹਿਤ ਅਚਿੰਤ ਜ਼ਿੰਦਗੀ ਦਾ ਇਸ ਮਹਾਵਾਕ ਵਿਚ ਨਕਸ਼ਾ ਖਿੱਚਦੇ ਹਨ ।

ਸਾਰਗ ਮਹਲਾ ੫ ॥

1. ਅਬ ਜਨ ਊਪਰਿ ਕੋ ਨ ਪੁਕਾਰੈ ॥
2. ਪੂਕਾਰਨ ਕਉ ਜੋ ਉਦਮੁ ਕਰਤਾ
ਗੁਰੁ ਪਰਮੇਸਰੁ ਤਾ ਕਉ ਮਾਰੈ ॥੧॥ਰਹਾਉ॥
3. ਨਿਰਵੈਰੈ ਸੰਗਿ ਵੈਰੁ ਰਚਾਵੈ
ਹਰਿ ਦਰਗਹ ਓਹੁ ਹਾਰੈ ॥
4. ਆਦਿ ਜੁਗਾਦਿ ਪ੍ਰਭ ਕੀ ਵਡਿਆਈ
ਜਨ ਕੀ ਪੈਜ ਸਵਾਰੈ ॥੧॥
5. ਨਿਰਭਉ ਭਏ ਸਗਲ ਭਉ ਮਿਟਿਆ
ਚਰਨ ਕਮਲ ਆਧਾਰੈ ॥
6. ਗੁਰ ਕੈ ਬਚਨਿ ਜਪਿਓ ਨਾਉ ਨਾਨਕ
ਪ੍ਰਗਟ ਭਇਓ ਸੰਸਾਰੈ ॥੨॥੪੫॥੬੮॥

ਪਦ ਅਰਥ :–ਕੋ–ਕੋਈ (ਮਨੁੱਖ) । ਪੁਕਾਰੈ–ਦੂਸ਼ਣ ਲਾਂਦਾ, ਉਂਗਲ ਕਰਦਾ । ਪੂਕਾਰਨ ਕਉ–ਦੂਸ਼ਣ ਲਾਉਣ ਲਈ । ਤਾ ਕਉ–ਉਸ (ਮਨੁੱਖ) ਨੂੰ । ਮਾਰੈ–(ਆਤਮਕ ਮੌਤੇ) ਮਰਦਾ ਹੈ, ਆਤਮਕ ਜੀਵਨ ਨੀਵਾਂ ਕਰ ਦੇਂਦਾ ਹੈ ।੧।ਰਹਾਉ।

ਸੰਗਿ–ਨਾਲ । ਰਚਾਵੈ–ਸਹੇੜਦਾ ਹੈ । ਹਾਰੈ–ਹਾਰ ਜਾਂਦਾ ਹੈ, ਜੀਵਨ ਬਾਜ਼ੀ ਹਾਰ ਜਾਂਦਾ ਹੈ, ਆਤਮਕ ਜੀਵਨ ਤੋਲ ਵਿਚ ਪੂਰਾ ਨਹੀਂ ਉਤਰਦਾ । ਜੁਗਾਦਿ–ਜੁਗਾਂ ਦੇ ਸ਼ੁਰੂ ਤੋਂ । ਵਡਿਆਈ–ਬਿਰਦ । ਪੈਜ–ਇੱਜ਼ਤ ।੧।

ਸਗਲ–ਸਾਰਾ । ਆਧਾਰੈ–ਆਸਰੇ, ਆਸਰਾ ਲਿਆ । ਕੈ ਬਚਨਿ–ਦੇ ਬਚਨ ਦੀ ਰਾਹੀਂ, ਦੇ ਬਚਨ ਉਤੇ ਤੁਰਿਆਂ । ਸੰਸਾਰੈ–ਸੰਸਾਰ ਵਿਚ ।੨।

ਅਰਥ:–

ਪ੍ਰ:–ਸ੍ਰੀ ਜੀਉ ! ਨਾਮ ਜਪਦੇ ਰਹਿਣ ਨਾਲ ਮਨੁੱਖ ਨੂੰ ਪ੍ਰਾਪਤ ਕੀ ਹੁੰਦਾ ਹੈ ?

1.ਉ:–ਹੇ ਭਾਈ ! (ਜਦੋਂ ਕੋਈ ਮਨੁੱਖ ਗੁਰੂ ਦੇ ਬਚਨ ਉਤੇ ਤੁਰ ਕੇ ਹਰਿ ਨਾਮ ਜਪਦਾ ਹੈ) ਤਦੋਂ ਉਸ ਸੇਵਕ ਉਤੇ ਕੋਈ ਮਨੁੱਖ ਕੋਈ ਦੂਸ਼ਣ ਨਹੀਂ ਲਾ ਸਕਦਾ, ਕੋਈ ਬਰ-ਖਿਲਾਫ ਨਹੀਂ ਬੋਲਦਾ, ਸ਼ਿਕਾਇਤ ਨਹੀਂ ਕਰ ਸਕਦਾ ।

2. ਹੇ ਭਾਈ ! ਜਿਹੜਾ ਮਨੁੱਖ ਪ੍ਰਭੂ ਦੇ ਸੇਵਕ ਉਤੇ ਦੂਸ਼ਣ ਥਾਪਣ ਦਾ ਜਤਨ ਕਰਦਾ ਹੈ, ਗੁਰੂ ਪ੍ਰਮਾਤਮਾਂ ਉਸ ਦਾ ਆਤਮਕ ਜੀਵਨ ਨੀਵਾਂ ਕਰ ਦੇਂਦਾ ਹੈ ।੧।ਰਹਾਉ।

ਪ੍ਰ:–ਗੁਰਦੇਵ ਜੀਉ ! ਕਈ ਲੋਕ ਨਿਰਵੈਰਾਂ ਨਾਲ ਭੀ ਸਦਾ ਵੈਰ ਭਾਵ ਹੀ ਰੱਖਦੇ ਹਨ, ਉਨ੍ਹਾਂ ਨੂੰ ਆਖਰ ਫਲ ਕੀ ਮਿਲਦਾ ਹੈ ?

3.ਉ.–ਹੇ ਭਾਈਓ, ਜਿਹੜਾ ਮਨੁੱਖ ਕਦੇ ਕਿਸੇ ਨਾਲ ਵੈਰ ਭਾਵ ਨਹੀਂ ਰੱਖਦਾ, ਉਸ ਨਾਲ ਜਿਹੜਾ ਵੈਰ ਕਮਾਂਦਾ ਹੈ, ਉਹ ਮਨੁੱਖ ਪ੍ਰਮਾਤਮਾਂ ਦੀ ਦਰਗਾਹ ਵਿਚ ਆਤਮਕ ਜੀਵਨ ਦੇ ਤੋਲ ਵਿਚ ਪੂਰਾ ਨਹੀਂ ਉਤਰਦਾ ।

4.ਹੇ ਪਿਆਰੇ ! ਜਗਤ ਦੇ ਸ਼ੁਰੂ ਤੋਂ, ਜੁਗਾਂ ਦੇ ਮੁੱਢ ਤੋਂ ਹੀ ਪ੍ਰਮਾਤਮਾਂ ਦਾ ਇਹ ਗੁਣ ਚਲਿਆ ਆ ਰਿਹਾ ਹੈ ਕਿ ਉਹ ਆਪਣੇ ਸੇਵਕ ਦੀ ਲਾਜ ਆਪ ਹੀ ਰੱਖਦਾ ਹੈ ।

ਪ੍ਰ:–ਗੁਰਦੇਵ ਜੀਉ ! ਪ੍ਰਭੂ ਚਰਨਾਂ ਦਾ ਆਸਰਾ ਲਿਆਂ ਫਲ ਕੀ ਹੁੰਦਾ ਹੈ ?

5.**ਉ**:–ਹੇ ਭਾਈ ! ਪ੍ਰਮੇਸ਼ਰ ਜੀ ਦੇ ਸੋਹਣੇ ਚਰਨਾਂ ਦਾ ਆਸਰਾ ਲਿਆਂ ਪ੍ਰਭੂ ਦਾ ਸੇਵਕ ਨਿਰਭਉ ਹੋ ਜਾਂਦਾ ਹੈ, ਉਸ ਦਾ (ਦੁਨੀਆਂ ਵਾਲਾ) ਹਰੇਕ ਡਰ ਮਿਟ ਜਾਂਦਾ ਹੈ ।

6.ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਗੁਰੂ ਦੇ ਉਪਦੇਸ਼ ਤੇ ਤੁਰ ਕੇ ਜਿਸ ਨੇ ਭੀ ਪ੍ਰਮਾਤਮਾਂ ਦਾ ਨਾਮ ਜਪਿਆ ਹੈ, ਉਹ ਜਗਤ ਵਿਚ ਨਾਮਣੇ ਵਾਲ, ਹੋ ਗਿਆ ਹੈ ।੨।੪੫।੬੮।

ਭਾਵਾਰਥ :–ਜੋ ਪ੍ਰਮੇਸ਼ਰ ਦਾ ਸਹੀ ਰੂਪ ਵਿਚ ਸੇਵਕ ਹੈ, ਉਸ ਦੇ ਅੰਦਰ ਆਪੇ ਦਾ ਅਹੰਕਾਰ ਨਹੀਂ ਹੁੰਦਾ, ਇਸੇ ਲਈ ਉਸ ਵਿਚ ਕਿਸੇ ਲਈ ਈਰਖਾ ਦਵੈਸ਼ ਨਹੀਂ ਹੁੰਦਾ, ਉਹ ਠੰਡੇ ਦਿਲ ਨਾਲ ਮਿਤਰ ਸ਼ਤਰੂ ਨੂੰ ਇਕ ਸਮਾਨ ਵੇਖਦਾ ਹੈ ਅਤੇ ਸਦੀਵੀ ਕਾਲ ਹੀ ਪ੍ਰਸੰਨ ਚਿਤ ਰਹਿੰਦਾ ਹੈ ।

ਸਾਰਗ ਮਹਲਾ ੫ ॥

1. **ਹਰਿ ਜਨ ਛੋਡਿਆ ਸਗਲਾ ਆਪੁ ॥**
2. **ਜਿਉ ਜਾਨਹੁ ਤਿਉ ਰਖਹੁ ਗੁਸਾਈ**
   ਪੇਖਿ ਜੀਵਾਂ ਪਰਤਾਪੁ ॥੧॥ਰਹਾਉ॥
3. **ਗੁਰ ਉਪਦੇਸਿ ਸਾਧ ਕੀ ਸੰਗਤਿ**
   ਬਿਨਸਿਓ ਸਗਲ ਸੰਤਾਪੁ ॥
4. **ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ**
   ਸਗਲ ਸੰਭਾਖਨ ਜਾਪੁ ॥੧॥
5. **ਤਪਤਿ ਬੁਝੀ ਸੀਤਲ ਆਘਾਨੇ**
   ਸੁਨਿ ਅਨਹਦ ਬਿਸਮ ਭਏ ਬਿਸਮਾਦ ॥
6. **ਅਨਦੁ ਭਇਆ ਨਾਨਕ ਮਨਿ ਸਾਚਾ**
   ਪੂਰਨ ਪੂਰੇ ਨਾਦ ॥੨॥੪੬॥੬੯॥

ਪਦ ਅਰਥ :–ਹਰਿ ਜਨ–ਪ੍ਰਭੂ ਦੇ ਸੇਵਕਾਂ ਨੇ। ਆਪੁ–ਆਪਾ-ਭਾਵ, ਹਉਮੈ। ਗੁਸਾਈ-ਹੇ ਜਗਤ ਦੇ ਸਾਈਂ। ਪੇਖਿ–ਵੇਖ ਕੇ। ਜੀਵਾਂ–ਮੈਂ ਜੀਉਂਦਾ ਹਾਂ, ਮੈਨੂੰ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ ।੧।ਰਹਾਉ।

ਗੁਰ ਉਪਦੇਸਿ–ਗੁਰੂ ਦੇ ਉਪਦੇਸ਼ ਦੀ ਰਾਹੀਂ। ਸੰਤਾਪੁ-ਦੁਖ ਕਲੇਸ਼। ਸਤ੍ਰ–ਵੈਰੀ। ਸਮਤੁ–ਇਕ ਸਮਾਨ। ਸੰਭਾਖਨ–ਬੋਲ-ਚਾਲ ।੧।

ਤਪਤਿ–ਸੜਨ। ਆਘਾਨੇ–ਰੱਜ ਗਏ। ਸੁਨਿ–ਸੁਣ ਕੇ। ਅਨਹਦ–ਇਕ ਰਸ ਨਾਮ ਦੀ ਧੁਨਿ। ਬਿਸਮ–ਹੈਰਾਨ, ਅਸਚਰਜ। ਮਨਿ–ਮਨ ਵਿਚ। ਸਾਚਾ–ਸਦਾ ਕਾਇਮ ਰਹਿਣ ਵਾਲਾ। ਪੂਰਨ–ਪੂਰੇ ਤੌਰ ਤੇ। ਪੂਰੇ ਨਾਦ–ਨਾਦ ਪੂਰੇ ਜਾਂਦੇ ਹਨ, ਨਾਦ ਵੱਜਦੇ ਹਨ, ਸਿਫਤ ਸਲਾਹ ਦੀ ਘਨਘੋਰ ਹੁੰਦੀ ਹੈ। [ਜਿਵੇਂ ਸੰਖ ਪੂਰਨਾ, ਸੰਖ ਵਜਾਉਣਾ] ।੨।

ਅਰਥ :–

ਪ੍ਰ:–ਗੁਰਦੇਵ ਜੀਉ ! ਜਗਤ ਦਾ ਹਰ ਬੰਦਾ ਪ੍ਰਭੂ ਤੋਂ ਭਿੰਨ ਭਿੰਨ ਮੰਗਾਂ ਮੰਗਦਾ ਹੈ, ਪਰ, ਆਪ ਜੀ ਦੀ ਮੰਗ ਕੀ ਹੈ ?

1.**ਉ**.–ਹੇ ਭਾਈਓ ! ਮੇਰੀ ਤਾਂ ਇਕ ਇਹੋ ਹੀ ਮੰਗ ਹੈ ਕਿ, ਹੇ ਪ੍ਰਭੂ (ਜਿਵੇਂ) ਤੇਰੇ ਭਗਤਾਂ ਨੇ ਆਪਾ-ਭਾਵ ਤਿਆਗਿਆ ਹੁੰਦਾ ਹੈ, (ਤੇ, ਤੇਰੇ ਹੀ ਦਰ ਤੇ ਅਰਜ਼ੋਈ ਕਰਦੇ ਹਨ, ਤਿਵੇਂ ਮੈਂ ਭੀ ਆਪਾ-ਭਾਵ ਛੱਡ ਕੇ ਬੇਨਤੀ ਕਰਦਾ ਹਾਂ) ।

2.ਹੇ ਜਗਤ ਦੇ ਖਸਮ !ਜਿਵੇਂ ਹੋ ਸਕੇ ਤਿਵੇਂ (ਇਸ ਮਾਇਆ ਦੇ ਹੱਥੋਂ) ਮੇਰੀ ਰੱਖਿਆ ਕਰ, ਤੇਰਾ ਪ੍ਰਤਾਪ ਵੇਖ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ ।੧।ਰਹਾਉ।

ਪ੍ਰ:–ਸ੍ਰਾਂ ਜੀਉ ! ਗੁਰੂ ਦੇ ਉਪਦੇਸ਼ ਰਾਹੀਂ ਜੋ ਜੀਵਨ ਗੁਜ਼ਾਰਦਾ ਹੈ, ਉਸ ਦੀ ਪਹਿਚਾਣ ਕੀ ਹੈ ?

3.**ਉ**:–ਹੇ ਭਾਈਓ! ਗੁਰੂ ਦੇ ਉਪਦੇਸ਼ ਦੀ ਰਾਹੀਂ, ਸਾਧ ਸੰਗਤ ਦੀ ਬਰਕਤ ਨਾਲ (ਜਿਸ ਮਨੁੱਖ ਦੇ ਅੰਦਰੋਂ) ਸਾਰਾ ਦੁੱਖ ਕਲੇਸ਼ ਨਾਸ਼ ਹੋ ਜਾਂਦਾ ਹੈ ।

4.ਉਹ ਆਪਣੇ ਮਿੱਤਰਾਂ ਤੇ ਵੈਰੀਆਂ ਨੂੰ ਵੇਖ ਕੇ (ਸਭਨਾਂ ਵਿਚ ਪ੍ਰਭੂ ਦੀ ਹੀ ਜੋਤ) ਵੇਖਦਾ ਹੈ, ਇਕ ਸਮਾਨ ਸਮਝਦਾ ਹੈ, ਤੇ, ਪ੍ਰਮਾਤਮਾਂ ਦੇ ਨਾਮ ਸਿਮਰਨ ਦਾ ਹੀ ਉਸ ਦਾ ਹਰ ਵੇਲੇ ਬੋਲ-ਚਾਲ ਹੋ ਜਾਂਦਾ ਹੈ ।੧।

5.ਹੇ ਭਾਈਓ ! (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸਦਾ ਥਿਰ ਪ੍ਰਭੂ ਆ ਵੱਸਦਾ ਹੈ, (ਉਨ੍ਹਾਂ ਦੇ ਅੰਦਰ ਦੀ) ਸੜਨ ਬੁਝ ਜਾਂਦੀ ਹੈ, (ਉਨ੍ਹਾਂ ਦਾ ਹਿਰਦਾ) ਸ਼ਾਂਤ ਹੋ ਜਾਂਦਾ ਹੈ, ਉਹ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ, ਇਕ ਰਸ ਨਾਮ ਦੀ ਧੁਨਿ ਸੁਣ ਕੇ ਉਹ ਅਸਚਰਜ ਹੀ ਅਸਚਰਜ ਹੋ ਜਾਂਦੇ ਹਨ ।

6.ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਨ੍ਹਾਂ ਦੇ ਅੰਦਰ ਆਤਮਕ ਅਨੰਦ ਬਣਿਆ ਰਹਿੰਦਾ ਹੈ (ਜਿਵੇਂ ਕਿ ਉਨ੍ਹਾਂ ਦੇ ਅੰਦਰ) ਪੂਰੇ ਤੌਰ ਤੇ ਸੰਖ ਆਦਿਕ ਨਾਦ ਵੱਜ ਰਹੇ ਹਨ ।੨।੪੬।੬੯।

ਭਾਵਾਰਥ :–ਹਰੀ ਦੇ ਸੇਵਕ ਵਿਚ ਆਪਾ-ਭਾਵ ਨਹੀਂ ਹੁੰਦਾ ਇਸ ਲਈ ਉਸ ਵਿਚ ਈਰਖਾ ਦਵੈਸ਼ ਨਹੀਂ ਹੁੰਦਾ, ਉਨ੍ਹਾਂ ਦੀ ਸਮ ਦ੍ਰਿਸ਼ਟੀ ਹੁੰਦੀ ਹੈ, ਇਸ ਲਈ ਉਹ ਸਦਾ ਹੀ ਖੁਸ਼ ਰਹਿੰਦੇ ਹਨ ।

ਸਾਰਗ ਮਹਲਾ ੫ ॥

1. **ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥**
2. **ਤਿਸੁ ਗੁਰ ਕੈ ਜਾਈਐ ਬਲਿਹਾਰੀ**
   ਸਦਾ ਸਦਾ ਹਉ ਵਾਰਿਆ ॥੧॥ਰਹਾਉ॥
3. **ਗੁਰ ਕਾ ਨਾਮੁ ਜਪਿਓ ਦਿਨੁ ਰਾਤੀ**
   ਗੁਰ ਕੇ ਚਰਨ ਮਨਿ ਧਾਰਿਆ ॥

4. ਗੁਰ ਕੀ ਧੂਰਿ ਕਰਉ ਨਿਤ ਮਜਨੁ
ਕਿਲਵਿਖ ਮੈਲੁ ਉਤਾਰਿਆ ॥੧॥
5. ਗੁਰ ਪੂਰੇ ਕੀ ਕਰਉ ਨਿਤ ਸੇਵਾ
ਗੁਰੁ ਅਪਨਾ ਨਮਸਕਾਰਿਆ ॥
6. ਸਰਬ ਫਲਾ ਦੀਨੇ ਗੁਰਿ ਪੂਰੈ
ਨਾਨਕ ਗੁਰਿ ਨਿਸਤਾਰਿਆ ॥੨॥੪੭॥੭੦॥

ਪਦ ਅਰਥ :–ਮੇਰੈ ਗੁਰਿ–ਮੇਰੇ ਗੁਰੂ ਨੇ । ਮੋਰੋ–ਮੇਰਾ । ਸਹਸਾ–ਸਹਿਮ, ਦੁਚਿਤਾਪਨ । ਕੈ–ਤੋਂ । ਹਉ-ਮੈਂ । ਵਾਰਿਆ–ਸਦਕੇ, ਕੁਰਬਾਨ ।੧।ਰਹਾਉ।

ਮਨਿ–ਮਨ ਵਿਚ । ਕਰਉ–ਕਰਉਂ, ਮੈਂ ਕਰਦਾ ਹਾਂ । ਮਜਨੁ–ਇਸ਼ਨਾਨ । ਕਿਲਵਿਖ–ਪਾਪ ।੧।

ਸਰਬ–ਸਾਰੇ । ਗੁਰਿ–ਗੁਰੂ ਨੇ । ਨਿਸਤਾਰਿਓ–ਪਾਰ ਲੰਘਾ ਦਿਤਾ ਹੈ ।੨।

ਅਰਥ:–

ਪ੍ਰ:–ਸ੍ਰੀ ਜੀਉ ! ਗੁਰੂ ਦੀ ਸ਼ਰਨ ਵਿਚ ਆਉਣ ਨਾਲ ਹੁਣ ਤੁਹਾਨੂੰ ਕੀ ਫਲ ਪ੍ਰਾਪਤ ਹੋਇਆ ਪ੍ਰਤੀਤ ਹੁੰਦਾ ਹੈ ?

1.**ਉ**:–ਹੇ ਭਾਈਓ ! ਮੇਰੇ ਗੁਰੂ ਨੇ (ਮੇਰੇ ਅੰਦਰੋਂ ਹਰ ਵੇਲੇ ਦਾ) ਸਹਿਮ ਦੂਰ ਕਰ ਦਿਤਾ ਹੈ ।

2.ਹੇ ਪਿਆਰੇ, ਉਸੇ ਗੁਰੂ ਤੋਂ ਸਦਕੇ ਜਾਣਾ ਚਾਹੀਦਾ ਹੈ, ਹੇ ਭਾਈ ! ਮੈਂ ਤਾਂ ਉਸ ਗੁਰੂ ਤੋਂ ਸਦਾ ਹੀ ਸਦਾ ਹੀ ਕੁਰਬਾਨ ਜਾਂਦਾ ਹਾਂ ।੧।ਰਹਾਉ।

ਪ੍ਰ:–ਸ੍ਰੀ ਜੀਉ ! ਹੁਣ ਤੁਹਾਡੇ ਅੰਤਰ-ਆਤਮੇ ਗੁਰੂ ਦਾ ਕਿਤਨਾ ਕੁ ਨਿਸਚਾ ਹੈ ?

3.**ਉ**:-ਹੇ ਭਾਈਓ ! ਹੁਣ ਤਾਂ ਮੈਂ ਦਿਨ ਰਾਤ (ਆਪਣੇ) ਗੁਰੂ ਦਾ ਨਾਮ (ਹੀ) ਚੇਤੇ ਰੱਖਦਾ ਹਾਂ, ਅਤੇ ਮੈਂ ਆਪਣੇ ਗੁਰੂ ਦੇ ਚਰਨ ਮਨ ਵਿਚ ਵਸਾਈ ਰੱਖਦਾ ਹਾਂ (ਭਾਵ ਅਦਬ ਸਤਿਕਾਰ ਨਾਲ ਗੁਰੂ ਦੀ ਯਾਦ ਹਿਰਦੇ ਵਿਚ ਵਸਾਈ ਰੱਖਦਾ ਹਾਂ) ।

4.ਹੇ ਭਾਈ ! ਹੁਣ ਮੈਂ ਸਦਾ ਗੁਰੂ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕਰਦਾ ਰਹਿੰਦਾ ਹਾਂ (ਇਸੇ ਇਸ਼ਨਾਨ ਨੇ ਮੇਰੇ ਮਨ ਤੋਂ) ਪਾਪਾਂ ਦੀ ਮੈਲ ਲਾਹ ਦਿਤੀ ਹੈ ।੧।

5.ਹੇ ਪਿਆਰਿਓ ! ਹੁਣ ਤਾਂ ਮੈਂ ਸਦਾ ਪੂਰੇ ਗੁਰੂ ਦੀ (ਦੱਸੀ) ਸੇਵਾ ਕਰਦਾ ਹਾਂ, ਗੁਰੂ ਅਗੇ ਹੀ ਸਿਰ ਨਿਵਾਈ ਰੱਖਦਾ ਹਾਂ ।

ਪ੍ਰ:–ਕਿਉਂ ਜੀ, ਇਸ ਸੇਵਾ ਕਰਨ ਦਾ ਗੁਰੂ ਤੋਂ ਤੁਹਾਨੂੰ ਕੀ ਫਲ ਪ੍ਰਾਪਤ ਹੋਇਆ ਹੈ ?

6.**ਉ** –ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਪੂਰੇ ਗੁਰੂ ਨੇ ਮੈਨੂੰ (ਦੁਨੀਆ ਦੇ) ਸਾਰੇ (ਮੂੰਹ ਮੰਗੇ) ਫਲ ਦਿਤੇ ਹਨ ਤੇ ਗੁਰੂ ਨੇ (ਮੈਨੂੰ ਜਗਤ ਦੇ ਵਿਕਾਰਾਂ ਤੋਂ) ਪਾਰ ਲੰਘਾ ਲਿਆ ਹੈ ।੨।੪੭।੭੦।

ਭਾਵਾਰਥ :–ਇਸ ਮਹਾਵਾਕ ਵਿਚ ਉਸੇ ਗੁਰੂ ਦਾ ਧੰਨਵਾਦ ਕਰਦੇ ਹਨ, ਜਿਸ ਨੇ ਭਰਮ ਤੇ ਪਾਪ ਕੱਟ ਕੇ ਹਰੀ ਨਾਮ ਦੀ ਪ੍ਰਾਪਤੀ ਕਰਨ ਜੋਗ ਬਣਾ ਦਿਤਾ ਹੈ ।

ਸਾਰਗ ਮਹਲਾ ੫ ॥

1. ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥
2. ਮਿਟਹਿ ਕਲੇਸ ਤ੍ਰਾਸ ਸਭ ਨਾਸੈ
ਸਾਧ ਸੰਗਿ ਹਿਤੁ ਲਾਵੈ ॥੧॥ਰਹਾਉ॥
3. ਹਰਿ ਹਰਿ ਹਰਿ ਹਰਿ ਮਨਿ ਆਰਾਧੇ
ਰਸਨਾ ਹਰਿ ਜਸੁ ਗਾਵੈ ॥
4. ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ
ਬਾਸੁਦੇਵ ਰੰਗੁ ਲਾਵੈ ॥੧॥
5. ਦਾਮੋਦਰ ਦਇਆਲ ਆਰਾਧਹੁ
ਗੋਬਿੰਦ ਕਰਤ ਸੁੋਹਾਵੈ ॥
6. ਕਹੁ ਨਾਨਕ ਸਭ ਕੀ ਹੋਇ ਰੇਨਾ
ਹਰਿ ਹਰਿ ਦਰਸ ਸਮਾਵੈ ॥੨॥੪੮॥੭੧॥

ਪਦ ਅਰਥ :–ਸਿਮਰਤ–ਸਿਮਰਦਿਆਂ । ਗਤਿ–ਉਚੀ ਆਤਮਕ ਅਵਸਥਾ । ਮਿਟਹਿ–ਮਿਟ ਜਾਂਦੇ ਹਨ । ਤ੍ਰਾਸ–ਡਰ । ਸਭਿ–ਸਾਰਾ । ਹਿਤੁ–ਪਿਆਰ ।੧।ਰਹਾਉ।

ਮਨਿ–ਮਨ ਵਿਚ । ਆਰਾਧੇ–ਅਰਾਧਦਾ ਹੈ, ਸਿਮਰਦਾ ਹੈ । ਰਸਨਾ–ਜੀਭ ਨਾਲ । ਤਜਿ–ਤਿਆਗ ਕੇ । ਵਾਸੁਦੇਵ ਰੰਗੁ–ਪ੍ਰਮਾਤਮਾਂ ਦਾ ਪਿਆਰ ।੧।

ਦਮੋਦਰ–ਪ੍ਰਮਾਤਮਾਂ । ਆਰਾਧਹੁ–ਸਿਮਰਿਆ ਕਰੋ । ਸੁੋਹਾਵੈ–[ਅੱਖਰ 'ਸ' ਦੇ ਨਾਲ ਦੋ ਲਗਾਂ ਹਨ–'ੋ' ਅਤੇ 'ੁ' । ਅਸਲ ਲਫਜ਼ ਹੈ 'ਸੋਹਾਵੈ', ਇਥੇ 'ਸੁਹਾਵੈ' ਪੜ੍ਹਨਾ ਹੈ] ਸੋਹਣਾ ਲੱਗਦਾ ਹੈ । ਰੇਨਾ–ਚਰਨਾਂ ਦੀ ਧੂੜ । ਦਰਸਿ–ਦਰਸ਼ਨ ਵਿਚ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਦਸੋ ਉਹ ਕਿਹੜਾ ਸਾਧਨ ਹੈ, ਜਿਸ ਦੇ ਕਰਨ ਨਾਲ ਮਨੁੱਖ ਉਚੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ?

1.**ਉ**;–ਹੇ ਭਾਈਓ ! ਕੇਵਲ ਇਕੋ ਹੀ ਸਾਧਨ ਹੈ ਕਿ ਪ੍ਰਮਾਤਮਾਂ ਦਾ ਨਾਮ ਸਿਮਰਦਿਆਂ ਮਨੁੱਖ ਜੀਵਨ ਦੀ ਉਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ ।

ਪ੍ਰ:–ਸ੍ਰੀ ਜੀਉ ! ਸਾਡੇ ਮਨਾਂ ਵਿਚ ਕਲੇਸ਼ ਤੇ ਕਈ ਤਰ੍ਹਾਂ ਦਾ ਡਰ ਹੀ ਬਣਿਆ ਰਹਿੰਦਾ ਹੈ । ਇਹ ਕਿਵੇਂ ਦੂਰ ਹੋ ਸਕਦਾ ਹੈ ?

2.**ਉ**:–ਹੇ ਭਾਈ ! ਜਿਹੜਾ ਮਨੁੱਖ ਸਾਧ ਸੰਗਤ ਵਿਚ ਪਿਆਰ ਪਾਈ ਰੱਖਦਾ ਹੈ, ਉਸ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ ਅਤੇ ਉਸ ਦਾ ਹਰੇਕ ਡਰ ਦੂਰ ਹੋ ਜਾਂਦਾ ਹੈ ।੧।ਰਹਾਉ।

ਪ੍ਰ:–ਗੁਰਦੇਵ ਜੀਉ ! ਸਾਡੇ ਮਨਾਂ ਵਿਚ ਕਾਮਾਦਿਕ ਵਿਕਾਰ

ਸਦਾ ਹੀ ਪ੍ਰਬਲ ਰਹਿੰਦੇ ਹਨ। ਦਸੋ ਇਨ੍ਹਾਂ ਤੋਂ ਕਿਵੇਂ ਛੁਟਕਾਰਾ ਪਾਇਆ ਜਾ ਸਕਦਾ ਹੈ ?

3.ੳ:–ਹੇ ਪਿਆਰੇ ! ਜਿਹੜਾ ਮਨੁੱਖ ਸਦਾ (ਹੀ ਆਪਣੇ) ਮਨ ਵਿਚ ਪ੍ਰਮੇਸ਼ਰ ਜੀ ਦਾ ਅਰਾਧਨ ਕਰਦਾ ਰਹਿੰਦਾ ਹੈ ਅਤੇ ਆਪਣੀ ਜੀਭ ਨਾਲ ਪ੍ਰਭੂ ਦੀ ਸਿਫਤ ਸਾਲਾਹ ਗਾਂਦਾ ਰਹਿੰਦਾ ਹੈ।

4. ੳਹ ਮਨੁੱਖ (ਆਪਣੇ ਅੰਦਰੋਂ) ਕਾਮ, ਕ੍ਰੋਧ, ਅਹੰਕਾਰ, ਨਿੰਦਾ (ਆਦਿਕ ਵਿਕਾਰ) ਦੂਰ ਕਰਕੇ (ਆਪਣੇ ਅੰਦਰ) ਪ੍ਰਮਾਤਮਾਂ ਦਾ ਪ੍ਰੇਮ ਪੈਦਾ ਕਰ ਲੈਂਦਾ ਹੈ।੧।

5. ਹੇ ਭਾਈਓ ! ਇਹ ਨਿਸਚਾ ਕਰ ਲਓ ਕਿ, ਦਇਆ ਦੇ ਸੋਮੇਂ ਪ੍ਰਮਾਤਮਾਂ ਦਾ ਨਾਮ ਸਿਮਰਦੇ ਰਿਹਾ ਕਰੋ, (ਕਿਉਂਕਿ) ਗੋਬਿੰਦ (ਦਾ ਨਾਮ) ਸਿਮਰਦਿਆਂ ਹੀ ਜੀਵਨ ਸੋਹਣਾ ਬਣਦਾ ਹੈ।

6. ਕਥਨ ਕਰਦੇ ਹਨ, ਗੁਰੂ ਨਾਨਕ ਦੇਵ ਜੀ ਕਿ, ਹੇ ਪਿਆਰੇ, ਸਭਨਾਂ ਦੀ ਚਰਨ ਧੂੜ ਹੋ ਕੇ ਹੀ ਮਨੁੱਖ ਪ੍ਰਮਾਤਮਾਂ ਦੇ ਦਰਸ਼ਨਾਂ ਵਿਚ ਲੀਨ ਹੋਇਆ ਰਹਿੰਦਾ ਹੈ।੨।੪੮।੭੧।

ਭਾਵਾਰਥ :–ਹਰੀ ਦਾ ਨਾਮ ਜਪਣ ਨਾਲ ਜ਼ਿੰਦਗੀ ਸੌਰਦੀ ਹੈ, ਸਾਰੇ ਦੁਖ ਦੂਰ ਹੁੰਦੇ ਹਨ ਅਤੇ ਅੰਤ ਨੂੰ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ।

ਸਾਰਗ ਮਹਲਾ ੫ ॥

1. ਅਪੁਨੇ ਗੁਰ ਪੂਰੇ ਬਲਿਹਾਰੈ ॥
2. ਪ੍ਰਗਟ ਪ੍ਰਤਾਪੁ ਕੀਓ ਨਾਮ ਕੋ
ਰਾਖੇ ਰਾਖਨਹਾਰੈ ॥੧॥ਰਹਾਉ॥
3. ਨਿਰਭਉ ਕੀਏ ਸੇਵਕ ਦਾਸ ਅਪਨੇ
ਸਗਲੇ ਦੂਖ ਬਿਦਾਰੈ ॥
4. ਆਨ ਉਪਾਵ ਤਿਆਗਿ ਜਨ ਸਗਲੇ
ਚਰਨ ਕਮਲ ਰਿਦ ਧਾਰੈ ॥੧॥
5. ਪ੍ਰਾਨ ਅਧਾਰ ਮੀਤ ਸਾਜਨ
ਪ੍ਰਭ ਏਕੈ ਏਕੰਕਾਰੈ ॥
6. ਸਭ ਤੇ ਊਚ ਠਾਕੁਰੁ ਨਾਨਕ ਕਾ
ਬਾਰ ਬਾਰ ਨਮਸਕਾਰੈ ॥੨॥੪੯॥੭੨॥

ਪਦ ਅਰਥ :–ਬਲਿਹਾਰੈ-ਸਦਕੇ, ਕੁਰਬਾਨ। ਕੋ–ਦਾ। ਰਾਖਨਹਾਰੈ–ਰਖਿਆ ਕਰ ਸਕਣ ਵਾਲੇ ਨੇ।੧।ਰਹਾਉ।

ਬਿਦਾਰੈ–ਨਾਸ ਕਰ ਦੇਂਦਾ ਹੈ। ਆਨ–ਹੋਰ ਹੋਰ। ਉਪਾਵ–ਹੀਲੇ, ਜਤਨ। ਤਿਆਗਿ–ਛੱਡ ਕੇ। ਧਾਰੈ–ਟਿਕਾਂਦਾ ਹੈ। ਰਿਦ–ਹਿਰਦੇ ਵਿਚ। ਸਗਲੇ ਉਪਾਵ–ਸਾਰੇ ਹੀਲੇ।੧।

ਅਧਾਰ–ਆਸਰਾ। ਏਕੰਕਾਰੈ–ਪ੍ਰਮਾਤਮਾ (ਹੀ)। ਤੇ–ਤੋਂ। ਠਾਕੁਰ-ਮਾਲਕ ਪ੍ਰਭੂ। ਬਾਰ ਬਾਰ–ਮੁੜ ਮੁੜ।੨।

ਅਰਥ:–

ਪ੍ਰ:–ਸ੍ਰੀ ਜੀਓ! ਤੁਹਾਡਾ ਆਪਣੇ ਗੁਰੂ ਤੇ ਕਿਤਨਾ ਕੁ ਵਿਸ਼ਵਾਸ਼ ਹੈ?

1.ੳ:–ਹੇ ਭਾਈਓ ! ਮੈਂ ਤਾਂ ਆਪਣੇ ਪੂਰੇ ਗੁਰੂ ਤੋਂ (ਸਦਾ ਹੀ) ਕੁਰਬਾਨ ਜਾਂਦਾ ਹਾਂ।

2. ਕਿਉਂਕਿ, ਹੇ ਭਾਈਓ ! (ਗੁਰੂ ਪ੍ਰਮਾਤਮਾਂ ਦੇ) ਨਾਮ ਦਾ ਪਰਤਾਪ (ਜਗਤ ਵਿਚ) ਪਰਸਿਧ ਕਰਦਾ ਹੈ ਅਤੇ ਰਖਿਆ ਕਰਨ ਦੀ ਸਮਰਥਾ ਵਾਲਾ ਪ੍ਰਭੂ (ਨਾਮ ਜਪਣ ਵਾਲਿਆਂ ਨੂੰ ਅਨੇਕਾਂ ਦੁਖਾਂ ਤੋਂ) ਬਚਾਂਦਾ ਹੈ।੧।ਰਹਾਉ।

3. ਹੇ ਪਿਆਰੇ, ਗੁਰੂ ਦੀ ਕ੍ਰਿਪਾ ਨਾਲ ਹੀ, ਪ੍ਰਭੂ ਆਪਣੇ ਸੇਵਕਾਂ ਦਾਸਾਂ ਨੂੰ (ਦੁਖਾਂ ਵਿਕਾਰਾਂ ਦੇ ਟਾਕਰੇ ਤੇ) ਦਲੇਰ ਕਰ ਦੇਂਦਾ ਹੈ, ਸੇਵਕਾਂ ਦੇ ਸਾਰੇ ਦੁਖ ਨਾਸ ਕਰਦਾ ਹੈ।

ਪ੍ਰ:–ਕਿਉਂ ਜੀ, ਅਜਿਹੇ ਪ੍ਰਭੂ ਦੇ ਸੇਵਕ ਦੀ ਪਛਾਣ ਕੀ ਹੈ ?

4.ੳ:–ਹੇ ਭਾਈਓ ! ਉਹ ਪ੍ਰਭੂ ਦਾ ਸੇਵਕ ਹੋਰ ਸਾਰੇ ਹੀਲੇ ਛੱਡਕੇ ਪ੍ਰਮੇਸ਼ਰ ਜੀ ਦੇ ਸੋਹਣੇ ਚਰਨ (ਆਪਣੇ) ਹਿਰਦੇ ਵਿਚ ਵਸਾਈ ਰਖਦਾ ਹੈ।੧।

5. ਹੇ ਭਾਈ ! (ਜਿਹੜੇ ਮਨੁੱਖ ਗੁਰੂ ਦੀ ਮਿਹਰ ਨਾਲ ਨਾਮ ਜਪਦੇ ਹਨ, ਉਨ੍ਹਾਂ ਨੂੰ ਇਹ ਨਿਸਚਾ ਹੋ ਜਾਂਦਾ ਹੈ ਕਿ, ਸਿਰਫ ਪ੍ਰਮਾਤਮਾਂ ਹੀ, ਕੇਵਲ ਪ੍ਰਭੂ ਹੀ ਪ੍ਰਾਣਾਂ ਦਾ ਆਸਰਾ ਹੈ ਅਤੇ ਸੱਜਣ ਮਿੱਤਰ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਮੇਰਾ ਤਾਂ ਪ੍ਰਮਾਤਮਾਂ ਹੀ, ਸਭ ਤੋਂ ਉਚਾ ਮਾਲਕ ਹੈ, (ਇਸ ਲਈ) ਮੈਂ ਤਾਂ ਸਦਾ ਮੁੜ ਮੁੜ (ਪ੍ਰਮਾਤਮਾਂ ਨੂੰ ਹੀ) ਸਿਰ ਨਿਵਾਂਦਾ ਹਾਂ।੨।੪੯।੭੨।

ਭਾਵਾਰਥ :–ਗੁਰੂ ਦਾ ਫਿਰ ਧੰਨਵਾਦ ਕਰਦੇ ਹਨ, ਜਿਸਦੇ ਨਾਮ ਦੀ ਖੂਬੀ ਜ਼ਾਹਰ ਕੀਤੀ, ਦੁਖ ਭਉ ਕਟ ਕੇ ਸਭ ਤੋਂ ਉੂਚੇ ਇਕੋ ਇਕ ਹਰੀ ਨਾਲ ਸੰਬੰਧ ਬਣਾ ਦੇਂਦੀ ਹੈ।

ਸਾਰਗ ਮਹਲਾ ੫ ॥

1. ਬਿਨੁ ਹਰਿ ਹੈ ਕੋ ਕਹਾ ਬਤਾਵਹੁ ॥
2. ਸੁਖ ਸਮੂਹ ਕਰੁਣਾਮੈ ਕਰਤਾ
ਤਿਸੁ ਪ੍ਰਭ ਸਦਾ ਧਿਆਵਹੁ ॥੧॥ਰਹਾਉ॥
3. ਜਾਕੈ ਸੂਤਿ ਪਰੋਏ ਜੰਤਾ ਤਿਸੁ ਪ੍ਰਭ ਕਾ ਜਸੁ ਗਾਵਹੁ ॥
4. ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ
ਆਨ ਕਹਾ ਪਹਿ ਜਾਵਹੁ ॥੧॥
5. ਸਫਲ ਸੇਵਾ ਸੁਆਮੀ ਮੇਰੇ ਕੀ
ਮਨ ਬਾਂਛਤ ਫਲ ਪਾਵਹੁ ॥
6. ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ
ਸੁਖ ਸੇਤੀ ਘਰਿ ਜਾਵਹੁ ॥੨॥੫੦॥੭੩॥

ਪਦ ਅਰਥ :–ਕੋ–ਕੌਣ ? ਕਹਾ–ਕਿੱਥੇ, ਕਹਾ ? ਬਤਾਵਹੁ–ਦਸੋ। ਸੁਖ ਸਮੂਹ–ਸਾਰੇ ਸੁਖਾਂ ਦਾ ਮੂਲ। ਕਰੁਣਾ–ਤਰਸ। ਕਰੁਣਾ ਮੈ–ਤਰਸ ਰੂਪ। ਕਰਤਾ-ਕਰਤਾਰ।੧।ਰਹਾਉ।

ਸੂਤਿ-ਸੂਤਰ ਵਿਚ। ਜਾ ਕੈ ਸੂਤਿ–ਜਿਸਦੇ ਹੁਕਮ ਰੂਪ ਧਾਗੇ ਵਿਚ। ਜਸੁ–ਸਿਫਤ ਸਾਲਾਹ ਦਾ ਗੀਤ। ਸਿਮਰਿ–

ਸਿਮਰਿਆ ਕਰੋ। ਜਿਨਿ–ਜਿਸ (ਠਾਕੁਰ) ਨੇ। ਕਹਾ–ਕਿੱਥੇ? ਆਨ ਪਹਿ–ਕਿਸੇ ਹੋਰ ਪਾਸ।੧।

ਸਫਲ–ਫਲ ਦੇਣ ਵਾਲੀ। ਸੇਵਾ–ਭਗਤੀ। ਮਨ ਬਾਂਛਤ–ਮਨ ਮੰਗੇ। ਲਾਹਾ–ਲਾਭ। ਲੈ–ਲੈ ਕੇ। ਸੇਤੀ–ਨਾਲ। ਘਰਿ–ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ।੨।

ਅਰਥ :–

ਪ੍ਰ:–ਗੁਰਦੇਵ ਜੀਉ! ਜਗਤ ਦੇ ਜੀਵ ਭਿੰਨ ਭਿੰਨ ਦੇਵੀ ਦੇਵਤਿਆਂ ਦੀ ਸੇਵਾ ਇਸ ਲਈ ਕਰਦੇ ਹਨ ਕਿ ਇਹ ਅੰਤ ਨੂੰ ਸਹਾਇਤਾ ਕਰ ਸਕਣਗੇ, ਪਰ ਇਸ ਬਾਰੇ ਆਪ ਜੀ ਦੇ ਕੀ ਵੀਚਾਰ ਹਨ?

1. **ਉ:**–ਹੇ ਭਾਈਓ! ਦਸੋ, ਪ੍ਰਮਾਤਮਾਂ ਤੋਂ ਬਿਨਾ ਹੋਰ ਕੌਣ (ਸਹਾਈ) ਹੈ, ਅਤੇ ਕਿਥੇ ਹੈ?
2. ਇਸ ਲਈ ਹੇ ਪਿਆਰੇ! ਉਹ ਸਿਰਜਨਹਾਰ (ਹੀ) ਸਾਰੇ ਸੁੱਖਾਂ ਦਾ ਸੋਮਾ ਹੈ, ਉਹੀ ਪ੍ਰਭੂ ਤਰਸ ਸਰੂਪ ਹੈ। ਹੇ ਭਾਈ! ਸਦਾ ਉਸੇ ਦਾ ਸਿਮਰਨ ਕਰਦੇ ਰਹੋ।੧।ਰਹਾਉ।
3. ਹੇ ਪਿਆਰੇ! ਜਿਸ ਪ੍ਰਮਾਤਮਾਂ ਦੇ (ਹੁਕਮ ਰੂਪ) ਧਾਗੇ ਵਿਚ ਸਾਰੇ ਜੀਵ ਪ੍ਰੋਤੇ ਹੋਏ ਹਨ, ਉਸੇ ਦੀ ਸਿਫਤ ਸਲਾਹ ਦਾ ਗੀਤ ਗਾਉਂਦੇ ਰਿਹਾ ਕਰੋ।
4. ਹੇ ਭਾਈਓ! (ਜਿਸ ਪ੍ਰਮਾਤਮਾਂ) ਨੇ ਹਰੇਕ ਚੀਜ਼ ਦਿੱਤੀ ਹੋਈ ਹੈ, ਉਸੇ ਦਾ ਹੀ ਸਿਮਰਨ ਕਰਿਆ ਕਰੋ, (ਉਸ ਦਾ ਆਸਰਾ ਛੱਡ ਕੇ) ਹੋਰ ਕਿਥੇ ਕਿਸ ਪਾਸ ਜਾਂਦੇ ਹੋ?।੧।
5. ਹੇ ਪਿਆਰੇ! (ਉਸ) ਮੇਰੇ ਮਾਲਕ ਪ੍ਰਭੂ ਦੀ ਹੀ ਭਗਤੀ ਸਾਰੇ ਫਲ ਦੇਣ ਵਾਲੀ ਹੈ (ਉਸ ਦੇ ਦਰ ਤੋਂ ਹੀ) ਮਨ-ਮੰਗੇ ਫਲ ਪ੍ਰਾਪਤ ਕਰ ਸਕਦੇ ਹੋ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! (ਇਸ ਜਗਤ ਤੋਂ ਪ੍ਰਮੇਸ਼ਰ ਦੀ ਭਗਤੀ ਦਾ) ਲਾਭ ਖੱਟ ਕੇ ਤੁਰੋ, (ਇਸ ਤਰ੍ਹਾਂ ਤੁਸੀਂ) ਬੜੇ ਅਨੰਦ ਨਾਲ ਪ੍ਰਭੂ ਦੇ ਚਰਨਾਂ ਵਿਚ ਪਹੁੰਚੋਗੇ।੨।੫੦।੭੩।

ਭਾਵਾਰਥ :–ਇਕੋ ਅਦਵੈਤ ਰੂਪ ਪ੍ਰਮੇਸ਼ਰ ਦੀ ਅਰਾਧਨਾ ਕਰਨ ਵੱਲ ਹੀ ਪ੍ਰੇਰਦੇ ਹਨ, ਕਿਉਂਕਿ ਉਸ ਤੋਂ ਭਿੰਨ ਹੋਰ ਕੋਈ ਭੀ ਰੱਖਿਆ ਕਰਨ ਦੀ ਸਮਰੱਥਾ ਨਹੀਂ ਰੱਖਦਾ।

ਸਾਰਗ ਮਹਲਾ ੫ ॥

1. ਠਾਕੁਰ ਤੁਮ੍ ਸਰਣਾਈ ਆਇਆ ॥
2. ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥੧॥ਰਹਾਉ॥
3. ਅਨ ਬੋਲਤ ਮੇਰੀ ਬਿਰਥਾ ਜਾਨੀ
ਅਪਨਾ ਨਾਮੁ ਜਪਾਇਆ ॥
4. ਦੁਖ ਨਾਠੇ ਸੁਖ ਸਹਜਿ ਸਮਾਏ
ਅਨਦ ਅਨਦ ਗੁਣ ਗਾਇਆ ॥੧॥
5. ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ ॥
6. ਕਹੁ ਨਾਨਕ ਗੁਰਿ ਬੰਧਨ ਕਾਟੇ
ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

ਪਦ ਅਰਥ :–ਠਾਕੁਰ–ਹੇ ਮਾਲਕ ਪ੍ਰਭੂ। ਸੰਸਾ–ਸਹਿਮ। ਜਬ ਤੇ–ਜਦੋਂ ਤੋਂ।੧।ਰਹਾਉ।

ਅਨ ਬੋਲਤ–ਬਿਨਾਂ ਬੋਲਣ ਦੇ। ਬਿਰਥਾ–ਪੀੜ, ਦੁੱਖ। ਜਾਨੀ–ਤੂੰ ਜਾਣ ਲਈ ਹੈ। ਨਾਠੇ–ਨੱਸ ਗਏ ਹਨ। ਸਹਜਿ–ਆਤਮਕ ਅਡੋਲਤਾ ਵਿਚ। ਅਨਦ–ਅਨੰਦ।੧।

ਪਕਰਿ–ਫੜ ਕੇ। ਗ੍ਰਿਹ ਅੰਧ ਕੂਪ ਤੇ ਮਾਇਆ–ਮਾਇਆ (ਦੇ) ਅੰਧ ਕੂਪ ਗ੍ਰਿਹ ਤੇ, ਮਾਇਆ ਦੇ ਅੰਨ੍ਹੇ ਖੂਹ ਘਰ ਤੋਂ। ਗੁਰਿ–ਗੁਰੂ ਨੇ। ਆਨਿ–ਲਿਆਕੇ।੨।

ਅਰਥ:–

ਪ੍ਰ:–ਗੁਰਦੇਵ ਜੀਉ! ਜਦੋਂ ਭੀ ਤੁਸੀਂ ਪ੍ਰਭੂ ਚਰਨਾਂ ਵਿਚ ਜੋਦੜੀ ਕਰਦੇ ਹੋ ਤਾਂ ਉਹ ਕਿਸ ਰੂਪ ਵਿਚ ਕਰਦੇ ਹੋ?

1. **ਉ:**–ਹੇ ਭਾਈਓ! ਮੈਂ ਤਾਂ ਸਦਾ ਇਉਂ ਹੀ ਅਰਦਾਸ ਕਰਦਾ ਹਾਂ ਕਿ, ਹੇ (ਮੇਰੇ) ਮਾਲਕ ਪ੍ਰਭੂ (ਮੈਂ) ਤੇਰੀ ਸ਼ਰਨ ਆਇਆ ਹਾਂ।
2. ਹੇ ਸਾਈਆਂ ਜੀਉ! ਜਦੋਂ ਤੋਂ ਮੈਂ ਤੇਰਾ ਦਰਸ਼ਨ ਕੀਤਾ ਹੈ (ਤਦੋਂ ਤੋਂ ਹੀ) ਮੇਰੇ ਮਨ ਤੋਂ (ਹਰੇਕ) ਸਹਿਮ ਲਹਿ ਗਿਆ ਹੈ।੧।ਰਹਾਉ।
3. ਹੇ (ਮੇਰੇ) ਮਾਲਕ ਪ੍ਰਭੂ! ਤੂ (ਸਦਾ ਹੀ ਮੇਰੇ) ਬਿਨ ਬੋਲਣ ਦੇ ਮੇਰਾ ਦੁੱਖ ਸਮਝ ਲਿਆ ਹੈ, ਤੂੰ ਆਪ ਹੀ ਮੈਥੋਂ ਆਪਣਾ ਨਾਮ ਜਪਾਇਆ ਹੈ।
4. ਹੇ ਸਾਈਆਂ ਜੀਉ! ਜਦੋਂ ਤੋਂ ਮੈਂ ਬੜੇ ਅਨੰਦ ਨਾਲ ਤੇਰੇ ਗੁਣ ਗਾਂਦਾ ਹਾਂ, ਮੇਰੇ (ਸਾਰੇ) ਦੁੱਖ ਦੂਰ ਹੋ ਗਏ ਹਨ, ਸੁੱਖਾਂ ਵਿਚ ਆਤਮਕ ਅਡੋਲਤਾ ਵਿਚ ਮੈਂ ਮਗਨ ਰਹਿੰਦਾ ਹਾਂ।੧।

ਪ੍ਰ:–ਸ੍ਰੀ ਜੀਉ! ਮਾਇਆ ਦੀ ਪ੍ਰਬਲਤਾ ਬੜੀ ਹੀ ਸ਼ਕਤੀ-ਸ਼ਾਲੀ ਹੈ, ਸੇਵਕ ਇਸ ਤੋਂ ਕਿਵੇਂ ਬਚਦੇ ਹਨ?

5. **ਉ:**–ਹੇ ਭਾਈਓ! ਅਸਲ ਵਿਚ (ਉਹ ਪ੍ਰਮਾਤਮਾਂ) ਆਪਣੇ (ਸੇਵਕਾਂ ਦੀ ਬ੍ਰਿਤੀ ਰੂਪੀ ਬਾਂਹ ਫੜ ਕੇ ਉਨ੍ਹਾਂ ਨੂੰ ਮਾਇਆ ਦੇ (ਮੋਹ ਦੇ) ਅੰਨ੍ਹੇ ਖੂਹ ਵਿਚੋਂ, ਅੰਨ੍ਹੇ ਘਰ ਵਿਚੋਂ ਕੱਢ ਲੈਂਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਗੁਰੂ ਨੇ ਜਿਸ ਮਨੁੱਖ ਦੀਆਂ (ਮਾਇਆ ਦੇ ਮੋਹ ਦੀਆਂ) ਫਾਹੀਆਂ ਕੱਟ ਦਿਤੀਆਂ, (ਪ੍ਰਭੂ ਚਰਨਾਂ ਤੋਂ) ਵਿਛੜਦੇ ਉਸ ਨੂੰ ਲਿਆ ਕੇ (ਪ੍ਰਭੂ ਦੇ ਚਰਨਾਂ ਵਿਚ) ਮੇਲ ਦਿਤਾ।੨।੫੧।੭੪।

ਭਾਵਾਰਥ :—ਇਸ ਸ਼ਬਦ ਵਿਚ ਅਰਾਧਨਾ ਦਾ ਨਮੂਨਾ ਦਸਦੇ ਹਨ।

ਸਾਰਗ ਮਹਲਾ ੫ ॥

1. **ਹਰਿ ਕੇ ਨਾਮ ਕੀ ਗਤਿ ਠਾਂਢੀ ॥**
2. **ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥੧॥ਰਹਾਉ॥**
3. **ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥**
4. **ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥੧॥**
5. **ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥**
6. **ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥੨॥੫੨॥੭੫॥**

ਪਦ ਅਰਥ :—ਗਤਿ—ਹਾਲਤ, ਤਾਸੀਰ, ਪ੍ਰਭਾਵ। ਠਾਂਢੀ—ਠੰਡ ਪਾਉਣ ਵਾਲੀ, ਸ਼ਾਂਤੀ ਦੇਣ ਵਾਲੀ। ਖੋਜਤ—ਖੋਜ ਕਰਦਿਆਂ। ਕਾਢੀ—ਕਹੀ ਹੈ, ਦਸੀ ਹੈ।੧।ਰਹਾਉ।

ਸਿਵ—ਸ਼ਿਵ (ਲੋਕ)। ਬਿਰੰਚ—ਬ੍ਰਹਮਾ, ਬ੍ਰਹਮ (ਲੋਕ)। ਅਰੁ—ਅਤੇ [ਅਰਿ—ਵੈਰੀ]। ਤਾ ਮਹਿ—ਉਨ੍ਹਾਂ (ਲੋਕਾਂ) ਵਿਚ। ਜਲਤੌ—(ਤ੍ਰਿਸ਼ਨਾ ਅੱਗ ਨਾਲ) ਸੜਦਾ ਹੀ। ਸਿਮਰਿ—ਸਿਮਰ ਕੇ। ਸੀਤਲ—ਸ਼ਾਂਤ, ਠੰਢਾ-ਠਾਰ। ਹਿਰਿਆ—ਦੂਰ ਕਰ ਲਿਆ।੧।

ਜੋ ਜੋ—ਜਿਹੜਾ ਜਿਹੜਾ (ਭਗਤ)। ਪੁਰਾਤਨੁ—ਪੁਰਾਣੇ ਸਮੇਂ ਦਾ। ਨਵਤਨੁ—ਨਵੇਂ ਸਮੇਂ ਦਾ, ਨਵਾਂ। ਭਾਇ—ਪ੍ਰੇਮ ਦੀ ਰਾਹੀਂ [ਭਾਉ—ਪ੍ਰੇਮ]। ਪ੍ਰਭ ਜੀਉ—ਹੇ ਪ੍ਰਭੂ ਜੀ। ਮਿਲੈ—ਮਿਲ ਜਾਏ।੨।

ਅਰਥ:—

ਪ੍ਰ:—ਗੁਰਦੇਵ ਜੀਉ! ਸੰਸਾਰ ਵਿਚ ਵੇਖੀਦਾ ਹੈ ਕਿ, ਹਰ ਇਕ ਬੰਦੇ ਅਤੇ ਹਰੇਕ ਪਦਾਰਥ ਦਾ ਸੁਭਾਵ, ਪ੍ਰਭਾਵ ਭਿੰਨ ਭਿੰਨ ਹੋਇਆ ਕਰਦਾ ਹੈ। ਕੀ ਇਸ ਤਰ੍ਹਾਂ ਉਸ ਪ੍ਰਭੂ ਦੇ ਨਾਮ ਦਾ ਭੀ ਕੋਈ ਖਾਸ ਪ੍ਰਭਾਵ ਹੈ?

1.**ਉ**:—ਹੇ ਭਾਈਓ! ਸਾਨੂੰ ਤਾਂ ਇਹ ਪੂਰਨ ਨਿਸਚਾ ਹੋ ਆਇਆ ਹੈ ਕਿ, ਉਸ ਸਾਈਂ ਜੀ ਦੇ ਨਾਮ ਦਾ ਸ਼ਾਂਤੀ ਦੇਣ ਵਾਲਾ ਪ੍ਰਭਾਵ ਹੈ।

ਪ੍ਰ:—ਸ੍ਰੀ ਜੀਉ! ਕੀ ਤੁਹਾਡੇ ਇਸ ਵੀਚਾਰ ਨਾਲ ਕੋਈ ਹੋਰ ਭੀ ਸਹਿਮਤ ਹੈ?

2.**ਉ**:—ਹੇ ਭਾਈਓ! (ਬੇਸ਼ਕ ਧਾਰਮਕ ਪੁਸਤਕਾਂ ਨੂੰ ਪੜ੍ਹ ਕੇ ਵੇਖ ਲਓ) ਇਹੀ ਗੱਲ ਵੇਦਾਂ, ਪੁਰਾਣਾਂ, ਸਿੰਮ੍ਰਿਤੀਆਂ ਅਤੇ ਸਾਧੂ ਜਨਾਂ ਨੇ ਖੋਜ ਖੋਜ ਕੇ ਦੱਸੀ ਹੈ।੧।ਰਹਾਉ।

ਪ੍ਰ:—ਗੁਰਦੇਵ ਜੀਓ! ਇਹ ਤਾਂ ਅਸੀਂ ਆਮ ਹੀ ਵੇਖਦੇ ਹਾਂ ਕਿ, ਇਸ ਲੋਕ ਵਿਚ ਹਰ ਪ੍ਰਾਣੀ ਤ੍ਰਿਸ਼ਨਾ ਦੀ ਅੱਗ ਵਿਚ ਦਿਨੇ ਰਾਤ ਪਿਆ ਸੜਦਾ ਹੈ, ਪਰ ਜੋ ਲੋਕ ਤਪੱਸਿਆ ਕਰ ਕੇ, ਬ੍ਰਹਮਾ ਆਦਿਕ ਦੀਆਂ ਪੁਰੀਆਂ ਵਿਚ ਪੁੱਜਦੇ ਹਨ ਕੀ ਉਹ ਇਸ ਤ੍ਰਿਸ਼ਨਾ ਦੀ ਅੱਗ ਵਿਚ ਸੜਨੋਂ ਬਚ ਰਹਿੰਦੇ ਹਨ?

3.**ਉ**:—ਹੇ ਭਾਈਓ! ਸੁਣੋ, ਸੱਚ ਤਾਂ ਇਹੋ ਹੀ ਹੈ ਕਿ, ਜੋ ਮਨੁੱਖ (ਤਪ ਦੇ ਬਲ ਕਰਕੇ) ਸ਼ਿਵ ਲੋਕ, ਬ੍ਰਹਮ ਲੋਕ, ਇੰਦ੍ਰ ਲੋਕ ਵਿਚ ਪੁੱਜਦੇ ਹਨ, ਇਨ੍ਹਾਂ (ਲੋਕਾਂ) ਵਿਚ ਪੁੱਜਿਆ ਹੋਇਆ ਭੀ ਮਨੁੱਖ ਤ੍ਰਿਸ਼ਨਾਂ ਦੀ ਅੱਗ ਵਿਚ ਸੜਦਾ ਹੀ ਫਿਰਦਾ ਹੈ।

ਪ੍ਰ:—ਸ੍ਰੀ ਜੀਉ! ਦਸੋ, ਆਖਰ ਮਨੁੱਖ ਦੇ ਮਨ ਨੂੰ ਸ਼ਾਂਤੀ ਕਿਵੇਂ ਪ੍ਰਾਪਤ ਹੋ ਸਕਦੀ ਹੈ?

4.**ਉ**:—ਹੇ ਭਾਈਓ! ਇਕੋ ਹੀ ਸਾਧਨ ਹੈ ਕਿ, ਉਸ ਸੁਆਮੀ ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਜੀਵਾਂ ਦੇ ਮਨ ਸ਼ਾਂਤ ਹੋ ਜਾਂਦੇ ਹਨ (ਸਿਮਰਨ ਦੀ ਬਰਕਤ ਨਾਲ) ਸਾਰਾ ਦੁਖ ਦਰਦ ਅਤੇ ਭਟਕਣਾ (ਭੀ) ਦੂਰ ਹੋ ਜਾਂਦੀ ਹੈ।੧।

ਪ੍ਰ:—ਗੁਰਦੇਵ ਜੀਉ! ਪੁਰਾਤਨ ਹੋ ਗੁਜ਼ਰੇ ਭਗਤਾਂ ਨੇ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਕਿਹੜਾ ਸਾਧਨ ਅਪਨਾਇਆ ਹੈ?

5.**ਉ**:—ਹੇ ਭਾਈਓ! ਅਸਲ ਵਿਚ ਤਾਂ ਭਾਵੇਂ, ਪੁਰਾਣੇ ਸਮੇਂ ਦਾ, ਚਾਹੇ ਨਵੇਂ ਸਮੇਂ ਦਾ ਜਿਹੜਾ ਜਿਹੜਾ ਭੀ (ਭਗਤ) ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਹੈ, ਉਹ ਪ੍ਰਭੂ ਦੇਵ ਦੀ ਭਗਤੀ ਦੀ ਬਰਕਤ ਨਾਲ, ਪ੍ਰੇਮ ਦੀ ਬਰਕਤ ਨਾਲ ਹੀ ਪਾਰ ਲੰਘਿਆ ਹੈ।

ਪ੍ਰ:—ਸ੍ਰੀ ਜੀਉ! ਆਖਰ ਉਸ ਪ੍ਰਭੂ ਤੋਂ ਤੁਹਾਡੀ ਆਪਣੀ ਕੀ ਮੰਗ ਹੈ?

6.**ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਮੇਰੀ ਤਾਂ ਕੇਵਲ ਇਕੋ ਹੀ ਮੰਗ ਹੈ ਕਿ ਹੇ ਪ੍ਰਭੂ ਜੀ (ਤੇਰੇ ਦਾਸ ਦੀ ਤੇਰੇ ਦਰ ਤੇ ਇਹੋ ਹੀ) ਬੇਨਤੀ ਹੈ ਕਿ (ਮੈਨੂੰ ਤੇਰੇ) ਸੰਤ ਜਨਾਂ ਦੀ (ਸ਼ਰਨ ਵਿਚ ਰਹਿ ਕੇ) ਸੇਵਾ ਕਰਨ ਦਾ ਮੌਕਾ ਮਿਲ ਜਾਏ।੨।੫੨।੭੫।

ਭਾਵਾਰਥ :—ਇਸ ਸੰਸਾਰ ਸਾਗਰ ਤੋਂ ਪਾਰ ਹੋਣ ਲਈ ਲੋਕੀ ਅਨੇਕਾਂ ਹੀ ਸਾਧਨ ਕਰਦੇ ਹਨ, ਪਰ ਹਰੀ ਦੇ ਨਾਮ ਤੋਂ ਬਿਨਾਂ ਹਰੀ ਨਾਲ ਮਿਲਣ ਦਾ ਹੋਰ ਕੋਈ ਭੀ ਰਸਤਾ ਨਹੀਂ। ਅਗੇ ਭੀ ਤੇ ਹੁਣ ਭੀ ਕੇਵਲ ਇਕੋ ਭਗਤੀ ਹੀ ਸਾਧਨ ਹੈ।

ਸਾਰਗ ਮਹਲਾ ੫ ॥

1. **ਜਿਹਵੇ ਅੰਮ੍ਰਿਤ ਗੁਣ ਹਰਿ ਗਾਉ ॥**
2. **ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ**

ਉਚਰਹੁ ਪ੍ਰਭ ਕੋ ਨਾਉ ॥੧॥ਰਹਾਉ॥

3. **ਰਾਮ ਨਾਮੁ ਰਤਨ ਧਨੁ ਸੰਚਹੁ**
ਮਨਿ ਤਨਿ ਲਾਵਹੁ ਭਾਉ ॥

4. **ਆਨ ਬਿਭੂਤ ਮਿਥਿਆ ਕਰਿ ਮਾਨਹੁ**
ਸਾਚਾ ਇਹੈ ਸੁਆਉ ॥੧॥

5. **ਜੀਅ ਪ੍ਰਾਨ ਮੁਕਤਿ ਕੋ ਦਾਤਾ**
ਏਕਸ ਸਿਉ ਲਿਵ ਲਾਉ ॥

6. **ਕਹੁ ਨਾਨਕ ਤਾ ਕੀ ਸਰਣਾਈ**
ਦੇਤ ਸਗਲ ਅਪਿਆਉ ॥੨॥੫੩॥੭੬॥

ਪਦ ਅਰਥ :–ਜਿਹਵੇ–ਹੇ (ਮੇਰੀ) ਜੀਭ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ। ਗਾਉ–ਗਾਇਆ ਕਰ। ਕੋ–ਦਾ।੧।ਰਹਾਉ।

ਰਤਨ ਧਨੁ–ਕੀਮਤੀ ਧਨ। ਸੰਚਹੁ–ਇਕੱਠਾ ਕਰਿਆ ਕਰੋ। ਮਨਿ–ਮਨ ਵਿਚ। ਤਨਿ–ਤਨ ਵਿਚ। ਭਾਉ–ਪ੍ਰੇਮ। ਆਨ–ਹੋਰ ਹੋਰ। ਬਿਭੂਤ–ਐਸ਼ਵਰਯ, ਧਨ ਪਦਾਰਥ। ਮਿਥਿਆ–ਨਾਸਵੰਤ। ਸਾਚਾ–ਸਦਾ ਕਾਇਮ ਰਹਿਣ ਵਾਲਾ। ਸੁਆਉ–ਮਨੋਰਥ।੧।

ਕੋ–ਦਾ। ਜੀਅ–ਜਿੰਦ। ਏਕਸ ਸਿਉ–ਇਕ (ਪ੍ਰਮਾਤਮਾ) ਨਾਲ ਹੀ। ਲਿਵ–ਲਗਨ। ਤਾ ਕੀ–ਉਸ (ਪ੍ਰਮਾਤਮਾ) ਦੀ। ਸਗਲੇ–ਸਾਰੇ। ਅਪਿਆਉ–ਭੋਜਨ, ਖਾਣੇ।੨।

ਅਰਥ:–

ਪ੍ਰ:–ਗੁਰਦੇਵ ਜੀਉ! ਸਾਡੀ ਜੀਭ ਸਦਾ ਹੀ ਫਿਕੇ, ਕੌੜੇ ਬਚਨ ਬੋਲਣ ਵਿਚ ਮਸਤ ਰਹਿੰਦੀ ਹੈ। ਦਸੋ ਇਸ ਨੂੰ ਕਿਵੇਂ ਸਮਝਾਇਆ ਜਾਏ?

1. **ਉ**:–ਹੇ ਪਿਆਰੇ! ਇਸ ਜੀਭ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ (ਮੇਰੀ) ਜੀਭ, (ਉਸ) ਪ੍ਰਮੇਸ਼ਰ ਜੀ ਦੇ ਆਤਮਕ ਜੀਵਨ ਦੇਣ ਵਾਲੇ ਗੁਣ ਗਾਇਆ ਕਰ।
2. ਅਤੇ, ਹੇ ਭਾਈ! ਪ੍ਰਮਾਤਮਾ ਦਾ ਨਾਮ ਉਚਾਰਿਆ ਕਰ, ਪ੍ਰਭੂ ਦੀ ਸਿਫਤ ਸਲਾਹ ਸੁਣਿਆ ਕਰ ਅਤੇ ਪ੍ਰਭੂ ਦਾ (ਹੀ) ਨਾਮ ਉਚਾਰਿਆ ਕਰ।੧।ਰਹਾਉ।
3. ਹੇ ਭਾਈ! ਪ੍ਰਮੇਸ਼ਰ ਜੀ ਦਾ ਨਾਮ ਹੀ ਕੀਮਤੀ ਧਨ ਹੈ, ਇਹੋ ਧਨ ਇਕੱਠਾ ਕਰਿਆ ਕਰ, ਆਪਣੇ ਮਨ ਵਿਚ ਆਪਣੇ ਤਨ ਵਿਚ ਪ੍ਰਭੂ ਦਾ ਪਿਆਰ ਬਣਾਇਆ ਕਰ।
4. ਹੇ ਭਾਈ! (ਨਾਮ ਤੋਂ ਬਿਨਾ) ਹੋਰ ਹੋਰ ਧਨ ਪਦਾਰਥ ਨੂੰ ਨਾਸਵੰਤ ਸਮਝ, (ਪ੍ਰਮਾਤਮਾ ਦਾ ਨਾਮ ਹੀ) ਸਦਾ ਕਾਇਮ ਰਹਿਣ ਵਾਲਾ ਜੀਵਨ ਮਨੋਰਥ ਹੈ।੧।
5. ਹੇ ਭਾਈ! (ਤੂੰ) ਸਿਰਫ (ਇਕ) ਪ੍ਰਮਾਤਮਾਂ (ਦੇ ਨਾਮ) ਨਾਲ ਲਗਨ ਪੈਦਾ ਕਰ, ਪ੍ਰਮਾਤਮਾਂ ਹੀ ਜਿੰਦ ਦੇਣ ਵਾਲਾ ਹੈ, ਪ੍ਰਾਣ ਦੇਣ ਵਾਲਾ ਹੈ, ਮੁਕਤੀ (ਉਚੀ ਆਤਮਕ ਅਵਸਥਾ) ਦੇਣ ਵਾਲਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਉਸੇ ਪ੍ਰਮਾਤਮਾਂ ਦੀ ਸ਼ਰਨ ਪਿਆ ਰਹੁ, ਜੋ ਸਾਰੇ ਖਾਣ ਪੀਣ ਦੇ ਪਦਾਰਥ ਦੇਂਦਾ ਹੈ।੨।੫੩।੭੬।

ਭਾਵਾਰਥ :–ਹਰੀ ਦੇ ਨਾਮ ਤੁਲ ਕੋਈ ਭੀ ਮਾਲ ਧਨ ਨਹੀਂ ਅਤੇ ਨਾ ਹੀ ਕੋਈ ਵਡਿਆਈ ਹੀ ਹੈ। ਇਸ ਲਈ ਤ੍ਰਿਸ਼ਨਾ ਵਿਚ ਸੜ ਰਹੇ ਮਨ ਨੂੰ ਸ਼ਾਂਤ ਕਰਨ ਲਈ ਕੇਵਲ ਪ੍ਰਭੂ ਦੀ ਭਗਤੀ ਹੀ ਕਰਨ ਦੀ ਪ੍ਰੇਰਨਾ ਕਰਦੇ ਹਨ; ਕਿਉਂਕਿ ਬੇਦ ਪੁਰਾਣਾਂ ਦਾ ਭੀ ਇਹੋ ਸਿਧਾਂਤ ਹੈ।

ਸਾਰਗ ਮਹਲਾ ੫ ॥

1. **ਹੋਤੀ ਨਹੀ ਕਵਨ ਕਛੁ ਕਰਣੀ ॥**
2. **ਇਹੈ ਓਟ ਪਾਈ ਮਿਲਿ ਸੰਤਹ**
ਗੋਪਾਲ ਏਕ ਕੀ ਸਰਣੀ ॥੧॥ਰਹਾਉ॥
3. **ਪੰਚ ਦੋਖ ਛਿਦ੍ਰ ਇਆ ਤਨ ਮਹਿ**
ਬਿਖੈ ਬਿਆਧਿ ਕੀ ਕਰਣੀ ॥
4. **ਆਸ ਅਪਾਰ ਦਿਨਸ ਗਣਿ ਰਾਖੇ**
ਗ੍ਰਸਤ ਜਾਤ ਬਲੁ ਜਰਣੀ ॥੧॥
5. **ਅਨਾਥਹ ਨਾਥ ਦਇਆਲ ਸੁਖ ਸਾਗਰ**
ਸਰਬ ਦੋਖ ਭੈ ਹਰਣੀ ॥
6. **ਮਨਿ ਬਾਂਛਤ ਚਿਤਵਤ ਨਾਨਕ ਦਾਸ**
ਪੇਖਿ ਜੀਵਾ ਪ੍ਰਭ ਚਰਣੀ ॥੨॥੫੪॥੭੭॥

ਪਦ ਅਰਥ :–ਹੋਤੀ ਨਹੀ–ਨਹੀਂ ਹੋ ਸਕਦੀ। ਕਰਣੀ–ਚੰਗੀ ਕਾਰ, ਚੰਗਾ ਕਰਤਬ। ਮਿਲਿ–ਮਿਲ ਕੇ। ਓਟ–ਆਸਰਾ।੧।ਰਹਾਉ।

ਪੰਚ ਦੋਖ–ਪੰਜ ਵਿਕਾਰ (ਕਾਮਾਦਿਕ)। ਛਿਦ੍ਰ–ਐਬ। ਇਆ ਤਨ ਮਹਿ–ਸਰੀਰ ਵਿਚ। ਬਿਖੈ–ਵਿਸ਼ੇ ਵਿਕਾਰ। ਬਿਆਧਿ–ਵਿਕਾਰ। ਬਿਆਧਿ ਕੀ ਕਰਣੀ–ਵਿਕਾਰਾਂ ਵਾਲੀ ਹੀ ਕਰਤੂਤ। ਅਪਾਰ–ਅ-ਪਾਰ, ਬੇਅੰਤ। ਗਣਿ ਰਾਖੇ–ਗਿਣ ਕੇ ਰੱਖੇ ਹੋਏ, ਥੋੜੇ। ਗ੍ਰਸਤ ਜਾਤ–ਗ੍ਰਸੀ ਜਾ ਰਿਹਾ ਹੈ। ਬਲੁ–ਤਾਕਤ ਨੂੰ। ਜਰਣੀ–ਜਰਾ, ਬੁਢੇਪਾ।੧।

ਅਨਾਥਹ ਨਾਥ–ਹੇ ਅਨਾਥਾਂ ਦੇ ਨਾਥ। ਸੁਖ ਸਾਗਰ–ਹੇ ਸੁਖਾਂ ਦੇ ਸਮੁੰਦਰ। ਸਰਬ ਦੋਖ ਭੈ ਹਰਣੀ–ਹੇ ਸਾਰੇ ਐਬ ਤੇ ਡਰ ਦੂਰ ਕਰਨ ਵਾਲੇ। ਮਨ ਬਾਂਛਤ–ਮਨ ਮੰਗੀ ਮੁਰਾਦ। ਚਿਤਵਤ–ਚਿਤਾਰਦਾ ਰਹਿੰਦਾ ਹੈ। ਪੇਖਿ–ਵੇਖ ਕੇ। ਜੀਵਾ–ਜੀਵਾਂ, ਜੀਉਂਦਾ ਰਹਾਂ, ਆਤਮਕ ਜੀਵਨ ਹਾਸਲ ਕਰਦਾ ਰਹਾਂ।੨।

ਅਰਥ :–

ਪ੍ਰ:–ਸ੍ਰੀ ਜੀਉ ! ਇਸ ਨਾਮ ਦੀ ਦਾਤ ਪ੍ਰਾਪਤ ਕਰਨ ਲਈ ਤੁਹਾਨੂੰ ਕਿਹੜਾ ਚੰਗਾ ਕਰਤਬ ਕਰਨਾ ਪਿਆ ਸੀ ?

1.**ਉ**:–ਹੇ ਭਾਈਓ, ਸੁਣੋ, ਅਸਲ ਵਿਚ ਮੈਥੋਂ ਕੋਈ ਸੁਚੱਜਾ ਕਰਤਬ ਨਹੀਂ ਹੋ ਸਕਿਆ ।

ਪ੍ਰ–ਸ੍ਰੀ ਜੀਉ ! ਆਖਰ ਕੋਈ ਸਾਧਨ ਕਰਨ ਦਾ ਆਸਰਾ ਤਾਂ ਜ਼ਰੂਰ ਹੀ ਲੈਣਾ ਪਿਆ ਹੋਵੇਗਾ ?

2.**ਉ**:–ਹੇ ਭਾਈਓ ! ਮੈਂ ਤਾਂ ਸੰਤ ਜਨਾਂ ਨੂੰ ਮਿਲ ਕੇ ਸਿਰਫ ਪ੍ਰਮਾਤਮਾ ਦੀ ਸ਼ਰਨ ਪਏ ਰਹਿਣਾ–ਸਿਰਫ਼ ਇਹੀ ਆਸਰਾ ਮੈਂ ਲੱਭਾ ਹੈ ।੧।ਰਹਾਉ।

3. ਹੇ ਪਿਆਰੇ ! ਨਾਮ ਤੋਂ ਸੱਖਣਾ ਜੀਵ (ਕਾਮਾਦਿਕ) ਪੰਜੇ ਵਿਕਾਰ ਅਤੇ ਹੋਰ ਐਬ (ਜੀਵਾਂ ਦੇ) ਇਸ ਸਰੀਰ ਵਿਚ ਟਿਕੇ ਰਹਿੰਦੇ ਹਨ, ਵਿਸ਼ੇ ਵਿਕਾਰਾਂ ਦੀ ਕਰਣੀ (ਜੀਵ ਦੀ) ਬਣੀ ਰਹਿੰਦੀ ਹੈ ।

4. ਹੇ ਭਾਈਓ ! ਇਸ ਜੀਵ ਦੀਆਂ ਆਸਾਂ ਬਿਅੰਤ ਹੁੰਦੀਆਂ ਹਨ, ਪਰ ਜ਼ਿੰਦਗੀ ਦੇ ਦਿਨ ਗਿਣੇ ਮਿਥੇ ਹੁੰਦੇ ਹਨ। ਬੁਢੇਪਾ (ਜੀਵ ਦੇ ਸਰੀਰਕ) ਬਲ ਨੂੰ ਖਾਈ ਜਾਂਦਾ ਹੈ ।੧।

ਪ੍ਰ:–ਗੁਰਦੇਵ ਜੀ ! ਆਖਰ ਤੁਹਾਡੀ ਸਾਈਂ ਜੀ ਤੋਂ ਜਾਚਨਾ ਕੀ ਹੈ ?

5.**ਉ**:–ਹੇ ਭਾਈ ! ਮੇਰੀ ਤਾਂ ਇਹੋ ਹੀ ਅਰਜ਼ੋਈ ਹੈ, ਕਿ, ਹੇ ਅਨਾਥਾਂ ਦੇ ਨਾਥ ਪ੍ਰਭੂ, ਹੇ ਦਇਆ ਦੇ ਸੋਮੇ ਪ੍ਰਭੂ, ਹੇ ਸੁੱਖਾਂ ਦੇ ਸਮੁੰਦਰ, ਹੇ (ਜੀਵਾਂ ਦੇ) ਸਾਰੇ ਵਿਕਾਰ ਤੇ ਡਰ ਦੂਰ ਕਰਨ ਵਾਲੇ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਹੇ ਪ੍ਰਭੂ, ਤੇਰਾ ਦਾਸ ਤੇਰੇ ਦਰ ਤੋਂ ਇਹ ਮਨ-ਮੰਗੀ ਮੁਰਾਦ ਚਾਹੁੰਦਾ ਹੈ ਕਿ, ਤੇਰੇ ਚਰਨਾਂ ਦਾ ਦਰਸ਼ਨ ਕਰ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ ।੨।੫੪।੭੭।

ਭਾਵਾਰਥ :–ਸਾਡਾ ਸਾਰਾ ਜੀਵਨ ਔਗਣਾਂ ਨਾਲ ਭਰਿਆ ਹੋਇਆ ਹੈ, ਇਸ ਨੂੰ ਸਵੱਛ ਕਰ ਕੇ, ਗੁਣਕਾਰੀ ਬਣਾਉਣ ਦੀ ਕੇਵਲ ਸਮਰੱਥਾ ਕੇਵਲ ਵਾਹਿਗੁਰੂ ਹੀ ਹੈ, ਉਸੇ ਦੀ ਸ਼ਰਨ ਲੈਣੀ ਚਾਹੀਦੀ ਹੈ ।

ਸਾਰਗ ਮਹਲਾ ੫ ॥

1. ਫੀਕੇ ਹਰਿ ਕੇ ਨਾਮ ਬਿਨੁ ਸਾਦ ॥
2. ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ
ਅਹਿਨਿਸਿ ਪੂਰਨ ਨਾਦ ॥੧॥ਰਹਾਉ॥
3. ਸਿਮਰਤ ਸਾਂਤਿ ਮਹਾ ਸੁਖੁ ਪਾਈਐ
ਮਿਟਿ ਜਾਹਿ ਸਗਲ ਬਿਖਾਦ ॥
4. ਹਰਿ ਹਰਿ ਲਾਭੁ ਸਾਧ ਸੰਗਿ ਪਾਈਐ
ਘਰਿ ਲੈ ਆਵਹੁ ਲਾਦਿ ॥੧॥
5. ਸਭ ਤੇ ਊਚ ਊਚ ਤੇ ਊਚੋ
ਅੰਤੁ ਨਹੀ ਮਰਜਾਦ ॥
6. ਬਰਨਿ ਨ ਸਾਕਉ ਨਾਨਕ ਮਹਿਮਾ
ਪੇਖਿ ਰਹੇ ਬਿਸਮਾਦ ॥੨॥੫੫॥੭੮॥

ਪਦ ਅਰਥ:–ਫੀਕੇ–ਫਿਕੇ, ਬੇ-ਸੁਆਦੇ । ਸਾਦ–(ਮਾਇਕ ਪਦਾਰਥਾਂ ਦੇ) ਸੁਆਦ । ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ । ਗਾਈਐ–ਗਾਣਾ ਚਾਹੀਦਾ ਹੈ । ਅਹਿ–ਦਿਨ । ਨਿਸਿ–ਰਾਤ । ਪੂਰਨ ਨਾਦ–ਨਾਦ ਪੂਰੇ ਜਾਣਗੇ, (ਆਤਮਕ ਅਨੰਦ ਦੇ) ਵਾਜੇ ਵਜਣਗੇ ।੧।ਰਹਾਉ।

ਸਿਮਰਤ–ਸਿਮਰਦਿਆਂ । ਪਾਈਐ–ਪ੍ਰਾਪਤ ਕਰੀਦਾ ਹੈ । ਬਿਖਾਦ–ਦੁੱਖ ਕਲੇਸ਼, ਝਗੜੇ । ਸਾਧ ਸੰਗਿ–ਗੁਰੂ ਦੀ ਸੰਗਤਿ ਵਿਚ । ਘਰਿ–ਹਿਰਦੇ ਘਰ ਵਿਚ । ਲਦਿ–ਲੱਦ ਕੇ ।੧।

ਮਰਜਾਦ–ਮਰਯਾਦਾ (ਦਾ) । ਸਾਕਉ- ਸਾਕਉਂ । ਬਰਨਿ ਨ ਸਾਕਉ–ਮੈਂ ਬਿਆਨ ਨਹੀਂ ਕਰ ਸਕਦਾ । ਮਹਿਮਾ–ਵਡਿਆਈ । ਪੇਖਿ–ਵੇਖ ਕੇ । ਬਿਸਮਾਦ–ਹੈਰਾਨ ।੨।

ਅਰਥ :–

ਪ੍ਰ:–ਸ੍ਰੀ ਜੀਉ ! ਇਹ ਸੰਸਾਰਕ ਪਦਾਰਥ ਇਤਨੇ ਰਸਦਾਇਕ ਹਨ ਕਿ ਇਨ੍ਹਾਂ ਨੂੰ ਛਡਿਆ ਹੀ ਨਹੀਂ ਜਾ ਸਕਦਾ । ਕੋਈ ਆਪ ਹੀ ਸਾਧਨ ਦਸ ਦਿਓ ?

1.**ਉ**:–ਹੇ ਭਾਈਓ ! ਮੈਂ ਤਾਂ ਵਿਚਾਰ ਦ੍ਰਿਸ਼ਟੀ ਨਾਲ ਤਕਿਆ ਹੈ ਕਿ, ਪ੍ਰਮਾਤਮਾ ਦੇ ਨਾਮ ਤੋਂ ਬਿਨਾਂ (ਮਾਇਕ ਪਦਾਰਥਾਂ ਦੇ) ਸੁਆਦ (ਸਭ) ਫਿਕੇ ਹਨ ।

2. ਹੇ ਭਾਈ ! ਇਹ ਨਿਸਚਾ ਕਰੋ ਕਿ, ਪ੍ਰਭੂ ਦਾ ਕੀਰਤਨ ਹੀ ਆਤਮਕ ਜੀਵਨ ਦੇਣ ਵਾਲਾ ਰਸ ਹੈ, (ਇਸ ਲਈ) ਹਰੀ ਦਾ ਕੀਰਤਨ ਹੀ ਗਾਣਾ ਚਾਹੀਦਾ ਹੈ (ਜਿਹੜਾ ਮਨੁੱਖ ਗਾਉਂਦਾ ਹੈ, ਉਸ ਦੇ ਅੰਦਰ) ਦਿਨ ਰਾਤ ਆਤਮਕ ਅਨੰਦ ਦੇ ਵਾਜੇ ਵਜਦੇ ਰਹਿੰਦੇ ਹਨ ।੧।ਰਹਾਉ।

ਪ੍ਰ:–ਗੁਰਦੇਵ ਜੀਉ ! ਕੀ ਨਾਮ ਸਿਮਰਨ ਦੁਆਰਾ ਕੋਈ ਖਾਸ ਲਾਭ ਮਿਲਦਾ ਹੈ ?

3.**ਉ**:–ਹੇ ਭਾਈ ! ਪ੍ਰਮਾਤਮਾ ਦਾ ਨਾਮ ਸਿਮਰਿਆਂ ਆਤਮਕ ਸ਼ਾਂਤੀ ਮਿਲਦੀ ਹੈ ਬੜਾ ਸੁਖ ਪ੍ਰਾਪਤ ਕਰ ਲਈਦਾ ਹੈ ਅਤੇ ਅੰਦਰੋਂ ਸਾਰੇ ਦੁੱਖ ਕਲੇਸ਼ ਮਿਟ ਜਾਂਦੇ ਹਨ।

ਪ੍ਰ:–ਸ੍ਰੀ ਜੀਉ ! ਆਖਰ ਇਹ ਨਾਮ ਦਾ ਲਾਭ ਮਿਲਦਾ ਕਿਥੋਂ ਹੈ ?

4.**ਉ**:–ਹੇ ਪਿਆਰੇ ! ਇਹ ਪ੍ਰਮਾਤਮਾ ਦਾ ਨਾਮ ਸਿਮਰਨ ਦਾ ਲਾਭ (ਕੇਵਲ) ਸਾਧ ਸੰਗਤ ਵਿਚੋਂ ਹੀ ਮਿਲਦਾ ਹੈ । (ਹੇ ਭਾਈ ! ਜਿਹੜੇ ਮਨੁੱਖ ਗੁਰੂ ਦੀ ਸੰਗਤ ਵਿਚ ਮਿਲ ਕੇ ਬੈਠਦੇ ਹਨ ਉਹ) ਆਪਣੇ ਹਿਰਦੇ ਘਰ ਵਿਚ ਇਹ ਖੱਟੀ ਲੱਦ ਕੇ ਲੈ ਆਉਂਦੇ ਹਨ ।੧।

5. ਹੇ ਭਾਈ ! ਉਹ ਪ੍ਰਮਾਤਮਾ ਸਭਨਾਂ ਤੋਂ ਉਚਾ ਹੈ, ਉਚਿਆਂ ਤੋਂ ਉਚਾ ਹੈ, ਉਸ ਦੇ ਹੱਦ-ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਮੈਂ ਉਸ ਦੀ ਵਡਿਆਈ ਬਿਆਨ ਨਹੀਂ ਕਰ ਸਕਦਾ, ਵੇਖ ਕੇ ਹੀ ਹੈਰਾਨ ਰਹਿ ਜਾਈਦਾ ਹੈ ।੨।੫੫।੭੮।

ਭਾਵਾਰਥ :—ਹਰੀ ਦੇ ਨਾਮ ਦਾ ਸਵਾਦ ਅਕਹਿ ਹੈ, ਇਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ । ਜਿਸ ਨਾਮ ਰਸ ਦੇ ਮੁਕਾਬਲੇ ਤੇ ਹੋਰ ਸਾਰੇ ਰਸ ਤੁੱਛ ਹਨ ।

ਸਾਰਗ ਮਹਲਾ ੫ ॥

1. ਆਇਓ ਸੁਨਨ ਪੜਨ ਕਉ ਬਾਣੀ ॥
2. ਨਾਮੁ ਵਿਸਾਰਿ ਲਗਹਿ ਅਨ ਲਾਲਚਿ
ਬਿਰਥਾ ਜਨਮੁ ਪਰਾਣੀ ॥੧॥ਰਹਾਉ॥
3. ਸਮਝੁ ਅਚੇਤ ਚੇਤਿ ਮਨ ਮੇਰੇ
ਕਥੀ ਸੰਤਨ ਅਕਥ ਕਹਾਣੀ ॥
4. ਲਾਭੁ ਲੈਹੁ ਹਰਿ ਰਿਦੈ ਅਰਾਧਹੁ
ਛੁਟਕੈ ਆਵਣ ਜਾਣੀ ॥੧॥
5. ਉਦਮੁ ਸਕਤਿ ਸਿਆਣਪ ਤੁਮ੍ਰੀ
ਦੇਹਿ ਤ ਨਾਮੁ ਵਖਾਣੀ ॥
6. ਸੇਈ ਭਗਤ ਭਗਤਿ ਸੇ ਲਾਗੇ
ਨਾਨਕ ਜੋ ਪ੍ਰਭ ਭਾਣੀ ॥੨॥੫੬॥੭੯॥

ਪਦ ਅਰਥ :—ਬਾਣੀ—ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ । ਵਿਸਾਰਿ—ਭੁਲਾ ਕੇ । ਲਗਹਿ—(ਜਿਹੜੇ) ਲੱਗਦੇ ਹਨ । ਅਨ ਲਾਲਚਿ—ਹੋਰ ਲਾਲਚ ਵਿਚ । ਜਨਮੁ ਪਰਾਣੀ—ਉਨ੍ਹਾਂ ਪ੍ਰਾਣੀਆਂ ਦਾ ਜਨਮ ।੧।ਰਹਾਉ।

ਅਚੇਤ ਮਨ—ਹੇ ਗਾਫਲ ਮਨ ! ਕਥੀ—ਬਿਆਨ ਕੀਤੀ ਹੈ । ਸੰਤਨ—ਸੰਤਾਂ ਨੇ । ਅਕਥ ਕਹਾਣੀ—ਅਕੱਥ ਪ੍ਰਭੂ ਦੀ ਸਿਫਤ ਸਾਲਾਹ । ਅਕਥ—ਅ-ਕਥ, ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ । ਰਿਦੈ—ਹਿਰਦੇ ਵਿਚ । ਛੁਟਕੈ-ਮੁੱਕ ਜਾਂਦੀ ਹੈ ।੧।

ਸਕਤਿ—ਸ਼ਕਤੀ, ਤਾਕਤ । ਦੇਹਿ—ਜੇ ਤੂੰ ਦੇਵੇਂ । ਤ—ਤਾਂ । ਵਖਾਣੀ—ਵਖਾਣੀਂ, ਮੈਂ ਉਚਾਰਾਂ । ਸੇਈ—ਉਹੀ । ਪ੍ਰਭ ਭਾਣੀ—ਪ੍ਰਭੂ ਨੂੰ ਭਾ ਗਏ ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਇਸ ਮਨੁੱਖ ਜਨਮ ਨੂੰ ਬਾਕੀ ਦੀਆਂ ਜੂਨਾਂ ਵਿਚੋਂ ਉੱਤਮ ਮੰਨਿਆ ਗਿਆ ਹੈ, ਪਰ ਇਸ ਵਿਚ ਆਉਣ ਦਾ ਸਹੀ ਪਰਮ ਪ੍ਰਯੋਜਨ ਕੀ ਹੈ ?

1. ਉ:—ਹੇ ਭਾਈਓ ! ਅਸਲ ਵਿਚ ਇਹ ਜੀਵ ਜਗਤ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਸੁਣਨ ਪੜ੍ਹਨ ਵਾਸਤੇ ਹੀ ਆਇਆ ਹੈ (ਇਹੀ ਇਸ ਦਾ ਅਸਲ ਜਨਮ ਮਨੋਰਥ ਹੈ) ।

2. ਪਰ, ਹੇ ਭਾਈ ! ਜਿਹੜੇ ਪ੍ਰਾਣੀ (ਪ੍ਰਮਾਤਮਾ ਦਾ) ਨਾਮ ਭੁਲਾ ਕੇ ਹੋਰ ਲਾਲਚ ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਦਾ ਜਨਮ ਵਿਅਰਥ ਚਲਾ ਜਾਂਦਾ ਹੈ ।੧।ਰਹਾਉ।

3. ਇਸ ਲਈ, ਹੇ ਮੇਰੇ ਗਾਫਲ ਮਨ ! ਹੋਸ਼ ਕਰ, ਅਕਥ ਪ੍ਰਭੂ ਦੀ ਜਿਹੜੀ ਸਿਫਤ ਸਲਾਹ ਸੰਤ ਜਨਾਂ ਨੇ ਦੱਸੀ ਹੈ, ਉਸ ਨੂੰ ਚੇਤੇ ਕਰਿਆ ਕਰ ।

4. ਹੇ ਪਿਆਰੇ ! ਉਸ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਓ, ਇਹ ਲਾਭ ਖਟੋ (ਇਸ ਖੱਟੀ ਨਾਲ) ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ ।੧।

5. ਹੇ ਪਿਆਰੇ ! ਨਾਮ ਜਪਣ ਸਮੇਂ ਮਨ ਵਿਚ ਭਾਵਨਾ ਇਹੋ ਹੀ ਹੋਣੀ ਚਾਹੀਦੀ ਹੈ ਕਿ, ਹੇ ਪ੍ਰਭੂ ! ਤੇਰਾ ਹੀ ਦਿਤਾ ਉਦਮ, ਤੇਰੀ ਹੀ ਦਿਤੀ ਸ਼ਕਤੀ ਤੇ ਸਿਆਣਪ (ਅਸੀਂ ਜੀਵ ਵਰਤ ਸਕਦੇ ਹਾਂ) ਜੇ ਤੂੰ (ਉਦਮ ਸ਼ਕਤੀ ਸਿਆਣਪ) ਦੇਵੇਂ ਤਾਂ ਹੀ ਮੈਂ ਤੇਰਾ ਨਾਮ ਜਪ ਸਕਦਾ ਹਾਂ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਉਹੀ ਮਨੁੱਖ ਭਗਤ (ਬਣ ਸਕਦੇ ਹਨ) ਉਹੀ ਪ੍ਰਮਾਤਮਾ ਦੀ ਭਗਤੀ ਵਿਚ ਲੱਗ ਸਕਦੇ ਹਨ, ਜਿਹੜੇ ਪ੍ਰਮਾਤਮਾ ਨੂੰ ਪਸੰਦ ਆ ਜਾਂਦੇ ਹਨ ।੨।੫੬।੭੯।

ਭਾਵਾਰਥ :—ਮਨੁੱਖਾ ਜਨਮ ਦਾ ਪਰਮ ਪ੍ਰਯੋਜਨ ਤਾਂ ਨਾਮ ਜਪਣਾ ਹੀ ਹੈ, ਪਰ ਜੇ ਹਰੀ ਦੀ ਮਿਹਰ ਹੋਵੇ ਤਾਂ ਹੀ ਜਪਿਆ ਜਾ ਸਕਦਾ ਹੈ ।

ਸਾਰਗ ਮਹਲਾ ੫ ॥

1. ਧਨਵੰਤ ਨਾਮ ਕੇ ਵਣਜਾਰੇ ॥
2. ਸਾਂਝੀ ਕਰਹੁ ਨਾਮੁ ਧਨੁ ਖਾਟਹੁ
ਗੁਰ ਕਾ ਸਬਦੁ ਵੀਚਾਰੇ ॥੧॥ਰਹਾਉ॥
3. ਛੋਡਹੁ ਕਪਟੁ ਹੋਇ ਨਿਰਵੈਰਾ
ਸੋ ਪ੍ਰਭੁ ਸੰਗਿ ਨਿਹਾਰੇ ॥
4. ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ
ਕਬਹੂ ਨ ਆਵਹੁ ਹਾਰੇ ॥੧॥
5. ਖਾਤ ਖਰਚਤ ਕਿਛੁ ਨਿਖੁਟਤ ਨਾਹੀ
ਅਗਨਤ ਭਰੇ ਭੰਡਾਰੇ ॥
6. ਕਹੁ ਨਾਨਕ ਸੋਭਾ ਸੰਗਿ ਜਾਵਹੁ
ਪਾਰਬ੍ਰਹਮ ਕੇ ਦੁਆਰੇ ॥੨॥੫੭॥੮੦॥

ਪਦ ਅਰਥ:—ਧਨਵੰਤ—ਧਨਾਢ,ਅਮੀਰ । ਵਣਜਾਰੇ—ਵਣਜ ਕਰਨ ਵਾਲੇ, ਵਪਾਰੀ । ਸਾਂਝੀ—ਭਾਈਵਾਲੀ । ਸਾਂਝੀ ਕਰਹੁ—ਸਾਂਝ ਪਾਓ । ਵੀਚਾਰੇ—ਵੀਚਾਰਿ, ਵਿਚਾਰ ਕੇ, ਮਨ

ਵਿਚ ਵਸਾ ਕੇ ।੧।ਰਹਾਉ।

ਕਪਟੁ–ਠੱਗੀ, ਫਰੇਬ । ਹੋਇ–ਹੋ ਕੇ । ਸੋ ਪ੍ਰਭੁ–ਉਹ ਪ੍ਰਭੂ । ਸੰਗਿ–(ਸਭ ਜੀਵਾਂ ਦੇ) ਨਾਲ । ਨਿਹਾਰੇ–ਵੇਖਦਾ ਹੈ । ਸਚੁ–ਸਦਾ ਕਾਇਮ ਰਹਿਣ ਵਾਲਾ । ਵਣਜਹੁ–ਵਣਜ ਕਰੋ । ਸੰਚਹੁ–ਇਕੱਠਾ ਕਰੋ । ਹਾਰੇ–ਹਾਰਿ, ਹਾਰ ਕੇ ।੧।

ਖਾਤ–ਖਾਂਦਿਆਂ । ਖਰਚਤ–ਖਰਚਦਿਆਂ, ਹੋਰਨਾਂ ਨੂੰ ਵੰਡਦਿਆਂ । ਨਿਖੁਟਤ ਨਾਹੀ-ਮੁਕਦਾ ਨਹੀਂ । ਸੰਗਿ–ਨਾਲ । ਕੈ ਦੁਆਰੇ–ਦੇ ਦਰ ਤੇ ।੨।

ਅਰਥ:–

ਪ੍ਰ:–ਗੁਰਦੇਵ ਜੀਓ ! ਗੁਰਮਤ ਅਨੁਸਾਰ ਅਸਲ ਧਨਾਢ ਕਿਹੜੇ ਮਨੁੱਖ ਮੰਨੇ ਗਏ ਹਨ ?

1. **ਉ:**–ਹੇ ਭਾਈ ! ਸੰਸਾਰ ਵਿਚ ਅਸਲ ਧਨਾਢ ਉਹੀ ਮਨੁੱਖ ਹਨ, ਜਿਹੜੇ ਪ੍ਰਮਾਤਮਾ ਦੇ ਨਾਮ ਦਾ ਵਣਜ ਕਰਦੇ ਹਨ ।
2. ਹੇ ਪਿਆਰੇ ! ਉਨ੍ਹਾਂ ਨਾਲ ਹੀ ਸਾਂਝ ਬਣਾਓ ਅਤੇ ਗੁਰੂ ਦਾ ਸ਼ਬਦ ਆਪਣੇ ਮਨ ਵਿਚ ਵਸਾ ਕੇ, ਪ੍ਰਮਾਤਮਾ ਦਾ ਨਾਮ ਧਨ ਖੱਟੋ ।੧।ਰਹਾਉ।
3. ਹੇ ਭਾਈਓ ! (ਆਪਣੇ ਅੰਦਰੋਂ) ਨਿਰਵੈਰ ਹੋ ਕੇ (ਦੂਜਿਆਂ ਨਾਲ) ਠੱਗੀ ਕਰਨੀ ਛਡੋ, ਉਹ ਪ੍ਰਮਾਤਮਾ (ਤੁਹਾਡੇ) ਨਾਲ ਵੱਸਦਾ ਹੋਇਆ, ਤੁਹਾਡੇ ਹਰੇਕ ਕੰਮ ਨੂੰ ਵੇਖ ਰਿਹਾ ਹੈ ।
4. ਹੇ ਭਾਈਓ ! ਸਦਾ ਕਾਇਮ ਰਹਿਣ ਵਾਲੇ ਧਨ ਦਾ ਵਣਜ ਕਰੋ, ਸਦਾ ਕਾਇਮ ਰਹਿਣ ਵਾਲਾ ਧਨ ਇਕੱਠਾ ਕਰੋ, (ਇਸ ਤਰ੍ਹਾਂ ਤੁਸੀਂ) ਕਦੇ ਭੀ ਜੀਵਨ ਬਾਜ਼ੀ ਹਾਰ ਕੇ ਨਹੀਂ ਆਉਗੇ ।੧।

ਪ੍ਰ–ਗੁਰਦੇਵ ਜੀਓ ! ਉਸ ਪ੍ਰਭੂ ਦੇ ਪਾਸ ਨਾਮ ਦੇ ਖਜ਼ਾਨਿਆਂ ਦੀ ਕਿਤਨੀ ਕੁ ਗਿਣਤੀ ਹੈ ?

5. **ਉ:**-ਹੇ ਭਾਈਓ ! ਉਸ ਪ੍ਰਭੂ ਦੇ ਦਰ ਤੇ ਨਾਮ ਧਨ ਦੇ ਅਣਗਿਣਤ ਖਜ਼ਾਨੇ ਭਰੇ ਪਏ ਹਨ, ਇਸ ਨੂੰ ਆਪ ਵਰਤਦਿਆਂ ਤੇ ਹੋਰਨਾਂ ਨੂੰ ਵਰਤਾਂਦਿਆਂ ਕੋਈ ਘਾਟ ਨਹੀਂ ਪੈਂਦੀ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਇਸ ਤਰ੍ਹਾਂ ਤੁਸੀਂ (ਨਾਮ ਧਨ ਖੱਟ ਕੇ) ਪ੍ਰਮਾਤਮਾ ਦੇ ਦਰ ਤੇ ਇੱਜ਼ਤ ਨਾਲ ਜਾਉਗੇ ।੨।੫੭।੮੦।

ਭਾਵਾਰਥ :–ਸੰਸਾਰ ਵਿਚ ਭਾਵੇਂ ਮਾਇਕੀ ਪਦਾਰਥਾਂ ਦੇ ਅਨੇਕ ਹੀ ਤਰ੍ਹਾਂ ਦੇ ਵਿਹਾਰ ਚਲਦੇ ਵੇਖਣ ਵਿਚ ਆਉਂਦੇ ਹਨ, ਪਰ ਹਰੀ ਦੇ ਨਾਮ ਦਾ ਵਿਹਾਰ ਹੀ ਸਭ ਤੋਂ ਉਤਮ ਹੈ ।

ਸਾਰਗ ਮਹਲਾ ੫ ॥

1. ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥
2. ਕਵਨ ਮੂਲ ਤੇ ਮਾਨੁਖੁ ਕਰਿਆ
ਇਹੁ ਪਰਤਾਪੁ ਤੁਹਾਰਾ ॥੧॥ਰਹਾਉ॥
3. ਜੀਅ ਪ੍ਰਾਣ ਸਰਬ ਕੇ ਦਾਤੇ
ਗੁਣ ਕਹੇ ਨ ਜਾਹਿ ਅਪਾਰਾ ॥
4. ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ
ਸਰਬ ਘਟਾਂ ਆਧਾਰਾ ॥੧॥
5. ਕੋਇ ਨ ਜਾਣੈ ਤੁਮਰੀ ਗਤਿ ਮਿਤਿ
ਆਪਹਿ ਏਕ ਪਸਾਰਾ ॥
6. ਸਾਧ ਨਾਵ ਬੈਠਾਵਹੁ ਨਾਨਕ
ਭਵ ਸਾਗਰੁ ਪਾਰਿ ਉਤਾਰਾ ॥੨॥੫੮॥੮੧॥

ਪਦ ਅਰਥ :-ਪ੍ਰਭੂ-ਹੇ ਪ੍ਰਭੂ । ਮੋਹਿ–ਮੈਂ । ਮੋਹਿ ਕਵਨੁ–ਮੈਂ ਕੌਣ ਹਾਂ ?,ਮੇਰੀ ਕੋਈ ਪਾਂਇਆਂ ਨਹੀਂ । ਅਨਾਥੁ–ਯਤੀਮ । ਤੇ–ਤੋਂ । ਮੂਲ–ਮੁੱਢ । ਕਰਿਆ–ਬਣਾਇਆ । ਤੁਹਾਰਾ–ਤੁਹਾਡਾ ।੧।ਰਹਾਉ।

ਜੀਅ–ਜਿੰਦ । ਦਾਤੇ–ਹੇ ਦੇਣ ਵਾਲੇ । ਅਪਾਰਾ–ਅ-ਪਾਰ, ਬੇਅੰਤ । ਪ੍ਰੀਤਮ–ਹੇ ਪ੍ਰੀਤਮ । ਸ੍ਰਬ ਪ੍ਰਤਿਪਾਲਕ–ਹੇ ਸਭਨਾਂ ਦੇ ਪਾਲਣ ਵਾਲੇ । ਘਟਾਂ–ਸਰੀਰ ਦਾ । ਆਧਾਰਾ–ਆਸਰਾ ।੧।

ਗਤਿ–ਉਚੀ ਆਤਮਕ ਅਵਸਥਾ । ਮਿਤਿ–ਮਾਪ । ਤੁਮਰੀ ਗਤਿ ਮਿਤਿ–ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵੱਡਾ ਹੈ, ਇਹ ਗੱਲ । ਆਪਹਿ–ਤੂੰ ਆਪ ਹੀ । ਪਸਾਰਾ–ਜਗਤ ਖਿਲਾਰਾ । ਨਾਵ–ਬੇੜੀ । ਭਵ ਸਾਗਰੁ–ਸੰਸਾਰ ਸਮੁੰਦਰ ।੨।

ਅਰਥ:–

ਪ੍ਰ–ਗੁਰਦੇਵ ਜੀਓ ! ਅਸੀਂ ਕਲਜੁਗੀ ਜੀਵ ਮਲੀਨ ਮਤ ਵਾਲੇ ਹਾਂ, ਸਾਨੂੰ ਉਸ ਪ੍ਰਮੇਸ਼ਰ ਜੀ ਦੇ ਸਨਮੁਖ ਹੋ ਅਰਦਾਸ ਕਰਨ ਦੀ ਜਾਚ ਦਸ ਦਿਓ ।

1. **ਉ:**–ਹੇ ਭਾਈਓ ! ਉਸ ਸਾਈਂ ਜੀ ਦੇ ਅਗੇ ਭਾਵਨਾ ਸਹਿਤ ਸਦਾ ਇਉਂ ਹੀ ਜੋਦੜੀਆਂ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ਜੀ ! (ਤੇਰੀ ਮਿਹਰ ਤੋਂ ਬਿਨਾਂ) ਮੇਰੀ ਕੋਈ ਪਾਂਇਆਂ ਨਹੀਂ । ਮੈਂ ਤਾਂ ਵਿਚਾਰਾ ਅਨਾਥ ਹੀ ਹਾਂ ।
2. (ਕਿਉਂਕਿ) ਜਦੋਂ ਮੈਂ ਵਿਚਾਰ ਦ੍ਰਿਸ਼ਟੀ ਨਾਲ ਵੇਖਦਾ ਹਾਂ ਕਿ ਤੂੰ ਮੈਨੂੰ ਕਿਸ ਮੁੱਢ ਤੋਂ (ਇਕ ਬੂੰਦ ਤੋਂ) ਮਨੁੱਖ ਬਣਾ ਦਿਤਾ ਹੈ, ਇਹ (ਸਭ) ਤੇਰਾ ਹੀ ਪ੍ਰਤਾਪ ਹੈ ।੧।ਰਹਾਉ।
3. ਹੇ ਜਿੰਦ ਦੇਣ ਵਾਲੇ ! ਹੇ ਪ੍ਰਾਣ ਦਾਤੇ, ! ਹੇ ਸਭ ਪਦਾਰਥ ਦੇਣ ਵਾਲੇ ! ਤੇਰੇ ਗੁਣ ਬੇਅੰਤ ਹਨ, ਬਿਆਨ ਨਹੀਂ ਕੀਤੇ ਜਾ ਸਕਦੇ ।

4. ਹੇ ਸਭ ਜੀਵਾਂ ਦੇ ਪਿਆਰੇ, ਹੇ ਸਭਨਾਂ ਦੇ ਪਾਲਣਹਾਰ ! ਤੂੰ ਸਭ ਜੀਵਾਂ ਨੂੰ ਆਸਰਾ ਦੇਂਦਾ ਹੈ ।੧।
5. ਹੇ ਪ੍ਰਭੂ ! ਤੂੰ ਕਿਹੋ ਜਿਹਾ ਹੈਂ ਅਤੇ ਕੇਡਾ ਵੱਡਾ ਹੈਂ, ਕੋਈ ਜੀਵ ਇਹ ਨਹੀਂ ਜਾਣ ਸਕਦਾ । ਤੂੰ ਆਪ ਇਸ ਜਗਤ ਖਿਲਾਰੇ ਦਾ ਖਿਲਾਰਨ ਵਾਲਾ ਹੈਂ ।

ਪ੍ਰ:–ਕਿਉਂ ਜੀ, ਆਪ ਜੀ ਦੀ ਮੰਗ ਕੀ ਹੈ ?

6.ਉ.–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੇਰੀ ਤਾਂ ਉਸ ਸਾਈਂ ਜੀ ਤੋਂ ਇਕ ਇਹੋ ਹੀ ਮੰਗ ਹੈ ਕਿ, ਹੇ ਪ੍ਰਭੂ ਜੀ ! ਮੈਨੂੰ ਸਾਧ ਸੰਗਤ ਦੀ ਬੇੜੀ ਵਿਚ ਬਿਠਾਲ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਹ ।੨।੫੮।੮੧।

ਭਾਵਾਰਥ :–ਉਸ ਸਾਈਂ ਜੀ ਦੇ ਸਨਮੁਖ ਹੋ ਆਪਣੀ ਨਿਰਬਲਤਾ ਅਤੇ ਹਰੀ ਦੀ ਸਮਰੱਥਾ ਦੱਸ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਸਾਧ ਸੰਗਤ ਰੂਪ ਬੇੜੀ ਦੀ ਮੰਗ ਕਰਦੇ ਹਨ ।

ਸਾਰਗ ਮਹਲਾ ੫ ॥

1. **ਆਵੈ ਰਾਮ ਸਰਣਿ ਵਡਭਾਗੀ ॥**
2. **ਏਕਸ ਬਿਨੁ ਕਿਛੁ ਹੋਰੁ ਨ ਜਾਣੈ**
   ਅਵਰਿ ਉਪਾਵ ਤਿਆਗੀ ॥੧॥ਰਹਾਉ॥
3. **ਮਨ ਬਚ ਕ੍ਰਮ ਆਰਾਧੈ ਹਰਿ ਹਰਿ**
   ਸਾਧ ਸੰਗਿ ਸੁਖੁ ਪਾਇਆ ॥
4. **ਅਨਦ ਬਿਨੋਦ ਅਕਥ ਕਥਾ ਰਸੁ**
   ਸਾਚੈ ਸਹਜਿ ਸਮਾਇਆ ॥੧॥
5. **ਕਰਿ ਕਿਰਪਾ ਜੋ ਅਪੁਨਾ ਕੀਨੋ**
   ਤਾ ਕੀ ਊਤਮ ਬਾਣੀ ॥
6. **ਸਾਧ ਸੰਗਿ ਨਾਨਕ ਨਿਸਤਰੀਐ**
   ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੮੨॥

ਪਦ ਅਰਥ :– ਵਡਭਾਗੀ ਵੱਡੇ ਭਾਗਾਂ ਵਾਲਾ ਮਨੁੱਖ (ਹੀ) । ਕਿਛੁ ਹੋਰੁ–ਕੋਈ ਹੋਰ (ਉਪਾਉ) । ਅਵਰਿ–ਹੋਰ । ਉਪਾਵ-ਹੀਲੇ, ਯਤਨ । ਅਵਰਿ ਉਪਾਵ–ਹੋਰ ਹੀਲੇ । ਤਿਆਗੀ–ਛੱਡ ਦੇਂਦਾ ਹੈ ।੧।ਰਹਾਉ।

ਬਚ–ਬਚਨ । ਕ੍ਰਮ–ਕਰਮ, ਕੰਮ । ਸਾਧ ਸੰਗਿ–ਗੁਰੂ ਦੀ ਸੰਗਤ ਵਿਚ । ਅਨਦ ਬਿਨੋਦ–ਆਤਮਕ ਅਨੰਦ ਤੇ ਖੁਸ਼ੀਆਂ । ਅਕਥ–ਅਕੱਥ, ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ । ਅਕਥ ਕਥਾ ਰਸੁ–ਅਕੱਥ ਪ੍ਰਭੂ ਦੀ ਸਿਫਤ ਸਾਲਾਹ ਦਾ ਸੁਆਦ । ਸਾਚੈ–ਸਦਾ ਥਿਰ ਪ੍ਰਭੂ ਵਿਚ । ਸਹਜਿ–ਆਤਮਕ ਅਡੋਲਤਾ ਵਿਚ ।੧।

ਕਰਿ–ਕਰ ਕੇ । ਜੋ–ਜਿਸ ਮਨੁੱਖ ਨੂੰ । ਤਾ ਕੀ–ਉਸ ਮਨੁੱਖ ਦੀ । ਊਤਮ ਬਾਣੀ–ਉਚੀ ਸੋਭਾ । ਨਿਸਤਰੀਐ–ਪਾਰ ਲੰਘ ਜਾਈਦਾ ਹੈ । ਜੋ–ਜਿਹੜੇ (ਸੰਤ ਜਨ) । ਨਿਰਬਾਣੀ–ਵਾਸ਼ਨਾ ਰਹਿਤ, ਨਿਰਲੇਪ । ਰਾਤੇ–ਰੰਗੇ ਹੋਏ ।੨।

ਅਰਥ:–

ਪ੍ਰ:–ਸ੍ਰੀ ਜੀਓ ! ਜਦ ਕਿ ਪ੍ਰਭੂ ਦੀ ਸ਼ਰਨ ਵਿਚ ਆਇਆਂ ਸਾਰੇ ਹੀ ਸੁੱਖ ਹਾਸਲ ਹੁੰਦੇ ਹਨ ਤਾਂ ਸਾਰੇ ਲੋਕ ਹੀ ਉਸ ਪ੍ਰਮੇਸ਼ਰ ਦੀ ਸ਼ਰਨ ਵਿਚ ਕਿਉਂ ਨਹੀਂ ਆਉਂਦੇ ?

1.**ਉ**:–ਹੇ ਭਾਈ ! ਇੱਛਾ ਤਾਂ ਬਹੁਤ ਲੋਕ ਰੱਖਦੇ ਹਨ ਪਰ ਕੋਈ ਵੱਡੇ ਭਾਗਾਂ ਵਾਲਾ ਮਨੁੱਖ ਹੀ ਉਸ ਪ੍ਰਮਾਤਮਾ ਦੀ ਸ਼ਰਨ ਆਉਂਦਾ ਹੈ ।

ਪ੍ਰ:–ਗੁਰਦੇਵ ਜੀਉ ! ਸ਼ਰਨ ਵਿਚ ਆਉਣ ਵਾਲੇ ਮਨੁੱਖ ਦੀ ਪਛਾਣ ਕੀ ਹੈ ?

2.**ਉ**:–ਹੇ ਭਾਈਓ ! ਉਸ ਦੀ ਇਹੋ ਹੀ ਪਛਾਣ ਹੈ ਕਿ, ਉਹ ਮਨੁੱਖ ਇਕ ਪ੍ਰਮਾਤਮਾ ਦੀ ਸ਼ਰਨ ਤੋਂ ਬਿਨਾਂ ਕੋਈ ਹੋਰ ਹ।ਲਾ ਨਹੀਂ ਜਾਣਦਾ, ਉਹ ਹੋਰ ਸਾਰੇ ਹੀ ਹੀਲੇ ਛੱਡ ਦੇਂਦਾ ਹੈ ।੧।ਰਹਾਉ।

3. ਹੇ ਪਿਆਰੇ ! ਉਹ (ਪ੍ਰਭੂ ਦੀ ਸ਼ਰਨ ਆਉਣ ਵਾਲਾ ਮਨੁੱਖ) ਆਪਣੇ ਮਨ ਦੀ ਰਾਹੀਂ, ਬਚਨ ਦੀ ਰਾਹੀਂ, ਕੰਮ ਦੀ ਰਾਹੀਂ (ਕੇਵਲ) ਪ੍ਰਮਾਤਮਾ ਦਾ ਹੀ ਅਰਾਧਨ ਕਰਦਾ ਹੈ, ਉਹ ਗੁਰੂ ਦੀ ਸ਼ਰਨ ਵਿਚ ਟਿਕ ਕੇ ਆਤਮਕ ਅਨੰਦ ਮਾਣਦਾ ਹੈ ।
4. ਹੇ ਭਾਈ ! ਉਸ ਦੇ ਹਿਰਦੇ ਵਿਚ ਆਤਮਕ ਅਨੰਦ ਤੇ ਖੁਸ਼ੀਆਂ ਬਣੀਆਂ ਰਹਿੰਦੀਆਂ ਹਨ, ਉਹ ਅਕੱਥ ਪ੍ਰਭੂ ਦੀ ਸਿਫਤ ਸਾਲਾਹ ਦਾ ਸੁਆਦ (ਮਾਣਦਾ ਰਹਿੰਦਾ ਹੈ), ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਅਤੇ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ ।੧।
5. ਹੇ ਪਿਆਰੇ ! ਉਹ ਪ੍ਰਭੂ ਮਿਹਰ ਕਰ ਕੇ ਜਿਸ ਮਨੁੱਖ ਨੂੰ ਆਪਣਾ (ਸੇਵਕ) ਬਣਾ ਲੈਂਦਾ ਹੈ, ਉਸ ਦੀ ਉਚੀ ਸੋਭਾ ਹੁੰਦੀ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਹੜੇ ਸਾਧ ਜਨ ਨਿਰਲੇਪ ਪ੍ਰਭੂ (ਦੇ ਪ੍ਰੇਮ ਰੰਗ) ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੀ ਸੰਗਤ ਵਿਚ (ਰਿਹਾਂ ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਈਦਾ ਹੈ ।੨।੫੯।੮੨।

ਭਾਵਾਰਥ :–ਇਕ ਹਰੀ ਦੀ ਸ਼ਰਨ ਵਿਚ ਆਉਣ ਵਾਲਾ ਕੋਈ ਹੀ ਵਡਭਾਗੀ ਹੁੰਦਾ ਹੈ, ਪਰ, ਉਸ ਵਡਭਾਗੀ ਨੂੰ ਜੋ ਖੁਸ਼ੀ ਹਾਸਲ ਹੁੰਦੀ ਹੈ, ਉਸ ਨੂੰ ਬਿਆਨ ਭੀ ਨਹੀਂ ਕੀਤਾ ਜਾ ਸਕਦਾ ।

ਸਾਰਗ ਮਹਲਾ ੫ ॥

1. **ਜਾਤੇ ਸਾਧੂ ਸਰਣਿ ਗਹੀ ॥**
2. **ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ ਬਿਰਥਾ ਕਛੁ ਨ ਰਹੀ ॥੧॥ਰਹਾਉ॥**
3. **ਹੋਹੁ ਕ੍ਰਿਪਾਲ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ ॥**
4. **ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ ॥੧॥**
5. **ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥**
6. **ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ॥੨॥੬੦॥੮੩॥**

ਪਦ ਅਰਥ :—ਜਾ ਤੇ—ਜਾਂ ਤੇ, ਜਦੋਂ ਤੋਂ। ਸਾਧੂ—ਗੁਰੂ। ਗਹੀ—(ਮੈਂ) ਫੜੀ ਹੈ। ਸਹਜੁ—ਆਤਮਕ ਅਡਲਤਾ। ਮਨਿ—ਮਨ ਵਿਚ। ਪ੍ਰਗਾਸਾ—(ਆਤਮਕ ਜੀਵਨ **ਦਾ**) ਚਾਨਣ। ਬਿਰਥਾ—ਪੀੜਾ, ਦੁੱਖ-ਦਰਦ।੧।ਰਹਾਉ।

ਕ੍ਰਿਪਾਲ—ਦਇਆਵਾਨ। ਕਹੀ-ਆਖੀ ਹੈ। ਆਨ—ਹੋਰ ਹੋਰ। ਬਿਸਰੇ—ਭੁੱਲ ਗਏ ਹਨ। ਸਿਮਰਤ—ਸਿਮਰਦਿਆਂ ਸਹੀ—ਠੀਕ; ਅਸਲ।੧।

ਜਹ ਤੇ—ਜਿਥੋਂ, ਜਿਸ ਪ੍ਰਭੂ ਤੋਂ। ਤਹੀ—ਉਸੇ ਵਿਚ, ਉਥੇ ਹੀ। ਸਮਾਨੋ—ਲੀਨ ਹੋ ਗਿਆ। ਸਾਈ—ਉਹੀ (ਇਸਤ੍ਰੀ)। ਬਸਤੁ—ਚੀਜ਼, ਨਾਮ ਪਦਾਰਥ। ਅਹੀ—ਚਾਹੀ ਹੈ, ਤਾਂਘ ਰੱਖੀ ਹੋਈ ਹੈ। ਗੁਰਿ—ਗੁਰੂ ਨੇ। ਭਰਮੁ—ਭਟਕਣਾ। ਖੋਇਓ—ਦੂਰ ਕਰ ਦਿੱਤੀ ਹੈ। ਜੋਤਿ—(ਮੇਰੀ) ਜਿੰਦ। ਜੋਤੀ—ਪ੍ਰਭੂ ਦੀ ਜੋਤ ਵਿਚ। ਸਮਹੀ—ਲੀਨ ਰਹਿੰਦੀ ਹੈ।੨।

ਅਰਥ:—

ਪ੍ਰ:—ਸ੍ਰੀ ਜੀਉ ! ਸਾਡਾ ਮਨ ਤਾਂ ਸਦਾ ਹੀ ਅਸ਼ਾਂਤ ਰਹਿੰਦਾ ਹੈ, ਪਰ ਆਪ ਜੀ ਦੇ ਮਨ ਨੂੰ ਸ਼ਾਂਤੀ ਅਤੇ ਅਡੋਲਤਾ ਕਿਵੇਂ ਪ੍ਰਾਪਤ ਹੋਈ ਹੈ ?

1. **ਉ**.—ਹੇ ਭਾਈਓ ! ਜਦੋਂ ਤੋਂ (ਮੈਂ) ਗੁਰੂ ਦਾ ਪੱਲਾ ਫੜਿਆ ਹੈ।
2. ਹੇ ਭਾਈ ! ਤਦੋਂ ਤੋਂ ਹੀ (ਮੇਰੇ) ਮਨ ਵਿਚ ਸ਼ਾਂਤੀ ਅਤੇ ਆਤਮਕ ਅਡੋਲਤਾ ਪੈਦਾ ਹੋ ਗਈ ਹੈ, (ਮੇਰੇ) ਮਨ ਵਿਚ ਆਤਮਕ ਜੀਵਨ ਦਾ ਚਾਨਣ ਹੋ ਗਿਆ ਹੈ, (ਹੁਣ ਮੇਰੇ ਮਨ ਵਿਚ) ਕੋਈ ਦੁੱਖ ਦਰਦ ਨਹੀਂ ਰਹਿ ਗਿਆ।੧। ਰਹਾਉ।
3. ਹੇ ਭਾਈ ! ਜਦੋਂ ਤੋਂ ਮੈਂ ਗੁਰੂ ਦਾ ਦਰ ਮੱਲਿਆ ਹੈ, ਤਦੋਂ ਤੋਂ ਮੈਂ ਪ੍ਰਭੂ ਦਰ ਤੇ ਇਹ ਅਰਦਾਸ ਕਰਦਾ ਰਹਿੰਦਾ ਹਾਂ ਕਿ, ਹੇ ਪ੍ਰਭੂ, ਦਇਆਵਾਨ ਹੋ, ਮੈਨੂੰ ਆਪਣਾ ਨਾਮ ਬਖਸ਼।
4. ਹੇ ਭਾਈ ! ਪ੍ਰਭੂ ਦਾ ਨਾਮ ਸਿਮਰਦਿਆਂ (ਹੁਣ) ਹੋਰ ਹੋਰ ਵਿਹਾਰਾਂ ਵਿਚ ਮੇਰਾ ਮਨ ਖੱਚਤ ਨਹੀਂ ਹੁੰਦਾ (ਹੋਰ ਹੋਰ ਵਿਹਾਰ ਮੈਨੂੰ ਭੁੱਲ ਗਏ ਹਨ) ਮੈਂ ਅਸਲ ਖੱਟੀ ਖੱਟ ਲਈ ਹੈ।੧।
5. ਹੇ ਭਾਈ ! ਜਿਸ ਪ੍ਰਭੂ ਤੋਂ ਇਹ ਜਿੰਦ ਪੈਦਾ ਹੋਈ ਸੀ, (ਹੁਣ) ਉਸੇ ਵਿਚ ਟਿਕੀ ਰਹਿੰਦੀ ਹੈ, (ਹੁਣ) ਮੈਨੂੰ ਇਹ ਨਾਮ ਵਸਤੂ ਹੀ ਚੰਗੀ ਲਗਦੀ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਗੁਰੂ ਨੇ ਮੇਰੀ ਭਟਕਣਾ ਦੂਰ ਕਰ ਦਿਤੀ ਹੈ, (ਹੁਣ) ਮੇਰੀ ਜਿੰਦ ਪ੍ਰਭੂ ਦੀ ਜੋਤ ਵਿਚ ਲੀਨ ਰਹਿੰਦੀ ਹੈ।੨।੬੦।੮੩।

ਭਾਵਾਰਥ :—ਸਾਨੂੰ ਗੁਰੂ ਦੀ ਕ੍ਰਿਪਾ ਨਾਲ ਭਰਮ ਦੂਰ ਹੋ ਕੇ ਐਸੀ ਨਾਮ ਵਸਤੂ ਮਿਲ ਗਈ ਹੈ ਕਿ ਸਭ ਦੁੱਖ ਦੂਰ ਹੋ ਕੇ ਪੂਰਨ ਅਡੋਲਤਾ ਅਤੇ ਸ਼ਾਂਤੀ ਵਰਤ ਗਈ ਹੈ।

ਸਾਰਗ ਮਹਲਾ ੫ ॥

1. **ਰਸਨਾ ਰਾਮ ਕੋ ਜਸੁ ਗਾਉ ॥**
2. **ਆਨ ਸੁਆਦ ਬਿਸਾਰਿ ਸਗਲੇ ਭਲੋ ਨਾਮ ਸੁਆਉ ॥੧॥ਰਹਾਉ॥**
3. **ਚਰਨ ਕਮਲ ਬਸਾਇ ਹਿਰਦੈ ਏਕ ਸਿਉ ਲਿਵ ਲਾਉ ॥**
4. **ਸਾਧ ਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ ॥੧॥**
5. **ਜੀਉ ਪ੍ਰਾਨ ਅਧਾਰੁ ਤੇਰਾ ਤੂ ਨਿਥਾਵੇ ਥਾਉ ॥**
6. **ਸਾਸਿ ਸਾਸਿ ਸਮ੍ਹਾਲਿ ਹਰਿ ਹਰਿ ਨਾਨਕ ਸਦ ਬਲਿ ਜਾਉ ॥੨॥੬੧॥੮੪॥**

ਪਦ ਅਰਥ :—ਰਸਨਾ—ਜੀਭ ਨਾਲ। ਕੋ—ਦਾ। ਜਸੁ—ਸਿਫਤ ਸਾਲਾਹ। ਗਾਉ—ਗਾਇਆ ਕਰੋ। ਆਨ—ਹੋਰ ਹੋਰ। ਬਿਸਾਰਿ—ਭੁਲਾ ਦੇ। ਨਾਮ ਸੁਆਉ—ਨਾਮ ਦਾ ਸੁਆਦ।੧।ਰਹਾਉ।

ਬਸਾਇ—ਟਿਕਾਈ ਰੱਖ। ਹਿਰਦੈ—ਹਿਰਦੇ ਵਿਚ। ਸਿਉ—ਨਾਲ। ਲਿਵ—ਲਗਨ। ਹੋਹਿ—ਤੂੰ ਹੋ ਜਾਹਿੰਗਾ। ਨਿਰਮਲੁ—ਪਵਿੱਤਰ ਜੀਵਨ ਵਾਲਾ। ਬਹੁੜਿ—ਮੁੜ ਮੁੜ।੧।

ਜੀਉ—ਜਿੰਦ। ਅਧਾਰੁ—ਆਸਰਾ। ਥਾਉ—ਥਾਂ, ਸਹਾਰਾ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਸਮ੍ਹਾਲਿ—ਸੰਭਾਲ ਕੇ, ਯਾਦ ਕਰ ਕੇ। ਸਦ—ਸਦਾ। ਬਲਿ ਜਾਉ—ਬਲਿ ਜਾਉਂ, ਮੈਂ ਸਦਕੇ ਜਾਂਦਾ ਹਾਂ।੨।

ਅਰਥ:—

ਪ੍ਰ:—ਸ੍ਰੀ ਜੀਉ ! ਕ੍ਰਿਪਾ ਕਰ ਕੇ ਮੈਨੂੰ ਰੱਬੀ ਮਾਰਗ ਤੇ ਟੁਰਨ ਦੀ ਜਾਚ ਬਖਸ਼ੋ ?

1. **ਉ.**—ਹੇ ਭਾਈ ! (ਤੂੰ ਆਪਣੀ) ਜੀਭ ਨਾਲ ਪ੍ਰਮਾਤਮਾ ਦੀ ਸਿਫਤ ਸਾਲਾਹ ਗਾਉਂਦਾ ਰਿਹਾ ਕਰ।
2. ਹੇ ਪਿਆਰੇ ! (ਤੂੰ ਨਾਮ ਤੋਂ ਬਿਨਾਂ) ਹੋਰ ਸਾਰੇ ਸੁਆਦ ਭੁਲਾ ਦੇਹ (ਪ੍ਰਮਾਤਮਾ ਦੇ) ਨਾਮ ਦਾ ਸੁਆਦ (ਸਭ ਸੁਆਦਾਂ ਨਾਲੋਂ) ਚੰਗਾ ਹੈ ।੧।ਰਹਾਉ।
3. ਹੇ ਭਾਈ ! (ਤੂੰ ਪ੍ਰਮਾਤਮਾ ਦੇ ਸੋਹਣੇ ਚਰਨ ਆਪਣੇ) ਹਿਰਦੇ ਵਿਚ ਟਿਕਾਈ ਰੱਖ ਤੇ ਸਿਰਫ ਪ੍ਰਮਾਤਮਾ ਨਾਲ ਹੀ ਸੁਰਤਿ ਜੋੜੀ ਰੱਖ।
4. (ਇਸ ਤਰ੍ਹਾਂ) ਹੇ ਭਾਈ ! ਤੂੰ ਸਾਧ ਸੰਗਤ ਵਿਚ ਰਹਿ ਕੇ ਸੁਚੇ ਜੀਵਨ ਵਾਲਾ ਹੋ ਜਾਹਿੰਗੇ, ਅਤੇ ਮੁੜ-ਮੁੜ ਜੂਨਾਂ ਵਿਚ ਨਹੀਂ ਆਵੇਂਗਾ ।੧।
5. ਅਤੇ ਇਉਂ ਜੋਦੜੀਆਂ ਕਰਦਾ ਰਹੁ ਕਿ, ਹੇ ਹਰੀ ! ਮੇਰੀ ਜਿੰਦ ਅਤੇ ਪ੍ਰਾਣਾਂ ਨੂੰ ਤੇਰਾ ਹੀ ਆਸਰਾ ਹੈ, (ਕਿਉਂਕਿ) ਜਿਸ ਦਾ ਹੋਰ ਕੋਈ ਸਹਾਰਾ ਨਾ ਹੋਵੇ ਤੂੰ ਉਸ ਦਾ ਸਹਾਰਾ ਹੈਂ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਹਰੀ ! ਮੈਂ ਤਾਂ ਆਪਣੇ ਹਰੇਕ ਸਾਹ ਦੇ ਨਾਲ ਤੈਨੂੰ (ਹੀ) ਯਾਦ ਕਰਦਾ ਹਾਂ, ਅਤੇ, ਤੈਥੋਂ ਸਦਕੇ ਜਾਂਦਾ ਹਾਂ ।੨।੯੧।੧੪।

ਭਾਵਾਰਥ :—ਨਾਮ ਦਾ ਸੁਆਦ ਸਭ ਰਸਾਂ ਨਾਲੋਂ ਸਰੇਸ਼ਟ ਹੈ, ਇਸੇ ਵਿਚ ਹੀ ਲਗਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਜ਼ਿੰਦਗੀ ਦੋਸ਼ਾਂ ਤੋਂ ਰਹਿਤ ਹੁੰਦੀ ਹੈ ਤੇ ਆਵਾਗਵਣ ਕੱਟਿਆ ਜਾਂਦਾ ਹੈ।

ਸਾਰਗ ਮਹਲਾ ੫ ॥

1. **ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥**
2. **ਮੁਕਤਿ ਪਦਾਰਥੁ ਸਾਧੂ ਸੰਗਤਿ**
   ਅੰਮ੍ਰਿਤੁ ਹਰਿ ਕਾ ਨਾਉ ॥੧॥ਰਹਾਉ॥
3. **ਊਤਮ ਕਥਾ ਸੁਣੀਜੈ ਸ੍ਰਵਣੀ**
   ਮਇਆ ਕਰਹੁ ਭਗਵਾਨ ॥
4. **ਆਵਤ ਜਾਤ ਦੋਊ ਪਖ ਪੂਰਨ**
   ਪਾਈਐ ਸੁਖ ਬਿਸ੍ਰਾਮ ॥੧॥
5. **ਸੋਧਤ ਸੋਧਤ ਤਤੁ ਬੀਚਾਰਿਓ**
   ਭਗਤਿ ਸਰੇਸਟ ਪੂਰੀ ॥
6. **ਕਹੁ ਨਾਨਕ ਇਕ ਰਾਮ ਨਾਮ ਬਿਨੁ**
   ਅਵਰ ਸਗਲ ਬਿਧਿ ਊਰੀ ॥੨॥੬੨॥੮੫॥

ਪਦ ਅਰਥ :—ਨਿਤ—ਸਦਾ । ਧਿਆਉ—ਧਿਆਉਂ, ਮੈਂ ਧਿਆਨ ਧਾਰਦਾ ਹਾਂ। ਸਾਧੂ ਸੰਗਤਿ—ਗੁਰੂ ਦੀ ਸੰਗਤਿ ਵਿਚ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਜਲ ।੧। ਰਹਾਉ।

ਸੁਣੀਜੈ—ਸੁਣ ਸਕੀਏ । ਸ੍ਰਵਣੀ—ਕੰਨਾਂ ਨਾਲ। ਮਇਆ—ਦਇਆ, ਮਿਹਰ। ਭਗਵਨ—ਹੇ ਭਗਵਾਨ। ਆਵਤ ਜਾਤ ਦੋਊ ਪਖ-ਜੰਮਣ ਮਰਣ ਇਹ ਦੋਵੇਂ ਪਾਸੇ। ਪੂਰਨ—ਪੂਰੇ ਹੋ ਜਾਂਦੇ ਹਨ, ਮੁੱਕ ਜਾਂਦੇ ਹਨ। ਸੁਖ ਬਿਸ੍ਰਾਮ—ਸੁੱਖਾਂ ਦਾ ਟਿਕਾਣਾ ।੧।

ਸੋਧਤ ਸੋਧਤ—ਵੀਚਾਰ ਕਰਦਿਆਂ ਕਰਦਿਆਂ। ਤਤੁ—ਅਸਲੀਅਤ। ਸਰੇਸਟ ਪੂਰੀ—ਪੂਰਨ ਤੌਰ ਤੇ ਚੰਗੀ। ਊਰੀ—ਊਣੀ ।੨।

ਅਰਥ—

ਪ੍ਰ:—ਗੁਰਦੇਵ ਜੀਓ ! ਅਨੇਕਾਂ ਲੋਕੀਂ ਭਿੰਨ ਭਿੰਨ ਦੇਵਤਿਆਂ ਦਾ ਧਿਆਨ ਕਰਦੇ ਹਨ, ਉਹ ਇਸੇ ਹੀ ਧਿਆਨ ਨੂੰ ਗੋਬਿੰਦ ਦੇ ਚਰਨਾਂ ਵਿਚ ਨਿਵਾਸ ਅਨੁਭਵ ਕਰਦੇ ਹਨ ? ਪਰ ਆਪ ਜੀ ਕਿਸ ਦੇ ਧਿਆਨੀ ਹੋ ?

1. **ਉ:**—ਹੇ ਭਾਈਓ ! ਮੈਂ ਤਾਂ ਸਦਾ ਪ੍ਰਮੇਸ਼ਰ ਦੇ ਚਰਨਾਂ ਦਾ ਧਿਆਨ ਧਰਦਾ ਹਾਂ, (ਇਹੀ ਮੇਰੇ ਲਈ) ਬੈਕੁੰਠ ਹੈ।
2. ਹੇ ਭਾਈ ! ਗੁਰੂ ਦੀ ਸੰਗਤ ਵਿਚ ਟਿਕੇ ਰਹਿਣਾ (ਮੇਰੇ ਵਾਸਤੇ ਚੌਹਾਂ ਪਦਾਰਥਾਂ ਵਿਚੋਂ ਸਰੇਸ਼ਟ) ਮੁਕਤ ਪਦਾਰਥ ਹੈ, ਅਤੇ ਪ੍ਰਮਾਤਮਾ ਦਾ ਨਾਮ ਹੀ (ਮੇਰੇ ਲਈ) ਆਤਮਕ ਜੀਵਨ ਦੇਣ ਵਾਲਾ ਜਲ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ, ਤੁਸੀਂ ਭਗਵਾਨ ਤੋਂ ਕੀ ਮੰਗਦੇ ਹੋ ?

3. **ਉ:**—ਹੇ ਪਿਆਰੇ ! ਮੇਰੀ ਤਾਂ ਇਕੋ ਹੀ ਮੰਗ ਹੈ, ਕਿ, ਹੇ ਭਗਵਾਨ, (ਮੇਰੇ ਉਤੇ) ਮਿਹਰ ਕਰ (ਤਾ ਕਿ) ਤੇਰੀ ਉਤਮ ਸਿਫਤ ਸਾਲਾਹ ਕੰਨਾਂ ਨਾਲ ਸੁਣੀ ਜਾ ਸਕੇ।

ਪ੍ਰ:—ਕਿਉਂ ਜੀ, ਸਿਫਤ ਸਾਲਾਹ ਕਰਦੇ ਰਹਿਣ ਦਾ ਫਲ ਕੀ ਹਾਸਲ ਹੁੰਦਾ ਹੈ ?

4. **ਉ:**—ਹੇ ਭਾਈਓ ! (ਸਿਫਤ ਸਾਲਾਹ ਦੀ ਬਰਕਤ ਨਾਲ) ਜੰਮਣ ਤੇ ਮਰਨ ਇਹ ਦੋਵੇਂ ਪੱਖ ਮੁੱਕ ਜਾਂਦੇ ਹਨ, ਤੇ ਸੁੱਖਾਂ ਦੇ ਮੂਲ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ ।੧।

ਪ੍ਰ:—ਸ੍ਰੀ ਜੀਉ ! ਤੁਸਾਂ ਨੇ ਪ੍ਰਭੂ ਦੇ ਮਿਲਾਪ ਲਈ ਕਿਹੜੀ ਅਸਲੀਅਤ ਲੱਭੀ ਹੈ ?

5. **ਉ:**—ਹੇ ਭਾਈਓ ! ਮੈਂ ਤਾਂ, ਵੀਚਾਰ ਕਰਦਿਆਂ ਕਰਦਿਆਂ ਇਹੋ ਹੀ ਅਸਲੀਅਤ ਲੱਭੀ ਹੈ ਕਿ ਪ੍ਰਮਾਤਮਾ ਦੀ ਭਗਤੀ ਹੀ ਪੂਰਨ ਤੌਰ ਤੇ ਚੰਗੀ (ਕ੍ਰਿਆ) ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਕ ਪ੍ਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਹਰੇਕ (ਜੀਵਨ) ਢੰਗ ਅਧੂਰਾ ਹੈ ।੨।੬੨।੮੫।

ਭਾਵਾਰਥ :-ਜੰਮਣ ਮਰਨ ਦਾ ਚੱਕਰ ਮੁਕਾਉਣ ਲਈ ਭਾਵੇਂ ਲੋਕੀਂ ਅਨੇਕਾਂ ਹੀ ਦੇਵੀ ਦੇਵਤਿਆਂ ਦਾ ਧਿਆਨ ਕਰਦੇ ਹਨ, ਪਰ ਉਨ੍ਹਾਂ ਦਾ ਜੰਮਣ ਮਰਨ ਨਹੀਂ ਮੁੱਕਦਾ। ਪਰ ਇਹ ਜੰਮਣ ਮਰਨ ਕੇਵਲ ਹਰੀ ਦੇ ਧਿਆਨ ਨਾਲ ਹੀ ਮੁੱਕਦਾ ਹੈ, ਅਤੇ ਇਸ ਤਰ੍ਹਾਂ ਮੁਕਤੀ ਤੇ ਬੈਕੁੰਠ ਇਸ ਦੇ ਵਿਚ ਵਿਚ ਹੀ ਆ ਜਾਂਦੇ ਹਨ।

ਸਾਰਗ ਮਹਲਾ ੫ ॥

1. **ਸਾਚੇ ਸਤਿਗੁਰੂ ਦਾਤਾਰਾ ॥**
2. **ਦਰਸਨੁ ਦੇਖਿ ਸਗਲ ਦੁਖ ਨਾਸਹਿ**
   ਚਰਨ ਕਮਲ ਬਲਿਹਾਰਾ ॥੧॥ਰਹਾਉ॥
3. **ਸਤਿ ਪਰਮੇਸਰੁ ਸਤਿ ਸਾਧ ਜਨ**
   ਨਿਹਚਲੁ ਹਰਿ ਕਾ ਨਾਉ ॥
4. **ਭਗਤਿ ਭਾਵਨੀ ਪਾਰਬ੍ਰਹਮ ਕੀ**
   ਅਬਿਨਾਸੀ ਗੁਣ ਗਾਉ ॥੧॥
5. **ਅਗਮੁ ਅਗੋਚਰੁ ਮਿਤਿ ਨਹੀ ਪਾਈਐ**
   ਸਗਲ ਘਟਾ ਆਧਾਰੁ ॥
6. **ਨਾਨਕ ਵਾਹੁ ਵਾਹੁ ਕਹੁ ਤਾ ਕਉ**
   ਜਾ ਕਾ ਅੰਤੁ ਨ ਪਾਰੁ ॥੨॥੬॥੩੮੯॥

ਪਦ ਅਰਥ :-ਸਾਚੇ-ਹੇ ਸਦਾ ਕਾਇਮ ਰਹਿਣ ਵਾਲੇ। ਦਾਤਾਰਾ-ਹੇ ਸਭ ਦਾਤਾਂ ਦੇਣ ਵਾਲੇ। ਦੇਖਿ-ਵੇਖ ਕੇ। ਸਗਲ-ਸਾਰੇ। ਨਾਸਹਿ-ਨਾਸ ਹੋ ਜਾਂਦੇ ਹਨ। ਬਲਿਹਾਰ-ਸਦਕੇ।੧।ਰਹਾਉ।

ਸਤਿ-ਸਦਾ ਥਿਰ। ਸਤਿ-ਅਟੱਲ ਆਤਮਕ ਜੀਵਨ ਵਾਲੇ। ਸਾਧ ਜਨ-ਸੰਤ ਜਨ। ਨਿਹਚਲੁ ਕਦੇ ਨਾਂਹ ਡੋਲਣ ਵਾਲਾ। ਭਾਵਨੀ-ਸ਼ਰਧਾ (ਨਾਲ)। ਅਬਿਨਾਸ਼ੀ ਗੁਣ-ਕਦੇ ਨਾਂਹ ਨਾਸ ਹੋਣ ਵਾਲੇ ਪ੍ਰਭੂ ਦੇ ਗੁਣ। ਗਾਉ-ਗਾਇਆ ਕਰੋ।੧।

ਅਗਮੁ-ਅਪਹੁੰਚ। ਅਗੋਚਰੁ-[ਅ-ਗੋ ਚਰੁ। ਗੋ-ਗਿਆਨ ਇੰਦਰੇ। ਚਰੁ-ਪਹੁੰਚ।] ਜਿਸ ਤਕ ਗਿਆਨ ਇੰਦਰੀਆਂ ਦੀ ਪਹੁੰਚ ਨਹੀਂ ਹੋ ਸਕਦੀ। ਮਿਤਿ-ਮਾਪ, ਵਡੱਪਣ ਦਾ ਅੰਦਾਜ਼ਾ। ਘਟ-ਸਰੀਰ। ਆਧਾਰੁ-ਆਸਰਾ। ਵਾਹੁ ਵਾਹੁ ਕਹੁ-ਸਿਫਤ ਸਾਲਾਹ ਕਰੋ। ਤਾ ਕਉ-ਉਸ ਪ੍ਰਭੂ ਨੂੰ। ਜਾ ਕਾ-ਜਿਸ ਪ੍ਰਭੂ ਦਾ। ਪਾਰ-ਪਾਰਲਾ ਬੰਨਾ। ਵਾਹੁ ਵਾਹੁ-ਧੰਨ ਧੰਨ।੨।

ਅਰਥ:-

ਪ੍ਰ:-ਗੁਰਦੇਵ ਜੀਉ! ਜੀਵਾਂ ਦੇ ਦੁੱਖ ਨਵਿਰਤੀ ਦਾ ਆਪ ਕਿਹੜਾ ਸਾਧਨ ਮੰਨਦੇ ਹੋ।

1.ਉ:-ਹੇ ਭਾਈਓ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ, ਹੇ ਸਦਾ ਕਾਇਮ ਰਹਿਣ ਵਾਲੇ, ਹੇ ਸਤਿਗੁਰੂ; ਹੇ ਸਭ ਦਾਤਾਂ ਦੇਣ ਵਾਲੇ ਪ੍ਰਭ ਜੀਉ!

2. ਤੇਰਾ ਦਰਸ਼ਨ ਕਰ ਕੇ (ਜੀਵਾਂ ਦੇ) ਸਾਰੇ ਦੁੱਖ ਨਾਸ ਹੋ ਜਾਂਦੇ ਹਨ, ਮੈਂ ਤੇਰੇ ਸੋਹਣੇ ਚਰਨਾਂ ਤੋਂ ਬਲਿਹਾਰ ਜਾਦਾ ਹਾਂ।੧।ਰਹਾਉ।

3. ਹੇ ਭਾਈ! (ਉਹ) ਪ੍ਰਮੇਸ਼ਰ ਸਦਾ ਕਾਇਮ ਰਹਿਣ ਵਾਲਾ ਹੈ (ਅਤੇ ਉਸ ਦੇ) ਸੰਤ ਜਨ (ਭੀ) ਅਟੱਲ ਜੀਵਨ ਵਾਲੇ ਹੁੰਦੇ ਹਨ; ਹੇ ਭਾਈ! ਪ੍ਰਮਾਤਮਾ ਦਾ ਨਾਮ ਭੀ ਅਟੱਲ ਰਹਿਣ ਵਾਲਾ ਹੈ।

ਪ੍ਰ:-ਸ੍ਰੀ ਜੀਉ! ਦਸੋ, ਮੇਰੇ ਲਈ ਕਰਨ ਯੋਗ ਕੀ ਕਰਤਬ ਹੈ?

4.ਉ:-ਹੇ ਪਿਆਰੇ! (ਤੂੰ ਪੂਰੀ) ਸ਼ਰਧਾ ਨਾਲ ਉਸ ਪ੍ਰਮਾਤਮਾ ਦੀ ਭਗਤੀ ਕਰਦਾ ਰਹੁ, ਅਤੇ ਉਸ ਕਦੇ ਨਾਂਹ ਨਾਸ ਹੋਣ ਵਾਲੇ ਪ੍ਰਭੂ ਦੇ ਗੁਣ ਗਾਇਆ ਕਰ।੧।

5. ਹੇ ਭਾਈ! ਉਹ ਪ੍ਰਮਾਤਮਾ ਅਪਹੁੰਚ ਹੈ, ਉਸ ਤਕ ਗਿਆਨ ਇੰਦ੍ਰੀਆਂ ਦੀ ਪਹੁੰਚ ਨਹੀਂ ਹੋ ਸਕਦੀ, ਉਹ ਕਿੱਡਾ ਵੱਡਾ ਹੈ, ਇਹ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈਓ! ਉਸ ਪ੍ਰਭੂ ਦੀ ਸਿਫਤ ਸਾਲਾਹ ਕਰਿਆ ਕਰੋ, ਜਿਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਜਿਸ ਦੇ ਗੁਣਾਂ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ।੨।੬।੩੮੯।

ਭਾਵਾਰਥ :-ਇਸ ਸ਼ਬਦ ਵਿਚ ਪਾਰਬ੍ਰਹਮ ਤੇ ਗੁਰੂ ਦੀ ਉਸਤਤੀ ਕਰਦੇ ਹੋਏ ਸਭ ਨੂੰ ਉਸੇ ਦੀ ਸਿਫਤ ਸਲਾਹ ਕਰਨ ਦੀ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫ ॥

1. **ਗੁਰ ਕੇ ਚਰਨ ਬਸੇ ਮਨ ਮੇਰੈ ॥**
2. **ਪੂਰਿ ਰਹਿਓ ਠਾਕੁਰੁ ਸਭ ਥਾਈ**
   ਨਿਕਟਿ ਬਸੈ ਸਭ ਨੇਰੈ ॥੧॥ਰਹਾਉ॥
3. **ਬੰਧਨ ਤੋਰਿ ਰਾਮ ਲਿਵ ਲਾਈ**
   ਸੰਤ ਸੰਗਿ ਬਨਿ ਆਈ ॥
4. **ਜਨਮੁ ਪਦਾਰਥੁ ਭਇਓ ਪੁਨੀਤਾ**
   ਇਛਾ ਸਗਲ ਪੁਜਾਈ ॥੧॥
5. **ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ**
   ਸੋ ਹਰਿ ਕਾ ਜਸੁ ਗਾਵੈ ॥
6. **ਆਠ ਪਹਰ ਗੋਬਿੰਦ ਗੁਨ ਗਾਵੈ**
   ਜਨੁ ਨਾਨਕ ਸਦ ਬਲਿ ਜਾਵੈ ॥੨॥੬੪॥੮੭॥

ਪਦ ਅਰਥ:-ਮਨ ਮੇਰੈ-ਮਨਿ ਮੇਰੈ-ਮੇਰੇ ਮਨ ਵਿਚ। ਪੂਰਿ ਰਹਿਓ-ਵਿਆਪਕ ਹੈ। ਠਾਕੁਰੁ-ਮਾਲਕ ਪ੍ਰਭੂ। ਨਿਕਟਿ-ਨੇੜੇ। ਸਭ ਨੇਰੈ-ਸਭਨਾਂ ਦੇ ਨੇੜੇ।੧।ਰਹਾਉ।

ਬੰਧਨ-ਮਾਇਆ ਦੇ ਮੋਹ ਦੀਆਂ ਫਾਹੀਆਂ। ਤੋਰਿ-

ਤੋੜ ਕੇ। ਸੰਤ ਸੰਗਿ–ਗੁਰੂ ਨਾਲ। ਬਨਿ ਆਈ–ਪ੍ਰੀਤ ਬਣੀ ਹੈ। ਜਨਮੁ ਪਦਾਰਥੁ–ਕੀਮਤੀ ਮਨੁੱਖਾ ਜਨਮ। ਪੁਨੀਤਾ–ਪਵਿੱਤ੍ਰ। ਇਛਾ ਸਗਲ–ਸਾਰੀਆਂ ਮਨੋਕਾਮਨਾ। ਪੁਜਾਈ–(ਗੁਰੂ) ਨੇ ਪੂਰੀਆਂ ਕਰ ਦਿੱਤੀਆਂ।੧।

ਜਾ ਕਉ–ਜਿਸ (ਮਨੁੱਖ) ਉਤੇ। ਪ੍ਰਭ–ਹੇ ਪ੍ਰਭੂ। ਜਸੁ–ਸਿਫਤ ਸਾਲਾਹ। ਸਦ–ਸਦਾ। ਬਲਿ ਜਾਵੈ–ਸਦਕੇ ਹੁੰਦਾ ਹੈ।੨।

ਅਰਥ:–

ਪ੍ਰ:–ਸ੍ਰੀ ਜੀਉ! ਗੁਰੂ ਦੇ ਚਰਨ ਹਿਰਦੇ ਵਿਚ ਵਸਾਉਣ ਨਾਲ ਮਨੁੱਖ ਦੇ ਅੰਤਰ-ਆਤਮੇ ਕੀ ਬਦਲ ਆ ਜਾਂਦੀ ਹੈ?

1. ਉ:–ਹੇ ਭਾਈਓ! (ਜਦੋਂ ਦੇ) ਗੁਰੂ ਦੇ ਚਰਨ ਮੇਰੇ ਮਨ ਵਿਚ ਵੱਸ ਪਏ ਹਨ।
2. (ਹੁਣ ਮੈਨੂੰ ਨਿਸਚਾ ਹੋ ਗਿਆ ਹੈ ਕਿ) ਉਹ ਮਾਲਕ ਪ੍ਰਭੂ ਸਭਨੀਂ ਥਾਈਂ ਵਿਆਪਕ ਹੈ, (ਮੇਰੇ) ਨੇੜੇ ਵੱਸ ਰਿਹਾ ਹੈ, ਸਭਨਾਂ ਦੇ ਨੇੜੇ ਵੱਸ ਰਿਹਾ ਹੈ।੧।ਰਹਾਉ।
3. ਹੇ ਪਿਆਰੇ! (ਜਦੋਂ ਤੋਂ) ਗੁਰੂ ਨਾਲ ਮੇਰਾ ਪਿਆਰ ਪਿਆ ਹੈ, (ਉਸ ਨੇ ਮੇਰੇ ਮਾਇਆ ਦੇ ਮੋਹ ਦੇ) ਬੰਧਨ ਤੋੜ ਕੇ, ਮੇਰੀ ਸੁਰਤਿ ਪ੍ਰਮਾਤਮਾ ਨਾਲ ਜੋੜ ਦਿੱਤੀ ਹੈ।
4. ਮੇਰਾ ਕੀਮਤੀ ਮਨੁੱਖਾ ਜਨਮ ਪਵਿੱਤਰ ਹੋ ਗਿਆ, (ਗੁਰੂ ਨੇ) ਮੇਰੀਆਂ ਸਾਰੀਆਂ ਮਨੋ-ਕਾਮਨਾਂ ਪੂਰੀਆਂ ਕਰ ਦਿੱਤੀਆਂ ਹਨ।੧।
5. ਐ ਪਿਅ ਰੇ! (ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ) ਹੇ ਮੇਰੇ ਪ੍ਰਭੂ, ਤੂੰ ਜਿਸ ਮਨੁੱਖ ਉਤੇ ਮਿਹਰ ਕਰਦਾ ਹੈ, ਉਹੀ ਤੇਰੀ ਸਿਫਤ ਸਾਲਾਹ ਦੇ ਗੀਤ ਗਾਉਂਦਾ ਹੈ।
6. ਹੇ ਭਾਈ! ਜਿਹੜਾ ਮਨੁੱਖ ਅੱਠੇ ਪਹਿਰ (ਹਰ ਵੇਲੇ) ਪ੍ਰਮਾਤਮਾ ਦੇ ਗੁਣ ਗਾਉਂਦਾ ਹੈ। ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਦਾਸ ਉਸ ਤੋਂ ਸਦਾ ਕੁਰਬਾਨ ਜਾਂਦਾ ਹੈ।੨।੬੪।੮੭।

ਭਾਵਾਰਥ:–ਗੁਰੂ ਦੇ ਚਰਨ ਹਿਰਦੇ ਵਿਚ ਵੱਸਦੇ ਰਹਿਣ ਦਾ ਸਦਕਾ ਅਜਿਹੀ ਸਮ ਦ੍ਰਿਸ਼ਟੀ ਉਪਜ ਆਉਂਦੀ ਹੈ, ਕਿ ਹਰ ਥਾਂ ਉਹ ਪ੍ਰਭੂ ਹੀ ਵਿਆਪਕ ਦਿਸਦਾ ਹੈ।

ਸਾਰਗ ਮਹਲਾ ੫ ॥

1. **ਜੀਵਨੁ ਤਉ ਗਨੀਐ ਹਰਿ ਪੇਖਾ ॥**
2. **ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ**
   ਫੋਰਿ ਭਰਮ ਕੀ ਰੇਖਾ ॥੧॥ਰਹਾਉ॥
3. **ਕਹਤ ਸੁਨਤ ਕਿਛੁ ਸਾਂਤਿ ਨ ਉਪਜਤ**
   ਬਿਨੁ ਬਿਸਾਸ ਕਿਆ ਸੇਖਾਂ ॥
4. **ਪ੍ਰਭੂ ਤਿਆਗਿ ਆਨ ਜੋ ਚਾਹਤ**
   ਤਾ ਕੈ ਮੁਖਿ ਲਾਗੈ ਕਾਲੇਖਾ ॥੧॥
5. **ਜਾ ਕੈ ਰਾਸਿ ਸਰਬ ਸੁਖ ਸੁਆਮੀ**
   ਆਨ ਨ ਮਾਨਤ ਭੇਖਾ ॥
6. **ਨਾਨਕ ਦਰਸ ਮਗਨ ਮਨੁ ਮੋਹਿਓ**
   ਪੂਰਨ ਅਰਥ ਬਿਸੇਖਾ ॥੨॥੬੫॥੮੮॥

ਪਦ ਅਰਥ:–ਜੀਵਨੁ–(ਅਸਲ) ਜ਼ਿੰਦਗੀ। ਤਉ–ਤਦੋਂ (ਹੀ)। ਗਨੀਐ–ਸਮਝੀ ਜਾਣੀ ਚਾਹੀਦੀ ਹੈ। ਪੇਖਾ–ਪੇਖਾਂ, (ਜੇ) ਮੈਂ ਵੇਖ ਲਵਾਂ। ਪ੍ਰੀਤਮ–ਹੇ ਪ੍ਰੀਤਮ। ਫੋਰਿ–ਤੋੜ। ਭਰਮ–ਭਟਕਣਾ। ਰੇਖਾ–(ਮਨ ਉਤੇ) ਲਕੀਰ, ਪਿਛਲੇ ਸੰਸਕਾਰ।੧।ਰਹਾਉ।

ਕਹਤ ਸੁਨਤ–ਕਹਿੰਦਿਆਂ ਸੁਣਦਿਆਂ। ਬਿਸਾਸ–ਸ਼ਰਧਾ। ਸੇਖਾਂ–ਵਿਸ਼ੇਸ਼ਤਾ, ਲਾਭ, ਗੁਣ। ਤਿਆਗਿ–ਛੱਡ ਕੇ। ਆਨ–ਹੋਰ ਹੋਰ (ਪਦਾਰਥ)। ਤਾ ਕੈ ਮੁਖਿ–ਉਸ ਦੇ ਮੂੰਹ ਉਤੇ। ਕਾਲੇਖਾ–ਕਾਲਖ।੧।

ਜਾ ਕੈ–ਜਿਸ ਦੇ ਪੱਲੇ, ਜਿਸ ਦੇ ਹਿਰਦੇ ਵਿਚ। ਰਾਸਿ–ਪੂੰਜੀ, ਸਰਮਾਇਆ। ਸਰਬ ਸੁਖ–ਸਾਰੇ ਸੁੱਖ ਦੇਣ ਵਾਲਾ। ਅਨ ਭੇਖਾ–ਹੋਰ ਹੋਰ ਭੇਖ, ਹੋਰ (ਵਿਖਾਵੇ ਦੇ) ਧਾਰਮਕ ਪਹਿਰਾਵੇ। ਨ ਮਾਨਤ–ਨਾ ਮੰਨਦਾ। ਮਗਨ–ਮਸਤ। ਅਰਥ–ਲੋੜਾਂ। ਬਿਸੇਖਾ–ਉਚੇਚੀਆਂ, ਵਿਸ਼ੇਸ਼ ਕਰਕੇ।੨।

ਅਰਥ:–

ਪ੍ਰ:–ਗੁਰਦੇਵ ਜੀਉ! ਤੁਸੀਂ ਇਸ ਮਨੁੱਖਾ ਜਨਮ ਦੀ ਸਫਲਤਾਈ ਕਿਸ ਰੂਪ ਵਿਚ ਸਮਝਦੇ ਹੋ?

1. ਉ:–ਹੇ ਭਾਈਓ! ਅਸਲ ਵਿਚ ਤਾਂ (ਜੇ ਮੈਂ ਇਸੇ ਜਨਮ ਵਿਚ) ਪ੍ਰਮੇਸ਼ਰ ਜੀ ਦਾ ਦਰਸ਼ਨ ਕਰ ਸਕਾਂ, ਤਦੋਂ ਹੀ (ਮੇਰਾ ਇਹ ਅਸਲ ਮਨੁੱਖਾ) ਜੀਵਨ (ਸਫਲ) ਸਮਝਿਆ ਜਾ ਸਕਦਾ ਹੈ।

ਪ੍ਰ:–ਸ੍ਰੀ ਜੀਉ! ਤੁਸੀਂ ਇਸ ਦੀ ਪ੍ਰਾਪਤੀ ਲਈ ਸਾਧਨ ਕੀ ਕਰਦੇ ਹੋ?

2. ਉ:–ਹੇ ਭਾਈ! ਮੈਂ ਤਾਂ ਇਕ ਅਰਦਾਸ ਹੀ ਕਰਦਾ ਹਾਂ ਕਿ, ਹੇ ਪ੍ਰੀਤਮ ਪ੍ਰਭੂ, ਹੇ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ, (ਮੇਰੇ ਮਨ ਵਿਚੋਂ ਪਿਛਲੇ ਜਨਮਾਂ ਦੇ) ਭਟਕਣਾ ਦੇ ਸੰਸਕਾਰ ਦੂਰ ਕਰ ਦੇ।੧।ਰਹਾਉ।

ਪ੍ਰ:–ਗੁਰਦੇਵ ਜੀਉ! ਕਈ ਲੋਕ ਆਪ ਨੂੰ ਸ਼ਾਂਤੀ ਪ੍ਰਾਪਤ ਹੋ ਜਾਣ ਦਾ ਦਾਅਵਾ ਕਰਦੇ ਹੀ ਸੁਣਿਆ ਜਾਂਦਾ ਹੈ, ਕੀ ਇਹ ਠੀਕ ਮੰਨ ਲਿਆ ਜਾਵੇ?

3. ਉ:–ਹੇ ਭਾਈਓ! ਅਸਲ ਵਿਚ ਨਿਰਾ ਆਖਣ ਸੁਣਨ ਨਾਲ ਹੀ (ਮਨੁੱਖ ਦੇ ਮਨ ਵਿਚ) ਕੋਈ ਸ਼ਾਂਤੀ ਪੈਦਾ ਨਹੀਂ ਹੋ ਜਾਂਦੀ। ਸ਼ਰਧਾ ਤੋਂ ਬਿਨਾਂ (ਜ਼ਬਾਨੀ ਆਖਣ ਸੁਣਨ ਦਾ) ਕੋਈ ਲ ਭ ਨਹੀਂ ਹੁੰਦਾ।

4. ਹੇ ਭਾਈ ! ਜਿਹੜਾ ਮਨੁੱਖ (ਜ਼ਬਾਨੀ ਤਾਂ ਗਿਆਨ ਦੀਆਂ ਬਥੇਰੀਆਂ ਗੱਲਾਂ ਕਰਦਾ ਹੈ, ਪਰ) ਪ੍ਰਭੂ ਨੂੰ ਭੁਲਾ ਕੇ ਹੋਰ ਹੋਰ ਪਦਾਰਥ ਲੋੜਦਾ ਹੈ, ਉਸ ਦੇ ਮੱਥੇ ਉਤੇ (ਮਾਇਆ ਦੇ ਮੋਹ ਦੀ) ਕਾਲਖ ਹੀ ਲੱਗੀ ਰਹਿੰਦੀ ਹੈ ।੧।

ਪ੍ਰ:—ਕਿਉਂ ਜੀ, ਨਾਮ ਪ੍ਰਾਪਤੀ ਵਾਲੇ ਦੀ ਪਹਿਚਾਣ ਕੀ ਹੈ ?

5. ਉ:—ਹੇ ਭਾਈਓ ! ਜਿਸ ਮਨੁੱਖ ਦੇ ਹਿਰਦੇ ਵਿਚ ਸਾਰੇ ਸੁੱਖ ਦੇਣ ਵਾਲੇ ਪ੍ਰਭੂ ਦੇ ਨਾਮ ਦਾ ਸਰਮਾਇਆ ਹੈ, ਉਹ ਹੋਰ (ਵਿਖਾਵੇ ਦੇ) ਧਾਰਮਕ ਭੇਖਾਂ ਨੂੰ ਨਹੀਂ ਮੰਨਦਾ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਤਾਂ ਪ੍ਰਭੂ ਦੇ ਦਰਸ਼ਨ ਵਿਚ ਮਸਤ ਰਹਿੰਦਾ ਹੈ, ਉਸ ਦਾ ਮਨ (ਪ੍ਰਭੂ ਦੇ ਦਰਸ਼ਨਾਂ ਨਾਲ) ਮੋਹਿਆ ਜਾਂਦਾ ਹੈ, (ਪ੍ਰਭੂ ਦੀ ਕ੍ਰਿਪਾ ਨਾਲ) ਉਸ ਦੀਆਂ ਸਾਰੀਆਂ ਲੋੜਾਂ ਉਚੇਚੀਆਂ ਪੂਰਨ ਹੁੰਦੀਆਂ ਰਹਿੰਦੀਆਂ ਹਨ । ੨।੬੫।੮੮।

ਭਾਵਾਰਥ :—ਜਿਨ੍ਹਾਂ ਨੂੰ ਸਰਬ ਫਲ ਦਾਤਾ ਹਰੀ ਪ੍ਰਾਪਤ ਹੋਵੇ, ਉਹ ਕਿਸੇ ਹੋਰ ਨੂੰ ਮੰਨਣਾ ਭਰਮ ਖਿਆਲ ਕਰਦੇ ਹਨ ।

ਸਾਰਗ ਮਹਲਾ ੫ ॥

1. ਸਿਮਰਨ ਰਾਮ ਕੋ ਇਕੁ ਨਾਮ ॥
2. ਕਲਮਲ ਦਗਧ ਹੋਹਿ ਖਿਨ ਅੰਤਰਿ
ਕੋਟਿ ਦਾਨ ਇਸਨਾਨ ॥੧॥ ਰਹਾਉ॥
3. ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ
ਬਿਨੁ ਹਰਿ ਫੋਕਟ ਗਿਆਨ ॥
4. ਜਨਮ ਮਰਨ ਸੰਕਟ ਤੇ ਛੂਟੈ
ਜਗਦੀਸ ਭਜਨ ਸੁਖ ਧਿਆਨ ॥੧॥
5. ਤੇਰੀ ਸਰਨਿ ਪੂਰਨ ਸੁਖ ਸਾਗਰ
ਕਰਿ ਕਿਰਪਾ ਦੇਵਹੁ ਦਾਨ ॥
6. ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ
ਬਿਨਸਿ ਜਾਇ ਅਭਿਮਾਨ ॥੨॥੬੬॥੮੯॥

ਪਦ ਅਰਥ :—ਇਕੁ—ਸਿਰਫ । ਕੋ—ਦਾ । ਕਲਮਲ—ਪਾਪ । ਦਗਧ ਹੋਹਿ—ਸੜ ਜਾਂਦੇ ਹਨ । ਕੋਟਿ—ਕ੍ਰੋੜਾਂ ।੧। ਰਹਾਉ।

ਆਨ ਜੰਜਾਰ—ਹੋਰ ਹੋਰ (ਮਾਇਕ) ਜੰਜਾਲਾਂ ਵਾਸਤੇ । ਬ੍ਰਿਥਾ—ਵਿਅਰਥ । ਸ੍ਰਮੁ—ਮਿਹਨਤ, ਖੇਚਲ । ਫੋਕਟ—ਫੋਕੇ । ਸੰਕਟ ਤੇ—ਕਸ਼ਟ ਤੋਂ । ਜਗਦੀਸ—ਜਗਤ ਦਾ ਮਾਲਕ [ਜਗਤ-ਈਸ਼] । ਧਿਆਨ—ਸੁਰਤਿ ।੧।

ਸੁਖ ਸਾਗਰ—ਹੇ ਸੁੱਖਾਂ ਦੇ ਸਮੁੰਦਰ । ਕਰਿ—ਕਰ ਕੇ । ਸਿਮਰਿ—ਸਿਮਰ ਕੇ । ਪ੍ਰਭ—ਹੇ ਪ੍ਰਭੂ । ਜੀਵੈ—ਆਤਮਕ ਜੀਵਨ ਹਾਸਲ ਕਰੇ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਮਨੁੱਖ ਦੇ ਪਾਪ ਤਾਂ ਕ੍ਰੋੜਾਂ ਹੀ ਹਨ, ਦਸੋ, ਇਨ੍ਹਾਂ ਦਾ ਨਾਸਕ ਕਿਹੜਾ ਸਾਧਨ ਹੈ, ਜਿਸ ਨੂੰ ਅਸੀਂ ਹਮੇਸ਼ਾਂ ਹੀ ਕਰਦੇ ਰਹੀਏ ?

1. ਉ:—ਹੇ ਭਾਈਓ ! ਸਭ ਤੋਂ ਵੱਡਾ ਤਾਂ ਇਕੋ ਪ੍ਰਮੇਸ਼ਰ ਦਾ ਨਾਮ ਹੀ ਹੈ, ਜੋ ਕਰਦੇ ਰਹਿਣਾ ਚਾਹੀਦਾ ਹੈ ।

2. ਹੇ ਭਾਈ ! ਜੋ ਮਨੁੱਖ ਸਿਮਰਨ ਕਰਦੇ ਹਨ, ਤਾਂ ਇਕ ਖਿਨ ਵਿਚ (ਹੀ ਉਨ੍ਹਾਂ ਜੀਵਾਂ ਦੇ ਸਾਰੇ) ਪਾਪ ਸੜ ਜਾਂਦੇ ਹਨ (ਉਸ ਨੂੰ ਮਾਨੋ) ਕ੍ਰੋੜਾਂ ਦਾਨ ਤੇ ਤੀਰਥ ਇਸ਼ਨਾਨ (ਕਰਨ ਦਾ ਫਲ ਮਿਲ ਗਿਆ) ।੧।ਰਹਾਉ।

ਪ੍ਰ:—ਸ੍ਰੀ ਜੀਉ ! ਜੋ ਗਿਆਨ ਦੀਆਂ ਗੱਲਾਂ ਦਾ ਸਦਾ ਹੀ ਵਖਿਆਨ ਕਰਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਫਲ ਹਾਸਲ ਹੋਵੇਗਾ ?

3. ਉ:—ਹੇ ਪਿਆਰੇ ! (ਜੇ ਮਨੁੱਖ ਮਾਇਆ ਦੇ ਹੀ) ਹੋਰ ਹੋਰ ਜੰਜਾਲਾਂ ਵਾਸਤੇ ਵਿਅਰਥ ਭੱਜ-ਦੌੜ ਕਰਦਾ ਰਹਿੰਦਾ ਹੈ (ਅਤੇ ਨਾਮ ਨਹੀਂ ਸਿਮਰਦਾ ਤਾਂ) ਪ੍ਰਮਾਤਮਾ ਦੇ ਨਾਮ ਤੋਂ ਬਿਨਾਂ (ਨਿਰੀਆਂ) ਗਿਆਨ ਦੀਆਂ ਗੱਲਾਂ ਸਭ ਫੋਕੀਆਂ ਹੀ ਹਨ । (ਉਨ੍ਹਾਂ ਦੀਆਂ ਗਿਆਨ ਦੀਆਂ ਗੱਲਾਂ ਸਭ ਵਿਅਰਥ ਹਨ ।)

ਪ੍ਰ:—ਸ੍ਰੀ ਜੀਉ ! ਆਖਰ ਮਨੁੱਖ ਦਾ ਜੰਮਣ ਮਰਨ ਦੇ ਚੱਕਰ ਤੋਂ ਕਿਵੇਂ ਬਚਾਅ ਹੋ ਸਕਦਾ ਹੈ ?

4. ਉ:—ਹੇ ਪਿਆਰੇ ! ਜਦੋਂ ਇਹ ਮਨੁੱਖ ਪ੍ਰਮਾਤਮਾ ਦੇ ਭਜਨ ਸਿਮਰਨ ਵਿਚ, ਅਨੰਦ ਵਿਚ, ਸੁਰਤਿ ਜੋੜਦਾ ਹੈ, ਤਦੋਂ ਹੀ ਉਹ ਜਨਮ ਮਰਨ ਦੇ ਗੇੜ ਦੇ ਕਸ਼ਟ ਤੋਂ ਬਚਦਾ ਹੈ ।੧।

ਪ੍ਰ:—ਸ੍ਰੀ ਜੀਉ ! ਸਾਨੂੰ ਕੋਈ ਸੁਖੈਨ ਸਾਧਨ ਦਸੋ, ਜੋ ਕਰਦੇ ਰਹੀਏ ?

5. ਉ:—ਹੇ ਭਾਈਓ ! ਇਕੋ ਹੀ ਸਾਧਨ ਅਰਦਾਸ ਹੈ, ਜੋ ਸਦਾ ਇਉਂ ਹੀ ਕਰਦੇ ਰਹੋ ਕਿ, ਹੇ ਸੁੱਖਾਂ ਦੇ ਸਮੁੰਦਰ ਪ੍ਰਭੂ, ਹੇ ਪੂਰਨ ਪ੍ਰਭੂ ! ਮੈਂ ਤੇਰੀ ਸ਼ਰਨ ਆਇਆ ਹਾਂ, ਕ੍ਰਿਪਾ ਕਰ ਕੇ ਮੈਨੂੰ ਆਪਣੇ ਨਾਮ ਦਾ ਦਾਨ ਦਿਓ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪ੍ਰਭੂ ਜੀ) ਤੇਰਾ ਨਾਮ ਸਿਮਰ ਸਿਮਰ ਕੇ ਆਤਮਕ ਜੀਵਨ ਮਿਲਦਾ ਹੈ ਅਤੇ (ਮਨ ਵਿਚੋਂ) ਅਹੰਕਾਰ ਨਾਸ ਹੋ ਜਾਂਦਾ ਹੈ ।੨।੬੬।੮੯।

ਭਾਵਾਰਥ :-ਹਰੀ ਸਿਮਰਨ ਵਿਚ ਧਾਰਮਿਕ ਕ੍ਰਿਆ ਗਿਆਨ, ਧਿਆਨ, ਦਾਨ, ਇਸ਼ਨਾਨ, ਸਭੇ ਹੀ ਆ ਜਾਂਦੇ ਹਨ, ਇਸ ਲਈ ਹਰੀ ਨਾਮ ਨੂੰ ਛੱਡ ਕੇ ਹੋਰ ਹੋਰ ਸਾਧਨ ਕਰਨੇ ਵਿਅਰਥ ਹਨ ।

ਸਾਰਗ ਮਹਲਾ ੫ ॥

1. **ਧੂਰਤੁ ਸੋਈ ਜਿ ਧੁਰ ਕਉ ਲਾਗੈ ॥**
2. **ਸੋਈ ਧੁਰੰਧਰੁ ਸੋਈ ਬਸੁੰਧਰੁ**
   ਹਰਿ ਏਕ ਪ੍ਰੇਮ ਰਸ ਪਾਗੈ ॥੧॥ਰਹਾਉ॥
3. **ਬਲਬੰਚ ਕਰੈ ਨ ਜਾਨੈ ਲਾਭੈ**
   ਸੋ ਧੂਰਤੁ ਨਹੀ ਮੂੜ੍ਹਾ ॥
4. **ਸੁਆਰਥੁ ਤਿਆਗਿ ਅਸਾਰਥਿ ਰਚਿਓ**
   ਨਹ ਸਿਮਰੈ ਪ੍ਰਭੁ ਰੂੜਾ ॥੧॥
5. **ਸੋਈ ਚਤੁਰੁ ਸਿਆਣਾ ਪੰਡਿਤੁ**
   ਸੋ ਸੂਰਾ ਸੋ ਦਾਨਾਂ ॥
6. **ਸਾਧ ਸੰਗਿ ਜਿਨਿ ਹਰਿ ਹਰਿ ਜਪਿਓ**
   ਨਾਨਕ ਸੋ ਪਰਵਾਨਾ ॥੨॥੬੭॥੯੦॥

ਪਦ ਅਰਥ:–ਧੂਰਤੁ–ਚਤੁਰ । ਸੋਈ–ਉਹੀ ਮਨੁੱਖ । ਜਿ–ਜਿਹੜਾ । ਧੁਰ ਕਉ–ਸਭ ਦੇ ਮੂਲ ਦੀ ਚਰਨੀਂ । ਧੁਰੰਧਰੁ–ਭਾਰ ਚੁੱਕਣ ਵਾਲਾ, ਮੁਖੀ । ਬਸੁੰਧਰੁ–ਧਨ ਧਾਰਨ ਕਰਨ ਵਾਲਾ, ਧਨੀ । ਪਾਗੈ–ਮਸਤ ਰਹਿੰਦਾ ਹੈ ।੧।ਰਹਾਉ।

ਬਲਬੰਚ–ਠੱਗੀਆਂ । ਧੂਰਤੁ–ਚਤੁਰ । ਮੂੜ੍ਹਾ–ਮੂਰਖ । ਸੁਆਰਥੁ–ਆਪਣੀ (ਅਸਲ) ਗਰਜ਼ । ਅਸਾਰਥਿ–ਘਾਟੇ ਵਾਲੇ ਕੰਮ ਵਿਚ । ਰੂੜਾ–ਸੁੰਦਰ ।੧।

ਸੂਰਾ–ਸੂਰਮਾ । ਦਾਨਾ–ਸਿਆਣਾ । ਜਿਨਿ–ਜਿਸ (ਮਨੁੱਖ) ਨੇ । ਪਰਵਾਨਾ–ਕਬੂਲ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਗੁਰਮਤਿ ਵਿਚ ਅਸਲ ਚਤੁਰ ਮਨੁੱਖ ਕਿਸ ਨੂੰ ਮੰਨਿਆ ਗਿਆ ਹੈ ?

1. **ਉ:**–ਹੇ ਭਾਈ ! ਗੁਰਮਤਿ ਅਨੁਸਾਰ ਤਾਂ ਉਹੀ ਮਨੁੱਖ (ਅਸਲ) ਚਤਰ ਮੰਨਿਆ ਗਿਆ ਹੈ, ਜਿਹੜਾ ਜਗਤ ਦੇ ਮੂਲ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।
2. ਹੇ ਪਿਆਰੇ ! ਉਹੀ ਮਨੁੱਖ ਮੁਖੀ ਹੈ, ਉਹੀ ਮਨੁੱਖ ਧਨੀ ਹੈ, ਜਿਹੜਾ ਸਿਰਫ਼ ਪ੍ਰਮਾਤਮਾ ਦੇ ਪਿਆਰ ਰਸ ਵਿਚ ਮਸਤ ਰਹਿੰਦਾ ਹੈ ।੧।ਰਹਾਉ।
3. ਪਰ, ਹੇ ਭਾਈ ! ਜਿਹੜਾ ਮਨੁੱਖ (ਹੋਰਨਾਂ ਨਾਲ) ਠੱਗੀਆਂ ਕਰਦਾ ਹੈ, (ਉਹ ਆਪਣਾ ਅਸਲ) ਲਾਭ ਨਹੀਂ ਸਮਝਦਾ, ਉਹ ਚਤਰ ਨਹੀਂ, ਉਹ ਮੂਰਖ ਹੈ ।
4. ਹੇ ਭਾਈ ! ਉਹ ਆਪਣੀ ਅਸਲ ਗਰਜ਼ ਛੱਡ ਕੇ ਘਾਟੇ ਵਾਲੇ ਕੰਮ ਵਿਚ ਰੁੱਝਾ ਰਹਿੰਦਾ ਹੈ, (ਕਿਉਂਕਿ) ਉਹ ਸੁੰਦਰ ਪ੍ਰਭੂ ਦਾ ਨਾਮ ਨਹੀਂ ਸਿਮਰਦ ।੧।
5. ਹੇ ਪਿਆਰੇ ! ਉਹੀ ਮਨੁੱਖ ਚਤਰ ਤੇ ਸਿਆਣਾ ਹੈ, ਉਹੀ ਮਨੁੱਖ ਪੰਡਤ ਸੂਰਮਾ ਤੇ ਦਾਨਾ ਹੈ, ਜਿਸ ਨੇ ਸਾਧ ਸੰਗਤ ਵਿਚ ਟਿਕ ਕੇ ਹਰਿ ਨਾਮ ਜਪਿਆ ਹੈ ।

ਪ੍ਰ:–ਗੁਰਦੇਵ ਜੀਉ ! ਰੱਬੀ ਦਰਬਾਰ ਵਿਚ ਗਿਆ ਕੌਣ ਪ੍ਰਵਾਨ ਹੋਵੇਗਾ ?

6. **ਉ:**–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਸਾਧ ਸੰਗਤ ਵਿਚ ਮਿਲ ਕੇ ਜਿਨ੍ਹਾਂ ਨੇ ਹਰੀ ਦਾ ਨਾਮ ਸਿਮਰਨ ਕੀਤਾ ਹੈ, ਉਹੀ ਮਨੁੱਖ (ਪ੍ਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੁੰਦਾ ਹੈ ।੨।੬੭।੯੦।

ਭਾਵਾਰਥ :–ਭੇਖਾਂ ਦੀ ਨਿਖੇਧੀ ਕਰ ਰਹੇ ਹਨ, ਅਤੇ ਇਨ੍ਹਾਂ ਭੇਖਾਂ ਦੇ ਨਾਵਾਂ ਦੇ ਦੂਸਰੇ ਅਰਥ ਕੱਢ ਕੇ ਦੱਸ ਰਹੇ ਹਨ ਕਿ ਅਸਲ ਭੇਖ ਕਿਸ ਨੂੰ ਕਹੀਦਾ ਹੈ ਤੇ ਕਿਹੜੇ ਗੁਣਾਂ ਦੇ ਹੋਣ ਨਾਲ ਮਨੁੱਖ ਬਣੀਦਾ ਹੈ ।

ਸਾਰਗ ਮਹਲਾ ੫ ॥

1. **ਹਰਿ ਹਰਿ ਸੰਤ ਜਨਾ ਕੀ ਜੀਵਨਿ ॥**
2. **ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ**
   ਰਾਮ ਨਾਮ ਰਸੁ ਪੀਵਨਿ ॥੧॥ਰਹਾਉ॥
3. **ਸੰਚਨਿ ਰਾਮ ਨਾਮ ਧਨੁ ਰਤਨਾ**
   ਮਨ ਤਨ ਭੀਤਰਿ ਸੀਵਨਿ ॥
4. **ਹਰਿ ਰੰਗ ਰਾਂਗ ਭਏ ਮਨ ਲਾਲਾ**
   ਰਾਮ ਨਾਮ ਰਸ ਖੀਵਨਿ ॥੧॥
5. **ਜਿਉ ਮੀਨਾ ਜਲ ਸਿਉ ਉਰਝਾਨੋ**
   ਰਾਮ ਨਾਮ ਸੰਗਿ ਲੀਵਨਿ ॥
6. **ਨਾਨਕ ਸੰਤ ਚਾਤ੍ਰਿਕ ਕੀ ਨਿਆਈ**
   ਹਰਿ ਬੂੰਦ ਪਾਨ ਸੁਖ ਥੀਵਨਿ ॥੨॥੬੮॥੯੧॥

ਪਦ ਅਰਥ –ਜੀਵਨਿ–ਜੀਵਨੀ, ਜੀਵਨ ਰਹਿਤ । ਬਿਖੈ ਭੋਗ–ਵਿਸ਼ਿਆਂ ਦੇ ਭੋਗ । ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ। ਪੀਵਨਿ–ਪੀਂਦੇ ਹਨ ।੧।ਰਹਾਉ।

ਸੰਚਨਿ–ਇਕੱਠਾ ਕਰਦੇ ਹਨ । ਸੀਵਨਿ–ਪਰੋਂਦੇ ਹਨ । ਰਾਂਗ ਭਏ–ਰੰਗੇ ਜਾਂਦੇ ਹਨ । ਖੀਵਨਿ-ਮਸਤ ਹੋਏ ਰਹਿੰਦੇ ਹਨ ।੧।

ਮੀਨਾ–ਮੱਛੀ । ਸਿਉ–ਨਾਲ । ਉਰਝਾਨੋ–ਲਪਟੀ ਰਹਿੰਦੀ ਹੈ । ਸੰਗਿ–ਨਾਲ । ਲੀਵਨਿ–ਲਿਵ ਜੋੜੀ ਰੱਖਦੇ ਹਨ । ਚਾਤ੍ਰਿਕ–ਪਪੀਹਾ । ਨਿਆਈ–ਵਾਂਗ । ਪਾਨ–ਪਾਨ ਕਰ ਕੇ, ਪੀ ਕੇ । ਥੀਵਨਿ–ਹੁੰਦੇ ਹਨ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਹਰੀ ਦੇ ਸੰਤ ਜਨਾਂ ਦੀ ਜੀਵਨੀ ਕਿਵੇਂ ਗੁਜ਼ਰਦੀ ਹੈ ?

1. **ਉ:**–ਹੇ ਭਾਈਓ ! ਹਰੀ ਦੇ ਸੰਤ ਜਨਾਂ ਦੀ ਇਹੋ ਹੀ ਜੀਵਨੀ ਹੋਇਆ ਕਰਦੀ ਹੈ ।
2. ਹੇ ਭਾਈ ! ਪ੍ਰਮਾਤਮਾ ਦੇ ਭਗਤ ਆਤਮ-ਜੀਵਨ ਦੇਣ ਵਾਲੇ ਸੁੱਖਾਂ ਦੇ ਸਮੁੰਦਰ ਹਰਿ ਨਾਮ ਦਾ ਰਸ (ਸਦਾ)

ਪੀਂਦੇ ਰਹਿੰਦੇ ਹਨ, ਇਹੀ ਉਨ੍ਹਾਂ ਵਾਸਤੇ ਦੁਨੀਆਂ ਵਾਲੇ ਵਿਸ਼ੇ ਭੋਗਾਂ ਦਾ ਸੁਆਦ ਹੈ ।੧।ਰਹਾਉ।

ਪ੍ਰ:–ਸ੍ਰੀ ਜੀਉ ! ਸੰਤ ਜਨਾਂ ਦੀ ਹੋਰ ਕੀ ਰਹਿਤ ਹੈ ?

3.ਉ:–ਹੇ ਭਾਈਓ ! ਸੰਤ ਜਨ ਪ੍ਰਮਾਤਮਾ ਦਾ ਨਾਮ ਧਨ ਇਕੱਠਾ ਕਰਦੇ ਹਨ, ਨਾਮ ਰਤਨ ਇਕੱਠਾ ਕਰਦੇ ਹਨ ਅਤੇ ਆਪਣੇ ਮਨ ਵਿਚ, ਹਿਰਦੇ ਵਿਚ (ਉਨ੍ਹਾਂ ਨੂੰ) ਪਰੋ ਰੱਖਦੇ ਹਨ ।

4. ਅਤੇ ਪ੍ਰਮਾਤਮਾ ਦੇ ਰੰਗ ਨਾਲ ਰੰਗੀਜ ਕੇ ਉਨ੍ਹਾਂ ਦਾ ਮਨ ਗੂੜ੍ਹੇ ਰੰਗ ਵਾਲਾ ਹੋਇਆ ਰਹਿੰਦਾ ਹੈ, ਉਹ ਹਰਿ ਨਾਮ ਦੇ ਰਸ ਨਾਲ ਮਸਤ ਰਹਿੰਦੇ ਹਨ ।੧।

ਪ੍ਰ:–ਗੁਰਦੇਵ ਜੀਉ ! ਉਨ੍ਹਾਂ ਸੰਤ ਜਨਾਂ ਦਾ ਮਨ ਉਸ ਸਾਈਂ ਜੀ ਦੇ ਨਾਲ ਕਿਵੇਂ ਲੰਪਟ ਰਹਿੰਦਾ ਹੈ ?

5.ਉ:–ਹੇ ਪਿਆਰੇ ! ਉਹ ਸੰਤ ਜਨ ਮਨ ਕਰਕੇ ਪ੍ਰਭੂ ਜੀ ਨਾਲ ਇਉਂ ਹੀ ਲੰਪਟ ਰਹਿੰਦੇ ਹਨ, ਜਿਵੇਂ ਮੱਛੀ ਪਾਣੀ ਨਾਲ ਲਪਟੀ ਰਹਿੰਦੀ ਹੈ (ਪਾਣੀ ਤੋਂ ਬਿਨਾਂ ਜੀਉ ਨਹੀਂ ਸਕਦੀ), ਇਸੇ ਤਰ੍ਹਾਂ ਉਹ ਹਰਿ ਨਾਮ ਵਿਚ ਲੀਨ ਰਹਿੰਦੇ ਹਨ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਸੰਤ ਜਨ ਪਪੀਹੇ ਵਾਂਗ ਹਨ (ਜਿਵੇਂ ਪਪੀਹਾ ਸਵਾਂਤੀ ਨਛੱਤਰ ਦੀ ਬਰਖਾ ਦੀ ਬੂੰਦ ਪੀ ਕੇ ਤ੍ਰਿਪਤ ਹੁੰਦਾ ਹੈ, ਤਿਵੇਂ ਸੰਤ ਜਨ) ਪ੍ਰਮਾਤਮਾ ਦੇ ਨਾਮ ਦੀ ਬੂੰਦ ਪੀ ਕੇ ਸੁਖੀ ਹੁੰਦੇ ਹਨ ।੨।੬੮।੯੧।

ਭਾਵਾਰਥ :–ਹਰੀ ਦਾ ਨਾਮ ਜਪਣਾ ਹੀ ਅਸਲ ਜੀਵਨ ਹੈ, ਇਸ ਤੋਂ ਬਿਨਾਂ ਹਰੀ ਦੇ ਸੇਵਕ ਜੀ ਨਹੀਂ ਸਕਦੇ ।

ਸਾਰਗ ਮਹਲਾ ੫ ॥

1. ਹਰਿ ਕੇ ਨਾਮ ਹੀਨ ਬੇਤਾਲ ॥

2. ਜੇਤਾ ਕਰਨ ਕਰਾਵਨ ਤੇਤਾ
ਸਭਿ ਬੰਧਨ ਜੰਜਾਲ ॥੧॥ਰਹਾਉ॥

3. ਬਿਨੁ ਪ੍ਰਭ ਸੇਵ ਕਰਤ ਅਨਸੇਵਾ
ਬਿਰਥਾ ਕਾਟੈ ਕਾਲ ॥

4. ਜਬ ਜਮੁ ਆਇ ਸੰਘਾਰੈ ਪ੍ਰਾਨੀ
ਤਬ ਤੁਮਰੋ ਕਉਨੁ ਹਵਾਲ ॥੧॥

5. ਰਾਖਿ ਲੇਹੁ ਦਾਸ ਅਪਨੇ ਕਉ
ਸਦਾ ਸਦਾ ਕਿਰਪਾਲ ॥

6. ਸੁਖ ਨਿਧਾਨ ਨਾਨਕ ਪ੍ਰਭੁ ਮੇਰਾ
ਸਾਧ ਸੰਗਿ ਧਨ ਮਾਲ ॥੨॥੬੯॥੯੨॥

ਪਦ ਅਰਥ :–ਹੀਨ–ਸੱਖਣੇ । ਬੇਤਾਲ–ਭੂਤਨੇ, ਭੂਤ ਪ੍ਰੇਤ । ਜੇਤਾ–ਜਿਤਨਾ ਕੁਝ । ਸਭ–ਸਾਰੇ ।੧।ਰਹਾਉ । ਅਨ–ਹੋਰ (ਦੀ) । ਕਾਟੈ–ਗੁਜ਼ਾਰਦਾ ਹੈ । ਕਾਲ–(ਜ਼ਿੰਦਗੀ ਦਾ) ਸਮਾਂ । ਸੰਘਾਰੈ–(ਜਾਨੋਂ) ਮਾਰਦਾ ਹੈ । ਪ੍ਰਾਨੀ–ਹੇ ਪ੍ਰਾਣੀ । ਕਉਨੁ ਹਵਾਲ–ਕੀਹ ਹਾਲ ?੧।

ਕਿਰਪਾਲ–ਹੇ ਕ੍ਰਿਪਾਲ । ਸੁਖ ਨਿਧਾਨ–ਸੁੱਖਾਂ ਦਾ ਖ਼ਜ਼ਾਨਾ । ਸਾਧ ਸੰਗਿ–ਸਾਧ ਸੰਗਤ ਵਿਚ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਗੁਰਮਤਿ ਅਨੁਸਾਰ ਸਹੀ ਭੂਤ ਪ੍ਰੇਤ ਕਿਸ ਨੂੰ ਮੰਨਿਆ ਗਿਆ ਹੈ ?

1.ਉ:–ਹੇ ਭਾਈ ! ਪ੍ਰਮਾਤਮਾ ਦੇ ਨਾਮ ਤੋਂ ਜੋ ਮਨੁੱਖ ਸੱਖਣੇ ਰਹਿੰਦੇ ਹਨ, (ਆਤਮਕ ਜੀਵਨ ਦੀ ਕਸਵੱਟੀ ਅਨੁਸਾਰ) ਉਹ ਭੂਤ ਪ੍ਰੇਤ ਹੀ ਹਨ ।

2. ਐ ਪਿਆਰੇ ! (ਅਜਿਹੇ ਮਨੁੱਖ) ਜਿਤਨਾ ਕੁਝ ਕਰਦੇ ਹਨ, ਜਾਂ ਕਰਾਉਂਦੇ ਹਨ, ਉਨ੍ਹਾਂ ਦੇ ਉਹ ਸਾਰੇ ਹੀ ਕੰਮ ਮਾਇਆ ਦੀਆਂ ਫਾਹੀਆਂ, ਮਾਇਆ ਦੇ ਜੰਜਾਲ (ਹੀ ਵਧਾਉਂਦੇ ਹਨ ।੧।ਰਹਾਉ।

3. ਹੇ ਭਾਈ ! ਪ੍ਰਮਾਤਮਾ ਦੀ ਭਗਤੀ ਤੋਂ ਬਗੈਰ ਹੋਰ ਹੋਰ ਦੀ ਸੇਵਾ ਕਰਦਿਆਂ (ਮਨੁੱਖ ਆਪਣੀ ਜ਼ਿੰਦਗੀ ਦਾ) ਸਮਾਂ ਵਿਅਰਥ ਬਿਤਾਉਂਦਾ ਹੈ ।

4. ਹੇ ਪ੍ਰਾਣੀ ! (ਜੇ ਤੂੰ ਹਰਿ ਨਾਮ ਤੋਂ ਬਿਨਾਂ ਹੀ ਰਿਹਾ, ਤਾਂ) ਜਦੋਂ ਯਮਰਾਜ ਆ ਕੇ ਮਾਰਦਾ ਹੈ, ਤਦੋਂ (ਸੋਚ) ਤੇਰਾ ਕੀਹ ਹਾਲ ਹੋਵੇਗਾ ?੧।

ਪ੍ਰ:–ਗੁਰਦੇਵ ਜੀਉ ! ਫਿਰ ਦਸੋ, ਅੰਤ ਦੇ ਸਮੇਂ ਲਈ ਕੀ ਕਰਨਾ ਚਾਹੀਦਾ ਹੈ ?

5.ਉ:–ਹੇ ਪਿਆਰੇ ! (ਇਉਂ ਹੀ ਅਰਦਾਸ ਕਰਦਾ ਰਹੁ ਕਿ) ਹੇ ਸਦਾ ਹੀ ਦਇਆ ਦੇ ਸੋਮੇ ! ਆਪਣੇ ਦਾਸ ਦੀ ਆਪ ਹੀ ਰੱਖਿਆ ਕਰ (ਤੇ ਆਪਣਾ ਨਾਮ ਬਖਸ਼ਸ਼ ਕਰ) ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਹ ਮੇਰਾ ਪ੍ਰਭੂ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ, ਉਸ ਦਾ ਨਾਮ ਧਨ, ਸਾਧ ਸੰਗਤ ਵਿਚੋਂ ਹੀ ਮਿਲਦਾ ਹੈ ।੨।੬੯।੯੨।

ਭਾਵਾਰਥ :–ਪ੍ਰਭੂ ਦੇ ਨਾਮ ਸਿਮਰਨ ਤੋਂ ਸੱਖਣਾ ਮਨੁੱਖ ਤਾਂ ਮਨੁੱਖ ਹੀ ਨਹੀਂ ਹੈ, ਸਮਝੋ ਉਹ ਤਾਂ ਨਿਰੀ ਭੂਤ ਪ੍ਰੇਤਾਂ ਵਾਲੀ ਜ਼ਿੰਦਗੀ ਹੀ ਬਤੀਤ ਕਰਦਾ ਹੈ, ਇਸ ਲਈ ਮਨੁੱਖ ਜਾਮੇ ਦੀ ਸਫਲਤਾ ਵਾਸਤੇ ਸਾਧ ਸੰਗਤ ਵਿਚ ਟਿਕ ਕੇ ਨਾਮ ਜਪਦੇ ਰਹਿਣ ਦੀ ਹੀ ਹਰ ਪ੍ਰਾਣੀ ਨੂੰ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਮਨਿ ਤਨਿ ਰਾਮ ਕੋ ਬਿਉਹਾਰੁ ॥

2. ਪ੍ਰੇਮ ਭਗਤਿ ਗੁਨ ਗਾਵਤ ਗੀਧੇ

ਪੋਹਤ ਨਹ ਸੰਸਾਰੁ ।੧।ਰਹਾਉ।

3. ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ
ਇਹੁ ਸਾਧ ਕੋ ਆਚਾਰੁ ॥

4. ਚਰਨ ਕਮਲ ਅਸਥਿਤਿ ਰਿਦ ਅੰਤਰਿ
ਪੂਜਾ ਪ੍ਰਾਨ ਕੋ ਆਧਾਰੁ ॥੧॥

5. ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ
ਕਿਰਪਾ ਅਪਨੀ ਧਾਰੁ ॥

6. ਨਾਮੁ ਨਿਧਾਨੁ ਉਚਰਉ ਨਿਤ ਰਸਨਾ
ਨਾਨਕ ਸਦ ਬਲਿਹਾਰੁ ॥੨॥੭੦॥੯੩॥

ਪਦ ਅਰਥ :—ਮਨਿ-ਮਨ ਵਿਚ । ਤਨਿ—ਤਨ ਵਿਚ । ਕੋ—ਦਾ । ਬਿਉਹਾਰੁ—ਆਹਰ । ਗੀਧੇ—ਗਿੱਝੇ ਹੋਏ । ਸੰਸਾਰੁ—ਜਗਤ (ਦਾ ਮੋਹ) ।੧।ਰਹਾਉ।

ਸ੍ਰਵਣੀ—ਕੰਨਾਂ ਨਾਲ । ਕੋ—ਦਾ । ਆਚਾਰੁ—ਨਿਤ ਦੀ ਕਾਰ । ਅਸਥਿਤਿ—ਟਿਕਾਉ । ਰਿਦ-ਹਿਰਦਾ । ਆਧਾਰੁ—ਆਸਰਾ ।੧।

ਪ੍ਰਭ—ਹੇ ਪ੍ਰਭੂ । ਨਿਧਾਨੁ—ਖਜ਼ਾਨਾ । ਉਚਰਉ—ਉਚਰਉਂ, ਮੈਂ ਉਚਾਰਦਾ ਰਹਾਂ । ਨਿਤ—ਸਦਾ । ਰਸਨਾ—ਜੀਭ ਨਾਲ । ਸਦ—ਸਦਾ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਜਗਤ ਵਿਚ ਮੋਹ ਦੀ ਬੜੀ ਪ੍ਰਬਲਤਾ ਹੈ, ਕੋਈ ਉਪਾਉ ਦੱਸੋ ਜਿਸ ਦੀ ਬਰਕਤ ਨਾਲ ਇਹ ਪੋਹ ਨਾ ਸਕੇ ?

1.**ਉ**:—ਹੇ ਪਿਆਰੇ ! ਸੁਣੋ, ਜਿਨ੍ਹਾਂ ਮਨੁੱਖਾਂ ਦੇ ਅੰਦਰ ਇਹ ਤਿੰਨ ਗੁਣ ਹਨ, ਭਾਵ ਜਿਨ੍ਹਾਂ ਦੇ ਮਨ ਵਿਚ, ਹਿਰਦੇ ਵਿਚ ਸਦਾ ਪ੍ਰਭੂ ਦਾ (ਨਾਮ ਸਿਮਰਨ ਦਾ ਹੀ) ਆਸਰਾ ਹੈ ।

2. ਅਤੇ ਜਿਹੜੇ ਮਨੁੱਖ ਪ੍ਰਭੂ ਪ੍ਰੇਮ ਅਤੇ ਹਰਿ ਭਗਤੀ (ਦੇ ਮਤਵਾਲੇ ਹਨ), ਜੋ ਪ੍ਰਭੂ ਦੇ ਗੁਣ ਗਾਉਣ ਵਿਚ ਗਿੱਝੇ ਹੋਏ ਹਨ, ਉਨ੍ਹਾਂ ਨੂੰ ਜਗਤ (ਦਾ ਮੋਹ) ਪੋਹ ਨਹੀਂ ਸਕਦਾ ।੧।ਰਹਾਉ।

ਪ੍ਰ:—ਸ੍ਰੀ ਜੀਉ ! ਅਜਿਹੇ ਸੰਤ ਜਨਾਂ ਦੀ ਨਿਤ ਕਿਰਿਆ ਕੀ ਹੈ ?

3.**ਉ**:—ਹੇ ਭਾਈ ! ਉਨ੍ਹਾਂ ਦੀ ਨਿਤ ਕਿਰਿਆ ਇਹੋ ਹੀ ਹੈ ਕਿ, ਕੰਨਾਂ ਨਾਲ ਮਾਲਕ ਪ੍ਰਭੂ ਦੀ ਸਿਫਤ ਸਾਲਾਹ ਸੁਣਨੀ, ਜੀਭ ਨਾਲ (ਮਾਲਕ ਦਾ ਨਾਮ) ਸਿਮਰਨਾ, ਸੰਤ ਜਨਾਂ ਦੀ ਇਹੋ ਨਿਤ ਦੀ ਕਾਰ ਹੋਇਆ ਕਰਦੀ ਹੈ ।

4. ਅਤੇ ਉਨ੍ਹਾਂ ਦੇ ਹਿਰਦੇ ਵਿਚ ਪ੍ਰਮਾਤਮਾ ਦੇ ਸੋਹਣੇ ਚਰਨਾਂ ਦਾ ਸਦਾ ਟਿਕਾਉ ਬਣਿਆ ਰਹਿੰਦਾ ਹੈ ਅਤੇ ਪ੍ਰਭੂ ਦੀ ਪੂਜਾ ਭਗਤੀ ਉਨ੍ਹਾਂ ਦੇ ਪ੍ਰਾਣਾਂ ਦਾ ਆਸਰਾ ਹੁੰਦਾ ਹੈ ।੧।

ਪ੍ਰ:—ਗੁਰਦੇਵ ਜੀਉ ! ਸਾਨੂੰ ਕੀ ਕਰਨਾ ਯੋਗ ਹੈ ?

5.**ਉ**:—ਹੇ ਭਾਈਓ ! ਤੁਸੀਂ ਹਮੇਸ਼ਾਂ ਇਉਂ ਹੀ ਅਰਦਾਸ ਕਰਦੇ ਰਹੋ ਕਿ, ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ! (ਮੇਰੀ) ਬੇਨਤੀ ਸੁਣੋ, (ਮੇਰੇ ਉਤੇ) ਆਪਣੀ ਮਿਹਰ ਕਰੋ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! ਤੇਰਾ ਨਾਮ ਹੀ (ਮੇਰੇ ਵਾਸਤੇ ਸਭ ਪਦਾਰਥਾਂ ਦਾ) ਖਜ਼ਾਨਾ ਹੈ, (ਮਿਹਰ ਕਰ, ਮੈਂ ਇਹ ਨਾਮ) ਜੀਭ ਨਾਲ ਸਦਾ ਉਚਾਰਦਾ ਰਹਾਂ, ਅਤੇ ਤੈਥੋਂ ਸਦਕੇ ਹੁੰਦਾ ਰਹਾਂ । ੨।੭੦।੯੩।

ਭਾਵਾਰਥ :—ਜੋ ਲੋਕ ਹਰੀ ਦੇ ਨਾਮ ਵਿਚ ਰਤੇ ਰਹਿੰਦੇ ਹਨ, ਉਨ੍ਹਾਂ ਨੂੰ ਮਾਇਆ ਦਾ ਅਸਰ ਨਹੀਂ ਪੋਹ ਸਕਦਾ, ਕਿਉਂਕਿ ਉਹ ਤਾਂ ਸਦਾ ਸਿਮਰਨ ਕੀਰਤਨ ਵਿਚ ਰੁੱਝੇ ਰਹਿੰਦੇ ਹਨ, ਅਤੇ ਉਨ੍ਹਾਂ ਦਾ ਦਿਲ ਸਦਾ ਪੂਜਾ ਕਰਨ ਵਿਚ ਲਗਾ ਰਹਿੰਦਾ ਹੈ ।

ਸਾਰਗ ਮਹਲਾ ੫ ॥

1. ਹਰਿ ਕੇ ਨਾਮ ਹੀਨ ਮਤਿ ਥੋਰੀ ॥

2. ਸਿਮਰਤ ਨਾਹਿ ਸਿਰੀਧਰ ਠਾਕੁਰ
ਮਿਲਤ ਅੰਧ ਦੁਖ ਘੋਰੀ ॥੧॥ਰਹਾਉ॥

3. ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ
ਅਨਿਕ ਭੇਖ ਬਹੁ ਜੋਰੀ ॥

4. ਤੂਟਤ ਬਾਰ ਨ ਲਾਗੈ ਤਾ ਕਉ
ਜਿਉ ਗਾਗਰਿ ਜਲ ਫੋਰੀ ॥੧॥

5. ਕਰਿ ਕਿਰਪਾ ਭਗਤਿ ਰਸੁ ਦੀਜੈ
ਮਨੁ ਖਚਿਤ ਪ੍ਰੇਮ ਰਸ ਖੋਰੀ ॥

6. ਨਾਨਕ ਦਾਸ ਤੇਰੀ ਸਰਣਾਈ
ਪ੍ਰਭ ਬਿਨੁ ਆਨ ਨ ਹੋਰੀ ॥੨॥੭੧॥੯੪॥

ਪਦ ਅਰਥ :—ਹੀਨ-ਸੱਖਣੇ । ਥੋਰੀ—ਥੋੜ੍ਹੀ, ਹੋਛੀ। ਸਿਰੀਧਰ—ਲੱਛਮੀ ਦਾ ਆਸਰਾ ਪ੍ਰਭੂ । ਅੰਧ—(ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁਕੇ ਮਨੁੱਖਾਂ ਨੂੰ । ਘੋਰੀ—ਘੋਰ, ਭਿਆਨਕ ।੧।ਰਹਾਉ।

ਸਿਉ—ਨਾਲ । ਭੇਖ—(ਵਿਖਾਵੇ ਮਾਤਰ) ਧਾਰਮਕ ਪਹਿਰਾਵੇ । ਜੋਰੀ—ਜੋੜੀ (ਪ੍ਰੀਤ) । ਬਾਰ—ਚਿਰ । ਤਾ ਕਉ ਤੂਟਤ—ਉਸ (ਪ੍ਰੀਤ) ਨੂੰ ਟੁੱਟਦਿਆਂ । ਫੋਰੀ—ਟੁੱਟੀ ਹੋਈ ।੧।

ਦੀਜੈ—ਦੇ । ਖਚਿਤ-ਮਸਤ ਰਹੇ । ਖੋਰੀ—ਖੁਮਾਰੀ ਵਿਚ । ਆਨ—ਹੋਰ ਦੂਜਾ ।੨।

ਅਰਥ.—

ਪ੍ਰ,—ਹੇ ਗੁਰੋ ! ਜੋ ਲੋਕ ਨਾਮ ਤੋਂ ਸੱਖਣੇ ਹਨ, ਉਨ੍ਹਾਂ ਦੀ ਪਛਾਣ ਕੀ ਹੈ ?

1.**ਉ**:—ਹੇ ਭਾਈ ! ਜੋ ਮਨੁੱਖ ਨਾਮ ਤੋਂ ਸੱਖਣੇ ਰਹਿੰਦੇ ਹਨ, (ਉਨ੍ਹਾਂ ਦੀ ਇਹੋ ਹੀ ਪਛਾਣ ਹੈ ਕਿ) ਉਨ੍ਹਾਂ ਦੀ ਮਤਿ ਹੋਛੀ

ਜਿਹੀ ਹੀ ਬਣ ਜਾਂਦੀ ਹੈ।

2. ਉਹ ਮਾਲਕ ਪ੍ਰਭੂ ਦਾ ਨਾਮ ਨਹੀਂ ਸਿਮਰਦੇ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਉਨ੍ਹਾਂ ਮਨੁੱਖਾਂ ਨੂੰ ਭਿਆਨਕ (ਆਤਮਕ) ਦੁੱਖ ਕਲੇਸ਼ (ਹੀ) ਵਾਪਰਦੇ ਰਹਿੰਦੇ ਹਨ ੧।ਰਹਾਉ।

ਪ੍ਰ:–ਗੁਰਦੇਵ ਜੀਉ ! ਬਹੁਤ ਲੋਕ ਸਰੀਰ ਉਤੇ ਭਿੰਨ-ਭਿੰਨ ਭੇਖ ਹੀ ਧਾਰਨ ਕਰਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਹੋ ਸਕੇਗਾ ?

3.ਉ:–ਹੇ ਭਾਈਓ ! ਉਨ੍ਹਾਂ ਬਾਰੇ ਤਾਂ ਇਉਂ ਹੀ ਸਮਝੋ ਕਿ, ਜੋ ਲੋਕ ਪ੍ਰਭੂ ਦੇ ਨਾਮ ਨਾਲ ਪਿਆਰ ਨਹੀਂ ਪਾਂਦੇ, ਪਰ, ਅਨੇਕਾਂ ਧਾਰਮਕ ਭੇਖਾਂ ਨਾਲ ਪ੍ਰੀਤ ਜੋੜੀ ਰਖਦੇ ਹਨ।

4. ਹੇ ਭਾਈ ! ਉਨ੍ਹਾਂ ਦੀ ਇਸ ਪ੍ਰੀਤ ਦੇ ਟੁਟਦਿਆਂ ਚਿਰ ਨਹੀਂ ਲਗਦਾ, ਜਿਵੇਂ ਟੁਟੀ ਹੋਈ ਗਾਗਰ ਵਿਚ ਪਾਣੀ ਨਹੀਂ ਠਹਿਰ ਸਕਦਾ।੧।

ਪ੍ਰ:–ਸ੍ਰੀ ਜੀਉ ! ਉਸ ਪ੍ਰਮੇਸ਼ਰ ਜੀ ਤੋਂ ਤੁਹਾਡੀ ਆਪਣੀ ਕੀ ਮੰਗ ਹੈ ?

5.ਉ:–ਹੇ ਪਿਆਰੇ ! ਮੇਰੀ ਤਾਂ ਇਕੋ ਹੀ ਮੰਗ ਹੈ ਕਿ, ਹੇ ਪ੍ਰਭੂ ਜੀਓ ! ਮਿਹਰ ਕਰੋ। ਮੈਨੂੰ ਆਪਣੀ ਭਗਤੀ ਦਾ ਸੁਆਦ ਬਖਸ਼ੋ, ਮੇਰਾ ਮਨ ਤੇਰੇ ਪ੍ਰੇਮ ਰਸ ਦੀ ਖੁਮਾਰੀ ਵਿਚ ਹੀ ਮਸਤ ਰਹੇ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! (ਤੇਰਾ) ਦਾਸ ਤੇਰੀ ਸ਼ਰਨ ਆਇਆ ਹੈ, (ਕਿਉਂਕਿ) ਤੈਥੋਂ ਬਿਨਾਂ ਮੇਰਾ ਕੋਈ ਹੋਰ ਦੂਜਾ ਸਹਾਰਾ ਨਹੀਂ ਹੈ।੨।੭੧।੯੪।

ਭਾਵਾਰਥ :–ਹਰੀ ਪ੍ਰਭੂ ਦੇ ਨਾਮ ਤੋਂ ਸੱਖਣੇ ਰਹਿਣ ਵਾਲੇ ਦੀ ਬੁੱਧੀ ਮਾਰੀ ਜਾਂਦੀ ਹੈ ਅਤੇ ਜ਼ਿੰਦਗੀ ਵਿਅਰਥ ਹੀ ਚਲੀ ਜਾਂਦੀ ਹੈ। ਇਸ ਲਈ ਸਾਈਂ ਜੀ ਤੋਂ ਨਾਮ ਦੀ ਦਾਤ ਮੰਗਦੇ ਰਹਿਣ ਲਈ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫ ॥

1. ਚਿਤਵਉ ਵਾ ਅਉਸਰ ਮਨ ਮਾਹਿ ॥
2. ਹੋਇ ਇਕਤ੍ਰ ਮਿਲਹੁ ਸੰਤ ਸਾਜਨ
ਗੁਣ ਗੋਬਿੰਦ ਨਿਤ ਗਾਹਿ ॥੧॥ਰਹਾਉ॥
3. ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ
ਤੇਤੇ ਬਿਰਥੇ ਜਾਹਿ ॥
4. ਪੂਰਨ ਪਰਮਾਨੰਦ ਮਨਿ ਮੀਠੋ
ਤਿਸੁ ਬਿਨੁ ਦੂਸਰ ਨਾਹਿ ॥੧॥
5. ਜਪ ਤਪ ਸੰਜਮ ਕਰਮ ਸੁਖ ਸਾਧਨ
ਤੁਲਿ ਨ ਕਛੂਐ ਲਾਹਿ ॥
6. ਚਰਨ ਕਮਲ ਨਾਨਕ ਮਨੁ ਬੇਧਿਓ
ਚਰਨਹ ਸੰਗਿ ਸਮਾਹਿ ॥੨॥੭੨॥੯੫॥

ਪਦ ਅਰਥ :–ਚਿਤਵਉ–ਚਿਤਵਉਂ, ਮੈਂ ਚਿਤਾਰਦਾ ਰਹਿੰਦਾ ਹਾਂ। ਵਾ ਅਉਸਰ–ਉਹ ਸਮਾਂ, ਉਹ ਮੌਕਾ। ਮਿਲਉ–ਮਿਲਉਂ, ਮੈਂ ਮਿਲਾਂ। ਨਿਤ–ਸਦਾ। ਗਾਹਿ–ਗਾਂਦੇ ਹਨ। ੧।ਰਹਾਉ।

ਜੇਤੇ–ਜਿਤਨੇ ਹੀ। ਕਰੀਅਹਿ–ਕੀਤੇ ਜਾਂਦੇ ਹਨ। ਤੇਤੇ–ਉਹ ਸਾਰੇ। ਬਿਰਥੇ–ਵਿਅਰਥ, ਨਿਸਫਲ। ਜਾਹਿ–ਜਾਂਦੇ ਹਨ। ਮਨਿ–ਮਨ ਵਿਚ। ਮੀਠੋ–ਮਿੱਠਾ।੧।

ਸੰਜਮ–ਇੰਦਰੀਆਂ ਨੂੰ ਵਿਕਾਰਾਂ ਵਲੋਂ ਰੋਕਣ ਦੇ ਸਾਧਨ। ਸੁਖ ਸਾਧਨ–ਸੁੱਖ ਪ੍ਰਾਪਤ ਕਰਨ ਦੇ ਸਾਧਨ। ਕਛੂਐ–ਕੁਝ ਭੀ। ਤੁਲਿ–(ਗੁਣ ਗਾਵਣ ਦੇ) ਬਰਾਬਰ। ਲਾਹਿ–ਲੈਂਦੇ, ਲਹਹਿ, ਸਮਝਦੇ। ਬੇਧਿਓ–ਵਿੱਝ ਗਿਆ। ਸੰਗਿ–ਨਾਲ। ਸਮਾਹਿ–ਲੀਨ ਰਹਿੰਦੇ।੨।

ਅਰਥ:-

ਪ੍ਰ:–ਗੁਰਦੇਵ ਜੀਉ ! ਜਗਤ ਦਾ ਹਰ ਮਨੁੱਖ ਮਾਇਕੀ ਪਦਾਰਥਾਂ ਦੇ ਲਾਭ ਹੋਣ ਦੇ ਸਮੇਂ ਦੀ ਉਡੀਕ ਵਿਚ ਹੀ ਲੱਗਾ ਰਹਿੰਦਾ ਹੈ, ਕੀ ਇਸ ਤਰ੍ਹਾਂ ਆਪ ਭੀ ਕਿਸੇ ਆਸ ਵਿਚ ਰਹਿੰਦੇ ਹੋ ?

1.ਉ:–ਹੇ ਭਾਈਓ ! ਜੇ ਸੱਚ ਪੁਛਦੇ ਹੋ ਤਾਂ ਇਉਂ ਹੀ ਸਮਝੋ ਕਿ; ਮੈਂ ਤਾਂ ਆਪਣੇ ਮਨ ਵਿਚ ਉਸੇ ਮੌਕੇ ਨੂੰ ਉਡੀਕਦਾ ਰਹਿੰਦਾ ਹਾਂ।

2. ਜਦੋਂ ਕਿ ਮੈਂ ਸੰਤਾਂ ਸੱਜਣਾਂ ਨੂੰ ਮਿਲਾਂ ਜਿਹੜੇ ਨਿਤ ਇਕੱਠੇ ਹੋ ਕੇ ਪ੍ਰਮੇਸ਼ਰ ਜੀ ਦੇ ਗੁਣ ਗਾਉਂਦੇ ਰਹਿੰਦੇ ਹਨ।੧।ਰਹਾਉ।

3, ਹੇ ਭਾਈ ! (ਮੈਨੂੰ ਇਹ ਨਿਸਚਾ ਹੈ ਕਿ) ਪ੍ਰਮੇਸ਼ਰ ਜੀ ਦੇ ਭਜਨ ਤੋਂ ਬਿਨਾਂ ਹੋਰ ਜਿਤਨੇ ਭੀ ਕੰਮ ਕੀਤੇ ਹਨ ਉਹ ਸਾਰੇ (ਜਿੰਦ ਦੇ ਭਾ ਦੇ) ਵਿਅਰਥ ਚਲੇ ਜਾਂਦੇ ਹਨ।

4. (ਇਸ ਲਈ, ਹੇ ਭਾਈਓ !) ਸਰਬ ਵਿਆਪਕ ਅਤੇ ਸਭ ਉਚੇ ਅਨੰਦ ਦੇ ਮਾਲਕ ਦਾ ਨਾਮ ਮਨ ਵਿਚ ਮਿੱਠਾ ਲੱਗਣਾ–ਇਹ ਹੈ ਅਸਲ ਲਾਹੇਵੰਦ ਕੰਮ, (ਕਿਉਂਕਿ) ਉਸ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ (ਸਾਥੀ) ਨਹੀਂ ਹੈ।੧।

ਪ੍ਰ:–ਸ੍ਰੀ ਜੀਓ ! ਕੀ ਜਪ ਤਪ ਸਾਧਨ ਕਰਦੇ ਰਹਿਣ ਨਾਲ ਕੋਈ ਫਲ ਪ੍ਰਾਪਤ ਨਹੀਂ ਹੋਵੇਗਾ ?

5ਉ:–ਹੇ ਭਾਈਓ ! ਜਪ ਤਪ ਸੰਜਮ ਆਦਿਕ ਹਠ-ਕਰਮ ਅਤੇ ਸੁੱਖ ਦੀ ਭਾਲ ਦੇ ਹੋਰ ਸਾਧਨ ਪ੍ਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ, ਅਤੇ ਸੰਤ ਜਨ

ਇਨ੍ਹਾਂ ਨੂੰ ਕੁਝ ਭੀ ਨਹੀਂ ਸਮਝਦੇ (ਭਾਵ ਤੁੱਛ ਸਮਝਦੇ ਹਨ)।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਸੰਤ ਜਨਾਂ ਦਾ ਮਨ ਪ੍ਰਮਾਤਮਾ ਦੇ ਸੋਹਣੇ ਚਰਨਾਂ ਵਿਚ ਵਿਝਿਆ ਰਹਿੰਦਾ ਹੈ, ਸੰਤ ਜਨ ਪ੍ਰਮੇਸ਼ਰ ਦੇ ਚਰਨਾਂ ਵਿਚ ਹੀ ਲੀਨ ਰਹਿੰਦੇ ਹਨ।੨।੭੨।੯੫।

ਭਾਵਾਰਥ :—ਨਾਮ ਸਿਮਰਨ ਤੋਂ ਬਿਨਾਂ ਹੋਰ ਸਾਰੇ ਸਾਧਨ ਵਿਅਰਥ ਹਨ।

ਸਾਰਗ ਮਹਲਾ ੫ ॥

1. ਮੇਰਾ ਪ੍ਰਭੁ ਸੰਗੇ ਅੰਤਰਜਾਮੀ ॥
2. ਆਗੈ ਕੁਸਲ ਪਾਛੈ ਖੇਮ ਸੂਖਾ
ਸਿਮਰਤ ਨਾਮੁ ਸੁਆਮੀ ॥੧॥ਰਹਾਉ॥
3. ਸਾਜਨ ਮੀਤ ਸਖਾ ਹਰਿ ਮੇਰੈ
ਗੁਨ ਗੁੋਪਾਲ ਹਰਿ ਰਾਇਆ ॥
4. ਬਿਸਰਿ ਨ ਜਾਈ ਨਿਮਖ ਹਿਰਦੈ ਤੇ
ਪੂਰੈ ਗੁਰੂ ਮਿਲਾਇਆ ॥੧॥
5. ਕਰਿ ਕਿਰਪਾ ਰਾਖੇ ਦਾਸ ਅਪਨੇ
ਜੀਅ ਜੰਤ ਵਸਿ ਜਾ ਕੈ ॥
6. ਏਕਾ ਲਿਵ ਪੂਰਨ ਪਰਮੇਸੁਰ
ਭਉ ਨਹੀ ਨਾਨਕ ਤਾ ਕੈ ॥੨॥੭੩॥੯੬॥

ਪਦ ਅਰਥ:—ਸੰਗੇ—ਨਾਲ ਹੀ। ਅੰਤਰਜਾਮੀ—(ਹਰੇਕ ਦੇ) ਜਾਨਣ ਵਾਲਾ। ਆਗੈ—ਅਗਾਂਹ ਆਉਣ ਵਾਲੇ ਸਮੇਂ ਵਿਚ, ਪ੍ਰਲੋਕ ਵਿਚ। ਪਾਛੈ—ਗੁਜ਼ਰ ਚੁਕੇ ਸਮੇਂ ਵਿਚ, ਇਸ ਲੋਕ ਵਿਚ। ਕੁਸਲ, ਖੇਮ—ਸੁੱਖ ਸਾਂਦ।੧।ਰਹਾਉ।

ਮੇਰੈ—ਮੇਰੇ ਵਾਸਤੇ, ਮੇਰੇ ਭਾ ਦਾ, ਮੇਰੇ ਮਨ ਵਿਚ। ਗੁੋਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫਜ਼ ਹੈ 'ਗੋਪਾਲ', ਇਥੇ 'ਗੁਪਾਲ' ਪੜ੍ਹਨਾ ਹੈ]। ਰਾਇਆ—ਰਾਜਾ, ਪਾਤਸ਼ਾਹ। ਨਿਮਖ—ਅੱਖ ਝਮਕਣ ਜਿਤਨਾ ਸਮਾਂ। ਤੇ—ਤੋਂ। ਪੂਰੈ ਗੁਰੂ—ਪੂਰੇ ਗੁਰੂ ਨੇ।੧।

ਕਰਿ—ਕਰ ਕੇ। ਰਾਖੇ—ਰੱਖਿਆ ਕਰਦਾ ਆਇਆ ਹੈ। ਵਸਿ ਜਾ ਕੈ-ਜਿਸ ਦੇ ਵੱਸ ਵਿਚ। ਲਿਵ—ਲਗਨ। ਪੂਰਨ—ਸਰਬ ਵਿਆਪਕ। ਤਾ ਕੈ—ਉਸ ਦੇ ਮਨ ਵਿਚ।੨।

ਅਰਥ:—

ਪ੍ਰ:—ਸ੍ਰੀ ਜੀਉ ! ਅਜਿਹਾ ਉਹ ਕਿਹੜਾ ਸਾਧਨ ਹੈ, ਜਿਸ ਦੀ ਬਰਕਤ ਨਾਲ ਮਨੁੱਖ ਲੋਕ ਪ੍ਰਲੋਕ ਵਿਚ ਸਦੀਵੀ ਸੁੱਖ ਬਣਿਆ ਰਹੇ ?

1.**ਉ**:—ਹੇ ਪਿਆਰੇ ! ਜੋ ਮਨੁੱਖ ਇਉਂ ਜਾਣਦਾ ਹੈ ਕਿ, ਉਹ ਸਭ ਦੇ ਦਿਲਾਂ ਦੀ ਜਾਨਣ ਵਾਲਾ ਮੇਰਾ ਪ੍ਰਭੂ (ਹਰ ਵੇਲੇ ਮੇਰੇ) ਨਾਲ ਹੈ। (ਜਿਸ ਨੂੰ ਇਹ ਨਿਸਚਾ ਬਣ ਜਾਂਦਾ ਹੈ ਉਸ ਨੂੰ)

2. ਉਸ ਮਾਲਕ ਪ੍ਰਭੂ ਦਾ ਨਾਮ ਸਿਮਰਦਿਆਂ ਪ੍ਰਲੋਕ ਤੇ ਇਸ ਲੋਕ ਵਿਚ ਸਦਾ ਹੀ ਸੁੱਖ ਬਣਿਆ ਰਹਿੰਦਾ ਹੈ।੧। ਰਹਾਉ।

ਪ੍ਰ:—(ਕਿਉਂ ਜੀ) ਉਸ ਦੀ ਪਛਾਣ ਕੀ ਹੈ ?

3.**ਉ**:—ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਪ੍ਰਮੇਸ਼ਰ ਨਾਲ ਮਿਲਾ ਦਿਤਾ, ਉਸ ਦੇ ਹਿਰਦੇ ਵਿਚੋਂ ਪ੍ਰਭੂ ਦੀ ਯਾਦ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਨਹੀਂ ਭੁੱਲਦੀ।

4. ਹੇ ਭਾਈ ! ਉਸ ਨੂੰ ਇਹ ਨਿਸਚਾ ਰਹਿੰਦਾ ਹੈ ਕਿ, ਪ੍ਰਭੂ ਹੀ ਮੇਰੇ ਵਾਸਤੇ ਸਜਣ ਹੈ ਤੇ ਮਿਤ੍ਰ ਹੈ, ਉਸ ਗੋਪਾਲ ਪ੍ਰਭੂ ਪਾਤਸ਼ਾਹ ਦੇ ਗੁਣ ਹੀ ਮੇਰੇ ਸਾਥੀ ਹਨ।੧।

5. ਹੇ ਪਿਆਰੇ ! ਜਿਸ ਪ੍ਰਮਾਤਮਾ ਦੇ ਵੱਸ ਵਿਚ ਸਾਰੇ ਜੀਅ ਜੰਤ ਹਨ, ਉਹ ਮਿਹਰ ਕਰ ਕੇ ਆਪਣੇ ਦਾਸਾਂ ਦੀ ਆਪ ਰੱਖਿਆ ਕਰਦਾ ਆਇਆ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਮਨੁੱਖ ਦੇ ਅੰਦਰ ਸਰਬ ਵਿਆਪਕ ਪ੍ਰਮਾਤਮਾ ਦੀ ਹੀ ਹਰ ਵੇਲੇ ਪ੍ਰੀਤ ਹੈ, ਉਸ ਦੇ ਮਨ ਵਿਚ (ਕਿਸੇ ਤਰ੍ਹਾਂ ਦਾ ਕੋਈ) ਡਰ ਨਹੀਂ ਰਹਿੰਦਾ। ੨।੭੩।੯੬।

ਭਾਵਾਰਥ :—ਇਕ ਹਰੀ ਦਾ ਹੀ ਸਿਮਰਨ ਹੈ, ਜਿਸ ਦਾ ਸਦਕਾ ਮਨੁੱਖ ਨੂੰ ਲੋਕ ਪ੍ਰਲੋਕ ਵਿਚ ਸਦੀਵੀ ਸੁੱਖ ਬਣਿਆ ਰਹਿੰਦਾ ਹੈ।

ਸਾਰਗ ਮਹਲਾ ੫ ॥

1. ਜਾ ਕੈ ਰਾਮ ਕੋ ਬਲੁ ਹੋਇ ॥
2. ਸਗਲ ਮਨੋਰਥ ਪੂਰਨ ਤਾਹੂ ਕੇ
ਦੂਖੁ ਨ ਬਿਆਪੈ ਕੋਇ ॥੧॥ਰਹਾਉ॥
3. ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ
ਸੁਣਿ ਜੀਵਾਂ ਤਿਸੁ ਸੋਇ ॥
4. ਉਦਮੁ ਕਰਉ ਦਰਸਨੁ ਪੇਖਨ ਕੌ
ਕਰਮਿ ਪਰਾਪਤਿ ਹੋਇ ॥੧॥
5. ਗੁਰਪਰਸਾਦੀ ਦ੍ਰਿਸਟਿ ਨਿਹਾਰਉ
ਦੂਸਰ ਨਾਹੀ ਕੋਇ ॥
6. ਦਾਨੁ ਦੇਹਿ ਨਾਨਕ ਅਪਨੇ ਕਉ
ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥

ਪਦ ਅਰਥ :—ਜਾ ਕੈ-ਜਿਸ ਮਨੁੱਖ ਦੇ ਹਿਰਦੇ ਵਿਚ। ਕੋ—ਦਾ। ਤਾਹੂ—ਉਸ (ਮਨੁੱਖ) ਨੂੰ। ਨ ਬਿਆਪੈ—ਆਪਣਾ ਜ਼ੋਰ ਨਹੀਂ ਪਾ ਸਕਦਾ।੧।ਰਹਾਉ।

ਨਿਜੁ—ਖਾਸ ਆਪਣਾ। ਸੁਣਿ—ਸੁਣ ਕੇ। ਜੀਵਾਂ—ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਸੋਇ—ਸੋਭਾ। ਕਰਉ—

ਕਰਉ – ਮੈਂ ਕਰਦਾ ਹਾਂ। ਕੌ–ਵਾਸਤੇ। ਕਰਮਿ–ਕਰਮ ਦੀ ਰਾਹੀਂ ਬਖਸ਼ਸ਼ ਦੀ ਰਾਹੀਂ, ਪ੍ਰਮਾਤਮਾ ਦੀ ਮੇਹਰ ਨਾਲ ।੧।

ਪਰਸਾਦੀ–ਪਰਸਾਦਿ, ਕਿਰਪਾ ਨਾਲ। ਨਿਹਾਰਉ–ਨਿਹਾਰਉਂ, ਮੈਂ ਵੇਖਦਾ ਹਾਂ। ਕਉ–ਨੂੰ। ਧੋਇ–ਧੋ ਕੇ ।੨।

ਅਰਥ:–

ਪ੍ਰ:–ਗੁਰਦੇਵ ਜੀਉ! ਹਰ ਮਨੁੱਖ ਆਪੋ ਆਪਣੇ ਮਨੋਰਥਾਂ ਦੀ ਪੂਰਤੀ ਦੀ ਪੂਰਤੀ, ਅਤੇ ਦੁੱਖਾਂ ਦੀ ਨਵਿਰਤੀ ਲਈ ਦਿਨੇ ਰਾਤ ਉਪਰਾਲੇ ਕਰਦਾ ਹੈ, ਪਰ ਫਿਰ ਭੀ ਇਨ੍ਹਾਂ ਤੋਂ ਖਲਾਸੀ ਨਹੀਂ ਹੁੰਦੀ, ਕੋਈ ਆਪ ਹੀ ਉਪਰਾਲਾ ਦਸੋ ?

1. **ਉ:**–ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਮੇਸ਼ਰ ਦੀ ਮਿਹਰ ਦਾ ਸਹਾਰਾ ਹੁੰਦਾ ਹੈ।
2. ਉਸ ਮਨੁੱਖ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਉਸ ਉਤੇ ਕੋਈ ਦੁੱਖ (ਭੀ) ਆਪਣਾ ਜੋਰ ਨਹੀਂ ਪਾ ਸਕਦਾ। ੧।ਰਹਾਉ।
3. ਹੇ ਪਿਆਰੇ! ਜਿਹੜਾ ਮਨੁੱਖ ਪ੍ਰਮਾਤਮਾ ਦਾ ਖਾਸ ਆਪਣਾ ਦਾਸ ਭਗਤ ਬਣ ਜਾਂਦਾ ਹੈ, ਮੈਂ ਉਸ ਦੀ ਸੋਭਾ ਸੁਣ ਕੇ ਆਤਮਕ ਜੀਵਨ ਹਾਸਲ ਕਰਦਾ ਹਾਂ।
4. ਹੇ ਭਾਈ! ਮੈਂ ਉਸ ਦਾ ਦਰਸ਼ਨ ਕਰਨ ਵਾਸਤੇ ਯਤਨ ਕਰਦਾ ਹਾਂ, ਪਰ, (ਹੇ ਪਿਆਰੇ! ਸੰਤ ਜਨਾਂ ਦਾ ਦਰਸ਼ਨ ਭੀ ਪ੍ਰਮਾਤਮਾ ਦੀ) ਮੇਹਰ ਨਾਲ ਹੀ ਹੁੰਦਾ ਹੈ ।੧।

ਪ੍ਰ:-ਸ੍ਰੀ ਜੀਓ! ਹੁਣ ਆਪ ਜੀ ਦਾ ਨਿਸਚਾ ਕਿਸ ਰੂਪ ਵਿਚ ਹੈ ?

5. **ਉ:**–ਹੇ ਭਾਈਓ! ਗੁਰੂ ਦੀ ਮਿਹਰ ਦਾ ਸਦਕਾ (ਹੁਣ) ਮੈਂ ਆਪਣੀ ਅੱਖੀਂ ਦੇਖ ਰਿਹਾ ਹਾਂ ਕਿ (ਪ੍ਰਮਾਤਮਾ ਦੇ ਬਰਾਬਰ ਦਾ) ਕੋਈ ਹੋਰ ਦੂਜਾ ਨਹੀਂ ਹੈ।

ਪ੍ਰ:–ਕਿਉਂ ਜੀ, ਉਸ ਪ੍ਰਭੂ ਤੋਂ ਆਪ ਦੀ ਮੰਗ ਕੀ ਹੈ ?

6. **ਉ:** ਹੇ ਪਿਆਰੇ! ਮੇਰੀ ਤਾਂ ਇਕੋ ਹੀ ਮੰਗ ਹੈ ਕਿ, ਹੇ ਸਾਈਆਂ ਜੀਉ, ਮੈਨੂੰ ਆਪਣੇ ਦਾਸ ਨੂੰ ਇਹੋ ਖੈਰ ਪਾ ਕਿ ਮੈਂ ਸੰਤ ਜਨਾਂ ਦੇ ਚਰਨ ਧੋ ਧੋ ਕੇ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ ।੨।੭੪।੯੭।

ਭਾਵਾਰਥ :–ਜੋ ਸਾਰੇ ਆਸਰੇ ਛੱਡ ਕੇ ਇਕੋ ਹਰੀ ਦਾ ਆਸਰਾ ਤੱਕਦੇ ਹਨ, ਉਨ੍ਹਾਂ ਦੇ ਸਾਰੇ ਮਨੋਰਥ ਪੂਰਨ ਹੋ ਜਾਂਦੇ ਹਨ, ਅਤੇ ਕੋਈ ਦੁੱਖ ਭੀ ਨਹੀਂ ਉਨ੍ਹਾਂ ਨੂੰ ਵਾਪਰਦਾ।

ਸਾਰਗ ਮਹਲਾ ੫ ॥

1. ਜੀਵਤੁ ਰਾਮ ਕੇ ਗੁਣ ਗਾਇ ॥
2. ਕਰਹੁ ਕ੍ਰਿਪਾ ਗੋਪਾਲ ਬੀਠੁਲੇ
ਬਿਸਰਿ ਨ ਕਬਹੀ ਜਾਇ ॥੧॥ਰਹਾਉ॥
3. ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ
ਆਨ ਨ ਦੂਜੀ ਜਾਇ ॥
4. ਜਿਉ ਤੂੰ ਰਾਖਹਿ ਤਿਵਹੀ ਰਹਣਾ
ਤੁਮ੍ਰਾ ਪੈਨੈ ਖਾਇ ॥੧॥
5. ਸਾਧ ਸੰਗਤਿ ਕੈ ਬਲਿ ਬਲਿ ਜਾਈ
ਬਹੁੜਿ ਨ ਜਨਮਾ ਧਾਇ ॥
6. ਨਾਨਕ ਦਾਸ ਤੇਰੀ ਸਰਣਾਈ
ਜਿਉ ਭਾਵੈ ਤਿਵੈ ਚਲਾਇ ॥੨॥੭੫॥੯੮॥

ਪਦ ਅਰਥ :– ਜੀਵਤੁ–ਆਤਮਕ ਜੀਵਨ ਪ੍ਰਾਪਤ ਕਰਦਾ ਹੈ। ਗਾਇ–ਗਾ ਕੇ। ਗੋਪਾਲ–ਹੇ ਗੋਪਾਲ। ਬੀਠੁਲੇ–[ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਟਿਕਿਆ ਹੋਇਆ] ਹੇ ਨਿਰਲੇਪ ਪ੍ਰਭੂ। ਕਬ ਹੀ–ਕਦੇ ਭੀ ।੧।ਰਹਾਉ।

ਸੁਆਮੀ-ਹੇ ਸੁਆਮੀ। ਆਨ-ਹੋਰ। ਜਾਇ–ਥਾਂ, ਆਸਰਾ। ਪੈਨੈ–(ਜੀਵ) ਪਹਿਨਦਾ ਹੈ। ਖਾਇ–ਖਾਂਦਾ ਹੈ ।੧।

ਕੈ–ਤੋਂ। ਬਲਿ ਜਾਈ–ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ। ਜਨਮਾ–ਜਨਮਾਂ ਵਿਚ। ਧਾਇ–ਦੌੜਦਾ,ਭਟਕਦਾ। ਜਿਉ ਭਾਵੈ–ਜਿਵੇਂ ਤੈਨੂੰ ਚੰਗਾ ਲੱਗੇ। ਚਲਾਇ–ਜੀਵਨ ਰਾਹ ਉਤੇ ਤੋਰ ।੨।

ਅਰਥ:–

ਪ੍ਰ:–ਗੁਰਦੇਵ ਜੀਉ! ਮਨੁੱਖ ਆਤਮਕ ਜੀਵਨ ਹਾਸਲ ਕਰਨ ਲਈ ਅਨੇਕਾਂ ਹੀ ਕਠਨ ਸਾਧਨ ਕਰਦੇ ਹਨ, ਪਰ, ਉਹ ਫਿਰ ਭੀ ਸੱਖਣੇ ਰਹਿ ਜਾਂਦੇ ਹਨ; ਕੋਈ ਆਪ ਹੀ ਸੁਖੈਨ ਸਾਧਨ ਦਸੋ।

1. **ਉ:**–ਹੇ ਭਾਈ! (ਗੁਰਮਤਿ ਅਨੁਸਾਰ ਤਾਂ ਮਨੁੱਖ) ਪ੍ਰਮਾਤਮਾ ਦੇ ਗੁਣ ਗਾ ਗਾ ਕੇ (ਸਹਿਜੇ ਹੀ) ਆਤਮਕ ਜੀਵਨ ਹਾਸਲ ਕਰ ਲੈਂਦਾ ਹੈ।

ਪ੍ਰ:–ਕਿਉਂ ਜੀ, ਉਸ ਨੂੰ ਨਿੱਤ ਕਰਮ ਕੀ ਕਰਨਾ ਪੈਂਦਾ ਹੈ ?

2. **ਉ:**–ਹੇ ਭਾਈ! ਉਸ ਨੂੰ ਇਉਂ ਹੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਸ੍ਰਿਸ਼ਟੀ ਦੇ ਪਾਲਕ, ਹੇ ਨਿਰਲੇਪ ਪ੍ਰਭੂ! (ਮੇਰੇ ਉਤੇ) ਮਿਹਰ ਕਰ, (ਮੈਨੂੰ ਤੇਰਾ ਨਾਮ) ਕਦੇ ਭੀ ਨਾ ਭੁਲੇ ।੧।ਰਹਾਉ।
3. ਹੇ ਮੇਰੇ ਮਾਲਕ! ਮੇਰਾ ਮਨ, ਮੇਰਾ ਸਰੀਰ, ਮੇਰਾ ਧਨ–ਇਹ ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ, (ਤੈਥੋਂ ਬਿਨਾਂ) ਮੇਰਾ ਕੋਈ ਹੋਰ ਆਸਰਾ ਨਹੀਂ ਹੈ।
4. ਹੇ ਸਾਈਆਂ ਜੀਉ! ਜਿਵੇਂ ਤੂੰ ਰੱਖਦਾ ਹੈਂ, ਤਿਵੇਂ ਹੀ (ਜੀਵ) ਰਹਿ ਸਕਦੇ ਹਨ, (ਹਰੇਕ ਜੀਵ) ਤੇਰਾ ਹੀ ਦਿੱਤਾ ਪਹਿਨਦਾ ਹੈ, ਤੇਰਾ ਹੀ ਦਿੱਤਾ ਖਾਂਦਾ ਹੈ ।੧।

5. ਹੇ ਭਾਈਓ ! ਮੈਂ ਤਾਂ ਸਾਧ ਸੰਗਤ ਤੋਂ ਸਦਾ ਹੀ ਸਦਕੇ ਜਾਂਦਾ ਹਾਂ, (ਕਿਉਂਕਿ, ਸਾਧ ਸੰਗਤ ਦੀ ਬਰਕਤ ਨਾਲ ਹੀ ਜੀਵ) ਮੁੜ ਜਨਮਾਂ ਵਿਚ ਨਹੀਂ ਭਟਕਦਾ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੇਰਾ ਦਾਸ ਤੇਰੀ ਸਰਨ ਆਇਆ ਹੈ, ਜਿਵੇਂ ਤੈਨੂੰ ਚੰਗਾ ਲੱਗੇ, ਉਸੇ ਤਰ੍ਹਾਂ (ਮੈਨੂੰ) ਜੀਵਨ ਰਾਹ ਉਤੇ ਤੋਰਦਾ ਰਹੁ ।੨।੭੫।੯੮।

ਭਾਵਾਰਥ :—ਉਸ ਪ੍ਰਭੂ ਨੂੰ ਤਨ ਮਨ ਧਨ ਸਭ ਕੁਝ ਅਰਪਣ ਕਰ ਕੇ ਉਸੇ ਹਰੀ ਦੇ ਗੁਣ ਗਾਉਂਦੇ ਰਹਿਣ ਨਾਲ ਸਹੀ ਜੀਵਨ ਬਣਦਾ ਹੈ ਤੇ ਜੰਮਣ ਮਰਨ ਦਾ ਚੱਕਰ ਮੁੱਕ ਜਾਂਦਾ ਹੈ।

ਸਾਰਗ ਮਹਲਾ ੫ ॥

1. **ਮਨ ਰੇ ਨਾਮ ਕੋ ਸੁਖ ਸਾਰ ॥**
2. **ਆਨ ਕਾਮ ਬਿਕਾਰ ਮਾਇਆ**
ਸਗਲ ਦੀਸਹਿ ਛਾਰ ॥੧॥ਰਹਾਉ॥
3. **ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ**
ਨਰਕ ਘੋਰ ਗੁਬਾਰ ॥
4. **ਅਨਿਕ ਜੋਨੀ ਭ੍ਰਮਤ ਹਾਰਿਓ**
ਭ੍ਰਮਤ ਬਾਰੰਬਾਰ ॥੧॥
5. **ਪਤਿਤ ਪਾਵਨ ਭਗਤਿ ਬਛਲ**
ਦੀਨ ਕਿਰਪਾ ਧਾਰ ॥
6. **ਕਰ ਜੋੜਿ ਨਾਨਕੁ ਦਾਨੁ ਮਾਂਗੈ**
ਸਾਧ ਸੰਗਿ ਉਧਾਰ ॥੨॥੭੬॥੯੯॥

ਪਦ ਅਰਥ :—ਮਨ ਰੇ—ਹੇ ਮਨ। ਕੋ—ਦਾ। ਸਾਰ—ਸਰੇਸ਼ਟ। ਆਨ—ਹੋਰ ਹੋਰ। ਬਿਕਾਰ—ਬੇ-ਕਾਰ, ਵਿਅਰਥ। ਦੀਸਹਿ-ਦਿਸਦੇ ਹਨ। ਛਾਰ—ਸੁਆਹ, ਨਿਕੰਮੇ ।੧। ਰਹਾਉ।

ਗ੍ਰਿਹਿ—ਘਰ ਵਿਚ। ਅੰਧ ਕੂਪ—ਅੰਨ੍ਹਾ ਖੂਹ। ਪਤਿਤ—ਡਿੱਗੇ ਹੋਏ। ਘੋਰ ਗੁਬਾਰ—ਘੁੱਪ ਹਨੇਰਾ। ਹਾਰਿਓ—ਥੱਕ ਜਾਂਦਾ ਹੈ। ਭ੍ਰਮਤ—ਭਟਕਦਿਆਂ। ਬਾਰੰਬਾਰ—ਮੁੜ ਮੁੜ ।੧।

ਪਤਿਤ ਪਾਵਨ—ਹੇ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲੇ। ਭਗਤਿ ਬਛਲ—ਹੇ ਭਗਤੀ ਨਾਲ ਕਰਨ ਵਾਲੇ। ਦੀਨ—ਗਰੀਬ। ਕਰ—ਹੱਥ। ਜੋੜਿ—ਜੋੜ ਕੇ। ਮਾਂਗੈ—ਮੰਗਦਾ ਹੈ। ਸਾਧ ਸੰਗਿ—ਸਾਧ ਸੰਗਤ ਵਿਚ (ਰੱਖ ਕੇ)। ਉਧਾਰ—ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਇਹ ਸਾਡਾ ਮਨ ਮਾਇਕੀ ਪਦਾਰਥਾਂ ਵਿਚ ਹੀ ਸਦਾ ਮਸਤ ਰਹਿੰਦਾ ਹੈ, ਨਾਮ ਰਸ ਵਿਚ ਇਸ ਦੀ ਰੁਚੀ ਹੀ ਨਹੀਂ, ਦਸੋ ਇਸ ਨੂੰ ਕਿਵੇਂ ਸਮਝਾਈਏ ?

1.ਉ:—ਹੇ ਭਾਈਓ ! ਇਸ ਮਨ ਨੂੰ ਨਾਮ ਸਿਮਰਨ ਦੇ ਸੁੱਖ ਦਾ ਗਿਆਨ ਨਹੀਂ ਹੈ, ਇਸ ਲਈ ਤੁਸੀਂ ਇਸ ਮਨ ਨੂੰ ਪਿਆਰ ਨਾਲ ਇਉਂ ਹੀ ਸਮਝਾਉਂਦੇ ਰਿਹਾ ਕਰੋ ਕਿ, ਹੇ (ਮੇਰੇ) ਮਨ ! ਪ੍ਰਮੇਸ਼ਰ ਦੇ ਨਾਮ ਸਿਮਰਨ ਦਾ ਸੁੱਖ (ਹੋਰ ਸੁੱਖਾਂ ਨਾਲੋਂ) ਸਰੇਸ਼ਟ ਹੈ।

2. ਹੇ ਮਨ ! ਵੇਖ, (ਨਿਰੀ) ਮਾਇਆ ਦੀ ਖਾਤਰ ਹੀ ਹੋਰ ਹੋਰ ਕੰਮ (ਆਤਮਕ ਜੀਵਨ ਵਾਸਤੇ) ਵਿਅਰਥ ਹਨ। ਉਹ ਸਾਰੇ ਸੁਆਹ (ਸਮਾਨ ਹੀ) ਦਿਸਦੇ ਹਨ। ੧।ਰਹਾਉ।

3. ਹੇ ਮੇਰੇ ਮਨ ! ਸੁਣ, ਨਿਰੀ ਮਾਇਆ ਦੀ ਖਾਤਰ ਦੌੜ-ਭੱਜ ਕਰਨ ਵਾਲਾ ਪ੍ਰਾਣੀ ਘੁੱਪ ਹਨੇਰੇ ਨਰਕ ਸਮਾਨ ਗ੍ਰਿਹਸਤ ਦੇ ਖੂਹ ਵਿਚ ਹੀ ਡਿੱਗਾ ਰਹਿੰਦਾ ਹੈ।

4. ਉਹ ਅਨੇਕਾਂ ਜੂਨਾਂ ਵਿਚ ਭਟਕਦਾ, ਮੁੜ-ਮੁੜ ਭਟਕਦਾ ਥੱਕ ਜਾਂਦਾ ਹੈ, (ਉਹ ਜੀਵਨ ਸੱਤਿਆ ਗਵਾ ਬੈਠਦਾ ਹੈ) ।੧।

ਪ੍ਰ:—ਸ੍ਰੀ ਜੀਉ ! ਆਖਰ ਨਰਕ ਤੋਂ ਬਚਣ ਲਈ ਕੀ ਸਾਧਨ ਕਰਨਾ ਚਾਹੀਦਾ ਹੈ ?

5.ਉ:—ਹੇ ਪਿਆਰੇ ! ਘੋਰ ਨਰਕ ਤੋਂ ਬਚਣ ਲਈ ਇਕੋ ਹੀ ਸਾਧਨ ਅਰਦਾਸ ਹੈ, ਜੋ ਇਉਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲੇ, ਹੇ ਭਗਤੀ ਨਾਲ ਪਿਆਰ ਕਰਨ ਵਾਲੇ, ਹੇ ਗਰੀਬਾਂ ਉਤੇ ਮਿਹਰ ਕਰਨ ਵਾਲੇ !

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! ਤੇਰਾ ਦਾਸ ਦੋਵੇਂ ਹੱਥ ਜੋੜ ਕੇ ਇਹ ਦਾਨ ਮੰਗਦਾ ਹੈ ਕਿ ਸਾਧ ਸੰਗਤ ਵਿਚ ਰੱਖ ਕੇ (ਮੈਨੂੰ ਮਾਇਆ ਦੇ ਵੇਹੜੇ ਅੰਨ੍ਹੇ ਖੂਹ ਵਿਚੋਂ) ਬਚਾ ਲੈ ।੨।੭੬।੯੯।

ਭਾਵਾਰਥ :—ਨਾਮ ਜਪਦੇ ਰਹਿਣ ਵਿਚ ਹੀ ਸਦੀਵੀ ਸੁੱਖ ਹੈ, ਹੋਰ ਸੰਸਾਰਕ ਵਿਹਾਰਾਂ ਵਿਚ ਤਾਂ ਦੁੱਖ ਹੀ ਵਾਪਰਦਾ ਹੈ।

ਸਾਰਗ ਮਹਲਾ ੫ ॥

1. **ਬਿਰਾਜਿਤ ਰਾਮ ਕੋ ਪਰਤਾਪ ॥**
2. **ਆਧਿ ਬਿਆਧਿ ਉਪਾਧਿ ਸਭ ਨਾਸੀ**
ਬਿਨਸੇ ਤੀਨੈ ਤਾਪ ॥੧॥ਰਹਾਉ॥
3. **ਤ੍ਰਿਸਨਾ ਬੁਝੀ ਪੂਰਨ ਸਭ ਆਸਾ**
ਚੂਕੇ ਸੋਗ ਸੰਤਾਪ ॥
4. **ਗੁਣ ਗਾਵਤ ਅਚੁਤ ਅਬਿਨਾਸੀ**
ਮਨ ਤਨ ਆਤਮ ਧ੍ਰਾਪ ॥੧॥
5. **ਕਾਮ ਕ੍ਰੋਧ ਲੋਭ ਮਦ ਮਤਸਰ**
ਸਾਧੂ ਕੈ ਸੰਗਿ ਖਾਪ ॥

6. ਭਗਤਿ ਵਛਲ ਭੈ ਕਾਟਨ ਹਾਰੇ
ਨਾਨਕ ਕੇ ਮਾਈ ਬਾਪ ॥੨॥੭੭॥੧੦੦॥

ਪਦ ਅਰਥ: –ਬਿਰਾਜਿਤ–ਟਿਕਿਆ ਹੋਇਆ। ਕੋ–ਦਾ। ਪਰਤਾਪ–ਬਲ। ਆਧਿ–ਮਾਨਸਕ ਰੋਗ। ਬਿਆਧਿ–ਸਰੀਰਕ ਰੋਗ। ਉਪਾਧਿ–ਝਗੜੇ ਬਖੇੜੇ। ਤੀਨੈ–ਇਹ ਤਿੰਨੇ ਹੀ ।੧।ਰਹਾਉ।

ਸੋਗ–ਗਮ। ਸੰਤਾਪ–ਕਲੇਸ਼। ਅਚੁਤ–ਅਚੁੱਤ, ਅ-ਚਯੁਤ–ਨ ਨਾਸ ਹੋਣ ਵਾਲਾ, ਅਬਿਨਾਸੀ। ਆਤਮ–ਜਿੰਦ। ਧ੍ਰਾਪ–ਰੱਜ ਜਾਂਦੇ ਹਨ।੧।

ਮਦ–ਨਸ਼ਾ, ਮਸਤੀ। ਮਤਸਰ–ਈਰਖਾ। ਕੈ ਸੰਗਿ–ਦੀ ਸੰਗਤ ਵਿਚ (ਰੱਖ ਕੇ)। ਖਾਪ–ਨਾਸ ਕਰ। ਭੈ–ਡਰ।੨।

ਅਰਥ:–

ਪ੍ਰ:–ਗੁਰਦੇਵ ਜੀਉ! ਜਗਤ ਦੇ ਸਾਰੇ ਹੀ ਮਨੁੱਖ ਆਧੀ, ਬਿਆਧੀ, ਉਪਾਧੀ ਇਨ੍ਹਾਂ ਤਿੰਨਾਂ ਹੀ ਤਾਪਾਂ ਨਾਲ ਦੁਖੀ ਰਹਿੰਦੇ ਹਨ, ਇਹ ਕਿਵੇਂ ਮੁੱਕ ਸਕਦੇ ਹਨ, ਕੋਈ ਸਾਧਨ ਦੱਸੋ?

1.ਉ:–ਹੇ ਭਾਈਓ! (ਜਿਸ ਮਨੁੱਖ ਦੇ ਹਿਰਦੇ ਵਿਚ) ਪ੍ਰਮੇਸ਼ਰ ਜੀ ਦੇ ਨਾਮ ਦਾ ਬਲ ਆ ਟਿਕਦਾ ਹੈ।

2. ਉਸ ਦੇ ਅੰਦਰੋਂ ਆਧੀ, ਬਿਆਧੀ, ਉਪਾਧੀ, ਇਹ ਤਿੰਨੇ ਹੀ ਤਾਪ ਬਿਲਕੁਲ ਮੁੱਕ ਜਾਂਦੇ ਹਨ।੧।ਰਹਾਉ।

3. ਹੇ ਪਿਆਰੇ! (ਜਿਸ ਮਨੁੱਖ ਦੇ ਅੰਦਰ ਹਰਿ ਨਾਮ ਦਾ ਬਲ ਹੈ, ਉਸ ਦੀ) ਤ੍ਰਿਸ਼ਨਾ ਮਿਟ ਜਾਂਦੀ ਹੈ, ਉਸ ਦੀ ਹਰੇਕ ਆਸ ਪੂਰੀ ਹੋ ਜਾਂਦੀ ਹੈ, ਉਸ ਦੇ ਅੰਦਰੋਂ ਗਮ ਕਲੇਸ਼ ਭੀ ਮੁੱਕ ਜਾਂਦੇ ਹਨ।

4. ਹੇ ਭਾਈਓ! ਅਬਿਨਾਸੀ ਤੇ ਨਾਸ ਰਹਿਤ ਪ੍ਰਭੂ ਦੇ ਗੁਣ ਗਾਂਦਿਆਂ ਗਾਂਦਿਆਂ ਉਸ ਦਾ ਮਨ, ਉਸ ਦਾ ਤਨ, ਉਸ ਦੀ ਜਿੰਦ (ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ।੧।

ਪ੍ਰ–ਸ੍ਰੀ ਜੀਉ! ਸਾਨੂੰ ਛੁੱਟਣ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ?

5.ਉ:- ਹੇ ਪਿਆਰੇ! ਇਉਂ ਹੀ ਜੋਦੜੀਆਂ ਕਰਦੇ ਰਹੋ ਕਿ, ਹੇ ਭਗਤੀ ਨਾਲ ਪਿਆਰ ਕਰਨ ਵਾਲੇ, ਹੇ ਸਾਰੇ ਡਰ ਦੂਰ ਕਰਨ ਵਾਲੇ! ਮੈਨੂੰ ਸਾਧ ਸੰਗਤ ਵਿਚ ਰੱਖ।

6.ਉ –ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਗਤੀ ਨਾਲ ਪਿਆਰ ਕਰਨ ਵਾਲੇ! (ਮੇਰੇ ਅੰਦਰੋਂ) ਕਾਮ, ਕ੍ਰੋਧ, ਲੋਭ, ਹਉਮੈ ਅਤੇ ਈਰਖਾ(ਆਦਿਕ ਵਿਕਾਰ) ਨਾਸ ਕਰ ਦਿਓ।੨।੭੭।੧੦੦।

ਭਾਵਾਰਥ:–ਹਰੀ ਦੇ ਗੁਣ ਗਾਉਣ ਨਾਲ ਸਾਰੇ ਦੁੱਖ ਤੇ ਪਾਪ ਦੂਰ ਹੋ ਜਾਂਦੇ ਹਨ।

ਸਾਰਗ ਮਹਲਾ ੫ ॥

1. ਆਤੁਰੁ ਨਾਮ ਬਿਨੁ ਸੰਸਾਰ ॥
2. ਤ੍ਰਿਪਤਿ ਨ ਹੋਵਤ ਕੂਕਰੀ ਆਸਾ
ਇਤੁ ਲਾਗੋ ਬਿਖਿਆ ਛਾਰ ॥੧॥ਰਹਾਉ॥
3. ਪਾਇ ਠਗਉਰੀ ਆਪਿ ਭੁਲਾਇਓ
ਜਨਮਤ ਬਾਰੋ ਬਾਰ ॥
4. ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ
ਜਮ ਕੰਕਰ ਕਰਤ ਖੁਆਰ ॥੧॥
5 ਹੋਹੁ ਕ੍ਰਿਪਾਲ ਦੀਨ ਦੁਖ ਭੰਜਨ
ਤੇਰਿਆ ਸੰਤਹ ਕੀ ਰਾਵਾਰ ॥
6. ਨਾਨਕ ਦਾਸੁ ਦਰਸੁ ਪ੍ਰਭ ਜਾਚੈ
ਮਨ ਤਨ ਕੋ ਆਧਾਰ ॥੨॥੭੮॥੧੦੧॥

ਪਦ ਅਰਥ:–ਆਤੁਰੁ–ਦੁਖੀ, ਵਿਆਕੁਲ। ਤ੍ਰਿਪਤਿ–ਰਜੇਵਾਂ, ਤਸੱਲੀ, ਸ਼ਾਂਤੀ। ਕੂਕਰੀ–ਕੁੱਤੀ (ਦੇ ਸੁਭਾਵ ਵਾਲੀ)। ਇਤ–ਇਸ ਵਿਚ। ਲਾਗੋ–(ਜਗਤ) ਲੱਗਾ ਰਹਿੰਦਾ ਹੈ। ਬਿਖਿਆ–ਮਾਇਆ। ਛਾਰ–ਸੁਆਹ, ਨਿਕੰਮੀ।੧।ਰਹਾਉ।

ਪਾਇ–ਪਾ ਕੇ। ਠਗਉਰੀ–ਠੱਗ ਬੂਟੀ। ਭੁਲਾਇਓ–ਕੁਰਾਹੇ ਪਾ ਰੱਖਿਆ ਹੈ। ਬਾਰੋ ਬਾਰ–ਮੁੜ ਮੁੜ। ਨਿਮਖ–ਅੱਖ ਝਮਕਣ ਜਿਤਨਾ ਸਮਾਂ। ਕੰਕਰ–ਨੌਕਰ। ਜਮ ਕੰਕਰ–ਜਮਦੂਤ।੧।

ਦੀਨ ਦੁਖ ਭੰਜਨ–ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ। ਰਾਵਾਰ–ਰਵਾਰ, ਚਰਨ ਧੂੜ। ਜਾਚੈ–ਮੰਗਦਾ ਹੈ। ਕੋ–ਦਾ। ਆਧਾਰ–ਆਸਰਾ।੨।

ਅਰਥ:–

ਪ੍ਰ:–ਗੁਰਦੇਵ ਜੀਓ! ਇਹ ਸਾਰਾ ਜਗਤ ਹੀ ਵਿਆਕੁਲ ਅਤੇ ਦੁਖੀਆ ਵੇਖਣ ਵਿਚ ਆਉਂਦਾ ਹੈ, ਇਸ ਦਾ ਅਸਲ ਕਾਰਨ ਕੀ ਹੈ?

1.ਉ:–ਹੇ ਭਾਈਓ! ਸੱਚ ਤਾਂ ਇਹੋ ਹੀ ਹੈ ਕਿ ਇਹ ਸਾਰਾ ਹੀ ਜਗਤ (ਪ੍ਰਮਾਤਮਾ) ਦੇ ਨਾਮ ਨੂੰ ਭੁਲਾ ਕੇ ਦੁਖੀਆ ਤੇ ਵਿਆਕੁਲ ਹੋ ਰਿਹਾ ਹੈ।

2. ਹੇ ਭਾਈ! ਵੇਖਦੇ ਹਾਂ ਕਿ, ਇਹ ਸੁਆਹ ਸਮਾਨ ਮਾਇਆ ਵਿਚ ਹੀ ਲੱਗਾ ਰਹਿੰਦਾ ਹੈ (ਚੰਬੜਿਆ ਰਹਿੰਦਾ ਹੈ) ਅਤੇ ਕੁੱਤੀ ਦੇ ਸੁਭਾਵ ਵਾਲੀ (ਜਗਤ ਦੀ) ਲਾਲਸਾ ਕਦੇ ਰੱਜਦੀ (ਹੀ) ਨਹੀਂ।੧।ਰਹਾਉ।

ਪ੍ਰ:–ਕਿਉਂ ਜੀ, ਕੁੱਤੀ ਦੇ ਸੁਭਾਵ ਵਾਲੀ ਲਾਲਸਾ ਦਾ ਜੀਵ ਤਿਆਗ ਕਿਉਂ ਨਹੀਂ ਕਰ ਦੇਂਦਾ?

3.ਉ:–ਹੇ ਪਿਆਰੇ! ਯਤਨ ਤਾਂ ਬਹੁਤ ਜੀਵ ਕਰਦੇ ਹਨ ਪਰ, ਇਨ੍ਹਾਂ ਜੀਵਾਂ ਦੇ ਭੀ ਕੀ ਵੱਸ ਹੈ? (ਕਿਉਂਕਿ ਪ੍ਰਮਾਤਮਾ ਨੇ ਮਾਇਆ ਦੀ) ਠੱਗ ਬੂਟੀ ਪਾ ਕੇ ਆਪ ਹੀ

(ਜਗਤ ਨੂੰ) ਕੁਰਾਹੇ ਪਾ ਰੱਖਿਆ ਹੈ, (ਇਸ ਲਈ) ਕੁਰਾਹੇ ਪੈ ਕੇ (ਜੀਵ)

4. ਪ੍ਰਮਾਤਮਾ (ਦੇ ਨਾਮ) ਦਾ ਸਿਮਰਨ ਨਹੀਂ ਕਰਦਾ, ਜਮਦੂਤ ਇਸ ਨੂੰ ਮੁੜ-ਮੁੜ ਖੁਆਰ ਕਰਦੇ ਰਹਿੰਦੇ ਹਨ ।੧।

ਪ੍ਰ:—ਗੁਰਦੇਵ ਜੀਓ ! ਅਖਰ ਦੱਸੋ, ਸਾਧਨ ਕੀ ਕਰਨਾ ਚਾਹੀਦਾ ਹੈ ?

5.ਉ:—ਹੇ ਭਾਈਓ ! ਇਕੋ ਹੀ ਅਰਦਾਸ ਹੈ, ਜੋ ਇਉਂ ਹੀ ਕਰਦੇ ਰਹੋ ਕਿ; ਹੇ ਪ੍ਰਭੂ, ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ! (ਸਾਡੇ ਉਤੇ) ਦਇਆਵਾਨ ਹੋ, (ਤੇਰਾ ਦਾਸ) ਤੇਰੇ ਸੰਤ ਜਨਾਂ ਦੀ ਚਰਨ ਧੂੜ ਬਣਿਆ ਰਹੇ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪ੍ਰਭੂ ! ਦਾਸ ਤੇਰਾ ਦਰਸ਼ਨ ਮੰਗਦਾ ਹੈ, (ਇਹੀ) ਮੇਰੇ ਮਨ ਤਨ ਦਾ ਆਸਰਾ ਹੈ ।੨।੭੮।੧੦੧।

ਭਾਵਾਰਥ :—ਮਾਇਆ ਦੇ ਸੁਆਦਾਂ ਵਿਚ ਲੱਗਣ ਨਾਲ ਮਨੁੱਖ ਨੂੰ ਕਦੇ ਭੀ ਰਜੇਵਾਂ ਨਹੀਂ ਹੁੰਦਾ, ਇਸ ਲਈ ਦਰਸ਼ਨਾਂ ਦੇ ਇਛਾਵਾਨ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਮੈਲਾ ਹਰਿ ਕੇ ਨਾਮ ਬਿਨੁ ਜੀਉ ॥
2. ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ
ਬਿਖੈ ਠਗਉਰੀ ਪੀਉ ॥੧॥ਰਹਾਉ॥
3. ਕੋਟਿ ਜਨਮ ਭ੍ਰਮਤੌ ਬਹੁ ਭਾਂਤੀ
ਥਿਤਿ ਨਹੀ ਕਤ ਹੂ ਪਾਈ॥
4. ਪੂਰਾ ਸਤਿਗੁਰੁ ਸਹਜਿ ਨ ਭੇਟਿਆ
ਸਾਕਤੁ ਆਵੈ ਜਾਈ ॥੧॥
5. ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ
ਤੁਮ ਪ੍ਰਭ ਅਗਮ ਅਪਾਰ ॥
6. ਨਾਨਕ ਦਾਸ ਤੇਰੀ ਸ਼ਰਣਾਈ
ਭਵਜਲੁ ਉਤਰਿਓ ਪਾਰ ॥੨॥੭੯॥੧੦੨॥

ਪਦ ਅਰਥ :—ਮੈਲਾ—ਵਿਕਾਰਾਂ ਨਾਲ ਭਰਿਆ ਹੋਇਆ । ਜੀਉ—ਜੀਵ । ਤਿਨਿ ਪ੍ਰਭਿ—ਉਸ ਪ੍ਰਭੂ ਨੇ । ਸਾਚੈ—ਸਦਾ ਕਾਇਮ ਰਹਿਣ ਵਾਲੇ ਨੇ। ਭੁਲਾਇਆ—ਕੁਰਾਹੇ ਪਾ ਦਿੱਤਾ ਹੈ । ਬਿਖੈ ਠਗਉਰੀ- ਵਿਸ਼ਿਆਂ ਦੀ ਠੱਗ ਬੂਟੀ । ਪੀਉ—ਪੀਂਦਾ ਰਹੁ ।੧।ਰਹਾਉ।

ਕੋਟਿ—ਕਰੋੜਾਂ । ਭ੍ਰਮਤੌ—ਭਟਕਦਾ । ਬਹੁ ਭਾਂਤੀ—ਕਈ ਤਰੀਕਿਆਂ ਨਾਲ । ਥਿਤਿ—ਟਿਕਾਉ । ਕਤ ਹੂ—ਕਿਤੇ ਭੀ । ਸਹਜਿ—ਆਤਮਕ ਅਡੋਲਤਾ ਵਿਚ । ਭੇਟਿਆ—ਮਿਲਿਆ। ਸਾਕਤੁ—ਪ੍ਰਭੂ ਨਾਲੋਂ ਟੁਟਿਆ ਹੋਇਆ ਮਨੁੱਖ । ਆਵੈ ਜਾਈ—ਜੰਮਦਾ ਮਰਦਾ ਰਹਿੰਦਾ ਹੈ ।੧।

ਪ੍ਰਭ—ਹੇ ਪ੍ਰਭੂ । ਸੰਮ੍ਰਿਥ—ਹੇ ਸਾਰੀਆਂ ਤਾਕਤਾਂ ਦੇ ਮਾਲਕ । ਦਾਤੇ-ਹੇ ਦਾਤਾਰ । ਅਗਮ—ਅਪਹੁੰਚ । ਅਪਾਰ—ਬਿਅੰਤ । ਭਵਜਲੁ—ਸੰਸਾਰ ਸਮੁੰਦਰ ।੨।

ਅਰਥ:—

ਪ੍ਰ:—ਸ੍ਰੀ ਜੀਉ ! ਜੀਵ ਦੇ ਅੰਦਰ ਹਰ ਵਕਤ ਵਿਕਾਰਾਂ ਦੀ ਪਰਬਲਤਾ ਬਣੀ ਰਹਿਣ ਦਾ ਸਹੀ ਕਾਰਣ ਕੀ ਹੈ ?

1.ਉ:—ਹੇ ਭਾਈਓ ! ਅਸਲ ਕਾਰਣ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ (ਇਹ) ਜੀਵ ਵਿਕਾਰਾਂ ਨਾਲ ਭਰਿਆ ਰਹਿੰਦਾ ਹੈ ।

ਪ੍ਰ:—ਕਿਉਂ ਜੀ, ਇਹ ਜੀਵ ਵਿਕਾਰਾ ਦਾ ਤਿਆਗ ਕਿਉਂ ਨਹੀਂ ਕਰ ਦੇਂਦਾ ?

2.ਉ:—ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ, ਜੀਵਾਂ ਦੇ ਭੀ ਕੀ ਵੱਸ ਹੈ ? (ਕਿਉਂਕਿ) ਉਸ ਸਦਾ ਥਿਰ ਪ੍ਰਭੂ ਨੇ ਆਪ ਹੀ ਇਸ ਜੀਵ ਨੂੰ ਕੁਰਾਹੇ ਪਾਇਆ ਹੋਇਆ ਹੈ ਕਿ ਵਿਸ਼ਿਆਂ ਦੀ ਠੱਗ ਬੂਟੀ (ਘੋਟ-ਘੋਟ ਕੇ) ਪੀਂਦਾ ਰਹੁ ।੧।ਰਹਾਉ।

3. ਹੇ ਪਿਆਰੇ ! (ਇਹੋ ਹੀ ਇਕ ਕਾਰਣ ਵੇਖਣ ਵਿਚ ਆਉਂਦਾ ਹੈ ਕਿ) ਪ੍ਰਮੇਸ਼ਰ ਨਾਲੋਂ ਟੁੱਟਾ ਹੋਇਆ ਮਨੁੱਖ ਕਈ ਤਰੀਕਿਆਂ ਨਾਲ ਕ੍ਰੋੜਾਂ ਜਨਮਾਂ ਵਿਚ ਭਟਕਦਾ ਰਹਿੰਦਾ ਹੈ, (ਇਸ ਗੇੜ ਵਿਚੋਂ ਇਸ ਨੂੰ) ਕਿਤੇ ਭੀ ਸਥਿਰਤਾ ਨਹੀਂ ਮਿਲਦੀ ।

4. ਹੇ ਭਾਈ ! ਆਤਮਕ ਅਡੋਲਤਾ ਵਿਚ (ਅੱਪੜਾਨ ਵਾਲਾ) ਪੂਰਾ ਗੁਰੂ ਇਸ ਨੂੰ ਨਹੀਂ ਮਿਲਦਾ (ਇਸ ਵਾਸਤੇ) ਸਾਕਤ ਸਦਾ ਹੀ ਜੰਮਦਾ ਮਰਦਾ ਰਹਿੰਦਾ ਹੈ ।੧।

ਪ੍ਰ:—ਸ੍ਰੀ ਜੀਉ ! ਜੰਮਣ ਮਰਨ ਤੋਂ ਛੁੱਟਣ ਲਈ ਕੀ ਕਰਨਾ ਚਾਹੀਦਾ ਹੈ ?

5.ਉ:—ਹੇ ਪਿਆਰੇ ! (ਇਉਂ ਹੀ ਅਰਦਾਸ ਕਰਦੇ ਰਹੋ ਕਿ) ਹੇ ਸਭ ਤਾਕਤਾਂ ਦੇ ਮਾਲਕ ਪ੍ਰਭੂ, ਹੇ ਸਭ ਦਾਤਾਂ ਦੇਣ ਵਾਲੇ ! ਅਸਾਂ ਜੀਵਾਂ ਵਾਸਤੇ ਤੂੰ ਅਪਹੁੰਚ ਹੈਂ, ਬੇਅੰਤ ਹੈਂ, ਤੂੰ (ਸਾਡੀ) ਆਪ ਹੀ ਰੱਖਿਆ ਕਰ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ! (ਜਿਹੜਾ ਤੇਰਾ) ਦਾਸ ਤੇਰੀ ਸ਼ਰਨ ਆਉਂਦਾ ਹੈ, ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ।੨। ੭੯।੧੦੨।

ਭਾਵਾਰਥ :—ਨਾਮ ਸਿਮਰਨ ਤੋਂ ਬਿਨਾਂ ਹਿਰਦਾ ਸ਼ੁੱਧ ਨਹੀਂ ਹੁੰਦਾ, ਸਿਮਰਨ ਤੋਂ ਸੱਖਣੇ ਮਨੁੱਖ ਦਾ ਸਦਾ ਹੀ ਆਵਾਗਵਣ ਬਣਿਆ ਰਹਿੰਦਾ ਹੈ ।

ਸਾਰਗ ਮਹਲਾ ੫ ॥

1. **ਰਮਣ ਕਉ ਰਾਮ ਕੇ ਗੁਣ ਬਾਦ ॥**
2. **ਸਾਧ ਸੰਗਿ ਧਿਆਈਐ ਪਰਮੇਸਰੁ**
   ਅੰਮ੍ਰਿਤ ਜਾ ਕੇ ਸੁਆਦ ॥੧॥ਰਹਾਉ॥
3. **ਸਿਮਰਤ ਏਕੁ ਅਚੁਤ ਅਬਿਨਾਸੀ**
   ਬਿਨਸੇ ਮਾਇਆ ਮਾਦ ॥
4. **ਸਹਜ ਅਨਦ ਅਨਹਦ ਧੁਨਿ ਬਾਣੀ**
   ਬਹੁਰਿ ਨ ਭਏ ਬਿਖਾਦ ॥੧॥
5. **ਸਨਕਾਦਿਕ ਬ੍ਰਹਮਾਦਿਕ ਗਾਵਤ**
   ਗਾਵਤ ਸੁਕ ਪ੍ਰਹਿਲਾਦ ॥
6. **ਪੀਵਤ ਅਮਿਉ ਮਨੋਹਰ ਹਰਿ ਰਸੁ**
   ਜਪਿ ਨਾਨਕ ਹਰਿ ਬਿਸਮਾਦ ॥੨॥੮੦॥੧੦੩॥

ਪਦ ਅਰਥ :–ਰਮਣ ਕਉ–ਸਿਮਰਣ ਵਾਸਤੇ । ਗੁਣ ਬਾਦ–ਗੁਣਾਨਵਾਦ, ਗੁਣਾਂ ਦਾ ਉਚਾਰਨ । ਸੰਗਿ–ਸੰਗਤ ਵਿਚ । ਧਿਆਈਐ-ਸਿਮਰਿਆ ਜਾ ਸਕਦਾ ਹੈ । ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ । ਜਾ ਕੇ–ਜਿਸ (ਪ੍ਰਮਾਤਮਾ) ਦੇ ।੧।ਰਹ ਉ।

ਅਚੁਤ–ਨਾਸ ਰਹਿਤ । ਮਾਦ–ਮਸਤੀਆਂ । ਸਹਜ ਅਨੰਦ-ਆਤਮਕ ਅਡੋਲਤਾ ਦੇ ਅਨੰਦ । ਅਨਹਦ ਧੁਨਿ–ਇਕ ਰਸ ਟਿਕੀ ਰਹਿਣ ਵਾਲੀ ਰੌ । ਬਹੁਰਿ–ਮੁੜ । ਬਿਖਾਦ–ਦੁੱਖ ਕਲੇਸ਼ ।੧।

ਸਨਕਾਦਿਕ–(ਬ੍ਰਹਮਾ ਦੇ ਚਾਰ ਪੁੱਤਰ) ਸਨਕ, ਸਨਾਤਨ, ਸਨੰਦਨ, ਸਨਤਕੁਮਾਰ । ਗਾਵਤ-ਗਾਂਦੇ । ਸੁਕ–ਸੁਕਦੇਵ ਰਿਸ਼ੀ । ਪੀਵਤ–ਪੀਂਦਿਆਂ । ਅਮਿਉ–ਅੰਮ੍ਰਿਤ; ਆਤਮਕ ਜੀਵਨ ਦੇਣ ਵਾਲਾ ਨਾਮ ਜਲ । ਜਪਿ–ਜਪ ਕੇ । ਬਿਸਮਾਦ–ਵਿਸਮਾਦ ਅਵਸਥਾ, ਬੇ ਖੁਦੀ ਦੀ ਅਵਸਥਾ, ਆਤਮਕ ਮਸਤੀ ।੨।

ਅਰਥ:–

ਪ੍ਰ:–ਗੁਰਦੇਵ ਜੀਓ ! ਸਿਮਰਨ ਕਰਨ ਵਾਸਤੇ ਆਪ ਸਹੀ ਦਾਤ ਕਿਹੜੀ ਮੰਨਦੇ ਹੋ ?

1.**ਉ**:–ਹੇ ਪਿਆਰੇ ! (ਅਸਲ ਵਿਚ ਤਾਂ) ਪ੍ਰਮਾਤਮਾ ਦੇ ਗੁਣਾਂ ਦਾ (ਸਦਾ ਹੀ) ਉਚਾਰਨ ਕਰਦੇ ਰਹਿਣਾ, ਇਹ ਹੀ ਸਿਮਰਨ ਵਾਸਤੇ (ਸਰੇਸ਼ਟ ਦਾਤ ਹੈ) ।

2. ਹੇ ਭਾਈ ! ਜਿਸ ਪ੍ਰਮੇਸ਼ਰ ਦੇ (ਨਾਮ ਜਪਣ ਦੇ) ਰਸ ਆਤਮਕ ਜੀਵਨ ਦੇਣ ਵਾਲੇ ਹਨ, ਉਸ ਦਾ ਧਿਆਨ ਸਾਧ ਸੰਗਤ ਵਿਚ ਟਿਕ ਕੇ ਧਰਨਾ ਚਾਹੀਦਾ ਹੈ ।੧।ਰਹਾਉ।

ਪ੍ਰ:–ਗੁਰਦੇਵ ਜੀਓ ! ਮਾਇਆ ਦੀ ਮਸਤੀ ਬੜੀ ਪ੍ਰਬਲ ਹੈ, ਦਸੋ ਇਹ ਕਿਵੇਂ ਲਹਿ ਸਕਦੀ ਹੈ ?

3.**ਉ**:–ਹੇ ਭਾਈਓ ! ਇਕ ਪ੍ਰਭੂ ਦਾ ਨਾਮ ਹੀ ਹੈ, ਉਸ ਨਾਸ ਰਹਿਤ ਪ੍ਰਮੇਸ਼ਰ ਦਾ ਨਾਮ ਸਿਮਰਦਿਆਂ ਮਾਇਆ ਦੇ ਸਾਰੇ ਨਸ਼ੇ ਨਾਸ ਹੋ ਜਾਂਦੇ ਹਨ ।

4. (ਕਿਉਂਕਿ, ਸਿਮਰਨ ਵਾਲੇ ਦੇ ਅੰਦਰ) ਆਤਮਕ ਅਡੋ-ਲਤਾ ਦੇ ਅਨੰਦ ਬਣੇ ਰਹਿੰਦੇ ਹਨ, ਸਿਫਤ ਸਾਲਾਹ ਦੀ ਇਕ ਰਸ ਰੌ ਜਾਰੀ ਹੋ ਜਾਂਦੀ ਹੈ, ਉਸ ਦੇ ਮਨ ਵਿਚ ਦੁੱਖ ਕਲੇਸ਼ ਨਹੀਂ ਰਹਿ ਜਾਂਦੇ ।੧।

ਪ੍ਰ:–ਕਿਉ ਜੀ, ਕੋਈ ਹੋਰ ਉਸ ਦੇ ਗੁਣ ਗਾਉਂਦਾ ਭੀ ਹੈ, ਤਾਂ ਦਸੋ ?

5**ਉ**:–ਹੇ ਭਾਈ ! ਸੁਣੋ,ਸਨਕ ਆਦਿਕ ਬ੍ਰਹਮਾ ਦੇ ਚਾਰ ਪੁੱਤਰ, ਬ੍ਰਹਮਾ ਆਦਿਕ ਦੇਵਤੇ (ਉਸ ਪ੍ਰਭੂ ਦੀ ਸਿਫਤ ਸਾਲਾਹ ਦੇ ਗੀਤ) ਗਾਂਦੇ ਰਹਿੰਦੇ ਹਨ, ਸੁਕਦੇਵ ਰਿਸ਼ੀ ਪ੍ਰਹਿਲਾਦ ਭਗਤ ਆਦਿਕ ਉਸ ਦੇ ਗੁਣ ਗਾਉਂਦੇ ਹਨ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਇਓ ! ਮਨ ਨੂੰ ਮੋਹਣ ਵਾਲੇ ਹਰੀ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪੀਂਦਿਆਂ ਹਰੀ ਦਾ ਨਾਮ ਜਪ ਜਪ ਕੇ ਮਨੁੱਖ ਦੇ ਅੰਦਰ ਉਹ ਅਵਸਥਾ ਪੈਦਾ ਹੋ ਜਾਂਦੀ ਹੈ, ਜਿਥੇ ਇਹ ਸਦਾ ਵਾਹ ਵਾਹ ਦੀ ਮਸਤੀ ਵਿਚ ਟਿਕਿਆ ਰਹਿੰਦਾ ਹੈ ।੨।੮੦।੧੦੩।

ਭਾਵਾਰਥ :–ਪ੍ਰਮੇਸ਼ਰ ਦੀ ਸਿਫਤ ਕਰਦੇ ਰਹਿਣ ਦਾ ਜੋ ਸੁਆਦ ਹੈ, ਉਸ ਦੇ ਨਾਲ ਦਾ ਕੋਈ ਹੋਰ ਸੁਆਦ ਨਹੀਂ ਹੈ, ਇਸੇ ਲਈ ਵੱਡੇ-ਵੱਡੇ ਰਿਸ਼ੀ ਤੇ ਭਗਤ ਗੁਣ ਗਾਂਦੇ ਆਏ ਹਨ ।

ਸਾਰਗ ਮਹਲਾ ੫ ॥

1. **ਕੀਨੇ ਪਾਪ ਕੇ ਬਹੁ ਕੋਟ ॥**
2. **ਦਿਨਸੁ ਰੈਨੀ ਥਕਤ ਨਾਹੀ**
   ਕਤਹਿ ਨਾਹੀ ਛੋਟ ॥੧॥ਰਹਾਉ॥
3. **ਮਹਾ ਬਜਰ ਬਿਖ ਬਿਆਧੀ**
   ਸਿਰਿ ਉਠਾਈ ਪੋਟ ॥
4. **ਉਘਰਿ ਗਈਆਂ ਖਿਨਹਿ ਭੀਤਰਿ**
   ਜਮਹਿ ਗ੍ਰਾਸੇ ਝੋਟ ॥੧॥
5. **ਪਸੁ ਪਰੇਤ ਉਸਟ ਗਰਧਭ**
   ਅਨਿਕ ਜੋਨੀ ਲੇਟ ॥
6. **ਭਜੁ ਸਾਧ ਸੰਗਿ ਗੋਬਿੰਦ ਨਾਨਕ**
   ਕਛੁ ਨ ਲਾਗੈ ਫੋਟ ॥੨॥੮੧॥੧੦੪॥

ਪਦ ਅਰਥ:-ਬਹੁ–ਅਨੇਕਾਂ । ਕੋਟ–ਕਿਲ੍ਹੇ, ਵਲ-ਗਣਾਂ । ਰੈਨੀ–ਰਾਤ । ਦਿਨਸੁ–ਦਿਨ । ਕਤਹਿ–ਕਿਤੇ ਭੀ । ਛੋਟ–ਖਲਾਸੀ ।੧।ਰਹਾਉ।

ਬਜਰ–ਬੱਜਰ, ਕਰੜੇ । ਬਿਖ–ਆਤਮਕ ਮੌਤ ਲਿਆਉਣ ਵਾਲੀ ਜ਼ਹਿਰ । ਬਿਆਧੀ–ਰੋਗ । ਸਿਰਿ–ਸਿਰ

ਉਤੇ। ਪੋਟ-ਪੋਟਲੀ। ਜਮਹਿ-ਜਮਾਂ ਨੇ। ਗ੍ਰਾਸੇ-ਫੜ ਲਏ। ਝੋਟ-ਕੇਸ, ਝਾਟਾ।੧।

ਪਰੇਤ-ਪ੍ਰੇਤ ਜੂਨ। ਉਸਟ-ਉਸ਼ਟ, ਊਠ। ਗਰਧਭ-ਖੋਤਾ। ਲੇਟ-ਲਿਟਦਾ, ਰੁਲਦਾ। ਭਜੁ-ਭਜਨ ਕਰ। ਸਾਧ ਸੰਗਿ-ਸਾਧ ਸੰਗਤ ਵਿਚ। ਫੇਟ-ਸੱਟ।੨।

ਅਰਥ-

ਪ੍ਰ:-ਸ੍ਰੀ ਜੀਉ! ਨਾਮ ਤੋਂ ਸੱਖਣੇ ਰਹਿ ਕੇ ਮਨੁੱਖ ਨੂੰ ਕੀ ਦੋਸ਼ ਲੱਗਦਾ ਹੈ?

1. ਉ:-ਹੇ ਭਾਈਓ! (ਇਉਂ ਹੀ ਜਾਣੋ ਕਿ ਹਰਿ ਨਾਮ ਤੋਂ ਖੁੰਝ ਕੇ) ਮਨੁੱਖ ਪਾਪਾਂ ਦੀਆਂ ਅਨੇਕਾਂ ਹੀ ਵਲਗਣਾਂ (ਆਪਣੀ ਜਿੰਦ ਦੇ ਦੁਆਲੇ) ਖੜੀਆਂ ਕਰਦਾ ਜਾਂਦਾ ਹੈ।

2. ਹੇ ਭਾਈਓ! (ਇਹ ਜੀਵ) ਦਿਨੇ ਰਾਤ (ਪਾਪ ਕਰਦਿਆਂ) ਥੱਕਦਾ ਨਹੀਂ, (ਸੋ ਇਹ ਨਿਸਚਾ ਕਰ ਲਓ ਕਿ ਸਾਧ ਸੰਗਤ ਤੋਂ ਬਿਨਾਂ ਹੋਰ) ਕਿਤੇ ਭੀ (ਪਾਪਾਂ ਤੋਂ) ਇਸ ਦੀ ਖਲਾਸੀ ਨਹੀਂ ਹੋ ਸਕਦੀ।੧। ਰਹਾਉ।

3. ਹੇ ਪਿਆਰੇ! ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ, (ਹਰਿ ਨਾਮ ਤੋਂ ਖੁੰਝ ਕੇ) ਮਨੁੱਖ ਬੜੇ ਕਰੜੇ ਅਤੇ ਆਤਮਕ ਮੌਤ ਲਿਆਉਣ ਵਾਲੇ ਰੋਗਾਂ ਦੀ ਪੋਟਲੀ (ਆਪਣੇ) ਸਿਰ ਉਤੇ ਚੁੱਕੀ ਰੱਖਦਾ ਹੈ।

4. ਪਰ, ਹੇ ਭਾਈ! ਜਦੋਂ ਜਮਾਂ ਨੇ ਆ ਕੇ ਕੇਸਾਂ ਤੋਂ ਫੜ ਲਿਆ, ਤਦੋਂ ਇਕ ਖਿਨ ਵਿਚ (ਹੀ) (ਇਸ ਦੀਆਂ ਅੱਖਾਂ) ਉਘੜ ਆਉਂਦੀਆਂ ਹਨ, (ਪਰ ਤਦੋਂ ਕੀ ਲਾਭ?)।੧।

ਪ੍ਰ:-ਗੁਰਦੇਵ ਜੀਓ! ਆਖਰ ਮਨੁੱਖ ਨੂੰ ਪਾਪਾਂ ਦਾ ਫਲ ਕੀ ਮਿਲਦਾ ਹੈ?

5. ਉ.-ਹੇ ਭਾਈਓ! (ਪਾਪਾਂ ਦੀਆਂ ਪੰਡਾਂ ਦੇ ਕਾਰਨ ਹੀ) ਜੀਵ ਪਸ਼ੂ, ਪ੍ਰੇਤ, ਊਠ, ਖੋਤਾ ਆਦਿਕ ਅਨੇਕਾਂ ਜੂਨਾਂ ਵਿਚ ਰੁਲਦਾ ਫਿਰਦਾ ਹੈ।

ਪ੍ਰ:-ਸ੍ਰੀ ਜੀਉ! ਇਹ ਦੱਸੋ, ਆਖਰ ਜਮਾਂ ਦੀਆਂ ਚੋਟਾਂ ਤੋ ਕਿਵੇਂ ਬਚਿਆ ਜਾਵੇ?

6. ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਸਾਧ ਸੰਗਤ ਵਿਚ ਟਿਕ ਕੇ ਪ੍ਰਮੇਸ਼ਰ ਦਾ ਭਜਨ ਕਰਿਆ ਕਰ, ਫਿਰ (ਤੈਨੂੰ) (ਜਮਾਂ ਦੀ) ਰਤਾ ਭਰ ਭੀ ਚੋਟ ਨਹੀਂ ਲਗੇਗੀ।੨।੯੧।੧੦੪।

ਭਾਵਾਰਥ :-ਪਾਪ ਕਰਮ ਕਰਦੇ ਰਹਿਣ ਨਾਲ ਇਕ ਅਮੁੱਕ ਧਉਣੀ ਬਣੀ ਰਹਿੰਦੀ ਹੈ, ਜਿਸ ਵਿਚ ਦੁੱਖ ਅਤੇ ਰੋਗ ਹੀ ਵਾਪਰਦੇ ਰਹਿੰਦੇ ਹਨ, ਅਤੇ ਜੂਨਾਂ ਕੱਟਣ ਤੋਂ ਵਿਹਲ ਨਹੀਂ ਲੱਭਦੀ।

ਸਾਰਗ ਮਹਲਾ ੫ ॥

1. ਅੰਧੇ ਖਾਵਹਿ ਬਿਸੂ ਕੇ ਗਟਾਕ ॥

2. ਨੈਨ ਸ੍ਰਵਨ ਸਰੀਰੁ ਸਭੁ ਹੁਟਿਓ
ਸਾਸੁ ਗਇਓ ਤਤ ਘਾਟ ॥੧॥ਰਹਾਉ॥

3. ਅਨਾਥ ਰਞਾਣਿ ਉਦਰੁ ਲੇ ਪੋਖਹਿ
ਮਾਇਆ ਗਈਆ ਹਾਟਿ ॥

4. ਕਿਲਬਿਖ ਕਰਤ ਕਰਤ ਪਛੁਤਾਵਹਿ
ਕਬਹੁ ਨ ਸਾਕਹਿ ਛਾਂਟਿ ॥੧॥

5. ਨਿੰਦਕੁ ਜਮਦੂਤੀ ਆਇ ਸੰਘਾਰਿਓ
ਦੇਵਹਿ ਮੂੰਡ ਊਪਰਿ ਮਟਾਕ ॥

6. ਨਾਨਕ ਆਪਨ ਕਟਾਰੀ ਆਪਸ ਕਉ ਲਾਈ
ਮਨੁ ਅਪਨਾ ਕੀਨੋ ਫਾਟ ॥੨॥੯੨॥੧੦੫॥

ਪਦ ਅਰਥ :-ਅੰਧੇ-ਮਾਇਆ ਦੇ ਮੋਹ ਵਿਚ ਅੰਧੇ ਹੋ ਚੁਕੇ ਮਨੁੱਖ। ਖਾਵਹਿ-ਖਾਂਦੇ ਰਹਿੰਦੇ ਹਨ। ਬਿਸੂ-(ਆਤਮਕ ਮੌਤ) ਲਿਆਉਣ ਵਾਲੀ ਜ਼ਹਿਰ। ਗਟਾਕ-ਗੱਫੇ। ਨੈਨ-ਅੱਖਾਂ। ਸ੍ਰਵਨ-ਕੰਨ। ਹੁਟਿਓ-ਥੱਕ ਜਾਂਦਾ ਹੈ; ਕੰਮ ਕਰਨੋਂ ਰਹਿ ਜਾਂਦਾ ਹੈ। ਸਾਸੁ-ਸਾਹ। ਗਇਓ-ਚਲਾ ਜਾਂਦਾ ਹੈ, ਰੁਕ ਜਾਂਦਾ ਹੈ। ਤਤ ਘਾਟ-ਤਤ ਘਟਕਾ, ਉਸੇ ਹੀ ਘੜੀ।੧।ਰਹਾਉ।

ਅਨਾਥ-ਗਰੀਬ, ਕਮਜ਼ੋਰ। ਰਞਾਣਿ-ਦੁਖੀ ਕਰ ਕੇ। ਉਦਰੁ-ਪੇਟ। ਪੋਖਹਿ-ਪਾਲਦੇ ਹਨ। ਗਈਆ ਹਾਟਿ-ਹਟ ਜਾਂਦੀ ਹੈ, ਛੱਡ ਜਾਂਦੀ ਹੈ। ਕਿਲਬਿਖ-ਪਾਪ। ਕਰਤ-ਕਰਦਿਆਂ। ਨ ਸਾਕਹਿ ਛਾਂਟ-ਛੱਡ ਨਹੀਂ ਸਕਦੇ।੧।

ਜਮਦੂਤੀ-ਜਮਦੂਤੀਂ, ਜਮਦੂਤਾਂ ਨੇ। ਦੇਵਹਿ-ਦੇਂਦੇ ਹਨ। ਮੂੰਡ-ਸਿਰ। ਮਟਾਕ-ਸੱਟ। ਆਪਸ ਕਉ-ਆਪਣੇ ਆਪ ਨੂੰ। ਫਾਟ-ਜ਼ਖਮੀ।੨।

ਅਰਥ:-

ਪ੍ਰ:-ਗੁਰਦੇਵ ਜੀਉ! ਮਾਇਆ ਵੇਹੜੇ ਜੀਵਾਂ ਦੀ ਪਛਾਣ ਕੀ ਹੈ?

1. ਉ:-ਹੇ ਭਾਈਓ! (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁਕੇ ਮਨੁੱਖ ਆਤਮਕ ਮੌਤ ਲਿਆਉਣ ਵਾਲੇ ਪਦਾਰਥ ਹੀ ਖੁਸ਼ ਹੋ-ਹੋ ਖਾਂਦੇ ਰਹਿੰਦੇ ਹਨ।

2. ਹੇ ਭਾਈ! ਆਖਰ ਮੌਤ ਸਿਰ ਤੇ ਆ ਜਾਂਦੀ ਹੈ, ਅੱਖਾਂ, ਕੰਨ, ਸਰੀਰ (ਦਾ) ਹਰੇਕ ਅੰਗ ਕੰਮ ਕਰਨੋਂ ਰਹਿ ਜਾਂਦਾ ਹੈ, (ਅਤੇ, ਆਖਰ) ਸਾਹ ਭੀ ਖਤਮ ਹੋ ਜਾਂਦਾ ਹੈ।੧।ਰਹਾਉ।

ਪ੍ਰ:-ਕਿਉਂ ਜੀ, ਉਨ੍ਹਾਂ ਦੀ ਹੋਰ ਕੀ ਪਛਾਣ ਹੈ?

3. ਉ:-ਹੇ ਪਿਆਰੇ! (ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਮਨੁੱਖ) ਕਮਜ਼ੋਰਾਂ ਨੂੰ ਦੁੱਖ ਦੇ ਦੇ ਕੇ ਆਪਣਾ

ਪੇਟ ਪਾਲਦੇ ਰਹਿੰਦੇ ਹਨ, ਪਰ ਆਖਰ (ਮੌਤ ਦੀ ਆਉਣ ਤੋਂ) ਉਹ ਮਾਇਆ ਭੀ ਸਾਥ ਛੱਡ ਦੇਂਦੀ ਹੈ।

4. ਹੇ ਭਾਈ ! ਅਸੀਂ ਤਾਂ ਵੇਖਦੇ ਹਾਂ ਕਿ, ਅਜਿਹੇ ਮਨੁੱਖ ਪਾਪ ਕਰਦਿਆਂ-ਕਰਦਿਆਂ ਪਛੋਤਾਪ ਭੀ ਕਰਦੇ ਹਨ, ਪਰ ਇਨ੍ਹਾਂ ਪਾਪਾਂ ਨੂੰ ਛੱਡ ਨਹੀਂ ਸਕਦੇ ।੧।

5. ਹੇ ਭਾਈਓ ! (ਇਹੋ ਹੀ ਹਾਲ ਹੁੰਦਾ ਹੈ, ਨਿੰਦਕ ਮਨੁੱਖਾਂ ਦਾ, ਨਿੰਦਕ ਸਾਰੀ ਉਮਰ ਸੰਤ ਜਨਾਂ ਉਤੇ ਦੂਸ਼ਣ ਲਾਂਦਾ ਰਹਿੰਦਾ ਹੈ, ਆਖਰ) ਜਦੋਂ ਜਮਦੂਤ ਨਿੰਦਕ ਨੂੰ ਆ ਫੜਦੇ ਹਨ, ਉਸ ਦੇ ਸਿਰ ਉਤੇ (ਮੌਤ ਦੀ) ਚੋਟ ਆ ਚਲਾਂਦੇ ਹਨ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਭਾਈ ! ਸਾਰੀ ਉਮਰ) ਨਿੰਦਕ ਆਪਣੀ ਛੁਰੀ ਆਪਣੇ ਉਤੇ (ਆਪ) ਹੀ ਚਲਾਂਦਾ ਰਹਿੰਦਾ ਹੈ, ਆਪਣੇ ਹੀ ਮਨ ਨੂੰ ਨਿੰਦਾ ਦੇ ਜ਼ਖਮ ਲਾਂਦਾ ਰਹਿੰਦਾ ਹੈ ।੨। ੮੨।੧੦੫।

ਸਾਰਗ ਮਹਲਾ ੫ ॥

1. ਟੂਟੀ ਨਿੰਦਕ ਕੀ ਅਧ ਬੀਚ ॥
2. ਜਨ ਕਾ ਰਾਖਾ ਆਪਿ ਸੁਆਮੀ
ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ॥
3. ਉਸ ਕਾ ਕਹਿਆ ਕੋਇ ਨ ਸੁਣਈ
ਕਹੀ ਨ ਬੈਸਣੁ ਪਾਵੈ ॥
4. ਈਹਾਂ ਦੁਖੁ ਆਗੈ ਨਰਕੁ ਭੁੰਚੈ
ਬਹੁ ਜੋਨੀ ਭਰਮਾਵੈ ॥੧॥
5. ਪ੍ਰਗਟੁ ਭਇਆ ਖੰਡੀ ਬ੍ਰਹਮੰਡੀ
ਕੀਤਾ ਅਪਣਾ ਪਾਇਆ ॥
6. ਨਾਨਕ ਸਰਣਿ ਨਿਰਭਉ ਕਰਤੇ ਕੀ
ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥

ਪਦ ਅਰਥ :—ਅਧ ਬੀਚ—ਅੱਧ ਵਿਚ ਹੀ। ਟੂਟੀ ਅਧ ਬੀਚ—ਅੱਧ ਵਿਚ ਹੀ ਟੁੱਟ ਜਾਂਦੀ ਹੈ, ਜ਼ਿੰਦਗੀ ਅਸਫਲ ਹੋ ਜਾਂਦੀ ਹੈ। ਬੇਮੁਖ—(ਪ੍ਰਭੂ ਦੇ ਸੇਵਕ ਵਲੋਂ) ਜਿਸ ਨੇ ਆਪਣਾ ਮੂੰਹ ਮੋੜਿਆ ਹੋਇਆ ਹੈ। ਮੀਚ—ਮੌਤ, ਆਤਮਕ ਮੌਤ ।੧।ਰਹਾਉ।

ਉਸ ਕਾ—(ਉਸ ਨਿੰਦਕ) ਦਾ। ਨ ਸੁਣਈ—ਨ ਸੁਣੈ, ਨਹੀਂ ਸੁਣਦਾ। ਕਹੀ—ਕਿਤੇ ਭੀ। ਬੈਸਣੁ-ਥਾਂ,ਆਦਰ ਦੀਥਾਂ। ਈਹਾ—ਇਸ ਲੋਕ ਵਿਚ। ਅਗੈ—ਪ੍ਰਲੋਕ ਵਿਚ। ਭੁੰਚੈ-ਭੋਗਦਾ ਹੈ। ਭਰਮਾਵੈ-ਭਟਕਦਾ ਹੈ ।੧।

ਪ੍ਰਗਟ ਭਇਆ—ਨਸ਼ਰ ਹੁੰਦਾ ਹੈ, ਬਦਨਾਮੀ ਖੱਟਦਾ ਹੈ। ਖੰਡੀ ਬ੍ਰਹਮੰਡੀ—ਜਗਤ ਵਿਚ। ਕਰਤੇ ਕੀ—ਕਰਤਾਰ ਦੀ। ਮੰਗਲ—ਖੁਸ਼ੀਆਂ ।੨।

ਅਰਥ:—

ਪ੍ਰ:—ਸ੍ਰੀ ਜੀਉ ! ਅਣਹੋਈ ਨਿੰਦਾ ਕਰਨ ਵਾਲੇ ਨੂੰ ਕੀ ਸਜ਼ਾ ਮਿਲਦੀ ਹੈ ?

1.**ਉ**:—ਹੇ ਭਾਈਓ ! (ਸੱਚ ਤਾਂ ਇਹੋ ਹੀ ਹੈ ਕਿ) ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ ਜ਼ਿੰਦਗੀ ਨਿਸਫਲ ਹੀ ਜਾਂਦੀ ਹੈ।

2. ਕਿਉਂਕਿ, ਹੇ ਭਾਈ ! ਉਹ ਮਾਲਕ ਪ੍ਰਭੂ ਆਪਣੇ ਸੇਵਕ ਦੀ ਰੱਖਿਆ ਕਰਨ ਵਾਲਾ ਹੈ, ਪਰ ਜਿਹੜਾ ਮਨੁੱਖ ਸੰਤ ਜਨਾਂ ਤੋਂ ਮੂੰਹ ਮੋੜੀ ਰੱਖਦਾ ਹੈ, (ਉਹ ਆਪਣੀ ਆਪ ਹੀ) ਆਤਮਕ ਮੌਤ ਸਹੇੜ ਲੈਂਦਾ ਹੈ ।੧। ਰਹਾਉ।

ਪ੍ਰ:—ਗੁਰਦੇਵ ਜੀਓ ! ਉਸ ਨੂੰ ਹੋਰ ਕੀ ਸਜ਼ਾ ਮਿਲਿਆ ਕਰਦੀ ਹੈ ?

3.**ਉ**—ਹੇ ਭਾਈਓ ! ਉਸ ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ (ਕਹੀ) ਗੱਲ ਉਤੇ ਕੋਈ ਭੀ ਇਤਬਾਰ ਨਹੀਂ ਕਰਦਾ, ਅਤੇ ਉਸ ਨੂੰ ਕਿਤੇ ਭੀ ਇੱਜ਼ਤ ਵਾਲੀ ਥਾਂ ਨਹੀਂ ਮਿਲਦੀ।

4. ਹੇ ਪਿਆਰੇ ! ਉਹ ਅਜਿਹਾ ਨਿੰਦਕ ਇਸ ਲੋਕ ਵਿਚ ਦੁੱਖ ਹੀ ਪਾਂਦਾ ਹੈ, (ਕਿਉਂਕਿ ਕੋਈ ਉਸ ਦੀ ਇੱਜ਼ਤ ਨਹੀਂ ਕਰਦਾ) ਪ੍ਰਲੋਕ ਵਿਚ ਭੀ ਨਰਕ ਭੋਗਦਾ ਹੈ, ਅਨੇਕਾਂ ਜੂਨਾਂ ਵਿਚ ਭਟਕਦਾ ਹੈ ।੧।

5. ਹੇ ਭਾਈਓ ! ਸੰਤ ਜਨਾਂ ਦੀ ਨਿੰਦਾ ਕਰਨ ਵਾਲਾ ਮਨੁੱਖ ਆਪਣੇ (ਇਸ) ਕੀਤੇ ਦਾ (ਇਹ) ਫਲ ਪਾਂਦਾ ਹੈ ਕਿ ਸਾਰੇ ਜਗਤ ਵਿਚ ਬਦਨਾਮ ਹੋ ਜਾਂਦਾ ਹੈ।

ਪ੍ਰ:—ਕਿਉਂ ਜੀ ! ਕੀ ਉਸ ਸੰਤ ਨੂੰ ਆਪਣੀ ਨਿੰਦਾ ਸੁਣ ਕੇ ਕੋਈ ਖੋਭ ਹੁੰਦਾ ਹੈ ?

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਪਿਆਰੇ ! ਉਸ ਸੰਤ ਨੂੰ ਆਪਣੀ ਨਿੰਦਾ ਸੁਣ ਕੇ ਕੋਈ ਭੀ ਦੁੱਖ ਨਹੀਂ ਹੁੰਦਾ, ਕਿਉਂਕਿ, ਪ੍ਰਭੂ ਦਾ ਸੇਵਕ) ਨਿਰਭਉ ਕਰਤਾਰ ਦੀ ਸ਼ਰਨ ਪਿਆ ਰਹਿੰਦਾ ਹੈ, ਪ੍ਰਭੂ ਦੇ ਹੀ ਗੁਣ ਗਾਂਦਾ ਹੈ, ਉਸ ਦੇ ਅੰਦਰ ਆਤਮਕ ਅਨੰਦ ਬਣਿਆ ਰਹਿੰਦਾ ਹੈ, ਆਤਮਕ ਖੁਸ਼ੀਆਂ ਬਣੀਆਂ ਰਹਿੰਦੀਆਂ ਹਨ ।੨।੮੩ ੧੦੬।

ਭਾਵਾਰਥ :—ਜੋ ਨਿੰਦਕ ਲੋਕ ਪ੍ਰਭੂ ਦੇ ਸੇਵਕਾਂ ਦੀ ਅਣਹੋਈ ਨਿੰਦਾ ਕਰਦੇ ਹਨ, ਉਹ ਕਿਸੇ ਥਾਂ ਭੀ ਇੱਜ਼ਤ ਨਹੀਂ ਪਾ ਸਕਦੇ ਅਤੇ ਲੋਕ-ਪ੍ਰਲੋਕ ਵਿਚ ਉਨ੍ਹਾਂ ਨੂੰ ਸਦਾ ਹੀ ਦੁੱਖ ਭੋਗਣਾ ਪੈਂਦਾ ਹੈ।

ਸਾਰਗ ਮਹਲਾ ੫ ॥

1. **ਤ੍ਰਿਸਨਾ ਚਲਤ ਬਹੁ ਪਰਕਾਰਿ ॥**
2. **ਪੂਰਨ ਹੋਤ ਨ ਕਤਹੁ ਬਾਤਹਿ**
   ਅੰਤਿ ਪਰਤੀ ਹਾਰਿ ॥੧॥ਰਹਾਉ॥
3. **ਸਾਂਤਿ ਸੂਖ ਨ ਸਹਜੁ ਉਪਜੈ**
   ਇਹੈ ਇਸੁ ਬਿਉਹਾਰਿ ॥
4. **ਆਪ ਪਰ ਕਾ ਕਛੁ ਨ ਜਾਨੈ**
   ਕਾਮ ਕ੍ਰੋਧਹਿ ਜਾਰਿ ॥੧॥
5. **ਸੰਸਾਰ ਸਾਗਰੁ ਦੁਖਿ ਬਿਆਪਿਓ**
   ਦਾਸ ਲੇਵਹੁ ਤਾਰਿ ॥
6. **ਚਰਨ ਕਮਲ ਸਰਣਾਇ ਨਾਨਕ**
   ਸਦ ਸਦਾ ਬਲਿਹਾਰਿ ॥੨॥੮੪॥੧੦੭॥

ਪਦ ਅਰਥ :—ਤ੍ਰਿਸਨਾ—ਮਾਇਆ ਦਾ ਲਾਲਚ । ਚਲਤ—ਤੁਰਦੀ ਹੈ, ਦੌੜ-ਭੱਜ ਕਰਦੀ ਹੈ । ਬਹੁ ਪਰਕਾਰਿ—ਕਈ ਤਰੀਕਿਆਂ ਨਾਲ । ਕਤਹੂ ਬਾਤਹਿ—ਕਿਸੇ ਭੀ ਗੱਲ ਨਾਲ । ਅੰਤਿ—ਆਖਰ । ਪਰਤੀ ਹਾਰਿ—ਹਾਰ ਜਾਂਦੀ ਹੈ, ਸਿਰੇ ਨਹੀਂ ਚੜ੍ਹਦੀ ।੧।ਰਹਾਉ।

ਸਹਜੁ—ਆਤਮਕ ਅਡੋਲਤਾ । ਇਹੈ—ਇਹ ਹੀ । ਇਸੁ ਬਿਉਹਾਰਿ—ਇਸ ਤ੍ਰਿਸ਼ਨਾ ਦਾ ਵਿਹਾਰ ਹੈ । ਜਾਨੈ—ਜਾਣਦੀ । ਕ੍ਰੋਧਹਿ—ਕ੍ਰੋਧ ਨਾਲ । ਜਾਰਿ—ਜਾਰੇ, ਸਾੜ ਦੇਂਦੀ ਹੈ । ਆਪ—ਆਪਣਾ । ਪਰ ਕਾ—ਪਰਾਇਆ ।੧।

ਸਾਗਰੁ—ਸਮੁੰਦਰ । ਦੁਖਿ—ਦੁਖ ਵਿਚ । ਬਿਆਪਿਓ—ਫਸਿਆ ਰਹਿੰਦਾ ਹੈ । ਲੇਵਹੁ ਤਾਰਿ—ਤੂੰ ਤਾਰ ਲੈਂਦਾ ਹੈਂ । ਸਦ—ਸਦਾ । ਬਲਿਹਾਰਿ—ਮੈਂ ਸਦਕੇ ਜਾਂਦਾ ਹਾਂ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਮਨੁੱਖ ਦੇ ਅੰਦਰ ਉਹ ਕਿਹੜੀ ਸ਼ਕਤੀ ਹੈ, ਜਿਸ ਦੇ ਬਲ ਕਰ ਕੇ ਇਸ ਜੀਵ ਦੇ ਅੰਦਰ ਹਰ ਸਮੇਂ ਹੀ ਦੌੜ-ਭੱਜ ਬਣੀ ਰਹਿੰਦੀ ਹੈ ?

1.ਉ:—ਹੇ ਭਾਈਓ ! (ਅਸਲ ਵਿਚ ਮਨੁੱਖ ਦੇ ਅੰਦਰ ਇਕ) ਤ੍ਰਿਸ਼ਨਾ (ਹੀ ਹੈ ਜੋ) ਕਈ ਤ੍ਰੀਕਿਆਂ ਨਾਲ ਦੌੜ-ਭੱਜ ਕਰਦੀ ਰਹਿੰਦੀ ਹੈ ।

2. ਹੇ ਪਿਆਰੇ ! (ਵੇਖਦੇ ਹਾਂ ਕਿ ਇਹ ਤ੍ਰਿਸ਼ਨਾ) ਕਿਸੇ ਭੀ ਗੱਲ ਨਾਲ ਰੱਜਦੀ ਨਹੀਂ, (ਜ਼ਿੰਦਗੀ ਦੇ ਅਖੀਰ ਤਕ) ਇਹ ਸਿਰੇ ਨਹੀਂ ਚੜ੍ਹਦੀ (ਹੋਰ-ਹੋਰ ਵਧਦੀ ਹੀ ਰਹਿੰਦੀ ਹੈ) ।੧।ਰਹਾਉ।

ਪ੍ਰ:—ਸ੍ਰੀ ਜੀਉ ! ਮਨ ਦਾ ਹਰ ਵਕਤ ਭਟਕਦੇ ਰਹਿਣ ਦਾ ਸਹੀ ਕਾਰਨ ਕੀ ਹੈ ?

3.ਉ:—ਹੇ ਭਾਈ ! (ਇਹੋ ਹੀ ਇਕਕਾਰਨ ਹੈ ਕਿ ਮਨੁੱਖ ਦੇ ਮਨ ਵਿਚ ਕਦੇ ਭੀ) ਸ਼ਾਂਤੀ ਨਹੀਂ ਪੈਦਾ ਹੁੰਦੀ, ਅਨੰਦ ਨਹੀਂ ਬੱਝਦਾ, ਆਤਮਕ ਅਡੋਲਤਾ ਨਹੀਂ ਉਪਜਦੀ (ਬੱਸ) ਤ੍ਰਿਸ਼ਨਾ ਦਾ ਇਹੋ ਹੀ (ਸਦਾ) ਵਿਹਾਰ ਹੈ ।

4. ਹੇ ਭਾਈ ! ਕਾਮ ਅਤੇ ਕ੍ਰੋਧ ਨਾਲ (ਇਹ ਤ੍ਰਿਸ਼ਨਾ ਮਨੁੱਖ ਦਾ ਅੰਦਰਲਾ) ਸਾੜ ਦੇਂਦੀ ਹੈ, ਕਿਸੇ ਦਾ ਭੀ ਲਿਹਾਜ਼ ਨਹੀਂ ਕਰਦੀ ।੧।

5. ਐ ਪਿਆਰੇ ! ਤ੍ਰਿਸ਼ਨਾ ਦੇ ਕਾਰਨ ਜੀਵ ਉਤੇ ਸੰਸਾਰ ਸਮੁੰਦਰ ਆਪਣਾ ਜ਼ੋਰ ਪਾਈ ਰੱਖਦਾ ਹੈ, (ਜੀਵ) ਦੁੱਖ ਵਿਚ ਫਸਿਆ ਰਹਿੰਦਾ ਹੈ । ਪਰ, ਹੇ ਪ੍ਰਭੂ ! ਤੂੰ ਸੇਵਕਾਂ ਨੂੰ ਇਸ ਸੰਸਾਰ ਸਮੁੰਦਰ ਤੋਂ ਆਪ ਹੀ ਪਾਰ ਲੰਘਾ ਲੈਂਦਾ ਹੈਂ ।

ਪ੍ਰ:—ਕਿਉਂ ਜੀ, ਆਖਰ ਇਸ ਤ੍ਰਿਸ਼ਨਾ ਤੋਂ ਬਚਣ ਲਈ ਸਾਧਨ ਕੀ ਹੈ ?

6.ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਇਉਂ ਹੀ ਬੇਨਤੀ ਕਰਦਾ ਰਹੁ ਕਿ, ਹੇ ਪ੍ਰਭੂ ! ਮੈਂ ਤੇਰੇ ਸੋਹਣੇ ਚਰਨਾਂ ਦੀ ਸ਼ਰਨ ਆਇਆ ਹਾਂ, ਮੈਂ ਤੈਥੋਂ ਸਦਾ-ਸਦਾ ਸਦਕੇ ਜਾਂਦਾ ਹਾਂ ।੨।੮੪।੧੦੭।

ਭਾਵਾਰਥ —ਹਰ ਮਨੁੱਖ ਦਾ ਮਨ ਤ੍ਰਿਸ਼ਨਾ ਦੀ ਅਗਨ ਵਿਚ ਦਿਨੇ ਰਾਤ ਸੜਦਾ ਰਹਿੰਦਾ ਹੈ, ਇਸ ਤੋਂ ਬਚਣ ਲਈ ਕੇਵਲ ਪ੍ਰਭੂ ਦੇ ਚਰਨਾਂ ਦਾ ਆਸਰਾ ਲੈਣ ਦੀ ਹੀ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. **ਰੇ ਪਾਪੀ ਤੈ ਕਵਨ ਕੀ ਮਤਿ ਲੀਨ ॥**
2. **ਨਿਮਖ ਘਰੀ ਨ ਸਿਮਰਿ ਸੁਆਮੀ**
   ਜੀਉ ਪਿੰਡੁ ਜਿਨਿ ਦੀਨ ॥੧॥ਰਹਾਉ॥
3. **ਖਾਤ ਪੀਵਤ ਸਵੰਤ ਸੁਖੀਆ**
   ਨਾਮੁ ਸਿਮਰਤ ਖੀਨ ॥
4. **ਗਰਭ ਉਦਰ ਬਿਲਲਾਟ ਕਰਤਾ**
   ਤਹਾਂ ਹੋਵਤ ਦੀਨ ॥੧॥
5. **ਮਹਾ ਮਾਦ ਬਿਕਾਰ ਬਾਧਾ**
   ਅਨਿਕ ਜੋਨਿ ਭ੍ਰਮੀਨ ॥
6. **ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ**
   ਸੁਖੁ ਨਾਨਕ ਹਰਿ ਪਦ ਚੀਨ੍ ॥੨॥੮੫॥੧੦੮॥

ਪਦ ਅਰਥ :—ਰੇ ਪਾਪੀ—ਹੇ ਪਾਪੀ । ਤੈ—ਤੂੰ । ਕਵਨ ਕੀ—ਕਿਸ (ਭੈੜੇ) ਦੀ ? ਨਿਮਖ—ਅੱਖ ਝਮਕਣ ਜਿਤਨਾ ਸਮਾਂ । ਜੀਉ—ਜਿੰਦ । ਪਿੰਡੁ—ਸਰੀਰ । ਜਿਨਿ—ਜਿਸ (ਪ੍ਰਭੂ) ਨੇ ।੧।ਰਹਾਉ।

ਸਵੰਤ—ਸੌਂਦਾ । ਖੀਨ—ਕਮਜ਼ੋਰ, ਆਲਸੀ । ਗਰਭ—ਮਾਂ ਦਾ ਪੇਟ । ਉਦਰ—ਪੇਟ । ਦੀਨ—ਨਿਮਾਣਾ ।੧।

ਮਾਦ—ਮਦ, ਮਸਤੀ । ਬਾਧਾ—ਬੱਝਾ ਹੋਇਆ । ਕਵਨ

ਦੁਖ–ਕਿਹੜੇ-ਕਿਹੜੇ ਦੁੱਖ। ਗਨੀਅਹਿ–ਗਿਣੇ ਜਾਣ। ਚੀਨ੍–ਪਛਾਣ ਕੀਤਿਆਂ, ਸਾਂਝ ਪਾਇਆਂ।੨।

ਅਰਥ:–

ਪ੍ਰ:–ਗੁਰਦੇਵ ਜੀਓ! ਇਹ ਸਾਡਾ ਮਨ ਬੜਾ ਹੀ ਅਮੋੜ ਹੈ, ਅਨੇਕਾਂ ਹੀ ਸਾਧਨ ਕਰਨ ਤੋਂ ਭੀ ਨਹੀਂ ਸਮਝਦਾ, ਦੱਸੋ ਕਿਵੇਂ ਸਮਝਾਈਏ?

1.ਉ:–ਹੇ ਭਾਈ! (ਇਹ ਮਨ ਜਨਮ-ਜਨਮਾਤ੍ਰਾਂ ਦੀ ਵਿਕਾਰਾਂ ਦੀ ਮੈਲ ਕਰਕੇ ਸਦਾ ਹੀ ਅਮੋੜ ਰਹਿੰਦਾ ਹੈ, ਇਸ ਲਈ, ਇਸ ਨੂੰ ਸਦਾ ਹੀ ਇਉਂ ਤਾੜਨਾ ਕਰਦੇ ਰਿਹਾ ਕਰੋ ਕਿ) ਹੇ ਪਾਪੀ! ਤੂੰ ਕਿਸ ਦੀ (ਭੈੜੀ) ਮਤਿ ਲੈ ਲਈ ਹੈ?

2. (ਹੇ ਪਾਪੀ! ਸੁਣ) ਜਿਸ ਮਾਲਕ ਪ੍ਰਭੂ ਨੇ ਤੈਨੂੰ ਇਹ ਜਿੰਦ ਦਿੱਤੀ ਹੈ, ਇਹ ਸਰੀਰ ਦਿੱਤਾ ਹੈ, ਉਸ ਨੂੰ ਤੂੰ ਘੜੀ ਭਰ ਭੀ ਅੱਖ ਝਮਕਣ ਜਿਤਨੇ ਸਮੇਂ ਲਈ ਭੀ ਯਾਦ ਨਹੀਂ ਕਰਦਾ।੧।ਰਹਾਉ।

3. (ਹੇ ਪਾਪੀਆ! ਤੂੰ) ਖਾਂਦਾ, ਪੀਂਦਾ, ਸੌਂਦਾ (ਬੜਾ) ਖੁਸ਼ ਰਹਿੰਦਾ ਹੈਂ, ਪਰ ਪ੍ਰਭੂ ਦਾ ਨਾਮ ਸਿਮਰਦਿਆਂ ਤੂੰ ਆਲਸੀ ਹੋ ਜਾਂਦਾ ਹੈਂ ਤੇ ਦੁਖੀ, ਵਿਆਕੁਲ, ਔਖਾ ਹੁੰਦਾ ਹੈਂ।

4. (ਹੇ ਪਾਪੀ! ਸੁਣ,) ਜਦੋਂ ਤੂੰ ਮਾਂ ਦੇ ਪੇਟ ਵਿਚ ਸੀ, ਤਦੋਂ (ਤੂੰ) ਵਿਲਕਦਾ ਸੀ, ਤਦੋਂ ਤੂੰ ਗਰੀਬੜਾ ਜਿਹਾ ਬਣਿਆ ਰਹਿੰਦਾ ਸੀ।੧।

5. (ਹੇ ਪਾਪੀ! ਤੂੰ) ਵੱਡੇ ਵੱਡੇ ਵਿਕਾਰਾਂ ਦੀ ਮਸਤੀ ਵਿਚ ਬੱਝਾ ਹੋਇਆ ਅਨੇਕਾਂ ਜੂਨਾਂ ਵਿਚ ਭਟਕਦਾ ਹੀ ਆ ਰਿਹਾ ਹੈਂ।

ਪ੍ਰ:–ਗੁਰਦੇਵ ਜੀਓ! ਦੱਸੋ, ਆਖਰ ਸੁੱਖ ਕਿਵੇਂ ਮਿਲ ਸਕਦਾ ਹੈ?

6.ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਹ ਨਿਸਚਾ ਕਰ ਲੈ ਕਿ, ਪ੍ਰਮਾਤਮਾ ਦਾ ਨਾਮ ਭੁਲਿਆਂ ਇਤਨੇ ਦੁੱਖ ਵਾਪਰਦੇ ਹਨ (ਜੋ ਕਿ ਗਿਣੇ ਹੀ ਨਹੀਂ ਜਾ ਸਕਦੇ,ਸੋ) ਸੁੱਖ ਤਾਂ (ਕੇਵਲ) ਪ੍ਰਮੇਸ਼ਰ ਜੀ ਦੇ ਚਰਨਾਂ ਨਾਲ ਸਾਂਝ ਪਾਇਆਂ ਹੀ ਮਿਲ ਸਕਦਾ ਹੈ।੨।੮੫।੧੦੮।

ਭਾਵਾਰਥ:–ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਨਾਲ ਮਲੀਨ ਹੋਏ ਮਨ ਨੂੰ ਤਾੜਨਾ ਕਰ **ਕੇ** ਪ੍ਰਭੂ ਦੇ ਚਰਨਾਂ ਦੀ ਸ਼ਰਨ ਪ੍ਰਾਪਤ ਕਰਦੇ ਰਹਿਣ ਲਈ ਹਰ ਪ੍ਰਾਣੀ ਨੂੰ ਪ੍ਰੇਰਨਾ ਕਰਦੇ ਹਨ, ਕਿਉਂਕਿ, ਸੁੱਖਾਂ ਦੀ ਪ੍ਰਾਪਤੀ ਦਾ ਸਾਧਨ ਭੀ ਕੇਵਲ ਇਹੋ ਹੀ ਹੈ।

ਸਾਰਗ ਮਹਲਾ ੫॥

1. ਮਾਈ ਰੀ ਚਰਨਹ ਓਟ ਗਹੀ॥

2. ਦਰਸਨੁ ਪੇਖਿ ਮੇਰਾ ਮਨੁ ਮੋਹਿਓ
ਦੁਰਮਤਿ ਜਾਤ ਬਹੀ॥੧॥ਰਹਾਉ॥

3. ਅਗਹ ਅਗਾਧਿ ਊਚ ਅਬਿਨਾਸੀ
ਕੀਮਤਿ ਜਾਤ ਨ ਕਹੀ॥

4. ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ
ਪੂਰਿ ਰਹਿਓ ਸ੍ਰਬ ਮਹੀ॥੧॥

5. ਦੀਨ ਦਇਆਲ ਪ੍ਰੀਤਮ ਮਨਮੋਹਨ
ਮਿਲਿ ਸਾਧਹ ਕੀਨੋ ਸਹੀ॥

6. ਸਿਮਰਿ ਸਿਮਰਿ ਜੀਵਤ ਹਰਿ ਨਾਨਕ
ਜਮ ਕੀ ਭੀਰ ਨ ਫਹੀ॥੨॥੮੬॥੧੦੯॥

ਪਦ ਅਰਥ:–ਮਾਈ ਰੀ–ਹੇ ਮਾਂ। ਓਟ–ਆਸਰਾ। ਗਹੀ–ਫੜੀ। ਪੇਖਿ–ਵੇਖ ਕੇ। ਜਾਤ ਬਹੀ–ਰੁੜ੍ਹ ਗਈ ਹੈ।੧। ਰਹਾਉ।

ਅਗਹ–ਅਗਾਹ। ਅਗਾਧਿ–ਬੇਅੰਤ, ਡੂੰਘਾ। ਜਲਿ–ਜਲ ਵਿਚ। ਥਲਿ–ਧਰਤੀ ਵਿਚ। ਪੇਖਿ–ਵੇਖ ਕੇ। ਬਿਗਸਿਓ–ਪ੍ਰਸੰਨ ਹੋ ਰਿਹਾ ਹੈ। ਪੂਰਿ ਰਹਿਓ–ਵਿਆਪਕ ਹੈ। ਸ੍ਰਬ ਮਹੀ–ਸਰਬ ਮਹੀ, ਸਾਰੀ ਧਰਤੀ ਵਿਚ।੧।

ਮਿਲਿ ਸਾਧਹ–ਸਾਧ ਜਨਾਂ ਨੂੰ ਮਿਲ ਕੇ। ਕੀਨੋ ਸਹੀ–ਸਹੀ ਕੀਤਾ ਹੈ, ਵੇਖਿਆ ਹੈ। ਭੀਰ–ਭੀੜ (ਵਿਚ)। ਨ ਫਹੀ–ਨਹੀਂ ਫਸਦਾ।੨।

ਅਰਥ:–

ਪ੍ਰ:–ਗੁਰਦੇਵ ਜੀਉ! ਪ੍ਰਭੂ ਦੇ ਚਰਨਾਂ ਦੀ ਓਟ ਲੈਣ ਨਾਲ ਮਨੁੱਖ ਦੇ ਮਨ ਦੀ ਅਵਸਥਾ ਕਿਸ ਰੂਪ ਵਿਚ ਬਦਲ ਜਾਂਦੀ ਹੈ?

1.ਉ:–ਹੇ ਮਾਂ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਜਦੋਂ ਦਾ ਮੈਂ ਉਸ ਸਾਈਂ ਜੀ ਦੇ ਚਰਨਾਂ ਦਾ ਆਸਰਾ ਲਿਆ ਹੈ।

2. ਉਸ ਦਾ ਦਰਸ਼ਨ ਕਰ ਕੇ ਮੇਰਾ ਮਨ ਮੋਹਿਆ ਗਿਆ ਹੈ, (ਅਤੇ ਮੇਰੇ ਅੰਦਰੋਂ) ਭੈੜੀ ਮਤਿ ਭੀ ਰੁੜ੍ਹ ਗਈ ਹੈ।੧।ਰਹਾਉ।

ਪ੍ਰ: ਗੁਰਦੇਵ ਜੀਉ! ਉਸ ਸਾਈਂ ਜੀ ਦੀ ਕੁਝ ਜਾਣਕਾਰੀ ਕਰਾਓ?

3.ਉ:–ਹੇ ਮਾਂ! ਉਹ ਪ੍ਰਮਾਤਮਾ ਅਥਾਹ ਹੈ, ਬੇਅੰਤ ਡੂੰਘਾ ਹੈ, ਬਹੁਤ ਉਚਾ ਹੈ, ਕਦੇ ਨਹੀਂ ਮਰਦਾ, ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

4. ਹੇ ਮਾਂ! ਉਸ ਨੂੰ ਵੇਖ ਕੇ ਮੇਰਾ ਮਨ ਖਿੜਿਆ ਰਹਿੰਦਾ ਹੈ, (ਕਿਉਂਕਿ ਉਹ) ਜਲ ਵਿਚ, ਧਰਤੀ ਵਿਚ, ਉਹ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ।੧।

ਪ੍ਰ:—ਕਿਉਂ ਜੀ, ਇਹ ਸੋਝੀ ਆਪ ਨੂੰ ਕਿਵੇਂ ਹੋ ਆਈ ਹੈ ?

5.ਉ:—ਹੇ ਮਾਂ ! ਮੈਂ ਸਾਧ ਸੰਗਤ ਵਿਚ ਮਿਲ ਕੇ, ਉਸ ਗਰੀਬਾਂ ਉਤੇ ਦਇਆ ਕਰਨ ਵਾਲੇ ਅਤੇ ਮਨ ਨੂੰ ਮੋਹ ਲੈਣ ਵਾਲੇ ਪ੍ਰੀਤਮ ਦਾ (ਪ੍ਰਤੱਖ) ਦਰਸ਼ਨ ਕੀਤਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਾਂ ! ਹੁਣ ਮੈਨੂੰ ਇਹ ਭੀ ਸੋਝੀ ਹੋ ਆਈ ਹੈ ਕਿ, ਪ੍ਰਮਾਤਮਾ ਦਾ ਨਾਮ ਸਿਮਰ ਸਿਮਰ ਕੇ ਆਤਮਕ ਜੀਵਨ ਮਿਲਦਾ ਹੈ, ਅਤੇ ਅੰਤ ਨੂੰ ਜਮਾਂ ਦੀ ਭੀੜ ਵਿਚ ਭੀ ਨਹੀਂ ਫਸੀਦਾ ।੨।੮੬।੧੦੯।

ਭਾਵਾਰਥ—ਹਰੀ ਦੇ ਮਿਲਾਪ ਲਈ ਤਾਂਘ ਕਰਨ ਦੇ ਲਾਭ ਦੱਸਦੇ ਹਨ, ਦੁਰਮਤਿ ਦੂਰ ਹੁੰਦੀ ਹੈ, ਸਦੀਵੀ ਖੁਸ਼ੀ ਚੜ੍ਹੀ ਰਹਿੰਦੀ ਹੈ ਅਤੇ ਬਾਰ-ਬਾਰ ਮੌਤ ਦਾ ਖਿਆਲ ਨਹੀਂ ਸਤਾਉਂਦਾ।

ਸਾਰਗ ਮਹਲਾ ੫ ॥

1. ਮਾਈ ਰੀ ਮਨੁ ਮੇਰੋ ਮਤਵਾਰੋ ॥
2. ਪੇਖਿ ਦਇਆਲ ਅਨਦ ਸੁਖ ਪੂਰਨ
ਹਰਿ ਰਸਿ ਰਪਿਓ ਖੁਮਾਰੋ ॥੧॥ ਰਹਾਉ॥
3. ਨਿਰਮਲ ਭਏ ਊਜਲ ਜਸੁ ਗਾਵਤ
ਬਹੁਰਿ ਨ ਹੋਵਤ ਕਾਰੋ ॥
4. ਚਰਨ ਕਮਲ ਸਿਉ ਡੋਰੀ ਰਾਚੀ
ਭੇਟਿਓ ਪੁਰਖੁ ਅਪਾਰੋ ॥੧॥
5. ਕਰੁ ਗਹਿ ਲੀਨੇ ਸਰਬ ਸੁ ਦੀਨੇ
ਦੀਪਕ ਭਇਓ ਉਜਾਰੋ ॥
6. ਨਾਨਕ ਨਾਮਿ ਰਸਿਕ ਬੈਰਾਗੀ
ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥

ਪਦ ਅਰਥ:—ਮਤਵਾਰੋ—ਮਤਵਾਲਾ, ਮਸਤ। ਪੇਖਿ—ਵੇਖ ਕੇ। ਰਸਿ—ਰਸ ਨਾਲ। ਰਪਿਓ—ਰੰਗਿਆ ਗਿਆ ਹੈ। ਖੁਮਾਰੋ—ਮਸਤੀ ।੧।ਰਹਾਉ।

ਜਸੁ—ਸਿਫਤ ਸਾਲਾਹ ਦਾ ਗੀਤ। ਬਹੁਰਿ—ਮੁੜ, ਫਿਰ। ਕਾਰੋ—ਕਾਲਾ। ਸਿਉ—ਨਾਲ। ਡੋਰੀ ਰਾਚੀ—ਸੁਰਤਿ ਜੁੜੀ ਰਹਿੰਦੀ ਹੈ। ਭੇਟਿਓ—ਮਿਲ ਪੈਂਦਾ ਹੈ ।੧।

ਕਰੁ—ਹੱਥ। ਗਹਿ—ਫੜ ਕੇ। ਸਰਬ ਸੁ—ਸਾਰਾ ਧਨ ਪਦਾਰਥ, ਸਭ ਕੁਝ। ਦੀਪਕ—ਦੀਵਾ। ਨਾਮਿ—ਨਾਮ ਦੀ ਰਾਹੀਂ। ਰਸਿਕ—ਰਸੀਆ, ਪ੍ਰੇਮੀ। ਬੈਰਾਗੀ—ਵੈਰਾਗਵਾਨ, ਪ੍ਰੇਮੀ ।੨।

ਅਰਥ.—

ਪ੍ਰ:—ਗੁਰਦੇਵ ਜੀਉ ! ਉਸ ਸਾਈਂ ਜੀ ਦੇ ਦੀਦਾਰ ਹੋਣ ਵਿਚ ਤੁਸੀਂ ਹੋਰ ਕੀ ਲਾਭ ਅਨੁਭਵ ਕਰਦੇ ਹੋ ?

1,ਉ:—ਹੇ ਮੇਰੀ ਮਾਂ ! (ਹੁਣ ਤਾਂ ਪ੍ਰਭੂ ਦੇ ਦੀਦਾਰ ਵਿਚ ਹੀ) ਮੇਰਾ ਮਨ ਮਸਤ ਹੋ ਰਿਹਾ ਹੈ।

2. (ਕ੍ਰਿਉਂਕਿ) ਉਸ ਦਇਆ ਦੇ ਸੋਮੇਂ ਪ੍ਰਭੂ ਦਾ ਦਰਸ਼ਨ ਕਰ ਕੇ ਮੇਰੇ ਅੰਦਰ ਪੂਰਨ ਤੌਰ ਤੇ ਆਤਮਕ ਅਨੰਦ ਸੁਖ ਬਣਿਆ ਰਹਿੰਦਾ ਹੈ। ਮੇਰਾ ਮਨ ਪ੍ਰੇਮ ਰਸ ਨਾਲ ਰੰਗਿਆ ਗਿਆ ਹੈ ਤੇ ਮਸਤ ਹੈ ।੧।ਰਹਾਉ।

ਪ੍ਰ:—ਕਿਉਂ ਜੀ, ਉਸ ਸਾਈਂ ਦਾ ਜੱਸ ਗਾਂਦਿਆਂ ਹੋਰ ਕੀ ਲਾਭ ਹਾਸਲ ਹੁੰਦਾ ਹੈ ?

3.ਉ:—ਹੇ ਮਾਂ ! ਉਸ ਪ੍ਰਮਾਤਮਾ ਦਾ ਜੱਸ ਗਾਂਦਿਆਂ ਜਿਸ ਮਨੁੱਖ ਦਾ ਮਨ ਨਿਰਮਲ ਉਜਲ ਹੋ ਜਾਂਦਾ ਹੈ, ਉਹ ਮੁੜ (ਵਿਕਾਰਾਂ ਨਾਲ) ਕਾਲਾ ਨਹੀਂ ਹੁੰਦਾ।

4. ਹੇ ਮਾਂ ! (ਸਿਫਤ ਸਾਲਾਹ ਦੀ ਬਰਕਤ ਨਾਲ) ਜਿਸ ਮਨੁੱਖ ਦੇ ਮਨ ਦੀ ਡੋਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜੁੜ ਜਾਂਦੀ ਹੈ, ਉਸ ਨੂੰ ਬੇਅੰਤ ਪ੍ਰਭੂ ਜੀ ਮਿਲ ਪੈਂਦਾ ਹੈ ।੧।

5. ਹੇ ਮਾਂ ! ਜਿਸ ਮਨੁੱਖ ਦਾ ਹੱਥ ਫੜ ਕੇ ਪ੍ਰਭੂ ਉਸ ਨੂੰ ਆਪਣਾ ਬਣਾ ਲੈਂਦਾ ਹੈ, ਉਸ ਨੂੰ ਸਭੋ ਕੁਝ ਬਖਸ਼ ਦੇਂਦਾ ਹੈ ਤੇ ਉਸ ਦੇ ਅੰਦਰ (ਨਾਮ ਦੇ) ਦੀਵੇ ਦਾ ਚਾਨਣ ਹੋ ਜਾਂਦਾ ਹੈ।

ਪ੍ਰ:—ਸ੍ਰੀ ਜੀਉ ! ਨਾਮ ਸਿਮਰਨ ਵਾਲੇ ਅੰਦਰ ਕਿਤਨੀ ਕੁ ਸ਼ਕਤੀ ਆ ਜਾਂਦੀ ਹੈ ?

6.ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਪ੍ਰਮੇਸ਼ਰ ਦੇ ਨਾਮ ਵਿਚ ਪ੍ਰੀਤ ਪ੍ਰੇਮ ਜੋੜਨ ਵਾਲਾ ਮਨੁੱਖ ਤਾਂ ਆਪਣੀਆਂ ਸਾਰੀਆਂ ਕੁਲਾਂ ਨੂੰ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ ।੨।੮੭।੧੧੦।

ਭਾਵਾਰਥ :—ਪ੍ਰੇਮ ਪਿਆਰ ਨਾਲ ਨਾਮ ਸਿਮਰਨ ਵਾਲਾ ਪ੍ਰੇਮੀ ਸਦੀਵੀ ਮਸਤੀ ਵਿਚ ਮਸਤ ਰਹਿੰਦਾ ਹੈ, ਉਸ ਦੀ ਜ਼ਿੰਦਗੀ ਨਿਰਮਲ ਰਹਿੰਦੀ ਹੈ, ਅੰਤ ਨੂੰ ਉਹ ਆਪਣਾ ਅਤੇ ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ।

ਸਾਰਗ ਮਹਲਾ ੫ ॥

1. ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥
2. ਤਿਆਗਿ ਗੋਬਿਦੁ ਜੀਅਨ ਕੋ ਦਾਤਾ
ਮਾਇਆ ਸੰਗਿ ਲਪਟਾਹਿ ॥੧॥ਰਹਾਉ॥
3.ਨਾਮੁ ਬਿਸਾਰਿ ਚਲਹਿ ਅਨ ਮਾਰਗਿ
ਨਰਕ ਘੋਰ ਮਹਿ ਪਾਹਿ ॥
4. ਅਨਿਕ ਸਜਾਂਈ ਗਣਤ ਨ ਆਵੈ
ਗਰਭੈ ਗਰਭਿ ਭ੍ਰਮਾਹਿ ॥੧॥

5. **ਸੇ ਧਨਵੰਤੇ ਸੇ ਪਤਿਵੰਤੇ**
ਹਰਿ ਕੀ ਸਰਣਿ ਸਮਾਹਿ ॥
6. **ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ**
ਬਹੁਰਿ ਨ ਆਵਹਿ ਜਾਂਹਿ ॥੨॥੯੮॥੧੧੧॥

ਪਦ ਅਰਥ :—ਆਨ—(ਪ੍ਰਭੂ ਤੋਂ ਬਿਨਾਂ) ਕੋਈ ਹੋਰ। ਸਿਮਰਿ—ਸਿਮਰ ਕੇ। ਮਰਿ ਜਾਂਹਿ—ਮਰ ਜਾਂਦੇ ਹਨ, ਆਤਮਕ ਮੌਤ ਸਹੇੜ ਲੈਂਦੇ ਹਨ। ਤਿਆਗਿ—ਛੱਡ ਕੇ, ਭੁਲਾ ਕੇ। ਜੀਅਨ ਕੋ—ਸਾਰੇ ਜੀਵਾਂ ਦਾ। ਸੰਗਿ—ਨਾਲ। ਲਪਟਾਹਿ—ਚੰਬੜੇ ਰਹਿੰਦੇ ਹਨ।੧।ਰਹਾਉ।

ਬਿਸਾਰਿ—ਵਿਸਾਰ ਕੇ। ਚਲਹਿ—ਤੁਰਦੇ ਹਨ। ਅਨ ਮਾਰਗਿ—ਹੋਰ ਰਸਤੇ ਉਤੇ। ਪਾਹਿ—ਪੈਂਦੇ ਹਨ। ਗਣਤ—ਗਿਣਤੀ। ਗਰਭੈ ਗਰਭਿ—ਹਰੇਕ ਜੂਨ ਵਿਚ। ਭ੍ਰਮਾਹਿ—ਭਟਕਦੇ ਹਨ।੧।

ਸੇ—ਉਹ। ਪਤਿਵੰਤੇ—ਇੱਜ਼ਤ ਵਾਲੇ। ਸਮਾਹਿ—ਲੀਨ ਰਹਿੰਦੇ ਹਨ। ਗੁਰ ਪ੍ਰਸਾਦਿ—ਗੁਰੂ ਦੀ ਕ੍ਰਿਪਾ ਨਾਲ। ਬਹੁਰਿ—ਮੁੜ, ਫਿਰ। ਆਵਹਿ—ਜੰਮਦੇ ਹਨ। ਜਾਂਹਿ—ਮਰਦੇ ਹਨ।੨।

ਅਰਥ:—

ਪ੍ਰ:—ਗੁਰਦੇਵ ਜੀਉ! ਜੀਵਾਂ ਦੇ ਜੰਮਦੇ ਮਰਦੇ ਰਹਿਣ ਦਾ ਅਸਲ ਕਾਰਣ ਕੀ ਹੈ?

1.**ਉ**:—ਹੇ ਮਾਂ! ਜਿਹੜੇ ਮਨੁੱਖ ਪ੍ਰਮਾਤਮਾ ਨੂੰ ਛੱਡ ਕੇ ਹੋਰ ਨੂੰ ਸਿਮਰਦੇ ਰਹਿੰਦੇ ਹਨ, ਉਹ ਆਤਮਕ ਮੌਤ ਸਹੇੜ ਲੈਂਦੇ ਹਨ (ਭਾਵ ਸਦਾ ਜੰਮਦੇ ਮਰਦੇ ਰਹਿੰਦੇ ਹਨ)।

2. (ਕਿਉਂਕਿ) ਉਹ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲੇ ਪ੍ਰਮੇਸ਼ਰ ਨੂੰ ਛੱਡ ਕੇ (ਸਦਾ) ਮਾਇਆ ਨਾਲ ਚੰਬੜੇ ਰਹਿੰਦੇ ਹਨ।੧।ਰਹਾਉ।

ਪ੍ਰ.—(ਕਿਉਂ ਜੀ,) ਉਨ੍ਹਾਂ ਨੂੰ ਹੋਰ ਕੀ ਸਜ਼ਾ ਭੁਗਤਣੀ ਪੈਂਦੀ ਹੈ?

3.**ਉ**:—ਹੇ ਮਾਂ! ਜਿਹੜੇ ਮਨੁੱਖ ਪ੍ਰਮਾਤਮਾ ਦਾ ਨਾਮ ਭੁਲਾ ਕੇ ਹੋਰ (ਜੀਵਨ) ਰਾਹ ਉਤੇ ਤੁਰਦੇ ਹਨ, ਉਹ ਭਿਆਨਕ ਨਰਕ ਵਿਚ ਪਏ ਰਹਿੰਦੇ ਹਨ।

4. ਹੇ ਮਾਂ! ਉਨ੍ਹਾਂ ਨੂੰ ਇਤਨੀਆਂ ਸਜ਼ਾਵਾਂ ਮਿਲਦੀਆਂ ਰਹਿੰਦੀਆਂ ਹਨ ਕਿ ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ, ਉਹ ਹਰੇਕ ਜੂਨ ਵਿਚ ਭਟਕਦੇ ਫਿਰਦੇ ਹਨ।੧।

ਪ੍ਰ:—ਗੁਰਦੇਵ ਜੀਉ! ਗੁਰਮਤਿ ਵਿਚ ਇੱਜ਼ਤ ਵਾਲੇ ਕੌਣ ਮੰਨੇ ਗਏ ਹਨ?

5.**ਉ**:—ਹੇ ਮਾਂ! ਜਿਹੜੇ ਮਨੁੱਖ ਪ੍ਰਮਾਤਮਾ ਦੀ ਸ਼ਰਨ ਵਿਚ ਟਿਕੇ ਰਹਿੰਦੇ ਹਨ, ਉਹ ਧਨ ਵਾਲੇ ਹਨ, ਉਹੀ ਇੱਜ਼ਤ ਵਾਲੇ ਹਨ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਮਾਂ! ਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਨੇ ਜਗਤ (ਦੇ ਮੋਹ) ਨੂੰ ਜਿੱਤ ਲਿਆ ਹੈ, ਉਹ ਮੁੜ-ਮੁੜ ਨਾ ਜੰਮਦੇ ਹਨ, ਨਾ ਮਰਦੇ ਹਨ।੨।੯੮।੧੧੧।

ਭਾਵਾਰਥ :—ਨਾਮ ਨੂੰ ਵਿਸਾਰਨ ਵਾਲੇ ਜੀਵਾਂ ਨਾਲ ਲੋਕ-ਪ੍ਰਲੋਕ ਵਿਚ ਬੁਰਾ ਹੀ ਵਰਤਾ ਹੁੰਦਾ ਹੈ, ਪਰ ਹਰੀ ਦੀ ਓਟ ਲੈਣ ਵਾਲਾ ਹੀ ਇਸ ਜੱਗ ਨੂੰ ਜਿੱਤਦਾ ਹੈ, ਅਗੇ ਲਈ ਆਵਾਗਵਣ ਮਿਟਾ ਲੈਂਦਾ ਹੈ।

ਸਾਰਗ ਮਹਲਾ ੫ ॥

1. **ਹਰਿ ਕਾਟੀ ਕੁਟਿਲਤਾ ਕੁਠਾਰਿ ॥**
2. **ਭ੍ਰਮ ਬਨ ਦਹਨ ਭਏ ਖਿਨ ਭੀਤਰਿ**
ਰਾਮ ਨਾਮ ਪਰਹਾਰਿ ॥੧॥ਰਹਾਉ॥
3. **ਕਾਮ ਕ੍ਰੋਧ ਨਿੰਦਾ ਪਰਹਰੀਆ**
ਕਾਢੇ ਸਾਧੂ ਕੈ ਸੰਗਿ ਮਾਰਿ ॥
4. **ਜਨਮੁ ਪਦਾਰਥੁ ਗੁਰਮੁਖਿ ਜੀਤਿਆ**
ਬਹੁਰਿ ਨ ਜੂਐ ਹਾਰਿ ॥੧॥
5. **ਆਠ ਪਹਰ ਪ੍ਰਭ ਕੇ ਗੁਣ ਗਾਵਹ**
ਪੂਰਨ ਸਬਦਿ ਬੀਚਾਰਿ ॥
6. **ਨਾਨਕ ਦਾਸਨਿ ਦਾਸੁ ਜਨੁ ਤੇਰਾ**
ਪੁਨਹ ਪੁਨਹ ਨਮਸਕਾਰਿ ॥੨॥੯੯॥੧੧੨॥

ਪਦ ਅਰਥ:—ਕੁਟਿਲ—ਵਿੰਗੀਆਂ ਚਾਲਾਂ ਚੱਲਣ ਵਾਲਾ, ਖੋਟਾ। ਕੁਟਿਲਤਾ—ਮਨ ਦਾ ਵਿੰਗ, ਖੋਟ। ਕੁਠਾਰਿ—ਕੁਹਾੜੇ ਨਾਲ। ਭ੍ਰਮ—ਭਟਕਣਾ। ਭ੍ਰਮ ਬਨ—ਭਟਕਣਾ ਦੇ ਜੰਗਲ। ਦਹਨ ਭਏ—ਸੜ ਗਏ। ਪਰਹਾਰਿ—ਚੋਟ ਨਾਲ।੧। ਰਹਾਉ।

ਪਰਹਰੀਆ—ਦੂਰ ਕਰ ਦਿੱਤੀ। ਸਾਧੂ ਕੈ ਸੰਗਿ—ਗੁਰੂ ਦੀ ਸੰਗਤ ਵਿਚ। ਮਾਰਿ—ਮਾਰ ਕੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਬਹੁਰਿ—ਮੁੜ। ਜੂਐ—ਜੂਏ ਵਿਚ। ਹਾਰਿ—ਹਾਰ ਕੇ।੧।

ਗਾਵਹ—ਆਓ ਭਾਈ ਅਸੀਂ ਗਾਵੀਏ। ਸਬਦਿ—ਸ਼ਬਦ ਦੀ ਰਾਹੀਂ। ਬੀਚਾਰਿ—ਵਿਚਾਰ ਕੇ, ਮਨ ਵਿਚ ਵਸਾ ਕੇ। ਦਾਸਨਿ ਦਾਸੁ—ਦਾਸਾਂ ਦਾ ਦਾਸ। ਪੁਨਹ ਪੁਨਹ—ਮੁੜ-ਮੁੜ।੨।

ਅਰਥ:—

ਪ੍ਰ: ਸ੍ਰੀ ਜੀਓ! ਮਨੁੱਖ ਦੇ ਮਨ ਵਿਚ ਤਾਂ ਅਨੇਕਾਂ ਹੀ ਭਟਕਣਾਂ ਦੇ ਪ੍ਰਵਾਹ ਦਿਨੇ ਰਾਤ ਵਗਦੇ ਰਹਿੰਦੇ ਹਨ ਇਨ੍ਹਾਂ ਦੀ ਰੋਕ-ਥਾਮ ਕਿਵੇਂ ਹੋ ਸਕਦੀ ਹੈ?

1.**ਉ**:—ਹੇ ਭਾਈਓ! ਮੈਂ ਤਾਂ ਇਉਂ ਹੀ ਨਿਸਚਾ ਕਰਦਾ ਹਾਂ ਕਿ ਜਿਸ ਮਨੁੱਖ ਦੇ ਮਨ ਦਾ ਖੋਟ (ਭਾਵ ਵਲ-ਛਲ)

ਪ੍ਰਭੂ ਨੇ ਕੁਹਾੜੇ ਨਾਲ ਕੱਟ ਦਿੱਤਾ।

2. ਉਸ ਦੇ ਅੰਦਰੋਂ ਪ੍ਰਭੂ ਦੇ ਨਾਮ ਦੀ ਚੋਟ ਨਾਲ ਇਕ ਖਿਨ ਵਿਚ ਹੀ ਭਟਕਣਾਂ ਦੇ ਜੰਗਲਾਂ ਦੇ ਜੰਗਲ ਹੀ ਸੜ (ਕੇ ਸੁਆਹ ਹੋ) ਗਏ ਹਨ।੧॥ਰਹਾਉ॥

ਪ੍ਰ,—ਸ੍ਰੀ ਜੀਉ ! ਜੀਵਾਂ ਦੇ ਮਨ ਵਿਚ ਕਾਮ ਕ੍ਰੋਧ ਵਿਕਾਰਾਂ ਦਾ ਭੀ ਸਦਾ ਪ੍ਰਵਾਹ ਵਗਦਾ ਰਹਿੰਦਾ ਹੈ. ਇਹ ਕਿਵੇਂ ਰੁਕ ਸਕਦਾ ਹੈ ?

3,ਉ:—ਹੇ ਪਿਆਰੇ ! ਜੋ ਮਨੁੱਖ ਗੁਰੂ ਦੇ ਸਨਮੁਖ ਰਹਿਣ ਵਾਲਾ ਹੈ, ਉਹ ਗੁਰੂ ਦੀ ਸੰਗਤ ਵਿਚ ਰਹਿ ਕੇ ਕਾਮ ਕ੍ਰੋਧ ਨਿੰਦਾ ਆਦਿਕ ਵਿਕਾਰਾਂ ਨੂੰ (ਆਪਣੇ ਅੰਦਰੋਂ) ਦੂਰ ਕਰ ਦੇਂਦਾ ਹੈ, ਮਾਰ-ਮਾਰ ਕੇ ਕੱਢ ਦੇਂਦਾ ਹੈ।

4. ਹੇ ਭਾਈ ! ਉਹ ਗੁਰਮੁਖ ਇਸ ਕੀਮਤੀ ਮਨੁੱਖਾ ਜਨਮ ਨੂੰ (ਵਿਕਾਰਾਂ ਦੇ ਟਾਕਰੇ ਤੇ) ਕਾਮਯਾਬ ਬਣਾ ਲੈਂਦਾ ਹੈ, ਫਿਰ ਇਸ ਨੂੰ ਕਦੇ ਭੀ ਜੂਏ ਵਿਚ ਹਾਰ ਕੇ ਨਹੀਂ ਜਾਂਦਾ।੧।

ਪ੍ਰ:—ਹੇ ਸਤਿਗੁਰੋ ! ਦੱਸੋ, ਹੁਣ ਸਾਨੂੰ ਕਰਨਾ ਕੀ ਚਾਹੀਦਾ ਹੈ।

5.ਉ:—ਹੇ ਭਾਈ ! ਆਓ, ਰਲ ਕੇ (ਅਸੀਂ ਸਾਰੇ ਹੀ ਉਸ) ਸਰਬ-ਵਿਆਪਕ ਪ੍ਰਭੂ ਦੇ ਗੁਣਾਂ ਨੂੰ ਗੁਰ ਸ਼ਬਦ ਦੀ ਰਾਹੀਂ ਮਨ ਵਿਚ ਵਸਾ ਕੇ ਅੱਠੇ ਪਹਿਰ ਉਸ ਦੇ ਗੁਣਾਂ ਨੂੰ ਗਾਉਂਦੇ ਰਹੀਏ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀ ! ਮੈਂ ਤੇਰੇ ਦਾਸਾਂ ਦਾ ਦਾਸ ਹਾਂ, (ਤੇਰੇ ਦਰ ਤੇ ਹੀ) ਮੁੜ ਮੁੜ ਨਮਸਕਾਰ ਕਰਦਾ ਹਾਂ।੨।੮੯।੧੧੨।

ਭਾਵਾਰਥ :—ਉਸ ਹਰੀ ਪ੍ਰਭੂ ਦਾ ਨਾਮ ਜਪਦੇ ਰਹਿਣ ਦਾ ਸਦਕਾ ਮਨੁੱਖ ਦੇ ਅੰਦਰੋਂ ਸਾਰੇ ਹੀ ਭਰਮ ਤੇ ਭਟਕਣਾ ਦੂਰ ਹੋ ਜਾਂਦੇ ਹਨ।

ਸਾਰਗ ਮਹਲਾ ੫ ॥

1. ਪੋਥੀ ਪਰਮੇਸਰ ਕਾ ਥਾਨੁ ॥
2. ਸਾਧ ਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ ॥੧॥ਰਹਾਉ॥
3. ਸਾਧਿਕ ਸਿਧ ਸਗਲ ਮੁਨਿ ਲੋਚਹਿ
ਬਿਰਲੇ ਲਾਗੈ ਧਿਆਨੁ ॥
4. ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ
ਪੂਰਨ ਤਾ ਕੋ ਕਾਮੁ ॥੧॥
5. ਜਾ ਕੈ ਰਿਦੈ ਵਸੈ ਭੈ ਭੰਜਨੁ
ਤਿਸੁ ਜਾਨੈ ਸਗਲ ਜਹਾਨੁ ॥
6. ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ
ਇਹੁ ਨਾਨਕੁ ਮਾਂਗੈ ਦਾਨੁ॥੨॥੯੦॥੧੧੩॥

ਪਦ ਅਰਥ :—ਪੋਥੀ—ਉਹ ਪੁਸਤਕ ਜਿਸ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਲਿਖੀ ਗਈ ਹੈ, ਗੁਰਬਾਣੀ। ਥਾਨੁ—ਮਿਲਣ ਦਾ ਥਾਂ। ਸਾਧ ਸੰਗਿ—ਗੁਰੂ ਦੀ ਸੰਗਤ ਵਿਚ। ਗਾਵਹਿ—(ਜਿਹੜੇ) ਗਾਂਦੇ ਹਨ। ਪੂਰਨ—ਸਰਬ ਵਿਆਪਕ। ਗਿਆਨੁ—ਡੂੰਘੀ ਸਾਂਝ।੧॥ਰਹਾਉ॥

ਸਾਧਿਕ—ਜੋਗ ਸਾਧਨ ਕਰਨ ਵਾਲੇ। ਸਿਧ—ਸਿੱਧ, ਜੋਗ ਸਾਧਨਾ ਵਿਚ ਪੁਗੇ ਹੋਏ ਜੋਗੀ। ਲੋਚਹਿ—ਤਾਂਘ ਕਰਦੇ ਆਏ ਹਨ। ਲਾਗੈ ਧਿਆਨੁ—ਸੁਰਤ ਜੁੜਦੀ ਹੈ। ਜਿਸਹਿ—ਜਿਸ (ਮਨੁੱਖ) ਉਤੇ। ਤਾ ਕੋ—ਉਸ ਦਾ। ਕਾਮੁ—ਹਰੇਕ (ਕੰਮ)।੧।

ਜਾ ਕੈ ਰਿਦੈ—ਜਿਸ (ਮਨੁੱਖ) ਦੇ ਹਿਰਦੇ ਵਿਚ। ਭੈ ਭੰਜਨੁ—ਸਾਰੇ ਡਰ ਦੂਰ ਕਰਨ ਵਾਲਾ। ਬਿਸਰੁ ਨਹੀ—ਨਾ ਭੁੱਲ। ਕਰਤੇ—ਹੇ ਕਰਤਾਰ। ਨਾਨਕੁ ਮਾਂਗੈ—ਨਾਨਕ ਮੰਗਦਾ ਹੈ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਉਸ ਪ੍ਰਮਾਤਮਾ ਦੇ ਮਿਲਾਪ ਦੀ ਸਹੀ ਥਾਂ ਆਪ ਜੀ ਕਿਹੜੀ ਮੰਨਦੇ ਹੋ ?

1.ਉ:—ਹੇ ਭਾਈ ! ਅਸਲ ਵਿਚ ਗੁਰਮਤਿ ਅਨੁਸਾਰ ਉਸ ਪ੍ਰਮੇਸ਼ਰ ਦੇ ਮਿਲਾਪ ਦੀ (ਸਹੀ) ਥਾਂ ਗੁਰਬਾਣੀ (ਹੀ) ਹੈ।

2. ਹੇ ਪਿਆਰੇ ! ਜਿਹੜੇ ਮਨੁੱਖ ਗੁਰੂ ਦੀ ਸੰਗਤ ਵਿਚ ਰਹਿ ਕੇ ਉਸ ਪ੍ਰਭੂ ਦੇ ਗੁਣ ਗਾਉਂਦੇ ਰਹਿੰਦੇ ਹਨ, ਉਹ ਮਨੁੱਖ ਸਰਬ-ਵਿਆਪਕ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ।੧॥ਰਹਾਉ॥

ਪ੍ਰ:—ਸ੍ਰੀ ਜੀਓ ! ਕੀ ਜੋਗ ਸਾਧਨਾ ਕਰਨ ਵਾਲੇ ਦੀ ਸੁਰਤਿ ਉਸ ਪ੍ਰਭੂ ਵਿਚ ਜੁੜ ਜਾਂਦੀ ਹੈ ?

3.ਉ:—ਹੇ ਭਾਈਓ ! ਅਸੀਂ ਤਾਂ ਵੇਖਦੇ ਹਾਂ ਕਿ, ਜੋਗ ਸਾਧਨਾ ਕਰਨ ਵਾਲੇ ਮਨੁੱਖ, ਜੋਗ ਸਾਧਨਾ ਵਿਚ ਪੁਗੇ ਹੋਏ ਜੋਗੀ ਅਤੇ ਸਾਰੇ ਰਿਸ਼ੀ ਮੁਨੀ (ਪ੍ਰਮਾਤਮਾ ਨਾਲ ਮਿਲਾਪ ਦੀ) ਤਾਂਘ ਕਰਦੇ ਆ ਰਹੇ ਹਨ,ਪਰ ਕਿਸੇ ਵਿਰਲੇ ਦੀ ਸੁਰਤਿ ਹੀ (ਉਸ ਪ੍ਰਭੂ ਵਿਚ) ਜੁੜਦੀ ਹੈ।

4. ਹੇ ਪਿਆਰੇ ! ਜਿਸ ਮਨੁੱਖ ਉਤੇ ਮੇਰਾ (ਉਹ) ਮਾਲਕ ਆਪ ਦਇਆਵਾਨ ਹੁੰਦਾ ਹੈ, ਉਸ ਦਾ (ਇਹ) ਕੰਮ ਸਿਰੇ ਚੜ੍ਹ ਜਾਂਦਾ ਹੈ।੧।

5. ਹੇ ਭਾਈ ! ਸਾਰੇ ਡਰਾਂ ਦਾ ਨਾਸ ਕਰਨ ਵਾਲਾ ਪ੍ਰਮਾਤਮਾ ਜਿਸ ਮਨੁੱਖ ਦੇ ਹਿਰਦੇ ਵਿਚ ਆ ਵੱਸਦਾ ਹੈ, ਉਸ ਨੂੰ ਸਾਰਾ (ਹੀ) ਜਗਤ ਜਾਣ ਲੈਂਦਾ ਹੈ, (ਭਾਵ ਸਾਰੇ ਜਗਤ ਵਿਚ ਉਸ ਦੀ ਸੋਭਾ ਖਿੱਲਰ ਜਾਂਦੀ ਹੈ)।

ਪ੍ਰ:—ਗੁਰਦੇਵ ਜੀਉ ! ਉਸ ਸਾਈਂ ਜੀ ਤੋਂ ਆਪ ਦੀ ਮੰਗ ਕੀ ਹੈ ?

6.**ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! (ਉਸ ਪ੍ਰਮੇਸ਼ਰ ਦੇ ਦਰ ਤੋਂ) ਮੈਂ ਤਾਂ ਇਹੋ ਹੀ ਦਾਨ ਮੰਗਦਾ ਹਾਂ ਕਿ, ਹੇ ਮੇਰੇ ਕਰਤਾਰ ! (ਮੇਰੇ ਮਨ ਤੋਂ) ਕਦੇ ਇਕ ਖਿਨ ਵਾਸਤੇ, ਇਕ ਪਲ ਵਾਸਤੇ ਭੀ ਤੂੰ ਨਾ ਵਿਸਰ ।੨।੯੦।੧੧੩।

ਭਾਵਾਰਥ :—ਹਰੀ ਦੇ ਨਿਵਾਸ ਅਸਥਾਨ ਦਾ ਪੂਰਨ ਗਿਆਨ ਸਾਨੂੰ ਗੁਰਬਾਣੀ ਅਤੇ ਸਾਧ ਸੰਗਤ ਵਿਚੋਂ ਹੀ ਮਿਲ ਸਕਦਾ ਹੈ ।

ਸਾਰਗ ਮਹਲਾ ੫ ॥

1. ਵੂਠਾ ਸਰਬ ਥਾਈ ਮੇਹੁ ॥
2. ਅਨਦ ਮੰਗਲ ਗਾਉ ਹਰਿ ਜਸੁ
ਪੂਰਨ ਪ੍ਰਗਟਿਓ ਨੇਹੁ ॥੧॥ਰਹਾਉ॥
3. ਚਾਰਿ ਕੁੰਟ ਦਹ ਦਿਸਿ ਜਲ ਨਿਧਿ
ਊਨ ਥਾਉ ਨ ਕੇਹੁ ॥
4. ਕ੍ਰਿਪਾ ਨਿਧਿ ਗੋਬਿਦ ਪੂਰਨ
ਜੀਅ ਦਾਨੁ ਸਭ ਦੇਹੁ ॥੧॥
5. ਸਤਿ ਸਤਿ ਹਰਿ ਸਤਿ ਸੁਆਮੀ
ਸਤਿ ਸਾਧ ਸੰਗੇਹੁ ॥
6. ਸਤਿ ਤੇ ਜਨ ਜਿਨ ਪਰਤੀਤ ਉਪਜੀ
ਨਾਨਕ ਨਹ ਭਰਮੇਹੁ ॥੨॥੯੧॥੧੧੪॥

ਪਦ ਅਰਥ :—ਵੂਠਾ-ਵੱਸ ਪਿਆ, ਵੱਸਦਾ ਹੈ। ਥਾਈ—ਥਾਈਂ, ਥਾਵਾਂ ਵਿਚ । ਮੇਹੁ—ਮੀਂਹ, ਆਤਮਕ ਅਨੰਦ ਦੀ ਵਰਖਾ । ਮੰਗਲ—ਖੁਸ਼ੀਆਂ । ਗਾਉ—ਗਾਇਆ ਕਰੋ। ਪੂਰਨ ਨੇਹੁ—ਸਰਬ-ਵਿਆਪਕ ਪ੍ਰਭੂ ਦਾ ਪਿਆਰ। ਪ੍ਰਗਟਿਓ—ਪੈਦਾ ਹੋ ਜਾਂਦਾ ਹੈ ।੧।ਰਹਾਉ।

ਕੁੰਟ—ਕੂਟ, ਪਾਸਾ । ਦਹ ਦਿਸਿ—ਦਸੀਂ ਪਾਸੀਂ। ਜਲ ਨਿਧਿ—(ਜੀਵਨ) ਜਲ ਦਾ ਖ਼ਜ਼ਾਨਾ ਪ੍ਰਭੂ । ਊਨ—ਖਾਲੀ। ਕੇਹੁ—ਕੋਈ ਭੀ । ਕ੍ਰਿਪਾ ਨਿਧਿ—ਹੇ ਦਇਆ ਦੇ ਖ਼ਜ਼ਾਨੇ ਪ੍ਰਭੂ। ਪੂਰਨ—ਹੇ ਸਰਬ-ਵਿਆਪਕ। ਜੀਅ ਦਾਨੁ—ਜੀਵਨ ਦਾਤ। ਦੇਹੁ—ਤੂੰ ਦੇਂਦਾ ਹੈਂ ।੧।

ਸਤਿ—ਸਦਾ ਕਾਇਮ ਰਹਿਣ ਵਾਲਾ। ਸਾਧ ਸੰਗੇਹੁ—ਸਾਧ ਸੰਗਤ। ਤੇ ਜਨ—ਉਹ ਮਨੁੱਖ । ਪਰਤੀਤਿ—ਸ਼ਰਧਾ। ਭਰਮੇਹੁ—ਭਟਕਣਾ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਇਸ ਮਨੁੱਖ ਦੇ ਮਨੁੱਖ-ਜਾਮੇ ਵਿਚ ਆਉਣ ਦਾ ਸਹੀ ਪ੍ਰਯੋਜਨ ਕੀ ਹੈ ?

1.**ਉ**:—ਹੇ ਭਾਈਓ ! ਮੁੱਖ ਧਰਮ ਤਾਂ ਪ੍ਰਮੇਸ਼ਰ ਜੀ ਦਾ ਜੱਸ ਗਾਉਣਾ ਹੈ, ਇਸ ਲਈ ਸਾਰੇ ਹੀ ਮਿਲ ਕੇ ਉਸ ਦਾ ਜੱਸ ਗਾਇਆ ਕਰੋ ।

ਪ੍ਰ:—ਕਿਉਂ ਜੀ, ਜੱਸ ਗਾਉਂਦੇ ਰਹਿਣ ਦਾ ਫਲ ਕੀ ਹਾਸਲ ਹੋਵੇਗਾ ?

ਉ:—ਹੇ ਭਾਈਓ ! ਸੁਣੋ, (ਜਿਵੇਂ) ਮੀਂਹ (ਟੋਏ ਟਿਬੇ) ਸਭਨੀ ਹੀ ਥਾਈਂ ਵਰ੍ਹਦਾ ਹੈ ।

2. ਹੇ ਭਾਈ ! ਤਿਵੇਂ ਜੱਸ ਗਾਣ ਵਾਲਿਆਂ ਦੇ ਹਿਰਦਿਆਂ ਵਿਚ ਅਨੰਦ ਤੇ ਖੁਸ਼ੀਆਂ ਦੀ ਵਰਖਾ ਹੁੰਦੀ ਹੈ, ਸਰਬ-ਵਿਆਪਕ ਪ੍ਰਭੂ ਦਾ ਪਿਆਰ (ਹਿਰਦੇ ਵਿਚ) ਪੈਦਾ ਹੋ ਜਾਂਦਾ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ ! ਕੀ ਉਸ ਦਾ ਕੋਈ ਖਾਸ ਨਿਵਾਸ ਅਸਥਾਨ ਭੀ ਹੈ ?

3.**ਉ**:—ਹੇ ਭਾਈਓ ! ਅਸਲ ਵਿਚ ਉਹ (ਜੀਵਨ) ਜਲ ਦਾ ਖਜ਼ਾਨਾ ਪ੍ਰਭੂ ਜੀ ਚੌਹਾਂ ਕੂੰਟਾਂ ਵਿਚ ਦਸੀਂ ਪਾਸੀਂ (ਹਰ ਥਾਂ ਮੌਜੂਦ ਹੈ) ਕੋਈ ਭੀ ਥਾਂ (ਉਸ ਦੀ ਹੋਂਦ ਤੋਂ) ਖਾਲੀ ਨਹੀਂ ਹੈ ।

4. (ਸੋ, ਇਸ ਲਈ, ਉਸ ਦਾ ਇਉਂ ਹੀ ਜੱਸ ਗਾਉਂਦੇ ਰਿਹਾ ਕਰੋ ਕਿ) ਹੇ ਦਇਆ ਦੇ ਖਜ਼ਾਨੇ, ਹੇ ਗੋਬਿੰਦ, ਹੇ ਸਰਬ-ਵਿਆਪਕ ! ਤੂੰ ਸਭ ਜੀਵਾਂ ਨੂੰ ਹੀ ਜੀਵਨ-ਦਾਤ ਦੇਂਦਾ ਹੈਂ ।੧।

5. ਹੇ ਭਾਈ ! ਉਹ ਪ੍ਰਮਾਤਮਾ ਸਦਾ ਹੀ ਅਟੱਲ ਰਹਿਣ ਵਾਲਾ ਹੈ ਅਤੇ (ਜਿਥੋਂ ਉਹ ਮਿਲਦਾ ਹੈ ਉਹ) ਸਾਧ ਸੰਗਤ ਭੀ ਧੁਰ ਤੋਂ ਚਲੀ ਆ ਰਹੀ ਹੈ ।

6 ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪ੍ਰਮਾਤਮਾ ਵਾਸਤੇ ਸ਼ਰਧਾ ਪੈਦਾ ਹੋ ਜਾਂਦੀ ਹੈ, ਉਹ ਭੀ ਅਟੱਲ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ, ਉਨ੍ਹਾਂ ਨੂੰ ਕੋਈ ਭਟਕਣਾ ਨਹੀਂ ਰਹਿ ਜਾਂਦੀ ।੨।੯੧।੧੧੪।

ਭਾਵਾਰਥ :—ਜਿਸ ਹਰੀ ਦਾ ਵਾਸਾ ਗੁਰਬਾਣੀ ਅਤੇ ਸਾਧ ਸੰਗਤ ਦੁਆਰੇ ਮਿਲਦਾ ਹੈ, ਉਸ ਦੇ ਖੁਲ੍ਹੇ ਦੀਦਾਰ ਹਰ ਥਾਂ ਤੇ ਹਰ ਦਿਲ ਵਿਚੋਂ ਭੀ ਹੋ ਸਕਦੇ ਹਨ, ਪਰ ਜੇ ਕਰ ਉਸ ਨੂੰ ਵੇਖਣ ਵਾਲੀਆਂ ਅੰਤ੍ਰੀਵ ਅੱਖੀਆਂ ਹੋਣ ।

ਸਾਰਗ ਮਹਲਾ ੫ ॥

1. ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ ॥
2. ਸਾਜਨ ਮੀਤ ਸਹਾਈ ਤੁਮਹੀ
ਤੂ ਮੇਰੋ ਪਰਵਾਰ ॥੧॥ਰਹਾਉ॥
3. ਕਰੁ ਮਸਤਕਿ ਧਾਰਿਓ ਮੇਰੈ ਮਾਥੈ
ਸਾਧ ਸੰਗਿ ਗੁਣ ਗਾਏ ॥
4. ਤੁਮਰੀ ਕ੍ਰਿਪਾ ਤੇ ਸਭ ਫਲ ਪਾਏ
ਰਸਕਿ ਰਾਮ ਨਾਮ ਧਿਆਏ ॥੧॥
5. ਅਬਿਚਲ ਨੀਵ ਧਰਾਈ ਸਤਿਗੁਰਿ
ਕਬਹੂ ਡੋਲਤ ਨਾਹੀ ॥

6. ਗੁਰ ਨਾਨਕ ਜਬ ਭਏ ਦਇਆਰਾ
ਸਰਬ ਸੁਖਾ ਨਿਧਿ ਪਾਂਹੀ॥੨॥੯੨॥੧੧੫॥

ਪਦ ਅਰਥ:–ਗੋਬਿੰਦ ਜੀਉ–ਹੇ ਗੋਬਿੰਦ ਜੀ। ਅਧਾਰ–ਆਸਰਾ।੧।ਰਹਾਉ।

ਕਰੁ–ਹੱਥ। ਮਸਤਕਿ–ਮੱਥੇ ਉਤੇ। ਮੇਰੈ ਮਾਥੈ–ਮੇਰੇ ਮੱਥੇ ਉਤੇ। ਸਾਧ ਸੰਗਿ–ਸਾਧ ਸੰਗਤਿ ਵਿਚ। ਤੇ–ਤੋਂ, ਨਾਲ। ਰਸਕਿ–ਪਿਆਰ ਨਾਲ।੧।

ਅਬਿਚਲ–ਨਾ ਹਿੱਲਣ ਵਾਲੀ, ਅਟੱਲ। ਨੀਵ–(ਸਿਮਰਨ ਦੀ) ਨੀਂਹ। ਸਤਿਗੁਰਿ–ਸਤਿਗੁਰੂ ਨੇ। ਕਬਹੂ–ਕਦੇ ਭੀ। ਦਇਆਰਾ-ਦਇਆਵਾਨ। ਨਿਧਿ–ਖਜ਼ਾਨਾ। ਸਰਬ ਸੁਖਾ ਨਿਧਿ–ਸਾਰੇ ਸੁਖਾਂ ਦਾ ਖਜ਼ਾਨਾ ਪ੍ਰਭੂ। ਪਾਹੀ–ਪਾਹਿ ਪ੍ਰਾਪਤ ਕਰ ਲੈਂਦੇ ਹਨ।੨।

ਅਰਥ:–

ਪ੍ਰ:–ਗੁਰਦੇਵ ਜੀਉ! ਅਸੀਂ ਮਲੀਨ ਬੁੱਧੀ ਵਾਲੇ ਜੀਵਾਂ ਨੂੰ ਉਸ ਸਾਈਂ ਜੀ ਦੇ ਸਨਮੁਖ ਹੋ ਅਰਦਾਸ ਕਰਨ ਦੀ ਭੀ ਸੋਝੀ ਨਹੀਂ ਕਿਰਪਾ ਕਰ ਕੇ ਸਾਨੂੰ ਜੋਦੜੀ ਕਰਨ ਦਾ ਢੰਗ ਦੱਸੋ?

1. **ਉ**:–ਹੇ ਭਾਈ! ਉਸ ਸਾਈਂ ਜੀ ਦੇ ਸਨਮੁਖ ਹੋ, ਇਉਂ ਹੀ ਬੇਨਤੀਆਂ ਕਰਦੇ ਰਿਹਾ ਕਰੋ ਕਿ, ਹੇ ਪ੍ਰਭੂ ਜੀ! ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ।
2. ਤੂੰ ਹੀ ਮੇਰਾ ਸਜਣ ਹੈਂ, ਤੂੰ ਹੀ ਮੇਰਾ ਮਿੱਤਰ ਹੈਂ, ਤੂੰ ਹੀ ਮੇਰੀ ਮਦਦ ਕਰਨ ਵਾਲਾ ਹੈਂ, ਤੂੰ ਹੀ ਮੇਰਾ ਪ੍ਰਵਾਰ ਹੈਂ।੧।ਰਹਾਉ।
3. ਹੇ ਪ੍ਰਭੂ ਜੀਉ! ਜਦੋਂ ਤੂੰ ਮੇਰੇ ਮੱਥੇ ਉਤੇ, ਮੇਰੇ ਮਸਤਕ ਉਤੇ (ਆਪਣੀ ਮਿਹਰ ਦਾ) ਹੱਥ ਰੱਖਿਆ, ਤਦੋਂ ਮੈਂ ਸਾਧ ਸੰਗਤ ਵਿਚ (ਟਿਕ ਕੇ ਤੇਰੀ) ਸਿਫਤ ਸਾਲਾਹ ਦੇ ਗੀਤ ਗਾਏ ਹਨ।
4. ਹੇ ਸਾਈਆਂ ਜੀਉ! ਤੇਰੀ ਮਿਹਰ ਨਾਲ ਮੈਂ ਸਾਰੇ (ਹੀ) ਫਲ ਹਾਸਲ ਕੀਤੇ ਹਨ, ਅਤੇ ਪਿਆਰ ਨਾਲ ਤੇਰਾ ਨਾਮ ਸਿਮਰਿਆ ਹੈ।੧।

ਪ੍ਰ:–ਸ੍ਰੀ ਜੀਉ! ਮਾਇਆ ਦੇ ਡੋਲਾਵਿਆਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

5. ਹੇ ਭਾਈਓ! (ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰਿ ਨਾਮ ਸਿਮਰਨ ਦੀ) ਸਤਿਗੁਰੂ ਨੇ ਅਟੱਲ ਨੀਂਹ ਰੱਖ ਦਿੱਤੀ, ਉਹ ਕਦੇ ਮਾਇਆ ਵਿਚ ਡੋਲਦੇ ਨਹੀਂ ਹਨ।
6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜਦੋਂ ਸਤਿਗੁਰੂ ਜੀ ਦਇਆਵਾਨ ਹੁੰਦੇ ਹਨ, ਉਹ ਸਾਰੇ ਸੁਖਾਂ ਦੇ ਖਜ਼ਾਨੇ ਪ੍ਰਮਾਤਮਾ ਦਾ ਮਿਲਾਪ ਹਾਸਲ ਕਰ ਲੈਂਦੇ ਹਨ।੨।੯੨।੧੧੫।

ਭਾਵਾਰਥ:–ਹਰੀ ਦੀ ਕ੍ਰਿਪਾ ਦਾ ਸਦਕਾ ਸਾਧ ਸੰਗਤ ਦਾ ਮਿਲਾਪ ਹੁੰਦਾ ਹੈ, ਅਤੇ ਸਾਧ ਸੰਗਤ ਦੁਆਰਾ ਹੀ ਹਰੀ ਗੁਣ ਗਾ ਕੇ ਮਾਇਆ ਵਿਚ ਭੀ ਨਿਰਲੇਪ ਰਹਿ ਸਕੀਦਾ ਹੈ।

ਸਾਰਗ ਮਹਲਾ ੫ ॥

1. ਨਿਬਹੀ ਨਾਮ ਕੀ ਸਚੁ ਖੇਪ ॥
2. ਲਾਭੁ ਹਰਿ ਗੁਣ ਗਾਇ ਨਿਧਿ
ਧਨੁ ਬਿਖੈ ਮਾਹਿ ਅਲੇਪ ॥੧॥ਰਹਾਉ॥
3. ਜੀਅ ਜੰਤ ਸਗਲ ਸੰਤੋਖੇ
ਆਪਨਾ ਪ੍ਰਭੁ ਧਿਆਇ ॥
4. ਰਤਨ ਜਨਮੁ ਅਪਾਰ ਜੀਤਿਓ
ਬਹੁੜਿ ਜੋਨਿ ਨ ਪਾਇ ।੧॥
5. ਭਏ ਕ੍ਰਿਪਾਲ ਦਇਆਲ ਗੋਬਿਦ
ਭਇਆ ਸਾਧੂ ਸੰਗੁ ॥
6. ਹਰਿ ਚਰਨ ਰਾਸਿ ਨਾਨਕ ਪਾਈ
ਲਗਾ ਪ੍ਰਭ ਸਿਉ ਰੰਗੁ ॥੨॥੯੩॥੧੧੬॥

ਪਦ ਅਰਥ.–ਨਿਬਹੀ-ਸਦਾ ਲਈ ਸਾਥ ਬਣਿਆ ਰਹਿੰਦਾ ਹੈ। ਸਚੁ–ਸਦਾ ਕਾਇਮ ਰਹਿਣ ਵਾਲਾ। ਖੇਪ–ਵਪਾਰ ਵਾਸਤੇ ਲੱਦਿਆ ਹੋਇਆ ਮਾਲ। ਲਾਭੁ–ਖੱਟੀ। ਨਿਧਿ–(ਸਾਰੇ ਸੁੱਖਾਂ ਦਾ) ਖਜ਼ਾਨਾ। ਬਿਖੈ ਮਾਹਿ–ਪਦਾਰਥਾਂ ਵਿਚ। ਅਲੇਪ–ਨਿਰਲੇਪ।੧।ਰਹਾਉ।

ਸਗਲ–ਸਾਰੇ। ਸੰਤੋਖੇ–ਸੰਤੋਖ ਵਾਲਾ ਜੀਵਨ ਪ੍ਰਾਪਤ ਕਰ ਲੈਂਦੇ ਹਨ। ਧਿਆਇ–ਸਿਮਰ ਕੇ। ਅਪਾਰ ਰਤਨ–ਬੇਅੰਤ ਕੀਮਤੀ। ਜੀਤਿਓ–ਜਿੱਤ ਲਿਆ, ਵਿਕਾਰਾਂ ਦੇ ਟਾਕਰੇ ਤੇ ਬਚਾ ਲਿਆ। ਬਹੁੜਿ–ਮੁੜ ਕੇ। ਨ ਪਾਇ–ਨਹੀਂ ਪੈਂਦਾ।੧।

ਸਾਧੂ ਸੰਗੁ–ਗੁਰੂ ਦਾ ਸਾਥ, ਗੁਰੂ ਦਾ ਮਿਲਾਪ। ਰਾਸਿ–ਪੂੰਜੀ, ਸਰਮਾਇਆ। ਸਿਉ–ਨਾਲ। ਰੰਗੁ–ਪਿਆਰ।੨।

ਅਰਥ:–

ਪ੍ਰ:–ਗੁਰਦੇਵ ਜੀਉ! ਇਸ ਜੀਵ ਲਈ ਉਹ ਸਚਾ ਵਣਜ ਕਿਹੜਾ ਹੈ, ਜੋ ਕਿ ਸਦਾ ਹੀ ਇਸ ਦੇ ਨਾਲ ਨਿਭ ਸਕਦਾ ਹੋਵੇ?

1. **ਉ**:–ਹੇ ਭਾਈ! ਪ੍ਰਮੇਸ਼ਰ ਦੇ ਨਾਮ ਦਾ (ਹੀ) ਸਦਾ ਕਾਇਮ ਰਹਿਣ ਵਾਲਾ ਵਪਾਰ ਹੈ, ਜੋ ਜੀਵ ਵਣਜਾਰਾ ਇਸ ਨਾਲ ਸਦਾ ਦਾ ਸਾਥ ਬਣਾ ਲੈਂਦਾ ਹੈ, ਇਹੀ ਅਸਲ ਖੱਟੀ ਹੈ।
2. ਉਹੀ ਜੀਵ ਵਣਜਾਰਾ (ਸਦਾ) ਪ੍ਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ, ਇਹੀ ਅਸਲ ਖਜ਼ਾਨਾ ਹੈ, ਇਹੀ

ਅਸਲ ਧਨ ਹੈ, ਇਸੇ ਦੀ ਬਰਕਤ ਨਾਲ ਹੀ ਉਹ ਜੀਵ ਵਣਜਾਰਾ (ਮਾਇਕ) ਪਦਾਰਥਾਂ ਵਿਚ ਨਿਰਲੇਪ ਰਹਿੰਦਾ ਹੈ ।੧।ਰਹਾਉ।

3. ਹੇ ਭਾਈ ! ਆਪਣੇ ਪ੍ਰਭੂ ਦਾ ਧਿਆਨ ਧਰ ਕੇ ਸਾਰੇ ਜੀਵ ਸੰਤੋਖ ਵਾਲਾ ਜੀਵਨ ਹਾਸਲ ਕਰ ਲੈਂਦੇ ਹਨ ।
4. ਹੇ ਭਾਈ ! ਜਿਸ ਭੀ ਮਨੁੱਖ ਨੇ ਇਹ ਬੇਅੰਤ ਕੀਮਤੀ ਮਨੁੱਖਾ ਜਨਮ ਵਿਕਾਰਾਂ ਦੇ ਹਲਿਆਂ ਤੋਂ ਬਚਾ ਲਿਆ ਹੈ, ਉਹ ਮੁੜ-ਮੁੜ ਜੂਨਾਂ ਵਿਚ ਨਹੀਂ ਪੈਂਦਾ ।੧।
5. ਹੇ ਭਾਈ ! ਜਿਸ ਭੀ ਮਨੁੱਖ ਉਤੇ ਉਹ ਪ੍ਰਭੂ ਜੀ ਦਇਆ-ਵਾਨ ਹੁੰਦੇ ਹਨ, ਉਸੇ ਨੂੰ ਗੁਰੂ ਦਾ ਮਿਲਾਪ ਹਾਸਲ ਹੁੰਦਾ ਹੈ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਉਹ ਮਨੁੱਖ ਪ੍ਰਭੂ ਦੇ ਚਰਨਾਂ ਦੀ ਪ੍ਰੀਤ ਦਾ ਸਰ-ਮਾਇਆ ਪ੍ਰਾਪਤ ਕਰ ਲੈਂਦਾ ਹੈ, ਉਸ ਦਾ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ ।੨।੯੩।੧੧੬।

ਭਾਵਾਰਥ :–ਸਾਧ ਸੰਗਤ ਦੀ ਬਰਕਤ ਨਾਲ ਜਿਸ ਨੇ ਸੱਚਾ ਨਾਮ ਦਾ ਵਪਾਰ ਕੀਤਾ ਹੈ, ਉਹ ਪਦਾਰਥਾਂ ਵਿਚ ਰਹਿੰਦਾ ਹੋਇਆ ਭੀ ਨਿਰਲੇਪ ਜੀਵਨ ਗੁਜ਼ਾਰਦਾ ਹੈ, ਕਿਉਂਕਿ ਉਸ ਨੂੰ ਹਰੀ ਦੇ ਚਰਨਾਂ ਦਾ ਪਿਆਰ ਪ੍ਰਾਪਤ ਹੋ ਜਾਂਦਾ ਹੈ ।

ਸਾਰਗ ਮਹਲਾ ੫ ॥

1. ਮਾਈ ਰੀ ਪੇਖਿ ਰਹੀ ਬਿਸਮਾਦ ॥
2. ਅਨਹਦ ਧੁਨੀ ਮੇਰਾ ਮਨੁ ਮੋਹਿਓ
ਅਚਰਜ ਤਾ ਕੇ ਸ੍ਵਾਦ ॥੧॥ਰਹਾਉ॥
3. ਮਾਤ ਪਿਤਾ ਬੰਧਪ ਹੈ ਸੋਈ
ਮਨਿ ਹਰਿ ਕੋ ਅਹਿਲਾਦ ॥
4. ਸਾਧ ਸੰਗਿ ਗਾਏ ਗੁਨ ਗੋਬਿੰਦ
ਬਿਨਸਿਓ ਸਭੁ ਪਰਮਾਦ ॥੧॥
5. ਡੋਰੀ ਲਪਟਿ ਰਹੀ ਚਰਨਹ ਸੰਗਿ
ਭ੍ਰਮ ਭੈ ਸਗਲੇ ਖਾਦ ॥
6. ਏਕੁ ਅਧਾਰੁ ਨਾਨਕ ਜਨ ਕੀਆ
ਬਹੁਰਿ ਨ ਜੋਨਿ ਭ੍ਰਮਾਦ ॥੨॥੯੪॥੧੧੭॥

ਪਦ ਅਰਥ :–ਰੀ ਮਾਈ–ਹੇ ਮਾਂ ! ਪੇਖਿ–ਵੇਖ ਕੇ । ਬਿਸਮਾਦ–ਹੈਰਾਨ । ਅਨਹਦ ਧੁਨੀ- ਜਿਸ ਦੀ ਜੀਵਨ-ਰੌ ਇਕ ਰਸ ਵਿਆਪ ਰਹੀ ਹੈ ।੧।ਰਹਾਉ।

ਬੰਧਪ–ਸਨਬੰਧੀ । ਮਨਿ–ਮਨ ਵਿਚ । ਕੋ–ਦਾ । ਅਹਿਲਾਦ–ਖੁਸ਼ੀ, ਹੁਲਾਰਾ । ਸਾਧ ਸੰਗਿ–ਸਾਧ ਸੰਗਤ ਵਿਚ । ਸਭੁ–ਸਾਰਾ । ਪਰਮਾਦ–ਭੁਲੇਖਾ; ਗਲਤੀ ।੧।

ਭੈ–ਡਰ । ਖਾਦ–ਖਾਧੇ ਖਾਂਦੇ ਹਨ, ਮੁੱਕ ਜਾਂਦੇ ਹਨ । ਅਧਾਰੁ–ਆਸਰਾ । ਭ੍ਰਮਾਦ–ਭਟਕਦੇ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਉਸ ਸਾਈਂ ਜੀ ਦੇ ਨਾਮ ਸਿਮਰਨ ਦੀ ਬਰਕਤ ਨਾਲ ਹੁਣ ਤੁਹਾਨੂੰ ਕਿਵੇਂ ਪ੍ਰਤੀਤ ਹੋ ਰਿਹਾ ਹੈ ?

1. **ਉ**:–ਹੇ (ਮੇਰੀ) ਮਾਂ ! (ਨਾਮ ਸਿਮਰਨ ਦਾ ਸਦਕਾ ਹੁਣ ਮੈਂ ਪ੍ਰਭੂ ਦੇ ਕੌਤਕ) ਵੇਖ ਕੇ ਹੈਰਾਨ ਹੋ ਰਹੀ ਹਾਂ ।
2. (ਕਿਉਂਕਿ) ਜਿਸ ਪ੍ਰਭੂ ਦੀ ਜੀਵਨ-ਰੌ ਇਕ-ਰਸ (ਸਾਰੇ ਜਗਤ ਵਿਚ) ਰੁਮਕ ਰਹੀ ਹੈ, ਉਸ ਨੇ ਮੇਰਾ ਮਨ ਮੋਹ ਲਿਆ ਹੈ, ਉਸ ਦੇ (ਮਿਲਾਪ ਦੇ) ਅਨੰਦ ਭੀ ਹੈਰਾਨ ਕਰਨ ਵਾਲੇ ਹਨ ।੧।ਰਹਾਉ।
3. ਹੇ ਮਾਂ ! (ਹੁਣ ਮੈਨੂੰ ਇਉਂ ਨਿਸ਼ਚਾ ਹੋ ਆਇਆ ਹੈ ਕਿ ਸਭ ਜੀਵਾਂ ਦਾ) ਮਾਂ ਪਿਓ ਸਨਬੰਧੀ, ਉਹ ਪ੍ਰਭੂ ਆਪ ਹੀ ਹੈ (ਹੁਣ ਮੇਰੇ) ਮਨ ਵਿਚ ਉਸ ਪ੍ਰਭੂ (ਦੇ ਮਿਲਾਪ) ਦਾ ਹੁਲਾਰਾ ਆ ਰਿਹਾ ਹੈ ।
4. ਹੇ ਮਾਂ ! ਜਿਸ ਮਨੁੱਖ ਨੇ ਸਾਧ ਸੰਗਤ ਵਿਚ (ਟਿਕ ਕੇ) ਉਸ ਦੀ ਸਿਫਤ ਸਾਲਾਹ ਦੇ ਗੀਤ ਗਾਏ ਹਨ, ਉਸ ਦਾ ਸਾਰਾ ਭਰਮ ਭੁਲੇਖਾ ਦੂਰ ਹੋ ਗਿਆ ।੧।
5. ਹੇ ਮਾਂ ! ਜਿਸ ਮਨੁੱਖ ਦੇ ਚਿੱਤ ਦੀ ਡੋਰ ਪ੍ਰਭੂ ਦੇ ਚਰਨਾਂ ਨਾਲ ਜੁੜੀ ਰਹਿੰਦੀ ਹੈ, ਉਸ ਦੇ ਸਾਰੇ ਭਰਮ, ਸਾਰੇ ਡਰ ਮੁਕ ਜਾਂਦੇ ਹਨ ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ ! ਜਿਸ ਨੇ ਸਿਰਫ ਹਰਿ ਨਾਮ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਲਿਆ, ਉਹ ਮੁੜ-ਮੁੜ ਜੂਨਾਂ ਵਿਚ ਨਹੀਂ ਭਟਕਦਾ ।੨।੯੪।੧੧੭।

ਭਾਵਾਰਥ :–ਨਾਮ ਸਿਮਰਨ ਦਾ ਸਦਕਾ ਜਦੋਂ ਹਰੀ ਦੇ ਦਰਸ਼ਨ ਹੁੰਦੇ ਹਨ ਤਾਂ ਐਸਾ ਸੁਆਦ ਆਉਂਦਾ ਹੈ ਕਿ ਉਸ ਦੇ ਮੁਕਾਬਲੇ ਵਿਚ ਹੋਰ ਸੁਆਦ ਤੇ ਮਸਤੀਆਂ ਭੁੱਲ ਜਾਂਦੀਆਂ ਹਨ, ਕੋਈ ਭਰਮ ਤੇ ਡਰ ਨਹੀ ਰਹਿ ਜਾਂਦਾ ਹੈ ।

ਸਾਰਗ ਮਹਲਾ ੫ ॥

1. ਮਾਈ ਰੀ ਮਾਤੀ ਚਰਣ ਸਮੂਹ ॥
2. ਏਕਸੁ ਬਿਨੁ ਹਉ ਆਨ ਨ ਜਾਨਉ
ਦੁਤੀਆ ਭਾਉ ਸਭ ਲੂਹ ॥੧॥ਰਹਾਉ॥
3. ਤਿਆਗਿ ਗੋੁਪਾਲ ਅਵਰ ਜੋ ਕਰਣਾ
ਤੇ ਬਿਖਿਆ ਕੇ ਖੂਹ ॥
4. ਦਰਸ ਪਿਆਸ ਮੇਰਾ ਮਨੁ ਮੋਹਿਓ
ਕਾਢੀ ਨਰਕ ਤੇ ਧੂਹ ॥੧॥

5. ਸੰਤ ਪ੍ਰਸਾਦਿ ਮਿਲਿਓ ਸੁਖ ਦਾਤਾ
ਬਿਨਸੀ ਹਉਮੈ ਹੂਹ ॥
6. ਰਾਮ ਰੰਗਿ ਰਾਤੇ ਦਾਸ ਨਾਨਕ
ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥

ਪਦ ਅਰਥ :—ਮਾਤੀ—ਮਸਤ ਰਹਿੰਦੀ ਹਾਂ। ਸਮੂਹ—ਪੂਰਨ ਤੌਰ ਤੇ, ਸਾਰੀ ਦੀ ਸਾਰੀ। ਆਨ—ਹੋਰ। ਜਾਨਉ—ਜਾਨਉਂ, ਮੈਂ ਜਾਣਦੀ । ਭਾਉ—ਪਿਆਰ । ਦੁਤੀਆ—ਦੂਜਾ, ਕਿਸੇ ਹੋਰ ਦਾ। ਲੂਹ—ਸਾੜ ਦਿੱਤਾ ਹੈ ।੧।ਰਹਾਉ।

ਤਿਆਗਿ-ਤਿਆਗ ਕੇ । ਗੋੁਪਲ-[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫਜ਼ ਹੈ 'ਗੋਪਾਲ', ਇਥੇ 'ਗੁਪਾਲ' ਪੜ੍ਹਨਾ ਹੈ । ਤੇ—ਉਹ । ਬਿਖਿਆ—ਮਾਇਆ । ਪਿਆਸ—ਤਾਂਘ । ਤੇ—ਤੋਂ । ਧੂਹ—ਖਿੱਚ ਕੇ ।੧।

ਸੰਤ ਪ੍ਰਸਾਦਿ—ਗੁਰੂ ਦੀ ਕ੍ਰਿਪਾ ਨਾਲ। ਹੂਹ—ਰੌਲਾ, ਸ਼ੋਰ। ਰੰਗਿ—ਪ੍ਰੇਮ ਵਿਚ। ਰਾਤੇ—ਰੰਗੇ ਗਏ। ਮਉਲਿਓ—ਹਰਾ-ਭਰਾ ਹੋ ਜਾਂਦਾ ਹੈ, ਖਿੜ ਪੈਂਦਾ ਹੈ। ਜੂਹ—ਖੁੱਲ੍ਹੀ ਧਰਤੀ ਜਿਸ ਵਿਚ ਪਸ਼ੂ ਆਦਿਕ ਚਰਦੇ ਹਨ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਨਾਮ ਸਿਮਰਨ ਦੀ ਬਰਕਤ ਨਾਲ ਹੁਣ ਆਪ ਜੀ ਦੀ ਮਾਨਸਕ ਅਵਸਥਾ ਕਿਸ ਰੂਪ ਵਿਚ ਰਹਿੰਦੀ ਹੈ ?

1.**ਉ**:-ਹੇ (ਮੇਰੀ) ਮਾਂ ! (ਹੁਣ) ਤਾਂ ਮੈਂ ਪ੍ਰਭੂ ਦੇ ਚਰਨਾਂ ਵਿਚ ਪੂਰਨ ਤੌਰ ਤੇ ਮਸਤ ਰਹਿੰਦੀ ਹਾਂ।

2. (ਕਿਉਂਕਿ) ਉਸ ਇਕ ਤੋਂ ਬਿਨਾਂ ਮੈਂ ਕਿਸੇ ਹੋਰ ਨੂੰ ਜਾਣਦੀ-ਪਹਿਚਾਣਦੀ ਹੀ ਨਹੀਂ, (ਆਪਣੇ ਅੰਦਰੋਂ) ਹੋਰ ਦਾ ਪਿਆਰ ਮੈਂ ਸਾਰਾ (ਹੀ) ਸਾੜ ਚੁੱਕੀ ਹਾਂ ।੧। ਰਹਾਉ।

ਪ੍ਰ:—(ਕਿਉਂ ਜੀ) ਇਹ ਸੋਝੀ ਆਪ ਨੂੰ ਕਿਵੇਂ ਹੋ ਆਈ ਹੈ ?

3.**ਉ**:—ਹੇ ਮਾਂ ! ਹੁਣ ਮੈਨੂੰ ਪੂਰਨ ਨਿਸਚਾ ਹੋ ਆਇਆ ਹੈ ਕਿ, ਪ੍ਰਭੂ ਨੂੰ ਭੁਲਾ ਕੇ ਹੋਰ ਜਿਹੜੇ-ਜਿਹੜੇ ਕੰਮ ਕਰੀਦੇ ਹਨ, ਉਹ ਸਾਰੇ ਮਾਇਆ (ਦੇ ਮੋਹ) ਦੇ ਖੂਹ ਵਿਚ ਸੁੱਟਦੇ ਹਨ।

4. ਹੇ ਮਾਂ ! (ਹੁਣ) ਤਾਂ ਮੇਰਾ ਮਨ ਗੋਪਾਲ ਦੇ ਦਰਸ਼ਨ ਦੀ ਤਾਂਘ ਵਿਚ ਮਗਨ ਰਹਿੰਦਾ ਹੈ, ਮੈਨੂੰ ਉਸ ਨੇ ਨਰਕਾਂ ਤੋਂ ਖਿੱਚ ਕੇ ਕੱਢ ਲਿਆ ਹੈ ।੧।

ਪ੍ਰ:—ਗੁਰਦੇਵ ਜੀਉ ! ਮਨੁੱਖ ਦੇ ਮਨ ਵਿਚ ਹਉਮੈ ਦਾ ਵੱਡਾ ਰੋਗ ਸਦਾ ਹੀ ਬਣਿਆ ਰਹਿੰਦਾ ਹੈ ਇਹ ਕਿਵੇਂ ਮਿਟ ਸਕਦਾ ਹੈ ?

5.**ਉ**:—ਹੇ ਭਾਈਓ ! ਜਿਸ ਮਨੁੱਖ ਨੂੰ ਗੁਰੂ ਦੀ ਕ੍ਰਿਪਾ ਨਾਲ ਸਾਰੇ ਸੁੱਖਾਂ ਦੇ ਦੇਣ ਵਾਲਾ ਪ੍ਰਭੂ ਮਿਲ ਪੈਂਦਾ ਹੈ, (ਉਸ ਦੇ ਅੰਦਰੋਂ) ਹਉਮੈ ਦਾ ਰੌਲਾ ਮੁੱਕ ਜਾਂਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ ! ਜਿਹੜੇ ਮਨੁੱਖ ਪ੍ਰਭੂ ਦੇ ਪਿਆਰ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦਾ ਮਨ, ਉਨ੍ਹਾਂ ਦਾ ਤਨ (ਇਉਂ) ਹਰਾ-ਭਰਾ ਹੋ ਜਾਂਦਾ ਹੈ (ਜਿਵੇਂ ਮੀਂਹ ਪੈਣ ਨਾਲ) ਜੂਹ (ਘਾਹ ਨਾਲ ਹਰੀ ਹੋ ਜਾਂਦੀ ਹੈ) ।੨।੯੫।੧੧੮।

ਭਾਵਾਰਥ :—ਜਦੋਂ ਮਨੁੱਖ ਦੀ ਇਕ ਹਰੀ ਵਿਚ ਲਗਨ ਲੱਗ ਜਾਂਦੀ ਹੈ, ਤਾਂ ਹੋਰ ਕਿਸੇ ਪਾਸੇ ਵਲ ਧਿਆਨ ਹੀ ਨਹੀਂ ਜਾਂਦਾ, ਅਤੇ ਸੰਸਾਰ ਦੀਆਂ ਮਾੜੀਆਂ ਖਿੱਚਾਂ ਕੁਝ ਭੀ ਧੂਹ ਨਹੀਂ ਪਾਉਂਦੀਆਂ।

ਸਾਰਗ ਮਹਲਾ ੫ ॥

1. ਬਿਨਸੇ ਕਾਚ ਕੇ ਬਿਉਹਾਰ ॥
2. ਰਾਮ ਭਜੁ ਮਿਲਿ ਸਾਧ ਸੰਗਤਿ
ਇਹੈ ਜਗ ਮਹਿ ਸਾਰ ॥੧॥ਰਹਾਉ॥
3.ਈਤ ਊਤ ਨ ਡੋਲਿ ਕਤ ਹੂ
ਨਾਮੁ ਹਿਰਦੈ ਧਾਰਿ ॥
4. ਗੁਰ ਚਰਨ ਬੋਹਿਥ ਮਿਲਿਓ ਭਾਗੀ
ਉਤਰਿਓ ਸੰਸਾਰ ॥੧॥
5. ਜਲਿ ਥਲਿ ਮਹੀਅਲਿ ਪੂਰਿ ਰਹਿਓ
ਸਰਬ ਨਾਥ ਅਪਾਰ ॥
6. ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ
ਆਨ ਰਸ ਸਭਿ ਖਾਰ ॥੨॥੯੬॥੧੧੯॥

ਪਦ ਅਰਥ :—ਕਾਚ ਕੇ—ਕੱਚ ਦੇ, ਤੁਛ ਮਾਇਆ ਦੇ (ਜਿਸ ਨੇ ਸਾਥ ਜ਼ਰੂਰ ਹੀ ਛੱਡਣਾ ਹੁੰਦਾ ਹੈ)। ਮਿਲਿ—ਮਿਲ ਕੇ। ਸਾਰ—ਸਰੇਸ਼ਟ ।੧।ਰਹਾਉ।

ਈਤ—ਇਸ ਲੋਕ ਵਿਚ। ਊਤ—ਉਸ ਲੋਕ ਵਿਚ। ਕਤ ਹੂ—ਕਿਤੇ ਭੀ। ਹਿਰਦੈ—ਹਿਰਦੇ ਵਿਚ। ਬੋਹਿਥ—ਜਹਾਜ਼। ਭਾਗੀ—ਕਿਸਮਤ ਨਾਲ ।੧।

ਜਲਿ—ਜਲ ਵਿਚ। ਥਲਿ- ਧਰਤੀ ਵਿਚ। ਮਹੀਅਲਿ—ਮਹੀ ਤਲਿ, ਧਰਤੀ ਦੇ ਤਲ ਉਤੇ, ਪਹਾੜ ਵਿਚ, ਆਕਾਸ਼ ਵਿਚ। ਪੂਰਿ ਰਹਿਓ—ਵਿਆਪਕ ਹੈ । ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਆਨ ਰਸ—ਹੋਰ (ਸਾਰੇ) ਰਸ। ਸਭਿ—ਸਾਰੇ। ਖਾਰ—ਖਾਰੇ, ਕੌੜੇ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਜਗਤ ਵਿਚ ਉਹ ਕਿਹੜਾ ਸਰੇਸ਼ਟ ਕੰਮ ਹੈ, ਜੋ ਕਿ, ਮੈਨੂੰ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ ?

1. ਉ:-ਹੇ ਪਿਆਰੇ ! ਤੂੰ ਨਿਸਚਾ ਕਰ ਕਿ, ਕੱਚ (ਦੇ ਸਮਾਨ ਮਾਇਆ ਦੀ ਖਾਤਰ) ਸਾਰੀਆਂ ਦੌੜਾਂ-ਭੱਜਾਂ ਵਿਅਰਥ ਜਾਂਦੀਆਂ ਹਨ।
2. (ਇਸ ਲਈ ਤੂੰ) ਸਾਧ ਸੰਗਤ ਵਿਚ ਮਿਲ ਕੇ ਪ੍ਰਮਾਤਮਾ ਦਾ ਭਜਨ ਕਰਿਆ ਕਰ, ਜਗਤ ਵਿਚ ਇਹੀ ਕੰਮ ਸਰੇਸ਼ਟ ਹੈ ।੧।ਰਹਾਉ।
3. ਹੇ ਭਾਈ ! (ਤੂੰ) ਪ੍ਰਮੇਸ਼ਰ ਜੀ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਈ ਰਖ (ਇਸ ਦੀ ਬਰਕਤ ਨਾਲ) ਨਾ ਇਸ ਲੋਕ ਵਿਚ, ਨਾ ਹੀ ਪ੍ਰਲੋਕ ਵਿਚ ਕਿਤੇ ਭੀ ਨਹੀਂ ਡੋਲੇਂਗਾ।

ਪ੍ਰ:-ਸ੍ਰੀ ਜੀਉ ! ਦਸੋ ਸੰਸਾਰ ਸਾਗਰ ਤੋਂ ਸੁਖੈਨ ਕਿਵੇਂ ਪਾਰ ਹੋ ਸਕੀਦਾ ਹੈ ?

4. ਹੇ ਭਾਈ ! ਜਿਸ ਮਨੁੱਖ ਨੂੰ ਭਾਗਾਂ ਨਾਲ ਗੁਰੂ ਦੇ ਚਰਨਾਂ ਦਾ ਜਹਾਜ਼ ਮਿਲ ਜਾਂਦਾ ਹੈ, ਉਹ (ਸੰਸਾਰ ਸਾਗਰ ਤੋਂ ਸੁਖੈਨ ਹੀ) ਪਾਰ ਲੰਘ ਜਾਂਦਾ ਹੈ ।੧।
5. ਹੇ ਪਿਆਰੇ ! ਜਿਹੜਾ ਪ੍ਰਭੂ ਜਲ ਵਿਚ, ਥਲ ਵਿਚ, ਆਕਾਸ਼ ਵਿਚ ਭਰਪੂਰ ਹੈ, ਜੋ ਸਭ ਜੀਵਾਂ ਦਾ ਖਸਮ ਤੇ ਜੋ ਬਿਅੰਤ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦਾ ਰਿਹਾ ਕਰ, (ਕਿਉਂਕਿ ਹਰਿ ਨਾਮ ਦੇ ਟਾਕਰੇ ਤੇ) ਹੋਰ ਸਾਰੇ ਰਸ ਕੌੜੇ ਹਨ ।੨। ੯੬।੧੧੯।

ਭਾਵਾਰਥ :-ਸੰਸਾਰ ਦੇ ਪਦਾਰਥਾਂ ਲਈ ਕੀਤੀ ਭੱਜ-ਦੌੜ ਸਭ ਕੱਚ ਦੇ ਸਮਾਨ ਬਿਰਥੀ ਹੈ, ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਨਾਮ ਦਾ ਚਿੰਤਨ ਕਰਨਾ ਹੀ ਸੁੱਖਦਾਈ ਹੈ, ਜੋ ਕਿ ਲੋਕ ਪ੍ਰਲੋਕ ਵਿਚ ਸਦਾ ਹੀ ਸਾਥ ਨਿਭਦਾ ਹੈ ।

ਸਾਰਗ ਮਹਲਾ ੫ ॥

1. ਤਾਤੇ ਕਰਣ ਪਲਾਹ ਕਰੇ ॥
2. ਮਹਾ ਬਿਕਾਰ ਮੋਹ ਮਦ ਮਾਤੌ
ਸਿਮਰਤ ਨਾਹਿ ਹਰੇ ॥੧॥ਰਹਾਉ॥
3. ਸਾਧ ਸੰਗਿ ਜਪਤੇ ਨਾਰਾਇਣ
ਤਿਨ ਕੇ ਦੋਖ ਜਰੇ ॥
4. ਸਫਲ ਦੇਹ ਧੰਨਿ ਓਇ ਜਨਮੇ
ਪ੍ਰਭ ਕੈ ਸੰਗਿ ਰਲੇ ॥੧॥
5. ਚਾਰਿ ਪਦਾਰਥ ਅਸਟ ਦਸਾ ਸਿਧਿ
ਸਭ ਊਪਰਿ ਸਾਧ ਭਲੇ ॥
6. ਨਾਨਕ ਦਾਸ ਧੂਰਿ ਜਨ ਬਾਂਛੈ
ਉਧਰਹਿ ਲਾਗਿ ਪਲੇ ॥੨॥੯੭॥੧੨੦॥

ਪਦ ਅਰਥ:-ਤਾ ਤੇ-ਤਾਂ ਤੇ, ਇਸ ਵਾਸਤੇ । ਕਰਣ ਪਲਾਹ-ਤਰਸ ਭਰੇ ਕੀਰਨੇ, ਤਰਲੇ। ਕਰੇ-ਕਰਦਾ ਹੈ। ਮਦ-ਹਉਮੈ। ਮਾਤੌ-ਮਸਤ ।੧।ਰਹਾਉ।

ਸਾਧ ਸੰਗਿ-ਸਾਧ ਸੰਗਤ ਵਿਚ। ਦੋਖ-ਪਾਪ। ਜਰੇ-ਸੜ ਜਾਂਦੇ ਹਨ। ਦੇਹ-ਸਰੀਰ। ਧੰਨਿ-ਭਾਗਾਂ ਵਾਲੇ। ਕੈ ਸੰਗਿ-ਦੇ ਨਾਲ ।੧।

ਚਾਰਿ ਪਦਾਰਥ-ਧਰਮ, ਅਰਥ, ਕਾਮ, ਮੋਖ। ਅਸਟ ਦਸਾ-ਅਠਾਰਾਂ। ਸਿਧਿ-ਸਿਧੀਆਂ। ਭਲੇ-ਗੁਰਮੁਖ। ਧੂਰਿ-ਚਰਨਾਂ ਦੀ ਧੂੜ। ਬਾਛੈ-ਮੰਗਦਾ ਹੈ। ਉਧਰਹਿ-ਪਾਰ ਲੰਘ ਜਾਂਦੇ ਹਨ। ਲਾਗਿ-ਲਗ ਕੇ । ਪਲੇ-ਪੱਲੇ ।੨।

ਅਰਥ:-

ਪ੍ਰ:-ਗੁਰਦੇਵ ਜੀਉ ! ਜਗਤ ਦਾ ਹਰ ਮਨੁੱਖ ਹੀ ਇਕ ਦੂਜੇ ਦੇ ਅਗੇ ਤਰਸ ਭਰੇ ਕੀਰਨੇ ਕਰਦਾ ਵੇਖੀਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

1. ਉ.-ਹੇ ਭਾਈ ! ਸੱਚ ਤਾਂ ਇਹੋ ਹੀ ਹੈ ਕਿ, ਮਨੁੱਖ ਇਸ ਵਾਸਤੇ (ਸਦਾ ਹੀ) ਤਰਸ ਭਰੇ ਕੀਰਨੇ ਕਰਦਾ ਰਹਿੰਦਾ ਹੈ।
2. (ਕਿਉਂਕਿ) ਇਹ ਮਨੁੱਖ ਮੋਹ ਹਉਮੈ (ਆਦਿਕ) ਵੱਡੇ-ਵੱਡੇ ਵਿਕਾਰਾਂ ਵਿਚ ਮਗਨ ਰਹਿੰਦਾ ਹੈ, ਅਤੇ ਉਸ ਪ੍ਰਮਾਤਮਾ ਦਾ ਨਾਮ (ਕਦੇ) ਭੀ ਨਹੀਂ ਸਿਮਰਦਾ। ੧।ਰਹਾਉ।
3. ਪਰ, ਹੇ ਪਿਆਰੇ ! ਜਿਹੜੇ ਮਨੁੱਖ ਸਾਧ ਸੰਗਤ ਵਿਚ (ਟਿਕ ਕੇ) ਪ੍ਰਭੂ ਦਾ ਨਾਮ ਜਪਦੇ ਰਹਿੰਦੇ ਹਨ, ਉਨ੍ਹਾਂ ਦੇ (ਅੰਦਰੋਂ ਸਾਰੇ) ਪਾਪ ਸੜ ਜਾਂਦੇ ਹਨ।
4. ਹੇ ਪਿਆਰੇ ! ਜੋ ਮਨੁੱਖ ਪ੍ਰਭੂ ਦੇ ਨਾਲ (ਚਰਨਾਂ ਵਿਚ) ਜੁੜੇ ਰਹਿੰਦੇ ਹਨ, ਉਹ ਭਾਗਾਂ ਵਾਲੇ ਹਨ, ਉਨ੍ਹਾਂ ਦਾ ਜਨਮ ਉਨ੍ਹਾਂ ਦਾ ਸਰੀਰ ਸਫਲ ਹੋ ਜਾਂਦਾ ਹੈ ।੧।
5. ਹੇ ਭਾਈ ! (ਧਰਮ, ਅਰਥ, ਕਾਮ, ਮੋਖ-ਇਹ) ਚਾਰ ਪਦਾਰਥ ਅਤੇ ਅਠਾਰਾਂ ਸਿੱਧੀਆਂ (ਲੋਕ ਇਨ੍ਹਾਂ ਦੀ ਖਾਤਰ ਤਰਲੇ ਲੈਂਦੇ ਹਨ, ਪਰ ਇਨ੍ਹਾਂ) ਸਭਨਾਂ ਤੋਂ ਸੰਤ ਜਨ ਸਰੇਸ਼ਟ ਹਨ।

ਪ੍ਰ:-ਸ੍ਰੀ ਜੀਓ ! ਆਖਰ ਤੁਹਾਡੀ ਦਿਲੀ ਮੰਗ ਕੀ ਹੈ ?

6. ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮੈਂ ਤਾਂ (ਸੰਤ ਜਨਾਂ ਦੇ) ਚਰਨਾਂ ਦੀ ਧੂੜ (ਨਿਤ) ਮੰਗਦਾ ਹਾਂ (ਕਿਉਂਕਿ) ਸੰਤ ਜਨਾਂ ਦੇ ਲੜ ਲਗ ਕੇ (ਅਨੇਕਾਂ ਜੀਵ ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ ।੨।੯੭।੧੨੦।

ਭਾਵਾਰਥ :—ਜੀਵਾਂ ਨੂੰ ਦੁੱਖ ਤਦੋਂ ਤਕ ਹੈ, ਜਦ ਤਕ ਉਹ ਹਰੀ ਵਿਸਰਿਆ ਰਹਿੰਦਾ ਹੈ, ਜਦੋਂ ਉਸ ਦੀ ਯਾਦ ਵਿਚ ਲੀਨ ਹੋ ਜਾਈਏ ਤਾਂ ਕੋਈ ਭੀ ਦੁੱਖ ਨਹੀਂ ਰਹਿੰਦਾ; ਸਗੋਂ ਸਾਰੇ ਪਦਾਰਥਾਂ ਦੇ ਸੁੱਖਾਂ ਦਾ ਸ਼ਰੋਮਣੀ ਸੁੱਖ ਹਾਸਲ ਹੋ ਜਾਂਦਾ ਹੈ।

ਸਾਰਗ ਮਹਲਾ ੫ ॥

1. **ਹਰਿ ਕੇ ਨਾਮ ਕੇ ਜਨ ਕਾਂਖੀ ॥**
2. **ਮਨਿ ਤਨਿ ਬਚਨਿ ਏਹੀ ਸੁਖੁ ਚਾਹਤ**
   ਪ੍ਰਭ ਦਰਸੁ ਦੇਖਹਿ ਕਬ ਆਖੀ ॥੧॥ਰਹਾਉ॥
3. **ਤੂ ਬੇਅੰਤੁ ਪਾਰਬ੍ਰਹਮ ਸੁਆਮੀ**
   ਗਤਿ ਤੇਰੀ ਜਾਇ ਨ ਲਾਖੀ ॥
4. **ਚਰਨ ਕਮਲ ਪ੍ਰੀਤਿ ਮਨੁ ਬੇਧਿਆ**
   ਕਰਿ ਸਰਬ ਸੁ ਅੰਤਰਿ ਰਾਖੀ ॥੧॥
5. **ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ**
   ਇਹ ਬਾਣੀ ਰਸਨਾ ਭਾਖੀ ॥
6. **ਜਪਿ ਰਾਮ ਨਾਮੁ ਨਾਨਕ ਨਿਸਤਰੀਐ**
   ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥

ਪਦ ਅਰਥ :—ਜਨ—ਸੰਤ ਜਨ। ਕਾਂਖੀ—ਚਾਹਵਾਨ। ਮਨਿ—ਮਨ ਵਿਚ। ਤਨਿ—ਤਨ ਵਿਚ। ਬਚਨਿ—ਬਚਨਾਂ ਦੀ ਰਾਹੀਂ। ਦੇਖਹਿ—ਦੇਖ ਸਕੀਏ। ਆਖੀ—ਅੱਖੀਂ, ਅੱਖਾਂ ਨਾਲ। ੧॥ਰਹਾਉ॥

ਗਤਿ—ਉਚੀ ਆਤਮਕ ਅਵਸਥਾ। ਜਾਇ ਨ ਲਾਖੀ—ਲਖੀ ਨਹੀਂ ਜਾ ਸਕਦੀ। ਬੇਧਿਆ—ਵਿੰਝ ਗਿਆ। ਸਰਬ ਸੁ—ਸਾਰਾ ਧਨ, ਸਭੋ ਕੁਝ। ਕਰਿ—ਸਮਝ ਕੇ, ਮੰਨ ਕੇ। ਰਾਖੀ—ਰਖੀ।੧।

ਰਸਨਾ—ਜੀਭ ਨਾਲ। ਭਾਖੀ—ਉਚਾਰੀ। ਜਪਿ—ਜਪ ਕੇ। ਨਿਸਤਰੀਐ—ਪਾਰ ਲੰਘ ਜਾਈਦਾ ਹੈ। ਹੋਰ ਸਾਖੀ—ਹੋਰ ਗੱਲ, ਹੋਰ ਸਿੱਖਿਆ। ਦੁਤੀਆ—ਦੂਜੀ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਹਰ ਮਨੁੱਖ ਦੇ ਅੰਦਰ ਸੂਖਮ ਤੇ ਅਸਥੂਲ ਰੂਪ ਵਿਚ ਭਿੰਨ-ਭਿੰਨ ਪਦਾਰਥਾਂ ਦੀ ਪ੍ਰਾਪਤੀ ਦੀ ਇੱਛਾ ਬਣੀ ਰਹਿੰਦੀ ਹੈ ਪਰ ਪ੍ਰਭੂ ਦੇ ਸੇਵਕ ਅੰਦਰ ਕਿਹੜੀ ਇੱਛਾ ਪ੍ਰਬਲ ਹੈ ?

1.ਉ:—ਹੇ ਭਾਈ ! ਪ੍ਰਭੂ ਦੇ ਸੇਵਕ (ਕੇਵਲ) ਪ੍ਰਭੂ ਦੇ ਨਾਮ ਦੇ ਹੀ ਚਾਹਵਾਨ ਰਹਿੰਦੇ ਹਨ (ਭਾਵ, ਉਨ੍ਹਾਂ ਦੇ ਅੰਦਰ ਕਿਸੇ ਭੀ ਮਾਇਕੀ ਪਦਾਰਥ ਦੀ ਇੱਛਾ ਨਹੀਂ)।

2. (ਬੱਸ ਉਹ) ਆਪਣੇ ਮਨ ਦੀ ਰਾਹੀਂ, ਤਨ ਦੀ ਰਾਹੀਂ, ਬਚਨ ਦੀ ਰਾਹੀਂ, ਸਦਾ ਇਹੋ ਹੀ ਸੁੱਖ ਲੋੜਦੇ ਹਨ ਕਿ, ਕਦੋਂ ਆਪਣੀਆਂ ਅੱਖਾਂ ਨਾਲ ਪ੍ਰਮੇਸ਼ਰ ਦੇ ਦੀਦਾਰ ਕਰਾਂਗੇ।੧॥ਰਹਾਉ॥

3. ਹੇ ਪਿਆਰੇ ! (ਉਨ੍ਹਾਂ ਦੇ ਮਨ ਤੋਂ ਇਹੋ ਹੀ ਅਰਦਾਸ ਨਿਕਲਦੀ ਹੈ ਕਿ) ਹੇ ਪਾਰਬ੍ਰਹਮ, ਹੇ ਮਾਲਕ ਪ੍ਰਭੂ ! ਤੇਰਾ ਅੰਤ ਨਹੀਂ ਪਾਇਆ ਜਾ ਸਕਦਾ, ਤੂੰ ਕਿਹੋ ਜਿਹਾ ਹੈਂ—ਇਹ ਭੀ ਗੱਲ ਬਿਆਨ ਨਹੀਂ ਕੀਤੀ ਜਾ ਸਕਦੀ।

4. (ਪਰ ਹੇ ਪ੍ਰਭੂ ਜੀ ! ਤੇਰੇ ਸੰਤ ਜਨਾਂ ਦਾ) ਮਨ ਤੇਰੇ ਸੋਹਣੇ ਚਰਨਾਂ ਦੀ ਪ੍ਰੀਤ ਵਿਚ ਪ੍ਰੋਇਆ ਰਹਿੰਦਾ ਹੈ। ਇਸ ਪ੍ਰੀਤ ਨੂੰ ਹੀ ਉਹ (ਜਗਤ ਦਾ) ਸਾਰਾ ਧਨ ਪਦਾਰਥ ਸਮਝ ਕੇ ਆਪਣੇ ਅੰਦਰ ਟਿਕਾਈ ਰਖਦੇ ਹਨ।੧।

ਪ੍ਰ:—ਕਿਉਂ ਜੀ, ਕੀ ਉਹ ਸੰਤ ਜਨ ਵੇਦਾਂ ਪੁਰਾਣਾਂ ਦੇ ਪੜ੍ਹਨ ਵਿਚ ਨਿਸਚਾ ਨਹੀਂ ਰਖਦੇ ?

5.ਉ: ਹੇ ਭਾਈ ! ਅਸਲ ਵਿਚ ਸੰਤ ਜਨ ਵੇਦ, ਪੁਰਾਣ, ਸਿੰਮ੍ਰਤੀਆਂ (ਆਦਿਕ ਧਰਮ ਪੁਸਤਕਾਂ ਦਾ ਪਾਠ) ਇਸੇ ਨੂੰ ਨਿਸਚਿਤ ਕਰਦੇ ਹਨ, ਜੋ ਕਿ ਆਪਣੀ ਜੀਭ ਨਾਲ ਸਿਫਤ ਸਾਲਾਹ ਦੀ ਬਾਣੀ ਦਾ ਉਚਾਰਨ ਕਰਨਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਨ੍ਹਾਂ ਦਾ ਇਹੋ ਹੀ ਨਿਸਚਾ ਹੈ ਕਿ ਪ੍ਰਮਾਤਮਾ ਦਾ ਨਾਮ ਜਪ ਕੇ (ਹੀ) ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਇਸ ਤੋਂ ਬਿਨਾਂ ਕੋਈ ਹੋਰ ਦੂਜੀ ਗੱਲ (ਉਨ੍ਹਾਂ ਲਈ) ਵਿਅਰਥ ਹੀ ਹੈ। ੨।੯੮।੧੨੧।

ਭਾਵਾਰਥ :—ਧਾਰਮਕ ਪੁਸਤਕਾਂ ਵਿਚ ਭੀ ਮੁਕਤੀ ਦਾ ਅਸਲ ਸਾਧਨ ਹਰੀ ਦੇ ਨਾਮ ਨੂੰ ਹੀ ਮੰਨਿਆ ਗਿਆ ਹੈ, ਇਸ ਲਈ ਸੰਤ ਜਨ ਦਿਲੋਂ ਤੇ ਮਨੋਂ ਹੋ ਕੇ ਨਾਮ ਦਾ ਹੀ ਅਭਿਆਸ ਕਰਦੇ ਹਨ। ਹੋਰ ਕਿਸੇ ਭੀ ਗੱਲ ਵਿਚ ਉਨ੍ਹਾਂ ਦਾ ਨਿਸਚਾ ਨਹੀਂ ਹੈ।

ਸਾਰਗ ਮਹਲਾ ੫ ॥

1. **ਮਾਖੀ ਰਾਮ ਕੀ ਤੂ ਮਾਖੀ ॥**
2. **ਜਹ ਦੁਰਗੰਧ ਤਹਾ ਤੂ ਬੈਸਹਿ**
   ਮਹਾ ਬਿਖਿਆ ਮਦ ਚਾਖੀ ॥੧॥ਰਹਾਉ॥
3. **ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ**
   ਇਹ ਬਿਧਿ ਦੇਖੀ ਆਖੀ ॥
4. **ਸੰਤਾ ਬਿਨੁ ਤੈ ਕੋਇ ਨ ਛਾਡਿਆ**
   ਸੰਤ ਪਰੇ ਗੋਬਿਦ ਕੀ ਪਾਖੀ ॥੧॥
5. **ਜੀਅ ਜੰਤ ਸਗਲੇ ਤੈ ਮੋਹੇ**
   ਬਿਨੁ ਸੰਤਾ ਕਿਨੈ ਨ ਲਾਖੀ ॥

6. ਨਾਨਕ ਦਾਸੁ ਹਰਿ ਕੀਰਤਨਿ ਰਾਤਾ
ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥

ਪਦ ਅਰਥ :–ਮਾਖੀ–ਮੱਖੀ। ਰਾਮ ਕੀ–ਪ੍ਰਮਾਤਮਾ ਦੀ (ਪੈਦਾ ਕੀਤੀ ਹੋਈ)। ਜਹ–ਜਿਥੇ। ਦੁਰਗੰਧ–ਬੋ (ਗੰਦ ਦੀ ਬੋ), ਵਿਕਾਰਾਂ ਦੀ ਬੋ। ਬੈਸਹਿ–ਬੈਠਦੀ ਹੈਂ। ਬਿਖਿਆ–ਹੇ ਮਾਇਆ। ਮਹਾ ਮਦ ਚਾਖੀ–ਤੂੰ ਵੱਡਾ ਨਸ਼ਾ ਚੱਖਦੀ ਹੈਂ। ੧।ਰਹਾਉ।

ਤੈ–ਤੂੰ। ਪਾਖੀ–ਪੱਖ ਵਾਲ, ਪਾਸੇ, ਸ਼ਰਨ। ਅਸਥਾਨਿ–ਥਾਂ ਵਿਚ। ਇਹ ਬਿਧਿ–ਇਹ ਹਾਲਤ। ਆਖੀ–ਅੱਖੀਂ, ਅੱਖਾਂ ਨਾਲ ।੧।

ਤੈ ਮੋਹੇ–ਤੂੰ ਆਪਣੇ ਵੱਸ ਕੀਤੇ ਹੋਏ ਹਨ। ਕਿਨੈ–ਕਿਸੇ ਨੇ ਭੀ। ਨ ਲਾਖੀ-ਨ ਲਖੀ, ਨਹੀਂ ਸਮਝੀ। ਕੀਰਤਨਿ-ਕੀਰਤਨ ਵਿਚ। ਰਾਤਾ–ਰੰਗਿਆ ਹੋਇਆ। ਸਚੁ–ਸਦਾ ਥਿਰ ਪ੍ਰਭੂ ਨੂੰ। ਸਾਖੀ–ਸਾਖਿਆਤ ਕਰਦਾ ਹੈ, ਵੇਖਦਾ ਹੈ ।੨।

ਅਰਥ:–

ਪ੍ਰ:-ਗੁਰਦੇਵ ਜੀਉ ! ਜਗਤ ਦਾ ਹਰ ਮਨੁੱਖ ਹੀ ਮਾਇਆ ਦੇ ਪ੍ਰਭਾਵ ਹੇਠ ਦੱਬਿਆ ਹੋਇਆ ਹੈ, ਪਰ ਸੰਤਾਂ ਨੇ ਇਸ ਮਾਇਆ ਨੂੰ ਕਿਸ ਰੂਪ ਵਿਚ ਅਨੁਭਵ ਕੀਤਾ ਹੈ ?

1. ਉ:–ਹੇ ਭਾਈ ! ਸੰਤ ਜਨ ਤਾਂ ਉਸ ਮਾਇਆ ਨੂੰ ਇਉ ਹੀ ਅਨੁਭਵ ਕਰਦੇ ਹਨ ਕਿ, ਹੇ ਮਾਇਆ ! ਤੂੰ ਮੱਖੀ ਹੈਂ, ਪ੍ਰਮਾਤਮਾ ਦੀ ਪੈਦਾ ਕੀਤੀ ਹੋਈ ਮੱਖੀ ਹੈਂ (ਭਾਵ ਮੱਖੀ ਦੇ ਸੁਭਾਵ ਵਾਲੀ ਹੈਂ)।
2. (ਜਿਵੇਂ ਮੱਖੀ ਸਦਾ ਗੰਦ ਉਤੇ ਬੈਠਦੀ ਹੈ, ਤਿਵੇਂ ਜਿਥੇ ਵਿਕਾਰਾਂ ਦੀ ਬੋ ਹੁੰਦੀ ਹੈ, ਤੂੰ ਉਥੇ (ਹੀ) ਬੈਠਦੀ ਹੈਂ, ਤੂੰ ਵਿਕਾਰਾਂ ਦਾ ਨਸ਼ਾ ਹੀ ਚੱਖਦੀ ਰਹਿੰਦੀ ਹੈਂ ।੧।ਰਹਾਉ।
3. ਹੇ ਮਾਇਆ ! ਅਸੀਂ ਆਪਣੀ ਅੱਖੀਂ ਤੇਰਾ ਇਹ ਹਾਲ ਵੇਖਿਆ ਹੈ ਕਿ, ਤੂੰ ਕਿਸੇ ਭੀ ਇਕ ਥਾਂ ਤੇ ਟਿਕਦੀ ਨਹੀਂ ਹੈਂ।
4. (ਹੇ ਮਾਇਆ !) ਸੰਤਾਂ ਤੋਂ ਬਿਨਾਂ ਤੂੰ ਕਿਸੇ ਨੂੰ ਭੀ (ਖੁਆਰ ਕਰਨੋਂ) ਛੱਡਿਆ ਨਹੀਂ (ਉਹ ਭੀ ਇਸ ਵਾਸਤੇ ਬਚਦੇ ਹਨ ਕਿ) ਸੰਤ ਪ੍ਰਮਾਤਮਾ ਦੀ ਸ਼ਰਨ ਪਏ ਰਹਿੰਦੇ ਹਨ ।੧।
5. ਹੇ ਮਾਇਆ ! (ਜਗਤ ਦੇ ਸਾਰੇ ਹੀ) ਜੀਵ ਤੂੰ ਆਪਣੇ ਵੱਸ ਵਿਚ ਕੀਤੇ ਹੋਏ ਹਨ, ਪਰ ਸੰਤਾਂ ਤੋਂ ਬਿਨਾਂ ਕਿਸੇ ਭੀ ਹੋਰ ਨੇ ਇਹ ਗੱਲ ਨਹੀਂ ਸਮਝੀ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਪ੍ਰਮਾਤਮਾ ਦਾ ਸੰਤ ਪ੍ਰਮਾਤਮਾ ਦੀ ਸਿਫਤ ਸਾਲਾਹ (ਦੇ ਰੰਗ) ਵਿਚ ਰੰਗਿਆ ਰਹਿੰਦਾ ਹੈ, ਸੰਤ (ਗੁਰੂ ਦੇ) ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾ ਕੇ ਸਦਾ ਥਿਰ ਪ੍ਰਭੂ ਦਾ ਦਰਸ਼ਨ ਕਰਦਾ ਰਹਿੰਦਾ ਹੈ। ੨।੯੯।੧੨੨।

ਭਾਵਾਰਥ :–ਮਾਇਆ ਵਾਲੀ ਬਿਰਤੀ ਮਨੁੱਖ ਨੂੰ ਹਮੇਸ਼ਾ ਹੀ ਵਿਕਾਰਾਂ ਦੀ ਮਲੀਨਤਾ ਵਲ ਨੂੰ ਹੀ ਲੈ ਜਾਂਦੀ ਹੈ, ਪਰ ਹਰੀ ਦੇ ਸੰਤ ਤਾਂ ਹਰੀ ਨੂੰ ਪ੍ਰਤੱਖ ਜਾਣ ਕੇ ਉਸੇ ਦੇ ਗੁਣ ਗਾਉਣ ਵਿਚ ਲੱਗੇ ਰਹਿੰਦੇ ਹਨ। ਇਸ ਲਈ ਮਾਇਆ ਦਾ ਅਸਰ ਉਨ੍ਹਾਂ ਉਤੇ ਨਹੀਂ ਹੁੰਦਾ।

ਸਾਰਗ ਮਹਲਾ ੫ ॥

1. ਮਾਈ ਰੀ ਕਾਟੀ ਜਮ ਕੀ ਫਾਸ ॥
2. ਹਰਿ ਹਰਿ ਜਪਤ ਸਰਬ ਸੁਖ ਪਾਏ
ਬੀਚੇ ਗ੍ਰਸਤ ਉਦਾਸ। ੧॥ਰਹਾਉ॥
3. ਕਰਿ ਕਿਰਪਾ ਲੀਨੇ ਕਰਿ ਅਪੁਨੇ
ਉਪਜੀ ਦਰਸ ਪਿਆਸ ॥
4. ਸੰਤ ਸੰਗਿ ਮਿਲਿ ਹਰਿ ਗੁਣ ਗਾਏ
ਬਿਨਸੀ ਦੁਤੀਆ ਆਸ ॥੧॥
5. ਮਹਾ ਉਦਿਆਨ ਅਟਵੀ ਤੇ ਕਾਢੇ
ਮਾਰਗੁ ਸੰਤ ਕਹਿਓ ॥
6. ਦੇਖਤ ਦਰਸੁ ਪਾਪ ਸਭਿ ਨਾਸੇ
ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥

ਪਦ ਅਰਥ :–ਮਾਈ ਰੀ–ਹੇ ਮਾਂ। ਕਾਟੀ–ਕੱਟੀ ਗਈ। ਫਾਸ–ਫਾਹੀ। ਜਮ ਕੀ ਫਾਸੀ- ਜਮਾਂ ਦੀ ਫਾਹੀ, ਆਤਮਕ ਮੌਤ ਲਿਆਉਣ ਵਾਲੀ ਮਾਇਆ ਦੇ ਮੋਹ ਦੀ ਫਾਹੀ। ਜਪਤ–ਜਪਦਿਆਂ। ਸਰਬ–ਸਾਰੇ। ਬੀਚੇ ਗ੍ਰਸਤ–ਗ੍ਰਹਿਸਤ ਦੇ ਵਿਚ ਹੀ (ਰਹਿੰਦਿਆਂ) ।੧।ਰਹਾਉ।

ਕਰਿ–ਕਰ ਕੇ। ਲੀਨੇ ਕਰਿ–ਬਣਾ ਲਏ। ਪਿਆਸ–ਤਾਂਘ। ਸੰਗਿ–ਨਾਲ। ਦੁਤੀਆ–ਦੂਜੀ ।੧।

ਉਦਿਆਨ–ਜੰਗਲ। ਅਟਵੀ–ਜੰਗਲ। ਤੇ–ਤੋਂ। ਮਾਰਗੁ–ਰਸਤਾ। ਸੰਤ–ਸੰਤਾਂ ਨੇ। ਸਭਿ–ਸਾਰੇ। ਲਹਿਓ–ਲੱਭ ਲਿਆ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਮਾਇਆ ਦੀ ਬਹੁਤ ਪ੍ਰਬਲਤਾ ਹੈ, ਇਸ ਦੇ ਮੋਹ ਤੋਂ ਉਪਰਾਮ ਕਿਵੇਂ ਰਿਹਾ ਜਾ ਸਕਦਾ ਹੈ ?

1. ਉ:–ਹੇ ਮਾਂ ! (ਜਿਨ੍ਹਾਂ ਵਡਭਾਗੀਆਂ ਦੀ) ਪ੍ਰਭੂ ਦਾ ਨਾਮ

ਜਪਦਿਆਂ, ਆਤਮਕ ਮੌਤ ਲਿਆਉਣ ਵਾਲੀ ਮਾਇਆ ਦੇ ਮੋਹ ਦੀ ਫਾਹੀ ਕੱਟੀ ਗਈ।

2. ਉਨ੍ਹਾਂ ਨੇ ਸਾਰੇ ਸੁੱਖ ਮਾਣ ਲਏ, ਉਹ ਗ੍ਰਿਹਸਤ ਵਿਚ ਰਹਿੰਦਿਆਂ ਹੀ (ਮਾਇਆ ਦੇ ਮੋਹ ਤੋਂ) ਉਪਰਾਮ ਰਹਿ ਕੇ (ਜੀਵਨ ਗੁਜ਼ਾਰਦੇ ਹਨ) ।੧।ਰਹਾਉ।

ਪ੍ਰ:—ਸ੍ਰੀ ਜੀਉ ! ਸਾਡੇ ਮਨਾਂ ਵਿਚ ਸੰਸਾਰਕ ਪਦਾਰਥਾਂ ਦੀ ਇੱਛਾ ਬਣੀ ਰਹਿੰਦੀ ਹੈ, ਪਰ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਕਿਵੇਂ ਬਣ ਸਕਦੀ ਹੈ।

3.ਉ:—ਹੇ ਮਾਂ ! ਜਿਨ੍ਹਾਂ ਨੂੰ ਮਿਹਰ ਕਰ ਕੇ ਪ੍ਰਮਾਤਮਾ ਨੇ, ਆਪਣੇ ਬਣਾ ਲਿਆ, ਉਨ੍ਹਾਂ ਦੇ ਅੰਦਰ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋ ਜਾਂਦੀ ਹੈ।

ਪ੍ਰ:—ਕਿਉਂ ਜੀ, ਉਨ੍ਹਾਂ ਦੀ ਪਛਾਣ ਕੀ ਹੈ ?

4.ਉ:—ਹੇ ਭਾਈ ! ਉਨ੍ਹਾਂ ਦੀ ਇਹੋ ਹੀ ਪਛਾਣ ਹੈ ਕਿ, ਉਹ ਮਨੁੱਖ ਸਾਧ ਸੰਗਤ ਵਿਚ ਮਿਲ ਕੇ ਪ੍ਰਮਾਤਮਾ ਦੀ ਸਿਫਤ ਸਾਲਾਹ ਦੇ ਗੀਤ ਗਾਂਦੇ ਹਨ, (ਅਤੇ ਉਨ੍ਹਾਂ ਦੇ ਅੰਦਰੋਂ ਪ੍ਰਮਾਤਮਾ ਤੋਂ ਬਿਨਾਂ) ਕੋਈ ਹੋਰ ਦੂਜੀ ਟੇਕ ਮੁੱਕ ਜਾਂਦੀ ਹੈ ।੧।

5. ਹੇ ਮਾਂ ! ਜਿਨ੍ਹਾਂ ਨੂੰ ਸੰਤ ਜਨਾਂ ਨੇ (ਸਹੀ ਜੀਵਨ) ਰਾਹ ਦੱਸ ਦਿੱਤਾ, ਉਨ੍ਹਾਂ ਨੂੰ ਉਨ੍ਹਾਂ ਨੇ ਵੱਡੇ ਸੰਘਣੇ ਜੰਗਲ (ਵਰਗੇ ਸੰਸਾਰ ਬਨ) ਤੋਂ ਬਾਹਰ ਕੱਢ ਲਿਆ।

6.ਉ.—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਪ੍ਰਮਾਤਮਾ ਦਾ ਦਰਸ਼ਨ ਕਰ ਕੇ ਉਨ੍ਹਾਂ ਮਨੁੱਖਾਂ ਦੇ ਸਾਰੇ ਹੀ ਪਾਪ ਨਾਸ ਹੋ ਗਏ, (ਕਿਉਂਕਿ) ਉਨ੍ਹਾਂ ਨੇ ਪ੍ਰਭੂ ਦਾ ਨਾਮ ਰਤਨ ਲੱਭ ਲਿਆ ਹੈ ।੨।੧੦੦।੧੨੩।

ਭਾਵਾਰਥ :—ਗੁਰੂ ਦੀ ਸੰਗਤ ਵਿਚ ਰਹਿੰਦਿਆਂ ਹਰੀ ਦੇ ਗੁਣ ਗਾਉਣ ਦੀ ਬਰਕਤ ਨਾਲ ਹੀ ਹਰੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੁੰਦੀ ਹੈ, ਅਤੇ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਹੀ ਮਾਇਆ ਤੋਂ ਨਿਰਲੇਪ ਰਹਿ ਕੇ ਸਾਈਂ ਜੀ ਦਾ ਮੇਲ ਹੁੰਦਾ ਹੈ।

ਸਾਰਗ ਮਹਲਾ ੫ ॥

1. ਮਾਈ ਰੀ ਅਰਿਓ ਪ੍ਰੇਮ ਕੀ ਖੋਰਿ ॥

2. ਦਰਸਨ ਰੁਚਿਤ ਪਿਆਸ ਮਨਿ ਸੁੰਦਰ
ਸਕਤ ਨ ਕੋਈ ਤੋਰਿ ॥੧॥ਰਹਾਉ॥

3.ਪ੍ਰਾਨ ਮਾਨ ਪਤਿ ਪਿਤ ਸੁਤ ਬੰਧਪ
ਹਰਿ ਸਰਬਸੁ ਧਨ ਮੋਰ ॥

4. ਧ੍ਰਿਗੁ ਸਰੀਰੁ ਅਸਤ ਬਿਸਟਾ ਕ੍ਰਿਮ
ਬਿਨੁ ਹਰਿ ਜਾਨਤ ਹੋਰ ॥੧॥

5 ਭਇਓ ਕ੍ਰਿਪਾਲ ਦੀਨ ਦੁਖ ਭੰਜਨੁ
ਪਰਾ ਪੂਰਬਲਾ ਜੋਰ ॥

6. ਨਾਨਕ ਸਰਣਿ ਕ੍ਰਿਪਾਨਿਧਿ ਸਾਗਰ
ਬਿਨਸਿਓ ਆਨ ਨਿਹੋਰ ॥੨॥੧੦੧॥੧੨੪॥

ਪਦ ਅਰਥ:-ਅਰਿਓ—ਅੜ ਗਿਆ ਹੈ, ਮਸਤ ਹੋ ਗਿਆ ਹੈ। ਖੋਰਿ—ਖੁਮਾਰੀ ਵਿਚ, ਮਸਤੀ ਵਿਚ। ਰੁਚਿਤ—ਲਗਨ ਲੱਗੀ ਹੋਈ ਹੈ। ਪਿਆਸ—ਤਾਂਘ। ਮਨਿ—ਮਨ ਵਿਚ। ਤੋਰਿ—ਤੋੜ। ਤੋਰਿ ਨ ਸਕਤ—ਤੋੜ ਨਹੀਂ ਸਕਦਾ। ੧।ਰਹਾਉ।

ਪ੍ਰਾਨ—ਜਿੰਦ-ਜਾਨ। ਮਾਨ—ਸਹਾਰਾ, ਮਾਣ। ਪਤਿ—ਇੱਜ਼ਤ। ਸੁਤ—ਪੁੱਤਰ। ਪਿਤ—ਪਿਤਾ। ਬੰਧਪ—ਸਨਬੰਧੀ। ਸਰਬਸੁ—ਸਾਰਾ ਧਨ, ਸਭ ਕੁਝ। ਮੋਰ—ਮੇਰਾ। ਧ੍ਰਿਗੁ—ਫ਼ਿਟਕਾਰ ਜੋਗ। ਅਸਤ—ਹੱਡੀਆਂ। ਕ੍ਰਿਮ—ਕਿਰਮ।੧।

ਦੀਨ ਦੁਖ ਭੰਜਨੁ—ਗਰੀਬਾਂ ਦੇ ਦੁੱਖ ਦੂਰ ਕਰਨ ਵਾਲਾ। ਪਰ ਪੂਰਬਲਾ—ਮੁੱਢ ਕਦੀਮਾਂ ਦਾ। ਜੋਰ—ਸਹਾਰਾ। ਕ੍ਰਿਪਾ ਨਿਧਿ—ਕ੍ਰਿਪਾ ਦਾ ਖਜ਼ਾਨਾ। ਕ੍ਰਿਪਾ ਸਾਗਰ—ਕ੍ਰਿਪਾ ਦਾ ਸਮੁੰਦਰ। ਆਨ—ਹੋਰ। ਨਿਹੋਰ-ਮੁਥਾਜੀ।੨।

ਅਰਥ:—

ਪ੍ਰ.—ਗੁਰਦੇਵ ਜੀਉ ! ਸੰਸਾਰ ਦੇ ਹਰ ਜੀਵ ਦਾ ਮਨ ਭਿੰਨ ਭਿੰਨ ਮਾਇਕੀ ਪਦਾਰਥਾਂ ਦੀ ਮਸਤੀ ਵਿਚ ਮਸਤ ਰਹਿੰਦਾ ਹੈ, ਕੀ ਆਪ ਜੀ ਦੇ ਮਨ ਨੂੰ ਭੀ ਕੋਈ ਖਾਸ ਮਸਤੀ ਹੈ ?

1.ਉ:—ਹੇ ਮਾਂ ! ਮੇਰੇ ਮਨ ਨੂੰ ਕਿਸੇ ਮਾਇਕੀ ਪਦਾਰਥ ਦੀ ਮਸਤੀ ਤਾਂ ਨਹੀਂ, ਪਰ ਹੁਣ ਤਾਂ ਮੇਰਾ ਮਨ (ਪ੍ਰੀਤਮ ਪ੍ਰਭੂ ਦੇ) ਪਿਆਰ ਦੇ ਨਸ਼ੇ ਵਿਚ (ਹੀ) ਮਸਤ ਰਹਿੰਦਾ ਹੈ।

ਪ੍ਰ:—ਸ੍ਰੀ ਜੀਉ ! ਵੇਖਣ ਵਿਚ ਆਉਂਦਾ ਹੈ ਕਿ, ਸੰਸਾਰੀ ਮਾਇਕੀ ਪਦਾਰਥਾਂ ਦੀ ਮਸਤੀ ਤਾਂ ਸ਼ੀਘਰ ਹੀ ਲਹਿ ਜਾਂਦੀ ਹੈ, ਕੀ ਤੁਹਾਡੀ ਮਸਤੀ ਭੀ ਇਸੇ ਤਰ੍ਹਾਂ ਲਹਿਣ ਵਾਲੀ ਹੈ ?

2.ਉ:—ਹੇ ਭਾਈਓ ! ਮੇਰੇ ਮਨ ਵਿਚ (ਤਾਂ) ਉਸ ਦੇ ਦਰਸ਼ਨਾਂ ਦੀ ਲਗਨ ਲੱਗੀ (ਹੀ) ਰਹਿੰਦੀ ਹੈ, ਉਸ ਸੋਹਣੇ (ਦੇ ਦਰਸ਼ਨ) ਦੀ ਤਾਂਘ ਬਣੀ ਹੀ ਰਹਿੰਦੀ ਹੈ, ਇਹ ਲਗਨ, ਇਹ ਪਿਆਸ ਐਸੀ ਹੈ ਕਿ ਇਸ ਨੂੰ ਕੋਈ ਤੋੜ ਨਹੀਂ ਸਕਦਾ ।੧।ਰਹਾਉ।

ਪ੍ਰ:—ਕਿਉਂ ਜੀ, ਹੁਣ ਤੁਹਾਡੇ ਅੰਤਰ ਆਤਮੇ ਉਸ ਪ੍ਰਭੂ ਮਾਲਕ ਦੀ ਕਿਤਨੀ ਕੁ ਕਦਰ ਹੈ ?

3.ਉ:—ਹੇ ਮੇਰੀ ਮਾਂ ! ਹੁਣ (ਤਾਂ) ਮੇਰੇ ਵਾਸਤੇ ਪ੍ਰਭੂ ਪ੍ਰੀਤਮ ਹੀ ਜਿੰਦ ਹੈ, ਆਸਰਾ ਹੈ, ਇੱਜ਼ਤ ਹੈ, ਪਿਤਾ ਹੈ, ਪੁੱਤਰ ਹੈ, ਸਨਬੰਧੀ ਹੈ, ਧਨ ਹੈ, ਮੇਰਾ ਸਭ ਕੁਝ ਉਹੀ ਉਹੀ ਹੈ।

4. ਹੇ ਮਾਂ ! ਜਿਹੜਾ ਮਨੁੱਖ ਪ੍ਰਮਾਤਮਾ ਤੋਂ ਬਿਨਾਂ ਹੋਰ ਹੋਰ ਨਾਲ ਸਾਂਝ ਬਣਾਈ ਰਖਦਾ ਹੈ, ਉਸ ਦਾ ਸਰੀਰ ਫਿਟਕਾਰ ਜੋਗ ਹੋ ਜਾਂਦਾ ਹੈ (ਕਿਉਂਕਿ ਫਿਰ ਇਹ ਮਨੁੱਖਾ ਸਰੀਰ ਨਿਰਾ) ਹੱਡੀਆਂ ਗੰਦ ਅਤੇ ਕਿਰਮ ਹੀ ਹੈ ।੧।

ਪ੍ਰ:–ਗੁਰਦੇਵ ਜੀਉ ! ਸਾਰੇ ਹੀ ਲੋਕ ਉਸ ਦੀ ਸ਼ਰਨ ਕਿਉਂ ਨਹੀਂ ਆ ਜਾਂਦੇ ?

5.ਉ:–ਹੇ ਪਿਆਰੇ ! ਚਾਹੁੰਦੇ ਤਾਂ ਸਾਰੇ ਹੀ ਹਨ, ਪਰ, ਹੇ ਭਾਈ ! ਜਿਸ ਨਾਲ ਕੋਈ ਮੁੱਢ ਕਦੀਮੀਂ ਦਾ ਜੋੜ ਹੁੰਦਾ ਹੈ, ਉਸੇ ਉਤੇ (ਹੀ) ਗਰੀਬਾਂ ਦੇ ਦੁੱਖ ਦੂਰ ਕਰਨ ਵਾਲਾ ਪ੍ਰਭੂ ਦਇਆਵਾਨ ਹੁੰਦਾ ਹੈ ।

6. ਕਥਨ ਕਰਦੇ ਹਨ (ਗੁਰੂ) ਨਨਕ ਦੇਵ ਜੀ ਕਿ, ਹੇ ਪਿਆਰੇ ! ਉਹੀ ਮਨੁੱਖ ਦਇਆ ਦੇ ਖ਼ਜ਼ਾਨੇ, ਮਿਹਰ ਦੇ ਸਮੁੰਦਰ ਪ੍ਰਭੂ ਦੀ ਸ਼ਰਨ ਪੈਂਦਾ ਹੈ, ਤੇ ਉਸ ਦੀ ਹੋਰ (ਸਾਰੀ) ਮੁਥਾਜੀ ਮੁੱਕ ਜਾਂਦੀ ਹੈ ।੨। ੧੦੧।੧੨੪।

ਭਾਵਾਰਥ :–ਜਿਸ ਮਨੁੱਖ ਦੇ ਮਨ ਵਿਚ ਹਰੀ ਦੀ ਪ੍ਰੀਤ ਨਹੀਂ, ਸਮਝੋ, ਉਸ ਦਾ ਜੀਵਨ ਨਿਕੰਮਾ ਹੈ, ਜਦੋਂ ਉਸ ਸਾਈਂ ਜੀ ਦਾ ਪਿਆਰ ਹਿਰਦੇ ਵਿਚ ਪੈਦਾ ਹੋ ਜਾਵੇ ਤਾਂ ਹੋਰ ਸਾਰੀਆਂ ਹੀ ਮੁਥਾਜੀਆਂ ਮੁੱਕ ਜਾਂਦੀਆਂ ਹਨ, ਇਸੇ ਲਈ ਹਜ਼ੂਰ ਜੀ ਸਾਰੇ ਮਾਇਕੀ ਪਦਾਰਥਾਂ ਦੀ ਕੂੜੀ ਲਗਨ ਤਿਆਗ ਕੇ ਪ੍ਰਭੂ ਦੇ ਪਿਆਰ ਦੀ ਸੱਚੀ ਮਸਤੀ ਵਿਚ ਮਸਤ ਰਹਿਣ ਦੀ ਹੀ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਨੀਕੀ ਰਾਮ ਕੀ ਧੁਨਿ ਸੋਇ ॥
2. ਚਰਨ ਕਮਲ ਅਨੂਪ ਸੁਆਮੀ
ਜਪਤ ਸਾਧੂ ਹੋਇ ॥੧॥ਰਹਾਉ॥
3. ਚਿਤਵਨਾ ਗੋਪਾਲ ਦਰਸਨ
ਕਲਮਲਾ ਕਢੁ ਧੋਇ ॥
4. ਜਨਮ ਮਰਨ ਬਿਕਾਰ ਅੰਕੁਰ
ਹਰਿ ਕਾਟਿ ਛਾਡੇ ਖੋਇ ॥੧॥
5. ਪਰਾ ਪੂਰਬਿ ਜਿਸਹਿ ਲਿਖਿਆ
ਬਿਰਲਾ ਪਾਏ ਕੋਇ ॥
6. ਰਵਣ ਗੁਣ ਗੋਪਾਲ ਕਰਤੇ
ਨਾਨਕਾ ਸਚੁ ਜੋਇ ॥੨॥੧੦੨॥੧੨੫॥

ਪਦ ਅਰਥ:–ਨੀਕੀ-ਚੰਗੀ (ਕਾਰ) ਸੋਹਣੀ (ਕਾਰ)। ਧੁਨਿ–(ਹਿਰਦੇ ਵਿਚ) ਲਗਨ । ਸੋਇ-(ਪ੍ਰਮਾਤਮਾ ਦੀ) ਸੋਭਾ, ਸਿਫਤ ਸਾਲਾਹ । ਅਨੂਪ–[ਅਨ-ਊਪ, ਉਪਮਾ ਰਹਿਤ] ਬਹੁਤ ਸੋਹਣੇ । ਜਪਤ–ਜਪਦਿਆਂ । ਸਾਧੂ–ਗੁਰਮੁਖ, ਭਲਾ । ਹੋਇ–ਹੋ ਜਾਂਦਾ ਹੈ ।੧।ਰਹਾਉ।

ਚਿਤਵਤਾ–ਚਿਤਵਦਾ ਹੋਇਆ, ਚਿਤਾਰਦਾ ਹੋਇਆ, ਮਨ ਵਿਚ ਵਸਾਂਦਾ ਹੋਇਆ । ਕਲਮਲਾ–ਪਾਪ । ਧੋਇ–ਧੋ ਕੇ । ਕਢੁ–(ਆਪਣੇ ਅੰਦਰੋਂ) ਦੂਰ ਕਰ ਲੈ । ਬਿਕਾਰ ਅੰਕੁਰ-ਵਿਕਾਰਾਂ ਦਾ ਅੰਗੂਰ । ਛਾਡੇ ਖੋਇ–ਨਾਸ ਕਰ ਦੇਂਦਾ ਹੈ ।੧।

ਪਰਾ ਪੂਰਬਿ-ਪੂਰਬਲੇ ਭਾਗਾਂ ਅਨੁਸਾਰ । ਪੂਰਬਿ– ਪੂਰਬਲੇ ਸਮੇਂ ਵਿਚ । ਜਿਸਹਿ–ਜਿਸ ਦੇ ਮੱਥੇ ਉਤੇ । ਰਵਣ–ਯਾਦ ਕਰਨੇ, ਸਿਮਰਨੇ । ਕਰਤੇ–ਕਰਤਾਰ ਦੇ । ਸਚੁ–ਸਦਾ ਕਾਇਮ ਰਹਿਣ ਵਾਲਾ । ਜੋਇ–ਜਿਹੜਾ ਪ੍ਰਭੂ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਮਨੁੱਖ ਦੇ ਚੰਗਾ ਬਣਨ ਲਈ ਚੰਗੀ ਕਿਹੜੀ ਕਾਰ ਹੈ, ਜੋ ਕਿ ਸਦਾ ਹੀ ਕਰਦੇ ਰਹਿਣਾ ਚਾਹੀਦਾ ਹੈ ?

1.ਉ:–ਹੇ ਭਾਈ ! (ਅਸਲ ਵਿਚ ਮਨੁੱਖ ਦੇ ਚੰਗੇ ਬਣਨ ਲਈ) ਪ੍ਰਮਾਤਮਾ ਦੀ ਲਗਨ (ਹਿਰਦੇ ਵਿਚ) ਧਾਰਨ ਕਰਨੀ, ਸਿਫਤ ਸਾਲਾਹ ਕਰਦੇ ਰਹਿਣਾ ਹੀ ਇਕ ਸੋਹਣੀ (ਕਾਰ) ਹੈ ।

2. ਹੇ ਭਾਈ ! ਸੋਹਣੇ ਪ੍ਰਭੂ ਦੇ, ਮਾਲਕ ਦੇ ਸੋਹਣੇ ਚਰਨ ਜਪਦਿਆਂ ਮਨੁੱਖ ਭਲਾ ਨੇਕ ਬਣ ਜਾਂਦਾ ਹੈ ।੧। ਰਹਾਉ।

ਪ੍ਰ:–ਸ੍ਰੀ ਜੀਉ ! ਅੰਦਰੋਂ ਜਨਮ ਜਨਮਾਂਤ੍ਰਾਂ ਦੇ ਪਾਪ ਦੂਰ ਕਰਨ ਲਈ ਕਿਹੜਾ ਸਾਧਨ ਕਰਦਾ ਰਵ੍ਹਾਂ ?

3.ਉ:–ਹੇ ਪਿਆਰੇ ! ਜਗਤ ਦੇ ਪਾਲਣਹਾਰ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਮਨ ਵਿਚ ਵਸਾ ਕੇ (ਆਪਣੇ ਅੰਦਰੋਂ ਸਾਰੇ) ਪਾਪ ਧੋ ਕੇ ਦੂਰ ਕਰ ਲੈ ।

4. ਹੇ ਭਾਈ ! ਜੇ ਤੂੰ ਹਰਿ ਦਰਸ਼ਨ ਦੀ ਤਾਂਘ ਆਪਣੇ ਅੰਦਰ ਪੈਦਾ ਕਰੇਂਗਾ ਤਾਂ ਪ੍ਰਮਾਤਮਾ (ਤੇਰੇ ਅੰਦਰੋਂ) ਜਨਮ ਮਰਨ ਦੇ (ਸਾਰੀ ਉਮਰ ਦੇ) ਵਿਕਾਰਾਂ ਦੇ ਫੁੱਟ ਰਹੇ ਬੀਜ ਕੱਟ ਕੇ ਨਾਸ ਕਰ ਦੇਵੇਗਾ ।੧।

ਪ੍ਰ:–ਕਿਉਂ ਜੀ, ਇਹ ਨਾਮ ਦੀ ਦਾਤ ਸਾਰੇ ਹੀ ਕਿਉਂ ਨਹੀਂ ਪ੍ਰਾਪਤ ਕਰਦੇ ?

5.ਉ:–ਹੇ ਪਿਆਰੇ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਜਿਹੜਾ ਪ੍ਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ, ਉਸ ਕਰਤਾਰ ਗੋਪਾਲ ਦੇ ਗੁਣ ਗਾਉਣੇ–ਇਹ ਦਾਤ ਕੋਈ ਉਹ ਵਿਰਲਾ ਮਨੁੱਖ ਹਾਸਲ ਕਰਦਾ ਹੈ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਸ ਦੇ ਮੱਥੇ ਉਤੇ ਪੂਰਬਲੇ ਸਮੇਂ ਤੋਂ (ਇਹ ਲੇਖ) ਲਿਖਿਆ ਹੁੰਦਾ ਹੈ; ਇਹ ਦਾਤ ਉਹੀ ਪ੍ਰਾਪਤ

ਕਰਦਾ ਹੈ, ਉਸ ਦੇ ਅੰਦਰੋਂ ਹੋਰ ਦੀ ਮੁਥਾਜੀ ਜਾਂ ਅਹਿਸਾਨ ਮੁੱਕ ਜਾਂਦਾ ਹੈ।੨।੧੦੨।੧੨੫।

ਭਾਵਾਰਥ :–ਹਰੀ ਦੇ ਗੁਣ ਗਾਉਣ ਨਾਲ ਪਾਪ ਦੂਰ ਹੁੰਦੇ ਹਨ ਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ।

ਸਾਰਗ ਮਹਲਾ ੫ ॥

1. **ਹਰਿ ਕੇ ਨਾਮ ਕੀ ਮਤਿ ਸਾਰ ॥**
2. **ਹਰਿ ਬਿਸਾਰਿ ਜੁ ਆਨ ਰਾਚਹਿ ਮਿਥਨ ਸਭ ਬਿਸਥਾਰ ॥੧॥ਰਹਾਉ॥**
3. **ਸਾਧ ਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਰ ॥**
4. **ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ ॥੧॥**
5. **ਕਰਿ ਅਨੁਗ੍ਰਹ ਰਾਖਿ ਲੀਨੇ ਏਕ ਨਾਮ ਅਧਾਰ ॥**
6. **ਦਿਨ ਰੈਨਿ ਸਿਮਰਤ ਸਦਾ ਨਾਨਕ ਮੁਖ ਊਜਲ ਦਰਬਾਰਿ॥੨॥੧੦੩॥੧੨੬॥**

ਪਦ ਅਰਥ:–ਨਾਮ ਕੀ ਮਤਿ–ਨਾਮ ਸਿਮਰਨ ਵਾਲੀ ਅਕਲ। ਸਾਰ–ਸਰੇਸ਼ਟ। ਬਿਸਾਰਿ–ਭੁਲਾ ਕੇ। ਜੁ–ਜਿਹੜੇ ਮਨੁੱਖ। ਆਨ–ਹੋਰ ਹੋਰ (ਕੰਮਾਂ) ਵਿਚ। ਰਾਚਹਿ–ਮਸਤ ਰਹਿੰਦੇ ਹਨ। ਮਿਥਨ–ਨਾਸਵੰਤ, ਵਿਅਰਥ। ਬਿਸਥਾਰ–ਖਿਲਾਰੇ, ਖਲਜਗਣ।੧।ਰਹਾਉ।

ਸਾਧ ਸੰਗਮਿ–ਸਾਧ ਸੰਗਤ ਵਿਚ। ਭਜੁ–ਭਜਨ ਕਰਿਆ ਕਰ। ਖਾਰ–ਖੁਆਰ, ਨਾਸ। ਚਰਨਾਰਬਿੰਦ–[ਚਰਨ ਅਰਬਿੰਦ। ਅਰਬਿੰਦ–ਕਮਲ ਫੁੱਲ] ਕਮਲ ਫੁੱਲਾਂ ਵਰਗੇ ਸੋਹਣੇ ਚਰਨ। ਬਸਾਇ-ਵਸਾਈ ਰਖ। ਹਿਰਦੈ-ਹਿਰਦੇ ਵਿਚ। ਬਹੁਰਿ–ਮੁੜ। ਜਨਮ ਨ ਮਾਰ-ਨਾ ਜਨਮ ਨ ਮਰਨ।੧।

ਕਰਿ–ਕਰ ਕੇ। ਅਨੁਗ੍ਰਹ–ਕ੍ਰਿਪਾ। ਅਧਾਰ–ਆਸਰਾ। ਰੈਨਿ–ਰਾਤ। ਸਿਮਰਤ–ਸਿਮਰਦਿਆਂ। ਦਰਬਾਰਿ–ਪ੍ਰਭੂ ਦੀ ਹਜ਼ੂਰੀ ਵਿਚ।੨।

ਅਰਥ:–

ਪ੍ਰ:–ਗੁਰਦੇਵ ਜੀਉ! ਗੁਰਮਤਿ ਅਨੁਸਾਰ ਕਿਸ ਮਨੁੱਖ ਦੀ ਮਤਿ ਸਰੇਸ਼ਟ ਮੰਨੀ ਜਾਂਦੀ ਹੈ?

1. **ਉ**:–ਹੇ ਭਾਈਓ! ਅਸਲ ਵਿਚ ਹੋਰ-ਹੋਰ ਕੰਮਾਂ ਵਲ ਪ੍ਰੇਰਨ ਵਾਲੀਆਂ ਅਕਲਾਂ ਨਾਲੋਂ ਪ੍ਰਮਾਤਮਾ ਦਾ ਨਾਮ ਸਿਮਰਨ (ਵਲ ਪ੍ਰੇਰਨ) ਵਾਲੀ ਅਕਲ (ਹੀ) ਸਰੇਸ਼ਟ ਹੈ।
2. ਹੇ ਪਿਆਰੇ! ਜਿਹੜੇ ਮਨੁੱਖ ਪ੍ਰਮਾਤਮਾ ਨੂੰ ਭੁਲਾ ਕੇ ਹੋਰ-ਹੋਰ ਅਹਾਰਾਂ ਵਿਚ ਸਦਾ ਰੁੱਝੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਖਲਾਰੇ (ਆਖਰ) ਵਿਅਰਥ ਹੀ ਜਾਂਦੇ ਹਨ। ੧।ਰਹਾਉ।

ਪ੍ਰ:–ਸ੍ਰੀ ਜੀਉ! ਦਸੋ, ਉਹ ਕਿਹੜਾ ਸਾਧਨ ਹੈ, ਜਿਸ ਦੇ ਕਰਨ ਨਾਲ ਮੇਰੇ ਪਾਪ ਨਾਸ ਹੋ ਜਾਵਣ?

3. **ਉ**:–ਹੇ ਭਾਈ! ਸਾਧ ਸੰਗਤ ਵਿਚ (ਟਿਕ ਕੇ) ਮਾਲਕ ਪ੍ਰਭੂ ਦਾ ਭਜਨ ਕਰਿਆ ਕਰ, (ਕਿਉਂਕਿ ਸਿਮਰਨ ਦੀ ਬਰਕਤ ਨਾਲ) ਸਾਰੇ ਪਾਪ ਨਾਸ ਹੋ ਜਾਂਦੇ ਹਨ।
4. ਹੇ ਪਿਆਰੇ! ਉਸ ਪ੍ਰਮਾਤਮਾ ਦੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਵਸਾਈ ਰਖ; (ਇਸ ਤਰ੍ਹਾਂ) ਮੁੜ ਜਨਮ ਮਰਨ ਦਾ ਗੇੜ ਨਹੀਂ ਹੋਵੇਗਾ।੧।

ਪ੍ਰ:–ਕਿਉਂ ਜੀ, ਇਹ ਨਾਮ ਦੀ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦੀ?

5. **ਉ**:–ਹੇ ਭਾਈ! ਯਤਨ ਤਾਂ ਬਹੁਤ ਲੋਕ ਕਰਦੇ ਹਨ, ਪਰ, ਮਿਹਰ ਕਰ ਕੇ ਜਿਨ੍ਹਾਂ ਮਨੁੱਖਾਂ ਦੀ ਪ੍ਰਭੂ ਰਖਿਆ ਕਰਦਾ ਹੈ, ਉਨ੍ਹਾਂ ਨੂੰ ਹੀ ਆਪਣੇ ਨਾਮ ਦਾ ਸਹਾਰਾ ਦੇਂਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਦਿਨੇ ਰਾਤ ਸਦਾ ਸਿਮਰਨ ਕਰਦਿਆਂ ਉਨ੍ਹਾਂ ਦੇ ਮੂੰਹ ਪ੍ਰਭੂ ਦੇ ਦਰਬਾਰ ਵਿਚ ਉਜਲੇ ਹੋ ਜਾਂਦੇ ਹਨ। ੨।੧੦੩।੧੨੬।

ਭਾਵਾਰਥ :–ਕੇਵਲ ਪਾਪਾਂ ਦੀ ਨਵਿਰਤੀ ਹਰੀ ਦੇ ਨਾਮ ਸਿਮਰਨ ਦੁਆਰਾ ਹੀ ਹੁੰਦੀ ਹੈ ਅਤੇ ਜਨਮ ਮਰਨ ਤੋਂ ਛੁਟਕਾਰਾ ਹੁੰਦਾ ਹੈ, ਅਤੇ ਰੱਬੀ ਦਰਬਾਰ ਵਿਚ ਗਿਆਂ ਸੁਰਖਰੂ ਹੋਈਦਾ ਹੈ।

ਸਾਰਗ ਮਹਲਾ ੫ ॥

1. **ਮਾਨੀ ਤੂੰ ਰਾਮ ਕੈ ਦਰਿ ਮਾਨੀ ॥**
2. **ਸਾਧ ਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥੧॥ਰਹਾਉ॥**
3. **ਧਾਰਿ ਅਨੁਗ੍ਰਹੁ ਅਪੁਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥**
4. **ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥੧॥**
5. **ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ ॥**
6. **ਪ੍ਰਿਅ ਰੰਗ ਰੰਗਿ ਰਤੀ ਨਾਰਾਇਨ ਨਾਨਕ ਤਿਸੁ ਕੁਰਬਾਨੀ ॥੨॥੧੦੪॥੧੨੭॥**

ਪਦ ਅਰਥ :–ਮਾਨ–ਆਦਰ, ਸਤਿਕਾਰ। ਮਾਨੀ–ਸਤਿਕਾਰ ਵ ਲੀ, ਆਦਰ ਵਾਲੀ। ਕੈ ਦਰਿ–ਦੇ ਦਰ ਤੇ।

ਸਾਧ ਸੰਗਿ–ਸਾਧ ਸੰਗਤ ਵਿਚ। ਮਿਲਿ–ਮਿਲ ਕੇ। ਗਾਇ–(ਜਿਸ ਨੇ) ਗਾਏ। ਅਭਿਮਾਨੀ–ਹਉਮੈ ਵਾਲੀ ਮਤਿ।੧। ਰਹਾਉ।

ਧਾਰਿ–ਧਾਰ ਕੇ, ਕਰ ਕੇ। ਅਨੁਗ੍ਰਹੁ–ਕ੍ਰਿਪਾ। ਕਰਿ ਲੀਨੀ–ਬਣਾ ਲਈ। ਗੁਰਮੁਖਿ–ਗੁਰੂ ਦੇ ਸਨਮੁਖ ਰਹਿ ਕੇ। ਗਿਆਨੀ–ਗਿਆਨ ਵਾਲੀ। ਘਨੇਰੇ–ਬਹੁਤ। ਧਿਆਨੀ–ਸੁਰਤ ਜੋੜਨ ਵਾਲੀ।੧।

ਨਿਕਟਿ–ਨੇੜੇ। ਨਿਕਟਿ ਵਰਤਨਿ–ਨੇੜੇ ਟਿਕੀ ਰਹਿਣ ਵਾਲੀ। ਸਾ–ਉਹੀ ਜੀਵ ਇਸਤ੍ਰੀ। ਸੁਹਾਗਨਿ–ਸੁਹਾਗ ਭਾਗ ਵਾਲੀ। ਦਹ ਦਿਸ–ਦਸੀਂ ਪਾਸੀਂ। ਜਾਨੀ–ਪ੍ਰਗਟ ਹੋ ਜਾਂਦੀ ਹੈ। ਸਾਈ–ਉਹੀ। ਰੰਗ ਰੰਗਿ–ਕੌਤਕਾਂ ਦੇ ਰੰਗ ਵਿਚ। ਪ੍ਰਿਅ ਰੰਗ ਰੰਗਿ–ਪਿਆਰੇ ਦੇ ਕੌਤਕਾਂ ਦੇ ਰੰਗ ਵਿਚ। ਰਤੀ–ਰੰਗੀ ਹੋਈ।੨।

ਅਰਥ:–

ਪ੍ਰ:–ਗੁਰਦੇਵ ਜੀਉ! ਰੱਬੀ ਦਰਬਾਰ ਵਿਚ ਸਤਕਾਰ ਹਾਸਲ ਕਰਨ ਲਈ ਜਿੰਦ ਨੂੰ ਕੀ ਸਿੱਖਿਆ ਦੇਣੀ ਚਾਹੀਦੀ ਹੈ?

1.**ਉ:**–ਹੇ ਭਾਈ! ਜਿੰਦ ਨੂੰ ਸਦਾ ਇਉਂ ਹੀ ਸਮਝਾਉਂਦੇ ਰਹਿਣਾ ਚਾਹੀਦਾ ਹੈ ਕਿ, ਹੇ ਜਿੰਦੇ! ਸੁਣ, (ਜਿਸ ਜੀਵ ਇਸਤਰੀ ਨੇ ਭੀ) ਹਰੀ ਦੇ ਗੁਣ ਗਾਏ ਹਨ, ਉਸੇ ਨੂੰ ਹੀ ਮਾਣ ਪ੍ਰਾਪਤ ਹੋਇਆ ਹੈ, (ਇਸ ਲਈ) ਜੇ ਤੂੰ ਭੀ ਉਦਮ ਕਰੇਂ ਤਾਂ) ਤੂੰ ਭੀ ਪ੍ਰਭੂ ਦੇ ਦਰਬਾਰ ਵਿਚ ਜ਼ਰੂਰ ਮਾਣ ਹਾਸਲ ਕਰੇਂਗੀ।

2. ਇਸ ਲਈ, ਹੇ ਜਿੰਦੇ! ਜਿਸ ਨੇ ਭੀ ਸਾਧ ਸੰਗਤ ਵਿਚ ਮਿਲ ਕੇ ਉਸ ਪ੍ਰਭੂ ਜੀ ਦੇ ਗੁਣ ਗਾਉਣੇ ਸ਼ੁਰੂ ਕਰ ਦਿਤੇ, ਉਸ ਦੇ ਅੰਦਰੋਂ ਹਉਮੈ ਵਾਲੀ ਮਤਿ ਸਾਰੀ ਹੀ ਮੁੱਕ ਗਈ ਹੈ।੧।ਰਹਾਉ।

3. ਹੇ ਜਿੰਦੇ! ਸੁਣ, (ਜਿਸ ਜੀਵ ਰੂਪ ਇਸਤਰੀ ਨੂੰ) ਪ੍ਰਭੂ ਨੇ ਮਿਹਰ ਕਰ ਕੇ ਆਪਣੀ ਬਣਾ ਲਿਆ, ਉਸ ਦੇ ਹਿਰਦੇ ਵਿਚ ਗੁਰੂ ਦੇ ਸਨਮੁਖ ਰਹਿ ਕੇ ਆਤਮਕ ਜੀਵਨ ਦੀ ਪੂਰੀ-ਪੂਰੀ ਸੂਝ ਹਾਸਲ ਹੋ ਗਈ।

4. ਉਸ ਦੇ ਹਿਰਦੇ ਵਿਚ ਸਾਰੇ ਸੁਖ, ਅਨੇਕਾਂ ਅਨੰਦ ਪੈਦਾ ਹੋ ਗਏ, ਉਸ ਦੀ ਸੁਰਤਿ ਮਾਲਕ ਪ੍ਰਭੂ ਦੇ ਦਰਸ਼ਨ ਵਿਚ ਜੁੜਨ ਲਗ ਪਈ।੧।

5. ਹੇ ਜਿੰਦੇ! ਜਿਹੜੀ ਜੀਵ ਰੂਪ ਇਸਤ੍ਰੀ ਸਦਾ ਪ੍ਰਭੂ ਚਰਨਾਂ ਵਿਚ ਟਿਕਣ ਲਗ ਪਈ, ਉਹ ਸਦਾ ਲਈ ਸੁਹਾਗ ਭਾਗ ਵਾਲੀ ਹੋ ਗਈ, ਉਹੀ ਸਾਰੇ ਜਗਤ ਵਿਚ ਪ੍ਰਗਟ ਹੋ ਗਈ ਹੈ।

6.**ਉ:**–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਮੈਂ ਉਸ ਇਸਤ੍ਰੀ ਤੋਂ ਸਦਕੇ ਹਾਂ ਜਿਹੜੀ ਪਿਆਰੇ ਪ੍ਰਭੂ ਦੇ ਕੌਤਕਾਂ ਦੇ ਰੰਗ ਵਿਚ ਰੰਗੀ ਰਹਿੰਦੀ ਹੈ।੨।੧੦੪।੧੨੭।

ਭਾਵਾਰਥ:–ਹਰੀ ਪਤੀ ਪ੍ਰਭੂ ਦੇ ਗੁਣ ਗਾ ਕੇ ਉਹੀ ਜੀਵ ਰੂਪ ਇਸਤਰੀ ਪੂਰਨ ਗਿਆਨਵਾਨ ਹੁੰਦੀ ਹੈ, ਅਤੇ ਸਰਬ ਸੁਖਵੰਤੀ ਆਪਣੇ ਪਤੀ ਦੀ ਨਿਕਟ ਵਰਤੀ ਹੋ ਕੇ ਹਰ ਪਾਸੇ ਹੀ ਮਸ਼ਹੂਰ ਹੋ ਜਾਂਦੀ ਹੈ। ਇਸ ਲਈ ਜਿੰਦ ਨੂੰ ਹਰ ਵਕਤ ਪ੍ਰਭੂ ਜੀ ਦੇ ਗੁਣ ਗਾਉਂਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫ ॥

1. ਤੁਅ ਚਰਨ ਆਸਰੋ ਈਸ ॥
2. ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ
ਰਾਖਨਹਾਰ ਤੁਮੈ ਜਗਦੀਸ ॥੧॥ਰਹਾਉ॥
3 ਤੂ ਹਮਰੋ ਹਮ ਤੁਮਰੇ ਕਹੀਐ
ਇਤ ਉਤ ਤੁਮ ਹੀ ਰਾਖੇ ॥
4. ਤੂ ਬੇਅੰਤੁ ਅਪਰੰਪਰੁ ਸੁਆਮੀ
ਗੁਰ ਕਿਰਪਾ ਕੋਈ ਲਾਖੈ ॥੧॥
5. ਬਿਨੁ ਬਕਨੇ ਬਿਨੁ ਕਹਨ ਕਹਾਵਨ
ਅੰਤਰਜਾਮੀ ਜਾਨੈ ॥
6. ਜਾ ਕਉ ਮੇਲਿ ਲਏ ਪ੍ਰਭੁ ਨਾਨਕੁ
ਸੇ ਜਨ ਦਰਗਹ ਮਾਨੇ ॥੨॥੧੦੫॥੧੨੮॥

ਪਦ ਅਰਥ:–ਤੁਅ ਚਰਨ ਆਸਰੋ–ਤੇਰੇ ਚਰਨਾਂ ਦਾ ਆਸਰਾ। ਈਸ-ਈਸ਼, ਹੇ ਈਸ਼ਵਰ। ਤੁਮਹਿ–ਤੂੰ ਹੀ। ਪਛਾਨੂ–ਜਾਣ ਪਛਾਣ। ਸਾਕੁ–ਰਿਸ਼ਤਾ, ਸੰਬੰਧ। ਸੰਗਿ–ਨਾਲ। ਜਗਦੀਸ–ਹੇ ਜਗਤ ਦੇ ਈਸ਼ਵਰ। ਤੁਮੈ–ਤੂੰ ਹੀ। ੧ਰਹਾਉ।

ਕਹੀਐ–(ਇਹ) ਆਖਿਆ ਜਾਂਦਾ ਹੈ, ਹਰ ਕੋਈ ਇਹੋ ਹੀ ਆਖਦਾ ਹੈ। ਇਤ ਉਤ–ਲੋਕ ਪ੍ਰਲੋਕ ਵਿਚ। ਅਪਰੰਪਰੁ–ਪਰੇ ਤੋਂ ਪਰੇ। ਸੁਆਮੀ–ਹੇ ਮਾਲਕ ਪ੍ਰਭੂ। ਕੋਈ–ਕੋਈ ਵਿਰਲਾ। ਲਾਖੈ–ਲਖਦਾ ਹੈ, ਸਮਝਦਾ ਹੈ।੧।

ਬਿਨੁ ਬਕਨੇ–ਬੋਲਣ ਤੋਂ ਬਿਨਾਂ। ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ। ਜਾਨੈ–ਜਾਣਦਾ ਹੈ। ਜਾ ਕਉ-ਜਿਨ੍ਹਾਂ (ਮਨੁੱਖਾਂ) ਨੂੰ। ਸੇ–ਉਹ। ਮਾਨੇ–ਆਦਰ ਪਾਂਦੇ ਹਨ।੨।

ਅਰਥ–

ਪ੍ਰ:–ਗੁਰਦੇਵ ਜੀਓ! ਅਸੀਂ ਮਲੀਨ ਬੁੱਧੀ ਵਾਲੇ ਜੀਵਾਂ ਨੂੰ ਉਸ ਸਾਈਂ ਜੀ ਦੇ ਸਨਮੁਖ ਹੋ ਅਰਦਾਸ ਕਰਨ ਦੀ ਜਾਚ ਭੀ ਦੱਸਣਾ ਕਰੋ।

1.**ਉ.**–ਹੇ ਭਾਈਓ! ਉਸ ਸਾਈਂ ਜੀ ਦੇ ਸਨਮੁਖ ਹੋ

ਇਉਂ ਹੀ ਜੋਦੜੀਆਂ ਕਰਦੇ ਰਿਹਾ ਕਰੋ ਕਿ, ਹੇ ਈਸ਼ਵਰ ! (ਅਸਾਂ ਜੀਵਾਂ ਨੂੰ) ਤੇਰੇ ਚਰਨਾਂ ਦਾ (ਹੀ) ਆਸਰਾ ਹੈ।

2. ਤੂੰ ਹੀ (ਸਾਡਾ) ਜਾਣ-ਪਛਾਣੂ ਹੈਂ, ਤੇਰੇ ਨਾਲ ਹੀ ਸਾਡਾ ਮੇਲ-ਮਿਲਾਪ ਹੈ, ਹੇ ਜਗਤ ਦੇ ਈਸ਼ਵਰ ! ਤੂੰ ਹੀ (ਸਾਡੀ) ਰੱਖਿਆ ਕਰ ਸਕਣ ਵਾਲਾ ਹੈਂ ।੧।ਰਹਾਉ।

3. ਹੇ ਸਾਈਆਂ ਜੀਓ ! ਹਰੇਕ ਜੀਵ ਇਹੀ ਆਖਦਾ ਹੈ ਕਿ ਤੂੰ ਸਾਡਾ ਹੈਂ, ਅਸੀਂ ਤੇਰੇ ਹਾਂ, ਤੂੰ ਹੀ ਸਾਡਾ ਇਸ ਲੋਕ ਵਿਚ ਤੇ ਪ੍ਰਲੋਕ ਵਿਚ ਰਾਖਾ ਹੈਂ।

4. ਹੇ ਮਾਲਕ ਪ੍ਰਭੂ ! ਤੂੰ ਹੀ ਬੇਅੰਤ ਹੈਂ, ਪਰੇ ਤੋਂ ਪਰੇ ਹੈਂ (ਪਰ ਹੇ ਪ੍ਰਭੂ) ਗੁਰੂ ਦੀ ਮਿਹਰ ਨਾਲ ਕਿਸੇ ਵਿਰਲੇ ਮਨੁੱਖ ਨੇ ਹੀ ਇਹ ਗੱਲ ਸਮਝੀ ਹੈ ।੧।

5. ਹੇ ਭਾਈਓ ! ਉਹ ਪ੍ਰਭੂ ਹਰੇਕ ਦੇ ਦਿਲ ਦੀ ਜਾਨਣ ਵਾਲਾ ਹੈ, ਸਾਡੇ ਬੋਲਣ ਤੋਂ ਬਿਨਾਂ, ਸਾਡੇ ਆਖਣ ਤੋਂ ਬਿਨਾਂ (ਸਾਡੀ ਲੋੜ) ਜਾਣ ਲੈਂਦਾ ਹੈ।

6. ਹੇ ਭਾਈ ! ਉਹ ਪ੍ਰਭੂ, ਜਿਨ੍ਹਾਂ ਨੂੰ (ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈ, ਉਹ ਮਨੁੱਖ ਉਸ ਦੀ ਹਜ਼ੂਰੀ ਵਿਚ ਆਦਰ ਸਤਕਾਰ ਪ੍ਰਾਪਤ ਕਰਦੇ ਹਨ ।੨।੧੦੫।੧੨੮।

ਭਾਵਾਰਥ :—ਅੰਤ ਵਿਚ ਸਨਮੁਖ ਹੋ ਪ੍ਰਭੂ ਦੇ ਗੁਣ ਗਾਉਂਦੇ ਰਹਿਣ ਦੀ ਹੀ ਪ੍ਰੇਰਨਾ ਕਰਦੇ ਹਨ।

ਸਾਰਗ ਮਹਲਾ ੫ ॥
ਚਉਪਦੇ ਘਰੁ ੫

ੴ ਸਤਿਗੁਰ ਪ੍ਰਸਾਦਿ ॥

1. **ਹਰਿ ਭਜਿ ਆਨ ਕਰਮ ਬਿਕਾਰ ॥**
2. **ਮਾਨ ਮੋਹੁ ਨ ਬੁਝਤ ਤ੍ਰਿਸਨਾ**
   ਕਾਲ ਗ੍ਰਸ ਸੰਸਾਰ ॥੧॥ਰਹਾਉ॥
3. **ਖਾਤ ਪੀਵਤ ਹਸਤ ਸੋਵਤ**
   ਅਉਧ ਬਿਤੀ ਅਸਾਰ ॥
4. **ਨਰਕ ਉਦਰਿ ਭ੍ਰਮੰਤ ਜਲਤੋ**
   ਜਮਹਿ ਕੀਨੀ ਸਾਰ ॥੧॥
5. **ਪਰ ਦ੍ਰੋਹ ਕਰਤ ਬਿਕਾਰ ਨਿੰਦਾ**
   ਪਾਪ ਰਤ ਕਰ ਝਾਰ ॥
6. **ਬਿਨਾ ਸਤਿਗੁਰ ਬੂਝ ਨਾਹੀ ਤਮ**
   ਮੋਹ ਮਹਾਂ ਅੰਧਾਰ ॥੨॥
7. **ਬਿਖੁ ਠਗਉਰੀ ਖਾਇ ਮੂਠੋ**
   ਚਿਤਿ ਨ ਸਿਰਜਨਹਾਰ ॥
8. **ਗੋਬਿੰਦ ਗੁਪਤ ਹੋਇ ਰਹਿਓ ਨਿਆਰੋ**
   ਮਾਤੰਗ ਮਤਿ ਅਹੰਕਾਰ ॥੩॥
9. **ਕਰਿ ਕ੍ਰਿਪਾ ਪ੍ਰਭ ਸੰਤ ਰਾਖੇ**
   ਚਰਨ ਕਮਲ ਅਧਾਰ ॥
10. **ਕਰ ਜੋਰਿ ਨਾਨਕੁ ਸਰਨਿ ਆਇਓ**
    ਗੁੋਪਾਲ ਪੁਰਖ ਅਪਾਰ ॥੪॥੧॥੧੨੯॥

ਪਦ ਅਰਥ :—ਭਜਿ—ਭਜਨ ਕਰਿਆ ਕਰ। ਆਨ ਕਰਮ—ਹੋਰ ਹੋਰ ਕੰਮ। ਬਿਕਾਰ—ਬੇ-ਕਾਰ ਵਿਅਰਥ। ਕਾਲ—ਆਤਮਕ ਮੌਤ। ਕਾਲ ਗ੍ਰਸਤ—ਆਤਮਕ ਮੌਤ ਦਾ ਗ੍ਰਸਿਆ ਹੋਇਆ ।੧।ਰਹਾਉ।

ਸੋਵਤ—ਸੁਤਿਆਂ । ਅਉਧ—ਉਮਰ । ਬਿਤੀ—ਬੀਤ ਜਾਂਦੀ ਹੈ। ਅਸਾਰ—ਬੇ-ਸਮਝੀ ਵਿਚ। ਉਦਰਿ—ਪੇਟ ਵਿਚ। ਜਲਤੋ—ਸੜਦਾ. ਦੁਖੀ ਹੁੰਦਾ। ਜਮਹਿ—ਜਮਾਂ ਨੇ। ਸਾਰ—ਸੰਭਾਲ ।੧।

ਪਰ ਦ੍ਰੋਹ—ਦੂਜਿਆਂ ਨਾਲ ਠੱਗੀ। ਪਾਪ—ਪਾਪਾਂ ਵਿਚ ਮਸਤ। ਕਰ ਝਾਰ—ਹੱਥ ਝਾੜ ਕੇ, ਹੱਥ ਧੋ ਕੇ। ਬੂਝ—ਆਤਮਕ ਜੀਵਨ ਦੀ ਸਮਝ। ਤਮ ਮੋਹ—ਮੋਹ ਦਾ ਹਨੇਰਾ। ਅੰਧਾਰ—ਹਨੇਰਾ।

ਬਿਖੁ—ਆਤਮਕ ਮੌਤ ਲਿਆਉਣ ਵਾਲੀ ਜ਼ਹਿਰ। ਠਗਉਰੀ—ਠੱਗ ਬੂਟੀ, ਮਾਇਆ। ਮੂਠੋ—ਲੁਟਿਆ ਜਾਂਦਾ ਹੈ। ਚਿਤਿ—ਚਿਤ ਵਿਚ। ਗੁਪਤ—ਲੁਕਿਆ ਹੋਇਆ। ਨਿਆਰੋ—ਵੱਖਰਾ। ਮਾਤੰਗ—ਹਾਥੀ ।੩।

ਕਰਿ—ਕਰ ਕੇ। ਅਧਾਰ—ਆਸਰਾ। ਕਰ—ਹੱਥ। ਜੋਰਿ—ਜੋੜ ਕੇ। ਗੁੋਪਾਲ—[ਇਥੇ ਪਾਠ 'ਗੁਪਾਲ' ਕਰਨਾ ਹੈ। ਅਸਲ ਲਫਜ਼ ਹੈ 'ਗੋਪਾਲ'।] ਅਪਾਰ—ਹੇ ਬੇਅੰਤ ।੪।

ਅਰਥ:—

ਪ੍ਰ:—ਗੁਰਦੇਵ ਜੀਉ ! ਦਸੋ ਮੇਰੇ ਹਰ ਰੋਜ਼ ਕਰਨ ਲਈ ਕਿਹੜੀ ਕ੍ਰਿਆ ਹੈ ?

1. **ਉ**:—ਹੇ ਭਾਈ ! ਤੇਰੇ ਹਮੇਸ਼ਾ ਕਰਨ ਵਾਲੀ ਕੇਵਲ ਇਕੋ ਹੀ ਕ੍ਰਿਆ ਹੈ ਕਿ ਤੂੰ (ਹਮੇਸ਼ਾ ਹੀ) ਪ੍ਰਮਾਤਮਾ ਦਾ ਭਜਨ ਕਰਿਆ ਕਰ, (ਕਿਉਂਕਿ ਭਜਨ ਤੋਂ ਬਿਨਾਂ) ਹੋਰ-ਹੋਰ ਕੰਮ (ਜਿੰਦ ਲਈ) ਵਿਅਰਥ ਹਨ।

2. ਹੇ ਪਿਆਰੇ ! (ਹੋਰ-ਹੋਰ ਕੰਮਾਂ ਨਾਲ) ਅਹੰਕਾਰ ਅਤੇ ਮੋਹ (ਪੈਦਾ ਹੁੰਦਾ ਹੈ) ਅਤੇ ਤ੍ਰਿਸ਼ਨਾ ਨਹੀਂ ਮਿਟਦੀ, (ਇਸੇ ਲਈ) ਦੁਨੀਆਂ ਆਤਮਕ ਮੌਤ ਵਿਚ ਹੀ ਫਸੀ ਰਹਿੰਦੀ ਹੈ ।੧।ਰਹਾਉ।

3. ਹੇ ਭਾਈਓ ! ਵਿਚਾਰ ਦ੍ਰਿਸ਼ਟੀ ਨਾਲ ਤੱਕਣ ਤੋਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ, ਖਾਂਦਿਆਂ, ਪੀਂਦਿਆਂ, ਹੱਸਦਿਆਂ, ਸੁਤਿਆਂ (ਜੀਵ ਦੀ ਉਮਰ ਬਸ ਇਸੇ ਹੀ ਤਰ੍ਹਾਂ) ਬੇਸਮਝੀ ਵਿਚ ਬੀਤਦੀ ਜਾਂਦੀ ਹੈ।

4. ਹੇ ਪਿਆਰੇ ! ਨਰਕ ਸਮਾਨ ਹਰੇਕ ਜੂਨ ਵਿਚ (ਜੀਵ) ਭਟਕਦਾ ਰਹਿੰਦਾ ਹੈ, ਦੁਖੀ ਹੁੰਦਾ ਹੈ, ਜਮਾਂ ਦੇ ਵੱਸ ਪਿਆ ਰਹਿੰਦਾ ਹੈ ।੧।

5. ਹੇ ਭਾਈ ! (ਇਹ ਜੀਵ ਭਜਨ ਤੋਂ ਖੁੰਝ ਕੇ) ਦੂਜਿਆਂ ਨਾਲ ਠੱਗੀ ਕਰਦਾ ਹੈ, ਨਿੰਦਾ ਆਦਿਕ ਕੁਕਰਮ ਕਰਦਾ ਹੈ, ਬੇ-ਪ੍ਰਵਾਹ ਹੋ ਕੇ ਪਾਪਾਂ ਵਿਚ ਮਸਤ ਰਹਿੰਦਾ ਹੈ (ਭਾਵ ਹੋਰਨਾਂ ਕੰਮਾਂ ਵਲੋਂ) ਹੱਥ ਝਾੜ ਕੇ ਪਾਪਾਂ ਵਲ ਲਗਾ ਰਹਿੰਦਾ ਹੈ, ਅਰਥਾਤ ਹੱਥ ਧੋ ਕੇ ਪਾਪਾਂ ਪਿਛੇ ਪੈ ਜਾਂਦਾ ਹੈ ।

6. ਹੇ ਪਿਆਰੇ ! ਗੁਰੂ ਦੀ ਸ਼ਰਨ ਤੋਂ ਬਿਨਾਂ (ਮਨੁੱਖ ਨੂੰ) ਆਤਮਕ ਜੀਵਨ ਦੀ ਸਮਝ ਨਹੀਂ ਪੈਂਦੀ, ਮੋਹ ਦੇ ਬੜੇ ਘੁੱਪ ਹਨੇਰੇ ਵਿਚ ਪਿਆ ਰਹਿੰਦਾ ਹੈ ।੨।

ਪ੍ਰ:–ਗੁਰਦੇਵ ਜੀਓ ! ਇਸ ਜੀਵ ਦੇ ਅੰਦਰ ਹਰ ਵਕਤ ਪ੍ਰਭੂ ਦੀ ਯਾਦ ਕਿਉਂ ਨਹੀਂ ਕਾਇਮ ਰਹਿੰਦੀ ?

7.ਉ:–ਹੇ ਭਾਈ ! ਉਹ ਇਸ ਲਈ ਕਿ, ਇਹ ਮਨੁੱਖ ਆਤਮਕ ਮੌਤ ਲਿਆਉਣ ਵਾਲੀ ਮਾਇਆ ਦੀ ਠੱਗ ਬੂਟੀ ਖਾ ਕੇ (ਆਤਮਕ ਸਰਮਾਇਆ ਵਲੋਂ) ਲੁਟਿਆ ਜਾਂਦਾ ਹੈ। ਇਸੇ ਲਈ ਇਸ ਦੇ ਮਨ ਵਿਚ ਪ੍ਰਮਾਤਮਾ ਦੀ ਯਾਦ ਨਹੀਂ ਉਪਜਦੀ ।

8. ਹੇ ਭਾਈ ! ਇਹ ਮਨੁੱਖ ਹਉਮੈ ਦੀ ਮਤਿ ਦੇ ਕਾਰਨ ਹਾਥੀ ਵਾਂਗ ਫੂਲਿਆ ਹੀ ਰਹਿੰਦਾ ਹੈ, ਉਂਝ ਇਸ ਦੇ ਅੰਦਰ ਹੀ ਪ੍ਰਮਾਤਮਾ ਛੁਪਿਆ ਬੈਠਾ ਹੈ, ਪਰ, ਇਹ ਮਨੁੱਖ ਉਸ ਤੋਂ ਵੱਖਰਾ ਹੀ ਰਹਿੰਦਾ ਹੈ ।੩।

ਪ੍ਰ:–ਕਿਉਂ ਜੀ, ਉਸ ਮਾਇਆ ਦੀ ਠੱਗ ਬੂਟੀ ਤੋਂ ਬਚ ਕੌਣ ਸਕਦਾ ਹੈ ?

9.ਉ:–ਹੇ ਪਿਆਰੇ ! ਉਸ ਪ੍ਰਭੂ ਜੀ ਨੇ ਮਿਹਰ ਕਰ ਕੇ (ਕੇਵਲ) ਆਪਣੇ ਸੰਤਾਂ ਨੂੰ ਹੀ ਆਪਣੇ ਸੋਹਣੇ ਚਰਨਾਂ ਦੇ ਆਸਰੇ (ਇਸ ਮਾਇਆ ਦੀ ਬਿਖ ਠਗੌਰੀ ਤੋਂ) ਬਚਾਈ ਰਖਿਆ ਹੈ ।

10. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਮੈਂ ਤੇਰੀ ਸ਼ਰਨ ਆਇਆ ਹਾਂ, ਹੇ ਪਿਆਰੇ ! ਮੈਂ ਭੀ (ਇਹੋ ਅਰਦਾਸ ਕਰਦਾ ਹਾਂ ਕਿ) ਹੇ ਗੁਪਾਲ, ਹੇ ਅਕਾਲ ਪੁਰਖ, ਹੇ ਬਿਅੰਤ ! ਮੇਰੀ ਦੋਵੇਂ ਹੱਥ ਜੋੜ ਕੇ ਇਹੋ ਹੀ ਜੋਦੜੀ ਹੈ ਕਿ, ਮੇਰੀ ਭੀ ਰਖਿਆ ਕਰੋ ।੪।੧।੧੨੯।

ਭਾਵਾਰਥ :–ਉਸ ਅਕਾਲ ਪੁਰਖ ਦੇ ਭਜਨ ਤੋਂ ਬਿਨਾਂ ਹੋਰ ਸਾਰੇ ਤਰ੍ਹਾਂ ਦੇ ਕਰਮ ਵਿਅਰਥ ਹਨ, ਕਿਉਂਕਿ, ਉਨ੍ਹਾਂ ਨਾਲ ਮਨੁੱਖ ਦਾ ਆਵਾਗਵਨ ਬਣਿਆ ਹੀ ਰਹਿੰਦਾ ਹੈ, ਮਾਇਆ ਦੇ ਮੋਹ ਦੇ ਅਸਰ ਹੇਠਾਂ ਮਨੁੱਖ ਆਪਣੇ ਨਾਲ ਵੱਸਦੇ ਪ੍ਰਭੂ ਜੀ ਨੂੰ ਨਹੀਂ ਪਛਾਣ ਸਕਦਾ, ਅਤੇ ਤਰ੍ਹਾਂ-ਤਰ੍ਹਾਂ ਦੇ ਪਾਪ ਕਰਮ ਕਰਦਾ ਰਹਿੰਦਾ ਹੈ; ਪਰ, ਹਾਂ ਜੇ ਉਹ ਸਾਈਂ ਜੀ ਆਪ ਹੀ ਕ੍ਰਿਪਾ ਕਰੇ ਤਾਂ ਆਪਣੇ ਚਰਨਾਂ ਦਾ ਪਿਆਰ ਦੇ ਕੇ ਬਚਾ ਲੈਂਦਾ ਹੈ ।

ਸਾਰਗ ਮਹਲਾ ੫ ॥
ਘਰੁ ੬ ਪੜਤਾਲ

ੴ ਸਤਿਗੁਰ ਪ੍ਰਸਾਦਿ ॥

1. **ਸੁਭ ਬਚਨ ਬੋਲਿ ਗੁਨ ਅਮੋਲ ॥**
2. **ਕਿੰਕਰੀ ਬਿਕਾਰ ॥**
3. **ਦੇਖੁ ਰੀ ਬੀਚਾਰ ॥**
4. **ਗੁਰ ਸਬਦੁ ਧਿਆਇ ਮਹਲੁ ਪਾਇ ॥**
5. **ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥੧॥ਰਹਾਉ॥**
6. **ਸੁਪਨ ਰੀ ਸੰਸਾਰੁ ॥**
7. **ਮਿਥਨੀ ਬਿਸਥਾਰੁ ॥**
8. **ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥੧॥**
9. **ਸਰਬ ਰੀ ਪ੍ਰੀਤਿ ਪਿਆਰੁ ॥**
10. **ਪ੍ਰਭੁ ਸਦਾ ਰੀ ਦਇਆਰੁ ॥**
11. **ਕਾਂਏਂ ਆਨ ਆਨ ਰੁਚੀਐ ॥**
12. **ਹਰਿ ਸੰਗਿ ਸੰਗਿ ਖਚੀਐ ॥**
13. **ਜਉ ਸਾਧ ਸੰਗ ਪਾਏ ॥**
14. **ਕਹੁ ਨਾਨਕ ਹਰਿ ਧਿਆਏ ॥**
15. **ਅਬ ਰਹੇ ਜਮਹਿ ਮੇਲ ॥੨॥੧॥੧੩੦॥**

ਪਦ ਅਰਥ :–ਪੜਤਾਲ–ਪਰਤਾਉ ਨਾਲ, ਇਸ ਸ਼ਬਦ ਦੇ ਗਾਉਣ ਵਿਚ ਮੁੜ-ਮੁੜ ਨਾਲ ਪਰਤਾਇਆ ਜਾਂਦਾ ਹੈ। ਬੋਲਿ–ਉਚਾਰਿਆ ਕਰ । ਕਿੰਕਰੀ–ਦਾਸੀ। ਕਿੰਕਰੀ ਬਿਕਾਰ-ਹੇ ਵਿਕਾਰਾਂ ਦੀ ਦਾਸੀ। ਰੀ–ਹੇ ਜੀਵ ਇਸਤ੍ਰੀ। ਮਹਲੁ–ਪ੍ਰਭੂ ਦੇ ਚਰਨਾਂ ਵਿਚ ਥਾਂ । ਸੰਗਿ–ਨਾਲ । ਰੰਗ ਕਰਤੀ–ਅਨੰਦ ਮਾਣਦੀ। ਕੇਲ–ਅਨੰਦ ।੧।ਰਹਾਉ।

ਮਿਥਨੀ–ਨਾਸਵੰਤ । ਸਖੀ–ਹੇ ਸਖੀ । ਕਾਇ–ਕਿਉਂ। ਮੋਹਿ–ਮੋਹ ਵਿਚ। ਮੋਹਿਲੀ–ਮੋਹ ਵਿਚ ਫਸੀ ਹੋਈ ਹੈ। ਪ੍ਰਿਅ ਪ੍ਰੀਤਿ–ਪਿਆਰੇ ਦੀ ਪ੍ਰੀਤ । ਰਿਦੈ–ਹਿਰਦੇ ਵਿਚ ।੧।

ਦਇਆਰੁ–ਦਇਆਲ । ਕਾਂਏਂ–ਕਿਉਂ ? ਆਨ ਆਨ–ਹੋਰ ਹੋਰ (ਪਦਾਰਥਾਂ ਵਿਚ) । ਰੁਚੀਐ–ਪ੍ਰੀਤ ਬਣਾਈ ਹੋਈ ਹੈ । ਸੰਗਿ–ਨਾਲ । ਖਚੀਐ–ਮਸਤ ਰਹਿਣਾ ਚਾਹੀਦਾ ਹੈ । ਜਉ–ਜਦੋਂ। ਰਹੇ–ਮੁੱਕ ਜਾਂਦਾ ਹੈ । ਜਮਹਿ ਮੇਲ–ਜਮਾਂ ਨਾਲ ਵਾਹ ।੨।

ਅਰਥ:–

ਪ੍ਰ:–ਗੁਰਦੇਵ ਜੀਓ ! ਜੋ ਅਸੀਂ ਆਪ ਜੀ ਦੇ ਸ਼ੁਭ ਬਚਨ ਸੁਣਦੇ ਹਾਂ, ਸਾਡੇ ਮਨਾਂ ਦੀ ਰੁਚੀ ਇਨ੍ਹਾਂ ਵਲ ਬਹੁਤ ਹੀ

ਘੱਟ ਪ੍ਰੇਰਤ ਹੁੰਦੀ ਹੈ, ਪਰ ਸੰਸਾਰ ਦੇ ਵਿਵਹਾਰਕ ਬਚਨਾਂ ਨੂੰ ਸੁਣ ਕੇ ਸਾਡਾ ਮਨ ਬੜਾ ਹੀ ਮਸਤ ਰਹਿੰਦਾ ਹੈ, ਇਸ ਅਮੋੜ ਮਨ ਨੂੰ ਸੋਝੀ ਦੇਣ ਲਈ ਆਪ ਜੀ ਸ਼ੁਭ ਉਪਦੇਸ਼ ਬਖਸ਼ਸ਼ ਕਰੋ।

1. **ਉ**:—ਹੇ ਜੀਵ ਰੂਪ ਇਸਤਰੀ! ਤੂੰ ਅਸਲ ਵਿਚ ਵਿਕਾਰਾਂ ਦੀ ਦਾਸੀ ਹੋ ਚੁਕੀ ਹੈਂ।
2. ਇਸ ਲਈ ਤੂੰ ਹੋਸ਼ ਕਰ, ਵਿਚਾਰ ਕੇ ਵੇਖ ਕਿ, ਪ੍ਰਮਾਤਮਾ ਦੇ ਅਮੋਲਕ ਗੁਣਾ
3. ਵਾਲੇ ਸ਼ੁਭ ਬਚਨ ਹੀ (ਸਭ ਬਚਨਾਂ ਨਾਲੋਂ) ਸ਼ੁਭ ਬਚਨ ਹਨ, ਇਨ੍ਹਾਂ ਦਾ ਹੀ ਉਚਾਰਨ ਕਰਿਆ ਕਰ।
4. (ਹੇ ਜੀਵ ਇਸਤਰੀ! ਤੂੰ) ਗੁਰੂ ਦਾ ਸ਼ਬਦ ਆਪਣੇ ਮਨ ਵਿਚ ਟਿਕਾਈ ਰਖ ਤੇ (ਸ਼ਬਦ ਦੀ ਬਰਕਤ ਨਾਲ) ਪ੍ਰਭੂ ਦੇ ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ।
5. ਹੇ ਭਾਈ! ਜਿਹੜੀ ਜੀਵ ਰੂਪ ਇਸਤਰੀ ਪ੍ਰਭੂ ਚਰਨਾਂ ਵਿਚ ਟਿਕਦੀ ਹੈ, ਉਹ ਪ੍ਰਮਾਤਮਾ ਵਿਚ ਜੁੜ ਕੇ ਬੜੇ ਆਤਮਕ ਅਨੰਦ ਮਾਣਦੀ ਹੈ।੧।ਰਹਾਉ।

ਪ੍ਰ:—ਸ੍ਰੀ ਜੀਉ! ਮੈਂ ਇਸ ਸੰਸਾਰ ਤੋਂ ਉਪਰਾਮ ਕਿਵੇਂ ਹੋਵਾਂ?

6. **ਉ**:—ਹੇ ਸਖੀ! ਸੁਣ, ਇਹ ਸੰਸਾਰ ਸੁਪਨੇ ਵਰਗਾ ਹੈ।
7. (ਇਸ ਦਾ ਸਾਰਾ) ਖਿਲਾਰਾ ਨਾਸਵੰਤ ਹੈ।
8. ਹੇ ਸਖੀ! ਤੂੰ ਇਸ ਦੇ ਮੋਹ ਵਿਚ ਕਿਉਂ ਫਸੀ ਹੋਈ ਹੈਂ? ਪ੍ਰੀਤਮ ਪ੍ਰਭੂ ਦੀ ਪ੍ਰੀਤ ਆਪਣੇ ਹਿਰਦੇ ਵਿਚ ਵਸਾਈ ਰੱਖ।੧।

ਪ੍ਰ:—ਕਿਉਂ ਜੀ, ਉਸ ਪ੍ਰਭੂ ਵਿਚ ਕਿਹੋ ਜਿਹੇ ਗੁਣ ਹਨ?

9. **ਉ**:—ਹੇ ਸਖੀ! ਉਹ ਸਭ ਜੀਵਾਂ ਨਾਲ ਪ੍ਰੀਤ ਕਰਦਾ ਹੈ, ਪਿਆਰ ਕਰਦਾ ਹੈ।
10. ਉਹ ਪ੍ਰਭੂ ਸਦਾ ਹੀ ਦਇਆ ਦਾ ਘਰ ਹੈ।
11. (ਇਸ ਲਈ, ਹੇ ਸਖੀਏ! ਉਸ ਪ੍ਰਭੂ ਨੂੰ ਭੁਲਾ ਕੇ) ਹੋਰ ਹੋਰ ਪਦਾਰਥਾਂ ਵਿਚ ਪਿਆਰ ਨਹੀਂ ਪਾਣਾ ਚਾਹੀਦਾ।
12. ਸਦਾ ਪ੍ਰਮਾਤਮਾ ਦੇ ਪਿਆਰ ਵਿਚ ਮਸਤ ਰਹਿਣਾ ਚਾਹੀਦਾ ਹੈ।

ਪ੍ਰ—ਗੁਰਦੇਵ ਜੀਉ! ਜਮਾਂ ਤੋਂ ਕਿਵੇਂ ਛੁਟਕਾਰਾ ਹੋ ਸਕਦਾ ਹੈ?

13. **ਉ**:—ਹੇ ਪਿਆਰੇ! (ਜਦੋਂ ਕੋਈ ਵਡਭਾਗੀ ਮਨੁੱਖ) ਸਾਧ ਸੰਗਤ ਦਾ ਮਿਲਾਪ ਹਾਸਲ ਕਰਦਾ ਹੈ।
14. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਜਦੋਂ ਕੋਈ ਪ੍ਰਮਾਤਮਾ ਦਾ ਧਿਆਨ ਧਰਦਾ ਹੈ।
15. ਤਦੋਂ ਉਸ ਦਾ (ਮੁੜ) ਜਮਾਂ ਨਾਲ ਵਾਹ ਨਹੀਂ ਪੈਂਦਾ।੨।੧।੧੩੦।

ਭਾਵਾਰਥ:—ਮਨੁੱਖ ਨੂੰ ਸਮਝਾਉਂਦੇ ਹਨ ਕਿ ਸੰਸਾਰ ਦੇ ਮੋਹ ਵਿਚ ਕਿਉਂ ਪੈਂਦਾ ਹੈਂ, ਕਿਉਂਕਿ ਇਹ ਸੰਸਾਰ ਤਾਂ ਸੁਪਨੇ ਵਾਂਗ ਝੂਠਾ ਹੈ। ਪ੍ਰੇਮ ਰੂਪ ਹਰੀ ਹਰ ਵਕਤ ਦਿਆਲੂ ਹੈ, ਉਸ ਨੂੰ ਛੱਡ ਕੇ ਕਿਸੇ ਹੋਰ ਵਿਚ ਕਿਉਂ ਮੋਹ ਕਰੀਏ, ਉਸੇ ਨੂੰ ਹੀ ਧਿਆਈਏ, ਉਸੇ ਦੇ ਮੇਲ ਸਾਧ ਸੰਗਤ ਵਿਚ ਜੁੜੀਏ, ਜਿਥੋਂ ਮੌਤ ਦਾ ਡਰ ਹਟਦਾ ਹੈ।

ਸਾਰਗ ਮਹਲਾ ੫ ॥

1. **ਕੰਚਨਾ ਬਹੁ ਦਤ ਕਰਾ ॥**
2. **ਭੂਮਿ ਦਾਨੁ ਅਰਪਿ ਧਰਾ ॥**
3. **ਮਨ ਅਨਿਕ ਸੋਚ ਪਵਿਤ੍ਰ ਕਰਤ ॥**
4. **ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ਰਹਾਉ॥**
5. **ਚਾਰਿ ਬੇਦ ਜਿਹਵ ਭਨੇ ॥**
6. **ਦਸ ਅਸਟ ਖਸਟ ਸ੍ਰਵਨ ਸੁਨੇ ॥**
7. **ਨਹੀ ਤੁਲਿ ਗੋਬਿਦ ਨਾਮ ਧੁਨੇ ॥**
8. **ਮਨ ਚਰਨ ਕਮਲ ਲਾਗੇ ॥੧॥**
9. **ਬਰਤ ਸੰਧਿ ਸੋਚ ਚਾਰ ॥**
10. **ਕ੍ਰਿਆ ਕੁੰਟ ਨਿਰਾਹਾਰ ॥**
11. **ਅਪਰਸ ਕਰਤ ਪਾਕਸਾਰ ॥**
12. **ਨਿਵਲੀ ਕਰਮ ਬਹੁ ਬਿਸਥਾਰ ॥**
13. **ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥**
14. **ਰਾਮ ਦਇਆਰ ਸੁਨਿ ਦੀਨ ਬੇਨਤੀ ॥**
15. **ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥੨॥੨॥੧੩੧॥**

ਪਦ ਅਰਥ:—ਕੰਚਨਾ—ਸੋਨਾ। ਦਤ ਕਰਾ—ਦਾਨ ਕੀਤਾ। ਭਮਿ—ਜ਼ਮੀਨ, ਭੁਇੰ। ਅਰਪਿ—ਅਰਪ ਕੇ, ਮਣਸ ਕੇ। ਧਰਾ—ਧਰ ਦਿਤੀ, ਦੇ ਦਿਤੀ। ਸੋਚ—ਸੁੱਚ। ਕਰਤ—ਕਰਦਾ। ਰੇ ਮਨ—ਹੇ ਮਨ। ਤੁਲਿ—ਬਰਾਬਰ। ਲਾਗਿ—ਲਗਾ ਰਹੁ। ੧।ਰਹਾਉ।

ਜਿਹਵ ਭਨੇ—ਜੀਭ ਨਾਲ ਉਚਾਰਦਾ ਹੈ। ਦਸ ਅਸਟ—ਅਠਾਰਾਂ ਪੁਰਾਣ। ਖਸਟ—ਛੇ ਸ਼ਾਸਤਰ। ਸ੍ਰਵਨ—ਕੰਨਾਂ ਨਾਲ। ਨਾਮ ਧੁਨੇ—ਨਾਮ ਦੀ ਧੁਨਿ। ਮਨ—ਹੇ ਮਨ।੧।

ਸੰਧਿ—ਸੰਧਿਆ। ਸੋਚ ਚਾਰ—ਪਵਿਤ੍ਰਤਾ (ਸਰੀਰਕ)। ਕ੍ਰਿਆ ਕੁੰਟ—ਚਾਰ ਕੁੰਟਾਂ ਵਿਚ ਭੌਣਾ। ਨਿਰਾਹਾਰ—ਨਿਰ ਆਹਾਰ, ਭੁਖੇ ਰਹਿ ਕੇ। ਪਾਕਸਾਰ—ਪਾਕਸਾਲ, ਰਸੋਈ। ਅਪਰਸ—ਅ-ਪਰਸ, ਕਿਸੇ ਨਾਲ ਨਾ ਛੋਹਣਾ। ਨਿਵਲੀ ਕਰਮ—(ਕਬਜ਼ ਤੋਂ ਬਚਣ ਲਈ) ਪੇਟ ਦੀਆਂ ਆਂਦਰਾਂ ਨੂੰ ਚੱਕਰ ਦੇਣਾ। ਨ ਲਾਗੇ—ਨਹੀਂ ਅੱਪੜਦੇ। ਰਾਮ ਦਇਆਰ—

ਹੇ ਦਇਆਲ ਹਰੀ। ਦੀਨ ਬੇਨਤੀ—ਗਰੀਬ ਦੀ ਬੇਨਤੀ। ਪੇਖਉ—ਪੇਖਉਂ, ਮੈਂ ਵੇਖਾਂ। ਮਿਸਟ—ਮਿੱਠਾ ।੨।

ਅਰਥ:—

ਪ੍ਰ:- ਗੁਰਦੇਵ ਜੀਉ ! ਮਨ ਨੂੰ ਨਾਮ ਸਿਮਰਨ ਵਲ ਅਸੀਂ ਬਾਰ-ਬਾਰ ਪ੍ਰੇਰਦੇ ਹਾਂ, ਪਰ, ਇਹ ਫਿਰ ਭੀ ਸਰੀਰਕ ਸੁੱਚਤਾ, ਪੁੰਨ ਦਾਨ ਆਦਿਕ ਕਰਨ ਵਿਚ ਹੀ ਵਧੇਰੇ ਰੁਚੀ ਰਖਦਾ ਹੈ, ਦਸੋ ਇਸ ਨੂੰ ਗੁਰਮਤਿ ਅਨੁਸਾਰ ਕਿਵੇਂ ਪ੍ਰੇਰਨਾ ਕਰਦੇ ਰਹਿਣਾ ਚਾਹੀਦਾ ਹੈ, ਜਿਵੇਂ ਕਿ ਇਹ ਰੱਬੀ ਮਾਰਗ ਪਰ ਚਲਦਾ ਰਵੇ ?

1. **ਉ:**—ਹੇ ਪਿਆਰੇ ! ਤੂੰ ਮਨ ਨੂੰ **ਗੁਰਮਤਿ ਅਨੁਸਾਰ** ਇਉਂ ਹੀ **ਪ੍ਰੇਰਦਾ** ਰਿਹਾ ਕਰ ਕਿ, ਹੇ ਮਨਾ ! **ਸੁਣ,** ਜੇ ਕੋਈ ਮਨੁੱਖ ਬਹੁਤ ਸੋਨਾ ਦਾਨ ਕਰਦਾ ਹੈ।
2. ਅਤੇ ਭੁਇੰ ਮਣਸ ਕੇ ਦਾਨ ਕਰਦਾ ਹੈ।
3. ਹੇ ਮਨ ! ਜੇ ਕੋਈ ਕਈ ਤਰ੍ਹਾਂ ਦੀਆਂ ਸੁੱਚਾਂ ਨਾਲ (ਸਰੀਰ ਨੂੰ) ਪਵਿਤਰ (ਭੀ) ਕਰਦਾ ਹੈ।
4. ਹੇ ਮਨ ! ਸੁਣ, (ਇਹ ਉਦਮ) ਪ੍ਰਮੇਸ਼ਰ ਦੇ ਨਾਮ ਦੇ ਬਰਾਬਰ ਨਹੀਂ ਹਨ, (ਇਸ ਲਈ ਤੂੰ) ਪ੍ਰਮਾਤਮਾ ਦੇ ਸੋਹਣੇ ਚਰਨਾਂ ਵਿਚ ਹੀ ਜੁੜਿਆ ਰਹੁ ।੧।ਰਹਾਉ।

ਪ੍ਰ:—ਗੁਰਦੇਵ ਜੀਉ ! ਕਈ ਵਾਰ ਇਹ ਸਾਡਾ ਮਨ ਵੇਦ ਪੁਰਾਣ ਸ਼ਾਸਤਰਾਂ ਦੇ ਪਾਠ ਪੜ੍ਹਨ ਵਾਲਿਆਂ ਤੋਂ ਪਾਠ ਸੁਣ ਕੇ ਉਨ੍ਹਾਂ ਦੇ ਕਰਮ ਕਾਂਡ ਕਰਨ ਵਲ ਨੂੰ ਹੀ ਪ੍ਰੇਰਤ ਹੋ ਜਾਂਦਾ ਹੈ, ਦਸੋ ਫਿਰ ਇਸ ਨੂੰ ਕਿਵੇਂ ਸਮਝਾਈਏ ?

5. **ਉ:**—ਹੇ ਭਾਈ ! ਫਿਰ ਗੁਰਮਤਿ ਦੇ ਸਿਧਾਂਤ ਦੁਆਰਾ ਇਸ ਨੂੰ ਇਉਂ ਹੀ ਸੋਝੀ ਦਿਆ ਕਰ ਕਿ, ਹੇ ਮਨ ! ਸੁਣ, ਜੇ ਕੋਈ ਮਨੁੱਖ ਚਾਰ ਵੇਦ ਆਪਣੀ ਜਿਹਬਾ ਨਾਲ ਉਚਾਰਦਾ ਰਹਿੰਦਾ ਹੈ।
6. ਅਠਾਰਾਂ ਪੁਰਾਣ ਅਤੇ ਛੇ ਸ਼ਾਸਤਰ ਕੰਨਾਂ ਨਾਲ ਸੁਣਦਾ ਰਹਿੰਦਾ ਹੈ।
7. (ਇਹ ਕੰਮ) ਪ੍ਰਮਾਤਮਾ ਦੇ ਨਾਮ ਦੀ ਲਗਨ ਦੇ ਬਰਾਬਰ ਨਹੀਂ ਹਨ।
8. ਇਸ ਲਈ, ਹੇ ਮਨ ! ਤੂੰ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਹੀ ਪ੍ਰੀਤ ਬਣਾਈ ਰੱਖ ।੧।
9. ਹੇ ਮਨਾ ! ਸੁਣ (ਇਥੇ ਹੀ ਬਸ ਨਹੀਂ ਹੈ) ਵਰਤ, ਸੰਧਿਆ, ਸਰੀਰਕ ਪਵਿਤਰਤਾ
10. (ਤੀਰਥ ਯਾਤਰਾ ਆਦਿਕ ਲਈ) ਚਾਰ ਕੂੰਟਾਂ ਵਿਚ ਭੁਖੇ ਰਹਿ ਕੇ ਭੌਂਦੇ ਫਿਰਨਾ।
11. ਕਿਸੇ ਨਾਲ ਛੁਹਣ ਤੋਂ ਬਿਨਾਂ ਆਪਣੀ ਰਸੋਈ ਤਿਆਰ ਕਰਨੀ।
12. (ਆਂਦਰਾਂ ਦਾ ਅਭਿਆਸ) ਨਿਉਲੀ ਕਟਮ ਕਰਨਾ, ਹੋਰ ਅਜਿਹੇ ਕਈ ਖਿਲਾਰੇ ਖਿਲਾਰਨੇ।
13. (ਦੇਵ ਪੂਜਾ ਲਈ) ਧੂਪ ਧੁਖਾਣੇ, ਦੀਵੇ ਜਗਾਣੇ, ਇਹ ਸਾਰੇ ਹੀ ਉਦਮ ਪ੍ਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰਦੇ।

ਪ੍ਰ.—ਸ੍ਰੀ ਜੀਉ ! ਦਸੋ, ਆਖਰ ਸਾਨੂੰ ਕਰਨਾ ਕੀ ਸੋਭਦਾ ਹੈ ?

14. **ਉ:**—ਹੇ ਭਾਈਓ ! ਇਕ ਇਉਂ ਬੇਨਤੀਆਂ ਹੀ ਕਰਦੇ ਰਹਿਣਾ ਚਾਹੀਦਾ ਹੈ ਕਿ, ਹੇ ਦਇਆ ਦੇ ਸੋਮੇ ਪ੍ਰਭੂ ! ਮੇਰੀ ਗਰੀਬ ਦੀ ਬੇਨਤੀ ਸੁਣ।
15. (ਮੈਨੂੰ) ਆਪਣਾ ਦਰਸ਼ਨ ਦੇਹ, ਮੈਂ ਤੈਨੂੰ ਆਪਣੀਆਂ ਅੱਖਾਂ ਨਾਲ (ਸਦਾ ਹੀ) ਵੇਖਦਾ ਰਹਾਂ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਤੇਰਾ ਨਾਮ ਹੀ ਮੈਨੂੰ ਮਿੱਠਾ ਲਗਦਾ ਰਹੇ ।੨।੨।੧੩੧।

ਭਾਵਾਰਥ :—ਪ੍ਰਭੂ ਪ੍ਰਾਪਤੀ ਲਈ ਅਨੇਕਾਂ ਲੋਕੀ ਅਨੇਕਾਂ ਹੀ ਧਾਰਮਕ ਕ੍ਰਿਆ ਕਰਦੇ ਹਨ, ਪਰ ਗੁਰਮਤਿ ਅਨੁਸਾਰ ਕੋਈ ਧਾਰਮਕ ਕਰਮ ਰਸਮੀਆਂ ਤੌਰ ਤੇ ਕਰਦੇ ਰਹਿਣਾ, ਇਹ ਨਾਮ ਜਪਣ ਦੇ ਬਰਾਬਰ ਨਹੀਂ ਹੋ ਸਕਦੇ, ਇਸ ਲਈ ਪ੍ਰਭੂ ਪ੍ਰਾਪਤੀ ਦਾ ਉਤਮ ਸਾਧਨ ਕੇਵਲ ਪ੍ਰਭੂ ਨਾਮ ਜਪਦੇ ਰਹਿਣਾ ਹੈ।

ਸਾਰਗ ਮਹਲਾ ੫ ॥

1. **ਰਾਮ ਰਾਮ ਰਾਮ ਜਾਪਿ**
   ਰਮਤ ਰਾਮ ਸਹਾਈ ॥੧॥ਰਹਾਉ॥
2. **ਸੰਤਨ ਕੈ ਚਰਨ ਲਾਗੇ**
   ਕਾਮ ਕ੍ਰੋਧ ਲੋਭ ਤਿਆਗੇ
   ਗੁਰ ਗੋਪਾਲ ਭਏ ਕ੍ਰਿਪਾਲ
   ਲਬਧਿ ਅਪਨੀ ਪਾਈ॥੧॥
3. **ਬਿਨਸੇ ਭ੍ਰਮ ਮੋਹ ਅੰਧ**
   ਟੂਟੇ ਮਾਇਆ ਕੇ ਬੰਧ
   ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
4. **ਸੁਆਮੀ ਸੁ ਪ੍ਰਸੰਨ ਭਏ**
   ਜਨਮ ਮਰਨ ਕੇ ਦੋਖ ਗਏ
   ਸੰਤਨ ਕੈ ਚਰਨ ਲਾਗਿ
   ਨਾਨਕ ਗੁਨ ਗਾਈ ॥੨॥੩॥੧੩੨॥

ਪਦ ਅਰਥ :— ਜਾਪਿ—ਜਪਿਆ ਕਰ। ਰਮਤ—ਜਪਦਿਆਂ। ਸਹਾਈ—ਮਦਦਗਾਰ ।੧।ਰਹਾਉ।

ਕੈ ਚਰਨ—ਦੇ ਚਰਨਾਂ ਵਿਚ। ਤਿਆਗੇ—ਤਿਆਗ, ਤਿਆਗ ਕੇ। ਲਬਧਿ—ਜਿਸ ਵਸਤੂ ਨੂੰ ਲੱਭਦੇ ਸਾਂ ।੧।

ਅੰਧ—ਅੰਨ੍ਹੇ (ਕਰਨ ਵਾਲੇ)। ਬੰਧ—ਬੰਧਨ, ਫਾਹੀਆਂ

ਪੂਰਨ—ਵਿਆਪਕ । ਸਰਬਤ੍ਰ—ਸਭਨੀ ਥਾਈਂ । ਬੈਰਾਈ—ਵੈਰੀ । ਸੁਪ੍ਰਸੰਨ—ਦਇਆਵਾਨ । ਦੋਖ—ਪਾਪ । ਲਾਗਿ—ਲਗ ਕੇ । ਗਾਈ—ਗਾਂਦੀ ਹੈ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਸਾਨੂੰ ਕੋਈ ਅਜਿਹਾ ਸਾਧਨ ਦਸੋ, ਜੋ ਕਿ ਹਰ ਸਮੇਂ ਹਰ ਪ੍ਰਕਾਰ ਹੀ ਸਾਡੀ ਸਹਾਇਤਾ ਕਰ ਸਕਦਾ ਹੋਵੇ ?

1. ਉ:—ਹੇ ਭਾਈ ! ਤੁਸੀਂ ਸਦਾ-ਸਦਾ ਪ੍ਰਮਾਤਮਾ (ਦੇ ਨਾਮ ਦਾ ਹੀ ਜਾਪ) ਜਪਿਆ ਕਰੋ, ਨਾਮ ਜਪਦਿਆਂ (ਉਹ) ਪ੍ਰਮਾਤਮਾ (ਹਰ ਥਾਂ) ਸਹਾਇਤਾ ਕਰਨ ਵਾਲਾ ਹੈ ।੧।ਰਹਾਉ।

ਪ੍ਰ:—ਕਿਉਂ ਜੀ ! ਸਾਨੂੰ ਉਸ ਨਾਮ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

2. ਉ:—ਹੇ ਪਿਆਰੇ ! ਜਿਹੜੇ ਮਨੁੱਖ ਸੰਤ ਜਨਾਂ ਦੀ ਚਰਨੀਂ ਲਗਦੇ ਹਨ, ਅਤੇ ਕਾਮ, ਕ੍ਰੋਧ, ਲੋਭ (ਆਦਿਕ ਵਿਕਾਰ) ਛੱਡਦੇ ਹਨ, ਉਨ੍ਹਾਂ ਉਤੇ ਗੁਰੂ ਗੋਪਾਲ ਮਿਹਰਵਾਨ ਹੁੰਦਾ ਹੈ, ਉਨ੍ਹਾਂ ਨੂੰ ਆਪਣੀ ਉਹ ਨਾਮ ਵਸਤੂ ਮਿਲ ਜਾਂਦੀ ਹੈ, ਜਿਸ ਦੀ ਕਿ (ਉਹ ਅਨੇਕਾਂ ਜਨਮਾਂ ਤੋਂ) ਭਾਲ ਕਰਦੇ ਆ ਰਹੇ ਸਨ ।੧।

ਪ੍ਰ:—ਗੁਰਦੇਵ ਜੀਉ ! ਆਖਰ ਨਾਮ ਜਪਣ ਵਾਲਿਆਂ ਨੂੰ ਫਲ ਕੀ ਹਾਸਲ ਹੁੰਦਾ ਹੈ ?

3. ਉ:—ਹੇ ਭਾਈ ! ਉਨ੍ਹਾਂ ਦੇ ਅੰਦਰੋਂ ਭਰਮ ਅਤੇ ਮੋਹ ਦੇ ਹਨੇਰੇ ਨਾਸ ਹੋ ਜਾਂਦੇ ਹਨ, ਮਾਇਆ ਦੇ ਮੋਹ ਦੀਆਂ ਫਾਹੀਆਂ ਟੁੱਟ ਜਾਂਦੀਆਂ ਹਨ, ਮਾਲਕ ਪ੍ਰਭੂ ਉਨ੍ਹਾਂ ਨੂੰ ਸਭਨੀ ਥਾਈਂ ਵਿਆਪਕ ਦਿਸਦਾ ਹੈ, ਕੋਈ ਭੀ ਉਨ੍ਹਾਂ ਨੂੰ ਵੈਰੀ ਨਹੀਂ ਜਾਪਦਾ ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਜਿਹੜੇ ਮਨੁੱਖ ਸੰਤ ਜਨਾਂ ਦੀ ਚਰਨੀਂ ਲਗ ਕੇ ਪ੍ਰਮੇਸ਼ਰ ਦੇ ਗੁਣ ਗਾਂਦੇ ਹਨ, ਉਨ੍ਹਾਂ ਉਤੇ ਮਾਲਕ ਪ੍ਰਭੂ ਜੀ ਤਰੁੱਠ ਪੈਂਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ, ਅਤੇ ਸਾਰੇ ਪਾਪ ਭੀ ਮੁੱਕ ਜਾਂਦੇ ਹਨ ।੨।੩।੧੩੨।

ਭਾਵਾਰਥ :—ਸਤ ਸੰਗਤ ਰਾਹੀਂ ਨਾਮ ਜਪਣ ਨਾਲ ਪਾਪ ਦੂਰ ਹੋ ਜਾਂਦੇ ਹਨ, ਅਤੇ ਭਰਮ ਮੋਹ ਕੱਟੇ ਜਾਂਦੇ ਹਨ, ਅਤੇ ਉਸ ਨੂੰ ਹਰ **ਥਾਂ** ਹਰੀ ਹੀ ਵਿਆਪਕ ਦਿਸਦਾ ਹੈ, ਜਿਸ ਦੀ ਬਰਕਤ ਨਾਲ ਉਸ ਨੂੰ ਕੋਈ ਵੈਰੀ ਨਹੀਂ ਦਿਸਦਾ, ਕਿਉਂਕਿ ਉਸ ਦੀ ਸਮ ਦ੍ਰਿਸ਼ਟੀ ਹੋ ਜਾਂਦੀ ਹੈ ।

ਸਾਰਗ ਮਹਲਾ ੫ ॥

1. ਹਰਿ ਹਰੇ ਹਰਿ ਮੁਖਹੁ ਬੋਲਿ
ਹਰਿ ਹਰੇ ਮਨਿ ਧਾਰੇ ॥੧॥ਰਹਾਉ॥

2. ਸ੍ਰਵਨ ਸੁਨਨ ਭਗਤਿ ਕਰਨ
ਅਨਿਕ ਪਾਤਿਕ ਪੁਨਹਚਰਨ ॥

3. ਸਰਨ ਪਰਨ ਸਾਧੂ ਆਨ ਬਾਨਿ ਬਿਸਾਰੇ ॥੧॥

4. ਹਰਿ ਚਰਨ ਪ੍ਰੀਤਿ ਨੀਤ ਨੀਤਿ
ਪਾਵਨਾ ਮਹਿ ਮਹਾ ਪੁਨੀਤ ॥

5. ਸੇਵਕ ਭੈ ਦੂਰਿ ਕਰਨ
ਕਲਿਮਲ ਦੋਖ ਜਾਰੇ ॥

6. ਕਹਤ ਮੁਕਤ ਸੁਨਤ ਮੁਕਤ
ਰਹਤ ਜਨਮ ਰਹਤੇ ॥

7. ਰਾਮ ਰਾਮ ਸਾਰ ਭੂਤ
ਨਾਨਕ ਤਤੁ ਬੀਚਾਰੇ ॥੨॥੪॥੧੩੩॥

ਪਦ ਅਰਥ :—ਮੁਖਹੁ—ਮੂੰਹ ਤੋਂ । ਬੋਲ—ਉਚਾਰਿਆ ਕਰ । ਮਨਿ—ਮਨ ਵਿਚ । ਧਾਰੇ—ਧਾਰਿ—ਵਸਾਈ ਰੱਖ । ੧।ਰਹਾਉ।

ਸ੍ਰਵਨ—ਕੰਨਾਂ ਨਾਲ । ਪਾਤਿਕ—ਪਾਪ । ਪੁਨਹਚਰਨ—(ਪਾਪਾਂ ਦੀ ਨਿਵਿਰਤੀ ਵਾਸਤੇ ਕੀਤੇ ਹੋਏ) ਪਛਤਾਵੇ ਦੇ ਕਰਮ । ਸਾਧੂ—ਗੁਰੂ । ਆਨ—ਹੋਰ ਹੋਰ । ਬਾਨਿ—ਆਦਿਤ । ੧ ।

ਨੀਤ ਨੀਤਿ—ਸਦਾ ਸਦਾ । ਪਾਵਨ—ਪਵਿੱਤ੍ਰ । ਭੈ—ਡਰ । ਕਲਿਮਲ—ਪਾਪ । ਦੋਖ—ਪਾਪ । ਜਾਰੇ—ਸਾੜ ਦੇਂਦਾ ਹੈ । ਮੁਕਤ—ਵਿਕਾਰਾਂ ਤੋਂ ਬਚਿਆ ਹੋਇਆ । ਰਹਤ—ਸੁਚੱਜੀ ਜੀਵਨ ਮਰਯਾਦਾ ਰਖਦਿਆਂ । ਰਹਤੇ—ਬਚ ਜਾਂਦੇ ਹਨ । ਸਾਰ ਭੂਤ—ਸਭ ਤੋਂ ਸਰੇਸ਼ਟ ਪਦਾਰਥ । ਤਤੁ—ਅਸਲੀਅਤ । ੨ ।

ਅਰਥ:—

ਪ੍ਰ:—ਗੁਰਦੇਵ ਜੀਉ ! ਉਸ ਪ੍ਰਮੇਸ਼ਰ ਜੀ ਨੂੰ ਸਿਮਰਦੇ ਰਹਿਣ ਦਾ ਸਹੀ ਸਾਧਨ ਕਿਹੜਾ ਮੰਨਿਆ ਗਿਆ ਹੈ ?

1. ਉ:—ਹੇ ਭਾਈ ! (ਗੁਰਮਤਿ ਅਨੁਸਾਰ ਤਾਂ) ਸਦਾ ਸਦਾ ਹੀ ਪ੍ਰਮਾਤਮਾ ਦਾ ਨਾਮ ਆਪਣੇ ਮੂੰਹੋਂ ਉਚਾਰਿਆ ਕਰ, ਅਤੇ ਆਪਣੇ ਮਨ ਵਿਚ (ਸਦਾ ਹੀ) ਵਸਾਈ ਰਖ ।੧।ਰਹਾਉ।

ਪ੍ਰ:—ਸ੍ਰੀ ਜੀਉ ! ਪਾਪਾਂ ਦੀ ਨਿਵਿਰਤੀ ਲਈ ਕਿਹੜਾ ਪ੍ਰਾਸਚਿਤ ਕਰਮ ਕਰਨਾ ਚਾਹੀਦਾ ਹੈ ?

2. ਉ:—ਹੇ ਪਿਆਰੇ ! ਪ੍ਰਮਾਤਮਾ ਦਾ ਨਾਮ ਕੰਨੀਂ ਸੁਣਨਾ, ਪ੍ਰਭੂ ਦੀ ਭਗਤੀ ਕਰਨੀ, ਇਹੀ ਹੈ ਅਨੇਕਾਂ ਪਾਪਾਂ ਨੂੰ ਦੂਰ ਕਰਨ ਲਈ ਕੀਤੇ ਹੋਏ ਪਛਤਾਵੇ ਮਾਤਰ ਧਾਰਮਕ ਕਰਮ ।

3. ਹੇ ਭਾਈ ! ਗੁਰੂ ਦੀ ਸ਼ਰਨ ਪਏ ਰਹਿਣਾ–ਇਹ ਉਦਮ ਹੋਰ-ਹੋਰ (ਭੈੜੀਆਂ) ਆਦਤਾਂ (ਮਨ ਵਿਚੋਂ) ਦੂਰ ਕਰ ਦੇਂਦਾ ਹੈ ।੧।
4. ਹੇ ਭਾਈ ! ਸਦਾ-ਸਦਾ ਪ੍ਰਭੂ ਚਰਨਾਂ ਨਾਲ ਪਿਆਰ ਪਾਈ ਰਖਣਾ–ਇਹ ਜੀਵਨ ਨੂੰ ਬਹੁਤ ਹੀ ਪਵਿਤ੍ਰ ਬਣਾ ਦੇਂਦਾ ਹੈ ।
5. ਹੇ ਪਿਆਰੇ ! ਪ੍ਰਭੂ ਦੇ ਚਰਨਾਂ ਦੀ ਪ੍ਰੀਤ ਸੇਵਕ ਦੇ ਸਾਰੇ ਡਰ ਦੂਰ ਕਰਨ ਵਾਲੀ ਹੈ; ਅਤੇ ਸੇਵਕ ਦੇ ਸਾਰੇ ਪਾਪ ਵਿਕਾਰ ਸਾੜ ਦੇਂਦੀ ਹੈ ।

ਪ੍ਰ:–ਗੁਰਦੇਵ ਜੀਉ ! ਵਿਕਾਰਾਂ ਤੋਂ ਬਚੇ ਰਹਿਣ ਦਾ ਸਹੀ ਸਾਧਨ ਕਿਹੜਾ ਹੈ ?

6. ਉ:–ਹੇ ਭਾਈ ! ਪ੍ਰਭੂ ਦਾ ਨਾਮ ਸਿਮਰਨ ਵਾਲੇ ਅਤੇ ਸੁਣਨ ਵਾਲੇ (ਸਦਾ ਹੀ) ਵਿਕਾਰਾਂ ਤੋਂ ਬਚੇ ਰਹਿੰਦੇ ਹਨ, ਅਤੇ ਸੁਚੱਜੀ ਰਹਿਣੀ ਵਾਲੇ ਮਨੁੱਖ ਭੀ ਜੂਨਾਂ ਤੋਂ ਬਚ ਜਾਂਦੇ ਹਨ ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਭਾਈਓ ! ਮੈਂ ਤੁਹਾਨੂੰ ਸਾਰੀਆਂ ਵਿਚਾਰਾਂ ਦਾ ਇਹ) ਨਿਚੋੜ ਦਸਦਾ ਹਾਂ ਕਿ ਪ੍ਰਮੇਸ਼ਰ ਜੀ ਦਾ ਨਾਮ ਹੀ ਸਭ ਤੋਂ ਸਰੇਸ਼ਟ ਪਦਾਰਥ ਹੈ ।੨।੪।੧੩੩।

ਭਾਵਾਰਥ :–ਇਕ ਹਰੀ ਦਾ ਸਿਮਰਨ ਹੀ ਸਾਰਿਆਂ ਸਾਧਨਾਂ ਤੋਂ ਉਤਮ ਸਾਧਨ ਹੈ, ਪਾਪ ਦੂਰ ਕਰਨ ਤੇ ਪਵਿਤ੍ਰ ਹੋਣ ਲਈ ਭੀ ਇਹੋ ਉਚੀ ਕਰਨੀ ਹੈ, ਬਸ ਇਹੋ ਹੀ ਸਭ ਧਰਮਾਂ ਦਾ ਨਿਚੋੜ ਹੈ ।

ਸਾਰਗ ਮਹਲਾ ੫ ॥

1. ਨਾਮ ਭਗਤਿ ਮਾਗੁ ਸੰਤ
ਤਿਆਗਿ ਸਗਲ ਕਾਮੀ ॥੧॥ਰਹਾਉ॥
2. ਪ੍ਰੀਤਿ ਲਾਇ ਹਰਿ ਧਿਆਇ
ਗੁਨ ਗੁੋਬਿੰਦ ਸਦਾ ਗਾਇ ॥
3. ਹਰਿ ਜਨ ਕੀ ਰੇਨ ਬਾਂਛੁ
ਦੈਨਹਾਰ ਸੁਆਮੀ ॥੧॥
4. ਸਰਬ ਕੁਸਲ ਸੁਖ ਬਿਸ੍ਰਾਮ
ਆਨਦਾ ਆਨੰਦ ਨਾਮ
5. ਜਮ ਕੀ ਕਛੁ ਨਾਹਿ ਤ੍ਰਾਸ
ਸਿਮਰਿ ਅੰਤਰਜਾਮੀ ॥
6. ਏਕ ਸਰਨ ਗੋਬਿੰਦ ਚਰਨ
ਸੰਸਾਰ ਸਗਲ ਤਾਪ ਹਰਨ ॥
7. ਨਾਵ ਰੂਪ ਸਾਧ ਸੰਗ
ਨਾਨਕ ਪਾਰਗਰਾਮੀ ॥੨॥੫॥੧੩੪॥

ਪਦ ਅਰਥ :–ਮਾਗੁ-ਮੰਗਦਾ ਰਹੁ । ਕਾਮੀ–ਕੰਮ । ੧।ਰਹਾਉ।

ਲਾਇ–ਲਾ ਕੇ । ਗੁੋਬਿੰਦ–[ਅੱਖਰ 'ਗ' ਦੇ ਨਾਲ ਦੋ ਲਗਾਂ ਹਨ– ੋ ਅਤੇ ੁ । ਅਸਲ ਲਫਜ਼ ਹੈ 'ਗੋਬਿੰਦ' । ਇਥੇ 'ਗੁਬਿੰਦ' ਪੜ੍ਹਨਾ ਹੈ]। ਗਾਇ–ਗਾਇਆ ਕਰ । ਰੇਨ–ਚਰਨ ਧੂੜ । ਬਾਂਛੁ–ਲੋੜਦਾ ਰਹੁ । ਦੈਨਹਾਰ–ਦੇਣ ਦੀ ਸਮਰੱਥਾ ਵਾਲੇ ਤੋਂ ।੧।

ਸਰਬ–ਸਾਰੇ । ਕੁਸਲ–ਸੁਖ । ਬਿਸ੍ਰਾਮ–ਟਿਕਾਣਾ, ਸੋਮਾਂ । ਤ੍ਰਾਸ–ਡਰ । ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ । ਤਾਪ ਹਰਨ–ਦੁੱਖ ਦੂਰ ਕਰਨ ਵਾਲਾ । ਨਾਵ–ਬੇੜੀ । ਨਾਵ ਰੂਪ–ਬੇੜੀ ਵਰਗਾ ਹੈ। ਪਾਰਗਰਾਮੀ–(ਸੰਸਾਰ ਸਮੁੰਦਰ ਤੋਂ) ਪਾਰ ਲੰਘਾਣ ਵਾਲਾ ।੨।

ਅਰਥ –

ਪ੍ਰ:–ਗੁਰਦੇਵ ਜੀਓ ! ਮੇਰੇ ਮਨ ਵਿਚ ਹਰ ਵਕਤ ਹੀ ਸੰਸਾਰਕ ਪਦਾਰਥਾਂ ਦੀ ਮੰਗ ਦਾ ਆਹਰ ਬਣਿਆ ਰਹਿੰਦਾ ਹੈ, ਪਰ ਅੰਤਰ-ਆਤਮੇ ਭਟਕਣਾ ਬਣੀ ਰਹਿੰਦੀ ਹੈ, ਸੋ ਮਨ ਨੂੰ ਸ਼ਾਂਤ ਕਰਨ ਦਾ ਕੋਈ ਸਾਧਨ ਦਸੋ ?

1. ਉ:–ਹੇ ਭਾਈ ! ਤੂੰ ਸਾਰੇ ਹੋਰ ਆਹਰ ਛੱਡ ਕੇ (ਭੀ) ਸੰਤ ਜਨਾਂ ਪਾਸੋਂ ਪ੍ਰਭੂ ਜੀ ਦਾ ਨਾਮ ਤੇ ਪ੍ਰਮੇਸ਼ਰ ਜੀ ਦੀ ਭਗਤੀ (ਹੀ) ਮੰਗਦਾ ਰਿਹਾ ਕਰ ।੧।ਰਹਾਉ।

ਪ੍ਰ:–ਸ੍ਰੀ ਜੀਉ ! ਮੈਂ ਹੋਰ ਕੀ ਮੰਗ ਕਰਦਾ ਰਵਾਂ ?

2. ਉ:–ਹੇ ਪਿਆਰੇ ! ਹੋਰ ਤੂੰ ਪਿਆਰ ਨਾਲ ਪ੍ਰਮੇਸ਼ਰ ਜੀ ਦਾ ਧਿਆਨ ਧਰਿਆ ਕਰ ਅਤੇ ਸਦਾ ਗੋਬਿੰਦ ਦੇ ਗੁਣ ਗਾਂਦਾ ਰਿਹਾ ਕਰ ।
3. ਅਤੇ ਐ ਪਿਆਰੇ ! ਉਸ ਸਭ ਕੁਝ ਦੇ ਸਕਣ ਵਾਲੇ ਮਾਲਕ ਪ੍ਰਭੂ ਤੋਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਰਿਹਾ ਕਰ ।੧।

ਪ੍ਰ:–ਕਿਉਂ ਜੀ, ਮੇਰੇ ਮਨ ਵਿਚ ਸਦਾ ਹੀ ਜਮਾਂ ਦਾ ਡਰ ਬਣਿਆ ਰਹਿੰਦਾ ਹੈ । ਦਸੋ, ਇਹ ਕਿਵੇਂ ਦੂਰ ਹੋ ਸਕੇ ।

4. ਉ:–ਹੇ ਭਾਈ ! (ਇਹ ਨਿਸਚਾ ਕਰ ਕਿ) ਪ੍ਰਮਾਤਮਾ ਦਾ ਨਾਮ ਸਾਰੇ ਸੁਖਾਂ ਦਾ, ਸਾਰੀਆਂ ਖੁਸ਼ੀਆਂ ਦਾ, ਸਾਰੇ ਅਨੰਦਾਂ ਦਾ ਸੋਮਾ ਹੈ ।
5. ਸੋ, ਹੇ ਭਾਈ ! ਹਰੇਕ ਦੇ ਦਿਲ ਦੀ ਜਾਨਣ ਵਾਲੇ ਪ੍ਰਭੂ ਦਾ ਨਾਮ ਸਿਮਰਿਆ ਕਰ, (ਇਸ ਨਾਮ ਦੀ ਬਰਕਤ ਨਾਲ) ਜਮਾਂ ਦਾ (ਭੀ) ਕੋਈ ਡਰ ਨਹੀਂ ਰਹਿ ਜਾਂਦਾ ।
6. ਹੇ ਪਿਆਰੇ ! ਪ੍ਰਮਾਤਮਾ ਦੇ ਚਰਨਾਂ ਦੀ ਸ਼ਰਨ ਜਗਤ ਦੇ ਸਾਰੇ ਦੁਖ ਕਲੇਸ਼ ਦੂਰ ਕਰਨ ਜੋਗ ਹੈ ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, (ਹੇ ਭਾਈ ! ਇਹ ਸ਼ਰਨ ਸਾਧ ਸੰਗਤ ਵਿਚੋਂ ਹੀ ਮਿਲਦੀ

ਤੇ) ਸਾਧ ਸੰਗਤ ਬੇੜੀ ਵਾਂਗ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਣ ਵਾਲੀ ਹੈ ।੨।੫।੧੩੪।

ਭਾਵਾਰਥ :—ਨਾਮ ਦੀ ਓਟ ਲੈਣ ਨਾਲ ਸਾਰੇ ਤਾਪ ਦੂਰ ਹੁੰਦੇ ਹਨ, ਅਤੇ ਹਰ ਤਰ੍ਹਾਂ ਦੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਮੌਤ ਦਾ ਡਰ ਦੂਰ ਹੋ ਕੇ ਅੰਤ ਨੂੰ ਮੁਕਤੀ ਹਾਸਲ ਹੁੰਦੀ ਹੈ ।

ਸਾਰਗ ਮਹਲਾ ੫ ॥

1. ਗੁਨ ਲਾਲ ਗਾਵਉ ਗੁਰ ਦੇਖੇ ॥
2. ਪੰਚਾ ਤੇ ਏਕੁ ਛੂਟਾ ਜਉ
ਸਾਧ ਸੰਗਿ ਪਗ ਰਉ ॥੧॥ਰਹਾਉ ।
3. ਦ੍ਰਿਸਟਉ ਕਛੁ ਸੰਗਿ ਨ ਜਾਇ
ਮਾਨੁ ਤਿਆਗਿ ਮੋਹਾ ॥
4. ਏਕੈ ਹਰਿ ਪ੍ਰੀਤਿ ਲਾਇ
ਮਿਲਿ ਸਾਧ ਸੰਗਿ ਸੋਹਾ ॥੧॥
5. ਪਾਇਓ ਹੈ ਗੁਣ ਨਿਧਾਨੁ
ਸਗਲ ਆਸ ਪੂਰੀ ॥
6. ਨਾਨਕ ਮਨਿ ਅਨੰਦ ਭਏ
ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥

ਪਦ ਅਰਥ :—ਗੁਨ ਲਾਲ—ਸੋਹਣੇ ਪ੍ਰਭੂ ਦੇ ਗੁਣ । ਗਾਵਉ—ਗਾਵਉਂ, ਮੈਂ ਗਾਂਦਾ ਹਾਂ । ਗੁਰ ਦੇਖੇ—ਗੁਰ ਦੇਖਿ, ਗੁਰੂ ਦਾ ਦਰਸ਼ਨ ਕਰ ਕੇ । ਪੰਚਾ ਤੇ—(ਕਾਮਾਦਿਕ) ਪੰਜਾਂ ਤੋਂ । ਏਕੁ—ਮਨ । ਜਉ—ਜਦੋਂ । ਸਾਧ ਸੰਗਿ—ਸਾਧ ਸੰਗਤ ਵਿਚ । ਪਗ ਰਉ—ਮੈਂ ਫੜਾਂ ਹਰੀ ਦੇ ਚਰਨ ।੧।ਰਹਾਉ।

ਦ੍ਰਿਸਟਉ—ਦ੍ਰਿਸ਼ਟਮਾਨ, ਦਿਸਦਾ ਜਗਤ । ਸੰਗਿ—ਨਾਲ । ਜਾਇ—ਜਾਂਦਾ । ਮਾਨੁ—ਅਹੰਕਾਰ । ਮਿਲਿ—ਮਿਲ ਕੇ । ਸੋਹਾ—ਜੀਵਨ ਸੋਹਣਾ ਬਣ ਜਾਂਦਾ ਹੈ ।੧।

ਗੁਣ ਨਿਧਾਨ—ਗੁਣਾਂ ਦਾ ਖਜ਼ਾਨਾ ਹਰੀ । ਮਨਿ—ਮਨ ਵਿਚ । ਗੁਰਿ—ਗੁਰੂ ਨੇ । ਬਿਖਮ—ਔਖੀ । ਗਾਰ੍ਹ—ਗੰਢ । ਤੋਰੀ—ਤੋੜ ਦਿਤੀ ਹੈ ।੨।

ਅਰਥ :-

ਪ੍ਰ:—ਗੁਰਦੇਵ ਜੀਓ ! ਸਾਡਾ ਮਨ ਤਾਂ ਪੰਜਾਂ ਵਿਕਾਰਾਂ ਵਿਚ ਹੀ ਸਦਾ ਜਕੜਿਆ ਰਹਿੰਦਾ ਹੈ, ਪਰ, ਤੁਸਾਂ ਇਨ੍ਹਾਂ ਤੋਂ ਛੁੱਟਣ ਲਈ ਕਿਹੜਾ ਸਾਧਨ ਕੀਤਾ ਹੈ ?

1. ਉ:—ਹੇ ਭਾਈਓ ! ਮੇਰੇ ਅੰਦਰ ਹੋਰ ਸਾਧਨ ਕਰਨ ਦੀ ਤਾਂ ਸਮਰੱਥਾ ਹੀ ਕੋਈ ਨਹੀਂ, ਪਰ, ਜਦੋਂ ਮੈਂ ਗੁਰੂ ਦਾ ਦਰਸ਼ਨ ਕਰ ਕੇ ਸੋਹਣੇ ਹਰੀ ਦੇ ਗੁਣ ਗਾਂਦਾ ਹਾਂ ।

2. ਅਤੇ ਜਦੋਂ ਗੁਰੂ ਦੀ ਸੰਗਤ ਵਿਚ ਟਿਕ ਕੇ ਮੈਂ ਪ੍ਰਭੂ ਦੇ ਚਰਨ ਫੜਦਾ ਹਾਂ, ਤਾਂ (ਮੇਰਾ ਇਹ) ਮਨ (ਕਾਮਾਦਿਕ) ਪੰਜਾਂ (ਦੇ ਪੰਜੇ) ਤੋਂ ਨਿਕਲ ਜਾਂਦਾ ਹੈ ।੧।ਰਹਾਉ।

ਪ੍ਰ:—ਸ੍ਰੀ ਜੀਉ ! ਇਹ ਦਾਤ ਪ੍ਰਾਪਤ ਕਰਨ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ ?

3. ਉ:—ਹੇ ਭਾਈ ! (ਜੇ ਤੂੰ ਇਹ ਦਾਤ ਹਾਸਲ ਕਰਨਾ ਚਾਹੁੰਦਾ ਹੈਂ ਤਾਂ ਇਹ ਜੋ) ਦਿਸਦਾ ਜਗਤ ਹੈ, (ਇਸ ਨੂੰ ਇਉਂ ਸਮਝ ਕਿ ਇਸ ਵਿਚੋਂ) ਕੁਝ ਭੀ ਕਿਸੇ ਦੇ ਨਾਲ ਨਹੀਂ ਜਾਂਦਾ (ਇਸ ਵਾਸਤੇ ਇਸ ਦਾ) ਮਾਣ ਤੇ ਮੋਹ ਛੱਡ ਦੇਹ ।

ਪ੍ਰ:—ਕਿਉਂ ਜੀ, ਦਸੋ, ਆਖਰ ਹੋਰ ਮੈਂ ਕਰਦਾ ਕੀ ਰਵਾਂ ?

4. ਉ:—ਹੇ ਪਿਆਰੇ ! ਤੂੰ ਸਾਧ ਸੰਗਤ ਵਿਚ ਮਿਲ ਕੇ ਇਕ ਪ੍ਰਮਾਤਮਾ ਦੇ ਚਰਨਾਂ ਨਾਲ ਪ੍ਰੀਤ ਜੋੜ (ਇਸ ਤਰ੍ਹਾਂ ਜੀਵਨ) ਸੋਹਣਾ ਬਣ ਜਾਂਦਾ ਹੈ ।੧।

ਪ੍ਰ:—ਗੁਰਦੇਵ ਜੀਓ ! ਆਖਰ ਹੁਣ ਤੁਹਾਨੂੰ ਕੀ ਪ੍ਰਾਪਤੀ ਹੋਈ ਪ੍ਰਤੀਤ ਹੁੰਦੀ ਹੈ ?

5. ਉ:—ਹੇ ਭਾਈਓ ! (ਮੈਂ ਤਾਂ ਹੁਣ ਇਉਂ ਹੀ ਪ੍ਰਤੀਤ ਕਰਦਾ ਹਾਂ ਕਿ) ਮੈਂ ਗੁਣਾਂ ਦਾ ਖਜ਼ਾਨਾ ਪ੍ਰਭੂ ਲਭ ਲਿਆ ਹੈ, ਅਤੇ ਮੇਰੀ ਸਾਰੀ ਆਸ ਪੂਰੀ ਹੋ ਗਈ ਹੈ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ ! ਗੁਰੂ ਨੇ (ਮੇਰੇ ਅੰਦਰੋਂ ਮਾਇਆ ਦੇ ਮੋਹ ਦੀ) ਕਰੜੀ ਗੰਢ ਖੋਲ੍ਹ ਦਿਤੀ ਹੈ, (ਬਸ) ਹੁਣ ਮੇਰੇ ਮਨ ਵਿਚ ਆਨੰਦ ਹੀ ਆਨੰਦ ਬਣ ਗਏ ਹਨ ।੨।੬।੧੩੫।

ਭਾਵਾਰਥ :—ਗੁਰੂ ਦੀ ਸੰਗਤ ਵਿਚੋਂ ਹਰੀ ਦੇ ਗੁਣ ਗਾਉਣੇ ਸਿੱਖੀਦੇ ਹਨ, ਜਿਸ ਦੀ ਬਰਕਤ ਨਾਲ ਭਰਮ ਤੇ ਮੋਹ ਟੁੱਟਦਾ ਹੈ ਅਤੇ ਇਕ ਹਰੀ ਨਾਲ ਹੀ ਪ੍ਰੀਤ ਉਪਜਦੀ ਹੈ ।

ਸਾਰਗ ਮਹਲਾ ੫ ॥

1. ਮਨਿ ਬਿਰਾਗੈਗੀ ॥
2 ਖੋਜਤੀ ਦਰਸਾਰ ॥੧॥ਰਹਾਉ॥
3. ਸਾਧੂ ਸੰਤਨ ਸੇਵਿ ਕੈ
ਪ੍ਰਿਉ ਹੀਅਰੈ ਧਿਆਇਓ ॥
4. ਆਨੰਦ ਰੂਪੀ ਪੇਖਿ ਕੈ
ਹਉ ਮਹਲੁ ਪਾਵਉਗੀ ॥੧॥
5. ਕਾਮ ਕਰੀ ਸਭ ਤਿਆਗਿ ਕੈ
ਹਉ ਸਰਣਿ ਪਰਉਗੀ ॥
6. ਨਾਨਕ ਸੁਆਮੀ ਗਰਿ ਮਿਲੇ
ਹਉ ਗੁਰ ਮਨਾਵਉਗੀ ॥੨॥੭॥੧੩੬॥

ਪਦ ਅਰਥ :—ਮਨਿ—ਮਨ ਵਿਚ । ਬਿਰਾਗੈਗੀ—ਵੈਰਾਗਵਾਨ ਹੋਵੇਗੀ (ਮੇਰੀ ਜਿੰਦ), (ਮੇਰੀ ਜਿੰਦ) ਵੈਰਾਗ-

ਵਾਨ ਹੁੰਦੀ ਹੈ। ਖੋਜਤੀ—ਖੋਜ ਕਰਦੀ ਕਰਦੀ। ਦਰਸਾਰ—ਦਰਸ਼ਨ ।੧।ਰਹਾਉ।

ਸੇਵਿ ਕੈ—ਸੇਵਾ ਕਰ ਕੇ। ਪ੍ਰਿਉ—ਪਿਆਰਾ ਪ੍ਰਭੂ। ਹੀਅਰੈ—ਹਿਰਦੇ ਵਿਚ। ਪੇਖਿ ਕੈ—ਵੇਖ ਕੇ, ਦਰਸ਼ਨ ਕਰ ਕੇ। ਹਉ—ਹਉਂ, ਮੈਂ। ਮਹਲੁ—(ਪ੍ਰਭੂ ਚਰਨਾਂ ਵਿਚ) ਟਿਕਾਣਾ। ਪਾਵਉਗੀ—ਮੈਂ ਪ੍ਰਾਪਤ ਕਰਾਂਗੀ ।੧।

ਕਾਮ ਕਰੀ—ਕੰਮ-ਕਾਰ,ਕੰਮ-ਧੰਦੇ। ਗਰਿ—ਗਲ ਨਾਲ। ਗੁਰ ਮਨਾਵਉਗੀ—ਮੈਂ ਗੁਰੂ ਦੀ ਪ੍ਰਸੰਨਤਾ ਹਾਸਲ ਕਰਾਂਗੀ ।੨।

ਅਰਥ:—

ਪ੍ਰ:—ਸ੍ਰੀ ਜੀਉ! ਰੱਬੀ ਮਾਰਗ ਤੇ ਚਲਣ ਸਮੇਂ ਅਰੰਭ ਵਿਚ ਆਪ ਜੀ ਨੂੰ ਕਿਵੇਂ ਪ੍ਰਤੀਤ ਹੋਇਆ ਸੀ ?

1. **ਉ:**—ਹੇ ਸਖੀ! ਸੁਣ, ਅਰੰਭ ਵਿਚ ਮੈਨੂੰ ਇਉਂ ਪ੍ਰਤੀਤ ਹੋਇਆ ਕਿ ਮਾਨੋਂ ਮੇਰੀ ਜਿੰਦ ਮਨ ਵਿਚ ਵੈਰਾਗ ਵਾਲੀ ਹੁੰਦੀ ਜਾਂਦੀ ਹੈ।
2. ਹੇ ਸਖੀ ! (ਇਹ ਮੈਨੂੰ ਉਦੋਂ ਪ੍ਰਤੀਤ ਹੋਇਆ ਜਦ ਕਿ ਮੈਂ ਪ੍ਰਭੂ ਦਾ) ਦਰਸ਼ਨ ਕਰਨ ਦਾ ਯਤਨ ਕਰਦੀ ਸਾਂ ।੧।ਰਹ ਉ।

ਪ੍ਰ:—ਗੁਰਦੇਵ ਜੀਉ! ਹਿਰਦੇ ਵਿਚ ਤਾਂ ਅਨੇਕਾਂ ਹੀ ਸੰਸਾਰ ਦੀਆਂ ਵਾਸ਼ਨਾਵਾਂ ਵੱਸਦੀਆਂ ਹਨ, ਤੁਸੀਂ ਉਸ ਪ੍ਰਭੂ ਪਿਆਰੇ ਨੂੰ ਹਿਰਦੇ ਵਿਚ ਕਿਵੇਂ ਵਸਾ ਲਿਆ ਹੈ ?

3. **ਉ:**—ਹੇ ਸਖੀ ! ਸੁਣ, ਮੈਂ ਸੰਤ ਜਨਾਂ ਦੀ ਸੇਵਾ ਕਰ ਕੇ (ਸਾਧ ਸੰਗਤ ਦੀ ਬਰਕਤ ਨਾਲ) (ਉਸ) ਪਿਆਰੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ।
4. ਹੇ ਸਖੀ! ਹੁਣ ਮੈਂ ਉਸ ਅਨੰਦ ਸਰੂਪ ਦਾ ਦਰਸ਼ਨ ਕਰ ਕੇ ਉਸੇ ਦੇ ਚਰਨਾਂ ਵਿਚ ਹੀ ਟਿਕਾਣਾ ਪ੍ਰਾਪਤ ਕਰ ਲਿਆ ਹੈ ।੧।
5. ਹੇ ਸਖੀ! ਹੁਣ ਮੈਂ ਜਗਤ ਦੇ ਕੰਮ-ਧੰਦਿਆਂ ਦਾ ਸਾਰਾ ਮੋਹ ਛੱਡ ਕੇ ਪ੍ਰਭੂ ਜੀ ਦੀ ਸ਼ਰਨ ਵਿਚ (ਹੀ) ਪਈ ਰਹਿੰਦੀ ਹਾਂ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਸਖੀ ! ਜਿਸ ਗੁਰੂ ਦੀ ਕ੍ਰਿਪਾ ਨਾਲ ਉਹ ਮਾਲਕ ਪ੍ਰਭੂ ਜੀ (ਮੇਰੇ) ਗਲ ਨਾਲ ਆ ਲਗੇ ਹਨ, ਹੁਣ ਮੈਂ (ਉਸੇ) ਗੁਰੂ ਦੀ ਪ੍ਰਸੰਨਤਾ ਹਾਸਲ ਕਰਦੀ ਰਹਿੰਦੀ ਹਾਂ ।੨।੭।੧੩੬।

ਭਾਵਾਰਥ :—ਸੰਸਾਰ ਦੇ ਸਾਰੇ ਮਾਇਕੀ ਧੰਦਿਆਂ ਦੀ ਕਾਮਨਾ ਛੱਡ ਕੇ ਹੀ ਸਾਧ ਸੰਗਤ ਦੀ ਬਰਕਤ ਨਾਲ ਹਰੀ ਮਿਲਾਪ ਹੁੰਦਾ ਹੈ।

ਸਾਰਗ ਮਹਲਾ ੫ ॥

1. ਐਸੀ ਹੋਇ ਪਰੀ ॥
2. ਜਾਨਤੇ ਦਇਆਰ ॥੧॥ਰਹਾਉ॥
3. ਮਾਤਰ ਪਿਤਰ ਤਿਆਗਿ ਕੈ
ਮਨੁ ਸੰਤਨ ਪਾਹਿ ਬੇਚਾਇਓ ॥
4. ਜਾਤਿ ਜਨਮ ਕੁਲ ਖੋਈਐ
ਹਉ ਗਾਵਉ ਹਰਿ ਹਰੀ ॥੧॥
5. ਲੋਕ ਕੁਟੰਬ ਤੇ ਟੂਟੀਐ
ਪ੍ਰਭ ਕਿਰਤਿ ਕਿਰਤਿ ਕਰੀ ॥
6. ਗੁਰਿ ਮੋਕਉ ਉਪਦੇਸਿਆ
ਨਾਨਕ ਸੇਵਿ ਏਕ ਹਰੀ ॥੨॥੮॥੧੩੭॥

ਪਦ ਅਰਥ:—ਐਸੀ—ਇਹੋ ਜਿਹੀ ਹਾਲਤ। ਹੋਇ ਪਰੀ—ਹੋ ਗਈ ਹੈ। ਜਾਨਤੇ—ਜਾਣਦਾ ਹੈ। ਦਇਆਰ—ਦਇਆਲ ਪ੍ਰਭੂ ।੧। ਰਹਾਉ।

ਮਾਤਰ—ਮਾਂ। ਪਿਤਰ—ਪਿਤਾ। ਤਿਆਗਿ ਕੈ—(ਮੋਹ) ਛੱਡ ਕੇ। ਪਾਹਿ—ਪਾਸ, ਕੋਲ। ਬੇਚਾਇਓ—ਵੇਚ ਦਿਤਾ ਹੈ। ਖੋਈਐ—ਗਵਾ ਦਿਤੀ ਹੈ। ਹਉ—ਹਉਂ, ਮੈਂ। ਗਾਵਉ—ਗਾਵਉਂ, ਗਾਂਦਾ ਰਹਿੰਦਾ ਹਾਂ। ੧।

ਤੇ—ਤੋਂ। ਟੂਟੀਐ—ਟੁੱਟ ਗਈ ਹੈ। ਕਿਰਤਿ—ਨਿਹਾਲ। ਕਰੀ—ਕਰ ਦਿਤਾ ਹੈ। ਗੁਰਿ—ਗੁਰੂ ਨੇ। ਮੋ ਕਉ—ਮੈਨੂੰ। ਸੇਵਿ—ਸੇਵਾ ਕਰ, ਸ਼ਰਨ ਪਿਆ ਰਹੁ ।੨।

ਅਰਥ:—

ਪ੍ਰ:—ਗੁਰਦੇਵ ਜੀਉ! ਨਾਮ ਸਿਮਰਨ ਦੀ ਬਰਕਤ ਨਾਲ ਹੁਣ ਆਪ ਦੀਂ ਮਾਨਸਕ ਅਵਸਥਾ ਕਿਸ ਰੂਪ ਵਿਚ ਵਰਤਦੀ ਹੈ ?

1. **ਉ:**—ਹੇ ਭਾਈਓ ! (ਅਸਲ ਵਿਚ ਮੇਰੇ ਮਨ ਦੀ ਹਾਲਤ) ਇਹੋ ਜਿਹੀ ਹੋ ਗਈ ਹੈ, । (ਜਿਸ ਨੂੰ ਨਾ ਦਸਿਆ ਜਾ ਸਕਦਾ ਹੈ, ਨਾ ਹੀ ਤੁਸੀਂ ਹੀ ਸਮਝ ਸਕਦੇ ਹੋ)।

ਪ੍ਰ:—ਕਿਉਂ ਜੀ, ਆਖਰ ਕੋਈ ਤਾਂ ਜਾਣਦਾ ਹੀ ਹੋਵੇਗਾ ?

2. **ਉ:**—ਹੇ ਪਿਆਰੇ ! (ਮੇਰੀ ਇਸ ਹਾਲਤ ਨੂੰ) ਦਇਆਲ ਪ੍ਰਭੂ (ਆਪ ਹੀ) ਜਾਣਦਾ ਹੈ ।੧।ਰਹਾਉ।

ਪ੍ਰ:—ਕਿਉਂ ਜੀ, ਉਸ ਗੁਰੂ ਦੇ ਉਪਦੇਸ਼ ਦਾ ਤੁਹਾਡੇ ਮਨ ਉਤੇ ਕਿਹੋ ਜਿਹਾ ਅਸਰ ਹੋਇਆ ਹੈ ?

3. **ਉ:**—ਹੇ ਭਾਈਓ! (ਉਸ ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਹੀ) ਮਾਤਾ ਪਿਤਾ (ਆਦਿਕ ਸੰਬੰਧੀਆਂ ਦਾ ਮੋਹ) ਛੱਡ ਕੇ ਮੈਂ ਆਪਣਾ ਮਨ ਸੰਤ ਜਨਾਂ ਦੇ (ਹੀ) ਹਵਾਲੇ ਕਰ ਦਿਤਾ ਹੈ।

4. ਹੇ ਭਾਈਓ ! ਮੈਂ ਉਚੀ ਜਾਤਿ ਕੁਲ ਜਨਮ (ਦਾ ਮਾਣ) ਛੱਡ ਦਿਤਾ ਹੈ, (ਹੁਣ ਮੈਂ ਆਪਣੀ ਕੁਲ ਆਦਿਕ ਨੂੰ ਸਲਾਹੁਣ ਦੇ ਥਾਂ ਹਰ ਵੇਲੇ) ਪ੍ਰਮਾਤਮਾ ਦੀ ਸਿਫਤ ਸਲਾਹ ਹੀ ਕਰਦਾ ਰਹਿੰਦਾ ਹਾਂ ।੧।

5. ਹੇ ਭਾਈਓ ! (ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਮੇਰੀ ਪ੍ਰੀਤ) ਲੋਕਾਂ ਨਾਲੋਂ, ਕੁਟੰਬ ਨਾਲੋਂ ਟੁੱਟ ਗਈ ਹੈ, ਪ੍ਰਭੂ ਨੇ ਮੈਨੂੰ ਨਿਹਾਲ ਕਰ ਦਿਤਾ ਹੈ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਗੁਰੂ ਨੇ ਮੈਨੂੰ (ਇਕ ਇਹੋ ਹੀ) ਸਿਖਿਆ ਦਿਤੀ ਹੈ ਕਿ ਸਦਾ ਇਕ ਪ੍ਰਮਾਤਮਾ ਦੀ ਸ਼ਰਨ ਵਿਚ ਹੀ ਪਿਆ ਰਹੁ ।੨।੮।੧੩੭।

ਭਾਵਾਰਥ :— ਸੰਸਾਰ ਦੇ ਸਾਰੇ ਸਨਬੰਧੀਆਂ ਦਾ ਕੂੜਾ ਮੋਹ ਪਿਆਰ ਛੱਡ ਕੇ ਕੇਵਲ ਇਕੋ ਹੀ ਹਰੀ ਦੀ ਸੇਵਾ ਵਿਚ ਲਗੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਸਾਰਗ ਮਹਲਾ ੫ ॥

1. ਲਾਲ ਲਾਲ ਮੋਹਨ ਗੋਪਾਲ ਤੂ ॥
2. ਕੀਟ ਹਸਤਿ ਪਾਖਾਣ ਜੰਤ
ਸਰਬ ਮੈ ਪ੍ਰਤਿਪਾਲ ਤੂ ॥੧॥ਰਹਾਉ॥
3. ਨਹ ਦੂਰਿ ਪੂਰਿ ਹਜੂਰਿ ਸੰਗੇ ॥
4. ਸੁੰਦਰ ਰਸਾਲ ਤੂ ॥੧॥
5. ਨਹ ਬਰਨ ਬਰਨ ਨਹ ਕੁਲਹ ਕੁਲ ॥
6. ਨਾਨਕ ਪ੍ਰਭ ਕਿਰਪਾਲ ਤੂ ॥੨॥੯॥੧੩੮॥

ਪਦ ਅਰਥ :—ਲਾਲ—ਸੋਹਣਾ । ਮੋਹਨ—ਮੋਹ ਲੈਣ ਵਾਲਾ । ਗੋਪਾਲ—ਹੇ ਜਗਤ ਦੇ ਰਖਿਅਕ । ਕੀਟ—ਕੀੜੇ । ਹਸਤਿ—ਹਾਥੀ । ਪਾਖਾਣ—ਪੱਥਰ । ਸਰਬ ਮੈ-ਸਭਨਾਂ ਵਿਚ ਵਿਆਪਕ । ਪ੍ਰਤਿਪਾਲ—ਪਾਲਣ ਵਾਲਾ ।੧।ਰਹਾਉ।

ਪੂਰਿ—ਵਿਆਪਕ । ਹਜੂਰਿ—ਹਾਜ਼ਰ ਨਾਜ਼ਰ, ਪ੍ਰਤੱਖ । ਸੰਗੇ—ਨਾਲ । ਰਸਾਲ—ਸਭ ਰਸਾਂ ਦਾ ਘਰ ।੧

ਪ੍ਰਭ—ਹੇ ਪ੍ਰਭੂ । ਕਿਰਪਾਲ—ਦਇਆਵਾਨ ।੨।

ਅਰਥ:—

ਪ੍ਰ:—ਗੁਰਦੇਵ ਜੀਉ ! ਅਸਾਂ ਮਲੀਨ ਬੁੱਧੀ ਵਾਲੇ ਜੀਵਾਂ ਨੂੰ ਉਸ ਪ੍ਰਭੂ ਦੇ ਸਨਮੁਖ ਹੋ ਅਰਦਾਸ ਕਰਨ ਦੀ ਜਾਚ ਬਖਸ਼ਸ਼ ਕਰੋ ।

1. **ਉ**:—ਹੇ ਭਾਈਓ ! ਉਸ ਸਾਈਂ ਜੀ ਦੇ ਸਨਮੁਖ ਹੋ ਇਉਂ ਹੀ ਅਰਦਾਸਾਂ ਕਰਦੇ ਰਿਹਾ ਕਰੋ ਕਿ, ਹੇ ਜਗਤ ਰਖਿਅਕ ਪ੍ਰਭੂ ! ਤੂੰ ਸੋਹਣਾ ਹੈਂ, ਤੂੰ ਸੋਹਣਾ ਹੈਂ, ਤੂੰ ਮਨ ਨੂੰ ਮੋਹ ਲੈਣ ਵਾਲਾ ਹੈਂ ।

2. ਹੇ ਸਭ ਦੇ ਪਾਲਣਹਾਰ ! ਕੀੜੇ, ਹਾਥੀ, ਪੱਥਰਾਂ ਦੇ (ਵਿਚ ਵੱਸਦੇ) ਜੰਤ—ਇਨ੍ਹਾਂ ਸਭਨਾਂ ਵਿਚ ਭੀ ਤੂੰ ਹੀ ਮੌਜੂਦ ਹੈਂ ।੧।ਰਹਾਉ।

8. ਹੇ ਪ੍ਰਭੂ ! ਤੂੰ (ਕਿਸੇ ਜੀਵ ਤੋਂ) ਦੂਰ ਨਹੀਂ ਹੈਂ, ਤੂੰ ਸਭ ਵਿਚ ਵਿਆਪਕ ਹੈਂ, ਤੂੰ ਪ੍ਰਤੱਖ ਦਿਸਦਾ ਹੈਂ, ਤੂੰ ਸਭ ਜੀਵਾਂ ਦੇ ਨਾਲ ਹੈਂ ।

4. ਤੂੰ ਸੋਹਣਾ ਹੈਂ, ਤੂੰ ਸਭ ਰਸਾਂ ਦਾ ਸੋਮਾਂ ਹੈਂ ।੧।

5. ਹੇ ਪ੍ਰਭੂ ਜੀ ! (ਲੋਕਾਂ ਦੇ ਮਿਥੇ ਹੋਏ) ਵਰਣਾਂ ਵਿਚੋਂ ਤੇਰਾ ਕੋਈ ਵਰਣ ਨਹੀਂ ਹੈ, (ਲੋਕਾਂ ਦੀਆਂ ਮਿਥੀਆਂ) ਕੁਲਾਂ ਵਿਚੋਂ ਤੇਰੀ ਕੋਈ ਕੁਲ ਨਹੀਂ (ਤੂੰ ਕਿਸੇ ਖਾਸ ਕੁਲ ਖਾਸ ਵਰਣ ਦਾ ਪੱਖ ਨਹੀਂ ਕਰਦਾ)।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪ੍ਰਭੂ ਜੀ ! ਤੂੰ (ਸਭਨਾਂ ਉਤੇ ਸਦਾ) ਦਇਆਵਾਨ ਰਹਿੰਦਾ ਹੈਂ ।੨।੯।੧੩੮।

ਭਾਵਾਰਥ :—ਸਨਮੁਖ ਹੋ ਪ੍ਰਭੂ ਜੀ ਦੇ ਗੁਣ ਗਾਉਂਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ਸਾਰਗ ਮ: ੫ ॥

1. ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥
2. ਉਪਜਤਾ ਬਿਕਾਰ ਦੁੰਦਰ
ਨਉਪਰੀ ਝੁਨੰਤਕਾਰ ਸੁੰਦਰ
ਅਨਿਗ ਭਾਉ ਕਰਤ ਫਿਰਤ
ਬਿਨੁ ਗੋਪਾਲ ਧੋਹੇ ॥ਰਹਾਉ॥
3. ਤੀਨਿ ਭਉਨੇ ਲਪਟਾਇ ਰਹੀ
ਕਾਚ ਕਰਮਿ ਨ ਜਾਤ ਸਹੀ
ਉਨਮਤ ਅੰਧ ਧੰਧ ਰਚਿਤ
ਜੈਸੇ ਮਹਾ ਸਾਗਰ ਹੋਹੇ ॥੧॥
4. ਉਧਰੇ ਹਰਿ ਸੰਤ ਦਾਸ
ਕਾਟਿ ਦੀਨੀ ਜਮ ਕੀ ਫਾਸ
ਪਤਿਤ ਪਾਵਨ ਨਾਮੁ ਜਾ ਕੋ
ਸਿਮਰਿ ਨਾਨਕ ਓਹੇ ॥੨॥੧੦॥੧੩੯॥੩॥
੧੩॥੧੫੫॥

ਪਦ ਅਰਥ :— ਕੇਲ—ਚੋਜ-ਤਮਾਸ਼ੇ । ਬਿਖੈ—ਵਿਸ਼ੇ ਵਿਕਾਰ । ਸੂਰ—ਸੂਰਜ (ਦੇਵਤਾ) । ਦੁੰਦਰ—ਝਗੜਾਲੂ, ਖਰੂਦੀ । ਨਉਪਰੀ—ਝਾਂਜਰਾਂ । ਝੁਨੰਤਕਾਰ—ਛਣਕਾਰ । ਅਨਿਗ—ਅਨੇਕਾਂ । ਭਾਉ—ਹਾਵ ਭਾਵ । ਧੋਹੇ—ਠੱਗ ਲੈਂਦੀ ਹੈ । ਰਹਾਉ।

ਭਉਨੇ—ਭਵਨਾਂ ਵਿਚ । ਲਪਟਾਇ ਰਹੀ- ਚੰਬੜੀ ਰਹਿੰਦੀ ਹੈ । ਕਾਚ ਕਰਮਿ—ਕੱਚੇ ਕਰਮ ਨਾਲ । ਨ ਜਾਤ ਸਹੀ—ਸਹਾਰੀ ਨਹੀਂ ਜਾਂਦੀ । ਉਨਮਨ—ਮਸਤ । ਅੰਧ—

ਅੰਨ੍ਹੇ । ਧੰਧ ਰਚਿਤ-ਧੰਧਿਆਂ ਵਿਚ ਰੁਝੇ ਹੋਏ । ਹੋਹੇ-ਧੱਕੇ ।੧।

ਉਧਰੇ-ਬਚ ਗਏ । ਫਾਸ-ਫਾਹੀ । ਪਤਿਤ ਪਾਵਨ-ਵਿਕਾਰੀਆਂ ਨੂੰ ਪਵਿੱਤ੍ਰ ਕਰਨ ਵਾਲਾ । ਜਾ ਕੋ-ਜਿਸ (ਪ੍ਰਭੂ) ਦਾ । ਓਹੇ-ਉਸੇ ਪ੍ਰਭੂ ਨੂੰ ।੨।

ਅਰਥ:-

ਪ੍ਰ:-ਗੁਰਦੇਵ ਜੀਉ ! ਜਿਸ ਮਾਇਆ ਦੀ ਆਪ ਜੀ ਪ੍ਰਬਲਤਾ ਦਸਦੇ ਆ ਰਹੇ ਹੋ, ਉਸ ਦੇ ਅੰਦਰ ਸ਼ਕਤੀ ਕਿਤਨੀ ਕੁ ਹੈ ?

1. **ਉ:**-ਹੇ ਭਾਈਓ ! (ਉਸ ਮਾਇਆ ਅੰਦਰ ਬੜੀ ਸ਼ਕਤੀ ਹੈ, ਉਹ ਮਾਇਆ ਅਨੇਕਾਂ ਹੀ) ਕਲੋਲ ਕਰਦੀ ਹੈ, (ਉਹ ਜੀਵਾਂ ਨੂੰ) ਵਿਸ਼ੇ ਵਿਕਾਰਾਂ ਨਾਲ ਜੋੜਦੀ ਹੈ, ਚੰਦਰਮਾ, ਸੂਰਜ ਆਦਿਕ ਸਭ ਦੇਵਤੇ ਇਸ ਨੇ ਆਪਣੇ ਜਾਲ ਵਿਚ ਫਸਾ ਰਖੇ ਹਨ ।
2. ਹੇ ਪਿਆਰੇ ! (ਇਸੇ ਮਾਇਆ ਦੇ ਪ੍ਰਭਾਵ ਹੇਠ ਜੀਵਾਂ ਦੇ ਅੰਦਰ) ਖਰੂਦੀ ਵਿਕਾਰ ਪੈਦਾ ਹੋ ਜਾਂਦੇ ਹਨ, ਝਾਂਜਰਾਂ ਦੀ ਛਣਕਾਰ ਵਾਂਗ ਮਾਇਆ ਜੀਵਾਂ ਨੂੰ ਪਿਆਰੀ ਲੱਗਦੀ ਹੈ, ਇਹ ਮਾਇਆ ਅਨੇਕਾਂ ਹਾਵ-ਭਾਵ ਕਰਦੀ ਫਿਰਦੀ ਹੈ, (ਹੇ ਭਾਈ !) (ਇਉਂ ਹੀ ਜਾਣੋ ਕਿ ਇਸ ਮਾਇਆ ਨੇ) ਜਗਤ ਰੱਖਿਅਕ ਪ੍ਰਭੂ ਤੋਂ ਬਿਨਾਂ ਸਭ ਜੀਵਾਂ ਨੂੰ ਠੱਗ ਲਿਆ ਹੈ ।ਰਹਾਉ।
3. ਹੇ ਭਾਈਓ ! ਇਹ ਮਾਇਆ ਤਿੰਨੇ ਭਵਨਾਂ (ਦੇ ਜੀਵਾਂ) ਨੂੰ ਚੰਬੜੀ ਰਹਿੰਦੀ ਹੈ, (ਪੁੰਨ ਦਾਨ ਤੀਰਥ ਆਦਿਕ) ਕੱਚੇ ਕਰਮਾਂ ਦੀ (ਇਸ ਮਾਇਆ ਦੀ ਸੱਟ) ਸਹਾਰੀ ਨਹੀਂ ਜਾ ਸਕਦੀ (ਭਾਵ ਮਾੜੇ ਮੋਟੇ ਕਰਮ ਕਰਨ ਨਾਲ ਇਸ ਦੇ ਅਸਰਾਂ ਤੋਂ ਬਚਿਆ ਨਹੀਂ ਜਾ ਸਕਦਾ) । ਜੀਵ ਮਾਇਆ ਦੇ ਮੋਹ ਵਿਚ ਮਸਤ ਤੇ ਅੰਨ੍ਹੇ ਹੋਏ ਰਹਿੰਦੇ ਹਨ, ਜਗਤ ਦੇ ਧੰਧਿਆਂ ਵਿਚ ਰੁਝੇ ਰਹਿੰਦੇ ਹਨ (ਇਉਂ ਧੱਕੇ ਖਾਂਦੇ ਹਨ) ਜਿਵੇਂ ਵੱਡੇ ਸਮੁੰਦਰ ਵਿਚ ਧੱਕੇ ਲੱਗਦੇ ਹਨ ।੧।

ਪ੍ਰ:-ਕਿਉਂ ਜੀ, ਕੀ ਇਸ ਮਾਇਆ ਦੇ ਅਸਰ ਤੋਂ ਕੋਈ ਬਚਦਾ ਭੀ ਹੈ ?

4. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਮਾਇਆ ਦੇ ਅਸਰ ਤੋਂ ਪ੍ਰਮਾਤਮਾ ਦੇ ਸੰਤ, ਪ੍ਰਭੂ ਦੇ ਦਾਸ (ਹੀ) ਬਚਦੇ ਹਨ, ਉਨ੍ਹਾਂ ਦੀ ਪ੍ਰਭੂ ਨੇ ਜਮਾਂ ਵਾਲੀ (ਆਤਮਕ ਮੌਤ ਦੀ) ਫਾਹੀ ਕੱਟ ਦਿਤੀ ਹੁੰਦੀ ਹੈ । (ਇਸ ਲਈ, ਹੇ ਪਿਆਰੇ !) ਜਿਸ ਪ੍ਰਭੂ ਦਾ ਨਾਮ ਪਤਿਤ ਪਾਵਨ ਹੈ, ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਹੈ, (ਤੂੰ ਭੀ) ਉਸੇ ਦਾ ਨਾਮ ਸਿਮਰਿਆ ਕਰ ।੨।੧੦।੧੩੯।੩।੧੩।੧੫੫।

ਭਾਵਾਰਥ :-ਮਾਇਆ ਦੀ ਪ੍ਰਬਲਤਾ ਦਸ ਕੇ ਕਹਿ ਰਹੇ ਹਨ ਕਿ ਐਸੀ ਬਲਵਾਨ ਮਾਇਆ ਭੀ ਉਸ ਸਾਈਂ ਜੀ ਦੇ ਭਗਤਾਂ ਦਾ ਕੁਝ ਭੀ ਨਹੀਂ ਵਿਗਾੜ ਸਕਦੀ, ਇਸ ਲਈ ਉਸੇ ਪ੍ਰਭੂ ਦੀ ਸ਼ਰਨ ਵਿਚ ਪਏ ਰਹਿਣ ਦੀ ਪ੍ਰੇਰਨਾ ਕਰਦੇ ਹਨ ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਸਾਰੰਗ ਮਹਲਾ ੯ ॥

1. **ਹਰਿ ਬਿਨੁ ਤੇਰੋ ਕੋ ਨ ਸਹਾਈ ॥**
2. **ਕਾਂ ਕੀ ਮਾਤ ਪਿਤਾ ਸੁਤ ਬਨਿਤਾ**
   ਕੋ ਕਾਹੂ ਕੋ ਭਾਈ ॥੧॥ਰਹਾਉ॥
3. **ਧਨੁ ਧਰਨੀ ਅਰੁ ਸੰਪਤਿ ਸਗਰੀ**
   ਜੋ ਮਾਨਿਓ ਅਪਨਾਈ ॥
4. **ਤਨ ਛੂਟੈ ਕਛੁ ਸੰਗਿ ਨ ਚਾਲੈ**
   ਕਹਾ ਤਾਹਿ ਲਪਟਾਈ॥੧॥
5. **ਦੀਨ ਦਇਆਲ ਸਦਾ ਦੁਖ ਭੰਜਨ**
   ਤਾ ਸਿਉ ਰੁਚਿ ਨ ਬਢਾਈ ॥
6. **ਨਾਨਕ ਕਹਤ ਜਗਤ ਸਭ ਮਿਥਿਆ**
   ਜਿਉ ਸੁਪਨਾ ਰੈਨਾਈ ॥੨॥੧॥

ਪਦ ਅਰਥ :-ਤੇਰੋ-ਤੇਰਾ । ਕੋ-ਕੋਈ (ਵਿਅਕਤੀ)। ਸਹਾਈ-ਮਦਦ ਕਰਨ ਵਾਲਾ । ਕਾਂ ਕੀ-ਕਿਸ ਦੀ । ਮਾਤ-ਮਾਂ । ਸੁਤ-ਪੁੱਤਰ । ਬਨਿਤਾ-ਇਸਤ੍ਰੀ । ਕੋ-ਕੌਣ । ਕਾਹੂ ਕੋ-ਕਿਸੇ ਦਾ । ਭਾਈ-ਭਰਾ ।੧।ਰਹਾਉ।

ਧਰਨੀ-ਧਰਤੀ । ਅਰੁ-ਅਤੇ । ਸੰਪਤਿ-ਪਦਾਰਥ । ਸਗਰੀ-ਸਾਰੀ । ਅਪਨਾਈ-ਆਪਣਾ । ਛੂਟੈ-ਖੁਸ ਜਾਂਦਾ ਹੈ, ਸਾਥ ਛੁੱਟ ਜਾਂਦਾ ਹੈ । ਸੰਗਿ-(ਜੀਵ ਦੇ) ਨਾਲ । ਕਹਾ-ਕਿਉਂ । ਲਪਟਾਈ-ਚੰਬੜਿਆ ਰਹਿੰਦਾ ਹੈ ।੧।

ਦੀਨ-ਗਰੀਬ । ਦੁਖ ਭੰਜਨ-ਦੁੱਖਾਂ ਦਾ ਨਾਸ ਕਰਨ ਵਾਲਾ । ਤਾ ਸਿਉ-ਉਸ (ਪ੍ਰਭੂ) ਨਾਲ । ਰੁਚਿ-ਪਿਆਰ । ਨ ਬਢਾਈ-ਨਹੀਂ ਵਧਾਂਦਾ । ਮਿਥਿਆ-ਨਾਸਵੰਤ । ਰੈਨਾਈ-ਰਾਤ ਦਾ ।੨।

ਅਰਥ:-

ਪ੍ਰ:-ਗੁਰਦੇਵ ਜੀਓ ! ਦਸੋ, ਮੇਰੇ ਇਨ੍ਹਾਂ ਸੰਸਾਰਕ ਸੰਬੰਧੀਆਂ ਵਿਚੋਂ ਕੌਣ ਹੈ ਜੋ ਮੇਰੀ ਅੰਤ ਸਮੇਂ ਰੱਖਿਆ ਕਰ ਸਕੇਗਾ ?

1. **ਉ:**-ਹੇ ਭਾਈ ! ਇਹ ਨਿਸਚਾ ਕਰ ਲੈ ਕਿ ਪ੍ਰਮੇਸ਼ਰ ਤੋਂ ਬਿਨਾਂ ਤੇਰਾ (ਹੋਰ) ਕੋਈ ਭੀ ਸਹਾਇਤਾ ਕਰਨ ਵਾਲਾ ਨਹੀਂ ਹੈ ।

ਪ੍ਰ:-ਕਿਉਂ ਜੀ, ਇਹ ਜੋ ਮੇਰੀ ਮਾਂ, ਪਿਤਾ ਭਰਾ ਆਦਿਕ ਮੇਰੇ ਨਾਲ ਅਥਾਹ ਪਿਆਰ ਕਰਦੇ ਹਨ, ਕੀ ਇਨ੍ਹਾਂ ਵਿਚੋਂ ਕੋਈ ਭੀ ਮੇਰਾ ਅੰਤ ਸਮੇਂ ਸਹਾਇਕ ਨਹੀਂ ਹੋ ਸਕੇਗਾ ?

2. ਉ:-ਹੇ ਪਿਆਰੇ ! ਸੁਣ, ਕੌਣ ਕਿਸੇ ਦੀ ਮਾਂ, ਕੌਣ ਕਿਸੇ ਦਾ ਪਿਓ, ਕੌਣ ਕਿਸੇ ਦਾ ਪੁੱਤਰ, ਕੌਣ ਕਿਸੇ ਦੀ ਵਹੁਟੀ ? (ਜਦੋਂ ਸਰੀਰ ਨਾਲੋਂ ਸਾਥ ਮੁੱਕ ਜਾਂਦਾ ਹੈ, ਤਦੋਂ) ਕੌਣ ਕਿਸੇ ਦਾ ਭਰਾ ਬਣਦਾ ਹੈ ? (ਕੋਈ ਨਹੀਂ) ।੧।ਰਹਾਉ।

3. ਹੇ ਭਾਈ ! ਇਹ ਧਨ, ਧਰਤੀ, ਸਾਰੀ ਮਾਇਆ, ਜਿਨ੍ਹਾਂ ਨੂੰ ਤੂੰ ਆਪਣੇ ਸਮਝੀ ਬੈਠਾ ਹੈਂ ।

4. ਜਦੋਂ ਸਰੀਰ ਨਾਲੋਂ ਸਾਥ ਮੁੱਕਦਾ ਹੈ, ਕੋਈ ਚੀਜ਼ ਭੀ (ਜੀਵ ਦੇ) ਨਾਲ ਨਹੀਂ ਤੁਰਦੀ, (ਤਾਂ ਫਿਰ ਦਸੋ) ਜੀਵ ਕਿਉਂ ਇਨ੍ਹਾਂ ਨਾਲ ਚੰਬੜਿਆ ਰਹਿੰਦਾ ਹੈ ?੧।

ਪ੍ਰ:-ਕਿਉਂ ਜੀ, ਆਖਰ ਮੈਨੂੰ ਕਰਨਾ ਕੀ ਚਾਹੀਦਾ ਹੈ ?

5. ਉ:-ਹੇ ਪਿਆਰੇ ! (ਅਸੀਂ ਤਾਂ ਵੇਖ ਰਹੇ ਹਾਂ ਕਿ) ਜਿਹੜਾ ਪ੍ਰਭੂ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜੋ ਸਦਾ (ਜੀਵਾਂ ਦੇ) ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਤੂੰ ਉਸ ਨਾਲ (ਕਦੇ ਭੀ) ਪਿਆਰ ਨਹੀਂ ਵਧਾਂਦਾ ।

ਪ੍ਰ:-ਗੁਰਦੇਵ ਜੀਉ ! ਆਪ ਜੀ ਦਾ ਕੀ ਨਿਸਚਾ ਹੈ ?

6. ਉ:-ਕਥਨ ਕਰਦੇ ਹਨ (ਗੁਰੂ) ਨੌਵੇਂ ਨਾਨਕ ਦੇਵ ਜੀ ਕਿ,ਹੇ ਭਾਈਓ ! ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ, ਤਿਵੇਂ ਸਾਰਾ ਜਗਤ ਨਾਸ਼ਵੰਤ ਹੈ ।੨।੧।

ਭਾਵਾਰਥ :—ਹਰੀ ਪ੍ਰਭੂ ਨੂੰ ਛੱਡ ਕੇ ਧਨ ਸੰਪਦਾ ਜਾਂ ਸੰਬੰਧੀਆਂ ਵਿਚ ਦਿਲ ਨਹੀਂ ਲਾਉਣਾ ਚਾਹੀਦਾ, ਕਿਉਂਕਿ ਇਹ ਸ਼ੈਆਂ ਤਾਂ ਅਨਿਸਥਿਰ ਹਨ, ਇਨ੍ਹਾਂ ਦੀ ਸਹਾਇਤਾ ਸਦੀਵੀ ਨਹੀਂ ਹੋ ਸਕਦੀ, ਕੇਵਲ ਇਕ ਹਰੀ ਪ੍ਰਮੇਸ਼ਰ ਹੈ, ਜੋ ਸਾਡੇ ਦੁੱਖ ਕੱਟਦਾ ਹੈ ਅਤੇ ਸੁੱਖਾਂ ਦੀ ਦਾਤ ਬਖਸ਼ਸ਼ ਕਰਦਾ ਹੈ ।

ਸਾਰੰਗ ਮਹਲਾ ੯ ॥

1. ਕਹਾ ਮਨ ਬਿਖਿਆ ਸਿਉ ਲਪਟਾਹੀ ॥

2. ਯਾ ਜਗ ਮੈ ਕੋਊ ਰਹਨੁ ਨ ਪਾਵੈ
ਇਕਿ ਆਵਹਿ ਇਕਿ ਜਾਹੀ ॥੧॥ਰਹਾਉ॥

3. ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ
ਕਾ ਸਿਉ ਨੇਹੁ ਲਗਾਹੀ ॥

4. ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਹੀ ॥੧॥

5. ਤਜਿ ਅਭਿਮਾਨੁ ਸਰਣਿ ਸੰਤਨ ਗਹੁ
ਮੁਕਤਿ ਹੋਹਿ ਛਿਨ ਮਾਹੀ ॥

6. ਜਨ ਨਾਨਕ ਭਗਵੰਤ ਭਜਨ ਬਿਨੁ
ਸੁਖੁ ਸੁਪਨੈ ਭੀ ਨਾਹੀ ॥੨॥੨॥

ਪਦ ਅਰਥ :— ਕਹਾ—ਕਿਉਂ । ਮਨ—ਹੇ ਮਨ ' ਬਿਖਿਆ—ਮਾਇਆ । ਸਿਉ—ਨਾਲ । ਲਪਟਾਹੀ—ਚੰਬੜਿਆ ਹੋਇਆ ਹੈਂ । ਯਾ ਜਗ ਮਹਿ—ਇਸ ਜਗਤ ਵਿਚ । ਆਵਹਿ—ਆਉਂਦੇ ਹਨ, ਜੰਮਦੇ ਹਨ । ਜਾਹੀ—ਜਾਂਦੇ ਹਨ, ਮਰਦੇ ਹਨ ।੧।ਰਹਾਉ।

ਕਾਂ ਕੋ—ਕਿਸ ਦਾ । ਸੰਪਤਿ—ਮਾਇਆ । ਕਾ ਸਿਉ—ਕਿਸ ਨਾਲ । ਨੇਹੁ—ਪਿਆਰ । ਲਗਾਹੀ—ਤੂੰ ਲਾ ਰਿਹਾ ਹੈਂ । ਸਗਲ—ਸਾਰਾ । ਬਿਨਾਸੈ—ਨਾਸ ਹੋ ਜਾਣ ਵਾਲਾ ਹੈ । ਬਾਦਰ—ਬੱਦਲ । ਛਾਹੀ—ਛਾਂ ।੧।

ਤਜਿ—ਛੱਡ । ਗਹੁ—ਫੜ । ਹੋਹਿ—ਤੂੰ ਹੋ ਜਾਏਂਗਾ । ਸੁਪਨੈ—ਸੁਪਨੇ ਵਿਚ ।੨।

ਅਰਥ:—

ਪ੍ਰ:-ਸ੍ਰੀ ਜੀਓ ! ਸਾਡਾ ਮਨ ਸਦਾ ਹੀ ਮਾਇਆ ਵਿਚ ਗਲਤਾਨ ਰਹਿੰਦਾ ਹੈ, ਇਸ ਨੂੰ ਸਮਝਾਉਂਦੇ ਰਹਿਣ ਲਈ ਕੋਈ ਢੰਗ ਦਸੋ ?

1. ਉ:-ਹੇ ਭਾਈ ! ਇਸ ਭੁੱਲੇ ਮਨ ਨੂੰ ਸਦਾ ਇਉਂ ਹੀ ਸਮਝਾਉਂਦਾ ਰਿਹਾ ਕਰ ਕਿ, (ਹੇ ਮੇਰੇ ਮਨ !) ਤੂੰ ਕਿਉਂ ਮਾਇਆ ਨਾਲ (ਹੀ) ਚੰਬੜਿਆ ਰਹਿੰਦਾ ਹੈਂ ?

2. (ਵੇਖ) ਇਸ ਦੁਨੀਆਂ ਵਿਚ (ਸਦਾ ਲਈ) ਕੋਈ ਭੀ ਟਿਕਿਆ ਨਹੀਂ ਰਹਿ ਸਕਦਾ । ਅਨੇਕਾਂ ਜੰਮਦੇ ਰਹਿੰਦੇ ਹਨ, ਅਨੇਕਾਂ ਹੀ ਮਰਦੇ ਰਹਿੰਦੇ ਹਨ ।੧।ਰਹਾਉ।

3. ਹੇ ਭੋਲਿਆ ! ਵੇਖ, ਸਦਾ ਲਈ ਨਾ ਕਿਸੇ ਦਾ ਸਰੀਰ ਰਹਿੰਦਾ ਹੈ, ਨਾ ਧਨ ਰਹਿੰਦਾ ਹੈ, ਨਾ ਮਾਇਆ ਰਹਿੰਦੀ ਹੈ, (ਦੱਸ ਤੂੰ) ਕਿਸ ਨਾਲ ਪਿਆਰ ਬਣਾਏ ਬੈਠਾ ਹੈਂ ।

4. ਹੇ ਭੋਲੇ ਮਨਾ ! ਵੇਖ, ਜਿਵੇਂ ਬੱਦਲਾਂ ਦੀ ਛਾਂ ਹੈ, ਤਿਵੇਂ ਜੋ ਕੁਝ ਦਿਸ ਰਿਹਾ ਹੈ, (ਇਹ) ਸਭ ਨਾਸਵੰਤ ਹੈ ।੧।

ਪ੍ਰ:-ਸ੍ਰੀ ਜੀਉ ! ਦਸੋ; ਆਖਰ ਮੇਰੇ ਮੁਕਤ ਹੋਣ ਲਈ ਕਿਹੜਾ ਸਾਧਨ ਹੈ ?

5. ਉ:-ਹੇ ਪਿਆਰੇ ! (ਮਨ ਨੂੰ ਸਦਾ ਇਉਂ ਹੀ ਪ੍ਰੇਰਨਾ ਕਰਦਾ ਰਹੁ, ਕਿ) ਐ ਮਨ ! ਤੂੰ ਅਹੰਕਾਰ ਛੱਡ, ਤੇ ਸੰਤ ਜਨਾਂ ਦੀ ਸ਼ਰਨ ਫੜ, (ਇਸ ਤਰ੍ਹਾਂ ਤੂੰ) ਇਕ ਛਿਨ ਵਿਚ (ਮਾਇਆ ਦੇ ਬੰਧਨਾਂ ਤੋਂ) ਸੁਤੰਤਰ ਹੋ ਜਾਏਂਗਾ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਤੂੰ ਇਹ ਨਿਸਚਾ ਕਰ ਲੈ ਕਿ, ਪ੍ਰਮਾਤਮਾ ਦੇ ਭਜਨ ਤੋਂ ਬਿਨਾਂ ਕਦੇ ਸੁਪਨੇ (ਵਿਚ ਭੀ) ਸੁੱਖ ਨਹੀਂ ਮਿਲਦਾ ।੨।੨।

ਭਾਵਾਰਥ :—ਮਾਇਆ ਵਿਚ ਸਦਾ ਹੀ ਖਚਤ ਰਹਿਣ ਵਾਲੇ ਮਨ ਨੂੰ ਨਾਮ ਵਿਚ ਪਿਆਰ ਕਰਦੇ ਰਹਿਣ ਲਈ ਪ੍ਰੇਰਨਾ ਕਰਦੇ ਹਨ, ਕਿਉਂਕਿ ਨਾਮ ਤੋਂ ਸੱਖਣੇ ਮਨ ਨੂੰ ਕਦੇ ਭੀ ਸੁੱਖ ਪ੍ਰਾਪਤੀ ਨਹੀਂ ਹੁੰਦੀ ।

ਸਾਰੰਗ ਮਹਲਾ ੯ ॥

1. ਕਹਾ ਨਰ ਅਪਨ ਜਨਮੁ ਗਵਾਵੈ ॥
2. ਮਾਇਆ ਮਦਿ ਬਿਖਿਆ ਰਸਿ ਰਚਿਓ
ਰਾਮ ਸਰਨਿ ਨਹੀ ਆਵੈ ॥੧॥ਰਹਾਉ॥
3. ਇਹੁ ਸੰਸਾਰੁ ਸਗਲ ਹੈ ਸੁਪਨੋ
ਦੇਖਿ ਕਹਾ ਲੋਭਾਵੈ ॥
4. ਜੋ ਉਪਜੈ ਸੋ ਸਗਲ ਬਿਨਾਸੈ
ਰਹਨੁ ਨ ਕੋਊ ਪਾਵੈ ॥੧॥
5. ਮਿਥਿਆ ਤਨੁ ਸਾਚੋ ਕਰਿ ਮਾਨਿਓ
ਇਹ ਬਿਧਿ ਆਪੁ ਬੰਧਾਵੈ ॥
6. ਜਨ ਨਾਨਕ ਸੋਊ ਜਨੁ ਮੁਕਤਾ
ਰਾਮ ਭਜਨ ਚਿਤੁ ਲਾਵੈ ॥੨॥੩॥

ਪਦ ਅਰਥ :—ਕਹਾ—ਕਿਉਂ । ਗਵਾਵੈ—ਗਵਾਂਦਾ ਹੈ। ਮਦਿ—ਨਸ਼ੇ ਵਿਚ । ਬਿਖਿਆ ਰਸਿ—ਮਾਇਆ ਦੇ ਰਸ ਵਿਚ । ਰਚਿਓ—ਰੁਝਾ ਰਹਿੰਦਾ ਹੈ ।੧।ਰਹਾਉ।

ਸਗਲ—ਸਾਰਾ । ਦੇਖਿ—ਵੇਖ ਕੇ । ਕਹਾ—ਕਿਉਂ । ਲੋਭਾਵੈ—ਲੋਭ ਵਿਚ ਫਸਦਾ ਹੈ । ਉਪਜੈ—ਜੰਮਦਾ ਹੈ। ਬਿਨਾਸੈ—ਨਾਸ ਹੋ ਜਾਂਦਾ ਹੈ । ਕੋਊ—ਕੋਈ ਭੀ ਜੀਵ । ਰਹਨੁ ਨ ਪਾਵੈ—ਸਦਾ ਲਈ ਟਿਕ ਨਹੀਂ ਸਕਦਾ ।੧।

ਮਿਥਿਆ—ਨਾਸਵੰਤ । ਸਾਚੋ—ਸਦਾ ਕਾਇਮ ਰਹਿਣ ਵਾਲਾ । ਕਰਿ—ਕਰ ਕੇ, ਖਿਆਲ ਕਰ ਕੇ । ਇਹ ਬਿਧਿ—ਇਸ ਤਰ੍ਹਾਂ । ਆਪੁ—ਆਪਣੇ ਆਪ ਨੂੰ । ਬੰਧਾਵੈ—ਫਸਾਂਦਾ ਹੈ । ਸੋਊ ਜਨੁ—ਉਹੀ ਮਨੁੱਖ । ਮੁਕਤਾ—ਮੋਹ ਦੇ ਬੰਧਨਾਂ ਤੋਂ ਸੁਤੰਤਰ । ਚਿਤੁ ਲਾਵੈ—ਚਿਤ ਜੋੜਦਾ ਹੈ ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਦਸੋ ਆਪ ਜੀ ਸੰਸਾਰਕ ਜੀਵਾਂ ਦੀ ਦਸ਼ਾ ਨੂੰ ਕਿਵੇਂ ਅਨੁਭਵ ਕਰਦੇ ਹੋ ?

1. ਉ:—ਹੇ ਭਾਈ ! ਮੈਂ ਤਾਂ ਵੇਖ ਰਿਹਾ ਹਾਂ ਕਿ ਪਤਾ ਨਹੀਂ (ਕਿ ਇਹ) ਮਨੁੱਖ ਆਪਣਾ ਜੀਵਨ ਅਜਾਈਂ ਕਿਉਂ ਬਰਬਾਦ ਕਰਦਾ ਹੈ ।
2. (ਇਹ ਜੀਵ) ਮਾਇਆ ਦੀ ਮਸਤੀ ਵਿਚ, ਮਾਇਆ ਦੇ ਸੁਆਦ ਵਿਚ ਰੁੱਝਾ ਰਹਿੰਦਾ ਹੈ ਤੇ ਪ੍ਰਮੇਸ਼ਰ ਜੀ ਦੀ ਸ਼ਰਨ ਨਹੀਂ ਪੈਂਦਾ ।੧।ਰਹਾਉ।
3. ਹੇ ਪਿਆਰੇ ! ਇਹ ਸਾਰਾ ਜਗਤ (ਤਾਂ) ਸੁਪਨੇ ਵਾਂਗ ਹੈ, (ਪਰ ਪਤਾ ਨਹੀਂ) ਫਿਰ ਇਹ ਮਨੁੱਖ ਕਿਉਂ ਲੋਭ ਵਿਚ ਫਸਦਾ ਹੈ ।
4. ਹੇ ਭਾਈਓ ! ਜੇ ਵੀਚਾਰ ਦ੍ਰਿਸ਼ਟੀ ਨਾਲ ਤੱਕਿਆ ਜਾਵੇ ਤਾਂ ਇਉਂ ਹੀ ਸੋਝੀ ਪੈਂਦੀ ਹੈ ਕਿ, ਇਥੇ ਤਾਂ ਜੋ ਕੋਈ ਜੰਮਦਾ ਹੈ, ਉਹ ਹਰੇਕ ਹੀ ਨਾਸ ਹੋ ਜਾਂਦਾ ਹੈ, ਇਥੇ ਕੋਈ ਭੀ ਸਦਾ ਲਈ ਟਿਕ ਨਹੀਂ ਸਕਦਾ ।੧।

ਪ੍ਰ:—ਸ੍ਰੀ ਜੀਉ ! ਇਹ ਦਸੋ, ਜੀਵ ਇਸ ਸੰਸਾਰ ਦੇ ਬੰਧਨਾਂ ਵਿਚ ਕਿਉਂ ਬੰਨ੍ਹਿਆ ਜਾਂਦਾ ਹੈ ?

5. ਉ:—ਹੇ ਪਿਆਰੇ ! ਇਸ ਦਾ ਬੰਧਾਇਮਾਨ ਹੋ ਜਾਣ ਦਾ ਇਕ ਇਹੋ ਹੀ ਕਾਰਨ ਹੈ ਕਿ, ਇਹ ਸਰੀਰ (ਤਾਂ) ਨਾਸਵੰਤ ਹੈ,ਪਰ ਜੀਵ ਇਸਨੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਰੱਖਦਾ ਹੈ ।

ਪ੍ਰ.—ਕਿਉਂ ਜੀ ! ਆਖਰ ਦੱਸੋ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਕੌਣ ਹੋ ਸਕਦਾ ਹੈ ?

6. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਸੁਤੰਤਰ ਰਹਿੰਦਾ ਹੈ, ਜਿਹੜਾ ਪ੍ਰਮਾਤਮਾ ਦੇ ਭਜਨ ਵਿਚ ਆਪਣਾ ਚਿੱਤ ਜੋੜੀ ਰੱਖਦਾ ਹੈ ।੨।੩।

ਭਾਵਾਰਥ :— ਮਾਇਆ ਮੋਹ ਦੀ ਪ੍ਰਬਲਤਾ ਵਿਚ ਇਹ ਜੀਵ ਆਪਣੇ ਇਸ ਨਾਸਵੰਤ ਸਰੀਰ ਨੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਰੱਖਦਾ ਹੈ, ਪਰ ਜਿਤਨਾ ਚਿਰ ਇਹ ਪ੍ਰਭੂ ਦੀ ਯਾਦ ਵਿਚ ਆਪਣਾ ਚਿਤ ਨਹੀਂ ਜੋੜਦਾ, ਉਤਨਾ ਚਿਰ ਇਹ ਮਾਇਆ ਮੋਹ ਦੇ ਬੰਧਨਾਂ ਤੋਂ ਸੁਤੰਤਰ ਨਹੀਂ ਹੋ ਸਕਦਾ ।

ਸਾਰੰਗ ਮਹਲਾ ੫ ॥

1. ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥
2. ਬਿਖਿਆਸਕਤਿ ਰਹਿਓ ਨਿਸਿ ਬਾਸੁਰ
ਕੀਨੋ ਅਪਨੋ ਭਾਇਓ ॥੧॥ਰਹਾਉ॥
3. ਗੁਰ ਉਪਦੇਸੁ ਸੁਨਿਓ ਨਹਿ ਕਾਨਨਿ
ਪਰ ਦਾਰਾ ਲਪਟਾਇਓ ॥
4. ਪਰ ਨਿੰਦਾ ਕਾਰਨਿ ਬਹੁ ਧਾਵਤ
ਸਮਝਿਓ ਨਹ ਸਮਝਾਇਓ ॥੧॥

5. **ਕਹਾ ਕਹਉ ਮੈ ਅਪੁਨੀ ਕਰਨੀ**
ਜਿਹ ਬਿਧਿ ਜਨਮੁ ਗਵਾਇਓ ॥
6. **ਕਹਿ ਨਾਨਕ ਸਭ ਅਉਗਨ ਮੋ ਮਹਿ**
ਰਾਖਿ ਲੇਹੁ ਸਰਨਾਇਓ ॥੨॥੬॥
੩॥੧੩॥੧੩੯॥੪॥੧੫੯॥

ਪਦ ਅਰਥ:—ਮਨ ਕਰਿ—ਮਨ ਦੀ ਰਾਹੀਂ, ਮਨ ਲਾ ਕੇ। ਕਬਹੂ—ਕਦੇ ਭੀ। ਬਿਖਿਆਸਕਤ-[ਬਿਖਿਆ-ਅਸਕਤ। ਬਿਖਿਆ—ਮਾਇਆ। ਆਸਕਤ—ਮਾਇਆ ਨਾਲ ਚੰਬੜਿਆ ਹੋਇਆ]। ਨਿਸ—ਰਾਤ। ਬਾਸੁਰ—ਦਿਨ। ਅਪਨੋ ਭਾਇਓ—ਜੋ ਆਪ ਨੂੰ ਚੰਗਾ ਲੱਗਦਾ ਸੀ।੧।ਰਹਾਉ।

ਕਾਨਨਿ—ਕੰਨਾਂ ਨਾਲ। ਦਾਰਾ—ਇਸਤਰੀ। ਕਾਰਨਿ—ਵਾਸਤੇ। ਧਾਵਤ—ਦੌੜ-ਭੱਜ ਕਰਦਾ।੧।

ਕਹਾ—ਕੀ। ਕਹਉ—ਕਹਉਂ, ਮੈਂ ਕਹਾਂ। ਕਰਨੀ—ਆਚਰਨ। ਜਿਹ ਬਿਧਿ-ਜਿਸ ਤਰੀਕੇ ਨਾਲ। ਕਹਿ—ਕਹੇ, ਆਖਦਾ ਹੈ। ਮੋ ਮਹਿ—ਮੇਰੇ ਅੰਦਰ।੨।

ਅਰਥ:—

ਪ੍ਰ:—ਸ੍ਰੀ ਜੀਉ! ਆਪ ਜੀ ਜਦ ਕਦੀ ਪ੍ਰਭੂ ਚਰਨਾਂ ਵਿਚ ਅਰਦਾਸ ਕਰਦੇ ਹੋ, ਉਹ ਕਿਸ ਰੂਪ ਵਿਚ ਕਰਦੇ ਹੋ?

1. ਉ:—ਹੇ ਭਾਈਓ! ਮੇਰੀ ਤਾਂ ਉਸ ਸਾਈਂ ਜੀ ਅਗੇ ਇਹੋ ਹੀ ਜੋਦੜੀ ਹੁੰਦੀ ਹੈ ਕਿ, ਹੇ ਪ੍ਰਭੂ! ਮੈਂ ਮਨ ਲਾ ਕੇ ਕਦੇ ਭੀ ਤੇਰੇ ਗੁਣ ਨਹੀਂ ਗਾਂਦਾ ਰਿਹਾ।
2. ਮੈਂ (ਤਾਂ) ਦਿਨ ਰਾਤ ਮਾਇਆ ਵਿਚ ਹੀ ਮਗਨ ਰਿਹਾ, ਮੈਂ ਉਹੀ ਕੁਝ ਕਰਦਾ ਰਿਹਾ, ਜੋ ਮੈਨੂੰ ਚੰਗਾ ਲੱਗਦਾ ਸੀ।੧।ਰਹਾਉ।
3. ਹੇ ਹਰੀ ਜੀਉ! ਮੈਂ ਕੰਨਾਂ ਨਾਲ ਗੁਰੂ ਦੀ ਸਿਖਿਆ (ਕਦੇ) ਭੀ ਨਾ ਸੁਣੀ, ਪਰਾਈ ਇਸਤਰੀ ਵਾਸਤੇ ਕਾਮ ਵਾਸ਼ਨਾ ਰੱਖਦਾ ਰਿਹਾ।
4. ਹੇ ਸਾਈਆਂ ਜੀਓ! ਦੂਜਿਆਂ ਦੀ ਨਿੰਦਾ ਸੁਣਨ ਵਾਸਤੇ ਬਹੁਤ ਹੀ ਦੌੜ ਭੱਜ ਕਰਦਾ ਰਿਹਾ, ਸਮਝਾਂਦਿਆਂ ਭੀ ਮੈਂ (ਕਦੇ) ਨਾ ਸਮਝਿਆ (ਕਿ ਇਹ ਕੰਮ ਮਾੜਾ ਹੈ)।੧।
5. ਹੇ ਹਰੀ ਜੀਓ! ਜਿਸ ਤਰ੍ਹਾਂ ਮੈਂ ਆਪਣਾ ਜੀਵਨ ਅਜਾਈਂ ਗਵਾ ਲਿਆ, ਉਹ ਮੈਂ ਕਿਥੋਂ ਤਕ ਆਪਣੀ ਕਰਤੂਤ ਦੱਸਾਂ।
6. (ਇਸ ਲਈ) ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪ੍ਰਭੂ ਜੀ! ਮੇਰੇ ਅੰਦਰ ਸਾਰੇ ਔਗੁਣ ਹੀ ਹਨ, ਮੈਨੂੰ ਆਪਣੀ ਸ਼ਰਨ ਵਿਚ ਰੱਖ।੨।੪।੩।੧੩।੧੩੯।੪।੧੫੯।

ਸ਼ਬਦਾਂ ਦਾ ਵੇਰਵਾ :—

ਗੁਰੂ ਨਾਨਕ ਦੇਵ ਜੀ	੩
ਗੁਰੂ ਰਾਮਦਾਸ ਜੀ	੧੩
ਗੁਰੂ ਅਰਜਨ ਸਾਹਿਬ ਜੀ	੧੩੯
ਗੁਰੂ ਤੇਗ ਬਹਾਦਰ ਜੀ	੪
ਕੁਲ ਜੋੜ	੧੫੯

ਰਾਗੁ ਸਾਰਗ ਅਸਟਪਦੀਆ
ਮਹਲਾ ੧ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥**
2. **ਜੈ ਜਗਦੀਸ ਤੇਰਾ ਜਸੁ ਜਾਚਉ**
ਮੈ ਹਰਿ ਬਿਨੁ ਰਹਨੁ ਨ ਜਾਈ ॥੧॥ਰਹਾਉ॥
3. **ਹਰਿ ਕੀ ਪਿਆਸ ਪਿਆਸੀ ਕਾਮਨਿ**
ਦੇਖਉ ਰੈਨਿ ਸਬਾਈ ॥
4. **ਸ੍ਰੀਧਰ ਨਾਥ ਮੇਰਾ ਮਨੁ ਲੀਨਾ**
ਪ੍ਰਭੁ ਜਾਨੈ ਪੀਰ ਪਰਾਈ ॥੧॥
5. **ਗਣਤ ਸਰੀਰਿ ਪੀਰ ਹੈ ਹਰਿ ਬਿਨੁ**
ਗੁਰ ਸਬਦੀ ਹਰਿ ਪਾਈ ॥
6. **ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ**
ਹਰਿ ਸਿਉ ਰਹਾਂ ਸਮਾਈ ॥੨॥
7. **ਐਸੀ ਰਵਤ ਰਵਹੁ ਮਨ ਮੇਰੇ**
ਹਰਿ ਚਰਣੀ ਚਿਤੁ ਲਾਈ ॥
8. **ਬਿਸਮ ਭਏ ਗੁਣ ਗਾਇ ਮਨੋਹਰ**
ਨਿਰਭਉ ਸਹਜਿ ਸਮਾਈ ॥੩॥
9. **ਹਿਰਦੈ ਨਾਮੁ ਸਦਾ ਧੁਨਿ ਨਿਹਚਲ**
ਘਟੈ ਨ ਕੀਮਤਿ ਪਾਈ ॥
10. **ਬਿਨੁ ਨਾਵੈ ਸਭੁ ਕੋਈ ਨਿਰਧਨੁ**
ਸਤਿਗੁਰਿ ਬੂਝ ਬੁਝਾਈ ॥੪॥
11. **ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ**
ਦੂਤ ਮੁਏ ਬਿਖੁ ਖਾਈ ॥
12. **ਜਬ ਕੀ ਉਪਜੀ ਤਬ ਕੀ ਤੈਸੀ**
ਰੰਗੁਲ ਭਈ ਮਨਿ ਭਾਈ ॥੫॥
13. **ਸਹਜ ਸਮਾਧਿ ਸਦਾ ਲਿਵ ਹਰਿ ਸਿਉ**
ਜੀਵਾਂ ਹਰਿ ਗੁਨ ਗਾਈ ॥
14. **ਗੁਰ ਕੈ ਸਬਦਿ ਰਤਾ ਬੈਰਾਗੀ**
ਨਿਜ ਘਰਿ ਤਾੜੀ ਲਾਈ ॥੬॥

15. **ਸੁਧ ਰਸ ਨਾਮੁ ਮਹਾ ਰਸੁ ਮੀਠਾ**
ਨਿਜ ਘਰਿ ਤਤੁ ਗੁਸਾਂਈ ॥
16. **ਤਹ ਹੀ ਮਨੁ ਜਹ ਹੀ ਤੈ ਰਾਖਿਆ**
ਐਸੀ ਗੁਰਮਤਿ ਪਾਈ ॥੭॥
17. **ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ**
ਭਗਤਿ ਰਤੇ ਬਨਿ ਆਈ ॥੭॥
18. **ਨਾਨਕ ਹਰਿ ਬਿਨੁ ਘਰੀ ਨ ਜੀਵਾਂ**
ਹਰਿ ਕਾ ਨਾਮੁ ਵਡਾਈ ॥੮॥੧॥

ਪਦ ਅਰਥ :— ਮਾਈ—ਹੇ ਮਾਂ। ਕਿਉ ਜੀਵਾ—ਮੈਂ ਕਿਵੇਂ ਜੀ ਸਕਾਂ, ਮੇਰੀ ਜਿੰਦ ਵਿਆਕੁਲ ਹੁੰਦੀ ਹੈ। ਜਗਦੀਸ—ਹੇ ਜਗਤ ਦੇ ਈਸ਼ [ਜਗਦੀਸ—ਜਗਤ-ਈਸ । ਈਸ—ਮਾਲਕ]। ਜਸੁ—ਸਿਫਤਿ ਸਾਲਾਹ। ਜਾਚਉ—ਮੈਂ ਮੰਗਦਾ ਹਾਂ। ਰਹਨੁ ਨ ਜਾਈ—ਰਿਹਾ ਨਹੀਂ ਜਾ ਸਕਦਾ, ਮਨ ਡੋਲਦਾ ਹੈ। ੧॥ਰਹਾਉ॥

ਪਿਆਸੀ—ਮਿਲਾਪ ਵਾਸਤੇ ਉਤਾਵਲੀ। ਕਾਮਨਿ—ਇਸਤ੍ਰੀ। ਰੈਨਿ—ਰਾਤ । ਸਬਾਈ—ਸਾਰੀ। ਸ੍ਰੀ ਧਰ—[ਸ੍ਰੀ—ਲਛਮੀ। ਧਰ—ਆਸਰਾ] ਹੇ ਲਛਮੀ ਦੇ ਆਸਰੇ, ਹੇ ਪ੍ਰਭੂ। ਨਾਥ—ਹੇ ਮਾਲਕ ਪ੍ਰਭੂ। ਪੀਰ—ਪੀੜ ।੧।

ਗਣਤ—ਚਿੰਤਾ,ਗਿਣਤੀ,ਫਿਕਰ।ਸਰੀਰਿ—ਸਰੀਰ ਵਿਚ, ਹਿਰਦੇ ਵਿਚ। ਪਾਈ—ਪਾਈਂ, ਮੈਂ ਲੱਭ ਸਕਦੀ ਹਾਂ। ਰਹਾਂ ਸਮਾਈ—ਸਮਾਇ ਰਹਾਂ, ਲੀਨ ਰਹਾਂ ।੨।

ਰਵਤ ਰਵਹੁ—ਰਹਤ ਰਹੋ, ਚਾਲ ਚਲੋ। ਬਿਸਮ—ਹੈਰਾਨ, ਅਸਚਰਜ, ਮਗਨ। ਮਨੋਹਰ—ਮਨ ਨੂੰ ਮੋਹ ਲੈਣ ਵਾਲਾ। ਸਹਜਿ—ਆਤਮਕ ਅਡੋਲਤਾ ਵਿਚ ।੩।

ਧੁਨਿ—ਲਗਨ । ਨਿਹਚਲ—ਅਡੋਲ । ਨਿਰਧਨੁ—ਕੰਗਾਲ। ਸਤਿਗੁਰਿ—ਗੁਰੂ ਨੇ। ਬੂਝ—ਸਮਝ ।੪।

ਸੁਣਿ—ਸੁਣ । ਸਜਨੀ—ਹੇ ਸਖੀ । ਪ੍ਰਾਨ—ਜਿੰਦ । ਦੂਤ—ਕਾਮਾਦਿਕ ਵਿਕਾਰ। ਖਾਈ—ਖਾਇ, ਖਾ ਕੇ। ਰੰਗੁਲ—ਰੰਗਲੀ। ਮਨਿ—ਮਨ ਵਿਚ। ਭਾਈ—ਪਿਆਰੀ ਲੱਗੀ ।੫।

ਸਮਾਧਿ—ਟਿਕਾਉ, ਇਕਾਗਰਤਾ । ਜੀਵਾਂ-ਮੈਂ ਜੀਉਂਦੀ ਹਾਂ, ਮੇਰੇ ਅੰਦਰ ਧੀਰਜ ਪੈਦਾ ਹੁੰਦੀ ਹੈ। ਬੈਰਾਗੀ—ਵੈਰਾਗਵਾਨ, ਪ੍ਰੇਮੀ। ਤਾੜੀ ਲਾਈ—ਟਿਕ ਜਾਂਦਾ ਹੈ ।੬।

ਸੁਧ—ਪਵਿੱਤਰ। ਗੁਸਾਂਈ—ਹੇ ਧਰਤੀ ਦੇ ਖਸਮ ।੭।

ਸਨਕ ਸਨਾਦਿ—ਸਨਕ, ਸਨੰਦਨ, ਸਨਤਕੁਮਾਰ, ਸਨਾਤਨ (ਇਹ ਚਾਰੇ ਬ੍ਰਹਮਾਂ ਦੇ ਪੁੱਤਰ ਹਨ)। ਰਤੇ—ਰੰਗੇ ਗਏ। ਬਨਿ ਆਈ—ਪ੍ਰੀਤ ਬਣ ਗਈ ।੮।

ਅਰਥ.—

ਪ੍ਰ:-ਗੁਰਦੇਵ ਜੀਓ ! ਉਸ ਸਾਈਂ ਜੀ ਦੇ ਨਾਮ ਦੇ ਵਿਛੋੜੇ ਦੇ ਦੁੱਖ ਨੂੰ ਤੁਸੀਂ ਆਪਣੇ ਅੰਤਰ-ਆਤਮੇ ਕਿਵੇਂ ਅਨੁਭਵ ਕਰਦੇ ਹੋ ?

1. ਉ:—ਹੇ ਮੇਰੀ ਮਾਂ ! (ਉਸ) ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮੇਰੀ ਜਿੰਦ (ਸਦਾ ਹੀ) ਵਿਆਕੁਲ ਹੁੰਦੀ ਹੈ।

2. ਹੇ ਮੇਰੀ ਮਾਂ ! ਮੇਰੇ ਅੰਦਰੋਂ ਸਦਾ ਇਉਂ ਹੀ ਆਵਾਜ਼ ਨਿਕਲਦੀ ਹੈ ਕਿ, ਹੇ ਜਗਤ ਦੇ ਮਾਲਕ ! ਤੇਰੀ ਹੀ ਸਦਾ ਜੈ (ਜਿੱਤ) ਹੈ, ਮੈਂ (ਤੇਰੇ ਪਾਸੋਂ) ਤੇਰੀ ਸਿਫਤ ਸਾਲਾਹ ਦੀ ਦਾਤ ਮੰਗਦਾ ਹਾਂ, (ਕਿਉਂਕਿ) ਪ੍ਰਮਾਤਮਾ ਦਾ ਨਾਮ ਸਿਮਰਨ ਤੋਂ ਸੱਖਣਾ ਮੇਰਾ ਮਨ ਘਾਬਰਦਾ ਹੈ ।੧।ਰਹਾਉ।

ਪ੍ਰ.—ਸ੍ਰੀ ਜੀਓ ! ਉਸ ਸਾਈਂ ਜੀ ਦੇ ਮਿਲਾਪ ਦੀ ਆਪ ਜੀ ਨੂੰ ਮਨ ਵਿਚ ਕਿਤਨੀ ਕੁ ਤਾਂਘ ਹੈ ?

3. ਉ:—ਹੇ ਮਾਂ ! ਜਿਵੇਂ ਕਿਸੇ ਇਸਤ੍ਰੀ ਨੂੰ ਆਪਣੇ ਪਤੀ ਦੇ ਮਿਲਾਪ ਦੀ ਤਾਂਘ ਹੁੰਦੀ ਹੈ, ਉਹ ਸਾਰੀ ਰਾਤ (ਹੀ) ਉਸ ਦੀ ਉਡੀਕ ਕਰਦੀ ਹੈ, ਤਿਵੇਂ ਮੈਨੂੰ ਹਰੀ ਦੇ ਦੀਦਾਰ ਦੀ (ਤਾਂਘ) ਹੈ, ਮੈਂ ਸਾਰੀ ਉਮਰ ਹੀ ਉਸ ਦੀ ਉਡੀਕ ਕਰਦੀ ਚਲੀ ਆ ਰਹੀ ਹਾਂ।

4. ਹੇ ਲੱਛਮੀ ਦੇ ਪਤੀ, ਹੇ (ਜਗਤ ਦੇ) ਨਾਥ ! ਮੇਰਾ ਮਨ ਤੇਰੀ ਯਾਦ ਵਿਚ ਮਸਤ ਹੈ। (ਹੇ ਮਾਂ) ਉਹ ਇਕ ਪ੍ਰਮਾਤਮਾ ਹੀ ਪਰਾਈ ਪੀੜ ਸਮਝ ਸਕਦਾ ਹੈ।

ਪ੍ਰ:—ਕਿਉਂ ਜੀ, ਤੁਹਾਨੂੰ ਉਸ ਮਾਲਕ ਦੇ ਵਿਛੋੜੇ ਦਾ ਇਤਨਾ ਵਧੇਰੇ ਦੁੱਖ ਕਿਉਂ ਅਨੁਭਵ ਹੁੰਦਾ ਹੈ ?

5. ਉ:—ਹੇ ਮਾਂ ! (ਉਹ ਇਸ ਲਈ ਕਿ) ਪ੍ਰਮੇਸ਼ਰ ਜੀ ਦੇ ਨਾਮ ਤੋਂ ਬਿਨਾਂ ਮੇਰੇ ਹਿਰਦੇ ਵਿਚ (ਹੋਰ-ਹੋਰ) ਚਿੰਤਾ-ਫਿਕਰਾਂ ਦੀ ਤਕਲੀਫ ਟਿਕੀ ਰਹਿੰਦੀ ਹੈ। (ਇਸ ਲਈ ਮੈਨੂੰ ਪੂਰਨ ਵਿਸ਼ਵਾਸ ਹੈ ਕਿ) ਉਹ ਪ੍ਰਮਾਤਮਾ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਮਿਲ ਸਕਦਾ ਹੈ ।੧।

ਪ੍ਰ:—ਸ੍ਰੀ ਜੀਓ ! ਨਾਮ ਦਾ ਸਿਮਰਨ ਕਰਦੇ ਰਹਿਣ ਸਮੇਂ ਆਪ ਜੀ ਦੀ ਉਸ ਪ੍ਰਭੂ ਤੋਂ ਜਾਚਨਾ ਕੀ ਹੁੰਦੀ ਹੈ ?

6. ਉ:—ਹੇ ਭਾਈਓ ! (ਮੇਰੇ ਮਨ ਵਿਚ ਤਾਂ ਸਿਰਫ ਇਹੋ ਹੀ ਮੰਗ ਹੁੰਦੀ ਹੈ ਕਿ) ਹੇ ਪਿਆਰੇ ਹਰੀ ! ਮੇਰੇ ਉਤੇ ਦਇਆ-ਵਾਨ ਹੋ, ਮੇਰੇ ਉਤੇ ਕ੍ਰਿਪਾ ਕਰ, ਮੈਂ (ਸਦਾ) ਤੇਰੀ ਯਾਦ ਵਿਚ ਹੀ ਲੀਨ ਰਹਾਂ ।੨।

ਪ੍ਰ:—ਗੁਰਦੇਵ ਜੀਓ ! ਇਹ ਮਨ ਤਾਂ ਬੜਾ ਹੀ ਅਮੋੜ ਹੈ, ਆਪ ਜੀ ਇਸ ਨੂੰ ਕਿਵੇਂ ਸਮਝਾਉਂਦੇ ਹੋ ?

7. ਉ:—ਹੇ ਭਾਈ ! (ਇਸ ਅਮੋੜ ਮਨ ਨੂੰ ਸਮਝਾਉਣ ਲਈ ਕੇਵਲ ਇਕ ਇਹੋ ਹੀ ਸਿੱਖਿਆ ਦੇਂਦੇ ਹਾਂ ਕਿ) ਹੇ ਮੇਰੇ ਮਨ ! ਤੂੰ ਅਜਿਹਾ ਰਸਤਾ ਫੜ ਕਿ ਤੂੰ ਪ੍ਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹੇਂ।

8. ਹੇ ਭਾਈ ! ਮਨ ਨੂੰ ਮੋਹਣ ਵਾਲੇ ਪ੍ਰਮੇਸ਼ਰ ਦੇ ਗੁਣ ਗਾ ਕੇ (ਭਾਗਾਂ ਵਾਲੇ ਬੰਦੇ ਅਨੰਦ ਵਿਚ) ਮਸਤ ਰਹਿੰਦੇ ਹਨ, ਦੁਨੀਆਂ ਦੇ ਡਰਾਂ ਸਹਿਮਾਂ ਤੋਂ ਨਿਡਰ

ਹੋ ਕੇ ਉਹ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ ।੩।

9. ਹੇ ਮੇਰੇ ਮਨ ! ਜੇ ਹਿਰਦੇ ਵਿਚ ਪ੍ਰਭੂ ਦਾ ਨਾਮ ਵੱਸ ਪਏ, ਜੇ (ਪ੍ਰਭੂ ਪਿਆਰ ਦੀ) ਸਦੀਵੀ ਅਟੱਲ ਰੌ ਚੱਲ ਪਏ, ਤਾਂ ਫਿਰ ਉਹ ਕਦੇ ਘਟਦੀ ਨਹੀਂ, (ਇਹ ਨਿਸਚਾ ਕਰ ਕਿ) ਦੁਨੀਆਂ ਦਾ ਕੋਈ ਸੁੱਖ ਦੁਨੀਆਂ ਦਾ ਕੋਈ ਪਦਾਰਥ ਉਸ ਦੀ ਬਰਾਬਰੀ ਨਹੀਂ ਕਰ ਸਕਦਾ ।

ਪ੍ਰ:—ਗੁਰਦੇਵ ਜੀਓ ! ਇਹ ਸੂਝ ਆਪ ਜੀ ਨੂੰ ਕਿਥੋਂ ਹਾਸਲ ਹੋਈ ਹੈ ?

10. ਉ:—ਹੇ ਭਾਈਓ ! ਇਹ ਸੋਝੀ ਮੈਨੂੰ ਸਤਿਗੁਰੂ ਜੀ ਨੇ ਬਖਸ਼ ਦਿਤੀ ਹੈ ਕਿ ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਹਰੇਕ ਜੀਵ ਕੰਗਾਲ (ਹੀ) ਹੈ, (ਭਾਵੇਂ ਉਸ ਦੇ ਪਾਸ ਕਿਤਨਾ ਹੀ ਧਨ ਪਦਾਰਥ ਹੋਵੇ) ।੪।

11, ਹੇ ਸਹੇਲੀਏ (ਹੇ ਸਤਿਸੰਗੀ ਸਜਣ !) ਸੁਣ, ਮੇਰੀ ਜਿੰਦ ਪ੍ਰੀਤਮ ਪ੍ਰਭੂ ਨਾਲ ਇਕ-ਮਿਕ ਹੋ ਗਈ ਹੈ (ਹੁਣ) ਕਾਮਾਦਿਕ ਵੈਰੀ (ਮੇਰੇ ਭਾ ਦੇ) ਮਰ ਗਏ ਹਨ, ਉਨ੍ਹਾਂ ਨੇ (ਮਾਨੋਂ) ਜ਼ਹਿਰ ਖਾ ਲਈ ਹੈ ।

12. ਹੇ ਸਹੇਲੀਏ ! (ਗੁਰੂ ਦੀ ਕ੍ਰਿਪਾ ਨਾਲ) ਮੇਰੇ ਮਨ ਵਿਚ ਪ੍ਰੀਤਮ ਪਿਆਰਾ ਲੱਗ ਰਿਹਾ ਹੈ, ਮੈਂ ਉਸ ਦੇ ਪ੍ਰੇਮ ਵਿਚ ਰੰਗੀ ਗਈ ਹਾਂ, ਜਦੋਂ ਦੀ (ਪ੍ਰਭੂ ਚਰਨਾਂ ਵਿਚ ਪ੍ਰੀਤ) ਪੈਦਾ ਹੋਈ ਹੈ, ਤਦੋਂ ਦੀ ਉਹੋ ਜਿਹੀ ਕਾਇਮ ਹੈ (ਘਟੀ ਨਹੀਂ) ।੫।

ਪ੍ਰ:—ਗੁਰਦੇਵ ਜੀਓ ! ਹੁਣ ਤੁਹਾਨੂੰ ਆਪਣੇ ਅੰਤਰ ਆਤਮੇ ਕਿਵੇਂ ਅਨੁਭਵ ਹੁੰਦਾ ਹੈ ?

13. ਉ:—ਹੇ ਭਾਈਓ ! ਹੁਣ ਮੈਂ ਸਦਾ ਪ੍ਰਭੂ ਵਿਚ ਲਿਵ ਲ ਈ ਰੱਖਦਾ ਹਾਂ, ਅਤੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹਾਂ, ਜਿਉਂ ਜਿਉਂ ਮੈਂ ਹਰੀ ਦੇ ਗੁਣ ਗਾਂਦਾ ਹਾਂ, ਮੇਰੇ ਅੰਦਰ ਆਤਮਕ ਜੀਵਨ ਪਲਰਦਾ ਹੈ ।

14. ਹੇ ਪਿਆਰੇ ! ਗੁਰੂ ਦੇ ਸ਼ਬਦ ਵਿਚ ਰੰਗੀਜ ਕੇ ਮੈਂ (ਪ੍ਰਭੂ ਚਰਨਾਂ ਦਾ) ਪ੍ਰੇਮੀ ਬਣ ਗਿਆ ਹਾਂ, ਹੁਣ ਮੈਂ ਆਪਣੇ ਅੰਦਰ ਹੀ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹਾਂ ।੬।

15. ਹੇ ਪ੍ਰਭੂ ਜੀਓ ! ਪਵਿੱਤ੍ਰਤਾ ਦਾ ਰਸ ਦੇਣ ਵਾਲਾ ਤੇਰਾ ਨਾਮ ਬੜੇ ਬੜੇ ਹੀ ਸੁਆਦਲੇ ਰਸ ਵਾਲਾ ਜਾਪ ਰਿਹਾ ਹੈ, ਮੈਨੂੰ ਮਿੱਠਾ ਲੱਗ ਰਿਹਾ ਹੈ, ਤੂੰ ਜਗਤ ਦਾ ਮੂਲ ਮੈਨੂੰ ਮੇਰੇ ਹਿਰਦੇ ਵਿਚ ਹੀ ਲੱਭ ਪਿਆ ਹੈਂ ।

16. ਹੇ ਧਰਤੀ ਦੇ ਮਾਲਕ ਪ੍ਰਭੂ ! ਮੈਨੂੰ ਸਤਿਗੁਰੂ ਦੀ ਅਜਿਹੀ ਮਤਿ ਪ੍ਰਾਪਤ ਹੋ ਗਈ ਹੈ ਕਿ ਜਿਥੇ (ਆਪਣੇ ਚਰਨਾਂ ਵਿਚ) ਤੂੰ ਮੇਰਾ ਮਨ ਜੋੜਿਆ ਹੈ, ਉਥੇ ਹੀ ਜੁੜਿਆ ਪਿਆ ਹੈ ।੭।

ਪ੍ਰ:—ਸ੍ਰੀ ਜੀਓ ! ਕਿਸੇ ਹੋਰ ਦਾ ਭੀ ਉਦਾਹਰਣ ਦਿਓ, ਜਿਸ ਦੇ ਅੰਦਰ ਪ੍ਰਭੂ ਦੀ ਪ੍ਰੀਤ ਉਪਜੀ ਹੋਵੇ ?

17. ਉ:—ਹੇ ਭਾਈਓ ! ਸੁਣੋ, ਇੰਦਰ ਵਰਗੇ ਦੇਵਤੇ, ਬ੍ਰਹਮਾ ਤੇ ਉਸ ਦੇ ਪੁੱਤਰ ਸਨਕ ਵਰਗੇ ਮਹਾਂਪੁਰਖ ਜਦੋਂ ਪ੍ਰਮਾਤਮਾ ਦੀ ਭਗਤੀ ਦੇ (ਰੰਗ) ਵਿਚ ਰੰਗੇ ਗਏ, ਤਾਂ ਉਨ੍ਹਾਂ ਦੀ ਪ੍ਰੀਤ (ਭੀ) ਪ੍ਰਭੂ (ਦੇ) ਚਰਨਾਂ ਨਾਲ ਬਣ ਗਈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਹੁਣ ਤਾਂ ਪ੍ਰਭੂ ਦੇ ਨਾਮ ਤੋਂ ਇਕ ਘੜੀ ਮਾਤਰ ਵਿਛੜਿਆਂ ਭੀ ਮੇਰੀ ਜਿੰਦ ਵਿਆਕੁਲ ਹੋ ਜਾਂਦੀ ਹੈ, (ਹੁਣ ਤਾ) ਪ੍ਰਮਾਤਮਾ ਦਾ ਨਾਮ ਹੀ ਮੇਰੇ ਵਾਸਤੇ (ਸਭ ਤੋਂ) ਸਰੇਸ਼ਟ ਵ ਡਿਆਈ ਮਾਣ ਹੈ । ੮ । ੧ ।

ਭਾਵਾਰਥ :— ਇਸ ਮਹਾਂਵਾਕ ਦੇ ਅੰਦਰ ਉਸ ਪਿਆਰੇ ਪ੍ਰਭੂ ਦੇ ਸਾਦਕਾਂ ਦੇ ਅੰਦਰ ਇਕੋ ਉਸ ਸਾਈਂ ਜੀ ਦੀ ਦਿਲ ਵਿਚ ਸਦੀਵੀ ਤਾਂਘ ਦਰਸਾ ਰਹੇ ਹਨ, ਇਸੇ ਤਾਂਘ ਤੋਂ ਬਿਨਾਂ ਆਪਣੇ ਅੰਦਰ ਭੀ ਇਕ ਪੀੜਾ ਤੇ ਖਾਲੀਪਨ ਵੇਖਦੇ ਹਨ, ਰੱਬੀ ਪਿਆਰਿਆਂ ਦੇ ਅੰਦਰ ਇਸੇ ਤਾਂਘ ਦੇ ਹੋਣ ਨਾਲ ਮਨ ਵਿਚ ਇਕ ਰਸ ਵਾਲਾ ਟਿਕਾਓ ਮਹਿਸੂਸ ਕਰਦੇ ਹਨ, ਇਸੇ ਟਿਕਾਓ ਵਿਚ ਪੁਰਾਤਨ ਹੋ ਚੁਕੇ ਭਗਤਾਂ ਦਾ ਨਿਸਚਾ ਦਰਸਾ ਕੇ, ਹਰ ਪ੍ਰਾਣੀ ਮਾਤਰ ਨੂੰ ਉਸ ਪ੍ਰਭੂ ਦੇ ਪਿਆਰ ਦੀ ਤਾਂਘ ਵਲ ਪ੍ਰੇਰੇ ਜਾਣ ਦੀ ਪ੍ਰੇਰਨ ਕਰਦੇ ਹਨ ।

ਸਾਰਗ ਮਹਲਾ ੧ ॥

1. **ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥**
2. **ਕੋਟਿ ਕਲਪ ਕੇ ਦੂਖ ਬਿਨਾਸਨ**
   ਸਾਚੁ ਦ੍ਰਿੜਾਇ ਨਿਬੇਰਾ ॥੧॥ਰਹਾਉ॥
3. **ਕ੍ਰੋਧੁ ਨਿਵਾਰਿ ਜਲੇ ਹਉ ਮਮਤਾ**
   ਪ੍ਰੇਮੁ ਸਦਾ ਨਉ ਰੰਗੀ ॥
4. **ਅਨਭਉ ਬਿਸਰਿ ਗਏ ਪ੍ਰਭੁ ਜਾਚਿਆ**
   ਹਰਿ ਨਿਰਮਾਇਲੁ ਸੰਗੀ ॥੧॥
5. **ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ**
   ਏਕ ਸਬਦਿ ਲਿਵ ਲਾਗੀ ॥
6. **ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ**
   ਹਰਿ ਮੇਲਿ ਲਏ ਬਡਭਾਗੀ ॥੨॥

7. **ਅਭਰਤ ਸਿੰਚਿ ਭਏ ਸੁਭਰ ਸਰ**
ਗੁਰਮਤਿ ਸਾਚੁ ਨਿਹਾਲਾ ॥
8. **ਮਨ ਰਤਿ ਨਾਮਿ ਰਤੇ ਨਿਹਕੇਵਲ**
ਆਦਿ ਜੁਗਾਦਿ ਦਇਆਲਾ ॥੩॥
9. **ਮੋਹਨਿ ਮੋਹਿ ਲੀਆ ਮਨੁ ਮੋਰਾ**
ਬਡੈ ਭਾਗ ਲਿਵ ਲਾਗੀ ॥
10. **ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ**
ਮਨੁ ਨਿਰਮਲੁ ਅਨਰਾਗੀ ॥੪॥
11. **ਗਹਿਰ ਗੰਭੀਰ ਸਾਗਰ ਰਤਨਾਗਰ**
ਅਵਰ ਨਹੀ ਅਨ ਪੂਜਾ ॥
12. **ਸਬਦੁ ਬੀਚਾਰਿ ਭਰਮ ਭਉ ਭੰਜਨੁ**
ਅਵਰੁ ਨ ਜਾਨਿਆ ਦੂਜਾ ॥੫॥
13. **ਮਨੂਆ ਮਾਰਿ ਨਿਰਮਲ ਪਦੁ ਚੀਨਿਆ**
ਹਰਿ ਰਸ ਰਤੇ ਅਧਿਕਾਈ ॥
14. **ਏਕਸ ਬਿਨੁ ਮੈ ਅਵਰੁ ਨ ਜਾਨਾਂ**
ਸਤਿਗੁਰਿ ਬੂਝ ਬੁਝਾਈ ॥੬॥
15. **ਅਗਮ ਅਗੋਚਰੁ ਅਨਾਥੁ ਅਜੋਨੀ**
ਗੁਰਮਤਿ ਏਕੋ ਜਾਨਿਆ ॥
16. **ਸੁਭਰ ਭਰੇ ਨਾਹੀ ਚਿਤੁ ਡੋਲੈ**
ਮਨ ਹੀ ਤੇ ਮਨੁ ਮਾਨਿਆ ॥੭॥
17. **ਗੁਰ ਪਰਸਾਦੀ ਅਕਥਉ ਕਥੀਐ**
ਕਹਉ ਕਹਾਵੈ ਸੋਈ ॥
18. **ਨਾਨਕ ਦੀਨ ਦਇਆਲ ਹਮਾਰੇ**
ਅਵਰੁ ਨ ਜਾਨਿਆ ਕੋਈ ॥੮॥੨॥

ਪਦ ਅਰਥ :— ਕਿਉ ਧੀਰੈ—ਕਿਵੇਂ ਧੀਰਜ ਫੜ ਸਕਦਾ ਹੈ। ਕੋਟਿ—ਕ੍ਰੋੜ। ਕਲਪ-ਚਾਰ ਜੁਗਾਂ ਦਾ ਸਮੁਦਾਇ। ਸਾਚੁ-ਸਦਾ ਥਿਰ ਰਹਿਣ ਵਾਲਾ ਪ੍ਰਭੂ। ਦ੍ਰਿੜਾਇ—ਮਨ ਵਿਚ ਟਿਕਾਣ ਨਾਲ। ਨਿਬੇਰਾ—ਦੁੱਖਾਂ ਦਾ ਨਿਬੇੜਾ, ਦੁੱਖ ਮੁੱਕ ਜਾਂਦੇ ਹਨ।੧।ਰਹਾਉ।

ਨਿਵਾਰਿ—ਦੂਰ ਕਰ ਕੇ। ਹਉ—ਮੈਂ, ਹਉਮੈ। ਮਮਤਾ—ਅਪਣਤ। ਨਉ ਰੰਗੀ- ਨਵੇਂ ਰੰਗ ਵਾਲਾ, ਸਦਾ ਨਵਾਂ ਰਹਿਣ ਵਾਲਾ। ਅਨਭਉ-ਹੋਰਨਾਂ ਦਾ ਡਰ ਸਹਿਮ। ਬਿਸਰਿ ਗਏ—ਬਿਸਰਿ ਗਇਆ, ਭੁੱਲ ਜਾਂਦਾ ਹੈ। ਜ ਚਿਆ—ਮੰਗਿਆ। ਨਿਰਮਾਇਲੁ—ਪਵਿੱਤ੍ਰ। ਸੰਗੀ—ਸਾਥੀ।੧।

ਚੰਚਲ—ਸਦਾ ਭਟਕਦੇ ਰਹਿਣ ਵਾਲੀ। ਤਿਆਗਿ—ਤਿਆਗ ਕੇ। ਭਉ ਭੰਜਨੁ—ਡਰ ਸਹਿਮ ਨਾਸ ਕਰਨ ਵਾਲਾ। ਲਿਵ—ਲਗਨ। ਚਾਖਿ—ਚੱਖ ਕੇ। ਤ੍ਰਿਖਾ—(ਮਾਇਆ ਦੀ) ਤ੍ਰਿਸ਼ਨਾ।੨।

ਅਭਰਤ—ਨ ਭਰੇ ਜਾ ਸਕਣ ਵਾਲੇ, ਜਿਨ੍ਹਾਂ ਦੀ ਤ੍ਰਿਸ਼ਨਾ ਕਦੇ ਨਹੀਂ ਸੀ ਮੁੱਕਦੀ। ਸਿੰਚਿ—(ਪ੍ਰਮਾਤਮਾ ਦਾ ਨਾਮ ਜਲ) ਸਿੰਜ ਕੇ। ਸੁਭਰ—ਨਕਾ-ਨਕ ਭਰੇ ਹੋਏ। ਸਰ—ਤਲਾਬ, ਗਿਆਨ ਇੰਦਰੇ। ਨਿਹਾਲਾ—ਨਿਹਾਲਿਆ, ਦਰਸ਼ਨ ਕਰ ਲਿਆ। ਰਤਿ—ਪ੍ਰੀਤਿ। ਨਾਮਿ—ਨਾਮ ਵਿਚ। ਨਿਹਕੇਵਲ ਨਾਮਿ—ਪਵਿੱਤਰ ਪ੍ਰਭੂ ਦੇ ਨਾਮ ਵਿਚ। ਜੁਗਾਦਿ—ਜੁਗਾਂ ਦੇ ਆਦਿ ਤੋਂ।੩।

ਮੋਹਨਿ—ਮੋਹਨ (ਪ੍ਰਭੂ) ਨੇ। ਮੋਰਾ—ਮੇਰਾ। ਬੀਚਾਰਿ—ਵਿਚਾਰ ਕੇ। ਕਿਲਵਿਖ—ਪਾਪ। ਅਨਰਾਗੀ—ਪ੍ਰੇਮੀ।੪।

ਗਹਿਰ—ਗਹਿਰਾ, ਡੂੰਘਾ। ਗੰਭੀਰ—ਵੱਡੇ ਜਿਗਰੇ ਵਾਲਾ। ਰਤਨਾਗਰ—ਰਤਨਾਂ ਦੀ ਖਾਣ। ਅਨ ਪੂਜਾ—ਕਿਸੇ ਹੋਰ ਦੀ ਪੂਜਾ।੫।

ਮਨੂਆ—ਕੋਝਾ ਮਨ, ਕੁਰਾਹੇ ਪਿਆ ਹੋਇਆ ਮਨ। ਮਾਰਿ-(ਵਿਕਾਰਾਂ ਦੀ ਅੰਸ) ਮਾਰ ਕੇ। ਪਦੁ—ਆਤਮਕ ਦਰਜਾ। ਚੀਨ੍ਹਿਆ—ਪਛਾਣ ਲਿਆ। ਅਧਿਕਾਈ—ਬਹੁਤ। ਸਤਿਗੁਰਿ—ਗੁਰੂ ਨੇ। ਬੂਝ—ਸਮਝ।੬।

ਅਗਮ—ਅਪਹੁੰਚ। ਅਗੋਚਰੁ—ਅ-ਗੋ-ਚਰ, ਜਿਸ ਤਕ ਗਿਆਨ ਇੰਦਰਿਆਂ ਦੀ ਪਹੁੰਚ ਨਾ ਹੋ ਸਕੇ। ਅਨਾਥੁ—ਜਿਸ ਦੇ ਉਪਰ ਕੋਈ ਹੋਰ ਖਸਮ ਨਹੀਂ, ਆਪਣੇ ਆਪ ਦਾ ਆਪ ਹੀ ਮਾਲਕ। ਮਨ ਹੀ ਤੇ—ਆਪਣੇ ਮਨ ਤੋਂ ਹੀ, ਆਪਣੇ ਅੰਦਰੋਂ ਹੀ। ਮਾਨਿਆ—ਪਤੀਜ ਗਿਆ, ਟਿਕ ਗਿਆ।੭।

ਪਰਸਾਦੀ—ਪਰਸਾਦਿ, ਕ੍ਰਿਪਾ ਨਾਲ। ਅਕਥਉ—ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਕਥੀਐ—ਕਥਿਆ ਜਾ ਸਕਦਾ ਹੈ, ਸਿਮਰਿਆ ਜਾ ਸਕਦਾ ਹੈ। ਕਹਉ—ਮੈਂ ਕਹਿੰਦਾ ਹਾਂ, ਮੈਂ ਸਿਫ਼ਤ ਸਾਲਾਹ ਕਰਦਾ ਹਾਂ। ਸੋਈ—ਉਹ ਪ੍ਰਭੂ ਆਪ ਹੀ। ਕਹਾਵੈ—ਸਿਫਤ ਸਾਲਾਹ ਕਰਾਂਦਾ ਹੈ। ਦਇਆਲ—ਹੇ ਦਇਆਲ।੮।

ਅਰਥ—

ਪ੍ਰ:—ਗੁਰਦੇਵ ਜੀਓ! ਨਾਮ ਦਾ ਚਿੰਤਨ ਕਰਦੇ ਰਹਿਣ ਨਾਲ ਹੁਣ ਤੁਹਾਡੇ ਮਨ ਵਿਚ ਨਾਮ ਨਾਲ ਕਿਤਨੀ ਕੁ ਗੂੜ੍ਹੀ ਸਾਂਝ ਪੈ ਗਈ ਹੈ ?

1. **ਉ**:—ਹੇ ਭਾਈਓ ! (ਅਸਲ ਵਿਚ ਤਾਂ ਹੁਣ) ਪ੍ਰਮੇਸ਼ਰ ਦੇ ਨਾਮ ਤੋਂ ਵਿਛੜ ਕੇ ਮੇਰਾ ਮਨ ਕਿਸੇ ਭੀ ਤਰ੍ਹਾਂ ਧੀਰਜ ਨਹੀਂ ਫੜਦਾ (ਭਾਵ ਟਿਕਦਾ ਨਹੀਂ) ਕਿਉਂਕਿ ਇਸ ਨੂੰ ਅਨੇਕਾਂ ਹੀ ਦੁੱਖ ਰੋਗ ਆ ਵਾਪਰਦੇ ਹਨ।
2. ਪਰ ਹੇ ਭਾਈ ! ਜੇ ਕ੍ਰੋੜਾਂ ਹੀ ਜੁਗਾਂ ਦੇ ਦੁੱਖ ਨਾਸ ਕਰਨ ਵਾਲੇ ਤੇ ਸਦਾ ਹੀ ਥਿਰ ਰਹਿਣ ਵਾਲੇ ਪ੍ਰਮੇਸ਼ਰ ਜੀ ਨੂੰ (ਮਨ ਵਿਚ) ਟਿਕਾ ਲਈਏ ਤਾਂ ਸਾਰੇ ਦੁੱਖ ਰੋਗਾਂ ਦਾ ਨਾਸ ਹੋ ਜਾਂਦਾ ਹੈ (ਤੇ ਮਨ ਟਿਕਾਣੇ ਆ ਜਾਂਦਾ ਹੈ)। ੧।ਰਹਾਉ।

ਪ੍ਰ:—ਸ੍ਰੀ ਜੀਓ ! ਪ੍ਰਭੂ ਦੇ ਦਰ ਤੋਂ ਸਦਾ ਨਾਮ ਦੀ ਜਾਚਨਾ ਕਰਨ ਵਾਲੇ ਨੂੰ ਆਖਰ ਹਾਸਲ ਕੀ ਹੁੰਦਾ ਹੈ ?

3. ਉ:—ਹੇ ਪਿਆਰੇ ! (ਜਿਸ ਮਨੁੱਖ ਨੇ ਭੀ ਪ੍ਰਭੂ ਦੇ ਦਰ ਤੋਂ ਨਾਮ ਦਾ ਦਾਨ ਮੰਗਿਆ ਹੈ,) (ਸਮਝੋ ਕਿ) ਪਵਿੱਤ੍ਰ ਸਰੂਪ ਪ੍ਰਭੂ ਉਸ ਦਾ (ਸਦਾ ਲਈ) ਸਾਥੀ ਬਣ ਗਿਆ ਹੈ, ਉਸ ਦੇ ਅੰਦਰੋਂ ਕ੍ਰੋਧ ਨੂੰ ਕੱਢ ਦਿਤਾ ਹੈ, ਉਸ ਦੀ ਹਉਮੈ ਤੇ ਅਪਣਤ ਸੜ ਜਾਂਦੀ ਹੈ ਅਤੇ ਨਿੱਤ ਨਵਾਂ ਰਹਿਣ ਵਾਲਾ ਪ੍ਰੇਮ (ਉਸ ਦੇ ਹਿਰਦੇ ਵਿਚ ਜਾਗ ਪੈਂਦਾ ਹੈ) ।

4. ਹੇ ਭਾਈ ! ਉਸ ਪ੍ਰਭੂ ਦੇ ਜਾਚਕ ਦੇ ਅੰਦਰੋਂ ਰੱਬ ਤੋਂ ਬਿਨਾਂ ਹੋਰਨਾਂ ਦੇ ਡਰ ਦੂਰ ਹੋ ਗਏ ਹਨ, (ਕਿਉਂਕਿ) ਪਾਪ ਰਹਿਤ ਹਰੀ ਨੂੰ (ਉਸ ਨੇ) ਆਪਣੇ ਅੰਗ ਸੰਗ ਮਹਿਸੂਸ ਕੀਤਾ ਹੈ ।੧।

5. ਹੇ ਭਾਈਓ ! ਜਿਸ ਮਨੁੱਖ ਨੇ ਇਕ ਪ੍ਰਮਾਤਮਾ ਦੀ ਸਿਫਤ ਸਾਲਾਹ ਦੇ ਸ਼ਬਦ ਵਿਚ ਸੁਰਤ ਜੋੜੀ ਹੈ, ਉਸ ਨੇ (ਮਾਇਕ ਪਦਾਰਥਾਂ ਦੇ ਪਿਛੇ) ਭਟਕਣ ਵਾਲੀ ਮਤਿ (ਦੀ ਅਗਵਾਈ) ਤਿਆਗ ਕੇ ਡਰ ਨਾਸ ਕਰਨ ਵਾਲਾ ਪ੍ਰਮੇਸ਼ਰ ਜੀ ਲੱਭ ਲਿਆ ਹੈ ।

6. ਹੇ ਪਿਆਰੇ ! ਉਸ ਨੇ ਪ੍ਰਮਾਤਮਾ ਦੇ ਨਾਮ ਦਾ ਸੁਆਦ ਚੱਖ ਕੇ (ਆਪਣੇ ਅੰਦਰੋਂ ਮਾਇਆ ਦੀ) ਤ੍ਰਿਹ ਦੂਰ ਕਰ ਲਈ ਹੈ, ਉਸੇ ਵਡਭਾਗੀ ਮਨੁੱਖ ਨੂੰ ਪ੍ਰਭੂ ਨੇ ਆਪਣੇ ਚਰਨਾਂ ਵਿਚ ਮਿਲਾ ਲਿਆ ਹੈ ।੨।

ਪ੍ਰ:—ਗੁਰਦੇਵ ਜੀਓ ! ਇਹ ਗਿਆਨ ਇੰਦਰੇ ਦਿਨੇ ਰਾਤ ਆਪੋ ਆਪਣੇ ਵਿਸ਼ਿਆਂ ਵਲ ਹੀ ਦੌੜਦੇ ਰਹਿੰਦੇ ਹਨ, ਦਸੋ ਇਹ ਕਿਵੇਂ ਰੁਕ ਸਕਦੇ ਹਨ ?

7. ਉ:—ਹੇ ਭਾਈਓ ! ਜਿਸ ਮਨੁੱਖ ਨੇ ਗੁਰੂ ਦੀ ਮਤਿ ਲੈ ਕੇ ਸਦਾ ਥਿਰ ਰਹਿਣ ਵਾਲੇ ਪ੍ਰਮਾਤਮਾ ਦਾ ਦਰਸ਼ਨ ਕਰ ਲਿਆ ਹੈ, ਪ੍ਰਭੂ ਦਾ ਨਾਮ ਜਲ ਸਿੰਚ ਕੇ ਉਸ ਦੇ ਉਹ ਗਿਆਨ ਇੰਦਰੇ ਨਕਾ-ਨੱਕ ਭਰ ਗਏ ਹਨ, ਜਿਨ੍ਹਾਂ ਦੀ ਤ੍ਰਿਸ਼ਨਾ ਪਹਿਲੇ ਕਦੇ ਭੀ ਮੁੱਕਦੀ ਨਹੀਂ ਸੀ ।

8. ਹੇ ਪਿਆਰੇ ! ਜਿਨ੍ਹਾਂ ਦੇ ਮਨ ਦੀ ਪ੍ਰੀਤ ਪ੍ਰਭੂ ਦੇ ਨਾਮ ਵਿਚ ਬਣ ਜਾਂਦੀ ਹੈ, ਉਹ ਉਸ ਪ੍ਰਮਾਤਮਾ ਦੇ ਪਿਆਰ ਵਿਚ (ਸਦਾ ਲਈ) ਰੰਗੇ ਜਾਂਦੇ ਹਨ, ਜੋ ਸ਼ੁੱਧ ਸਰੂਪ ਹੈ ਤੇ ਜੋ ਸਦਾ ਤੋਂ ਹੀ ਦਇਆ ਦਾ ਸੋਮਾ ਹੈ ।੩।

ਪ੍ਰ:—ਸ੍ਰੀ ਜੀਓ ! ਸਾਡੇ ਮਨ ਤਾਂ ਸਦਾ ਸੰਸਾਰ ਵੱਲ ਹੀ ਦੌੜੇ ਰਹਿੰਦੇ ਹਨ, ਪਰ ਤੁਹਾਡੇ ਅੰਦਰ ਪ੍ਰਭੂ ਪਿਆਰ ਦੀ ਤੀਬਰ ਖਿੱਚ ਕਿਵੇਂ ਬਣ ਗਈ ਹੈ ?

9. ਉ:—ਹੇ ਪਿਆਰੇ !(ਅਸਲ ਵਿਚ) ਵੱਡੇ ਭਾਗਾਂ ਦੀ ਬਰਕਤ ਨਾਲ ਮੇਰੀ ਲਿਵ (ਪ੍ਰਭੂ ਚਰਨਾਂ ਵਿਚ) ਲੱਗ ਗਈ ਹੈ,(ਜਿਸ ਕਰਕੇ ਹੁਣ) ਮਨ ਨੂੰ ਮੋਹਣ ਵਾਲੇ ਪ੍ਰਭੂ ਨੇ ਮੇਰਾ ਮਨ (ਆਪਣੇ ਹੀ ਪ੍ਰੇਮ ਵਿਚ) ਮੋਹਿਤ ਕਰ ਲਿਆ ਹੈ ।

10. ਹੇ ਭਾਈ ! ਹੁਣ ਸਦਾ ਥਿਰ ਪ੍ਰਭੂ (ਦੇ ਗੁਣਾਂ) ਨੂੰ ਸੋਚ ਮੰਡਲ ਵਿਚ ਲਿਆਉਣ ਕਰਕੇ ਮੇਰੇ ਸਾਰੇ ਪਾਪ ਦੁੱਖ ਕੱਟੇ ਗਏ ਹਨ, ਮੇਰਾ ਮਨ ਪਵਿੱਤਰ ਹੋ ਗਿਆ ਹੈ, (ਪ੍ਰਭੂ ਚਰਨਾਂ ਦਾ) ਪ੍ਰੇਮੀ ਹੋ ਗਿਆ ਹੈ ।੪।

11. ਹੇ ਭਾਈਓ ! ਹੁਣ ਮੈਂ ਕਿਸੇ ਹੋਰ ਦੀ ਪੂਜਾ ਨਹੀਂ ਕਰਦਾ, ਸਿਰਫ ਉਸੇ ਨੂੰ (ਹੀ) ਪੂਜਦਾ ਹਾਂ, ਜੋ ਵੱਡੇ ਡੂੰਘੇ ਤੇ ਵੱਡੇ ਜਿਗਰੇ ਵਾਲਾ ਹੈ, ਜੋ ਬੇਅੰਤ ਰਤਨਾਂ ਦੀ ਖਾਣ (ਸਮੁੰਦਰ) ਹੈ ।

12. ਹੇ ਪਿਆਰੇ ! ਗੁਰੂ ਦੇ ਸ਼ਬਦ ਨੂੰ ਵੀਚਾਰ ਕੇ ਮੈਂ ਸਮਝ ਲਿਆ ਹੈ ਕਿ ਸਿਰਫ ਪ੍ਰਮਾਤਮਾ ਹੀ ਡਰ ਸਹਿਮ ਦਾ ਨਾਸ ਕਰਨ ਵਾਲਾ ਹੈ, ਕੋਈ ਹੋਰ (ਦੇਵੀ ਦੇਵਤਾ ਆਦਿਕ) ਦੂਜਾ ਨਹੀਂ ਹੈ ।੫।

13. ਹੇ ਭਾਈ ! ਹੁਣ ਮੈਂ ਪ੍ਰਭੂ ਦੇ ਨਾਮ ਰਸ ਵਿਚ ਬਹੁਤ ਰੰਗਿਆ ਗਿਆ ਹਾਂ, ਮਨ (ਵਿਚੋਂ ਵਿਕਾਰਾਂ ਦੀ ਅੰਸ) ਮਾਰ ਕੇ ਮੈਂ ਪਵਿੱਤ੍ਰ ਆਤਮਕ ਦਰਜੇ ਨਾਲ ਡੂੰਘੀ ਸਾਂਝ ਪਾ ਲਈ ਹੈ ।

14. ਹੇ ਪਿਆਰੇ ! ਗੁਰੂ ਨੇ ਮੈਨੂੰ ਸਮਝ ਬਖਸ਼ ਦਿੱਤੀ ਹੈ, (ਹੁਣ) ਇਕ ਪ੍ਰਮਾਤਮਾ ਤੋਂ ਬਿਨਾਂ ਮੈਂ ਕਿਸੇ ਹੋਰ ਨੂੰ (ਉਸ ਵਰਗਾ) ਨਹੀਂ ਜਾਣਦਾ ।੬।

15. ਹੇ ਭਾਈਓ ! ਗੁਰੂ ਦੀ ਮੱਤ ਲੈ ਕੇ ਸਿਰਫ ਉਸ ਪ੍ਰਭੂ ਨਾਲ ਹੀ ਡੂੰਘੀ ਸਾਂਝ ਪਾਈ ਹੈ ਜੋ ਅਪਹੁੰਚ ਹੈ, ਜਿਸ ਤਕ ਗਿਆਨ ਇੰਦਰਿਆਂ ਦੀ ਪਹੁੰਚ ਨਹੀਂ, ਜੋ ਆਪ ਹੀ ਆਪਣਾ ਖਸਮ (ਮਾਲਕ) ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ ।

16. ਹੇ ਪਿਆਰੇ ! (ਇਸੇ ਸਾਂਝ ਦੀ ਬਰਕਤ ਨਾਲ ਹੀ) ਮੇਰੇ ਗਿਆਨ ਇੰਦਰੇ (ਨਾਮ ਰਸ ਨਾਲ) ਨਕਾ-ਨੱਕ ਭਰ ਗਏ ਹਨ, ਹੁਣ ਮੇਰਾ ਮਨ (ਮਾਇਆ ਵਾਲੇ ਪਾਸੇ) ਡੋਲਦਾ ਨਹੀਂ ਹੈ, ਆਪਣੇ ਅੰਦਰ ਹੀ ਟਿਕ ਗਿਆ ਹੈ ।੭।

ਪ੍ਰ:—ਗੁਰਦੇਵ ਜੀਓ ! ਜਿਸ ਪ੍ਰਭੂ ਦਾ ਆਪ ਕਥਨ ਕਰਦੇ ਆ ਰਹੇ ਹੋ, ਉਸ ਦਾ ਸਰੂਪ ਬਿਆਨ ਕਰੋ ?

17. ਉ:—ਹੇ ਭਾਈਓ ! ਉਸ ਪ੍ਰਮਾਤਮਾ ਦਾ ਸਰੂਪ ਬਿਆਨ ਤੋਂ ਪਰ੍ਹੇ ਹੈ, ਉਸ ਦੀ ਕ੍ਰਿਪਾ ਨਾਲ ਹੀ ਉਸ ਦਾ ਸਿਮਰਨ ਕੀਤਾ ਜਾ ਸਕਦਾ ਹੈ । ਮੈਂ ਤਦੋਂ ਹੀ ਉਸ ਦੀ ਸਿਫਤ ਸਾਲਾਹ ਕਰ ਸਕਦਾ ਹਾਂ, ਜਦੋਂ ਉਹ ਆਪ ਹੀ ਸਿਫਤ ਸਾਲਾਹ ਕਰਾਂਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਮੇਰੇ ਦੀਨ ਦਇਆਲ ਪ੍ਰਭੂ ਜੀ ! ਮੈਨੂੰ ਤੇਰੇ ਵਰਗਾ ਹੋਰ ਕੋਈ ਨਹੀਂ ਦਿਸਦਾ, ਮੈਂ ਤੇਰੇ ਨਾਲ ਹੀ ਸਾਂਝ ਪਾਈ ਹੈ । ੮।੨।

ਭਾਵਾਰਥ :–ਇਕ ਹਰੀ ਪ੍ਰਭੂ ਦੀ ਹੀ ਸੱਚੀ ਤਾਂਘ ਹੈ, ਜੋ ਮਨੁੱਖ ਦੇ ਅੰਦਰੋਂ ਹਉਮੈ ਆਦਿਕ ਵਿਕਾਰਾਂ ਨੂੰ ਦੂਰ ਕਰ ਕੇ ਇਕ ਨਵ ਰੰਗੀ ਪ੍ਰੇਮ ਭਰ ਦਿੰਦੀ ਹੈ, ਜਿਸ ਦੀ ਬਰਕਤ ਨਾਲ ਮਨ ਚੰਚਲਤਾ ਛੱਡ ਕੇ ਐਸਾ ਰਜੇਵਾਂ ਮਹਿਸੂਸ ਕਰਦਾ ਹੈ ਕਿ ਜਿਵੇਂ ਰਸ ਨਾਲ ਨਕਾ-ਨੱਕ ਭਰ ਗਿਆ ਹੁੰਦਾ ਹੈ, ਫਿਰ ਨਾ ਕੋਈ ਦੁੱਖ ਪੋਂਹਦਾ ਹੈ, ਨਾ ਪਾਪ, ਅਤੇ ਭਰਮ ਭਉ ਦਾ ਨਾਸ ਹੋ ਕੇ ਇਕ ਹਰੀ ਦੀ ਪੂਜਾ ਵਿਚ ਹੀ ਸਦੀਵੀ ਕਾਲ ਵਿਲ ਪਰ-ਚਿਆ ਰਹਿੰਦਾ ਹੈ, ਦੂਜੇ ਹੋਰ ਕਿਸੇ ਨੂੰ ਉਸ ਸਾਈਂ ਜੀ ਦੇ ਬਰਾਬਰ ਦਾ ਅਨੁਭਵ ਹੀ ਨਹੀਂ ਕਰਦਾ।

ਸਾਰਗ ਮਹਲਾ ੩
ਅਸਟਪਦੀਆ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. **ਮਨ ਮੇਰੇ ਹਰਿ ਕੇ ਨਾਮਿ ਵਡਾਈ ॥**
2. **ਹਰਿ ਬਿਨੁ ਅਵਰੁ ਨ ਜਾਣਾ ਕੋਈ**
   ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ਰਹਾਉ॥
3. **ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ**
   ਹਰਿ ਸੇਤੀ ਲਿਵ ਲਾਈ ॥
4. **ਹਰਿ ਸੁਖ ਦਾਤਾ ਗੁਰਮੁਖਿ ਜਾਤਾ**
   ਸਹਜੇ ਰਹਿਆ ਸਮਾਈ ॥੧॥
5. **ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ**
   ਪੈਨ੍ਣ ਭਗਤਿ ਬਡਾਈ ॥
6. **ਨਿਜ ਘਰਿ ਵਾਸਾ ਸਦਾ ਹਰਿ ਸੇਵਨਿ**
   ਹਰਿ ਦਰਿ ਸੋਭਾ ਪਾਈ ॥੨॥
7. **ਮਨਮੁਖ ਬੁਧਿ ਕਾਚੀ ਮਨੂਆ ਡਲੈ**
   ਅਕਥੁ ਨ ਕਥੈ ਕਹਾਨੀ ॥
8. **ਗੁਰਮਤਿ ਨਿਹਚਲੁ ਹਰਿ ਮਨਿ ਵਸਿਆ**
   ਅੰਮ੍ਰਿਤ ਸਾਚੀ ਬਾਨੀ ॥੩॥
9. **ਮਨ ਕੇ ਤਰੰਗ ਸਬਦਿ ਨਿਵਾਰੇ**
   ਰਸਨਾ ਸਹਜਿ ਸੁਭਾਈ ॥
10. **ਸਤਿਗੁਰ ਮਿਲਿ ਰਹੀਐ ਸਦ ਅਪੁਨੇ**
    ਜਿਨਿ ਹਰਿ ਸੇਤੀ ਲਿਵ ਲਾਈ ॥੪॥

ਪਦ ਅਰਥ :–ਮਨ–ਹੇ ਮਨ ! ਹਰਿ ਕੇ ਨਾਮਿ–ਹਰੀ ਦੇ ਨਾਮ ਵਿਚ (ਜੁੜਿਆਂ)। ਵਡਾਈ–ਇੱਜ਼ਤ। ਨ ਜਾਣਾ–ਨਾ ਜਾਣਾਂ, ਮੈਂ ਨਹੀਂ ਜਾਣਦਾ। ਮੁਕਤਿ–ਵਿਕਾਰਾਂ ਤੋਂ ਖਲਾਸੀ। ਗਤਿ–ਉਚੀ ਆਤਮਕ ਅਵਸਥਾ ।੧।ਰਹਾਉ।

ਸਬਦਿ–(ਗੁਰੂ ਦੇ) ਸ਼ਬਦ ਦੀ ਰਾਹੀਂ। ਭਉ ਭੰਜਨੁ–ਡਰ ਨਾਸ ਕਰਨ ਵਾਲਾ ਹਰੀ। ਜਮਕਾਲ ਨਿਖੰਜਨੁ–ਮੌਤ (ਆਤਮਕ ਮੌਤ) ਨਾਸ ਕਰਨ ਵਾਲਾ ਪ੍ਰਭੂ। ਸੇਤੀ-ਨਾਲ। ਲਿਵ–ਲਗਨ। ਗੁਰਮੁਖਿ–ਗੁਰੂ ਦੀ ਸ਼ਰਨ ਪਿਆਂ। ਜਾਤਾ–ਜਾਣਿਆ ਜਾਂਦਾ ਹੈ ਡੂੰਘੀ ਸਾਂਝ ਪਾਈ ਜਾ ਸਕਦੀ ਹੈ। ਸਹਜੇ–ਆਤਮਕ ਅਡੋਲਤਾ ਵਿਚ ।੧।

ਨਿਰੰਜਨੁ–[ਨਿਰ-ਅੰਜਨੁ। ਅੰਜਨ–[ਮਾਇਆ ਦੇ ਮੋਹ ਦੀ ਕਾਲਖ] ਨਿਰਲੇਪ। ਪੈਨ੍ਣ–ਪੁਸ਼ਾਕ। ਨਿਜ ਘਰਿ–ਆਪਣੇ (ਅਸਲ) ਘਰ ਵਿਚ, ਪ੍ਰਭੂ ਚਰਨਾਂ ਵਿਚ। ਸੇਵਨਿ–ਸੇਂਵਦੇ ਹਨ, ਸਿਮਰਦੇ ਹਨ। ਦਰਿ–ਦਰ ਤੇ ।੨।

ਮਨਮੁਖ–ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ। ਅਕਥ–ਉਹ ਪ੍ਰਭੂ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਕਹਾਨੀ–ਸਿਫਤ ਸਾਲਾਹ। ਨਿਹਚਲੁ–ਅਟੱਲ, ਅਡੋਲ। ਮਨਿ–ਮਨ ਵਿਚ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ ਨਾਮ ਜਲ। ਸਾਚੀ ਬਾਨੀ–ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ ।੩।

ਤਰੰਗ–ਲਹਿਰਾਂ, ਦੌੜ-ਭੱਜ। ਸਬਦਿ–ਸ਼ਬਦ ਦੀ ਰਾਹੀਂ। ਨਿਵਾਰੇ–ਦੂਰ ਹੁੰਦੇ ਹਨ। ਰਸਨਾ–ਜੀਭ। ਸਹਜਿ–ਆਤਮਕ ਅਡੋਲਤਾ ਵਿਚ। ਮਿਲਿ–ਮਿਲ ਕੇ। ਸਦ–ਸਦਾ। ਜਿਨਿ–ਜਿਸ (ਗੁਰੂ) ਨੇ ।੪।

ਅਰਥ:–

ਪ੍ਰ:–ਸ੍ਰੀ ਜੀਓ ! ਹਰ ਮਨੁੱਖ ਦਾ ਮਨ ਸੰਸਾਰ ਵਿਚ ਆਪਣੀ ਇੱਜ਼ਤ ਪ੍ਰਾਪਤ ਕਰਨ ਲਈ ਅਨੇਕਾਂ ਹੀ ਤਰ੍ਹਾਂ ਦੇ ਉਪਰਾਲੇ ਕਰਦਾ ਹੈ, ਪਰ ਆਪ ਜੀ ਦਸੋ ਮਨੁੱਖ ਨੂੰ ਲੋਕ ਪ੍ਰਲੋਕ ਵਿਚ ਇੱਜ਼ਤ ਕਿਵੇਂ ਪ੍ਰਾਪਤ ਹੁੰਦੀ ਹੈ ?

1. **ਉ**:–ਹੇ ਭਾਈ ! (ਤੂੰ ਆਪਣੇ ਮਨ ਨੂੰ ਸਦਾ ਇਉਂ ਹੀ ਸਮਝਾਂਦਾ ਰਿਹਾ ਕਰ ਕਿ) ਹੇ ਮੇਰੇ ਮਨ ! ਪ੍ਰਮੇਸ਼ਰ ਜੀ ਦੇ ਨਾਮ ਵਿਚ (ਜੁੜਿਆਂ ਲੋਕ ਪ੍ਰਲੋਕ ਦੀ) ਇੱਜ਼ਤ ਮਿਲਦੀ ਹੈ (ਇਸ ਲਈ ਨਾਮ ਵਿਚ ਹੀ ਜੁੜੇ ਰਹਿਣਾ ਚਾਹੀਦਾ ਹੈ)।

ਪ੍ਰ:–ਕਿਉਂ ਜੀ, ਆਪ ਜੀ ਦਾ ਕੀ ਵਿਸ਼ਵਾਸ ਹੈ ?

2. **ਉ**:–ਹੇ ਪਿਆਰੇ ! ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮੈਂ ਕਿਸੇ ਨਾਲ ਭੀ ਡੂੰਘੀ ਸਾਂਝ ਨਹੀਂ ਪਾਉਂਦਾ, (ਕਿਉਂਕਿ) ਪ੍ਰਭੂ ਦੇ ਨਾਮ ਦੀ ਰਾਹੀਂ ਮੈਂ ਵਿਕਾਰਾਂ ਤੋਂ ਖਲਾਸੀ ਅਤੇ ਉਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ ।੧।ਰਹਾਉ।
3. ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ, ਡਰ ਦੂਰ ਕਰਨ ਵਾਲਾ ਅਤੇ ਆਤਮਕ ਮੌਤ ਨਾਸ ਕਰਨ ਵਾਲਾ ਹਰੀ ਮਿਲ ਪੈਂਦਾ ਹੈ, ਪ੍ਰਮਾਤਮਾ ਨਾਲ ਲਗਨ ਲੱਗ ਜਾਂਦੀ ਹੈ।
4. ਹੇ ਪਿਆਰੇ ! ਗੁਰੂ ਦੀ ਸ਼ਰਨ ਪਿਆਂ ਸਾਰੇ ਸੁੱਖ ਦੇਣ ਵਾਲੇ ਹਰੀ ਨਾਲ ਸਾਂਝ ਬਣ ਜਾਂਦੀ ਹੈ, (ਗੁਰੂ ਦੀ ਸ਼ਰਨ ਪੈ ਕੇ ਮਨੁੱਖ) ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ ।੧।

5. ਹੇ ਭਾਈਓ ! ਉਹ ਨਿਰਲੇਪ ਹਰਿ ਨਾਮ (ਹੀ) ਭਗਤ ਜਨਾਂ (ਦੇ ਆਤਮਾ) ਦੀ ਖੁਰਾਕ ਹੈ, ਪ੍ਰਭੂ ਦੀ ਭਗਤੀ ਹੀ ਉਨ੍ਹਾਂ ਵਾਸਤੇ ਪੁਸ਼ਾਕ ਹੈ ਤੇ ਇੱਜ਼ਤ ਹੈ।

6. ਹੇ ਭਾਈ ! ਜਿਹੜੇ ਮਨੁੱਖ ਸਦਾ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹ ਪ੍ਰਭੂ ਦੇ ਚਰਨਾਂ ਵਿਚ ਹੀ ਟਿਕੇ ਰਹਿੰਦੇ ਹਨ, ਪ੍ਰਭੂ ਦੇ ਦਰਬਾਰ ਵਿਚ ਉਨ੍ਹਾਂ ਨੂੰ ਇੱਜ਼ਤ ਮਿਲਦੀ ਹੈ।੨।

ਪ੍ਰ:—ਗੁਰਦੇਵ ਜੀਓ ! ਪ੍ਰਭੂ ਦੇ ਦਰ ਤੇ ਸਾਰਿਆਂ ਨੂੰ ਹੀ ਇੱਜ਼ਤ ਕਿਉਂ ਨਹੀ ਮਿਲਦੀ ?

7. ਉ:—ਹੇ ਭਾਈਓ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖਾਂ ਦੀ ਅਕਲ ਹੋਛੀ ਹੁੰਦੀ ਹੈ, ਉਸ ਦਾ ਮਨ (ਮਾਇਆ ਵਿਚ) ਡੋਲਦਾ ਰਹਿੰਦਾ ਹੈ, ਉਹ ਕਦੇ ਭੀ ਅਕੱਥ ਪ੍ਰਭੂ ਦੀ ਸਿਫਤ ਨਹੀਂ ਕਰਦਾ, (ਇਸ ਕਰਕੇ ਉਸ ਦੀ ਕਿਤੇ ਭੀ ਇੱਜ਼ਤ ਨਹੀਂ ਹੋਇਆ ਕਰਦੀ।

8. ਹੇ ਭਾਈ ! ਗੁਰੂ ਦੀ ਮਤਿ ਉਤੇ ਤੁਰਿਆਂ ਮਨੁੱਖ ਅਡੋਲ ਚਿੱਤ ਹੋ ਜਾਂਦਾ ਹੈ, ਉਸ ਦੇ ਮਨ ਵਿਚ ਪ੍ਰਮਾਤਮਾ ਆ ਵੱਸਦਾ ਹੈ, ਉਸ ਦੇ ਮਨ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ ਜਲ ਵੱਸਦਾ ਹੈ ਤੇ ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਵੱਸਦੀ ਹੈ।੩।

ਪ੍ਰ:—ਗੁਰਦੇਵ ਜੀਓ ! ਮਨ ਵਿਚ ਹਰ ਵਕਤ ਦੌੜ-ਭੱਜ ਬਣੀ ਰਹਿੰਦੀ ਹੈ। ਦਸੋ ਇਹ ਮਨ ਦੀ ਭਟਕਣਾ ਕਿਵੇਂ ਦੂਰ ਹੋ ਸਕਦੀ ਹੈ ?

9. ਉ:—ਹੇ ਭਾਈ ! ਇਕ ਗੁਰੂ ਦਾ ਹੀ ਸ਼ਬਦ ਹੈ, ਜਿਸ ਦੀ ਬਰਕਤ ਨਾਲ ਮਨ ਦੀਆਂ ਦੌੜਾਂ-ਭੱਜਾਂ ਦੂਰ ਕਰ ਲਈਦੀਆਂ ਹਨ, ਗੁਰੂ ਦੇ ਸ਼ਬਦ ਦੀ ਰਾਹੀਂ ਹੀ ਮਨੁੱਖ ਦੀ ਜੀਭ ਆਤਮਕ ਅਡੋਲਤਾ ਵਿਚ ਟਿਕ ਜਾਂਦੀ ਹੈ (ਰਸਾਂ ਕਸਾਂ ਦੇ ਪਿਛੇ ਨਹੀਂ ਦੌੜਦੀ)।

10. (ਇਸ ਲਈ) ਹੇ ਭਾਈਓ ! (ਆਪਣੇ ਗੁਰੂ ਦੇ) ਚਰਨਾਂ ਵਿਚ (ਹੀ) ਜੁੜੇ ਰਹਿਣਾ ਚਾਹੀਦਾ ਹੈ, ਕਿਉਂਕਿ (ਉਸ) ਗੁਰੂ ਨੇ ਆਪਣੀ ਸੁਰਤ ਸਦਾ ਪ੍ਰਮਾਤਮਾ ਵਿਚ ਜੋੜ ਰੱਖੀ ਹੈ।੪।

11. ਮਨੁ ਸਬਦਿ ਮਰੈ ਤਾ ਮੁਕਤੋ ਹੋਵੈ
ਹਰਿ ਚਰਣੀ ਚਿਤੁ ਲਾਈ ॥
12. ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ
ਨਾਵੈ ਸਹਜਿ ਸੁਭਾਈ ॥੫॥
13. ਸਬਦੁ ਵੀਚਾਰਿ ਸਦਾ ਰੰਗਿ ਰਾਤੇ
ਹਉਮੈ ਤ੍ਰਿਸਨਾ ਮਾਰੀ ॥
14. ਅੰਤਰਿ ਨਿਹਕੇਵਲੁ ਹਰਿ ਰਵਿਆ
ਸਭੁ ਆਤਮ ਰਾਮੁ ਮੁਰਾਰੀ ॥੬॥
15. ਸੇਵਕ ਸੇਵਿ ਰਹੇ ਸਚਿ ਰਾਤੇ
ਜੋ ਤੇਰੈ ਮਨਿ ਭਾਣੇ ॥
16. ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ
ਗੁਣ ਅਵਗਣ ਨ ਪਛਾਣੇ ॥੭॥
17. ਆਪੇ ਮੇਲਿ ਲਏ ਅਕਥੁ ਕਥੀਐ
ਸਚੁ ਸਬਦੁ ਸਚੁ ਬਾਣੀ ॥
18. ਨਾਨਕ ਸਾਚੇ ਸਚਿ ਸਮਾਣੇ
ਹਰਿ ਕਾ ਨਾਮੁ ਵਖਾਣੀ ॥੮॥੧॥

ਪਦ ਅਰਥ:—ਸਬਦਿ-ਗੁਰੂ ਦੇ ਸ਼ਬਦ ਦੀ ਰਾਹੀਂ। ਮਰੈ—ਆਪਾ ਭਾਵ ਦੂਰ ਕਰਦਾ ਹੈ। ਤਾ—ਤਦੋਂ। ਮੁਕਤੋ—ਮੁਕਤੁ, ਵਿਕਾਰਾਂ ਤੋਂ ਸੁਤੰਤਰ। ਲਾਈ—ਲਾਇ, ਲਾ ਕੇ। ਸਰੁ—ਤਾਲਾਬ। ਸਾਗਰੁ—ਸਮੁੰਦਰ। ਨਿਰਮਲੁ—ਪਵਿੱਤਰ। ਨਾਵੈ—ਇਸ਼ਨਾਨ ਕਰਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਈ—ਸੁਭਾਇ, ਪ੍ਰੇਮ ਵਿਚ।੫।

ਵੀਚਾਰਿ—ਮਨ ਵਿਚ ਵਸਾ ਕੇ। ਰੰਗਿ—ਪ੍ਰੇਮ ਵਿਚ। ਰਾਤੇ—ਰੰਗੇ ਹੋਏ। ਮਾਰੀ—ਮਾਰਿ, ਮਾਰ ਕੇ। ਨਿਹਕੇਵਲੁ—ਸ਼ੁੱਧ ਸਰੂਪ ਪ੍ਰਮਾਤਮਾ। ਰਵਿਆ—ਵਿਆਪਕ। ਸਭੁ—ਹਰ ਥਾਂ। ਆਤਮ ਰਾਮੁ—ਪ੍ਰਮਾਤਮਾ। ਮੁਰਾਰੀ—[ਮੁਰ-ਅਰਿ] ਵਾਹਿਗੁਰੂ।੬।

ਸੇਵਿ ਰਹੇ—ਸੇਵਾ ਭਗਤੀ ਕਰਦੇ ਰਹਿੰਦੇ ਹਨ। ਸਚਿ—ਸਦਾ ਥਿਰ ਨਾਮ ਵਿਚ। ਤੇਰੈ ਮਨਿ—ਤੇਰੇ ਮਨ ਵਿਚ। ਭਾਣੇ—ਚੰਗੇ ਲੱਗਦੇ ਹਨ। ਦੁਬਿਧਾ—ਦੁ-ਚਿਤਾ-ਪਨ, ਮੇਰ ਤੇਰ। ਮਹਲੁ—ਪ੍ਰਭੂ ਚਰਨਾਂ ਵਿਚ ਥਾਂ। ਜਗਿ—ਜਗਤ ਵਿਚ।੭।

ਆਪੇ—ਆਪ ਹੀ। ਅਕਥੁ—ਉਹ ਪ੍ਰਭੂ ਜਿਸ ਦਾ ਸਹੀ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਕਥੀਐ—ਸਿਫਤ ਸਾਲਾਹ ਕੀਤੀ ਜਾ ਸਕਦੀ ਹੈ। ਸਚੁ ਸਬਦੁ ਸਚੁ ਬਾਣੀ—ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ। ਸਾਚੇ ਸਾਚਿ—ਸਾਚ ਹੀ ਸਾਚਿ, ਸਦਾ ਥਿਰ ਪ੍ਰਭੂ ਦੇ ਵਿਚ ਸਦਾ ਹੀ। ਵਖਾਣੀ—ਵਖਾਣਿ, ਉਚਾਰ ਕੇ।੮।

ਅਰਥ:—

ਪ੍ਰ:—ਗੁਰਦੇਵ ਜੀਓ ! ਵਿਕਾਰਾਂ ਦੀ ਸ਼ਕਤੀ ਬੜੀ ਹੀ ਪ੍ਰਬਲ ਹੈ, ਦਸੋ ਇਸ ਤੋਂ ਕਿਵੇਂ ਸੁਤੰਤਰ ਹੋ ਸਕਦੇ ਹਾਂ ?

11. ਉ: ਹੇ ਭਾਈ ! (ਜਦੋਂ ਕਿਸੇ ਮਨੁੱਖ ਦਾ) ਮਨ ਗੁਰੂ ਦੇ ਸ਼ਬਦ ਦੀ ਰਾਹੀਂ ਆਪਾ-ਭਾਵ ਦੂਰ ਕਰਦਾ ਹੈ, ਤਦੋਂ (ਉਹ ਮਨੁੱਖ) ਪ੍ਰਭੂ ਦੇ ਚਰਨਾਂ ਵਿਚ ਚਿੱਤ ਜੋੜ ਕੇ ਵਿਕਾਰਾਂ ਦੇ ਪੰਜੇ ਵਿਚੋਂ ਨਿਕੱਲ ਜਾਂਦਾ ਹੈ।

ਪ੍ਰ:—ਸ੍ਰੀ ਜੀਓ ! ਮਨ ਨੂੰ ਨਿਰਮਲ ਕਰਨ ਲਈ ਕਿਹੜਾ ਸਹੀ ਸਾਧਨ ਹੈ ?

12. ਉ:—ਹੇ ਭਾਈ ! ਇਕ ਪ੍ਰਮੇਸ਼ਰ (ਹੀ ਮਾਨੋ ਐਸਾ) ਸਰੋਵਰ ਹੈ, ਸਮੁੰਦਰ ਹੈ, (ਜਿਸ ਦਾ) ਜਲ ਪਵਿੱਤਰ ਰਹਿੰਦਾ ਹੈ

(ਜਿਹੜਾ ਮਨੁੱਖ ਇਸ ਵਿਚ) ਇਸ਼ਨਾਨ ਕਰਦਾ ਹੈ, ਉਹ ਆਤਮਕ ਅਡੋਲਤਾ ਵਿਚ ਪ੍ਰੇਮ ਵਿਚ ਲੀਨ ਰਹਿੰਦਾ ਹੈ ।੫।

ਪ੍ਰ:—ਗੁਰਦੇਵ ਜੀਓ ! ਉਸ ਹਰੀ ਨੂੰ ਹਰ ਥਾਂ ਵਿਆਪਕ ਕਿਵੇਂ ਦੇਖਿਆ ਜਾ ਸਕਦਾ ਹੈ ?

13-14 **ਉ:**—ਹੇ ਭਾਈਓ ! ਜਿਹੜੇ ਮਨੁੱਖ ਪ੍ਰਭੂ ਦੇ ਸਬਦ ਨੂੰ ਆਪਣੇ ਮਨ ਵਿਚ ਵਸਾ ਕੇ (ਤੇ ਸ਼ਬਦ ਦੀ ਬਰਕਤ ਨਾਲ ਅੰਦਰੋਂ) ਹਉਮੈ ਅਤੇ ਤ੍ਰਿਸ਼ਨਾ ਨੂੰ ਮੁਕਾ ਕੇ ਸਦਾ (ਪ੍ਰਭੂ ਦੇ) ਪਿਆਰ ਦੇ ਰੰਗ ਵਿਚ ਰੰਗੇ ਰਹਿੰਦੇ ਹਨ ਉਨ੍ਹਾਂ ਦੇ ਅੰਦਰ ਸ਼ੁੱਧ ਸਰੂਪ ਹਰੀ ਆ ਵੱਸਦਾ ਹੈ (ਬੱਸ ਫਿਰ ਉਨ੍ਹਾਂ ਨੂੰ) ਹਰ ਥਾਂ ਪ੍ਰਮੇਸ਼ਰ ਹੀ ਵਿਆਪਕ ਦਿਸਦਾ ਹੈ ।੬।

15. ਪਰ, ਹੇ ਪ੍ਰਭੂ, ਉਹੀ ਸੇਵਕ ਤੇਰੀ ਸੇਵਾ ਭਗਤੀ ਕਰਦੇ ਹਨ ਅਤੇ ਤੇਰੇ ਸਦਾ ਥਿਰ ਨਾਮ ਵਿਚ ਰੰਗੇ ਰਹਿੰਦੇ ਹਨ, ਜਿਹੜੇ ਤੇਰੇ ਮਨ ਵਿਚ ਪਿਆਰੇ ਲੱਗਦੇ ਹਨ ।

16. ਹੇ ਪਿਆਰੇ ! ਮੇਰ ਤੇਰ ਵਿਚ ਫਸੀ ਹੋਈ ਜੀਵ ਇਸਤ੍ਰੀ ਪ੍ਰਮੇਸ਼ਰ ਪਤੀ ਦੇ ਚਰਨਾਂ ਵਿਚ ਥਾਂ ਨਹੀਂ ਲੈ ਸਕਦੀ, ਉਹ ਦੁਨੀਆਂ ਵਿਚ ਭੀ ਆਪਣਾ ਇਤਬਾਰ ਗਵਾਈ ਰੱਖਦੀ ਹੈ, ਉਹ ਇਹ ਨਹੀਂ ਪਛਾਣ ਸਕਦੀ ਕਿ ਜੋ ਕੁਝ ਮੈਂ ਕਰਦੀ ਹਾਂ ਉਹ ਚੰਗਾ ਹੈ ਜਾਂ ਮਾੜਾ ।੭।

ਪ੍ਰ:—ਗੁਰਦੇਵ ਜੀਓ ! ਉਸ ਪ੍ਰਭੂ ਦੀ ਸਿਫਤ ਸਾਲਾਹ ਕਰਨ ਵਿਚ ਹਰ ਪ੍ਰਾਣੀ ਹੀ ਕਿਉਂ ਨਹੀਂ ਲੱਗ ਜਾਂਦਾ ?

17. **ਉ:**—ਹੇ ਪਿਆਰੇ ! ਚਾਹੁੰਦੇ ਤਾਂ ਬਹੁਤ ਲੋਕ ਹਨ ਪਰ ਜਦੋਂ ਉਹ ਪ੍ਰਭੂ ਆਪ ਹੀ ਆਪਣੇ ਚਰਨਾਂ ਵਿਚ ਜੋੜੇ, ਤਦੋਂ ਹੀ ਉਸ ਅਕੱਥ ਪ੍ਰਭੂ ਦੀ ਸਿਫਤ ਸਾਲਾਹ ਕੀਤੀ ਜਾ ਸਕਦੀ ਹੈ, ਤਦੋਂ ਹੀ ਉਸ ਦਾ ਸਦਾ ਥਿਰ ਸ਼ਬਦ, ਉਸ ਦੀ ਸਦਾ ਥਿਰ ਬਾਣੀ ਦਾ ਉਚਾਰਨ ਕੀਤਾ ਜਾ ਸਕਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ ! ਜਿਨ੍ਹਾਂ ਨੂੰ ਪ੍ਰਭੂ ਆਪ ਆਪਣੇ ਚਰਨਾਂ ਵਿਚ ਜੋੜਦਾ ਹੈ, ਉਹ ਮਨੁੱਖ ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਸਦਾ ਹੀ ਉਸ ਸਦਾ ਥਿਰ ਪ੍ਰਭੂ ਵਿਚ ਲੀਨ ਰਹਿੰਦੇ ਹਨ ।੮।੧।

ਭਾਵਾਰਥ :—ਹਰੀ ਦੇ ਭਗਤ ਕੇਵਲ ਉਸੇ ਹਰੀ ਵਿਚ ਲਿਵ ਲਾਉਂਦੇ ਹਨ, ਕਿਉਂਕਿ ਇਉਂ ਕਰਦੇ ਰਹਿਣ ਨਾਲ ਮੌਤ ਦਾ ਡਰ ਦੂਰ ਹੋ ਜਾਂਦਾ ਹੈ ।੧। ਨਾਮ ਹੀ ਉਨ੍ਹਾਂ ਲਈ ਰੋਟੀ, ਕੱਪੜਾ ਅਤੇ ਹਰ ਤਰ੍ਹਾਂ ਦੀ ਵਡਿਆਈ ਹੁੰਦੀ ਹੈ ।੨। ਮਨਮੁਖ ਉਸ ਅਕਥਨੀ ਨਾਮ ਨੂੰ ਨਹੀਂ ਜਪਦੇ, ਇਸੇ ਲਈ ਉਨ੍ਹਾਂ ਦਾ ਮਨ ਡੋਲਦਾ ਰਹਿੰਦਾ ਹੈ ।੩। ਪਰ ਉਹ ਭੀ ਜਦੋਂ ਗੁਰੂ ਦੀ ਮੱਤ ਲੈਣ ਤਾਂ ਉਨ੍ਹਾਂ ਦੇ ਮਨ ਦੀਆਂ ਨਿੱਤ ਉਠਦੀਆਂ ਲਹਿਰਾਂ ਬੰਦ ਹੋ ਕੇ ਅਡੋਲਤਾ ਮਿਲਦੀ ਹੈ ।੪। ਇਸ ਲਈ ਨਿਰਮਲ ਕਰਨ ਵਾਲੇ ਸ਼ਬਦ ਦੀ ਰਾਹੀਂ ਮਨ ਨੂੰ ਮਾਰਨਾ ਚਾਹੀਦਾ ਹੈ ।੫। ਉਹ ਕਿਸ ਤਰ੍ਹਾਂ ? ਸ਼ਬਦ ਨੂੰ ਵੀਚਾਰਨ ਨਾਲ ਹਰੀ ਦੇ ਪ੍ਰੇਮ ਵਿਚ ਰੰਗੀਜ ਜਾਈਦਾ ਹੈ, ਜਿਸ ਨਾਲ ਹਉਮੈ ਤੇ ਤ੍ਰਿਸ਼ਨਾ ਮਰ ਜਾਂਦੀ ਹੈ ਅਤੇ ਅੰਦਰ ਇਕ ਹਰੀ ਦਾ ਵਾਸਾ ਮਹਿਸੂਸ ਕਰਨ ਲੱਗ ਜਾਈਦਾ ਹੈ ।੬। ਇਹ ਕੰਮ ਉਹੀ ਸੇਵਕ ਕਰਦੇ ਹਨ ਜੋ ਹਰੀ ਨੂੰ ਭਾਉਂਦੇ ਹਨ ਨਹੀਂ ਤਾਂ ਦਵੈਤ ਭਾਵ ਵਾਲੇ ਵਿਛੜੇ ਹੀ ਰਹਿੰਦੇ ਹਨ ।੭। ਹਰੀ ਪ੍ਰਭੂ ਕ੍ਰਿਪਾ ਕਰ ਕੇ ਆਪ ਹੀ ਮੇਲੇ ਤਾਂ ਮਿਲਾਪ ਹੁੰਦਾ ਹੈ ।੮।

ਸਾਰਗ ਮਹਲਾ ੩ ॥

1. ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥
2. ਜਨਮ ਜਨਮ ਕੇ ਕਿਲਵਿਖ ਭਉ ਭੰਜਨ
ਗੁਰਮੁਖਿ ਏਕੋ ਡੀਠਾ ॥੧॥ਰਹਾਉ॥
3. ਕੋਟਿ ਕੋਟੰਤਰ ਕੇ ਪਾਪ ਬਿਨਾਸਨ
ਹਰਿ ਸਾਚਾ ਮਨਿ ਭਾਇਆ ॥
4. ਹਰਿ ਬਿਨੁ ਅਵਰੁ ਨ ਸੂਝੈ ਦੂਜਾ
ਸਤਿਗੁਰਿ ਏਕੁ ਬੁਝਾਇਆ ॥੧॥
5. ਪ੍ਰੇਮ ਪਦਾਰਥੁ ਜਿਨ ਘਟਿ ਵਸਿਆ
ਸਹਜੇ ਰਹੇ ਸਮਾਈ ॥
6. ਸਬਦਿ ਰਤੇ ਸੇ ਰੰਗਿ ਚਲੂਲੇ
ਰਾਤੇ ਸਹਜਿ ਸੁਭਾਈ ॥੨॥
7. ਰਸਨਾ ਸਬਦੁ ਵੀਚਾਰਿ ਰਸਿ ਰਾਤੀ
ਲਾਲ ਭਈ ਰੰਗੁ ਲਾਈ ॥
8. ਰਾਮ ਨਾਮੁ ਨਿਹਕੇਵਲੁ ਜਾਣਿਆ
ਮਨੁ ਤ੍ਰਿਪਤਿਆ ਸਾਂਤਿ ਆਈ ॥੩॥
9. ਪੰਡਿਤ ਪੜਿ ਪੜਿ ਮੋਨੀ ਸਭਿ ਥਾਕੇ
ਭ੍ਰਮਿ ਭੇਖ ਥਕੇ ਭੇਖ ਧਾਰੀ ॥
10. ਗੁਰ ਪਰਸਾਦਿ ਨਿਰੰਜਨੁ ਪਾਇਆ
ਸਾਚੈ ਸਬਦਿ ਵੀਚਾਰੀ॥੪॥

ਪਦ ਅਰਥ :— ਮਨ—ਹੇ ਮਨ । ਅਤਿ—ਬਹੁਤ । ਕਿਲਵਿਖ—ਪਾਪ । ਭਉ—ਡਰ । ਕਿਲਵਿਖ ਭੰਜਨ—ਪਾਪਾਂ ਦਾ ਨਾਸ ਕਰਨ ਵਾਲਾ । ਭਉ ਭੰਜਨ—ਡਰ ਦੂਰ ਕਰਨ ਵਾਲਾ ਪ੍ਰਭੂ। ਗੁਰਮੁਖ—ਗੁਰੂ ਦੀ ਸ਼ਰਨ ਪੈ ਕੇ ।੧।ਰਹਾਉ।

ਕੋਟ—ਕਿਲ੍ਹੇ । ਕੋਟਿ—ਕ੍ਰੋੜਾ । ਕੋਟਿ ਕੋਟੰਤਰ ਕੇ—ਕ੍ਰੋੜਾਂ ਸ਼ਰੀਰ ਕਿਲ੍ਹਿਆਂ ਦੇ, ਕ੍ਰੋੜਾਂ ਜਨਮਾਂ ਦੇ । ਸਾਚਾ—ਸਦਾ ਕਾਇਮ ਰਹਿਣ ਵਾਲਾ । ਮਨਿ—ਮਨ ਵਿਚ । ਸਤਿਗੁਰਿ—ਗੁਰੂ ਨੇ । ਬੁਝਾਇਆ- ਸਮਝ ਬਖਸ਼ੀ ਹੈ ।੧।

ਜਿਨ ਘਟਿ—ਜਿਨ੍ਹਾਂ ਦੇ ਹਿਰਦੇ ਵਿਚ । ਸਹਜੇ—ਆਤਮਕ ਅਡੋਲਤਾ ਵਿਚ । ਸਬਦਿ—ਸ਼ਬਦ ਵਿਚ । ਸੇ—ਉਹ । ਰੰਗਿ ਚਲੂਲੇ- ਰੰਗ ਵਿਚ ਗੂੜ੍ਹੇ ਰੰਗੇ ਹੋਏ । ਸੁਭਾਈ—ਸੁਭਾਇ, ਪ੍ਰੇਮ ਵਿਚ ।੨।

ਰਸਨਾ–ਜੀਭ। ਸਬਦੁ ਵੀਚਾਰਿ–ਸ਼ਬਦ ਨੂੰ ਮਨ ਵਿਚ ਵਸਾ ਕੇ। ਰਸਿ–ਰਸ ਵਿਚ। ਰੰਗੁ–ਪ੍ਰੇਮ। ਨਿਹਕੇਵਲੁ–ਸ਼ੁੱਧ ਸਰੂਪ ਪ੍ਰਭੂ। ਜਾਨਿਆ–ਸਾਂਝ ਪਾ ਲਈ। ਤ੍ਰਿਪਤਿਆ–ਰੱਜ ਗਿਆ।੩।

ਪੜਿ–ਪੜ੍ਹ ਕੇ। ਸਭਿ–ਸਾਰੇ। ਭ੍ਰਮਿ–ਭਟਕਣਾ ਵਿਚ ਪੈ ਕੇ। ਪਰਸਾਦਿ–ਕ੍ਰਿਪਾ ਨਾਲ। ਨਿਰੰਜਨੁ–ਨਿਰਲੇਪ ਪ੍ਰਭੂ। ਸਚੈ ਸਬਦਿ–ਸੱਚੇ ਸ਼ਬਦ ਵਿਚ, ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਦੇ ਸ਼ਬਦ ਵਿਚ। ਵੀਚਾਰੀ–ਵੀਚਾਰਦਾ ਹੈ, ਮਨ ਵਿਚ ਵਸਾਂਦਾ ਹੈ।੪।

ਅਰਥ:–

ਪ੍ਰ:–ਗੁਰਦੇਵ ਜੀਓ! ਹਮੇਸ਼ਾ ਹੀ ਇਹ ਸਾਡਾ ਮਨ ਸੁਣਦਾ ਤਾਂ ਹੈ ਕਿ ਉਹ ਪ੍ਰਮੇਸ਼ਰ ਜੀ ਹਰ ਸਮੇਂ ਹਰ ਤਰ੍ਹਾਂ ਦੀ ਹੋ ਰਹੀ ਕ੍ਰਿਆ ਨੂੰ ਵੇਖ ਰਿਹਾ ਹੈ, ਪਰ, ਤਾਂ ਭੀ ਇਹ ਪ੍ਰਪੱਕ ਨਿਸਚਾ ਨਹੀਂ ਕਰਦਾ, ਦਸੋ ਇਸ ਨੂੰ ਕਿਵੇਂ ਸਮਝਾਇਆ ਜਾਵੇ?

1. ੳ:–ਹੇ ਪਿਆਰੇ! ਇਸ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ ਮੇਰੇ ਮਨ! ਸੁਣ, (ਜਿਸ ਮਨੁੱਖ ਨੂੰ) ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾ ਦਾ ਨਾਮ ਬਹੁਤ
2. ਪਿਆਰਾ ਲੱਗਣ ਲੱਗ ਪੈਂਦਾ ਹੈ। ਉਹ ਮਨੁੱਖ ਅਨੇਕਾਂ ਜਨਮਾਂ ਦੇ ਪਾਪ ਅਤੇ ਡਰ ਨਾਸ ਕਰਨ ਵਾਲੇ ਪ੍ਰਭੂ ਨੂੰ (ਹਰ ਥਾਂ) ਹੀ (ਦ੍ਰਿਸ਼ਟਾ ਰੂਪ) ਵੇਖਦਾ ਹੈ।੧।ਰਹਾਉ।
3. ਹੇ ਭਾਈ! ਕ੍ਰੋੜਾਂ ਜਨਮਾਂ ਦੇ ਪਾਪ ਨਾਸ ਕਰਨ ਵਾਲਾ ਸਦਾ ਥਿਰ ਪ੍ਰਭੂ ਹੀ ਉਸ ਨੂੰ (ਆਪਣੇ) ਮਨ ਵਿਚ ਪਿਆਰਾ ਲੱਗਦਾ ਹੈ।
4. ਹੇ ਪਿਆਰੇ! (ਜਿਸ ਮਨੁੱਖ ਨੂੰ) ਸਤਿਗੁਰੂ ਨੇ ਇਕ ਪ੍ਰਮਾਤਮਾ ਦੀ ਸਮਝ ਬਖਸ਼ ਦਿੱਤੀ ਹੈ, ਉਸ ਨੂੰ ਪ੍ਰਮਾਤਮਾ ਤੋਂ ਬਿਨਾਂ ਕੋਈ ਹੋਰ ਦੂਜਾ (ਕਿਤੇ ਵੱਸਦਾ) ਨਹੀਂ ਸੁੱਝਦਾ।੧।
5. ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ (ਪ੍ਰਭੂ ਦਾ) ਅਮੋਲਕ ਪ੍ਰੇਮ ਆ ਵੱਸਦਾ ਹੈ, ਉਹ ਸਦਾ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ।

ਪ੍ਰ:–ਸ੍ਰੀ ਜੀਓ! ਉਨ੍ਹਾਂ ਦੀ ਪਛਾਣ ਕੀ ਹੈ?

6, ੳ:–ਹੇ ਭਾਈ! ਉਹ ਮਨੁੱਖ ਗੁਰੂ ਦੇ ਸ਼ਬਦ ਰੰਗ ਵਿਚ ਗੂੜ੍ਹੇ ਰੰਗੇ ਹੋਏ ਆਤਮਕ ਅਡੋਲਤਾ ਅਤੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ।੨।

ਪ੍ਰ:–ਗੁਰਦੇਵ ਜੀਓ! ਮਨ ਹਰ ਵਕਤ ਤਪਦਾ ਰਹਿੰਦਾ ਹੈ,ਇਸ ਨੂੰ ਸ਼ਾਂਤੀ ਕਿਵੇਂ ਹੋ ਸਕਦੀ ਹੈ?

7. ੳ:–ਹੇ ਭਾਈ! ਗੁਰੂ ਦਾ ਸ਼ਬਦ ਮਨ ਵਿਚ ਵਸਾ ਕੇ, ਜਿਸ ਮਨੁੱਖ ਦੀ ਜੀਭ ਨਾਮ ਦੇ ਸੁਆਦ ਵਿਚ ਗਿੱਝ ਜਾਂਦੀ ਹੈ, ਨਾਮ ਰੰਗ ਲਾ ਕੇ ਗੂੜ੍ਹੀ ਰੰਗੀ ਜਾਂਦੀ ਹੈ।-
8. ਉਹ ਮਨੁੱਖ ਸ਼ੁੱਧ ਸਰੂਪ ਹਰੀ ਦੇ ਨਾਮ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਉਸ ਦਾ ਮਨ (ਮਾਇਆ ਵਲੋਂ) ਰੱਜ ਜਾਂਦਾ ਹੈ, (ਇ ਤਰ੍ਹਾਂ) ਉਸ ਦੇ ਅੰਦਰ ਸ਼ਾਂਤੀ ਪੈਦਾ ਹੋ ਜਾਂਦੀ ਹੈ।੩।

ਪ੍ਰ:–ਕਿਉਂ ਜੀ, ਕੀ ਵੇਦ ਪਾਠੀ ਪੰਡਤਾਂ ਨੂੰ ਨਾਮ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ?

9. ੳ:–ਹੇ ਭਾਈ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਪੰਡਤ ਲੋਕ (ਵੇਦ ਆਦਿਕ ਧਰਮ ਪੁਸਤਕਾਂ) ਪੜ੍ਹ ਪੜ੍ਹ ਕੇ ਥੱਕ ਜਾਂਦੇ ਹਨ, ਸਮਾਧੀਆਂ ਲਾਉਣ ਵਾਲੇ (ਸਮਾਧੀਆਂ ਲਾ ਲਾ ਕੇ) ਥੱਕ ਜਾਂਦੇ ਹਨ, ਭੇਖ ਧਾਰੀ ਮਨੁੱਖ ਧਾਰਮਿਕ ਭੇਖਾਂ ਵਿਚ ਹੀ ਭਟਕ ਭਟਕ ਕੇ ਥੱਕ ਜਾਂਦੇ ਹਨ (ਉਨ੍ਹਾਂ ਨੂੰ ਨਾਮ ਦੀ ਦਾਤ ਪ੍ਰਾਪਤ ਨਹੀਂ ਹੁੰਦੀ)।

ਪ੍ਰ:–ਗੁਰਦੇਵ ਜੀਓ! ਆਖਰ ਪ੍ਰਭੂ ਦਾ ਮਿਲਾਪ ਕਿਸ ਨੂੰ ਹੁੰਦਾ ਹੈ?

10. ੳ:–ਹੇ ਭਾਈਓ! ਜਿਹੜਾ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਸਦਾ ਥਿਰ ਪ੍ਰਭੂ ਦੇ ਸ਼ਬਦ ਵਿਚ ਸੁਰਤ ਜੋੜਦਾ ਹੈ, ਉਹ ਮਨੁੱਖ ਨਿਰਲੇਪ ਪ੍ਰਭੂ ਦਾ ਮਿਲਾਪ ਹਾਸਲ ਕਰ ਲੈਂਦਾ ਹੈ।੪।

11. ਆਵਾ ਗਉਣੁ ਨਿਵਾਰਿ ਸਚਿ ਰਾਤੇ
ਸਾਚ ਸਬਦੁ ਮਨਿ ਭਾਇਆ॥
12. ਸਤਿਗੁਰੁ ਸੇਵਿ ਸਦਾ ਸੁਖੁ ਪਾਈਐ
ਜਿਨਿ ਵਿਚਹੁ ਆਪੁ ਗਵਾਇਆ॥੫॥
13. ਸਾਚੈ ਸਬਦਿ ਸਹਜ ਧੁਨਿ ਉਪਜੈ
ਮਨਿ ਸਾਚੈ ਲਿਵ ਲਾਈ॥
14. ਅਗਮ ਅਗੋਚਰੁ ਨਾਮੁ ਨਿਰੰਜਨੁ
ਗੁਰਮੁਖਿ ਮੰਨਿ ਵਸਾਈ॥੬॥
15 ਏਕਸ ਮਹਿ ਸਭੁ ਜਗਤੋ ਵਰਤੈ
ਵਿਰਲਾ ਏਕੁ ਪਛਾਣੈ॥
16. ਸਬਦਿ ਮਰੈ ਤਾ ਸਭੁ ਕਿਛੁ ਸੂਝੈ
ਅਨਦਿਨੁ ਏਕੋ ਜਾਣੈ॥੭॥
17. ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ
ਹੋਰੁ ਕਹਣਾ ਕਥਨੁ ਨ ਜਾਈ॥
18. ਨਾਨਕ ਨਾਮਿ ਰਤੇ ਸਦਾ ਬੈਰਾਗੀ
ਏਕ ਸਬਦਿ ਲਿਵ ਲਾਈ॥੮॥੨॥

ਪਦ ਅਰਥ:–ਆਵਾ ਗਉਣੁ–ਜੰਮਣ ਮਰਨ ਦਾ ਗੇੜ [ਆਵਾ–ਆਉਣਾ, ਜੰਮਣਾ। ਗਉਣੁ–ਜਾਣਾ, ਮਰਨਾ]। ਨਿਵਾਰਿ–ਦੂਰ ਕਰ ਕੇ। ਸਚਿ–ਸਦਾ ਥਿਰ ਪ੍ਰਭੂ ਵਿਚ। ਸਾਚ ਸਬਦੁ–ਸਦਾ ਥਿਰ ਪ੍ਰਭੂ ਦਾ ਸ਼ਬਦ, ਸਦਾ ਥਿਰ ਹਰੀ ਦੀ ਸਿਫਤ ਸਾਲਾਹ। ਮਨਿ–ਮਨ ਵਿਚ। ਭਾਇਆ–ਪਿਆਰਾ

ਲੱਗਾ। ਪਾਈਐ–ਪ੍ਰਾਪਤ ਕਰੀਦਾ ਹੈ । ਜਿਨਿ–ਜਿਸ (ਗੁਰੂ) ਨੇ। ਆਪੁ–ਆਪਾ ਭਾਵ ।੫।

ਸਾਚੈ ਸਬਦਿ–ਸਦਾ ਥਿਰ ਪ੍ਰਭੂ ਦੇ ਸ਼ਬਦ ਦੀ ਰਾਹੀਂ। ਸਹਜ ਧੁਨਿ–ਆਤਮਕ ਅਡੋਲਤਾ ਦੀ ਰੌ। ਮਨਿ–ਮਨ ਵਿਚ। ਸਾਚੈ–ਸਦਾ ਥਿਰ ਕਾਇਮ ਰਹਿਣ ਵਾਲੇ ਪ੍ਰਭੂ ਵਿਚ। ਲਿਵ–ਲਗਨ। ਅਗਮ–ਅਪਹੁੰਚ । ਅਗੋਚਰੁ–[ਅ-ਗੋ-ਚਰੁ। ਗੋ–ਗਿਆਨ ਇੰਦਰੇ। ਚਰ–ਪਹੁੰਚ] ਜਿਸ ਤਕ ਗਿਆਨ ਇੰਦ-ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਨਿਰੰਜਨੁ–[ਨਿਰ-ਅੰਜਨ] ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ,ਨਿਰਲੇਪ। ਗੁਰਮੁਖਿ–ਗੁਰੂ ਦੇ ਰਾਹੀਂ। ਮੰਨਿ–ਮਨਿ, ਮਨ ਵਿਚ ।੬।

ਏਕਸ ਮਹਿ–ਇਕ (ਪ੍ਰਭੂ) ਵਿਚ ਹੀ। ਪਛਾਣੈ–ਸਾਂਝ ਪਾਉਂਦਾ ਹੈ। ਸਬਦਿ–ਸ਼ਬਦ ਦੀ ਰਾਹੀਂ। ਮਰੈ–ਆਪਾ ਭਾਵ ਦੂਰ ਕਰੇ। ਅਨਦਿਨੁ–ਹਰ ਰੋਜ਼, ਹਰ ਵੇਲੇ ।੭।

ਸੋਈ–ਉਹੀ। ਹੋਰੁ–ਕੋਈ ਹੋਰ ਤਰੀਕਾ(ਸਮਝਣ ਦਾ)। ਨਾਮਿ–ਨਾਮ ਵਿਚ। ਬੈਰਾਗੀ–ਵੈਰਾਗਵਾਨ। ਸਬਦਿ–ਸ਼ਬਦ ਵਿਚ। ਲਿਵ–ਲਗਨ। ਲਾਈ–ਲਾ ਕੇ ।੮।

ਅਰਥ:–

ਪ੍ਰ:–ਗੁਰਦੇਵ ਜੀਓ ! ਸਾਡੇ ਮਨਾਂ ਨੂੰ ਮਾਇਕੀ ਪਦਾਰਥਾਂ ਦਾ ਹੀ ਰੰਗ ਚੜ੍ਹਿਆ ਰਹਿੰਦਾ ਹੈ, ਦਸੋ, ਮਨ ਨੂੰ ਨਾਮ ਦਾ ਰੰਗ ਕਿਵੇਂ ਚੜ੍ਹ ਸਕਦਾ ਹੈ ?

11. ਉ:–ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਵਾਲਾ ਗੁਰ-ਸ਼ਬਦ ਮਨ ਵਿਚ ਪਿਆਰਾ ਲੱਗਦਾ ਹੈ, ਉਹ (ਗੁਰ-ਸ਼ਬਦ ਦੀ ਬਰਕਤ ਨਾਲ) ਜਨਮ ਮਰਨ ਦਾ ਗੇੜ ਮਿਟਾ ਕੇ ਸਦਾ ਥਿਰ ਪ੍ਰਭੂ (ਦੇ ਨਾਮ ਰੰਗ) ਵਿਚ ਰੰਗੇ ਰਹਿੰਦੇ ਹਨ।

12. ਹੇ ਭਾਈਓ ! ਜਿਸ (ਗੁਰੂ) ਨੇ ਆਪਣੇ ਅੰਦਰੋਂ ਆਪਾ-ਭਾਵ ਦੂਰ ਕੀਤਾ ਹੈ, ਉਸ ਗੁਰੂ ਦੀ ਸ਼ਰਨ ਪੈ ਕੇ (ਹੀ) ਸਦਾ ਆਤਮਕ ਅਨੰਦ ਮਾਣੀਦਾ ਹੈ ।੫।

ਪ੍ਰ:–ਗੁਰਦੇਵ ਜੀਓ ! ਮੂੰਹੋਂ ਤਾਂ ਨਾਮ ਜਪਦੇ ਰਹੀਦਾ ਹੈ, ਪਰ ਦਸੋ, ਮਨ ਵਿਚ ਕਿਵੇਂ ਵਸੇ ?

13. ਉ:–ਹੇ ਭਾਈ ! ਜਿਹੜਾ ਮਨੁੱਖ ਸਦਾ ਥਿਰ ਪ੍ਰਭੂ ਦੀ ਸਿਫਤ ਸਾਲਾਹ ਦੇ ਸ਼ਬਦ ਵਿਚ (ਜੁੜ ਕੇ) ਆਪਣੇ ਮਨ ਦੀ ਰਾਹੀਂ ਸਦਾ ਥਿਰ ਪ੍ਰਭੂ ਵਿਚ ਸੁਰਤ ਜੋੜੀ ਰਖਦਾ ਹੈ (ਉਸ ਦੇ ਅੰਦਰ) ਆਤਮਕ ਅਡੋਲਤਾ ਦੀ ਰੌ ਪੈਦਾ ਹੋ ਜਾਂਦੀ ਹੈ।

14. ਐ ਪਿਆਰੇ ! ਅਜਿਹਾ ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ (ਹੀ) ਅਪਹੁੰਚ, ਅਗੋਚਰ ਅਤੇ ਨਿਰਲੇਪ ਪ੍ਰਭੂ ਦਾ ਨਾਮ ਆਪਣੇ ਮਨ ਵਿਚ ਵਸਾਂਦਾ ਹੈ ।੬।

15. ਹੇ ਭਾਈ ! (ਗੁਰੂ ਦੇ ਸਨਮੁਖ ਰਹਿਣ ਵਾਲਾ ਹੀ) ਕੋਈ ਮਨੁੱਖ ਇਕ ਪ੍ਰਮਾਤਮਾ ਨਾਲ ਸਾਂਝ ਪਾਂਦਾ ਹੈ (ਤੇ ਇਹ ਸਮਝਦਾ ਹੈ ਕਿ) ਸਾਰਾ ਸੰਸਾਰ ਇਕ ਪ੍ਰਮਾਤਮਾ (ਦੇ ਹੁਕਮ) ਵਿਚ ਹੀ ਕਾਰ ਚਲਾ ਰਿਹਾ ਹੈ।

16. ਹੇ ਪਿਆਰੇ ! ਜਦੋਂ ਕੋਈ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰੋਂ) ਆਪਾ ਭਾਵ ਦੂਰ ਕਰਦਾ ਹੈ, ਤਦੋਂ ਉਸ ਨੂੰ (ਇਹ) ਸਾਰੀ ਸੂਝ ਆ ਜਾਂਦੀ ਹੈ, ਤਦੋਂ ਉਹ ਹਰ ਵੇਲੇ ਸਿਰਫ ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾਈ ਰਖਦਾ ਹੈ ।੭।

ਪ੍ਰ:–ਗੁਰਦੇਵ ਜੀਓ ! ਗੁਰੂ ਪੀਰ ਧਾਰਮਕ ਸ਼ਾਸਤਰ ਜੀਵਨ ਦਾ ਸਹੀ ਰਾਹ ਦੱਸ ਰਹੇ ਹਨ, ਪਰ ਇਹ ਜੀਵ ਉਸ ਨੂੰ ਅਪਣਾਉਂਦਾ ਕਿਉਂ ਨਹੀਂ ?

17. ਉ:–ਹੇ ਭਾਈਓ ! ਜਤਨ ਤਾਂ ਬਹੁਤ ਲੋਕ ਕਰਦੇ ਹਨ, ਪਰ ਜਿਸ ਮਨੁੱਖ ਉਤੇ ਪ੍ਰਮਾਤਮਾ ਮਿਹਰ ਦੀ ਨਜ਼ਰ ਕਰਦਾ ਹੈ, (ਉਹੀ ਜੀਵਨ ਦਾ ਸਹੀ ਰਸਤਾ) ਸਮਝਦਾ ਹੈ, (ਪ੍ਰਭੂ ਦੀ ਮਿਹਰ ਤੋਂ ਬਿਨਾਂ ਕਿਸੇ) ਹੋਰ ਪਾਸੋਂ ਰਸਤਾ ਦੱਸਿਆ ਨਹੀਂ ਜਾ ਸਕਦਾ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! (ਹਰੀ ਦੀ ਕ੍ਰਿਪਾ ਨਾਲ ਹੀ) ਪ੍ਰਭੂ ਦੀ ਸਿਫਤ ਸਾਲਾਹ ਵਾਲੇ ਗੁਰ ਸ਼ਬਦ ਵਿਚ ਸੁਰਤ ਜੋੜ ਕੇ ਹਰਿ ਨਾਮ ਵਿਚ ਮਗਨ ਰਹਿਣ ਵਾਲੇ ਮਨੁੱਖ (ਦੁਨੀਆਂ ਦੇ ਮੋਹ ਵਲੋਂ) ਸਦਾ ਹੀ ਨਿਰਲੇਪ ਰਹਿੰਦੇ ਹਨ ।੮।੨।

ਭਾਵਾਰਥ :–ਅਨੇਕਾਂ ਤਰ੍ਹਾਂ ਦੇ ਭੇਖ ਜਾਂ ਪੰਡਤਾਈ ਕਿਸੇ ਭੀ ਕੰਮ ਦੀ ਨਹੀਂ, ਗੁਰੂ ਦੇ ਸ਼ਬਦ ਰਾਹੀਂ ਇਕ ਹਰੀ ਦਾ ਨਾਮ ਜਪਣਾ ਸਾਰੇ ਪਾਪਾਂ ਦਾ ਨਾਸਕ ਹੈ, ਤੇ ਜੰਮਣਾ ਮਰਨਾ ਨਿਵਾਰ ਕੇ ਹਰੀ ਨਾਲ ਮਿਲਾਪ ਕਰਵਾ ਦੇਂਦਾ ਹੈ।

ਸਾਰਗ ਮਹਲਾ ੩ ॥

1. ਮਨ ਮੇਰੇ ਹਰਿ ਕੀ ਅਕਥ ਕਹਾਣੀ ॥
2. ਹਰਿ ਨਦਰਿ ਕਰੇ ਸੋਈ ਜਨੁ ਪਾਏ
ਗੁਰਮੁਖਿ ਵਿਰਲੈ ਜਾਣੀ ॥੧॥ਰਹਾਉ॥
3. ਹਰਿ ਗਹਿਰ ਗੰਭੀਰੁ ਗੁਣੀ ਗਹੀਰੁ
ਗੁਰ ਕੈ ਸਬਦਿ ਪਛਾਨਿਆ ॥
4. ਬਹੁ ਬਿਧਿ ਕਰਮ ਕਰਹਿ ਭਾਇ ਦੂਜੈ
ਬਿਨੁ ਸਬਦੈ ਬਉਰਾਨਿਆ ॥੧॥
5. ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ
ਫਿਰਿ ਮੈਲਾ ਮੂਲਿ ਨ ਹੋਈ ॥
6. ਨਾਮ ਬਿਨਾ ਸਭੁ ਜਗੁ ਹੈ ਮੈਲਾ
ਦੂਜੈ ਭਰਮਿ ਪਤਿ ਖੋਈ ॥੨॥
7. ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ
ਮੈ ਤਾ ਬੂਝ ਨ ਪਾਈ ॥
8. ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਨਾਮੋ ਹੋਇ ਸਖਾਈ ॥੩॥

9. ਸਦਾ ਸਚੁ ਦਾਤਾ ਕਰਮ ਬਿਧਾਤਾ
ਜਿਸੁ ਭਾਵੈ ਤਿਸੁ ਨਾਇ ਲਾਏ ॥
10. ਗੁਰੂ ਦੁਆਰੈ ਸੋਈ ਬੂਝੈ
ਜਿਸ ਨੋ ਆਪਿ ਬੁਝਾਏ ॥੪॥

ਪਦ ਅਰਥ :–ਮਨ–ਹੇ ਮਨ । ਅਕਥ–ਬਿਆਨ ਕੀਤਿਆਂ ਕਦੇ ਨਾ ਮੁੱਕਣ ਵਾਲੀ । ਕਹਾਣੀ–ਗੁਣਾਂ ਦਾ ਵਰਣਨ ਸਿਫਤ ਸਾਲਾਹ । ਨਦਰਿ–ਮਿਹਰ ਦੀ ਨਿਗਾਹ । ਸੋਈ–ਉਹੀ । ਗੁਰਮੁਖਿ ਵਿਰਲੈ–ਗੁਰੂ ਦੇ ਸਨਮੁਖ ਰਹਿਣ ਵਾਲੇ ਕਿਸੇ ਵਿਰਲੇ ਮਨੁੱਖ ਨੇ । ਜਾਣੀ–ਕਦਰ ਸਮਝੀ ਹੈ ।੧ ਰਹਾਉ।

ਗਹਿਰ–ਡੂੰਘਾ । ਗੰਭੀਰੁ–ਵੱਡੇ ਜਿਗਰੇ ਵਾਲਾ । ਗੁਣੀ ਗਹੀਰੁ–ਸਾਰੇ ਗੁਣਾਂ ਦਾ ਖਜ਼ਾਨਾ । ਕੈ ਸਬਦਿ–ਦੇ ਸ਼ਬਦ ਦੀ ਰਾਹੀਂ । ਬਹੁ ਬਿਧਿ–ਕਈ ਤਰੀਕਿਆਂ ਨਾਲ । ਕਰਹਿ-ਕਰਦੇ ਹਨ । ਭਾਇ ਦੂਜੈ–(ਪ੍ਰਭੂ ਤੋਂ ਬਿਨਾਂ) ਕਿਸੇ ਹੋਰ ਪਿਆਰ ਵਿਚ (ਟਿਕੇ ਰਹਿ ਕੇ) । ਬਉਰਾਨਿਆ–ਝਲੇ, ਕਮਲੇ ।੧।

ਨਾਮਿ–ਨਾਮ (ਜਲ) ਵਿਚ । ਨਾਵੈ–ਇਸ਼ਨਾਨ ਕਰਦਾ ਹੈ । ਨਿਰਮਲੁ–ਸੁਚੇ ਜੀਵਨ ਵਾਲਾ । ਮੂਲਿ ਨ–ਬਿਲਕੁਲ ਨਹੀਂ । ਸਭੁ ਜਗੁ–ਸਾਰਾ ਜਗਤ । ਦੂਜੈ ਭਰਮਿ–ਹੋਰ ਹੋਰ ਭਟਕਣਾ ਵਿਚ । ਪਤਿ–ਇੱਜ਼ਤ । ਖੋਈ–ਗਵਾ ਲੈਂਦਾ ਹੈ ।੨।

ਦ੍ਰਿੜਾਂ–ਮੈਂ (ਆਪਣੇ ਮਨ ਵਿਚ) ਪੱਕੀ ਕਰਾਂ। ਸੰਗ੍ਰਹਿ–ਇਕਠੀ ਕਰ ਕੇ । ਤਿਆਗੀ–ਤਿਆਗੀਂ, ਮੈਂ ਤਿਆਗ ਦਿਆਂ, ਮੈਂ ਛੱਡ ਦਿਆਂ । ਬੂਝ–ਸਮਝ । ਹੋਹਿ–ਜੇ ਤੂੰ ਹੋ ਜਾਏਂ। ਕਰਿ–ਕਰ ਕੇ । ਹਰਿ ਜੀਉ–ਹੇ ਪ੍ਰਭੂ ਜੀ । ਨਾਮੋ–ਨਾਮ ਹੀ । ਸਖਾਈ-ਮਿੱਤਰ ।੩।

ਸਚਾ ਸਚੁ–ਸਦਾ ਹੀ ਕਾਇਮ ਰਹਿਣ ਵਾਲਾ । ਕਰਮ ਬਿਧਾਤਾ–(ਜੀਵਾਂ ਦੇ ਕੀਤੇ) ਕਰਮਾਂ ਅਨੁਸਾਰ (ਜੀਵਾਂ ਨੂੰ ਜਨਮ ਦੇਣ ਵਾਲਾ । ਨਾਇ–ਨਾਮ ਵਿਚ । ਗੁਰੂ ਦੁਆਰੈ–ਗੁਰੂ ਦੇ ਦਰ ਤੇ ਆ ਕੇ, ਗੁਰੂ ਦੀ ਰਾਹੀਂ ।੪।

ਅਰਥ :

ਪ੍ਰ:–ਗੁਰਦੇਵ ਜੀਓ ! ਉਸ ਪ੍ਰਭੂ ਦੀ ਸਿਫਤ ਸਾਲਾਹ ਕਰਨ ਵਾਲੇ ਮਨ ਦੀ ਰੁਚੀ ਨਾ ਹੋਣ ਕਰਕੇ ਕਈ ਵਾਰ ਮਨ ਭਾਵਨਾ ਤੋਂ ਸੱਖਣਾ ਹੋ ਉਸ ਸਾਈਂ ਦੀ ਸਿਫਤ ਕਰਨ ਵਲੋਂ ਉਕਾ ਹੀ ਰੁਕ ਜਾਦਾ ਹੈ, ਦੱਸੋ ਉਸ ਸਮੇਂ ਕੀ ਕਰਨਾ ਚਾਹੀਦਾ ਹੈ ਤਾਂ ਕਿ ਮਨ ਵਿਚ ਭਾਵਨਾ ਉਪਜ ਆਵੇ ?

1. **ਉ**:–ਹੇ ਭਾਈ ! ਉਸ ਵੇਲੇ ਮਨ ਨੂੰ ਪਿਆਰ ਨਾਲ ਇਉਂ ਸਮਝਾਇਆ ਕਰ ਕਿ, ਹੇ ਮੇਰੇ ਮਨ ! ਸੁਣ, ਜਿਸ ਮਨੁੱਖ ਉਤੇ ਪ੍ਰਮਾਤਮਾ ਮਿਹਰ ਦੀ ਕਿਰਪਾ ਕਰਦਾ ਹੈ, ਉਹੀ ਮਨੁੱਖ ਪ੍ਰਭੂ ਦੀ ਕਦੇ ਨਾ ਮੁਕ ਸਕਣ ਵਾਲੀ ਸਿਫਤ ਸਲਾਹ (ਦੀ ਦਾਤ) ਹਾਸਲ ਕਰਦਾ ਹੈ ।

2. ਗੁਰਦੇਵ ਦੇ ਸਨਮੁਖ ਰਹਿਣ ਵਾਲੇ ਕਿਸੇ ਵਿਰਲੇ ਮਨੁੱਖ ਨੇ ਹੀ (ਇਸ ਦੀ) ਕਦਰ ਸਮਝੀ ਹੈ ।੧।ਰਹਾਉ।

3. ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ (ਹੀ) ਇਹ ਪਛਾਣ ਆਉਂਦੀ ਹੈ ਕਿ ਪ੍ਰਮੇਸ਼ਰ ਬੜੇ ਹੀ ਡੂੰਘੇ ਜਿਗਰੇ ਵਾਲਾ ਹੈ, ਤੇ ਸਾਰੇ ਗੁਣਾਂ ਦਾ ਖਜਾਨਾ ਹੈ ।

4. ਹੇ ਪਿਆਰੇ ! ਜਿਹੜੇ ਮਨੁੱਖ (ਪ੍ਰਭੂ ਤੋਂ ਬਿਨਾਂ) ਹੋਰ ਹੋਰ ਪਿਆਰ ਵਿਚ (ਟਿਕੇ ਰਹਿ ਕੇ) ਕਈ ਤਰੀਕਿਆਂ ਦੇ (ਮਿਥੇ ਹੋਏ ਧਾਰਮਕ) ਕਰਮ (ਭੀ) ਕਰਦੇ ਹਨ, ਉਹ ਮਨੁੱਖ ਗੁਰੂ ਦੇ ਸ਼ਬਦ ਤੋਂ ਬਿਨਾਂ ਝੱਲੇ ਹੀ ਰਹਿੰਦੇ ਹਨ ।੧।

ਪ੍ਰ:–ਸ੍ਰੀ ਜੀਓ ! ਆਖਰ ਉਹ ਨਿਰਮਲ ਕਰਮ ਕਿਹੜਾ ਹੈ, ਜਿਸ ਦੇ ਕਰਦੇ ਰਹਿਣ ਨਾਲ ਮੁੜ ਮੈਲੇ ਨਹੀਂ ਹੋ ਸਕੀਦਾ ?

5. **ਉ**:–ਹੇ ਭਾਈ ! (ਅਸਲ ਵਿਚ ਤਾਂ) ਜਿਹੜਾ ਮਨੁੱਖ ਪ੍ਰਮਾਤਮਾ ਦੇ ਨਾਮ (ਜਲ) ਵਿਚ (ਆਤਮਕ) ਇਸ਼ਨਾਨ ਕਰਦਾ ਰਹਿੰਦਾ ਹੈ, ਉਹ ਮਨੁੱਖ ਪਵਿੱਤਰ (ਜੀਵਨ ਵਾਲਾ) ਹੁੰਦਾ ਹੈ, ਉਹ ਮੁੜ ਕਦੇ ਭੀ ਵਿਕਾਰਾਂ ਦੀ ਮੈਲ ਨਾਲ ਮੈਲਾ ਨਹੀਂ ਹੁੰਦਾ ।

6. ਹੇ ਪਿਆਰੇ ! ਪ੍ਰਮੇਸ਼ਰ ਦੇ ਨਾਮ ਤੋਂ ਬਿਨਾਂ ਸਾਰਾ ਜਗਤ (ਪਾਪਾਂ ਦੀ ਮੈਲ ਨਾਲ) ਲਿਬੜਿਆ ਰਹਿੰਦਾ ਹੈ, ਹੋਰ ਹੋਰ ਭਟਕਣਾ ਵਿਚ ਪੈ ਕੇ ਆਪਣੀ ਇੱਜ਼ਤ ਗਵਾ ਲੈਂਦਾ ਹੈ ।੨।

ਪ੍ਰ:–ਗੁਰਦੇਵ ਜੀਓ ! ਦੱਸੋ, ਤੁਸੀਂ ਆਪ ਕੀ ਕਰਨਾ ਚਾਹੁੰਦੇ ਹੋ ?

7. **ਉ**.–ਹੇ ਭਾਈਓ ! ਮੈਂ ਤਾਂ ਕੁਝ ਕਰਨ ਦੀ ਸਮਰੱਥਾ ਹੀ ਨਹੀਂ ਰਖਦਾ ਕੇਵਲ ਉਸ ਪ੍ਰਭੂ ਦੇ ਸਨਮੁਖ ਹੋ ਇਉਂ ਹੀ ਜੋਦੜੀਆਂ ਕਰਦਾ ਹਾਂ ਕਿ, ਹੇ ਪ੍ਰਭੂ ਜੀ ! ਮੈਂ ਕਿਹੜੀ ਗੱਲ ਆਪਣੇ ਮਨ ਵਿਚ ਪੱਕੀ ਕਰ ਲਵਾਂ, ਕਿਹੜੇ ਗੁਣ (ਹਿਰਦੇ ਵਿਚ) ਇਕੱਠੇ ਕਰ ਕੇ ਕਿਹੜੇ ਅਉਗਣ ਛੱਡ ਦਿਆਂ ? ਮੈਨੂੰ ਆਪਣੇ ਆਪ ਤਾਂ ਇਹ ਸਮਝ ਹੀ ਨਹੀਂ ਆ ਸਕਦੀ ।

8. (ਇਸ ਲਈ) ਹੇ ਸਾਈਆਂ ਜੀਓ ! ਮਿਹਰ ਕਰ ਕੇ ਜੇ ਤੂੰ (ਆਪ ਮੇਰੇ ਉਤੇ) ਦਇਆਵਾਨ ਹੋ ਜਾਏ (ਤਾਂ ਹੀ ਮੈਨੂੰ ਸਮਝ ਆਉਂਦੀ ਹੈ ਕਿ ਤੇਰਾ) ਨਾਮ ਹੀ ਅਸਲ ਸਾਥੀ ਬਣਦਾ ਹੈ ।੩।

ਪ੍ਰ:–ਗੁਰਦੇਵ ਜੀਓ ! ਅਨੇਕਾਂ ਜਤਨ ਕਰਨ ਤੋਂ ਭੀ ਮਨ ਪ੍ਰਭੂ ਦੇ ਨਾਮ ਵਿਚ ਕਿਉਂ ਨਹੀਂ ਜੁੜਦਾ ?

9. **ਉ**:–ਹੇ ਭਾਈਓ ! (ਅਸਲ ਵਿਚ) ਜਿਹੜਾ ਪ੍ਰਮਾਤਮਾ ਸਦਾ ਹੀ ਕਾਇਮ ਰਹਿਣ ਵਾਲਾ ਹੈ, ਜੋ ਸਭ ਦਾਤਾਂ ਦੇਣ ਵਾਲਾ ਹੈ, (ਜੋ ਜੀਵਾਂ ਦੇ) ਕੀਤੇ ਕਰਮਾਂ ਅਨੁਸਾਰ (ਜੀਵਾਂ ਨੂੰ) ਜਨਮ ਦੇਣ ਵਾਲਾ ਹੈ, ਉਸ ਨੂੰ ਜਿਹੜਾ ਜੀਵ ਪਿਆਰਾ ਲੱਗਦਾ ਹੈ ਉਸੇ ਨੂੰ ਹੀ ਆਪਣੇ ਨਾਮ ਵਿਚ ਜੋੜਦਾ ਹੈ ।

10. ਹੇ ਪਿਆਰੇ ! ਗੁਰੂ ਦੇ ਦਰ ਤੇ ਆ ਕੇ ਉਹੀ ਮਨੁੱਖ (ਜੀਵਨ ਦਾ ਸਹੀ ਰਸਤਾ) ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਸਮਝ ਬਖਸ਼ਦਾ ਹੈ ।੪।

11. ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ
ਆਵਾ ਗਉਣੁ ਸੰਸਾਰਾ ॥
12. ਸਤਿਗੁਰੁ ਸੇਵੇ ਸੋਈ ਬੂਝੈ
ਪਾਏ ਮੋਖ ਦੁਆਰਾ ॥੫॥
13. ਜਿਨ ਦਰੁ ਸੂਝੈ ਸੇ ਕਦੇ ਨ ਵਿਗਾੜਹਿ
ਸਤਿਗੁਰਿ ਬੂਝ ਬੁਝਾਈ ॥
14. ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ
ਆਵਣ ਜਾਣੁ ਰਹਾਈ ॥੬॥
15. ਸੇ ਦਰਿ ਸਾਚੈ ਸਾਚੁ ਕਮਾਵਹਿ
ਜਿਨ ਗੁਰਮੁਖਿ ਸਾਚੁ ਅਧਾਰਾ ॥
16. ਮਨਮੁਖ ਦੂਜੈ ਭਰਮਿ ਭੁਲਾਏ
ਨਾ ਬੂਝਹਿ ਵੀਚਾਰਾ ॥੭॥
17. ਆਪੇ ਗੁਰਮੁਖਿ ਆਪੇ ਦੇਵੈ
ਆਪੇ ਕਰਿ ਕਰਿ ਵੇਖੈ ॥
18. ਨਾਨਕ ਸੇ ਜਨ ਥਾਇ ਪਏ ਹੈ
ਜਿਨ ਕੀ ਪਤਿ ਪਾਵੈ ਲੇਖੈ ॥੮॥੩॥

ਪਦ ਅਰਥ :—ਦੇਖਿ-ਵੇਖ ਕੇ । ਬਿਸਮਾਦੁ-ਹੈਰਾਨ ਕਰਨ ਵਾਲਾ ਜਗਤ ਤਮਾਸ਼ਾ । ਨਹੀ ਚੇਤੇ-ਪ੍ਰਭੂ ਨੂੰ ਯਾਦ ਨਹੀਂ ਕਰਦਾ । ਆਵਾ ਗਉਣੁ—ਜਨਮ ਮਰਨ (ਦਾ ਗੇੜ) । ਸੰਸਾਰਾ—ਸਸਾਰ ਚੱਕਰ । ਸੋਈ—ਉਹੀ ਮਨੁੱਖ । ਮੋਖ ਦੁਆਰਾ—ਵਿਕਾਰਾਂ ਵਲੋਂ ਖਲਾਸੀ ਦਾ ਰਾਹ ।੫।

ਜਿਨ-ਜਿਨ੍ਹਾਂ ਨੂੰ । ਦਰੁ—ਪ੍ਰਭੂ ਦਾ ਦਰਵਾਜ਼ਾ । ਸੇ—ਉਹ । ਵਿਗਾੜਹਿ—(ਆਪਣਾ ਜੀਵਨ) ਵਿਗਾੜਦੇ । ਸਤਿਗੁਰੂ—ਗੁਰੂ ਨੇ । ਬੂਝ—ਸਮਝ, ਸੂਝ । ਸੰਜਮੁ—ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਜਤਨ । ਕਰਣੀ ਕਿਰਤਿ—ਕਰਨ ਜੋਗ ਕੰਮ । ਰਹਾਈ—ਮੁੱਕ ਜਾਂਦਾ ਹੈ ।੬।

ਸੇ—ਉਹ ਬੰਦੇ । ਦਰਿ ਸਾਚੈ—ਸਦਾ ਥਿਰ ਪ੍ਰਭੂ ਦੇ ਦਰ ਤੇ । ਸਾਚੁ ਕਮਾਵਹਿ—ਸਦਾ ਥਿਰ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦੇ ਹਨ । ਅਧਾਰਾ—ਆਸਰਾ । ਸਾਚੁ—ਸਦਾ ਥਿਰ ਹਰਿ ਨਾਮ । ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ । ਭੁਲਾਏ—ਕੁਰਾਹੇ ਪਏ ਹੋਏ ।੭।

ਗੁਰਮੁਖਿ—ਗੁਰੂ ਦੇ ਸਨਮੁਖ । ਕਰਿ—ਕਰ ਕੇ । ਆਪੇ—ਆਪ ਹੀ । ਥਾਇ ਪਏ—ਪਰਵਾਨ ਹੋ ਗਏ । ਪਤਿ—ਇੱਜ਼ਤ। ਪਾਵੈ ਲੇਖੈ—ਲੇਖੇ ਵਿਚ ਪਾਂਦਾ ਹੈ, ਕਬੂਲ ਕਰਦਾ ਹੈ ।੮।

ਅਰਥ :

ਪ੍ਰ:—ਹੇ ਸਤਿਗੁਰੋ ! ਇਸ ਸੰਸਾਰ ਵਿਚ ਜੰਮਣ ਮਰਨ ਦੇ ਗੇੜ ਵਿਚ ਪਏ ਰਹਿਣ ਦਾ ਅਸਲ ਕਾਰਨ ਕੀ ਹੈ ?

11. **ਉ**:—ਹੇ ਭਾਈ ! (ਅਸਲ ਵਿਚ ਤਾਂ) ਜਿਸ ਮਨੁੱਖ ਦਾ ਮਨ ਇਹ ਹੈਰਾਨ ਕਰਨ ਵਾਲਾ ਜਗਤ ਤਮਾਸ਼ਾ ਵੇਖ ਕੇ ਪ੍ਰਮਾਤਮਾ ਨੂੰ ਯਾਦ ਨਹੀਂ ਕਰਦਾ, ਉਸ ਦੇ ਵਾਸਤੇ ਇਹ ਜਨਮ ਮਰਨ ਦਾ ਗੇੜ ਸੰਸਾਰ ਚੱਕਰ ਬਣਿਆ (ਹੀ) ਰਹਿੰਦਾ ਹੈ ।

ਪ੍ਰ:—ਗੁਰਦੇਵ ਜੀਓ ! ਆਖਰ ਵਿਕਾਰਾਂ ਤੋਂ ਛੁਟਕਾਰਾ ਕਿਵੇਂ ਹੋ ਸਕਦਾ ਹੈ ?

12. **ਉ**:—ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਹੀ (ਜੀਵਨ ਦਾ ਸਹੀ ਰਸਤਾ) ਸਮਝਦਾ ਹੈ, ਉਹੀ ਵਿਕਾਰਾਂ ਤੋਂ ਖਲਾਸੀ ਦਾ ਰਸਤਾ ਲੱਭਦਾ ਹੈ ।੫।

13. ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੂੰ ਗੁਰੂ ਨੇ (ਆਤਮਕ ਜੀਵਨ ਦੀ) ਸੂਝ ਬਖਸ਼ ਦਿੱਤੀ, ਤੇ, ਜਿਨ੍ਹਾਂ ਨੂੰ ਪ੍ਰਮੇਸ਼ਰ ਦਾ ਦਰਵਾਜ਼ਾ ਦਿਸ ਪਿਆ । ਉਹ ਕਦੇ ਭੀ ਵਿਕਾਰਾਂ ਵਿਚ ਆਪਣਾ ਜੀਵਨ ਖਰਾਬ ਨਹੀਂ ਕਰਦੇ ।

14. ਉਹ ਮਨੁੱਖ ਹਰਿ ਨਾਮ ਸਿਮਰਨ ਅਤੇ ਵਿਕਾਰਾਂ ਤੋਂ ਬਚੇ ਰਹਿਣ ਦਾ ਜਤਨ ਆਦਿਕ ਕਰਤਬ ਕਰਦੇ ਰਹਿੰਦੇ ਹਨ (ਇਸ ਤਰ੍ਹਾਂ ਉਨ੍ਹਾਂ ਦਾ) ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ ।੬।

ਪ੍ਰ:—ਗੁਰਦੇਵ ਜੀਓ ! ਨਾਮ ਦੀ ਕਮਾਈ ਸਾਰੇ ਹੀ ਲੋਕ ਕਿਉਂ ਨਹੀਂ ਕਰਦੇ ?

15. **ਉ**:—ਹੇ ਭਾਈ ! (ਕਰਨਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ) ਜਿਨ੍ਹਾਂ ਮਨੁੱਖਾਂ ਨੂੰ ਗੁਰੂ ਦੀ ਰਾਹੀਂ ਸਦਾ ਥਿਰ ਹਰਿ ਨਾਮ ਦਾ ਆਸਰਾ ਮਿਲ ਜਾਂਦਾ ਹੈ, ਉਹ ਮਨੁੱਖ ਸਦਾ ਥਿਰ ਪ੍ਰਭੂ ਦੇ ਦਰ ਤੇ (ਚਰਨਾਂ ਵਿਚ) ਟਿਕ ਕੇ ਸਦਾ ਥਿਰ ਹਰਿ ਨਾਮ ਦੀ ਕਮਾਈ ਕਰਦੇ ਹਨ ।

16. ਪਰ, ਹੇ ਭਾਈ ! ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਮਾਇਆ ਦੀ ਭਟਕਣਾ ਦੇ ਕਾਰਨ ਕੁਰਾਹੇ ਪਏ ਰਹਿੰਦੇ ਹਨ, ਉਨ੍ਹਾਂ ਨੂੰ (ਆਤਮਕ ਜੀਵਨ ਵਾਲੀ ਸਹੀ) ਵੀਚਾਰ ਨਹੀਂ ਸੁੱਝਦੀ ।੭।

17. ਹੇ ਪਿਆਰੇ ! (ਅਸਲ ਵਿਚ) ਪ੍ਰਭੂ ਆਪ ਹੀ (ਜੀਵ ਨੂੰ) ਗੁਰੂ ਦੀ ਸ਼ਰਨ ਪਾ ਕੇ ਆਪ ਹੀ (ਆਪਣੇ ਨਾਮ ਦੀ ਦਾਤ) ਦੇਂਦਾ ਹੈ, ਆਪ ਹੀ ਇਹ ਸਾਰਾ ਤਮਾਸ਼ਾ ਕਰ ਕੇ ਵੇਖਦਾ ਹੈ ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀਓ, ਕਿ, ਹੇ ਭਾਈ ! ਉਹੀ ਬੰਦੇ ਕਬੂਲ ਪੈਂਦੇ ਹਨ, ਜਿਨ੍ਹਾਂ ਦੀ ਇੱਜ਼ਤ (ਉਹ ਪ੍ਰਭੂ) ਆਪ ਹੀ ਰੱਖਦਾ ਹੈ ।੮।੩।

ਭਾਵਾਰਥ :—ਉਹ ਹਰੀ ਕਿਸੇ ਕਰਮ ਕਾਂਡ ਦੀ ਰਾਹੀਂ ਨਹੀਂ ਮਿਲਦਾ, ਉਹ ਤਾਂ ਕੇਵਲ ਸ਼ਬਦ ਦੀ ਕਮ ਈ ਦੁਆਰਾ ਹੀ ਮਿਲਦਾ ਹੈ ।੧। ਪਹਿਲਾਂ ਨਾਮ ਦਾ ਸਿਮਰਨ ਮਨੁੱਖ ਨੂੰ

ਪਵਿੱਤਰ ਕਰਦਾ ਹੈ ।੨। ਦੂਜਾ ਇਸ ਤੋਂ ਬਿਨਾਂ ਨਿਰਾ ਮਿਥੀਆਂ ਹੋਈਆਂ ਚੀਜ਼ਾਂ ਦਾ ਗ੍ਰਹਿਣ ਜਾਂ ਤਿਆਗ ਕੁਝ ਨਹੀਂ ਸਵਾਰਦਾ। ੩। ਹਰੀ ਦੀ ਕ੍ਰਿਪਾ ਹੋਵੇ ਤਾਂ ਗੁਰੂ ਦੇ ਰਾਹੀਂ ਨਾਮ ਦਾ ਰਸਤਾ ਫੜੀਦਾ ਹੈ ।੪। ਨਹੀਂ ਤਾਂ ਮਨੁੱਖ ਆਵਾਗਉਣ ਸੰਸਾਰ ਦੀ ਚੇਸ਼ਟਾ ਵਿਚ ਲੱਗਾ ਰਹਿੰਦਾ ਹੈ ।੫। ਜਿਨ੍ਹਾਂ ਨੂੰ ਗੁਰੂ ਤੋਂ ਸਮਝ ਆ ਜਾਂਦੀ ਹੈ, ਉਹ ਜਨਮ ਨੂੰ ਵਿਗਾੜਨ ਵਾਲੇ ਪਾਸੇ ਨਹੀਂ ਪੈਂਦੇ ਅਤੇ ਸੱਚ ਸੰਜਮ ਦੀ ਕਮਾਈ ਕਰ ਕੇ ਆਵਾਗਉਣ ਮੁਕਾ ਲੈਂਦੇ ਹਨ ।੬। ਬਾਕੀ ਆਪ-ਹੁਦਰੇ ਤਾਂ ਭੁਲੇਖੇ ਵਿਚ ਹੀ ਪਏ ਰਹਿੰਦੇ ਹਨ ।੭। ਇਹ ਸਾਰਾ ਸੁਧਾਰ ਹਰੀ ਆਪ ਹੀ ਕਰਾਏ ਤਾਂ ਹੁੰਦਾ ਹੈ ।੮।

ਸਾਰਗ ਮਹਲਾ ੫ ਅਸਟਪਦੀਆ ਘਰੁ ੧

ੴ ਸਤਿਗੁਰ ਪ੍ਰਸਾਦਿ ॥

1. ਗੁਸਾਈਂ ਪਰਤਾਪੁ ਤੁਹਾਰੋ ਡੀਠਾ ॥
2. ਕਰਨ ਕਰਾਵਨ ਉਪਾਇ ਸਮਾਵਨ
   ਸਗਲ ਛਤ੍ਰਪਤਿ ਬੀਠਾ ॥੧॥ਰਹਾਉ॥
3. ਰਾਣਾ ਰਾਉ ਰਾਜ ਭਏ ਰੰਕਾ
   ਉਨਿ ਝੂਠੇ ਕਹਣੁ ਕਹਾਇਓ ॥
4. ਹਮਰਾ ਰਾਜਨੁ ਸਦਾ ਸਲਾਮਤਿ
   ਤਾ ਕੋ ਸਗਲ ਘਟਾ ਜਸੁ ਗਾਇਓ ॥੧॥
5. ਉਪਮਾ ਸੁਨਹੁ ਰਾਜਨ ਕੀ ਸੰਤਹੁ
   ਕਹਤ ਜੇਤ ਪਾਹੂਚਾ ॥
6. ਬੇਸੁਮਾਰ ਵਡ ਸਾਹ ਦਾਤਾਰਾ
   ਊਚੇ ਹੀ ਤੇ ਊਚਾ ॥੨॥
7. ਪਵਨਿ ਪਰੋਇਓ ਸਗਲ ਅਕਾਰਾ
   ਪਾਵਕ ਕਾਸਟ ਸੰਗੇ ॥
8. ਨੀਰੁ ਧਰਣਿ ਕਰਿ ਰਾਖੇ ਏਕਤ
   ਕੋਇ ਨ ਕਿਸ ਹੀ ਸੰਗੇ ॥੩॥
9. ਘਟਿ ਘਟਿ ਕਥਾ ਰਾਜਨ ਕੀ ਚਾਲੈ
   ਘਰਿ ਘਰਿ ਤੁਝਹਿ ਉਮਾਹਾ ॥
10. ਜੀਅ ਜੰਤ ਸਭਿ ਪਾਛੈ ਕਰਿਆ
    ਪ੍ਰਥਮੇ ਰਿਜਕੁ ਸਮਾਹਾ ॥੪॥

ਪਦ ਅਰਥ:—ਗੁਸਾਈ—ਹੇ ਗੋ ਸਾਈ, ਹੇ ਧਰਤੀ ਦੇ ਮਾਲਕ। ਪਰਤਾਪੁ—ਸਮਰੱਥਾ। ਕਰਨ ਕਰਾਵਨ—ਤੂੰ ਸਭ ਕੁਝ ਕਰਨ ਜੋਗਾ ਤੇ ਜੀਵਾਂ ਤੋਂ ਕਰਵਾਣ ਦੀ ਸਮਰੱਥਾ ਵਾਲਾ ਹੈ। ਉਪਾਇ—ਪੈਦਾ ਕਰ ਕੇ। ਸਮਾਵਨ—ਸਮਾ ਲੈਣ ਵਾਲਾ। ਸਗਲ—ਸਭ ਜੀਵਾਂ ਦਾ। ਛਤ੍ਰਪਤਿ-ਰਾਜਾ। ਬੀਠਾ—ਬੈਠਾ ਹੋਇਆ ਹੈਂ, ਵਿਆਪਕ ਹੈਂ ।੧।ਰਹਾਉ।

ਰਾਉ—ਰਾਜਾ। ਰੰਕਾ—ਕੰਗਾਲ। ਉਨਿ—ਉਨ੍ਹਾਂ ਨੇ। ਸਲਾਮਤਿ—ਕਾਇਮ ਰਹਿਣ ਵਾਲਾ। ਤਾ ਕੋ ਜਸੁ—ਉਸ ਦਾ ਜੱਸ। ਸਗਲ ਘਟਾ—ਸਾਰੇ ਸਰੀਰਾਂ ਨੇ ।੧।

ਉਪਮਾ—ਵਡਿਆਈ। ਸੰਤਹੁ—ਹੇ ਸੰਤ ਜਨੋਂ। ਜੇਤ ਕਹਤ—ਜਿਹੜੇ ਉਪਮਾ ਆਖਦੇ ਹਨ। ਪਾਹੂਚਾ—(ਉਸਦੇ ਚਰਨਾਂ ਵਿਚ) ਪਹੁੰਚ ਜਾਂਦੇ ਹਨ ।੨।

ਪਵਨਿ—ਪਵਨ ਦੀ ਰਾਹੀਂ, ਪ੍ਰਾਣਾਂ ਦੀ ਰਾਹੀਂ, ਸੁਅ ਸਾਂ ਦੀ ਰਾਹੀਂ। ਅਕਾਰਾ—ਜਗਤ, ਸਰੀਰ। ਪਾਵਕ—ਅੱਗ। ਕਾਂਸਟ—ਕਾਠ, ਲੱਕੜ। ਸੰਗੇ—ਨਾਲ। ਨੀਰੁ—ਪਾਣੀ। ਧਰਣਿ—ਧਰਤੀ। ਏਕਤ-ਇਕ ਥਾਂ, ਇਕੱਠੇ। ਸੰਗੇ—ਨਾਲ ।੩।

ਘਟਿ ਘਟਿ—ਹਰੇਕ ਸਰੀਰ ਵਿਚ। ਰਾਜਨ ਕੀ—ਪ੍ਰਭੂ ਪਾਤਸ਼ਾਹ ਦੀ। ਤੁਝਹਿ—ਤੇਰੇ ਹੀ (ਦਰਸ਼ਨ ਲਈ)। ਉਮਾਹਾ—ਚਾਉ, ਉਤਸ਼ਾਹ। ਸਭਿ—ਸਾਰੇ। ਪਾਛੈ—ਪਿਛੋਂ। ਪ੍ਰਥਮੇ—ਪਹਿਲਾਂ। ਸਮਾਹਾਂ-ਅਪੜਾਇਆ ।੪।

ਅਰਥ :

ਪ੍ਰ:—ਗੁਰਦੇਵ ਜੀਓ ! ਜਦੋਂ ਆਪ ਜੀ ਸਿਮਰਨ ਸ਼ਕਤੀ ਦੀ ਬਰਕਤ ਨਾਲ ਕਦੀ ਉਚੀਆਂ ਸਿਖਰਾਂ ਨੂੰ ਛੋਂਹਦੇ ਹੋ ਤਦੋਂ ਆਪ ਜੀ ਨੂੰ ਕਿਵੇਂ ਅਨੁਭਵ ਹੁੰਦਾ ਹੈ ?

1. **ਉ**:—ਹੇ ਭਾਈਓ ! ਮੈਨੂੰ ਤਾਂ ਇਉਂ ਹੀ ਅਨੁਭਵ ਹੁੰਦਾ ਹੈ ਕਿ, ਹੇ ਜਗਤ ਦੇ ਖਸਮ ! (ਮੈਂ) ਤੇਰੀ (ਅਜਬ) ਤਾਕਤ ਸਮਰੱਥਾ ਵੇਖੀ ਹੈ।
2. ਕਿ ਤੂੰ ਸਭ ਕੁਝ ਕਰਨੇ ਜੋਗਾ ਹੈਂ (ਜੀਵਾਂ ਪਾਸੋਂ) ਕਰਾ ਸਕਣ ਵਾਲਾ ਹੈਂ, ਤੂੰ ਜਗਤ ਨੂੰ ਪੈਦਾ ਕਰ ਕੇ ਫਿਰ ਇਸ ਨੂੰ ਆਪਣੈ ਆਪ ਵਿਚ ਲੀਨ ਕਰਨ ਵਾਲਾ ਹੈਂ, ਅਤੇ, ਤੂੰ ਸਭ ਜੀਵਾਂ ਉਤੇ ਪਾਤਸ਼ਾਹ ਬਣ ਕੇ ਬੈਠਾ ਹੋਇਆ ਹੈ ।੧। ਰਹਾਉ।
3. ਹੇ ਭਾਈ ! (ਅਸੀਂ ਤਾਂ ਵੇਖ ਰਹੇ ਹਾਂ ਕਿ ਉਸ ਪ੍ਰਭੂ ਦੀ ਰਜ਼ਾ ਅਨੁਸਾਰ) ਰਾਜੇ ਪਾਤਸ਼ਾਹ ਕੰਗਾਲ ਹੋ ਜਾਂਦੇ ਹਨ, ਉਨ੍ਹਾਂ ਰਾਜਿਆਂ ਨੇ ਤਾਂ ਆਪਣੇ ਆਪ ਨੂੰ ਝੂਠ ਹੀ ਰਾਜੇ ਅਖਵਾਇਆ ਹੈ।
4. ਹੇ ਭਾਈ ! ਸਾਡਾ ਪ੍ਰਭੂ ਪਾਤਸ਼ਾਹ ਸਦਾ ਕਾਇਮ ਰਹਿਣ ਵਾਲਾ ਹੈ, ਸਾਰੇ ਹੀ ਜੀਵਾਂ ਨੇ ਉਸ ਦਾ (ਸਦਾ) ਜੱਸ ਗਾਇਆ ਹੈ ।੧।
5. ਹੇ ਸੰਤ ਜਨੋਂ ! ਉਸ ਪ੍ਰਭੂ ਪਾਤਸ਼ਾਹ ਦੀ ਵਡਿਆਈ ਸੁਣੋ, (ਕਿਉਂਕਿ) ਜਿਤਨੇ ਭੀ ਜੀਵ ਉਸ ਦੀ ਵਡਿਆਈ ਆਖਦੇ ਹਨ, ਉਹ ਉਸ ਦੇ ਚਰਨਾਂ ਵਿਚ ਪਹੁੰਚਦੇ ਹਨ।
6. ਹੇ ਪਿਆਰੇ ! ਉਸ ਦੀ ਤਾਕਤ ਦਾ ਅੰਦਾਜ਼ਾ ਨਹੀਂ ਲੱਗ ਸਕਦਾ, ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਵੱਡਾ ਸ਼ਾਹ ਹੈ, ਉਹ ਉਚਿਆਂ ਤੋਂ ਉਚਾ ਹੈ ।੨।

ਪ੍ਰ:-ਸ੍ਰੀ ਜੀਓ ! ਉਸ ਦੀ ਕੁਝ ਸ਼ਕਤੀ ਦਾ ਬਿਆਨ ਕਰੋ ?

7. ਉ:-ਹੇ ਪਿਆਰੇ ! ਉਸ ਦੀ ਪੂਰਨ ਸ਼ਕਤੀ ਬਿਆਨ ਨਹੀਂ ਕੀਤੀ ਜਾ ਸਕਦੀ, (ਪਰ ਇਉਂ ਹੀ ਸਮਝੋ ਕਿ ਉਸ ਨੇ) ਸਾਰੇ ਸਰੀਰਾਂ ਨੂੰ ਸੁਆਸਾਂ ਦੀ ਹਵਾ ਨਾਲ ਪਰੋ ਕੇ ਰਖਿਆ ਹੋਇਆ ਹੈ, ਉਸ ਨੇ ਅੱਗ ਨੂੰ ਲੱਕੜ ਨਾਲ ਬੰਨ੍ਹ ਰਖਿਆ ਹੈ।

8. ਹੇ ਭਾਈਓ ! ਵੇਖੋ, ਉਸ ਨੇ ਪਾਣੀ ਤੇ ਧਰਤੀ ਇਕੱਠੇ ਰਖੇ ਹੋਏ ਹਨ, (ਇਨ੍ਹਾਂ ਵਿਚੋਂ) ਕੋਈ ਕਿਸੇ ਨਾਲ (ਵੈਰ ਨਹੀਂ ਕਰ ਸਕਦਾ) (ਪਾਣੀ ਧਰਤੀ ਨੂੰ ਡੋਬਦਾ ਨਹੀਂ, ਅੱਗ ਕਾਠ ਨੂੰ ਸਾੜਦੀ ਨਹੀਂ) ।੩।

9. ਹੇ ਭਾਈਓ ! ਉਸ ਪ੍ਰਭੂ ਪਾਤਸ਼ਾਹ ਦੀ ਸਿਫਤ ਸਾਲਾਹ ਦੀ ਕਹਾਣੀ ਹਰੇਕ ਸਰੀਰ ਵਿਚ ਹੋ ਰਹੀ ਹੈ ਅਤੇ ਹਰੇਕ ਹਿਰਦੇ ਵਿਚ ਹੀ (ਹੇ ਪ੍ਰਭੂ) ਤੇਰੇ ਮਿਲਾਪ ਲਈ ਉਤਸ਼ਾਹ ਹੈ।

10. ਹੇ ਸਾਈਆਂ ਜੀਓ ! ਤੂੰ ਸਾਰੇ ਜੀਵਾਂ ਨੂੰ ਪਿਛੋਂ ਪੈਦਾ ਕਰਦਾ ਹੈਂ, ਪਹਿਲੋਂ ਉਨ੍ਹਾਂ ਲਈ ਰਿਜ਼ਕ ਅਪੜਾਉਂਦਾ ਹੈਂ ।੪।

11. ਜੋ ਕਿਛੁ ਕਰਣਾ ਸੁ ਆਪੇ ਕਰਣਾ
ਮਸਲਤਿ ਕਾਹੂ ਦੀਨੀ ॥
12. ਅਨਿਕ ਜਤਨ ਕਰਿ ਕਰਹ ਦਿਖਾਏ
ਸਾਚੀ ਸਾਖੀ ਚੀਨੀ ॥੫॥
13. ਹਰਿ ਭਗਤਾ ਕਰਿ ਰਾਖੇ ਅਪਨੇ
ਦੀਨੀ ਨਾਮੁ ਵਡਾਈ ॥
14. ਜਿਨਿ ਜਿਨਿ ਕਰੀ ਅਵਗਿਆ ਜਨ ਕੀ
ਤੇ ਤੈਂ ਦੀਏ ਰੁੜਾਈ ॥੬॥
15. ਮੁਕਤਿ ਭਏ ਸਾਧ ਸੰਗਤਿ ਕਰਿ
ਤਿਨ ਕੇ ਅਵਗਨ ਸਭਿ ਪਰਹਰਿਆ ॥
16. ਤਿਨ ਕਉ ਦੇਖਿ ਭਏ ਕਿਰਪਾਲਾ
ਤਿਨ ਭਵ ਸਾਗਰੁ ਤਰਿਆ ॥੭॥
17. ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ
ਕੁਦਰਤਿ ਕਉਣ ਬੀਚਾਰਾ ॥
18. ਮਨੁ ਤਨੁ ਸੀਤਲੁ ਗੁਰ ਦਰਸ ਦੇਖੇ
ਨਾਨਕ ਨਾਮੁ ਅਧਾਰਾ ॥੮॥੧॥

ਪਦ ਅਰਥ :- ਆਪੇ-(ਪ੍ਰਭੂ ਨੇ) ਆਪ ਹੀ। ਮਸਲਤਿ-ਸਲਾਹ, ਮਸ਼ਵਰਾ। ਕਾਹੂ-ਕਿਸੇ ਨੇ। ਦੀਨੀ-ਦਿੱਤੀ ਕਰਿ-ਕਰ ਕੇ। ਕਰਹ-ਅਸੀਂ ਕਰਦੇ ਹਾਂ। ਦਿਖਾਏ-ਦਿਖਾਵੇ। ਸਾਖੀ-ਸਿੱਖਿਆ, ਸਬਕ। ਚੀਨ੍ਹੀ-ਪਛਾਣੀ, ਸਮਝੀ ।੫।

ਕਰਿ ਰਾਖੇ ਅਪਨੇ-ਆਪਣੇ ਬਣਾ ਕੇ ਰੱਖਿਆ ਕੀਤੀ। ਜਿਨਿ-ਜਿਸ (ਮਨੁੱਖ) ਨੇ। ਅਵਗਿਆ-ਨਿਰਾਦਰੀ। ਤੇ-ਉਹ। ਤੈ-ਤੂੰ। ਦੀਏ ਰੁੜਾਈ-ਰੋੜ੍ਹ ਦਿਤੇ, ਮੋਹ ਦੇ ਸਮੁੰਦਰ ਵਿਚ ਡੋਬ ਦਿੱਤੇ ।੬।

ਮੁਕਤਿ ਭਏ-ਵਿਕਾਰਾਂ ਤੋਂ ਬਚ ਨਿਕਲੇ। ਕਰਿ-ਕਰ ਕੇ। ਸਭਿ-ਸਾਰੇ। ਪਰਹਰਿਆ-ਦੂਰ ਕੀਤੇ। ਕਉ-ਨੂੰ। ਦੇਖਿ-ਵੇਖ ਕੇ। ਕਿਰਪਾਲਾ-ਦਇਆਵਾਨ। ਭਵ ਸਾਗਰੁ-ਸੰਸਾਰ ਸਮੁੰਦਰ ।੭।

ਨਾਨ੍ਹੇ-ਬਹੁਤ ਨਿੱਕੇ। ਸਾਹਿਬ-ਮਾਲਕ। ਕੁਦਰਤਿ-ਤਾਕਤ, ਸਮਰੱਥਾ। ਕੁਦਰਤਿ ਕਉਣ-ਕੀ ਤਾਕਤ ਹੈ। ਬੀਚਾਰਾ-ਵਿਚਾਰ ਸਕਾਂ (ਤੇਰਾ ਪ੍ਰਤਾਪ)। ਗੁਰ ਦਰਸ-ਗੁਰੂ ਦਾ ਦਰਸ਼ਨ। ਅਧਾਰਾ-ਆਸਰਾ ।੮।

ਅਰਥ :

ਪ੍ਰ:-ਸ੍ਰੀ ਜੀਓ ! ਨਾਮ ਸਿਮਰਨ ਦੀ ਬਰਕਤ ਨਾਲ ਹੁਣ ਤੁਸਾਂ ਕੀ ਨਿਸਚਾ ਹੋ ਆਇਆ ਹੈ ?

11. ਉ:-ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ ਹੁਣ ਮੈਂ ਇਹ ਅਟੱਲ ਸਬਕ ਸਿੱਖ ਲਿਆ ਹੈ (ਕਿ ਪ੍ਰਮਾਤਮਾ ਦਾ ਪ੍ਰਤਾਪ ਬੇਅੰਤ ਹੈ) ਜੋ ਕੁਝ ਉਹ ਕਰਦਾ ਹੈ, ਉਹ ਆਪ ਹੀ ਕਰਦਾ ਹੈ, ਕਿਸੇ ਨੇ ਉਸ ਨੂੰ ਕਦੇ ਕੋਈ ਸਲਾਹ ਨਹੀਂ ਦਿੱਤੀ।

12. ਅਸੀਂ ਜੀਵ ਭਾਵੇਂ (ਆਪਣੀ ਅਕਲ ਪ੍ਰਗਟ ਕਰਨ ਲਈ) ਵਿਖਾਵੇ ਦੇ ਅਨੇਕਾਂ ਹੀ ਜਤਨ ਕਰਦੇ ਹਾਂ ।੫।

13. ਹੇ ਭਾਈ ! (ਇਹ ਪ੍ਰਮਾਤਮਾ ਦਾ ਪ੍ਰਤਾਪ ਹੈ ਕਿ) ਪ੍ਰਮੇਸ਼ਰ ਆਪਣੇ ਭਗਤਾਂ ਨੂੰ ਆਪਣੇ ਬਣਾ ਕੇ ਰੱਖਿਆ ਕਰਦਾ ਹੈ, ਭਗਤਾਂ ਨੂੰ ਆਪਣਾ ਨਾਮ ਬਖਸ਼ਦਾ ਹੈ ਤੇ ਵਡਿਆਈ ਦੇਂਦਾ ਹੈ।

14. ਹੇ ਪ੍ਰਭੂ ! ਜਿਸ ਜਿਸ ਨੇ ਕਦੇ ਤੇਰੇ ਭਗਤਾਂ ਦੀ ਨਿਰਾਦਰੀ ਕੀਤੀ, ਤੂੰ ਉਹਨਾਂ ਨੂੰ (ਵਿਕਾਰਾਂ ਦੇ ਸਮੁੰਦਰ ਵਿਚ) ਰੋੜ੍ਹ ਦਿੱਤਾ ।੬।

ਪ੍ਰ:-ਗੁਰਦੇਵ ਜੀਓ ! ਜੋ ਲੋਕ ਅਤਿ ਵਿਕਾਰੀ ਹਨ, ਉਨ੍ਹਾਂ ਦਾ ਵਿਕਾਰਾਂ ਤੋਂ ਕਿਵੇਂ ਬਚਾ ਹੋਇਆ ਹੈ ?

15. ਉ:-ਹੇ ਭਾਈ ! ਸਾਧ ਸੰਗਤ ਕਰਕੇ (ਵਿਕਾਰੀ ਭੀ) ਵਿਕਾਰਾਂ ਤੋਂ ਬਚ ਨਿਕਲੇ, ਪ੍ਰਭੂ ਨੇ ਉਨ੍ਹਾਂ ਦੇ ਸਾਰੇ ਅਉਗੁਣ ਨਾਸ ਕਰ ਦਿੱਤੇ।

16. ਹੇ ਭਾਈ ! ਗੁਰੂ ਦੀ ਸੰਗਤ ਵਿਚ ਆਉਣ ਵਾਲਿਆਂ ਨੂੰ ਵੇਖ ਕੇ ਪ੍ਰਭੂ ਜੀ ਸਦਾ ਮਿਹਰਵਾਨ ਹੁੰਦੇ ਹਨ ਤੇ ਉਹ ਬੰਦੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।੭।

ਪ੍ਰ:-ਸ੍ਰੀ ਜੀਓ ! ਉਸ ਪ੍ਰਭੂ ਦੇ ਮਿਲਾਪ ਲਈ ਸਾਨੂੰ ਕੋਈ ਸਾਧਨ ਦੱਸੋ ?

17. ਉ:-ਹੇ ਭਾਈਓ ! ਇਕੋ ਹੀ ਸਾਧਨ ਅਰਦਾਸ ਹੈ, ਜੋ ਇਉਂ ਹੀ ਕਰਦੇ ਰਿਹਾ ਕਰੋ ਕਿ, ਹੇ ਮਾਲਕ ਪ੍ਰਭੂ ! ਤੂੰ ਬਹੁਤ ਵੱਡਾ ਹੈਂ, ਅਸੀਂ ਜੀਵ (ਤੇਰੇ ਸਾਹਮਣੇ) ਬਹੁਤ ਹੀ

ਨਿੱਕੇ ਤੇ ਨੀਵੇਂ (ਕੀੜੇ ਜਿਹੇ) ਹਾਂ, ਮੇਰੀ ਕੀ ਤਾਕਤ ਹੈ ਕਿ ਤੇਰੇ ਪ੍ਰਤਾਪ ਦਾ ਅੰਦਾਜ਼ਾ ਲਾ ਸਕਾਂ।

18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ! ਗੁਰੂ ਦਾ ਦਰਸ਼ਨ ਕਰ ਕੇ ਮਨੁੱਖ ਦਾ ਮਨ ਤਨ ਠੰਡਾ ਠਾਰ ਹੋ ਜਾਂਦਾ ਹੈ, ਤੇ ਮਨੁੱਖ ਨੂੰ ਪ੍ਰਭੂ ਦਾ ਨਾਮ ਆਸਰਾ ਮਿਲ ਜਾਂਦਾ ਹੈ ।੮।੧।

ਭਾਵਾਰਥ :—ਸੰਸਾਰੀ ਰਾਜਿਆਂ ਦੇ ਮੁਕਾਬਲੇ ਵਿਚ ਹਰੀ ਦਾ ਪ੍ਰਤਾਪ ਬਿਆਨ ਕਰਦੇ ਹਨ।

ਸਾਰਗ ਮਹਲਾ ੫ ਅਸਟਪਦੀ ਘਰੁ ੬

੧ਓ ਸਤਿਗੁਰ ਪ੍ਰਸਾਦਿ ॥

1. ਅਗਮ ਅਗਾਧਿ ਸੁਨਹੁ ਜਨ ਕਥਾ ॥
2. ਪਾਰਬ੍ਰਹਮ ਕੀ ਅਚਰਜ ਸਭਾ ॥੧॥ਰਹਾਉ॥
3. ਸਦਾ ਸਦਾ ਸਤਿਗੁਰ ਨਮਸਕਾਰ ॥
4. ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥
5. ਮਨ ਭੀਤਰਿ ਹੋਵੈ ਪਰਗਾਸੁ ॥
6. ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥
7. ਮਿਤਿ ਨਾਹੀ ਜਾ ਕਾ ਬਿਸਥਾਰੁ ॥
8. ਸੋਭਾ ਤਾ ਕੀ ਅਪਰ ਅਪਾਰ ॥
9. ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥
10. ਸੋਗ ਹਰਖ ਦੁਹਹੂ ਮਹਿ ਨਾਹਿ ॥੨॥
11. ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥
12. ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥
13. ਅਨਿਕ ਪੁਰਖ ਅੰਸਾ ਅਵਤਾਰ ॥
14. ਅਨਿਕ ਇੰਦ੍ਰ ਊਭੇ ਦਰਬਾਰ ॥੩॥

ਪਦ ਅਰਥ :— ਅਗਮ ਕਥਾ—ਅਪਹੁੰਚ ਪ੍ਰਭੂ ਦੀ ਸਿਫਤ ਸਾਲਾਹ। ਅਗਾਧਿ—ਅਥਾਹ। ਜਨ—ਹੇ ਜਨੋਂ। ਅਚਰਜ—ਹੈਰਾਨ ਕਰ ਦੇਣ ਵਾਲੀ। ਸਭਾ—ਕਚਹਿਰੀ, ਦਰ-ਬਾਰ ।੧।ਰਹਾਉ।

ਸਤਿਗੁਰ ਨਮਸਕਾਰ—ਗੁਰੂ ਨੂੰ ਸਿਰ ਨਿਵਾਉ। ਤੇ—ਤੋਂ, ਦੀ ਰਾਹੀਂ। ਗੁਣ ਅਪਾਰ ਗਾਇ—ਬੇਅੰਤ ਪ੍ਰਭੂ ਦੇ ਗੁਣ ਗਾ ਕੇ। ਪਰਗਾਸੁ—ਚਾਨਣ। ਗਿਆਨ ਅੰਜਨੁ—ਆਤਮਕ ਜੀਵਨ ਦੀ ਸੂਝ ਦਾ ਸੁਰਮਾ। ਅਗਿਆਨ—ਆਤਮਕ ਜੀਵਨ ਵੱਲੋਂ ਬੇ-ਸਮਝੀ ।੧।

ਮਿਤਿ—ਹੱਦ-ਬੰਨਾ, ਅੰਦਾਜ਼ਾ, ਮਾਪ। ਜਾ ਕਾ—ਜਿਸ (ਪ੍ਰਮਾਤਮਾ) ਦਾ। ਬਿਸਥਾਰੁ—ਜਗਤ ਪਸਾਰਾ। ਅਪਰ—ਪਰ੍ਹੇ ਤੋਂ ਪਰ੍ਹੇ [ਅ-ਪਰ]। ਰੰਗ—ਕੌਤਕ। ਚੋਜ—ਤਮਾਸ਼ੇ। ਸੋਗ—ਗਮ। ਹਰਖ—ਖੁਸ਼ੀ।੨।

ਬ੍ਰਹਮੇ—['ਬ੍ਰਹਮਾ' ਤੋਂ ਬਹੁ-ਵਚਨ]। ਜਾ ਕੇ—ਜਿਸ (ਪ੍ਰਭੂ) ਦੇ ਪੈਦਾ ਕੀਤੇ ਹੋਏ। ਕਰਹਿ—ਕਰਦੇ ਹਨ। ਧੁਨਿ ਕਰਹਿ—ਉਚਾਰਦੇ ਹਨ। ਮਹੇਸ—ਮਹੇਸ਼, ਸ਼ਿਵ। ਬੈਸਿ—ਬੈਠ ਕੇ। ਅੰਸਾ—ਅੰਸ਼, ਕੁਝ ਹਿੱਸਾ। ਅੰਸਾ ਅਵਤਾਰ—ਉਹ ਅਵਤਾਰ ਜਿਨ੍ਹਾਂ ਵਿਚ ਪ੍ਰਮਾਤਮਾ ਦੀ ਥੋੜੀ ਕੁ ਆਤਮਕ ਤਾਕਤ ਉਤਰੀ ਹੋਵੇ। ਅਵਤਾਰ—ਉਤਰੇ ਹੋਏ। ਊਭੇ—ਖਲੋਤੇ ਹੋਏ ।੩।

ਅਰਥ.—

ਪ੍ਰ:-ਗੁਰਦੇਵ ਜੀਓ! ਦਸੋ, ਸਾਡੇ ਕਰਨ ਯੋਗ ਸਹੀ ਕਰਤਬ ਕਿਹੜਾ ਹੈ?

1. ਉ:—ਹੇ ਸੰਤ ਜਨੋਂ! (ਮਨੁੱਖ ਲਈ ਸਹੀ ਕਰਤਬ ਤਾਂ ਇਹੋ ਹੀ ਹੈ ਕਿ ਤੁਸੀਂ) ਅਪਹੁੰਚ ਅਤੇ ਅਥਾਹ ਪ੍ਰਮਾਤਮਾ ਦੀ ਸਿਫਤ ਸਾਲਾਹ ਸੁਣਿਆ ਕਰੋ।
2. (ਕਿਉਂਕਿ) ਹੇ ਸੰਤ ਜਨੋਂ! ਉਸ ਪ੍ਰਮਾਤਮਾ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ ।੧।ਰਹਾਉ।
3. ਹੇ ਸੰਤ ਜਨੋਂ! ਸਦਾ ਹੀ ਗੁਰੂ ਦੇ ਦਰ ਤੇ ਸਿਰ ਨਿਵਾਇਆ ਕਰੋ।
4. ਗੁਰੂ ਦੀ ਮਿਹਰ ਨਾਲ ਬੇਅੰਤ ਪ੍ਰਭੂ ਦੇ ਗੁਣ ਗਾ ਕੇ,
5. ਮਨ ਵਿਚ ਆਤਮਕ ਜੀਵਨ ਦਾ ਚਾਨਣ ਪੈਦਾ ਹੋ ਜਾਂਦਾ ਹੈ।

ਪ੍ਰ:—ਸ੍ਰੀ ਜੀਓ! ਸਾਡੇ ਮਨਾਂ ਵਿਚ ਸਦਾ ਅਗਿਆਨ ਬਣਿਆ ਰਹਿੰਦਾ ਹੈ, ਇਹ ਕਿਵੇਂ ਦੂਰ ਹੋਵੇ?

6. ਉ:—ਹੇ ਭਾਈਓ! (ਗੁਰੂ ਪਾਸੋਂ ਮਿਲਿਆ ਹੋਇਆ) ਆਤ-ਮਕ ਜੀਵਨ ਦੀ ਸੂਝ ਦਾ ਸੁਰਮਾ ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਨਾਸ ਕਰ ਦੇਂਦਾ ਹੈ ।੧।

ਪ੍ਰ:—ਗੁਰਦੇਵ ਜੀਓ! ਉਸ ਪ੍ਰਭੂ ਬਾਰੇ ਕੁਝ ਕਥਨ ਕਰੋ ਤਾਂ ਕਿ ਸਾਨੂੰ ਉਸ ਦੀ ਸਮਝ ਪੈ ਸਕੇ?

7. ਉ:—ਹੇ ਭਾਈ! ਜਿਸ ਪ੍ਰਮਾਤਮਾ ਦਾ (ਇਹ ਸਾਰਾ) ਜਗਤ ਬਣਾਇਆ ਹੋਇਆ ਹੈ, ਉਸ (ਦੀ ਸਮਰੱਥਾ) ਦਾ ਹੱਦ-ਬੰਨਾ ਨਹੀਂ ਲੱਭ ਸਕਦਾ।
8. ਉਸ ਪ੍ਰਭੂ ਦੀ ਵਡਿਆਈ ਬੇਅੰਤ ਹੈ, ਬੇਅੰਤ ਹੈ।
9. ਹੇ ਸੰਤ ਜਨੋਂ! ਜਿਸ ਪ੍ਰਮਾਤਮਾ ਦੇ ਅਨੇਕਾਂ ਹੀ ਚੋਜ-ਤਮਾਸ਼ੇ ਹਨ, ਗਿਣੇ ਨਹੀਂ ਜਾ ਸਕਦੇ।
10. ਪਰ, ਹੇ ਭਾਈ! ਉਹ ਪ੍ਰਮਾਤਮਾ ਖੁਸ਼ੀ ਗਮੀ ਦੋਹਾਂ ਤੋਂ ਪਰ੍ਹੇ ਰਹਿੰਦਾ ਹੈ ।੨।
11. ਹੇ ਸੰਤ ਜਨੋਂ! (ਉਸ ਪ੍ਰਭੂ ਦਾ ਦਰਬਾਰ ਹੈਰਾਨ ਕਰ ਦੇਣ ਵਾਲਾ ਹੈ) ਵੇਖੋ, ਜਿਸ ਦੇ ਪੈਦਾ ਕੀਤੇ ਹੋਏ ਅਨੇਕਾਂ ਹੀ ਬ੍ਰਹਮੇ (ਉਸ ਦੇ ਦਰ ਤੇ) ਵੇਦਾਂ ਦਾ ਉਚਾਰਨ ਕਰ ਰਹੇ ਹਨ।
12. ਅਤੇ ਅਨੇਕਾਂ ਹੀ ਸ਼ਿਵ ਬੈਠ ਕੇ ਉਸ ਦਾ ਧਿਆਨ ਧਰ ਰਹੇ ਹਨ।

13. ਹੋਰ ਅਨੇਕਾਂ ਹੀ ਛੋਟੇ-ਛੋਟੇ ਉਸ ਦੇ ਅਵਤਾਰ ਹਨ।
14. ਅਤੇ ਅਨੇਕਾਂ ਹੀ ਇੰਦ੍ਰ ਦੇਵਤੇ ਉਸ ਦੇ ਦਰ ਤੇ ਖਲੋਤੇ ਰਹਿੰਦੇ ਹਨ।੩।

15. ਅਨਿਕ ਪਵਨ ਪਾਵਕ ਅਰੁ ਨੀਰ।
16. ਅਨਿਕ ਰਤਨ ਸਾਗਰ ਦਧਿ ਖੀਰ॥
17. ਅਨਿਕ ਸੂਰ ਸਸੀਅਰ ਨਖਿਆਤਿ॥
18. ਅਨਿਕ ਦੇਵੀ ਦੇਵਾ ਬਹੁ ਭਾਂਤਿ॥੪॥
19 ਅਨਿਕ ਬਸੁਧਾ ਅਨਿਕ ਕਾਮਧੇਨ॥
20. ਅਨਿਕ ਪਾਰਜਾਤ ਅਨਿਕ ਮੁਖਿ ਬੇਨ॥
21. ਅਨਿਕ ਅਕਾਸ ਅਨਿਕ ਪਾਤਾਲ॥
22. ਅਨਿਕ ਮੁਖੀ ਜਪੀਐ ਗੋਪਾਲ॥੫॥
23. ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥
24. ਅਨਿਕ ਜੁਗਤਿ ਹੋਵਤ ਬਖਿਆਨ॥
25. ਅਨਿਕ ਸਰੋਤੇ ਸੁਨਹਿ ਨਿਧਾਨ॥
26. ਸਰਬ ਜੀਅ ਪੂਰਨ ਭਗਵਾਨ॥੬॥

ਪਦ ਅਰਥ:–ਪਵਨ–ਹਵਾ। ਪਾਵਕ–ਅੱਗ। ਅਰੁ–ਅਤੇ। ਨੀਰ–ਪਾਣੀ। ਸਾਗਰ–ਸਮੁੰਦਰ। ਦਧਿ–ਦਹੀਂ। ਖੀਰ–ਦੁੱਧ। ਸੂਰ–ਸੂਰਜ। ਸਸੀਅਰ–ਚੰਦ੍ਰਮਾ। ਨਖਿਆਤ–ਤਾਰੇ। ਬਹੁ ਭਾਂਤਿ–ਕਈ ਕਿਸਮਾਂ ਦੇ।੪।

ਬਸੁਧਾ–ਧਰਤੀ। ਕਾਮਧੇਨ–(ਧੇਨ ਗਾਂ) ਮਨੋ-ਕਾਮਨਾਂ ਪੂਰੀਆਂ ਕਰਨ ਵਾਲੀਆਂ ਗਾਈਆਂ। ਪਾਰਜਾਤ–ਸਵਰਗ ਦਾ ਇਕ ਰੁੱਖ, ਜੋ ਮਨ ਮੰਗੀਆਂ ਮੁਰਾਦਾਂ ਦੇਂਦਾ ਮੰਨਿਆ ਜਾਂਦਾ ਹੈ। ਮੁਖਿ–ਮੂੰਹ ਵਿਚ। ਬੇਨ ਬੰਸਰੀ। ਮੁਖਿ ਬੇਨ–ਮੂੰਹ ਵਿਚ ਬੰਸਰੀ ਰੱਖਣ ਵਾਲਾ, ਕ੍ਰਿਸ਼ਨ। ਮੁਖੀ–ਮੁਖੀਂ, ਮੂੰਹਾਂ ਨਾਲ। ਜਪੀਐ–ਜਪਿਆ ਜਾ ਰਿਹਾ ਹੈ।੫।

ਜੁਗਤਿ–ਤਰੀਕਾ, ਢੰਗ। ਬਖਿਆਨ–ਉਪਦੇਸ਼। ਸਰੋਤੇ–ਸੁਣਨ ਵਾਲੇ। ਸੁਨਹਿ–ਸੁਣਦੇ ਹਨ। ਨਿਧਾਨ–ਖਜ਼ਾਨਾ ਹਰੀ। ਸਰਬ ਜੀਅ–ਸਭ ਜੀਵਾਂ ਵਿਚ। ਪੂਰਨ–ਵਿਆਪਕ।੬।

ਅਰਥ :

ਪ੍ਰ:–ਗੁਰਦੇਵ ਜੀਓ! ਕੀ ਉਸ ਪ੍ਰਭੂ ਦੇ ਦਰਬਾਰ ਦੀ ਕੋਈ ਹੋਰ ਭੀ ਅਸਚਰਜਤਾ ਹੈ?

15. ਉ:–ਹੇ ਸੰਤ ਜਨੋਂ! ਉਸ ਸਾਈਂ ਜੀ ਦਾ ਦਰਬਾਰ ਹੋਰ ਭੀ ਹੈਰਾਨ ਕਰਨ ਵਾਲਾ ਹੈ, (ਵੇਖੋ ਉਸ ਦੇ ਪੈਦਾ ਕੀਤੇ ਹੋਏ) ਅਨੇਕਾਂ ਹੀ ਹਵਾ, ਪਾਣੀ ਅਤੇ ਅੱਗ ਆਦਿਕ ਹਨ।
16. (ਅਤੇ ਉਸ ਦੇ ਪੈਦਾ ਕੀਤੇ ਹੋਏ) ਅਨੇਕਾਂ ਹੀ ਰਤਨਾਂ ਦੇ ਦਹੀਂ ਦੇ, ਦੁੱਧ ਦੇ ਸਮੁੰਦਰ ਹਨ।
17. (ਉਸ ਦੇ ਬਣਾਏ ਹੋਏ) ਅਨੇਕਾਂ ਹੀ ਸੂਰਜ, ਚੰਦ੍ਰਮਾਂ ਅਤੇ ਤਾਰੇ ਹਨ।
18. ਅਤੇ ਕਈ ਕਿਸਮਾਂ ਦੇ ਅਨੇਕਾਂ ਹੀ ਦੇਵੀਆਂ ਦੇਵਤੇ ਹਨ।੪।
19. ਹੇ ਸੰਤ ਜਨੋਂ! ਉਸ ਪ੍ਰਮਾਤਮਾ ਦਾ ਦਰਬਾਰ ਅਸਚਰਜ ਹੈ, (ਉਸ ਦੀਆਂ ਪੈਦਾ ਕੀਤੀਆਂ) ਅਨੇਕਾਂ ਧਰਤੀਆਂ ਅਤੇ ਅਨੇਕਾਂ ਹੀ ਮਨੋ-ਕਾਮਨਾਂ ਪੂਰੀਆਂ ਕਰਨ ਵਾਲੀਆਂ ਸਵਰਗ ਦੀਆਂ ਗਾਈਆਂ ਹਨ।
20. ਅਨੇਕਾਂ ਹੀ ਪਾਰਜਾਤ ਰੁੱਖ ਅਤੇ ਅਨੇਕਾਂ ਹੀ ਕ੍ਰਿਸ਼ਨ ਹਨ (ਜਿਨ੍ਹਾਂ ਦੇ ਮੁੱਖ ਵਿਚ ਬੀਨ ਹੈ)।
21. ਅਨੇਕਾਂ ਹੀ ਆਕਾਸ਼ ਤੇ ਅਨੇਕਾਂ ਹੀ ਪਾਤਾਲ ਹਨ।
22. ਹੇ ਸੰਤ ਜਨੋਂ! ਉਸ ਗੁਪਾਲ ਨੂੰ ਅਨੇਕਾਂ ਮੂੰਹਾਂ ਦੀ ਰਾਹੀਂ ਜਪਿਆ ਜਾ ਰਿਹਾ ਹੈ (ਅਨੇਕਾਂ ਹੀ ਉਸ ਦਾ ਨਾਮ ਜਪਦੇ ਹਨ)।੫।
23. ਹੇ ਸੰਤ ਜਨੋਂ! (ਪ੍ਰਮਾਤਮਾ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ) ਅਨੇਕਾਂ ਸ਼ਾਸਤਰਾਂ, ਸਿੰਮ੍ਰਤੀਆਂ ਅਤੇ ਪੁਰਾਣਾਂ ਦੀ ਰਾਹੀਂ।
24. ਅਨੇਕਾਂ ਤਰੀਕਿਆਂ ਨਾਲ (ਉਸ ਦੇ ਗੁਣਾਂ ਦਾ) ਉਪਦੇਸ਼ ਹੋ ਰਿਹਾ ਹੈ।
25. ਹੇ ਸੰਤ ਜਨੋਂ! ਅਨੇਕਾਂ ਹੀ ਸੁਣਨ ਵਾਲੇ ਉਸ ਗੁਣਾਂ ਦੇ ਖਜ਼ਾਨੇ ਪ੍ਰਭੂ ਦੀਆਂ ਸਿਫਤਾਂ ਸੁਣ ਰਹੇ ਹਨ।
26. ਹੇ ਸੰਤ ਜਨੋਂ! ਉਹ ਭਗਵਾਨ ਸਾਰੇ ਹੀ ਜੀਵਾਂ ਵਿਚ ਵਿਆਪਕ ਹੈ।੬।

27. ਅਨਿਕ ਧਰਮ ਅਨਿਕ ਕੁਮੇਰ॥
28. ਅਨਿਕ ਬਰਨ ਅਨਿਕ ਕਨਿਕ ਸੁਮੇਰ॥
29. ਅਨਿਕ ਸੇਖ ਨਵਤਨ ਨਾਮੁ ਲੇਹਿ॥
30. ਪਾਰਬ੍ਰਹਮ ਕਾ ਅੰਤੁ ਨ ਤੇਹਿ॥੭॥
31. ਅਨਿਕ ਪੁਰੀਆ ਅਨਿਕ ਤਹ ਖੰਡ॥
32. ਅਨਿਕ ਰੂਪ ਰੰਗ ਬ੍ਰਹਮੰਡ॥
33. ਅਨਿਕ ਬਨਾ ਅਨਿਕ ਫਲ ਮੂਲ॥
34. ਆਪਹਿ ਸੂਖਮ ਆਪਹਿ ਅਸਥੂਲ॥੮॥
35. ਅਨਿਕ ਜੁਗਾਦਿ ਦਿਨਸ ਅਰੁ ਰਾਤਿ॥
36. ਅਨਿਕ ਪਰਲਉ ਅਨਿਕ ਉਤਪਾਤਿ॥
37. ਅਨਿਕ ਜੀਅ ਜਾ ਕੇ ਗ੍ਰਿਹ ਮਾਹਿ॥
38. ਰਮਤ ਰਾਮ ਪੂਰਨ ਸ੍ਰਬ ਠਾਂਇ॥੯॥

ਪਦ ਅਰਥ:–ਧਰਮ–ਧਰਮਰਾਜ। ਕੁਮੇਰ–ਕੁਬੇਰ,ਧਨ ਦਾ ਦੇਵਤਾ। ਬਰਨ–ਵਰਣ, ਸਮੁੰਦਰ ਦਾ ਦੇਵਤਾ। ਕਨਿਕ–ਸੋਨਾ। ਸੇਖ–ਸ਼ੇਸ਼ਨਾਗ। ਨਵਤਨ–ਨਵਾਂ। ਲੇਹਿ–ਲੈਂਦੇ ਹਨ। ਤੇਹਿ–ਉਨ੍ਹਾਂ ਦੇ।੭।

ਤਹ-ਉਥੇ । ਖੰਡ-ਧਰਤੀਆਂ ਦੇ ਟੋਟੇ । ਬਨਾ-ਜੰਗਲ । ਆਪਹਿ-ਆਪ ਹੀ । ਸੂਖਮ-ਅਦ੍ਰਿਸ਼ਟ । ਅਸਥੂਲ-ਦ੍ਰਿਸ਼ਟਮਾਨ ।੮।

ਜੁਗਾਦਿ-ਜੁਗ ਆਦਿਕ । ਪਰਲਉ-ਜਗਤ ਦਾ ਨਾਸ। ਉਤਪਾਤਿ-ਉਤਪਤੀ, ਪੈਦਾਇਸ਼ । ਰਮਤ-ਵਿਆਪਕ । ਸ੍ਰਬ ਠਾਂਇ-ਸਭ ਥਾਵਾਂ ਵਿਚ ।੯।

ਅਰਥ:-

27. ਹੇ ਸੰਤ ਜਨੋਂ ! (ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ) ਅਨੇਕਾਂ ਧਰਮ ਰਾਜ ਹਨ, ਅਨੇਕਾਂ ਧਨ ਦੇ ਦੇਵਤੇ ਕੁਬੇਰ ਹਨ ।
28. ਅਨੇਕਾਂ ਸਮੁੰਦਰ ਦੇ ਦੇਵਤੇ ਵਰਣ ਹਨ, ਅਤੇ ਅਨੇਕਾਂ ਹੀ ਸੋਨੇ ਦੇ ਸੁਮੇਰ ਪ੍ਰਬਤ ਹਨ ।
29. ਅਤੇ ਅਨੇਕਾਂ ਹੀ ਉਸ ਦੇ ਬਣਾਏ ਹੋਏ ਸ਼ੇਸ਼ਨਾਗ ਹਨ, ਜੋ (ਹਰ ਰੋਜ਼ ਸਦਾ ਉਸ ਦਾ) ਨਵਾਂ ਹੀ ਨਾਮ ਲੈਂਦੇ ਹਨ ।
30. ਹੇ ਸੰਤ ਜਨੋਂ ! ਉਨ੍ਹਾਂ ਵਿਚੋਂ ਕਿਸੇ ਨੇ ਉਸ (ਦੇ ਗੁਣਾਂ) ਦਾ ਅੰਤ ਨਹੀਂ ਲੱਭਾ ।੭।
31. ਹੇ ਸੰਤ ਜਨੋਂ ! (ਪ੍ਰਮਾਤਮਾ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ, ਉਸ ਦੇ ਪੈਦਾ ਕੀਤੇ ਹੋਏ) ਅਨੇਕਾਂ ਰੂਪਾਂ ਰੰਗਾਂ ਦੇ ਖੰਡ ਬ੍ਰਹਿਮੰਡ ਹਨ, ਅਨੇਕ ਪੁਰੀਆਂ ਹਨ ।
32. ਉਸ ਦੇ ਪੈਦਾ ਕੀਤੇ ਹੋਏ ਅਨੇਕਾਂ ਜੰਗਲ ਤੇ ਉਨ੍ਹਾਂ ਵਿਚ ਉਗਣ ਵਾਲੇ ਅਨੇਕਾਂ ਕਿਸਮਾਂ ਦੇ ਫਲ ਅਤੇ ਕੰਦ ਮੂਲ ਹਨ ।
33. ਹੇ ਸੰਤ ਜਨੋਂ ! ਉਹ ਪ੍ਰਮਾਤਮਾ ਹੀ ਅਦ੍ਰਿਸ਼ਟ ਰੂਪ ਵਾਲਾ ਹੈ, ਉਹ ਆਪ ਹੀ ਇਹ ਦਿਸਦਾ ਜਗਤ ਤਮਾਸ਼ਾ ਹੈ ।੮।
34. ਹੇ ਸੰਤ ਜਨੋਂ ! ਉਸ ਪ੍ਰਮਾਤਮਾ ਦੇ ਬਣਾਏ ਹੋਏ ਅਨੇਕਾਂ ਹੀ ਜੁਗ ਆਦਿਕ ਹਨ ।
35. ਅਨੇਕਾਂ ਹੀ ਦਿਨ ਹਨ ਅਤੇ ਅਨੇਕਾਂ ਹੀ ਰਾਤਾਂ ਹਨ ।
36. ਉਹ ਅਨੇਕਾਂ ਵਾਰੀ ਜਗਤ ਦਾ ਨਾਸ ਕਰਦਾ ਹੈ, ਅਨੇਕਾਂ ਵਾਰੀ ਜਗਤ ਉਤਪਤੀ ਕਰਦਾ ਹੈ ।
37. ਹੇ ਸੰਤ ਜਨੋਂ ! (ਉਹ ਪ੍ਰਮਾਤਮਾ ਐਸਾ ਗ੍ਰਿਹਸਤੀ ਹੈ) ਕਿ ਉਸ ਦੇ ਘਰ ਵਿਚ ਅਨੇਕਾਂ ਹੀ ਜੀਵ ਹਨ ।
38. ਉਹ ਸਭ ਥਾਵਾਂ ਵਿਚ ਵਿਆਪਕ ਹੈ, ਸਭ ਥਾਵਾਂ ਵਿਚ ਮੌਜੂਦ ਹੈ ।੯।

39. **ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥**
40. **ਅਨਿਕ ਕਲਾ ਖੇਲੈ ਹਰਿ ਰਾਇ ॥**
41. **ਅਨਿਕ ਧੁਨਿਤ ਲਲਿਤ ਸੰਗੀਤ ॥**
42. **ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥**
43. **ਸਭ ਤੇ ਊਚ ਭਗਤ ਜਾ ਕੈ ਸੰਗਿ ॥**
44. **ਆਠ ਪਹਰ ਗੁਨ ਗਾਵਹਿ ਰੰਗਿ ॥**
45. **ਅਨਿਕ ਅਨਾਹਦ ਆਨੰਦ ਝੁਨਕਾਰ ॥**
46. **ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥**
47. **ਸਤਿ ਪੁਰਖੁ ਸਤਿ ਅਸਥਾਨੁ ॥**
48. **ਊਚ ਤੇ ਊਚ ਨਿਰਮਲ ਨਿਰਬਾਨੁ ॥**
49. **ਅਪੁਨਾ ਕੀਆ ਜਾਨਹਿ ਆਪਿ ॥**
50. **ਆਪੇ ਘਟਿ ਘਟਿ ਰਹਿਓ ਬਿਆਪਿ ॥**
51. **ਕ੍ਰਿਪਾ ਨਿਧਾਨ ਨਾਨਕ ਦਇਆਲ ॥**
52. **ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥**

੧੨॥੧॥੨॥੨॥੩॥੭॥

ਪਦ ਅਰਥ:-ਜਾ ਕੀ-ਜਿਸ (ਪ੍ਰਮਾਤਮਾ) ਦੀ (ਰਚੀ ਹੋਈ) । ਲਖੀ ਨ ਜਾਇ-ਸਮਝੀ ਨਹੀਂ ਜਾ ਸਕਦੀ । ਕਲਾ-ਤਾਕਤ । ਹਰਿ ਰਾਇ-ਪ੍ਰਭੂ ਪਾਤਸ਼ਾਹ । ਲਲਿਤ-ਸੁੰਦਰ । ਧੁਨਿਤ-ਧੁਨੀਆਂ ਹੋ ਰਹੀਆਂ ਹਨ । ਗੁਪਤ ਚੀਤ-ਚਿਤਰ-ਗੁਪਤ । ਤਹ-ਉਥੇ, ਉਸ ਦੇ ਦਰਬਾਰ ਵਿਚ ।੧੦।

ਜਾ ਕੈ ਸੰਗਿ-ਜਿਸ ਦੇ ਨਾਲ, ਜਿਸ ਦੇ ਦਰ ਤੇ । ਗਾਵਹਿ-ਗਾਂਦੇ ਹਨ । ਰੰਗਿ-ਪ੍ਰੇਮ ਨਾਲ । ਅਨਾਹਦ-ਬਿਨਾਂ ਵਜਾਏ ਵੱਜ ਰਹੇ । ਝੁਨਕਾਰ-ਮਿੱਠੀ ਅਵਾਜ਼ । ਉਆ ਕਾ-ਉਸ ਦਾ ।੧੧।

ਸਤਿ-ਸਦਾ ਕਾਇਮ । ਨਿਰਬਾਨੁ-ਵਾਸ਼ਨਾ ਰਹਿਤ । ਜਾਨਹਿ-ਤੂੰ ਜਾਣਦਾ ਹੈਂ । ਆਪੇ-ਆਪ ਹੀ । ਘਟਿ ਘਟਿ-ਹਰੇਕ ਘਟ ਵਿਚ । ਕ੍ਰਿਪਾ ਨਿਧਾਨ-ਹੇ ਕ੍ਰਿਪਾ ਦੇ ਖਜ਼ਾਨੇ । ਦਇਆਲ-ਹੇ ਦਇਆ ਦੇ ਘਰ । ਜਿਨਿ-ਜਿਨਿ ਜਿਨਿ, ਜਿਸ ਜਿਸ ਨੇ । ਤੇ-ਉਹ ਸਾਰੇ । ਨਿਹਾਲ-ਪ੍ਰਸੰਨ ਚਿੱਤ ।੧੨।

ਅਰਥ :

39. ਹੇ ਸੰਤ ਜਨੋਂ ! (ਪ੍ਰਮਾਤਮਾ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ) ਜਿਸ ਦੀ (ਰਚੀ ਹੋਈ) ਅਨੇਕਾਂ ਰੰਗਾਂ ਦੀ ਮਾਇਆ ਸਮਝੀ ਨਹੀਂ ਜਾ ਸਕਦੀ ।
40-41. ਉਹ ਪ੍ਰਭੂ ਪਾਤਸ਼ਾਹ ਅਨੇਕਾਂ ਕੌਤਕ ਰਚਾ ਰਿਹਾ ਹੈ (ਉਸ ਦੇ ਦਰ ਤੇ) ਅਨੇਕਾਂ ਸੁਰੀਲੇ ਰਾਗਾਂ ਦੀ ਧੁਨੀ ਹੋ ਰਹੀ ਹੈ ।
42. ਉਥੇ ਅਨੇਕਾਂ ਹੀ ਚਿੱਤਰ ਗੁਪਤ ਪ੍ਰਤੱਖ ਦਿਸਦੇ ਹਨ । ੧੦।
43. ਹੇ ਸੰਤ ਜਨੋਂ ! ਉਹ ਪ੍ਰਮਾਤਮਾ ਸਭ ਤੋਂ ਉਚਾ ਹੈ, ਜਿਸ ਦੇ ਦਰ ਤੇ ਅਨੇਕਾਂ ਭਗਤ
44. ਪ੍ਰੇਮ ਨਾਲ ਅੱਠੇ ਪਹਿਰ ਉਸ ਦੀ ਸਿਫਤ ਸਲਾਹ ਦੇ ਗੀਤ ਗਾਂਦੇ ਰਹਿੰਦੇ ਹਨ ।
45. ਉਸ ਦੇ ਦਰ ਤੇ ਬਿਨਾਂ ਵਜ਼ਾਏ ਵੱਜ ਰਹੇ ਸਾਜ਼ਾਂ ਦੀ ਮਿੱਠੀ ਸੁਰ ਦਾ ਅਨੰਦ ਬਣਿਆ ਰਹਿੰਦਾ ਹੈ ।

46. ਉਸ ਅਨੰਦ ਦਾ ਅੰਤ, ਜ਼ਾਂ ਪਾਰਲਾ ਬੰਨਾ ਨਹੀਂ ਲੱਭ ਸਕਦਾ (ਉਹ ਅਨੰਦ ਅਮੁੱਕ ਹੈ) ।੧੧।
47. ਹੇ ਸੰਤ ਜਨੋਂ ! ਉਹ ਪ੍ਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦਾ ਅਸਥਾਨ ਭੀ ਅਟੱਲ ਹੈ ।
48. ਉਹ ਉਚਿਆਂ ਤੋਂ ਉਚਾ ਹੈ, ਪਵਿੱਤਰ ਸਰੂਪ ਹੈ, ਵਾਸ਼ਨਾ ਰਹਿਤ ਹੈ ।
49. ਹੇ ਪ੍ਰਭੂ ! ਆਪਣੇ (ਜਗਤ) ਨੂੰ ਤੂੰ ਆਪ ਹੀ ਜਾਣਦਾ ਹੈਂ ।
50. ਤੂੰ ਆਪ ਹੀ ਹਰੇਕ ਸਰੀਰ ਵਿਚ ਮੌਜੂਦ ਹੈਂ ।
51. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਦਇਆ ਦੇ ਖਜ਼ਾਨੇ, ਹੇ ਦਇਆ ਦੇ ਸੋਮੇ ।
52. ਜਿਸ ਜਿਸ ਨੇ (ਤੇਰਾ ਨਾਮ) ਜਪਿਆ ਹੈ, ਉਹ ਸਭ ਪ੍ਰਸੰਨ ਚਿੱਤ ਰਹਿੰਦੇ ਹਨ ।੧੨।੧।੨।੨।੩।੭।

ਵੇਰਵਾ :

ਗੁਰੂ ਨਾਨਕ ਦੇਵ ਜੀ	੨
ਗੁਰੂ ਅਮਰਦਾਸ ਜੀ	੩
ਗੁਰੂ ਅਰਜਨ ਸਾਹਿਬ ਜੀ	੨
ਕੁਲ ਜੋੜ	੭

ਨੋਟ :–ਗੁਰੂ ਅਰਜਨ ਸਾਹਿਬ ਦੀ ਇਕ ਅਸਟਪਦੀ 'ਘਰੁ ੧' ਦੀ, ਦੂਜੀ 'ਘਰੁ ੬' ਦੀ ਹੈ ।

ਭਾਵਾਰਥ :–ਗੁਰੂ ਦੇ ਮਿਲਣ ਨਾਲ ਹਰੀ ਦਾ ਅਗਮ ਅਗਾਧ ਰੂਪ ਪ੍ਰਗਟ ਹੋ ਜਾਂਦਾ ਹੈ, ਉਸ ਦੀ ਵਡਿਆਈ ਦਾ ਵਿਸਥਾਰ ਬਹੁਤ ਵੱਡਾ ਹੈ, ਉਸ ਦੇ ਹਜ਼ੂਰ ਉਚੇ ਤੋਂ ਉਚੇ ਅਖਵਾਣ ਵਾਲੇ ਦੇਵੀ ਦੇਵਤੇ ਉਸ ਦੀ ਦੱਸੀ ਕਾਰ ਕਰ ਰਹੇ ਹਨ, ਉਥੇ ਕਈ ਕੁਦਰਤ ਦੀਆਂ ਤਾਕਤਾਂ ਗੁਪਤ ਤੇ ਪ੍ਰਗਟ ਹਸਤੀਆਂ ਮਿਲਦੀਆਂ ਹਨ। ਇਤਨਾ ਵੱਡਾ ਹਰੀ ਹਰ ਇਕ ਦੇ ਦਿਲ ਵਿਚ ਵੱਸ ਕੇ ਅੰਗ ਸੰਗ ਹੋ ਸਕਦਾ ਹੈ । ਜੇ ਕਰ ਨਾਮ ਜਪ ਕੇ ਉਸ ਦੀ ਕੋਈ ਸੋਝੀ ਪ੍ਰਾਪਤ ਕਰੀਏ ।

ਸਾਰਗ ਛੰਤ ਮਹਲਾ ੫ ॥

ੴ ਸਤਿਗੁਰ ਪ੍ਰਸਾਦਿ ॥

1. **ਸਭ ਦੇਖੀਐ ਅਨਭੈ ਕਾ ਦਾਤਾ ॥**
2. **ਘਟਿ ਘਟਿ ਪੂਰਨ ਹੈ ਅਲਿਪਾਤਾ ॥**
3. **ਘਟਿ ਘਟਿ ਪੂਰਨੁ ਕਰਿ ਬਿਸਥੀਰਨੁ ਜਲ ਤਰੰਗ ਜਿਉ ਰਚਨੁ ਕੀਆ ॥**
4. **ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ ॥**
5. **ਹਰਿ ਰੰਗੀ ਇਕ ਰੰਗੀ ਠਾਕੁਰੁ ਸੰਤ ਸੰਗਿ ਪ੍ਰਭੁ ਜਾਤਾ ॥**
6. **ਨਾਨਕ ਦਰਸਿ ਲੀਨਾ ਜਿਉ ਜਲ ਮੀਨਾ ਸਭ ਦੇਖੀਐ ਅਨਭੈ ਕਾ ਦਾਤਾ ॥੧॥**

ਪਦ ਅਰਥ :–ਸਭ–ਸਾਰੀ ਸ੍ਰਿਸ਼ਟੀ ਵਿਚ । ਦੇਖੀਐ–ਦਿਸਦਾ ਹੈ । ਅਨਭੈ-ਅਨਭੈ ਪਦ, ਉਹ ਅਵਸਥਾ ਜਿਥੇ ਕੋਈ ਡਰ ਪੋਹ ਨਹੀਂ ਸਕਦਾ । ਘਟਿ ਘਟਿ–ਹਰੇਕ ਸਰੀਰ ਵਿਚ ਅਲਿਪਾਤਾ–ਨਿਰਲੇਪ । ਪੂਰਨੁ–ਵਿਆਪਕ । ਕਰਿ–ਕਰ ਕੇ । ਬਿਸਥੀਰਨੁ–ਜਗਤ ਖਿਲਾਰਾ । ਤਰੰਗ–ਲਹਿਰਾਂ । ਰਚਨੁ ਕੀਆ–ਰਚਨਾ ਰਚੀ ਹੈ । ਹਭਿ–ਸਾਰੇ । ਘਟਾਣੇ–ਹਰੇਕ ਘਟ ਵਿਚ । ਆਨ–ਹੋਰ । ਬੀਆ–ਦੂਜਾ । ਕੋ- ਕੋਈ ਭੀ । ਰੰਗੀ–ਸਭ ਰੰਗਾਂ ਦਾ ਰਚਣ ਵਾਲਾ । ਇਕ ਰੰਗੀ–ਇਕ ਰਸ ਵਿਆਪਕ । ਸੰਗਿ–ਸੰਗਤ ਵਿਚ । ਜਾਤਾ–ਜਾਣਿਆ ਜਾਂਦਾ ਹੈ । ਦਰਸਿ–ਦਰਸ਼ਨ ਵਿਚ । ਮੀਨਾ–ਮੱਛੀ ।੧।

ਅਰਥ:–

ਪ੍ਰ:–ਸ੍ਰੀ ਜੀਓ ! ਜਿਸ ਪ੍ਰਭੂ ਨੂੰ ਸਿਮਰਦੇ ਰਹਿਣ ਦੀ ਆਪ ਜੀ ਸਦਾ ਹੀ ਪ੍ਰੇਰਨਾ ਕਰਦੇ ਹੋ, ਉਸ ਦਾ ਨਿਵਾਸ ਕਿਥੇ ਹੈ ?

1. **ਉ**:–ਹੇ ਭਾਈ ! ਉਹ ਨਿਰਭੈਤਾ ਦੀ ਅਵਸਥਾ ਦੇਣ ਵਾਲਾ ਪ੍ਰਭੂ ਸਾਰੀ ਸ੍ਰਿਸ਼ਟੀ ਵਿਚ ਹੀ ਵੱਸਦਾ ਦਿੱਸ ਰਿਹਾ ਹੈ ।
2. ਉਹ ਪ੍ਰਭੂ ਹਰੇਕ ਸਰੀਰ ਵਿਚ ਵਿਆਪਕ ਹੈ, (ਪਰ ਉਹ) ਫਿਰ ਭੀ ਨਿਰਲੇਪ ਰਹਿੰਦਾ ਹੈ ।

ਪ੍ਰ:–ਹੇ ਸਤਿਗੁਰੋ ! ਉਸ ਦੀ ਨਿਰਲੇਪਤਾ ਸਿੱਧ ਕਰਨ ਲਈ ਕੋਈ ਉਦਾਹਰਣ ਦਿਓ ?

3. **ਉ**:–ਐ ਪਿਆਰੇ ! ਜਿਵੇਂ ਪਾਣੀ ਦੀਆਂ ਲਹਿਰਾਂ (ਵਿਚ ਪਾਣੀ ਮੌਜੂਦ ਹੈ) ਪ੍ਰਮਾਤਮਾ ਜਗਤ ਰਚਨਾ ਦਾ ਖਿਲਾਰਾ ਰਚ ਕੇ ਆਪ ਹਰੇਕ ਸਰੀਰ ਵਿਚ ਵਿਆਪਕ ਹੈ ।
4. ਹੇ ਭਾਈ ! ਉਹ ਹਰੇਕ ਸਰੀਰ ਵਿਚ ਵਿਆਪਕ ਹੋ ਕੇ ਸਾਰੇ ਰਸ ਮਾਣਦਾ ਹੈ, (ਉਸ ਤੋਂ ਬਿਨਾਂ ਕਿਤੇ ਭੀ) ਕੋਈ ਦੂਜਾ ਨਹੀਂ ਹੈ ।
5. ਐ ਪਿਆਰੇ ! ਉਹ ਸਭ ਰੰਗਾਂ ਦਾ ਰਚਣ ਵਾਲਾ ਮਾਲਕ ਇਕ ਰਸ ਸਭ ਵਿਚ ਵਿਆਪਕ ਹੈ, ਪਰ (ਉਸ) ਪ੍ਰਭੂ ਨਾਲ ਸੰਤ ਜਨਾਂ ਦੀ ਸੰਗਤ ਵਿਚ ਟਿਕ ਕੇ ਹੀ ਸਾਂਝ ਪੈ ਸਕਦੀ ਹੈ ।

ਪ੍ਰ.–ਗੁਰਦੇਵ ਜੀਓ ! ਸਿਮਰਨ ਸ਼ਕਤੀ ਦੀ ਬਰਕਤ ਨਾਲ ਹੁਣ ਤੁਹਾਡੀ ਮਾਨਸਕ ਅਵਸਥਾ ਕਿਸ ਰੂਪ ਵਿਚ ਟਿਕੀ ਰਹਿੰਦੀ ਹੈ ?

6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਹੁਣ ਮੈਂ ਉਸ ਦੇ ਦਰਸ਼ਨਾਂ ਵਿਚ ਇਉਂ ਲੀਨ ਰਹਿੰਦਾ ਹਾਂ ਜਿਵੇਂ ਮੱਛੀ ਪਾਣੀ ਵਿਚ, (ਹੇ ਭਾਈ !)

ਨਿਰਭੈਤਾ ਦਾ ਦਾਨ ਦੇਣ ਵਾਲਾ ਉਹ ਪ੍ਰਭੂ ਸਾਰੀ ਸ੍ਰਿਸ਼ਟੀ ਵਿਚ ਦਿਸ ਰਿਹਾ ਹੈ ।੧।

7. ਕਉਨ ਉਪਮਾ ਦੇਉ ਕਵਨ ਬਡਾਈ ॥
8. ਪੂਰਨ ਪੂਰਿ ਰਹਿਓ ਸ੍ਰਬ ਠਾਈ ॥
9. ਪੂਰਨ ਮਨਮੋਹਨ ਘਟ ਘਟ ਸੋਹਨ
ਜਬ ਖਿੰਚੈ ਤਬ ਛਾਈ ॥
10. ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ
ਘਰੀ ਮੁਹਤਕ ਬੇਲਾ ਆਈ ॥
11. ਅਰਥੁ ਦਰਬੁ ਸਭੁ ਜੋ ਕਿਛੁ ਦੀਸੈ
ਸੰਗਿ ਨ ਕਛਹੂ ਜਾਈ ॥
12. ਕਹੁ ਨਾਨਕ ਹਰਿ ਹਰਿ ਆਰਾਧਹੁ
ਕਵਨ ਉਪਮਾ ਦੇਉ ਕਵਨ ਬਡਾਈ ॥੨॥

ਪਦ ਅਰਥ :–ਉਪਮਾ–[ਮਾ–ਮਿਣਨਾ । ਉਪਮਾ–ਕਿਸੇ ਦੇ ਬਰਾਬਰ ਦਾ ਕੋਈ ਦੱਸਣਾ] । ਬਰਾਬਰ ਦਾ ਦੱਸਣ ਦਾ ਉਦਮ । ਦੇਉ–ਦੇਉਂ, ਮੈਂ ਦਿਆਂ । ਕਉਨ ਉਪਮਾ ਦੇਉ–ਮੈਂ ਕੀ ਦੱਸਾਂ ਕਿ ਉਸ ਵਰਗਾ ਹੋਰ ਕਉਣ ਹੈ ? ਉਸ ਦੀ ਬਰਾਬਰੀ ਦਾ ਮੈਂ ਹੋਰ ਕੋਈ ਦੱਸ ਨਹੀਂ ਸਕਦਾ । ਪੂਰਨ–ਵਿਆਪਕ । ਸ੍ਰਬ ਠਾਂਈ–ਸਭਨੀਂ ਥਾਈਂ । ਮਨ ਮੋਹਨ–ਮਨ ਨੂੰ ਖਿੱਚ ਪਾਣ ਵਾਲਾ । ਘਟ ਘਟ ਸੋਹਨ–ਹਰੇਕ ਸਰੀਰ ਨੂੰ ਸੋਹਣਾ ਬਣਾਨ ਵਾਲਾ । ਖਿੰਚੇ–ਮਨ ਨੂੰ ਖਿੱਚ ਪਾਣ ਵਾਲਾ । ਛਾਈ–ਸੁਆਹ; ਕੁਝ ਭੀ ਨਹੀਂ ਰਹਿ ਜਾਂਦਾ । ਮਿਲਿ ਕਰਿ–ਮਿਲ ਕੇ । ਸਾਧਹੁ–ਹੇ ਸੰਤ ਜਨੋਂ । ਘਰੀ ਮੁਹਤਕ–ਘੜੀ ਅੱਧੀ ਘੜੀ ਤਕ । ਬੇਲਾ–(ਇਥੋਂ ਕੂਚ ਕਰਨ ਦਾ) ਸਮਾਂ । ਦਰਬੁ–ਧਨ । ਅਟਥੁ ਦਰਬੁ–ਧਨ ਪਦਾਰਥ । ਸੰਗਿ–ਨਾਲ । ਜਾਈ–ਜਾਂਦਾ ।੨।

ਅਰਥ–

ਪ੍ਰ:–ਗੁਰਦੇਵ ਜੀਓ ! ਉਸ ਪ੍ਰਭੂ ਦੀ ਸੋਝੀ ਕਰਾਉਣ ਲਈ ਉਸ ਦੀ ਬਰਾਬਰੀ ਦਾ ਕੋਈ ਉਦਾਹਰਣ ਦੇ ਕੇ ਦੱਸੋ ?

7. **ਉ**:–ਹੇ ਸੰਤ ਜਨੋਂ ! ਮੈਂ ਉਸ ਪ੍ਰਮਾਤਮਾ ਦੀ ਬਰਾਬਰੀ ਦਾ ਕੋਈ ਭੀ ਦੱਸ ਨਹੀਂ ਸਕਦਾ, ਉਹ ਕੇਡਾ ਵੱਡਾ ਹੈ ਇਹ ਭੀ ਨਹੀਂ ਦੱਸ ਸਕਦਾ ।

ਪ੍ਰ:–ਕਿਉਂ ਜੀ, ਉਸ ਨੂੰ ਅਨੁਭਵ ਕਿਵੇਂ ਕਰੀਏ ?

8. **ਉ**:–ਹੇ ਭਾਈਓ ! (ਉਸ ਨੂੰ ਇਉਂ ਹੀ ਅਨੁਭਵ ਕਰੋ ਕਿ) ਉਹ ਪ੍ਰਭੂ ਸਰਬ ਵਿਆਪਕ ਹੈ, ਉਹ ਸਭਨੀਂ ਥਾਈਂ ਮੌਜੂਦ ਹੈ ।

9. ਹੇ ਪਿਆਰੇ ! ਉਹ ਸਭਨਾਂ ਦੇ ਮਨਾਂ ਨੂੰ ਖਿੱਚ ਪਾਣ ਵਾਲਾ ਹੈ, ਸਭ ਸਰੀਰਾਂ ਨੂੰ (ਆਪਣੀ ਜੋਤ ਨਾਲ) ਸੋਹਣਾ ਬਣਾਨ ਵਾਲਾ ਹੈ, ਜਦੋਂ ਉਹ ਆਪਣੀ ਜੋਤ ਖਿੱਚ ਲੈਂਦਾ ਹੈ, ਤਦੋਂ ਕੁਝ ਭੀ ਨਹੀਂ ਰਹਿੰਦਾ ।

10. ਹੇ ਸੰਤ ਜਨੋਂ ! ਘੜੀ ਅੱਧੀ ਘੜੀ ਨੂੰ (ਹਰੇਕ ਜੀਵ ਵਾਸਤੇ ਇਥੋਂ ਕੂਚ ਕਰਨ ਦਾ) ਵੇਲਾ ਆ ਹੀ ਜਾਂਦਾ ਹੈ; ਫਿਰ ਕਿਉਂ ਨਾ ਮਿਲ ਕੇ ਉਸ ਦੇ ਨਾਮ ਦਾ ਅਰਾਧਨ ਕਰੋ ?

11. ਹੇ ਸੰਤ ਜਨੋ ! ਧਨ ਪਦਾਰਥ ਇਹ ਸਭ ਕੁਝ ਜੋ ਦਿੱਸ ਰਿਹਾ ਹੈ, ਕੋਈ ਭੀ ਚੀਜ਼ (ਕਿਸੇ ਦੇ) ਨਾਲ ਨਹੀਂ ਜਾਂਦੀ ।

12. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈਓ ! ਸਦਾ ਪ੍ਰਮਾਤਮਾ ਦਾ ਨਾਮ ਸਿਮਰਿਆ ਕਰੋ, ਮੈਂ ਉਸ ਦੀ ਬਰਾਬਰੀ ਦਾ ਕੋਈ ਭੀ ਨਹੀਂ ਦੱਸ ਸਕਦਾ, ਉਹ ਕਿਡਾ ਵੱਡਾ ਹੈ, ਇਹ ਭੀ ਨਹੀਂ ਦੱਸ ਸਕਦਾ ।੨।

13. ਪੂਛਉ ਸੰਤ ਮੇਰੋ ਠਾਕੁਰੁ ਕੈਸਾ ॥
14. ਹੀਉ ਅਰਾਪਉਂ ਦੇਹੁ ਸਦੇਸਾ ॥
15. ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ ॥
16. ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ
ਥਾਨ ਥਾਨੰਤਰ ਦੇਸਾ ॥
17. ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ
ਕਹਿ ਨ ਸਕਉ ਹਰਿ ਜੈਸਾ ॥
18. ਦੇਖਿ ਚਰਿਤ ਨਾਨਕ ਮਨੁ ਮੋਹਿਓ
ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥੩॥

ਪਦ ਅਰਥ :–ਪੂਛਉ–ਪੂਛਉਂ, ਮੈਂ ਪੁੱਛਦਾ ਹਾਂ । ਸੰਤ–ਹੇ ਸੰਤ, ਹੇ ਗੁਰੂ । ਕੈਸਾ–ਕਿਹੋ ਜਿਹਾ । ਹੀਉ–ਹਿਰਦਾ, ਮਨ । ਅਰਾਪਉ–ਅਰਪਉਂ, ਮੈਂ ਭੇਟ ਕਰਦਾ ਹਾਂ । ਸਦੇਸਾ–ਸੁਨੇਹਾ, ਖਬਰ । ਕਹ–ਕਿਥੇ । ਮੋਹਨ ਪਰਵੇਸਾ–ਮੋਹਨ ਪ੍ਰਭੂ ਦਾ ਟਿਕਾਣਾ । ਪੂਰਨ–ਸਰਬ ਵਿਆਪਕ । ਬ੍ਰਹਮਾਈ–ਬ੍ਰਹਮ । ਪੂਰਨ ਬ੍ਰਹਮਾਈ–ਪੂਰਨ ਬ੍ਰਹਮ । ਥਾਨ ਥਾਨੰਤਰ–ਥਾਨ ਥਾਨ ਅੰਤਰ, ਸਭ ਥਾਵਾਂ ਵਿਚ । ਤੇ–ਤੋਂ । ਮੁਕਤਾ–ਆਜ਼ਾਦ । ਘਟਿ ਘਟਿ–ਹਰੇਕ ਸਰੀਰ ਵਿਚ । ਜੁਗਤਾ–ਮਿਲਿਆ ਹੋਇਆ । ਕਹਿ ਨ ਸਕਉ–ਕਹਿ ਨ ਸਕਊਂ, ਮੈਂ ਦੱਸ ਨਹੀਂ ਸਕਦਾ । ਜੈਸਾ–ਜਿਹੋ ਜਿਹਾ । ਦੇਖਿ–ਵੇਖ ਕੇ । ਚਰਿਤ–ਚੋਜ ਤਮਾਸ਼ੇ । ਪੂਛੈ–ਪੁਛਦਾ ਹੈ । ਦੀਨੁ–ਗਰੀਬ ਸੇਵਕ ।੩।

ਅਰਥ :

13. ਹੇ ਭਾਈ ! (ਗੁਰੂ ਪਾਸੋਂ) ਮੈਂ ਪੁੱਛਦਾ ਹਾਂ–ਹੇ ਗੁਰੂ ! ਮੇਰਾ ਮਾਲਕ ਪ੍ਰਭੂ ਕਿਹੋ ਜਿਹਾ ਹੈ ?

14. ਮੈਨੂੰ (ਠਾਕਰ ਦੀ) ਖਬਰ ਦੱਸ, ਮੈਂ ਆਪਣਾ ਹਿਰਦਾ (ਤੇਰੇ ਚਰਨਾਂ ਵਿਚ) ਭੇਟਾ ਕਰਦਾ ਹਾਂ ।

15. ਹੇ ਗੁਰੂ ! ਮੈਨੂੰ ਦੱਸ ਕਿ ਪ੍ਰਭੂ ਜੀ ਕਿਹੋ ਜਿਹਾ ਹੈ ਅਤੇ ਉਸ ਮੋਹਨ ਪ੍ਰਭੂ ਦਾ ਟਿਕਾਣਾ ਕਿਥੇ ਹੈ ।

(ਅਗੋਂ ਉਤਰ ਮਿਲਦਾ ਹੈ ।)

16. ਉਹ ਪੂਰਨ ਪ੍ਰਭੂ ਸਭ ਥਾਵਾਂ ਵਿਚ ਸਮ ਦੇਸਾਂ ਵਿਚ ਸੁੱਖ ਦੇਣ ਵਾਲਾ ਹੈ, ਅਤੇ (ਹਰੇਕ ਜੀਵ ਦੇ) ਅੰਗ-ਸੰਗ ਨਾਲ ਵੱਸਦਾ ਹੈ। ਪ੍ਰਭੂ ਹਰੇਕ ਸਰੀਰ ਵਿਚ ਮਿਲਿਆ ਹੋਇਆ ਹੈ।
17. (ਫਿਰ ਭੀ ਮੋਹ ਦੇ) ਬੰਧਨਾਂ ਤੋਂ ਆਜ਼ਾਦ ਹੈ, ਪਰ ਕਿਹੋ ਜਿਹਾ ਉਹ ਪ੍ਰਭੂ ਹੈ, ਮੈਂ ਦੱਸ ਨਹੀਂ ਸਕਦਾ।
18. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ! ਉਸ ਦੇ ਚੋਜ ਤਮਾਸ਼ੇ ਵੇਖ ਕੇ ਮੇਰਾ ਮਨ (ਉਸ ਦੇ ਪਿਆਰ ਵਿਚ) ਮੋਹਿਆ ਗਿਆ ਹੈ। ਹੇ ਭਾਈ! ਗਰੀਬ ਦਾਸ ਪੁੱਛਦਾ ਹੈ, ਹੇ ਗੁਰੂ! ਦੱਸ, ਮੇਰਾ ਮਾਲਕ ਪ੍ਰਭੂ ਕਿਹੋ ਜਿਹਾ ਹੈ।੩।

19. ਕਰਿ ਕਿਰਪਾ ਅਪੁਨੇ ਪਹਿ ਆਇਆ ॥
20. ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥
21. ਚਰਨ ਬਸਾਇਆ ਸੰਤ ਸੰਗਾਇਆ
ਅਗਿਆਨ ਅੰਧੇਰੁ ਗਵਾਇਆ ॥
22. ਭਇਆ ਪ੍ਰਗਾਸੁ ਰਿਦੈ ਉਲਾਸੁ
ਪ੍ਰਭੁ ਲੋੜੀਦਾ ਪਾਇਆ ॥
23. ਦੁਖੁ ਨਾਠਾ ਸੁਖੁ ਘਰ ਮਹਿ ਵੂਠਾ
ਮਹਾ ਅਨੰਦ ਸਹਜਾਇਆ ॥
24. ਕਹੁ ਨਾਨਕ ਮੈ ਪੂਰਾ ਪਾਇਆ
ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥

ਪਦ ਅਰਥ –ਕਰਿ–ਕਰ ਕੇ। ਅਪੁਨੇ ਪਹਿ–ਆਪਣੇ ਸੇਵਕ ਦੇ ਕੋਲ। ਧੰਨਿ–ਭਾਗਾਂ ਵਾਲਾ। ਰਿਦਾ–ਹਿਰਦਾ। ਜਿਹ-ਜਿਸ (ਮਨੁੱਖ) ਨੇ। ਸੰਤ ਸੰਗਾਇਆ–ਸਾਧ ਸੰਗਤਿ ਵਿਚ (ਰਹਿ ਕੇ)। ਅਗਿਆਨ ਅੰਧੇਰੁ-ਆਤਮਕ ਜੀਵਨ ਵਲੋਂ ਨਾ-ਸਮਝੀ ਦਾ ਹਨੇਰਾ। ਪ੍ਰਗਾਸੁ–ਚਾਨਣ। ਰਿਦੈ–ਹਿਰਦੇ ਵਿਚ। ਉਲਾਸੁ–ਖੁਸ਼ੀ। ਲੋੜੀਦਾ-ਜਿਸ ਨੂੰ ਚਿਰਾਂ ਤੋਂ ਲੋੜ ਰਿਹਾ ਸੀ। ਨਾਠਾ–ਨੱਸ ਗਿਆ। ਘਰ ਮਹਿ–ਹਿਰਦੇ ਘਰ ਵਿਚ। ਵੂਠਾ–ਆ ਵੱਸਿਆ। ਸਹਜਾਇਆ–ਆਤਮਕ ਅਡੋ-ਲਤਾ ਦਾ।੪।

ਅਰਥ :

ਪ੍ਰ:–ਗੁਰਦੇਵ ਜੀਓ! ਉਸ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਕਿਹੜਾ ਸਾਧਨ ਕਰਨਾ ਚਾਹੀਦਾ ਹੈ?

19. ਹੇ ਭਾਈ! (ਉਸ ਨੂੰ ਸਾਧਨਾਂ ਦੇ ਜ਼ੋਰ ਨਾਲ ਨਹੀਂ) ਉਹ ਪ੍ਰਭੂ ਤਾਂ ਮਿਹਰ ਕਰ ਕੇ ਆਪਣੇ ਸੇਵਕ ਦੇ ਕੋਲ (ਆਪ ਹੀ) ਆ ਜਾਂਦਾ ਹੈ।
20. ਹੇ ਪਿਆਰੇ! ਜਿਹੜਾ ਮਨੁੱਖ ਪ੍ਰਭੂ ਦੇ ਚਰਨਾਂ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਦਾ ਹਿਰਦਾ ਭਾਗਾਂ ਵਾਲਾ ਹੁੰਦਾ ਹੈ।
21. ਐ ਪਿਆਰੇ! ਜਿਹੜਾ ਮਨੁੱਖ ਸਾਧ ਸੰਗਤ ਵਿਚ (ਟਿਕ ਕੇ) ਪ੍ਰਭੂ ਦੇ ਚਰਨ (ਆਪਣੇ ਹਿਰਦੇ ਵਿਚ) ਵਸਾ ਲੈਂਦਾ ਹੈ, ਉਹ (ਆਪਣੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਹਨੇਰਾ ਦੂਰ ਕਰ ਲੈਂਦਾ ਹੈ।
22. ਹੇ ਭਾਈ! (ਉਸ ਦੇ ਅੰਦਰ) ਆਤਮਕ ਜੀਵਨ ਦਾ ਚਾਨਣ ਹੋ ਜਾਂਦਾ ਹੈ, ਉਸ ਦੇ ਵਿਚ ਸਦਾ ਉਤਸ਼ਾਹ ਬਣਿਆ ਰਹਿੰਦਾ ਹੈ। ਕਿਉਂਕਿ ਜਿਸ ਪ੍ਰਭੂ ਨੂੰ ਉਹ ਚਿਰਾਂ ਤੋਂ ਲੋੜ ਰਿਹਾ ਸੀ, ਉਸ ਨੂੰ ਮਿਲ ਪੈਂਦਾ ਹੈ।
23. ਉਸ ਦੇ ਅੰਦਰੋਂ ਦੁੱਖ ਦੂਰ ਹੋ ਜਾਂਦਾ ਹੈ, ਉਸ ਦੇ ਘਰ ਵਿਚ ਸੁੱਖ ਆ ਵੱਸਦਾ ਹੈ, ਉਸ ਦੇ ਅੰਦਰ ਆਤਮਕ ਅਡੋ-ਲਤਾ ਦਾ ਆਨੰਦ ਪੈਦਾ ਹੋ ਜਾਂਦਾ ਹੈ।

ਪ੍ਰ:–ਸ੍ਰੀ ਜੀਓ! ਆਪ ਜੀ ਨੂੰ ਹੁਣ ਕਿਵੇਂ ਪ੍ਰਤੀਤ ਹੋ ਰਿਹਾ ਹੈ?

24. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ! ਮੈਂ ਭੀ ਉਹ ਪੂਰਨ ਪ੍ਰਭੂ ਲੱਭ ਲਿਆ ਹੈ (ਕਿਉਂਕਿ) ਉਹ ਤਾਂ ਮਿਹਰ ਕਰ ਕੇ ਆਪਣੇ ਸੇਵਕ ਕੋਲ ਆਪ ਹੀ ਆ ਜਾਂਦਾ ਹੈ।੪।੧।

ੴ ਸਤਿਗੁਰ ਪ੍ਰਸਾਦਿ ॥
ਸਾਰੰਗ ਕੀ ਵਾਰ ਮਹਲਾ ੪ ॥
ਰਾਇ ਮਹਮੇ ਹਸਨੇ ਕੀ ਧੁਨਿ

ਮਹਮਾ ਤੇ ਹਸਨਾ ਦੋ ਰਾਜਪੂਤ ਸਰਦਾਰ ਸਨ, ਮਹਮਾ ਕਾਂਗੜੇ ਦਾ ਰਹਿਣ ਵਾਲਾ ਤੇ ਹਸਨਾ ਧੌਲੇ ਦਾ। ਹਸਨੇ ਨੇ ਚਲਾਕੀ ਨਾਲ ਮਹਮੇ ਨੂੰ ਅਕਬਰ ਕੋਲ ਕੈਦ ਕਰਾ ਦਿੱਤਾ, ਪਰ ਮਹਮੇ ਨੇ ਆਪਣੀ ਬਹਾਦਰੀ ਦੇ ਕਾਰਨਾਮੇ ਵਿਖਾ ਕੇ ਬਾਦਸ਼ਾਹ ਨੂੰ ਖੁਸ਼ ਕਰ ਲਿਆ ਤੇ ਸ਼ਾਹੀ ਫੌਜ ਲੈ ਕੇ ਹਸਨੇ ਤੇ ਆ ਚੜ੍ਹਿਆ। ਚੋਖਾ ਚਿਰ ਦੋਹੀਂ ਧਿਰੀਂ ਲੜਾਈ ਹੋਈ ਤੇ ਆਖਰ ਮਹਮੇ ਦੀ ਜਿੱਤ ਹੋਈ।

ਢਾਡੀਆਂ ਨੇ ਇਸ ਜੰਗ ਦੀ ਵਾਰ ਲਿਖੀ, ਇਸੇ ਵਾਰ ਦੀ ਸੁਰ ਤੇ ਗੁਰੂ ਰਾਮਦਾਸ ਸਾਹਿਬ ਦੀ ਰਚੀ ਹੋਈ ਸਾਰੰਗ ਰਾਗ ਦੀ ਵਾਰ ਦੇ ਗਾਣ ਦੀ ਹਿਦਾਇਤ ਹੈ।

ਉਸ ਵਾਰ ਵਿਚੋਂ ਨਮੂਨੇ ਲਈ ਹੇਠ ਲਿਖੀ ਪਉੜੀ ਹੈ:–

ਮਹਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ ॥
ਹਸਨੇ ਬੇਈਮਾਨਗੀ ਨਾਲ ਮਹਮੇ ਖੱਟੀ ॥
ਭੇੜ ਦੋਹਾਂ ਦਾ ਮਚਿਆ ਸਰ ਵਗੇ ਸਫੱਟੀ ॥
ਮਹਮੇ ਪਾਈ ਫਤਹ ਰਣ ਗਲ ਹਸਨੇ ਘੱਟੀ ॥
ਬੰਨ੍ਹ ਹਸਨੇ ਨੂੰ ਛਡਿਆ ਜੱਸ ਮਹਮੇ ਖੱਟੀ ॥

ਸਲੋਕ ਮਹਲਾ ੨ ॥

1. **ਗੁਰੁ ਕੁੰਜੀ ਪਾਹੂ ਨਿਵਲੁ**
   ਮਨੁ ਕੋਠਾ ਤਨੁ ਛਤਿ ॥
2. **ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ**
   ਅਵਰ ਨ ਕੁੰਜੀ ਹਥਿ ॥੧॥

ਪਦ ਅਰਥ :—ਪਾਹੂ-ਮਾਇਆ ਦੀ ਪਾਹ । ਨਿਵਲੁ—(ਪਸ਼ੂਆਂ ਦੇ ਪੈਰਾਂ ਨੂੰ ਮਾਰਨ ਵਾਲਾ) ਜੰਦਰਾ । ਤਾਕੁ—ਬੂਹਾ । ਉਘੜੈ—ਖੁਲ੍ਹਦਾ ਹੈ । ਅਵਰ ਹਥਿ—ਕਿਸੇ ਹੋਰ ਦੇ ਹੱਥ ਵਿਚ ।

ਅਰਥ :

ਪ੍ਰ:—ਗੁਰਦੇਵ ਜੀਓ ! ਮਨ ਉਤੇ ਮੋਹ ਦੀ ਅਤਿਅੰਤ ਪ੍ਰਬਲਤਾ ਹੈ, ਦਸੋ ਇਹ ਕਿਵੇਂ ਦੂਰ ਹੋ ਸਕੇ ?

1. **ਉ**:—ਹੇ ਭਾਈ ! (ਮਨੁੱਖ ਦਾ) ਮਨ (ਮਾਨੋਂ) ਕੋਠਾ ਹੈ ਤੇ ਸਰੀਰ (ਇਸ ਕੋਠੇ ਦੀ) ਛੱਤ ਹੈ। (ਮਾਇਆ ਦੀ) ਪਾਹ ਦਾ (ਇਸ ਮਨ ਕੋਠੇ ਨੂੰ) ਜੰਦਰਾ (ਵੱਜਾ ਹੋਇਆ) ਹੈ । (ਸੋ ਇਸ ਜੰਦਰੇ ਨੂੰ ਖੋਲ੍ਹਣ ਲਈ) ਗੁਰੂ ਕੁੰਜੀ ਹੈ ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਸਤਿਗੁਰੂ ਤੋਂ ਬਿਨਾਂ ਮਨ ਦਾ ਬੂਹਾ ਖੁਲ੍ਹ ਨਹੀਂ ਸਕਦਾ ਤੇ ਕਿਸੇ ਹੋਰ ਦੇ ਹੱਥ ਵਿਚ (ਇਸ ਦੀ) ਕੁੰਜੀ ਨਹੀਂ ਹੈ ।੧।

ਭਾਵਾਰਥ :—ਇਸ ਮਨ ਤੋਂ ਮਾਇਆ ਦਾ ਪ੍ਰਭਾਵ ਦੂਰ ਕਰਨ ਲਈ ਇਕ ਗੁਰੂ ਹੀ ਹੈ, ਜਿਸ ਦੇ ਪਾਸ ਬ੍ਰਹਮ ਗਿਆਨ ਦੀ ਕੁੰਜੀ ਹੈ । ਸੋ ਹਰ ਮਨੁੱਖ ਨੂੰ ਗੁਰੂ ਤੋਂ ਸੱਖਣੇ ਰਹਿ ਕੇ ਜੀਵਨ ਵਿਅਰਥ ਗਆਉਣ ਵਲੋਂ ਪ੍ਰੇਰ ਕੇ ਗੁਰੂ ਦੇ ਧਾਰਨੀ ਹੋਣ ਦਾ ਉਪਦੇਸ਼ ਕਰਦੇ ਹਨ, ਜਿਸ ਦੀ ਬਰਕਤ ਨਾਲ ਹਰ ਮਨੁੱਖ ਦਾ ਹੀ ਜੀਵਨ ਸਫਲਾ ਹੋ ਸਕਦਾ ਹੈ ।

ਮਹਲਾ ੧ ॥

1. **ਨ ਭੀਜੈ ਰਾਗੀ ਨਾਦੀ ਬੇਦਿ ॥**
2. **ਨ ਭੀਜੈ ਸੁਰਤੀ ਗਿਆਨੀ ਜੋਗਿ ॥**
3. **ਨ ਭੀਜੈ ਸੋਗੀ ਕੀਤੈ ਰੋਜਿ ॥**
4. **ਨ ਭੀਜੈ ਰੂਪੀ ਮਾਲੀ ਰੰਗਿ ॥**
5. **ਨ ਭੀਜੈ ਤੀਰਥਿ ਭਵਿਐ ਨੰਗਿ ॥**
6. **ਨ ਭੀਜੈ ਦਾਤੀ ਕੀਤੈ ਪੁੰਨਿ ॥**
7. **ਨ ਭੀਜੈ ਬਾਹਰਿ ਬੈਠਿਆ ਸੁੰਨਿ ॥**
8. **ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥**
9. **ਨ ਭੀਜੈ ਕੇਤੇ ਹੋਵਹਿ ਧੂੜ ॥**
10. **ਲੇਖਾ ਲਿਖੀਐ ਮਨ ਕੈ ਭਾਇ ॥**
11. **ਨਾਨਕ ਭੀਜੈ ਸਾਚੈ ਨਾਇ ॥੨॥**

ਪਦ ਅਰਥ :— ਨ ਭੀਜੈ—ਭਿੱਜਦਾ ਨਹੀਂ, ਪ੍ਰਸੰਨ ਨਹੀਂ ਹੁੰਦਾ । ਨਾਦੀ—ਨਾਦ ਦੀ ਰਾਹੀਂ, ਨਾਦ ਵਜਾਉਣ ਨਾਲ । ਬੇਦਿ—ਵੇਦ ਦੀ ਰਾਹੀਂ, ਵੇਦ ਪੜ੍ਹਨ ਨਾਲ । ਸੁਰਤੀ—ਸਮਾਧੀ (ਲਾਣ) ਨਾਲ । ਗਿਆਨੀ—ਗਿਆਨ ਦੀਆਂ ਗੱਲਾਂ ਕਰਨ ਨਾਲ । ਜੋਗਿ—ਜੋਗ ਸਾਧਨ ਨਾਲ । ਰੋਜਿ—ਹਰ ਰੋਜ਼, ਸਦਾ ਹੀ । ਰੰਗਿ—ਰੰਗ ਤਮਾਸ਼ੇ ਨਾਲ । ਤੀਰਥਿ—ਤੀਰਥ ਉਤੇ (ਨ੍ਹਾਤਿਆਂ) । ਭਵਿਐ ਨੰਗਿ—ਨੰਗੇ ਭੌਣ ਨਾਲ । ਪੁੰਨਿ—ਪੁੰਨ ਕਰਨ ਨਾਲ । ਸੁੰਨਿ—ਸੁੰਨ ਅਵਸਥਾ ਵਿਚ, ਚੁੱਪ ਚਾਪ ਰਹਿ ਕੇ। ਭੇੜਿ—ਭੇੜ ਵਿਚ, ਜੰਗ ਵਿਚ। ਭਿੜਿ—ਭਿੜ ਕੇ, ਲੜ ਕੇ। ਸੂਰ—ਸੂਰਮੇ । ਕੇਤੇ—ਕਈ ਬੰਦੇ । ਹੋਵਹਿ ਧੂੜ—ਮਿਟੀ ਵਿਚ ਲਿਬੜਦੇ ਹਨ। ਲੇਖਾ-ਹਿਸਾਬ, ਅਸਾਡੇ ਚੰਗੇ ਮੰਦੇ ਹੋਣ ਦੀ ਪਰਖ । ਲੇਖਾ ਲਿਖੀਐ—ਲੇਖਾ ਲਿਖਿਆ ਜਾਂਦਾ ਹੈ, ਸਾਡੇ ਚੰਗੇ ਮੰਦੇ ਹੋਣ ਦੀ ਪਰਖ ਕੀਤੀ ਜਾਂਦੀ ਹੈ । ਮਨ ਕੈ ਭਾਇ—ਮਨ ਦੀ ਭਾਵਨਾ ਅਨੁਸਾਰ, ਮਨ ਦੀ ਅਵਸਥਾ ਅਨੁਸਾਰ । ਸਾਚੈ ਨਾਇ—ਸੱਚੇ ਨਾਮ ਦੀ ਰਾਹੀਂ, ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਦੇ ਨਾਮ ਦੀ ਰਾਹੀਂ ।੨।

ਅਰਥ :

ਪ੍ਰ:—ਗੁਰਦੇਵ ਜੀਓ ! ਬਹੁਤ ਲੋਕ ਕੇਵਲ ਰਾਗ ਗਾਣ ਤੇ ਨਾਦ ਵਜਾਣ ਅਤੇ ਧਰਮ ਪੁਸਤਕਾਂ ਪੜ੍ਹਦੇ ਰਹਿਣ ਨੂੰ ਹੀ ਪ੍ਰਮੇਸ਼ਰ ਦੀ ਪ੍ਰਸੰਨਤਾ ਹਾਸਲ ਹੋ ਜਾਣ ਦਾ ਉਤਮ ਸਾਧਨ ਮੰਨਦੇ ਹਨ, ਕੀ ਗੁਰਮਤਿ ਭੀ ਇਸ ਨਾਲ ਸਹਿਮਤ ਹੈ ?

1. **ਉ.**—ਹੇ ਭਾਈਓ ! (ਅਸਲ ਵਿਚ) ਰਾਗ ਗਾਣ ਨਾਲ, ਨਾਦ ਵਜਾਣ ਨਾਲ, ਜਾਂ ਵੇਦ (ਆਦਿਕ ਧਾਰਮਕ ਪੁਸ-ਤਕਾਂ) ਪੜ੍ਹਨ ਨਾਲ ਪ੍ਰਮੇਸ਼ਰ ਪ੍ਰਸੰਨ ਨਹੀਂ ਹੁੰਦਾ
2. ਅਤੇ ਨਾ ਹੀ ਸਮਾਧੀ ਲਾਇਆਂ, ਗਿਆਨ ਚਰਚਾ ਕੀਤਿਆਂ ਜਾਂ ਜੋਗ ਦਾ ਕੋਈ ਸਾਧਨ ਕੀਤਿਆਂ ।
3. ਹੇ ਪਿਆਰੇ ! ਨਾ ਹੀ ਉਹ ਪ੍ਰਸੰਨ ਹੁੰਦਾ ਹੈ ਨਿੱਤ ਸੋਗ ਕੀਤਿਆਂ (ਜਿਵੇਂ ਕਿ ਸ੍ਰਾਵਗ ਸਰੇਵੜੇ ਕਰਦੇ ਹਨ) ।
4. ਰੂਪ, ਮਾਲ-ਧਨ ਤੇ ਰੰਗ ਤਮਾਸ਼ੇ ਵਿਚ ਰੁਝਿਆਂ ਭੀ ਪ੍ਰਭੂ (ਜੀਵ ਉਤੇ) ਖੁਸ਼ ਨਹੀਂ ਹੁੰਦਾ ।
5. ਹੇ ਭਾਈ ! ਨਾ ਹੀ ਉਹ ਭਿੱਜਦਾ ਹੈ ਤੀਰਥ ਤੇ ਨ੍ਹਾਤਿਆਂ ਜਾਂ ਨੰਗੇ ਭਵਿਆਂ
6. ਅਤੇ ਦਾਨ ਪੁੰਨ ਕੀਤਿਆਂ ਭੀ ਰੱਬ ਰੀਝਦਾ ਨਹੀਂ ।
7. ਅਤੇ ਬਾਹਰ (ਜੰਗਲਾਂ ਵਿਚ) ਸੁੰਨ-ਮੁੰਨ ਬੈਠਿਆਂ ਭੀ ਨਹੀਂ ਪਸੀਜਦਾ ।
8. (ਹੇ ਪਿਆਰੇ ! ਕਈ ਜੋਧੇ) ਲੜਾਈ ਵਿਚ ਲੜ ਕੇ ਮਰਦੇ ਹਨ (ਇਸ ਤਰ੍ਹਾਂ ਭੀ) ਪ੍ਰਭੂ ਪ੍ਰਸੰਨ ਨਹੀਂ ਹੁੰਦਾ ।
9. ਹੇ ਭਾਈ ! ਕਈ ਬੰਦੇ (ਸੁਆਹ ਆਦਿਕ ਮਲ ਕੇ) ਮਿੱਟੀ ਵਿਚ ਲਿਬੜਦੇ ਹਨ, (ਇਸ ਤਰ੍ਹਾਂ ਭੀ ਉਹ) ਖੁਸ਼ ਨਹੀਂ ਹੁੰਦਾ ।

ਪ੍ਰ:—ਗੁਰਦੇਵ ਜੀਓ ! ਆਖਰ ਪ੍ਰਭੂ ਜੀ ਦੀ ਪ੍ਰਸੰਨਤਾ ਕਿਵੇਂ ਹਾਸਲ ਹੁੰਦੀ ਹੈ ?

10. ਉ:–ਹੇ ਭਾਈਓ ! (ਅਸਲ ਵਿਚ ਜੀਵਾਂ ਦੇ ਚੰਗੇ ਮੰਦੇ ਹੋਣ ਦੀ) ਪਰਖ ਮਨ ਦੀ ਭਾਵਨਾ ਅਨੁਸਾਰ ਕੀਤੀ ਜਾਂਦੀ ਹੈ।

11. (ਇਸ ਲਈ) ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਪ੍ਰਮਾਤਮਾ ਪ੍ਰਸੰਨ ਹੁੰਦਾ ਹੈ, ਜੇ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਜੀ ਦੇ ਨਾਮ ਵਿਚ ਹੀ ਜੁੜੇ ਰਹੀਏ ।੨।

ਭਾਵਾਰਥ :–ਉਸ ਪ੍ਰਭੂ ਦੀ ਪ੍ਰਸੰਨਤਾ ਹਾਸਲ ਕਰਨ ਲਈ ਅਨੇਕਾਂ ਹੀ ਲੋਕ ਰਾਗ, ਨਾਦ ਅਤੇ ਸਮਾਧੀਆਂ ਲਾਉਣ ਦੇ ਬਾਹਜ ਮੁਖੀ ਧਾਰਮਕ ਕਰਮ ਕਰਦੇ ਹਨ, ਪਰ, ਪ੍ਰਭੂ ਦੀ ਪ੍ਰਸੰਨਤਾ ਦਾ ਕੇਵਲ ਇਕੋ ਹੀ ਮੁੱਖ ਸਾਧਨ ਪ੍ਰਮੇਸ਼ਰ ਜੀ ਦੇ ਨਾਮ ਵਿਚ ਮਨ ਕਰ ਕੇ ਭਿੱਜੇ ਰਹਿਣਾ ਹੈ।

ਮਹਲਾ ੧ ॥

1. ਨਵ ਛਿਅ ਖਟ ਕਾ ਕਰੇ ਬੀਚਾਰੁ ॥
2. ਨਿਸਿ ਦਿਨ ਉਚਰੈ ਭਾਰ ਅਠਾਰ ॥
3. ਤਿਨਿ ਭੀ ਅੰਤੁ ਨ ਪਾਇਆ ਤੋਹਿ ॥
4. ਨਾਮ ਬਿਹੂਣ ਮੁਕਤਿ ਕਿਉ ਹੋਇ ॥
5. ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥
6. ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥

ਪਦ ਅਰਥ :– ਨਵ–ਨੌਂ ਵਿਆਕਰਣ। ਛਿਅ–ਛੇ ਸ਼ਾਸਤਰ। ਖਟ–ਛੇ ਵੇਦਾਂਗ, [ਸ਼ਿਕਸ਼ਾ, ਕਲਪ, ਵਿਆਕਰਣ, ਛੰਦ, ਨਿਰੁਕਤ, ਜੋਤਿਸ਼]। ਨਿਸਿ- ਰਾਤ। ਭਾਰ ਅਠਾਰ–ਅਠਾਰਾਂ ਪਰਵਾਂ ਵਾਲਾ ਮਹਾਂਭਾਰਤ ਗ੍ਰੰਥ। ਤਿਨਿ–ਉਸ ਨੇ। ਤੋਹਿ–ਤੇਰਾ। ਬਿਹੂਣ–ਸੱਖਣਾ। ਮੁਕਤਿ–ਵਿਕਾਰਾਂ ਤੋਂ ਖਲਾਸੀ। ਨਾਭਿ–ਕਮਲ ਦੀ ਨਾਭੀ। ਵਸਤ–ਵਸਦਿਆਂ। ਬ੍ਰਹਮੈ–ਬ੍ਰਹਮਾ ਨੇ। ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ, ਗੁਰੂ ਦੇ ਦਸੇ ਰਾਹ ਤੇ ਤੁਰ ਕੇ।

ਅਰਥ :

ਪ੍ਰ:–ਗੁਰਦੇਵ ਜੀਓ ! ਕੀ ਵਧੇਰੇ ਵਿਦਿਆ ਪੜ੍ਹਦੇ ਰਹਿਣ ਨਾਲ ਭੀ ਕਿਸੇ ਮਨੁੱਖ ਦੀ ਵਿਕਾਰਾਂ ਤੋਂ ਖਲਾਸੀ ਹੋ ਸਕਦੀ ਹੈ ?

1. ਉ:–ਹੇ ਭਾਈਓ ! ਜੋ ਮਨੁੱਖ (ਇਤਨਾ ਵਿਦਵਾਨ ਹੋਵੇ ਕਿ) ਨੌਂ ਵਿਆਕਰਣਾਂ, ਛੇ ਸ਼ਾਸਤਰਾਂ ਤੇ ਛੇ ਵੇਦਾਂਗ ਦੀ ਵੀਚਾਰ ਕਰੇ (ਭਾਵ ਇਨ੍ਹਾਂ ਪੁਸਤਕਾਂ ਦੇ ਅਰਥ ਸਮਝ ਲਏ)।
2. ਅਤੇ ਅਠਾਰਾਂ ਪਰਵਾਂ ਵਾਲੇ ਮਹਾਂਭਾਰਤ ਗ੍ਰੰਥ ਨੂੰ ਦਿਨ ਰਾਤ ਪੜ੍ਹਦਾ ਰਹੇ।
3. ਉਸ ਨੇ ਭੀ (ਹੇ ਪ੍ਰਭੂ !) ਤੇਰਾ ਅੰਤ ਨਹੀਂ ਪਾਇਆ।
4. (ਤੇਰੇ) ਨਾਮ ਤੋਂ ਬਿਨਾਂ ਮਨ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਨਹੀਂ ਕਰ ਸਕਦਾ।
5. ਹੇ ਭਾਈ ! ਕਮਲ ਦੀ ਨਾਭੀ ਵਿਚ ਵੱਸਦਾ ਬ੍ਰਹਮਾ ਪ੍ਰਮਾ-ਤਮਾ ਦੇ ਗੁਣਾਂ ਦਾ ਅੰਦਾਜ਼ਾ ਨਾ ਲਾ ਸਕਿਆ।

ਪ੍ਰ:–ਗੁਰਦੇਵ ਜੀਓ ! ਆਖਰ ਨਾਮ ਸਿਮਰਨ ਦਾ ਮਹਾਤਮ ਕਿਵੇਂ ਜਾਣਿਆ ਜਾ ਸਕਦਾ ਹੈ ?

6. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀਓ, ਕਿ ਹੇ ਭਾਈ ! ਗੁਰੂ ਦੇ ਦਸੇ ਰਾਹ ਉਤੇ ਤੁਰ ਕੇ ਹੀ (ਪ੍ਰਭੂ ਦਾ) ਨਾਮ (ਸਿਮਰਨ ਦਾ ਮਹਾਤਮ) ਸਮਝਿਆ ਜਾ ਸਕਦਾ ਹੈ ।੩।

ਭਾਵਾਰਥ :–ਮਨੁੱਖ ਭਾਵੇਂ ਕਿਤਨੇ ਹੀ ਵੇਦ ਸ਼ਾਸਤਰ ਪੜ੍ਹਦਾ ਰਹੇ ਪਰ ਨਾਮ ਤੋਂ ਸੱਖਣੇ ਮਨੁੱਖ ਦੀ ਵਿਕਾਰਾਂ ਵਲੋਂ ਖਲਾਸੀ ਨਹੀਂ ਹੋ ਸਕਦੀ।

ਪਉੜੀ ॥

1. ਆਪੇ ਆਪਿ ਨਿਰੰਜਨਾ
ਜਿਨਿ ਆਪੁ ਉਪਾਇਆ ॥
2. ਆਪੇ ਖੇਲੁ ਰਚਾਇਓਨੁ
ਸਭੁ ਜਗਤੁ ਸਬਾਇਆ ॥
3. ਤ੍ਰੈ ਗੁਣ ਆਪਿ ਸਿਰਜਿਅਨੁ
ਮਾਇਆ ਮੋਹੁ ਵਧਾਇਆ ॥
4. ਗੁਰ ਪਰਸਾਦੀ ਉਬਰੇ
ਜਿਨ ਭਾਣਾ ਭਾਇਆ ॥
5. ਨਾਨਕ ਸਚੁ ਵਰਤਦਾ
ਸਭ ਸਚਿ ਸਮਾਇਆ ॥੧॥

ਪਦ ਅਰਥ :– ਆਪੇ–ਆਪ ਹੀ। ਜਿਨਿ–ਜਿਸ (ਨਿਰੰਜਨ) ਨੇ। ਆਪੁ–ਆਪਣੇ ਆਪ ਨੂੰ। ਰਚਾਇਓਨੁ–ਰਚਾਇਆ ਉਸ ਨੇ। ਸਿਰਜਿਅਨੁ–ਸਿਰਜੇ ਉਸ ਨੇ। ਜਿਨ–ਜਿਨ੍ਹਾਂ ਨੂੰ। ਸਚਿ–ਸੱਚ ਵਿਚ। ਨਿਰੰਜਨ–[ਨਿਰ-ਅੰਜਨ] ਮਾਇਆ ਰਹਿਤ ।੧।

ਅਰਥ :

ਪ੍ਰ:–ਗੁਰਦੇਵ ਜੀਓ ! ਇਸ ਜਗਤ ਦਾ ਮੂਲ ਰੂਪ ਕੌਣ ਹੈ ?

1. ਉ:–ਹੇ ਭਾਈ ! ਉਹ ਮਾਇਆ ਰਹਿਤ ਪ੍ਰਭੂ ਆਪ ਹੀ (ਜਗਤ ਦਾ ਮੂਲ) ਰੂਪ ਹੈ, ਉਸ ਨੇ ਆਪਣੇ ਆਪ ਨੂੰ (ਜਗਤ ਦੇ ਰੂਪ ਵਿਚ) ਪ੍ਰਗਟ ਕੀਤਾ ਹੈ।
2. ਇਹ ਸਾਰਾ ਹੀ ਜਗਤ ਤਮਾਸ਼ਾ ਉਸ ਨੇ ਆਪ ਹੀ ਰਚਿਆ ਹੈ।
3. ਹੇ ਪਿਆਰੇ ! ਮਾਇਆ ਦੇ ਤਿੰਨ ਗੁਣ ਉਸ ਨੇ ਆਪ ਹੀ ਬਣਾਏ ਹਨ ਤੇ ਜਗਤ ਵਿਚ ਮਾਇਆ ਦਾ ਮੋਹ (ਭੀ ਉਸ ਨੇ ਆਪ ਹੀ) ਪ੍ਰਬਲ ਕੀਤਾ ਹੈ।

ਪ੍ਰ:—ਸ੍ਰੀ ਜੀਓ ! ਆਖਰ ਇਸ ਮਾਇਆ ਦੇ ਮੋਹ ਤੋਂ ਬਚਾ ਕਿਸ ਦਾ ਹੋ ਸਕਦਾ ਹੈ ?

4. ਉ:—ਹੇ ਭਾਈਓ ! (ਇਸ ਤ੍ਰੈ-ਗੁਣੀ ਮਾਇਆ ਦੇ ਮੋਹ ਵਿਚੋਂ ਸਿਰਫ) ਉਹੀ (ਜੀਵ) ਬਚਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਦੀ ਕ੍ਰਿਪਾ ਨਾਲ (ਪ੍ਰਭੂ ਦੀ) ਰਜ਼ਾ ਮਿਠੀ ਲੱਗਦੀ ਹੈ ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ (ਹਰ ਥਾਂ) ਮੌਜੂਦ ਹੈ, ਤੇ ਸਾਰੀ ਸ੍ਰਿਸ਼ਟੀ ਉਸ ਸਦਾ ਥਿਰ ਪ੍ਰਭੂ ਵਿਚ ਟਿਕੀ ਹੋਈ ਹੈ, (ਭਾਵ ਉਸ ਦੇ ਹੁਕਮ ਦੇ ਅੰਦਰ ਰਹਿੰਦੀ ਹੈ) ।੧।

ਭਾਵਾਰਥ :—ਪ੍ਰਮਾਤਮਾ ਨੇ ਇਹ ਜਗਤ ਖੇਡ ਆਪਣੇ ਆਪ ਤੋਂ ਪੈਦਾ ਕੀਤੀ ਹੈ, ਤ੍ਰੈ-ਗੁਣੀ ਮਾਇਆ ਤੇ ਉਸ ਦਾ ਮੋਹ ਭੀ ਉਸ ਨੇ ਆਪ ਹੀ ਬਣਾਇਆ ਹੈ । ਜੋ ਮਨੁੱਖ ਗੁਰੂ ਦਰ ਤੇ ਆ ਕੇ ਰਜ਼ਾ ਵਿਚ ਤੁਰਦੇ ਹਨ, ਉਹ ਮਾਇਆ ਦੇ ਮੋਹ ਤੋਂ ਬਚ ਜਾਂਦੇ ਹਨ ।

ਸਲੋਕ ਮਹਲਾ ੨ ॥

1. ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
2. ਮੰਦਾ ਕਿਸ ਨੋ ਆਖੀਐ
ਜਾਂ ਸਭਨਾ ਸਾਹਿਬੁ ਏਕੁ ॥
3 ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥
4. ਕਿਸੈ ਥੋੜਾ ਕਿਸੈ ਅਗਲਾ
ਖਾਲੀ ਕੋਈ ਨਾਹਿ ॥
5. ਆਵਹਿ ਨੰਗੇ ਜਾਹਿ ਨੰਗੇ
ਵਿਚੇ ਕਰਹਿ ਵਿਥਾਰ ॥
6. ਨਾਨਕ ਹੁਕਮੁ ਨ ਜਾਣੀਐ
ਅਗੈ ਕਾਈ ਕਾਰ ॥੧॥

ਪਦ ਅਰਥ :—ਵੇਕ—ਵਖੋ ਵਖ । ਧੰਧੈ—ਧੰਧੇ ਵਿਚ । ਅਗਲਾ—ਬਹੁਤਾ (ਧੰਧਾ) । ਆਵਹਿ—(ਜੀਵ ਜਗਤ ਵਿਚ) ਆਉਂਦੇ ਹਨ । ਵਿਚੇ—ਵਿਚ ਹੀ, (ਨੰਗੇ ਆਉਣ ਤੇ ਨੰਗੇ ਜਾਣ ਦੇ) ਵਿਚਲੇ ਹਿੱਸੇ ਵਿਚ ਹੀ) (ਭਾਵ ਇਹ ਜਾਣਦੇ ਹੋਏ ਭੀ ਕਿ ਜੀਵ ਨੰਗੇ ਆਉਂਦੇ ਹਨ ਤੇ ਨੰਗੇ ਹੀ ਜਾਂਦੇ ਹਨ) । ਨੰਗੇ—(ਭਾਵ) ਖਾਲੀ ਹੱਥ । ਵਿਥਾਰ—ਖਿਲਾਰੇ । ਕਾਈ—ਕਿਹੜੀ । ਅਗੈ—ਪ੍ਰਲੋਕ ਵਿਚ ।੧।

ਅਰਥ :

ਪ੍ਰ:—ਗੁਰਦੇਵ ਜੀਓ ! ਉਹ ਕਿਹੜੀ ਸ਼ਕਤੀ ਹੈ, ਜੋ ਏਡੇ ਵਡੇ ਸੰਸਾਰ ਦੇ ਸਮੂਹ ਜੀਵਾਂ ਜੰਤਾਂ ਦੀ ਸੰਭਾਲ ਕਰਦੀ ਹੈ ?

1. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਉਹ ਪ੍ਰਭੂ ਆਪ (ਹੀ) (ਜੀਵਾਂ ਨੂੰ) ਪੈਦਾ ਕਰਦਾ ਹੈ, ਅਤੇ ਉਹ ਆਪ ਹੀ (ਇਨ੍ਹਾਂ ਨੂੰ) ਵਖੋ ਵਖ (ਸੁਭਾਓ ਵਾਲੇ) ਰੱਖਦਾ ਹੈ ।

2. ਪਰ, ਹੇ ਭਾਈਓ ! ਸਭ ਜੀਵਾਂ ਦਾ ਖਸਮ ਇਕ (ਆਪ) ਹੀ ਹੈ (ਇਸ ਲਈ) ਕਿਸੇ ਜੀਵ ਨੂੰ ਭੈੜਾ ਨਹੀਂ ਆਖਿਆ ਜਾ ਸਕਦਾ ।

3. ਐ ਪਿਆਰੇ ! ਉਹ ਪ੍ਰਭੂ ਆਪ ਹੀ ਸਭ ਜੀਵਾਂ ਦਾ ਖਸਮ ਹੈ (ਆਪ ਹੀ ਜੀਵਾਂ ਨੂੰ) ਧੰਦੇ ਵਿਚ ਜੋੜ ਕੇ (ਆਪ ਹੀ) ਵੇਖ ਰਿਹਾ ਹੈ ।

4. ਹੇ ਭਾਈ ! ਕੋਈ ਭੀ ਜੀਵ (ਮਾਇਆ ਦੇ ਧੰਧੇ ਤੋਂ) ਬਚਿਆ ਹੋਇਆ ਨਹੀਂ, ਕਿਸੇ ਨੂੰ ਥੋੜਾ ਕਿਸੇ ਨੂੰ ਬਹੁਤਾ ਧੰਧਾ ਉਸ ਨੇ ਚਮੋੜਿਆ ਹੋਇਆ ਹੈ ।

5. ਹੇ ਭਾਈਓ ! ਅਸੀਂ ਤਾਂ ਇਕ ਅਸਚਰਜ ਕੌਤਕ ਤੱਕ ਰਹੇ ਹਾਂ ਕਿ ਜੀਵ ਜਗਤ ਵਿਚ ਖਾਲੀ ਹੱਥ ਆਉਂਦੇ ਹਨ ਤੇ ਖਾਲੀ ਹੱਥ (ਇਥੋਂ) ਤੁਰ ਜਾਂਦੇ ਹਨ, ਪਰ, ਇਹ (ਕੁਝ) ਵੇਖ ਕੇ ਭੀ (ਮਾਇਆ ਦੇ) ਖਿਲਾਰੇ ਖਿਲਾਰੀ ਜਾਂਦੇ ਹਨ ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! (ਇਥੋਂ ਜਾ ਕੇ) ਪ੍ਰਲੋਕ ਵਿਚ ਕਿਹੜੀ ਕਾਰ (ਕਰਨ ਨੂੰ) ਮਿਲੇਗੀ, (ਇਸ ਸੰਬੰਧੀ ਪ੍ਰਭੂ ਦਾ) ਹੁਕਮ ਨਹੀਂ ਜਾਣਿਆ ਜਾ ਸਕਦਾ ।੧।

ਭਾਵਾਰਥ :—ਜਦ ਹਰੀ ਆਪ ਹੀ ਸਭ ਦਾ ਮੂਲ ਹੈ, ਤਾਂ ਚੰਗਾ ਜਾਂ ਮੰਦਾ ਕਿਸ ਨੂੰ ਕਹੀਏ ? ਮਨੁੱਖ ਦੀ ਬਣਤਰ ਉਸ ਦੀ ਜਬਾਨ ਤੇ ਕਰਮ, ਸਭ ਹਰੀ ਦੇ ਹੁਕਮ ਦੇ ਦਾਇਰੇ ਵਿਚ ਹੁੰਦੇ ਹਨ, ਮਨੁੱਖ ਨੂੰ ਚਾਹੀਦਾ ਹੈ ਕਿ ਆਪਣੀ ਕਰਨੀ ਉਸ ਹੁਕਮ ਦੇ ਅਨੁਸਾਰ ਬਣਾ ਲਵੇ ।

ਮਹਲਾ ੧ ॥

1. ਜਿਨਸਿ ਥਾਪਿ ਜੀਆਂ ਕਉ ਭੇਜੈ
ਜਿਨਸਿ ਥਾਪਿ ਲੈ ਜਾਵੈ ॥
2. ਆਪੇ ਥਾਪਿ ਉਥਾਪੇ ਆਪੇ
ਏਤੇ ਵੇਸ ਕਰਾਵੈ ॥
3. ਜੇਤੇ ਜੀਅ ਫਿਰਹਿ ਅਉਧੂਤੀ
ਆਪੇ ਭਿਖਿਆ ਪਾਵੈ ॥
4. ਲੇਖੈ ਬੋਲਣੁ ਲੇਖੈ ਚਲਣੁ
ਕਾਇਤੁ ਕੀਚਹਿ ਦਾਵੇ ॥
5. ਮੂਲੁ ਮਤਿ ਪਰਵਾਣਾ ਏਹੋ
ਨਾਨਕੁ ਆਖਿ ਸੁਣਾਏ ॥
6. ਕਰਣੀ ਉਪਰਿ ਹੋਇ ਤਪਾਵਸੁ
ਜੇ ਕੋ ਕਹੈ ਕਹਾਏ ॥੨॥

ਪਦ ਅਰਥ :—ਜਿਨਸਿ ਥਾਪਿ ਜਿਨਸਿ ਥਾਪਿ—ਜਿਨਸ ਜਿਨਸ ਦੇ ਸਰੀਰ ਬਣਾ ਬਣਾ ਕੇ, ਭਾਂਤ ਭਾਂਤ ਦੇ ਸਰੀਰ ਰਚ ਰਚ ਕੇ। ਉਥਾਪੈ—ਉਖੇੜਦਾ ਹੈ, ਨਾਸ ਕਰਦਾ ਹੈ। ਏਤੇ—ਇਤਨੇ, ਕਈ ਕਿਸਮਾਂ ਦੇ। ਜੇਤੇ ਜੀਅ—ਜਿਤਨੇ ਭੀ ਜੀਵ ਹਨ (ਭਾਵ ਸਾਰੇ ਹੀ ਜੀਵ) ਅਉਧੂਤੀ—ਮੰਗਤੇ। ਆਪੇ—ਆਪ ਹੀ। ਭਿਖਿਆ—ਖੈਰ। ਲੇਖੈ—ਲੇਖੇ ਵਿਚ, ਹਿਸਾਬ ਵਿਚ (ਭਾਵ ਗਿਣੇ ਮਿਥੇ ਸਮੇਂ ਲਈ ਹੈ)। ਕਾਇਤੁ—ਕਿਉਂ, ਕਾਹਦੇ ਲਈ। ਕੀਚਹਿ—ਕੀਤੇ ਜਾਣ। ਕੀਚਹਿ ਦਾਵੇ—ਮੱਲਾਂ ਮੱਲੀਆਂ ਜਾਣ। ਮੂਲੁ—ਜੜ੍ਹ ਤਕ। ਮੂਲੁ ਮਤਿ—ਮਤ ਕਾ ਮੂਲ। ਪਰਵਾਣਾ—ਮੰਨਿਆ ਪ੍ਰਮੰਨਿਆ। ਕਰਣੀ—ਅਮਲੀ ਜੀਵਨ, ਕੀਤੇ ਹੋਏ ਕਰਮ। ਤਪਾਵਸੁ—ਨਿਆਂ, ਨਿਬੇੜਾ।੨।

ਅਰਥ :

ਪ੍ਰ:—ਗੁਰਦੇਵ ਜੀਓ! ਇਸ ਸੰਸਾਰ ਦੇ ਭਿੰਨ ਭਿੰਨ ਜੀਵਾਂ ਨੂੰ ਰਚ ਕੇ ਭੇਜਣ ਵਾਲਾ ਤੇ ਮੁੜ ਲੈ ਜਾਣ ਵਾਲਾ ਕੌਣ ਹੈ?

1. ਉ:—ਹੇ ਭਾਈਓ! ਭਾਂਤ ਭਾਂਤ ਦੇ ਸਰੀਰ ਬਣਾ ਬਣਾ ਕੇ ਪ੍ਰਭੂ ਆਪ ਹੀ ਜੀਵਾਂ ਨੂੰ (ਜਗਤ ਵਿਚ) ਪਾਲਦਾ ਹੈ ਤੇ (ਫਿਰ ਇਥੋਂ) ਲੈ ਜਾਂਦਾ ਹੈ।
2. ਹੇ ਪਿਆਰੇ! ਉਹ ਪ੍ਰਭੂ ਆਪ ਹੀ ਪੈਦਾ ਕਰਦਾ ਹੈ, ਆਪ ਹੀ ਨਾਸ ਕਰਦਾ ਹੈ, ਇਹ ਕਈ ਕਿਸਮਾਂ ਦੇ (ਜੀਵਾਂ ਦੇ) ਰੂਪ ਆਪ ਹੀ ਬਣਾਂਦਾ ਹੈ।
3. ਐ ਪਿਆਰੇ! ਇਹ ਸਾਰੇ ਹੀ ਜੀਵ (ਜੋ ਜਗਤ ਵਿਚ) ਤੁਰਦੇ ਫਿਰਦੇ ਹਨ (ਇਹ ਸਾਰੇ ਪ੍ਰਭੂ ਦੇ ਦਰ ਦੇ) ਮੰਗਤੇ ਹਨ, ਪ੍ਰਭੂ ਆਪ ਹੀ ਇਨ੍ਹਾਂ ਨੂੰ ਖੈਰ ਪਾਂਦਾ ਹੈ।
4. ਹੇ ਭਾਈਓ! ਹਰੇਕ ਜੀਵ ਦਾ ਬੋਲਣਾ ਚਲਣਾ ਗਿਣੇ ਮਿਥੇ ਸਮੇਂ ਲਈ ਹੈ, (ਤਾਂ ਫਿਰ ਦਸੋ) ਇਹ ਕਾਹਦੇ ਲਈ ਮੱਲਾਂ ਮੱਲੀਆਂ ਜਾ ਰਹੀਆਂ ਹਨ?
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, (ਐ ਲੋਕੋ! ਜੋ ਮੈਂ ਸੁਣਾਂਦਾ ਹਾਂ) ਅਕਲ ਦੀ ਮੰਨੀ ਪ੍ਰਮੰਨੀ ਸਿਰੇ ਦੀ ਗੱਲ ਇਹੀ ਹੈ।
6. ਭਾਵੇਂ ਹੋਰ ਜੋ ਕੁਝ ਭੀ ਕੋਈ ਆਖੇ (ਪਿਆ ਆਖੇ, ਅਸਲ ਗੱਲ ਇਹੋ ਹੈ ਕਿ) ਹਰੇਕ ਦੇ ਆਪਣੇ ਕੀਤੇ ਕਰਮਾਂ ਅਨੁਸਾਰ ਨਿਬੇੜਾ ਹੁੰਦਾ ਹੈ।੨।

ਭਾਵਾਰਥ :—ਇਹ ਸਾਰੇ ਜੀਵ ਜਿਤਨੇ ਭੀ ਪ੍ਰਭੂ ਨੇ ਸੰਸਾਰ ਵਿਚ ਭੇਜੇ ਹਨ, ਇਹ ਉਸ ਦੇ ਦਰ ਦੇ ਭਿਖਾਰੀ ਹਨ, ਉਹ ਸਭਨਾਂ ਨੂੰ ਦਾਤਾਂ ਦੇਂਦਾ ਹੈ, ਭਾਵੇਂ ਹੋਰ ਕੋਈ ਪਿਆ ਕੁਝ ਆਖੇ ਪਰ ਅੰਤ ਨੂੰ ਨਿਬੇੜਾ ਹਰ ਜੀਵ ਦੇ ਕਰਮਾਂ ਅਨੁਸਾਰ ਹੀ ਹੋਣਾ ਹੈ।

ਪਉੜੀ ॥

1. ਗੁਰਮੁਖਿ ਚਲਤੁ ਰਚਾਇਓਨੁ
ਗੁਣ ਪਰਗਟੀ ਆਇਆ ॥
2. ਗੁਰਬਾਣੀ ਸਦ ਉਚਰੈ
ਹਰਿ ਮੰਨਿ ਵਸਾਇਆ ॥
3. ਸਕਤਿ ਗਈ ਭ੍ਰਮੁ ਕਟਿਆ
ਸਿਵ ਜੋਤਿ ਜਗਾਇਆ ॥
4. ਜਿਨ ਕੈ ਪੋਤੈ ਪੁੰਨੁ ਹੈ
ਗੁਰੁ ਪੁਰਖੁ ਮਿਲਾਇਆ ॥
5. ਨਾਨਕ ਸਹਜੇ ਮਿਲਿ ਰਹੇ
ਹਰਿ ਨਾਮਿ ਸਮਾਇਆ ॥੨॥

ਪਦ ਅਰਥ :—ਗੁਰਮੁਖਿ—ਉਹ ਮਨੁੱਖ ਜਿਸ ਦਾ ਮੂੰਹ ਗੁਰੂ ਵਲ ਹੈ, ਗੁਰੂ ਦੇ ਸਨਮੁਖ ਮਨੁੱਖ। ਚਲਤੁ—ਤਮਾਸ਼ਾ, ਖੇਡ ਕੌਤਕ। ਪਰਗਟੀ ਆਇਆ—ਪ੍ਰਗਟਾਏ ਹਨ। ਮੰਨਿ—ਮਨਿ, ਮਨ ਵਿਚ। ਸਕਤਿ—ਮਾਇਆ (ਦਾ ਪ੍ਰਭਾਵ)। ਭ੍ਰਮੁ—ਭਟਕਣਾ। ਸਿਵ ਜੋਤਿ—ਰੱਬੀ ਜੋਤ। ਪੋਤੈ—ਖਜ਼ਾਨੇ ਵਿਚ। ਗੁਰੁ ਪੁਰਖੁ—ਮਹਾਂਪੁਰਖ ਸਤਿਗੁਰੂ। ਜਿਨ ਕੈ ਪੋਤੈ—ਜਿਨ੍ਹਾਂ ਦੇ ਖਜ਼ਾਨੇ ਵਿਚ, ਜਿਨ੍ਹਾਂ ਦੇ ਭਾਗਾਂ ਵਿਚ। ਪੁੰਨ—ਪਿਛਲੀ ਕੀਤੀ ਭਲਿਆਈ, ਨੇਕ ਕਮਾਈ, ਨੇਕੀ। ਸਹਜੇ—ਆਤਮਕ ਅਡੋਲਤਾ ਵਿਚ(ਟਿਕ ਕੇ)। ਨਾਮਿ—ਨਾਮ ਵਿਚ।੨।

ਅਰਥ:—

ਪ੍ਰ:—ਸ੍ਰੀ ਜੀਓ! ਇਸ ਜਗਤ ਰਚਨਾ ਵਿਚ ਬਹੁਤ ਵੱਡੀ ਭਿੰਨਤਾ ਵੇਖਣ ਵਿਚ ਆਉਂਦੀ ਹੈ, ਕਈ ਜੀਵ ਉਸ ਪ੍ਰਭੂ ਤੋਂ ਬੇਮੁਖ ਹਨ, ਕਈ ਉਸ ਦੇ ਸਨਮੁਖ ਰਹਿਣ ਵਾਲੇ ਹਨ, ਇਸ ਭਿੰਨਤਾ ਦਾ ਸਹੀ ਭੇਦ ਕੀ ਹੈ?

1. ਉ:—ਹੇ ਭਾਈਓ! ਉਸ ਪ੍ਰਭੂ ਦੀ ਜਗਤ ਰਚਨਾ ਵਿਚ ਜੋ ਤੁਸੀ ਵੇਖ ਰਹੇ ਹੋ ਕਿ ਕੋਈ ਗੁਰਮੁਖ ਗੁਰੂ ਦੇ ਸਨਮੁਖ ਹੈ, ਇਹ ਕੌਤਕ ਭੀ ਉਸ (ਪ੍ਰਭੂ ਨੇ ਹੀ) ਰਚਾਇਆ ਹੈ, (ਗੁਰਮੁਖ ਮਨੁੱਖ ਵਿਚ ਪ੍ਰਭੂ ਨੇ ਆਪਣੇ) ਗੁਣ (ਆਪ ਹੀ) ਪ੍ਰਗਟ ਕੀਤੇ ਹਨ।
2. ਹੇ ਪਿਆਰੇ! (ਜਿਨ੍ਹਾਂ ਗੁਣਾਂ ਦੀ ਬਰਕਤ ਨਾਲ ਉਹ ਗੁਰਮੁਖ) ਸਦਾ ਸਤਿਗੁਰੂ ਦੀ ਬਾਣੀ ਉਚਾਰਦਾ ਹੈ, ਤੇ ਪ੍ਰਭੂ ਨੂੰ ਸਦਾ ਮਨ ਵਿਚ ਵਸਾਈ ਰੱਖਦਾ ਹੈ।

ਪ੍ਰ:—ਕਿਉਂ ਜੀ, ਆਖਰ ਉਸ ਨੂੰ ਹਾਸਲ ਕੀ ਹੁੰਦਾ ਹੈ?

3. ਉ:—ਹੇ ਭਾਈ! ਉਸ ਦੇ ਅੰਦਰ ਰੱਬੀ ਜੋਤ ਜਗ ਪੈਂਦੀ ਹੈ, (ਉਸ ਦੇ ਅੰਦਰੋਂ) ਮਾਇਆ (ਦਾ ਹਨੇਰਾ) ਦੂਰ ਹੋ ਜਾਂਦਾ ਹੈ ਤੇ ਭਟਕਣਾ ਮੁਕ ਜਾਂਦੀ ਹੈ (ਭਾਵ ਜ਼ਿੰਦਗੀ ਦੇ ਰਾਹ ਤੇ ਉਹ ਮਾਇਆ ਦੇ ਹਨੇਰੇ ਵਿਚ ਠੇਡੇ ਨਹੀਂ ਖਾਂਦਾ)।

ਪ੍ਰ:—ਗੁਰਦੇਵ ਜੀਓ! ਆਖਰ ਇਹ ਦਾਤ ਮਿਲਦੀ ਕਿਸ ਨੂੰ ਹੈ?

4. ਉ:–ਹੇ ਭਾਈਓ ! ਜਿਨ੍ਹਾਂ ਦੇ ਭਾਗਾਂ ਵਿਚ (ਪਿਛਲੀ ਕੀਤੀ) ਨੇਕ ਕਮਾਈ ਹੈ, (ਤ੍ਰੈਨ੍ਹਾਂ ਨੂੰ ਪ੍ਰਭੂ) ਮਹਾਂਪੁਰਖ ਸਤਿਗੁਰੂ ਮਿਲਾ ਦੇਂਦਾ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ ! ਉਹ ਆਤਮਕ ਅਡੋਲਤਾ ਵਿਚ ਟਿਕ ਕੇ (ਪ੍ਰਭੂ ਵਿਚ) ਮਿਲੇ ਰਹਿੰਦੇ ਹਨ, ਪ੍ਰਭੂ ਦੇ ਨਾਮ ਵਿਚ ਟਿਕੇ ਰਹਿੰਦੇ ਹਨ।੨।

ਭਾਵਾਰਥ :–ਇਹ ਖੇਡ ਭੀ ਉਸੇ ਦੀ ਹੈ, ਕਿ ਕਿਸੇ ਮਨੁੱਖ ਨੂੰ ਉਸ ਨੇ ਗੁਰਮੁਖ ਬਣਾ ਦਿਤਾ ਹੈ, ਜੋ ਗੁਰ ਸ਼ਬਦ ਦੀ ਬਰਕਤ ਨਾਲ ਪ੍ਰਭੂ ਨੂੰ ਮਨ ਵਿਚ ਵਸਾਂਦਾ ਹੈ ਤੇ ਮਾਇਆ ਦੇ ਹਨੇਰੇ ਵਿਚ ਠੇਡੇ ਨਹੀਂ ਖਾਂਦਾ।

ਸਲੋਕ ਮਹਲਾ ੨ ॥

1. ਸਾਹ ਚਲੇ ਵਣਜਾਰਿਆ
ਲਿਖਿਆ ਦੇਵੈ ਨਾਲਿ ॥
2. ਲਿਖੇ ਉਪਰਿ ਹੁਕਮੁ ਹੋਇ
ਲਈਐ ਵਸਤੁ ਸਮ੍ਹਾਲਿ ॥
3. ਵਸਤੁ ਲਈ ਵਣਜਾਰਈ
ਵਖਰੁ ਬਧਾ ਪਾਇ ॥
4. ਕੇਈ ਲਾਹਾ ਲੈ ਚਲੇ
ਇਕਿ ਚਲੇ ਮੂਲੁ ਗਵਾਇ ॥
5. ਥੋੜਾ ਕਿਨੈ ਨ ਮੰਗਿਓ
ਕਿਸੁ ਕਹੀਐ ਸਾਬਾਸਿ ॥
6. ਨਦਰਿ ਤਿਨਾ ਕਉ ਨਾਨਕਾ
ਜਿ ਸਾਬਤੁ ਲਾਏ ਰਾਸਿ ॥ ੧ ॥

ਪਦ ਅਰਥ :–ਸਾਹ ਵਣਜਾਰਿਆ–ਸ਼ਾਹ (ਪ੍ਰਭੂ) ਦੇ (ਘਲੇ ਹੋਏ) ਵਪਾਰੀ ਜੀਵ। ਚਲੇ–(ਸ਼ਾਹ ਪਾਸੋਂ) ਤੁਰ ਪਏ (ਤੇ ਏਥੇ ਜਗਤ ਵਿਚ ਆਏ)। ਲਿਖਿਆ–(ਕੀਤੇ ਕਰਮਾਂ ਅਨੁਸਾਰ ਮਥੇ ਤੇ) ਲਿਖਿਆ ਹੋਇਆ (ਲੇਖ)। ਲਿਖੇ ਉਪਰਿ–ਉਸ ਲਿਖੇ ਲੇਖ ਅਨੁਸਾਰ। ਹੁਕਮ ਹੋਇ–ਪ੍ਰਭੂ ਦਾ ਹੁਕਮ ਵਰਤਦਾ ਹੈ। ਵਸਤੁ–(ਨਾਮ ਰੂਪ) ਵੱਖਰ। ਵਣਜਾਰਈ–ਵਣਜਾਰਿਆਂ ਨੇ,ਵਪਾਰੀਆਂ ਨੇ। ਇਕਿ–ਕਈ ਜੀਵ। ਸਾਬਤੁ-ਪੂਰੀ ਦੀ ਪੂਰੀ। ਰਾਸਿ–ਪੂੰਜੀ, (ਸੁਆਸਾਂ ਦੀ ਪੂੰਜੀ)। ਲਾਏ–ਲਾ ਦਿਤੀ।

ਅਰਥ:–

ਪ੍ਰ:–ਸ੍ਰੀ ਜੀਓ ! ਭਿੰਨ ਭਿੰਨ ਜੀਵਾਂ ਨੂੰ ਜਗਤ ਦੇ ਵਖੋ ਵੱਖ ਸ਼ੈਆਂ ਦੀ ਪ੍ਰਾਪਤੀ ਵੇਖਣ ਵਿਚ ਆਉਂਦੀ ਹੈ, ਕੀ ਇਸ ਦਾ ਕੋਈ ਖਾਸ ਕਾਰਨ ਹੈ ?

1. ਉ:- ਹੇ ਭਾਈ ! (ਅਸਲ ਵਿਚ ਉਸ ਪ੍ਰਭੂ) ਸ਼ਾਹ ਦੇ (ਘਲੇ ਹੋਏ ਜੋ ਜੋ ਜੀਵ) ਵਪਾਰੀ (ਸ਼ਾਹ ਪਾਸੋਂ) ਤੁਰ ਪੈਂਦੇ ਹਨ (ਤੇ ਇਥੇ ਜਗਤ ਵਿਚ ਆਉਂਦੇ ਹਨ, ਉਨ੍ਹਾਂ ਨੂੰ ਪ੍ਰਭੂ ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ ਮਥੇ ਤੇ) ਲਿਖਿਆ ਹੋਇਆ ਲੇਖ ਨਾਲ (ਹੀ) ਦੇ ਕੇ ਤੋਰਦਾ ਹੈ।

2. ਹੇ ਪਿਆਰੇ ! ਉਸ ਲਿਖੇ ਲੇਖ ਅਨੁਸਾਰ ਪ੍ਰਭੂ ਦਾ ਹੁਕਮ ਵਰਤਦਾ ਹੈ, ਤੇ ਨਾਮ ਰੂਪ ਵੱਖਰ ਸੰਭਾਲ ਲਈਦਾ ਹੈ।

3. ਹੇ ਭਾਈਓ ! ਜੋ ਮਨੁੱਖ ਨਾਮ ਦਾ ਵਣਜ ਕਰਦੇ ਹਨ, ਉਨ੍ਹਾਂ ਨੇ ਨਾਮ ਪਦਾਰਥ ਹਾਸਲ ਕਰ ਲਿਆ ਤੇ ਪ੍ਰਾਪਤ ਕਰ ਕੇ ਪੱਲੇ ਬੰਨ੍ਹ ਲਿਆ।

4. ਹੇ ਭਾਈ ! ਕਈ (ਜੀਵ ਵਪਾਰੀ ਇਥੋਂ) ਨਫ਼ਾ ਖੱਟ ਕੇ ਜਾਂਦੇ ਹਨ, ਪਰ ਕਈ ਅਸਲ ਰਾਸ ਪੂੰਜੀ ਭੀ ਗਵਾ ਜਾਂਦੇ ਹਨ।

5. ਐ ਪਿਆਰੇ ! (ਦੋਹਾਂ ਧਿਰਾਂ ਵਿਚੋਂ) ਘੱਟ ਚੀਜ਼ ਕਿਸੇ ਨੇ ਭੀ ਨਹੀਂ ਮੰਗੀ, (ਭਾਵ ਨਾਮ ਵਪਾਰੀਆਂ ਨੂੰ ਨਾਮ] ਬਹੁਤ ਪਿਆਰਾ ਲੱਗਦਾ ਹੈ, ਤੇ ਮਾਇਆਧਾਰੀ ਨੂੰ ਮਾਇਆ)।

ਪ੍ਰ:–ਸ੍ਰੀ ਜੀਓ ! ਆਖਰ ਬਖਸ਼ਸ਼ ਕਿਸ ਤੇ ਹੋਈ ? ਮਿਹਰ ਦੀ ਨਜ਼ਰ ਕਿਸ ਤੇ ਹੋਈ ?

6. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! (ਮਿਹਰ ਦੀ ਨਜ਼ਰ ਉਨ੍ਹਾਂ ਤੇ ਹੋਈ ਹੈ) ਜਿਨ੍ਹਾਂ ਨੇ (ਸੁਆਸਾਂ ਦੀ) ਸਾਰੀ ਰਾਸ ਪੂੰਜੀ (ਨਾਮ ਦਾ ਵਪਾਰ ਕਰਨ ਵਿਚ) ਲਾ ਦਿੱਤੀ।੧।

ਭਾਵਾਰਥ :–ਮਨੁੱਖ ਸੰਸਾਰ ਵਿਚ ਰੱਬ ਦੇ ਹੁਕਮ ਦੀ ਕਾਰ ਕਰਨ ਲਈ ਇਉਂ ਆਉਂਦੇ ਹਨ, ਜਿਵੇਂ ਵਣਜਾਰੇ. ਇਕ ਸ਼ਾਹੂਕਾਰ ਪਾਸੋਂ ਰਾਸ ਮੂੜ੍ਹੀ ਲੈ ਕੇ ਵਣਜ ਕਰਨ ਲਈ ਆਉਂਦੇ ਹਨ, ਜਿਵੇਂ ਵਣਜਾਰਿਆਂ ਪਾਸ ਆਪਣੇ ਸ਼ਾਹ ਦੀ ਲਿਖਤ ਹੁੰਦੀ ਹੈ, ਜਿਸ ਅਨੁਸਾਰ ਉਨ੍ਹਾਂ ਦੀ ਸਾਖ ਮੰਨੀ ਜਾਂਦੀ ਅਤੇ ਸੌਦਾ ਸੰਭਾਲਣ ਲਈ ਮਿਲਦਾ ਹੈ, ਤਿਵੇਂ ਮਨੁੱਖਾਂ ਪਾਸ ਹਰੀ ਦਾ ਹੁਕਮ ਹੁੰਦਾ ਹੈ ਅਤੇ ਉਸ ਦੇ ਦਿਤੇ ਇੰਦਰੇ ਤੇ ਭਾਵ ਹੁੰਦੇ ਹਨ, ਜਿਨ੍ਹਾਂ ਨੂੰ ਉਸ ਹੁਕਮ ਅਨੁਸਾਰ ਵਰਤ ਕੇ ਆਪਣਾ ਜੀਵਨ ਮਨੋਰਥ ਪੂਰਾ ਕਰਨਾ ਹੁੰਦਾ ਹੈ।

ਮਹਲਾ ੧ ॥

1. ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥
2. ਜੀਵਿ ਜੀਵਿ ਮੁਏ ਮੁਏ ਜੀਵੇ ॥
3. ਕੇਤਿਆ ਕੇ ਬਾਪ ਕੇਤਿਆ ਕੇ ਬੇਟੇ
ਕੇਤੇ ਗੁਰ ਚੇਲੇ ਹੂਏ ॥
4. ਆਗੈ ਪਾਛੈ ਗਣਤ ਨ ਆਵੈ
ਕਿਆ ਜਾਤੀ ਕਿਆ ਹੁਣਿ ਹੂਏ ॥
5. ਸਭੁ ਕਰਣਾ ਕਿਰਤੁ ਕਰਿ ਲਿਖੀਐ
ਕਰਿ ਕਰਿ ਕਰਤਾ ਕਰੇ ਕਰੇ ॥

6. **ਮਨਮੁਖਿ ਮਰੀਐ ਗੁਰਮੁਖਿ ਤਰੀਐ**
ਨਾਨਕ ਨਦਰੀ ਨਦਰਿ ਕਰੇ ॥੨॥

ਪਦ ਅਰਥ :–ਜੁੜਿ–ਜੁੜ ਕੇ, (ਜਿੰਦ ਸਰੀਰ ਨੂੰ) ਮਿਲ ਕੇ (ਭਾਵ, ਜਨਮ ਲੈ ਕੇ)। ਜੁੜਿ ਜੁੜਿ–ਮੁੜ ਮੁੜ ਜਨਮ ਲੈ ਕੇ। ਵਿਛੁੜੇ–(ਜਿੰਦ ਸਰੀਰ ਨਾਲੋਂ) ਵਿਛੜਦੀ ਹੈ (ਭਾਵ ਜੀਵ ਮਰਦੇ ਹਨ)। ਵਿਛੁੜਿ–ਸਰੀਰ ਨਾਲੋਂ ਵੱਖ ਹੋ ਕੇ, ਮਰ ਕੇ। ਜੀਵਿ ਜੀਵਿ–ਕਈ ਵਾਰੀ ਜੰਮ ਕੇ। ਆਗੈ ਪਾਛੈ-ਹੁਣ ਵਾਲੇ ਜਨਮ ਤੋਂ ਪਹਿਲਾਂ ਤੇ ਇਸ ਤੋਂ ਅਗਾਹਾਂ। ਗਣਤ–ਗਿਣਤੀ, ਲੇਖਾ। ਸਭੁ ਕਰਣਾ-ਸਾਰਾ ਜਗਤ। ਕਿਰਤੁ–ਪਿਛਲੇ ਕੀਤੇ ਕਰਮਾਂ ਦਾ ਸਮੂਹ। ਕਿਰਤੁ ਕਰਿ-ਕੀਤੇ ਕਰਮਾਂ ਅਨੁਸਾਰ। ਮਰੀਐ–ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ। ਨਦਰਿ–(ਮਿਹਰ ਦੀ) ਨਜ਼ਰ ਕਰਨ ਵਾਲਾ ਪ੍ਰਭੂ। ਕਰਿ ਕਰਿ ਕਰੇ ਕਰੇ–ਮੁੜ ਮੁੜ ਕਰੀ ਜਾ ਰਿਹਾ ਹੈ। ਮਨਮੁਖਿ–ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ। ਗੁਰਮੁਖਿ–ਗੁਰੂ ਦੇ ਦਸੇ ਰਾਹ ਉਤੇ ਤੁਰਨ ਵਾਲਾ ਮਨੁੱਖ।

ਅਰਥ :-

ਪ੍ਰ:–ਸ੍ਰੀ ਜੀਓ ! ਕੀ ਇਹ ਭੀ ਕੋਈ ਅਨੁਮਾਨ ਹੈ ਕਿ ਜੀਵ ਕਿਤਨੀ ਵਾਰ ਜੰਮਦੇ ਤੇ ਮਰਦੇ ਹਨ ?

1. **ਉ**:–ਹੇ ਭਾਈਓ ! (ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਆਤਮਾ ਤੇ ਸਰੀਰ ਇਕਠੇ ਹੋ ਕੇ ਵਿਛੜ ਜਾਂਦੇ ਹਨ, ਵਿਛੜ ਕੇ ਫਿਰ ਮਿਲਦੇ ਹਨ,
2. (ਭਾਵ) ਜੀਵ ਜੰਮਦੇ ਹਨ, ਮਰਦੇ ਹਨ।
3. ਹੇ ਪਿਆਰੇ ! ਇਹ ਜੰਮਣ ਮਰਨ ਦਾ ਸਿਲਸਿਲਾ ਇਤਨਾ ਲੰਮਾ ਹੁੰਦਾ ਹੈ ਕਿ ਜੀਵ ਇਸ ਗੇੜ ਵਿਚ ਕਈਆਂ ਦੇ ਪਿਓ ਤੇ ਕਈਆਂ ਦੇ ਪੁੱਤਰ ਬਣਦੇ ਹਨ, ਕਈ (ਵਾਰੀ) ਗੁਰੂ ਤੇ ਚੇਲੇ ਬਣਦੇ ਹਨ।
4. ਹੇ ਭਾਈ ! (ਅਸਲ ਵਿਚ) ਇਹ ਲੇਖਾ ਗਿਣਿਆ ਨਹੀਂ ਜਾ ਸਕਦਾ ਕਿ ਜੋ ਕੁਝ ਅਸੀਂ ਹੁਣ ਐਸ ਵੇਲੇ ਹਾਂ, ਇਸ ਤੋਂ ਪਹਿਲਾਂ ਅਸਾਡਾ ਕੀ ਜਨਮ ਸੀ ਅਤੇ ਅਗਾਹਾਂ ਕੀ ਹੋਵੇਗਾ।

ਪ੍ਰ:–ਗੁਰਦੇਵ ਜੀਓ ! ਆਖਰ ਇਸ ਰਚਨਾ ਬਾਰੇ ਸਾਨੂੰ ਕੀ ਸਮਝਣਾ ਚਾਹੀਦਾ ਹੈ ?

5. **ਉ**:–ਹੇ ਭਾਈਓ ! ਇਹ ਸਾਰਾ ਜਗਤ (ਰਚਨਾ ਰੂਪ ਲੇਖਾ ਜੋ ਲਿਖਿਆ ਜਾ ਰਿਹਾ ਹੈ, ਇਹ ਜੀਵਾਂ ਦੇ) ਕੀਤੇ ਕਰਮਾਂ ਅਨੁਸਾਰ ਲਿਖਿਆ ਜਾਂਦਾ ਹੈ, ਕਰਤਾਰ ਇਹ ਖੇਡ ਇਸ ਤਰ੍ਹਾਂ ਖੇਡੀ ਜਾ ਰਿਹਾ ਹੈ।

ਪ੍ਰ:–ਗੁਰਦੇਵ ਜੀਓ ! ਆਖਰ ਅੰਤ ਨੂੰ ਮਨਮੁਖ ਤੇ ਗੁਰਮੁਖ ਨੂੰ ਫਲ ਕੀ ਮਿਲਦਾ ਹੈ ?

6. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ ! ਮਨਮੁਖ ਇਸ ਜੰਮਣ ਮਰਨ ਤੇ ਗੇੜ ਵਿਚ ਪਿਆ ਰਹਿੰਦਾ ਹੈ ਤੇ ਗੁਰਮੁਖ ਇਸ ਤੋਂ ਪਾਰ ਲੰਘ ਜਾਂਦਾ ਹੈ, (ਕਿਉਂਕਿ) ਮਿਹਰ ਦਾ ਮਾਲਕ ਪ੍ਰਭੂ ਉਸ ਉਤੇ ਮਿਹਰ ਦੀ ਨਜ਼ਰ ਕਰਦਾ ਹੈ।੨।

ਭਾਵਾਰਥ :–ਜੀਵਾਂ ਦੇ ਜੰਮਣ ਮਰਨ ਦਾ ਗੇੜ ਅਨਾਦੀ ਕਾਲ ਤੋਂ ਹੀ ਚਲਿਆ ਆ ਰਿਹਾ ਹੈ, ਪਰ ਇਹ ਚੱਕਰ ਮਨਮੁਖਾਂ ਨੂੰ ਹੀ ਹੋਇਆ ਕਰਦਾ ਹੈ ਕਿਉਂਕਿ ਉਹ ਹਰ ਕੰਮ ਮਨ ਨੂੰ ਮੁਖੀ ਬਣਾ ਕੇ ਹੀ ਕਰਦੇ ਹਨ, ਗੁਰਮੁਖ ਇਸ ਜੰਮਣ ਮਰਨ ਦੇ ਚੱਕਰ ਤੋਂ ਨਿਕਲ ਜਾਂਦੇ ਹਨ, ਕਿਉਂਕਿ ਮਿਹਰਵਾਨ ਪ੍ਰਭੂ ਉਨ੍ਹਾਂ ਉਤੇ ਰਹਿਮ ਭਰੀਆਂ ਨਜ਼ਰਾਂ ਨਾਲ ਮਿਹਰ ਕਰਦਾ ਹੈ।

ਪਉੜੀ ॥

1. **ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥**
2. **ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥**
3. **ਪੁਤ੍ਰ ਕਲਤ੍ਰ ਮੋਹੁ ਹੇਤੁ ਹੈ**
ਸਭੁ ਦੁਖੁ ਸਬਾਇਆ ॥
4. **ਜਮ ਦਰਿ ਬਧੇ ਮਾਰੀਅਹਿ**
ਭਰਮਹਿ ਭਰਮਾਇਆ ॥
5. **ਮਨਮੁਖਿ ਜਨਮੁ ਗਵਾਇਆ**
ਨਾਨਕ ਹਰਿ ਭਾਇਆ ॥ ੩ ॥

ਪਦ ਅਰਥ :–ਮਨਮੁਖਿ–ਉਹ ਮਨੁੱਖ ਜਿਸ ਦਾ ਮੂੰਹ ਆਪਣੇ ਮਨ ਵਲ ਹੈ, ਜੋ ਆਪਣੇ ਮਨ ਦੇ ਪਿਛੇ ਲੱਗਦਾ ਹੈ, ਮਨ ਦਾ ਮੁਰੀਦ, ਆਪ ਹੁਦਰਾ ਮਨੁੱਖ। ਦੂਜਾ ਭਰਮੁ–(ਪ੍ਰਭੂ ਨੂੰ ਛੱਡ ਕੇ) ਹੋਰ ਪਾਸੇ ਦੀ ਭਟਕਣਾ, ਹੋਰ ਪਾਸੇ ਦੀ ਲਟਕ। ਦੂਜੈ–ਹੋਰ ਪਾਸੇ ਨੇ। ਲੋਭਾਇਆ–ਲੁਭਾ ਲਿਆ, ਭਰਮਾ ਲਿਆ। ਕੂੜੋ–ਕੂੜ ਹੀ। ਆਲਾਇਆ–ਬੋਲਦੇ ਹਨ। ਕਲਤ੍ਰ-ਇਸਤ੍ਰੀ। ਹੇਤੁ–ਹਿਤ। ਸਬਾਇਆ–ਸਾਰਾ। ਦਰਿ–ਦਰ ਤੇ, ਬੂਹੇ ਤੇ। ਮਾਰੀਅਹਿ–ਮਾਰੀਦੇ ਹਨ, ਮਾਰ ਖਾਂਦੇ ਹਨ। ਭਰਮਹਿ- ਭਟਕਦੇ ਹਨ, ਠੇਡੇ ਖਾਂਦੇ ਹਨ।

ਅਰਥ:–

ਪ੍ਰ:–ਗੁਰਦੇਵ ਜੀਓ ! ਮਨਮੁਖਾਂ ਦੀ ਪਛਾਣ ਕੀ ਹੈ ?

1. **ਉ**:–ਹੇ ਪਿਆਰੇ ਮਨ ਦੇ ਮੁਰੀਦ ਮਨੁੱਖ ਨੂੰ ਹੋਰ ਪਾਸੇ ਦੀ ਲਟਕ ਲੱਗੀ ਰਹਿੰਦੀ ਹੈ, ਉਨ੍ਹਾਂ ਨੂੰ ਹੋਰ ਹੋਰ ਪਾਸੇ ਨੇ ਭਰਮਾ ਲਿਆ ਹੁੰਦਾ ਹੈ।
2. ਉਹ ਝੂਠ ਤੇ ਠੱਗੀ ਕਮਾਂਦੇ ਹਨ ਤੇ ਝੂਠ ਹੀ (ਮੂੰਹੋਂ) ਬੋਲਦੇ ਹਨ।
3. ਹੇ ਭਾਈ ! (ਉਨ੍ਹਾਂ ਦੇ ਮਨ ਵਿਚ) ਪੁਤਰਾਂ ਦਾ ਮੋਹ ਪਿਅ ਰ (ਵੱਸਦਾ) ਹੈ, ਉਨ੍ਹਾਂ ਦੇ ਮਨ ਵਿਚ ਇਸਤ੍ਰੀ (ਵੱਸਦੀ) ਹੈ, ਇਹ ਰਸਤਾ ਨਿਰੋਲ ਦੁੱਖ ਦਾ ਹੀ (ਮੂਲ) ਹੈ।

4. ਹੇ ਭਾਈਓ ! (ਉਹ ਰੱਬ ਵਲੋਂ) ਭਰਮ ਵਿਚ ਪਾਏ ਹੋਏ ਮਨਮੁਖ ਠੇਡੇ ਖਾਂਦੇ ਹਨ, (ਮਾਨੋਂ) ਜਮ ਦੇ ਬੂਹੇ ਤੇ ਬਧੇ ਹੋਏ ਕੁੱਟ ਖਾ ਰਹੇ ਹਨ ।

ਪ੍ਰ:–ਗੁਰਦੇਵ ਜੀਓ ! ਉਹ ਮਨਮੁਖ ਸਮਝਦੇ ਕਿਉਂ ਨਹੀਂ, ਆਪਣੀ ਜ਼ਿੰਦਗੀ ਨੂੰ ਅਜਾਈਂ ਕਿਉਂ ਗਵਾ ਰਹੇ ਹਨ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਪ੍ਰਭ ਨੂੰ ਏਵੇਂ ਹੀ ਭਾਉਂਦਾ ਹੈ, ਉਹ ਮਨ ਦੇ ਮੁਰੀਦ ਮਨੁੱਖ (ਆਪਣੀ) ਜ਼ਿੰਦਗੀ ਅਜਾਈਂ ਗਵਾ ਲੈਂਦੇ ਹਨ ।੩।

ਭਾਵਾਰਥ :–ਹੇ ਭਾਈ ! ਅਸਲ ਵਿਚ ਇਹ ਖੇਡ ਭੀ ਉਸੇ ਦੀ ਹੈ ਕਿ ਕਿਸੇ ਮਨੁੱਖ ਨੂੰ ਉਸ ਨੇ ਗੁਰਮੁਖ ਬਣਾ ਦਿਤਾ ਹੈ ਜੋ ਕਿ ਗੁਰੂ ਦੇ ਸ਼ਬਦ ਦੀ ਬਰਕਤ ਨਾਲ ਪ੍ਰਭੂ ਨੂੰ ਮਨ ਵਿਚ ਵਸਾਂਦਾ ਹੈ ਪਰ ਕਈ ਮਨੁੱਖ ਮਨ ਦੇ ਮੁਰੀਦ ਹਨ ਉਹ ਸਦਾ ਕਪਟ ਦੀ ਕਮਾਈ ਕਰਦੇ ਹਨ ਤੇ ਪੁੱਤਰ ਇਸਤਰੀ ਦੇ ਮੋਹ ਵਿਚ ਫਸ ਕੇ ਭਟਕਦੇ ਦੁਖੀਏ ਰਹਿੰਦੇ ਹਨ। ਪਰ ਉਹ ਵੀਚਾਰੇ ਕਰਨ ਭੀ ਕੀ ? ਪ੍ਰਭੂ ਨੂੰ ਹੀ ਏਵੇਂ ਭਾਉਂਦਾ ਹੈ ।

ਸਲੋਕ ਮਹਲਾ ੨ ॥

1. ਜਿਨ ਵਡਿਆਈ ਤੇਰੇ ਨਾਮ ਕੀ
ਤੇ ਰਤੇ ਮਨ ਮਾਹਿ ॥
2. ਨਾਨਕ ਅੰਮ੍ਰਿਤੁ ਏਕੁ ਹੈ
ਦੂਜਾ ਅੰਮ੍ਰਿਤੁ ਨਾਹਿ ॥
3. ਨਾਨਕ ਅੰਮ੍ਰਿਤੁ ਮਨੈ ਮਾਹਿ
ਪਾਈਐ ਗੁਰ ਪਰਸਾਦਿ ॥
4. ਤਿਨ੍ਹੀ ਪੀਤਾ ਰੰਗ ਸਿਉ
ਜਿਨ੍ ਕਉ ਲਿਖਿਆ ਆਦਿ ॥ ੧ ॥

ਪਦ ਅਰਥ :–ਤੇ–ਉਹ ਮਨੁੱਖ । ਰਤੇ–ਰਤੇ, ਰੰਗੇ ਹੋਏ । ਅੰਮ੍ਰਿਤੁ–ਅਮਰ ਕਰਨ ਵਾਲਾ ਜਲ, ਆਤਮਕ ਜੀਵਨ ਦੇਣ ਵਾਲਾ ਜਲ । ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ । ਰੰਗ ਸਿਉ-ਮੌਜ ਨਾਲ, ਸੁਆਦ ਨਾਲ । ਆਦਿ–ਮੁੱਢ ਤੋਂ, ਧੁਰ ਤੋਂ । ੧ ।

ਅਰਥ :–

ਪ੍ਰ:–ਸ੍ਰੀ ਜੀਓ ! ਉਹ ਕੌਣ ਬੰਦੇ ਹਨ ਜੋ ਮਨ ਕਰਕੇ ਨਾਮ ਵਿਚ ਰੰਗੇ ਜਾਂਦੇ ਹਨ ?

1. ਉ:–ਹੇ ਭਾਈਓ ! ਮੈਂ ਤਾਂ ਇਉਂ ਹੀ ਅਨੁਭਵ ਕਰਦਾ ਹਾਂ ਕਿ ਹੇ ਪ੍ਰਭੂ ਜੀਓ ! ਜਿਨ੍ਹਾਂ ਮਨੁੱਖਾਂ ਨੂੰ ਤੇਰੇ ਨਾਮ ਦੀ ਸ਼ੋਭਾ (ਕਰਨ ਦੀ ਸੁਭਾਗਤਾ) ਮਿਲੀ ਹੈ, ਉਹ ਮਨੁੱਖ ਆਪਣੇ ਮਨ ਵਿਚ (ਤੇਰੇ ਨਾਮ ਰੰਗ ਨਾਲ) ਰੰਗੇ ਰਹਿੰਦੇ ਹਨ ।

ਪ੍ਰ:–ਗੁਰਦੇਵ ਜੀਓ ! ਉਨ੍ਹਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੁੰਦੀ ਹੈ ?

2. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! (ਉਨ੍ਹਾਂ ਲਈ) ਇਕ ਨਾਮ ਹੀ ਅੰਮ੍ਰਿਤ ਹੈ, ਹੋਰ ਕਿਸੇ ਚੀਜ਼ ਨੂੰ ਉਹ ਅੰਮ੍ਰਿਤ ਨਹੀਂ ਮੰਨਦੇ ।

ਪ੍ਰ:–ਸ੍ਰੀ ਜੀਓ ! ਇਹ ਨਾਮ ਅੰਮ੍ਰਿਤ ਮਿਲਦਾ ਕਿਥੋਂ ਹੈ ?

3. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈਓ ! ਇਹ ਨਾਮ ਅੰਮ੍ਰਿਤ (ਹਰੇਕ ਮਨੁੱਖ ਦੇ) ਮਨ ਵਿਚ ਹੀ ਹੈ, ਪਰ, ਇਹ ਮਿਲਦਾ ਹੈ ਗੁਰੂ ਦੀ ਕਿਰਪਾ ਨਾਲ ।

4. ਹੇ ਭਾਈ ! ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਹੀ ਲਿਖਿਆ ਹੋਇਆ ਹੈ, ਉਨ੍ਹਾਂ ਨੇ ਹੀ ਸੁਆਦ ਨਾਲ ਪੀਤਾ ਹੈ ।੧।

ਭਾਵਾਰਥ :–ਨਾਮ ਰੂਪੀ ਅੰਮ੍ਰਿਤ ਹੈ ਤਾਂ ਸਾਰਿਆਂ ਦੇ ਮਨ ਵਿਚ, ਪਰ ਇਸ ਨੂੰ ਗੁਰੂ ਦੀ ਮਿਹਰ ਨਾਲ ਹੀ ਪੀਤਾ ਜਾ ਸਕਦਾ ਹੈ । ਇਸ ਨੂੰ ਪੀਣ ਵਾਲੇ ਸਦਾ ਨਾਮ ਵਿਚ ਹੀ ਰਹਿੰਦੇ ਹਨ ।

ਮਹਲਾ ੨ ॥

1. ਕੀਤਾ ਕਿਆ ਸਾਲਾਹੀਐ
ਕਰੇ ਸੋਇ ਸਾਲਾਹਿ ॥
2. ਨਾਨਕ ਏਕੀ ਬਾਹਰਾ
ਦੂਜਾ ਦਾਤਾ ਨਾਹਿ ॥
3. ਕਰਤਾ ਸੋ ਸਾਲਾਹੀਐ
ਜਿਨਿ ਕੀਤਾ ਆਕਾਰੁ ॥
4. ਦਾਤਾ ਸੋ ਸਾਲਾਹੀਐ
ਜਿ ਸਭਸੈ ਦੇ ਆਧਾਰੁ ॥
5. ਨਾਨਕ ਆਪਿ ਸਦੀਵ ਹੈ
ਪੂਰਾ ਜਿਸੁ ਭੰਡਾਰੁ ॥
6. ਵਡਾ ਕਰਿ ਸਾਲਾਹੀਐ
ਅੰਤੁ ਨ ਪਾਰਾਵਾਰੁ ॥ ੨ ॥

ਪਦ ਅਰਥ :–ਕੀਤਾ–ਪੈਦਾ ਕੀਤਾ ਹੋਇਆ ਜੀਵ । ਕਰੇ–ਜੋ ਪੈਦਾ ਕਰਦਾ ਹੈ । ਸੋਇ–ਉਸੇ ਨੂੰ । ਏਕੀ ਬਾਹਰਾ–ਇਕ ਪ੍ਰਭੂ ਤੋਂ ਬਿਨਾਂ ।ਜਿਨਿ–ਜਿਸ (ਕਰਤਾਰ) ਨੇ । ਆਕਾਰੁ-ਇਹ ਦਿਸਦਾ ਜਗਤ । ਜਿ–ਜਿਹੜਾ । ਸਭਸੈ–ਸਭਨਾਂ ਨੂੰ । ਆਧਾਰੁ–ਆਸਰਾ । ਸਦੀਵ–ਸਦਾ ਹੀ (ਕਾਇਮ ਰਹਿਣ ਵਾਲਾ) । ਜਿਸੁ ਭੰਡਾਰੁ–ਜਿਸ ਦਾ ਖਜ਼ਾਨਾ । ਪਾਰਾਵਾਰੁ–ਪਾਰਲਾ ਤੇ ਉਰਲਾ ਬੰਨਾ [ਪਾਰ-ਅਵਾਰ] ।

ਅਰਥ :–

ਪ੍ਰ:–ਸ੍ਰੀ ਜੀਓ ! ਹਰ ਮਨੁੱਖ ਇਕ ਦੂਜੇ ਮਨੁੱਖ ਦੀ ਸਿਫਤ ਕਰਨ ਵਿਚ ਹੀ ਲੱਗਾ ਰਹਿੰਦਾ ਹੈ, ਪਰ ਦਸੋ, ਗੁਰਮਤਿ ਅਨੁਸਾਰ ਕਿਸ ਦੀ ਸ਼ਲਾਘਾ ਕਰਨੀ ਯੋਗ ਹੈ ?

1. ਉ:–ਹੇ ਭਾਈਓ ! (ਤੁਸੀਂ ਆਪ ਹੀ ਵੀਚਾਰ ਕਰੋ ਕਿ ਕਿਸੇ) ਪੈਦਾ ਕੀਤੇ ਹੋਏ ਜੀਵ ਦੀ ਵਡਿਆਈ ਕਰਨ ਦਾ ਕੀ ਲਾਭ ਹੈ ? (ਸਗੋਂ) ਉਸ (ਪ੍ਰਭੂ) ਦੀ ਸਿਫਤ ਸਲਾਹ ਕਰੋ, ਜੋ (ਸਭ ਨੂੰ ਪੈਦਾ) ਕਰਦਾ ਹੈ ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ ! ਉਸ ਇਕ ਪ੍ਰਭੂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੈ ।
3. (ਇਸ ਲਈ) ਜਿਸ ਕਰਤਾਰ ਨੇ ਇਹ ਸਾਰਾ ਜਗਤ ਬਣਾਇਆ ਹੈ, ਉਸੇ ਦੀ ਵਡਿਆਈ ਕਰੋ ।
4. ਉਸ ਇਕੋ ਦਾਤਾਰ ਦੇ ਗੁਣ ਗਾਓ, ਜੋ ਹਰੇਕ ਜੀਵ ਨੂੰ ਆਸਰਾ ਦੇਂਦਾ ਹੈ ।

ਪ੍ਰ:–ਗੁਰਦੇਵ ਜੀਓ, ਦਸੋ ਉਸ ਪ੍ਰਭੂ ਵਿਚ ਖਾਸ ਵਡਿਆਈ ਕੀ ਹੈ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਉਹ ਪ੍ਰਭੂ ਆਪ ਸਦਾ ਹੀ ਕਾਇਮ ਰਹਿਣ ਵਾਲਾ ਹੈ, ਉਸ ਦਾ ਖਜ਼ਾਨਾ ਭੀ ਸਦਾ ਹੀ ਭਰਿਆ ਰਹਿੰਦਾ ਹੈ ।
6. (ਇਸ ਲਈ) ਹੇ ਪਿਆਰੇ ! ਉਸ ਨੂੰ ਵੱਡਾ ਆਖੋ, ਉਸ ਦੀ ਵਦਿਆਈ ਕਰੋ, ਉਸ ਦੀ (ਵਡਿਆਈ) ਦਾ ਅੰਤ ਨਹੀਂ ਪੈ ਸਕਦਾ, ਉਰਲਾ ਪਰਲਾ ਬੰਨਾ ਲੱਭ ਨਹੀਂ ਸਕਦਾ ।੨।

ਭਾਵਾਰਥ :–ਕਰਤਾਰ ਦੇ ਕੀਤੇ ਹੋਏ ਜੀਵਾਂ ਦੀ ਸਿਫਤ ਕਰਨ ਵਲੋਂ ਵਰਜ ਕੇ, ਉਸੇ ਪ੍ਰਮੇਸ਼ਰ ਦੀ ਸਿਫਤ ਕਰਦੇ ਰਹਿਣ ਦੀ ਪ੍ਰੇਰਨਾ ਕਰਦੇ ਹਨ, ਕਿਉਂਕਿ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਆਸਰਾ ਰੂਪ ਨਹੀਂ ਹੈ, ਉਹ ਸਦਾ ਹੀ ਕਾਇਮ ਰਹਿਣ ਵਾਲਾ ਬੇਅੰਤ ਭੰਡਾਰਿਆਂ ਦਾ ਮਾਲਕ ਹੈ ।

ਪਉੜੀ ॥

1. ਹਰਿ ਕਾ ਨਾਮੁ ਨਿਧਾਨੁ ਹੈ
ਸੇਵਿਐ ਸੁਖੁ ਪਾਈ ॥
2. ਨਾਮੁ ਨਿਰੰਜਨ ਉਚਰਾਂ
ਪਤਿ ਸਿਉ ਘਰਿ ਜਾਂਈ ॥
3. ਗੁਰਮੁਖਿ ਬਾਣੀ ਨਾਮੁ ਹੈ
ਨਾਮੁ ਰਿਦੈ ਵਸਾਈ ॥
4. ਮਤਿ ਪੰਖੇਰੂ ਵਸਿ ਹੋਇ
ਸਤਿਗੁਰੂ ਧਿਆਈਂ ॥
5 ਨਾਨਕ ਆਪਿ ਦਇਆਲੁ ਹੋਇ
ਨਾਮੇ ਲਿਵ ਲਾਈ ॥ ੪ ॥

ਪਦ ਅਰਥ :– ਨਿਧਾਨੁ-ਖਜ਼ਾਨਾ । ਸੇਵਿਐ ਜੇ ਸੇਵੀਏ, ਜੇ ਸਿਮਰੀਏ । ਪਤਿ–ਇੱਜ਼ਤ । ਪੰਖੇਰੂ–ਪੰਛੀ । ਨਾਮੇ–ਨਾਮ ਵਿਚ ਹੀ । ਗੁਰਮੁਖਿ ਬਾਣੀ ਨਾਮੁ ਹੈ–ਗੁਰਮੁਖ ਦੀ ਬਾਣੀ ਪ੍ਰਭੂ ਦਾ ਨਾਮ ਹੈ, ਗੁਰਮੁਖ ਨਾਮ ਹੀ ਉਚਾਰਦਾ ਹੈ । ਗੁਰਮੁਖਿ-ਗੁਰੂ ਦੇ ਦਸੇ ਹੋਏ ਰਾਹ ਤੇ ਤੁਰਨ ਵਾਲਾ ਮਨੁੱਖ । ਵਸਿ–ਵੱਸ ਵਿਚ । ੨ ।

ਅਰਥ :–

ਪ੍ਰ:–ਗੁਰਦੇਵ ਜੀਓ ! ਕੋਈ ਐਸਾ ਸਾਧਨ ਦਸੋ ਜਿਸ ਦੀ ਬਰਕਤ ਨਾਲ ਸਾਰੇ ਹੀ ਸੁੱਖ ਹਾਸਲ ਹੋ ਸਕਣ ?

1. ਉ:–ਹੇ ਭਾਈ ! ਉਸ ਪ੍ਰਮਾਤਮਾ ਦਾ ਨਾਮ (ਸਾਰੇ ਸੁੱਖਾਂ ਦਾ) ਖਜ਼ਾਨਾ ਹੈ, ਜੇ ਨਾਮ ਸਿਮਰਦੇ ਰਹੀਏ ਤਾਂ ਸਾਰੇ ਹੀ ਸੁੱਖ ਪਾ ਲਏ ਜਾਂਦੇ ਹਨ ।
2. ਹੇ ਪਿਆਰੇ ! (ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ ਜੇ) ਮੈਂ ਮਾਇਆ ਰਹਿਤ ਪ੍ਰਭੂ ਦਾ ਨਾਮ ਸਿਮਰਾਂ ਤੇ ਇੱਜ਼ਤ ਨਾਲ ਆਪਣੇ ਘਰ ਵਿਚ ਜਾਵਾਂ ।
3. ਹੇ ਭ ਈ ! (ਗੁਰਮੁਖ ਦੀ ਸਦਾ ਇਹੀ ਤ ਘ ਹੁੰਦੀ ਹੈ) ਗੁਰਮੁਖ ਸਦਾ ਨਾਮ ਹੀ ਉਚਾਰਦਾ ਹੈ, ਤੇ ਨਾਮ ਹੀ ਹਿਰਦੇ ਵਿਚ ਵਸਾਂਦਾ ਹੈ ।
4, ਐ ਪਿਆਰੇ ! (ਜਿਉਂ ਜਿਉਂ) ਗੁਰੂ ਦੀ ਰਾਹੀਂ (ਗੁਰਮੁਖ) ਨਾਮ ਸਿਮਰਦਾ ਹੈ, ਪੰਛੀ (ਵਾਂਗ ਉਡਾਰੂ ਇਹ) ਮਤਿ (ਉਸ ਦੇ) ਵੱਸ ਵਿਚ ਆ ਜਾਂਦੀ ਹੈ ।

ਪ੍ਰ:–ਸ੍ਰੀ ਜੀਓ ! ਇਹ ਨਾਮ ਦੀ ਦਾਤ ਉਸ ਨੂੰ ਕਿਥੋਂ ਮਿਲਦੀ ਹੈ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! (ਗੁਰਮੁਖ ਉਤੇ) ਪ੍ਰਭੂ ਆਪ ਦਿਆਲ ਹੁੰਦਾ ਹੈ ਤੇ ਉਹ ਨਾਮ ਵਿਚ ਹੀ ਲਿਵ ਲਾਈ ਰਖਦਾ ਹੈ ।੪।

ਭਾਵਾਰਥ :–ਗੁਰਮੁਖ ਤਾਂਘ ਨਾਲ ਸਦਾ ਨਾਮ ਸਿਮਰਦਾ ਹੈ, ਤੇ ਮਨ ਪੰਛੀ ਨੂੰ ਸਦਾ ਵੱਸ ਵਿਚ ਰਖਦਾ ਹੈ, ਇਸ ਦੀ ਬਰਕਤ ਨਾਲ ਉਹ ਸੁੱਖ ਮਾਣਦਾ ਹੈ, ਕਿਉਂਕਿ ਨਾਮ ਹੀ ਸੁੱਖਾਂ ਦਾ ਖਜ਼ਾਨਾ ਹੈ ।

ਸਲੋਕ ਮਹਲਾ ੨ ॥

1. ਤਿਸੁ ਸਿਉ ਕੈਸਾ ਬੋਲਣਾ
ਜਿ ਆਪੇ ਜਾਣੈ ਜਾਣੁ ॥
2. ਚੀਰੀ ਜਾ ਕੀ ਨਾ ਫਿਰੈ
ਸਾਹਿਬੁ ਸੋ ਪਰਵਾਣੁ ॥
3. ਚੀਰੀ ਜਿਸ ਕੀ ਚਲਣਾ
ਮੀਰ ਮਲਕ ਸਲਾਰ ॥
4. ਜੋ ਤਿਸੁ ਭਾਵੈ ਨਾਨਕਾ
ਸਾਈ ਭਲੀ ਕਾਰ ॥
5. ਜਿਨ੍ਾ ਚੀਰੀ ਚਲਣਾ
ਹਥਿ ਤਿਨ੍ਾ ਕਿਛੁ ਨਾਹਿ ॥

6. **ਸਾਹਿਬ ਕਾ ਫੁਰਮਾਣੁ ਹੋਇ**
ਉਠੀ ਕਰਲੈ ਪਾਹਿ ॥
7. **ਜੇਹਾ ਚੀਰੀ ਲਿਖਿਆ**
ਤੇਹਾ ਹੁਕਮੁ ਕਮਾਹਿ ॥
8. **ਘਲੇ ਆਵਹਿ ਨਾਨਕਾ**
ਸਦੇ ਉਠੀ ਜਾਹਿ ॥ ੧ ॥

ਪਦ ਅਰਥ :—ਤਿਸੁ ਸਿਉ—ਉਸ (ਪ੍ਰਭੂ) ਨਾਲ। ਜਿ-ਜੋ। ਜਾਣੁ—ਅੰਤਰਯਾਮੀ। ਚੀਰੀ—ਚਿੱਠੀ, ਪ੍ਰਵਾਨਾ, ਹੁਕਮ। ਨ ਫਿਰੈ—ਮੋੜੀ ਨਹੀਂ ਜਾ ਸਕਦੀ। ਪਰਵਾਣੁ—ਮੰਨਿਆ ਪ੍ਰਮੰਨਿਆ। ਮੀਰ—ਪਾਤਸ਼ਾਹ। ਸਲਾਰ—ਫੌਜ ਦੇ ਸਰਦਾਰ। ਕਾਰ—ਕੰਮ। ਹਥਿ—ਹੱਥ ਵਿਚ, ਵੱਸ ਵਿਚ। ਕਰਲਾ—ਰਸਤਾ ਰਾਹ। ਕਰਲੈ—ਰਸਤੇ, ਰਸਤੇ ਤੇ। ਪਾਹਿ—ਪੈ ਜਾਂਦੇ ਹਨ।੧।

ਅਰਥ :—

ਪ੍ਰ:—ਕਿਉਂ ਜੀ, ਦਸੋ, ਕੀ ਆਪਣੇ ਦਿਲ ਦੀ ਹਾਲਤ ਉਸ ਸਾਈਂ ਜੀ ਦੇ ਸਨਮੁਖ ਹੋ ਦਸਦੇ ਨਹੀਂ ਰਹਿਣਾ ਚਾਹੀਦਾ?

1. ਉ:—ਹੇ ਭਾਈਓ! ਜੋ ਅੰਤਰਜਾਮੀਂ ਪ੍ਰਭੂ ਆਪ ਹੀ (ਹਰੇਕ ਦੇ ਦਿਲ ਦੀ) ਜਾਣਦਾ ਹੈ, ਉਸਦੇ ਅਗੇ ਬੋਲਣਾ ਫਬਦਾ ਨਹੀਂ (ਭਾਵ, ਉਸ ਦੇ ਅਗੇ ਬੋਲਿਆ ਨਹੀਂ ਜਾ ਸਕਦਾ)।
2. ਐ ਪਿਆਰੇ! ਉਹ ਮੰਨਿਆਂ ਪ੍ਰਮੰਨਿਆ ਮਾਲਕ ਹੈ, ਕਿਉਂ ਕਿ ਉਸਦਾ ਹੁਕਮ ਕੋਈ ਮੋੜ ਨਹੀਂ ਸਕਦਾ।
3. ਹੇ ਭਾਈ! ਪਾਤਸ਼ਾਹ ਮਾਲਕ ਤੇ ਫੌਜਾਂ ਦੇ ਸਰਦਾਰ ਸਭ ਨੂੰ ਉਸਦੇ ਹੁਕਮ ਵਿਚ ਤੁਰਨਾਂ ਪੈਂਦਾ ਹੈ।
4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਸ ਵਾਸਤੇ ਉਹੀ ਕੰਮ ਚੰਗਾ ਮੰਨਣਾ ਚਾਹੀਦਾ ਹੈ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ।

ਪ੍ਰ:—ਗੁਰਦੇਵ ਜੀਉ! ਸਾਰੇ ਹੀ ਜੀਵ ਉਸਦੇ ਮਾਰਗ ਤੇ ਕਿਉਂ ਨਹੀਂ ਚਲਦੇ?

5. ਉ:—ਹੇ ਭਾਈ! ਅਸਲ ਵਿਚ ਇਨ੍ਹਾਂ ਜੀਵਾਂ ਦੇ ਵੱਸ ਵਿਚ ਕੁਝ ਨਹੀਂ ਕਿਉਂਕਿ ਇਨ੍ਹਾਂ ਨੇ ਤਾਂ ਉਸਦੇ ਹੁਕਮ ਵਿਚ ਹੀ ਤੁਰਨਾ ਹੈ।
6. ਹੇ ਪਿਆਰੇ! (ਜਿਸ ਵੇਲੇ) ਮਾਲਕ ਦਾ ਹੁਕਮ ਹੁੰਦਾ ਹੈ (ਇਹ ਜੀਵ) ਉੱਠਕੇ ਰਾਹੇ ਪੈ ਜਾਂਦੇ ਹਨ।
7. ਜਿਹੋ ਜਿਹਾ ਹੁਕਮ ਲਿਖਿਆ ਹੋਇਆ ਆਉਂਦਾ ਹੈ, (ਜੀਵ) ਉਸੇ ਤਰ੍ਹਾਂ ਹੁਕਮ ਦੀ ਪਾਲਣਾ ਕਰਦੇ ਹਨ।
8. ਕਥਨ ਕਰਦੇ ਹਨ (ਗੁਰੂ)ਨਾਨਕ ਦੇਵ ਜੀ ਕਿ ਐ ਪਿਆਰੇ! ਉਸ ਮਾਲਕ ਦੇ ਭੇਜੇ ਹੋਏ (ਇਥੇ ਜਗਤ ਵਿਚ) ਆ ਜਾਂਦੇ ਹਨ ਤੇ ਉਸਦੇ ਬੁਲਾਏ ਹੋਏ (ਇਥੋਂ) ਉੱਠ ਤੁਰ ਪੈਂਦੇ ਹਨ।੧।

ਭਾਵਾਰਥ :—ਅਸਲ ਮਾਲਕ ਉਹ ਹੈ ਜਿਸ ਦਾ ਹੁਕਮ ਸਭ ਦੇ ਉਤੇ ਹੈ। ਉਸੇ ਦੀ ਸਿਫ਼ਤ ਕਰਨੀ ਚਾਹੀਏ, ਇਹ ਸਿਫਤ ਜਿਨ੍ਹਾਂ ਨੂੰ ਮਿਲਦੀ ਹੈ, ਉਹੀ ਹਰੀ ਦੇ ਭੰਡਾਰੀ, ਹਨ ਜਿਨ੍ਹਾਂ ਦੇ ਭੰਡਾਰ ਵਿਚੋਂ ਕਈ ਹੋਰ ਭੀ ਵਰੋਸਾਉਂਦੇ ਹਨ।

ਮਹਲਾ ੨ ॥

1. **ਸਿਫਤਿ ਜਿਨਾ ਕਉ ਬਖਸੀਐ**
ਸੇਈ ਪੋਤੇਦਾਰ ॥
2. **ਕੁੰਜੀ ਜਿਨ ਕਉ ਦਿਤੀਆ**
ਤਿਨ੍ਾ ਮਿਲੇ ਭੰਡਾਰ ॥
3. **ਜਹ ਭੰਡਾਰੀ ਹੂ ਗੁਣ ਨਿਕਲਹਿ**
ਤੇ ਕੀਅਹਿ ਪਰਵਾਣੁ ॥
4. **ਨਦਰਿ ਤਿਨ੍ਾ ਕਉ ਨਾਨਕਾ**
ਨਾਮੁ ਜਿਨ੍ਾ ਨੀਸਾਣੁ ॥ ੨ ॥

ਪਦ ਅਰਥ :—ਬਖਸੀਐ—ਬਖਸੀ ਜਾਂਦੀ ਹੈ, ਬਖਸ਼ੀਸ ਵਜੋਂ ਮਿਲਦੀ ਹੈ। ਪੋਤੇਦਾਰ—ਖਜ਼ਾਨਚੀ। ਭੰਡਾਰ—ਖ਼ਜ਼ਾਨੇ। ਜਿਹ ਭੰਡਾਰੀ ਹੂ—ਜਿਨ੍ਹਾਂ (ਹਿਰਦੇ ਰੂਪ) ਭੰਡਾਰਿਆਂ ਵਿਚੋਂ। ਨਿਕਲਹਿ—ਪ੍ਰਗਟ ਹੁੰਦੇ ਹਨ। ਤੇ—ਉਹ (ਹਿਰਦੇ)। ਕੀਅਹਿ—ਕੀਤੇ ਜਾਂਦੇ ਹਨ। ਪਰਵਾਣੁ—ਕਬੂਲ। ਨਦਰਿ—ਮੇਹਰ ਦੀ ਨਿਗਾਹ। ਨੀਸਾਣੁ—ਝੰਡਾ।੨।

ਅਰਥ :—

ਪ੍ਰ:—ਗੁਰਦੇਵ ਜੀਉ! ਸੰਸਾਰੀ ਲੋਕਾਂ ਦੀ ਦ੍ਰਿਸ਼ਟੀ ਵਿਚ ਤਾਂ ਉਹੀ ਮਨੁੱਖ ਵਡੇ ਖਜ਼ਾਨਿਆਂ ਦੇ ਮਾਲਕ ਮੰਨੇ ਜਾਂਦੇ ਹਨ, ਜੋ ਵਧੇਰੇ ਧਨਾਢ ਲੋਕ ਹਨ? ਪਰ ਕੀ ਗੁਰਮਤਿ ਭੀ ਇਸੇ ਖਿਆਲ ਨਾਲ ਸਹਿਮਤ ਹੈ?

1. ਉ:—ਹੇ ਭਾਈ! ਗੁਰਮਤਿ ਅਨੁਸਾਰ ਤਾਂ ਉਹੀ ਮਨੁੱਖ ਅਸਲ ਖਜ਼ਾਨਿਆਂ ਦੇ ਮਾਲਕ (ਮੰਨੇ) ਜਾਂਦੇ ਹਨ, ਜਿਨ੍ਹਾਂ ਨੂੰ ਪ੍ਰਭੂ ਦੀ ਸਿਫਤ ਸਾਲਾਹ (ਪ੍ਰਭੂ ਦੇ ਦਰ ਤੋਂ) ਬਖਸ਼ੀਸ਼ ਵਜੋਂ ਮਿਲੀ ਹੈ।

ਪ੍ਰ:—ਸ੍ਰੀ ਜੀਉ! ਆਖਰ ਇਹ ਸਿਫਤ ਸਾਲਾਹ ਦੇ ਖ਼ਜ਼ਾਨੇ ਮਿਲਦੇ ਕਿਸਨੂੰ ਹਨ?

2. ਉ:—ਹੇ ਭਾਈ! ਜਿਨ੍ਹਾਂ ਨੂੰ ਪ੍ਰਭੂ (ਨਾਮ ਦੇ ਖ਼ਜ਼ਾਨੇ ਦੀ)ਕੁੰਜੀ ਆਪ ਦੇਂਦਾ ਹੈ ਉਨ੍ਹਾਂ ਨੂੰ ਸਿਫਤ ਸਾਲਾਹ ਦੇ ਖ਼ਜ਼ਾਨਿਆਂ ਦੇ ਖ਼ਜ਼ਾਨੇ ਮਿਲ ਜਾਂਦੇ ਹਨ।
3. (ਫਿਰ ਇਸ ਸਿਫਤ ਸਾਲਾਹ ਦੀ ਬਰਕਤ ਨਾਲ) ਜਿੰਨਾਂ (ਹਿਰਦੇ ਰੂਪ) ਖ਼ਜ਼ਾਨਿਆਂ ਵਿਚ (ਪ੍ਰਭੂ ਦੇ) ਗੁਣ ਨਿਕਲਦੇ ਹਨ ਉਹ (ਪ੍ਰਭੂ ਦੇ ਦਰ ਤੇ) ਕਬੂਲ ਕੀਤੇ ਜਾਂਦੇ ਹਨ।

ਪ੍ਰ:—ਗੁਰਦੇਵ ਜੀਉ! ਆਖਰ ਪ੍ਰਭੂ ਦੀ ਮੇਹਰ ਹੁੰਦੀ ਕਿਸ ਤੇ ਹੈ?

4. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਐ ਪਿਆਰੇ) ਜਿਨ੍ਹਾਂ ਦੇ ਪਾਸ ਪ੍ਰਭੂ ਦਾ ਨਾਮ (ਰੂਪ) ਝੰਡਾ ਹੈ, ਉਨ੍ਹਾਂ ਉਤੇ ਮੇਹਰ ਦੀ ਨਿਗਾਹ ਹੁੰਦੀ ਹੈ।੨।

ਭਾਵਾਰਥ :—ਸੰਸਾਰੀ ਲੋਕਾਂ ਦੀ ਨਿਗਾਹ ਵਿਚ ਭਾਵੇਂ ਦੁਨਿਆਵੀ ਧਨੀ ਲੋਕਾਂ ਨੂੰ ਖ਼ਜ਼ਾਨਿਆਂ ਦੇ ਮਾਲਕ ਮੰਨਦੇ ਹਨ ਪਰ ਗੁਰਮਤਿ ਅਨੁਸਾਰ ਉਹੀ ਬੰਦੇ ਸਚੇ ਸੁੱਚੇ ਖ਼ਜ਼ਾਨਿਆਂ ਦੇ ਮਾਲਕ ਹਨ ਜਿਨ੍ਹਾਂ ਦੇ ਪਾਸ ਉਸ ਪ੍ਰਭੂ ਦੀ ਸਿਫਤ ਸਾਲਾਹ ਦੇ ਭੰਡਾਰੇ ਭਰੇ ਹੋਏ ਹਨ।

ਪਉੜੀ ॥

1. **ਨਾਮੁ ਨਿਰੰਜਨੁ ਨਿਰਮਲਾ**
   ਸੁਣਿਐ ਸੁਖੁ ਹੋਈ ॥
2. **ਸੁਣਿ ਸੁਣਿ ਮੰਨਿ ਵਸਾਈਐ**
   ਬੂਝੈ ਜਨੁ ਕੋਈ ॥
3. **ਬਹਦਿਆ ਉਠਦਿਆ ਨ ਵਿਸਰੈ**
   ਸਾਚਾ ਸਚੁ ਸੋਈ ॥
4. **ਭਗਤਾ ਕਉ ਨਾਮ ਅਧਾਰੁ ਹੈ**
   ਨਾਮੇ ਸੁਖੁ ਹੋਈ ॥
5. **ਨਾਨਕ ਮਨਿ ਤਨਿ ਰਵਿ ਰਹਿਆ**
   ਗੁਰਮੁਖਿ ਹਰਿ ਸੋਈ ॥ ੫ ॥

ਪਦ ਅਰਥ :—ਨਿਰੰਜਨੁ—[ਨਿਰ+ਅੰਜਨ] ਮਾਇਆ ਰਹਿਤ। ਨਿਰਮਲਾ—ਮਲ ਰਹਿਤ, ਪਰਵਿਤ੍ਰ। ਸੁਣਿਐ—ਜੇ ਸੁਣੀਏ। ਮੰਨਿ—ਮਨਿ, ਮਨ ਵਿਚ। ਜਨੁ ਕੋਈ—ਕੋਈ (ਵਿਰਲਾ) ਮਨੁੱਖ। ਅਧਾਰੁ—ਆਸਰਾ। ਨਾਮੇ—ਨਾਮ ਵਿਚ ਹੀ। ਗੁਰਮੁਖਿ ਮਨਿ ਤਨਿ—ਗੁਰਮੁਖ ਦੇ ਮਨ ਵਿਚ ਤੇ ਤਨ ਵਿਚ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਰਵਿ ਰਹਿਆ—ਵਸਿਆ ਰਹਿੰਦਾ ਹੈ।੫।

ਅਰਥ :—

ਪ੍ਰ:—ਸ੍ਰੀ ਗੁਰਦੇਵ ਜੀਉ ! ਦਸੋ ਪੂਰਨ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

1. **ਉ:**—ਹੇ ਭਾਈਓ ! ਅਸਲ ਵਿਚ ਪ੍ਰਭੂ ਦਾ ਨਾਮ ਮਾਇਆ (ਦੇ ਪ੍ਰਭਾਵ ਤੋਂ) ਰਹਿਤ ਹੈ ਤੇ ਪਵਿਤ੍ਰ ਹੈ, ਜੇ ਇਹ ਨਾਮ ਸੁਣੀਏ (ਭਾਵ, ਜੇ ਇਸ ਨਾਮ ਵਿਚ ਸੁਰਤ ਜੋੜੀਏ।)
2. ਤੇ ਸੁਰਤ ਜੋੜ ਜੋੜ ਕੇ ਮਨ ਵਿਚ ਵਸਾ ਲਈਏ ਤਾਂ ਸੁਖ ਪ੍ਰਾਪਤ ਹੁੰਦਾ ਹੈ, ਪਰ ਕੋਈ ਵਿਰਲਾ ਮਨੁੱਖ ਇਸ ਗੱਲ ਨੂੰ ਸਮਝਦਾ ਹੈ।

ਪ੍ਰ:—ਕਿਉਂ ਜੀ, ਆਖਰ ਇਸ ਗੱਲ ਨੂੰ ਸਮਝ ਲੈਣ ਵਾਲੇ ਮਨੁੱਖ ਦੀ ਮਾਨਸਿਕ ਅਵਸਥਾ ਕਿਸ ਪ੍ਰਕਾਰ ਦੀ ਹੋ ਜਾਂਦੀ ਹੈ ?

3. **ਉ:**—ਹੇ ਭਾਈ ! (ਜੋ ਗੁਰਮੁਖ ਇਹ ਗੱਲ ਸਮਝ ਲੈਂਦਾ ਹੈ ਉਸਨੂੰ) ਉਹ ਸਦਾ ਕਾਇਮ ਰਹਿਣ ਵਾਲਾ ਸਚਾ ਪ੍ਰਭੂ ਬੈਠਦਿਆਂ ਉਠਦਿਆਂ ਕਦੇ ਭੀ ਭੁੱਲਦਾ ਨਹੀਂ।
4. ਐ ਪਿਆਰੇ ! ਉਨ੍ਹਾਂ ਗੁਰਮੁਖਾਂ ਭਗਤਾਂ ਨੂੰ (ਆਤਮਕ ਜੀਵਨ ਲਈ) ਨਾਮ ਦਾ ਆਸਰਾ ਹੋ ਜਾਂਦਾ ਹੈ, ਨਾਮ ਵਿਚ ਜੁੜਿਆਂ ਹੀ ਉਨ੍ਹਾਂ ਨੂੰ ਸੁਖ (ਪ੍ਰਤੀਤ) ਹੁੰਦਾ ਹੈ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਗੁਰਮੁਖ ਦੇ ਮਨ ਵਿਚ ਤੇ ਤਨ ਵਿਚ ਉਹ ਪ੍ਰਭੂ ਸਦਾ ਹੀ ਵਸਿਆ ਰਹਿੰਦਾ ਹੈ।੫।

ਭਾਵਾਰਥ :—ਗੁਰਮੁਖ ਮਨੁੱਖ ਬੈਠਦਿਆਂ ਉਠਦਿਆਂ ਹਰ ਵੇਲੇ ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜੀ ਰੱਖਦਾ ਹੈ, ਨਾਮ ਉਸਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ ਤੇ ਨਾਮ ਵਿਚ ਜੁੜਿਆਂ ਹੀ ਉਸਨੂੰ ਸੁਖ ਪ੍ਰਤੀਤ ਹੁੰਦਾ ਹੈ।

ਸਲੋਕ ਮਹਲਾ ੧ ॥

1. **ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥**
2. **ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥**
3. **ਵਡਾ ਆਖਣੁ ਭਾਰਾ ਤੋਲੁ ॥**
4. **ਹੋਰ ਹਉਲੀ ਮਤੀ ਹਉਲੇ ਬੋਲ ॥**
5. **ਧਰਤੀ ਪਾਣੀ ਪਰਬਤ ਭਾਰੁ ॥**
6. **ਕਿਉ ਕੰਡੈ ਤੋਲੈ ਸੁਨਿਆਰੁ ॥**
7. **ਤੋਲਾ ਮਾਸਾ ਰਤਕ ਪਾਇ ॥**
8. **ਨਾਨਕ ਪੁਛਿਆ ਦੇਇ ਪੁਜਾਇ ॥**
9. **ਮੂਰਖ ਅੰਧਿਆ ਅੰਧੀ ਧਾਤੁ ॥**
10. **ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥**

ਪਦ ਅਰਥ :—ਤੁਲੀਅਹਿ—ਤੋਲੇ ਜਾਂਦੇ ਹਨ, ਤੁਲਦੇ ਹਨ। ਤੋਲ—ਤੁਲੀਅਹਿ—ਤੋਲ ਤੋਲੇ ਜਾਂਦੇ ਹਨ, ਤੋਲ ਪੂਰੇ ਉਤਰਦੇ ਹਨ। ਜੀਉ—ਜਿੰਦ, ਆਪਾ। ਪਿਛੈ—ਪਿਛਲੇ ਛਾਬੇ ਵਿਚ, ਤਕੜੀ ਦੇ ਦੂਜੇ ਛਾਬੇ ਵਿਚ। ਬੋਲ—ਬਚਨ, ਪ੍ਰਭੂ ਦੀ ਸਿਫਤ ਸਲਾਹ ਦਾ ਬਚਨ। ਇਕਸੁ ਬੋਲ ਨ ਪੁਜਹਿ—ਸਿਫਤ ਸਾਲਾਹ ਦੇ ਇਕ ਬਚਨ ਨਾਲ ਸਾਵੇਂ ਨਹੀਂ ਹੋ ਸਕਦੇ। ਪੂਰੇ—ਪੂਰੇ ਪ੍ਰਭੂ ਨੂੰ। ਪੂਰਾ ਕਰਿ—ਤੋਲ ਸਾਵਾਂ ਕਰ ਕੇ। ਵਡਾ ਆਖਣੁ—ਪ੍ਰਭੂ ਨੂੰ ਵਡਾ ਆਖਣਾ, ਪ੍ਰਭੂ ਦੀ ਸਿਫਤ ਸਾਲਾਹ ਕਰਨੀ। ਭਾਰਾ ਤੋਲੁ—ਵਜ਼ਨਦਾਰ ਸ਼ੈ। ਕੰਡੈ—ਕੰਡੇ ਉਤੇ। ਪਾਇ—ਪਾ ਕੇ, ਰੱਖ ਕੇ। ਦੇਇ ਪੁਜਾਇ—ਪੂਰਾ ਕਰ ਵਖਾਂਦਾ ਹੈ, ਘਰ ਪੂਰਾ ਕਰ ਦੇਂਦਾ ਹੈ। ਧਾਤੁ—ਦੌੜ ਭੱਜ। ਅੰਧੀ ਧਾਤੁ—ਅੰਨ੍ਹਿਆਂ ਵਾਲੀ ਦੌੜ ਭੱਜ। ਕਹਾਇਨਿ—ਅਖਵਾਂਦੇ ਹਨ। ਆਪੁ—ਆਪਣੇ ਆਪ ਨੂੰ। ਕਹਿ ਕਹਿ ਕਹਣੁ—ਆਖ ਆਖ ਕੇ ਆਖਣਾ, ਮੁੜ ਮੁੜ ਆਖਣਾ।੧।

ਅਰਥ :—

ਪ੍ਰ:—ਗੁਰਦੇਵ ਜੀਉ ! ਇਸ ਮਨੁਖਾ ਜਨਮ ਦੀ ਪ੍ਰਵਾਨਗੀ ਕਿਵੇਂ ਸਮਝੀ ਜਾ ਸਕੇ ?

1. **ਉ:**—ਕਥਨ ਕਰਦੇ ਹਨ ਗੁਰੂ ਨਾਨਕ ਦੇਵ ਜੀ, ਕਿ ਹੇ ਭਾਈ ! ਜੇ ਤਕੜੀ ਦੇ ਦੂਜੇ ਛਾਬੇ ਵਿਚ ਜਿੰਦ ਰੱਖ ਦੇਈਏ, ਤਾਂ ਤੋਲ ਸਾਵੇਂ ਉਤਰਦੇ ਹਨ (ਭਾਵ ਮਨੁਖਾ ਜਨਮ ਦੀ

ਪ੍ਰਵਾਨਗੀ ਦਾ ਇਕੋ ਹੀ ਮਾਪ ਹੈ ਕਿ ਆਪਾ ਭਾਵ ਵਾਰਿਆ ਜਾਏ)।

2. ਹੇ ਪਿਆਰੇ! ਜੇ ਮਨੁੱਖ ਪ੍ਰਭੂ ਦੀ ਸਿਫਤ ਸਾਲਾਹ ਦੀ ਰਾਹੀਂ ਮਨੁੱਖ ਜੀਵਨ ਦੀ ਪ੍ਰਵਾਨਗੀ ਵਾਲੇ ਤੋਲ ਨਾਲ ਆਪਣੇ ਆਪ ਨੂੰ ਸਾਵਾਂ ਕਰਕੇ (ਪ੍ਰਭੂ ਨੂੰ) ਮਿਲ ਪਏ ਤਾਂ ਸਿਫਤ ਸਾਲਾਹ ਦੇ ਸ਼ਬਦ ਨਾਲ ਹੋਰ ਕੋਈ ਉਦਮ ਸਾਵੇਂ ਨਹੀਂ ਹੋ ਸਕਦੇ ਭਾਵ, ਸਿਫਤ ਸਾਲਾਹ ਨੂੰ ਹੋਰ ਕੁਝ ਨਹੀਂ ਅਪੜ ਸਕਦਾ ਜਿਹੜਾ ਕਿ ਪੂਰੇ ਹਰੀ ਨੂੰ ਮਿਲਾ ਦੇਂਦਾ ਹੈ।
3. ਹੇ ਭਾਈ! ਪ੍ਰਭੂ ਦੀ ਸਿਫਤ ਸਾਲਾਹ ਵਜ਼ਨਦਾਰ ਹੈ, (ਜਿਸ ਨਾਲ ਜਿੰਦ ਵਾਲਾ ਛਾਬਾ ਪ੍ਰਵਾਨਗੀ ਵਾਲੇ ਤੋਲ ਨਾਲ ਸਾਵਾਂ ਹੋ ਜਾਂਦਾ ਹੈ)।
4. (ਸਿਫਤ ਸਾਲਾਹ ਤੋਂ ਬਿਨਾ) ਹੋਰ ਮਤਾਂ ਹੌਲੀਆਂ ਤੇ ਹੋਰ ਬਚਨ ਭੀ ਹੌਲੇ ਹਨ।
5. ਇਨ੍ਹਾਂ ਦੀ ਮਦਦ ਨਾਲ ਜਿੰਦ ਵਾਲਾ ਛਾਬਾ ਪੂਰਾ ਨਹੀਂ ਉੱਤਰ ਸਕਦਾ (ਭਲਾ ਕੋਈ) ਸੁਨਿਆਰਾ ਤੋਲੇ ਮਾਸੇ ਰਤਕਾਂ ਪਾ ਕੇ ਧਰਤੀ ਪਾਣੀ ਤੇ ਪ੍ਰਬਤਾਂ ਦੇ ਭਾਰ ਨੂੰ (ਛੋਟੇ
6. ਜਿਹੇ ਤਰਾਜ਼ੂ ਵਿਚ ਕਿਵੇਂ ਤੋਲ ਸਕਦਾ ਹੈ? ਇਹੀ ਹਾਲ ਹੋਰ ਮਤਾਂ ਤੇ ਗਲਾਂ ਦਾ ਸਮਝੋ, ਜੋ ਮਾਨੋਂ, ਤੋਲੇ ਮਾਸੇ ਤੇ ਰਤਕਾਂ ਹੀ ਹਨ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਜੇ ਸੁਨਿਆਰੇ ਨੂੰ ਪੁਛੀਏ ਤਾਂ (ਗੱਲਾਂ ਨਾਲ) ਘਰ ਪੂਰਾ ਕਰ ਦੇਂਦਾ ਹੈ।
8. (ਅੰਨ੍ਹੇ ਮੂਰਖ ਲੋਕ ਪ੍ਰਭੂ ਦੀ ਸਿਫਤ ਸਾਲਾਹ ਛੱਡਕੇ) ਆਪਣੇ ਆਪ ਨੂੰ ਵੱਡਾ ਅਖਵਾਉਂਦੇ ਹਨ।
9. ਤੇ ਮੁੜ ਮੁੜ ਆਪਣੇ ਆਪ ਨੂੰ ਚੰਗਾ ਆਖਣਾ ਸਮਝੋ।
10. ਮੂਰਖ ਅੰਨ੍ਹਿਆਂ ਦੀ ਅੰਨ੍ਹਿਆਂ ਵਾਲੀ ਦੌੜ ਭੱਜ ਹੈ (ਭਾਵ ਠੇਡੇ ਖਾ ਕੇ ਸਟਾਂ ਹੀ ਲਵਾਉਂਦੇ ਹਨ ।੧।

ਭਾਵਾਰਥ :—ਕਰਮ ਕਾਂਡ ਨਾਲ ਪੂਰੀ ਨਹੀਂ ਪੈਂਦੀ, ਦਿਲ ਦੀ ਲਗਨ ਚਾਹੀਦੀ ਹੈ, ਜਿਸ ਨਾਲ ਹਰੀ ਨਾਲ ਮਿਲਣ ਵਾਲੇ ਸ਼ਬਦ ਦੀ ਕਮਾਈ ਲੋੜੀਂਦੀ ਹੈ।

ਮਹਲਾ ੧ ॥

1. ਆਖਣਿ ਅਉਖਾ ਸੁਨਣਿ ਅਉਖਾ
ਆਖਿ ਨ ਜਾਪੀ ਆਖਿ ॥
2. ਇਕਿ ਆਖਿ ਆਖਹਿ ਸਬਦੁ ਭਾਖਹਿ
ਅਰਧ ਉਰਧ ਦਿਨੁ ਰਾਤਿ ॥
3. ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥
4. ਸਭਿ ਕਾਰਣ ਕਰਤਾ ਕਰੇ
ਘਟ ਅਉਘਟ ਘਟ ਥਾਪਿ ॥
5. ਆਖਣਿ ਅਉਖਾ ਨਾਨਕਾ
ਆਖਿ ਨ ਜਾਪੈ ਆਖਿ ॥੨॥

ਪਦ ਅਰਥ :—ਆਖਣਿ ਅਉਖਾ ਸੁਨਣਿ ਅਉਖਾ—ਆਖਣਿ ਸੁਨਣਿ ਅਉਖਾ, (ਪ੍ਰਭੂ ਦਾ ਸਰੂਪ) ਕਿਸੇ ਤਰ੍ਹਾਂ ਭੀ ਬਿਆਨ ਕਰਨਾ ਮੁਸ਼ਕਿਲ ਹੈ। ਆਖ ਨ ਜਾਪੀ ਆਖਿ—ਆਖਿ ਆਖਿ ਨ ਜਾਪੀ। ਨਾ ਜਾਪੀ—ਜਾਪਦਾ ਨਹੀਂ, ਅਨਭਵ ਨਹੀਂ ਹੁੰਦਾ, ਸਮਝ ਵਿਚ ਨਹੀਂ ਆਉਂਦਾ। ਆਖਿ ਆਖਿ—ਮੁੜ ਮੁੜ ਬਿਆਨ ਕਰਕੇ ਭੀ। ਇਕਿ—ਕਈ ਜੀਵ। ਆਖਿ ਆਖਹਿ—ਆਖਕੇ ਆਖਦੇ ਹਨ, ਮੁੜ ਮੁੜ ਬਿਆਨ ਕਰਦੇ ਹਨ। ਭਾਖਹਿ—ਉਚਾਰਦੇ ਹਨ। ਅਰਧ—ਹੇਠਾਂ। ਉਰਧ—ਉਤਾਹਾਂ। ਅਰਧ ਉਰਧ—ਹੇਠਾਂ ਉਤਾਹਾਂ ਹੋ ਕੇ, ਬੜੀ ਮਿਹਨਤਿ ਨਾਲ। ਕਿਹੁ—ਕੁੱਝ, ਕੋਈ (ਪੰਜ ਤੱਤੀ) ਸਰੂਪ। ਨ ਜਾਪੈ—ਨਹੀਂ ਦਿੱਸਦਾ। ਸਭਿ—ਸਾਰੇ। ਅਉਘਟਿ—ਔਖੇ। ਘਟ—ਗਾਂ। ਥਾਪਿ—ਥਾਪ ਕੇ, ਬਣਾ ਕੇ ।੨।

ਅਰਥ:—

ਪ੍ਰ:—ਗੁਰਦੇਵ ਜੀਉ! ਜਿਸ ਪ੍ਰਮਾਤਮਾਂ ਦਾ ਆਪ ਜੀ ਬਿਆਨ ਕਰਦੇ ਆ ਰਹੇ ਹੋ, ਉਸ ਦਾ ਸਰੂਪ ਭੀ ਉਚਾਰਨ ਕਰੋ?

1.**ਉ:**—ਹੇ ਭਾਈ! (ਉਸ ਪ੍ਰਮਾਤਮਾਂ ਦਾ ਸਰੂਪ) ਕਿਸੇ ਤਰ੍ਹਾਂ ਭੀ ਬਿਆਨ ਕਰਨਾਂ ਅਉਖਾ ਹੈ, ਮੁੜ ਮੁੜ ਬਿਆਨ ਕਰਨ ਨਾਲ ਭੀ ਸਮਝ ਵਿਚ ਨਹੀਂ ਆਉਂਦਾ।

ਪ੍ਰ:—ਸ੍ਰੀ ਜੀਉ! ਬਹੁਤੇ ਲੋਕ ਦਿਨੇ ਰਾਤ ਉਸਨੂੰ ਆਖਦੇ ਹੀ ਰਹਿੰਦੇ ਹਨ, ਕੀ ਉਹ ਭੀ ਨਹੀਂ ਆਖ ਸਕਦੇ?

2.**ਉ:**—ਹੇ ਭਾਈਓ! ਇਹ ਠੀਕ ਹੈ ਕਿ, ਕਈ ਲੋਕ (ਉਸ ਪ੍ਰਭੂ ਦਾ ਸਰੂਪ ਬੜੀ ਮਿਹਨਤ ਨਾਲ ਦਿਨ ਰਾਤ (ਲਗ ਕੇ) ਮੁੜ ਮੁੜ ਬਿਆਨ ਕਰਦੇ ਹਨ (ਤੇ ਸਰੂਪ ਦਸਣ ਵਾਲਾ) ਲਫਜ਼ ਬੋਲਦੇ ਹਨ।

3. ਪਰ, ਹੇ ਭਾਈ! ਜੇ ਕੋਈ (ਪੰਜ ਤੱਤੀ) ਸਰੂਪ ਹੋਵੇ ਤਾਂ ਦਿਸੇ ਭੀ, ਉਸਦਾ ਤਾਂ ਨਹੀਂ ਕੋਈ ਰੂਪ ਜਾਪਦਾ ਹੈ ਨਾਂ ਕੋਈ ਜ਼ਾਤ ਦਿਸਦੀ ਹੈ।

ਪ੍ਰ:—ਗੁਰਦੇਵ ਜੀਉ! ਜੇ ਉਸਦਾ ਕੋਈ ਸਰੂਪ ਹੀ ਹੋਂਦ ਵਾਲਾ ਨਹੀਂ, ਤਾਂ ਇਹ ਸਾਰੀ ਰਚਨਾਂ ਕਿਸਦੀ ਮੰਨੀ ਜਾਵੇ?

4.**ਉ:**—ਹੇ ਭਾਈਓ! ਭਾਵੇਂ ਉਸਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਪਰ ਤਾਂ ਭੀ ਅਉਖੇ ਸੌਖੇ ਥਾਂ (ਹਰੇਕ ਕਿਸਮ ਦੇ ਭਾਂਡੇ) ਆਪ ਹੀ ਰਚਕੇ ਪ੍ਰਭੂ ਆਪ ਹੀ (ਜਗਰ ਦੇ) ਸਾਰੇ ਸਬਬ ਬਣਾਉਂਦਾ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਉਸਦਾ ਸਰੂਪ ਬਿਆਨ ਕਰਨਾ ਔਖਾ ਹੈ, ਮੁੜ ਮੁੜ ਬਿਆਨ ਕਰਨ ਨਾਲ ਭੀ ਉਹ ਸਮਝ ਵਿਚ ਨਹੀਂ ਆਉਂਦਾ ।੨।

ਭਾਵਾਰਥ :—ਇਹ ਕਮਾਈ, ਨਿਰੀ ਅਖਰੀਂ ਉਚਾਰਨ ਜਾਂ ਸੁਣਨ ਨਾਲ ਨਹੀਂ ਹੁੰਦੀ, ਭਾਵੇਂ ਸਰੀਰ ਨੂੰ ਸਿਧੇ ਪੁੱਠੇ ਕਰ ਕਰ ਕੇ ਕਿਤਨੇ ਮੰਤ੍ਰ ਪਏ ਰਟੀਏ, ਉਹ ਅਦਿਖ ਹਰੀ

ਅੱਖਰਾਂ ਵਿਚ ਕਿਵੇਂ ਆ ਸਕਦਾ ਹੈ, ਜਦ ਕਿ ਉਸਦਾ ਕੋਈ ਰੂਪ ਰੇਖ ਨਹੀਂ, ਉਹ ਤਾਂ ਹਰ ਇਕ ਦੇ ਦਿਲਾਂ ਅੰਦਰ ਹੀ ਵਸਦਾ ਹੈ।

ਪਉੜੀ ॥

1. ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥
2. ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥
3. ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥
4. ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥
5. ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵਲਾਈ॥੬॥

ਪਦ ਅਰਥ :-ਨਾਇ ਸੁਣਿਐ-ਜੇ ਨਾਮ ਸੁਣੀਐ, ਜੇ ਨਾਮ ਵਿਚ ਸੁਰਤ ਜੋੜੀਏ। ਰਹਸੀਐ-ਖਿੜ ਜਾਂਦਾ ਹੈ। ਨਾਮੇ-ਨਾਮ ਵਿਚ ਹੀ। ਗਤਿ-ਉਚੀ ਆਤਮਕ ਅਵਸਥਾ।੬।

ਅਰਥ :-

ਪ੍ਰ:-ਗੁਰਦੇਵ ਜੀਉ ! ਮਾਇਕੀ ਪਦਾਰਥ ਭਾਵੇਂ ਕਿਤਨੇ ਭੀ ਪ੍ਰਾਪਤ ਹੋ ਜਾਣ ਪਰ ਮਨ ਫਿਰ ਭੀ ਸੋਕਾਂਤੁ ਮੁਰਝਾਇਆ ਹੀ ਰਹਿੰਦਾ ਹੈ, ਦਸੋ ਇਸਨੂੰ ਪੂਰਨ ਖੁਸ਼ੀ ਕਿਵੇਂ ਮਿਲ ਸਕਦੀ ਹੈ ?

1.**ਉ**:-ਹੇ ਭਾਈਓ ! ਜੇ ਕਰ (ਪ੍ਰਭੂ ਦੇ) ਨਾਮ ਵਿਚ ਸੁਰਤਿ ਜੋੜੀ ਰਖੀਏ ਤਾਂ ਮਨ (ਸਦਾ ਹੀ) ਖਿੜਿਆ ਰਹਿੰਦਾ ਹੈ ਅਤੇ ਨਾਮ ਵਿਚ (ਜੁੜਿਆਂ ਹੀ ਅੰਦਰ) ਸ਼ਾਂਤੀ ਪੈਦਾ ਹੁੰਦੀ ਹੈ।

ਪ੍ਰ:-ਸ੍ਰੀ ਜੀਉ ! ਭਾਵੇਂ ਮਨੁੱਖ ਨੂੰ ਮਾਇਆ ਕਿਤਨੀ ਭੀ ਹਾਸਲ ਹੋ ਜਾਏ, ਤਾਂ ਭੀ ਮਾਇਆ ਵਲੋਂ ਮਨ ਨੂੰ ਤ੍ਰਿਪਤੀ ਨਹੀਂ ਹੁੰਦੀ ਕੋਈ ਸਾਧਨ ਦਸੋ ?

2. **ਉ**:-ਹੇ ਭਾਈਓ ! ਜੇ ਕਦੀ ਮਨ ਵਿਚ ਨਾਮ ਦਾ ਧਿਆਨ ਲੱਗ ਜਾਏ, ਤਾਂ ਇਹ ਮਨ (ਮਾਇਆ ਵਲੋਂ) ਰੱਜ ਜਾਂਦਾ ਹੈ, ਤੇ ਸਾਰੇ ਦੁਖ ਦੂਰ ਹੋ ਜਾਂਦੇ ਹਨ।

ਪ੍ਰ:-ਗੁਰਦੇਵ ਜੀਉ ! ਮਾਇਕੀ ਪਦਾਰਥਾਂ ਨੂੰ ਪ੍ਰਾਪਤ ਕਰਨ ਦਾ ਮਨ ਵਿਚ ਹਮੇਸ਼ਾ ਹੀ ਚਾਉ ਬਣਿਆਂ ਰਹਿੰਦਾ ਹੈ, ਪਰ, ਨਾਮ ਦਾ ਚਾਉ ਕਿਵੇਂ ਪੈਦਾ ਹੋਵੇ ?

3.**ਉ**:-ਹੇ ਭਾਈ ! ਜੇ ਪ੍ਰਭੂ ਦਾ ਨਾਮ ਸੁਣਦੇ (ਹੀ) ਰਹੀਏ ਤਾਂ (ਮਨ ਵਿਚ) ਨਾਮ ਜਪਣ ਦਾ ਚਾਉ ਪੈਦਾ ਹੋ ਜਾਂਦਾ ਹੈ ਅਤੇ ਨਾਮ ਸਿਮਰਦੇ ਰਹਿਣ ਨਾਲ ਹੀ ਵਡਿਆਈ (ਪ੍ਰਤੀਤ ਹੁੰਦੀ) ਹੈ।

4. ਐ ਪਿਆਰੇ ! ਗੁਰਮੁਖ ਮਨੁੱਖ ਤਾਂ ਨਾਮ ਸਿਮਰਨ ਵਿਚ ਹੀ ਉਚੀ ਕੁਲ ਵਾਲੀ ਇੱਜ਼ਤ ਸਮਝਦਾ ਹੈ, ਨਾਮ ਸਿਮਰਨ ਨਾਲ ਹੀ ਉਚੀ ਆਤਮਕ ਅਵਸਥਾ ਹਾਸਲ ਕਰਦਾ ਹੈ।

ਪ੍ਰ:-ਕਿਉਂ ਜੀ, ਗੁਰਮੁਖ ਦੀ ਮਾਨਸਿਕ ਅਵਸਥਾ ਕੀ ਹੁੰਦੀ ਹੈ?

5.**ਉ**:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਗੁਰਮੁਖ (ਸਦਾ) ਨਾਮ ਹੀ ਸਿਮਰਦਾ ਹੈ, ਤੇ (ਨਾਮ ਵਿਚ ਹੀ) ਲਿਵ ਲਾਈ ਰੱਖਦਾ ਹੈ।੬।

ਭਾਵਾਰਥ :-ਨਾਮ ਵਿਚ ਸੁਰਤ ਜੋੜਨਾ ਹੀ ਗੁਰਮੁਖ ਲਈ ਉਚੀ ਕੁਲ ਦੀ ਇੱਜ਼ਤ ਹੈ। ਨਾਮ ਵਿਚ ਸੁਰਤ ਜੋੜਿਆਂ ਉਸਦੇ ਅੰਦਰ ਖਿੜਾਉ ਤੇ ਸ਼ਾਂਤੀ ਉਪਜਦੀ ਹੈ । ਮਾਇਆ ਵਲੋਂ ਭੀ ਉਹ ਤ੍ਰਿਪਤ ਰਹਿੰਦਾ ਹੈ ਤੇ ਨਾਮ ਜਪਣ ਦਾ ਚਾਉ ਭੀ ਉਸਦੇ ਮਨ ਵਿਚ ਪੈਦਾ ਹੁੰਦਾ ਹੈ।

ਸਲੋਕ ਮਹਲਾ ੧ ॥

1. ਜੂਠਿ ਨ ਰਾਗੀ ਜੂਠਿ ਨ ਵੇਦੀ ॥
2. ਜੂਠਿ ਨ ਚੰਦ ਸੂਰਜ ਕੀ ਭੇਦੀ ॥
3. ਜੂਠਿ ਨ ਅੰਨੀ ਜੂਠਿ ਨ ਨਾਈ ॥
4. ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥
5. ਜੂਠਿ ਨ ਧਰਤੀ ਜੂਠਿ ਨ ਪਾਣੀ ॥
6. ਜੂਠਿ ਨ ਪਉਣੈ ਮਾਹਿ ਸਮਾਣੀ ॥
7. ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥
8. ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥

ਪਦ ਅਰਥ:-ਰਾਗੀਂ-ਰਾਗ (ਗਾਵਣ) ਦੀ ਰਾਹੀਂ। ਵੇਦੀਂ-ਵੇਦ (ਆਦਿਕ ਧਰਮ ਪੁਸਤਕਾਂ ਪੜ੍ਹਨ) ਦੀ ਰਾਹੀਂ। ਭੇਦੀ-ਭੇਦਾਂ ਦੀ ਰਾਹੀਂ। ਕੀ ਭੇਦੀ-ਕੀ ਭੇਦੀਂ, ਦੇ ਭੇਦਾਂ ਦੀ ਰਾਹੀਂ। ਚੰਦ ਸੂਰਜ ਕੀ ਭੇਦੀ-ਚੰਦ੍ਰਮਾਂ ਅਤੇ ਸੂਰਜ ਦੇ ਵੱਖ ਵੱਖ ਮੰਨੇ ਹੋਏ ਪਵਿਤ੍ਰ ਦਿਹਾੜਿਆਂ (ਸਮੇਂ ਵਖ ਵਖ ਕਿਸਮ ਦੀ ਪੂਜਾ) ਦੀ ਰਾਹੀਂ । ਅੰਨੀ-ਅੰਨ (ਛੱਡ ਦੇਣ ਨਾਲ) ਵਰਤ ਰੱਖਣ ਨਾਲ। ਨਾਈ-(ਤੀਰਥਾਂ ਉਤੇ) ਨਾਵਣ ਨਾਲ। ਵਰਿਐ-ਵਰ੍ਹਨ ਨਾਲ। ਧਰਤੀ-ਧਰਤੀ (ਦਾ ਰਟਨ ਕਰਨ) ਨਾਲ, ਜਾਂ ਗੁਫਾ ਆਦਿਕ ਬਣਾਨ ਨਾਲ। ਪਾਣੀ-ਪਾਣੀ ਵਿਚ ਖਲੋਕੇ ਤਪ ਕਰਨ) ਨਾਲ । ਪਉਣ-ਹਵਾ, ਸੁਆਸ। ਪਉਣੈ ਮਾਹਿ ਸਮਾਣੀ- ਸੁਆਸਾਂ ਵਿਚ ਲੀਨ ਹੋਣ ਨਾਲ, ਪ੍ਰਾਣਾਯਾਮ ਕੀਤਿਆਂ, ਸੁਆਸਾਂ ਨੂੰ ਰੋਕਣ ਦੇ ਅਭਿਆਸ ਨਾਲ। ਨਿਗੁਰਿਆ-ਉਨ੍ਹਾਂ ਮਨੁੱਖਾਂ ਵਿਚ ਜੋ ਗੁਰੂ ਦੇ ਦਸੇ ਰਸਤੇ ਉਤੇ ਨਹੀਂ ਤੁਰਦੇ। ਮੁਹਿ ਫੇਰਿਐ-ਜੇ (ਗੁਰੂ ਵਲੋਂ) ਮੂੰਹ ਫੇਰੀ ਰਖੀਏ। ਜੂਠਾ-(ਨਿੰਦਾ ਆਦਿਕ ਨਾਲ) ਅਪਵਿਤ੍ਰ।੧।

ਅਰਥ :-

ਪ੍ਰ-ਗੁਰਦੇਵ ਜੀਉ ! ਮਨੁੱਖ ਦੇ ਮਨ ਨੂੰ ਨਿੰਦਾ ਆਦਿਕ ਵਿਕਾਰਾਂ ਦੀ ਮੈਲ ਲੱਗ ਰਹੀ ਹੈ, ਇਸ ਮਲੀਨਤਾ ਨੂੰ ਦੂਰ ਕਰਨ ਲਈ ਕਈ ਲੋਕ ਰਾਗ ਗਾਉਂਦੇ, ਵੇਦ ਪੜ੍ਹਦੇ ਅਤੇ ਹੋਰ ਕਈ ਤਰ੍ਹਾਂ ਦੇ ਚੰਦ੍ਰਮਾ ਸੂਰਜ ਆਦਿਕਾਂ ਦੇ ਭੇਸਾਂ ਦੀ ਸਮੇਂ ਸਮੇਂ ਸਿਰ ਪੂਜਾ ਕਰਦੇ ਹਨ ਕੀ, ਇਸ ਤਰ੍ਹਾਂ ਉਨ੍ਹਾਂ ਦੇ ਮਨ ਦੀ ਪਵਿਤ੍ਰਤਾ ਹੋ ਜਾਂਦੀ ਹੈ ?

1.**ਉ**:-ਹੇ ਭਾਈ ! ਇਹ ਠੀਕ ਹੈ ਕਿ, ਰਾਗਾਂ ਦਾ ਗਾਇਨ ਕਰਨਾ ਮਨੁੱਖ ਦੇ ਮਨ ਅੰਦਰ ਕਈ ਪ੍ਰਕਾਰ ਦੇ ਹੁਲਾਰੇ ਪੈਦਾ ਕਰਦਾ ਹੈ, ਪਰ ਮਨੁੱਖ ਦੇ ਅੰਦਰ ਨਿੰਦਾ ਕਰਨ ਦੀ

ਟਿਕੀ ਹੋਈ ਨਿੰਦਾ ਕਰਨ ਦੀ ਵਾਦੀ) ਇਹ ਮੈਲ ਰਾਗਾਂ (ਦੇ ਗਾਇਨ ਨਾਲ ਭੀ ਦੂਰ ਨਹੀਂ ਹੁੰਦੀ। ਅਤੇ ਵੇਦ ਆਦਿਕ ਧਰਮ ਪੁਸਤਕਾਂ ਦੇ ਪਾਠ) ਨਾਲ ਭੀ ਨਹੀਂ (ਧੁਪਦੀ)

2. ਹੇ ਭਾਈਓ ! ਮੱਸਿਆ, ਸੰਗ੍ਰਾਂਦ, ਪੂਰਨਮਾਸ਼ੀ ਆਦਿਕ, ਚੰਦਰਮਾਂ ਅਤੇ ਸੂਰਜ ਦੇ ਵਖ ਵਖ ਮੰਨੇ ਹੋਏ ਪਵਿਤ੍ਰ ਦਿਹਾੜਿਆਂ ਦੇ (ਸਮੇਂ ਸਮੇਂ ਵੱਖ ਵੱਖ ਕਿਸਮ ਦੀ ਪੂਜਾ) ਦੀ ਰਾਹੀਂ ਮਨੁੱਖ ਦੇ ਅੰਦਰ ਟਿਕੀ ਹੋਈ ਨਿੰਦਾ ਆਦਿਕ ਦੀ ਇਹ ਮੈਲ ਸਾਫ ਨਹੀਂ ਹੁੰਦੀ।

3. ਐ ਪਿਆਰੇ, (ਅੰਨ ਦਾ ਤਿਆਗ ਕਰਨ) ਨਾਲ ਤੀਰਥਾਂ ਦੇ ਇਸ਼ਨਾਨ ਕਰਨ ਨਾਲ ਭੀ ਇਹ ਮੈਲ ਨਹੀਂ ਜਾਂਦੀ।

4. ਹੇ ਭਾਈ !) ਇੰਦਰ ਦੇਵਤੇ ਦੀ ਪੂਜਾ ਨਾਲ ਭੀ) ਇਹ ਅੰਦਰਲੀ ਮੈਲ ਦੂਰ ਨਹੀਂ ਹੁੰਦੀ ਭਾਵੇਂ ਇਹ ਮੰਨਿਆ ਜਾ ਰਿਹਾ ਹੈ ਕਿ ਉਸ ਦੇਵਤੇ ਦੀ ਰਾਹੀਂ ਸਭ ਥਾਈ ਮੀਂਹ ਪੈਂਦਾ ਹੈ।

(ਤੇ ਧਰਤੀ ਅਤੇ ਬਨਾਸਪਤੀ ਦੀ ਬਾਹਰਲੀ ਮੈਲ ਧੁਪ ਜਾਂਦੀ ਹੈ)।

5. ਹੇ ਭਾਈ ! ਰਮਤੇ ਸਾਧੂ ਬਣਕੇ, ਧਰਤੀ ਦਾ ਰਟਨ ਕੀਤਿਆਂ, ਧਰਤੀ ਵਿਚ ਗੁਫਾ ਬਣਾ ਕੇ ਬੈਠਿਆਂ ਜਾਂ ਪਾਣੀ ਵਿਚ ਖਲੋਤਿਆਂ ਤਪਾਂ ਦੀ ਰਾਹੀਂ ਭੀ ਇਹ ਮੈਲ ਨਹੀਂ ਧੁਪਦੀ।

6. ਹੇ ਭਾਈ ! ਪ੍ਰਾਣਾਯਾਮ ਕੀਤਿਆ (ਸਮਾਧੀ ਲਾਇਆਂ) ਭੀ (ਮਨੁੱਖ ਦੇ ਅੰਦਰ ਟਿਕੀ ਹੋਈ ਨਿੰਦਾ ਆਦਿਕ ਕਰਨ ਦੀ) ਇਹ ਮੈਲ ਦੂਰ ਨਹੀਂ ਹੁੰਦੀ।

ਪ੍ਰ:-ਗੁਰਦੇਵ ਜੀਉ, ਇਸ ਮੈਲ ਦੇ ਦੂਰ ਨਾ ਹੋਣ ਦਾ ਅਸਲ ਕਾਰਨ ਕੀ ਹੈ ?

7.**ਉ**:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਅਸਲ ਵਿਚ ਜਿਹੜੇ ਮਨੁੱਖ ਗੁਰੂ ਦੇ ਦਸੇ ਰਾਹ ਉਤੇ ਨਹੀਂ ਤੁਰਦੇ, ਉਨ੍ਹਾਂ ਦੇ ਅੰਦਰ ਆਤਮਕ ਜੀਵਨ ਊਚਾ ਕਰਨ ਵਾਲਾ, ਕੋਈ ਗੁਣ ਨਹੀਂ ਵਧਦਾ ਫੁਲਦਾ।

8. ਹੇ ਭਾਈ ! ਜੇ ਗੁਰੂ ਵਲੋਂ ਮੂੰਹ ਮੋੜੀ ਰਖੀਏ, ਤਾਂ ਮੂੰਹ (ਨਿੰਦਾ ਆਦਿਕ ਕਰਨ ਦੀ ਗੰਦੀ ਵਾਦੀ ਦੀ ਮੈਲ ਨਾਲ) ਅਪਵਿਤ੍ਰ ਹੋਇਆ ਰਹਿੰਦਾ ਹੈ।੧।

ਭਾਵਾਰਥ :-ਜੂਠ ਕਿਸੇ ਮਾਦੀ ਚੀਜ਼ ਵਿਚ ਜਾਂ ਕਿਸੇ ਕਰਮ ਵਿਚ ਨਹੀਂ, ਇਹ ਤਾਂ ਮਨਮੁਖਤਾ ਵਾਲੇ ਦਿਲ ਵਿਚ ਹੁੰਦੀ ਹੈ ਅਤੇ ਸੁੱਚ ਨਿਰੇ ਪਾਣੀ ਨਾਲ ਸਰੀਰ ਨੂੰ ਧੋਣ ਨਾਲ ਨਹੀਂ ਹੋ ਸਕਦੀ। ਅੰਦਰ ਗੁਣ ਪੈਦਾ ਕਰਨ ਨਾਲ ਹੀ ਹਿਰਦਾ ਸ਼ੁਧ ਹੁੰਦਾ ਹੈ।

ਮਹਲਾ ੧ ॥

1. ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥
2. ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥
3. ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥
4. ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥
5. ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥
6. ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥੨॥

ਪਦ ਅਰਥ :-ਜੇ ਕੋਇ-ਜੇ ਕੋਈ ਮਨੁੱਖ । ਭਰਿ ਜਾਣੈ-ਚੁਲੀ ਭਰਨ ਜਾਣਦਾ ਹੋਵੇ, ਚੁਲੀ ਕਰਨ ਦੀ ਸਮਝ ਹੋਵੇ । ਸੁਰਤਾ-ਵਿਦਵਾਨ ਮਨੁੱਖ । ਗਿਆਨ-ਵੀਚਾਰ । ਜਤੁ-ਮਨ ਨੂੰ ਕਾਮ ਵਾਸ਼ਨਾਂ ਵਲੋਂ ਰੋਕਣਾ । ਗਿਰਹੀ-ਗ੍ਰਿਹਸਤੀ ਸਤੁ-ਉੱਚਾ ਆਚਰਨ । ਦਾਨੁ-ਸੇਵਾ। ਨਿਆਵ-ਇਨਸਾਫ। ਪਾਣੀ-ਪਾਣੀ ਨਾਲ। ਧੋਪਈ-ਧੁਪਦਾ । ਮੁਖਿ-ਮੂੰਹ ਨਾਲ। ਤਿਖ-ਤ੍ਰੇਹ, ਪਿਆਸ। ਜਗਤ ਕਾ ਪਿਤਾ-ਸਾਰੀ ਰਚਨਾਂ ਦਾ ਮੂਲ ਕਾਰਨ। ਸਭੁ-ਸਾਰੇ ਜਗਤ ਨੂੰ । ਖਾਇ-ਨਾਸ ਕਰਦਾ ਹੈ, ਪਰਲੋ ਦਾ ਕਾਰਨ ਬਣਦਾ ਹੈ।੨।

ਅਰਥ :-

ਪ੍ਰ:-ਸ੍ਰੀ ਜੀਉ ! ਬਹੁਤੇ ਲੋਕ ਵਧੇਰੇ ਸੁੱਚਮਤਾ ਰੱਖਣ ਵਾਲੇ ਬਾਰ ਬਾਰ ਪਾਣੀ ਦੀਆਂ ਹੀ ਚੁਲੀਆਂ ਕਰਦੇ ਰਹਿੰਦੇ ਹਨ ਕੀ, ਇਸ ਤਰ੍ਹਾਂ ਆਤਮਾਂ ਦੀ ਸੁੱਧੀ ਭੀ ਮੰਨੀ ਜਾ ਸਕਦੀ ਹੈ?

1.**ਉ**:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ (ਨਿਰਾ ਪਾਣੀ ਨਾਲ ਚੁਲੀਆਂ ਕੀਤਿਆਂ ਆਤਮਕ ਜੀਵਨ ਵਿਚ ਸੁੱਚ ਨਹੀਂ ਆ ਸਕਦੀ, ਪਰ) ਜੇ ਕੋਈ ਮਨੁੱਖ (ਸੱਚੀ ਚੁਲੀ) ਭਰਨੀ ਜਾਣ ਲਏ ਤਾਂ ਸੁਚੀਆਂ ਚੁਲੀਆਂ ਇਹ ਹਨ-

2. ਹੇ ਭਾਈ ! ਵਿਦਵਾਨ ਵਾਸਤੇ ਚੁਲੀ ਵਿਚਾਰ ਦੀ ਹੈ, (ਭਾਵ, ਵਿਦਵਾਨ ਦੀ ਵਿਦਵਤਾ ਪਵਿੱਤ੍ਰ ਹੈ ਜੇ ਉਸਦੇ ਅੰਦਰ ਵਿਚਾਰ ਭੀ ਹੈ ਅਤੇ ਜੋਗੀ ਦਾ ਕਾਮ ਵਾਸ਼ਨਾਂ ਤੋਂ ਬਚੇ ਰਹਿਣਾ ਜੋਗੀ ਲਈ ਪਵਿਤ੍ਰ ਚੁਲੀ ਹੈ।

3. ਅਤੇ ਬ੍ਰਾਹਮਣ ਲਈ ਚੁਲੀ ਸੰਤੋਖ ਹੈ, ਗ੍ਰਿਹਸਤੀ ਲਈ ਚੁਲੀ ਹੈ ਉੱਚਾ ਆਚਰਨ ਅਤੇ ਸੇਵਾ।

4. ਰਾਜੇ ਵਾਸਤੇ ਇਨਸਾਫ (ਦੀ) ਚੁਲੀ ਹੈ।

5. ਐ ਪਿਆਰੇ, ਪਾਣੀ ਨਾਲ (ਚੁਲੀ ਕੀਤਿਆਂ) ਮਨ ਨਹੀਂ ਧੁੱਪ ਸਕਦਾ, (ਹਾਂ) ਮੂੰਹ ਨਾਲ ਪਾਣੀ ਪੀਤਿਆਂ ਤ੍ਰਿਹ ਮਿਟ ਜਾਂਦੀ ਹੈ।

6. ਹੇ ਭਾਈਓ ! ਪਰ ਪਾਣੀ ਦੀ ਚੁਲੀ ਨਾਲ ਤਾਂ ਪਵਿਤ੍ਰਤਾ ਆਉਣ ਦੇ ਥਾਂ ਸਗੋਂ ਸੂਤਕ ਦਾ ਭਰਮ ਪੈਦਾ ਹੋਣਾ ਚਾਹੀਦਾ ਹੈ (ਕਿਉਂਕਿ) ਪਾਣੀ ਤੋਂ ਸਾਰਾ ਸੰਸਾਰ ਪੈਦਾ ਹੁੰਦਾ ਹੈ ਤੇ ਪਾਣੀ ਹੀ ਸਾਰੇ ਸੰਸਾਰ ਨੂੰ ਨਾਸ ਕਰਦਾ ਹੈ, ਭਾਵ ਹੈ ਕਿ ਪਾਣੀ ਤਾਂ ਤੁਹਾਡੇ ਖਿਆਲ ਨਾਲ ਭੀ ਅਪਵਿਤ੍ਰ ਹੈ, ਕਿਉਂ ਜੋ ਸੰਸਾਰ ਦੀ ਇਸੇ ਤੋਂ ਉਤਪਤੀ ਤੇ ਪਰਲੈ ਹੈ ਤੇ ਇਨ੍ਹਾਂ ਸਮਿਆਂ ਤੇ ਤੁਸੀਂ ਸੂਤਕ ਗਿਣਦੇ ਹੋ, ਫਿਰ ਪਾਣੀ ਸੁੱਚਾ ਕਿਵੇਂ ਕਰ ਸਕਦਾ ਹੈ।੨।

ਭਾਵਾਰਥ :—ਸੁਰ ਨਿਰੇ ਪਾਣੀ ਨਾਲ ਸਰੀਰ ਨੂੰ ਧੋਣ ਨਾਲ ਨਹੀਂ ਹੋ ਸਕਦੀ ਅੰਦਰ ਗੁਣ ਪੈਦਾ ਕਰਨ ਨਾਲ ਹਿਰਦਾ ਸੁਧ ਹੁੰਦਾ ਹੈ।

ਪਉੜੀ ॥

1. ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥
2. ਨਾਇ ਸੁਣਿਐ ਨਉ ਨਿਧਿ ਮਿਲੈ
ਮਨ ਚਿੰਦਿਆ ਪਾਵੈ ॥
3. ਨਾਇ ਸੁਣਿਐ ਸੰਤੋਖੁ ਹੋਇ
ਕਵਲਾ ਚਰਨ ਧਿਆਵੈ ॥
4. ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥
5. ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥

ਪਦ ਅਰਥ :—ਸਿਧਿ ਰਿਧਿ—ਕਰਾਮਾਤੀ ਤਾਕਤਾਂ। ਨਉ ਨਿਧਿ—ਨੌਂ ਖ਼ਜ਼ਾਨੇ, (ਭਾਵ ਜਗਤ ਦੇ ਸਾਰੇ ਪਦਾਰਥ)। ਮਨ ਚਿੰਦਿਆ—ਮਨਦਾ ਚਿਤਵਿਆ ਹੋਇਆ। ਕਵਲਾ—ਮਾਇਆ। ਸਹਜੁ—ਅਡੋਲ ਅਵਸਥਾ, ਆਤਮਕ ਅਡੋਲਤਾ।

ਅਰਥ :—

ਪ੍ਰ:—ਗੁਰਦੇਵ ਜੀਉ! ਅਨੇਕਾਂ ਜੋਗੀ ਲੋਕ ਕਰਾਮਾਤੀ ਤਾਕਤਾਂ ਹਾਸਿਲ ਕਰਨ **ਲਈ**, ਅਨੇਕਾਂ ਹੀ ਤਰ੍ਹਾਂ ਦੇ ਸਾਧਨ ਕਰਦੇ ਹਨ, ਪਰ ਗੁਰਮਤਿ ਅਨੁਸਾਰ ਇਹ ਸਾਰੀਆਂ ਤਾਕਤਾਂ ਕਿਵੇਂ ਪ੍ਰਾਪਤ ਕਰ ਸਕਦੇ ਹਾਂ?

1.**ਉ**:—ਹੇ ਭਾਈਓ! ਗੁਰਮਤਿ ਅਨੁਸਾਰ ਤਾਂ ਇਉਂ ਹੀ ਮੰਨਿਆਂ ਹੈ ਕਿ **ਜੇ** ਪ੍ਰਭੂ ਜੀ ਦੇ ਨਾਮ ਵਿਚ ਸੁਰਤਿ ਜੋੜੀ ਰਖੀਏ ਤਾਂ ਸਾਰੀਆਂ ਕਰਾਮਾਤੀ ਤਾਕਤਾਂ ਪਿਛੇ ਲੱਗੀਆਂ ਫਿਰਦੀਆਂ ਹਨ (ਭਾਵ ਹੈ, ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ)।

2. ਹੇ ਭਾਈਓ! ਜਗਤ ਦੇ ਸਾਰੇ ਪਦਾਰਥ ਹਾਸਲ ਹੋ ਜਾਂਦੇ ਹਨ, ਜੋ ਕੁਝ ਮਨ ਚਿਤਵਦਾ ਹੈ (ਉਹ) ਮਿਲ ਜਾਂਦਾ ਹੈ।

3. ਮਨ ਵਿਚ ਸੰਤੋਖ ਪੈਦਾ ਹੋ ਜਾਂਦਾ ਹੈ ਅਤੇ ਮਾਇਆ (ਭੀ) ਸੇਵਾ ਕਰਨ ਲੱਗ ਪੈਂਦੀ ਹੈ।

4. ਹੇ ਪਿਆਰੇ! ਉਹ ਅਵਸਥਾ ਪੈਦਾ ਹੋ ਜਾਂਦੀ ਹੈ ਜਿਥੇ ਮਨ ਡੋਲਦਾ ਨਹੀਂ ਅਤੇ ਇਸ ਅਡੋਲ ਅਵਸਥਾ ਵਿਚ (ਪੁੱਜ ਕੇ) ਸੁਖ ਪ੍ਰਾਪਤ ਹੋ ਜਾਂਦਾ ਹੈ।

ਪ੍ਰ:—ਸ੍ਰੀ ਜੀਉ! ਇਹ ਨਾਮ ਦੀ ਦਾਤ ਮਿਲਦੀ ਕਿਥੋਂ ਹੈ?

5.**ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ **ਐ** ਪਿਆਰੇ, ਗੁਰੂ ਦੀ ਮਤ ਲਿਆਂ ਹੀ ਨਾਮ ਮਿਲਦਾ ਹੈ, ਤੇ ਗੁਰੂ ਦੇ ਰਾਹ ਤੁਰਨੇ ਵਾਲਾ ਮਨੁੱਖ ਹੀ ਸਦਾ ਪ੍ਰਭੂ ਦੇ ਗੁਣ ਗਾਂਦਾ ਹੈ।੭।

ਭਾਵਾਰਥ :—ਨਾਮ ਵਿਚ ਸੁਰਤਿ ਜੋੜਿਆਂ ਗੁਰਮੁਖ ਨੂੰ ਨਾਂ ਕਰਾਮਾਤੀ ਤਾਕਤਾਂ ਦੀ ਲਾਲਸਾ ਰਹਿੰਦੀ ਹੈ, ਤੇ ਨਾਹੀ ਧਨ ਪਦਾਰਥ ਦੀ। ਮਾਇਆ, ਮਾਨੋਂ, ਉਸਦੀ ਦਾਸੀ ਬਣ ਜਾਂਦੀ ਹੈ, ਸੰਤੋਖ ਤੇ ਅਡੋਲਤਾ ਵਿਚ ਉਹ ਸਿਫਤ ਸਾਲਾਹ ਦੀ ਮੌਜ ਵਿਚ ਹੀ ਮੌਜ ਮਾਣਦਾ ਹੈ।

ਸਲੋਕ ਮਹਲਾ ੧ ॥

1. ਦੁਖ ਵਿਚਿ ਜੰਮਣੁ ਦੁਖਿ ਮਰਣੁ
ਦੁਖਿ ਵਰਤਣੁ ਸੰਸਾਰਿ ॥
2. ਦੁਖੁ ਦੁਖੁ ਅਗੈ ਆਖੀਐ
ਪੜ੍ਹਿ ਪੜ੍ਹਿ ਕਰਹਿ ਪੁਕਾਰ ॥
3. ਦੁਖ ਕੀਆ ਪੰਡਾ ਖੁਲ੍ਹੀਆ
ਸੁਖੁ ਨ ਨਿਕਲਿਓ ਕੋਇ ॥
4. ਦੁਖ ਵਿਚਿ ਜੀਉ ਜਲਾਇਆ
ਦੁਖੀਆ ਚਲਿਆ ਰੋਇ ॥
5. ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
6. ਦੁਖ ਕੀਆ ਅਗੀ 'ਮਾਰੀ ਅਹਿ
ਭੀ ਦੁਖੁ ਦਾਰੂ ਹੋਇ ॥੧॥

ਪਦ ਅਰਥ :—ਦੁਖਿ—ਦੁਖ ਵਿਚ। ਵਰਤਣੁ—ਵਰਤਣਾ, ਕਾਰ ਵਿਹਾਰ। ਸੰਸਾਰਿ—ਸੰਸਾਰ ਵਿਚ। ਅਗੈ—ਅੱਗੇ ਅੱਗੇ, ਸਾਹਮਣੇ, ਜਿਉਂ ਜਿਉਂ ਦਿਨ ਗੁਜ਼ਰਦੇ ਹਨ। ਪੜ੍ਹਿ—ਪੜ ਕੇ। ਕਰਹਿ ਪੁਕਾਰ—ਪੁਕਾਰ ਕਰਦੇ ਹਨ, ਵਿਲਕਦੇ ਹਨ। ਹਰਿਆ—ਹਰਾ, ਸ਼ਾਂਤੀ ਵਾਲਾ। ਅਗੀਂ—ਅਗਾਂ ਨਾਲ। ਮਾਰੀਅਹਿ—ਮਾਰੀਦੇ ਹਨ।੧।

ਅਰਥ :—

ਪ੍ਰ:—ਗੁਰਦੇਵ ਜੀਉ! ਕੀ ਜੀਵਾਂ ਦੇ ਦੁਖਾਂ ਦਾ ਕਿਤੇ ਆਖਰ ਅੰਤ ਭੀ ਹੈ?

1.**ਉ**:—ਹੇ ਭਾਈਓ! ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਜੀਵ ਦਾ ਜਨਮ ਦੁਖ ਵਿਚ ਤੇ ਮੌਤ ਭੀ ਦੁਖ ਵਿਚ ਹੀ ਹੁੰਦੀ ਹੈ (ਭਾਵ ਜਨਮ ਤੋਂ ਮਰਨ ਤਕ ਸਾਰੀ ਉਮਰ ਜੀਵ ਦੁਖ ਵਿਚ ਹੀ ਫਸਿਆ ਰਹਿੰਦਾ ਹੈ)। ਦੁਖ ਵਿਚ (ਗੁਸਿਆ ਹੋਇਆ ਹੀ) ਜਗਤ ਵਿਚ ਸਾਰਾ ਕਾਰ ਵਿਹਾਰ ਕਰਦਾ ਹੈ।

ਪ੍ਰ:—ਸ੍ਰੀ ਜੀਉ! ਕਿਤਨੇ ਹੀ ਜੀਵ, ਜੀਵਨ ਦਾ ਵਧੇਰੇ ਹਿੱਸਾ ਵਿਦਿਆ ਹੀ ਪੜ੍ਹਦੇ ਰਹਿੰਦੇ ਹਨ, ਕੀ ਉਨ੍ਹਾ ਨੂੰ ਸੁਖ ਨਹੀਂ ਮਿਲ ਸਕਦਾ?

2.**ਉ**:—ਹੇ ਪਿਆਰੇ, ਅਸੀਂ ਤਾਂ ਵੇਖਦੇ ਹਾਂ ਕਿ ਵਿਦਿਆ ਪੜ੍ਹ ਪੜ੍ਹ ਕੇ ਭੀ (ਜੀਵ) ਵਿਲਕਦੇ ਹੀ ਹਨ, (ਜੋ ਕੁਝ) ਸਾਹਮਣੇ (ਪ੍ਰਾਪਤ ਹੁੰਦਾ ਹੈ ਉਸਨੂੰ) ਦੁਖ ਹੀ ਦੁਖ ਕਿਹਾ ਜਾ ਸਕਦਾ ਹੈ।

3. ਹੇ ਭਾਈਓ! ਅਸੀਂ ਤਾਂ ਹਮੇਸ਼ਾਂ ਇਉਂ ਹੀ ਤਕਦੇ ਹਾਂ ਕਿ, ਜੀਵ ਦੇ ਭਾਗਾਂ ਨੂੰ ਦੁਖਾਂ ਦੀਆਂ (ਮਾਨੋਂ) ਪੰਡਾਂ ਖੁਲ੍ਹੀਆਂ ਹੋਈਆਂ ਹਨ (ਇਸਦੇ ਕਿਸੇ ਭੀ ਉਦਮ ਵਿਚੋਂ) ਕੋਈ ਸੁਖ ਨਹੀਂ ਨਿਕਲਦਾ।

4. (ਸਾਰੀ ਉਮਰ) ਦੁਖਾਂ ਵਿਚ ਜਿੰਦ ਸਾੜਦਾ ਰਹਿੰਦਾ ਹੈ (ਆਖਰ) ਦੁਖਾਂ ਦਾ ਮਾਰਿਆ ਹੋਇਆ ਰੋਂਦਾ ਹੀ (ਇਥੋਂ) ਤੁਰ ਜਾਂਦਾ ਹੈ।

ਪ੍ਰ:—ਕਿਉਂ ਜੀ, ਜੀਵਾਂ ਨੂੰ ਕਿਵੇਂ ਸੁਖ ਭੀ ਮਿਲ ਸਕਦਾ ਹੈ ?

5.ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜੇ ਪ੍ਰਭੂ ਦੀ ਸਿਫਤ ਸਾਲਾਹ ਵਿਚ ਰੰਗੇ ਜਾਈਏ ਤਾਂ ਮਨ ਤਨ ਹਰੇ ਹੋ ਜਾਂਦੇ ਹਨ, (ਭਾਵ ਤਨ ਮਨ ਕਰਕੇ ਸੁਖ ਹਾਸਲ ਹੋ ਜਾਂਦਾ ਹੈ)।

6. ਹੇ ਪਿਆਰੇ (ਨਾਮ ਤੋਂ ਸਖਣੇ) ਜੀਵ ਦੁਖਾਂ ਦੇ ਸਾੜਿਆਂ ਨਾਲ (ਆਤਮਕ ਮੌਤ) ਮਰਦੇ ਹਨ, ਪਰ, ਫਿਰ ਇਸਦਾ ਇਲਾਜ ਭੀ ਦੁਖ ਹੀ ਹੈ। [ਜਿਵੇਂ ਕਿ ਸਵੇਰੇ ਮੰਜੇ ਤੇ ਸੁਖ ਵਿਚ ਸੁਤਾ ਰਹੇ ਤਾਂ ਇਹ ਦੁੱਖ ਬਣ ਜਾਂਦਾ ਹੈ, ਪਰ ਜੇ ਸਵੇਰੇ ਉਠ ਬਾਹਰ ਜਾ ਕੇ ਕਸਰਤ ਆਦਿਕ ਕਰਕੇ ਕਸ਼ਟ ਉਠਾਏ, ਤੇ ਨਾਮ ਦਾ ਸਿਮਰਨ ਕਰਦਾ ਰਹੇ, ਉਹ ਦੁਖ ਭੀ ਸੁਖਦਾਇਕ ਬਣ ਜਾਂਦਾ ਹੈ] ।੧।

ਭਾਵਾਰਥ :—ਮਨ ਤਦ ਤੱਕ ਦੁਖ ਵਿਚ ਸੜਦਾ ਰਹਿੰਦਾ ਹੈ, ਜਦ ਤੱਕ ਕਿ ਸਿਫਤ ਸਾਲਾਹ ਵਿਚ ਨਹੀਂ ਪੈਂਦਾ, ਇਸ ਲਈ ਸਦੀਵੀ ਸੁਖ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ, ਹਮੇਸ਼ਾਂ ਪ੍ਰਭੂ ਦੇ ਨਾਮ ਦਾ ਚਿੰਤਨ ਕਰਦੇ ਰਹੀਏ।

ਮਹਲਾ ੧ ॥

1. ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ ॥
2. ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹਿ ॥
3. ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥
4. ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥

ਪਦ ਅਰਥ :—ਦੁਨੀਆ ਰੰਗੁ—ਦੁਨੀਆਂ ਦਾ ਅਨੰਦ। ਭਸੁ—ਸੁਆਹ । ਭਸੂ ਹੂ ਭਸੁ—ਨਿਰੀ ਭਸ ਹੀ ਭਸ। ਖੇਹ—ਸੁਆਹ। ਦੇਹ—ਸਰੀਰ। ਭਸੂ ਭਰਿਆ—ਸੁਆਹ ਨਾਲ ਲਿਬੜਿਆ ਹੋਇਆ। ਜਾਇ—ਜਾਂਦਾ ਹੈ। ਅਗੈ—ਪ੍ਰਲੋਕ ਵਿਚ, ਮਰਨ ਪਿਛੋਂ। ਲੇਖੈ ਮੰਗਿਐ—ਜਦੋਂ ਕੀਤੇ ਕਰਮਾਂ ਦਾ ਲੇਖਾ ਮੰਗੀਦਾ ਹੈ। ਹੋਰ ਦਸੂਣੀ—ਹੋਰ ਦਸ ਗੁਣੀ (ਸੁਆਹ)। ਪਾਇ—ਲੈਂਦਾ ਹੈ ।੨।

ਅਰਥ :—

ਪ੍ਰ:—ਗੁਰਦੇਵ ਜੀਉ ! ਇਸ ਦੁਨੀਆਂ ਦੇ ਮਾਇਕੀ ਪਦਾਰਥਾਂ ਦੇ ਰੰਗ ਤਮਾਸ਼ੇ ਬੜੇ ਹੀ ਸੁਖਦਾਈ ਪ੍ਰਤੀਤ ਹੁੰਦੇ ਹਨ, ਦਸੋ ਇਨ੍ਹਾਂ ਵਲੋਂ ਉਪਰਾਮਤਾ ਕਿਵੇਂ ਹੋ ਸਕਦੀ ਹੈ ?

1.ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ, ਤੁਸਾਂ ਮਨ ਵਿਚ ਇਉਂ ਹੀ ਨਿਸਚਾ ਕਰ ਲਓ ਕਿ ਇਸ, ਦੁਨੀਆਂ ਦਾ ਰੰਗ ਤਮਾਸ਼ਾ ਸੁਆਹ(ਦੇ ਬਰਾਬਰ) ਹੈ ਅਤੇ ਨਿਰੀ ਸੁਆਹ ਹੀ ਸੁਆਹ ਨਿਰੀ ਖੇਹ ਹੀ ਖੇਹ ਹੈ।

2. ਹੇ ਭਾਈ ! ਇਨ੍ਹਾਂ ਰੰਗ ਤਮਾਸ਼ਿਆਂ ਵਿਚ ਲੱਗ ਕੇ ਜੀਵ, ਮਾਨੋਂ ਖੇਹ ਹੀ ਖੇਹ ਕਮਾਂਦਾ ਹੈ, (ਜਿਉਂ ਜਿਉਂ ਇਹ ਖੇਹ ਇਕੱਠੀ ਕਰਦਾ ਹੈ ਤਿਉਂ ਤਿਉਂ) ਇਸਦਾ ਸਰੀਰ (ਵਿਕਾਰਾਂ ਦੀ) ਖੇਹ ਨਾਲ ਹੀ ਹੋਰ ਹੋਰ ਲਿੱਬੜਦਾ ਹੈ।

ਪ੍ਰ:—ਗੁਰਦੇਵ ਜੀਉ ਦਸੋ ਅਜਿਹੇ ਜੀਵਾਂ ਦਾ ਅੰਤ ਕਿਹੋ ਜਿਹਾ ਹੁੰਦਾ ਹੈ ?

3.ਉ:—ਹੇ ਭਾਈਓ ! ਮਰਣ ਤੇ ਅਜਿਹੇ ਜੀਵਾਂ ਦੀ ਜਦੋਂ ਜਿੰਦ (ਸਰੀਰ) ਵਿਚੋਂ ਵੱਖਰੀ ਕੀਤੀ ਜਾਂਦੀ ਹੈ, ਤਾਂ ਇਹ ਜਿੰਦ (ਵਿਕਾਰਾਂ ਦੀ) ਸੁਆਹ ਨਾਲ ਹੀ ਲਿੱਬੜੀ ਹੋਈ (ਇਥੋਂ) ਜਾਂਦੀ ਹੈ।

4. ਹੇ ਪਿਆਰੇ ! ਪ੍ਰਲੋਕ ਵਿਚ ਜਦੋਂ ਕੀਤੇ ਕਰਮਾਂ ਦਾ ਲੇਖਾ ਹੁੰਦਾ ਹੈ (ਤਦੋਂ) ਹੋਰ ਦਸ ਗੁਣੀ ਵਧੀਕ ਸੁਆਹ (ਭਾਵ, ਸ਼ਰਮਿੰਦਗੀ) ਇਸ ਨੂੰ ਮਿਲਦੀ ਹੈ ।੨।

ਭਾਵਾਰਥ :—ਸਾਰੇ ਹੀ ਕਰਮ ਜਿਤਨੇ ਭੀ ਮਨ ਦੀ ਲਗਨ ਤੋਂ ਬਿਨਾਂ ਕੀਤੇ ਜਾਂਦੇ ਹਨ, ਉਹ ਸਾਰੇ ਹੀ ਸੁਆਹ ਵਤ ਹਨ, ਇਸ ਲਈ ਮਾਇਕੀ ਪਦਾਰਥਾਂ ਦੀ ਕੂੜੀ ਲਗਨ ਦਾ ਤਿਆਗ ਕਰਕੇ ਉਸੇ ਪ੍ਰਭੂ ਦੇ ਨਾਮ ਸਿਮਰਨ ਦੀ ਸੱਚੀ ਲਗਨ ਵੱਲ ਜੀਵਾਂ ਨੂੰ ਪ੍ਰੇਰਨਾਂ ਕਰਦੇ ਹਨ ਜਿਸ ਦੀ ਬਰਕਤ ਨਾਲ ਲੋਕ ਪ੍ਰਲੋਕ ਵਿਚ ਸੁਖ ਹਾਸਲ ਹੁੰਦਾ ਹੈ।

ਪਉੜੀ ॥

1. ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥
2. ਨਾਇ ਸੁਣਿਐ ਘਟਿ ਚਾਨਣਾ ਆਨੑੇਰੁ ਗਵਾਵੈ ॥
3. ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥
4. ਨਾਇ ਸੁਣਿਐ ਪਾਪ ਕਟੀਅਹਿ
ਨਿਰਮਲ ਸਚੁ ਪਾਵੈ ॥
5. ਨਾਨਕ ਨਾਇ ਸੁਣਿਐ ਮੁਖ ਉਜਲੇ
ਨਾਉ ਗੁਰਮੁਖਿ ਧਿਆਵੈ ॥੮॥

ਪਦ ਅਰਥ :—ਸੁਚਿ—ਪਵਿਤ੍ਰਤਾ। ਸੰਜਮੋ—ਇੰਦ੍ਰੀਆਂ ਨੂੰ ਚੰਗੀ ਤਰ੍ਹਾਂ ਵੱਸ ਵਿਚ ਲਿਆਉਣਾ। ਘਟਿ—ਹਿਰਦੇ ਵਿਚ। ਆਪੁ—ਆਪਣੇ ਆਪ ਨੂੰ। ਲਾਹਾ—ਲਾਭ। ਸਚੁ—ਸਦਾ ਥਿਰ ਰਹਿਣ ਵਾਲਾ ਪ੍ਰਭੂ। ਗੁਰਮੁਖਿ—ਗੁਰੂ ਦੇ ਦਸੇ ਰਾਹ ਉਤੇ ਤੁਰਨ ਵਾਲਾ ਮਨੁੱਖ ।੮।

ਅਰਥ :—

ਪ੍ਰ:—ਗੁਰਦੇਵ ਜੀਉ ! ਇਹ ਦਸੋ ਕਿ ਨਾਮ ਸਿਮਰਨ ਦੀ ਬਰਕਤ ਨਾਲ ਕਿਹੜੀ ਕਿਹੜੀ ਸ਼ੈ ਹਾਸਲ ਹੁੰਦੀ ਹੈ, ਜਿਸ ਦੀ ਪ੍ਰਾਪਤੀ ਦੀ ਖੁਸ਼ੀ ਵਿਚ ਸਾਡਾ ਮਨ ਭੀ ਸਿਮਰਨ ਦੇ ਮਾਰਗ ਵਲ ਟਰ ਸਕੇ ?

1.ਉ:—ਹੇ ਭਾਈ ! ਜੇ ਨਾਮ ਵਿਚ ਸੁਰਤਿ ਜੋੜੀ ਰਖੀਏ ਤਾਂ ਪਵਿਤ੍ਰਤਾ ਪ੍ਰਾਪਤ ਹੁੰਦੀ ਹੈ, ਮਨ ਨੂੰ ਵੱਸ ਕਰਨ ਦੀ

ਸਮਰਥਾ ਆ ਜਾਂਦੀ ਹੈ ਅਤੇ ਜਮ ਭੀ, ਭਾਵ ਮੌਤ ਦਾ ਡਰ, ਨੇੜ ਨਹੀ ਢੁੱਕਦਾ।

2. ਹੇ ਪਿਆਰੇ ! ਹਿਰਦੇ ਵਿਚ (ਪ੍ਰਭੂ ਦੀ ਜੋਤ ਦਾ) ਚਾਨਣ ਹੋ ਜਾਂਦਾ ਹੈ ਅਤੇ (ਆਤਮਕ ਜੀਵਨ ਦੀ ਸੂਝ ਵਲੋਂ) ਹਨੇਰਾ ਦੂਰ ਹੋ ਜ ਦਾ ਹੈ ।

3. ਹੇ ਭਾਈ ! ਆਪਣੇ ਅਸਲੇ ਨੂੰ ਭੀ ਸਮਝ ਲਈਦਾ ਹੈ ਤੇ ਪ੍ਰਭੂ ਦਾ ਨਾਮ (ਜੋ ਮਨੁੱਖਾ ਜੀਵਨ ਦਾ ਅਸਲ) ਲਾਭ (ਹੈ) ਉਹ ਭੀ ਖੱਟ ਲਈਦਾ ਹੈ।

4. ਸਾਰੇ ਪਾਪ ਨਾਸ ਹੋ ਜਾਂਦੇ ਹਨ, ਪਵਿੱਤ੍ਰ ਸੱਚਾ ਪ੍ਰਭੂ ਮਿਲ ਪੈਂਦਾ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜੇ ਨਾਮ ਵਿਚ ਸੁਰਤਿ ਜੋੜੀ ਰਖੀਏ ਤਾਂ ਮੱਥੇ ਖਿੜੇ ਰਹਿੰਦੇ ਹਨ। ਪਰ, ਹੇ ਪਿਆਰੇ ! ਇਹ ਨਾਮ ਉਹੀ ਮਨੁੱਖ ਸਿਮਰ ਸਕਦਾ ਹੈ ਜੋ ਗੁਰੂ ਦੇ ਦਸੇ ਰਾਹ ਉਤੇ ਤੁਰਦਾ ਹੈ ।੮।

ਭਾਵਾਰਥ :–ਨਾਮ ਵਿਚ ਸੁਰਤ ਜੋੜਿਆਂ ਗੁਰਮੁਖ ਦਾ ਮਨ ਪਵਿਤ੍ਰ ਹੋ ਜਾਂਦਾ ਹੈ, ਮਨੁਖਾ ਜੀਵਨ ਦਾ ਅਸਲ ਭੇਤ ਉਹ ਸਮਝ ਲੈਂਦਾ ਹੈ, ਸਦਾ ਹੀ ਖਿੜੇ ਮਥੇ ਰਹਿੰਦਾ ਹੈ, ਪਾਪ ਤੇ ਮੌਤ ਦਾ ਕੋਈ ਡਰ ਉਸਦੇ ਨੇੜੇ ਭੀ ਨਹੀਂ ਢੁੱਕਦਾ ਪਰ ਇਹ ਨਾਮ ਦੀ ਦਾਤ ਉਸੇ ਨੂੰ ਹੀ ਹਾਸਲ ਹੁੰਦੀ ਹੈ, ਜੋ ਮਨੁੱਖ ਗੁਰੂ ਦੇ ਦਸੇ ਰਾਹ ਤੇ ਚਲਕੇ ਜੀਵਨ ਸਫਰ ਗੁਜ਼ਾਰਦਾ ਹੈ।

ਸਲੋਕ ਮਹਲਾ ੧ ॥

1. ਘਰਿ ਨਾਰਾਇਣੁ ਸਭਾ ਨਾਲਿ ॥
2. ਪੂਜ ਕਰੇ ਰਖੈ ਨਾਵਾਲਿ ॥
3. ਕੁੰਗੂ ਚੰਨਣੁ ਫੁਲ ਚੜਾਏ ॥
4. ਪੈਰੀ ਪੈ ਪੈ ਬਹੁਤੁ ਮਨਾਏ ॥
5. ਮਾਣੂਆ ਮੰਗਿ ਮੰਗਿ ਪੈਨ੍ੈ ਖਾਇ ॥
6. ਅੰਧੀ ਕੰਮੀ ਅੰਧ ਸਜਾਇ ॥
7. ਭੁਖਿਆ ਦੇਇ ਨ ਮਰਦਿਆ ਰਖੈ ॥
8. ਅੰਧਾ ਝਗੜਾ ਅੰਧੀ ਸਥੈ ॥੧॥

ਪਦ ਅਰਥ :–ਘਰਿ–ਘਰ ਵਿਚ । ਨਾਰਾਇਣੁ–ਠਾਕਰ ਦੀ ਮੂਰਤੀ । ਸਭਾ ਨਾਲਿ–ਹੋਰ ਮੂਰਤੀਆਂ ਸਮੇਤ। ਨਾਵਾਲਿ–ਨਵ੍ਹਾਲ ਕੇ, ਇਸ਼ਨਾਨ ਕਰਾ ਕੇ। ਕੁੰਗੂ–ਕੇਸਰ। ਮਾਣੂਆ–ਮਨੁਖਾਂ ਤੋਂ । ਅੰਧੀ ਕੰਮੀ–ਅੰਨ੍ਹੇ ਕੰਮਾਂ ਵਿਚ, ਅਗਿਆਨਤਾ ਦੇ ਕੰਮਾਂ ਵਿਚ, ਜਿਨ੍ਹਾਂ ਕੰਮਾਂ ਦੇ ਕਰਨ ਨਾਲ ਮਨੁੱਖ ਦੀ ਮਤਿ ਹਨੇਰੇ ਵਿਚ ਹੀ ਰਹਿੰਦੀ ਹੈ । ਅੰਧ–ਅਗਿਆਨਤਾ, ਹਨੇਰਾ । ਸਜਾਇ–ਵੰਡ । ਨ ਦੇਇ–ਨਹੀਂ ਦੇਂਦਾ। ਰਖੈ–ਬਚਾਂਦਾ। ਝਗੜਾ–ਰੇੜਕਾ, ਲੰਮਾਂ ਗੇੜ। ਸਥੈ–ਸਭਾ ਵਿਚ ।੧।

ਅਰਥ–

ਪ੍ਰ–ਗੁਰਦੇਵ ਜੀਉ, ਇਹ ਆਮ ਵੇਖਣ ਵਿਚ ਆਉਂਦਾ ਹੈ ਕਿ, ਵਧੇਰੇ ਪੰਡਤ ਲੋਕ ਠਾਕਰਾਂ ਦੀਆਂ ਮੂਰਤੀਆਂ ਨੂੰ ਆਪੋ ਆਪਣੇ ਘਰਾਂ ਵਿਚ ਰੱਖਕੇ ਉਨ੍ਹਾਂ ਦੀ ਹਮੇਸ਼ਾਂ ਹੀ ਪੂਜਾ ਕਰਦੇ ਰਹਿੰਦੇ ਹਨ, ਕੀ ਇਹ ਪੂਜਾ ਉਨ੍ਹਾਂ ਦੀ ਰੱਬੀ ਦਰਬਾਰ ਵਿਚ ਕਬੂਲੀ ਜਾਏਗੀ ? ਇਸ ਬਾਰੇ ਗੁਰਮਤਿ ਦੇ ਕੀ ਵੀਚਾਰ ਹਨ ?

ਉ:–1. ਹੇ ਭਾਈਓ, ਇਹ ਠੀਕ ਹੈ ਕਿ ਬ੍ਰਾਹਮਣ ਆਪਣੇ ਘਰ ਵਿਚ ਬਹੁਤ ਸਾਰੀਆਂ ਮੂਰਤੀਆਂ ਸਮੇਤ ਠਾਕਰਾਂ ਦੀ ਮੂਰਤੀ ਅਸਥਾਪਨ ਕਰਦਾ ਹੈ।

2. ਉਸਦੀ ਪੂਜਾ ਕਰਦਾ ਹੈ, ਤੇ ਉਸਨੂੰ ਇਸ਼ਨਾਨ ਕਰਵਾਂਦਾ ਹੈ।

3. ਅਤੇ ਕੇਸਰ, ਚੰਦਨ, ਫੁਲ (ਉਸ ਮੂਰਤੀ ਦੇ ਅਗੇ) ਭੇਟ ਧਰਦਾ ਹੈ।

4. ਉਸਦੇ ਪੈਰਾਂ ਉਤੇ ਸਿਰ ਰੱਖ ਰੱਖ ਕੇ ਉਸਨੂੰ ਪ੍ਰਸੰਨ ਕਰਨ ਦਾ ਜਤਨ ਭੀ ਕਰਦਾ ਹੈ।

5. ਹੇ ਭਾਈਓ, ਹੈਰਾਨਗੀ ਤਾਂ ਇਸ ਗੱਲ ਦੀ ਹੈ ਕਿ ਉਹ ਰੋਟੀ ਕੱਪੜਾ ਹੋਰ ਮਨੁੱਖਾਂ ਤੋਂ ਮੰਗ ਮੰਗ ਕੇ ਖਾਂਦਾ ਤੇ ਪਹਿਨਦਾ ਹੈ (ਭਾਵ ਹੈ ਕਿ ਜੇ ਰੱਬ ਘਰ ਵਿਚ ਰੱਖਦਾ ਹੈ, ਤਾਂ ਫਿਰ ਮਨੁੱਖਾਂ ਤੋਂ ਕਿਉਂ ਮੰਗਦਾ ਹੈ)।

ਪ੍ਰ:–ਸ੍ਰੀ ਜੀਉ, ਆਖਰ ਉਸਨੂੰ ਕੋਈ ਤਾਂ ਫਲ ਜ਼ਰੂਰ ਮਿਲੇਗਾ ?

ਉ:–6. ਹੇ ਭਾਈ ! ਅਸਲ ਵਿਚ ਉਸਨੂੰ ਚੰਗਾ ਫਲ ਤਾਂ ਕੋਈ ਨਹੀਂ ਮਿਲਦਾ ਸਗੋਂ ਉਸਨੂੰ ਸਜ਼ਾ ਜ਼ਰੂਰ ਮਿਲਦੀ ਹੈ ਕਿਉਂਕਿ ਅਗਿਆਨਤਾ ਵਾਲੇ ਕੰਮ ਕੀਤਿਆਂ (ਤਾਂ ਇਹੀ) ਸਜ਼ਾ ਮਿਲਦੀ ਹੈ ਕਿ, ਹੋਰ ਅਗਿਆਨਤਾ ਵਧਦੀ ਜਾਏ।

ਪ੍ਰ:–ਸ੍ਰੀ ਜੀਉ, ਕੀ ਤੁਸਾਂ ਠਾਕਰਾਂ ਦੀ ਪੂਜਾ ਨੂੰ ਅਗਿਆਨਤਾ ਸਮਝਦੇ ਹੋ ?

ਉ:7.–ਹੇ ਭਾਈਓ, ਦਸੋ ਇਸ ਨਾਲੋਂ ਵੱਡੀ ਹੋਰ ਕਿਹੜੀ ਅਗਿਆਨਤਾ ਹੈ ਕਿ ਉਹ ਮੂਰਤੀ ਦਾ ਪੂਜਕ (ਮੂਰਖ ਇਹ ਨਹੀਂ ਜਾਣਦਾ ਕਿ ਇਹ ਮੂਰਤੀ) ਨਾ ਭੁੱਖੇ ਨੂੰ ਕੁੱਝ ਦੇ ਸਕਦੀ ਹੈ ਨਾਹੀਂ (ਭੁੱਖੇ ਮਰਦੇ ਨੂੰ) ਮਰਨੋਂ ਬਚਾ ਹੀ ਸਕਦੀ ਹੈ।

8. ਹੇ ਪਿਆਰੇ, ਵੇਖਣ ਵਿਚ ਆਉਂਦਾ ਹੈ ਕਿ, ਫਿਰ ਭੀ ਮੂਰਤੀ ਪੂਜਕ ਅਗਿਆਨੀਆ ਵਾਲਾ ਇਹ ਲੰਮਾ ਗੇੜ ਤੁਰਿਆ ਹੀ ਜਾਂਦਾ ਹੈ, (ਭਾਵ, ਫਿਰ ਭੀ ਲੋਕ ਅੱਖਾਂ ਮੀਟ ਕੇ ਪ੍ਰਭੂ ਨੂੰ ਛੱਡਕੇ ਮੂਰਤੀ ਪੂਜਾ ਕਰਦੇ ਹੀ ਜਾ ਰਹੇ ਹਨ ।੧।

ਭਾਵਾਰਥ–ਦਿਲ ਦੀ ਭਾਵਨਾ ਸਹਿਤ ਭਗਤੀ ਕਰਨੀ ਛੱਡ ਕੇ ਮੂਰਤੀ ਪੂਜਾ ਕਰਨੀ ਵਿਅਰਥ ਹੈ, ਹਰੀ ਦੇ ਨਾਮ ਦੇ

ਆਸਰੇ ਉਸਦੇ ਹੁਕਮ ਵਿਚ ਰਹਿਣ ਨਾਲ ਸਭ ਧਰਮ ਕਰਮ ਜਪ ਤਪ ਹੋ ਜਾਂਦੇ ਹਨ, ਇਸੇ ਲਈ ਗੁਰਮਤਿ ਮੂਰਤੀ ਪੂਜਾ ਵਲੋਂ ਹੋੜਕੇ ਕੇਵਲ ਪ੍ਰਭੂ ਪੂਜਾ ਕਰਨ ਵਲ ਹੀ ਹਰ ਪ੍ਰਾਣੀ ਮਾਤ੍ਰ ਨੂੰ ਪ੍ਰੇਰਨਾ ਦੇਂਦੀ ਹੈ।

ਮਹਲਾ ੧ ॥

1. **ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥**
2. **ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥**
3. **ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥**
4. **ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥**
5. **ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥**
6. **ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥**
7. **ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥**
8. **ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਣੁ ॥੨॥**

ਪਦ ਅਰਥ :–ਸੁਰਤੀ–ਬ੍ਰਿਤੀ ਦਾ ਜੋੜਨਾ। ਸੁਧਿ–ਸੂਝ, ਚੰਗੀ ਅਕਲ। ਅਮਰ–ਹੁਕਮ। ਖਾਨ–ਖਾਣੇ। ਮਾਣਸ–ਮਨੁੱਖ। ਦੇਵ–ਦੇਵਤੇ। ਪੁਰੀਆ–ਧਰਤੀਆਂ। ਖੰਡ–ਬ੍ਰਹਮੰਡ ਦੇ ਹਿੱਸੇ। ਜੀਅ ਜਹਾਨ–ਜਗਤ ਦੇ ਜੀਆ ਜੰਤ। ਹੁਕਮਿ–ਹੁਕਮ ਵਿਚ। ਕਲਾਮ–(ਹੁਕਮ ਦੀ) ਕਲਮ। ਕਰਮੀ–(ਜੀਵਾਂ ਦੇ) ਕਰਮਾਂ ਅਨੁਸਾਰ। ਵਹੈ–ਚਲਦੀ ਹੈ। ਸਚਿ ਨਾਇ–ਸਚੇ ਨਾਮ ਦੀ ਰਾਹੀਂ, ਸਚੇ ਨਾਮ ਵਿਚ ਜੁੜਿਆਂ। ਦੀਬਾਣੁ–ਕਚਹਿਰੀ।੨।

ਅਰਥ :–

ਪ੍ਰ:–ਗੁਰਦੇਵ ਜੀਉ! ਇਸ ਸਾਰੇ ਜਗਤ ਦੇ ਜੀਵ ਭਿੰਨ ਭਿੰਨ ਕਾਰਾਂ ਕਰਨ ਵਿਚ ਲਗ ਰਹੇ ਹਨ, ਆਖਰ ਇਨ੍ਹਾਂ ਸਾਰਿਆਂ ਦਾ ਪ੍ਰੇਰਕ ਕੌਣ ਹੈ?

1. ਉ.–ਹੇ ਭਾਈਓ! ਇਹ ਜੋ ਕੁੱਝ ਭੀ ਤੁਸਾਂ ਤਕਦੇ ਹੋ, ਜੋਗ ਮਤ ਅਨੁਸਾਰ ਬ੍ਰਿਤੀ ਜੋੜਨੀ, ਵੇਦ ਪੁਰਾਣ (ਆਦਿਕਾਂ ਦੇ ਪਾਠ)।
2. ਤਪ ਸਾਧਣੇ (ਭਜਨਾਂ ਦੇ) ਗੀਤ ਤੇ (ਉਨ੍ਹਾਂ ਦੀਆਂ) ਵਿਚਾਰਾਂ।
3. ਉਚੀ ਬੁਧ ਤੇ ਚੰਗੀ ਅਕਲ, ਤੀਰਥ ਅਸਥਾਨ (ਆਦਿਕਾਂ ਦੇ ਇਸ਼ਨਾਨ)।
4. ਪਾਤਿਸ਼ਾਹੀਆਂ ਤੇ ਹਕੂਮਤਾਂ ਖੁਸ਼ੀਆਂ ਤੇ (ਚੰਗੇ) ਖਾਣੇ।
5. ਮਨੁੱਖ ਤੇ ਦੇਵਤੇ, ਜੋਗ ਦੀਆਂ ਸਮਾਧੀਆਂ।
6. ਧਰਤੀਆਂ ਦੇ ਮੰਡਲ ਤੇ ਹਿਸੇ, ਸਾਰੇ ਜਗਤ ਦੇ ਜੀਅ-ਜੰਤ।
7. ਹੇ ਭਾਈ! ਇਨ੍ਹਾਂ ਸਭਨਾਂ ਨੂੰ ਪ੍ਰਮਾਤਮਾਂ ਆਪਣੇ ਹੁਕਮ ਵਿਚ ਤੋਰਦਾ ਹੈ, ਪਰ ਹੇ ਭਾਈਓ! ਉਸਦੇ ਹੁਕਮ ਦੀ ਕਲਮ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਵਗਦੀ ਹੈ।

ਪ੍ਰ:–ਗੁਰਦੇਵ ਜੀਉ! ਉਸ ਹੁਕਮੀ ਦਾ ਸਰੂਪ ਦਸੋ ਅਤੇ ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

8. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਉਹ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, ਉਸਦਾ ਦਰਬਾਰ ਸਦਾ ਥਿਰ ਰਹਿਣ ਵਾਲਾ ਹੈ, ਪਰ ਉਸ ਦੇ ਨਾਮ ਵਿਚ ਜੁੜਿਆਂ ਉਸਦੀ ਪ੍ਰਾਪਤੀ ਹੁੰਦੀ ਹੈ।੨।

ਭਾਵਾਰਥ :–ਕਈ ਜੀਵ ਜੋਗ ਦੀ ਰਾਹੀਂ ਸੁਰਤਿ ਜੋੜਦੇ ਹਨ, ਕਈ ਵੇਦ ਪੁਰਾਣਾਂ ਦੇ ਪਾਠ ਕਰਦੇ ਹਨ, ਕਈ ਤਪ ਸਾਧਦੇ ਹਨ, ਕੋਈ ਭਜਨ ਗਾਉਂਦੇ ਹਨ, ਕਈ ਗਿਆਨ ਚਰਚਾ ਕਰਦੇ ਹਨ, ਕੋਈ ਉਚੀਆਂ ਅਕਲਾਂ ਦੁੜਾਂਦੇ ਹਨ, ਕੋਈ ਤੀਰਥਾਂ ਤੇ ਇਸ਼ਨਾਨ ਕਰਦੇ ਹਨ, ਕੋਈ ਪਾਤਸ਼ਾਹ ਬਣਕੇ ਹਕੂਮਤਾਂ ਕਰ ਰਹੇ ਹਨ, ਕਈ ਮੌਜਾਂ ਮਾਣ ਰਹੇ ਹਨ, ਕੋਈ ਵਧੀਆ ਖਾਣੇ ਖਾ ਰਹੇ ਹਨ, ਕੋਈ ਮਨੁੱਖ ਹਨ, ਕੋਈ ਦੇਵਤੇ, ਕੋਈ ਸਮਾਧੀਆਂ ਲਾ ਰਹੇ ਹਨ, ਸਾਰੇ ਜੀਵ ਵਖ ਵਖ ਆਹਰੇ ਲਗੇ ਹੋਏ ਹਨ, ਇਹ ਜੋ ਕੁਝ ਹੋ ਰਿਹਾ ਹੈ, ਪ੍ਰਭੂ ਦੇ ਹੁਕਮ ਵਿਚ ਹੋ ਰਿਹਾ ਹੈ, ਪਰ ਜੀਵਾਂ ਦੀ ਇਹ ਵਖੋ ਵੱਖ ਰੁੱਚੀ ਉਨ੍ਹਾਂ ਦੇ ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਹੈ, ਫਲ ਪ੍ਰਭੂ ਦੀ ਰਜ਼ਾ ਵਿਚ ਹੀ ਮਿਲ ਰਿਹਾ ਹੈ।

ਪਉੜੀ ॥

1. **ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥**
2. **ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥**
3. **ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥**
4. **ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥**
5. **ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥੯॥**

ਪਦ ਅਰਥ :–ਨਾਇ ਮੰਨਿਐ–ਜੇ ਨਾਮ ਮੰਨ ਲਈਏ, ਜੇ ਇਹ ਮੰਨ ਲਈਏ ਕਿ ਨਾਮ ਸਿਮਰਨਾ ਜ਼ਿੰਦਗੀ ਦਾ ਅਸਲ ਮਨੋਰਥ ਹੈ, ਜੇ ਮਨ ਨਾਮ ਵਿਚ ਪਤੀਜ ਜਾਏ, ਜ ਮਨ ਨਾਮ ਵਿਚ ਗਿੱਝ ਜਾਏ। ਗਤਿ–ਉਚੀ ਆਤਮਕ ਅਵਸਥਾ। ਪਤਿ–ਇੱਜ਼ਤ। ਭਵਜਲੁ-ਸੰਸਾਰ ਸਮੁੰਦਰ। ਬਿਘਨੁ–ਰੁਕਾਵਟ। ਪੰਥੁ-(ਜ਼ਿੰਦਗੀ ਦਾ ਅਸਲ) ਰਸਤਾ। ਪਰਗਟਾ–ਪਰਤੱਖ। ਲੋਈ–ਚਾਨਣ, ਆਤਮਕ ਜੀਵਨ ਦੀ ਸੂਝ। ਸਤਿਗੁਰਿ ਮਿਲਿਐ–ਜੇ ਗੁਰੂ ਮਿਲ ਪਏ। ਨਾਉ ਮੰਨੀਐ–ਨਾਮ ਨੂੰ ਮੰਨ ਲਈਦਾ ਹੈ, ਇਹ ਮੰਨ ਲਈਦਾ ਹੈ ਕਿ ਨਾਮ ਸਿਮਰਨਾ ਜ਼ਿੰਦਗੀ ਦਾ 'ਪਰਗਟ ਪੰਥ' ਹੈ। ਜਿਨ–[ਅੱਖਰ ਨ ਦੇ ਹੇਠ ਅਧਾ 'ਹ' ਹੈ]। ਸੋਈ–ਉਹ ਪ੍ਰਭੂ।੯।

ਅਰਥ:–

ਪ੍ਰ:–ਸ੍ਰੀ ਜੀਉ! ਨਾਮ ਸਿਮਰਨ ਦੀ ਬਰਕਤ ਨਾਲ ਕਿਹੜੀ ਕਿਹੜੀ ਸ਼ੈ ਪ੍ਰਾਪਤ ਹੁੰਦੀ ਹੈ?

1. ਉ:–ਹੇ ਭਾਈਓ ! ਜੇ ਮਨ ਨਾਮ ਸਿਮਰਨ ਵਿਚ ਗਿੱਝ ਜਾਏ ਤਾਂ (ਮਨ ਵਿਚ) ਸੁਖ ਪੈਦਾ ਹੁੰਦਾ ਹੈ, ਤੇ ਨਾਮ ਵਿਚ (ਗਿਝਿਆਂ) ਹੀ ਉਚੀ ਆਤਮਕ ਅਵਸਥਾ ਬਣਦੀ ਹੈ।
2. ਸਿਮਰਨ ਦੁਆਰੇ ਹੀ ਇੱਜ਼ਤ ਮਿਲਦੀ ਹੈ ਅਤੇ ਹਿਰਦੇ ਵਿਚ ਉਹ ਪ੍ਰਭੂ (ਆ ਵਸਦਾ ਹੈ)।
3. ਨਾਮ ਦੇ ਸਿਮਰਨ ਦੀ ਬਰਕਤ ਦੁਆਰੇ, ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ ਤੇ (ਜ਼ਿੰਦਗੀ ਦੇ ਰਾਹ ਵਿਚ) ਕੋਈ ਰੋਕ ਨਹੀਂ ਪੈਂਦੀ।
4. ਨਾਮ ਸਿਮਰਨ ਦੁਆਰਾ, ਜੀਵਨ ਦਾ ਰਸਤਾ ਪ੍ਰਤੱਖ ਸਾਫ ਦਿਸਣ ਲੱਗ ਪੈਂਦਾ ਹੈ,ਕਿਉਂਕਿ ਨਾਮ ਵਿਚ ਸਾਰਾ ਚਾਨਣਾ ਹੈ। (ਆਤਮਕ ਜੀਵਨ ਦੀ ਸੂਝ ਹੈ)।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ! ਜੇ ਸਤਿਗੁਰੂ ਮਿਲੇ ਤਾਂ ਹੀ ਨਾਮ ਸਿਮਰਨ (ਜ਼ਿੰਦਗੀ ਦਾ ਪਰਗਟ ਪੰਥ) ਮੰਨਿਆ ਜਾ ਸਕਦਾ ਹੈ (ਤੇ ਇਹ ਦਾਤ ਉਨ੍ਹਾਂ ਨੂੰ ਮਿਲਦੀ ਹੈ, ਜਿਨ੍ਹਾਂ ਨੂੰ ਉਹ ਪ੍ਰਭੂ ਆਪ ਹੀ ਦੇਂਦਾ ਹੈ।੬।

ਭਾਵਾਰਥ :–ਜੇ ਮਨ ਨਾਮ ਸਿਮਰਨ ਵਿਚ ਗਿੱਝ ਜਾਏ ਤਾਂ ਜੀਵਨ ਦਾ ਸਹੀ ਰਸਤਾ ਪ੍ਰਤੱਖ ਸਾਫ ਦਿਸ ਪੈਂਦਾ ਹੈ, ਕੋਈ ਭੀ ਰੋਕ ਨਹੀਂ ਪੈਂਦੀ; ਮਨ ਵਿਚ ਸੁਖ ਉਪਜਦਾ ਹੈ ਤੇ ਇਹ ਯਕੀਨ ਬਣ ਜਾਂਦਾ ਹੈ ਕਿ ਉਸ ਪ੍ਰਭੂ ਦਾ ਨਾਮ ਸਿਮਰਦੇ ਰਹਿਣਾ ਹੀ ਸਹੀ ਰਸਤਾ ਹੈ।

ਸਲੋਕ ਮ: ੧ ॥

1. **ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ ॥**
2. **ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ॥**
3. **ਕਿਸੁ ਉਪਰਿ ਓਹੁ ਟਿਕਟਿਕੈ ਕਿਸ ਨੋ ਜੋਰੁ ਕਰੇਇ ॥**
4. **ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥**
5. **ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥**

ਪਦ ਅਰਥ :- ਸਿਰਿ- ਸਿਰ ਪਰਨੇ ਹੋ ਕੇ । ਇਕ ਪੈਰਿ–ਇਕ ਪੈਰ ਦੇ ਭਾਰ ਖਲੋਕੇ। ਧਿਆਏ–ਧਿਆਨ ਧਰੇ। ਪਉਣੁ ਮਾਰਿ–ਪਉਣ ਨੂੰ ਰੋਕ ਕੇ, ਪ੍ਰਾਣਾਯਾਮ ਕਰਕੇ। ਮਨਿ– ਮਨ ਵਿਚ । ਮੁੰਡੀ–ਧੌਣ । ਤਲੈ–ਹੇਠ । ਟਿਕ ਟਿਕੈ–ਟੇਕ ਟਿਕਦਾ ਹੈ, ਟੇਕ ਬਣਾਂਦਾ ਹੈ। ਜੋਰੁ–ਤਾਣ। ਕਿਸਨੋ ਕਹੀਐ– ਕਿਸੇ ਨੂੰ ਕਿਹਾ ਨਹੀਂ ਜਾ ਸਕਦਾ । ਰਹਾਏ-ਰੱਖਦਾ ਹੈ। ਆਪੁ–ਅਪਣੇ ਆਪ ਨੂੰ। ਹੁਕਮਿ ਆਪਣੈ–ਅਪਣੇ ਹੁਕਮ ਵਿਚ। ਗਣੇਇ–ਸਮਝਣ ਲੱਗ ਪੈਂਦਾ ਹੈ।੧।

ਅਰਥ –

ਪ੍ਰ:–ਗੁਰਦੇਵ ਜੀਉ ! ਬਹੁਤ ਲੋਕ ਕਠਨ ਤੋਂ ਕਠਨ ਤਪ ਕਰਦੇ ਵੇਖੀਦੇ ਹਨ ਆਖਰ ਰੱਬੀ ਦਰਬਾਰ ਵਿਚ ਕੌਣ ਕਬੂਲ ਹੁੰਦਾ ਹੈ ?

1. ਉ:–ਹੇ ਭਾਈ ! ਸੁਣੋ, ਜੇ ਕੋਈ ਮਨੁੱਖ ਸਿਰ ਪਰਨੇ ਹੋ ਕੇ ਸਾਰੀਆਂ ਧਰਤੀਆਂ ਤੇ ਧਰਤੀ ਦੇ ਸਾਰੇ ਹਿੱਸਿਆਂ ਤੇ ਫਿਰਦਾ ਰਵੇ, ਜੇ ਇਕ ਪੈਰ ਦੇ ਭਾਰ ਖਲੋ ਕੇ ਧਿਆਨ ਧਰੇ।
2. ਜੇ ਪ੍ਰਾਣ ਰੋਕ ਕੇ ਮਨ ਵਿਚ ਜਪ ਕਰੇ, ਜੇ ਆਪਣਾ ਸਿਰ ਧੌਣ ਦੇ ਹੇਠ ਰੱਖੇ (ਭਾਵ ਜੇ ਸ਼ੀਰਸ਼-ਆਸਣ ਕਰਕੇ ਸਿਰ ਭਾਰ ਖੜਾ ਰਹੇ)।
3. ਹੇ ਭਾਈਓ ! ਤਾਂ ਕੀ ਇਨ੍ਹਾਂ ਵਿਚੋਂ ਕਿਸ ਸਾਧਨ ਉਤੇ ਉਹ ਟੇਕ ਰੱਖਦਾ ਹੈ ? ਕਿਸ ਉਦਮ ਨੂੰ ਓਹ ਆਪਣਾ ਤਾਣ ਬਣਾਂਦਾ ਹੈ ? (ਭਾਵ ਇਹ ਹਰੇਕ ਟੇਕ ਤੁੱਛ ਹੈ, ਇਨ੍ਹਾਂ ਦਾ ਆਸਰਾ ਕਮਜ਼ੋਰ ਹੈ)।

ਪ੍ਰ–ਸ੍ਰੀ ਜੀਉ ! ਆਖਰ ਦਰਗਾਹੇ ਗਿਆਂ ਪ੍ਰਭੂ ਮਾਣ ਕਿਸਨੂੰ ਦੇਂਦਾ ਹੈ ?

4. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਹ ਗੱਲ ਕਹੀ ਨਹੀਂ ਜਾ ਸਕਦੀ ਕਿ ਕਰਤਾਰ ਮਾਣ ਕਿਸਨੂੰ ਬਖਸ਼ਦਾ ਹੈ।

ਪ੍ਰ:-ਗੁਰਦੇਵ ਜੀਉ ! ਆਪਣੇ ਆਪ ਨੂੰ ਹਰ ਕੋਈ ਹੀ ਵੱਡਾ ਆਖਦਾ ਹੈ, ਕੋਈ ਭੀ ਕਿਸੇ ਤੋਂ ਛੋਟਾ ਮੰਨਣ ਲਈ ਤਿਆਰ ਨਹੀਂ, ਇਹ ਕਿਉਂ ਬੇਸਮਝੀ ਹੋ ਰਹੀ ਹੈ ?

5. ਉ:–ਅਸਲ ਵਿਚ ਹੇ ਪਿਆਰੇ ! ਉਹ ਪ੍ਰਭੂ ਸਭ ਜੀਵਾਂ ਨੂੰ ਆਪਣੇ ਹੁਕਮ ਵਿਚ ਤੋਰਦਾ ਹੈ, ਪਰ ਮੂਰਖ ਆਪਣੇ ਆਪ ਨੂੰ (ਹੀ ਵਡਾ) ਸਮਝਣ ਲੱਗ ਪੈਂਦਾ ਹੈ। ਇਸ ਸਾਰੀ ਬੇ-ਸਮਝੀ ਦਾ ਕਾਰਨ ਕੇਵਲ ਅਗਿਆਨ ਹੀ ਹੈ।੧।

ਭਾਵਾਰਥ:–ਔਖੇ ਔਖੇ ਸਰੀਰਕ ਸਾਧਨ ਕਰਨ ਨਾਲ ਭੀ ਮਨ ਨੂੰ ਕੋਈ ਆਸਰਾ ਨਹੀਂ ਮਿਲਦਾ, ਜੀਵ ਜੀਵਨ ਭਰ ਹੀ ਭਟਕਦਾ ਰਹਿੰਦਾ ਹੈ, ਪਰ ਜਦੋਂ ਮਨੁੱਖ ਸਾਰੇ ਸਾਧਨਾਂ ਦਾ ਤਿਆਗ ਕਰਕੇ ਰੱਬੀ ਰਜ਼ਾ ਵਿਚ ਤੁਰਦਾ ਰਹੇ ਤਾਂ ਹੀ ਉਸ ਪ੍ਰਭੂ ਦੀ ਦਰਗਾਹੇ ਕਬੂਲ ਹੋ ਸਕੀਦਾ ਹੈ।

ਮ: ੧ ॥

1. **ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥**
2. **ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥**
3. **ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥**
4. **ਨਾਨਕ ਚਸਿਅਹੁ ਚੁਖਬਿੰਦ ਉਪਰਿ ਆਖਣੁ ਦੋਸੁ॥੨॥**

ਪਦ ਅਰਥ :–ਕੋਟਿ ਕੋਟਿ–ਕ੍ਰੋੜਾਂ ਵਾਰੀ । ਕੋਟੀ ਹੂ ਕੋਟਿ ਕੋਟਿ–ਕ੍ਰੋੜਾਂ ਵਾਰੀ ਤੋਂ ਭੀ ਕ੍ਰੋੜਾਂ ਵਾਰੀ ਵਧੀਕ। ਆਖਾ– ਜੇ ਮੈਂ ਆਖਾਂ। ਆਖੂੰ–ਮੂੰਹ ਨਾਲ । ਕਹਣਿ–ਆਖਣ ਵਿਚ। ਤੋਟਿ–ਘਾਟ। ਨ ਠਾਕੀਆ–ਨਾ ਮੈਂ ਰੁਕਿਆ ਰਹਾਂ। ਜੋਤਿ– ਸੱਤਿਆ। ਏਵਡ ਜੋਤਿ–ਇਤਨੀ ਸੱਤਿਆ। ਰਖਹਿ–ਤੂੰ ਪਾ ਦੇਵੇਂ। ਚਸਿਅਹੁ–ਇਕ ਚਸੇ ਤੋਂ । ਚਸਿਅਹੁ ਚੁਖ ਬਿੰਦ– ਇਕ ਚਸੇ ਤੋਂ ਭੀ ਬਹੁਤ ਘੱਟ ਦੇ ਬਰਾਬਰ । ਉਪਰਿ–ਵਧੀਕ।

ਦੋਸੁ–ਭੁੱਲ, ਗ਼ਲਤੀ ।੨।

ਅਰਥ:–

ਪ੍ਰ:–ਗੁਰਦੇਵ ਜੀਉ ! ਬਹੁਤ ਲੋਕ ਤਾਂ ਉਸ ਪ੍ਰਮੇਸ਼ਰ ਦੀ ਹੋਂਦ ਵਿਚ ਨਿਸਚਾ ਹੀ ਨਹੀਂ ਰੱਖਦੇ, ਪਰ ਕੀ, ਆਪ ਜੀ ਦੇ ਅੰਤਰ ਆਤਮੇਂ ਉਸ ਪ੍ਰਮੇਸ਼ਰ ਜੀ ਦੇ ਸੱਚ ਮੁੱਚ ਹੋਣ ਦਾ ਪੂਰਨ ਵਿਸ਼ਵਾਸ਼ ਹੈ ?

1. ਉ:–ਹੇ ਭਾਈਓ ! ਸੱਚ ਤਾਂ ਇਹੋ ਹੀ ਹੈ ਕਿ, ਜੇ ਮੈਂ ਕ੍ਰੋੜਾਂ ਕ੍ਰੋੜਾਂ ਵਾਰ (ਭੀ) ਆਖਾਂ ਕਿ ਪ੍ਰਮਾਤਮਾਂ ਸੱਚਮੁੱਚ ਹੈ ਅਤੇ ਜੇ ਮੈਂ ਕ੍ਰੋੜਾਂ ਵਾਰੀ ਤੋਂ ਭੀ ਕ੍ਰੋੜਾਂ ਵਾਰੀ ਵਧੀਕ (ਇਹੋ ਹੀ ਗੱਲ) ਆਖਾਂ।

2. ਹੇ ਭਾਈ ! ਜੇ ਮੈਂ ਇਹੀ ਗੱਲ ਸਦਾ ਹੀ ਆਪਣੇ ਮੂੰਹ ਨਾਲ ਆਖਦਾ ਰਹਾਂ, ਮੇਰੇ ਆਖਣ ਵਿਚ ਤਰੋਟ (ਹੀ) ਨਾ ਆਵੇ।

3. ਪਰ, (ਹੇ ਪ੍ਰਭੂ) ਜੇ ਤੂੰ ਮੇਰੇ ਵਿਚ ਇਤਨੀ ਸੱਤਿਆ ਪਾ ਦੇਵੇਂ ਕਿ ਮੈਂ ਆਖਦਾ ਆਖਦਾ ਨਾ ਹੀ ਥੱਕਾਂ ਅਤੇ ਨਾਹੀਂ ਕਿਸੇ ਦਾ ਰੋਕਿਆ ਰੁਕਾਂ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪ੍ਰਭੂ ਜੀਉ ! ਤਾਂ ਭੀ ਇਹ ਸਾਰਾ ਜਤਨ ਤੇਰੀ ਰਤਾ ਭਰ ਸਿਫਤ ਦੇ ਹੀ ਬਰਾਬਰ ਹੁੰਦਾ ਹੈ, ਜੇ ਮੈਂ ਆਖਾਂ ਕਿ ਏਦੂੰ ਵਧੀਕ ਸਿਫਤ ਮੈਂ ਕੀਤੀ ਹੈ, ਤਾਂ (ਇਹ ਮੇਰੀ) ਭੁੱਲ ਹੈ।

ਭਾਵਾਰਥ :–ਜੀਭ ਨਾਲ ਭੀ ਭਾਵੇਂ ਉਸਦੀ ਕਿਤਨੀ ਵਧੀਕ ਤੋਂ ਵਧੀਕ ਸਿਫਤ ਪਏ ਆਖੀਏ, ਫਿਰ ਭੀ ਉਸਦਾ ਪੂਰਾ ਬਿਆਨ ਨਹੀਂ ਹੋ ਸਕਦਾ, ਵਧ ਤੋਂ ਵਧ ਸਿਫਤ ਆਖਕੇ ਭੀ ਜੇ ਮਨ ਵਿਚ ਉਸਦੀ ਪੂਰਨ ਸਿਫਤ ਕਰਨ ਦਾ ਕੋਈ ਅਹਿਸਾਸ ਕਰਦਾ ਹੈ, ਤਾਂ ਸਮਝੋ ਉਸਦੀ ਇਹ ਵਡੀ ਤੋਂ ਵਡੀ ਭੁਲ ਸਮਝੀ ਜਾਵੇਗੀ।

ਪਉੜੀ ॥

1. ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥
2. ਨਾਇ ਮੰਨਿਐ ਸੰਗਤਿ ਉਧਰੈ
ਜਿਨ ਰਿਦੈ ਵਸਾਇਆ ॥
3. ਨਾਇ ਮੰਨਿਐ ਸੁਣਿ ਉਧਰੇ
ਜਿਨ ਰਸਨ ਰਸਾਇਆ ॥
4. ਨਾਇ ਮੰਨਿਐ ਦੁਖ ਭੁਖ ਗਈ
ਜਿਨ ਨਾਮਿ ਚਿਤੁ ਲਾਇਆ ॥
5. ਨਾਨਕ ਨਾਮੁ ਤਿਨੀ ਸਾਲਾਹਿਆ
ਜਿਨ ਗੁਰੂ ਮਿਲਾਇਆ ॥੧੦॥

ਪਦ ਅਰਥ :–ਕੁਲੁ–ਖਾਨਦਾਨ । ਉਧਰੈ–(ਭਵਜਲ ਤੋਂ) ਬਚ ਨਿਕਲਦਾ ਹੈ । ਸਬਾਇਆ–ਸਾਰਾ । ਰਸਨ–ਜੀਭ । ਰਸਾਇਆ–ਰਸਾ ਲਿਆ ਹੈ, ਇਕ ਰਸ ਕਰ ਲਿਆ ਹੈ । ਨਾਮਿ–ਨਾਮ ਵਿਚ ।੧੦।

ਅਰਥ:–

ਪ੍ਰ:–ਗੁਰਦੇਵ ਜੀਉ ! ਨਾਮ ਸਿਮਰਨ ਵਾਲੇ ਮਨੁੱਖ ਅੰਦਰ ਕਿਤਨੀ ਕੁ ਸ਼ਕਤੀ ਆ ਜ ਇਆ ਕਰਦੀ ਹੈ ?

1. ਉ:–ਹੇ ਭਾਈ ! ਜੇ ਮਨ ਨਾਮ ਸਿਮਰਨ ਵਿਚ ਗਿੱਝ ਜਾਏ (ਤਾਂ ਉਸ ਦੇ ਆਪਣੇ ਉਧਾਰ ਹੋਣ ਵਿਚ ਤਾਂ ਕੋਈ ਸੰਸਾ ਹੀ ਨਹੀਂ ਅਜਿਹੇ ਮਨੁੱਖ ਦੀ ਤਾਂ ਸਾਰੀ ਕੁਲ, ਸਾਰਾ ਪ੍ਰਵਾਰ (ਭਵਜਲ ਵਿਚੋਂ) ਬਚ ਜਾਂਦਾ ਹੈ।

2. ਨਾਮ ਵਿਚ ਮਨ ਪਤੀਜਿਆਂ ਜਿਨ੍ਹਾਂ ਬੰਦਿਆਂ ਨੇ ਨਾਮ ਨੂੰ ਹਿਰਦੇ ਵਿਚ ਵਸਾ ਲਿਆ ਉਨ੍ਹਾਂ ਦੀ ਸਾਰੀ ਸੰਗਤ (ਸੰਸਾਰ ਸਮੁੰਦਰ ਤੋਂ) ਪਾਰ ਉਤਰ ਜਾਂਦੀ ਹੈ।

3. ਹੇ ਭਾਈ ! ਨਾਮ ਵਿਚ ਗਿੱਝ ਕੇ ਜਿਨ੍ਹਾਂ ਨੇ ਜੀਭ ਨੂੰ ਨਾਮ ਨਾਲ ਇਕ ਰਸ ਕਰ ਲਿਆ ਉਹ ਨਾਮ ਸੁਣਕੇ (ਮਾਇਆ ਦੇ ਪ੍ਰਭਾਵ ਤੋਂ) ਬਚ ਜਾਂਦੇ ਹਨ।

4. ਹੇ ਭਾਈਓ ! ਨਾਮ ਵਿਚ ਗਿੱਝ ਕੇ ਜਿਨ੍ਹਾਂ ਨੇ ਨਾਮ ਵਿਚ ਮਨ ਜੋੜ ਲਿਆ ਉਨ੍ਹਾਂ ਦੇ ਦੁਖ ਦੂਰ ਹੋ ਜਾਂਦੇ ਹਨ, ਉਨ੍ਹਾਂ ਦੀ (ਮਾਇਆ ਵਾਲੀ) ਭੁੱਖ ਮਿਟ ਜਾਂਦੀ ਹੈ।

ਪ੍ਰ:–ਗੁਰਦੇਵ ਜੀਉ ! ਅਜਿਹੇ ਉੱਤਮ ਨਾਮ ਨੂੰ ਸਾਰੇ ਹੀ ਕਿਉਂ ਨਹੀਂ ਜਪਦੇ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਨਾਮ ਉਹੀ ਬੰਦੇ ਸਿਮਰਦੇ ਹਨ ਜਿਨ੍ਹਾਂ ਨੂੰ ਪ੍ਰਭੂ ਸਤਿਗੁਰੂ ਮਿਲਾਂਦਾ ਹੈ ।੧੦।

ਭਾਵਾਰਥ :–ਸਿਮਰਨ ਵਿਚ ਗਿਝੇ ਹੋਏ ਮਨ ਵਾਲੇ ਬੰਦਿਆਂ ਦੀਆਂ ਕੁਲਾਂ ਤੇ ਸਾਥੀ ਭੀ ਮਾਇਆ ਦੇ ਅਸਰ ਤੋਂ ਬਚ ਜਾਂਦੇ ਹਨ। ਜਿਨ੍ਹਾਂ ਨੇ ਨਾਮ ਵਿਚ ਮਨ ਜੋੜ ਲਿਆ ਉਨ੍ਹਾਂ ਦੇ ਦੁਖ ਤੇ ਮਾਇਆ ਵਾਲੀ ਭੁੱਖ ਮਿਟ ਜਾਂਦੀ ਹੈ। ਪਰ, ਇਹ ਪਵਿਤ੍ਰ ਨਾਮ ਗੁਰੂ ਦੀ ਬਖਸ਼ਸ਼ ਦੁਆਰੇ ਹੀ ਪਾਇਆ ਜਾ ਸਕਦਾ ਹੈ।

ਸਲੋਕ ਮ: ੧ ॥

1. ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥
2. ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥
3. ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥
4. ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥
5. ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥
6. ਆਖਹਿ ਥਕਹਿ ਆਖਿ ਆਖਿ
ਕਰਿ ਸਿਫਤੀ ਵੀਚਾਰ ॥
7. ਤ੍ਰਿਣੁ ਨ ਪਾਇਓ ਬਪੁੜੀ
ਨਾਨਕੁ ਕਹੈ ਗਵਾਰ ॥੧॥

ਪਦ ਅਰਥ :–ਦਿਹ–ਦਿਨ । ਥਿਤੀ–ਚੰਦ ਦੇ ਵਧਾ ਘਟਾ ਨਾਲ ਗਿਣੇ ਜਾਣ ਵਾਲੇ ਮਹੀਨਿਆਂ ਦੀਆਂ ਤਾਰੀਖਾਂ। ਵਾਰ–ਹਫਤੇ ਦੇ ਦਿਨਾਂ ਦੇ ਨਾਮ । ਮਾਹ–ਮਹੀਨੇ । ਧਰਤੀ–

ਧਰਤੀਆਂ । ਲੋਅ ਲੋਅ—ਹਰੇਕ ਲੋਕ (੧੪ ਲੋਕਾਂ) ਦੇ। ਆਕ ਰ—ਸਰੂਪ, ਸਰੀਰ, ਜੀਅ ਜੰਤ। ਕੇਹੜਾ—ਕੇਡਾ ਵਡਾ ? ਕਹਿ ਨ ਸਕੀਜੈ-ਬਿਆਨ ਨਹੀਂ ਕੀਤੀ ਜਾ ਸਕਦੀ। ਕਾਰ—ਪ੍ਰਭੂ ਦੀ ਰਚਨਾ । ਤ੍ਰਿਣੁ—ਤ੍ਰਿਣੁ ਜਿਤਨਾ, ਰਤਾ ਭਰ ਭੀ। ਬਪੁੜੀ ਗਵਾਰ—ਵਿਚਾਰੇ ਗਵਾਰਾਂ ਨੇ। ਆਖਿ ਆਖਿ ਆਖਹਿ—ਬੇਅੰਤ ਵਾਰੀ ਆਖਦੇ ਹਨ । ਥਕਹਿ—ਥੱਕ ਜਾਂਦੇ ਹਨ। ਬਪੜੀ—ਬਪੜੀਂ, ਵਿਚਾਰਿਆਂ ਨੇ।

ਅਰਥ:—

ਪ੍ਰ:—ਗੁਰਦੇਵ ਜੀਉ ! ਇਹ ਪ੍ਰਭੂ ਦੀ ਸੰਪੂਰਨ ਰਚਨਾਂ ਕਿਤਨੀ ਕੁ ਵਡੇਰੀ ਹੈ, ਇਸ ਬਾਰੇ ਕੋਈ ਗੁਰਮਤਿ ਅਨੁਸਾਰ ਆਪਣੇ ਵੀਚਾਰ ਉਚਾਰਨ ਕਰੋ ?

1. **ਉ:**—ਹੇ ਭਾਈਓ ! ਇਹ ਰਾਤਾਂ, ਦਿਹਾੜੇ ਥਿਤਾਂ, ਵਾਰ ।
2. ਸਭੇ ਰੁੱਤਾਂ ਸਾਰੇ ਮਹੀਨੇ ਸਭੇ ਧਰਤੀਆਂ ਤੇ ਧਰਤੀਆਂ ਉਤੇ ਪੈਦਾ ਹੋਏ ਸਾਰੇ ਪਦਾਰਥ।
3. ਹਵਾ, ਪਾਣੀ, ਅੱਗ, ਧਰਤੀ ਦੇ ਹੇਠਲੇ ਪਾਸੇ ਦੇ ਪਦਾਰਥ।
4. ਹੇ ਭਾਈ ! ਧਰਤੀਆਂ ਦੇ ਮੰਡਲ ਬ੍ਰਹਮੰਡ ਦੇ ਬੇਅੰਤ ਹਿਸੇ।
5. ਬੇਅੰਤ ਕਿਸਮਾਂ ਦੇ ਹਰੇਕ ਲੋਕ ਦੇ ਜੀਅ ਜੰਤ ਇਹ ਸਾਰੀ ਰਚਨਾ (ਕੇਡੀ ਕੁ ਹੈ) ਬਿਆਨ ਨਹੀਂ ਕੀਤੀ ਜਾ ਸਕਦੀ। (ਇਸ ਰਚਨਾਂ ਨੂੰ ਬਨਾਣ ਵਾਲੇ ਪ੍ਰਭੂ ਦਾ) ਹੁਕਮ ਕਿਤਨਾ ਵਡਾ ਹੈ-ਇਹ ਭੀ ਪਤਾ ਨਹੀਂ ਲੱਗ ਸਕਦਾ।

ਪ੍ਰ:—ਕਿਉਂ ਜੀ ! ਕੀ ਕਿਸੇ ਨੇ ਉਸਦੀਆਂ ਸਿਫਤਾਂ ਬਿਆਨ ਕਰਨ ਦਾ ਕਦੀ ਕੋਈ ਯਤਨ ਹੀ ਨਹੀਂ ਕੀਤਾ ?

6. **ਉ:**—ਹੇ ਭਾਈਓ ! ਅਸਲ ਵਿਚ ਉਸ ਪ੍ਰਮ ਤਮਾਂ ਦੀਆਂ ਸਿਫਤਾਂ ਦੀ ਵੀਚਾਰ ਕਰ ਕੇ ਲੋਕ ਮੁੜਮੁੜ ਬੇਅੰਤ ਵਾਰੀ (ਉਸ ਦੀਆਂ ਵਡਿਆਈਆਂ) ਬਿਆਨ ਕਰਦੇ ਹਨ ਤੇ (ਬਿਆਨ ਕਰ ਕੇ) ਥੱਕ ਜਾਂਦ ਹਨ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ (ਪਰ ਉਨ੍ਹਾਂ) ਵਿਚਾਰੇ ਗਵਾਰਾਂ ਨੇ ਪ੍ਰਭੂ ਦਾ ਰਤਾ ਭਰ ਭੀ ਅੰਤ ਨਹੀਂ ਲੱਭਾ ।੧।

ਭਾਵਾਰਥ :—ਹਰੀ ਦੇ ਹੁਕਮ ਤੋਂ ਹੋਈ ਰਚਨਾਂ ਦੇਸ ਕਾਲ ਵਾਲੀ ਇਤਨੀ ਵੱਡੀ ਹੈ ਕਿ ਇਸਦਾ ਬਿਆਨ ਨਹੀਂ ਹੋ ਸਕਦਾ। ਇਸ ਤੋਂ ਪਤਾ ਲਗਦਾ ਹੈ ਕਿ ਹਰੀ ਦੇ ਹੁਕਮ ਦਾ ਅੰਤ ਕੋਈ ਨਹੀਂ, ਭਾਵੇਂ ਕਿਤਨੀ ਭਾਲ ਪਏ ਕਰੀਏ, ਕਿਤਨੇ ਪਏ ਪੜ੍ਹੀਏ ਜਾਂ ਵੀਚਾਰੀਏ।

ਮ. ੧ ॥

1. **ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥**
2. **ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥**
3. **ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥**
4. **ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥**
5. **ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥**
6. **ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥**
7. **ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥**

ਪਦ ਅਰਥ :—ਅਖੀਂ ਪਰਣੈ—ਅਖਾਂ ਦੇ ਭਾਰ । ਸਭੁ ਅਕਾਰੁ—ਸਾਰਾ ਜਗਤ । ਮਾਣਸਾਂ—ਮਨੁੱਖਾਂ ਨੂੰ । ਕਰਹਿ ਅਵਤਾਰ—ਜੰਮਦੇ ਹਨ, ਬਣਦੇ ਹਨ। ਜੋਧ—ਸੂਰਮੇ । ਸੁਣੀ—ਮੈਂ ਸੁਣਾਂ । ਦਰਬਾਰੁ—ਪ੍ਰਭੂ ਦੀ ਹਜ਼ੂਰੀ। ਸਚ ਨਾਇ—ਸਚੇ ਨਾਮ ਦੀ ਰਾਹੀਂ, ਨਾਮ ਸਿਮਰਨ ਨਾਲ । ਭੈ ਵਿਣੁ—ਡਰ ਰਹਿਤ। ਸਾਰੁ—ਜਗਤ ਦਾ ਮੂਲ। ਕਚੁ ਪਿਚੁ—ਕੱਚਾ ਪਿੱਲਾ। ਅੰਧੁ ਬੀਚਾਰੁ—ਅੰਧਿਆਂ ਵਾਲਾ ਅੰਦਾਜ਼ਾ, ਅੰਧਿਆਂ ਵਾਲਾ ਟਟੋਲਾ। ਕਰਮੀ—ਪ੍ਰਭੂ ਦੀ ਮਿਹਰ ਨਾਲ । ਨਦਰਿ—ਮਿਹਰ ਦੀ ਨਜ਼ਰ ਨਾਲ ।੨।

ਅਰਥ :—

ਪ੍ਰ:—ਸ੍ਰੀ ਜੀਉ ! ਤੁਸਾਂ ਸਾਰੇ ਮਤ ਮਤਾਤਰਾਂ ਵਿਚੋਂ ਕਿਹੜਾ ਸਹੀ ਮਾਰਗ ਸਮਝਦੇ ਹੋ ਜਿਸ ਦੁਆਰੇ ਨਿਰਭਉ ਪ੍ਰਭੂ ਨੂੰ ਹਾਸਲ ਕਰ ਸਕੀਏ ?

1. **ਉ:**—ਹੇ ਭਾਈਓ ! ਮੈਂ ਤਾਂ ਇਉਂ ਹੀ ਅਨਭਵ ਕਰਦਾ ਹਾਂ ਕਿ, ਜੇ ਮੈਂ ਅੱਖਾਂ ਦੇ ਭਾਰ ਹੋ ਕੇ ਫਿਰਾਂ ਤੇ ਸਾਰਾ ਜਗਤ (ਫਿਰ ਕੇ) ਵੇਖ ਲਵਾਂ।
2. (ਅਤੇ) ਜੇ ਮੈਂ ਗਿਆਨਵਾਨ ਪੰਡਤਾਂ ਨੂੰ ਵੇਦਾਂ ਦੇ ਡੂੰਘੇ ਭੇਤ ਪੁੱਛ ਲਵਾਂ।
3. ਜੇ ਮੈਂ ਦੇਵਤਿਆਂ ਨੂੰ (ਭੀ) ਜਾ ਪੁੱਛਾਂ ਅਤੇ ਉਨ੍ਹਾਂ ਮਨੁੱਖਾਂ ਨੂੰ ਜਾ ਪੁੱਛਾਂ ਜੋ ਬੜੇ ਸੂਰਮੇਂ ਬਣਦੇ ਹਨ।
4. ਹੇ ਭਾਈ ! ਜੇ ਸਮਾਧੀ ਲਾਣ ਵਾਲੇ ਪੁਗੇ ਹੋਏ ਜੋਗੀਆਂ ਦੀਆਂ ਸਾਰੀਆਂ ਮਤਾਂ ਜਾ ਸੁਣਾਂ ਕਿ, ਪ੍ਰਭੂ ਦਾ ਦਰਬਾਰ ਮੈਂ ਕਿਵੇਂ ਜਾਕੇ ਵੇਖਾਂ।
5. ਹੇ ਭਾਈਓ ! (ਇਨ੍ਹਾਂ ਸਾਰੇ ਉਦਮਾਂ ਦੇ) ਸਾਹਮਣੇ ਇਕੋ ਹੀ ਸੁਚੱਜੀ ਮਤ ਹੈ ਕਿ, ਸਦਾ ਕਾਇਮ ਰਹਿਣ ਵਾਲਾ ਪ੍ਰਭੂ ਜੋ ਨਿਰਭਉ ਹੈ ਜਿਸਨੂੰ ਕਿਸੇ ਦਾ ਡਰ ਨਹੀਂ ਤੇ ਜੋ ਸਾਰੇ ਜਗਤ ਦਾ ਮੂਲ ਹੈ; (ਉਹ) ਸਿਮਰਨ ਦੀ ਰਾਹੀਂ ਹੀ ਮਿਲਦਾ ਹੈ।
6. ਹੇ ਭਾਈਓ ! (ਸਿਮਰਨ ਤੋਂ ਬਿਨਾ) ਹੋਰ ਸਾਰੀਆਂ ਮਤਾਂ ਕਚੀਆਂ ਹਨ । ਹੋਰ ਸਾਰੇ ਉਦਮ ਕੱਚੇ ਪਿਲੇ ਹਨ, (ਸਿਮਰਨ ਤੋਂ ਖੁੰਝੇ ਹੋਏ) ਅੰਨ੍ਹਿਆਂ ਦੇ ਅੰਨ੍ਹੇ ਟਟੋਲੇ ਹੀ ਹਨ।

ਪ੍ਰ:—ਕਿਉਂ ਜੀ ! ਇਹ ਸਿਮਰਨ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦਾ ?

7. ਕਥਨ ਕਰਦੇ ਹਨ(ਗੁਰੂ) ਨਾਨਕ ਦੇਵ ਜੀ ਕਿ,ਹੇ ਪਿਆਰੇ ! ਜਤਨ ਤਾਂ ਬਹੁਤ ਲੋਕ ਕਰਦੇ ਹਨ) ਪਰ ਸਿਮਰਨ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ, ਪ੍ਰਭੂ ਆਪਣੀ ਮਿਹਰ ਦੀ ਨਜ਼ਰ ਨਾਲ ਹੀ ਪਾਰ ਲੰਘਾਂਦਾ ਹੈ ।੨।

ਭਾਵਾਰਥ :–ਭਾਵੇਂ ਕਿਤਨੀ ਭੀ ਭਾਲ ਕਰੀਏ ਤੇ ਕਿਤਨੇ ਪਏ ਪੜ੍ਹੀਏ ਜਾਂ ਵੀਚਾਰਾਂ ਕਰੀਏ, ਅਸਲ ਵਿਚ ਸਹੀ ਗੱਲ ਤਾਂ ਇਹੋ ਹੀ ਹੈ ਕਿ ਹਰੀ ਸੱਚਾ ਤੇ ਨਿਰਭਉ ਹੈ ਅਤੇ ਪਾਰ ਉਤਾਰਾ ਕੇਵਲ ਉਸੇ ਦੀ ਮਿਹਰ ਦੁਆਰਾ ਮਿਲਦਾ ਹੈ ।

ਪਉੜੀ ॥

1. ਨਾਇ ਮੰਨਿਐ ਦੁਰਮਤਿ ਗਈ
ਮਤਿ ਪਰਗਟੀ ਆਇਆ ॥
2. ਨਾਉ ਮੰਨਿਐ ਹਉਮੈ ਗਈ
ਸਭਿ ਰੋਗ ਗਵਾਇਆ ॥
3. ਨਾਇ ਮੰਨਿਐ ਨਾਮੁ ਊਪਜੈ
ਸਹਜੇ ਸੁਖੁ ਪਾਇਆ ॥
4. ਨਾਇ ਮੰਨਿਐ ਸਾਂਤਿ ਊਪਜੈ
ਹਰਿ ਮੰਨਿ ਵਸਾਇਆ ॥
5. ਨਾਨਕ ਨਾਮੁ ਰਤੰਨੁ ਹੈ
ਗੁਰਮੁਖਿ ਹਰਿ ਧਿਆਇਆ ॥ ੧੧ ॥

ਪਦ ਅਰਥ :- ਦੁਰਮਤਿ–ਭੈੜੀ ਮਤਿ । ਪਰਗਟੀ ਆਇਆ–ਪ੍ਰਗਟ ਹੋ ਪੈਂਦੀ ਹੈ । ਨਾਇ ਮੰਨਿਐ ਨਾਉ ਊਪਜੈ–ਜੋ ਨਾਮ ਵਿਚ ਮਨ ਗਿੱਝ ਜਾਏ ਤਾਂ (ਮਨ ਵਿਚ) ਨਾਮ (ਜਪਣ ਦੀ ਤਾਂਘ) ਪੈਦਾ ਹੋਈ ਰਹਿੰਦੀ ਹੈ । ਮੰਨਿ–ਮਨਿ, ਮਨ ਵਿਚ । ਰਤੰਨੁ–ਕੀਮਤੀ ਮੋਤੀ । ਗੁਰਮੁਖਿ–ਉਹ ਮਨੁੱਖ ਜੋ ਗੁਰੂ ਦੇ ਸਨਮੁਖ ਹੈ ।

ਅਰਥ:–

ਪ੍ਰ:–ਗੁਰਦੇਵ ਜੀਓ ! ਨਾਮ ਜਪਦੇ ਰਹਿਣ ਨਾਲ ਮਨ ਵਿਚ ਕੀ ਬਦਲ ਆ ਜਾਂਦੀ ਹੈ ?

1. **ਉ**:–ਹੇ ਪਿਆਰੇ ! ਜੇ ਕਰ ਮਨ ਨਾਮ ਸਿਮਰਨ ਵਿਚ ਗਿੱਝ ਜਾਏ ਤਾਂ ਭੈੜੀ ਮਤਿ ਦੂਰ ਹੋ ਜਾਂਦੀ ਹੈ ਤੇ (ਚੰਗੀ) ਮਤਿ ਚਮਕ ਪੈਂਦੀ ਹੈ ।
2. ਹੇ ਭਾਈ ! ਨਾਮ ਸਿਮਰਨ ਦਾ ਸਦਕਾ ਹੀ ਹਉਮੈਂ ਦੂਰ ਹੋ ਜਾਂਦੀ ਹੈ ਅਤੇ ਸਾਰੇ ਹੀ (ਮਨ ਦੇ) ਰੋਗ ਨਾਸ ਹੋ ਜਾਂਦੇ ਹਨ ।
3. ਐ ਪਿਆਰੇ ! ਜੇ ਨਾਮ ਵਿਚ ਮਨ ਗਿੱਝ ਜਾਏ ਤਾਂ (ਮਨ ਵਿਚ) ਨਾਮ (ਜਪਣ ਦਾ ਚਾਉ) ਪੈਦਾ ਹੋ ਜਾਂਦਾ ਹੈ ਤੇ ਅਡੋਲ ਅਵਸਥਾ ਵਿਚ ਅੱਪੜ ਕੇ ਸੁੱਖ ਪ੍ਰਾਪਤ ਹੁੰਦਾ ਹੈ ।
4. ਹੇ ਪਿਆਰੇ ! ਮਨ ਵਿਚ ਠੰਡ ਵਰਤ ਜਾਂਦੀ ਹੈ ਤੇ ਪ੍ਰਭੂ ਮਨ ਵਿਚ ਆ ਵੱਸਦਾ ਹੈ ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਪ੍ਰਭੂ ਦਾ ਨਾਮ (ਮਾਨੋਂ) ਇਕ ਕੀਮਤੀ ਮੋਤੀ ਹੈ, ਪਰ ਹਰਿ ਨਾਮ ਸਿਮਰਦਾ ਉਹੀ ਮਨੁੱਖ ਹੈ ਜੋ ਗੁਰੂ ਦੇ ਸਨਮੁਖ ਹੁੰਦਾ ਹੈ । ੧੧ ।

ਭਾਵਾਰਥ :–ਨਾਮ ਵਿਚ ਗਿੱਝਿਆਂ ਚੰਗੀ ਮਤ ਚਮਕ ਪੈਂਦੀ ਹੈ ਤੇ ਹਉਮੈ ਦੂਰ ਹੋ ਜਾਂਦੀ ਹੈ, ਨਾਮ ਸਿਮਰਨ ਦਾ ਚਾਉ ਪੈਦਾ ਹੋ ਜਾਂਦਾ ਹੈ ਤੇ ਮਨ ਵਿਚ ਸ਼ਾਂਤੀ ਆ ਵੱਸਦੀ ਹੈ ।

ਸਲੋਕ ਮ: ੧ ॥

1. ਹੋਰੁ ਸਰੀਕੁ ਹੋਵੈ ਕੋਈ ਤੇਰਾ
ਤਿਸੁ ਅਗੈ ਤੁਧੁ ਆਖਾਂ ॥
2. ਤੁਧੁ ਅਗੈ ਤੁਧੈ ਸਾਲਾਹੀ
ਮੈ ਅੰਧੇ ਨਾਉ ਸੁਜਾਖਾ ॥
3. ਜੇਤਾ ਆਖਣੁ ਸਾਹੀ ਸਬਦੀ
ਭਾਖਿਆ ਭਾਇ ਸੁਭਾਈ ॥
4. ਨਾਨਕ ਬਹੁਤਾ ਏਹੋ ਆਖਣੁ
ਸਭ ਤੇਰੀ ਵਡਿਆਈ ॥ ੧ ॥

ਪਦ ਅਰਥ :– ਮੈ–ਮੈਨੂੰ । ਸੁਜਾਖਾ–ਅੱਖਾਂ ਦੇਣ ਵਾਲ਼ਾ, ਸੁਜਾਖਾ ਕਰਨ ਵਾਲਾ । ਜੇਤਾ ਆਖਣੁ–ਜਿਤਨਾ ਕੁਝ (ਬਿਆਨ ਕੀਤਾ) ਹੈ । ਸਾਹੀ–ਸ਼ਾਹੀ, ਸਿਆਹੀ ਨਾਲ (ਲਿਖ ਕੇ) । ਸਬਦਿ–ਸ਼ਬਦਾਂ ਦੀ ਰਾਹੀਂ (ਬੋਲ ਕੇ) । ਭਾਖਿਆ–ਮੈਂ ਆਖਿਆ ਹੈ । ਭਾਇ ਸੁਭਾਇ–ਪਿਆਰ ਦੇ ਸੁਭਾਉ ਨਾਲ, ਪਿਆਰ ਦੀ ਖਿੱਚ ਵਿਚ । ਬਹੁਤਾ ਏਹੋ ਆਖਣੁ–ਸਿਰੇ ਦੀ ਗੱਲ ਇਹੀ ਹੈ ।੧।

ਅਰਥ:–

ਪ੍ਰ:–ਗੁਰਦੇਵ ਜੀਓ ! ਜਦੋਂ ਤੁਹਾਡੇ ਅੰਦਰ ਉਸ ਪ੍ਰਭੂ ਦੀ ਉਸਤਤੀ ਕਰਨ ਦਾ ਚਾਉ ਉਪਜਦਾ ਹੈ, ਤਾਂ ਉਸ ਚਾਉ ਨੂੰ ਕਿਸ ਰੂਪ ਵਿਚ ਪ੍ਰਗਟ ਕਰਦੇ ਹੋ ?

1. **ਉ**:–ਹੇ ਭਾਈਓ ! ਅਸਲ ਵਿਚ ਮੇਰੇ ਅੰਤਰ ਆਤਮੇ ਵਿਚੋਂ ਤਾਂ ਸਦਾ ਇਹੋ ਹੀ ਅਵਾਜ਼ ਨਿਕਲਦੀ ਹੈ ਕਿ, ਹੇ ਪ੍ਰਭੂ ! ਜੇ ਕੋਈ ਹੋਰ ਤੇਰੇ ਬਰਾਬਰ ਦਾ ਹੋਵੇ ਤਾਂ ਹੀ ਉਸ ਦੇ ਸਾਹਮਣੇ ਤੇਰਾ ਜ਼ਿਕਰ ਕਰਾਂ ।
2. ਪਰ, ਹੇ ਪ੍ਰਭੂ ! (ਤੇਰੇ ਵਰਗਾ ਹੋਰ ਕੋਈ ਨਹੀਂ ਹੈ ਸੋ) ਤੇਰੀ ਸਿਫਤ ਸਲਾਹ ਮੈਂ ਤੇਰੇ ਅਗੇ ਹੀ ਕਰ ਸਕਦਾ ਹਾਂ, ਤੇਰੇ ਵਰਗਾ ਮੈਂ ਤੈਨੂੰ ਹੀ ਆਖ ਸਕਦਾ ਹਾਂ, (ਤੇ ਜਿਉਂ ਜਿਉਂ ਮੈਂ ਤੇਰੀ ਸਿਫਤ ਸਾਲਾਹ ਕਰਦਾ ਹਾਂ) ਤੇਰਾ ਨਾਮ ਮੈਨੂੰ (ਆਤਮਕ ਜੀਵਨ ਵਲੋਂ) ਅੰਨ੍ਹੇ ਨੂੰ ਅੱਖਾਂ ਲਈ ਚਾਨਣ ਦੇਂਦਾ ਹੈ ।
3. ਹੇ ਪ੍ਰਭੂ ਜੀਓਂ ! ਲਿਖ ਕੇ ਜਾਂ ਬੋਲ ਕੇ ਜੋ ਕੁਝ ਮੈਂ ਤੇਰੀ ਸਿਫਤ ਵਿਚ ਆਖਿਆ ਹੈ, ਉਹ ਸਭ ਤੇਰੇ ਪਿਆਰ ਦੀ ਖਿੱਚ ਵਿਚ ਹੀ ਆਖਿਆ ਹੈ ।
4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਨਹੀਂ ਤਾਂ ਸਭ ਤੋਂ ਵੱਡੀ ਗੱਲ ਆਖਣੀ ਇਹੋ ਹੀ ਫੱਬਦੀ ਹੈ ਕਿ (ਜੋ ਕੁਝ ਹੈ) ਸਭ ਤੇਰੀ ਹੀ ਵਡਿਆਈ ਹੈ ।੧।

ਭਾਵਾਰਥ :—ਹੇ ਸਾਈਆਂ ਜੀਓ ! ਤੇਰੀ ਸਿਫਤ ਤੇਰੇ ਅਗੇ ਹੀ ਕਰਨੀ ਹੋਈ, ਪਰ ਤੂੰ ਏਡਾ ਵੱਡਾ ਹੈਂ ਤੇ ਮੈਂ ਇਤਨਾ ਬੇ-ਸਮਝ ਹਾਂ ਕਿ ਪੂਰੀ ਪੂਰੀ ਸਿਫਤ ਕਰਨੀ ਅਸੰਭਵ ਹੈ। ਫਿਰ ਜੋ ਕੁਝ ਅਸਾਂ ਆਖਣਾ ਹੋਇਆ ਉਹ ਮਨੁੱਖੀ ਬੋਲੀ ਰਾਹੀਂ ਤੇ ਆਪਣੇ ਆਪਣੇ ਸੁਭਾਉ ਅਨੁਸਾਰ ਆਖਣਾ ਹੋਇਆ। ਅਸੀਂ ਪੂਰੀ ਸਿਫਤ ਕਿਵੇਂ ਕਰ ਸਕਦੇ ਹਾਂ ? ਇਸ ਲਈ ਬਹੁਤਾ ਹੀ ਆਖਣਾ ਹੋਇਆ, ਇਹੋ ਹੀ ਕਿ ਸਭ ਹਰੀ ਦੀ ਵਡਿਆਈ ਹੈ।

ਮ: ੧ ॥

1. **ਜਾਂ ਨ ਸਿਆ ਕਿਆ ਚਾਕਰੀ
ਜਾਂ ਜੰਮੇ ਕਿਆ ਕਾਰ ॥**
2. **ਸਭਿ ਕਾਰਣ ਕਰਤਾ ਕਰੇ ਦੇਖੈ ਵਾਰੋ ਵਾਰ ॥**
3. **ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ ॥**
4. **ਇਕੁ ਦਾਤਾ ਸਭਿ ਮੰਗਤੇ
ਫਿਰਿ ਦੇਖਹਿ ਆਕਾਰੁ ॥**
5. **ਨਾਨਕ ਏਵੈ ਜਾਣੀਐ
ਜੀਵੈ ਦੇਵਣਹਾਰੁ ॥ ੨ ॥**

ਪਦ ਅਰਥ :—ਜਾਂ—ਜਦੋਂ। ਨ ਸਿਆ—ਨਹੀਂ ਸੀ, ਹੋਂਦ ਵਿਚ ਨਹੀਂ ਸੀ ਆਇਆ। ਚਾਕਰੀ—ਨੌਕਰੀ, ਕਮਾਈ। ਕਿਆ—ਕਿਹੜੀ। ਕਾਰ—ਕਿਰਤ। ਸਭਿ—ਸਾਰੇ। ਵਾਰੋ ਵਾਰ—ਬਾਰ ਬਾਰ, ਮੁੜ ਮੁੜ, ਸਦਾ। ਦੇਖੈ—ਸੰਭਾਲ ਕਰਦਾ ਹੈ। ਜੇ ਚੁਪੈ—ਜੇ ਚੁੱਪ ਕਰ ਰਹੀਏ। ਜੇ ਮੰਗਿਐ—ਜੇ ਕੁਝ ਮੰਗੀਏ। ਫਿਰਿ—ਫਿਰ ਕੇ, ਭੌਂ ਕੇ। ਆਕਾਰੁ—ਜਗਤ। ਏਵੈ—ਇਸ ਤਰ੍ਹਾਂ। ਜਾਣੀਐ ਸਮਝ ਪੈਂਦੀ ਹੈ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਸਾਨੂੰ ਹਰ ਵਕਤ ਇਹੋ ਹੀ ਖਿਆਲ ਬਣਿਆ ਰਹਿੰਦਾ ਹੈ ਕਿ ਜੋ ਕੁਝ ਸਾਨੂੰ ਹਾਸਲ ਹੋ ਰਿਹਾ ਹੈ ਇਹ ਸਭ ਮੇਰਾ ਉਦਮ ਤੇ ਮੇਰੀ ਸਿਆਣਪ ਦਾ ਹੀ ਸਦਕਾ ਹੈ, ਸੋ, ਇਸ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. **ਉ**:—ਹੇ ਭਾਈਓ ! (ਮੈਨੂੰ ਤਾਂ ਇਉਂ ਹੀ ਅਨੁਭਵ ਹੁੰਦਾ ਹੈ ਕਿ) ਜਦੋਂ ਜੀਵ ਹੋਂਦ ਵਿਚ ਨਹੀਂ ਸੀ ਆਇਆ, ਤਦੋਂ ਇਹ ਕਿਹੜੀ ਕਮਾਈ ਕਰ ਸਕਦਾ ਸੀ ਅਤੇ ਜਦੋਂ ਜੰਮ ਪਿਆ ਤ ਭੀ ਕਿਹੜੀ ਕਿਰਤ ਕੀਤੀ ? (ਭਾਵ ਹੈ ਕਿ ਜੀਵ ਦੇ ਕੁਝ ਭੀ ਵੱਸ ਵਿਚ ਨਹੀਂ ਹੈ)।
2. ਹੇ ਪਿਆਰੇ ! (ਸੱਚ ਤਾਂ ਇਹੋ ਹੀ ਹੈ ਕਿ ਜੀਵ ਨੂੰ) ਜਿਸ ਨੇ ਪੈਦਾ ਕੀਤਾ ਹੈ ਉਹ ਆਪ ਹੀ ਸਾਰੇ ਸਬੱਬ ਬਣਾਂਦਾ ਹੈ ਤੇ ਸਦਾ ਜੀਵਾਂ ਦੀ ਸੰਭਾਲ ਕਰਦਾ ਹੈ।

ਪ੍ਰ—ਸ੍ਰੀ ਜੀਓ ! ਕਈ ਲੋਕ ਦਿਨੇ ਰਾਤ ਦਾਤਾਂ ਮੰਗਦੇ ਹੀ ਰਹਿੰਦੇ ਹਨ, ਕੀ ਇਸ ਤਰ੍ਹਾਂ ਉਨ੍ਹਾਂ ਨੂੰ ਦਾਤਾਂ ਹਾਸਲ ਕਰਨ ਵਿਚ ਕੁਝ ਵਾਧਾ ਹੋ ਜਾਂਦਾ ਹੈ ?

3. **ਉ**:—ਹੇ ਭਾਈਓ ! (ਸੱਚ ਤਾਂ ਇਹੋ ਹੀ ਹੈ ਕਿ) ਭਾਵੇਂ ਚੁੱਪ ਕਰ ਰਹੀਏ ਤੇ ਭਾਵੇਂ ਮੰਗੀਏ, ਦਾਤਾਂ ਦੇਣ ਵਾਲਾ ਉਹ ਕਰਤਾਰ ਆਪ ਹੀ ਦਾਤਾਂ ਦੇਂਦਾ (ਰਹਿੰਦਾ) ਹੈ।

ਪ੍ਰ:—ਸ੍ਰੀ ਜੀਓ ! ਇਹ ਸੋਝੀ ਜੀਵ ਨੂੰ ਪੈਂਦੀ ਕਿਵੇਂ ਤੇ ਕਦੋਂ ਹੈ ?

4. **ਉ**:—ਹੇ ਭਾਈਓ ! (ਅਸਲ ਵਿਚ) ਜਦੋਂ ਜੀਵ ਸਾਰਾ ਜਗਤ ਫਿਰ ਕੇ (ਇਹ ਗੱਲ) ਵੇਖ ਲੈਂਦੇ ਹਨ (ਤਾਂ ਆਖਦੇ ਹਨ ਕਿ) ਇਕ ਪ੍ਰਮਾਤਮਾ ਹੀ ਦਾਤਾ ਹੈ ਤੇ ਸਾਰੇ ਜੀਵ ਉਸੇ ਦੇ ਹੀ ਮੰਗਤੇ ਹਨ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ ! ਇਸ ਤਰ੍ਹਾਂ ਸਮਝ ਪੈਂਦੀ ਹੈ ਕਿ ਦਾਤਾਂ ਦੇਣ ਵਾਲਾ ਪ੍ਰਭੂ (ਸਦਾ ਹੀ) ਜੀਉਂਦਾ ਰਹਿੰਦਾ ਹੈ।੨।

ਭਾਵਾਰਥ :—ਜੀਵ ਦੇ ਕੁਝ ਭੀ ਵੱਸ ਨਹੀਂ ਹੈ ਜਿਸ ਨੇ ਇਸ ਨੂੰ ਪੈਦਾ ਕੀਤਾ ਹੈ, ਉਹ ਹਰ ਜੀਵ ਦੇ ਹਰ ਤਰ੍ਹਾਂ ਦੇ ਸਬੱਬ ਆਪ ਹੀ ਬਣਾਂਦਾ ਹੈ, ਭਾਵੇਂ ਚੁੱਪ ਕਰ ਰਹੀਏ ਭਾਵੇਂ ਮੰਗਦੇ ਰਹੀਏ, ਉਹ ਦੇਣ ਵਾਲਾ ਕਰਤਾਰ ਹਰ ਇਕ ਜੀਵ ਦੀ ਸਦਾ ਹੀ ਸੰਭਾਲ ਕਰਦਾ ਰਹਿੰਦਾ ਹੈ।

ਪਉੜੀ ॥

1. **ਨਾਇ ਮੰਨਿਐ ਸੁਰਤਿ ਊਪਜੈ
ਨਾਮੇ ਮਤਿ ਹੋਈ ॥**
2. **ਨਾਇ ਮੰਨਿਐ ਗੁਣ ਉਚਰੈ
ਨਾਮੇ ਸੁਖਿ ਸੋਈ ॥**
3. **ਨਾਇ ਮੰਨਿਐ ਭ੍ਰਮੁ ਕਟੀਐ
ਫਿਰਿ ਦੁਖੁ ਨ ਹੋਈ ॥**
4. **ਨਾਇ ਮੰਨਿਐ ਸਾਲਾਹੀਐ
ਪਾਪਾਂ ਮਤਿ ਧੋਈ ॥**
5. **ਨਾਨਕ ਪੂਰੇ ਗੁਰ ਤੇ ਨਾਉ ਮੰਨੀਐ
ਜਿਨ ਦੇਵੈ ਸੋਈ ॥ ੧੨ ॥**

ਪਦ ਅਰਥ :—ਸੁਰਤਿ—ਜਾਗ, ਚੇਤਾ, ਸਮਝ, ਲਿਵ। ਸੁਖਿ—ਸੁਖ ਵਿਚ। ਸੋਈ—ਸੌਂਦਾ ਹੈ, ਟਿਕਦਾ ਹੈ। ਭ੍ਰਮ—ਭਟਕਣਾ। ਧੋਈ—ਧੁਪ ਜਾਂਦੀ ਹੈ। ਨਾਉ ਮੰਨੀਐ—ਨਾਮ (ਦਾ ਸਿਮਰਨ ਜੀਵਨ ਦਾ ਸਹੀ ਰਸਤਾ) ਮੰਨਿਆ ਜਾ ਸਕਦਾ ਹੈ।

ਅਰਥ :—

ਪ੍ਰ:—ਗੁਰਦੇਵ ਜੀਓ ! ਬੜਾ ਜਤਨ ਕਰੀਦਾ ਹੈ ਕਿ ਅੰਦਰ ਨਾਮ ਦੀ ਲਿਵ ਪੈਦਾ ਹੋ ਜਾਏ, ਪਰ ਅਸੀਂ ਨਾਮ ਦੀ ਲਿਵ ਵਲੋਂ ਸੱਖਣੇ ਹੀ ਰਹਿੰਦੇ ਹਾਂ, ਕੋਈ ਸਾਧਨ ਦਸੋ ?

1. **ਉ**:—ਹੇ ਭਾਈਓ ! ਜੇ ਕਦੀ ਮਨ ਨਾਮ ਵਿਚ ਗਿੱਝ ਜਾਏ

(ਤਾਂ ਅੰਦਰ ਨਾਮ ਦੀ) ਲਿਵ ਸਹਿਜੇ ਹੀ ਪੈਦਾ ਹੋਈ ਰਹਿੰਦੀ ਹੈ ਅਤੇ ਨਾਮ ਵਿਚ ਹੀ ਮਤਿ (ਪ੍ਰਵਿਰਤ ਹੁੰਦੀ) ਹੈ।

2. ਹੇ ਪਿਆਰੇ ! ਮਨੁੱਖ ਪ੍ਰਭੂ ਦੇ ਗੁਣ ਗਾਉਣ ਲਗ ਪੈਂਦਾ ਹੈ ਤੇ ਨਾਮ ਵਿਚ ਹੀ ਸੁੱਖ ਅਨੰਦ ਨਾਲ ਟਿਕਦਾ ਹੈ।

3. ਹੇ ਭਾਈ ! ਨਾਮ ਦੁਆਰਾ ਹੀ ਭਟਕਣਾ ਕੱਟੀ ਜਾਂਦੀ ਹੈ ਤੇ ਫਿਰ ਕੋਈ ਦੁੱਖ ਨਹੀਂ ਵਿਆਪਦਾ।

4. ਅਤੇ ਪ੍ਰਭੂ ਦੀ (ਹੀ) ਸਿਫਤ ਸਾਲਾਹ ਕਰਨ ਲਗ ਪਈਦੀ ਹੈ ਅਤੇ ਪਾਪਾਂ ਵਾਲੀ ਮਤਿ ਧੁਪ ਜਾਂਦੀ ਹੈ।

ਪ੍ਰ:–ਸ੍ਰੀ ਜੀਓ ! ਇਹ ਨਿਸਚਾ ਹਰ ਜੀਵ ਨੂੰ ਹੀ ਕਿਉਂ ਨਹੀਂ ਆ ਜਾਂਦਾ ?

5. **ਉ:**–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! ਪੂਰੇ ਗੁਰੂ ਤੋਂ ਹੀ ਇਹ ਨਿਸਚਾ ਆਉਂਦਾ ਹੈ ਕਿ ਨਾਮ (ਸਿਮਰਨ ਜੀਵਨ ਦਾ ਸਹੀ ਰਸਤਾ) ਹੈ (ਇਹ ਦਾਤ ਉਨ੍ਹਾਂ ਨੂੰ ਮਿਲਦੀ ਹੈ) ਜਿਨ੍ਹਾਂ ਨੂੰ ਉਹ ਪ੍ਰਭੂ ਆਪ ਦੇਂਦਾ ਹੈ।੧੨।

ਭਾਵਾਰਥ :–ਜੇ ਸਿਮਰਨ ਵਿਚ ਮਨ ਗਿੱਝ ਜਾਏ ਤਾ ਨਾਮ ਵਿਚ ਲਿਵ ਲਗਦੀ ਹੈ, ਪ੍ਰਭੂ ਦੀ ਸਿਫਤ ਸਲਾਹ ਵਾਲੀ ਆਦਤ ਬਣ ਜਾਂਦੀ ਹੈ, ਵਿਕਾਰਾਂ ਵਲੋਂ ਰੁਚੀ ਹਟ ਜਾਂਦੀ ਹੈ, ਇਹ ਯਕੀਨ ਬਣ ਜਾਂਦਾ ਹੈ ਕਿ ਨਾਮ ਸਿਮਰਨ ਹੀ ਜੀਵਨ ਦਾ ਸਹੀ ਰਸਤਾ ਹੈ।

ਸਲੋਕ ਮ: ੧ ॥

1. ਸਾਸਤੁ ਬੇਦ ਪੁਰਾਣ ਪੜ੍ਹੰਤਾ ॥
2. ਪੂਕਾਰੰਤਾ ਅਜਾਣੰਤਾ ॥
3. ਜਾਂ ਬੂਝੈ ਤਾਂ ਸੂਝੈ ਸੋਈ ॥
4. ਨਾਨਕੁ ਆਖੈ ਕੂਕ ਨ ਹੋਈ ॥ ੧ ॥

ਪਦ ਅਰਥ :–ਪੁਕਾਰੰਤਾ–ਪੁਕਾਰਦਾ ਹੈ, ਹੋਰਨਾਂ ਨੂੰ ਉਚੀ ਉਚੀ ਬੋਲ ਕੇ ਸੁਣਾਂਦਾ ਹੈ। ਅਜਾਣੰਤਾ–ਅ-ਜਣੰਤਾ, ਨਹੀਂ ਜਾਣਦਾ, ਪਾਪ ਕੁਝ ਨਹੀਂ ਸਮਝਦਾ। ਜਾ–ਜਦੋਂ। ਸੋਈ–ਉਹ ਪ੍ਰਭੂ ਹੀ। ਸੂਝੈ–ਦਿਸੇ। ਕੂਕ–ਉਚੀ ਉਚੀ ਬੋਲਣਾ। ਨਾ ਹੋਈ–ਨਹੀਂ ਹੁੰਦਾ, ਮੁੱਕ ਜਾਂਦਾ ਹੈ।੧।

ਅਰਥ: –

ਪ੍ਰ:–ਸ੍ਰੀ ਜੀਓ ! ਕਈ ਲੋਕ ਵੇਦ ਸ਼ਾਸਤਰਾਂ ਨੂੰ ਹੀ ਪੜ੍ਹਦੇ ਰਹਿੰਦੇ ਅਤੇ ਉਚੀ ਉਚੀ ਪੁਕਾਰ ਕੇ ਹੋਰਨਾਂ ਨੂੰ ਉਪਦੇਸ਼ ਭੀ ਦ੍ਰਿੜ੍ਹ ਕਰਵਾਉਂਦੇ ਵੇਖੀਦੇ ਹਨ, ਕੀ ਇਸ ਤਰ੍ਹਾਂ ਉਨ੍ਹਾਂ ਨੂੰ ਕੁਝ ਸੋਝੀ ਆ ਜਾਂਦੀ ਹੈ ?

1. **ਉ:**–ਹੇ ਪਿਆਰੇ ! ਸੁਣੋ, (ਜਦ ਤਕ ਕੋਈ ਮਨੁੱਖ) ਸ਼ਾਸਤਰ ਵੇਦ ਪੁਰਾਣ (ਆਦਿਕ ਧਰਮ ਪੁਸਤਕਾਂ ਨੂੰ ਨਿਰਾ) ਪੜ੍ਹਦਾ ਹੀ ਰਹਿੰਦਾ ਹੈ।

2. (ਉਤਨਾ ਚਿਰ ਉਹ) ਉਚੀ ਉਚੀ ਬੋਲਦਾ ਹੈ (ਤੇ ਹੋਰਨਾਂ ਨੂੰ ਸੁਣਾਂਦਾ ਹੈ) ਪਰ, ਉਹ ਆਪ ਸਮਝਦਾ ਕੁਝ ਭੀ ਨਹੀਂ (ਸਮਝੋ ਉਸ ਨੂੰ ਕੁਝ ਭੀ ਪ੍ਰਾਪਤ ਨਹੀਂ ਹੁੰਦਾ)।

ਪ੍ਰ:–ਗੁਰਦੇਵ ਜੀਓ ! ਦਸੋ ਉਹ ਕੌਣ ਹਨ ਜਿਨ੍ਹਾਂ ਨੂੰ ਧਰਮ ਪੁਸਤਕਾਂ ਪੜ੍ਹਦੇ ਰਹਿਣ ਨਾਲ ਤੱਤ ਦੀ ਪ੍ਰਾਪਤੀ ਹੋ ਜਾਂਦੀ ਹੈ ?

3. **ਉ**.–ਹੇ ਭਾਈਓ ! (ਅਸਲ ਵਿਚ ਜਦੋਂ ਕੋਈ ਧਰਮ ਪੁਸਤਕਾਂ ਦੇ ਉਪਦੇਸ਼ ਦਾ) ਭੇਤ ਪਾ ਲੈਂਦਾ ਹੈ ਤਦੋਂ (ਇਸ ਨੂੰ ਹਰ ਥਾਂ) ਪ੍ਰਭੂ ਹੀ ਦਿਸਦਾ ਹੈ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਪਿਆਰੇ ! ਫਿਰ ਇਸ ਦੀਆਂ ਟਾਹਰਾਂ ਮੁੱਕ ਜਾਂਦੀਆਂ ਹਨ।੧।

ਭਾਵਾਰਥ :–ਉਹ ਪ੍ਰਭੂ ਹਰ ਥਾਂ ਹੀ ਵੱਸ ਰਿਹਾ ਹੈ, ਅਸਾਡੇ ਅੰਦਰ ਭੀ ਮੌਜੂਦ ਹੈ, ਪਰ ਉਸ ਸਾਈਂ ਜੀ ਦੇ ,ਦੀਦਾਰ ਪੂਰਾ ਗੁਰੂ ਹੀ ਕਰਵਾ ਸਕਦਾ ਹੈ ਤੇ ਗੁਰੂ ਭੀ ਉਸ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ।

ਮ: ੧ ॥

1. ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ
ਹਉ ਨਾਹੀ ਤੂ ਹੋਵਹਿ ॥
2. ਆਪੇ ਸਕਤਾ ਆਪੇ ਸੁਰਤਾ
ਸਕਤੀ ਜਗਤੁ ਪਰੋਵਹਿ ॥
3. ਆਪੇ ਭੇਜੇ ਆਪੇ ਸਦੇ
ਰਚਨਾ ਰਚਿ ਰਚਿ ਵੇਖੈ ॥
4. ਨਾਨਕ ਸਚਾ ਸਚੀ ਨਾਂਈ
ਸਚੁ ਪਵੈ ਧੁਰਿ ਲੇਖੈ ॥ ੨ ॥

ਪਦ ਅਰਥ :–ਹਉ–ਮੈਂ। ਸਕਤਾ–ਜ਼ੋਰ ਵਾਲਾ। ਸੁਰਤਾ–ਸੁਰਤਿ ਵਾਲਾ। ਸਕਤੀ–ਆਪਣੀ ਸੱਤਿਆ (ਦੇ ਧਾਗੇ) ਵਿਚ। ਵੇਖੈ–ਸੰਭਾਲ ਕਰਦਾ ਹੈ। ਨਾਈ–ਵਡਿਆਈ। ਲੇਖੈ ਪਵੈ–ਪ੍ਰਵਾਨ ਹੁੰਦਾ ਹੈ।੨।

ਅਰਥ:–

ਪ੍ਰ:–ਸ੍ਰੀ ਜੀਓ ! ਜਦ ਕੋਈ ਮਨ ਕਰਕੇ ਉਸੇ ਪ੍ਰਭੂ ਦਾ ਬਣ ਜਾਏ ਤਾਂ ਦਸੋ ਉਸ ਨੂੰ ਮਨ ਵਿਚ ਕਿਵੇਂ ਪ੍ਰਤੀਤ ਹੋਇਆ ਕਰਦਾ ਹੈ ?

1. **ਉ:**–ਹੇ ਭਾਈਓ ! ਅਸਲ ਵਿਚ ਮੈਨੂੰ ਤਾਂ ਇਉਂ ਹੀ ਅਨੁਭਵ ਹੁੰਦਾ ਹੈ ਕਿ (ਹੇ ਪ੍ਰਭੂ ਜੀ !) ਜਦੋਂ ਮੈਂ ਤੇਰਾ ਬਣ ਜਾਂਦਾ ਹਾਂ ਤਦੋਂ ਜਗਤ ਵਿਚ ਸਭ ਕੁਝ ਮੈਨੂੰ ਆਪਣਾ (ਹੀ) ਜਾਪਦਾ ਹੈ (ਕਿਉਂਕਿ ਉਸ ਵੇਲੇ) ਮੇਰੀ ਅਪਣੱਤ ਨਹੀਂ ਹੁੰਦੀ, ਤੂੰ ਹੀ ਮੈਨੂੰ ਦਿਸਦਾ ਹੈਂ।

2. (ਫਿਰ ਮੈਨੂੰ ਇਉਂ ਜਾਪਦਾ ਹੈ ਕਿ) ਤੂੰ ਆਪ ਹੀ ਜ਼ੋਰ ਦਾ

ਮਾਲਕ, ਤੂੰ ਆਪ ਹੀ ਸੁਰਤ ਦਾ ਮਾਲਕ ਹੈਂ, ਤੂੰ ਆਪ ਹੀ ਜਗਤ ਨੂੰ ਆਪਣੀ ਸੱਤਿਆ (ਦੇ ਧਾਗੇ) ਵਿਚ ਪ੍ਰੋਣ ਵਾਲਾ ਜਾਪਦਾ ਹੈਂ ।

3. ਹੇ ਸਾਈਆਂ ਜੀਓ ! (ਹੁਣ ਤਾਂ ਮੈਨੂੰ ਇਉਂ ਹੀ ਜਾਪਦਾ ਹੈ ਕਿ ਹੇ ਪ੍ਰਭੂ !) ਤੂੰ ਆਪ ਹੀ (ਜੀਵਾਂ ਨੂੰ ਇਥੇ) ਭੇਜਦਾ ਹੈਂ, ਆਪ ਹੀ (ਇਥੋਂ ਵਾਪਸ) ਬੁਲਾ ਲੈਂਦਾ ਹੈਂ, ਸ੍ਰਿਸ਼ਟੀ ਪੈਦਾ ਕਰ ਕੇ ਆਪ ਹੀ ਸਭਾਲ ਕਰ ਰਿਹਾ ਹੈਂ ।

4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਸਦਾ ਥਿਰ ਰਹਿਣ ਵਾਲਾ ਹੈ, ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ, ਉਸ ਦੇ ਨਾਮ ਦਾ ਸਿਮਰਨ ਹੀ ਉਸ ਦੀ ਹਜ਼ੂਰੀ ਵਿਚ ਕਬੂਲ ਹੁੰਦਾ ਹੈ । ੨ ।

ਭਾਵਾਰਥ :—ਆਪਣੇ ਆਪ ਨੂੰ ਸਮਝਣ ਤੋਂ ਸੱਖਣਾ ਮਨੁੱਖ ਉਂਝ ਹੀ ਪੜ੍ਹਦਾ ਤੇ ਪਿਆ ਬੋਲਦਾ ਰਹਿੰਦਾ ਹੈ, ਪਰ ਜਦੋਂ ਸਹੀ ਰੂਪ ਵਿਚ ਇਸ ਨੂੰ ਸਮਝ ਪੈਂਦੀ ਹੈ ਤਾਂ ਫਿਰ ਚੁੱਪ ਹੋ ਜਾਂਦਾ ਹੈ । ਅੰਤਰ ਆਤਮੇ ਉਸ ਨੂੰ ਇਉਂ ਸਮਝ ਪੈਂਦੀ ਹੈ ਕਿ ਮੈਂ ਤਾਂ ਕੁਝ ਭੀ ਨਹੀਂ, ਹਰੀ ਹੀ ਸਭ ਕੁਝ ਕਰਨ ਵਾਲਾ ਹੈ ।

ਪਉੜੀ ॥

1. ਨਾਮੁ ਨਿਰੰਜਨ ਅਲਖੁ ਹੈ
ਕਿਉ ਲਖਿਆ ਜਾਈ ॥
2. ਨਾਮੁ ਨਿਰੰਜਨ ਨਾਲਿ ਹੈ
ਕਿਉ ਪਾਈਐ ਭਾਈ ॥
3. ਨਾਮੁ ਨਿਰੰਜਨ ਵਰਤਦਾ
ਰਵਿਆ ਸਭ ਠਾਂਈ ॥
4. ਗੁਰ ਪੂਰੇ ਤੇ ਪਾਈਐ
ਹਿਰਦੈ ਦੇਇ ਦਿਖਾਈ ॥
5. ਨਾਨਕ ਨਦਰੀ ਕਰਮੁ ਹੋਇ
ਗੁਰ ਮਿਲੀਐ ਭਾਈ ॥ ੧੩ ॥

ਪਦ ਅਰਥ :—ਅਲਖੁ—[ਅ-ਲਖੁ] ਜਿਸ ਦਾ ਕੋਈ ਖਾਸ ਚਿਹਨ ਨਾ ਦਿਸੇ, ਅਦ੍ਰਿਸ਼ਟ । ਰਵਿਆ—ਵਿਆਪਕ ਹੈ । ਦੇਇ ਦਿਖਾਈ—ਵਿਖਾ ਦੇਂਦਾ ਹੈ । ਨਦਰੀ—(ਪ੍ਰਭੂ ਦੀ ਸਵੱਲੀ) ਨਿਗਾਹ ਨਾਲ । ਕਰਮੁ—ਮਿਹਰ, ਬਖਸ਼ਸ਼ । ਗੁਰ ਮਿਲੀਐ—ਜੇ ਗੁਰੂ ਨੂੰ ਮਿਲੀਐ ।੧੩।

ਅਰਥ:—

ਪ੍ਰ:—ਗੁਰਦੇਵ ਜੀਓ ! ਜਿਸ ਪ੍ਰਭੂ ਦੇ ਨਾਮ ਚਿੰਤਨ ਕਰਦੇ ਰਹਿਣ ਦੀ ਆਪ ਸਦ ਹੀ ਪ੍ਰੇਰਨਾ ਕਰਦੇ ਰਹਿੰਦੇ ਹੋ, ਉਸ ਬਾਰੇ ਕੁਝ ਜਾਣਕਾਰੀ ਕਰਾਓ ?

1. ਉ:—ਹੇ ਭਾਈਓ ! (ਅਸਲ ਵਿਚ ਜਿਸ) ਮਾਇਆ ਰਹਿਤ ਪ੍ਰਭੂ ਦਾ ਨਾਮ (ਐਸਾ ਹੈ ਜਿਸ) ਦਾ ਕੋਈ ਖਾਸ ਚਿੰਨ੍ਹ ਨਹੀਂ ਦਿਸਦਾ (ਤਾਂ ਫਿਰ) ਉਸ ਨੂੰ ਬਿਆਨ ਕਿਵੇਂ ਕੀਤਾ ਜਾਏ ?

ਪ੍ਰ—ਸ੍ਰੀ ਜੀਓ ! ਦਸੋ, ਜਦ ਕਿ ਉਸ ਦਾ ਚਿੰਨ੍ਹ ਹੀ ਕੋਈ ਨਹੀਂ ਦਿਸਦਾ, ਤਾਂ ਫਿਰ ਉਸ ਨੂੰ ਕਿਵੇਂ ਅਨੁਭਵ ਕੀਤਾ ਜਾਵੇ ?

2. ਉ:—ਹੇ ਭਾਈ ! (ਅਸਲ ਵਿਚ ਤਾਂ ਉਸ) ਨਿਰੰਜਨ ਦਾ ਨਾਮ ਸਭ ਥਾਈਂ ਵਿਆਪਕ ਹੈ,

3. ਤੇ ਮੌਜੂਦ ਹੈ, ਅਸਾਡੇ ਨਾਲ (ਭੀ) ਹੈ, ਪਰ ਉਹ ਲੱਭੇ ਕਿਵੇਂ ?

ਪ੍ਰ:-ਸ੍ਰੀ ਜੀਓ ! ਤਾਂ ਫਿਰ ਕੀ ਉਸ ਵਲੋਂ ਨਿਰਾਸ ਹੀ ਹੋ ਜਾਈਏ ਕਿ ਉਹ ਪ੍ਰਾਪਤ ਹੀ ਨਹੀਂ ਹੋ ਸਕਦਾ ?

4. ਉ:—ਹੇ ਪਿਆਰੇ ! (ਨਿਰਾਸਤਾ ਦੀ ਲੋੜ ਨਹੀਂ ਕਿਉਂਕਿ ਇਹ ਨਾਮ) ਪੂਰੇ ਗੁਰ ਤੋਂ ਮਿਲਦਾ ਹੈ (ਉਹ ਪੂਰਾ ਗੁਰੂ ਪ੍ਰਭੂ ਦਾ ਨਾਮ ਅਸਾਡੇ) ਹਿਰਦੇ ਵਿਚ ਵਿਖਾ ਦੇਂਦਾ ਹੈ ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਜਦੋਂ (ਪ੍ਰਭੂ ਦੀ ਸਵੱਲੀ) ਨਿਗਾਹ ਨਾਲ ਮਿਹਰ ਹੋਵੇ ਤਾਂ ਗੁਰੂ ਨੂੰ ਮਿਲੀਦਾ ਹੈ । ੧੩ ।

ਭਾਵਾਰਥ :-ਉਹ ਪ੍ਰਭੂ ਹਰ ਥਾਂ ਵੱਸ ਰਿਹਾ ਹੈ, ਅਸਾਡੇ ਅੰਦਰ ਭੀ ਮੌਜੂਦ ਹੈ, ਪਰ ਪੂਰਾ ਗੁਰੂ ਹੀ ਇਹ ਦੀਦਾਰ ਕਰਾ ਸਕਦਾ ਹੈ ਤੇ ਗੁਰੂ ਮਿਲਦਾ ਹੈ ਪ੍ਰਭੂ ਜੀ ਦੀ ਮਿਹਰ ਨਾਲ ।

ਸਲੋਕ ਮ: ੧ ॥

1. ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥
2. ਕੂੜੁ ਬੋਲਿ ਬੋਲਿ ਭਉਕਣਾ
ਚੂਕਾ ਧਰਮੁ ਬੀਚਾਰੁ ॥
3. ਜਿਨ ਜੀਵੰਦਿਆ ਪਤਿ ਨਹੀ
ਮੁਇਆ ਮੰਦੀ ਸੋਇ ॥
4. ਲਿਖਿਆ ਹੋਵੈ ਨਾਨਕਾ
ਕਰਤਾ ਕਰੇ ਸੁ ਹੋਇ ॥ ੧ ॥

ਪਦ ਅਰਥ :— ਕਲਿ— ਕਲਯੁਗੀ ਸ੍ਰਿਸ਼ਟੀ, ਉਹ ਲੁਕਾਈ ਜੋ ਰੱਬ ਤੋਂ ਵਿਛੜੀ ਹੋਈ ਹੈ । ਕੁਤੇ ਮੁਹੀ—ਕੁਤੇ ਦੇ ਮੂੰਹ ਵਾਲੀ, ਕੁਤੇ ਵਾਂਗ ਜਿਸ ਨੂੰ ਖਾਣ ਦਾ ਹਲਕ ਕੁਦਿਆ ਹੋਵੇ । ਮੁਰਦਾਰੁ—ਹਰਾਮ, ਵੱਢੀ ਆਦਿਕ ਹਰਾਮ ਚੀਜ਼ । ਕੂੜੁ—ਝੂਠ । ਚੂਕਾ-ਮੁੱਕ ਗਿਆ । ਪਤਿ—ਇੱਜ਼ਤ । ਸੋਇ—ਸੋਭਾ । ਮੰਦੀ ਸੋਇ—ਬਦਨਾਮੀ, ਕੁਸੋਭਾ । ਲਿਖਿਆ ਹੋਵੈ—ਮਥੇ ਤੇ ਲਿਖਿਆ ਲੇਖ ਹੀ ਉਘੜਦਾ ਹੈ । ਖਾਜੁ—ਮਨ ਭਾਉਂਦਾ ਖਾਣਾ । ੧ ।

ਅਰਥ:-

ਪ੍ਰ:-ਗੁਰਦੇਵ ਜੀਓ ! ਆਪ ਜੀ ਦੇ ਵਿਚਾਰਾਂ ਅਨੁਸਾਰ ਇਨ੍ਹਾਂ ਕਲਯੁਗ ਦੇ ਜੀਵਾਂ ਦੀ ਵਰਤੋਂ ਕਿਸ ਪ੍ਰਕਾਰ ਦੀ ਹੈ ?

1. **ਉ:**-ਹੇ ਭਾਈਓ ! (ਮੈਂ ਤਾਂ ਗੁਰਮਤਿ ਅਨੁਸਾਰ ਤਕ ਰਿਹਾ ਹਾਂ ਕਿ) ਰੱਬ ਤੋਂ ਵਿਛੜੀ ਹੋਈ ਲੁਕਾਈ ਨੂੰ ਕੁਤੇ ਵਾਂਗ ਖਾਣ ਦਾ ਹਲਕ ਕੁਦਿਆ ਰਹਿੰਦਾ ਹੈ, ਤੇ ਵੱਢੀ ਆਦਿਕ ਹਰਾਮ ਚੀਜ਼ ਇਸ ਦਾ ਮਨ ਭਾਉਂਦਾ ਖਾਣਾ ਹੋ ਜਾਂਦਾ ਹੈ (ਜਿਵੇਂ ਕੁਤੇ ਦਾ ਮਨ ਭਾਉਂਦਾ ਖਾਣਾ ਮੁਰਦਾਰ ਹੈ)।
2. ਹੇ ਭਾਈ ! (ਇਹ ਲੁਕਾਈ) ਸਦਾ ਝੂਠ ਬੋਲਦੀ ਹੈ (ਮਾਨੋਂ ਮੁਰਦਾਰ ਖਾਂਦੇ ਕੁਤੇ ਵਾਂਗ) ਭੌਂਕ ਰਹੀ ਹੈ, (ਇਸ ਤਰ੍ਹਾਂ ਇਸ ਦੇ ਅੰਦਰੋਂ) ਧਰਮ (ਦੀ ਅੰਸ) ਤੇ (ਰੱਬ ਦੇ ਗੁਣਾਂ ਦੀ) ਵਿਚਾਰ ਮੁਕ ਜਾਂਦੀ ਹੈ।

ਪ੍ਰ:-ਕਿਉਂ ਜੀ, ਮਰਨ ਤੋਂ ਬਾਅਦ ਇਹਨਾਂ ਦੀ ਦਸ਼ਾ ਕੀ ਹੁੰਦੀ ਹੈ ?

3. **ਉ:**-ਹੇ ਭਾਈ ! (ਮੈਂ ਤਾਂ ਵੇਖਦਾ ਹਾਂ ਕਿ) ਜਿਤਨਾ ਚਿਰ ਅਜਿਹੇ ਲੋਕ (ਜਗਤ ਵਿਚ) ਜੀਉਂਦੇ ਹਨ ਇਨ੍ਹਾਂ ਦੀ (ਕੋਈ ਭੀ ਬੰਦਾ) ਇੱਜ਼ਤ ਨਹੀਂ (ਕਰਦਾ) ਜਦੋਂ ਮਰ ਜਾਂਦੇ ਹਨ ਤਾਂ (ਲੋਕ ਇਨ੍ਹਾਂ ਨੂੰ) ਭੈੜਿਓ ਯਾਦ ਕਰਦੇ ਹਨ (ਭਾਵ ਉਨ੍ਹਾਂ ਦੀ ਬਦਨਾਮੀ, ਕੁਸੋਭਾ ਹੀ ਹੁੰਦੀ ਹੈ)।

ਪ੍ਰ-ਗੁਰਦੇਵ ਜੀਓ ! ਅਜਿਹੇ ਲੋਕ ਸਮਝਦੇ ਕਿਉਂ ਨਹੀਂ ?

4. **ਉ:**-ਹੇ ਭਾਈਓ ! ਸਮਝਣਾ ਤਾਂ ਬਹੁਤ ਲੋਕ ਚਾਹੁੰਦੇ ਹਨ (ਪਰ ਇਨ੍ਹਾਂ ਦੇ ਭੀ ਕੀ ਵੱਸ ਹੈ ? ਕਿਉਂਕਿ ਪਿਛਲੇ ਕਰਮਾਂ ਅਨੁਸਾਰ ਹੀ) ਮਥੇ ਉਤੇ ਲਿਖਿਆ ਲੇਖ ਉਘੜਦਾ ਹੈ। ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਭਾਈ ! (ਉਸੇ ਲੇਖ ਅਨੁਸਾਰ ਹੀ) ਜੋ ਕੁਝ ਕਰਤਾਰ ਕਰਦਾ ਹੈ ਉਹੀ ਹੁੰਦਾ ਹੈ। ੧।

ਭਾਵਾਰਥ :-ਲੋਕਾਂ ਦਾ ਸੁਭਾਉ ਕੁਤਿਆਂ ਵਾਂਗਰ ਭੁੱਖਾ, ਬਕਵਾਸੀ ਤੇ ਕਮੀਨਾ ਹੋ ਗਿਆ ਹੈ, ਵੱਢੀ ਆਦਿਕ ਹਰਾਮ ਦਾ ਖਾਣਾ ਹੀ ਇਸ ਦਾ ਮਨ ਭਾਉਂਦਾ ਖਾਣਾ ਹੋ ਗਿਆ ਹੈ, ਅਜਿਹੇ ਲੋਕਾਂ ਦੀ ਜੇ ਜੀਉਂਦਿਆਂ ਹੀ ਬਦਨਾਮੀ ਹੋ ਰਹੀ ਹੋਵੇ ਤਾਂ ਮਰਨ ਤੋਂ ਬਾਅਦ ਭੀ ਉਸ ਨੂੰ ਲੋਕੀਂ ਭੈੜਾ ਭੈੜਾ ਆਖਦੇ ਹਨ।

ਮ: ੧ ॥

1. **ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**
2. **ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥**
3. **ਸਰਮੁ ਗਇਆ ਘਰਿ ਆਪਣੈ**
   ਪਤਿ ਉਠਿ ਚਲੀ ਨਾਲਿ ॥
4. **ਨਾਨਕ ਸਚਾ ਏਕੁ ਹੈ**
   ਅਉਰੁ ਨ ਸਚਾ ਭਾਲਿ ॥ ੨ ॥

ਪਦ ਅਰਥ :- ਰੰਨਾ-ਇਸਤਰੀਆਂ । ਬੋਧੀਆ-ਸਲਾਹਕਾਰ। ਪੁਰਸ-ਮਨੁੱਖ। ਸਈਆਦ-ਸ਼ਿਕਾਰੀ, ਜ਼ਾਲਮ। ਸੀਲੁ-ਮਿਠਾ ਸੁਭਾਉ। ਸੰਜਮੁ-ਜੁਗਤ ਵਿਚ ਰਹਿਣਾ। ਸੁਚ-ਹਿਰਦੇ ਦੀ ਪਵਿਤਰਤਾ, ਦਿਲ ਦੀ ਸਫਾਈ। ਭੰਨੀ-ਦੂਰ ਹੋ ਗਈ ਹੈ, ਨਸ ਗਈਆਂ ਹਨ। ਖਾਜੁ-ਮਨ ਭਾਉਂਦਾ ਖਾਣਾ। ਅਹਾਜੁ-ਨਾ ਹਜ਼ਮ ਹੋਣ ਵਾਲਾ, ਹਰਾਮ। ਸਰਮੁ-ਹਯਾ। ਘਰਿ ਆਪਣੈ-ਕਿਤੇ ਆਪਣੇ ਘਰ ਵਿਚ, ਕਿਤੇ ਆਪਣੇ ਵਤਨ ਨੂੰ। ਪਤਿ-ਅਣਖ, ਇੱਜ਼ਤ। ਸਚਾ-ਸਦਾ ਕਾਇਮ ਰਹਿਣ ਵਾਲਾ।

ਅਰਥ:-

ਪ੍ਰ:-ਗੁਰਦੇਵ ਜੀਓ ! ਆਪ ਹੋਰ ਕੀ ਕੁਝ ਤੱਕ ਰਹੇ ਹੋ ?

1. **ਉ:**-ਹੇ ਭਾਈ ! (ਮੈਂ ਤਾਂ ਇਹ ਭੀ ਤੱਕ ਰਿਹਾ ਹਾਂ ਕਿ ਰੱਬ ਤੋਂ ਵਿਛੜ ਕੇ) ਮਨੁੱਖ ਜ਼ਾਲਮ ਹੋ ਰਹੇ ਹਨ ਤੇ ਤੀਵੀਆਂ ਇਸ ਜ਼ੁਲਮ ਲਈ ਸਲਾਹਕਾਰ ਬਣ ਰਹੀਆਂ ਹਨ।
2. ਹੇ ਭਾਈ ! (ਹੋਰ ਸੁਣੋ) ਮਿਠਾ ਸੁਭਾਉ, ਜੁਗਤ ਵਿਚ ਰਹਿਣਾ, ਦਿਲ ਦੀ ਸਫਾਈ, ਇਹ ਸਭ ਗੱਲਾਂ ਦੂਰ ਹੋ ਗਈਆਂ ਹਨ ਅਤੇ ਵੱਢੀ ਆਦਿਕ ਹਰਾਮ ਮਾਲ ਇਨ੍ਹਾਂ ਲੋਕਾਂ ਦਾ ਮਨ ਭਾਉਂਦਾ ਖਾਣਾ ਹੋ ਗਿਆ ਹੈ।
3. ਹੇ ਪਿਆਰੇ ! ਸ਼ਰਮ ਹਯਾ ਕਿਤੇ ਆਪਣੇ ਵਤਨ (ਹੀ) ਚਲੀ ਗਈ ਹੈ (ਭਾਵ ਇਨ੍ਹਾਂ ਮਨੁੱਖਾਂ ਤੋਂ ਕਿਤੇ ਦੂਰ ਦੁਰੇਡੇ ਹੋ ਗਈ ਹੈ) ਅਤੇ ਅਣਖ ਭੀ ਸ਼ਰਮ ਹਯਾ ਦੇ ਨਾਲ ਹੀ ਚਲੀ ਗਈ ਹੈ।

ਪ੍ਰ:-ਸ੍ਰੀ ਜੀਓ ! ਦਸੋ ਤਾਂ ਫਿਰ ਸ਼ੁਭ ਗੁਣਾਂ ਨੂੰ ਕਿਸ ਥਾਂ ਤੋਂ ਲਭਿਆ ਜਾਵੇ ?

4. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! (ਜੇ ਸੀਲ, ਸੰਜਮ, ਸੁੱਚ ਆਦਿਕ ਗੁਣ ਲੱਭਣੇ ਹਨ ਤਾਂ ਉਨ੍ਹਾਂ ਦਾ ਸੋਮਾ) ਕੋਈ ਹੋਰ ਥਾਂ ਨਾ ਲਭੋ (ਭਾਵ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਥਾਂ ਇਹ ਗੁਣ ਨਹੀਂ ਮਿਲ ਸਕਦੇ)।੨।

ਭਾਵਾਰਥ :-ਜਿਥੇ ਮਰਦ ਜ਼ਾਲਮ ਹੋ ਗਏ ਹਨ, ਉਥੇ ਤੀਵੀਆਂ, ਜੋ ਸੰਸਾਰ ਵਿਚ ਨਰਮਾਈ ਤੇ ਜਬਤ ਦੀਆਂ ਰਖਵਾਲੀਆਂ ਸਨ, ਉਹ ਨਿਰੀਆਂ ਮਿੱਟੀ ਦੀਆਂ ਮਾਧੋ ਬਣ ਕੇ ਸ਼ਰਮ ਤੇ ਇੱਜ਼ਤ ਗਵਾ ਰਹੀਆਂ ਹਨ।

ਪਉੜੀ ॥

1. **ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥**
2. **ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥**
3. **ਸਾਹਿਬ ਸਬਦੁ ਨ ਊਚਰੈ**
   ਮਾਇਆ ਮੋਹ ਪਸਾਰੀ ॥
4. **ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥**
5. **ਨਾਨਕ ਨਾਮੁ ਨ ਚੇਤਈ**
   ਜੂਐ ਬਾਜੀ ਹਾਰੀ ॥ ੧੪ ॥

ਪਦ ਅਰਥ :– ਬਾਹਰਿ–(ਭਾਵ) ਸਰੀਰ ਉਤੇ। ਭਸਮ–ਸੁਆਹ। ਅੰਤਰ–ਮਨ ਵਿਚ। ਗੁਬਾਰੀ–ਹਨੇਰਾ। ਖਿੰਥਾ–ਗੋਦੜੀ, ਖਫਨੀ। ਸਾਹਿਬ ਸਬਦੁ–ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ। ਪਸਾਰੀ–ਖਿਲਾਰਾ। ਭਰਮੁ–ਭਟਕਣਾ। ਭਰਮੈ–ਭਟਕਦਾ ਹੈ, ਠੇਡੇ ਖਾਂਦਾ ਹੈ। ਗਵਾਰੀ–ਮੂਰਖ।੧੪।

ਅਰਥ :–

ਪ੍ਰ:–ਗੁਰਦੇਵ ਜੀਓ ! ਬਹੁਤੇ ਲੋਕ ਕਈ ਤਰ੍ਹਾਂ ਦੇ ਭੇਖ ਧਾਰਨ ਕਰੀ ਰਖਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਮਿਲ ਸਕੇਗਾ ?

1. ਉ.–ਹੇ ਭਾਈ ! ਜੋ ਮਨੁੱਖ ਪਿੰਡੇ ਉਤੇ (ਤਾਂ) ਸੁਆਹ ਮਲ ਲੈਂਦਾ ਹੈ ਪਰ ਉਸ ਦੇ ਮਨ ਵਿਚ (ਮਾਇਆ ਦੇ ਮੋਹ ਦਾ) ਹਨੇਰਾ ਹੈ।
2. (ਬਾਹਰ ਸਰੀਰ ਉਤੇ) ਗੋਦੜੀ ਤੇ ਝੋਲੀ (ਆਦਿਕ) ਦੇ ਕਈ ਭੇਖ ਕਰਦਾ ਹੈ ਅਤੇ ਭੈੜੀ ਮਤ ਦੇ ਕਾਰਨ (ਇਸ ਭੇਖ ਦਾ) ਅਹੰਕਾਰ ਭੀ ਕਰਦਾ ਹੈ।
3. (ਪਰ, ਉਹ) ਪ੍ਰਭੂ ਦੀ ਸਿਫਤ ਸਾਲਾਹ ਦੀ ਬਾਣੀ ਨਹੀਂ ਉਚਾਰਦਾ (ਨਿਰਾ) ਮਾਇਆ ਦੇ ਮੋਹ ਦਾ ਖਿਲਾਰਾ ਹੀ (ਬਣਾਈ ਬੈਠਾ) ਹੈ।
4. ਹੇ ਭਾਈਓ ! (ਸੱਚ ਜਾਣੋ ਜੇ ਕਰ) ਉਸ ਦੇ ਮਨ ਵਿਚ ਲਾਲਚ ਹੈ, ਭਟਕਣਾ ਹੈ, (ਤਾਂ ਉਹ ਮਨੁੱਖ) ਠੇਡੇ (ਹੀ) ਖਾਂਦਾ ਫਿਰਦਾ ਹੈ।

ਪ੍ਰ:–ਸ੍ਰੀ ਜੀਓ ! ਅਜਿਹੇ ਮਨੁੱਖ ਨੂੰ ਆਖਰ ਫਲ ਕੀ ਮਿਲੇਗਾ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੇ ਉਹ ਐਸਾ ਮਨੁੱਖ ਪ੍ਰਭੂ ਦਾ ਨਾਮ ਨਹੀਂ ਸਿਮਰਦਾ (ਤਾਂ ਉਹ ਸਮਝੋ) ਜੂਏ ਵਿਚ (ਮਨੁੱਖਾ ਜਨਮ ਦੀ) ਬਾਜ਼ੀ ਹਾਰ ਜਾਂਦਾ ਹੈ। ੧੪।

ਭਾਵਾਰਥ :–ਪਿੰਡੇ ਉਤੇ ਸੁਆਹ ਮਲੀ ਹੋਵੇ, ਗੋਦੜੀ ਝੋਲੀ ਆਦਿਕ ਸਾਧੂਆਂ ਵਾਲਾ ਭੇਖ ਕੀਤਾ ਹੋਇਆ ਹੋਵੇ, ਪਰ ਮਨ ਵਿਚ ਮਾਇਆ ਦਾ ਹਨੇਰਾ ਹੋਵੇ, ਉਹ ਮਨੁੱਖ ਸਿਮਰਨ ਤੋਂ ਵਾਂਝਿਆਂ ਰਹਿ ਕੇ, ਮਾਨੋਂ, ਜੂਏ ਵਿਚ ਬਾਜ਼ੀ ਹਾਰ ਕੇ ਜਾਂਦਾ ਹੈ।

ਸਲੋਕ ਮ: ੧ ॥

**1. ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ
ਕਿਆ ਖੁਸੀਆ ਕਿਆ ਚਾਉ ॥**
**2. ਵਿਛੁੜਿਆ ਵਿਸੁ ਹੋਇ ਵਿਛੋੜਾ
ਏਕ ਘੜੀ ਮਹਿ ਜਾਇ ॥**
**3. ਜੇ ਸਉ ਵਰ੍ਹਿਆ ਮਿਠਾ ਖਾਜੈ
ਭੀ ਫਿਰਿ ਕਉੜਾ ਖਾਇ ॥**
**4. ਮਿਠਾ ਖਾਧਾ ਚਿਤਿ ਨ ਆਵੈ
ਕਉੜਤਣੁ ਧਾਇ ਜਾਇ ॥**
5. ਮਿਠਾ ਕਉੜਾ ਦੋਵੈ ਰੋਗ ॥
6. ਨਾਨਕ ਅੰਤਿ ਵਿਗੁਤੇ ਭੋਗ ॥
7. ਝਖਿ ਝਖਿ ਝਖਣਾ ਝਗੜਾ ਝਾਖ ॥
8. ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ ॥੧॥

ਪਦ ਅਰਥ :– ਲਖ ਜੀਵਣੁ–ਲੱਖਾਂ ਵਰ੍ਹਿਆਂ ਦੀ ਜ਼ਿੰਦਗੀ। ਕਿਆ ਖੁਸੀਆ–ਭਾਵੇਂ ਕਿਤਨੀਆਂ ਹੀ ਖੁਸ਼ੀਆਂ ਹੋਣ। ਵਿਛੁੜਿਆ–ਸਰੀਰ ਤੇ ਜਿੰਦ ਦੇ ਵਿਛੜਨ ਵੇਲੇ। ਵਿਸੁ–ਵਿਹੁ, ਜ਼ਹਿਰ (ਭਾਵ ਬ੍ਰਹੁਤ ਦੁਖਦਾਈ)। ਜਾਇ–(ਜੀਵ) ਤੁਰ ਪੈਂਦਾ ਹੈ। ਖਾਜੈ–ਖਾਵੀਏ। ਕਉੜਾ–(ਮੌਤ ਦੇ ਵਿਛੋੜੇ ਦਾ) ਕੌੜਾ (ਘੁੱਟ)। ਚਿਤਿ ਨ ਆਵੈ–ਚੇਤੇ ਨਹੀਂ ਰਹਿੰਦਾ, ਵਿਸਰ ਜਾਂਦਾ ਹੈ। ਧਾਇ ਜਾਇ–ਡੂੰਘਾ ਅਸਰ ਪੈਂਦਾ ਹੈ। ਕਉੜਤਣੁ–(ਭਾਵ) ਵਿਛੋੜਾ। ਮਿਠਾ ਕਉੜਾ–ਭੋਗਾਂ ਦਾ ਮਿਲਣਾ ਤੇ ਵਿਛੜਨਾ। ਰੋਗ–ਦੁਖਦਾਈ। ਭੋਗ–ਭੋਗਾਂ ਦੇ ਕਾਰਨ। ਵਿਗੁਤੇ–ਖੁਆਰ ਹੁੰਦੇ ਹਨ। ਝਖਿ ਝਖਿ ਝਖਣਾ–ਮੁੜ ਮੁੜ ਝੱਖਾਂ ਮਾਰਨੀਆਂ, ਮੁੜ ਮੁੜ ਵਿਸ਼ੇ ਭੋਗਣੇ। ਝਗੜਾ–ਇਕ ਲੰਮਾ ਗੇੜ। ਝਖਣਾ ਝਾਖ ਝੱਖਾਂ ਮਾਰਨ ਦਾ ਇਕ ਲੰਮਾ ਗੇੜ, ਵਿਸ਼ੇ ਭੋਗਣ ਦਾ ਇਕ ਲੰਮਾ ਚਸਕਾ। ਝਖਿ ਝਖਿ ਜਾਹਿ–ਝੱਖਾਂ ਮਾਰ ਮਾਰ ਕੇ, (ਵਿਸ਼ੇ ਭੋਗ ਭੋਗ ਕੇ) ਇਥੋਂ ਜਗਤ ਤੋਂ ਜਾਂਦੇ ਹਨ। ਤਿਨ੍ ਪਾਸਿ–ਉਨ੍ਹਾਂ ਵਿਸ਼ੇ ਪਦਾਰਥਾਂ ਦੇ ਕੋਲ ਹੀ। ਝਖਹਿ–ਟੱਕਰਾਂ ਮਾਰਦੇ ਹਨ, ਭਟਕਦੇ ਹਨ, ਵਾਸ਼ਨਾ ਨਾਲ ਬਧੇ ਰਹਿੰਦੇ ਹਨ।੧।

ਅਰਥ :–

ਪ੍ਰ:–ਗੁਰਦੇਵ ਜੀਓ ! ਜਿਨ੍ਹਾਂ ਲੋਕਾਂ ਦੀ ਬੇਅੰਤ ਹੀ ਲੋਕਾਂ ਨਾਲ ਪਿਆਰ ਮੁਹੱਬਤ ਬਣੀ ਹੋਈ ਹੈ, ਅਤੇ ਜੀਵਨ ਭੀ ਜਿਨ੍ਹਾਂ ਦਾ ਬਹੁਤ ਲੰਮਾ ਹੋ ਗੁਜ਼ਰਦਾ ਹੈ, ਕੀ ਅੰਤ ਦੇ ਸਮੇਂ ਭੀ ਉਨ੍ਹਾਂ ਨੂੰ ਇਸ ਦਾ ਕੋਈ ਲਾਭ ਹਾਸਲ ਹੁੰਦਾ ਹੈ ?

1. ਉ:–ਹੇ ਭਾਈਓ ! (ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ ਜੇ ਕਿਸੇ ਦਾ) ਲੱਖਾਂ ਬੰਦਿਆਂ ਨਾਲ (ਭੀ) ਪਿਆਰ ਹੋਵੇ, (ਅਤੇ) ਲੱਖਾਂ (ਵਰ੍ਹਿਆਂ) ਦੀ ਜ਼ਿੰਦਗੀ ਹੋਵੇ (ਅਤੇ ਭਾਵੇਂ) ਕਿਤਨੀਆਂ ਹੀ ਖੁਸ਼ੀਆਂ ਤੇ ਕਿਤਨੇ ਹੀ ਚਾਉ ਹੋਣ।
2. ਹੇ ਪਿਆਰੇ ! ਸੱਚ ਜਾਣੋ, ਜਦੋਂ ਬੰਦਾ ਮਰਨ ਸਮੇਂ ਇਕ ਘੜੀ ਵਿਚ ਹੀ ਤੁਰ ਪੈਂਦਾ ਹੈ ਤਾਂ ਇਨ੍ਹਾਂ ਤੋਂ ਜੁਦਾਈ ਬਹੁਤ ਦੁਖਦਾਈ ਹੁੰਦੀ ਹੈ।
3. ਹੇ ਪਿਆਰਿਓ ! ਜੇ ਸੈਂਕੜੇ ਵਰ੍ਹੇ ਭੀ ਇਹ ਸੁਆਦਲੇ ਭੋਗ ਭੋਗਦੇ ਰਹੀਏ, ਤਾਂ ਭੀ ਇਨ੍ਹਾਂ ਤੋਂ ਵਿਛੋੜੇ ਵਾਲਾ ਕੌੜਾ ਘੁੱਟ ਭਰਨਾ ਹੀ ਪੈਂਦਾ ਹੈ।
4. ਹੇ ਭਾਈ ! ਭੋਗੇ ਹੋਏ ਭੋਗ ਤਾਂ ਭੁੱਲ ਜਾਂਦੇ ਹਨ ਪਰ ਇਨ੍ਹਾਂ ਤੋਂ ਵਿਛੋੜੇ ਦੀ ਸੱਟ ਡੂੰਘਾ ਸੱਲ ਲਾਉਂਦੀ ਹੈ।

ਪ੍ਰ:—ਸ੍ਰੀ ਜੀਓ ! ਇਹ ਤਾਂ ਠੀਕ ਹੈ ਕਿ ਪਦਾਰਥਾਂ ਦੇ ਵਿਛੜ ਜਾਣ ਦਾ ਬੜਾ ਹੀ ਦੁਖ ਹੈ, ਪਰ ਇਨ੍ਹਾਂ ਪਦਾਰਥਾਂ ਦੇ ਪ੍ਰਾਪਤ ਹੋਣ ਸਮੇਂ ਤਾਂ ਬਹੁਤ ਹੀ ਸੁਖ ਤੇ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ।

5. ਉ:—ਹੇ ਪਿਆਰੇ ! (ਜੇ ਵੀਚਾਰ ਦ੍ਰਿਸ਼ਟੀ ਨਾਲ ਤਕੀਏ ਤਾਂ) ਇਨ੍ਹਾਂ ਭੋਗਾਂ ਦਾ ਮਿਲਣਾ ਤੇ ਖੁਸ ਜਾਣਾ (ਇਹ) ਦੋਵੇਂ ਗੱਲਾਂ ਹੀ ਦੁਖਦਾਈ ਹਨ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਭੋਗਾਂ ਦੇ ਕਾਰਨ ਆਖਰ ਬੰਦੇ ਖੁਆਰ ਹੀ ਹੁੰਦੇ ਹਨ।

ਪ੍ਰ:—ਗੁਰਦੇਵ ਜੀਓ ! ਆਖਰ ਭੋਗ ਭੋਗਣ ਦਾ ਸੁਖ ਤਾਂ ਜ਼ਰੂਰ ਹੁੰਦਾ ਹੈ ?

7. ਉ:—ਹੇ ਭਾਈ ! (ਅਸਲ ਵਿਚ ਮਨੁੱਖ ਨੂੰ) ਨਿਤ ਨਿਤ ਵਿਸ਼ੇ ਭੋਗਣ ਨਾਲ ਵਿਸ਼ੇ ਭੋਗਣ ਦਾ ਇਕ ਲੰਮਾ ਚਸਕਾ ਬਣ ਜਾਂਦਾ ਹੈ।

8. ਵਿਸ਼ੇ ਭੋਗ ਭੋਗ ਕੇ ਜੀਵ ਇਥੋਂ ਜਗਤ ਤੋਂ ਤੁਰਦੇ ਹਨ (ਤੇ ਵਾਸ਼ਨਾ ਬੱਧੇ) ਉਨ੍ਹਾਂ ਵਿਸ਼ਿਆਂ ਦੇ ਕੋਲ ਹੀ ਟੱਕਰਾਂ ਮਾਰਦੇ ਰਹਿੰਦੇ ਹਨ।੧।

ਭਾਵਾਰਥ :—ਸੰਸਾਰਕ ਭੋਗ ਤੇ ਖੁਸ਼ੀ ਦੇ ਸਮਿਆਨ ਮਿਠੇ ਲਗਦੇ ਹਨ, ਪਰ ਅੰਤ ਨੂੰ ਕੌੜੇ ਸਾਬਤ ਹੁੰਦੇ ਹਨ, ਇਹ ਕੁੜੱਤਣ ਦੂਰ ਤਦ ਹੋ ਸਕਦੀ ਹੈ ਕਿ ਮਿਠੇ ਨਾਮ ਦਾ ਸੇਵਨ ਕਰੀਏ, ਪਰ ਇਹ ਨਾਮ ਹਰੀ ਦੀ ਮਿਹਰ ਨਾਲ ਗੁਰੂ ਤੋਂ ਹੀ ਮਿਲਦਾ ਹੈ।

ਮ: ੧।

1. ਕਾਪੜੁ ਕਾਠੁ ਰੰਗਾਇਆ ਰਾਂਗਿ ॥
2. ਘਰ ਗਚ ਕੀਤੇ ਬਾਗੇ ਬਾਗ ॥
3. ਸਾਦ ਸਹਜ ਕਰਿ ਮਨੁ ਖੇਲਾਇਆ ॥
4. ਤੈ ਸਹ ਪਾਸਹੁ ਕਹਣੁ ਕਹਾਇਆ ॥
5. ਮਿਠਾ ਕਰਿ ਕੈ ਕਉੜਾ ਖਾਇਆ ॥
6. ਤਿਨਿ ਕਉੜੈ ਤਨਿ ਰੋਗੁ ਜਮਾਇਆ ॥
7. ਜੇ ਫਿਰਿ ਮਿਠਾ ਪੇੜੈ ਪਾਇ ॥
8. ਤਉ ਕਉੜਤਣੁ ਚੂਕਸਿ ਮਾਇ ॥
9. ਨਾਨਕ ਗੁਰਮੁਖਿ ਪਾਵੈ ਸੋਇ ॥
10. ਜਿਸ ਨੋ ਪ੍ਰਾਪਤਿ ਲਿਖਿਆ ਹੋਇ ॥੨॥

ਪਦ ਅਰਥ:—ਕਾਪੜੁ ਕਾਠੁ—ਕੱਪੜੇ ਤੇ ਲੱਕੜ ਦਾ ਸਾਮਾਨ (ਪਰਦੇ ਕੁਰਸੀਆਂ ਆਦਿਕ)। ਰਾਂਗਿ—ਰੰਗ ਨਾਲ। ਗਚ—ਚੂਨੇ ਗੱਚ। ਬਾਗੇ ਬਾਗ—ਬੱਗੇ ਹੀ ਬੱਗੇ, ਚਿਟੇ ਹੀ ਚਿਟੇ। ਸਾਦ—ਸੁਆਦ। ਸਹਜ- ਸੁਖ। **ਸਾਦ ਕਰਿ—ਸੁਆਦਾਂ** ਨਾਲ। ਖੇਲਾਇਆ—ਖਿਡਾਇਆ, ਪਰਚਾਇਆ। ਪਾਸਹੁ—ਕੋਲੋਂ। ਕਹਣੁ—ਉਲਾਹਮਾ। **ਕਉੜਾ**—ਉਹ ਵਿਸ਼ੇ ਭੋਗ ਜੋ ਅੰਤ ਨੂੰ ਦੁਖਦਾਈ ਹਨ। ਤਿਨਿ—ਉਸ ਨੇ। ਤਿਨਿ ਕਉੜੈ—ਉਸ ਵਿਸ਼ੇ ਭੋਗ ਦੇ ਦੁਖਦਾਈ ਚਸਕੇ ਨੇ। ਤਨਿ—ਸਰੀਰ ਵਿਚ। ਮਿਠਾ—ਪ੍ਰਭੂ ਦਾ ਨਾਮ ਰੂਪ ਸੁਆਦਲਾ ਪਦਾਰਥ। ਪੇੜੈ ਪਾਇ—ਪੱਲੇ ਪਏ, ਮਿਲ ਜਾਏ। ਕਉੜਤਣੁ—ਵਿਸ਼ੇ ਭੋਗਾਂ ਤੋਂ ਪੈਦਾ ਹੋਇਆ ਦੁਖ। ਮਾਇ—ਹੇ ਮਾਂ। ਸੋਇ—ਉਹ।੨।

ਅਰਥ :—

ਪ੍ਰ:—ਸ੍ਰੀ ਜੀਓ ! ਜਿਨ੍ਹਾਂ ਮਨੁੱਖਾਂ ਕੋਲ ਘਰ ਅਤੇ ਘਰ ਵਿਚ ਸਜਾਵਟ ਦਾ ਸਾਰਾ ਹੀ ਸਮਾਨ ਪ੍ਰਾਪਤ ਹੈ, ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. ਉ:—ਹੇ ਸਾਈਆਂ ਜੀਓ ! (ਜਿਸ ਮਨੁੱਖ ਨੇ) ਕੱਪੜੇ ਤੇ ਲੱਕੜ ਦਾ ਸਾਮਾਨ ਰੰਗ ਨਾਲ ਰੰਗਾ ਲਿਆ।

2. ਅਤੇ ਘਰਾਂ ਨੂੰ ਚੂਨੇ ਗੱਚ ਕਰ ਕੇ ਚਿਟੇ ਹੀ ਚਿਟੇ ਬਣਾ ਲਿਆ ਹੈ।

3. (ਅਜਿਹੇ) ਸੁਆਦਾਂ ਤੇ ਸੁੱਖਾਂ ਨਾਲ ਮਨ ਨੂੰ ਪਰਚਾਂਦਾ ਰਿਹਾ।

4. ਪਰ, ਹੇ ਪ੍ਰਭੂ ਜੀਓ ! (ਉਹ ਮਨੁੱਖ ਇਨ੍ਹੀਂ ਕੰਮੀਂ) ਤੇਰੇ ਪਾਸੋਂ ਉਲਾਹਮਾ ਹੀ ਲੈਂਦਾ ਹੈ (ਕਿ ਮਨੁੱਖਾ ਜਨਮ ਦਾ ਮਨੋਰਥ ਨਾ ਖਟਿਆ)

5. (ਕਿਉਂਕਿ) ਵਿਸ਼ੇ ਵਿਕਾਰ ਜੋ ਆਖਰ ਦੁਖਦਾਈ ਹੁੰਦੇ ਹਨ, ਸੁਆਦਲੇ ਜਾਣ ਕੇ ਮਾਣਦਾ ਰਿਹਾ।

6. ਉਸੇ ਵਿਸ਼ੇ ਭੋਗ ਨੇ ਸਰੀਰ ਵਿਚ ਰੋਗ ਪੈਦਾ ਕਰ ਦਿਤਾ।

ਪ੍ਰ:—ਸ੍ਰੀ ਜੀਓ ! ਤਾਂ ਫਿਰ ਦਸੋ ਵਿਸ਼ੇ ਵਿਕਾਰਾਂ ਤੋਂ ਪੈਦਾ ਹੋਣ ਵਾਲਾ ਦੁਖ ਕਿਵੇਂ ਦੂਰ ਹੋ ਸਕਦਾ ਹੈ ?

7. ਉ:—ਹੇ ਮਾਂ ! ਜੇ ਪ੍ਰਭੂ ਦਾ ਨਾਮ ਸੁਆਦਲਾ ਭੋਜਨ ਮੁੜ ਮਿਲ ਜਾਏ।

8. ਤਾਂ (ਫਿਰ) ਵਿਸ਼ੇ ਭੋਗਾਂ ਤੋਂ ਪੈਦਾ ਹੋਇਆ ਦੁਖ ਦੂਰ ਹੋ ਜਾਂਦਾ ਹੈ।

ਪ੍ਰ:—ਕਿਉਂ ਜੀ, ਤਾਂ ਫਿਰ ਇਸ ਦੁੱਖਾਂ ਦੇ ਨਾਸਕ ਨਾਮ ਨੂੰ ਹਰ ਬੰਦਾ ਹੀ ਕਿਉਂ ਨਹੀਂ ਹਾਸਲ ਕਰਦਾ ?

9. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਐ ਪਿਆਰੇ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਇਹ ਮਿਠਾ ਨਾਮ ਉਸੇ ਗੁਰਮੁਖ ਨੂੰ ਮਿਲਦਾ ਹੈ।

10. ਜਿਸ ਦੇ ਭਾਗਾਂ ਵਿਚ ਇਸ ਦੀ ਪ੍ਰਾਪਤੀ ਲਿਖੀ ਹੋਵੇ।੨।

ਭਾਵਾਰਥ :—ਜੇ ਕਿਸੇ ਨੂੰ ਸਾਰੇ ਹੀ ਪਦਾਰਥਕ ਸੁੱਖ ਮਿਲ ਭੀ ਜਾਣ ਤਾਂ ਸਮਝੋ ਉਹ ਦੁੱਖ ਦਾ ਹੀ ਕਾਰਨ ਹੈ, ਨਾਮ ਤੋਂ ਸੱਖਣੇ ਮਨੁੱਖ ਸਦਾ ਹੀ ਦੁਖੀ ਅਤੇ ਰੋਗੀ ਰਹਿੰਦੇ ਹਨ, ਪਰ ਨਾਮ ਦਾ ਸਿਮਰਨ ਹੀ ਸੁੱਖਾਂ ਦਾ ਸਾਧਨ ਹੈ, ਪਰ, ਇਹ ਮਿਲਦਾ ਗੁਰੂ ਦੀ ਮਿਹਰ ਨਾਲ ਹੀ ਹੈ।

ਪਉੜੀ ॥

1. ਜਿਨ ਕੈ ਹਿਰਦੈ ਮੈਲੁ ਕਪਟੁ ਹੈ
ਬਾਹਰੁ ਧੋਵਾਇਆ ॥
2. ਕੂੜੁ ਕਪਟੁ ਕਮਾਵਦੇ
ਕੂੜੁ ਪਰਗਟੀ ਆਇਆ ॥
3. ਅੰਦਰਿ ਹੋਇ ਸੁ ਨਿਕਲੈ
ਨਹ ਛਪੈ ਛਪਾਇਆ ॥
4. ਕੂੜੈ ਲਾਲਚਿ ਲਗਿਆ
ਫਿਰਿ ਜੂਨੀ ਪਾਇਆ ॥
5. ਨਾਨਕ ਜੋ ਬੀਜੈ ਸੋ ਖਾਵਣਾ
ਕਰਤੈ ਲਿਖਿ ਪਾਇਆ ॥ ੧੫ ॥

ਪਦ ਅਰਥ :– ਬਾਹਰੁ–ਬਾਹਰਲਾ ਪਾਸਾ (ਭਾਵ ਸਰੀਰ)। ਲਾਲਚਿ–ਲਾਲਚ ਵਿਚ। ਕਰਤੈ–ਕਰਤਾਰ ਨੇ। ਲਿਖਿ–ਲਿਖ ਕੇ। ਪਾਇਆ–(ਭਾਗਾਂ ਵਿਚ) ਦੇ ਦਿਤਾ ਹੈ। ੧੫।

ਅਰਥ :–

ਪ੍ਰ:–ਸ੍ਰੀ ਜੀਓ ! ਕਈ ਲੋਕ ਸਰੀਰਕ ਸਫਾਈ ਕਰਦੇ ਰਹਿਣ ਵਿਚ ਹੀ ਲਗੇ ਰਹਿੰਦੇ ਹਨ, ਉਨ੍ਹਾਂ ਬਾਰੇ ਆਪ ਕੀ ਅਨਭਵ ਕਰਦੇ ਹੋ ?

1. ਉ:–ਹੇ ਭਾਈਓ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਫਾਈ ਨਹੀਂ; ਧੋਖਾ ਹੈ, ਪਰ ਸਰੀਰ ਨੂੰ ਬਾਹਰੋਂ ਧੋ ਕੇ ਰਖਦੇ ਹਨ।
2. ਹੇ ਪਿਆਰੇ ! (ਉਹ ਆਪਣੇ ਹਰੇਕ ਕਾਰ ਵਿਹਾਰ ਵਿਚ) ਝੂਠ ਤੇ ਧੋਖਾ ਹੀ ਵਰਤਦੇ ਹਨ (ਪਰ ਆਖਰ ਨੂੰ ਉਨ੍ਹਾਂ ਦਾ) ਝੂਠ ਉਘੜ ਆਉਂਦਾ ਹੈ।
3. (ਕਿਉਂਕਿ) ਮਨ ਦੇ ਅੰਦਰ ਜੋ ਕੁਝ ਹੁੰਦਾ ਹੈ, ਉਹ ਜ਼ਾਹਰ ਹੋ ਜਾਂਦਾ ਹੈ, ਲੁਕਾਇਆਂ ਲੁਕ ਨਹੀਂ ਸਕਦਾ।

ਪ੍ਰ:–ਕਿਉਂ ਜੀ, ਅਜਿਹੇ ਲੋਕਾਂ ਨੂੰ ਆਖਰ ਫਲ ਕੀ ਮਿਲਦਾ ਹੈ ?

4. ਉ:-ਹੇ ਭਾਈਓ ! ਝੂਠ ਲਾਲਚ ਵਿਚ ਲਗਣ ਨਾਲ (ਆਖਰ ਸਿਟਾ ਇਹ ਨਿਕਲਦਾ ਹੈ ਕਿ ਮਨੁੱਖ) ਮੁੜ ਮੁੜ ਜੂਨਾਂ ਵਿਚ ਜਾ ਪੈਂਦਾ ਹੈ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੋ ਕੁਝ (ਮਨੁੱਖ ਆਪਣੇ ਕਰਮਾਂ ਦਾ) ਬੀ ਬੀਜਦਾ ਹੈ ਉਹੀ (ਫਲ) ਖਾਂਦਾ ਹੈ, ਕਰਤਾਰ ਨੇ (ਇਹ ਰਜ਼ਾ ਜੀਵਾਂ ਦੇ ਮਥੇ ਉਤੇ) ਲਿਖ ਕੇ ਰਖ ਦਿਤੀ ਹੈ।੧੫।

ਭਾਵਾਰਥ :–ਅੰਦਰ ਮੈਲ ਕਪਟ ਤੇ ਕੂੜ ਹੋਵੇ, ਪਰ ਬਾਹਰੋਂ ਸਰੀਰ ਨੂੰ (ਤੀਰਥਾਂ ਆਦਿਕਾਂ ਤੇ) ਇਸ਼ਨਾਨ ਕਰਾਈ ਜਾਵੇ, ਇਸ ਤਰ੍ਹਾਂ ਅੰਦਰਲਾ ਕਪਟ ਲੁਕ ਨਹੀਂ ਸਕਦਾ। ਹਰੇਕ ਜੀਵ ਨੂੰ ਆਪਣੇ ਕੀਤੇ ਦਾ ਫਲ ਖਾਣਾ ਹੀ ਪੈਂਦਾ ਹੈ।

ਸਲੋਕ ਮ: ੨ ॥

1. ਕਥਾ ਕਹਾਣੀ ਬੇਦੀ ਆਣੀ
ਪਾਪੁ ਪੁੰਨੁ ਬੀਚਾਰੁ ॥
2. ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ ॥
3. ਉਤਮ ਮਧਿਮ ਜਾਤੀਂ ਜਿਨਸੀ
ਭਰਮਿ ਭਵੈ ਸੰਸਾਰੁ ॥
4. ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ ॥
5. ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀਂ ਕਰਮਿ ਧਿਆਈ ॥
6. ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਹੁਕਮੈ ਅੰਦਰਿ ਵੇਖੈ ॥
7. ਨਾਨਕ ਅਗਹੁ ਹਉਮੈ ਤੁਟੈ
ਤਾਂ ਕੋ ਲਿਖੀਐ ਲੇਖੈ ॥ ੧ ॥

ਪਦ ਅਰਥ:–ਬੇਦੀਂ–ਵੇਦਾਂ ਨੇ। ਆਣੀ–ਲਿਆਂਦੀ। ਕਥਾ ਕਹਾਣੀ–(ਭਾਵ) ਸਿਖਿਆ, ਤਾਲੀਮ। ਪਾਪੁ ਪੁੰਨੁ ਬੀਚਾਰੁ–ਇਹ ਵੀਚਾਰ ਕਿ ਪਾਪ ਕੀ ਹੈ ਤੇ ਪੁੰਨ ਕੀ ਹੈ। ਦੇ ਦੇ ਲੈਣਾ–ਆਪ ਹਥੋਂ ਦੇ ਕੇ ਹੀ ਲਈਦਾ ਹੈ, ਆਪਣਾ ਦਿਤਾ ਹੀ ਅਗੇ ਲਈਦਾ ਹੈ। ਲੈ ਲੈ ਦੇਣਾ–ਜੋ ਕਿਸੇ ਪਾਸੋਂ ਲੈਂਦੇ ਹਾਂ ਉਹ ਮੋੜਨਾ ਪਵੇਗਾ। ਨਰਕਿ–ਨਰਕ ਵਿਚ। ਅਵਤਾਰ–ਜੰਮਣਾ, ਥਾਂ ਮਿਲਣੀ। ਮਧਿਮ–ਨੀਵਾਂ। ਜਾਤੀਂ ਜਿਨਸੀ ਭਰਮਿ–ਜਾਤਾਂ ਦੇ ਤੇ ਕਿਸਮਾਂ ਦੇ ਭਰਮ ਵਿਚ। ਤਤੁ–ਅਸਲੀਅਤ, ਜਗਤ ਦਾ ਮੂਲ ਪ੍ਰਮਾਤਮਾ। ਵਖਾਣੀ–ਬਿਆਨ ਕਰਨ ਵਾਲੀ। ਗਿਆਨ ਧਿਆਨ ਵਿਚਿ–ਤਤ ਦੇ ਗਿਆਨ ਤੇ ਤਤ ਦੇ ਧਿਆਨ ਦੇ ਸੰਬੰਧ ਵਿਚ, ਪ੍ਰਭੂ ਦੇ ਗੁਣਾਂ ਦੀ ਵੀਚਾਰ ਕੀਤਿਆਂ ਤੇ ਪ੍ਰਭੂ ਵਿਚ ਸੁਰਤਿ ਜੋੜਿਆਂ। ਆਈ–ਪ੍ਰਗਟ ਹੋਈ, ਉਚਾਰੀ ਗਈ। ਗੁਰਮੁਖਿ ਆਖੀ–ਗੁਰੂ ਨੇ ਉਚਾਰੀ। ਜਾਤੀ–ਸਮਝੀ। ਸੁਰਤੀਂ–ਸੁਰਤਿਆਂ ਨੇ। ਕਰਮਿ–ਪ੍ਰਭੂ ਦੀ ਮਿਹਰ ਨਾਲ। ਵੇਖੈ–ਸੰਭਾਲ ਕਰਦਾ ਹੈ। ਅਗਹੁ–ਪਹਿਲਾਂ। ਕੋ–ਕੋਈ ਜੀਵ। ਲਿਖੀਐ ਲੇਖੈ–ਲੇਖੇ ਵਿਚ ਲਿਖਿਆ ਜਾਂਦਾ ਹੈ, ਪ੍ਰਵਾਨ ਹੁੰਦਾ ਹੈ। ੧।

ਅਰਥ :–

ਪ੍ਰ:–ਗੁਰਦੇਵ ਜੀਓ ! ਸਮੁੱਚੇ ਵੇਦਾਂ ਵਿਚੋਂ ਕੀ ਵਿਚਾਰ ਮਿਲਦੇ ਹਨ ?

1. ਉ:–ਹੇ ਭਾਈਓ ! (ਜੇ ਕਰ ਵੇਦਾਂ ਨੂੰ ਵਿਚਾਰਿਆ ਜਾਵੇ ਤਾਂ ਜੋ) ਤਾਲੀਮ ਵੇਦਾਂ ਨੇ ਲਿਆਂਦੀ ਹੈ (ਭਾਵ ਦਿਤੀ ਹੈ),

ਉਸ ਵਿਚ ਇਹੋ ਹੀ ਵੀਚਾਰ ਅੰਕਤ ਹੈ ਕਿ, ਪਾਪ ਕੀ ਹੈ, ਤੇ ਪੁੰਨ ਕੀ ਹੈ।

2. ਹੇ ਪਿਆਰੇ ! (ਉਨ੍ਹਾਂ ਵੇਦਾਂ ਨੇ ਇਹ ਭੀ ਦਸਿਆ ਹੈ ਕਿ ਹਥੋਂ) ਦੇ ਕੇ ਹੀ (ਮੁੜ) ਲਈਦਾ ਹੈ, ਤੇ ਜੋ ਕੁਝ ਕਿਸੇ ਤੋਂ ਲੈਂਦੇ ਹਾਂ ਉਹ (ਅਗਲੇ ਜਨਮ ਵਿਚ) ਮੋੜੀਦਾ ਹੈ (ਆਪਣੇ ਕੀਤੇ ਕਰਮਾਂ ਅਨੁਸਾਰ) ਨਰਕ ਵਿਚ ਜਾਂ ਸੁਰਗ ਵਿਚ ਅੱਪੜੀਦਾ ਹੈ।

3. ਹੇ ਭਾਈ ! (ਇਸੇ ਤਾਲੀਮ ਅਨੁਸਾਰ) ਦੁਨੀਆਂ ਉਚੀਆਂ ਨੀਵੀਆਂ ਜਾਤਾਂ ਤੇ ਕਿਸਮਾਂ ਦੇ ਵਹਿਮਾਂ ਵਿਚ ਖੁਆਰ ਹੁੰਦੀ ਹੈ।

ਪ੍ਰ:-ਗੁਰਦੇਵ ਜੀਓ ! ਵੇਦਾਂ ਨਾਲੋਂ ਗੁਰਬਾਣੀ ਵਿਚ ਕੀ ਵਿਸ਼ੇਸ਼ਤਾ ਹੈ ?

4. ਉ:-ਪਰ, ਹੇ ਭਾਈਓ ! ਜੋ ਬਾਣੀ ਗੁਰੂ ਨੇ ਉਚਾਰਨ ਕੀਤੀ ਹੈ (ਜਿਸ ਦੇ ਡੂੰਘੇ ਭੇਤ ਨੂੰ) ਗੁਰੂ ਨੇ ਸਮਝਿਆ ਹੈ ਤੇ (ਜਿਸ ਨੂੰ ਸੁਰਤਿਆਂ ਨੇ ਜਪਿਆ ਹੈ) ਉਹ ਬਾਣੀ ਨਾਮ ਅੰਮ੍ਰਿਤ ਨਾਲ ਭਰੀ ਹੋਈ ਹੈ, ਤੇ ਪ੍ਰਭੂ ਦੇ ਗੁਣ ਬਿਆਨ ਕਰਦੀ ਹੈ।

5. ਇਹ ਬਾਣੀ ਪ੍ਰਭੂ ਦੇ ਗੁਣਾਂ ਦੀ ਵੀਚਾਰ ਕੀਤਿਆਂ ਤੇ ਪ੍ਰਭੂ ਵਿਚ ਸੁਰਤ ਜੋੜਿਆਂ ਪ੍ਰਗਟ ਹੋਈ ਹੈ।

ਪ੍ਰ:- ਕਿਉਂ ਜੀ ! ਗੁਰਬਾਣੀ ਅੰਦਰ ਸੰਸਾਰ ਦੀ ਰਚਨਾ ਬਾਰੇ ਕੀ ਵੀਚਾਰ ਹਨ ?

6. ਉ:-ਹੇ ਪਿਆਰੇ ! (ਸੰਸਾਰ ਦੀ ਰਚਨਾ ਬਾਰੇ ਬਾਣੀ ਇਹ ਦਸਦੀ ਹੈ ਕਿ) ਪ੍ਰਮਾਤਮਾ ਆਪਣਾ ਹੁਕਮ (ਰੂਪ ਸਤਿਆ) ਸਾਜ ਕੇ (ਸਭ ਜੀਵਾਂ ਨੂੰ) ਆਪਣੇ ਹੁਕਮ ਵਿਚ ਹੀ ਰਖਿਆ ਹੈ ਤੇ ਹੁਕਮ ਵਿਚ ਹੀ (ਸਭ ਦੀ) ਸੰਭਾਲ ਕਰਦਾ ਹੈ।

ਪ੍ਰ-ਸ੍ਰੀ ਜੀਓ ! ਆਖਰ ਗੁਰਬਾਣੀ ਪੜ੍ਹਦੇ ਰਹਿਣ ਨਾਲ ਮਨੁੱਖ ਨੂੰ ਪ੍ਰਾਪਤ ਕੀ ਕੁਝ ਹੁੰਦਾ ਹੈ ?

7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਇਸ ਬਾਣੀ ਦੀ ਬਰਕਤ ਨਾਲ) ਪਹਿਲਾਂ (ਜੀਵ ਦੀ) ਹਉਮੈ ਦੂਰ ਹੁੰਦੀ ਹੈ, ਤਾਂ ਫਿਰ ਜੀਵ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ।੧।

ਭਾਵਾਰਥ :-ਵੇਦਾਂ ਤੋਂ ਠੀਕ ਅਗਵਾਈ ਨਹੀਂ ਮਿਲ ਸਕਦੀ, ਕਿਉਂਕਿ ਉਹ ਤਾਂ ਕਰਮ ਕਾਂਡ ਵਿਚ ਹੀ ਰਹਿੰਦੇ ਹਨ ਅਤੇ ਮਨੁੱਖਾਂ ਨੂੰ ਉਚੀਆਂ ਨੀਵੀਆਂ ਜਾਤਾਂ ਦੇ ਭਰਮ ਵਿਚ ਪਾ ਰਖਦੇ ਹਨ, ਅਸਲ ਗਿਆਨ ਤੇ ਲਿਵ ਵਾਲੀਆਂ ਗੱਲਾਂ ਕੇਵਲ ਸਤਿਗੁਰੂ ਦੀ ਬਾਣੀ ਹੀ ਦੱਸਦੀ ਹੈ, ਜਿਸ ਦੀ ਬਰਕਤ ਨਾਲ ਮਨੁੱਖ ਪ੍ਰਭੂ ਦੇ ਦਰ ਵਿਚ ਕਬੂਲ ਹੁੰਦਾ ਹੈ।

ਮਹਲਾ ੧ ॥

1. ਬੇਦੁ ਪੁਕਾਰੇ ਪੁੰਨੁ ਪਾਪੁ
ਸੁਰਗ ਨਰਕ ਕਾ ਬੀਉ ॥
2. ਜੋ ਬੀਜੈ ਸੋ ਉਗਵੈ
ਖਾਂਦਾ ਜਾਣੈ ਜੀਉ ॥
3. ਗਿਆਨੁ ਸਲਾਹੇ ਵਡਾ ਕਰਿ
ਸਚੋ ਸਚਾ ਨਾਉ ॥
4. ਸਚੁ ਬੀਜੈ ਸਚੁ ਉਗਵੈ
ਦਰਗਹ ਪਾਈਐ ਥਾਉ ॥
5. ਬੇਦੁ ਵਪਾਰੀ ਗਿਆਨੁ ਰਾਸਿ
ਕਰਮੀ ਪਲੈ ਹੋਇ ॥
6. ਨਾਨਕ ਰਾਸੀ ਬਾਹਰਾ
ਲਦਿ ਨ ਚਲਿਆ ਕੋਇ ॥੨॥

ਪਦ ਅਰਥ:-ਬੇਦੁ ਪੁਕਾਰੇ-ਵੇਦ ਉਚੀ ਆਖਦਾ ਹੈ (ਭਾਵ, ਵੇਦ ਦੀ ਤਾਲੀਮ ਇਹ ਹੈ ਕਿ)। ਬੀਉ-ਬੀਜ, ਮੂਲ, ਕਾਰਨ। ਜੋ-ਜੋ ਕੁਝ। ਖਾਧਾ ਜੀਉ-(ਬੀਜੇ ਹੋਏ ਦਾ ਫਲ) ਖਾਣ ਵਾਲਾ ਜੀਵ। ਜਾਣੈ-ਜਾਣ ਲੈਂਦਾ ਹੈ। ਗਿਆਨੁ-ਗੁਰੂ ਦਾ (ਦਿਤਾ ਹੋਇਆ) ਗਿਆਨ, ਉਚੀ ਵੀਚਾਰ। ਸਲਾਹੇ-ਪ੍ਰਭੂ ਦੀ ਸਿਫਤ ਸਾਲਾਹ ਕਰਦਾ ਹੈ। ਵਡਾ ਕਰਿ-(ਪ੍ਰਭੂ ਨੂੰ) ਵੱਡਾ ਆਖ ਆਖ ਕੇ। ਸਚਾ-ਸਦਾ ਥਿਰ ਰਹਿਣ ਵਾਲਾ। ਪਾਈਐ ਥਾਉ-ਥਾਂ ਮਿਲਦੀ ਹੈ, ਪ੍ਰਵਾਨ ਹੋਈਦਾ ਹੈ। ਵਪਾਰੀ-ਵਪਾਰ ਦੀਆਂ ਗੱਲਾਂ ਕਰਨ ਵਾਲਾ। ਰਾਸਿ-(ਅਸਲ) ਪੂੰਜੀ। ਕਰਮੀ-ਪ੍ਰਭੂ ਦੀ ਮਿਹਰ ਨਾਲ। ਬਾਹਰਾ-ਸੱਖਣਾ। ਲਦਿ-ਲੱਦ ਕੇ, ਨਫਾ ਖੱਟ ਕੇ।੨।

ਅਰਥ:-

ਪ੍ਰ:-ਕਿਉਂ ਜੀ, ਜਿਵੇਂ ਬੇਦ ਬਾਣੀ ਬਾਰੇ ਗੁਰੂ ਅੰਗਦ ਦੇਵ ਜੀ ਦੇ ਅੰਕਤ ਕੀਤੇ ਵੀਚਾਰ ਆਪ ਜੀ ਨੇ ਪ੍ਰਗਟ ਕੀਤੇ ਹਨ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਵੀਚਾਰ ਭੀ ਦਰਸਾਓ ?

1. ਉ:-ਹੇ ਭਾਈਓ ! ਗੁਰੂ ਅੰਗਦ ਦੇਵ ਜੀ ਵਾਂਗ ਗੁਰੂ ਨਾਨਕ ਦੇਵ ਜੀ ਦੇ ਭੀ ਇਹੋ ਹੀ ਵੀਚਾਰ ਹਨ ਕਿ, ਵੇਦ ਦੀ ਤਾਲੀਮ ਇਹ ਹੈ ਕਿ, (ਜੀਵਾਂ ਦਾ ਕੀਤਾ ਹੋਇਆ) ਪੁੰਨ ਕਰਮ (ਉਸ ਦੇ ਵਾਸਤੇ) ਸੁਰਗ (ਮਿਲਣ) ਦਾ ਸਬੱਬ ਬਣਦਾ ਹੈ ਤੇ ਪਾਪ (ਜੀਵ ਲਈ) ਨਰਕ (ਵਿਚ ਪੈਣ) ਦਾ ਕਾਰਨ ਹੋ ਜਾਂਦਾ ਹੈ।

2. (ਆਪਣੇ ਕੀਤੇ ਹੋਏ ਪੁੰਨ ਜਾਂ ਪਾਪ ਦਾ ਫਲ) ਖਾਣ ਵਾਲਾ (ਹਰੇਕ) ਜੀਵ ਆਪ ਹੀ ਜਾਣ ਲੈਂਦਾ ਹੈ ਕਿ ਜੋ ਕੁਝ ਕੋਈ ਬੀਜਦਾ ਹੈ, ਉਹੀ ਉਗਦਾ ਹੈ। (ਸੋ, ਇਸ ਕਰਮ ਕਾਂਡ ਦੀ ਤਾਲੀਮ ਵਿਚ ਪ੍ਰਭੂ ਦੀ ਸਿਫਤ ਸਾਲਾਹ ਤੇ ਪ੍ਰਭੂ ਦੀ ਮਿਹਰ ਨੂੰ ਕੋਈ ਥਾਂ ਨਹੀਂ ਹੈ)।

ਪ੍ਰ: ਕਿਉਂ ਜੀ, ਗੁਰੂ ਦੇ ਦਿਤੇ ਹੋਏ ਗਿਆਨ ਵਿਚ ਕਿਹੜੀ ਅਧਕਤਾ ਹੈ ?

3. ਉ:–ਹੇ ਭਾਈ ! (ਗੁਰੂ ਦਾ ਬਖਸ਼ਿਆ) ਗਿਆਨ ਪ੍ਰਮਾਤਮਾ ਨੂੰ ਵੱਡਾ ਆਖ ਕੇ (ਉਸ ਦੀ) ਸਿਫਤ ਸਾਲਾਹ ਕਰਦਾ ਹੈ (ਤੇ ਦਸਦਾ ਹੈ ਕਿ) ਪ੍ਰਭੂ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ।

4. ਹੇ ਪਿਆਰੇ ! ਜੋ ਪ੍ਰਭੂ ਦਾ ਨਾਮ (ਹਿਰਦੇ ਵਿਚ) ਬੀਜਦਾ ਹੈ ਉਸ ਦੇ ਅੰਦਰ ਨਾਮ ਹੀ ਪ੍ਰਫੁਲਤ ਹੁੰਦਾ ਹੈ ਤੇ ਉਸ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ।

5. (ਸੋ ਹੇ ਭਾਈ, ਪਾਪ ਤੇ ਪੁੰਨ ਦੇ ਫਲ ਦਸ ਕੇ) ਵੇਦ ਤਾਂ ਵਪਾਰ ਦੀਆਂ (ਹੀ) ਗੱਲਾਂ ਕਰਦਾ ਹੈ, (ਪਰ ਮਨੁੱਖ ਲਈ ਅਸਲ) ਰਾਸਿ ਪੂੰਜੀ, (ਪ੍ਰਭੂ ਦੇ ਗੁਣਾਂ ਦਾ) ਗਿਆਨ ਹੈ, ਤੇ ਇਹ ਗਿਆਨ ਪ੍ਰਭੂ ਦੀ ਮਿਹਰ ਨਾਲ (ਗੁਰੂ ਤੋਂ) ਮਿਲਦਾ ਹੈ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ ! (ਇਸ ਗਿਆਨ ਰੂਪ) ਪੂੰਜੀ ਤੋਂ ਬਿਨਾਂ ਕੋਈ ਮਨੁੱਖ (ਜਗਤ ਤੋਂ) ਨਫਾ ਖੱਟ ਕੇ ਨਹੀਂ ਜਾਂਦਾ। ੨।

ਭਾਵਾਰਥ :–ਵੇਦ ਤਾਂ ਮਨੁੱਖ ਨੂੰ ਨਿਰੀ ਫਲਾਸਫੀ ਦੇ ਪਿਛੇ ਪਾ ਦੇਂਦੇ ਹਨ, ਅਸਲ ਚੀਜ਼ ਗਿਆਨ ਹੈ, ਜੋ ਸਾਨੂੰ ਕਰਮਾਂ ਦੀਆਂ ਗਿਣਤੀਆਂ ਮਿਣਤੀਆਂ ਅਤੇ ਉਨ੍ਹਾਂ ਦੇ ਫਲ ਨਰਕ ਸੁਰਗ ਤੋਂ ਕੱਢ ਕੇ ਹਰੀ ਨੂੰ ਵੱਡਾ ਕਰ ਕੇ ਦਸਦਾ ਅਤੇ ਉਸ ਦੇ ਸਚੇ ਨਾਮ ਵਿਚ ਲੀਨ ਕਰਾਉਂਦਾ ਹੈ, ਇਸ ਲਈ ਵੇਦ ਭੀ ਆਪਣੇ ਅੰਦਰ ਕੋਈ ਅਸਲੀ ਗੁਣ ਨਹੀਂ ਰਖਦਾ। ਇਸ ਨੂੰ ਭੀ 'ਗਿਆਨ' ਦਾ ਆਸਰਾ ਲੈਣ ਦੀ ਲੋੜ ਹੈ, ਤਾਂ ਤੇ ਗਿਆਨ ਦਾ ਆਸਰਾ ਹੀ ਕਿਉਂ ਨਾ ਲਈਏ ਜੋ ਹਰੀ ਦੀ ਬਖਸ਼ਿਸ਼ ਤੋਂ ਮਿਲਦਾ ਹੈ।

ਨੋਟ :–ਇਸ ਸਲੋਕ ਵਿਚ ਭੀ ਪਿਛਲੇ ਸਲੋਕ ਵਾਂਗ ਵੇਦ ਦੇ ਦਸੇ ਹੋਏ ਕਰਮ ਕਾਂਡ ਅਤੇ ਗੁਰੂ ਦੇ ਦਿਤੇ ਗਿਆਨ ਦਾ ਆਪੋ ਵਿਚ ਟਾਕਰਾ ਕੀਤਾ ਹੋਇਆ ਹੈ।

ਪਉੜੀ ॥

1. ਨਿੰਮੁ ਬਿਰਖੁ ਬਹੁ ਸੰਚੀਐ
   ਅੰਮ੍ਰਿਤ ਰਸੁ ਪਾਇਆ ॥
2. ਬਿਸੀਅਰੁ ਮੰਤ੍ਰਿ ਵਿਸਾਹੀਐ
   ਬਹੁ ਦੂਧੁ ਪੀਆਇਆ ॥
3. ਮਨਮੁਖੁ ਅਭਿੰਨੁ ਨ ਭਿਜਈ
   ਪਥਰੁ ਨਾਵਾਇਆ ॥
4. ਬਿਖੁ ਮਹਿ ਅੰਮ੍ਰਿਤੁ ਸਿੰਚੀਐ
   ਬਿਖੁ ਕਾ ਫਲੁ ਪਾਇਆ ॥
5. ਨਾਨਕ ਸੰਗਤਿ ਮੇਲਿ ਹਰਿ
   ਸਭ ਬਿਖੁ ਲਹਿ ਜਾਇਆ ॥ ੧੬ ॥

ਪਦ ਅਰਥ:–ਬਿਰਖ–ਰੁਖ। ਸੰਚੀਐ–ਸਿੰਜੀਏ। ਪਾਇਆ–ਪਾਇ, ਪਾ ਕੇ। ਬਿਸੀਅਰੁ–ਸੱਪ। ਮੰਤ੍ਰਿ–ਮੰਤਰ ਨਾਲ। ਵਿਸ ਹੀਐ–ਇਤਬਾਰ ਕਰੀਏ। ਮਨਮੁਖ–ਮਨ ਦੇ ਪਿਛੇ ਤੁਰਨ ਵਾਲਾ ਮਨੁੱਖ, ਮਨ ਦਾ ਮੁਰੀਦ ਮਨੁੱਖ। ਅਭਿੰਨੁ–ਨਾ ਭਿੱਜਣ ਵਾਲਾ, ਕੋਰਾ, ਰੁਖਾ। ਬਿਖੁ–ਜ਼ਹਿਰ। ਸਿੰਚੀਐ–ਸਿੰਜੀਏ। ੧੬।

ਅਰਥ :

ਪ੍ਰ–ਸ੍ਰੀ ਜੀਓ ! ਕੀ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਗੁਰਮੁਖ ਦੀ ਸੰਗਤ ਕਰਨ ਨਾਲ ਸੁਧਰ ਨਹੀ ਸਕਦਾ ?

1. ਉ–ਹੇ ਭਾਈਓ ! (ਮਨਮੁੱਖ ਤਾਂ ਇਉਂ ਹੀ ਜਾਣੋ, ਜਿਵੇਂ) ਨਿੰਮ ਦੇ ਰੁਖ ਨੂੰ ਅੰਮ੍ਰਿਤ ਰਸ ਪਾ ਕੇ (ਭੀ) ਬਹੁਤ ਸਿੰਜੀਏ (ਤਾਂ ਭੀ ਨਿੰਮ ਦੀ ਕੁੜਤਣ ਨਹੀਂ ਜਾਂਦੀ)।

2. ਜੇ ਬਹੁਤ ਦੁਧ ਪਿਆਲ ਕੇ ਮੰਤਰ ਦੀ ਰਾਹੀਂ ਸੱਪ ਨੂੰ ਇਤਬਾਰੀ ਬਣਾਈਏ (ਭਾਵ, ਸੱਪ ਦਾ ਵਿਸਾਹ ਕਰੀਏ) ਫਿਰ ਭੀ ਉਹ ਡੰਗ ਮਾਰਨ ਵਾਲਾ ਸੁਭਾਵ ਨਹੀਂ ਛੱਡਦਾ।

3. ਹੇ ਭਾਈ ! ਜਿਵੇਂ ਪੱਥਰ ਨੂੰ ਇਸ਼ਨਾਨ ਕਰਾਈਏ (ਤਾਂ ਭੀ ਕੋਰੇ ਦਾ ਕੋਰਾ ਹੀ ਰਹਿੰਦਾ ਹੈ) (ਇਸੇ ਤਰ੍ਹਾਂ) ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਕੋਰਾ ਹੀ ਰਹਿੰਦਾ ਹੈ (ਉਸ ਦਾ ਹਿਰਦਾ ਕਦੇ) ਭਿੱਜਦਾ ਨਹੀਂ।

4. ਹੇ ਪਿਆਰੇ ! (ਹਰ ਸੁਣੋ) ਜੇ ਜ਼ਹਿਰ ਵਿਚ ਅੰਮ੍ਰਿਤ ਸਿੰਜੀਏ (ਤਾਂ ਭੀ ਉਹ ਅੰਮ੍ਰਿਤ ਨਹੀਂ ਬਣ ਜਾਂਦਾ) ਜ਼ਹਿਰ ਦਾ ਹੀ ਫਲ ਪਾਈਦਾ ਹੈ।

ਪ੍ਰ:– ਗੁਰਦੇਵ ਜੀਓ ! ਕੀ ਕੋਈ ਐਸਾ ਭੀ ਸਾਧਨ ਹੈ ਜਿਸ ਦੀ ਬਰਕਤ ਨਾਲ ਮਨ ਵਿਚੋਂ ਮਾਇਆ ਮੋਹ ਦੀ ਜ਼ਹਿਰ ਲਹਿ ਜਾਵੇ ?

5. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜੇ ਪ੍ਰਭੂ (ਗੁਰਮੁਖਾਂ ਦੀ) ਸੰਗਤ ਮੇਲ ਦੇਵੇ ਤਾਂ (ਮਨ ਵਿਚੋਂ ਮਾਇਆ ਦੇ ਮੋਹ ਦੀ) ਸਾਰੀ ਜ਼ਹਿਰ ਲਹਿ ਜਾਂਦੀ ਹੈ। ੧੬।

ਭਾਵਾਰਥ :–ਨਿੰਮ ਦੀ ਅੰਦਰਲੀ ਕੁੜਤਣ ਬਾਹਰੋਂ ਅੰਮ੍ਰਿਤ ਸਿੰਜਣ ਨਾਲ ਨਹੀਂ ਜਾਂਦੀ, ਸੱਪ ਦੀ ਡੰਗ ਮਾਰਨ ਵਾਲੀ ਵਾਦੀ ਦੁਧ ਪਿਲਾਇਆਂ ਦੂਰ ਨਹੀਂ ਹੁੰਦੀ, ਪੱਥਰ ਦਾ ਅੰਦਰਲਾ ਕੋਰਾਪਨ ਬਾਹਰਲੇ ਇਸ਼ਨਾਨ ਨਾਲ ਨਹੀਂ ਮਿਟਦਾ, ਤਿਵੇਂ ਮਨਮੁਖ ਦਾ ਹਾਲ ਸਮਝੋ। ਮਨੁੱਖ ਨੂੰ ਸਾਧ ਸੰਗਤ ਦੇ ਰਾਹੀਂ ਹਰੀ ਦਾ ਹੁਕਮੀ ਬੰਦਾ ਤੇ ਮਿਹਰ ਦਾ ਪਾਤਰ ਬਣਨ ਦੀ ਲੋੜ ਹੈ। ਆਪ ਹੁਦਰਾ ਬਣਨ ਨਾਲ ਕੁਝ ਨਹੀਂ ਹੋਣਾ, ਭਾਵੇਂ ਉਤੋਂ ਉਤੋਂ ਕਿਤਨੇ ਪਿਆ ਕਰਮ ਕਾਂਡ ਕਰੇ।

ਸਲੋਕ ਮਹਲਾ ੧ ॥

1. ਮਰਣਿ ਨ ਮੂਰਤੁ ਪੁਛਿਆ
ਪੁਛੀ ਥਿਤਿ ਨ ਵਾਰੁ ॥
2. ਇਕਨ੍ਹੀ ਲਦਿਆ ਇਕਿ ਲਦਿ ਚਲੇ
ਇਕਨ੍ਹੀ ਬਧੇ ਭਾਰ ॥
3. ਇਕਨ੍ਹਾ ਹੋਈ ਸਾਖਤੀ
ਇਕਨ੍ਹਾ ਹੋਈ ਸਾਰ ॥
4. ਲਸਕਰ ਸਣੈ ਦਮਾਮਿਆ
ਛੁਟੇ ਬੰਕ ਦੁਆਰ ॥
5. ਨਾਨਕ ਢੇਰੀ ਛਾਰੁ ਕੀ
ਭੀ ਫਿਰਿ ਹੋਈ ਛਾਰ ॥ ੧ ॥

ਪਦ ਅਰਥ :—ਮਰਣਿ—ਮਰਨ ਨੇ, ਮੌਤ ਨੇ। ਮੂਰਤੁ—ਮਹੂਰਤ। ਵਾਰੁ—ਦਿਨ (ਹਫਤੇ ਦ)। ਇਕਿ—ਕਈ ਜੀਵ। ਸਾਖਤੀ—ਘੋੜੇ ਦੀ ਪੂਛ ਵਿਚ ਪਾਣ ਵਾਲਾ ਗੋਲ ਰੱਸਾ ਜੋ ਤੁਰਨ ਵੇਲੇ ਪਾਈਦਾ ਹੈ, ਭਾਵੇਂ ਕਾਠੀ ਪਹਿਲੇ ਹੀ ਪਾਈ ਹੋਵੇ। ਸਾਖਤੀ ਹੋਈ—ਭਾਵ ਤਿਆਰੀ ਹੋ ਗਈ। ਸਾਰ—ਸੰਭਾਲ। ਸਾਰ ਹੋਈ—ਤੁਰਨ ਦਾ ਸਦਾ ਆ ਗਿਆ। ਸਣੇ—ਸਮੇਤ। ਦਮਾਮੇ—ਧੌਂਸੇ। ਬੰਕ—ਬਾਂਕੇ, ਸੁੰਦਰ। ਛੁਟੇ—ਸਾਥ ਛੁਟ ਗਿਆ। ਛਾਰੁ—ਸੁਆਹ, ਮਿੱਟੀ।੧।

ਅਰਥ :—

ਪ੍ਰ:—ਗੁਰਦੇਵ ਜੀਓ! ਮੌਤ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ?

1. ਉ:—ਹੇ ਭਾਈਓ! ਮੈਂ ਤਾਂ ਇਉਂ ਹੀ ਅਨਭਵ ਕਰਦਾ ਹਾਂ ਕਿ, ਮੌਤ ਨੇ (ਕਦੇ ਭੀ) ਮਹੂਰਤ ਨਹੀਂ ਪੁਛਿਆ, ਕਦੇ ਇਹ (ਭੀ) ਗੱਲ ਨਹੀ ਪੁਛੀ ਕਿ ਅੱਜ ਕਿਹੜੀ ਥਿਤ ਹੈ, ਕਿਹੜਾ ਵਾਰ ਹੈ।
2. ਹੇ ਪਿਆਰੇ! (ਵੇਖਣ ਵਿਚ ਆਉਂਦਾ ਹੈ ਕਿ) ਕਈ ਜੀਵਾਂ ਨੇ (ਇਥੋਂ ਤੁਰਨ ਲਈ ਮਾਨੋਂ ਆਪਣਾ ਸਮਾਨ) ਲੱਦ ਲਿਆ ਹੈ, ਕਈ ਲੱਦ ਕੇ ਤੁਰ ਪਏ ਹਨ, ਤੇ ਕਈ ਜੀਵਾਂ ਨੇ (ਸਮਾਨ ਦੇ) ਭਾਰ ਬੰਨ੍ਹ ਲਏ ਹਨ।
3. ਕਈ ਜੀਵਾਂ ਦੀ ਤਿਆਰੀ ਹੋ ਪਈ ਤੇ ਕਈ ਜੀਵਾਂ ਨੂੰ ਤੁਰਨ ਲਈ ਸਦੇ ਆ ਗਏ ਹਨ।
4. ਹੇ ਭਾਈ! ਫੌਜਾਂ ਤੇ ਧੌਂਸੇ ਤੇ ਸੋਹਣੇ ਘਰ ਇਥੇ ਹੀ ਰਹਿ ਜਾਂਦੇ ਹਨ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਇਹ ਸਰੀਰ ਜੋ ਮਿਟੀ ਦੀ ਮੁੱਠ ਸੀ (ਜੋ ਮਿਟੀ ਤੋਂ ਬਣਿਆ ਸੀ) ਉਹ ਮੁੜ ਮਿਟੀ ਵਿਚ ਹੀ ਜਾ ਰਲਿਆ।੧।

ਭਾਵਾਰਥ :—ਨਿਰਾ ਸਰੀਰਕ ਜੀਵਨ ਖੋਖਲਾ ਜੀਵਨ ਹੈ। ਇਸ ਨੇ ਤਾਂ ਮਿਟੀ ਵਾਂਗਰ ਢਹਿ ਢੇਰੀ ਹੋ ਜਾਣਾ ਹੈ, ਕਿਉਂਕਿ ਐਸੇ ਜੀਵਨ ਵਿਚ ਕੋਈ ਸਥਿਰ ਚੀਜ਼ ਨਹੀਂ; ਮੌਤ ਨੇ ਤਾਂ ਅਚਨਚੇਤ ਹੀ ਆ ਜਾਣਾ ਹੈ, ਉਸ ਤੋਂ ਪਹਿਲਾਂ ਪਹਿਲਾਂ ਇਸ ਜੀਵਨ ਦੀ ਸਫਲਤਾ ਲਈ ਨਾਮ ਸਿਮਰਨ ਕਰ ਲੈਣਾ ਚਾਹੀਦਾ ਹੈ।

ਮ. ੧ ॥

1. ਨਾਨਕ ਢੇਰੀ ਢਹਿ ਪਈ
ਮਿਟੀ ਸੰਦਾ ਕੋਟੁ ॥
2. ਭੀਤਰਿ ਚੋਰੁ ਬਹਾਲਿਆ
ਖੋਟੁ ਵੇ ਜੀਆ ਖੋਟੁ ॥ ੨ ॥

ਪਦ ਅਰਥ :—ਸੰਦਾ—ਦਾ। ਕੋਟੁ—ਕਿਲ੍ਹਾ, ਵਲਗਣ। ਭੀਤਰਿ—ਅੰਦਰ। ਖੋਟੁ—ਖੋਟਾ ਕਰਮ। ਵੇ ਜੀਆ—ਹੇ ਜਿੰਦੇ।੨।

ਅਰਥ:—

ਪ੍ਰ.—ਸ੍ਰੀ ਜੀਓ! ਖੋਟਤਾ ਵਿਚ ਖਚਤ ਹੋਈ ਜਿੰਦ ਨੂੰ ਕਿਵੇਂ ਸਮਝ ਈਏ?

1. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈ! ਇਹ ਸਰੀਰ ਮਿਟੀ ਦੀ (ਹੀ) ਵਲਗਣ ਸੀ, ਸੋ ਆਖਰ ਮਿਟੀ ਦੀ ਇਹ ਉਸਾਰੀ ਢਹਿ ਹੀ ਪਈ।
2. ਸੋ, ਹੇ ਜਿੰਦੇ! ਤੂੰ (ਇਸ ਸ਼ਰੀਰ ਦੀ ਖਾਤਰ) ਨਿਤ ਖੋਟ ਹੀ ਕਮਾਂਦੀ ਰਹੀ ਤੇ ਆਪਣੇ ਅੰਦਰ ਤੂੰ ਚੋਰ ਮਨ ਨੂੰ ਬਿਠਾਈ ਰੱਖਿਆ।੨।

ਭਾਵਾਰਥ :- ਇਹ ਸਰੀਰ ਤਾਂ ਮਿਟੀ ਦਾ ਹੀ ਕੋਟ ਹੈ, ਜਿਸ ਨੇ ਆਖਰ ਮਿਟੀ ਵਿਚ ਹੀ ਮਿਲ ਜਾਣਾ ਹੈ, ਕਿਤਨਾ ਚੰਗਾ ਹੋਵੇ ਜੇ ਇਸ ਦੇ ਅੰਦਰ ਬੈਠੇ ਚੋਰ ਮਨ ਨੂੰ ਖੋਟਤਾਈਆਂ ਵਲੋਂ ਵਰਜ ਕੇ ਰਖਿਆ ਜਾਵੇ।

ਪਉੜੀ ॥

1. ਜਿਨ ਅੰਦਰਿ ਨਿੰਦਾ ਦੁਸਟੁ ਹੈ
ਨਕ ਵਢੇ ਨਕ ਵਢਾਇਆ ॥
2. ਮਹਾ ਕਰੂਪ ਦੁਖੀਏ ਸਦਾ
ਕਾਲੇ ਮੁਹ ਮਾਇਆ ॥
3. ਭਲਕੇ ਉਠਿ ਨਿਤ ਪਰ ਦਰਬੁ ਹਿਰਹਿ
ਹਰਿ ਨਾਮੁ ਚੁਰਾਇਆ ॥
4. ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ
ਰਖਿ ਲੇਹੁ ਹਰਿ ਰਾਇਆ ॥
5. ਨਾਨਕ ਪਇਐ ਕਿਰਤਿ ਕਮਾਵਦੇ
ਮਨਮੁਖਿ ਦੁਖੁ ਪਾਇਆ ॥ ੧੭ ॥

ਪਦ ਅਰਥ :—ਦੁਸਟੁ—ਐਬ, ਪਾਪ। ਨਕ ਵਢੇ—ਵਢੇ ਹੋਏ ਨਕ ਵਾਲੇ, ਬੇਸ਼ਰਮ। ਕਰੂਪ—ਭੈੜੇ ਰੂਪ ਵਾਲੇ, ਕੋਝੇ। ਕਾਲੇ ਮੁਹ ਕਾਲੇ ਮੂੰਹ ਵਾਲੇ, ਭਰਿਸ਼ਟੇ ਹੋਏ ਮੂੰਹ ਵਾਲੇ।

ਹਿਰਹਿ-ਚੁਰਾਂਦੇ ਹਨ। ਚੁਰਾਇਆ-ਚੁਰਾਇਆ ਜਾਂਦਾ ਹੈ, ਚੋਰੀ ਹੋ ਜਾਂਦਾ ਹੈ। ਕਿਰਤਿ-ਕਿਰਤ ਅਨਸਾਰ, ਪਿਛਲੇ ਕੀਤੇ ਕੰਮ ਅਨਸਾਰ। ਪਇਐ ਕਿਰਤਿ-ਪਿਛਲੇ ਕੀਤੇ ਕੰਮਾਂ ਦੇ ਇਕਠੇ ਹੋਏ ਸੰਸਕਾਰਾਂ ਅਨਸਾਰ। ਭਲਕੇ-ਨਿਤ। ਦਰਬੁ-ਧਨ। ੧੭।

ਅਰਥ:-

ਪ੍ਰ:-ਗੁਰਦੇਵ ਜੀਓ! ਮਨ ਦੇ ਮੁਰੀਦ ਨਿੰਦਕਾਂ ਨੂੰ ਆਖਰ ਫਲ ਕੀ ਮਿਲਦਾ ਹੈ?

1. **ਉ:**-ਹੇ ਭਾਈਓ! ਜਿਨ੍ਹਾਂ (ਮਨ ਦੇ ਮੁਰੀਦ) ਮਨੁੱਖਾਂ ਦੇ ਮਨ ਵਿਚ ਦੂਜਿਆਂ ਦੀ ਨਿੰਦਿਆ ਕਰਨ ਦਾ ਭੈੜਾ ਸਭਾਓ ਹੁੰਦਾ ਹੈ, ਉਨ੍ਹਾਂ ਦੀ ਕਿਤੇ ਭੀ ਇੱਜ਼ਤ ਨਹੀਂ ਹੁੰਦੀ (ਹਰ ਥਾਂ ਉਹ) ਹੌਲੇ (ਹੀ) ਪੈਂਦੇ ਹਨ।
2. ਹੇ ਪਿਆਰੇ! ਮਾਇਆ (ਦੇ ਇਸ ਵਿਕਾਰ ਵਿਚ ਗ੍ਰਸੇ ਹੋਣ) ਦੇ ਕਾਰਨ ਉਹ ਬੜੇ ਕੋਝੇ ਤੇ ਭਰਿਸ਼ਟੇ ਮੂੰਹ ਵਾਲੇ ਜਾਪਦੇ ਹਨ ਅਤੇ ਸਦਾ ਦੁਖੀਏ ਰਹਿੰਦੇ ਹਨ।
3. ਐ ਪਿਆਰੇ! ਜੋ ਮਨੁੱਖ ਸਦਾ ਨਿਤ ਉਠ ਕੇ (ਭਾਵ ਆਹਰ ਨਾਲ) ਦੂਜਿਆਂ ਦਾ ਧਨ ਚੁਰਾਂਦੇ ਹਨ (ਭਾਵ, ਜੋ ਨਿੰਦਾ ਕਰ ਕੇ ਦੂਜਿਆਂ ਦਾ ਇੱਜ਼ਤ ਰੂਪ ਧਨ ਖੋਹਣ ਦਾ ਜਤਨ ਕਰਦੇ ਹਨ) ਉਨ੍ਹਾਂ (ਦੇ ਆਪਣੇ ਅੰਦਰ) ਦਾ ਹਰਿ ਨਾਮ (ਰੂਪ ਧਨ) ਚੋਰੀ ਹੋ ਜਾਂਦਾ ਹੈ।

ਪ੍ਰ:-ਗੁਰਦੇਵ ਜੀਓ! ਆਖਰ ਤੁਸੀਂ ਰੱਬ ਤੋਂ ਕੀ ਮੰਗਦੇ ਹੋ?

4. **ਉ:**-ਹੇ ਭਾਈਓ! (ਮੇਰੀ ਤਾਂ ਰੱਬ ਤੋਂ ਇਕ ਇਹੋ ਹੀ ਮੰਗ ਹੈ ਕਿ) ਹੇ ਹਰਿ ਜੀਓ, ਹੇ ਹਰੀ ਰਾਇ, ਸਾਡੀ ਸਹਾਇਤਾ ਕਰੋ, ਅਸਾਂ ਨੂੰ ਉਨ੍ਹਾਂ ਦੀ ਸੰਗਤ ਨਾ ਦਿਉ (ਜੋ ਐਸੇ ਮਨ ਦੇ ਮੁਰੀਦ ਨਿੰਦਕ ਹਨ)।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਮਨ ਦੇ ਮੁਰੀਦ ਮਨੁੱਖ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨਸਾਰ (ਹੁਣ ਭੀ ਨਿੰਦਾ ਦੀ ਕਿਰਤ) ਕਮਾਂਦੇ ਹਨ ਤੇ ਦੁਖ ਪਾਉਂਦੇ ਹਨ। ੧੭।

ਭਾਵਾਰਥ :- ਮਨਮੁਖ ਦੀ ਇਕ ਨਿੰਦਿਆ ਦੀ ਵਾਦੀ ਹੀ ਲੈ ਲਓ-ਲੋਕਾਂ ਵਿਚ ਨਮੋਸ਼ੀ ਖੱਟਦਾ ਹੈ। ਉਸ ਦਾ ਮੂੰਹ ਭਰਿਸ਼ਟਿਆ ਰਹਿੰਦਾ ਹੈ, ਜਿਉਂ ਜਿਉਂ ਕਿਸੇ ਭਲੇ ਮਨੁੱਖ ਦੀ ਨਿੰਦਾ ਕਰ ਕੇ ਉਸ ਦੀ ਸੋਭਾ ਘਟਾਣ ਦਾ ਜਤਨ ਕਰਦਾ ਹੈ, ਉਸ ਦੇ ਆਪਣੇ ਅੰਦਰਲੇ ਗੁਣ ਨਸ਼ਟ ਹੁੰਦੇ ਜਾਂਦੇ ਹਨ, ਨਿੰਦਾ ਦੀ ਵਾਦੀ ਛਡਦਾ ਨਹੀਂ ਤੇ ਦਿਨੇ ਰਾਤ ਵਧੀਕ ਦੁਖੀ ਹੁੰਦਾ ਹੈ।

ਸਲੋਕ ਮ: ੪ ॥

1. **ਸਭੁ ਕੋਈ ਹੈ ਖਸਮ ਕਾ**
   ਖਸਮਹੁ ਸਭੁ ਕੋ ਹੋਇ ॥
2. **ਹੁਕਮੁ ਪਛਾਣੈ ਖਸਮ ਕਾ**
   ਤਾ ਸਚੁ ਪਾਵੈ ਕੋਇ ॥
3. **ਗੁਰਮੁਖਿ ਆਪੁ ਪਛਾਣੀਐ**
   ਬੁਰਾ ਨ ਦੀਸੈ ਕੋਇ ॥
4. **ਨਾਨਕ ਗੁਰਮੁਖਿ ਨਾਮੁ ਧਿਆਈਐ**
   ਸਹਿਲਾ ਆਇਆ ਸੋਇ ॥ ੧ ॥

ਪਦ ਅਰਥ :- ਸਭੁ ਕੋ-ਹਰੇਕ ਜੀਵ। ਖਸਮਹੁ-ਖਸਮ ਤੋਂ। ਸਚੁ-ਸਦਾ ਕਾਇਮ ਰਹਿਣ ਵਾਲਾ (ਖਸਮ)। ਕੋਇ-ਕੋਈ ਜੀਵ। ਗੁਰਮੁਖਿ-ਗੁਰੂ ਦੇ ਸਨਮੁਖ ਹੋ ਕੇ। ਧਿਆਈਐ-ਸਿਮਰੀਏ। ਸਹਿਲਾ-ਸੌਖਾ, ਸੁਖੀ ਜੀਵਨ ਵਾਲਾ। ਸੋਇ-ਉਹ ਮਨੁਖ। ੧।

ਅਰਥ :

ਪ੍ਰ-ਗੁਰਦੇਵ ਜੀਓ! ਦਸੋ ਉਸ ਸੱਚ ਸਰੂਪ ਨੂੰ ਪ੍ਰਾਪਤ ਕਿਵੇਂ ਕਰ ਸਕਦੇ ਹਾਂ?

1. **ਉ:**-ਹੇ ਭਾਈ! (ਇਹ) ਹਰੇਕ ਜੀਵ ਖਸਮ ਪ੍ਰਭੂ ਦਾ ਹੈ ਅਤੇ ਖਸਮ ਪ੍ਰਭੂ ਤੋਂ (ਹੀ) ਹਰੇਕ ਜੀਵ ਪੈਦਾ ਹੁੰਦਾ ਹੈ।
2. ਪਰ ਹੇ ਬਾਈ! ਜਦੋਂ ਜੀਵ ਖਸਮ ਦਾ ਹੁਕਮ ਪਛਾਣਦਾ ਹੈ ਤਾਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।

ਪ੍ਰ:-ਸ੍ਰੀ ਜੀਉ! ਜਦੋਂ ਜਗਤ ਦਾ ਕੋਈ ਭੀ ਜੀਵ ਭੈੜਾ ਨਾ ਦਿਸੇ, ਇਹ ਦ੍ਰਿਸ਼ਟੀ ਕਿਵੇਂ ਹਾਸਲ ਹੋ ਸਕਦੀ ਹੈ?

3. **ਉ:**-ਹੇ ਪਿਆਰੇ! (ਜਦੋਂ ਕਿਸੇ ਜੀਵ ਨੂੰ) ਗੁਰੂ ਦੇ ਹੁਕਮ ਤੇ ਤੁਰ ਕੇ ਆਪ ਦੀ ਸੂਝ ਹੋ ਜਾਏ (ਤਾਂ ਸਮਝੋ ਜਗਤ ਵਿਚ) ਕੋਈ (ਭੀ) ਜੀਵ ਭੈੜਾ ਨਹੀ ਲਗਦਾ।

ਪ੍ਰ:-ਕਿਉਂ ਜੀ, ਆਖਰ ਉਸ ਨੂੰ ਹਾਸਲ ਕੀ ਹੁੰਦਾ ਹੈ?

4. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! (ਜਗਤ ਵਿਚ) ਪੈਦਾ ਹੋਇਆ ਉਹ ਜੀਵ ਸੁਖੀ ਜੀਵਨ ਵਾਲਾ ਹੁੰਦਾ ਹੈ, ਜੋ ਗੁਰੂ ਦੇ ਸਨਮੁਖ ਹੋ ਕੇ ਨਾਮ ਦਾ ਸਿਮਰਨ ਕਰਦਾ ਹੈ।

ਭਾਵਾਰਥ :- ਗੁਰਮੁਖ ਦੀ ਜ਼ਿੰਦਗੀ ਉਸ ਮਾਲਕ ਦੇ ਹਕਮ ਵਿਚ ਰਹਿ ਕੇ ਨਾਮ ਦੇ ਚਿੰਤਨ ਕਰਨ ਵਿਚ ਗੁਜ਼ਰਦੀ ਹੈ, ਉਹ ਇਸੇ ਨਾਮ ਦੇ ਮਿਲਾਏ ਹੋਏ ਮਿਲੇ ਰਹਿੰਦੇ ਹਨ।

ਮ: ੪ ॥

1. **ਸਭਨਾ ਜਾਤਾ ਆਪਿ ਹੈ**
   ਆਪੇ ਮੇਲਣ ਹਾਰੁ ॥
2. **ਨਾਨਕ ਸਬਦਿ ਮਿਲੇ ਨ ਵਿਛੁੜਹਿ**
   ਜਿਨਾ ਸੇਵਿਆ ਹਰਿ ਦਾਤਾਰੁ ॥ ੨ ॥

ਪਦ ਅਰਥ :–ਦਾਤਾ–ਦੇਣ ਵਾਲਾ। ਆਪੇ-ਆਪ ਹੀ। ਮੇਲਣਹਾਰੁ–(ਆਪਣੇ ਨਾਲ) ਮਿਲਾਣ ਵਾਲਾ। ਸਬਦਿ–ਸ਼ਬਦ ਵਿਚ। ਸੇਵਿਆ–ਸਿਮਰਿਆ। ੨।

ਅਰਥ :–

ਪ੍ਰ:–ਗੁਰਦੇਵ ਜੀਓ! ਉਹ ਕੌਣ ਮਨੁੱਖ ਹਨ ਜੋ ਕਦੀ ਭੀ ਪ੍ਰਭੂ ਤੋਂ ਨਹੀਂ ਵਿਛੜਦੇ?

1. **ਉ**:-ਹੇ ਭਾਈਓ! ਸੁਣੋ, ਉਹ ਸਭ ਜੀਵਾਂ ਨੂੰ (ਰੋਜ਼ੀ ਆਦਿਕ) ਦੇਣ ਵਾਲਾ ਤੇ (ਆਪਣੇ ਨਾਲ) ਮਿਲਾਣ ਵਾਲਾ ਪ੍ਰਭੂ ਆਪ ਹੀ ਹੈ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ! ਜਿਨ੍ਹਾਂ ਨੇ (ਸਾਰੇ ਪਦਾਰਥ) ਦੇਣ ਵਾਲੇ ਪ੍ਰਭੂ ਨੂੰ ਸਿਮਰਿਆ ਹੈ, ਜੋ ਗੁਰੂ ਦੇ ਸ਼ਬਦ ਨਾਲ ਜੁੜੇ ਰਹਿੰਦੇ ਹਨ, ਉਹ ਕਦੇ ਭੀ ਪ੍ਰਭੂ ਤੋਂ ਵਿਛੜਦੇ ਨਹੀਂ ਹਨ। ੨।

ਭਾਵਾਰਥ :–ਜੋ ਗੁਰੂ ਦੇ ਸ਼ਬਦ ਵਿਚ ਸਦਾ ਹੀ ਜੁੜੇ ਰਹਿੰਦੇ ਹਨ, ਉਨ੍ਹਾਂ ਦਾ ਉਸ ਸਾਈਂ ਜੀ ਤੋਂ ਕਦੇ ਭੀ ਵਿਛੋੜਾ ਨਹੀਂ ਹੁੰਦਾ।

ਪਉੜੀ ॥

1. ਗੁਰਮੁਖਿ ਹਿਰਦੈ ਸਾਂਤਿ ਹੈ
ਨਾਉ ਉਗਵਿ ਆਇਆ ॥
2. ਜਪ ਤਪ ਤੀਰਥ ਸੰਜਮ ਕਰੇ
ਮੇਰੇ ਪ੍ਰਭ ਭਾਇਆ ॥
3. ਹਿਰਦਾ ਸੁਧੁ ਹਰਿ ਸੇਵਦੇ
ਸੋਹਹਿ ਗੁਣ ਗਾਇਆ ॥
4. ਮੇਰੇ ਹਰਿ ਜੀਉ ਏਵੈ ਭਾਵਦਾ
ਗੁਰਮੁਖਿ ਤਰਾਇਆ ॥
5. ਨਾਨਕ ਗੁਰਮੁਖਿ ਮੇਲਿਅਨੁ
ਹਰਿ ਦਰਿ ਸੋਹਾਇਆ ॥ ੧੮ ॥

ਪਦ ਅਰਥ :–ਉਗਵਿ ਆਇਆ–ਪ੍ਰਗਟ ਹੋ ਪੈਂਦਾ ਹੈ। ਨਾਉ ਉਗਵਿ ਆਇਆ-ਨਾਮ (ਦਾ ਚਾਉ) ਪੈਦਾ ਹੋ ਜਾਂਦਾ ਹੈ। ਪ੍ਰਭ ਭਾਇਆ–ਪ੍ਰਭੂ ਨੂੰ ਪਿਆਰੇ ਲਗਦੇ ਹਨ। ਸੋਹਹਿ–ਸੋਹਣੇ ਲਗਦੇ ਹਨ, ਸੋਭਦੇ ਹਨ। ਏਵੈ–ਇਸੇ ਤਰ੍ਹਾਂ। ਮੇਲਿਅਨੁ–ਉਸੇ (ਪ੍ਰਭੂ) ਨੇ ਮੇਲੇ ਹਨ। ਦਰਿ–ਦਰ ਤੇ, ਹਜ਼ੂਰੀ ਵਿਚ, ਚਰਨਾਂ ਵਿਚ। ਗੁਰਮੁਖਿ–ਗੁਰੂ ਦੇ ਸਮਨੁਖ ਰਹਿਣ ਵਾਲੇ ਮਨੁੱਖ। ੧੮।

ਅਰਥ:–

ਪ੍ਰ:–ਗੁਰਦੇਵ ਜੀਓ! ਗੁਰੂ ਦੇ ਸਨਮੁਖ ਰਹਿਣ ਵਾਲਿਆਂ ਦੀ ਪਛਾਣ ਕੀ ਹੈ?

1. **ਉ**:–ਹੇ ਪਿਆਰੇ! ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦੇ ਹਨ ਉਨ੍ਹਾਂ ਦੇ ਹਿਰਦੇ ਵਿਚ ਸ਼ਾਂਤੀ ਹੁੰਦੀ ਹੈ, (ਉਨ੍ਹਾਂ ਦੇ ਮਨ ਵਿਚ) ਨਾਮ (ਜਪਣ ਦਾ ਚਾਉ) ਪੈਦਾ ਹੋਇਆ ਰਹਿੰਦਾ ਹੈ।

ਪ੍ਰ:–ਕਿਉਂ ਜੀ, ਕੀ ਉਹ ਜਪ ਤਪ ਕਰਨ ਦੀ ਲੋੜ ਨਹੀਂ ਅਨੁਭਵ ਕਰਦੇ?

2. **ਉ**:–ਹੇ ਭਾਈ! (ਜੋ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਹਨ ਉਹ) ਮੇਰੇ ਪ੍ਰਭੂ ਨੂੰ ਪਿਆਰੇ ਲਗਦੇ ਹਨ, ਉਨ੍ਹਾਂ ਨੇ (ਮਾਨੋਂ) ਜਪ ਕਰ ਲਏ ਹਨ, ਤਪ ਸਾਧ ਲਏ ਹਨ, ਤੀਰਥ ਨਹਾ ਲਏ ਹਨ ਤੇ ਮਨ ਨੂੰ ਵੱਸ ਕਰਨ ਦੇ ਸਾਧਨ (ਭੀ) ਕਰ ਲਏ ਹਨ।
3. ਐ ਪਿਆਰੇ! ਉਨ੍ਹਾਂ ਗੁਰਮੁਖਾਂ ਦਾ ਹਿਰਦਾ ਸ਼ੁੱਧ ਹੁੰਦਾ ਹੈ, (ਕਿਉਂਕਿ) ਉਹ ਪ੍ਰਭੂ ਦਾ ਸਿਮਰਨ ਕਰਦੇ ਹਨ ਤੇ ਪ੍ਰਭੂ ਦੀ ਸਿਫਤ ਸਾਲਾਹ ਕਰਕੇ ਸੋਹਣੇ ਲਗਦੇ ਹਨ।
4. ਹੇ ਭਾਈਓ! ਪਿਆਰੇ ਪ੍ਰਭੂ ਨੂੰ ਭੀ ਇਹੋ ਗੱਲ ਚੰਗੀ ਲਗਦੀ ਹੈ, ਉਹ ਗੁਰਮੁਖਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਲੈਂਦਾ ਹੈ।
5. (ਹੇ ਪਿਆਰੇ!) ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਨੂੰ ਪ੍ਰਭੂ ਨੇ ਆਪ ਆਪਣੇ ਨਾਲ ਮੇਲ ਲਿਆ ਹੁੰਦਾ ਹੈ, ਉਹੀ ਪ੍ਰਭੂ ਦੇ ਦਰ ਤੇ ਸੋਹਣੇ ਲਗਦੇ ਹਨ। ੧੮।

ਭਾਵਾਰਥ :–ਗੁਰੂ ਦੇ ਸਨਮੁਖ ਹੋ ਕੇ ਜਿਨ੍ਹਾਂ ਦੇ ਅੰਦਰ ਨਾਮ ਸਿਮਰਨ ਦਾ ਚਾਉ ਪੈਦਾ ਹੋ ਜਾਂਦਾ ਹੈ ਉਨ੍ਹਾਂ ਨੂੰ ਕਿਸੇ ਜਪ ਤਪ ਸੰਜਮ ਦੀ ਲੋੜ ਨਹੀਂ ਰਹਿ ਜਾਂਦੀ, ਉਨ੍ਹਾਂ ਦਾ ਹਿਰਦਾ ਪਵਿਤਰ ਹੋ ਜਾਂਦਾ ਹੈ, ਪ੍ਰਭੂ ਦੇ ਗੁਣ ਗਾਂਦੇ ਉਹ ਪ੍ਰਭੂ ਚਰਨਾਂ ਵਿਚ ਜੁੜੇ ਹੋਏ ਸੋਹਣੇ ਲਗਦੇ ਹਨ।

ਸਲੋਕ ਮ: ੧ ॥

1. ਧਨਵੰਤਾ ਇਵ ਹੀ ਕਹੈ
ਅਵਰੀ ਧਨ ਕਉ ਜਾਉ ॥
2. ਨਾਨਕੁ ਨਿਰਧਨੁ ਤਿਤੁ ਦਿਨਿ
ਜਿਤੁ ਦਿਨਿ ਵਿਸਰੈ ਨਾਉ ॥ ੧ ॥

ਪਦ ਅਰਥ :–ਇਵ ਹੀ–ਇਉਂ ਹੀ, ਇਸੇ ਤਰ੍ਹਾਂ ਹੀ। ਧਨ ਕਉ–ਧਨ ਵਾਸਤੇ, ਧਨ ਇਕਠਾ ਕਰਨ ਲਈ। ਜਾਉ–ਜਾਉਂ, ਜਾਵਾਂ। ਨਿਰਧਨੁ–ਕੰਗਾਲ। ਤਿਤੁ ਦਿਨਿ–ਉਸ ਦਿਨ ਵਿਚ, ਉਸ ਦਿਹਾੜੇ। ਜਿਤੁ ਦਿਨਿ–ਜਿਸ ਦਿਹਾੜੇ। ੧।

ਅਰਥ :–

ਪ੍ਰ–ਗੁਰਦੇਵ ਜੀਓ! ਕੀ ਕੋਈ ਅਜਿਹਾ ਧਨੀ ਭੀ ਹੋਵੇਗਾ, ਜਿਸ ਨੂੰ ਕਿ ਹੋਰ ਹੋਰ ਵਧੇਰੇ ਧਨ ਇਕਠਾ ਕਰਨ ਦੀ ਲਾਲਸਾ ਨਾ ਰਹਿ ਗਈ ਹੋਵੇ?

1. **ਉ**:–ਹੇ ਭਾਈਓ! (ਅਸੀਂ ਤਾਂ ਵੇਖਦੇ ਹਾਂ ਕਿ ਹਰੇਕ) ਧਨ

ਵਾਲਾ ਮਨੁੱਖ (ਸਦਾ) ਇਉਂ ਹੀ ਆਖਦਾ ਹੈ ਕਿ ਮੈਂ ਹੋਰ ਧਨ ਕਮਾਣ ਲਈ ਜਾਵਾਂ।

ਪ੍ਰ:–ਕਿਉਂ ਜੀ, ਆਪ ਦੀਆਂ ਨਜ਼ਰਾਂ ਵਿਚ ਉਹ ਅਜਿਹਾ ਬੰਦਾ ਕੈਸਾ ਹੋ ਸਕਦਾ ਹੈ?

2. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ! ਮੈਂ ਤਾਂ (ਉਸ ਨੂੰ) ਉਸ ਦਿਹਾੜੇ ਕੰਗਾਲ (ਸਮਝਾਂਗਾ) ਜਿਸ ਦਿਨ ਕਿ ਉਸ ਨੂੰ ਪ੍ਰਮੇਸ਼ਰ ਜੀ ਦਾ ਨਾਮ ਵਿਸਰ ਜਾਵੇਗਾ। ੧।

ਭਾਵਾਰਥ :–ਭਾਵੇਂ ਕੋਈ ਕਿਤਨਾ ਭੀ ਵੱਡੇ ਤੋਂ ਵੱਡਾ ਧਨਵਾਨ ਹੋਵੇ, ਪਰ ਅਸਲ ਉਹ ਕੰਗਾਲ ਹੈ ਜੋ ਮਨੁੱਖ ਨਾਮ ਤੋਂ ਸੱਖਣਾ ਹੋਵੇ।

ਮ: ੧ ॥

1. ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥
2. ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥
3. ਸਭੁ ਕੋ ਭਰਿਆ ਫੂਕਿ
ਆਖਣਿ ਕਹਣਿ ਨ ਥੰਮ੍ਹੀਐ ॥
4. ਨਾਨਕ ਵੇਖੈ ਆਪਿ
ਫੂਕ ਕਢਾਏ ਢਹਿ ਪਵੈ ॥ ੨ ॥

ਪਦ ਅਰਥ :–ਵਿਜੋਗਿ–ਵਿਛੋੜੇ ਨਾਲ, (ਦਿਨ ਦੇ) ਗੁਜ਼ਰਨ ਨਾਲ। ਸਭਸੈ-ਹਰੇਕ ਜੀਵ ਦੀ। ਆਰਜਾ–ਉਮਰ। ਰਤਾ–ਰੰਗਿਆ ਹੋਇਆ। ਭੋਗਿ–(ਮਾਇਆ ਦੇ) ਭੋਗਣ ਵਿਚ। ਸਭੁ ਕੋ–ਹਰੇਕ ਜੀਵ। ਫੂਕਿ–ਅਹੰਕਾਰ ਨਾਲ। ਆਖਣਿ ਕਹਣਿ–ਆਖਣ ਨਾਲ, ਕਹਿਣ ਨਾਲ, ਸਮਝਾਉਣ ਨਾਲ। ਥੰਮ੍ਹੀਐ–ਰੋਕਿਆ ਜਾਂਦਾ। ਆਪਿ–ਪ੍ਰਭੂ ਆਪ। ਫੂਕ–ਪ੍ਰਾਣ, ਸੁਆਸ। ਜਿਣੈ–ਜਿਤਦਾ ਹੈ। ੨।

ਅਰਥ :–

ਪ੍ਰ:–ਗੁਰਦੇਵ ਜੀਓ! ਸੰਸਾਰ ਦੀ ਹਰ ਸ਼ੈ ਦਿਸਣ ਵਿਚ ਆਉਂਦੀ ਹੈ ਪਰ ਆਪ ਜੀ ਕਹਿੰਦੇ ਹੋ ਕਿ ਜੀਵ ਦੀ ਆਰਜਾ ਭੀ ਘਟਦੀ ਹੈ, ਇਹ ਨੇਤ੍ਰੀਂ ਤਾਂ ਨਜ਼ਰ ਨਹੀਂ ਆਉਂਦੀ ਪਰ ਦਸੋ ਇਸ ਨੂੰ ਘਟ ਰਹੀ ਕਿਵੇਂ ਅਨਭਵ ਕਰੀਏ?

1. ਉ:–ਹੇ ਭਾਈਓ! (ਇਹ ਠੀਕ ਹੈ ਕਿ ਉਮਰ ਘਟਦੀ ਦੇਖਣ ਵਿਚ ਨਹੀਂ ਆਉਂਦੀ, ਪਰ ਇਸ ਨੂੰ ਵੀਚਾਰ ਦ੍ਰਿਸ਼ਟੀ ਨਾਲ ਹੀ ਤਕਿਆ ਜਾਂਦਾ ਹੈ, ਵੇਖੋ) ਸੂਰਜ ਚੜ੍ਹਦਾ ਹੈ (ਤੇ ਡੁੱਬਦਾ ਹੈ, ਇਸ ਤਰ੍ਹਾਂ ਦੇ) ਗੁਜ਼ਰਨ ਨਾਲ ਹਰੇਕ ਜੀਵ ਦੀ ਉਮਰ ਘਟ ਰਹੀ ਹੈ।

ਪ੍ਰ:–ਕਿਉਂ ਜੀ, ਇਸ ਮਨੁੱਖਾ ਜੀਵਨ ਵਿਚ ਹਾਰ ਕਿਸ ਦੀ ਤੇ ਜਿੱਤ ਕਿਸ ਦੀ ਹੋਇਆ ਕਰਦੀ ਹੈ?

2. ਉ:–ਹੇ ਭਾਈ! (ਇਉਂ ਹੀ ਸਮਝੋ ਕਿ) ਜਿਸ ਦਾ ਤਨ ਮਨ ਮਾਇਆ ਦੇ ਭੋਗਣ ਵਿਚ ਰੁਝਾ ਹੋਇਆ ਹੈ ਉਹ ਤਾਂ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦਾ ਹੈ, ਤੇ, ਕੋਈ (ਵਿਰਲਾ ਵਿਰਲਾ) ਜਿੱਤ ਕੇ ਜਾਂਦਾ ਹੈ।

ਪ੍ਰ:–ਸ੍ਰੀ ਜੀਓ! ਜਿਸ ਜੀਵ ਨੂੰ ਭੀ ਤੱਕਦੇ ਹਾਂ, ਉਹ ਅਹੰਕਾਰ ਨਾਲ ਹੀ ਭਰਿਆ ਹੋਇਆ ਵੇਖੀਦਾ ਹੈ, ਇਸ ਦਾ ਕਾਰਣ ਕੀ ਹੈ?

3. ਉ:–ਹੇ ਭਾਈਓ! (ਅਸਲ ਕਾਰਨ ਇਹੋ ਹੀ ਸਮਝੋ ਕਿ, ਮਾਇਆ ਦੇ ਕਾਰਨ) ਹਰੇਕ ਜੀਵ (ਹੀ) ਅਹੰਕਾਰ ਨਾਲ ਆਫਰਿਆ ਹੋਇਆ ਹੈ, ਸਮਝਾਇਆਂ ਤੋਂ ਭੀ ਆਕੜਨ ਵਲੋਂ ਰੁਕਦਾ ਨਹੀਂ।

ਪ੍ਰ:–ਕਿਉਂ ਜੀ, ਇਸ ਦੀ ਆਕੜ ਕਿਵੇਂ ਦੂਰ ਭੀ ਹੁੰਦੀ ਹੈ?

4. ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ! ਪ੍ਰਮਾਤਮਾ ਆਪ ਭੀ (ਇਸ ਜੀਵ ਦੀ) ਆਕੜ ਨੂੰ ਵੇਖ ਰਿਹਾ ਹੈ, ਜਦੋਂ ਉਹ ਇਸ ਦੇ ਸੁਆਸ ਮੁਕਾ ਦੇਂਦਾ ਹੈ ਇਹ (ਅਹੰਕਾਰੀ) ਧਰਤੀ ਤੇ ਢਹਿ ਪੈਂਦਾ ਹੈ (ਭਾਵ, ਮਿਟੀ ਨਾਲ ਮਿਲ ਜਾਂਦਾ ਹੈ)। ੨।

ਭਾਵਾਰਥ :– ਲੋਕੀ ਅਹੰਕਾਰ ਵਿਚ ਆਕੜੇ ਹੋਏ ਆਪਣਾ ਹਾਣ ਲਾਭ ਨਹੀਂ ਪਛਾਣਦੇ ਅਤੇ ਜਨਮ ਪਏ ਵਿਅਰਥ ਗੁਆਈ ਜਾਂਦੇ ਹਨ।

ਪਉੜੀ ॥

1. ਸਤ ਸੰਗਤਿ ਨਾਮੁ ਨਿਧਾਨੁ ਹੈ
ਜਿਥਹੁ ਹਰਿ ਪਾਇਆ ॥
2. ਗੁਰ ਪਰਸਾਦੀ ਘਟਿ ਚਾਨਣਾ
ਆਨ੍ਹੇਰੁ ਗਵਾਇਆ ॥
3. ਲੋਹਾ ਪਾਰਸਿ ਭੇਟੀਐ
ਕੰਚਨੁ ਹੋਇ ਆਇਆ ॥
4. ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ
ਮਿਲਿ ਨਾਮੁ ਧਿਆਇਆ ॥
5. ਜਿਨ੍ ਕੈ ਪੋਤੈ ਪੁੰਨੁ ਹੈ
ਤਿਨ੍ੀ ਦਰਸਨੁ ਪਾਇਆ ॥ ੧੯ ॥

ਪਦ ਅਰਥ :–ਜਿਥਹੁ–ਜਿਸ ਥਾਂ ਤੋਂ, ਭਾਵ ਸਤਿ ਸੰਗਤ ਵਿਚ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਘਟਿ–ਹਿਰਦੇ ਵਿਚ। ਪਾਰਸਿ–ਪਾਰਸ ਨਾਲ। ਕੰਚਨ–ਸੋਨਾ। ਸਤਿਗੁਰਿ ਮਿਲਿਐ–ਜੇ ਗੁਰੂ ਮਿਲੇ। ਮਿਲਿ -(ਗੁਰੂ ਨੂੰ) ਮਿਲ ਕੇ। ਪੋਤੈ–ਖਜ਼ਾਨੇ ਵਿਚ, ਭਾਗਾਂ ਵਿਚ। ਤਿਨ੍ੀ–ਉਹਨ ਨੇ। ੧੯।

ਅਰਥ:–

ਪ੍ਰ:–ਗੁਰਦੇਵ ਜੀਓ! ਦਸੋ, ਪ੍ਰਮੇਸ਼ਰ ਨਾਲ ਮਿਲਾਪ ਕਿਵੇਂ ਹੋਵੇ?

1. ਉ:—ਹੇ ਪਿਆਰੇ ! ਅਸਲ ਵਿਚ ਸਤਿ ਸੰਗਤ ਅੰਦਰ ਹੀ ਪ੍ਰਮਾਤਮਾ ਦਾ ਨਾਮ ਰੂਪ ਖਜ਼ਾਨਾ ਹੈ, ਸਤਿ ਸੰਗਤ ਵਿਚੋਂ ਹੀ ਪ੍ਰਮਾਤਮਾ ਮਿਲਦਾ ਹੈ।
2. ਹੇ ਭਾਈ ! (ਸਤਿ ਸੰਗਤ ਵਿਚ ਰਿਹਾਂ) ਸਤਿਗੁਰੂ ਦੀ ਕ੍ਰਿਪਾ ਨਾਲ ਹਿਰਦੇ ਵਿਚ (ਪ੍ਰਭੂ ਦੇ ਨਾਮ ਦਾ) ਪ੍ਰਕਾਸ਼ ਹੋ ਜਾਂਦਾ ਹੈ ਅਤੇ (ਮਾਇਆ ਦੇ ਮੋਹ ਦਾ) ਹਨੇਰਾ ਦੂਰ ਹੋ ਜਾਂਦਾ ਹੈ।
3. ਹੇ ਭਾਈ ! (ਜਿਵੇਂ) ਪਾਰਸ ਨਾਲ ਛੋਹਿਆਂ ਲੋਹਾ ਸੋਨਾ ਬਣ ਜਾਂਦਾ ਹੈ।
4. (ਇਸੇ ਤਰ੍ਹਾਂ) ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਜੇ ਸਤਿਗੁਰੂ ਮਿਲ ਪਏ (ਤਾਂ ਗੁਰੂ ਦੀ ਛੋਹ ਨਾਲ) ਨਾਮ ਮਿਲ ਜਾਂਦਾ ਹੈ, (ਗੁਰੂ ਨੂੰ) ਮਿਲ ਕੇ ਨਾਮ ਸਿਮਰੀਦਾ ਹੈ।

ਪ੍ਰ:—ਸ੍ਰੀ ਜੀਓ ! ਆਖਰ ਪ੍ਰਭੂ ਦੇ ਦਰਸ਼ਨਾਂ ਦੀ ਦਾਤ ਕਿਸ ਨੂੰ ਹਾਸਲ ਹੁੰਦੀ ਹੈ ?

5. ਉ:—ਐ ਪਿਆਰੇ ! ਚਾਹੁੰਦੇ ਤਾਂ ਬਹੁਤ ਲੋਕ ਹਨ, ਪਰ ਪ੍ਰਭੂ ਦਾ ਦੀਦਾਰ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਭਾਗਾਂ ਵਿਚ (ਪਿਛਲੀ ਕੀਤੀ) ਭਲਿਆਈ ਮੌਜੂਦ ਹੈ। ੧੯।

ਭਾਵਾਰਥ :—ਜਿਨ੍ਹਾਂ ਨੂੰ ਪ੍ਰਭੂ ਨਾਮ ਦੀ ਲਗਨ ਲਾਂਦਾ ਹੈ ਉਹ ਪ੍ਰਭੂ ਦਰ ਤੋਂ ਸਦਾ ਹੀ ਦੀਦਾਰ ਦੀ ਮੰਗ ਮੰਗਦੇ ਹਨ, ਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਹਰ ਥਾਂ ਪ੍ਰਭੂ ਹੀ ਵਿਆਪਕ ਦਿਸਦਾ ਹੈ।

ਸਲੋਕ ਮਹਲਾ ੧ ॥

1. ਧ੍ਰਿਗੁ ਤਿਨਾ ਕਾ ਜੀਵਿਆ
ਜਿ ਲਿਖਿ ਲਿਖਿ ਵੇਚਹਿ ਨਾਉ ॥
2. ਖੇਤੀ ਜਿਨ ਕੀ ਉਜੜੈ
ਖਲਵਾੜੇ ਕਿਆ ਥਾਉ ॥
3. ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥
4. ਅਕਲਿ ਏਹ ਨ ਆਖੀਐ
ਅਕਲਿ ਗਵਾਈਐ ਬਾਦਿ ॥
5. ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ ॥
6. ਅਕਲੀ ਪੜ੍ਹਿਕੈ ਬੁਝੀਐ ਅਕਲੀ ਕੀਚੈ ਦਾਨੁ ॥
7. ਨਾਨਕੁ ਆਖੈ ਰਾਹੁ ਏਹੁ
ਹੋਰਿ ਗਲਾਂ ਸੈਤਾਨੁ ॥ ੧ ॥

ਪਦ ਅਰਥ :—ਜਿ—ਜੋ ਮਨੁੱਖ। ਨਾਉ—(ਤਵੀਤ ਤੇ ਜੰਤ੍ਰ ਮੰਤ੍ਰ ਆਦਿਕ ਦੀ ਸ਼ਕਲ ਵਿਚ) ਪ੍ਰਭੂ ਦਾ ਨਾਮ। ਕਿਆ ਥਾਉ -(ਭਾਵ, ਕੋਈ ਥਾਂ ਨਹੀਂ) ਕਿਤੇ ਨਹੀਂ ਬਣਦਾ। ਸਰਮ— ਉਦਮ। ਦਾਦਿ—ਕਦਰ, ਸ਼ਾਬਾਸ਼ੇ। ਬਾਦਿ—ਵਿਅਰਥ। ਸੇਵਿਐ—ਸਿਮਰੀਏ। ਮਾਨੁ—ਇੱਜ਼ਤ। ਕੀਚੈ ਦਾਨੁ—(ਉਹ ਸਮਝ) ਹੋਰਨਾਂ ਨੂੰ ਭੀ ਸਿਖਾਈਏ। ੧।

ਅਰਥ :—

ਪ੍ਰ:—ਗੁਰਦੇਵ ਜੀਓ ! ਬਹੁਤੇ ਲੋਕ ਰੱਬ ਦੇ ਨਾਮ ਨੂੰ ਜੰਤਰਾਂ ਮੰਤਰਾਂ ਦੇ ਥਾਂ ਵਰਤਦੇ ਹਨ, ਸੋ ਗੁਰਮਤਿ ਦੁਆਰਾ ਉਨ੍ਹਾਂ ਲੋਕਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. ਉ:—ਹੇ ਭਾਈਓ ! (ਗੁਰਮਤਿ ਵਿਚ ਤਾਂ ਸਹੀ ਤੱਤ ਇਹੋ ਹੀ ਮੰਨਿਆ ਗਿਆ ਹੈ ਕਿ) ਜੋ ਮਨੁੱਖ ਪ੍ਰਮਾਤਮਾ ਦਾ ਨਾਮ (ਤਵੀਤ ਤੇ ਜੰਤਰ ਤੰਤਰ ਆਦਿਕਾਂ ਦੀ ਸ਼ਕਲ ਵਿਚ) ਵੇਚਦੇ ਹਨ ਉਨ੍ਹਾਂ ਦੇ ਜੀਉਣ ਨੂੰ ਲਾਹਨਤ ਹੈ।

ਪ੍ਰ:—ਸ੍ਰੀ ਜੀਓ ! ਉਹ ਲੋਕ ਬੰਦਗੀ ਕਰਦੇ ਭੀ ਵੇਖੀਦੇ ਹਨ ਕੀ ਇਸ ਬੰਦਗੀ ਦਾ ਉਨ੍ਹਾਂ ਲੋਕਾਂ ਨੂੰ ਕੋਈ ਲਾਭ ਨਹੀਂ ਮਿਲੇਗਾ ?

2. ਉ:—ਹੇ ਭਾਈਓ ! (ਜੇ ਉਹ ਲੋਕ ਬੰਦਗੀ ਭੀ ਕਰਦੇ ਹਨ ਤਾਂ ਭੀ ਉਨ੍ਹਾਂ ਦੀ ਨਾਮ ਵਾਲੀ ਫਸਲ ਇਸ ਤਰ੍ਹਾਂ ਨਾਲੋ ਨਾਲ ਹੀ ਉਜੜਦੀ ਜਾਂਦੀ ਹੈ ਤੇ) ਜਿਨ੍ਹਾਂ ਦੀ ਫਸਲ (ਨਾਲੋ ਨਾਲ) ਉਜੜਦੀ ਜਾਏ ਉਨ੍ਹਾਂ ਦਾ ਖਲਵਾੜਾ ਕਿਥੇ ਬਣਨਾ ਹੋਇਆ ? (ਭਾਵ, ਉਸ ਬੰਦਗੀ ਦਾ ਚੰਗਾ ਸਿਟਾ ਨਹੀਂ ਨਿਕਲ ਸਕਦਾ, ਕਿਉਂਕਿ ਉਹ ਬੰਦਗੀ ਦੇ ਸਹੀ ਰਾਹ ਤੋਂ ਖੁੰਝੇ ਰਹਿੰਦੇ ਹਨ)।
3. ਸੱਚੀ ਮਿਹਨਤ ਤੋਂ ਬਿਨਾਂ ਪ੍ਰਭੂ ਦੀ ਹਜ਼ੂਰੀ ਵਿਚ ਭੀ ਉਨ੍ਹਾਂ ਦੀ ਕਦਰ ਨਹੀਂ ਹੁੰਦੀ।
4. ਹੇ ਪਿਆਰੇ ! ਪ੍ਰਮਾਤਮਾ ਦਾ ਸਿਮਰਨ ਕਰਨਾ ਬੜੀ ਸੁੰਦਰ ਅਕਲ ਦੀ ਗੱਲ ਹੈ, ਪਰ, (ਤਵੀਤ ਧਾਗੇ ਬਣਾ ਕੇ ਦੇਣ ਵਿਚ ਰੁਝ ਪੈਣ ਨਾਲ ਇਹ) ਅਕਲ ਵਿਅਰਥ ਗਵਾ ਲੈਣਾ ਇਸ ਨੂੰ ਅਕਲ ਨਹੀਂ ਆਖੀਦਾ।
5. ਅਕਲ ਇਹ ਹੈ ਕਿ ਪ੍ਰਮੇਸ਼ਰ ਦਾ ਸਿਮਰਨ ਕਰੀਏ ਤੇ ਇੱਜ਼ਤ ਖਟੀਏ।
6. ਹੇ ਭਾਈ ! ਅਕਲ ਇਹ ਹੈ ਕਿ (ਪ੍ਰਭੂ ਦੀ ਸਿਫਤ ਸਲਾਹ ਵਾਲੀ ਬਾਣੀ) ਪੜ੍ਹੀਏ (ਇਸ ਦੇ ਡੂੰਘੇ ਭੇਤ) ਸਮਝੀਏ ਤੇ ਹੋਰਨਾਂ ਨੂੰ ਸਮਝਾਈਏ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈਓ ! ਜ਼ਿੰਦਗੀ ਦਾ ਸਹੀ ਰਸਤਾ ਸਿਰਫ਼ ਇਹੀ ਹੈ (ਸਿਮਰਨ ਤੋਂ) ਲਾਭ ਦੀਆਂ ਗੱਲਾਂ (ਦੱਸਣ ਵਾਲਾ) ਸ਼ੈਤਾਨ ਹੈ। ੧।

ਭਾਵਾਰਥ :—ਪੜ੍ਹਿਆਂ ਅਕਲਵਾਨਾਂ ਮੁਲਾਣਿਆਂ ਤੇ ਪੰਡਤਾਂ ਦੀ ਜ਼ਿੰਦਗੀ ਉਤੇ ਨਜ਼ਰ ਮਾਰਦੇ ਹਨ, ਜਿਹੜੇ ਪੈਸੇ ਲੈਣ ਖਾਤਰ ਲੋਕਾਂ ਨੂੰ ਤਵੀਤ ਤੇ ਜੰਤਰ ਮੰਤਰ ਲਿਖ ਕੇ ਦੇਂਦੇ ਹਨ, ਉਨ੍ਹਾਂ ਨੂੰ ਵਿਦਵਾਨ ਹੋਣ ਦਾ ਅਸਲ ਭਾਵ ਦੱਸਦੇ ਹਨ

ਕਿ ਵਿਦਿਆ ਉਹ ਹੈ ਜਿਹੜੀ ਰੱਬ ਵਲ ਲੈ ਜਾਵੇ ਹਰ ਗੱਲ ਨੂੰ ਸਮਝ ਕੇ ਚੱਲਣ ਅਤੇ ਮੁਲਕ ਵਿਚੋਂ ਭੁੱਖ ਨੰਗ ਨੂੰ ਦੂਰ ਕਰਨ ਦੇ ਆਹਰ ਸਿਖਾਵੇ। ਜਿਹੜੀ ਵਿਦਿਆ ਇਨ੍ਹਾਂ ਗੱਲਾਂ ਤੋਂ ਛੁਟ ਕੁਝ ਹੋਰ ਸਿਖਾਵੇ ਉਹ ਨਿਰੀ ਸ਼ੈਤਾਨੀ ਪਾਸੇ ਦੀ ਸਿਖਿਆ ਹੈ।

ਮਹਲਾ ੨ ॥

1. **ਜੈਸਾ ਕਰੈ ਕਹਾਵੈ ਤੈਸਾ**
   ਐਸੀ ਬਨੀ ਜਰੂਰਤਿ ॥
2. **ਹੋਵਹਿ ਲਿੰਙ ਝਿੰਙ ਨਹ ਹੋਵਹਿ**
   ਐਸੀ ਕਹੀਐ ਸੂਰਤਿ ॥
3. **ਜੋ ਓਸੁ ਇਛੇ ਸੋ ਫਲੁ ਪਾਏ**
   ਤਾਂ ਨਾਨਕ ਕਹੀਐ ਮੂਰਤਿ ॥ ੨ ॥

ਪਦ ਅਰਥ :–ਐਸੀ ਬਨੀ ਜਰੂਰਤਿ–ਲੋੜ ਅਜਿਹੀ ਬਣੀ ਹੋਈ ਹੈ, ਨਿਯਮ ਐਸਾ ਬੱਝਾ ਹੋਇਆ ਹੈ, ਅਵਸ਼ੋਂ ਇਹ ਗਲ ਬਣੀ ਹੋਈ ਹੈ। ਕਹਾਵੈ–ਅਖਵਾਂਦਾ ਹੈ। ਲਿੰਙ–ਨਰੋਏ ਅੰਗ। ਝਿੰਙ-ਝੜੇ ਹੋਏ ਅੰਗ। ਐਸੀ ਕਹੀਐ ਸੂਰਤਿ–ਐਸੀ ਸੂਰਤ ਮਨੁੱਖਾ ਸੂਰਤਿ ਕਹੀਐ, ਮਨੁੱਖਾ ਸਰੀਰ ਇਹੋ ਜਿਹਾ ਹੀ ਹੋਣਾ ਚਾਹੀਦਾ ਹੈ। ਓਸੁ–ਉਸ ਪ੍ਰਭੂ ਨੂੰ। ਓਸੁ ਇਛੇ–ਉਸ ਪ੍ਰਭੂ ਨੂੰ ਮਿਲਨ ਤਾਂਘਦਾ ਹੈ। ਮੂਰਤਿ–ਮਨੁੱਖਾ ਜਾਮਾ, ਮਨੁੱਖਾ ਹਸਤੀ। ੨।

ਅਰਥ:–

ਪ੍ਰ:–ਗੁਰਦੇਵ ਜੀਓ ! ਕੋਈ ਨਿਯਮ ਬਧ ਅਸੂਲ ਦਸੋ ਜੋ ਕਿ ਆਮ ਵਰਤੋਂ ਵਿਚ ਆ ਰਿਹਾ ਹੈ ?

1. ਉ:–ਹੇ ਭਾਈਓ ! (ਆਮ ਵੇਖਣ ਵਿਚ ਇਉਂ ਆਉਂਦਾ ਹੈ ਕਿ) ਅਵਸ਼ੋਂ ਹੀ ਐਸੀ ਮਰਯਾਦਾ ਬਣੀ ਹੋਈ ਹੈ ਕਿ ਮਨੁੱਖ ਜਿਹੋ ਜਿਹਾ ਕੰਮ ਕਰਦਾ ਹੈ ਉਹੋ ਜਿਹਾ ਉਸ ਦਾ ਨਾਮ ਪੈ ਜਾਂਦਾ ਹੈ।
2. ਹੇ ਪਿਆਰੇ ! (ਇਸ ਮਰਯਾਦਾ ਅਨੁਸਾਰ ਅਸਲ ਵਿਚ) ਉਹੀ ਜਿਸਮ ਮਨੁੱਖਾ ਜਿਸਮ ਅਖਵਾਣ ਦੇ ਲਾਇਕ ਹੁੰਦਾ ਹੈ ਜਿਸ ਦੇ ਨਰੋਏ ਅੰਗ ਹੁੰਦੇ ਹਨ, ਜਿਸ ਦੇ ਅੰਗ ਝੜੇ ਹੋਏ ਨਹੀਂ ਹੁੰਦੇ (ਭਾਵ, ਸੂਰਤ ਸੁੰਦਰ ਉਹ ਹੈ ਕਿ ਗੁਣਾਂ ਰੂਪ ਅੰਗ ਹੋਣ ਤੇ ਅਵਗੁਣ ਰੂਪ ਝਿੰਙ (ਅੰਗ ਹੀਣ ਹੋਣ) ਨਾ ਹੋਵਣ।
3. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਇਸੇ ਤਰ੍ਹਾਂ ਉਹੀ ਹਸਤੀ ਮਨੁੱਖਾ ਹਸਤੀ ਕਹੀ ਜਾਣੀ ਚਾਹੀਦੀ ਹੈ ਜਿਸ ਦੇ ਅੰਦਰ ਪ੍ਰਭੂ ਮਿਲਣ ਦੀ ਤਾਂਘ ਹੋਵੇ ਤੇ (ਇਸ ਤਾਂਘ ਅਨੁਸਾਰ ਪ੍ਰਭੂ ਮਿਲਾਪ ਰੂਪ) ਫਲ ਪ੍ਰਾਪਤ ਹੋ ਜਾਏ। ੨।

ਭਾਵਾਰਥ :–ਵਿਖਾਵਾ ਛਡ ਕੇ ਸੋਹਣੇ ਸੋਹਣੇ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ ਤਾਂ ਕਿ ਉਚੀ ਸ਼ਖਸੀਅਤ ਬਣਾ ਕੇ ਹਰੀ ਨੂੰ ਪ੍ਰਸ਼ੰਨ ਕਰ ਸਕੀਏ।

ਪਉੜੀ ॥

1. **ਸਤਿਗੁਰੁ ਅੰਮ੍ਰਿਤ ਬਿਰਖੁ ਹੈ**
   ਅੰਮ੍ਰਿਤ ਰਸਿ ਫਲਿਆ ॥
2. **ਜਿਸੁ ਪਰਾਪਤਿ ਸੋ ਲਹੈ**
   ਗੁਰ ਸਬਦੀ ਮਿਲਿਆ ॥
3. **ਸਤਿਗੁਰ ਕੈ ਭਾਣੈ ਜੋ ਚਲੈ**
   ਹਰਿ ਸੇਤੀ ਰਲਿਆ ॥
4. **ਜਮਕਾਲੁ ਜੋਹਿ ਨ ਸਕਈ**
   ਘਟਿ ਚਾਨਣੁ ਬਲਿਆ ॥
5. **ਨਾਨਕ ਬਖਸਿ ਮਿਲਾਇਅਨੁ**
   ਫਿਰਿ ਗਰਭਿ ਨ ਗਲਿਆ ॥ ੨੦ ॥

ਪਦ ਅਰਥ :–ਅੰਮ੍ਰਿਤ ਬਿਰਖੁ–ਅੰਮ੍ਰਿਤ ਦਾ ਰੁਖ, ਆਤਮਕ ਜੀਵਨ ਦੇਣ ਵਾਲੇ ਨਾਮ ਫਲ ਦਾ ਰੁਖ। ਰਸਿ–ਰਸ ਨਾਲ। ਜਿਸੁ–ਜਿਸ ਨੂੰ। ਜਿਸੁ ਪਰਾਪਤਿ–ਜਿਸ ਨੂੰ ਮਿਲਣਾ (ਸੰਜੋਗਾਂ ਵਿਚ ਲਿਖਿਆ ਹੋਇਆ ਹੈ)। ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ। ਕੈ ਭਾਣੈ–ਦੇ ਭਾਣੇ ਵਿਚ। ਸੇਤੀ–ਨਾਲ। ਜੋਹਿ ਨ ਸਕਈ–ਤਕ ਨਹੀਂ ਸਕਦਾ, ਘੂਰ ਨਹੀਂ ਸਕਦਾ। ਬਖਸਿ–ਬਖਸ਼ਸ਼ ਕਰ ਕੇ। ਮਿਲਾਇਅਨੁ–ਮਿਲਾਏ ਹਨ ਉਸ ਨੇ। ਗਰਭਿ–ਗਰਭ ਵਿਚ (ਭਾਵ ਜੂਨਾਂ ਵਿਚ) ।੨੦।

ਅਰਥ :–

ਪ੍ਰ:–ਸ੍ਰੀ ਜੀਓ ! ਗੁਰੂ ਦਾ ਸਰੂਪ ਉਚਰਨ ਕਰੋ ਕਿ ਉਸ ਦੇ ਅੰਦਰ ਕੀ ਵਿਸ਼ੇਸ਼ਤਾ ਹੈ ?

1. ਉ:–ਹੇ ਭਾਈ ! (ਇਉਂ ਹੀ ਸਮਝੋ ਕਿ) ਗੁਰੂ (ਮਾਨੋਂ) ਅੰਮ੍ਰਿਤ ਦਾ ਰੁਖ ਹੈ, ਜੋ ਅੰਮ੍ਰਿਤ ਦੇ ਰਸ ਨਾਲ ਭਰਿਆ ਹੋਇਆ ਹੈ (ਭਾਵ, ਜਿਸ ਨੂੰ ਅੰਮ੍ਰਿਤ ਰਸ ਰੂਪ ਫਲ ਲਗਾ ਹੋਇਆ ਹੈ, ਜਿਸ ਪਾਸੋਂ ਨਾਮ ਅੰਮ੍ਰਿਤ ਦਾ ਰਸ ਮਿਲਦਾ ਹੈ)।
2. ਹੇ ਭਾਈ ! (ਇਹ ਨਾਮ ਰੂਪ ਅੰਮ੍ਰਿਤ ਫਲ) ਗੁਰੂ ਦੇ ਸ਼ਬਦ ਦੀ ਰਾਹੀਂ ਮਿਲਦਾ ਹੈ, ਪਰ ਉਹੀ ਮਨੁੱਖ ਪ੍ਰਾਪਤ ਕਰਦਾ ਹੈ, ਜਿਸ ਦੇ ਭਾਗਾਂ ਵਿਚ ਪ੍ਰਾਪਤ ਕਰਨਾ ਧੁਰੋਂ ਲਿਖਿਆ ਹੋਵੇ।
3. ਹੇ ਪਿਆਰੇ ! ਜਿਹੜਾ ਮਨੁੱਖ ਗੁਰੂ ਦੇ ਹੁਕਮ ਵਿਚ ਤੁਰਦਾ ਹੈ, ਉਹ ਪ੍ਰਮਾਤਮਾ ਨਾਲ ਇਕ ਰੂਪ ਹੋਇਆ ਰਹਿੰਦਾ ਹੈ।
4. ਹੇ ਭਾਈ ! ਉਸ ਮਨੁੱਖ ਨੂੰ ਜਮਕਾਲ ਘੂਰ ਨਹੀਂ ਸਕਦਾ (ਭਾਵ ਮੌਤ ਦਾ ਡਰ ਉਸ ਨੂੰ ਪੋਹ ਨਹੀਂ ਸਕਦਾ) ਕਿਉਂਕਿ ਉਸ ਦੇ ਹਿਰਦੇ ਵਿਚ ਰੱਬੀ ਜੋਤ ਜਗ ਪੈਂਦੀ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਉਸ ਪ੍ਰਭੂ ਨੇ ਬਖਸ਼ਿਸ਼ ਕਰ ਕੇ ਆਪਣੇ ਨਾਲ ਮਿਲਾਇਆ ਹੈ ਉਹ ਮੁੜ ਮੁੜ ਜੂਨਾਂ ਵਿਚ ਨਹੀਂ ਗਲਦੇ । ੨੦ ।

ਭਾਵਾਰਥ :—ਗੁਰੂ ਮਾਨੋਂ ਅੰਮ੍ਰਿਤ ਦਾ ਰੁਖ ਹੈ, ਨਾਮ ਅੰਮ੍ਰਿਤ ਦਾ ਰਸ ਗੁਰੂ ਤੋਂ ਹੀ ਮਿਲਦਾ ਹੈ, ਜੋ ਮਨੁੱਖ ਗੁਰੂ ਦੇ ਦਸੇ ਰਾਹ ਉਤੇ ਤੁਰਦਾ ਹੈ, ਉਸ ਦੇ ਅੰਦਰ ਰੱਬੀ ਜੋਤ ਜਗ ਪੈਂਦੀ ਹੈ, ਉਹ ਰਬ ਨਾਲ ਇਕ ਰੂਪ ਹੋ ਜਾਂਦਾ ਹੈ, ਮੌਤ ਦਾ ਡਰ ਉਸ ਨੂੰ ਫਿਰ ਨਹੀਂ ਪੋਹ ਸਕਦਾ ।

ਸਲੋਕ ਮ: ੧ ॥

1. **ਸਚੁ ਵਰਤੁ ਸੰਤੋਖੁ ਤੀਰਥੁ**
   ਗਿਆਨੁ ਧਿਆਨੁ ਇਸਨਾਨੁ ॥
2. **ਦਇਆ ਦੇਵਤਾ ਖਿਮਾ ਜਪ ਮਾਲੀ**
   ਤੇ ਮਾਣਸ ਪਰਧਾਨ ॥
3. **ਜੁਗਤਿ ਧੋਤੀ ਸੁਰਤਿ ਚਉਕਾ**
   ਤਿਲਕੁ ਕਰਣੀ ਹੋਇ ॥
4. **ਭਾਉ ਭੋਜਨੁ ਨਾਨਕਾ**
   ਵਿਰਲਾ ਤ ਕੋਈ ਕੋਇ ॥ ੧ ॥

ਪਦ ਅਰਥ :—ਗਿਆਨੁ—ਪ੍ਰਭੂ ਦੇ ਗੁਣਾਂ ਦੀ ਵੀਚਾਰ, ਜੀਵਨ ਆਦਰਸ਼ ਦੀ ਸਮਝ । ਧਿਆਨੁ - ਪ੍ਰਭੂ ਦੇ ਚਰਨਾਂ ਵਿਚ ਚਿਤ ਜੋੜਨਾ । ਜਪਮਾਲੀ—ਮਾਲਾ । ਪਰਧਾਨ—ਮੰਨੇ ਪ੍ਰਮੰਨੇ, ਪੈਂਚ । ਜੁਗਤਿ—ਜੀਉਣ ਦੀ ਜਾਚ । ਕਰਣੀ—ਉਚਾ ਆਚਰਨ । ਭਾਉ—ਪ੍ਰੇਮ । ਤ—ਪਰ । ਖਿਮਾ—ਸਹਿਣ ਦਾ ਸੁਭਾਉ ।੧।

ਅਰਥ :—

ਪ੍ਰ:—ਗੁਰਦੇਵ ਜੀਓ ! ਆਪ ਜੀ ਸਭ ਤੋਂ ਚੰਗੇ ਮਨੁੱਖ ਕਿਨ੍ਹਾਂ ਨੂੰ ਮੰਨਦੇ ਹੋ ?

1. **ਉ**:—ਹੇ ਭਾਈਓ ! ਜਿਨ੍ਹਾਂ ਮਨੁੱਖਾਂ ਵਿਚ ਨੌਂ ਗੁਣ ਵੇਖਣ ਵਿਚ ਆਉਣ (ਸਮਝੋ ਉਹ ਮਨੁੱਖ ਸਭ ਤੋਂ ਚੰਗੇ ਹਨ) । ੧) ਜਿਨ੍ਹਾਂ ਮਨੁੱਖਾਂ ਨੇ ਸੱਚ ਨੂੰ ਵਰਤ ਬਣਾਇਆ ਹੈ (ਭਾਵ ਸੱਚ ਧਾਰਨ ਕਰਨ ਦਾ ਪ੍ਰਣ ਲਿਆ ਹੈ) । (੨) ਸੰਤੋਖ ਜਿਨ੍ਹਾਂ ਦਾ ਤੀਰਥ ਹੈ । (੩) ਜੀਵਨ ਮਨੋਰਥ ਦੀ ਸਮਝ ਤੇ ਪ੍ਰਭੂ ਚਰਨਾਂ ਵਿਚ ਚਿਤ ਜੋੜਨ ਨੂੰ ਜਿਨ੍ਹਾਂ ਨੇ ਤੀਰਥਾਂ ਦਾ ਇਸ਼ਨਾਨ ਸਮਝਿਆ ਹੈ ।
2. (੪) ਦਇਆ ਜਿਨ੍ਹਾਂ ਦਾ ਇਸ਼ਟ ਦੇਵ ਹੈ । (੫) (ਦੂਜਿਆਂ ਦੀ ਵਧੀਕੀ) ਸਹਾਰਨ ਦੀ ਆਦਤ ਜਿਨ੍ਹਾਂ ਦੀ ਮਾਲਾ ਹੈ, ਉਹ ਮਨੁੱਖ ਪ੍ਰਧਾਨ ਹਨ ।
3. (੬) (ਸੁਚੱਜਾ ਜੀਵਨ) ਜੀਉਣ ਦੀ ਜਾਚ ਜਿਨ੍ਹਾਂ ਲਈ (ਦੇਵ ਪੂਜਾ ਵੇਲੇ ਪਹਿਨਣ ਵਾਲੀ) ਧੋਤੀ ਹੈ । (੭) ਸੁਰਤ (ਨੂੰ ਪਵਿਤਰ ਰਖਣਾ) ਜਿਨ੍ਹਾਂ ਦਾ (ਸੁਚਾ) ਚੌਂਕਾ ਹੈ । (੮) ਉਚੇ ਆਚਰਨ ਦਾ ਜਿਨ੍ਹਾਂ ਮਥੇ ਉਤੇ ਤਿਲਕ ਲਾਇਆ ਹੋਇਆ ਹੈ ।
4. (੯) ਹੇ ਭਾਈ ! ਪ੍ਰੇਮ ਜਿਨ੍ਹਾਂ (ਦੇ ਆਤਮਾ) ਦੀ ਖੁਰਾਕ ਹੈ। ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਉਹ ਮਨੁੱਖ ਸਭ ਤੋਂ ਚੰਗੇ ਹਨ, ਪਰ ਐ ਪਿਆਰੇ ! ਇਹੋ ਜਿਹਾ ਮਨੁੱਖ ਹੈ ਕੋਈ ਵਿਰਲਾ ਵਿਰਲਾ । ੧ ।

ਭਾਵਾਰਥ :—ਵਰਤ, ਤੀਰਥ ਇਸ਼ਨਾਨ, ਦੇਵ ਪੂਜਾ, ਮਾਲਾ, ਧੋਤੀ, ਚੌਂਕਾ, ਤਿਲਕ ਆਦਿ ਬਾਹਰਲੇ ਕਰਮਾਂ ਦੀ ਥਾਂ ਸਦਾਚਾਰੀ ਗੁਣ ਪ੍ਰਾਪਤ ਕਰਨੇ ਚਾਹੀਦੇ ਹਨ, ਇਨ੍ਹਾਂ ਸ਼ੁਭ ਗੁਣਾਂ ਦਾ ਧਾਰਨੀ ਮਨੁੱਖ ਹੀ ਸਾਰਿਆਂ ਤੋਂ ਉਚਾ ਅਤੇ ਸੁਚਾ ਮਨੁੱਖ ਮੰਨਿਆ ਜਾਵੇਗਾ ।

ਮਹਲਾ ੩ ॥

1. **ਨਉਮੀ ਨੇਮੁ ਸਚੁ ਜੇ ਕਰੈ ॥**
2. **ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥**
3. **ਦਸਮੀ ਦਸੇ ਦੁਆਰ ਜੇ ਠਾਕੈ**
   ਏਕਾਦਸੀ ਏਕੁ ਕਰਿ ਜਾਣੈ ॥
4. **ਦੁਆਦਸੀ ਪੰਚ ਵਸਗਤਿ ਕਰਿ ਰਾਖੈ**
   ਤਉ ਨਾਨਕ ਮਨੁ ਮਾਨੈ ॥
5. **ਐਸਾ ਵਰਤੁ ਰਹੀਜੈ ਪਾਡੇ**
   ਹੋਰ ਬਹੁਤੁ ਸਿਖ ਕਿਆ ਦੀਜੈ ॥ ੨ ॥

ਪਦ ਅਰਥ :—ਨੇਮੁ—ਨਿਯਮ, ਨਿਤ ਕਰਮ । ਉਚਰੈ—ਉਚਰੈ [ਉਦ-ਚਰੈ, ਉਚ-ਚਰੈ] ਚੰਗੀ ਤਰ੍ਹਾਂ ਖਾ ਜਾਏ । ਦਸੇ ਦੁਆਰ—ਦਸ ਹੀ ਇੰਦਰੇ । ਠਾਕੈ—ਰੋਕ ਰਖੇ । ਏਕੁ ਕਰਿ ਜਾਣੈ—ਇਕ ਪ੍ਰਮਾਤਮਾ ਨੂੰ ਹਰ ਥਾਂ ਸਮਝੇ । ਪੰਚ—ਕਾਮਾਦਿਕ ਪੰਜ ਵਿਕਾਰ । ਵਸਗਤਿ ਕਰਿ ਰ ਖੈ—ਕਾਬੂ ਵਿਚ ਰਖੇ । ਮਾਨੈ—ਮੰਨਦਾ ਹੈ, ਪਤੀਜਦਾ ਹੈ, ਅਮੋੜ ਪੁਣੇ ਤੋਂ ਹਟਦਾ ਹੈ, ਵਾਸ਼ਨਾ ਦੇ ਪਿਛੇ ਦੌੜਨ ਤੋਂ ਰੁਕਦਾ ਹੈ । ਵਰਤੁ—(ਰੋਟੀ ਨਾ ਖਾਣ ਦਾ) ਇਕਰਾਰ, ਪ੍ਰਣ । ਰਹੀਜੈ—ਨਿਭਾਈਏ । ਸਿਖ—ਸਿਖਿਆ ।੨।

ਅਰਥ:—

ਪ੍ਰ—ਕਿਸੇ ਪਾਂਡੇ ਨੇ ਆ ਕੇ ਪੁਛ ਕੀਤੀ, ਕਿਉਂ ਜੀ, ਨੌਵੀਂ, ਦਸਮੀ, ਇਕਾਦਸ਼ੀ, ਦੁਆਦਸ਼ੀ ਆਦਿਕ ਦਾ ਤੁਸੀਂ ਵਰਤ ਰਖਣ ਵਿਚ ਯਕੀਨ ਨਹੀਂ ਰਖਦੇ ?

1. **ਉ**:—ਹੇ ਪਾਂਡੇ ! ਸਾਡੇ ਵਰਤ ਗੁਰਮਤਿ ਅਨੁਸਾਰ ਹੋਰ ਹਨ ਜੋ ਹਰ ਮਨੁੱਖ ਦੇ ਹੀ ਧਾਰਨ ਕਰਨ ਯੋਗ ਹਨ, (ਕਿਉਂ ਜੀ ਉਹ ਤੁਹਾਡੇ ਵਰਤ ਕਿਹੜੇ ਹਨ ?) ਹੇ ਪਾਂਡੇ ! ਸੁਣ, ਜੇ ਮਨੁੱਖ ਸੱਚ ਧਾਰਨ ਕਰਨ ਦੇ ਨੇਮ ਨੂੰ ਨੌਮੀਂ (ਦਾ ਵਰਤ) ਬਣਾਏ ।
2. ਅਤੇ ਕਾਮ, ਕ੍ਰੋਧ ਤੇ ਲਾਲਚ ਨੂੰ ਚੰਗੀ ਤਰ੍ਹਾਂ ਦੂਰ ਕਰ ਲਏ ।

3. ਹੇ ਪਾਂਡੇ ! ਜੇ ਦਸ ਹੀ ਇੰਦ੍ਰਿਆਂ ਨੂੰ (ਵਿਕਾਰਾਂ ਵਲੋਂ) ਰੋਕ ਰਖੇ, (ਇਸ ਉਦਮ ਨੂੰ) ਦਸਮੀ (ਥਿਤ ਦਾ ਵਰਤ) ਬਣਾਏ, ਇਕ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਸਮਝੇ, ਇਹ ਉਸ ਦਾ ਇਕਾਦਸ਼ੀ ਦਾ ਵਰਤ ਹੋਵੇ ।
4. ਹੇ ਪਾਂਡੇ ! ਪੰਜ ਕਾਮਾਦਕਾਂ ਨੂੰ ਕਾਬੂ ਵਿਚ ਰਖੇ, ਜੇ ਇਹ ਉਸ ਦਾ ਦੁਆਦਸ਼ੀ ਦਾ ਵਰਤ ਬਣੇ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ (ਹੇ ਪਾਂਡੇ !) ਤਾਂ ਮਨ ਪਤੀਜ ਜਾਂਦਾ ਹੈ ।

ਪ੍ਰ.–ਸ੍ਰੀ ਜੀਓ ! ਇਸ ਉਪਦੇਸ਼ ਤੋਂ ਵਖਰੀ ਕੋਈ ਹੋਰ ਭੀ ਸਿਖਿਆ ਦਿਓ ?

5. ਉ:–ਹੇ ਪੰਡਤ ! ਜੇ ਇਹੋ ਜਿਹਾ ਵਰਤ ਨਿਬਾਹ ਸਕੀਏ ਤਾਂ ਕਿਸੇ ਹੋਰ ਸਿਖਿਆ ਦੀ ਲੋੜ ਹੀ ਨਹੀਂ ਪੈਂਦੀ ।੨।

ਭਾਵਾਰਥ :- ਥਿਤਾਂ ਵਾਰਾਂ ਦੀ ਪੂਜਾ ਵਰਤ ਆਦਿਕਾਂ ਦੀ ਥਾਂ ਭੀ ਅਮਲੀ ਤੌਰ ਤੇ ਨੇਕੀ ਹੀ ਕਰਨੀ ਜੋਗ ਹੈ, ਜਿਨ੍ਹਾਂ ਦੇ ਧਾਰਨੀ ਹੋਣ ਨਾਲ ਮਨ ਵਿਚ ਤ੍ਰਿਪਤੀ ਆ ਜਾਂਦੀ ਹੈ ।

ਪਉੜੀ ॥

1. ਭੂਪਤਿ ਰਾਜੇ ਰੰਗ ਰਾਇ
ਸੰਚਹਿ ਬਿਖੁ ਮਾਇਆ ॥
2. ਕਰਿ ਕਰਿ ਹੇਤੁ ਵਧਾਇਦੇ
ਪਰ ਦਰਬੁ ਚੁਰਾਇਆ ॥
3. ਪੁਤ੍ਰ ਕਲਤ੍ਰ ਨ ਵਿਸਹਹਿ
ਬਹੁ ਪ੍ਰੀਤਿ ਲਗਾਇਆ ॥
4. ਵੇਖਦਿਆ ਹੀ ਮਾਇਆ ਧੁਹਿ ਗਈ
ਪਛੁਤਹਿ ਪਛੁਤਾਇਆ ॥
5. ਜਮ ਦਰਿ ਬਧੇ ਮਾਰੀਅਹਿ
ਨਾਨਕ ਹਰਿ ਭਾਇਆ ॥ ੨੧ ॥

ਪਦ ਅਰਥ :–ਭੂਪਤਿ–[ਭੂ–ਧਰਤੀ । ਪਤਿ–ਖਸਮ] ਧਰਤੀ ਦਾ ਖਸਮ, ਰਾਜਾ, ਪਾਤਸ਼ਾਹ । ਰੰਗ–ਰੰਕ, ਕੰਗਾਲ । ਰਾਇ–ਅਮੀਰ । ਸੰਚਹਿ–ਇਕਠੀ ਕਰਦੇ ਹਨ । ਬਿਖੁ–ਜ਼ਹਿਰ । ਕਰਿ ਕਰਿ–ਸੰਚ ਸੰਚ ਕੇ, ਜੋੜ ਜੋੜ ਕੇ । ਹੇਤੁ–(ਮਾਇਆ ਨਾਲ) ਹਿਤ । ਪਰ–ਪਰਾਇਆ । ਦਰਬੁ–ਧਨ । ਕਲਤ੍ਰ–ਵਹੁਟੀ । ਵਿਸਹਹਿ–ਵਿਸਾਹ ਕਰਦੇ ਹਨ । ਧੁਹਿ ਗਈ–ਛਲ ਕੇ ਚਲੀ ਗਈ । ਮਾਰੀਅਹਿ–ਮਾਰੀਦੇ ਹਨ, ਕੁਟ ਖਾਂਦੇ ਹਨ । ੨੧ ।

ਅਰਥ :–

ਪ੍ਰ:–ਗੁਰਦੇਵ ਜੀਓ ! ਆਪ ਜੀ ਆਮ ਲੋਕਾਂ ਦੀ ਵਰਤੋਂ ਕਿਸ ਰੂਪ ਵਿਚ ਅਨੁਭਵ ਕਰਦੇ ਹੋ ?

1. ਉ:–ਹੇ ਪਿਆਰੇ ! ਅਸੀਂ ਆਮ ਲੋਕਾਂ ਨੂੰ ਤਾਂ ਇਉਂ ਹੀ ਤਕਦੇ ਹਾਂ ਕਿ ਪਾਤਸ਼ਾਹ, ਰਾਜੇ, ਕੰਗਾਲ ਤੇ ਅਮੀਰ–ਸਭ ਮਾਇਆ ਰੂਪ ਜ਼ਹਿਰ (ਨੂੰ ਹੀ) ਜੋੜਦੇ ਹਨ ।
2. ਜੋੜ ਜੋੜ ਕੇ (ਇਸ ਨਾਲ) ਹਿਤ ਵਧਾਂਦੇ ਹਨ (ਤੇ ਜੇ ਦਾਉ ਲਗੇ ਤਾਂ) ਦੂਜਿਆਂ ਦਾ ਧਨ (ਭੀ) ਚੁਰਾ ਲੈਂਦੇ ਹਨ ।
3. ਹੇ ਪਿਆਰੇ ! ਮਾਇਆ ਨਾਲ (ਇਤਨਾ) ਵਧੀਕ ਹਿਤ ਜੋੜਦੇ ਹਨ ਤੇ ਪੁਤਰ ਤੇ ਵਹੁਟੀ ਦਾ ਭੀ ਇਤਬਾਰ ਨਹੀਂ ਕਰਦੇ ।
4. ਪਰ, ਐ ਪਿਆਰੇ ! ਜਦੋਂ ਅਖਾਂ ਦੇ ਸਾਹਮਣੇ ਹੀ ਮਾਇਆ ਛਲ ਕੇ (ਭਾਵ ਆਪਣੇ ਮੋਹ ਵਿਚ ਫਸਾ ਕੇ) ਚਲੀ ਜਾਂਦੀ ਹੈ ਤਾਂ (ਇਸ ਨੂੰ ਜੋੜਨ ਵਾਲੇ) ਹਉਕੇ ਲੈਂਦੇ ਹਨ ।
5. ਹੇ ਭਾਈਓ ! (ਤਦੋਂ ਇਉਂ ਜਾਪਦਾ ਹੈ ਜਿਵੇਂ ਉਹ) ਜਮ ਦੇ ਬੂਹੇ ਬਝੇ ਕੁਟ ਖਾ ਰਹੇ ਹਨ । ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪਿਆਰੇ ! (ਕਿਸੇ ਦੇ ਵਸ ਦੀ ਗਲ ਨਹੀਂ) ਪ੍ਰਭੂ ਨੂੰ ਇਉਂ ਹੀ ਚੰਗਾ ਲਗਦਾ ਹੈ ।੨੧।

ਭਾਵਾਰਥ :– ਕੀ ਅਮੀਰ ਤੇ ਕੀ ਗਰੀਬ, ਸਭ ਮਾਇਆ ਜੋੜਨ ਦੇ ਆਹਰੇ ਲਗੇ ਹੋਏ ਹਨ, ਜੇ ਦਾਉ ਲਗੇ ਤਾਂ ਪਰਾਇਆ ਧਨ ਭੀ ਚੁਰਾ ਲੈਂਦੇ ਹਨ, ਮਾਇਆ ਨਾਲ ਇਤਨਾ ਪਿਆਰ ਕਿ ਪੁਤਰ ਇਸਤਰੀ ਦਾ ਭੀ ਵਿਸਾਹ ਨਹੀਂ ਕਰਦੇ, ਪਰ ਇਹ ਆਪਣੇ ਮੋਹ ਵਿਚ ਫਸਾ ਕੇ ਚਲੀ ਜਾਂਦੀ ਹੈ ਤੇ ਇਸ ਨੂੰ ਜੋੜਨ ਵਾਲੇ ਹਉਕੇ ਲੈਂਦੇ ਹਨ ।

ਸਲੋਕ ਮ: ੧ ॥

1. ਗਿਆਨ ਵਿਹੂਣਾ ਗਾਵੈ ਗੀਤ ॥
2. ਭੁਖੇ ਮੁਲਾਂ ਘਰੇ ਮਸੀਤਿ ॥
3. ਮਖਟੂ ਹੋਇ ਕੈ ਕੰਨ ਪੜਾਏ ॥
4. ਫਕਰੁ ਕਰੇ ਹੋਰੁ ਜਾਤਿ ਗਵਾਏ ॥
5. ਗੁਰੁ ਪੀਰੁ ਸਦਾਏ ਮੰਗਣ ਜਾਇ ॥
6. ਤਾ ਕੈ ਮੂਲਿ ਨ ਲਗੀਐ ਪਾਇ ॥
7. ਘਾਲਿ ਖਾਇ ਕਿਛੁ ਹਥਹੁ ਦੇਇ ॥
8. ਨਾਨਕ ਰਾਹੁ ਪਛਾਣਹਿ ਸੇਇ ॥ ੧ ॥

ਪਦ ਅਰਥ :–ਵਿਹੂਣਾ–ਸਖਣਾ, ਖਾਲੀ । ਗਿਆਨ–ਆਤਮਕ ਜੀਵਨ ਦੀ ਸਮਝ । ਘਰੇ–ਘਰ ਵਿਚ ਹੀ, ਘਰ ਦੀ ਖਾਤਰ ਹੀ, ਰੋਟੀ ਦੀ ਖਾਤਰ ਹੀ । ਮਖਟੂ–ਜੋ ਖੱਟ ਕਮਾ ਨਾ ਸਕੇ । ਕੰਨ ਪੜਾਏ–ਕੰਨ ਪੜਵਾ ਲੈਂਦਾ ਹੈ, ਜੋਗੀ ਬਣ ਜਾਂਦਾ ਹੈ । ਫਕਰੁ ਕਰੇ–ਫਕੀਰ ਬਣ ਜਾਂਦਾ ਹੈ । ਜਾਤਿ ਗਵਾਏ–ਕੁਲ ਦੀ ਅਣਖ ਛਡ ਬੈਠਦਾ ਹੈ । ਹੋਰੁ–ਇਕ ਹੋਰ ਮਨੁੱਖ । ਸਦਾਏ–ਅਖਵਾਂਦਾ ਹੈ । ਤਾ ਕੈ ਪਾਇ–ਉਸ ਦੇ ਪੈਰ ਉਤੇ । ਮੂਲਿ ਨ–ਬਿਲਕੁਲ ਨਹੀਂ । ਘਾਲਿ–ਮਿਹਨਤ ਕਰ ਕੇ, ਮਿਹਨਤ ਨਾਲ ਕਮਾ ਕੇ । ਪਛਾਣਹਿ–ਪਛਾਣਦੇ ਹਨ । ਸੇਇ–ਉਹੀ ਬੰਦੇ ।੧।

ਅਰਥ :–

ਪ੍ਰ:–ਸ੍ਰੀ ਜੀਓ ! ਪੰਡਤ ਲੋਕ ਮੰਦਰਾਂ ਵਿਚ ਭਜਨ ਗਾਉਂਦੇ ਹਨ, ਅਤੇ ਮੁੱਲਾਂ ਨੇ ਮਸੀਤ ਵਿਚ ਬਾਂਗ ਤੇ ਨਮਾਜ਼ ਆਦਿਕ ਦੀ ਕਿਰਿਆ ਕਰਨਾ ਆਪਣਾ ਫਰਜ਼ ਜਾਣਿਆ ਹੈ, ਤੀਜੇ ਜੋਗੀ ਹਨ ਜੋ ਘਰ ਬਾਰ ਤਿਆਗ ਕੇ ਫ਼ਕੀਰ ਬਣ ਗਏ ਹਨ, ਕੀ ਇਹ ਰੱਬੀ ਦਰਬਾਰ ਵਿਚ ਕਬੂਲੇ ਜਾਣਗੇ ?

1. ਉ:–ਹੇ ਭਾਈਓ ! ਅਸਲ ਵਿਚ ਤਾਂ ਇਉਂ ਹੀ ਜਾਣਿਆ ਜਾਂਦਾ ਹੈ ਕਿ ਪੰਡਤਾਂ ਦਾ ਇਹ ਹਾਲ ਹੈ ਕਿ, ਉਹ ਪ੍ਰਮਾਤਮਾ ਦੇ ਭਜਨ ਤਾਂ ਗਾਂਦਾ ਹੈ, ਪਰ ਆਪ ਉਹ ਸਮਝ ਤੋਂ ਸੱਖਣਾ ਹੈ (ਭਾਵ ਇਸ ਭਜਨ ਗਾਣ ਨੂੰ ਉਹ ਰੋਜ਼ੀ ਦਾ ਵਸੀਲਾ ਬਣਾਈ ਰਖਦਾ ਹੈ, ਉਸ ਦੀ ਸਮਝ ਉਚੀ ਨਹੀਂ ਹੋ ਸਕੀ) ।

ਪ੍ਰ:–ਕਿਉਂ ਜੀ, ਮੁੱਲਾਂ ਬਾਰੇ ਆਪ ਦੇ ਕੀ ਵੀਚਾਰ ਹਨ ?

2. ਉ:–ਹੇ ਭਾਈਓ ! (ਅਸਲੀਅਤ ਤਾਂ ਇਹੋ ਹੀ ਹੈ ਕਿ) ਭੁੱਖ ਦੇ ਮਾਰੇ ਹੋਏ ਮੁੱਲਾਂ ਦੀ ਮਸੀਤ ਭੀ ਰੋਜ਼ੀ ਦੀ ਖਾਤਰ ਹੀ ਹੈ (ਭਾਵ ਮੁੱਲਾਂ ਨੇ ਭੀ ਬਾਂਗ ਨਿਵਾਜ ਆਦਿਕ ਮਸੀਤ ਦੀ ਕ੍ਰਿਆ ਨੂੰ ਰੋਟੀ ਦਾ ਹੀ ਵਸੀਲਾ ਬਣਾਇਆ ਹੋਇਆ ਹੈ ।

3. (ਤੀਜਾ ਇਕ) ਹੋਰ ਹੈ ਜੋ ਹੱਡ ਹਰਾਮ ਹੋਣ ਕਰ ਕੇ ਕੰਨ ਪੜਵਾ ਲੈਂਦਾ ਹੈ ।

4. ਫਕਰ ਬਣ ਜਾਂਦਾ ਹੈ ਉਹ, ਕੁਲ ਦੀ ਅਣਖ ਗਵਾ ਬੈਠਦਾ ਹੈ ।

5. (ਉਂਝ ਤਾਂ ਆਪਣੇ ਆਪ ਨੂੰ) ਗੁਰੂ ਪੀਰ ਅਖਵਾਂਦਾ ਹੈ, ਪਰ ਰੋਟੀ ਦਰ ਦਰ ਮੰਗਦਾ ਫਿਰਦਾ ਹੈ ।

6. ਹੇ ਭਾਈਓ ! (ਯਾਦ ਰਖੋ) ਅਜਿਹੇ ਬੰਦੇ ਦੇ ਪੈਰੀਂ ਭੀ ਕਦੇ ਨਹੀਂ ਲਗਣਾ ਚਾਹੀਦਾ ।

ਪ੍ਰ:–ਗੁਰਦੇਵ ਜੀਓ ! ਆਖਰ ਉਹ ਬੰਦੇ ਕੌਣ ਹਨ ਜੋ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ ?

7. ਉ –ਹੇ ਪਿਆਰੇ ! ਜੋ ਜੋ ਮਨੁੱਖ ਮਿਹਨਤ ਨਾਲ ਕਮਾ ਕੇ (ਆਪ) ਖਾਂਦਾ ਹੈ, ਉਸ ਕਮਾਈ ਵਿਚੋਂ ਹੋਰਨਾਂ ਨੂੰ ਭੀ ਦੇਂਦਾ ਹੈ ।

8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਪਿਆਰੇ ! ਅਜਿਹੇ ਬੰਦੇ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ ।੧।

ਭਾਵਾਰਥ :–ਲੋਭੀ ਆਦਮੀ ਫਕੀਰ ਭੀ ਬਣ ਜਾਏ, ਤਾਂ ਭੀ ਕਿਸੇ ਕੰਮ ਦਾ ਨਹੀਂ, ਅਜਿਹੇ ਟੁੱਕਰ ਬਟੋਰਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ, ਕਿਉਂਕਿ ਆਪ ਕਮਾ ਕੇ ਖਾਣਾ ਤੇ ਵੰਡ ਕੇ ਛਕਣਾ ਅਜਿਹੀ ਫਕੀਰੀ ਕੋਲੋਂ ਚੰਗਾ ਹੈ ।

ਮ: ੧ ॥

1. ਮਨਹੁ ਜਿ ਅੰਧੇ ਕੂਪ
ਕਹਿਆ ਬਿਰਦੁ ਨ ਜਾਣਨੀ੍ ॥
2. ਮਨਿ ਅੰਧੈ ਊਂਧੈ ਕਵਲਿ
ਦਿਸਨਿ੍ ਖਰੇ ਕਰੂਪ ॥
3. ਇਕਿ ਕਹਿ ਜਾਣਹਿ ਕਹਿਆ ਬੁਝਹਿ
ਤੇ ਨਰ ਸੁਘੜ ਸਰੂਪ ॥
4. ਇਕਨਾ ਨਾਦ ਨ ਬੇਦ ਨ ਗੀਅ ਰਸੁ
ਰਸ ਕਸ ਨ ਜਾਣੰਤਿ ॥
5. ਇਕਨਾ ਸੁਧਿ ਨ ਬੁਧਿ ਨ ਅਕਲਿ
ਸਰ ਅਖਰ ਕਾ ਭੇਉ ਨ ਲਹੰਤਿ ॥
6. ਨਾਨਕ ਸੇ ਨਰ ਅਸਲਿ ਖਰ
ਜਿ ਬਿਨੁ ਗੁਣ ਗਰਬੁ ਕਰੰਤਿ ॥ ੨ ॥

ਪਦ ਅਰਥ :–ਅੰਧੇ ਕੂਪ–ਅੰਨ੍ਹੇ ਖੂਹ, ਬਹੁਤ ਹੀ ਮੂਰਖ । ਬਿਰਦੁ–(ਇਨਸਾਨੀ) ਫਰਜ਼ । ਕਹਿਆ–ਦਸਿਆ ਭੀ, ਆਖਿਆ ਭੀ । ਮਨਿ ਅੰਧੈ–ਅੰਨ੍ਹੇ ਮਨ ਦੇ ਕਾਰਨ । ਊਂਧੈ ਕਵਲਿ–ਉਲਟੇ ਹੋਏ (ਹਿਰਦੇ) ਕੰਵਲ ਦੇ ਕਾਰਨ । ਖਰੇ ਕਰੂਪ–ਬਹੁਤ ਕੋਝੇ । ਕਹਿ ਜਾਣਹਿ–ਗੱਲ ਕਰਨੀ ਜਾਣਦੇ ਹਨ । ਸੁਘੜ–ਸੁ-ਘੜ, ਸੁਚੱਜੇ । ਨਾਦ ਰਸੁ–ਨਾਦ ਦਾ ਰਸ । ਬੇਦ ਰਸੁ–ਵੇਦ ਦਾ ਰਸ । ਗੀਅ ਰਸੁ–ਗੀਤ ਦਾ ਰਸ । ਰਸ ਕਸ–ਮਿਠੇ ਕਸੈਲੇ ਰਸ । ਸੁਧਿ–ਸੂਝ । ਬੁਧਿ–ਅਕਲ । ਸਰ–ਸਾਰ, ਸਮਝ । ਭੇਉ–ਭੇਤ । ਅਖਰ ਕਾ ਭੇਉ–ਪੜ੍ਹਨ ਦੀ ਜਾਚ । ਅਸਲਿ ਖਰ–ਨਿਰੇ ਖੋਤੇ, ਨਿਰੇ ਗਧੇ । ਗਰਬੁ–ਅਹੰਕਾਰ । ਜਿ–ਜਿਹੜੇ ।੨।

ਅਰਥ :–

ਪ੍ਰ:–ਗੁਰਦੇਵ ਜੀਓ ! ਗੁਰਮਤਿ ਵਿਚ ਵਧੇਰੇ ਕੋਝੇ ਮਨੁੱਖ ਕੌਣ ਮੰਨੇ ਗਏ ਹਨ ?

1. ਉ:–ਹੇ ਭਾਈ ! (ਅਸਲ ਵਿਚ) ਜੋ ਮਨੁੱਖ ਮਨ ਕਰਕੇ ਅੰਨ੍ਹੇ ਘੁੱਪ ਹਨ (ਭਾਵ ਪੁਜ ਕੇ) ਮੂਰਖ ਹਨ (ਕਿਉਂਕਿ) ਉਹ ਦਸਿਆ ਹੋਇਆ ਭੀ ਇਨਸਾਨੀ ਫਰਜ਼ ਨਹੀਂ ਜਾਣਦੇ ।

2. ਹੇ ਪਿਆਰੇ ! ਉਹ ਮਨ ਅੰਨ੍ਹਾ ਹੋਣ ਕਰਕੇ ਤੇ ਹਿਰਦਾ ਕਵਲ (ਧਰਮ ਵਲੋਂ) ਉਲਟਿਆ ਹੋਣ ਕਾਰਨ ਉਹ ਬੰਦੇ ਬਹੁਤ ਹੀ ਕੋਝੇ ਲਗਦੇ ਹਨ ।

ਪ੍ਰ:–ਕਿਉਂ ਜੀ ! ਆਪ ਸੁਚੱਜੇ ਮਨੁੱਖ ਕਿਨ੍ਹਾਂ ਨੂੰ ਮੰਨਦੇ ਹੋ ?

3. ਉ:–ਹੇ ਭਾਈਓ ! (ਅਸੀਂ ਤਾਂ ਵੇਖਦੇ ਹਾਂ ਕਿ) ਕਈ ਮਨੁੱਖ ਐਸੇ ਹਨ ਜੋ ਗੱਲ ਕਰਨੀ ਭੀ ਜਾਣਦੇ ਹਨ, ਤੇ ਕਿਸੇ ਦੀ ਆਖੀ ਭੀ ਸਮਝਦੇ ਹਨ, (ਸਮਝੋ) ਉਹ (ਅਜਿਹੇ) ਮਨੁੱਖ ਸੁਚੱਜੇ ਤੇ ਸੋਹਣੇ ਜਾਪਦੇ ਹਨ ।

ਪ੍ਰ:—ਸ੍ਰੀ ਜੀਓ ! ਆਪ ਜੀ ਸਭ ਤੋਂ ਘਟੀਆ ਬੰਦੇ ਕਿਨ੍ਹਾਂ ਨੂੰ ਮੰਨਦੇ ਹੋ ?

4. ਉ:—ਹੇ ਭਾਈ ! (ਅਸੀਂ ਤਾਂ ਵੇਖਦੇ ਹਾਂ ਕਿ) ਕਈ ਬੰਦਿਆਂ ਨੂੰ ਨਾ ਜੋਗੀਆਂ ਦੇ ਨਾਦ ਦਾ ਰਸ ਹੈ, ਨਾ ਵੇਦ ਦਾ ਸ਼ੌਂਕ, ਨਾ ਰਾਗ ਦੀ ਖਿੱਚ, ਕਿਸੇ ਤਰ੍ਹਾਂ ਦੇ ਹੁਨਰ ਵਲ (ਭੀ) ਰੁਚੀ ਨਹੀਂ ਹੈ।

5. ਹੇ ਪਿਆਰੇ ! ਜਿਨ੍ਹਾਂ ਨੂੰ ਨਾ ਸੂਝ, ਨਾ ਬੁਧੀ, ਨਾ ਅਕਲ ਦੀ ਸਾਰ ਅਤੇ ਇਕ ਅਖਰ ਭੀ ਪੜ੍ਹਨਾ ਨਹੀਂ ਜਾਣਦੇ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈ ! ਜਿੰਨਾ ਚਿਰ ਕੋਈ ਭੀ ਗੁਣ ਨਾ ਹੋਵੇ ਤੇ ਅਹੰਕਾਰ ਕਰੀ ਜਾਣ (ਜਾਣੋ) ਉਹ ਮਨੁੱਖ ਨਿਰੇ (ਹੀ) ਖੋਤੇ ਹਨ ।੨।

ਭਾਵਾਰਥ :—ਕਈ ਅੰਦਰੋਂ ਅੰਨ੍ਹੇ ਹੋਣ ਕਰਕੇ ਕੋਈ ਗੁਣ ਨਹੀਂ ਰਖਦੇ ਤੇ ਨਾ ਹੀ ਆਪਣੇ ਕਥਨਾਂ ਦੀ ਲਾਜ ਪਾਲਦੇ ਹਨ, ਇਹੋ ਜਿਹੇ ਮਨੁੱਖ ਨਿਰੇ ਹੀ ਮੂਰਖ ਹਨ।

ਪਉੜੀ ॥

1. ਗੁਰਮੁਖਿ ਸਭ ਪਵਿਤੁ ਹੈ
ਧਨੁ ਸੰਪੈ ਮਾਇਆ ॥
2. ਹਰਿ ਅਰਥਿ ਜੋ ਖਰਚਦੇ
ਦੇਂਦੇ ਸੁਖੁ ਪਾਇਆ ॥
3. ਜੋ ਹਰਿ ਨਾਮੁ ਧਿਆਇਦੇ
ਤਿਨ ਤੋਟਿ ਨ ਆਇਆ ॥
4. ਗੁਰਮੁਖਾਂ ਨਦਰੀ ਆਵਦਾ
ਮਾਇਆ ਸੁਟਿ ਪਾਇਆ ॥
5. ਨਾਨਕ ਭਗਤਾਂ ਹੋਰੁ ਚਿਤਿ ਨ ਆਵਈ
ਹਰਿ ਨਾਮਿ ਸਮਾਇਆ ॥ ੨੨ ॥

ਪਦ ਅਰਥ :-ਸੰਪੈ-ਧਨ । ਜੋ-ਕਿਉਂਕਿ ਉਹ । ਤੋਟਿ—ਕਮੀ, ਘਾਟਾ, ਥੁੜ। ਸੁਟਿ ਪਾਇਆ—ਹਥੋਂ ਦੇਂਦੇ ਹਨ। ਚਿਤਿ-ਚਿਤ ਵਿਚ। ਆਵਈ—ਆਵੈ, ਆਉਂਦਾ। ਨਾਮਿ—ਨਾਮ ਵਿਚ । ਅਰਥਿ—ਅਰਥ ਵਿਚ, ਲੋੜ ਵਿਚ, ਦੀ ਖਾਤਰ ।੨੨।

ਅਰਥ :—

ਪ੍ਰ:—ਸ੍ਰੀ ਜੀਓ ! ਜੋ ਮਾਇਆ ਹਰ ਮਨੁੱਖ ਦੇ ਮਨ ਨੂੰ ਅਪਵਿਤ੍ਰ ਕਰਦੀ ਹੈ, ਕੀ ਉਹ ਗੁਰਮੁਖਾ ਦੇ ਮਨ ਦੀ ਮਲੀਨਤਾ ਦਾ ਕਾਰਨ ਨਹੀਂ ਬਣਦੀ ?

1. ਉ:—ਹੇ ਭਾਈਓ ! (ਅਸਲ ਵਿਚ) ਜੋ ਮਨੁੱਖ ਗੁਰੂ ਦੇ ਦਸੇ ਰਾਹ ਤੇ ਤੁਰਦੇ ਹਨ, ਉਨ੍ਹਾਂ ਲਈ ਧਨ ਪਦਾਰਥ ਮਾਇਆ ਆਦਿਕ ਸਭ ਕੁਝ ਪਵਿਤਰ ਹੈ।

2. ਹੇ ਪਿਆਰੇ ! ਕਿਉਂਕਿ ਉਹ ਰਬ ਲੇਖੇ ਭੀ ਖਰਚਦੇ ਹਨ ਤੇ (ਲੋੜਵੰਦਾਂ ਨੂੰ) ਦੇਂਦੇ ਹਨ, (ਉਹ ਜਿਉਂ ਜਿਉਂ ਵੰਡਦੇ ਹਨ ਤਿਉਂ ਤਿਉਂ) ਸੁੱਖ ਪਾਉਂਦੇ ਹਨ।

ਪ੍ਰ:—ਕਿਉਂ ਜੀ, ਵੰਡਦਿਆਂ ਵੰਡਦਿਆਂ ਉਨ੍ਹਾਂ ਦਾ ਧਨ ਕੀ ਮੁਕ ਨਹੀਂ ਜਾਂਦਾ ?

3. ਉ:-ਹੇ ਭਾਈ ! ਜੋ ਮਨੁੱਖ ਪ੍ਰਮੇਸ਼ਰ ਦਾ ਨਾਮ ਸਿਮਰਦੇ ਹਨ (ਤੇ ਮਾਇਆ ਲੋੜਵੰਦਾਂ ਨੂੰ ਦੇਂਦੇ ਹਨ) ਉਨ੍ਹਾਂ ਨੂੰ (ਮਾਇਆ ਵਲੋਂ ਕਦੇ ਭੀ) ਥੁੜ ਨਹੀਂ ਆਇਆ ਕਰਦੀ।

4. ਐ ਪਿਆਰੇ ! ਗੁਰਮੁਖਾਂ ਨੂੰ ਗੁਰੂ ਦੇ ਸਨਮੁਖ ਰਹਿਣ ਕਰਕੇ (ਇਹ ਗਲ) ਸਾਫ ਦਿਸਦੀ ਹੈ, (ਇਸ ਵਾਸਤੇ) ਉਹ ਮਾਇਆ (ਹੋਰਨਾਂ ਨੂੰ) ਭੀ ਹਥੋਂ ਦੇਂਦੇ ਰਹਿੰਦੇ ਹਨ।

ਪ੍ਰ:—ਸ੍ਰੀ ਜੀਓ ! ਅਜਿਹੇ ਭਗਤਾਂ ਦੀ ਮਾਨਸਕ ਅਵਸਥਾ ਕਿਹੋ ਜਿਹੀ ਹੋ ਜਾਂਦੀ ਹੈ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ ਹੇ ਪਿਆਰੇ ! ਭਗਤੀ ਕਰਨ ਵਾਲੇ ਬੰਦਿਆਂ ਨੂੰ (ਪ੍ਰਭੂ ਦੇ ਨਾਮ ਤੋਂ ਬਿਨਾਂ ਕੁਝ) ਹੋਰ ਚਿਤ ਵਿਚ ਨਹੀਂ ਆਉਂਦਾ (ਭਾਵ ਧਨ ਆਦਿਕ ਦਾ ਮੋਹ ਉਨ੍ਹਾਂ ਦੇ ਮਨ ਵਿਚ ਘਰ ਨਹੀਂ ਕਰਦਾ) ਉਹ ਪ੍ਰਭੂ ਦੇ ਨਾਮ ਵਿਚ (ਹੀ) ਲੀਨ ਰਹਿੰਦੇ ਹਨ ।੨੨।

ਭਾਵਾਰਥ :—ਬੰਦਗੀ ਕਰਨ ਵਾਲਿਆਂ ਦੇ ਮਨ ਵਿਚ ਧਨ ਆਦਿਕ ਦਾ ਮੋਹ ਘਰ ਨਹੀਂ ਕਰ ਸਕਦਾ, ਕਿਉਂਕਿ, ਉਹ ਰਬ ਲੇਖੇ ਖਰਚ ਭੀ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਤੋਟ ਭੀ ਨਹੀਂ ਆਉਂਦੀ, ਅਤੇ ਉਹ ਰਹਿੰਦੇ ਭੀ ਸਦਾ ਸੁਖੀਏ ਹਨ ।

ਸਲੋਕ ਮ: ੪ ॥

1. ਸਤਿਗੁਰੁ ਸੇਵਨਿ ਸੇ ਵਡਭਾਗੀ ॥
2. ਸਚੈ ਸਬਦਿ ਜਿਨ੍ਾ ਏਕ ਲਿਵ ਲਾਗੀ ॥
3. ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥
4. ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥

ਪਦ ਅਰਥ :-ਗਿਰਹ—ਗ੍ਰਿਹਸਤ । ਸਹਜਿ—ਸਹਿਜ ਵਿਚ, ਅਡੋਲ ਅਵਸਥਾ ਵਿਚ। ਨਾਮਿ—ਨਾਮ ਵਿਚ। ਬੈਰਾਗੀ—ਵਿਰਕਤ ।੧।

ਅਰਥ :—

ਪ੍ਰ:-ਗੁਰਦੇਵ ਜੀਓ ! ਗੁਰਮਤਿ ਅਨੁਸਾਰ ਆਪ ਸਚੇ ਵਿਰਕਤ ਕਿਨ੍ਹਾਂ ਨੂੰ ਅਨੁਭਵ ਕਰਦੇ ਹੋ ?

1. ਉ:-ਹੇ ਭਾਈਓ ! (ਸਮਝੋ ਕਿ) ਉਹ ਮਨੁੱਖ ਵਡੇ ਭਾਗਾਂ ਵਾਲੇ ਹਨ ਜੋ ਆਪਣੇ ਗੁਰੂ ਦੇ ਦਸੇ ਰਾਹ ਤੇ ਤੁਰਦੇ ਹਨ।

2. ਗੁਰੂ ਦੇ ਸਚੇ ਸ਼ਬਦ ਦੀ ਰਾਹੀਂ ਜਿਨ੍ਹਾਂ ਦੀ ਸੁਰਤਿ ਇਕ ਪ੍ਰਮਾਤਮਾ ਵਿਚ ਲਗੀ ਰਹਿੰਦੀ ਹੈ।

3. ਅਤੇ ਜੋ ਗ੍ਰਿਹਸਤ ਪਰਵਾਰ ਵਿਚ ਰਹਿੰਦੇ ਹੋਏ ਭੀ ਅਡੋਲ ਅਵਸਥਾ ਵਿਚ ਟਿਕੇ ਰਹਿੰਦੇ ਹਨ।
4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈਓ ! ਉਹ ਮਨੁੱਖ ਅਸਲ ਵਿਰਕਤ ਹਨ, ਜੋ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ।੧।

ਭਾਵਾਰਥ :– ਗੁਰੂ ਦੇ ਸ਼ਬਦ ਅਨੁਸਾਰ ਜ਼ਿੰਦਗੀ ਬਨ ਣ ਵਾਲਾ ਮਨੁੱਖ ਗ੍ਰਿਹਸਤ ਵਿਚ ਰਹਿੰਦਾ ਹੋਇਆ ਭੀ ਅਡੋਲ ਵਿਚਰਦਾ ਹੈ।

ਮ: ੪ ॥

1. **ਗਣਤੈ ਸੇਵ ਨ ਹੋਵਈ**
ਕੀਤਾ ਥਾਇ ਨ ਪਾਇ ॥
2. **ਸਬਦੈ ਸਾਦੁ ਨ ਆਇਓ**
ਸਚਿ ਨ ਲਗੋ ਭਾਉ ॥
3. **ਸਤਿਗੁਰੁ ਪਿਆਰਾ ਨ ਲਗਈ**
ਮਨ ਹਠਿ ਆਵੈ ਜਾਇ ॥
4. **ਜੇ ਇਕ ਵਿਖ ਅਗਾਹਾ ਭਰੇ**
ਤਾਂ ਦਸ ਵਿਖਾਂ ਪਿਛਾਹਾ ਜਾਇ ॥
5. **ਸਤਿਗੁਰ ਕੀ ਸੇਵਾ ਚਾਕਰੀ**
ਜੇ ਚਲਹਿ ਸਤਿਗੁਰ ਭਾਇ ॥
6. **ਆਪੁ ਗਵਾਇ ਸਤਿਗੁਰੂ ਨੋ ਮਿਲੈ**
ਸਹਜੇ ਰਹੈ ਸਮਾਇ ॥
7. **ਨਾਨਕ ਤਿਨ੍ਾ ਨਾਮੁ ਨ ਵੀਸਰੈ**
ਸਚੇ ਮੇਲਿ ਮਿਲਾਇ ॥ ੨ ॥

ਪਦ ਅਰਥ :-ਗਣਤੈ–ਲੇਖਾ ਕੀਤਿਆਂ, ਦਸ ਦਸ ਕੇ, ਵਡਿਆ ਵਡਿਆ ਕੇ। ਥਾਇ ਨ ਪਾਇ–ਕਬੂਲ ਨਹੀਂ ਪੈਂਦਾ। ਸਾਦੁ–ਸੁਆਦ, ਰਸ, ਆਨੰਦ। ਸਚਿ–ਸਚ ਵਿਚ, ਪ੍ਰਭੂ ਦੇ ਨਾਮ ਵਿਚ। ਭਾਉ–ਪਿਆਰ। ਆਇਓ–ਆਇਆ। ਹਠਿ–ਹਠ ਨਾਲ। ਵਿਖ–ਕਦਮ। ਭਾਇ–ਰਜ਼ਾ ਅਨੁਸਾਰ। ਆਪੁ–ਆਪਾ ਭਾਵ। ਸਹਜੇ–ਸਹਜ ਵਿਚ ਹੀ, ਆਤਮਕ ਅਡੋਲਤਾ ਵਿਚ ਹੀ।੨।

ਅਰਥ:–

ਪ੍ਰ:–ਗੁਰਦੇਵ ਜੀਓ ! ਕਈ ਲੋਕ ਕੁਝ ਸੇਵਾ ਕਰ ਕੇ, ਜਾਂ ਕੋਈ ਚੰਗਾ ਕੰਮ ਕਰ ਕੇ ਉਸ ਨੂੰ ਬਾਰ ਬਾਰ ਜਣਾਉਂਦੇ ਰਹਿੰਦੇ ਹਨ, ਕੀ ਉਨ੍ਹਾਂ ਨੂੰ ਕੀਤੀ ਸੇਵਾ ਦਾ ਭੀ ਕੋਈ ਫਲ ਮਿਲੇਗਾ ?

1. ਉ:–ਹੇ ਭਾਈਓ ! ਜੇ (ਅਸੀ) ਇਹੋ ਹੀ ਆਖਦੇ ਰਹੀਏ ਕਿ, ਮੈਂ ਫਲਾਣਾ (ਚੰਗਾ) ਕੰਮ ਕੀਤਾ ਹੈ ਅਤੇ ਫਲਾਣੀ ਸੇਵਾ ਕੀਤੀ ਹੈ ਤਾਂ ਇਸ ਤਰ੍ਹਾਂ ਸੇਵਾ ਤਾਂ ਸੇਵਾ ਹੀ ਨਹੀਂ ਕਹੀ ਜਾ ਸਕਦੀ, ਇਸ ਤਰ੍ਹਾਂ ਕੀਤਾ ਹੋਇਆ ਕੋਈ ਭੀ ਕੰਮ ਸਫਲਾ ਨਹੀਂ ਹੁੰਦਾ (ਭਾਵ ਕੋਈ ਫਲ ਨਹੀਂ ਮਿਲਦਾ।
2. ਹੇ ਪਿਆਰੇ ! ਜਿਸ ਨੂੰ ਗੁਰੂ ਦੇ ਸ਼ਬਦ ਦਾ ਅਨੰਦ ਨਹੀਂ ਆਉਂਦਾ, ਪ੍ਰਭੂ ਦੇ ਨਾਮ ਵਿਚ ਉਸ ਦਾ ਪਿਆਰ (ਭੀ) ਨਹੀਂ ਬਣ ਸਕਦਾ।
3. ਜਿਸ ਨੂੰ ਗੁਰੂ ਪਿਆਰਾ ਨਹੀਂ ਲਗਦਾ, ਉਹ ਮਨ ਦੇ ਹਠ ਨਾਲ ਹੀ (ਗੁਰੂ ਦੇ ਦਰ ਤੇ) ਆਉ ਦਾ ਜਾਂਦਾ ਹੈ (ਭਾਵ ਗੁਰੂ ਦੇ ਦਰ ਤੇ ਜਾਣ ਦਾ ਉਸ ਨੂੰ ਕੋਈ ਲਾਭ ਨਹੀਂ ਹੁੰਦਾ)।

ਪ੍ਰ:–ਕਿਉਂ ਜੀ, ਗੁਰੂ ਦੇ ਦਰ ਤੇ ਆਉਣ ਦਾ ਉਸ ਨੂੰ ਕੋਈ ਭੀ ਲਾਭ ਕਿਉਂ ਨਹੀਂ ਹੁੰਦਾ ?

4. ਉ:–ਹੇ ਪਿਆਰੇ ! (ਉਹ ਇਸ ਲਈ ਕਿਉਂਕਿ) ਜੇ ਉਹ ਇਕ ਕਦਮ ਅਗਾਹਾਂ ਨੂੰ ਪੁਟਦਾ ਹੈ ਤਾਂ ਦਸ ਕਦਮ ਪਿਛਾਂਹ ਜਾ ਪੈਂਦਾ ਹੈ।

ਪ੍ਰ–ਸ੍ਰੀ ਜੀਓ ! ਦਸੋ, ਆਖਰ ਸੇਵਾ ਕੀਤੀ ਸਫਲ ਕਿਵੇਂ ਹੁੰਦੀ ਹੈ ?

5. ਉ:–ਹੇ ਭਾਈ ! (ਅਸਲ ਵਿਚ) ਜੇ ਮਨੁੱਖ ਸਤਿਗੁਰੂ ਦੇ ਭਾਣੇ ਵਿਚ ਤੁਰਨ ਤਾਂ ਗੁਰੂ ਦੀ ਸੇਵਾ ਚਾਕਰੀ ਪ੍ਰਵਾਨ ਹੁੰਦੀ ਹੈ।

ਪ੍ਰ:–ਸ੍ਰੀ ਜੀਓ ! ਆਖਰ ਅਡੋਲ ਅਵਸਥਾ ਵਿਚ ਕਿਸ ਸੇਵਕ ਦਾ ਟਿਕਾਓ ਹੁੰਦਾ ਹੈ ?

6. ਉ:–ਹੇ ਪਿਆਰੇ ! ਜੋ ਮਨੁੱਖ ਆਪਾ ਭਾਵ ਮਿਟਾ ਕੇ ਗੁਰੂ ਦੇ ਦਰ ਤੇ ਜਾਏ ਤਾਂ ਉਹ ਅਡੋਲ ਅਵਸਥਾ ਵਿਚ ਟਿਕਿਆ ਰਹਿੰਦਾ ਹੈ।
7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਭਾਈਓ ! ਅਜਿਹੇ ਬੰਦਿਆਂ ਨੂੰ ਪ੍ਰਭੂ ਦਾ ਨਾਮ ਕਦੇ ਨਹੀਂ ਭੁਲਦਾ, ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ (ਹੀ) ਜੁੜੇ ਰਹਿੰਦੇ ਹਨ।੨।

ਭਾਵਾਰਥ :– ਅਸਲ ਵਿਚ ਸਚਾ ਸੇਵਕ ਗਿਣਤੀ ਮਿਣਤੀ ਵਿਚ ਨਹੀਂ ਪੈਂਦਾ, ਕਿਉ ਕਿ ਇਉਂ ਕਰਨ ਨਾਲ ਨਾ ਗੁਰੂ ਪਿਆਰਾ ਲਗਦਾ ਹੈ, ਨਾ ਉਸ ਦੀ ਬਾਣੀ। ਉਹ ਤਾਂ ਮਨ ਦੀ ਜ਼ਿਦ ਪਿਛੇ ਲਗਾ ਹੋਇਆ ਪਿਛਾਹਾਂ ਹੀ ਪਿਛਾਹਾਂ ਜਾਂਦਾ ਹੈ, ਪਰ ਗੁਰਮੁਖ ਤਾਂ ਆਪਣਾ ਆਪ ਗੁਰੂ ਤੇ ਸੁਟ ਕੇ ਹਰੀ ਦੇ ਧਿਆਨ ਵਿਚ ਜੁੜਿਆ ਰਹਿੰਦਾ ਹੈ।

ਪਉੜੀ ॥

1. **ਖਾਨ ਮਲੂਕ ਕਹਾਇਦੇ**
ਕੋ ਰਹਣੁ ਨ ਪਾਈ ॥
2. **ਗੜ੍ਹ ਮੰਦਰ ਗਚ ਗੀਰੀਆ**
ਕਿਛੁ ਸਾਥਿ ਨ ਜਾਈ ॥

3, ਸੋਇ ਨ ਸਾਖਤਿ ਪਉਣ ਵੇਗ
ਧ੍ਰਿਗੁ ਧ੍ਰਿਗੁ ਚਤੁਰਾਈ ॥
4. ਛਤੀਹ ਅੰਮ੍ਰਿਤ ਪਰਕਾਰ ਕਰਹਿ
ਬਹੁ ਮੈਲੁ ਵਧਾਈ ॥
5. ਨਾਨਕ ਜੋ ਦੇਵੈ ਤਿਸਹਿ ਨ ਜਾਣਨੀ
ਮਨਮੁਖਿ ਦੁਖੁ ਪਾਈ ॥ ੨੩ ॥

ਪਦ ਅਰਥ :– ਮਲੂਕ–ਬਾਦਸ਼ਾਹ । ਗੜ੍ਹ–ਕਿਲ੍ਹੇ । ਗਚ ਗੀਰੀਆ–ਚੂਨੇ ਗਚ ਇਮਾਰਤਾਂ, ਉਹ ਇਮਾਰਤਾਂ ਜਿਨ੍ਹਾਂ ਵਿਚ ਪਕੜ ਚੂਨੇ ਦੀ ਹੋਵੇ [ਗੀਰ–ਪਕੜ] । ਸਾਖਤਿ–ਘੋੜੇ ਦੀ ਪੂਛਲ ਵਿਚ ਪਾਣ ਵਾਲਾ ਰਸਾ, ਦੁਮਚੀ । ਵੇਗ–ਰਫਤਾਰ । ਮੈਲੁ–ਵਿਸ਼ਟਾ ।੨੩।

ਅਰਥ :

ਪ੍ਰ:–ਗੁਰਦੇਵ ਜੀਓ ! ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ ਜੋ ਬਾਦਸ਼ਾਹ ਵਡੇ ਵਡੇ ਚੂਨੇ ਗਚ ਮੰਦਰਾਂ ਵਿਚ ਰਹਿੰਦੇ ਹਨ ਕੀ ਇਹ ਵਧੇਰੇ ਸੁਖੀਏ ਹੋਣਗੇ ?

1. ਉ.–ਹੇ ਭਾਈਓ ! (ਸੁਣੋ, ਜੋ ਲੋਕ ਆਪਣੇ ਆਪ ਨੂੰ) ਖਾਨ ਅਤੇ ਬਾਦਸ਼ਾਹ ਅਖਵਾਂਦੇ ਹਨ, (ਤਾਂ ਭੀ ਕੀ ਹੋਇਆ ?) ਕਿਉਂਕਿ ਕੋਈ (ਇਥੇ ਸਦਾ) ਨਹੀਂ ਰਹਿ ਸਕਦਾ ।
2. ਐ ਪਿਆਰੇ ! ਜੇ ਕਿਲ੍ਹੇ, ਸੋਹਣੇ ਘਰ ਤੇ ਚੂਨੇ ਗਚ ਇਮਾਰਤਾਂ ਹੋਣ (ਤਾਂ ਭੀ ਕੀ ਹੈ ?) ਕਿਉਂਕਿ ਮਨੁੱਖ ਦੇ ਮਰਨ ਤੋਂ ਕੋਈ ਭੀ ਚੀਜ਼ ਨਾਲ ਨਹੀਂ ਜਾਂਦੀ ।
3. ਹੇ ਭਾਈਓ ! ਜੇ ਸੋਨੇ ਦੀਆਂ ਦੁਮਚੀਆਂ ਵਲੇ ਤੇ ਹਵਾ ਵਰਗੇ ਤੇਜ਼ ਰਫਤਾਰ ਵਾਲੇ ਘੋੜੇ ਹੋਣ (ਤਾਂ ਭੀ ਇਨ੍ਹਾਂ ਦੇ ਮਾਣ ਤੇ ਕੋਈ) ਆਕੜ ਵਿਖਾਉਣੀ ਧਿਕਾਰ-ਯੋਗ ਹੈ ।
4. ਐ ਪਿਆਰੇ ! ਜੇ ਕਈ ਕਿਸਮਾਂ ਦੇ ਸੁੰਦਰ ਸੁਆਦਲੇ ਖਾਣੇ ਭੀ ਖਾਂਦੇ ਹੋਣ (ਤਾਂ ਭੀ ਤਾਂ ਸਮਝੋ ਉਹ) ਬਹੁਤਾ ਵਿਸ਼ਟਾ ਹੀ ਵਧਾਂਦੇ ਹਨ ।

ਪ੍ਰ:–ਸ੍ਰੀ ਜੀਓ ! ਦਸੋ, ਇਤਨੇ ਪਦਾਰਥਾਂ ਵਾਲੇ ਲੋਕਾਂ ਨੂੰ ਤੁਸੀਂ ਨੀਵੀਂ ਨਜ਼ਰ ਨਾਲ ਕਿਉਂ ਤਕਦੇ ਹੋ ?

5.ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਭਾਈਓ ! ਜੋ ਦਾਤਾਰ ਪ੍ਰਭੂ ਇਹ ਸਾਰੀਆਂ ਚੀਜ਼ਾਂ ਦੇਂਦਾ ਹੈ, ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ (ਜੋ) ਉਸ ਨਾਲ ਡੂੰਘੀ ਸਾਂਝ ਨਹੀਂ ਬਣਾਂਦੇ (ਤਾਂ ਜਾਣੋ ਇਸ ਵਾਸਤੇ ਉਹ ਲੋਕ) ਦੁਖ ਹੀ ਪਾਂਦੇ ਹਨ ।੨੩।

ਭਾਵਾਰਥ :– ਰਾਜ ਤੇ ਪਾਤਸ਼ਾਹੀ, ਕਿਲ੍ਹੇ ਤੇ ਸੁੰਦਰ ਇਮਰਤ , ਸੋਨੇ ਨਾਲ ਸਜੇ ਹੋਏ ਵਧੀਆ ਘੋੜੇ, ਕਈ ਕਿਸਮਾਂ ਦੇ ਸੁਆਦਲੇ ਖਾਣੇ, ਜੋ ਮਨੁੱਖ ਇਨ੍ਹਾਂ ਦੇ ਦੇਵਣਹਾਰ ਨੂੰ ਵਿਸਾਰ ਕੇ ਮਨ ਦੀਆਂ ਮੌਜਾਂ ਵਿਚ ਲੱਗਦਾ ਹੈ ਉਹ ਦੁੱਖ ਹੀ ਪਾਉਂਦਾ ਹੈ । ਜੇ ਦੇਣਹਾਰ ਦਾਤਾਰ ਯਾਦ ਨਹੀਂ ਰਹਿੰਦਾ ਤਾਂ ਵਡੀਆਂ ਵਡੀਆਂ ਪਦਵੀਆਂ ਤੇ ਖੁਸ਼ੀ ਦੇ ਸਮਿਆਨ ਭੀ ਸੁਖ ਦੇਣ ਦੀ ਥਾਂ ਦੁਖ ਦਾ ਕਾਰਨ ਬਣ ਜਾਂਦੇ ਹਨ ।

ਸਲੋਕ ਮ: ੩ ॥

1. ਪੜਿ ਪੜਿ ਪੰਡਿਤ ਮੋਨੀ ਥਕੇ
ਦੇਸੰਤਰੁ ਭਵਿ ਥਕੇ ਭੇਖਧਾਰੀ ॥
2. ਦੂਜੈ ਭਾਇ ਨਾਉ ਕਦੇ ਨ ਪਾਇਨਿ
ਦੁਖੁ ਲਾਗਾ ਅਤਿ ਭਾਰੀ ॥
3. ਮੂਰਖ ਅੰਧੇ ਤ੍ਰੈ ਗੁਣ ਸੇਵਹਿ
ਮਾਇਆ ਕੈ ਬਿਉਹਾਰੀ ॥
4. ਅੰਦਰਿ ਕਪਟੁ ਉਦਰੁ ਭਰਣ ਕੈ ਤਾਈ
ਪਾਠ ਪੜਹਿ ਗਾਵਾਰੀ ॥
5. ਸਤਿਗੁਰੁ ਸੇਵਹਿ ਸੋ ਸੁਖੁ ਪਾਏ
ਜਿਨ ਹਉਮੈ ਵਿਚਹੁ ਮਾਰੀ ॥
6. ਨਾਨਕ ਪੜਣਾ ਗੁਨਣਾ ਇਕੁ ਨਾਉ ਹੈ
ਬੂਝੈ ਕੋ ਬੀਚਾਰੀ ॥ ੧ ॥

ਪਦ ਅਰਥ :– ਮੋਨੀ–ਮੁਨੀ, ਹੋਰਨਾਂ ਨਾਲ ਗਲਾਂ ਨਾ ਕਰਨ ਵਾਲੇ. ਮੋਨ ਧਾਰੀ [ਅਖਰ 'ਮ' ਦ ਨਾਲ (ੋ) ਤੇ (ੁ) ਦੋ ਮਾਤਰਾਂ ਹਨ, ਇਥੇ ਪਾਠ 'ਮੋਨੀ' ਕਰਨਾ ਹੈ, ਅਸਲ ਲਫਜ਼ ਮੁਨੀ ਹੈ] । ਦੇਸੰਤਰੁ–ਦੇਸ-ਅੰਤਰ, ਹੋਰ ਹੋਰ ਦੇਸ । ਭੇਖਧਾਰੀ–ਭੇਖੀ ਸਾਧੂ । ਦੂਜੈ ਭਾਇ–ਪ੍ਰਭੂ ਤੋਂ ਬਿਨਾਂ ਹੋਰ (ਭਾਵ ਮਾਇਆ) ਵਿਚ ਪਿਆਰ ਦੇ ਕਾਰਨ । ਤ੍ਰੈ ਗੁਣ–ਰਜੋ ਗੁਣ, ਤਮੋ ਗੁਣ, ਸਤੋ ਗੁਣ [ਜਦੋਂ ਕਿਸੇ ਮਾਣ ਵਡਿਆਈ ਧਨ ਆਦਿਕ ਦੀ ਖਾਤਰ ਮਨੁੱਖ ਦੌੜ ਭੱਜ ਕਰਦਾ ਹੈ, ਤਾਂ ਰਜੋ ਗੁਣ ਪ੍ਰਬਲ ਹੁੰਦਾ ਹੈ, ਜਦੋਂ ਕਾਮ ਕ੍ਰੋਧ ਨਿੰਦਾ ਈਰਖਾ ਆਦਿਕ ਮਨ ਦੀਆਂ ਨੀਵੀਆਂ ਲਹਿਰਾਂ ਵਿਚ ਰੁੜ੍ਹਦਾ ਜਾਂਦਾ ਹੈ ਤਦੋਂ ਤਮੋ ਗੁਣ ਦਾ ਪ੍ਰਭਾਵ ਹੁੰਦਾ ਹੈ, ਕਈ ਵਾਰੀ ਮਨੁੱਖ ਦਾਨ ਪੁੰਨ ਹਮਦਰਦੀ ਆਦਿਕ ਤਰੰਗਾਂ ਦੇ ਅਸਰ ਵਿਚ ਠੰਡੇ ਜਿਗਰੇ ਬੈਠਾ ਹੁੰਦਾ ਹੈ ਉਸ ਵੇਲੇ ਸਤੋ ਗੁਣ ਪ੍ਰਧਾਨ ਹੁੰਦਾ ਹੈ] । ਕਪਟੁ–ਖੋਟ । ਉਦਰੁ–ਪੇਟ । ਕੈ ਤਾਈ–ਦੀ ਖਾਤਰ । ਕੋ ਵੀਚਾਰੀ–ਕੋਈ ਵੀਚਾਰਵਾਨ । ਗੁਨਣਾ–ਵਿਚਾਰਨਾ ।੧।

ਅਰਥ:–

ਪ੍ਰ:–ਗੁਰਦੇਵ ਜੀਓ ! ਦਸੋ, ਮੁਨੀ ਤੇ ਪੰਡਤ ਅਤੇ ਹੋਰ ਅਨੇਕਾਂ ਹੀ ਭੇਖਧਾਰੀ ਸਾਧੂ ਲੋਕ ਧਰਤੀ ਦਾ ਰਟਨ ਕਰਦੇ ਨਜ਼ਰ ਆਉਂਦੇ ਹਨ, ਕੀ ਇਹ ਸਾਰੇ ਹੀ ਨਾਮ ਦੀ ਪ੍ਰਾਪਤੀ ਕਰ ਸਕਦੇ ਹਨ ?

1. ਉ:–ਹੇ ਭਾਈਓ ! (ਸੱਚ ਤਾਂ ਇਹੋ ਹੀ ਹੈ ਕਿ) ਮੁਨੀ ਤੇ ਪੰਡਤ ਲੋਕ (ਵੇਦ ਆਦਿਕ ਧਰਮ ਪੁਸਤਕਾਂ) ਪੜ੍ਹ ਪੜ੍ਹ ਕੇ ਥਕ ਗਏ ਅਤੇ ਭੇਖਧਾਰੀ ਸਾਧੂ ਧਰਤੀ ਦਾ ਰਟਨ ਕਰ ਕੇ ਥਕ ਗਏ ।

2. ਹੇ ਪਿਆਰੇ ! ਇਹ ਇਤਨਾ (ਵਿਅਰਥ) ਔਖ ਹੀ ਸਹਾਰਦੇ ਰਹੇ, (ਕਿਉਂਕਿ) ਜਿਤਨਾ (ਚਿਰ) ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੇ ਪਿਆਰ ਵਿਚ ਮਨ ਫਸਿਆ ਹੋਇਆ ਹੈ, ਪੰਡਤ ਕੀ ਤੇ ਸਾਧੂ ਕੀ (ਕੋਈ ਭੀ) ਪ੍ਰਭੂ ਦਾ ਨਾਮ ਨਹੀਂ ਪ੍ਰਾਪਤ ਕਰ ਸਕਦੇ।

3. (ਕਿਉਂਕਿ) ਐ ਪਿਆਰੇ ! ਉਹ ਮਾਇਆ ਦੇ ਵਪਾਰੀ ਬਣੇ ਰਹਿਣ ਕਰਕੇ ਮੂਰਖ ਅੰਨ੍ਹੇ ਮਨੁੱਖ ਤਿੰਨਾਂ ਗੁਣਾਂ ਨੂੰ ਹੀ ਸੇਂਵਦੇ ਹਨ (ਭਾਵ, ਤਿੰਨਾਂ ਗੁਣਾਂ ਵਿਚ ਹੀ ਰਹਿੰਦੇ ਹਨ)।

ਪ੍ਰ:–ਕਿਉਂ ਜੀ, ਉਹ ਪੰਡਤ ਲੋਕ ਤਾਂ ਹਰ ਰੋਜ਼ ਹੀ ਪਾਠ ਪੜ੍ਹਦੇ ਹੋਏ ਵੇਖੀਦੇ ਹਨ, ਕੀ ਉਨ੍ਹਾਂ ਨੂੰ ਕੋਈ ਲਾਭ ਨਹੀਂ ਹੋਵੇਗਾ ?

4. ਉ:–ਹੇ ਭਾਈਓ ! (ਅਸਲ ਵਿਚ) ਉਹ ਮੂਰਖ (ਬਾਹਰ ਤਾਂ) ਰੋਜ਼ੀ ਕਮਾਣ ਦੀ ਖਾਤਰ (ਧਰਮ ਪੁਸਤਕਾਂ ਦਾ) ਪਾਠ ਕਰਦੇ ਹਨ, ਪਰ (ਉਨ੍ਹਾਂ ਦੇ) ਮਨ ਵਿਚ ਤਾਂ ਖੋਟ ਟਿਕਿਆ ਰਹਿੰਦਾ ਹੈ।

ਪ੍ਰ:–ਗੁਰਦੇਵ ਜੀਓ ! ਆਖਰ ਸੁਖ ਕਿਸ ਨੂੰ ਪ੍ਰਾਪਤ ਹੋ ਸਕੇਗਾ ?

5. ਉ:–ਹੇ ਪਿਆਰੇ ! ਜੋ ਮਨੁੱਖ ਗੁਰੂ ਦੇ ਦਸੇ ਰਾਹ ਉਤੇ ਤੁਰਦਾ ਹੈ, ਉਹੀ ਸੁੱਖ ਪਾਂਦਾ ਹੈ (ਕਿਉਂਕਿ ਗੁਰੂ ਦੇ ਰਾਹ ਉਤੇ ਤੁਰਨ ਵਾਲੇ ਮਨੁੱਖ) ਮਨ ਵਿਚੋਂ ਹਉਮੈ ਦੂਰ ਕਰ ਲੈਂਦੇ ਹਨ।

6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਸਿਰਫ ਪ੍ਰਮਾਤਮਾ ਦਾ ਨਾਮ ਹੀ ਪੜ੍ਹਨ ਤੇ ਵਿਚਾਰਨ ਯੋਗ ਹੈ, ਪਰ ਕੋਈ ਵੀਚਾਰਵਾਨ ਹੀ ਇਸ ਗਲ ਨੂੰ ਸਮਝਦਾ ਹੈ।੧।

ਭਾਵਾਰਥ :–ਹਰੀ ਨੂੰ ਵਿਸਾਰ ਕੇ ਵਿਦਿਆ ਤੇ ਭੇਖ ਧਾਰਨ ਕਰਨਾ ਫਜ਼ੂਲ ਹੈ (੧) ਵਡਿਆਈ ਤੇ ਐਸ਼ਵਰਜਤ ਰੱਬ ਦੀਆਂ ਦਿਤੀਆਂ ਚੀਜ਼ਾਂ ਹਨ, ਜੋ ਕਿ ਉਹ ਇਕ ਪਲ ਵਿਚ ਖੋਹ ਸਕਦਾ ਹੈ, ਇਸ ਲਈ ਉਸ ਦੇ ਭਾਣੇ ਵਿਚ ਰਹਿ ਕੇ ਉਸ ਦਾਤਾਰ ਦੇ ਗੁਣ ਗਾਉਣ ਵਿਚ ਹੀ ਸੁਖ ਦੇਖਣਾ ਚਾਹੀਦਾ ਹੈ (੨)।

ਮ: ੩ ॥

1. ਨਾਂਗੇ ਆਵਣਾ ਨਾਂਗੇ ਜਾਣਾ
ਹਰਿ ਹੁਕਮੁ ਪਾਇਆ ਕਿਆ ਕੀਜੈ ॥
2. ਜਿਸ ਕੀ ਵਸਤੁ ਸੋਈ ਲੈ ਜਾਇਗਾ
ਰੋਸੁ ਕਿਸੈ ਸਿਉ ਕੀਜੈ ॥
3. ਗੁਰਮੁਖਿ ਹੋਵੈ ਸੁ ਭਾਣਾ ਮੰਨੇ
ਸਹਜੇ ਹਰਿ ਰਸੁ ਪੀਜੈ ॥
4. ਨਾਨਕ ਸੁਖ ਦਾਤਾ ਸਦਾ ਸਲਾਹਿਹੁ
ਰਸਨਾ ਰਾਮੁ ਰਵੀਜੈ ॥ ੨ ॥

ਪਦ ਅਰਥ :–ਕਿਆ ਕੀਜੈ–ਕੀ ਕੀਤਾ ਜਾ ਸਕਦਾ ਹੈ ? ਕੋਈ ਨਾਂਹ-ਨੁਕਰ ਨਹੀਂ ਕੀਤੀ ਜਾ ਸਕਦੀ। ਕਿਸੈ ਸਿਉ–ਕਿਸ ਨਾਲ। ਰੋਸ–ਰੁਸੇਵਾਂ, ਗਿਲਾ। ਗੁਰਮੁਖਿ–ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲਾ। ਸਹਜੇ–ਸਹਿਜ ਅਵਸਥਾ ਵਿਚ ਰਹਿ ਕੇ। ਰਸਨਾ–ਜੀਭ ਨਾਲ। ਨਾਂਗੇ–(ਭਾਵ) ਖਾਲੀ ਹੱਥ।੨।

ਅਰਥ:–

ਪ੍ਰ:–ਕਿਉਂ ਜੀ, ਦਸੋ, ਕੀ ਮਨੁੱਖ ਦੇ ਸੰਸਾਰ ਵਿਚ ਆਉਣ ਜਾਣ ਦੇ ਬੱਝੇ ਹੋਏ ਸੰਕੇਤ ਵਿਚ ਕਿਵੇਂ ਫਰਕ ਭੀ ਪਾਇਆ ਜਾ ਸਕਦਾ ਹੈ ?

1. ਉ:–ਹੇ ਪਿਆਰੇ ! ਉਸ ਪ੍ਰਮੇਸ਼ਰ ਜੀ ਦਾ ਅਰੰਭ ਤੋਂ ਹੀ ਇਹ ਨਿਯਮ ਬੱਧਾ ਹੋਇਆ ਹੈ ਕਿ,ਜਗਤ ਵਿਚ ਹਰੇਕ ਜੀਵ ਖਾਲੀ ਹੱਥ ਆਉਂਦਾ ਹੈ ਤੇ ਖਾਲੀ ਹੱਥ ਇਥੋਂ ਤੁਰ ਜਾਂਦਾ ਹੈ, ਪ੍ਰਭੂ ਨੇ ਇਹੋ ਹੀ ਹੁਕਮ ਕਰ ਰਖਿਆ ਹੈ, (ਇਸ ਲਈ) ਇਸ ਜੀਵ ਪਾਸੋਂ ਕੋਈ ਨਾਂਹ-ਨੁਕਰ ਨਹੀਂ ਕੀਤੀ ਜਾ ਸਕਦੀ।

2. ਹੇ ਭਾਈ ! (ਇਸ ਸਰੀਰ ਤੋਂ ਜਿੰਦ ਦੇ ਵਿਛੜਨ ਸਮੇਂ ਵਿਰਲਾਪ ਕਰਨਾ ਭੀ ਵਿਅਰਥ ਹੈ ਕਿਉਂਕਿ, ਇਹ ਜਿੰਦ) ਜਿਸ ਪ੍ਰਭੂ ਦੀ ਦਿਤੀ ਹੋਈ ਚੀਜ਼ ਹੈ ਉਹੀ ਵਾਪਸ ਲੈ ਜਾਂਦਾ ਹੈ, (ਇਸ ਬਾਰੇ) ਕਿਸੇ ਨਾਲ ਕੋਈ ਗਿਲਾ ਨਹੀਂ ਕੀਤਾ ਜਾ ਸਕਦਾ।

ਪ੍ਰ:–ਗੁਰਦੇਵ ਜੀਓ ! ਵਿਛੋੜੇ ਸਮੇਂ ਤਾਂ ਸਾਰੇ ਹੀ ਵਿਰਲਾਪ ਕਰਦੇ ਵੇਖੀਦੇ ਹਨ, ਕੀ ਕੋਈ ਅਜਿਹਾ ਭੀ ਹੈ ਜੋ ਰਾਜ਼ਕ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੋਵੇ ?

3. ਉ:–ਹੇ ਭਾਈ ! ਜੋ ਗੁਰੂ ਦੇ ਦਸੇ ਰਾਹ ਉਤੇ ਤੁਰਨ ਵਾਲਾ ਮਨੁੱਖ ਹੈ, ਉਹ ਪ੍ਰਭੂ ਦੀ ਰਜ਼ਾ ਨੂੰ ਮੰਨਦਾ ਹੈ ਤੇ (ਕਿਸੇ ਪਿਆਰੇ ਦੇ ਮਰਨ ਤੇ ਭੀ) ਉਹ ਅਡੋਲ ਰਹਿ ਕੇ ਨਾਮ ਅੰਮ੍ਰਿਤ ਪੀਂਦਾ ਹੈ।

ਪ੍ਰ:–ਸ੍ਰੀ ਜੀਓ ! ਦਸੋ ਸਾਨੂੰ ਕੀ ਕਰਦੇ ਰਹਿਣਾ ਚਾਹੀਦਾ ਹੈ ?

4 ਉ:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਸਦਾ ਸੁਖ ਦੇਣ ਵਾਲੇ ਪ੍ਰਭੂ ਨੂੰ ਹੀ ਸਿਮਰਦੇ ਰਹੋ ਤੇ ਜੀਭ ਨਾਲ ਪ੍ਰਭੂ ਜੀ ਦਾ ਨਾਮ ਜਪੋ।੨।

ਭਾਵਾਰਥ :–ਇਸ ਸਰੀਰ ਨਾਲ ਜਿੰਦ ਦਾ ਸੰਜੋਗ ਵਿਜੋਗ ਉਸ ਰਬੀ ਹੁਕਮ ਨਾਲ ਹੀ ਹੁੰਦਾ ਹੈ, ਇਸ ਲਈ ਉਸ ਦੇ ਭਾਣੇ ਵਿਚ ਰਹਿ ਕੇ ਉਸ ਪ੍ਰਭੂ ਦੇ ਗੁਣ ਗਾਉਂਦੇ ਰਹਿਣ ਵਿਚ ਹੀ ਸੁਖ ਸਮਝਣਾ ਯੋਗ ਹੈ।

ਪਉੜੀ ॥

1. **ਗੜਿ੍ ਕਾਇਆ ਸੀਗਾਰ ਬਹੁ ਭਾਂਤਿ ਬਣਾਈ ॥**
2. **ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ ॥**
3. **ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ ॥**
4. **ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ ॥**
5. **ਨਾਨਕ ਨਾਮੁ ਨ ਚੇਤਿਓ**
   ਅੰਤਿ ਲਏ ਛਡਾਈ ॥ ੨੪ ॥

ਪਦ ਅਰਥ :– ਗੜਿ੍–ਕਿਲ੍ਹੇ ਉਤੇ । ਕਾਇਆ–ਸਰੀਰ । ਬਹੁ ਭਾਂਤਿ–ਕਈ ਕਿਸਮਾਂ ਦੇ । ਰੰਗ ਪਰੰਗ–ਰੰਗ-ਬਰੰਗੀ । ਕਤੀਫਿਆ–[ਅ: ਕਤੀਫਤ ਦਾ ਬਹੁ ਵਚਨ ਕਤਾਇਫ] ਰੇਸ਼ਮੀ ਕਪੜੇ । ਧਰ ਮਾਈ–ਮਾਇਆ ਧਾਰੀ । ਸੁਪੇਦ–ਚਿਟੇ । ਸਭਾ–ਮਜਲਸ । ਗਰਬੈ–ਗਰਬ ਵਿਚ ਹੀ, ਅਹੰਕਾਰ ਵਿਚ ਹੀ, ਆਕੜ ਵਿਚ ਹੀ । ਗਰਬਾਈ–ਅਹੰਕਾਰ ਵਿਚ । ਅੰਤਿ–ਆਖਰ ਨੂੰ ।੨੪।

ਅਰਥ:–

ਪ੍ਰ:–ਸ੍ਰੀ ਜੀਓ ! ਇਹ ਜਿਤਨੇ ਭੀ ਮਾਇਆ ਧਾਰੀ ਲੋਕ ਹਨ, ਇਨ੍ਹਾਂ ਦੇ ਮਨ ਵਿਚ ਸ਼ਾਂਤੀ ਕਿਉਂ ਨਹੀਂ ਹੁੰਦੀ, ਇਸ ਦਾ ਅਸਲ ਕਾਰਨ ਕੀ ਹੈ ?

1. ਉ:–ਹੇ ਭਾਈ ! (ਅਸਲ ਵੇਖਣ ਵਿਚ ਇਉਂ ਹੀ ਆਉਂਦਾ ਹੈ ਕਿ) ਮਾਇਆ ਧਾਰੀ ਮਨੁੱਖ ਸਰੀਰ (ਰੂਪ) ਕਿਲ੍ਹੇ ਉਤੇ ਕਈ ਕਿਸਮ ਦੇ ਸ਼ਿੰਗਾਰ ਬਣਾਂਦੇ ਹਨ ।
2. ਅਤੇ ਰੰਗ-ਬਰੰਗੇ ਰੇਸ਼ਮੀ ਕੱਪੜੇ ਪਹਿਨਦੇ ਹਨ ।
3. ਲਾਲ ਤੇ ਚਿਟੇ ਦੁਲੀਚਿਆਂ ਉਤੇ ਬੈਠ ਕੇ ਬੜੀਆਂ ਮਜਲਸਾਂ ਲਾਂਦੇ ਹਨ ।
4. ਅਹੰਕਾਰ ਵਿਚ ਹੀ, ਆਕੜ ਵਿਚ ਹੀ (ਸਦਾ ਰਹਿੰਦੇ ਹਨ) ਇਸ ਵਾਸਤੇ ਉਨ੍ਹਾਂ ਨੂੰ ਖਾਣ ਤੇ ਭੋਗਣ ਨੂੰ ਦੁਖ ਹੀ ਮਿਲਦਾ ਹੈ, (ਭਾਵ ਹੈ ਕਿ ਉਨ੍ਹਾਂ ਦਾ ਮਨ ਇਸ ਲਈ ਅਸ਼ਾਂਤ ਹੀ ਰਹਿੰਦਾ ਹੈ) ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ ! ਉਹ ਪ੍ਰਮਾਤਮਾ ਦਾ ਨਾਮ ਨਹੀਂ ਸਿਮਰਦੇ ਜੋ (ਦੁਖ ਤੋਂ) ਆਖਰ ਛਡਾਂਦਾ ਹੈ ।੨੪।

ਭਾਵਾਰਥ :–ਸਰੀਰ ਦੇ ਸ਼ਿੰਗਾਰ ਲਈ ਰੰਗ-ਬਰੰਗੀ ਰੇਸ਼ਮੀ ਕਪੜੇ, ਵਧੀਆ ਦੁਲੀਚਿਆਂ ਉਤੇ ਮਹਿਫਲਾਂ, ਇਨ੍ਹਾਂ ਨਾਲ ਭੀ ਮਨ ਵਿਚ ਸ਼ਾਂਤੀ ਨਹੀਂ ਆ ਸਕਦੀ, ਕਿਉਂਕਿ ਸ਼ਾਂਤੀ ਦੇਣ ਵਾਲਾ ਤੇ ਦੁਖਾਂ ਤੋਂ ਬਚਾਣ ਵਾਲਾ ਕੇਵਲ ਹਰੀ ਦਾ ਨਾਮ ਹੀ ਹੈ ।

ਸਲੋਕ ਮ: ੩ ॥

1. **ਸਹਜੇ ਸੁਖਿ ਸੁਤੀ ਸਬਦਿ ਸਮਾਇ ॥**
2. **ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥**
3. **ਦੁਬਿਧਾ ਚੂਕੀ ਸਹਜਿ ਸੁਭਾਇ ॥**
4. **ਅੰਤਰਿ ਨਾਮੁ ਵਸਿਆ ਮਨਿ ਆਇ ॥**
5. **ਸੇ ਕੰਠਿ ਲਾਏ ਜਿ ਭੰਨਿ ਘੜਾਇ ॥**
6. **ਨਾਨਕ ਜੋ ਧੁਰਿ ਮਿਲੇ**
   ਸੇ ਹੁਣਿ ਆਣਿ ਮਿਲਾਇ ॥ ੧ ॥

ਪਦ ਅਰਥ :-ਸਬਦਿ ਸਮਾਇ–ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ । ਸੁਖਿ ਸੁਤੀ–ਸੁਖ ਵਿਚ ਟਿਕ ਗਈ । ਪ੍ਰਭਿ–ਪ੍ਰਭੂ ਨੇ । ਗਲਿ ਲਾਇ–ਗਲ ਨਾਲ ਲਾ ਕੇ, ਬੜੇ ਪਿਆਰ ਨਾਲ । ਦੁਬਿਧਾ–ਦੁਚਿਤਾਪਨ [ਦੋ-ਵਿਧਾ, ਦੋ ਕਿਸਮ ਦਾ] । ਜਿ–ਜਿਨ੍ਹਾਂ ਨੇ । ਭੰਨਿ ਘੜਾਇ-ਮਨ ਦੇ ਪਹਿਲੇ ਸੁਭਾਉ ਨੂੰ ਭੰਨ ਕੇ ਨਵੇਂ ਸਿਰੇ ਘੜਿਆ ਹੈ । ਧੁਰਿ–ਪਹਿਲਾਂ ਤੋਂ । ਆਣਿ–ਲਿਆ ਕੇ । ਹੁਣ–ਇਸ ਜਨਮ ਵਿਚ । ਸੁਭਾਇ–ਪ੍ਰੇਮ ਵਿਚ ।੧।

ਅਰਥ:–

ਪ੍ਰ:–ਗੁਰਦੇਵ ਜੀਓ ! ਉਹ ਜੀਵ ਰੂਪ ਇਸਤਰੀ ਕਿਹੜੀ ਹੈ, ਜਿਸ ਨੂੰ ਕਿ ਉਸ ਪ੍ਰਮੇਸ਼ਰ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੋਵੇ ?

1. ਉ:–ਹੇ ਭਾਈਓ ! (ਉਂਝ ਮਿਲਾਪ ਹੋ ਜਾਣ ਦੀਆਂ ਜ਼ਬਾਨੀ ਜ਼ਬਾਨੀ ਗਲਾਂ ਕਰਨ ਵਾਲੇ ਤਾਂ ਬਹੁਤ ਹਨ, ਪਰ ਸਹੀ ਰੂਪ ਵਿਚ) ਜਿਹੜੀ ਜੀਵ ਰੂਪ ਇਸਤਰੀ ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ ਅਡੋਲ
2. ਅਵਸਥਾ ਵਿਚ, ਸ਼ਾਂਤ ਅਵਸਥਾ ਵਿਚ ਟਿਕਦੀ ਹੈ (ਸਮਝੋ) ਉਸ ਨੂੰ ਪ੍ਰਭੂ ਨੇ ਆਪਣੇ ਨਾਲ ਆਪ ਹੀ ਪਿਆਰ ਨਾਲ ਮਿਲਾ ਲਿਆ ਹੈ ।

ਪ੍ਰ:–ਕਿਉਂ ਜੀ, ਉਸ ਦੀ ਨਿਸ਼ਾਨੀ ਕੀ ਹੈ ?

3. ਉ:–ਹੇ ਪਿਆਰੇ ! ਆਤਮਕ ਅਡੋਲਤਾ ਵਿਚ ਪ੍ਰੇਮ ਵਿਚ ਟਿਕੇ ਰਹਿਣ ਦੇ ਕਾਰਨ ਉਸ ਦਾ ਦੁਚਿਤਾ-ਪਨ ਦੂਰ ਹੋ ਜਾਂਦਾ ਹੈ ।
4. ਅਤੇ ਉਸ ਦੇ ਅੰਦਰ, ਮਨ ਵਿਚ ਪ੍ਰਭੂ ਦਾ ਨਾਮ ਆ ਵਸਦਾ ਹੈ ।

ਪ੍ਰ:–ਸ੍ਰੀ ਜੀਓ ! ਉਹ ਕਿਹੜੇ ਜੀਵ ਹਨ, ਜਿਨ੍ਹਾਂ ਨੂੰ ਪ੍ਰਭੂ ਆਪਣੇ ਗਲੇ ਲਾਉਂਦਾ ਹੈ ?

5. ਉ:–ਹੇ ਪਿਆਰੇ ! (ਅਸਲ ਵਿਚ) ਉਨ੍ਹਾਂ ਹੀ ਜੀਵਾਂ ਨੂੰ ਪ੍ਰਭੂ ਆਪਣੇ ਗਲ ਨਾਲ ਲਾਂਦਾ ਹੈ ਜੋ (ਆਪਣੇ ਮਨ ਦੇ ਪਹਿਲੇ ਸੁਭਾਉ ਨੂੰ) ਤੋੜ ਕੇ (ਨਵੇਂ ਸਿਰੇ) ਸੋਹਣਾ ਬਣਾਂਦੇ ਹਨ ।

ਪ੍ਰ:–ਸ੍ਰੀ ਜੀਓ ! ਮਿਲਾਪ ਸਾਰਿਆਂ ਦਾ ਹੀ ਕਿਉਂ ਨਹੀਂ ਹੁੰਦਾ?

6. ਉ:–ਹੇ ਭਾਈ ! ਅਸਲ ਵਿਚ ਜਤਨ ਤਾਂ ਬਹੁਤ ਲੋਕ ਕਰਦੇ ਹਨ ਪਰ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਜਿਹੜੇ ਮਨੁੱਖ ਧੁਰੋਂ ਹੀ ਪ੍ਰਭੂ ਨਾਲ ਮਿਲੇ ਚਲੇ ਆ ਰਹੇ ਹਨ, ਉਨ੍ਹਾਂ ਨੂੰ ਇਸ ਜਨਮ ਵਿਚ ਭੀ ਲਿਆ ਕੇ ਆਪਣੇ ਨਾਲ ਮਿਲਾਈ ਰਖਦਾ ਹੈ ।੧।

ਭਾਵਾਰਥ :–ਗੁਰੂ ਦੇ ਸ਼ਬਦ ਵਿਚ ਧਿਆਨ ਜੋੜਨ ਨਾਲ ਸਾਰਾ ਹੀ ਦੁਚਿਤਾ-ਪਨ ਦੂਰ ਹੋ ਜਾਂਦਾ ਹੈ ਤੇ ਹਰੀ ਦੇ ਪਸੇ ਧਿਆਨ ਲਗ ਜਾਂਦਾ ਹੈ।

ਮ. ੩ ॥

1. **ਜਿਨੀ ਨਾਮੁ ਵਿਸਾਰਿਆ**
   ਕਿਆ ਜਪੁ ਜਾਪਹਿ ਹੋਰਿ ॥
2. **ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥**
3. **ਨਾਨਕ ਨਾਮੁ ਨ ਵੀਸਰੈ**
   ਝੂਠੇ ਲਾਲਚ ਹੋਰਿ ॥ ੨ ॥

ਪਦ ਅਰਥ :–ਕਿਆ ਜਾਪਹਿ–ਜਪਣ ਦਾ ਕੀ ਲਾਭ। ਕਿਆ ਜਪੁ ਜਾਪਹਿ ਜਪ ਜਪਣ ਦਾ ਕੋਈ ਲਾਭ ਨਹੀਂ। ਹੋਰਿ–(ਕਿਸੇ) ਹੋਰ (ਰਸ) ਵਿਚ। ਕੀਟ–ਕੀੜੇ। ਸੇ–ਉਹ ਬੰਦੇ। ਮੁਠੇ ਧੰਧੈ ਚੋਰਿ-ਧੰਦੇ ਰੂਪ ਚੋਰ ਦੀ ਰਾਹੀਂ ਠਗੇ ਹੋਏ। ਧੰਧੈ–ਧੰਧੇ ਨੇ, ਜੰਜਾਲ ਨੇ। ਚੋਰਿ–ਚੋਰ ਨੇ। ਹੋਰਿ ਲਾਲਚ–(ਪ੍ਰਭੂ ਤੋਂ ਬਿਨਾਂ) ਹੋਰ ਹੋਰ ਖਾਹਸ਼ਾਂ। ਝੂਠੇ–ਕੂੜੇ, ਵਿਅਰਥ।੨।

ਅਰਥ:–

ਪ੍ਰ:–ਸ੍ਰੀ ਜੀਓ ! ਕਈ ਲੋਕ ਕਈ ਤਰ੍ਹਾਂ ਦਾ ਜਾਪ ਜਪਦੇ ਵੇਖਣ ਵਿਚ ਆਉਂਦੇ ਹਨ, ਕੀ ਉਨ੍ਹਾਂ ਨੂੰ ਭੀ ਕੋਈ ਲਾਭ ਮਿਲ ਸਕਦਾ ?

1. **ਉ**:–ਹੇ ਪਿਆਰੇ ! ਸੁਣੋ, ਜਿਨ੍ਹਾਂ ਮਨੁੱਖਾਂ ਨੇ ਪ੍ਰਭੂ ਦਾ ਨਾਮ ਵਿਸਾਰਿਆ ਹੈ, ਤੇ ਕਿਸੇ ਹੋਰ ਰਸ ਵਿਚ ਪੈ ਕੇ ਉਨ੍ਹਾਂ ਨੂੰ ਜਪ ਜਪਣ ਦਾ ਕੋਈ ਲਾਭ ਨਹੀਂ ਹੋ ਸਕਦਾ।
2. ਕਿਉਂਕਿ, ਹੇ ਪਿਆਰੇ ! ਜਿਨ੍ਹਾਂ ਨੂੰ ਦੁਨੀਆਂ ਦੇ ਜੰਜਾਲ ਰੂਪ ਚੋਰ ਨੇ ਠਗਿਆ ਹੋਇਆ ਹੈ, (ਉਹ ਇਉਂ ਵਿਲ੍ਹੂ ਵਿਲ੍ਹੂ ਕਰਦੇ ਹਨ) ਜਿਵੇਂ ਵਿਸ਼ਟਾ ਵਿਚ ਕੀੜੇ।

ਪ੍ਰ:-ਗੁਰਦੇਵ ਜੀਓ ! ਮੈਨੂੰ ਪ੍ਰਭੂ ਤੋਂ ਮੰਗਣਾ ਕੀ ਚਾਹੀਦਾ ਹੈ ?

3. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਪਿਆਰੇ ! (ਤੂੰ ਇਹੋ ਹੀ ਅਰਦਾਸ ਕਰ ਕਿ) ਪ੍ਰਭੂ ਦਾ ਨਾਮ ਨਾ ਭੁਲੇ, (ਕਿਉਂਕਿ) ਹੋਰ ਸਾਰੇ ਲਾਲਚ ਵਿਅਰਥ ਹਨ।੨।

ਭਾਵਾਰਥ :–ਨਾਮ ਤੋਂ ਸਖਣੇ ਜਪ ਤਪ ਵਿਅਰਥ ਹਨ, ਸੰਸਾਰਕ ਲਾਲਚ ਕਰਨ ਨਾਲ ਜ਼ਿੰਦਗੀ ਗੰਦੀ ਹੋ ਜਾਂਦੀ ਹੈ, ਇਸ ਲਈ ਪ੍ਰਭੂ ਦੇ ਦਰ ਤੋਂ ਨਾਮ ਦੀ ਜਾਚਨਾ ਹੀ ਕਰਦੇ ਰਹਿਣਾ ਚਾਹੀਦਾ ਹੈ।

ਪਉੜੀ ॥

1. **ਨਾਮੁ ਸਲਾਹਨਿ ਨਾਮੁ ਮੰਨਿ**
   ਅਸਥਿਰੁ ਜਗਿ ਸੋਈ ॥
2. **ਹਿਰਦੈ ਹਰਿ ਹਰਿ ਚਿਤਵੈ**
   ਦੂਜਾ ਨਾਹੀ ਕੋਈ ॥
3. **ਰੋਮਿ ਰੋਮਿ ਹਰਿ ਉਚਰੈ**
   ਖਿਨੁ ਖਿਨੁ ਹਰਿ ਸੋਈ ॥
4. **ਗੁਰਮੁਖਿ ਜਨਮੁ ਸਕਾਰਥਾ**
   ਨਿਰਮਲੁ ਮਲੁ ਖੋਈ ॥
5. **ਨਾਨਕ ਜੀਵਦਾ ਪੁਰਖੁ ਧਿਆਇਆ**
   ਅਮਰਾ ਪਦੁ ਹੋਈ ॥ ੨੫ ॥

ਪਦ ਅਰਥ:–ਸਲਾਹਨਿ-ਸਲਾਹੁੰਦੇ ਹਨ। ਮੰਨਿ–ਮਨਿ, ਮਨ ਵਿਚ (ਵਸਾਂਦੇ ਹਨ)। ਅਸਥਿਰੁ–ਅਟਲ ਜੀਵਨ ਵਾਲੇ, ਅਡੋਲ ਆਤਮਕ ਜੀਵਨ ਵਾਲੇ, ਉਹ ਜਿਹੜੇ ਮਾਇਆ ਦੇ ਹੱਥਾਂ ਉਤੇ ਨਹੀਂ ਨੱਚਦੇ। ਜਗਿ–ਜਗਤ ਵਿਚ। ਹਿਰਦੈ–ਹਿਰਦੇ ਵਿਚ। ਚਿਤਵੈ–ਚੇਤੇ ਕਰਦ ਹੈ। ਰੋਮਿ ਰੋਮਿ–ਲੂੰ ਲੂੰ ਨਾਲ, ਹਰੇਕ ਰੋਮ ਦੀ ਰਾਹੀਂ, ਪੂਰੇ ਤੌਰ ਤੇ ਤਨੋ ਮਨੋਂ। ਉਚਰੈ–ਉਚਾਰਦਾ ਹੈ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਸਕਾਰਥਾ–ਸਫਲ, ਕਾਮਯਾਬ। ਨਿਰਮਲੁ–ਪਵਿਤ੍ਰ ਜੀਵਨ ਵਾਲਾ। ਖੋਈ–ਦੂਰ ਕਰ ਲੈਂਦਾ ਹੈ, ਨਾਸ ਕਰ ਲੈਂਦਾ ਹੈ। ਜੀਵਦਾ–ਸਦਾ ਕਾਇਮ ਰਹਿਣ ਵਾਲਾ। ਪੁਰਖੁ–ਸਰਬ ਵਿਆਪਕ। ਪਦੁ–ਦਰਜਾ। ਅਮਰਾ ਪਦੁ–ਅਟਲ ਆਤਮਕ ਜੀਵਨ ਵਾਲਾ ਦਰਜਾ।੨੫।

ਅਰਥ :–

ਪ੍ਰ:–ਗੁਰਦੇਵ ਜੀਓ ! ਜਗਤ ਵਿਚ ਉਹ ਕਿਹੜੇ ਮਨੁੱਖ ਹਨ, ਜਿਨ੍ਹਾਂ ਨੂੰ ਅਟਲ ਜੀਵਨ ਵਾਲੇ ਮੰਨਿਆ ਜਾ ਸਕਦਾ ਹੈ ?

1. **ਉ**:–ਹੇ ਭਾਈ ! ਜਿਹੜੇ ਮਨੁੱਖ ਉਸ ਪ੍ਰਮੇਸ਼ਰ ਦੀ ਸਿਫਤ ਸਾਲਾਹ ਕਰਦੇ ਹਨ, ਤੇ ਪ੍ਰਮਾਤਮਾ ਦਾ ਨਾਮ (ਆਪਣੇ) ਮਨ ਵਿਚ (ਵਸਾਈ ਰਖਦੇ ਹਨ), ਉਹੀ ਜਗਤ ਵਿਚ ਅਟਲ ਆਤਮਕ ਜੀਵਨ ਵਾਲੇ ਬਣਦੇ ਹਨ।

ਪ੍ਰ:–ਗੁਰਦੇਵ ਜੀਓ ! ਮਨੁੱਖ ਦਾ ਮਨ ਤਾਂ ਵਿਕਾਰਾਂ ਦੀ ਮੈਲ ਨਾਲ ਅਤਿਅੰਤ ਹੀ ਮਲੀਨ ਹੋ ਰਿਹਾ ਹੈ, ਇਹ ਨਿਰਮਲ ਕਿਵੇਂ ਹੋ ਸਕਦਾ ਹੈ ?

2. **ਉ**:–ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿਣ ਵਾਲਾ (ਆਪਣੇ) ਹਿਰਦੇ ਵਿਚ ਹਰ ਵੇਲੇ ਪ੍ਰਮਾਤਮਾ ਨੂੰ ਯਾਦ ਕਰਦਾ ਹੈ, (ਪ੍ਰਮੇਸ਼ਰ ਤੋਂ ਬਿਨਾਂ) ਕਿਸੇ ਹੋਰ ਨੂੰ (ਮਨ ਵਿਚ) ਨਹੀ ਵਸਾਂਦਾ।
3. ਅਤੇ ਜਿਹੜਾ ਮਨੁੱਖ ਰੋਮ ਰੋਮ ਪ੍ਰਭੂ ਨੂੰ ਯਾਦ ਕਰਦਾ ਹੈ, ਹਰ ਖਿਨ ਉਸ ਪ੍ਰਮਾਤਮਾ ਨੂੰ ਹੀ ਚੇਤੇ ਕਰਦਾ ਰਹਿੰਦਾ ਹੈ।
4. ਐ ਪਿਆਰੇ ! ਉਸ ਦੀ ਜ਼ਿੰਦਗੀ ਕਾਮਯਾਬ ਹੋ ਜਾਂਦੀ ਹੈ, ਉਹ ਪਵਿਤ੍ਰ ਜੀਵਨ ਵਾਲਾ ਬਣ ਜਾਂਦਾ ਹੈ, ਉਹ ਮਨੁੱਖ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਕਰ ਲੈਂਦਾ ਹੈ।

ਪ੍ਰ:–ਕਿਉਂ ਜੀ, ਆਖਰ ਉਸ ਨੂੰ ਦਰਜ ਕੀ ਮਿਲਦਾ ਹੈ ?

5. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜਿਹੜਾ ਮਨੁੱਖ ਸਦਾ ਕਾਇਮ ਰਹਿਣ ਵਾਲੇ

ਸਰਬ ਵਿਆਪਕ ਪ੍ਰਮਾਤਮਾ ਨੂੰ ਯਾਦ ਕਰਦਾ ਰਹਿੰਦਾ ਹੈ, ਉਸ ਨੂੰ ਅਟਲ ਆਤਮਕ ਜੀਵਨ ਵਾਲਾ ਦਰਜਾ ਮਿਲ ਜਾਂਦਾ ਹੈ (ਉਹ ਮਨੁੱਖ ਆਤਮਕ ਜੀਵਨ ਦੀ ਉਸ ਉਚਤਾ ਤੇ ਪਹੁੰਚ ਜਾਂਦਾ ਹੈ ਜਿਥੇ ਮਾਇਆ ਦੇ ਹੱਲੇ ਉਸ ਨੂੰ ਡੁਲਾ ਨਹੀਂ ਸਕਦੇ ।੨੫।

ਭਾਵਾਰਥ :-ਜੋ ਮਨੁੱਖ ਨਾਮ ਸਿਮਰਦੇ ਹਨ, ਉਹ ਜਗਤ ਵਿਚ ਅਟਲ ਆਤਮਕ ਜੀਵਨ ਵਾਲੇ ਬਣ ਜਾਂਦੇ ਹਨ, ਜੋ ਅਸਲ ਫਲ ਜੀਵਨ ਵਿਚ ਖੱਟਣਾ ਸੀ, ਉਹ ਫਲ ਉਹ ਖੱਟ ਲੈਂਦੇ ਹਨ, ਸਦਾ ਕਾਇਮ ਰਹਿਣ ਵਾਲੀ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲੈਂਦੇ ਹਨ ।

ਸਲੋਕੁ ਮਃ ੩ ॥

**1. ਜਿਨੀ ਨਾਮੁ ਵਿਸਾਰਿਆ
ਬਹੁ ਕਰਮ ਕਮਾਵਹਿ ਹੋਰਿ ॥
2. ਨਾਨਕ ਜਮ ਪੁਰਿ ਬਧੇ ਮਾਰੀਅਹਿ
ਜਿਉ ਸੰਨੀ ਉਪਰਿ ਚੋਰ ॥੧॥**

ਪਦ ਅਰਥ :–ਮਾਰੀਅਹਿ–ਮਾਰ ਖਾਂਦੇ ਹਨ । ਜਮ ਪੁਰਿ–ਜਮ ਦੀ ਪੁਰੀ ਵਿਚ, ਜਮਰਾਜ ਦੀ ਹਜ਼ੂਰੀ ਵਿਚ । ਹੋਰਿ ਕਰਮ–ਹੋਰ ਹੋਰ ਕੰਮ ।੧।

ਅਰਥ:–

ਪ੍ਰ:–ਸ੍ਰੀ ਜੀਓ ! ਜੋ ਲੋਕ ਨਾਮ ਤੋਂ ਸਖਣੇ ਹਨ, ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

1. **ੳ**:–ਹੇ ਭਾਈਓ ! ਜਿਨ੍ਹਾਂ ਮਨੁੱਖਾਂ ਨੇ ਪ੍ਰਮੇਸ਼ਰ ਦਾ ਨਾਮ ਭੁਲਾ ਦਿਤਾ ਹੈ ਅਤੇ ਹੋਰ ਹੋਰ ਕਈ ਕੰਮ ਕਰਦੇ ਹਨ ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਉਹ ਮਨੁੱਖ ਜਮਰਾਜ ਦੇ ਸਾਹਮਣੇ ਬਝੇ ਹੋਏ ਇਉਂ ਹੀ ਮਾਰ ਖਾਂਦੇ ਹਨ, ਜਿਵੇਂ ਸੰਨ੍ਹ ਉਤੇ ਫੜੇ ਹੋਏ ਚੋਰ (ਸਜ਼ਾ ਭੁਗਤਦੇ ਹਨ) ।੧।

ਭਾਵਾਰਥ :–ਨਾਮ ਨੂੰ ਵਿਸਾਰ ਕੇ ਮਨੁੱਖ ਭਾਵੇਂ ਹੋਰ ਅਨੇਕਾਂ ਹੀ ਕਰਮ ਕਰਦਾ ਰਵ੍ਹੇ, ਪਰ ਇਸ ਤਰ੍ਹਾਂ ਉਸ ਦਾ ਇਹ ਅਮੋਲਕ ਜਨਮ ਵਿਅਰਥ ਹੀ ਚਲਾ ਜਾਂਦਾ ਹੈ ।

ਮਃ ੫ ॥

**1. ਧਰਤਿ ਸੁਹਾਵੜੀ ਆਕਾਸੁ ਸੁਹੰਦਾ
ਜਪੰਦਿਆ ਹਰਿ ਨਾਉ ॥
2. ਨਾਨਕ ਨਾਮ ਵਿਹੂਣਿਆ
ਤਿਨ੍ ਤਨ ਖਾਵਹਿ ਕਾਉ ॥੨॥**

ਪਦ ਅਰਥ :–ਤਿਨ ਤਨ-ਉਨ੍ਹਾਂ ਦੇ ਸਰੀਰ ਨੂੰ । ਕਾਉ–ਕਾਂ (ਭਾਵ) ਵਿਸ਼ੇ ਵਿਕਾਰ ।੨।

ਅਰਥ :

ਪ੍ਰ:–ਗੁਰਦੇਵ ਜੀਓ ! ਨਾਮ ਦੇ ਸਿਮਰਨ ਕਰਨ ਵਾਲਿਆਂ ਦੀ ਮਾਨਸਕ ਦਸ਼ਾ ਕਿਸ ਰੂਪ ਵਿਚ ਬਦਲ ਜਾਂਦੀ ਹੈ ?

1. **ੳ**:–ਹੇ ਭਾਈਓ ! ਜਿਨ੍ਹਾਂ ਬੰਦਿਆਂ ਨੇ ਪ੍ਰਮੇਸ਼ਰ ਜੀ ਦਾ ਨਾਮ ਸਿਮਰਿਆ ਹੈ, (ਉਨ੍ਹਾਂ) ਬੰਦਿਆਂ ਨੂੰ ਧਰਤੀ ਅਤੇ ਆਕਾਸ਼ ਸੁਹਾਵੇ ਲਗਦੇ ਹਨ । (ਕਿਉਂਕਿ ਉਨ੍ਹਾਂ ਦੇ ਅੰਦਰ ਠੰਡ ਵਰਤੀ ਰਹਿੰਦੀ ਹੈ) ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਪਰ ਜਿਨ੍ਹਾਂ ਮਨੁੱਖਾਂ ਨੇ ਨਾਮ ਨਹੀਂ ਸਿਮਰਿਆ, (ਭਾਵ, ਨਾਮ ਤੋਂ ਸਖਣੇ ਹਨ,) ਉਨ੍ਹਾਂ ਦੇ ਸਰੀਰ ਨੂੰ ਵਿਸ਼ੇ ਵਿਕਾਰ ਕਾਂ ਹੀ ਖਾਂਦੇ ਰਹਿੰਦੇ ਹਨ (ਤੇ ਉਨ੍ਹਾਂ ਦੇ ਅੰਦਰ ਅੰਦਰ ਵਿਸ਼ੇ ਰੋਗ ਹੋਣ ਕਰਕੇ ਉਨ੍ਹਾਂ ਨੂੰ ਪ੍ਰਭੂ ਦੀ ਕੁਦਰਤ ਵਿਚ ਕੋਈ ਸੁੰਦਰਤਾ ਸੁਹਾਵਣੀ ਨਹੀਂ ਲਗਦੀ) ।

ਭਾਵਾਰਥ :–ਨਾਮ ਦਾ ਸਿਮਰਨ ਕਰਨ ਵਾਲੇ ਮਨੁੱਖ ਦੀ ਮਾਨਸਕ ਅਵਸਥਾ ਵਿਚ ਅਜਿਹੀ ਸਮਤਾ ਆ ਜਾਂਦੀ ਹੈ ਕਿ ਉਹ ਹਰ ਥਾਂ ਉਸ ਪ੍ਰਭੂ ਜੀ ਨੂੰ ਹੀ ਵਿਆਪਕ ਤਕਦੇ ਹਨ ।

ਪਉੜੀ ॥

**1. ਨਾਮੁ ਸਲਾਹਨਿ ਭਾਉ ਕਰਿ
ਨਿਜ ਮਹਲੀ ਵਾਸਾ ॥
2. ਓਇ ਬਾਹੁੜਿ ਜੋਨਿ ਨ ਆਵਨੀ
ਫਿਰਿ ਹੋਹਿ ਨ ਬਿਨਾਸਾ ॥
3. ਹਰਿ ਸੇਤੀ ਰੰਗਿ ਰਵਿ ਰਹੇ
ਸਭ ਸਾਸ ਗਿਰਾਸਾ ॥
4. ਹਰਿ ਕਾ ਰੰਗੁ ਕਦੇ ਨ ਉਤਰੈ
ਗੁਰਮੁਖਿ ਪਰਗਾਸਾ ॥
5. ਓਇ ਕਿਰਪਾ ਕਰਿ ਕੈ ਮੇਲਿਅਨੁ
ਨਾਨਕ ਹਰਿ ਪਾਸਾ ॥੨੬॥**

ਪਦ ਅਰਥ :–ਭਾਉ–ਪ੍ਰੇਮ । ਭਾਉ ਕਰਿ–ਪ੍ਰੇਮ ਕਰ ਕੇ, ਪ੍ਰੇਮ ਨਾਲ । ਨਿਜ–ਨਿਰੋਲ ਆਪਣਾ । ਬਹੁੜਿ–ਫਿਰ, ਮੁੜ ਕੇ । ਆਵਨੀ-ਆਉਂਦੇ । ਬਿਨਾਸਾ–ਨਾਸ । ਰੰਗਿ–ਪ੍ਰੇਮ ਨਾਲ। ਰਵਿ ਰਹੇ–ਰਚ ਮਿਚ ਜਾਂਦੇ ਹਨ । ਸਾਸ ਗਿਰਾਸਾ–ਸਾਹ ਲੈਂਦਿਆਂ ਤੇ ਗਿਰਾਹੀ ਖਾਂਦਿਆਂ, ਸੁਆਸ ਸੁਆਸ ਖਾਂਦਿਆਂ ਪੀਂਦਿਆਂ । ਰੰਗੁ–ਪਿਆਰ । ਓਇ–ਉਹ, ਉਹ ਬੰਦੇ । ਮੇਲਿਅਨੁ–ਮੇਲ ਲਏ ਹਨ ਉਸ (ਪ੍ਰਭੂ) ਨੇ । ਗੁਰਮੁਖਿ–ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲੇ ਮਨੁੱਖ ।੨੬।

ਅਰਥ :–

ਪ੍ਰ:–ਸ੍ਰੀ ਜੀਓ ! ਕੀ ਨਾਮ ਜਪਣ ਵਾਲੇ ਸਾਰੇ ਹੀ ਪ੍ਰਭੂ ਦੇ ਸਰੂਪ ਰੂਪੀ ਮਹਿਲ ਵਿਚ ਟਿਕ ਜਾਂਦੇ ਹਨ ?

1. **ੳ**:–ਹੇ ਪਿਆਰੇ ! (ਨਾਮ ਤਾਂ ਬਹੁਤ ਲੋਕ ਜਪਦੇ ਹਨ) ਪਰ ਜੋ ਮਨੁੱਖ ਪ੍ਰੇਮ ਨਾਲ ਪ੍ਰਮੇਸ਼ਰ ਦਾ ਨਾਮ ਸਿਮਰਦੇ ਹਨ ਉਹ ਨਿਰੋਲ ਆਪਣੇ (ਹਿਰਦੇ ਰੂਪ, ਪ੍ਰਭੂ ਦੀ ਹਜ਼ੂਰੀ ਰੂਪ) ਮਹਿਲ ਵਿਚ ਟਿਕੇ ਰਹਿੰਦੇ ਹਨ ।

2. ਉਹ ਮਨੁੱਖ ਮੁੜ ਮੁੜ ਨਾ ਜੂਨਾਂ ਵਿਚ ਆਉਂਦੇ ਹਨ ਨਾ ਮਰਦੇ ਹਨ ।
3. ਸੁਆਸ ਸੁਆਸ ਖਾਂਦਿਆਂ ਪੀਂਦਿਆਂ (ਹਰ ਵੇਲੇ) ਉਹ ਪ੍ਰੇਮ ਨਾਲ ਪ੍ਰਭੂ ਵਿਚ ਰਚੇ ਮਿਚੇ ਰਹਿੰਦੇ ਹਨ ।
4. ਉਨ੍ਹਾਂ ਗੁਰਮੁਖਾਂ ਦੇ ਅੰਦਰ ਹਰਿ ਨਾਮ ਦਾ ਚ ਨਣ ਹੋ ਜਾਂਦਾ ਹੈ, ਹਰਿ ਨਾਮ ਦਾ ਰੰਗ (ਉਨ੍ਹਾਂ ਦੇ ਮਨ ਤੋਂ) ਕਦੇ ਭੀ ਉਤਰਦਾ ਨਹੀਂ ਹੈ ।

ਪ੍ਰ:—ਆਖਰ ਉਨ੍ਹਾਂ ਨੂੰ ਫਲ ਕੀ ਹਾਸਲ ਹੁੰਦਾ ਹੈ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਪ੍ਰਭੂ ਨੇ ਆਪਣੀ ਮਿਹਰ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ, ਉਹ ਸਦਾ ਹੀ ਪ੍ਰਭੂ ਦੇ ਨੇੜੇ ਵਸਦੇ ਹਨ ।੨੯।

ਭਾਵਾਰਥ :—ਨਾਮ ਸਿਮਰਨ ਵਾਲੇ ਸਦਾ ਪ੍ਰਭੂ ਦੇ ਨੇੜੇ ਵਸਦੇ ਹਨ, ਹਰ ਵਕਤ ਪ੍ਰਭੂ ਨਾਲ ਰਚੇ ਮਿਚੇ ਰਹਿੰਦੇ ਹਨ, ਉਨ੍ਹਾਂ ਦੇ ਮਨ ਤੋਂ ਨਾਮ ਦਾ ਰੰਗ ਕਦੇ ਭੀ ਉਤਰਦਾ ਨਹੀਂ ।

ਸਲੋਕ ਮ: ੩ ॥

1. ਜਿਚਰੁ ਇਹੁ ਮਨੁ ਲਹਰੀ ਵਿਚਿ ਹੈ
ਹਉਮੈ ਬਹੁਤੁ ਅਹੰਕਾਰੁ ॥
2. ਸਬਦੈ ਸਾਦੁ ਨ ਆਵਈ
ਨਾਮਿ ਨ ਲਗੈ ਪਿਆਰੁ ॥
3. ਸੇਵਾ ਥਾਇ ਨ ਪਵਈ ਤਿਸ ਕੀ
ਖਪਿ ਖਪਿ ਹੋਇ ਖੁਆਰੁ ॥
4. ਨਾਨਕ ਸੇਵਕੁ ਸੋਈ ਆਖੀਐ
ਜੋ ਸਿਰੁ ਧਰੇ ਉਤਾਰਿ ॥
5. ਸਤਿਗੁਰ ਕਾ ਭਾਣਾ ਮੰਨਿ ਲਏ
ਸਬਦੁ ਰਖੈ ਉਰ ਧਾਰਿ ॥੧॥

ਪਦ ਅਰਥ :—ਸਾਦੁ—ਸੁਆਦ, ਰਸ । ਥਾਇ ਨ ਪਵਈ—ਕਬੂਲ ਨਹੀਂ ਹੁੰਦਾ । ਉਤਾਰਿ—ਲਾਹ ਕੇ । ਸਿਰੁ ਧਰੇ ਉਤਾਰਿ—ਆਪਣਾ ਸਿਰ ਲਾਹ ਕੇ ਰਖ ਦੇਵੇ, ਆਪਣੀ ਚਤਰਾਈ ਚਲਾਕੀ ਛਡ ਦੇਵੇ । ਉਰਧਾਰਿ—ਹਿਰਦੇ ਵਿਚ ਟਿਕਾ ਕੇ ।੧।

ਅਰਥ :—

ਪ੍ਰ:—ਗੁਰਦੇਵ ਜੀਓ ! ਮਨੁੱਖ ਦੇ ਮਨ ਅੰਦਰ ਹਉਮੈ ਅਹੰਕਾਰ ਸਦਾ ਹੀ ਬਣਿਆ ਰਹਿੰਦਾ ਹੈ, ਇਸ ਦਾ ਅਸਲ ਕਾਰਨ ਕੀ ਹੈ ?

1. ਉ:—ਹੇ ਭਾਈਓ ! (ਅਸਲ ਕਾਰਨ ਤਾਂ ਇਹੋ ਹੀ ਹੈ ਕਿ) ਜਿਤਨਾ ਚਿਰ ਇਸ ਮਨੁੱਖ ਦਾ ਮਨ (ਮਾਇਆ ਦੀਆਂ) ਲਹਿਰਾਂ ਵਿਚ (ਡੋਲਦਾ ਰਹਿਦਾ ਹੈ, ਉਤਨਾ ਚਿਰ ਮਨੁੱਖ ਦਾ ਇਹ ਮਨ ਬਹੁਤ ਹਉਮੈ ਤੇ ਅਹੰਕਾਰ ਵਿਚ ਹੀ ਰਹਿੰਦਾ ਹੈ ।
2. ਇਸੀ ਕਰਕੇ, ਇਸਨੂੰ ਸਤਿਗੁਰੂ ਦੇ ਸ਼ਬਦ ਦਾ ਰਸ ਨਹੀਂ ਆਉਂਦਾ, ਅਤੇ ਪ੍ਰਭੂ ਦੇ ਨਾਮ' ਵਿਚ ਪਿਆਰ ਨਹੀਂ ਲਗਦਾ ।

ਪ੍ਰ:—ਸ੍ਰੀ ਜੀਓ ! ਅਜਿਹੇ ਲੋਕ ਸੇਵਾ ਕਰਦੇ ਭੀ ਵੇਖੇ ਜਾਂਦੇ ਹਨ, ਪਰ ਫਿਰ ਭੀ ਦੁਖੀਏ ਹਨ, ਇਹ ਕਿਉਂ ਹੈ ?

3. ਉ —ਹੇ ਭਾਈਓ ! ਅਸਲ ਵਿਚ (ਹਉਮੈ ਦੇ ਕਾਰਨ) ਇਸ ਦੀ ਕੀਤੀ ਹੋਈ ਸੇਵਾ ਕਬੂਲ ਨਹੀਂ ਹੁੰਦੀ, (ਇਸੇ ਲਈ) ਖਿਝ ਖਿਝ ਕੇ ਦੁਖੀ ਹੁੰਦਾ ਰਹਿੰਦਾ ਹੈ ।

ਪ੍ਰ:—ਗੁਰਦੇਵ ਜੀਓ ! ਗੁਰਮਤਿ ਅਨੁਸਾਰ ਆਪ ਜੀ ਅਸਲੀ ਸੇਵਕ ਕਿਸ ਨੂੰ ਮੰਨਦੇ ਹੋ ?

4. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਅਸਲੀ ਉਹੀ ਮਨੁੱਖ ਸੇਵਕ ਅਖਵਾਂਦਾ ਹੈ, ਜੋ ਆਪਣੀ ਚਤਰਾਈ ਚਲਾਕੀ ਛਡ ਦੇਂਦਾ ਹੈ ।
5. ਅਤੇ ਸਤਿਗੁਰੂ ਦਾ ਭਾਣਾ ਕਬੂਲ ਕਰਦਾ ਹੈ ਅਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਪ੍ਰੋ ਕੇ ਰਖਦਾ ਹੈ ।

ਭਾਵਾਰਥ :—ਹਉਮੈ ਛਡ ਕੇ ਮਨ ਦੀ ਪੂਰੀ ਇਕਾਗਰਤਾ ਨਾਲ ਸੇਵਾ ਕਰੀਏ ਤਾਂ ਨਾਮ ਨਾਲ ਪਿਆਰ ਹੋ ਸਕਦਾ ਹੈ, ਨਾਲ ਹੀ ਹਰੀ ਪ੍ਰਮੇਸ਼ਰ ਦੇ ਭਾਣੇ ਵਿਚ ਰਹਿਣਾ ਜ਼ਰੂਰੀ ਹੈ, ਐਸਾ ਮਨੁੱਖ ਸਹੀ ਸੇਵਕ ਕਿਹਾ ਜਾਂਦਾ ਹੈ ।

ਮਹਲਾ ੩ ॥

1. ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥
2. ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥
3. ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥
4. ਨਾਨਕ ਗੁਰ ਪਰਸਾਦੀ ਸੋ ਬੁਝਸੀ
ਜਿਸੁ ਆਪਿ ਬੁਝਾਵੈ ॥੨॥

ਪਦ ਅਰਥ :—ਜੋ—ਜਿਹੜੀ ਕਾਰ । ਖਸਮੈ ਭਾਵੈ—ਮਾਲਕ ਪ੍ਰਭੂ ਨੂੰ ਚੰਗੀ ਲਗਦੀ ਹੈ । ਚਾਕਰੀ—ਨੌਕਰੀ, ਸੇਵਾ । ਆਪਤੁ—ਆਪਾ-ਭਾਵ, ਅਹੰਕਾਰ । ਜੋਤਿ—ਆਤਮਾ । ਗੁਰ ਪਰਸਾਦੀ—ਗੁਰੂ ਦੀ ਕ੍ਰਿਪਾ ਨਾਲ । ਬੁਝਸੀ—(ਇਸ ਭੇਤ ਨੂੰ) ਸਮਝ ਲੈਂਦਾ ਹੈ । ਬੁਝਾਵੈ—ਸਮਝਾ ਦੇਂਦਾ ਹੈ ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਗੁਰਮਤਿ ਅਨੁਸਾਰ ਆਪ ਜੀ ਜਪ ਤਪ ਤੇ ਚਾਕਰੀ ਕਿਸ ਨੂੰ ਮੰਨਦੇ ਹੋ ?

1. ਉ:—ਹੇ ਭਾਈਓ ! (ਸਚਾਈ ਤਾਂ ਇਹੋ ਹੀ ਹੈ ਕਿ) ਜਿਹੜੀ ਕਾਰ ਮਾਲਕ ਪ੍ਰਭੂ ਨੂੰ ਪਸੰਦ ਆ ਜਾਏ ਉਹੀ ਕਾਰ ਸੇਵਕ ਦਾ ਜਪ ਹੈ, ਤਪ ਹੈ ਅਤੇ ਸੇਵਾ ਚਾਕਰੀ ਹੈ ।

ਪ੍ਰ:—ਸ੍ਰੀ ਜੀਓ ! ਆਖਰ ਉਸ ਪ੍ਰਭੂ ਨਾਲ ਮਿਲਾਪ ਕਿਸ ਦਾ ਹੋਵੇਗਾ ?

2. ਉ:—ਹੇ ਪਿਆਰੇ ! ਜਿਹੜਾ ਮਨੁੱਖ ਆਪਾ ਭਾਵ ਮਿਟਾਂਦਾ

ਹੈ, ਉਸ ਨੂੰ ਪ੍ਰਭੂ ਆਪ ਹੀ ਮਿਹਰ ਕਰ ਕੇ (ਆਪਣੇ ਨਾਲ) ਮਿਲਾ ਲੈਂਦਾ ਹੈ।

ਪ੍ਰ:—ਗੁਰਦੇਵ ਜੀਉ ! ਮਿਲਾਪ ਹੋ ਜਾਣ ਤੋਂ ਆਪ ਜੀ ਦਾ ਸਹੀ ਭਾਵ ਕੀ ਹੈ ?

3. ਉ:—ਹੇ ਭਾਈਓ ! (ਪ੍ਰਭੂ ਚਰਨਾਂ ਵਿਚ) ਮਿਲਿਆ ਹੋਇਆ ਅਜਿਹਾ ਬੰਦਾ ਮੁੜ ਕਦੇ ਵਿਛੜਦਾ ਨਹੀਂ, ਉਸ ਦੀ ਆਤਮਾ ਪ੍ਰਭੂ ਦੀ ਆਤਮਾ ਨਾਲ ਇਕ-ਮਿਕ ਹੋ ਜਾਂਦੀ ਹੈ।

ਪ੍ਰ:—ਕਿਉਂ ਜੀ, ਇਸ ਅਸਲ ਭੇਤ ਨੂੰ ਸਾਰੇ ਹੀ ਲੋਕ ਕਿਉਂ ਨਹੀਂ ਸਮਝਦੇ ?

4. ਉ:- ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! (ਸਮਝਣਾ ਤਾਂ ਬਹੁਤ ਲੋਕ ਚਾਹੁੰਦੇ ਹਨ, ਪਰ ਇਸ ਭੇਦ ਨੂੰ) ਗੁਰੂ ਦੀ ਕ੍ਰਿਪਾ ਨਾਲ ਉਹੀ ਮਨੁੱਖ ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਹੀ ਸਮਝ ਬਖਸ਼ਦਾ ਹੈ ।੨।

ਭਾਵਾਰਥ :—ਅਨੇਕਾਂ ਲੋਕੀਂ ਅਨੇਕ ਤਰ੍ਹਾਂ ਦਾ ਜਪ ਤਪ ਕਰਦੇ ਹਨ, ਪਰ ਰਬੀ ਦਰਬਾਰ ਵਿਚ ਉਹੀ ਕਬੂਲ ਹੈ ਜੋ ਪ੍ਰਭੂ ਨੂੰ ਭਾ ਜਾਵੇ, ਉਸੇ ਦੀ ਆਤਮਾ ਪ੍ਰਮਾਤਮਾ ਵਿਚ ਅਭੇਦ ਹੁੰਦੀ ਹੈ।

ਪਉੜੀ ॥

1. ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥
2. ਹਰਿ ਨਾਮੁ ਕਦੇ ਨ ਚੇਤਈ ਜਮ ਕਾਲੁ ਸਿਰਿ ਮਾਰੀ ॥
3. ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥
4. ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥
5. ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥

ਪਦ ਅਰਥ :—ਸਭੁ ਕੋ—ਹਰੇਕ ਜੀਵ। ਲੇਖੇ ਵਿਚਿ—ਹੁਕਮ ਵਿਚ, ਮਿਥੀ ਹੋਈ ਮਰਯਾਦਾ ਵਿਚ, ਉਸ ਮਰਯਾਦਾ ਦੇ ਅੰਦਰ ਜੋ ਪ੍ਰਭੂ ਨੇ ਸੰਸਾਰ ਦੀ ਜੁਗਤ ਨੂੰ ਚਲਾਣ ਲਈ ਮਿਥ ਦਿਤੀ ਹੈ। ਮਨਮੁਖੁ—ਮਨ ਦੇ ਪਿਛੇ ਤੁਰਨ ਵਾਲਾ ਮਨੁੱਖ। ਸਿਰਿ—ਸਿਰ ਉਤੇ। ਮਨੂਰ—ਸੜਿਆ ਹੋਇਆ ਲੋਹਾ (ਭਾਵ ਵਿਅਰਥ ਭਾਰ)। ਮਾਰਗੁ—ਰਸਤਾ, ਜੀਵਨ ਸਫਰ ਦਾ ਰਸਤਾ। ਬਿਖਮੁ—ਔਖਾ। ਗੁਰਿ—ਗੁਰੂ ਨੇ। ਉਬਰੇ—ਬਚ ਨਿਕਲੇ। ਨਾਮਿ-ਨਾਮ ਨੇ। ਕਿਉ ਤਰੀਐ—ਪਾਰ ਲੰਘਣਾ ਔਖਾ ਹੈ ।੨੭।

ਅਰਥ:—

ਪ੍ਰ:—ਕਿਉਂ ਜੀ, ਇਹ ਜੀਵ ਕੁਝ ਕਰਦੇ ਰਹਿਣ ਲਈ ਸੁਤੰਤਰ ਹੈ ਜਾਂ ਕਿ ਪਤੰਤਰ ਹੈ ?

1. ਉ:- ਹੇ ਭਾਈ ! (ਅਸਲ ਵਿਚ) ਹਰੇਕ ਜੀਵ (ਨੂੰ ਉਸ) ਮਰਯਾਦਾ ਦੇ ਅੰਦਰ ਹੀ ਤੁਰਨਾ ਪੈਂਦਾ ਹੈ ਜੋ ਉਸ ਪ੍ਰਭੂ ਨੇ ਜੀਵਨ ਜੁਗਤ ਲਈ ਮਿਥੀ ਹੋਈ ਹੈ, (ਪਰ ਮਨ ਦਾ ਮੁਰੀਦ ਮਨੁੱਖ ਅਹੰਕਾਰ ਕਰਦਾ ਹੈ)।

2. ਉਹ ਉਸ ਮਰਯਾਦਾ ਤੋਂ ਆਕੀ ਹੋਣ ਦਾ ਜਤਨ ਕਰਦਾ ਹੈ, ਇਸੇ ਕਰਕੇ ਕਦੇ ਪ੍ਰਭੂ ਦਾ ਨਾਮ ਨਹੀਂ ਸਿਮਰਦਾ (ਜਿਸ ਕਰਕੇ) ਜਮਕਾਲ (ਉਸ ਦੇ) ਸਿਰ ਉਤੇ (ਚੋਟ) ਮਾਰਦਾ ਹੈ (ਭਾਵ ਉਹ ਸਦਾ ਆਤਮਕ ਮੌਤ ਸਹੇੜੀ ਰਖਦਾ ਹੈ)।

ਪ੍ਰ:—ਕਿਉਂ ਜੀ, ਆਖਰ ਉਨ੍ਹਾਂ ਨੂੰ ਫਲ ਕੀ ਮਿਲਦਾ ਹੈ ?

3. ਉ:—ਹੇ ਭਾਈਓ ! ਪਾਪਾਂ ਤੇ ਮੰਦੇ ਕਰਮਾਂ ਦੇ ਵਿਅਰਥ ਤੇ ਬੋਝਲ ਭਾਰ ਨਾਲ ਲਦੇ ਹੋਏ ਜੀਵਾਂ ਲਈ ਜ਼ਿੰਦਗੀ ਦਾ ਰਸਤਾ

4, ਬੜਾ ਔਖਾ ਤੇ ਡਰਾਉਣਾ ਹੋ ਜਾਂਦਾ ਹੈ, ਜਿਸ ਕਰ ਕੇ ਉਨ੍ਹਾਂ ਪਾਸੋਂ (ਇਸ ਸੰਸਾਰ ਸਮੁੰਦਰ ਵਿਚੋਂ) ਤਰਿਆ ਨਹੀਂ ਜਾ ਸਕਦਾ।

ਪ੍ਰ:—ਸ੍ਰੀ ਜੀਓ ! ਆਖਰ ਕਿਸੇ ਦਾ ਬਚਾ ਭੀ ਹੁੰਦਾ ਹੈ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਪਿਆਰੇ ! ਜਿਨ੍ਹਾਂ ਦੀ ਸਹਾਇਤਾ ਗੁਰੂ ਨੇ ਕੀਤੀ ਹੈ, ਉਹ ਬਚ ਨਿਕਲਦੇ ਹਨ (ਕਿਉਂਕਿ) ਪ੍ਰਭੂ ਦੇ ਨਾਮ ਨੇ ਉਨ੍ਹਾਂ ਨੂੰ ਬਚਾ ਲਿਆ ਹੁੰਦਾ ਹੈ ।੨੭।

ਭਾਵਾਰਥ :—ਮਨ ਦਾ ਮੁਰੀਦ ਮਨੁੱਖ ਨਾਮ ਨਹੀਂ ਸਿਮਰਦਾ, ਸਦਾ ਆਤਮਕ ਮੌਤ ਸਹੇੜੀ ਰਖਦਾ ਹੈ, ਵਿਕਾਰਾਂ ਵਿਚ ਲਗੇ ਰਹਿਣ ਕਰਕੇ ਆਪਣੇ ਜੀਵਨ ਦਾ ਰਸਤਾ ਔਖਾ ਤੇ ਡਰਾਉਣਾ ਬਣਾ ਲੈਂਦਾ ਹੈ।

ਸਲੋਕ ਮ: ੩ ॥

1. ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥
2. ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥
3. ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥
4. ਨਾਨਕ ਅਨ ਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥

ਪਦ ਅਰਥ :—ਵਾਰੋ ਵਾਰ—ਬਾਰ ਬਾਰ, ਮੁੜ ਮੁੜ। ਠਗਉਲੀ—ਠਗ ਮੂਰੀ, ਠਗ ਬੂਟੀ, ਉਹ ਬੂਟੀ ਜੋ ਠਗ ਕਿਸੇ ਓਭੜ ਨੂੰ ਖਵਾ ਕੇ ਬੇਹੋਸ਼ ਕਰ ਲੈਂਦੇ ਹਨ ਤੇ ਲੁਟ ਲੈਂਦੇ ਹਨ। ਪਾਈਅਨੁ—ਪਾਈ ਹੈ ਉਸ (ਪ੍ਰਭੂ) ਨੂੰ। ਬਹੁ ਵਿਕਾਰ—ਕਈ ਮੰਦੇ ਕਰਮ। ਦੂਜੈ ਭਾਇ—(ਪ੍ਰਭੂ ਨੂੰ ਛਡ ਕੇ) ਕਿਸੇ ਹੋਰ ਦੇ ਪਿਆਰ ਵਿਚ। ਇਕਿ ਕਈ ਬੰਦੇ। ਉਬਰੇ—ਬਚ ਗਏ ਹਨ ।੧।

ਅਰਥ :-

ਪ੍ਰ:-ਗੁਰਦੇਵ ਜੀਓ ! ਸਾਰੇ ਹੀ ਲੋਕ ਸੁਖ ਦੀ ਪ੍ਰਾਪਤੀ ਲਈ ਅਨੇਕਾਂ ਜਤਨ ਕਰਦੇ ਹੋਏ ਭੀ ਦੁਖੀ ਰਹਿੰਦੇ ਹਨ, ਪਰ ਆਪ ਜੀ ਦਸੋ, ਸੁਖ ਪ੍ਰਾਪਤ ਕਿਵੇਂ ਹੋ ਸਕਦਾ ਹੈ ?

1. **ਉ:**-ਹੇ ਪਿਆਰੇ ! (ਅਸੀਂ ਤਾਂ ਇਉਂ ਹੀ ਅਨੁਭਵ ਕਰਦੇ ਹਾਂ ਕਿ) ਸਤਿਗੁਰੂ ਦੇ ਦਸੇ ਹੋਏ ਰਾਹ ਉਤੇ ਤੁਰਨ ਤੋਂ ਬਿਨਾਂ (ਕਿਸੇ ਭੀ ਮਨੁੱਖ ਨੂੰ) ਸੁਖ ਨਹੀਂ ਮਿਲਦਾ (ਗੁਰੂ ਤੋਂ ਖੁੰਝੇ ਹੋਏ ਜੀਵ) ਮੁੜ ਮੁੜ ਜੰਮਦੇ ਮਰਦੇ ਹਨ ।

ਪ੍ਰ:-ਸ੍ਰੀ ਜੀਓ ! ਦਸੋ ਇਸ ਮਨੁੱਖ ਦੀ ਐਸੀ ਦਸ਼ਾ ਕਿਉਂ ਹੁੰਦੀ ਹੈ ?

2. **ਉ.**-ਹੇ ਭਾਈਓ ! (ਅਸਲ ਵਿਚ) ਉਸ ਪ੍ਰਭੂ ਨੇ ਮੋਹ ਦੀ ਠੱਗ ਬੂਟੀ (ਐਸੀ) ਪਾਈ ਹੈ ਕਿ (ਇਹ ਜੀਵ ਰੱਬ ਵਲੋਂ ਬੇਸੁਰਤ ਹੋ ਕੇ) ਮਾਇਆ ਦੇ ਪਿਆਰ ਵਿਚ (ਫਸ ਕੇ) ਬਥੇਰੇ ਮੰਦੇ ਕਰਮ ਕਰਦੇ ਹਨ ।

ਪ੍ਰ:-ਕਿਉਂ ਜੀ, ਕੋਈ ਇਸ ਠਗ ਬੂਟੀ ਤੋਂ ਬਚਦਾ ਭੀ ਹੈ ?

3. **ਉ:**-ਹੇ ਪਿਆਰੇ ! ਕਈ (ਭਾਗਾਂ ਵਾਲੇ ਬੰਦੇ) ਸਤਿਗੁਰੂ ਦੀ ਕ੍ਰਿਪਾ ਨਾਲ (ਇਸ ਠਗ ਬੂਟੀ ਤੋਂ) ਬਚ ਜਾਂਦੇ ਹਨ (ਜੋ ਜੋ ਬਚਦਾ ਹੈ) ਉਸ ਨੂੰ ਸਾਰੇ ਲੋਕ ਸਿਰ ਨਿਵਾਂਦੇ ਹਨ ।

ਪ੍ਰ-ਗੁਰਦੇਵ ਜੀਓ ! ਕੋਈ ਮੈਨੂੰ ਅਜਿਹਾ ਵਸੀਲਾ ਦਸੋ ਜਿਸ ਦਾ ਸਦਕਾ ਮੈਂ ਇਸ ਮੋਹ ਠਗਉਲੀ ਤੋਂ ਬਚ ਸਕਾਂ ?

4. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਐ ਪਿਆਰੇ ! ਤੂੰ ਭੀ ਹਰ ਰੋਜ਼ (ਆਪਣੇ) ਹਿਰਦੇ ਵਿਚ ਪ੍ਰਭੂ ਦਾ ਨਾਮ ਸਿਮਰਿਆ ਕਰ, ਜਿਸ (ਸਿਮਰਨ ਦੀ) ਬਰਕਤ ਨਾਲ ਤੂੰ (ਇਸ ਮੋਹ ਠਗਉਲੀ ਤੋਂ) ਬਚਣ ਦਾ ਵਸੀਲਾ ਹਾਸਲ ਕਰ ਲਏਂਗਾ ।੧।

ਭਾਵਾਰਥ :-ਗੁਰੂ ਦੇ ਦਸੇ ਮਾਰਗ ਉਤੇ ਤੁਰਨ ਤੋਂ ਬਿਨਾਂ ਮਨੁੱਖ ਨੂੰ ਮਾਇਆ ਮੋਹ ਤੇ ਦਵੈਤ ਭਾਵ ਬਣਿਆ ਰਹਿੰਦਾ ਮਾਇਆ ਮੋਹ ਕਰਕੇ ਹਰੀ ਨਾਮ ਤੇ ਸਚ ਆਦਿ ਗੁਣ ਪ੍ਰਾਪਤ ਨਹੀਂ ਹੁੰਦੇ ।

ਮ: ੩ ॥

1. **ਮਾਇਆ ਮੋਹਿ ਵਿਸਾਰਿਆ**
   ਸਚੁ ਮਰਣਾ ਹਰਿ ਨਾਮੁ ॥
2. **ਧੰਧਾ ਕਰਤਿਆ ਜਨਮੁ ਗਇਆ**
   ਅੰਦਰਿ ਦੁਖੁ ਸਹਾਮੁ ॥
3. **ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ**
   ਜਿਨ੍ ਪੂਰਬਿ ਲਿਖਿਆ ਕਰਾਮੁ ॥੨॥

ਪਦ ਅਰਥ :-ਮੋਹਿ-ਮੋਹ ਦੇ ਕਾਰਨ । ਸਚੁ-ਅਟਲ ਸਦਾ ਕਾਇਮ ਰਹਿਣ ਵਾਲਾ । ਅੰਦਰਿ-ਮਨ ਵਿਚ । ਸਹਾਮੁ-ਸਹਿੰਦਾ ਹੈ, ਸਹਾਰਦਾ ਹੈ । ਸੇਵਿ-ਸੇਵਾ ਕਰ ਕੇ, ਹੁਕਮ ਵਿਚ ਤੁਰ ਕੇ । ਪੂਰਬਿ-ਮੁਢ ਤੋਂ । ਕਰਾਮੁ-ਕਰਮ, ਕੰਮ (ਭਾਵ, ਗੁਰੂ ਦੀ ਸੇਵਾ ਕਰਨ ਦਾ ਕੰਮ) । ਸੁਖੁ-ਆਤਮਕ ਅਨੰਦ ।੨।

ਅਰਥ:-

ਪ੍ਰ-ਗੁਰਦੇਵ ਜੀਓ ! ਉਹ ਕਿਹੜਾ ਮਨੁੱਖ ਹੈ ਜੋ ਮਨ ਕਰਕੇ ਸਦਾ ਹੀ ਦੁਖ ਸਹਾਰਦਾ ਰਹਿੰਦਾ ਹੋਵੇ ?

1. **ਉ:**-ਹੇ ਪਿਆਰੇ ! (ਸੱਚ ਤਾਂ ਇਹੋ ਹੀ ਹੈ ਕਿ) ਮੌਤ ਅਟਲ ਹੈ, ਅਤੇ ਪ੍ਰਭੂ ਦਾ ਨਾਮ ਸਦਾ ਥਿਰ ਰਹਿਣ ਵਾਲਾ ਹੈ, ਪਰ ਇਹ ਗੱਲ ਜਿਸ ਮਨੁੱਖ ਨੇ ਮਾਇਆ ਦੇ ਮੋਹ ਵਿਚ (ਫਸ ਕੇ) ਭੁਲਾ ਦਿਤੀ ਹੈ ।

2. ਹੇ ਭਾਈ ! ਉਸ ਦਾ ਸਾਰਾ ਜੀਵਨ ਮਾਇਆ ਦੇ ਧੰਧੇ ਕਰਦਿਆਂ ਹੀ ਗੁਜ਼ਰ ਜਾਂਦਾ ਹੈ, ਉਹ ਆਪਣੇ ਮਨ ਵਿਚ (ਸਦਾ ਹੀ) ਦੁੱਖ ਸਹਿੰਦਾ ਹੈ ।

ਪ੍ਰ:-ਸ੍ਰੀ ਜੀਓ ! ਆਖਰ ਸੁੱਖ ਕਿਸ ਨੂੰ ਹਾਸਲ ਹੁੰਦਾ ਹੈ ?

3. **ਉ:**-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! (ਗੁਰ ਸੇਵਾ ਦਾ ਲੇਖ) ਜਿਨ੍ਹਾਂ ਦੇ ਮਥੇ ਉਤੇ ਮੁਢ ਤੋਂ ਹੀ ਲਿਖਿਆ ਹੋਇਆ ਹੈ, ਉਨ੍ਹਾਂ ਨੇ ਗੁਰੂ ਦੇ ਹੁਕਮ ਵਿਚ ਤੁਰਕੇ (ਸਦਾ ਹੀ) ਆਤਮਕ ਅਨੰਦ ਮਾਣਿਆ ਹੈ ।੨।

ਭਾਵਾਰਥ :-ਨਾਮ ਤੋਂ ਸਖਣੇ ਮਨੁੱਖਾਂ ਦਾ ਜਨਮ ਧੰਧੇ ਪਿਟਣ ਵਿਚ ਸਦਾ ਹੀ ਵਿਅਰਥ ਜਾਂਦਾ ਹੈ ।

ਪਉੜੀ ॥

1. **ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥**
2. **ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥**
3. **ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥**
4. **ਪੂਰੇ ਗੁਰ ਤੇ ਮਹਲੁ ਪਾਇਆ**
   ਪਤਿ ਪਰਗਟੁ ਲੋਈ ॥
5. **ਨਾਨਕ ਅਨਹਦ ਧੁਨੀ ਦਰਿ ਵਜਦੇ**
   ਮਿਲਿਆ ਹਰਿ ਸੋਈ ॥੨੮॥

ਪਦ ਅਰਥ :-ਲੇਖੁ-ਚਿਤਰ, ਪਾਪਾਂ ਵਿਕਾਰਾਂ ਦੇ ਸੰਸਕਾਰਾਂ ਦਾ ਮਨ ਵਿਚ ਇਕਠ । ਦਰਿ-ਦਰ ਤੇ, ਹਜ਼ੂਰੀ ਵਿਚ । ਸਦ-ਸਦਾ । ਢੋਈ-ਪਹੁੰਚ, ਆਸਰਾ । ਭੇਟ ਦੇ ਮਿਲੈ-ਭੇਟਾ ਅਗੇ ਰਖ ਕੇ ਮਿਲਦਾ ਹੈ, ਆਦਰ ਸਤਿਕਾਰ ਕਰਦਾ ਹੈ । ਮਹਲੁ-ਟਿਕਾਣਾ, ਅਸਲ ਘਰ, ਪ੍ਰਭੂ ਦਾ ਮਿਲਾਪ । ਪਤਿ-ਇੱਜ਼ਤ । ਲੋਈ-ਜਗਤ ਵਿਚ, ਲੋਕ ਵਿਚ । ਅਨਹਦ-ਇਕ ਰਸ, [ਅਨ-ਹਦ] ਬਿਨਾਂ ਵਜਾਏ ਵੱਜਣ ਵਾਲੇ । ਧੁਨੀ-ਸੁਰ । ਅਨਹਦ ਧੁਨੀ-ਇਕ ਰਸ ਸੁਰ ਵਾਲੇ ਵਾਜੇ । ਦਰਿ-ਦਰ ਤੇ, ਹਜ਼ੂਰੀ ਵਿਚ, ਪ੍ਰਭੂ ਦੀ ਹਜ਼ੂਰੀ ਵਿਚ ਰਹਿਣ ਵਾਲੀ ਅਵਸਥਾ ।੨੮।

ਅਰਥ :-

ਪ੍ਰ:-ਗੁਰਦੇਵ ਜੀਓ ! ਜੋ ਸਾਡੇ ਮਨਾਂ ਵਿਚ ਵਿਕਾਰਾਂ ਦੇ ਸੰਸਕਾਰਾਂ ਦਾ ਚਿਤਰ ਹਰ ਵਕਤ ਹੀ ਬਣਦਾ ਰਹਿੰਦਾ ਹੈ, ਦਸੋ ਇਸ ਤੋਂ ਸਾਡਾ ਬਚਾ ਕਿਵੇਂ ਹੋ ਸਕਦਾ ਹੈ ?

1. ਉ:-ਹੇ ਭਾਈਓ ! ਜੇਕਰ ਅਸੀਂ ਹਰੀ ਨਾਮ (ਸਿਮਰਨ ਕਰਦੇ ਰਹਿਣ) ਦਾ ਲੇਖਾ (ਹਮੇਸ਼ਾ ਹੀ) ਪੜ੍ਹਦੇ ਰਹੀਏ ਤਾਂ ਫਿਰ (ਸਮਝੋ ਕਿ) ਵਿਕਾਰ ਆਦਿਕਾਂ ਦੇ ਸੰਸਕਾਰਾਂ ਦਾ ਚਿੱਤਰ ਮਨ ਵਿਚ ਨਹੀਂ ਬਣਦਾ ।
2. (ਕਿਉਂਕਿ) ਪ੍ਰਭੂ ਦੀ ਹਜ਼ੂਰੀ ਵਿਚ (ਉਸ ਦੀ ਸਦਾ ਹੀ) ਪਹੁੰਚ ਬਣੀ ਰਹਿੰਦੀ ਹੈ, ਕਿਸੇ ਵਿਕਾਰ ਬਾਰੇ ਕੋਈ ਪੁਛ ਨਹੀਂ ਕਰ ਸਕਦਾ (ਭਾਵ, ਕੋਈ ਭੀ ਐਸਾ ਮੰਦਾ ਕਰਮ ਨਹੀਂ ਕੀਤਾ ਹੁੰਦਾ, ਜਿਸ ਬਾਰੇ ਕੋਈ ਉਂਗਲ ਕਰ ਸਕੇ) ।
3. ਜਮਕਾਲ (ਚੋਟ ਕਰਨ ਦੇ ਥਾਂ) ਆਦਰ ਸਤਿਕਾਰ ਕਰਦਾ ਹੈ ਤੇ ਸਦਾ ਲਈ ਸੇਵਕ ਬਣ ਜਾਂਦਾ ਹੈ ।

ਪ੍ਰ:-ਸ੍ਰੀ ਜੀਓ ! ਇਹ ਅਵਸਥਾ ਪ੍ਰਾਪਤ ਕਿਵੇਂ ਹੋ ਸਕਦੀ ਹੈ ?

4. ਉ:-ਪਰ, ਹੇ ਭਾਈ ! ਇਹ ਮੇਲ ਵਾਲੀ ਅਵਸਥਾ ਪੂਰੇ ਗੁਰੂ ਤੋਂ ਹੀ ਹਾਸਲ ਹੁੰਦੀ ਹੈ ਤੇ ਜਗਤ ਵਿਚ ਇੱਜ਼ਤ ਉਘੀ ਹੋ ਜਾਂਦੀ ਹੈ ।

ਪ੍ਰ:-ਕਿਉਂ ਜੀ, ਉਸ ਪ੍ਰਭੂ ਦੇ ਮਿਲਾਪ ਵਾਲੇ ਨੂੰ ਆਪਣੇ ਅੰਤਰ ਆਤਮੇ ਕਿਵੇਂ ਪ੍ਰਤੀਤ ਹੁੰਦਾ ਹੈ ?

5. ਉ:-ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਦੋਂ ਉਸ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ ਤਾਂ ਉਸ ਦੀ ਹਜ਼ੂਰੀ ਵਿਚ (ਟਿਕੇ ਰਿਹਾਂ, ਅੰਦਰ ਮਾਨੋਂ) ਇਕ ਸੁਰ ਵਾਲੇ ਵਾਜੇ ਵੱਜਣ ਲਗ ਪੈਂਦੇ ਹਨ ।੨੮।

ਭਾਵਾਰਥ :-ਸਿਮਰਨ ਕਰਨ ਵਾਲੇ ਬੰਦਿਆਂ ਉਤੇ ਕੋਈ ਭੀ ਵਿਕਾਰ ਆਪਣਾ ਦਬਾ ਨਹੀਂ ਪਾ ਸਕਦਾ, ਜਮਰਾਜ ਭੀ ਉਨ੍ਹਾਂ ਦਾ ਆਦਰ ਮਾਣ ਕਰਦਾ ਹੈ, ਉਨ੍ਹਾਂ ਦੇ ਅੰਦਰ ਸਦਾ ਹੀ ਖਿੜਾਓ ਬਣਿਆ ਰਹਿੰਦਾ ਹੈ, ਅਤੇ ਉਹ ਜਗਤ ਵਿਚ ਭੀ ਸਦੀਵੀ ਕਾਲ ਮਾਣ ਹੀ ਪ੍ਰਾਪਤ ਕਰਦੇ ਹਨ ।

ਸਲੋਕ ਮ: ੩ ॥

1. **ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥**
2. **ਗੁਰ ਕੀ ਕਰਣੀ ਭਉ ਕਟੀਐ**
   ਨਾਨਕ ਪਾਵਹਿ ਪਾਰੁ ॥੧॥

ਪਦ ਅਰਥ :-ਸਾਰੁ ਸ੍ਰੇਸ਼ਟ । ਪਾਰੁ-(ਭਉ ਦਾ) ਪਾਰਲਾ ਪਾਸਾ । ਪਾਵਹਿ-ਤੂੰ ਲਭ ਲਏਂਗਾ ।੧।

ਅਰਥ :-

ਪ੍ਰ:-ਸ੍ਰੀ ਜੀਓ ! ਜਦ ਕੋਈ ਮਨੁੱਖ ਗੁਰੂ ਦੇ ਹੁਕਮ ਦੀ ਪਾਲਣਾ ਕਰਨ ਵਿਚ ਦਿਨੇ ਰਾਤ ਤਤਪਰ ਰਵ੍ਹੇ ਤਾਂ ਉਸ ਨੂੰ ਹਾਸਲ ਕੀ ਹੁੰਦਾ ਹੈ ?

1. ਉ:-ਹੇ ਪਿਆਰੇ ! ਜੇ ਕੋਈ ਮਨੁੱਖ ਸਤਿਗੁਰੂ ਦੇ ਦਸੇ ਹੁਕਮ ਦਾ ਪਾਲਣ ਕਰਦਾ ਰਵ੍ਹੇ ਤਾਂ (ਜਾਣੋ ਉਸ ਨੂੰ) ਸੁੱਖਾਂ ਵਿਚੋਂ ਚੋਣਵਾਂ ਸ੍ਰੇਸ਼ਟ ਸੁੱਖ ਮਿਲਦਾ ਹੈ ।
2. ਹੇ ਭਾਈ ! ਸਤਿਗੁਰੂ ਦੀ ਦਸੀ ਹੋਈ ਕਾਰ ਕੀਤਿਆਂ (ਸਾਰਾ) ਡਰ (ਭੀ) ਦੂਰ ਹੋ ਜਾਂਦਾ ਹੈ, ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੇ ਤੂੰ ਗੁਰੂ ਵਾਲੀ ਕਰਣੀ ਕਰੇਂਗਾ ਤਾਂ, ਤੂੰ (ਭਉ ਦਾ) ਪਾਰਲਾ ਕੰਢਾ ਲਭ ਲਏਂਗਾ (ਭਾਵ, ਭਉ ਸਾਗਰ ਤੋਂ ਪਾਰ ਲੰਘ ਜਾਏਂਗਾ) ।੧।

ਭਾਵਾਰਥ :- ਗੁਰੂ ਦੇ ਹੁਕਮ ਅਨੁਸਾਰ ਜੀਵਨ ਬਣਾਈਏ ਤਾਂ ਹੀ ਸੁਖ ਪ੍ਰਾਪਤ ਹੁੰਦਾ ਹੈ, ਸਚ ਤੋਂ ਨਾਮ ਦੀ ਪ੍ਰਾਪਤੀ ਹੋ ਕੇ ਜਨਮ ਮਰਨ ਕੱਟ ਲਈਦਾ ਹੈ ।

ਮਹਲਾ ੩ ॥

1. **ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥**
2. **ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥**
3. **ਨਾਨਕ ਨਾਮਿ ਵਿਸਾਰਿਐ**
   ਆਵਣ ਜਾਣਾ ਦੋਇ ॥੨॥

ਪਦ ਅਰਥ :-ਸਚੁ-ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ, ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਨਾਲ ਬਣਿਆ ਪਿਆਰ । ਮੈਲਾ-ਵਿਕਾਰਾਂ ਨਾਲ ਗੰਦਾ । ਪੁਰਾਣਾ-ਕਮਜ਼ੋਰ ।੨।

ਅਰਥ :-

ਪ੍ਰ:-ਸ੍ਰੀ ਜੀਓ ! ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਸੰਸਾਰੀ ਮਨੁੱਖ ਨਾਲ ਕੀਤਾ ਪਿਆਰ ਥੋੜੇ ਹੀ ਸਮੇਂ ਪਿਛੋਂ ਕਮਜ਼ੋਰ ਹੋ ਜਾਂਦਾ ਹੈ, ਕੀ, ਰੱਬੀ ਪਿਆਰ ਭੀ ਅਜਿਹਾ ਹੀ ਹੈ ?

1. ਉ:-ਐ ਪਿਆਰੇ ! ਜੇ ਮਨੁੱਖ ਸਦਾ ਥਿਰ ਰਹਿਣ ਵਾਲੇ ਪ੍ਰਮੇਸ਼ਰ ਨਾਲ ਪਿਆਰ ਪਾ ਲਏ ਤਾਂ ਉਹ ਪ੍ਰਮਾਤਮਾ ਨਾਲ ਬਣਿਆ ਪਿਆਰ ਕਦੇ ਭੀ ਕਮਜ਼ੋਰ ਨਹੀਂ ਹੁੰਦਾ ।
   ਹੇ ਭਾਈ ! (ਜਿਸ ਹਿਰਦੇ ਵਿਚ) ਪ੍ਰਮਾਤਮਾ ਦਾ ਨਾਮ (ਵੱਸਦਾ ਹੈ) ਉਹ (ਹਿਰਦਾ ਕਦੇ) ਵਿਕਾਰਾਂ ਨਾਲ ਗੰਦਾ ਨਹੀਂ ਹੁੰਦਾ ।
2. ਹੇ ਭਾਈ ! ਜੇ ਮਨੁੱਖ ਗੁਰੂ ਦੀ ਰਜ਼ਾ ਵਿਚ ਤੁਰੇ ਤਾਂ ਮੁੜ ਉਸ ਨੂੰ (ਜਨਮ ਮਰਨ ਦਾ ਗੇੜ) ਨਹੀਂ ਹੁੰਦਾ ।
3. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਪਿਆਰੇ ! ਜੇ ਨਾਮ ਵਿਸਾਰ ਦਈਏ ਤਾਂ ਜਨਮ ਮਰਨ ਦੋਵੇਂ ਹੀ ਬਣੇ ਰਹਿੰਦੇ ਹਨ (ਭਾਵ, ਜਨਮ ਮਰਨ ਦੇ ਗੇੜ ਵਿਚ ਪਏ ਰਹੀਦਾ ਹੈ) ।੨।

ਭਾਵਾਰਥ :-ਗੁਰੂ ਦੇ ਭਾਣੇ ਵਿਚ ਚਲਣ ਵਾਲੇ ਬੰਦੇ ਜੰਮਣ ਮਰਨ ਦੇ ਚੱਕਰ ਵਿਚੋਂ ਸਦਾ ਹੀ ਬਚੇ ਰਹਿੰਦੇ ਹਨ,

ਇਕ ਨਾਮ ਹੀ ਹੈ ਜੋ ਇਸ ਜੰਮਣ ਮਰਨ ਤੋਂ ਬਚਾ ਸਕਣ ਵਾਲਾ ਹੈ ।

ਪਉੜੀ ॥

1. **ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ ॥**
2. **ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ ॥**
3. **ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ ॥**
4. **ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥**
5. **ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥੨੯॥**

ਪਦ ਅਰਥ :—ਮੰਗਤ ਜਨੁ—ਮੰਗਤਾ (ਮੈਂ ਮੰਗਤਾ)। ਜਾਚੈ—ਮੰਗਦਾ ਹੈ। ਦਾਨੁ—ਖੈਰ। ਹਰਿ—ਹੇ ਪ੍ਰਭੂ। ਸੁਭਾਇ—ਸ੍ਵ ਭਾਇ, ਆਪਣੇ ਹਥ ਨਾਲ, ਪਿਆਰ ਨਾਲ। ਦਰਸਨਿ—ਦਰਸ਼ਨ ਦੀ ਰਾਹੀਂ, ਦੀਦਾਰ ਕੀਤਿਆਂ। ਤ੍ਰਿਪਤਾਇ- ਰੱਜ ਜਾਈਦਾ ਹੈ, ਸੰਤੋਖ ਪੈਦਾ ਹੁੰਦਾ ਹੈ। ਨ ਜੀਵਊ—ਮੈਂ ਜੀਉ ਨਹੀਂ ਸਕਦਾ। ਮਾਇ—ਹੇ ਮਾਂ। ਸਤਿਗੁਰਿ—ਗੁਰੂ ਨੇ। ਸਭ ਥਾਇ—ਸਭ ਥਾਈਂ। ਲਿਵ ਲਾਇ—ਲਗਨ ਲਾ ਕੇ। ਉਠਾਲਿ—ਜਗਾ ਕੇ।੨੯।

ਅਰਥ:—

ਪ੍ਰ:—ਸ੍ਰੀ ਜੀਓ! ਉਸ ਪ੍ਰਭੂ ਦੇ ਦਰ ਤੋਂ ਮੰਗਣ ਸਮੇਂ ਕੀ ਮੰਗਣਾ ਯੋਗ ਹੈ?

1. ਹੇ ਭਾਈਓ! (ਜਦੋਂ ਭੀ ਕਦੀ ਪ੍ਰਭੂ ਤੋਂ ਮੰਗੋ ਤਾਂ ਇਹੋ ਹੀ ਮੰਗਣਾ ਯੋਗ ਹੈ ਕਿ) ਹੇ ਪ੍ਰਭੂ, ਮੈਂ ਮੰਗਤਾ ਇਕ ਖੈਰ ਮੰਗਦਾ ਹਾਂ, ਆਪਣੇ ਹੱਥ ਨਾਲ (ਉਹ ਖੈਰ) ਮੈਨੂੰ ਪਾ।
2. ਹੇ ਹਰੀ! ਮੈਨੂੰ ਤੇਰੇ ਦੀਦਾਰ ਦੀ ਪਿਆਸ ਹੈ, ਤੇਰੇ ਦੀਦਾਰ ਨਾਲ ਹੀ (ਮੇਰੇ ਅੰਦਰ) ਠੰਢ ਪੈ ਸਕਦੀ ਹੈ।
3. ਹੇ (ਮੇਰੀ) ਮਾਂ! ਮੈਂ ਹਰੀ ਦੇ ਦਰਸ਼ਨ ਤੋਂ ਬਿਨਾਂ ਮਰਦਾ ਹਾਂ, ਇਕ ਪਲ ਭਰ ਭੀ, ਘੜੀ ਭਰ ਭੀ ਜੀਉ ਨਹੀਂ ਸਕਦਾ।

ਪ੍ਰ:—ਸ੍ਰੀ ਜੀਓ! ਆਖਰ ਇਹ ਦਾਤ ਮਿਲ ਕਿਵੇਂ ਸਕਦੀ ਹੈ?

4. **ਉ**:—ਹੇ ਭਾਈਓ! ਮੈਨੂੰ ਤਾਂ ਜਦੋਂ ਮੇਰੇ ਗੁਰੂ ਨੇ ਮੇਰਾ ਪ੍ਰਭੂ ਮੇਰੇ ਅੰਦਰ ਹੀ ਵਿਖਾ ਦਿਤਾ ਤਾਂ (ਉਹ ਸਾਈਂ ਜੀ) ਮੈਨੂੰ ਸਭ ਥਾਈਂ ਵਿਆਪਕ ਦਿਸਣ ਲਗ ਪਿਆ।

ਪ੍ਰ:—ਕਿਉਂ ਜੀ, ਇਹ ਨਾਮ ਦੀ ਦਾਤ ਆਖਰ ਮਿਲਦੀ ਕਿਵੇਂ ਹੈ?

5. **ਉ**:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ! ਉਹ ਪ੍ਰਭੂ ਆਪ ਹੀ ਆਪਣੇ ਨਾਮ ਦੀ ਲਗਨ ਲਗਾ ਕੇ (ਮਾਇਆ ਵਿਚ) ਸੁਤਿਆਂ ਨੂੰ ਜਗਾ ਕੇ ਆਪ ਹੀ (ਨਾਮ ਦੀ ਦਾਤ) ਦੇਂਦਾ ਹੈ।੨੯।

ਭਾਵਾਰਥ :—ਜਿਨ੍ਹਾਂ ਮਨੁੱਖਾਂ ਨੂੰ ਉਹ ਪ੍ਰਭੂ ਨਾਮ ਦੀ ਲਗਨ ਲਾਂਦਾ ਹੈ, ਉਹ ਪ੍ਰਭੂ ਦਰ ਤੋਂ ਸਦਾ ਹੀ ਦੀਦਾਰ ਦੀ ਦਾਤ ਮੰਗਦੇ ਹਨ, ਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਹਰ ਥਾਂ ਪ੍ਰਭੂ ਹੀ ਦਿਸਦਾ ਹੈ।

ਸਲੋਕ ਮਹਲਾ ੩ ॥

1. **ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥**
2. **ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥**
3. **ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥**
4. **ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥**
5. **ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥੧॥**

ਪਦ ਅਰਥ :—ਮਨਮੁਖ—ਆਪਣੇ ਮਨ ਦੇ ਪਿਛੇ ਤੁਰਨ ਵਾਲੇ ਬੰਦੇ। ਕੁਥਾਉ—ਮੰਦਾ ਥਾਂ। ਓਨਾ, ਜਾਣਨੀ—[ਅਖਰ 'ਨ' ਦੇ ਨਾਲ ਅਧਾ 'ਹ' ਹੈ]। ਚਿਤਵਹਿ—ਸੋਚਦੇ ਹਨ। ਦਰਗਹ—ਪ੍ਰਭੂ ਦੀ ਹਜ਼ੂਰੀ ਵਿਚ। ਉਪਾਈਅਨੁ—ਉਪਾਈ ਹੈ ਉਸ ਪ੍ਰਭੂ ਨੇ। ਕਿਸ ਨੋ ਆਖੀਐ—ਕਿਸੇ ਨੂੰ ਭੀ ਮੰਦਾ ਨਹੀਂ ਆਖਿਆ ਜਾ ਸਕਦਾ। ਸਭੁ—ਸਭ ਥਾਂ। ਵਰਤੈ—ਮੌਜੂਦ ਹੈ। ਹੋਹਿ—ਹੁੰਦੇ ਹਨ। ਹੋਹਿ ਕੂੜਿਆਰ—ਨਾਸਵੰਤ ਪਦਾਰਥਾਂ ਦੇ ਵਪਾਰੀ ਹੀ ਸਾਬਤ ਹੁੰਦੇ ਹਨ। ਸਚਿਆਰੁ—ਸਚ ਦਾ ਸੋਮਾ ਪ੍ਰਭੂ।੧।

ਅਰਥ :—

ਪ੍ਰ:—ਗੁਰਦੇਵ ਜੀਓ! ਜੋ ਬੰਦੇ ਕੇਵਲ ਆਪਣੇ ਮਨ ਦੇ ਪਿਛੇ ਹੀ ਚੱਲਣ ਵਾਲੇ ਹਨ, ਉਨ੍ਹਾਂ ਦੀ ਪਛਾਣ ਕੀ ਹੈ?

1. **ਉ**:—ਹੇ ਭਾਈਓ! (ਮਨ ਦੇ ਪਿਛੇ ਤੁਰਨ ਵਾਲੇ ਮਨਮੁਖ ਦੀ ਵੱਡੀ ਨਿਸ਼ਾਨੀ ਇਹੋ ਹੀ ਹੈ ਕਿ) ਉਹ (ਸਮੇਂ ਸਿਰ) ਢੁਕਵੀਂ ਗੱਲ ਕਰਨੀ ਭੀ ਨਹੀਂ ਜਾਣਦੇ, ਕਿਉਂਕਿ ਉਨ੍ਹਾਂ ਦੇ ਮਨ ਵਿਚ ਕਾਮ ਕ੍ਰੋਧ ਤੇ ਅਹੰਕਾਰ (ਪ੍ਰਬਲ) ਹੁੰਦਾ ਹੈ।
2. ਉਹ ਸਦਾ ਭੈੜੀਆਂ ਗੱਲਾਂ ਹੀ ਸੋਚਦੇ ਹਨ, (ਅਤੇ ਕਦੀ) ਥਾਂ-ਕੁਥਾਂ ਭੀ ਨਹੀਂ ਸਮਝਦੇ (ਭਾਵ ਉਨ੍ਹਾਂ ਨੂੰ ਇਹ ਸਮਝ ਭੀ ਨਹੀਂ ਹੁੰਦੀ ਕਿ ਇਹ ਕੰਮ ਇਥੇ ਕਰਨਾ ਫਬਦਾ ਭੀ ਹੈ ਕਿ ਨਹੀਂ।

ਪ੍ਰ:—ਕਿਉਂ ਜੀ, ਅਜਿਹੇ ਲੋਕਾਂ ਦੀ ਰੱਬੀ ਦਰਬਾਰ ਵਿਚ ਕੀ ਦਸ਼ਾ ਹੁੰਦੀ ਹੈ?

3. **ਉ**:—ਹੇ ਭਾਈ! ਜਦੋਂ (ਉਨ੍ਹਾਂ ਪਾਸੋਂ) ਪ੍ਰਭੂ ਦੀ ਹਜ਼ੂਰੀ ਵਿਚ ਕੀਤੇ ਕਰਮਾਂ ਦਾ ਹਿਸਾਬ ਪੁਛੀਦਾ ਹੈ ਤਾਂ ਉਥੇ ਉਹ ਝੂਠੇ ਪੈਂਦੇ ਹਨ।
4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਪਿਆਰੇ! (ਸਦਾ ਇਉਂ ਹੀ ਸਮਝਣਾ ਚਾਹੀਦਾ ਹੈ ਕਿ)

ਉਸ ਪ੍ਰਭੂ ਨੇ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ (ਸਭ ਵਿਚ ਵਿਆਪਕ ਹੋ ਕੇ) ਉਹ ਆਪ

5. (ਹੀ) ਹਰੇਕ ਵਿਚਾਰ ਕਰ ਰਿਹਾ ਹੈ। ਸਭ ਥਾਈਂ ਉਹ ਸਚ ਦਾ ਸੋਮਾ ਪ੍ਰਭੂ ਆਪ (ਹੀ) ਮੌਜੂਦ ਹੈ, ਸੋ ਕਿਸੇ (ਮਨਮੁਖ) ਨੂੰ ਭੀ ਮੰਦਾ ਨਹੀਂ ਆਖਿਆ ਜਾ ਸਕਦਾ।੧।

ਭਾਵਾਰਥ :—ਜੋ ਗੁਰੂ ਦੀ ਮੰਨ ਕੇ ਨਹੀਂ ਚਲਦੇ, ਉਹ ਵਿਕਾਰਾਂ ਵਿਚ ਪਏ ਹੋਏ ਜਨਮ ਵਿਅਰਥ ਗਵਾਂਦੇ ਹਨ, ਗੁਰੂ ਦੀ ਮੰਨ ਕੇ ਭੀ ਉਹ ਚਲਦੇ ਹਨ ਜਿਨ੍ਹਾਂ ਉਤੇ ਹਰੀ ਦੀ ਕ੍ਰਿਪਾ ਹੋਵੇ ।

ਮ: ੩ ॥

1. ਹਰਿ ਗੁਰਮੁਖਿ ਤਿਨੀ ਅਰਾਧਿਆ
ਜਿਨ ਕਰਮਿ ਪਰਾਪਤਿ ਹੋਇ ॥
2. ਨਾਨਕ ਹਉ ਬਲਿਹਾਰੀ ਤਿਨ ਕਉ
ਜਿਨ ਹਰਿ ਮਨਿ ਵਸਿਆ ਸੋਇ ॥੨॥

ਪਦ ਅਰਥ :— ਗੁਰਮੁਖਿ—ਉਹ ਬੰਦੇ ਜੋ ਗੁਰੂ ਦੇ ਸਨਮੁਖ ਰਹਿੰਦੇ ਹਨ। ਕਰਮਿ—(ਪ੍ਰਭੂ ਦੀ) ਮਿਹਰ ਨਾਲ। ਪਰਾਪਤਿ ਹੋਇ—ਮਿਲਿਆ ਹੁੰਦਾ ਹੈ, ਭਾਗਾਂ ਵਿਚ ਲਿਖਿਆ ਹੁੰਦਾ ਹੈ। ਹਉ ਬਲਿਹਾਰੀ—ਮੈਂ ਸਦਕੇ। ਮਨਿ—ਮਨ ਵਿਚ। ਸੋਇ ਹਰਿ—ਉਹ ਪ੍ਰਭੂ।੨।

ਅਰਥ :—

ਪ੍ਰ:—ਸ੍ਰੀ ਜੀਓ ! ਗੁਰੂ ਦੇ ਸਨਮੁਖ ਰਹਿਣ ਵਾਲੇ ਤਾਂ ਅਨੇਕਾਂ ਹੀ ਵੇਖੀਦੇ ਹਨ, ਕੀ ਉਹ ਸਾਰੇ ਹੀ ਸਿਮਰਨ ਦੀ ਦਾਤ ਹਾਸਲ ਕਰ ਲੈਂਦੇ ਹਨ ?

1. ਉ—ਹੇ ਭਾਈਓ ! (ਗੁਰੂ ਦੀ ਸ਼ਰਨ ਵਿਚ ਰਹਿੰਦੇ ਤਾਂ ਬਹੁਤ ਲੋਕ ਹਨ) ਪਰ ਗੁਰੂ ਦੇ ਸਨਮੁਖ ਰਹਿ ਕੇ ਉਨ੍ਹਾਂ ਮਨੁੱਖਾਂ ਨੇ (ਹੀ) ਪ੍ਰਭੂ ਨੂੰ ਸਿਮਰਿਆ ਹੈ, ਜਿਨ੍ਹਾਂ ਦੇ ਭਾਗਾਂ ਵਿਚ ਪ੍ਰਭੂ ਦੀ ਮਿਹਰ ਨਾਲ ਸਿਮਰਨ ਦੀ ਦਾਤ ਲਿਖੀ ਹੋਈ ਹੈ।

ਪ੍ਰ:—ਸ੍ਰੀ ਜੀਓ ! ਸਿਮਰਨ ਵਾਲਿਆਂ ਦਾ ਆਪ ਜੀ ਕਿਤਨਾ ਕੁ ਸਤਿਕਾਰ ਕਰਦੇ ਹੋ ?

2. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਮੈਂ ਉਨ੍ਹਾਂ ਬੰਦਿਆਂ ਤੋਂ (ਸਦਾ ਹੀ) ਸਦਕੇ ਹਾਂ, ਜਿਨ੍ਹਾਂ ਦੇ ਮਨ ਵਿਚ ਉਹ ਪ੍ਰਭੂ ਜੀ ਵੱਸਦਾ ਹੈ।੨।

ਭਾਵਾਰਥ :—ਸਿਮਰਨ ਕਰਨ ਲਈ ਤਾਂ ਬਹੁਤ ਲੋਕ ਲੋਚਦੇ ਹਨ ਪਰ ਇਹ ਦਾਤ ਪੂਰਬਲੇ ਲੇਖਾਂ ਅਨੁਸਾਰ ਹੀ ਹਾਸਲ ਹੁੰਦੀ ਹੈ।

ਪਉੜੀ ॥

1. ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥
2. ਨਿਤ ਜੀਵਣ ਕਉ ਚਿਤੁ ਗੜ੍ਹ ਮੰਡਪ ਸਵਾਰਿਆ ॥
3. ਵਲ ਵੰਚ ਕਰਿ ਉਪਾਵ
ਮਾਇਆ ਹਿਰਿ ਆਣਿਆ ॥
4. ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥
5. ਨਾਨਕ ਗੁਰ ਸਰਣਾਈ ਉਬਰੇ
ਹਰਿ ਗੁਰ ਰਖਵਾਲਿਆ ॥੩੦॥

ਪਦ ਅਰਥ :— ਸਭੁ ਲੋਕੁ—ਸਾਰਾ ਜਗਤ। ਬਹੁ ਜੀਵਣ—ਲੰਮੀ ਉਮਰ। ਜਾਣਿਆ—ਜਾਣ ਕੇ, ਸਮਝ ਕੇ। ਗੜ੍ਹ—ਕਿਲ੍ਹੇ। ਵਲਵੰਚ—ਠਗੀਆਂ। ਉਪਾਵ—ਹੀਲੇ। ਹਿਰਿ—ਚੁਰਾ ਕੇ। ਆਣਿਆ—ਲਿਆਉਂਦਾ ਹੈ। ਨਿਹਾਲੇ—ਤਕਦਾ ਹੈ, ਗਹੁ ਨਾਲ ਵੇਖਦਾ ਹੈ, ਗਿਣਦਾ ਹੈ। ਆਵ—ਉਮਰ। ਬੇਤਾਲਿਆ—ਭੂਤਨੇ ਜਿਹੇ ਮਨੁੱਖ ਦੀ, ਸਹੀ ਜੀਵਨ-ਤੋਰ ਤੋਂ ਖੁੰਝੇ ਮਨੁੱਖ ਦੀ। ਸਾਸ—ਸਾਹ। ਜੀਵਣ ਕਉ—ਜੀਊਣ ਵਾਸਤੇ। ਚਿਤੁ—ਦਿਲ, ਤਾਂਘ।੩੦।

ਅਰਥ :—

ਪ੍ਰ:—ਸ੍ਰੀ ਜੀਓ ! ਇਹ ਮਨੁੱਖ ਲੰਮੀਆਂ ਲੰਮੀਆਂ ਵਧੇਰੇ ਆਸਾਂ ਕਿਉਂ ਬਣਾਈ ਰਖਦਾ ਹੈ ?

1. ਉ:—ਹੇ ਭਾਈ ! (ਅਸਲ ਵਿਚ ਇਹ) ਲੰਮੀ ਜ਼ਿੰਦਗੀ ਸਮਝ ਕੇ ਸਾਰਾ ਹੀ ਜਗ (ਭਾਵ ਹਰੇਕ ਦੁਨੀਆਂਦਾਰ ਮਨੁੱਖ) ਆਸਾਂ ਬਣਾਂਦਾ ਹੈ।

2. ਸਦਾ ਜੀਊਣ ਦੀ ਤਾਂਘ (ਰਖਦਾ ਹੈ ਤੇ) ਕਿਲ੍ਹੇ ਮਾੜੀਆਂ ਆਦਿਕ ਸਜਾਂਦਾ ਰਹਿੰਦਾ ਹੈ।

3. ਠਗੀਆਂ ਤੇ ਹੋਰ ਕਈ ਹੀਲੇ ਕਰ ਕੇ (ਦੂਜਿਆਂ ਦਾ) ਮਾਲ ਠਗ ਕੇ ਲੈ ਆਉਂਦਾ ਹੈ।

4. ਪਰ, ਉਤੋਂ ਜਮਰਾਜ ਇਸ ਦੇ ਸਾਹ ਗਿਣਦਾ ਜਾ ਰਿਹਾ ਹੈ, ਜੀਵਨ ਤਾਲ ਤੋਂ ਖੁੰਝੇ ਹੋਏ ਇਸ ਮਨੁੱਖ ਦੀ ਉਮਰ ਘਟਦੀ ਚਲੀ ਜਾ ਰਹੀ ਹੈ।

ਪ੍ਰ:—ਸ੍ਰੀ ਜੀਓ ! ਦਸੋ, ਇਸ ਆਸਾਂ ਦੇ ਲੰਮੇ ਜਾਲ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! (ਇਸ ਆਸਾਂ ਦੇ ਲੰਮੇ ਜਾਲ ਵਿਚੋਂ) ਉਹੀ ਬੰਦੇ ਬਚਦੇ ਹਨ, ਜੋ ਗੁਰੂ ਦੀ ਸ਼ਰਨ ਪੈਂਦੇ ਹਨ, ਜਿਨ੍ਹਾਂ ਦਾ ਰਾਖਾ ਗੁਰੂ ਅਕਾਲ ਪੁਰਖ ਆਪ ਬਣਦਾ ਹੈ।੩੦।

ਭਾਵਾਰਥ :—ਲੰਮੀ ਉਮਰ ਸਮਝ ਕੇ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਦੁਨੀਆਂ ਦੀਆਂ ਆਸਾਂ ਬਣਾਂਦਾ ਰਹਿੰਦਾ ਹੈ, ਮਹਿਲ ਮਾੜੀਆਂ ਦੇ ਸਜਾਣ ਵਿਚ ਮਸਤ ਰਹਿੰਦਾ ਹੈ ਤੇ ਜੇ ਵੱਸ ਲਗੇ ਤਾਂ ਹੋਰਨਾਂ ਦਾ ਧਨ ਠਗ ਲਿਆਉਂਦਾ ਹੈ, ਮੂਰਖ ਨੂੰ ਇਹ ਚੇਤਾ ਹੀ ਨਹੀਂ ਆਉਂਦਾ ਕਿ ਜ਼ਿੰਦਗੀ ਦੀਆਂ ਘੜੀਆਂ ਘਟਦੀਆਂ ਜਾ ਰਹੀਆਂ ਹਨ।

ਸਲੋਕ ਮ: ੩ ॥

1. **ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥**
2. **ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥**
3. **ਜਿਨ੍ਹਿ ਕੀਤੇ ਤਿਸੈ ਨ ਸੇਵਨ੍ਹੀ ਦੇਦਾ ਰਿਜਕੁ ਸਮਾਇ ॥**
4. **ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥**
5. **ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥**
6. **ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥੧॥**

ਪਦ ਅਰਥ :– ਵਾਦੁ–ਬਹਿਸ, ਝਗੜਾ, ਚਰਚਾ। ਸੁਆਇ–ਸੁਆਦ ਵਿਚ। ਸਜਾਇ–ਡੰਡ। ਜਿਨ੍ਹਿ–ਜਿਸ (ਪ੍ਰਭੂ) ਨੇ। ਸਮਾਇ ਦੇਦਾ–ਅਪੜਾਂਦਾ ਹੈ (ਸੰਬਾਹਿ)। ਜਾਇ–ਜਨਮ ਲੈ ਕੇ। ਆਵਹਿ ਜਾਇ–ਜਨਮ ਲੈ ਕੇ ਆਉਂਦੇ ਹਨ। ਸਚਿ–ਸਚ ਵਿਚ, ਸਦਾ ਕਇਮ ਰਹਿਣ ਵਾਲੇ ਪ੍ਰਮਾਤਮਾ ਵਿਚ। ਗਲਹੁ-ਗਲ ਤੋਂ।੧।

ਅਰਥ :–

ਪ੍ਰ:–ਗੁਰਦੇਵ ਜੀਓ ! ਜੋ ਪੰਡਤ ਲੋਕ ਸਾਰੇ ਜੀਵਨ ਭਰ ਧਰਮ ਪੁਸਤਕਾਂ ਹੀ ਪੜ੍ਹਦੇ ਹਨ, ਕੀ ਉਨ੍ਹਾਂ ਦੀ ਅੰਤ ਸਮੇਂ ਕੁਝ ਰਿਆਇਤ ਹੋਵੇਗੀ ?

1. **ਉ:**–ਹੇ ਭਾਈਓ ! ਜੋ ਪੰਡਤ ਲੋਕ (ਧਰਮ ਪੁਸਤਕਾਂ) ਪੜ੍ਹ ਪੜ੍ਹ ਕੇ (ਨਿਰੀ) ਚਰਚਾ ਹੀ ਕਰਦੇ ਹਨ ਤੇ ਮਾਇਆ ਮੋਹ ਦੇ ਚਸਕੇ ਵਿਚ (ਫਸੇ) ਰਹਿੰਦੇ ਹਨ।
2. ਅਤੇ ਮਾਇਆ ਦੇ ਪਿਆਰ ਵਿਚ ਪ੍ਰਭੂ ਦਾ ਨਾਮ ਭੁਲਾਈ ਰਖਦੇ ਹਨ, (ਇਸ ਵਾਸਤੇ) ਮੂਰਖ ਮਨ ਨੂੰ ਸਜ਼ਾ (ਹੀ) ਮਿਲਦੀ ਹੈ।
3. (ਕਿਉਂਕਿ) ਜਿਸ ਪ੍ਰਭੂ ਨੇ ਪੈਦਾ ਕੀਤਾ ਹੈ, ਜੋ ਸਦਾ ਰਿਜ਼ਕ ਅਪੜਾਂਦਾ ਹੈ, ਉਸ ਨੂੰ (ਉਹ ਕਦੇ) ਯਾਦ (ਹਾਂ) ਨਹੀਂ ਕਰਦਾ।
4. (ਇਸੇ ਕਾਰਨ) ਉਨ੍ਹਾਂ ਦੇ ਗਲੋਂ ਜਮਾਂ ਦੀ ਫਾਹੀ ਕੱਟੀ ਨਹੀਂ ਜਾਂਦੀ, ਉਹ (ਜਗਤ ਵਿਚ) ਮੁੜ ਮੁੜ ਜੰਮਦੇ (ਮਰਦੇ) ਹਨ।

ਪ੍ਰ:–ਗੁਰਦੇਵ ਜੀਓ ! ਆਖਰ ਸੱਚ ਵਿਚ ਸਮਾਈ ਕਿਸ ਦੀ ਹੁੰਦੀ ਹੈ ?

5. **ਉ:**–ਹੇ ਭਾਈਓ ! ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ (ਹੀ) ਸਿਮਰਨ ਦਾ ਲੇਖ ਲਿਖਿਆ ਹੋਇਆ ਹੈ ਉਨ੍ਹਾਂ ਨੂੰ ਗੁਰੂ ਆ ਮਿਲਦਾ ਹੈ।
6. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਪਿਆਰੇ ! ਉਹ ਸਦਾ ਥਿਰ ਪ੍ਰਭੂ ਵਿਚ ਲੀਨ ਰਹਿ ਕੇ ਹਰ ਰੋਜ਼ ਹੀ ਨਾਮ ਸਿਮਰਨ ਵਿਚ ਤਤਪਰ ਰਹਿੰਦੇ ਹਨ।੧।

ਭਾਵਾਰਥ :–ਮਾਇਆ ਦਾ ਮੋਹ ਵੱਡੇ ਵੱਡੇ ਸਿਆਣਿਆਂ ਨੂੰ ਆਪ-ਹੁਦਰਾ ਬਣਾ ਕੇ ਨਿਕੰਮਾ ਕਰ ਸੁਟਦਾ ਹੈ, ਚੰਗੇ ਭਾਗ ਹੋਣ ਤਾਂ ਗੁਰੂ ਮਿਲਦਾ ਹੈ ਅਤੇ ਸਚ ਦੀ ਪ੍ਰਾਪਤੀ ਹੁੰਦੀ ਹੈ।

ਮ: ੩ ॥

1. **ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥**
2. **ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥**

ਪਦ ਅਰਥ :–ਗੁਰਮੁਖਿ–ਗੁਰੂ ਦੇ ਸਨਮੁਖ ਰਹਿ ਕੇ। ਸਚਿ–ਸਚ ਵਿਚ, ਸਦਾ ਥਿਰ ਪ੍ਰਭੂ ਵਿਚ। ਸਚੁ–ਸਦਾ ਕਾਇਮ ਰਹਿਣ ਵਾਲੇ ਦਾ ਨਾਮ। ਵਣਜਹਿ–ਵਿਹਾਝਦੇ ਹਨ। ਸਹਜੇ–ਆਤਮਕ ਅਡੋਲਤਾ ਵਿਚ ਟਿਕ ਕੇ।੨।

ਅਰਥ:–

ਪ੍ਰ:–ਸ੍ਰੀ ਜੀਓ ! ਉਹ ਕੌਣ ਲੋਕ ਹਨ, ਜੋ ਨਾਮ ਵਿਹਾਝਦੇ ਹਨ ?

1. **ਉ:**–ਹੇ ਭਾਈ ! (ਅਸਲ ਵਿਚ) ਜਿਹੜੇ ਮਨੁੱਖ ਗੁਰੂ ਦੀ ਸ਼ਰਨ ਪੈ ਕੇ (ਗੁਰੂ ਦੀ) ਚਰਨੀਂ ਲਗਦੇ ਹਨ, ਉਹੀ ਪ੍ਰਭੂ ਦਾ ਨਾਮ ਵਿਹਾਝਦੇ ਹਨ ਅਤੇ ਸਚੇ ਨਾਮ ਦਾ ਹੀ ਸਿਮਰਨ ਕਰਦੇ ਹਨ।
2. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਜੋ ਗੁਰੂ ਦੇ ਹੁਕਮ ਵਿਚ ਤੁਰਦੇ ਹਨ, ਉਹ ਆਤਮਕ ਅਡੋਲਤਾ ਵਿਚ ਟਿਕ ਕੇ ਸਚੇ ਨਾਮ ਵਿਚ ਲੀਨ ਹੋ ਜਾਂਦੇ ਹਨ।੨।

ਭਾਵਾਰਥ :–ਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਗੁਜ਼ਾਰਨ ਵਾਲੇ ਅੰਤ ਨੂੰ ਨਾਮ ਵਿਚ ਹੀ ਲੀਨ ਹੋ ਜਾਂਦੇ ਹਨ।

ਪਉੜੀ ॥

1. **ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥**
2. **ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥**
3. **ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥**
4. **ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥**
5. **ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥**

ਪਦ ਅਰਥ :– ਅਤਿ ਘਣਾ–ਬਹੁਤ ਵਧੀਕ । ਮਨਮੁਖਿ–ਮਨ ਦਾ ਮੁਰੀਦ ਮਨੁੱਖ, ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ। ਨਿਰਾਸ–[ਨਿਰ-ਆਸ] ਆਸਾ ਤੋਂ ਨਿਰਾਸੇ। ਪਰਮ–ਸਭ ਤੋਂ ਉਚਾ। ਗਿਰਹ-ਘਰ, ਗ੍ਰਿਹਸਤ। ਵਿਚੇ–ਵਿਚ ਹੀ। ਅਲਿਪਤ–[ਅ-ਲਿਪਤ] ਜੋ ਲਿਪੇ ਨਹੀਂ ਜਾਂਦੇ, ਜਿਨ੍ਹਾਂ ਉਤੇ ਅਸਰ ਨਹੀ ਹੁੰਦਾ, ਨਿਰਾਲੇ, ਅਛੋਹ। ਓਨ੍ਹਾ–[ਅਖਰ 'ਨ' ਦੇ ਹੇਠ ਅਧਾ 'ਹ' ਹੈ]। ਸੋਗੁ–ਅਫਸੋਸ, ਚਿੰਤਾ। ਵਿਜੋਗੁ–ਵਿਛੋੜਾ। ਨ ਵਿਆਪਈ–ਨਾ ਵਿਆਪੇ, ਦਬਾਅ ਨਹੀਂ ਪਾਂਦਾ। ਭਾਣਾ–ਰਜ਼ਾ। ਭਾਇਆ–ਚੰਗਾ ਲਗਦਾ ਹੈ। ਰਵਿ ਰਹੇ–ਰਲੇ ਮਿਲੇ ਰਹਿੰਦੇ ਹਨ। ਧੁਰਿ–ਧੁਰੋਂ, ਹਜ਼ੂਰੀ ਤੋਂ। ਸੇਤੀ–ਨਾਲ।੩੧।

ਅਰਥ :-

ਪ੍ਰ:–ਸ੍ਰੀ ਜੀਓ ! ਆਪ ਜੀ ਵਧੇਰੇ ਦੁਖੀਆ ਕਿਸ ਨੂੰ ਮੰਨਦੇ ਹੋ?

1. ਉ:–ਹੇ ਭਾਈਓ ! ਅਸਲ ਵਿਚ ਤਾਂ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ (ਹੀ) (ਵਧੇਰੇ ਦੁਖੀਆ ਹੈ, ਕਿਉਂਕਿ ਉਹ) ਆਸਾਂ ਵਿਚ (ਹੀ) ਚਿੱਤ ਜੋੜਦਾ ਹੈ (ਭਾਵ, ਉਹ ਆਸਾਂ ਹੀ ਬਣਾਂਦਾ ਰਹਿੰਦਾ ਹੈ, ਪਰ) ਆਸਾਂ (ਚਿਤਵਨ) ਵਿਚ ਬਹੁਤ ਵਧੀਕ ਦੁੱਖ ਹੁੰਦਾ ਹੈ।

ਪ੍ਰ–ਕਿਉਂ ਜੀ, ਸਭ ਤੋਂ ਉਚਾ ਸੁੱਖ ਕੌਣ ਹਸਲ ਕਰਦ ਹੈ ?

2. ਉ:–ਹੇ ਪਿਆਰੇ ! ਜੋ ਮਨੁੱਖ ਗੁਰੂ ਦੇ ਦਸੇ ਰਾਹ ਉਤੇ ਤੁਰਦੇ ਹਨ ਉਹ ਆਸਾਂ ਨਹੀਂ ਚਿਤਵਦੇ, ਇਸ ਵਾਸਤੇ ਉਨ੍ਹਾਂ ਨੂੰ ਬਹੁਤ ਉਚਾ ਸੁੱਖ ਪ੍ਰਾਪਤ ਹੁੰਦਾ ਹੈ।

ਪ੍ਰ:–ਸ੍ਰੀ ਜੀਉ ! ਉਨ੍ਹਾਂ ਦੀ ਪਛਾਣ ਕੀ ਹੈ ?

3. ਉ:–ਐ ਪਿਆਰੇ ! ਉਹ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ (ਪ੍ਰਭੂ ਚਰਨਾਂ ਵਿਚ) ਸੁਰਤ ਜੋੜੀ ਰਖਦੇ ਹਨ ਅਤੇ ਆਸਾਂ ਤੋਂ ਉਤਾਹਾਂ ਰਹਿੰਦੇ ਹਨ, ਉਨ੍ਹਾਂ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ।
4. ਸੋ ਹੇ ਭਾਈ ! ਉਨ੍ਹਾਂ ਨੂੰ (ਮਾਇਆ ਦਾ) ਵਿਛੋੜਾ ਨਹੀਂ ਪੋਂਹਦਾ ਤੇ ਨਾ ਹੀ (ਇਸ ਵਿਛੋੜੇ ਤੋਂ ਪੈਦਾ ਹੋਣ ਵਾਲਾ) ਅਫਸੋਸ ਆ ਕੇ ਦਬਾਅ ਪਾਂਦਾ ਹੈ। ਕਿਉਂਕਿ ਉਨ੍ਹਾਂ ਨੂੰ ਪ੍ਰਭੂ ਦੀ ਰਜ਼ਾ ਹੀ ਚੰਗੀ ਲਗਦੀ ਹੈ।
5. ਹੇ ਭਾਈਓ ! ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸਦਾ ਪ੍ਰਮਾਤਮਾ ਨਾਲ ਰਲੇ ਮਿਲੇ ਰਹਿੰਦੇ ਹਨ, ਉਨ੍ਹਾਂ ਨੂੰ ਧੁਰੋਂ ਹੀ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ।੩੧।

ਭਾਵਾਰਥ :–ਮਨਮੁਖ ਤਾਂ ਆਸਾਂ ਦੇ ਗੇੜ ਵਿਚ ਪੈ ਕੇ ਦੁਖੀ ਹੁੰਦਾ ਹੈ, ਪਰ ਗੁਰੂ ਦੇ ਰਾਹ ਉਤੇ ਤੁਰਨ ਵਾਲਾ ਬੰਦਾ ਆਸਾਂ ਤੋਂ ਉਤਾਹਾਂ ਰਹਿੰਦਾ ਹੈ, ਸੋ ਨਿਰਾਸਤਾ ਤੇ ਅਫਸੋਸ ਉਸ ਦੇ ਨੇੜੇ ਨਹੀਂ ਢੁਕਦੇ, ਉਹ ਰਜ਼ਾ ਵਿਚ ਹੀ ਸਦਾ ਖੁਸ਼ ਰਹਿੰਦਾ ਹੈ।

ਸਲੋਕ ਮ: ੩ ॥

1. **ਪਰਾਈ ਅਮਾਣ ਕਿਉ ਰਖੀਐ**
   ਦਿਤੀ ਹੀ ਸੁਖੁ ਹੋਇ ॥
2. **ਗੁਰ ਕਾ ਸਬਦੁ ਗੁਰ ਥੈ ਟਿਕੈ**
   ਹੋਰ ਥੈ ਪਰਗਟੁ ਨ ਹੋਇ ॥
3. **ਅੰਨੇ ਵਸਿ ਮਾਣਕੁ ਪਇਆ**
   ਘਰਿ ਘਰਿ ਵੇਚਣ ਜਾਇ ॥
4. **ਓਨਾ ਪਰਖ ਨ ਆਵਈ**
   ਅਢੁ ਨ ਪਲੈ ਪਾਇ ॥
5. **ਜੇ ਆਪਿ ਪਰਖ ਨ ਆਵਈ**
   ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥
6. **ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ**
   ਨਉ ਨਿਧਿ ਪਲੈ ਪਾਇ ॥
7. **ਘਰਿ ਹੋਦੈ ਧਨਿ ਜਗੁ ਭੁਖਾ ਮੁਆ**
   ਬਿਨੁ ਸਤਿਗੁਰ ਸੋਝੀ ਨ ਹੋਇ ॥
8. **ਸਬਦੁ ਸੀਤਲੁ ਮਨਿ ਤਨਿ ਵਸੈ**
   ਤਿਥੈ ਸੋਗੁ ਵਿਜੋਗੁ ਨ ਕੋਇ ॥
9. **ਵਸਤੁ ਪਰਾਈ ਆਪਿ ਗਰਬੁ ਕਰੇ**
   ਮੂਰਖੁ ਆਪੁ ਗਣਾਏ ॥
10. **ਨਾਨਕ ਬਿਨੁ ਬੂਝੇ ਕਿਨੈ ਨ ਪਾਇਓ**
    ਫਿਰਿ ਫਿਰਿ ਆਵੈ ਜਾਇ ॥੧॥

ਪਦ ਅਰਥ :–ਅਮਾਣ–ਅਮਾਨਤ । ਗੁਰ ਥੈ-ਗੁਰੂ ਵਿਚ। ਹੋਰ ਥੈ-ਕਿਸੇ ਹੋਰ ਦੇ ਅੰਦਰ। ਮਾਣਕੁ–ਮੋਤੀ। ਪਰਖ-ਸਾਰ, ਕਦਰ। ਅਢੁ–ਅਧੀ ਕੌਡੀ। ਪਲੈ ਨ ਪਾਇ-ਨਹੀਂ ਮਿਲਦੀ। ਥਾਵਹੁ–ਤੋਂ, ਪਾਸੋਂ। ਪਰਖਾਇ ਲਇਉ–ਕੋਈ ਧਿਰ ਬੇਸ਼ਕ ਮੁਲ ਪਵਾ ਲਏ। ਵਥੁ–ਨਾਮ ਵਸਤੁ, ਨਾਮ ਮੋਤੀ। ਨਉਨਿਧਿ–ਨੌਂ ਖਜ਼ਾਨੇ। ਤਿਥੈ–ਉਸ ਮਨ ਤਨ ਵਿਚ। ਗਰਬ–ਅਹੰਕਾਰ। ਆਪੁ ਗਣਾਏ-ਆਪਣੇ ਆਪ ਨੂੰ ਚੰਗਾ ਜਾਣਦਾ ਹੈ। ਘਰਿ ਘਰਿ–ਹਰੇਕ ਘਰ ਵਿਚ।੧।

ਉਥਾਨਕਾ :–ਇਹ ਸ਼ਬਦ, ਉਸ ਵੇਲੇ ਗੁਰੂ ਅਮਰ ਦਾਸ ਜੀ ਨੇ ਉਚਾਰਨ ਕੀਤਾ ਹੈ ਜਦੋਂ ਆਪ ਜੀ ਗੁਰੂ ਰਾਮ ਦਾਸ ਜੀ ਨੂੰ ਸੰਨ ੧੫੭੪ ਵਿਚ ਗੁਰਤਾ-ਗੱਦੀ ਅਰਪਨ ਕਰ ਰਹੇ ਹਨ।

ਅਰਥ :–

ਪ੍ਰ:-ਗੁਰਦੇਵ ਜੀਓ ! ਗੁਰੂ ਅਮਰ ਦਾਸ ਜੀ ਦਾ ਬਿਗਾਨੀ ਅਮਾਨਤ ਕਹਿਣ ਤੋਂ ਕੀ ਭਾਵ ਸਮਝਿਆ ਜਾਵੇ ?

1. ਉ:–ਹੇ ਭਾਈਓ ! (ਬਿਗਾਨੀ ਅਮਾਨਤ ਕਹਿਣ ਤੋਂ ਗੁਰੂ ਅਮਰਦਾਸ ਜੀ ਦਾ ਭਾਵ ਗੁਰਤਾ ਰੂਪ ਵਸਤੂ ਤੋਂ ਹੈ, ਇਸੇ ਲਈ ਆਪ ਜੀ ਕਹਿੰਦੇ ਹਨ ਕਿ) ਬਿਗਾਨੀ ਅਮਾਨਤ

ਸਾਂਭ ਨਹੀਂ ਲੈਣੀ ਚਾਹੀਦੀ, ਇਸ ਦੇ ਦਿਤਿਆਂ ਹੀ ਸੁੱਖ ਮਿਲਦਾ ਹੈ।

2. (ਕਿਉਂਕਿ) ਸਤਿਗੁਰੂ ਦਾ ਸ਼ਬਦ ਸਤਿਗੁਰੂ ਵਿਚ ਹੀ ਟਿਕ ਸਕਦਾ ਹੈ, ਕਿਸੇ ਹੋਰ ਦੇ ਅੰਦਰ (ਪੂਰੇ ਜੋਬਨ ਵਿਚ) ਨਹੀਂ ਚਮਕਦਾ।

3. (ਕਿਉਂਕਿ) ਜੇ ਇਕ ਮੋਤੀ ਕਿਸੇ ਅੰਨ੍ਹੇ ਨੂੰ ਮਿਲ ਜਾਏ ਤਾਂ ਉਹ ਉਸ ਨੂੰ ਵੇਚਣ ਲਈ ਘਰ ਘਰ ਫਿਰਦਾ ਹੈ।

4. ਅਗੋਂ ਉਨ੍ਹਾਂ ਲੋਕਾਂ ਨੂੰ ਉਸ ਮੋਤੀ ਦੀ ਕਦਰ ਨਹੀਂ ਹੁੰਦੀ (ਇਸ ਲਈ ਇਸ ਅੰਨ੍ਹੇ ਨੂੰ) ਅਧੀ ਕੌਡੀ ਭੀ ਨਹੀਂ ਮਿਲਦੀ।

ਪ੍ਰ:—ਸ੍ਰੀ ਜੀਓ! ਦਸੋ, ਫਿਰ ਕੀ ਕਰਨਾ ਚਾਹੀਦਾ ਹੈ?

5. ਉ:—ਹੇ ਭਾਈਓ! (ਚੰਗਾ ਤਾਂ ਇਹੋ ਹੀ ਹੈ ਕਿ) ਮੋਤੀ ਦੀ ਕਦਰ ਜੇ ਆਪ ਕਰਨੀ ਨਹੀਂ ਆਉਂਦੀ ਹੋਵੇ, ਤਾਂ ਬੇਸ਼ਕ ਕੋਈ ਧਿਰ ਕਿਸੇ ਪਰਖ ਵਾਲੇ ਪਾਸੋਂ ਮੁਲ ਪਵਾ ਵੇਖੇ।

6. ਉਸ ਪਰਖ ਜਾਨਣ ਵਾਲੇ ਨਾਲ ਪ੍ਰੇਮ ਲਾਇਆਂ ਉਹ ਨਾਮ ਮੋਤੀ ਮਿਲਿਆ ਰਹਿੰਦਾ ਹੈ (ਭਾਵ ਹੱਥੋਂ ਅਜ਼ਾਈਂ ਨਹੀਂ ਜਾਂਦਾ) ਤੇ (ਮਨੋਂ) ਨੌਂ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

ਪ੍ਰ:—ਗੁਰਦੇਵ ਜੀਓ! ਆਖਰ ਜਗਤ ਦੇ ਜੀਵਾਂ ਬਾਰੇ ਆਪ ਕੀ ਅਨੁਭਵ ਕਰਦੇ ਹੋ?

7. ਉ:—ਹੇ ਭਾਈਓ! (ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਘਰ ਵਿਚ (ਨਾਮ) ਧਨ ਹੁੰਦਿਆਂ ਭੀ ਜਗਤ ਭੁਖਾ (ਭਾਵ ਤ੍ਰਿਸ਼ਨਾ ਦਾ ਮਾਰਿਆ) ਮਰ ਰਿਹਾ ਹੈ, ਪਰ ਇਹ ਭੀ ਸਮਝ ਗੁਰੂ ਤੋਂ ਬਿਨਾਂ ਨਹੀਂ ਆਉਂਦੀ।

8. ਹੇ ਪਿਆਰੇ! ਜਿਸ ਦੇ ਮਨ ਵਿਚ ਤੇ ਤਨ ਵਿਚ ਠੰਡ ਪਾਣ ਵਾਲਾ ਸ਼ਬਦ ਵੱਸਦਾ ਹੈ ਉਸ ਨੂੰ (ਪ੍ਰਭੂ ਨਾਲੋਂ) ਵਿਛੋੜਾ ਨਹੀਂ ਹੁੰਦਾ ਤੇ ਨਾ ਹੀ ਸੋਗ ਵਾਪਰਦਾ ਹੈ।

9. (ਪਰ ਇਹ ਨਾਮ) ਵਸਤ ਮੂਰਖ ਦੇ ਭਾ ਦੀ ਬਿਗਾਨੀ ਰਹਿੰਦੀ ਹੈ (ਭਾਵ, ਮੂਰਖ ਦੇ ਹਿਰਦੇ ਵਿਚ ਨਹੀਂ ਵੱਸਦੀ) ਉਹ ਅਹੰਕਾਰ ਕਰਦਾ ਹੈ ਤੇ ਆਪਣੇ ਆਪ ਨੂੰ ਵੱਡਾ ਜਤਾਂਦਾ ਹੈ।

ਪ੍ਰ:—ਗੁਰਦੇਵ ਜੀਓ! ਨਾਮ ਦੀ ਪ੍ਰਾਪਤੀ ਨੂੰ ਤਾਂ ਬਹੁਤ ਲੋਕ ਲੋਚਦੇ ਹਨ ਪਰ, ਸਾਰਿਆਂ ਨੂੰ ਇਹ ਨਾਮ ਦੀ ਦਾਤ ਪ੍ਰਾਪਤ ਕਿਉਂ ਨਹੀਂ ਹੁੰਦੀ?

10. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ! ਜਦ ਤਕ (ਗੁਰੂ ਦੇ ਸ਼ਬਦ ਦੀ ਰਾਹੀਂ) ਸਮਝ ਨਹੀਂ ਪੈਂਦੀ ਤਦ ਤਕ ਕਿਸੇ ਨੇ (ਇਹ ਨਾਮ ਧਨ) ਪ੍ਰਾਪਤ ਨਹੀਂ ਕੀਤਾ (ਤੇ ਇਸ ਨਾਮ ਧਨ ਤੋਂ ਬਿਨਾਂ ਜੀਵ) ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ।੧।

ਭਾਵਾਰਥ :—ਗੁਰਬਾਣੀ ਦੀ ਦਾਤ ਬਹੁਤ ਵੱਡੀ ਹੈ, ਇਸ ਨੂੰ ਸਤਿਗੁਰੂ ਹੀ ਝਲ ਸਕਦਾ ਹੈ, ਇਸ ਤੋਂ ਬਿਨਾਂ ਮਨੁੱਖ ਆਪਣੇ ਅੰਦਰ ਹਰੀ ਦਾ ਵਾਸਾ ਹੁੰਦਿਆਂ ਭੀ ਉਸ ਦੀ ਪਛਾਣ ਨਹੀਂ ਕਰ ਸਕਦਾ, ਹਰੀ ਦੀ ਮਿਹਰ ਹੋਵੇ ਤਾਂ ਗੁਰੂ ਤੇ ਉਸ ਦੀ ਬਾਣੀ ਮਿਲਦੀ ਹੈ।

ਮ: ੩ ॥

1. ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ
ਸਰਸੇ ਸਜਣ ਸੰਤ ਪਿਆਰੇ ॥
2. ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ
ਜਿ ਆਪਿ ਮੇਲੇ ਕਰਤਾਰੇ ॥
3. ਅੰਤਰਿ ਸਬਦੁ ਰਵਿਆ ਗੁਰੁ ਪਾਇਆ
ਸਗਲੇ ਦੂਖ ਨਿਵਾਰੇ ॥
4. ਹਰਿ ਸੁਖ ਦਾਤਾ ਸਦਾ ਸਲਾਹੀ
ਅੰਤਰਿ ਰਖਾਂ ਉਰ ਧਾਰੇ ॥
5. ਮਨਮੁਖੁ ਤਿਨ ਕੀ ਬਖੀਲੀ ਕਿ ਕਰੇ
ਜਿ ਸਚੈ ਸਬਦਿ ਸਵਾਰੇ ॥
6. ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ
ਸਰਣਾਗਤਿ ਪਏ ਗੁਰ ਦੁਆਰੇ ॥
7. ਨਾਨਕ ਗੁਰਮੁਖਿ ਸੇ ਸੁਹੇਲੇ ਭਏ
ਮੁਖ ਊਜਲ ਦਰਬਾਰੇ ॥੨॥

ਪਦ ਅਰਥ :—ਮਨਿ—ਮਨ ਵਿਚ। ਸਰਸੇ—[ਸ-ਰਸੇ] ਖਿੜ ਪਏ, ਪ੍ਰਸੰਨ ਹੋ ਗਏ। ਸਾਜਨ—ਗੁਰਮੁਖ। ਧੁਰਿ—ਧੁਰ ਤੋਂ, ਮੁਢ ਤੋਂ। ਜਿ—ਜਿਨ੍ਹਾਂ ਨੂੰ। ਰਵਿਆ—ਪ੍ਰਗਟ ਹੋਇਆ, ਵਸਿਆ। ਨਿਵਾਰੇ—ਦੂਰ ਕੀਤੇ। ਅੰਤਰਿ ਉਰ ਧਾਰੇ—ਹਿਰਦੇ ਵਿਚ ਧਾਰ ਕੇ। ਬਖੀਲੀ—ਚੁਗਲੀ। ਸਚੈ-ਸਚੇ ਪ੍ਰਭੂ ਨੇ। ਸਬਦਿ—ਗੁਰ ਸ਼ਬਦ ਦੀ ਰਾਹੀਂ। ਪਤਿ—ਇੱਜ਼ਤ। ਸੁਹੇਲੇ—ਸੁਖੀ। ਦਰਬਾਰੇ-ਪ੍ਰਭੂ ਦੀ ਹਜ਼ੂਰੀ ਵਿਚ। ਮਨਮੁਖੁ—ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ।੨।

ਅਰਥ :

ਪ੍ਰ:—ਗੁਰਦੇਵ ਜੀਓ! ਜਿਨ੍ਹਾਂ ਨੂੰ ਪ੍ਰਭੂ ਪ੍ਰੀਤਮ ਜੀ ਦਾ ਮਿਲਾਪ ਹੋ ਜਾਏ ਉਨ੍ਹਾਂ ਦੀ ਪਛਾਣ ਕੀ ਹੈ?

1. ਉ:—ਹੇ ਪਿਆਰੇ! ਜਿਨ੍ਹਾਂ ਨੂੰ (ਉਸ) ਪ੍ਰੀਤਮ ਪ੍ਰਭੂ ਜੀ ਦਾ ਮਿਲਾਪ ਹੋ ਜਾਵੇ, ਉਹ ਗੁਰਮੁਖ ਪਿਆਰੇ ਸੰਤ ਖਿੜੇ ਰਹਿੰਦੇ ਹਨ, ਉਨ੍ਹਾਂ ਦੇ ਮਨ ਵਿਚ ਖੁਸ਼ੀ ਬਣੀ ਰਹਿੰਦੀ ਹੈ।

ਪ੍ਰ:—ਕਿਉਂ ਜੀ, ਕੀ ਮਿਲਾਪ ਹੋ ਜਾਣ ਤੋਂ ਬਾਅਦ ਉਨ੍ਹਾਂ ਦਾ ਫਿਰ ਕਦੀ ਵਿਜੋਗ ਭੀ ਹੋ ਜਾਂਦਾ ਹੈ?

2. ਉ:—ਹੇ ਪਿਆਰੇ! ਜੋ ਧੁਰੋਂ ਹੀ ਪ੍ਰਭੂ ਨਾਲ ਮਿਲੇ ਹੋਏ ਹਨ, ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਨਾਲ ਮਿਲਾਇਆ ਹੈ, ਉਹ (ਫਿਰ) ਕਦੇ ਭੀ ਉਸ ਤੋਂ ਵਿਛੜਦੇ ਨਹੀਂ।

3. ਹੇ ਭਾਈ! ਜਿਨ੍ਹਾਂ ਦੇ ਅੰਦਰ ਗੁਰੂ ਦਾ ਸ਼ਬਦ ਵੱਸਦਾ ਹੈ,

ਜਿਨ੍ਹਾਂ ਨੂੰ ਗੁਰੂ ਮਿਲ ਪੈਂਦਾ ਹੈ, ਉਨ੍ਹਾਂ ਦੇ ਸਾਰੇ ਹੀ ਦੁਖ ਦੂਰ ਹੋ ਜਾਂਦੇ ਹਨ।

ਪ੍ਰ:–ਗੁਰਦੇਵ ਜੀਓ ! ਕੀ ਉਨ੍ਹਾਂ ਦੇ ਅੰਦਰ ਕੋਈ ਤਾਂਘ ਭੀ ਹੁੰਦੀ ਹੈ ?

4. **ਉ**:–ਹੇ ਭਾਈਓ ! (ਉਨ੍ਹਾਂ ਦੇ ਅੰਦਰ ਸਿਰਫ ਇਕ ਇਹੋ ਹੀ ਤਾਂਘ ਹੁੰਦੀ ਹੈ ਕਿ) ਮੈਂ ਸੁਖ ਦੇਣ ਵਾਲੇ ਪ੍ਰਭੂ ਦੀ ਸਦਾ ਹੀ ਸਿਫਤ ਸਲਾਹ ਕਰਾਂ, ਮੈਂ ਪ੍ਰਭੂ ਨੂੰ ਸਦਾ ਹਿਰਦੇ ਵਿਚ ਸੰਭਾਲ ਰਖਾਂ।

ਪ੍ਰ:–ਸ੍ਰੀ ਜੀਓ ! ਇਹ ਆਮ ਹੀ ਵੇਖਣ ਵਿਚ ਆਉਂਦਾ ਹੈ ਕਿ ਜੋ ਸੇਵਕ ਰਬੀ ਮਾਰਗ ਤੇ ਤੁਰਨ ਵਾਲੇ ਹਨ, ਉਨ੍ਹਾਂ ਦੀ ਈਰਖਾਲੂ ਲੋਕ ਨਿੰਦਾ ਬਹੁਤ ਕਰਦੇ ਰਹਿੰਦੇ ਹਨ। ਕੀ ਇਸ ਤਰ੍ਹਾਂ ਉਨ੍ਹਾਂ ਦੀ ਵਡਿਆਈ ਵਿਚ ਭੀ ਕੋਈ ਫਰਕ ਆ ਜਾਂਦਾ ਹੈ ?

5. **ਉ**:–ਹੇ ਪਿਆਰਿਓ ! ਜਿਨ੍ਹਾਂ ਨੂੰ ਗੁਰੂ ਦੇ ਸ਼ਬਦ ਦੀ ਰਾਹੀਂ ਸਚੇ ਪ੍ਰਭੂ ਨੇ ਆਪ ਹੀ ਸੋਹਣਾ ਬਣਾ ਦਿਤਾ ਹੈ, ਕੋਈ ਮਨੁੱਖ ਉਨ੍ਹਾਂ ਦੀ ਕੀ ਨਿੰਦਾ ਕਰ ਸਕਦਾ ਹੈ ?

6. ਹੇ ਭਾਈ ! ਉਹ ਪਿਆਰਾ ਪ੍ਰਭੂ ਉਨ੍ਹਾਂ ਦੀ ਲਾਜ ਆਪ (ਹੀ) ਰਖਦਾ ਹੈ ਉਹ ਸਦਾ ਗੁਰੂ ਦੇ ਦਰ ਤੇ ਪ੍ਰਭੂ ਦੀ ਸ਼ਰਨ ਵਿਚ ਟਿਕੇ ਰਹਿੰਦੇ ਹਨ।

7. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਹ ਗੁਰਮੁਖ (ਇਥੇ) ਸੁਖੀ ਰਹਿੰਦੇ ਹਨ ਤੇ ਪ੍ਰਭੂ ਦੀ ਹਜ਼ੂਰੀ ਵਿਚ ਉਨ੍ਹਾਂ ਦੇ ਮਥੇ ਖਿੜੇ ਰਹਿੰਦੇ ਹਨ।੨।

ਭਾਵਾਰਥ :–ਜਿਨ੍ਹਾਂ ਮਨੁੱਖਾਂ ਨੂੰ ਜਨਮ ਸਵਾਰਨ ਵਾਲੀ ਬਾਣੀ ਮਿਲ ਜਾਏ ਉਨ੍ਹਾਂ ਦਾ ਕੋਈ ਭੀ ਨਿੰਦਕ ਕੁਝ ਨਹੀਂ ਵਿਗਾੜ ਸਕਦਾ, ਕਿਉਂਕਿ ਕਰਤਾਰ ਉਨ੍ਹਾਂ ਦਾ ਹਰ ਵਕਤ ਸਹਾਇਕ ਹੁੰਦਾ ਹੈ, ਜਿਸ ਦੀ ਬਰਕਤ ਨਾਲ ਉਹ ਲੋਕ ਪ੍ਰਲੋਕ ਵਿਚ ਸਦਾ ਹੀ ਸੁਖੀਏ ਰਹਿੰਦੇ ਹਨ।

ਪਉੜੀ ॥

1. **ਇਸਤਰੀ ਪੁਰਖੈ ਬਹੁ ਪ੍ਰੀਤਿ**
   ਮਿਲਿ ਮੋਹੁ ਵਧਾਇਆ ॥
2. **ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ ਮੋਹਿ ਮਾਇਆ ॥**
3. **ਦੇਸਿ ਪਰਦੇਸਿ ਧਨੁ ਚੋਰਾਇ**
   ਆਣਿ ਮੁਹਿ ਪਾਇਆ ॥
4. **ਅੰਤਿ ਹੋਵੈ ਵੈਰ ਵਿਰੋਧੁ**
   ਕੋ ਸਕੈ ਨ ਛਡਾਇਆ ॥
5. **ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ**
   ਜਿਤੁ ਲਗਿ ਦੁਖੁ ਪਾਇਆ ॥੩੨॥

ਪਦ ਅਰਥ :–ਪੁਰਖੈ–ਮਨੁੱਖ ਦੀ। ਮਿਲਿ–(ਇਸਤ੍ਰੀ ਨੂੰ) ਮਿਲ ਕੇ। ਕਲਤ੍ਰ–ਇਸਤ੍ਰੀ। ਵਿਗਸੈ–ਖੁਸ਼ ਹੁੰਦਾ ਹੈ, ਖਿੜਦਾ ਹੈ। ਮੋਹਿ–ਮੋਹ ਵਿਚ, ਮੋਹ ਦੇ ਕਾਰਨ। ਦੇਸਿ–ਆਪਣੇ ਦੇਸ ਵਿਚੋਂ। ਪਰਦੇਸਿ–ਹੋਰ ਦੇਸ ਵਿਚੋਂ। ਆਣਿ–ਲਿਆ ਕੇ। ਮੁਹਿ–ਮੂੰਹ ਵਿਚ। ਅੰਤਿ–ਆਖਰ ਨੂੰ। ਧ੍ਰਿਗੁ–ਫਿਟਕਾਰ ਯੋਗ। ਜਿਤੁ - ਜਿਸ ਵਿਚ।੩੨।

ਅਰਥ :–

ਪ੍ਰ:–ਕਿਉਂ ਜੀ, ਮਨੁੱਖ ਦੇ ਹਰ ਵਕਤ ਦੁਖੀ ਰਹਿਣ ਦਾ ਅਸਲ ਕਾਰਨ ਕੀ ਹੈ ?

1. **ਉ**:–ਹੇ ਭਾਈਓ ! ਜੇਕਰ ਦੂਰ ਅੰਦੇਸ਼ੀ ਨਾਲ ਵੀਚਾਰਿਆ ਜਾਵੇ ਤਾਂ ਆਖਰ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ, ਮਨੁੱਖ ਦੀ (ਆਪਣੀ) ਵਹੁਟੀ ਨਾਲ ਬੜੀ ਪ੍ਰੀਤ ਹੁੰਦੀ ਹੈ, (ਵਹੁਟੀ ਨੂੰ) ਮਿਲ ਕੇ ਬੜਾ ਮੋਹ ਕਰਦਾ ਹੈ।
2. ਫਿਰ ਇਹ ਨਿਤ (ਆਪਣੇ) ਪੁਤਰ ਨੂੰ ਤੇ (ਆਪਣੀ) ਵਹੁਟੀ ਨੂੰ ਵੇਖਦਾ ਹੈ ਤੇ ਮਾਇਆ ਦੇ ਮੋਹ ਦੇ ਕਾਰਨ ਖੁਸ਼ ਹੁੰਦਾ ਹੈ।
3. ਹੇ ਪਿਆਰੇ ! (ਫਿਰ ਇਹ ਮੋਹ ਦੀ ਪ੍ਰਬਲਤਾ ਕਰਕੇ) ਦੇਸੋਂ ਪ੍ਰਦੇਸੋਂ ਧਨ ਠਗ ਕੇ ਲਿਆ ਕੇ ਉਨ੍ਹਾਂ ਨੂੰ ਖੁਆਂਦਾ ਹੈ।
4. ਹੇ ਭਾਈ ! ਆਖਰ ਇਹ ਧਨ ਵੈਰ ਵਿਰੋਧ ਪੈਦਾ ਕਰ ਦੇਂਦਾ ਹੈ (ਤੇ ਧਨ ਦੀ ਖਾਤਰ ਕੀਤੇ ਪਾਪਾਂ ਤੋਂ) ਕੋਈ ਭੀ ਛੁਡਾ ਨਹੀਂ ਸਕਦਾ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਹੇ ਭਾਈਓ ! ਨਾਮ ਤੋਂ ਵਾਂਞੇ ਰਹਿ ਕੇ ਇਹ ਮੋਹ (ਸਮਝੋ) ਫਿਟਕਾਰ ਯੋਗ ਹੈ ਕਿਉਂਕਿ ਇਸ ਮੋਹ ਵਿਚ ਲਗ ਕੇ (ਹੀ) ਮਨੁੱਖ ਦੁੱਖ ਪਾਂਦਾ ਹੈ।੩੨।

ਭਾਵਾਰਥ :–ਮੋਹ ਵਿਚ ਫਸਿਆ ਮਨੁੱਖ ਪੁਤਰਾਂ ਨੂੰ, ਵਹੁਟੀ ਨੂੰ ਵੇਖ ਕੇ ਖੁਸ਼ ਹੁੰਦਾ ਹੈ, ਠਗ ਠਗ ਕੇ ਦੇਸੋਂ ਪ੍ਰਦੇਸੋਂ ਧਨ ਲਿਆਉਂਦਾ ਹੈ। ਪਰ ਇਕ ਪਾਸੇ ਤਾਂ ਧਨ ਤੋਂ ਵੈਰ ਵਿਰੋਧ ਉਪਜਦਾ ਹੈ, ਦੂਜੇ ਧਨ ਦੀ ਖਾਤਰ ਕੀਤੇ ਪਾਪਾਂ ਦੀ ਮਨ ਵਿਚ ਫਿਟਕਾਰ ਪੈਂਦੀ ਹੈ ਤੇ ਨਾਮ ਤੋਂ ਬਿਨਾਂ ਜ਼ਿੰਦਗੀ ਮੋਹ ਮਾਇਆ ਵਾਲੀ ਬਣੀ ਰਹਿੰਦੀ ਹੈ ਜਿਸ ਨਾਲ ਵੈਰ ਵਿਰੋਧ ਪੈਦਾ ਹੋ ਕੇ ਦੁਖ ਹੀ ਮਿਲਦਾ ਹੈ।

ਸਲੋਕ ਮ: ੩ ॥

1. **ਗੁਰਮੁਖਿ ਅੰਮ੍ਰਿਤੁ ਨਾਮੁ ਹੈ**
   ਜਿਤੁ ਖਾਧੈ ਸਭ ਭੁਖ ਜਾਇ ॥
2. **ਤ੍ਰਿਸਨਾ ਮੂਲਿ ਨ ਹੋਵਈ**
   ਨਾਮੁ ਵਸੈ ਮਨਿ ਆਇ ॥
3. **ਬਿਨੁ ਨਾਵੈ ਜਿ ਹੋਰੁ ਖਾਣਾ**
   ਤਿਤੁ ਰੋਗੁ ਲਗੈ ਤਨਿ ਧਾਇ ॥
4. **ਨਾਨਕ ਰਸ ਕਸ ਸਬਦੁ ਸਲਾਹਣਾ**
   ਆਪੇ ਲਏ ਮਿਲਾਇ ॥੧॥

ਪਦ ਅਰਥ :—ਗੁਰਮੁਖਿ—ਗੁਰੂ ਦੇ ਕੋਲ । ਅੰਮ੍ਰਿਤ—ਸੁਚਾ ਪਵਿਤਰ ਭੋਜਨ, ਆਤਮਕ ਜੀਵਨ ਦੇਣ ਵਾਲਾ ਭੋਜਨ । ਜਿਤੁ ਖਾਧੈ- ਜਿਸ ਦੇ ਖਾਣ ਨਾਲ । ਭੁਖ-ਤ੍ਰਿਸ਼ਨਾ, ਮਾਇਆ ਦੀ ਭੁੱਖ । ਮਨਿ—ਮਨ ਵਿਚ । ਬਿਨ ਨਾਵੈ—ਨਾਮ ਨੂੰ ਵਿਸਾਰ ਕੇ । ਜਿ ਹੋਰ ਖਾਣਾ—ਖਾਣ ਪੀਣ ਦਾ ਹੋਰ ਜੋ ਭੀ ਚਸਕਾ ਹੈ । ਤਿਤੁ—ਉਸ (ਚਸਕੇ) ਦੇ ਕਾਰਨ । ਧਾਇ—ਧਾ ਕੇ, ਡੂੰਘਾ ਅਸਰ ਕਰ ਕੇ । ਰਸ ਕਸ—ਕਈ ਤਰ੍ਹਾਂ ਦੇ ਰਸ ਚਸਕੇ । ਸਾਲਾਹਣਾ—ਸਿਫਤ ਸਲਾਹ ।੧।

ਅਰਥ :—

ਪ੍ਰ:—ਸ੍ਰੀ ਜੀਓ ! ਮਨੁੱਖ ਦੇ ਅੰਦਰ ਮਾਇਆ ਦੀ ਅਜਿਹੀ ਭੁੱਖ ਹੈ, ਜੋ ਖਿਨ ਖਿਨ ਵਧਦੀ ਹੀ ਜਾਂਦੀ ਹੈ, ਕੋਈ ਐਸਾ ਉਪਾਓ ਦਸੋ ਜਿਸ **ਦੀ** ਬਰਕਤ ਨਾਲ ਇਹ ਦੂਰ ਹੋ ਜਾਏ ?

1. **ਉ**:—ਹੇ ਭਾਈਓ ! ਇਹ ਭੁਖ ਗੁਰੂ ਦੁਆਰਾ ਹੀ ਦੂਰ ਹੋ ਸਕਦੀ ਹੈ, (ਕਿਉਂਕਿ) ਗੁਰੂ ਦੇ ਪਾਸ ਪ੍ਰਭੂ ਦਾ ਨਾਮ ਇਕ ਐਸਾ ਪਵਿਤਰ ਭੋਜਨ ਹੈ, ਜਿਸ ਦੇ ਖਾਣ ਨਾਲ (ਮਾਇਆ ਦੀ) ਭੁਖ ਸਾਰੀ ਦੂਰ ਹੋ ਜਾਂਦੀ ਹੈ ।
2. (ਗੁਰੂ ਦੁਆਰਾ) ਮਨ ਵਿਚ ਪ੍ਰਭੂ ਦਾ ਨਾਮ ਆ ਵੱਸਦਾ ਹੈ, ਜਿਸ ਦਾ ਸਦਕਾ (ਮਾਇਆ ਦੀ) ਤ੍ਰਿਸ਼ਨਾ ਉਕਾ ਹੀ ਨਹੀਂ ਰਹਿੰਦੀ ।
3. ਪਰ, ਹੇ ਭਾਈਓ ! ਪ੍ਰਭੂ ਦਾ ਨਾਮ ਵਿਸਾਰ ਕੇ ਖਾਣ ਪੀਣ ਦਾ ਜੋ ਭੀ ਕੋਈ ਹੋਰ ਚਸਕਾ (ਮਨੁੱਖ ਨੂੰ ਲਗਦਾ **ਹੈ**) ਉਸ ਦੀ ਰਾਹੀਂ (ਤ੍ਰਿਸ਼ਨਾ ਦਾ) ਰੋਗ ਸਰੀਰ ਵਿਚ ਬੜਾ ਡੂੰਘਾ ਅਸਰ ਪਾ ਕੇ ਆ ਗ੍ਰਸਦਾ ਹੈ ।

ਪ੍ਰ:—ਸ੍ਰੀ ਜੀਓ ! ਆਖਰ ਉਸ ਪ੍ਰਭੂ ਨਾਲ ਮਿਲਾਪ ਕਿਵੇਂ ਹੋ ਸਕਦਾ ਹੈ ?

4. **ਉ**:- ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਜੇ ਮਨੁੱਖ (ਮਾਇਆ ਦੇ) ਅਨੇਕ ਕਿਸਮ ਦੇ ਸੁਆਦਾਂ ਦੇ ਥਾਂ ਗੁਰੂ ਦੇ ਸ਼ਬਦ **ਨੂੰ** ਪ੍ਰਭੂ ਦੀ ਸਿਫਤ ਸਲਾਹ ਨੂੰ ਗ੍ਰਹਿਣ ਕਰੇ ਤਾਂ ਪ੍ਰਭੂ ਆਪ ਹੀ ਇਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ।੧।

ਭਾਵਾਰਥ :—ਜੇ ਗੁਰੂ ਦੇ ਅਨੁਸਾਰੀ ਹੋ ਕੇ ਨਾਮ ਦੀ ਪ੍ਰਾਪਤੀ ਕਰੀਏ ਤਾਂ ਸਭ ਤਰ੍ਹਾਂ ਦੇ ਮੋਹ ਤ੍ਰਿਸ਼ਨਾ ਦੂਰ ਹੋ ਕੇ ਇਨ੍ਹਾਂ ਤੋਂ ਪੈਦਾ ਹੋਏ ਦੁਖਾਂ ਰੋਗਾਂ ਤੋਂ ਭੀ ਛੁਟਕਾਰਾ ਮਿਲ ਜਾਂਦਾ ਹੈ (੧) ਜ਼ਿੰਦਗੀ ਦੀ ਅਸਲ ਰੂਹ ਸ਼ਬਦ ਹੈ, ਇਸ ਤੋਂ ਬਿਨਾਂ ਭਰਮ ਤੇ ਅਗਿਆਨਤਾ ਦਾ ਹਨੇਰਾ ਬਣਿਆ ਰਹਿੰਦਾ ਹੈ, ਜਿਸ ਵਿਚ ਬੜੇ ਬੜੇ ਵਿਦਵਾਨ ਤੇ ਸਾਧ ਲੋਕ ਪਏ ਰਹਿੰਦੇ ਹਨ । ਛੁਟਕਾਰਾ ਕੇਵਲ ਗੁਰ ਸ਼ਬਦ ਹੀ ਦੇ ਸਕਦਾ ਹੈ ।

ਮ. ੩ ॥

1. **ਜੀਆ ਅੰਦਰਿ ਜੀਉ ਸਬਦੁ ਹੈ**
ਜਿਤੁ ਸਹ ਮੇਲਾਵਾ ਹੋਇ ॥
2. **ਬਿਨੁ ਸਬਦੈ ਜਗਿ ਆਨ੍ਹੇਰੁ ਹੈ**
ਸਬਦੇ ਪਰਗਟੁ ਹੋਇ ॥
3. **ਪੰਡਿਤ ਮੋਨੀ ਪੜਿ ਪੜਿ ਥਕੇ**
ਭੇਖ ਥਕੇ ਤਨੁ ਧੋਇ ॥
4. **ਬਿਨੁ ਸਬਦੈ ਕਿਨੈ ਨ ਪਾਇਓ**
ਦੁਖੀਏ ਚਲੇ ਰੋਇ ॥
5. **ਨਾਨਕ ਨਦਰੀ ਪਾਈਐ**
ਕਰਮਿ ਪਰਾਪਤਿ ਹੋਇ ॥੨॥

ਪਦ ਅਰਥ :— ਜੀਉ- ਜਿੰਦ । ਸਬਦੁ—ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ । ਜਿਤੁ—ਜਿਸ ਦੀ ਰਾਹੀਂ । ਸਹ—ਖਸਮ ਦਾ । ਜਗਿ—ਜਗਤ ਵਿਚ । ਪਰਗਟੁ—ਚਾਨਣ । ਮੋਨੀ—ਮੁਨੀ ਲੋਕ । ਭੇਖ—ਭੇਖਾਂ ਵਾਲੇ । ਤਨੁ ਧੋਇ—(ਤੀਰਥਾਂ ਉਤੇ) ਸਰੀਰ ਨੂੰ ਧੋ ਕੇ । ਨਦਰਿ—ਮੇਹਰ ਦੀ ਨਜ਼ਰ ਨਾਲ । ਕਰਮਿ—ਬਖਸ਼ਿਸ਼ ਦੀ ਰਾਹੀਂ ।੨।

ਅਰਥ:—

ਪ੍ਰ:—ਸ੍ਰੀ ਜੀਓ ! ਉਸ ਪ੍ਰਭੂ ਜੀ ਨਾਲ ਜੀਵ ਦਾ ਮਿਲਾਪ ਕਿਵੇ ਹੁੰਦਾ ਹੈ ?

1. **ਉ**:—ਹੇ ਪਿਆਰੇ ! (ਅਸਲ ਵਿਚ ਤਾਂ ਉਸ) ਪ੍ਰਭੂ ਦੀ ਸਿਫਤ ਸਲਾਹ ਹੀ ਜੀਵਾਂ ਦੇ ਅੰਦਰ ਜ਼ਿੰਦਗੀ ਹੈ, ਇਸੇ ਸਿਫਤ ਸਲਾਹ ਦੁਆਰਾ ਹੀ ਜੀਵ ਦਾ ਉਸ ਖਸਮ ਪ੍ਰਭੂ ਨਾਲ ਮਿਲਾਪ ਹੁੰਦਾ ਹੈ ।
2. ਹੇ ਭਾਈ ! (ਅਸੀਂ ਤਾਂ ਤਕ ਰਹੇ ਹਾਂ ਕਿ) ਪ੍ਰਭੂ ਦੀ ਸਿਫਤ ਸਲਾਹ ਤੋਂ ਖੁੰਝ ਕੇ ਜਗਤ ਵਿਚ (ਆਤਮਕ ਜੀਵਨ ਵਲੋਂ) ਹਨੇਰਾ ਹੀ ਹੈ, ਪਰ ਇਹ ਹਨੇਰਾ ਸ਼ਬਦ ਦੀ ਰਾਹੀਂ ਹੀ (ਦੂਰ ਹੋ ਕੇ) (ਆਤਮਕ ਜੀਵਨ ਦੀ ਸੂਝ ਦਾ) ਚਾਨਣ ਹੁੰਦਾ ਹੈ ।

ਪ੍ਰ:—ਕਿਉਂ ਜੀ, ਪੰਡਤ ਲੋਕ, ਮੋਨੀ, ਤੀਰਥਾਂ ਤੇ ਇਸ਼ਨਾਨ ਕਰਨ ਵਾਲੇ, ਕੀ ਇਨ੍ਹਾਂ ਦਾ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ ?

3. **ਉ**:—ਹੇ ਪਿਆਰੇ ! (ਵੇਖਣ ਵਿਚ ਤਾਂ ਇਉਂ ਹੀ ਆਉਂਦਾ ਹੈ ਕਿ) ਮੁਨੀ ਲੋਕ ਤੇ ਪੰਡਤ (ਧਾਰਮਕ ਪੁਸਤਕਾਂ) ਪੜ੍ਹ ਪੜ੍ਹ ਕੇ ਹਾਰ ਗਏ ਅਤੇ ਭੇਖਾਂ ਵਾਲੇ ਸਾਧੂ ਤੀਰਥਾਂ ਉਤੇ ਇਸ਼ਨਾਨ ਕਰ ਕਰ ਕੇ ਥੱਕ ਗਏ ਹਨ ।
4. ਪਰ, ਐ ਪਿਆਰੇ ! ਸਿਫਤ ਸਲਾਹ ਦੀ ਬਾਣੀ ਤੋਂ ਬਿਨਾਂ ਕਿਸੇ ਨੂੰ ਭੀ (ਉਹ) ਖਸਮ ਪ੍ਰਭੂ ਨਹੀਂ ਮਿਲਿਆ, ਸਭ ਦੁਖੀ ਹੋ ਕੇ ਰੋ ਕੇ ਹੀ ਇਥੋਂ ਗਏ ਹਨ ।

ਪ੍ਰ:–ਕਿਉਂ ਜੀ, ਤਾਂ ਫਿਰ ਸਾਰੇ ਹੀ ਸਿਫਤ ਸਲਾਹ ਕਿਉਂ ਨਹੀਂ ਕਰਦੇ ?

5. ਉ:–(ਹੇ ਭਾਈਓ !) ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਚਾਹੁੰਦੇ ਤਾਂ ਬਹੁਤ ਲੋਕ ਹਨ (ਪਰ ਇਹ) ਸਿਫਤ ਸਲਾਹ ਭੀ ਪ੍ਰਭੂ ਦੀ ਮਿਹਰ ਦੀ ਨਜ਼ਰ ਨਾਲ ਹੀ ਮਿਲਦੀ ਹੈ, ਪ੍ਰਭੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੁੰਦੀ ਹੈ ।੨।

ਭਾਵਾਰਥ :– ਪੰਡਤ, ਮੁਨੀ, ਤੀਰਥ ਵਾਸੀ ਲੋਕ ਅਨੇਕਾਂ ਤਰ੍ਹਾਂ ਦੇ ਸਾਧਨ ਕਰ ਕਰ ਕੇ ਥਕ ਗਏ ਹਨ, ਪਰ ਉਸ ਪ੍ਰਭੂ ਦੀ ਸਿਫਤ ਸਲਾਹ ਤੋਂ ਬਿਨਾਂ ਕਿਸੇ ਦਾ ਭੀ ਪ੍ਰਮੇਸ਼ਰ ਨਾਲ ਮਿਲਾਪ ਨਹੀਂ ਹੋਇਆ ।

ਪਉੜੀ ॥

1. **ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ ॥**
2. **ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥**
3. **ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥**
4. **ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥**
5. **ਨਾਨਕ ਬਖਸਿ ਮਿਲਾਇਅਨੁ**
   ਹਰਿ ਨਾਮਿ ਸਮਾਇਆ ॥੩੩॥

ਪਦ ਅਰਥ :–ਅਤਿ ਨੇਹੁ--ਬਹੁਤ ਪਿਆਰ । ਬਹਿ–ਬੈਠ ਕੇ । ਮੰਦੁ-ਮੰਦੀ ਸਲਾਹ, ਵਿਕਾਰ ਦੀ ਚਿਤਵਨੀ। ਚਲਸੀ–ਨਾਸ ਹੋ ਜਾਇਗੀ । ਜਗਿ–ਜਗਤ ਵਿਚ । ਕੋ ਉਪਾਇਆ-ਕੋਈ ਉਪਾਓ । ਕਢਹੁ–ਲਭੋ । ਚਾਕਰੀ–ਸੇਵਾ। ਥਿਰੁ–ਸਦਾ ਕਾਇਮ । ਕੰਧੁ–ਸਰੀਰ । ਸਬਾਇਆ–ਸਾਰਾ । ਬਖਸਿ–ਮੇਹਰ ਕਰ ਕੇ । ਮਿਲਾਇਅਨੁ–ਮਿਲਾਏ ਹਨ ਉਸ (ਪ੍ਰਭੂ) ਨੇ । ਨਾਮਿ–ਨਾਮ ਵਿਚ । ਸੇਵਾ–ਭਗਤੀ । ਥਿਰੁ–ਅਟਲ, ਅਡੋਲ (ਵਿਕਾਰਾਂ ਦੇ ਟਾਕਰੇ ਤੇ) ਤਕੜਾ ।੩੩।

ਅਰਥ:–

ਪ੍ਰ:- ਗੁਰਦੇਵ ਜੀਓ ! ਜਦੋਂ ਸਾਈਂ ਜੀ ਨੂੰ ਭੁਲਾ ਕੇ ਜੀਵ ਇਸਤਰੀ ਨਾਲ ਵਧੇਰੇ ਪਿਆਰ ਕਰਦਾ ਹੈ ਤਾਂ ਆਖਰ ਇਸ ਦਾ ਸਿੱਟਾ ਕੀ ਹੋਇਆ ਹੈ ?

1, ਉ:–ਹੇ ਭਾਈਓ ! (ਦੂਰ ਦਰਸ਼ੀ ਲੋਕਾਂ ਦੀ ਤਾਂ ਇਹੋ ਹੀ ਵੀਚਾਰ ਹੈ ਕਿ ਜੇ) ਮਨੁੱਖ ਦਾ (ਆਪਣੀ) ਇਸਤਰੀ ਨਾਲ ਬਹੁਤ ਹੀ ਪਿਆਰ ਹੈ (ਤਾਂ ਇਸ ਦਾ ਸਿੱਟਾ ਆਮ ਤੌਰ ਤੇ ਇਹੀ ਨਿਕਲਦਾ ਹੈ ਕਿ) ਬੈਠ ਕੇ ਕੋਈ ਵਿਕਾਰ ਦੀ ਚਿਤਵਨੀ ਹੀ ਚਿਤਵਦਾ (ਤੇ ਨਾਸਵੰਤ ਨਾਲ ਮੋਹ ਵਧਦਾ ਜਾਂਦਾ ਹੈ) ।

ਪ੍ਰ–,ਸ੍ਰੀ ਜੀਓ ! ਇਸ ਬਾਰੇ ਗੁਰਮਤਿ ਦੀ ਕੀ ਰਾਇ ਹੈ ?

2. ਉ:–ਹੇ ਭਾਈਓ ! ਮੇਰੇ ਪ੍ਰਭੂ ਦਾ ਭਾਣਾ ਤਾਂ ਇਹੋ ਹੀ ਹੈ ਕਿ ਜੋ ਕੁਝ (ਅਖੀਂ) ਦਿਸਦਾ ਹੈ ਇਹ ਸਭ ਨਾਸ ਹੋ ਜਾਣਾ ਹੈ ।

3. ਇਸ ਲਈ ਹੇ ਪਿਆਰੇ ! ਫਿਰ ਕੋਈ ਐਸਾ ਉਪਾਓ ਲਭੋ ਜਿਸ ਕਰ ਕੇ ਜਗਤ ਵਿਚ ਸਦਾ ਟਿਕੇ ਰਹਿ ਸਕੀਏ (ਭਾਵ, ਸਦਾ ਟਿਕੇ ਰਹਿਣ ਵਾਲੇ ਪ੍ਰਭੂ ਨਾਲ ਇਕ ਸੁਰ ਹੋ ਸਕੀਏ) ।

ਪ੍ਰ:–ਗੁਰਦੇਵ ਜੀਓ ! ਉਹ ਉਪਾਓ ਫਿਰ ਆਪ ਹੀ ਕੋਈ ਦਸੋ ?

4. ਉ:–ਹੇ ਪਿਆਰੇ ! (ਉਹ ਉਪਾਓ ਤਾਂ ਕੇਵਲ ਇਕ) ਪੂਰੇ ਸਤਿਗੁਰੂ ਦੀ (ਦਸੀ) ਸੇਵਾ ਭਗਤੀ ਹੀ ਹੈ, ਜਿਸ ਕਰ ਕੇ ਸਾਰਾ ਸਰੀਰ (ਭਾਵ ਸਾਰੇ ਗਿਆਨ ਇੰਦਰੇ) ਵਿਕਾਰਾਂ ਦੇ ਟਾਕਰੇ ਤੇ ਅਡੋਲ ਰਹਿ ਸਕਦਾ ਹੈ ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! ਜਿਨ੍ਹਾਂ ਨੂੰ ਉਸ ਪ੍ਰਭੂ ਨੇ ਮਿਹਰ ਕਰ ਕੇ (ਆਪਣੇ ਨਾਲ) ਮਿਲਾਇਆ ਹੈ, ਉਹ ਉਸ ਹਰੀ ਦੇ ਨਾਮ ਵਿਚ (ਹੀ) ਲੀਨ ਰਹਿੰਦੇ ਹਨ।੩੩।

ਭਾਵਾਰਥ :–ਜਿਸ ਮਨੁੱਖ ਨੂੰ ਪ੍ਰਭੂ ਦੀ ਮਿਹਰ ਨਾਲ ਇਹ ਸਮਝ ਪੈਂਦੀ ਹੈ ਕਿ ਵਹੁਟੀ, ਪੁਤਰ, ਧਨ ਆਦਿਕ ਦਾ ਸਾਥ ਨਾਸਵੰਤ ਹੈ, ਉਹੀ ਪੂਰੇ ਗੁਰੂ ਦੀ ਸ਼ਰਨ ਪੈਂਦਾ ਹੈ ਤੇ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ । ਗੁਰੂ ਤੋਂ ਬਿਨਾਂ ਸਭ ਤਰ੍ਹਾਂ ਦੇ ਮੋਹ ਪਿਆਰ ਜ਼ਿੰਦਗੀ ਨੂੰ ਅਸਥਿਰ ਬਣਾਂਦੇ ਹਨ, ਸਥਿਰਤਾ ਗੁਰੂ ਦੇ ਰਾਹੀਂ ਪ੍ਰਾਪਤ ਕੀਤੇ ਨਾਮ ਤੋਂ ਹੈ ।

ਸਲੋਕ ਮ: ੩ ॥

1. **ਮਾਇਆ ਮੋਹਿ ਵਿਸਾਰਿਆ**
   ਗੁਰ ਕਾ ਭਉ ਹੇਤੁ ਅਪਾਰੁ ॥
2. **ਲੋਭਿ ਲਹਰਿ ਸੁਧਿ ਮਤਿ ਗਈ**
   ਸਚਿ ਨ ਲਗੈ ਪਿਆਰੁ ॥
3. **ਗੁਰਮੁਖਿ ਜਿਨਾ ਸਬਦੁ ਮਨਿ ਵਸੈ**
   ਦਰਗਹ ਮੋਖ ਦੁਆਰੁ ॥
4. **ਨਾਨਕ ਆਪੇ ਮੇਲਿ ਲਏ**
   ਆਪੇ ਬਖਸਣਹਾਰੁ ॥੧॥

ਪਦ ਅਰਥ :– ਹੇਤੁ–ਪਿਆਰ, ਹਿਤ । ਅਪਾਰੁ–ਬੇਅੰਤ । ਅਪਾਰੁ ਹੇਤੁ–ਬੇਅੰਤ ਪਿਆਰ (ਜੋ ਗੁਰੂ ਜੀਵਾਂ ਨਾਲ ਕਰਦਾ ਹੈ) । ਲੋਭਿ–ਲੋਭ ਵਿਚ । ਲੋਭਿ ਲਹਰਿ–ਲੋਭ ਰੂਪ ਲਹਿਰ ਵਿਚ ਫਸ ਕੇ । ਸੁਧਿ ਮਤਿ–ਅਕਲ ਹੋਸ਼ । ਸਚਿ–ਸਚੇ ਪ੍ਰਭੂ ਵਿਚ । ਮੋਖ ਦੁਆਰੁ–(ਮਾਇਆ ਦੇ ਮੋਹ ਤੋਂ) ਬਚਣ ਦਾ ਰਾਹ । ਭਉ--ਡਰ, ਅਦਬ ।੧।

ਅਰਥ:–

ਪ੍ਰ:–ਕਿਉਂ ਜੀ, ਇਹ ਕਿਵੇਂ ਅਨੁਭਵ ਕੀਤਾ ਜਾਵੇ ਕਿ ਕਿਸੇ ਦੇ ਮਨ ਉਤੇ ਮਾਇਆ ਦੇ ਮੋਹ ਦੀ ਬਹੁਤ ਹੀ ਪ੍ਰਬਲਤਾ ਹੈ ?

1. **ਉ**:–ਹੇ ਭਾਈਓ ! (ਸੱਚ ਤ ਇਹੋ ਹੈ ਕਿ) ਮਾਇਆ ਦੇ ਮੋਹ ਵਿਚ ਪੈ ਕੇ ਮਨੁੱਖ ਗੁਰੂ ਦਾ ਅਦਬ ਭੁਲਾ ਦੇਂਦਾ ਹੈ, ਤੇ (ਇਹ ਭੀ) ਵਿਸਾਰ ਦੇਂਦਾ ਹੈ ਕਿ ਗੁਰੂ (ਕਿਤਨਾ) ਬੇਅੰਤ ਪਿਆਰ ਇਸ ਨਾਲ ਕਰਦਾ ਹੈ।
2. ਹੇ ਪਿਆਰੇ ! (ਇਥੇ ਹੀ ਬਸ ਨਹੀਂ) ਲੋਭ ਲਹਿਰ ਵਿਚ ਫਸ ਕੇ ਤਾਂ ਇਸ ਦੀ ਅਕਲ ਹੋਸ਼ ਗੁੰਮ ਹੋ ਜਾਂਦੀ ਹੈ, ਸਦਾ ਥਿਰ ਪ੍ਰਭੂ ਵਿਚ ਇਸ ਦਾ ਪਿਆਰ (ਹੀ) ਨਹੀਂ ਬਣਦਾ।

ਪ੍ਰ:–ਗੁਰਦੇਵ ਜੀਓ ! ਦਸੋ ਤਾਂ ਫਿਰ ਪ੍ਰਭੂ ਦੀ ਹਜ਼ੂਰੀ ਕਿਸ ਨੂੰ ਪ੍ਰਾਪਤ ਹੁੰਦੀ ਹੈ ?

3. **ਉ**:–ਹੇ ਭਾਈਓ ! ਗੁਰੂ ਦੇ ਸਨਮੁਖ ਰਹਿਣ ਵਾਲੇ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਗਰੂ ਦਾ ਸ਼ਬਦ ਵਸਦਾ ਹੈ, ਉਨ੍ਹਾਂ ਨੂੰ ਪ੍ਰਭੂ ਦੀ ਹਜ਼ੂਰੀ ਪ੍ਰਾਪਤ ਹੋ ਜਾਂਦੀ ਹੈ, ਉਨ੍ਹਾਂ ਨੂੰ ਮਾਇਆ ਦੇ ਮੋਹ ਤੋਂ ਬਚਣ ਦਾ ਰਾਹ ਲਭ ਪੈਂਦਾ ਹੈ।
4. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਉਹ ਬਖਸ਼ਣ ਹਾਰ ਪ੍ਰਭੂ ਆਪ ਗੁਰਮੁਖਾਂ ਨੂੰ ਆਪਣੇ ਨਾਲ ਜੋੜ ਲੈਂਦਾ ਹੈ।੧।

ਭਾਵਾਰਥ :–ਮਾਇਆ ਦੇ ਮੋਹ ਕਰ ਕੇ ਜੀਵ ਦੀ ਸੁਧ ਬੁਧ ਮਾਰੀ ਜਾਂਦੀ ਹੈ ਤੇ ਗੁਰੂ ਦਾ ਖਿਆਲ ਨਹੀਂ ਰਹਿੰਦਾ ਤੇ ਨਾ ਸਚੇ ਹਰੀ ਨਾਲ ਪਿਆਰ ਹੀ ਪੈ ਸਕਦਾ ਹੈ, ਇਹ ਪਿਆਰ ਤਾਂ ਹਰੀ ਦੀ ਆਪਣੀ ਮਿਹਰ ਦੇ ਸਦਕੇ ਪ੍ਰਾਪਤ ਕੀਤੇ ਸ਼ਬਦ ਤੋਂ ਹੀ ਮਿਲਦਾ ਹੈ।

ਮ: ੪ ॥

1. **ਨਾਨਕ ਜਿਸੁ ਬਿਨੁ ਘੜੀ ਨ ਜੀਵਣਾ**
   ਵਿਸਰੇ ਸਰੈ ਨ ਬਿੰਦ ॥
2. **ਤਿਸੁ ਸਿਉ ਕਿਉ ਮਨ ਰੂਸੀਐ**
   ਜਿਸਹਿ ਹਮਾਰੀ ਚਿੰਦ ॥੨॥

ਪਦ ਅਰਥ :–ਸਰੈ ਨ ਬਿੰਦ–ਇਕ ਘੜੀ ਭੀ ਨਹੀਂ ਨਿਭਦੀ। ਵਿਸਰੇ ਸਰੈ ਨ ਬਿੰਦ–ਇਕ ਘੜੀ ਭਰ ਭੀ ਵਿਸਾਰਨਾ ਨਹੀਂ ਪੁਜਦਾ। ਜਿਸਹਿ–ਜਿਸੈ, ਜਿਸ ਨੂੰ। ਚਿੰਦ–ਫਿਕਰ।੨।

ਅਰਥ:–

ਪ੍ਰ:–ਸ੍ਰੀ ਜੀਓ ! ਸਾਡਾ ਮਨ ਉਸ ਸਾਈਂ ਜੀ ਨੂੰ ਵਿਸਾਰ ਕੇ ਹਰ ਵੇਲੇ ਸੰਸਾਰ ਦੇ ਮੋਹ ਪਿਆਰ ਵਿਚ ਹੀ ਖਚਤ ਰਹਿੰਦਾ ਹੈ ਦਸੋ ਇਸ ਨੂੰ ਕਿਵੇਂ ਸਮਝਾਈਏ ?

1. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! (ਇਸ ਮਨ ਨੂੰ ਇਉਂ ਹੀ ਪਿਆਰ ਨਾਲ ਸਮਝਾਇਆ ਕਰ ਕਿ ਹੇ ਮਨਾ ! ਵੇਖ) ਜਿਸ ਪ੍ਰਭੂ ਤੋਂ ਬਿਨਾਂ ਇਕ ਘੜੀ ਭੀ ਜੀਉ ਨਹੀਂ ਸਕੀਦਾ ਅਤੇ ਜਿਸ ਨੂੰ ਇਕ ਘੜੀ ਭੀ ਵਿਸਾਰਿਆਂ ਨਹੀਂ ਨਿਭਦੀ।
2. ਹੇ ਮਨ ! (ਸੁਣ) ਜਿਸ ਪ੍ਰਭੂ ਨੂੰ ਅਸਾਡਾ (ਹਰ ਵੇਲੇ) ਫਿਕਰ ਹੈ, ਉਸ ਨਾਲ ਰੁਸਣਾ ਠੀਕ ਨਹੀਂ ਹੈ।੨।

ਭਾਵਾਰਥ :–ਮਨ ਨੂੰ ਸੰਬੋਧਨ ਕਰਦੇ ਹਨ ਕਿ ਜਿਸ ਸਾਈਆਂ ਜੀ ਦੇ ਨਾਲ ਵਿਗਾੜ ਪਾਉਣ ਨਾਲ ਸਰ ਹੀ ਨਹੀਂ ਸਕਦਾ, ਜਿਸ ਨੂੰ ਸਾਡੀ ਹਰ ਵਕਤ ਹੀ ਪਾਲਣਾ ਪੋਸਣਾ ਕਰਨ ਦੀ ਚਿੰਤਾ ਹੈ, ਉਸ ਨੂੰ ਹਰ ਵੇਲੇ ਹੀ ਚਿਤਵਦੇ ਰਹਿਣਾ ਚਾਹੀਦਾ ਹੈ।

ਮ: ੪ ॥

1. **ਸਾਵਣੁ ਆਇਆ ਝਿਮਝਿਮਾ**
   ਹਰਿ ਗੁਰਮੁਖਿ ਨਾਮੁ ਧਿਆਇ ॥
2. **ਦੁਖ ਭੁਖ ਕਾੜਾ ਸਭੁ ਚੁਕਾਇਸੀ**
   ਮੀਹੁ ਵੁਠਾ ਛਹਬਰ ਲਾਇ ॥
3. **ਸਭ ਧਰਤਿ ਭਈ ਹਰੀਆਵਲੀ**
   ਅੰਨੁ ਜੰਮਿਆ ਬੋਹਲ ਲਾਇ ॥
4. **ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ**
   ਹਰਿ ਆਪੇ ਪਾਵੈ ਥਾਇ ॥
5. **ਹਰਿ ਤਿਸਹਿ ਧਿਆਵਹੁ ਸੰਤ ਜਨਹੁ**
   ਜੁ ਅੰਤੇ ਲਏ ਛਡਾਇ ॥
6. **ਹਰਿ ਕੀਰਤਿ ਭਗਤਿ ਅਨੰਦੁ ਹੈ**
   ਸਦਾ ਸੁਖੁ ਵਸੈ ਮਨਿ ਆਇ ॥
7. **ਜਿਨਾ ਗੁਰਮੁਖਿ ਨਾਮੁ ਅਰਾਧਿਆ**
   ਤਿਨਾ ਦੁਖ ਭੁਖ ਲਹਿ ਜਾਇ ॥
8. **ਜਨ ਨਾਨਕੁ ਤ੍ਰਿਪਤੈ ਗਾਇ ਗੁਣ**
   ਹਰਿ ਦਰਸਨੁ ਦੇਹੁ ਸੁਭਾਇ ॥੩॥

ਪਦ ਅਰਥ :–ਝਿਮਝਿਮਾ–ਇਕ ਰਸ ਵਰ੍ਹਨ ਵਾਲਾ, ਝੜੀ ਲਾਣ ਵਾਲਾ। ਗੁਰਮੁਖਿ–ਗੁਰੂ ਦੇ ਸਨਮੁਖ ਮਨੁੱਖ। ਕਾੜ੍ਹਾ–ਕਾੜ੍ਹ, ਘੁੰਮਾ, ਗਰਮੀ। ਵੁਠਾ–ਵੱਸਦਾ ਹੈ। ਛਹਬਰ–ਝੜੀ। ਹਰੀਆਵਲੀ–[ਹਰੀ-ਆਵਲੀ] ਸਬਜ਼ੀ ਵਾਲੀ। ਜੰਮਿਆ–ਪੈਦਾ ਹੁੰਦਾ ਹੈ। ਬੋਹਲ–ਦਾਣਿਆਂ ਦੇ ਢੇਰ। ਪਾਵੈ ਥਾਇ–ਕਬੂਲ ਕਰਦ ਹੈ। ਕੀਰਤਿ–ਸਿਫਤ ਸਲਾਹ। ਭਗਤਿ-ਬੰਦਗੀ। ਤ੍ਰਿਪਤੈ–ਰਜਦਾ ਹੈ। ਸੁਭਾਇ–ਸੁਭਾਓ ਅਨੁਸਾਰ, ਮੇਹਰ ਨਾਲ। ਅਚਿੰਤੁ–[ਅ-ਚਿੰਤੁ] ਜਿਸ ਨੂੰ ਕੋਈ ਚਿੰਤਾ ਪੋਹ ਨਹੀਂ ਸਕਦੀ। ਗੁਰਮੁਖਿ–ਗੁਰੂ ਦੇ ਦਸੇ ਰਾਹ ਤੇ ਤੁਰਨ ਵਾਲਾ ਮਨੁੱਖ।੩।

ਅਰਥ :–

ਪ੍ਰ:–ਸ੍ਰੀ ਜੀਓ ! ਨਾਮ ਸਿਮਰਨ ਵਾਲੇ ਮਨੁੱਖ ਦੀ ਮਾਨਸਕ ਅਵਸਥਾ ਵਿਚ ਕੀ ਬਦਲ ਆ ਜਾਇਆ ਕਰਦੀ ਹੈ ?

1. **ਉ**:–ਹੇ ਭਾਈਓ ! ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਹਰੀ ਦਾ ਨਾਮ ਸਿਮਰਦਾ ਹੈ, (ਉਸ ਦੇ ਵਾਸਤੇ ਤਾਂ ਮਾਨੋਂ) ਇਕ ਰਸ ਵਰ੍ਹਨ ਵਾਲਾ ਸਾਵਣ (ਦਾ ਮਹੀਨਾ) ਆ ਜਾਂਦਾ ਹੈ, ਜਦੋਂ ਝੜੀ ਲਾ ਕੇ ਮੀਂਹ ਵੱਸਦਾ ਹੈ।

2 ਹੇ ਭਾਈ ! (ਉਹ ਝੜੀ ਦਾ ਮੀਂਹ ਵੱਸਣ ਵੇਲੇ) ਘੁੰਮਾਂ ਤੇ ਲੋਕਾਂ ਦੇ ਦੁਖ ਤੇ ਭੁਖਾਂ ਸਭ ਦੂਰ ਕਰ ਦੇਂਦਾ ਹੈ।

3. (ਕਿਉਂਕਿ) ਸਾਰੀ ਧਰਤੀ ਉਤੇ ਹਰਿਆਵਲ ਹੀ ਦਿਸਦੀ ਹੈ, ਤੇ ਢੇਰਾਂ ਦੇ ਢੇਰ ਅੰਨ ਪੈਦਾ ਹੁੰਦਾ ਹੈ।

4. ਹੇ ਭਾਈ ! (ਇਸੇ ਤਰ੍ਹਾਂ ਗੁਰਮੁਖ ਨੂੰ) ਅਚਿੰਤ ਪ੍ਰਭੂ ਆਪ ਹੀ ਮਿਹਰ ਕਰ ਕੇ ਆਪਣੇ ਨੇੜੇ ਲਿਆਉਂਦਾ ਹੈ, ਉਸ ਦੀ ਮਿਹਨਤ ਨੂੰ ਆਪ ਹੀ ਪ੍ਰਵਾਨ ਕਰਦਾ ਹੈ।

ਪ੍ਰ:–ਸ੍ਰੀ ਜੀਓ ! ਮਨ ਵਿਚ ਸਦਾ ਸੁਖ ਦੀ ਪ੍ਰਾਪਤੀ ਲਈ ਸਾਨੂੰ ਕਿਹੜਾ ਸਾਧਨ ਕਰਦੇ ਰਹਿਣਾ ਚਾਹੀਦਾ ਹੈ ?

5. ਉ:–ਹੇ ਸੰਤ ਜਨੋਂ ! ਉਸੇ ਪ੍ਰਭੂ ਨੂੰ ਯਾਦ ਕਰਦੇ ਰਹੋ ਜੋ ਆਖਰ (ਇਨ੍ਹਾਂ ਦੁਖਾਂ ਭੁਖਾਂ ਤੋਂ) ਖਲਾਸੀ ਦਿਵਾਉਂਦਾ ਹੈ।

6. ਹੇ ਪਿਆਰੇ ! ਪ੍ਰਭੂ ਦੀ ਸਿਫਤ ਸਲਾਹ ਤੇ ਬੰਦਗੀ ਵਿਚ ਹੀ (ਅਸਲ) ਅਨੰਦ ਹੈ, (ਇਸ ਤਰ੍ਹਾਂ) ਸਦਾ ਲਈ ਮਨ ਵਿਚ ਸੁਖ ਆ ਵੱਸਦਾ ਹੈ।

ਪ੍ਰ:–ਸ੍ਰੀ ਜੀਓ ! ਮਨ ਵਿਚ ਤ੍ਰਿਸ਼ਨਾ ਦਾ ਵੇਗ ਹਰ ਸਮੇਂ ਹੀ ਵਗਦਾ ਰਹਿੰਦਾ ਹੈ। ਦਸੋ, ਇਹ ਕਿਵੇਂ ਰੁਕ ਸਕਦਾ ਹੈ ?

7. ਉ:–ਹੇ ਭਾਈ ! ਜਿਨ੍ਹਾਂ ਗੁਰਮੁਖਾਂ ਨੇ ਨਾਮ ਸਿਮਰਿਆ ਹੈ, ਉਨ੍ਹਾਂ ਦੇ ਦੁਖ ਦੂਰ ਹੋ ਜਾਂਦੇ ਹਨ ਅਤੇ (ਇਸ ਤਰ੍ਹਾਂ) ਉਨ੍ਹਾਂ ਦੀ ਤ੍ਰਿਸ਼ਨਾ ਭੀ ਮੁਕ ਜਾਂਦੀ ਹੈ।

8. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਭਾਈਓ ! ਮੈਂ ਭੀ ਪ੍ਰਭੂ ਦੇ ਗੁਣ ਗਾ ਗਾ ਕੇ ਹੀ (ਮਾਇਆ ਵਲੋਂ) ਤ੍ਰਿਪਤ ਹਾਂ (ਅਤੇ ਅਰਜੋਈ ਕਰਦਾ ਹਾਂ ਕਿ) ਹੇ ਹਰੀ ! ਮਿਹਰ ਕਰ ਕੇ (ਮੈਨੂੰ) ਆਪਣੇ ਦੀਦਾਰਾਂ ਦੀ ਬਖਸ਼ਿਸ਼ ਕਰੋ ।੩।

ਭਾਵਾਰਥ :–ਸੁਖ ਦੀ ਪ੍ਰਾਪਤੀ ਕੇਵਲ ਹਰੀ ਦੇ ਨਾਮ ਸਿਮਰਨ ਦੁਆਰਾ ਹੀ ਹੋ ਸਕਦੀ ਹੈ ਇਸ ਲਈ ਹਰ ਪ੍ਰਾਣੀ ਨੂੰ ਨਾਮ ਸਿਮਰਦੇ ਰਹਿਣ ਦੀ ਹੀ ਪ੍ਰੇਰਨਾ ਕਰਦੇ ਹਨ।

ਪਉੜੀ ॥

1. ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ ॥
2. ਤੁਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ ॥
3. ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥
4. ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥
5. ਨਾਨਕ ਅਪੜਿ ਕੋਇ ਨ ਸਕਈ
ਪੂਰੇ ਸਤਿਗੁਰ ਕੀ ਵਡਿਆਈਆ ॥੩੪॥

ਪਦ ਅਰਥ :–ਦਾਤਿ–ਬਖਸ਼ਿਸ਼। ਚੜੈ ਸਵਾਈਆ–ਵਧਦੀ ਹੈ। ਤੁਸਿ–ਤਰੁਠ ਕੇ, ਪ੍ਰਸੰਨ ਹੋ ਕੇ। ਨ ਛਪੈ ਛਪਾਇਆ–ਲੁਕਾਈ ਲੁਕਦੀ ਨਹੀਂ। ਉਨਮਨਿ–ਉਨਮਨ ਵਿਚ, ਚੜ੍ਹਦੀ ਕਲਾ ਵਿਚ, ਪੂਰਨ ਖਿੜਾਓ ਵਿਚ। ਸਿਰਿ–ਸਿਰ ਉਤੇ। ਛਾਈ–ਸੁਆਹ। ਸਿਰਿ ਛਾਈ ਪਾਈਆ–ਨਮੋਸ਼ੀ ਖੱਟਦਾ ਹੈ ।੩੪।

ਅਰਥ:–

ਪ੍ਰ:–ਸ੍ਰੀ ਜੀਓ ! ਜਗਤ ਵਿਚ ਹਰ ਇਕ ਦਾਤੇ ਦੀ ਦਿਤੀ ਹੋਈ ਦਾਤ ਘਟਦੀ ਰਹਿੰਦੀ ਹੈ, ਕੀ ਕੋਈ ਅਜਿਹੀ ਭੀ ਦਾਤ ਹੈ ਜੋ ਘਟਦੀ ਨਹੀਂ ਵਧਦੀ ਹੀ ਰਹਿੰਦੀ ਹੈ ?

1. ਉ.–ਹੇ ਪਿਆਰੇ ! (ਉਹ ਇਕੋ ਹੀ) ਜੋ ਪੂਰੇ ਸਤਿਗੁਰੂ ਦੀ ਦਿੱਤੀ ਹੋਈ ਦਾਤ ਹੈ, (ਜੋ ਉਹ ਸਦਾ ਦੇਂਦਾ ਹੈ ਤੇ ਵਧਦੀ ਹੀ ਰਹਿੰਦੀ ਹੈ)।

ਪ੍ਰ:–ਕਿਉਂ ਜੀ, ਇਹ ਦਾਤ ਸਾਰਿਆਂ ਨੂੰ ਹੀ ਕਿਉਂ ਨਹੀਂ ਮਿਲਦੀ ?

2. ਉ:–ਹੇ ਭਾਈਓ ! (ਚਾਹੁੰਦੇ ਤਾਂ ਬਹੁਤ ਲੋਕ ਹਨ ਪਰ ਗੁਰੂ ਦੀ ਮਿਹਰ ਦੀ ਨਜ਼ਰ ਨਾਲ ਇਹ ਦਾਤ) ਦਿਆਲ ਪ੍ਰਭੂ ਆਪ ਪ੍ਰਸੰਨ ਹੋ ਕੇ ਦੇਂਦਾ ਹੈ ਤੇ ਇਹ ਦਾਤ ਕਿਸੇ ਦੀ ਲੁਕਾਈ ਲੁਕਦੀ ਨਹੀਂ।

3. ਹੇ ਪਿਆਰੇ ! (ਜਿਸ ਉਤੇ ਗੁਰੂ ਵਲੋਂ ਬਖਸ਼ਿਸ਼ ਹੋਵੇ, ਉਸ ਦੇ) ਹਿਰਦੇ ਦਾ ਕਉਲ ਫੁਲ ਖਿੜ ਪੈਂਦਾ ਹੈ ਅਤੇ ਉਹ ਪੂਰਨ ਖਿੜਾਓ ਵਿਚ ਖਿੜਿਆ ਰਹਿੰਦਾ ਹੈ।

4. ਹੇ ਭਾਈ ! ਜੋ ਮਨੁੱਖ ਉਸ ਦੀ ਬਰਾਬਰੀ ਕਰਨ ਦਾ ਜਤਨ ਕਰਦਾ ਹੈ ਉਹ (ਆਖਰ) ਨਮੋਸ਼ੀ ਹੀ ਖੱਟਦਾ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਪੂਰੇ ਗੁਰੂ ਦੀ ਬਖਸ਼ੀ ਹੋਈ ਵਡਿਆਈ ਦੀ ਕੋਈ ਮਨੁੱਖ ਬਰਾਬਰੀ ਨਹੀਂ ਕਰ ਸਕਦਾ ।੩੪।

ਭਾਵਾਰਥ :–ਜਿਸ ਨੂੰ ਗੁਰੂ ਪਾਸੋਂ ਨਾਮ ਦਾ ਖੈਰ ਮਿਲ ਜਾਏ ਉਹ ਘਟਦੀ ਨਹੀਂ ਦਿਨੋਂ ਦਿਨ ਵਧਦੀ ਰਹਿੰਦੀ ਹੈ। ਉਸ ਦਾ ਹਿਰਦਾ ਸਦਾ ਹੀ ਖਿੜਿਆ ਰਹਿੰਦਾ ਹੈ, ਕੋਈ ਉਸ ਦੀ ਰੀਸ ਭੀ ਨਹੀਂ ਕਰ ਸਕਦਾ, ਉਸ ਦੇ ਹਿਰਦੇ ਦਾ ਖਿੜਾਓ ਤੇ ਪਿਆਰ ਸਦਾ ਹੀ ਵਧਦੇ ਜਾਂਦੇ ਹਨ।

ਸਲੋਕ ਮ: ੩ ॥

1. ਅਮਰੁ ਵੇਪਰਵਾਹੁ ਹੈ
ਤਿਸੁ ਨਾਲਿ ਸਿਆਣਪ ਨ ਚਲਈ
ਨ ਹੁਜਤਿ ਕਰਣੀ ਜਾਇ ॥
2. ਆਪੁ ਛੋਡਿ ਸਰਣਾਇ ਪਵੈ
ਮੰਨਿ ਲਏ ਰਜਾਇ ॥
3. ਗੁਰਮੁਖਿ ਜਮ ਡੰਡੁ ਨ ਲਗਈ
ਹਉਮੈ ਵਿਚਹੁ ਜਾਇ ॥
4. ਨਾਨਕ ਸੇਵਕੁ ਸੋਈ ਆਖੀਐ
ਜਿ ਸਚਿ ਰਹੈ ਲਿਵ ਲਾਇ ॥੧॥

ਪਦ ਅਰਥ :– ਅਮਰੁ–[ਅ-ਮਰ] ਅਟਲ । ਵੇਪਰਵਾਹੁ–ਬੇਮੁਥਾਜ । ਹੁਜਤਿ–ਦਲੀਲ । ਆਪੁ–ਆਪਾ-

ਭਾਵ। ਰਜਾਇ–ਭਾਣਾ। ਸਚਿ–ਸਦਾ ਕਾਇਮ ਰਹਿਣ ਵਾਲੇ ਪ੍ਰਮੇਸ਼ਰ ਵਿਚ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ।੧।

ਅਰਥ :

ਪ੍ਰ:–ਸ੍ਰੀ ਜੀਓ ! ਉਹ ਪ੍ਰਮੇਸ਼ਰ ਕਿਤਨੀ ਕੁ ਸ਼ਕਤੀ ਦਾ ਮਾਲਕ ਹੈ ?

1. **ਉ**:–ਹੇ ਭਾਈ ! ਉਹ ਪ੍ਰਮਾਤਮਾ ਅਟਲ ਹੈ, ਬੇਮੁਥਾਜ ਹੈ, ਉਸ ਨਾਲ ਕੋਈ ਭੀ ਚਲਾਕੀ ਨਹੀਂ ਚਲ ਸਕਦੀ ਅਤੇ ਨਾ ਹੀ (ਉਸ ਦੇ ਹੁਕਮ ਅਗੇ) ਕੋਈ ਦਲੀਲ ਪੇਸ਼ ਕੀਤੀ ਜਾ ਸਕਦੀ ਹੈ।

2. ਐ ਪਿਆਰੇ ! ਗੁਰਮੁਖ ਮਨੁੱਖ ਆਪਾ-ਭਾਵ ਛਡ ਕੇ ਉਸ ਦੀ ਸ਼ਰਨ ਵਿਚ ਪੈਂਦਾ ਹੈ, ਉਸ ਦੇ ਭਾਣੇ ਅਗੇ ਸਿਰ ਨਿਵਾਂਦਾ ਹੈ।

ਪ੍ਰ:–ਕਿਉਂ ਜੀ, ਅਜਿਹੇ ਗੁਰਮੁਖ ਨੂੰ ਆਖਰ ਫਲ ਕੀ ਹਾਸਲ ਹੁੰਦਾ ਹੈ ?

3. **ਉ**:–ਹੇ ਭਾਈ ! ਅਜਿਹੇ ਗੁਰਮੁਖ ਨੂੰ ਜਮਰਾਜ ਕੋਈ ਤਾੜਨਾ ਨਹੀਂ ਕਰ ਸਕਦਾ, ਉਸ ਦੇ ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ।

ਪ੍ਰ:–ਸ੍ਰੀ ਜੀਓ ! ਉਸ ਅਜਿਹੇ ਗੁਰਮੁਖ ਨੂੰ ਆਪ ਜੀ ਕਿਸ ਨਾਮ ਨਾਲ ਪੁਕਾਰਦੇ ਹੋ ?

4 **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਉਸ ਨੂੰ (ਸਹੀ ਪ੍ਰਭੂ ਦਾ ਸੇਵਕ ਕਿਹਾ ਜਾ ਸਕਦਾ ਹੈ (ਕਿਉਂਕਿ) ਉਹ ਆਪਾ-ਭਾਵ ਛਡ ਕੇ) ਸਚੇ ਪ੍ਰਭੂ ਵਿਚ ਸੁਰਤ ਜੋੜੀ ਰਖਦਾ ਹੈ ।੧।

ਭਾਵਾਰਥ :–ਉਸ ਹਰੀ ਦੇ ਅਗੇ ਕੋਈ ਭੀ ਚਲਾਕੀ ਨਹੀਂ ਚਲਦੀ, ਉਸ ਅਗੇ ਤਾਂ ਨਿਵਣਾ ਹੀ ਬਣਦਾ ਹੈ।

ਮ: ੩ ॥

1. **ਦਾਤਿ ਜੋਤਿ ਸਭ ਸੂਰਤਿ ਤੇਰੀ ॥**
2. **ਬਹੁਤੁ ਸਿਆਣਪ ਹਉਮੈ ਮੇਰੀ ॥**
3. **ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ**
   ਹਉਮੈ ਕਦੇ ਨ ਚੂਕੈ ਫੇਰੀ ॥
4. **ਨਾਨਕ ਆਪਿ ਕਰਾਏ ਕਰਤਾ**
   ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥

ਪਦ ਅਰਥ :– ਜੋਤਿ–ਜਿੰਦ । ਸੂਰਤਿ–ਸਰੀਰ । ਵਿਆਪੇ–ਗ੍ਰਸੇ ਹੋਏ, ਫਸੇ ਹੋਏ। ਫੇਰੀ–ਜਨਮ ਮਰਨ ਦਾ ਗੇੜ। ਸਾਈ–ਉਹੀ। ਗਲ–ਗੱਲ। ਮੇਰੀ–ਮਮਤਾ ।੨।

ਅਰਥ:–

ਪ੍ਰ:–ਗੁਰਦੇਵ ਜੀਓ ! ਮਨੁੱਖ ਉਸ ਸਾਈ ਜੀ ਤੋਂ ਅਨੇਕਾਂ ਦਾਤਾਂ ਪ੍ਰਾਪਤ ਕਰ ਕੇ ਉਸ ਦਾ ਸ਼ੁਕਰਾਨਾ ਨਹੀਂ ਕਰਦਾ, ਪਰ ਆਪ ਜੀ ਦਸੋ ਇਸ ਜੀਵ ਨੂੰ ਕਰਨਾ ਕੀ ਜੋਗ ਹੈ ?

1. **ਉ**:–ਹੇ ਭਾਈਓ ! ਹਰ ਪ੍ਰਾਣੀ ਦਾ ਇਹੋ ਹੀ ਫਰਜ਼ ਬਣਦਾ ਹੈ ਕਿ, (ਉਸ ਪ੍ਰਭੂ ਦੇ ਸਨਮੁਖ ਹੋ ਕੇ ਇਉਂ ਹੀ ਕਹਿੰਦੇ ਰਹਿਣਾ ਚਾਹੀਦਾ ਹੈ ਕਿ) ਹੇ ਪ੍ਰਭੂ ! ਇਹ ਜਿੰਦ ਤੇ ਸਰੀਰ ਸਭ ਤੇਰੀ ਬਖਸ਼ੀ ਹੋਈ ਦਾਤ ਹੈ।

2. ਹੇ ਸਾਈਆਂ ਜੀਓ ! (ਤੇਰਾ ਸ਼ੁਕਰ ਕਰਨ ਦੇ ਥਾਂ) ਬੜੀਆਂ ਚਾਲਾਕੀਆਂ (ਕਰਨੀਆਂ) ਹਉਮੈ ਤੇ ਮਮਤਾ ਦੇ ਕਾਰਨ ਹੀ ਹੈ।

3. ਹੇ ਪ੍ਰਭੂ ਜੀ ! (ਜੋ ਮਨੁੱਖ ਤੇਰੀ ਯਾਦ ਨੂੰ ਭੁਲਾ ਕੇ) ਲੋਭ ਤੇ ਮੋਹ ਵਿਚ ਫਸੇ ਹੋਏ ਹੋਰ ਕੰਮ ਕਰਦੇ ਹਨ, ਹਉਮੈ ਦੇ ਕਾਰਨ ਉਨ੍ਹਾਂ ਦਾ ਜਨਮ ਮਰਨ ਦਾ ਗੇੜ ਨਹੀ ਮੁਕਦਾ।

ਪ੍ਰ:–ਗੁਰਦੇਵ ਜੀਓ ! ਜੋ ਲੋਕ ਹਉਮੈ ਵਿਚ ਗ੍ਰਸੇ ਹੋਏ ਹਨ, ਉਨ੍ਹਾਂ ਬਾਰੇ ਆਪ ਜੀ ਕੀ ਵੀਚਾਰ ਰਖਦੇ ਹੋ ?

4. **ਉ**:–ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਹੇ ਭਾਈਓ ! (ਕਿਸੇ ਨੂੰ ਭੀ ਭੈੜਾ ਨਹੀਂ ਕਿਹਾ ਜਾ ਸਕਦਾ) (ਕਿਉਂਕਿ) ਉਹ ਕਰਤਾਰ ਸਭ ਕੁਝ ਆਪ ਹੀ ਕਰਾ ਰਿਹਾ ਹੈ (ਇਸ ਲਈ ਜੀਵਨ ਦਾ ਸਹੀ ਰਸਤਾ ਇਹੋ ਹੀ ਹੈ ਕਿ) ਜੋ ਉਸ ਨੂੰ ਚੰਗਾ ਲਗਦਾ ਹੈ, ਉਸ ਨੂੰ ਚੰਗੀ ਗੱਲ ਸਮਝਣਾ ਯੋਗ ਹੈ ।੨।

ਭਾਵਾਰਥ :–ਉਸ ਪ੍ਰਭੂ ਜੀ ਅਗੇ ਨਿਊਣਾ ਹੀ ਬਣਦਾ ਹੈ, ਕਿਉਂਕਿ ਅਸੀਂ ਕਿਸੇ ਭੀ ਗੱਲ ਦੇ ਕਰਨ ਯੋਗ ਨਹੀਂ ਹਾਂ, ਸਾਰੀਆਂ ਦਾਤਾਂ ਹਰੀ ਆਪਣੀ ਮਿਹਰ ਨਾਲ ਹੀ ਕਰਦਾ ਹੈ।

ਪਉੜੀ ਮ: ੫ ॥

1. **ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥**
2. **ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥**
3. **ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥**
4. **ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥**
5. **ਨਾਨਕ ਸਿਫਤਿ ਸਲਾਹ ਕਰਿ**
   ਪ੍ਰਭ ਕਾ ਜੈਕਾਰੁ ॥੩੫॥

ਨੋਟ :–[ਇਹ ਪਉੜੀ ਗੁਰੂ ਅਰਜਨ ਸਾਹਿਬ ਜੀ ਦੀ ਹੈ।]

ਪਦ ਅਰਥ :–ਖਾਣਾ–ਖੁਰਾਕ । ਪੈਨਣਾ–ਪੁਸ਼ਾਕ । ਅਧਾਰੁ–ਆਸਰਾ । ਗੁਰਿ–ਗੁਰੂ ਨੇ । ਨਿਰੰਕਾਰੁ–ਆਕਾਰ ਰਹਿਤ ਪ੍ਰਭੂ, ਉਹ ਪ੍ਰਭੂ ਜਿਸ ਦਾ ਕੋਈ ਖਾਸ ਸਰੂਪ ਨਹੀਂ। ਜੈਕਾਰੁ–ਵਡਿਆਈ। ਕਰਿ–ਕਰ ਕੇ ।੩੫।

ਅਰਥ:–

ਪ੍ਰ:–ਗੁਰਦੇਵ ਜੀਓ ! ਨਾਮ ਦੀ ਪ੍ਰਾਪਤੀ ਵਾਲੇ ਮਨੁੱਖ ਦੀ ਪਛਾਣ ਕੀ ਹੈ ?

1. ਉ:—ਹੇ ਭਾਈ !(ਜਿਸ ਮਨੁੱਖ ਨੂੰ) ਪੂਰੇ ਸਤਿਗੁਰੂ ਨੇ ਸਭ ਦਾਤਾਂ ਦੇਣ ਵਾਲਾ ਪ੍ਰਭੂ ਮਿਲਾ ਦਿਤਾ ਹੈ, ਉਸ ਦੀ (ਜ਼ਿੰਦਗੀ ਦੀ) ਖੁਰਾਕ ਤੇ ਪੁਸ਼ਾਕ
2. ਪ੍ਰਭੂ ਦਾ ਨਾਮ (ਹੀ) ਹੋ ਜਾਂਦਾ ਹੈ, ਨਾਮ ਹੀ ਉਸ ਦਾ ਆਸਰਾ ਹੋ ਜਾਂਦਾ ਹੈ (ਜਿਵੇਂ ਖੁਰਾਕ ਤੇ ਪੁਸ਼ਾਕ ਸਰੀਰ ਵਾਸਤੇ ਜ਼ਰੂਰੀ ਹਨ)।
3. ਹੇ ਭਾਈਓ ! ਉਨ੍ਹਾਂ ਦੀ ਕਿਸਮਤ ਪੂਰੀ ਖੁਲ੍ਹ ਜਾਂਦੀ ਹੈ ਜੋ ਕਿ ਨਿਰੰਕਾਰ ਨੂੰ ਸਿਮਰਦੇ ਹਨ।
4. ਹੇ ਭਾਈ ! ਸਾਧ ਸੰਗਤ ਦਾ ਆਸਰਾ ਲੈ ਕੇ ਸੰਸਾਰ ਸਾਗਰ ਤੋਂ ਪਾਰ ਲੰਘ ਜਾਈਦਾ ਹੈ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ, ਹੇ ਭਾਈ ! ਪ੍ਰਮੇਸ਼ਰ ਦੀ ਸਿਫਤ ਸਲਾਹ, ਪ੍ਰਮਾਤਮਾ ਦੀ ਵਡਿਆਈ ਕਰਦਾ ਰਹੁ, ਇਸ ਦੀ ਬਰਕਤ ਨਾਲ ਸੰਸਾਰ ਸਾਗਰ ਤੋਂ ਪਾਰ ਲੰਘ ਜਾਈਦਾ ਹੈ।੩੫।

ਭਾਵਾਰਥ :-ਜਿਸ ਮਨੁੱਖ ਨੂੰ ਗੁਰੂ ਨੇ ਪ੍ਰਭੂ ਨਾਲ ਮਿਲਾ ਦਿੱਤਾ ਹੈ, ਨਾਮ ਉਸ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ, ਸਤਿਸੰਗ ਦੀ ਓਟ ਲੈ ਕੇ ਉਹ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦਾ ਹੈ।

ਸਲੋਕ ਮ: ੫ ॥

1. ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥
2. ਅੰਨੁ ਪਾਣੀ ਮੁਚੁ ਉਪਾਇ
ਦੁਖ ਦਾਲਦੁ ਭੰਨਿ ਤਰੁ ॥
3. ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥
4. ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥
5. ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥

ਪਦ ਅਰਥ :—ਸਮਾਲਿ—ਸੰਭਾਲ, ਸਾਰ ਲੈ। ਮੁਚੁ—ਬਹੁਤ। ਉਪਾਇ—ਪੈਦਾ ਕਰ। ਦਾਲਦੁ—ਗਰੀਬੀ ਦਲਿਦ੍ਰ। ਤਰੁ—ਤਾਰ ਲੈ। ਦਾਤਾਰਿ—ਦਾਤਾਰ ਨੇ। ਸਿਸਟਿ—ਸ੍ਰਿਸ਼ਟੀ। ਠਰੁ—ਠੰਢੀ, ਸ਼ਾਂਤ। ਅਪਦਾ—ਮੁਸੀਬਤ। ਹਰੁ—ਦੂਰ ਕਰ। ਸਫਲੁ—ਫਲ ਦੇਣ ਵਾਲਾ। ਭੰਨਿ—ਭੰਨ ਕੇ, ਦੂਰ ਕਰ ਕੇ।੧।

ਅਰਥ:—

ਪ੍ਰ:—ਸ੍ਰੀ ਜੀਓ ! ਜਦ ਕਦੀ ਤੁਸੀਂ ਉਸ ਸਾਈਂ ਜੀ ਦੇ ਸਨਮੁਖ ਹੋ ਅਰਦਾਸ ਕਰਦੇ ਹੋ ਤਾਂ ਉਸ ਵਿਚ ਆਪ ਜੀ ਦਾ ਮਨੋਰਥ ਕੀ ਹੋਇਆ ਕਰਦਾ ਹੈ ?

1. ਉ:—ਹੇ ਭਾਈਓ ! (ਅਸਲ ਵਿਚ ਮੇਰਾ ਆਪਣਾ ਤਾਂ ਕੋਈ ਭੀ ਮਨੋਰਥ ਨਹੀਂ ਹੁੰਦਾ ਕੇਵਲ ਇਕ ਇਹੋ ਹੀ ਜਾਚਨਾ ਹੁੰਦੀ ਹੈ ਕਿ) ਹੇ ਪ੍ਰਭੂ ! (ਤੂੰ) ਆਪਣੀ ਮਿਹਰ ਕਰ ਅਤੇ ਸਾਰੇ ਜੀਵਾਂ ਦੀ ਸਾਰ ਲੈ।
2. ਅਤੇ ਅੰਨ ਪਾਣੀ ਬਹੁਤਾ ਪੈਦਾ ਕਰ ਅਤੇ ਜੀਵਾਂ ਦੇ ਦੁਖ ਦਲਿਦ੍ਰ ਦੂਰ ਕਰ ਕੇ ਬਚਾ ਲੈ।
3. (ਸਾਰੀ ਸ੍ਰਿਸ਼ਟੀ ਲਈ ਕੀਤੀ ਇਹ) ਅਰਦਾਸ ਦਾਤਾਰ ਨੇ ਸੁਣੀ ਤੇ ਸ੍ਰਿਸ਼ਟੀ ਸ਼ਾਂਤ ਹੋ ਗਈ।
4. (ਇਸੇ ਤਰ੍ਹਾਂ) ਹੇ ਪ੍ਰਭੂ ! ਜੀਵਾਂ ਨੂੰ ਆਪਣੇ ਨੇੜੇ ਰਖ (ਅਤੇ ਇਨ੍ਹਾਂ ਦੀ) ਸਾਰੀ ਬਿਪਤਾ ਦੂਰ ਕਰ ਦੇ।
5. ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ ਕਿ, ਐ ਪਿਆਰੇ ! ਤੂੰ ਭੀ ਪ੍ਰਭੂ ਦਾ ਨਾਮ ਸਿਮਰ (ਕਿਉਂਕਿ) ਉਸ ਦਾ ਘਰ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।੧।

ਭਾਵਾਰਥ :—ਹਰੀ ਨੇ ਅਰਦਾਸ ਸੁਣ ਕੇ ਮਿਹਰ ਕੀਤੀ ਅਤੇ ਮਿਲਾਪ ਦੀ ਦਾਤ ਬਖਸ਼ਿਸ਼ ਕੀਤੀ, ਹਜ਼ੂਰ ਦੀ ਪ੍ਰਭੂ ਦੇ ਦਰ ਤੋਂ ਭੀ ਜਾਚਨਾ ਸਰਬਤ ਦੇ ਭਲੇ ਲਈ ਹੈ।

ਮਹਲਾ ੫ ॥

1. ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ ॥
2. ਰਿਜਕੁ ਉਪਾਇਅਨੁ ਅਗਲਾ
ਠਾਂਢਿ ਪਈ ਸੰਸਾਰਿ ॥
3. ਤਨੁ ਮਨੁ ਹਰਿਆ ਹੋਇਆ
ਸਿਮਰਤ ਅਗਮ ਅਪਾਰ ॥
4. ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ ॥
5. ਕੀਤਾ ਲੋੜਹਿ ਸੋ ਕਰਹਿ
ਨਾਨਕ ਸਦ ਬਲਿਹਾਰ ॥੨॥

ਪਦ ਅਰਥ :- ਮੇਘ—ਬਦਲ। ਵੁਠੇ—ਵਸੇ, ਵਰਖਾ ਕੀਤੀ। ਕਰਤਾਰਿ—ਕਰਤਾਰ ਨੇ। ਉਪਾਇਓਨੁ—ਉਪਾਇਆ ਉਸ ਨੇ। ਅਗਲਾ—ਬਹੁਤਾ। ਸੰਸਾਰਿ—ਸੰਸਾਰ ਵਿਚ। ਕੀਤਾ ਲੋੜਹਿ—ਜੋ ਤੂੰ ਕਰਨਾ ਚਾਹੁੰਦਾ ਹੈ।੨।

ਅਰਥ:—

ਪ੍ਰ:—ਗੁਰਦੇਵ ਜੀਓ ! ਕੀ ਰਬੀ ਦਰਬਾਰ ਵਿਚ ਕੀਤੀ ਅਰਦਾਸ ਸੁਣੀ ਗਈ ?

1. ਉ:—ਹੇ ਪਿਆਰੇ ! (ਜਦੋਂ ਅਰਦਾਸ ਸੁਣ ਕੇ) ਕਰਤਾਰ ਨੇ ਹੁਕਮ ਦਿੱਤਾ (ਤਾਂ) ਸੋਹਣੇ ਬੱਦਲ ਆ ਕੇ ਵਰ੍ਹ ਪਏ।
2. ਤੇ ਉਸ ਪ੍ਰਭੂ ਨੇ ਬੇਅੰਤ ਰਿਜ਼ਕ (ਜੀਵਾਂ ਲਈ ਪੈਦਾ) ਕੀਤਾ ਅਤੇ ਸਾਰੇ ਜਗਤ ਵਿਚ ਠੰਢ ਪੈ ਗਈ।
3. ਇਸੇ ਤਰ੍ਹਾਂ ਕਰਤਾਰ ਦੀ ਮੇਹਰ ਨਾਲ ਗੁਰੂ ਬੱਦਲ ਦੇ ਉਪਦੇਸ਼ ਦੀ ਵਰਖਾ ਨਾਲ ਬੇਅੰਤ ਨਾਮ ਧਨ ਪੈਦਾ ਹੋਇਆ ਤੇ ਗੁਰੂ ਦੇ ਸ਼ਰਨ ਆਉਣ ਵਾਲੇ ਵਡਭਾਗੀਆਂ ਦੇ ਅੰਦਰ ਠੰਢ ਪਈ।
4. ਅਪਹੁੰਚ ਤੇ ਬੇਅੰਤ ਪ੍ਰਭੂ ਦਾ ਸਿਮਰਨ ਕਰਨ ਨਾਲ ਉਨ੍ਹਾਂ ਦਾ ਤਨ ਤੇ ਮਨ ਖਿੜ ਪਿਆ।

ਪ੍ਰ:—ਗੁਰਦੇਵ ਜੀਓ ! ਦਸੋ, ਅਸੀਂ ਸਾਈਂ ਜੀ ਤੋਂ ਕੀ ਮੰਗ ਕਰੀਏ ?

5. ਉ:—ਕਥਨ ਕਰਦੇ ਹਨ (ਗੁਰੂ) ਨਾਨਕ ਦੇਵ ਜੀ, ਕਿ ਐ ਪਿਆਰੇ ! ਤੂੰ ਭੀ ਇਹੋ ਹੀ ਅਰਜ਼ੋਈ ਕਰ ਕਿ) ਹੇ ਪ੍ਰਭੂ,

ਸਦਾ ਕਾਇਮ ਰਹਿਣ ਵਾਲੇ ਸਿਰਜਨਹਾਰ, ਆਪਣੀ ਮਿਹਰ ਕਰ (ਮੈਨੂੰ ਭੀ ਇਹੀ ਨਾਮ ਧਨ ਦੇ) ਜੋ ਤੂੰ ਕਰਨਾ ਚਾਹੁੰਦਾ ਹੈਂ, ਉਹੀ ਤੂੰ ਕਰਦਾ ਹੈਂ, ਮੈਂ ਤੈਥੋਂ ਸਦਕੇ ਹਾਂ, (ਬਸ ਇਹੋ ਹੀ ਮੇਰੀ ਮੰਗ ਹੈ)।

ਭਾਵਾਰਥ :–ਅਰਦਾਸ ਸੁਣ ਕੇ ਹਰੀ ਨੇ ਮਿਹਰ ਕੀਤੀ ਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਬੇਅੰਤ ਨਾਮ ਧਨ ਪੈਦਾ ਹੋਇਆ ਤੇ ਵਡਭਾਗੀਆਂ ਦੇ ਅੰਤਰ ਆਤਮੇ ਠੰਢ ਵਰਤ ਗਈ।

ਪਉੜੀ ॥

1. **ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥**
2. **ਗੁਰ ਸਬਦੀ ਵੇਖਿ ਵਿਗਸਿਆ**
 ਅੰਤਰਿ ਸਾਂਤਿ ਆਈ ॥
3. **ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥**
4. **ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥**
5. **ਨਾਨਕ ਹਰਿ ਭਾਵੈ ਸੋ ਕਰੇ**
 ਸਭ ਚਲੈ ਰਜਾਈ ॥੩੬॥੧॥ ਸੁਧੁ

ਪਦ ਅਰਥ :–ਅਗੰਮੁ–[ਅ ਗਮ] ਅਪਹੁੰਚ, ਜਿਸ ਤਕ ਪਹੁੰਚ ਨਾ ਹੋ ਸਕੇ। ਵਡਿਆਈ–ਗੁਣ, ਬਜ਼ੁਰਗੀ। ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ। ਵਿਗਸਿਆ–ਖਿੜ ਪਿਆ, ਅੰਦਰ ਖਿੜਾਓ ਪੈਦਾ ਹੋਇਆ। ਅੰਤਰਿ–ਮਨ ਵਿਚ। ਸਭੁ–ਹਰ ਥਾਂ। ਆਪੇ–ਆਪ ਹੀ। ਵਰਤਦਾ–ਮੌਜੂਦ ਹੈ। ਭਾਈ–ਹੇ ਭਾਈ। **ਸਭ**–ਸਾਰੀ ਸ੍ਰਿਸ਼ਟੀ। ਨਥੀਅਨੁ–ਨੱਥੀ ਹੈ ਉਸ ਨੇ, ਇਕ ਧਾਗੇ ਵਿਚ ਪ੍ਰੋਤੀ ਹੋਈ ਹੈ, ਵੱਸ ਵਿਚ ਰਖੀ ਹੋਈ ਹੈ। ਹੁਕਮਿ–ਹੁਕਮ ਵਿਚ। ਰਜਾਈ–(ਉਸ ਦੀ) ਰਜ਼ਾ ਵਿਚ ।੩੬।

ਅਰਥ:–

ਪ੍ਰ:–ਗੁਰਦੇਵ ਜੀਓ! ਉਸ ਪ੍ਰਭੂ ਦੀ ਕੁਝ ਜਾਣਕਾਰੀ ਕਰਾਓ?

1. ਉ:–ਹੇ ਭਾਈਓ! (ਅਸਲ ਵਿਚ ਉਹ) ਪ੍ਰਭੂ (ਇਤਨਾ) ਵਡਾ ਹੈ (ਕਿ) ਉਸ ਤਕ (ਕਿਸੇ ਦੀ ਭੀ) ਪਹੁੰਚ ਨਹੀਂ ਹੋ ਸਕਦੀ ਅਤੇ ਉਸ ਦੀ ਵਡਿਆਈ ਭੀ ਵਡੀ ਹੈ (ਭਾਵ ਉਸ ਵਡੇ ਨੇ ਜੋ ਰਚਨਾ ਰਚੀ ਹੈ, ਉਹ ਭੀ ਬੇਅੰਤ ਹੈ)।

ਪ੍ਰ:–ਸ੍ਰੀ ਜੀਓ! ਜਿਸ ਦੇ ਅੰਦਰ ਉਸ ਦੀ ਵਡਿਆਈ ਦਾ ਕੁਝ ਝਲਕਾਰਾ ਪਿਆ ਹੋਵੇ, ਉਸ ਦੀ ਪਛਾਣ ਕੀ ਹੈ?

2. ਉ:–ਹੇ ਭਾਈਓ! ਜਿਸ (ਭੀ) ਮਨੁੱਖ ਨੇ ਗੁਰੂ ਦੇ ਸ਼ਬਦ ਦੀ ਰਾਹੀਂ (ਉਸ ਦੀ ਵਡਿਆਈ) ਵੇਖੀ ਹੈ, ਉਸ ਦੇ ਅੰਦਰ ਖਿੜਾਓ ਪੈਦਾ ਹੋ ਗਿਆ ਹੈ, ਸ਼ਾਂਤੀ ਆ ਵੱਸੀ ਹੈ।

ਪ੍ਰ–ਸ੍ਰੀ ਜੀਓ! ਕੀ ਉਸ ਕਰਤਾਰ ਦੇ ਰਹਿਣ ਵਾਲਾ ਕੋਈ ਖਾਸ ਅਸਥਾਨ ਹੈ?

3. ਉ:–ਹੇ ਭਾਈ! (ਉਹ ਆਪਣੀ ਰਚੀ ਹੋਈ ਰਚਨਾ ਵਿਚ) ਹਰ ਥਾਂ ਪ੍ਰਭੂ ਆਪ ਹੀ ਆਪ ਮੌਜੂਦ ਹੈ।

4. ਐ ਪਿਆਰੇ! ਉਹ ਪ੍ਰਭੂ ਆਪ ਖਸਮ ਹੈ, ਸਾਰੀ ਸ੍ਰਿਸ਼ਟੀ ਨੂੰ ਉਸ ਨੇ ਆਪਣੇ ਵਸ ਵਿਚ ਰਖਿਆ ਹੋਇਆ ਹੈ, ਉਹ ਆਪਣੇ ਹੁਕਮ ਵਿਚ ਚਲਾ ਰਿਹਾ ਹੈ।

5. ਕਥਨ ਕਰਦੇ ਹਨ (ਗੁਰੂ) ਨਾਨਕ **ਦੇਵ** ਜੀ ਕਿ, ਐ ਪਿਆਰੇ! ਜੋ ਪ੍ਰਭੂ ਨੂੰ ਚੰਗਾ ਲਗਦਾ ਹੈ ਉਹੀ ਕਰਦਾ ਹੈ, ਸਾਰੀ ਸ੍ਰਿਸ਼ਟੀ ਉਸੇ ਦੀ ਰਜ਼ਾ ਵਿਚ ਤੁਰ ਰਹੀ ਹੈ ।੩੬। ੧।ਸੁਧੁ।

ਨੋਟ :– ਸੁਧੁ–ਅਸਲ ਨਾਲ ਮੇਲ ਕੇ ਸੋਧੀ ਹੋਈ ਠੀਕ ਹੈ।

ਭਾਵਾਰਥ :–ਪੂਰੇ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਦ ਵਡਿਆਈ ਵੇਖਣ ਵਾਲੇ ਮਨੁੱਖ ਦੇ ਅੰਦਰ ਖਿੜਾਓ ਪੈਦਾ ਹੋ ਜਾਂਦਾ ਹੈ, ਸ਼ਾਂਤੀ ਆ ਜਾਂਦੀ ਹੈ, ਉਸ ਨੂੰ ਹਰ ਥਾਂ ਫਿਰ ਪ੍ਰਭੂ ਹੀ ਦਿਸਦਾ ਹੈ, ਅਤੇ ਉਹ ਪ੍ਰਭੂ ਦੀ ਰਜ਼ਾ ਵਿਚ ਹੀ ਪ੍ਰਸੰਨ ਰਹਿੰਦਾ ਹੈ।

ਰਾਗੁ ਸਾਰੰਗ ਬਾਣੀ ਭਗਤਾਂ ਕੀ ॥ ਕਬੀਰ ਜੀ

ੴ ਸਤਿਗੁਰ ਪ੍ਰਸਾਦਿ ॥

1. **ਕਹਾ ਨਰ ਗਰਬਸਿ ਥੋਰੀ ਬਾਤ ॥**
2. **ਮਨ ਦਸ ਨਾਜੁ ਟਕਾ ਚਾਰਿ ਗਾਂਠੀ**
 ਐਂਡੌ ਟੇਢੌ ਜਾਤੁ ॥੧॥ਰਹਾਉ॥
3. **ਬਹੁਤੁ ਪ੍ਰਤਾਪੁ ਗਾਂਉ ਸਉ ਪਾਏ**
 ਦੁਇ ਲਖ ਟਕਾ ਬਰਾਤ ॥
4. **ਦਿਵਸ ਚਾਰਿ ਕੀ ਕਰਹੁ ਸਾਹਿਬੀ**
 ਜੈਸੇ ਬਨ ਹਰ ਪਾਤ ॥੧॥
5. **ਨਾ ਕੋਊ ਲੈ ਆਇਓ ਇਹੁ ਧਨੁ**
 ਨਾ ਕੋਊ ਲੈ ਜਾਤੁ ॥
6. **ਰਾਵਨ ਹੂੰ ਤੇ ਅਧਿਕ ਛਤ੍ਰਪਤਿ**
 ਖਿਨ ਮਹਿ ਗਏ ਬਿਲਾਤ ॥੨॥
7. **ਹਰਿ ਕੇ ਸੰਤ ਸਦਾ ਥਿਰੁ ਪੂਜਹੁ**
 ਜੋ ਹਰਿ ਨਾਮੁ ਜਪਾਤ ॥
8. **ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ**
 ਤੇ ਸਤ ਸੰਗਿ ਮਿਲਾਤ ॥੩॥
9. **ਮਾਤ ਪਿਤਾ ਬਨਿਤਾ ਸੁਤ ਸੰਪਤਿ**
 ਅੰਤਿ ਨ ਚਲਤ ਸੰਗਾਤ ॥
10. **ਕਹਤ ਕਬੀਰੁ ਰਾਮ ਭਜੁ ਬਉਰੇ**
 ਜਨਮੁ ਅਕਾਰਥ ਜਾਤੁ ॥੪॥੧॥

ਪਦ ਅਰਥ :–ਗਰਬਸਿ–ਤੂੰ ਅਹੰਕਾਰ ਕਰਦਾ ਹੈਂ। ਨਰ–ਹੇ ਮਨੁੱਖ। ਥੋਰੀ ਬਾਤ–ਥੋੜੀ ਜਿਹੀ ਗੱਲ ਪਿਛੇ।

ਮਨ—ਮਣ । ਨਾਜੁ—ਅਨਾਜ । ਟਕਾ ਚਾਰਿ—ਚਾਰ ਟਕੇ, ਥੋੜੀ ਜਿਹੀ ਮਾਇਆ । ਗਾਂਠੀ—ਪੱਲੇ । ਐਂਡੌ—ਇਤਨਾ ।੧।ਰਹਾਉ।

ਗਾਂਉ—ਪਿੰਡ । ਬਰਾਤ—ਜਗੀਰ। ਸਾਹਿਬੀ—ਸਰਦਾਰੀ। ਬ੍ਨ—ਜੰਗਲ ਦੇ । ਹਰ ਪਾਤ—ਹਰੇ ਪਤੇ ।੧।

ਅਧਿਕ—ਵਡੇ । ਛਤ੍ਰਪਤਿ—ਰਾਜੇ । ਗਏ ਬਿਲਾਤ—ਚਲੇ ਗਏ ।੨।

ਜਪਾਤ—ਜਪਦੇ । ਮਿਲਾਤ—ਮਿਲਦੇ ।੩।

ਬਨਿਤਾ—ਵਹੁਟੀ । ਸੁਤ—ਪੁਤਰ । ਸੰਪਤਿ—ਧਨ । ਸੰਗਾਤ—ਨਾਲ । ਬਉਰੇ—ਹੇ ਕਮਲੇ । ਅਕਾਰਥ—ਵਿਅਰਥ ।੪।

ਉਥਾਨਕਾ :—ਕਿਸੇ ਨਗਰ ਨਿਵਾਸੀਆਂ ਨੇ ਕਬੀਰ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਕਬੀਰ ਜੀਓ, ਸਾਡੇ ਨਗਰ ਵਿਚ ਇਕ ਬਹੁਤ ਵਡਾ ਮਾਇਆਧਾਰੀ, ਵਧੇਰੇ ਜਾਇਦਾਦ ਦਾ ਮਾਲਕ ਅਹੰਕਾਰ ਵਿਚ ਭਰਿਆ ਅਸਾਂ ਗਰੀਬ ਨਿਤਾਣੇ ਲੋਕਾਂ ਨੂੰ ਹਰ ਤਰ੍ਹਾਂ ਹੀ ਤੰਗ ਕਰਦਾ ਹੈ, ਇਸ ਲਈ ਤੁਸੀਂ ਅਸਾਡੇ ਪਰ ਰਹਿਮ ਕਰੋ ਤੇ ਆਪ ਜੀ ਉਸ ਨੂੰ ਸਮਝਾਓ ਤਾਂ ਕਿ ਅਸੀਂ ਨਿਰਬਲ ਲੋਕ ਭੀ ਸੁਖੀ ਜੀਵਨ ਗੁਜ਼ਾਰ ਸਕੀਏ ਤਾਂ ਕਬੀਰ ਜੀ ਇਨ੍ਹਾਂ ਦੀ ਦਰਦ ਭਰੀ ਕਹਾਣੀ ਨੂੰ ਸੁਣ ਕੇ ਇਸ ਗਰਬ ਭਰੇ ਮਦ ਮਾਤੇ ਨੂੰ ਉਪਦੇਸ਼ ਕਰਦੇ ਹੋਏ ਸਾਰੇ ਹੀ ਜੀਵਾਂ ਪ੍ਰਤੀ ਕਲਿਆਣਕਾਰੀ ਉਪਦੇਸ਼ ਕਰਦੇ ਹਨ ।

ਅਰਥ :—

1. (ਕਬੀਰ ਜੀ ਇਸ ਮਾਨ ਮਤੇ ਮਨੁੱਖ ਨੂੰ ਕਹਿ ਰਹੇ ਹਨ ਕਿ) ਹੇ ਬੰਦੇ ! (ਦਸ ਤੂੰ) ਥੋੜੀ ਜਿਹੀ ਗੱਲ ਪਿਛੇ ਮਾਣ ਕਰਦਾ ਹੈਂ, (ਭਾਵ ਇਸ ਚੰਦ ਰੋਜ਼ਾ ਜ਼ਿੰਦਗੀ ਪਿਛੇ) ਕਿਉਂ ਅਹੰਕਾਰ ਕਰਦਾ ਹੈਂ ?
2. ਹੇ ਸਜਣਾ ! (ਸੁਣ) ਦਸ ਮਣ ਦਾਣੇ ਜਾਂ ਚਾਰ ਟਕੇ ਜੇ ਪਲੇ ਹੋ ਗਏ (ਤਾਂ ਕੀ ਹੋਇਆ ? ਕਿਉਂ) ਇਤਨਾ ਆਕੜ ਕੇ ਤੁਰਦਾ ਹੈਂ ?੧।ਰਹਾਉ।

ਪ੍ਰ:—ਕਬੀਰ ਜੀਓ ! ਕੀ ਤੁਹਾਨੂੰ ਪਤਾ ਹੈ ਕਿ ਮੈਂ ਕਿਤਨਾ ਵਡਾ ਜਗੀਰਦਾਰ ਹਾਂ ?

3. ਉ:—ਹੇ ਭੋਲਿਆ ! ਸੁਣ, ਜੇ ਇਸ ਤੋਂ ਭੀ ਵਧੀਕ ਪ੍ਰਤਾਪ ਹੋਇਆ ਤਾਂ ਸੌ ਪਿੰਡ ਦੀ ਮਾਲਕੀ ਹੋ ਗਈ ਜਾਂ (ਲਖ) ਦੋ ਲਖ ਟਕੇ ਦੀ ਜਗੀਰ ਮਿਲ ਗਈ ।
4. ਹੇ ਬੰਦੇ ! ਤਾਂ ਭੀ ਚਾਰ ਦਿਨਾਂ ਦੀ ਸਰਦਾਰੀ ਕਰ ਲਵੇਂਗੇ, (ਤੇ ਆਖਰ ਛਡ ਜਾਓਗੇ) ਜਿਵੇਂ ਜੰਗਲ ਦੇ ਹਰੇ ਪਤੇ (ਚਾਰ ਦਿਨ ਹੀ ਹਰੇ ਰਹਿੰਦੇ ਹਨ, ਤੇ ਫਿਰ ਸੁਕ ਸੜ ਜਾਂਦੇ ਹਨ ।੧।

ਪ੍ਰ:—ਕਬੀਰ ਜੀ ! ਦਸੋ, ਕਿ ਮੈਂ ਜੋ ਧਨ ਮਾਲ ਸਾਰੀ ਜ਼ਿੰਦਗੀ ਭਰ ਅਨੇਕਾਂ ਕਸ਼ਟ ਸਹਾਰ ਕੇ ਇਕੱਠਾ ਕੀਤਾ ਹੈ, ਇਸ ਦਾ ਮੈਨੂੰ ਕੋਈ ਲਾਭ ਨਹੀਂ ਹੋਵੇਗਾ ?

5. ਉ:—(ਹੇ ਭੋਲਿਆ ! ਵੇਖ, ਦੁਨੀਆਂ ਦਾ) ਇਹ ਧਨ ਮਾਲ ਨਾ ਕੋਈ ਬੰਦਾ (ਜੰਮਣ ਵੇਲੇ) ਆਪਣੇ ਨਾਲ ਲੈ ਕੇ ਆਇਆ ਹੈ ਤੇ ਨਾ ਕੋਈ (ਮਰਨ ਵੇਲੇ) ਇਹ ਧਨ ਲੈ ਕੇ ਜਾਂਦਾ ਹੈ ।
6. ਹੇ ਭਾਈ ! ਵੇਖ, ਰਾਵਣ ਤੋਂ ਭੀ ਵਡੇ ਵਡੇ ਰਾਜੇ ਇਕ ਪਲਕ ਵਿਚ ਚਲ ਵਸੇ ।੨।

ਪ੍ਰ:—ਕਬੀਰ ਜੀ ! ਦਸੋ, ਕੀ ਕੋਈ ਅਟਲ ਸ਼ੈ ਭੀ ਜਗਤ ਵਿਚ ਹੈ ?

7. ਉ:—ਹੇ ਬੰਦੇ ! ਜਨਮ ਮਰਨ ਦਾ ਗੇੜ ਹਰੇਕ ਬੰਦੇ ਦੇ ਸਿਰ ਉਤੇ ਹੈ, (ਸਿਰਫ ਇਕ) ਪ੍ਰਭੂ ਦੇ ਸੰਤ ਹੀ ਹਨ ਜੋ ਸਦਾ ਅਟਲ ਰਹਿੰਦੇ ਹਨ (ਜੋ ਮੁੜ ਮੁੜ ਮੌਤ ਦਾ ਸ਼ਿਕਾਰ ਨਹੀਂ ਹੁੰਦੇ) ਉਨ੍ਹਾਂ ਦੀ ਸੇਵਾ ਕਰੋ, ਉਹ ਪ੍ਰਭੂ ਦਾ ਨਾਮ (ਆਪ ਸਿਮਰਦੇ ਹਨ ਤੇ ਹੋਰਨਾਂ ਤੋਂ) ਜਪਾਂਦੇ ਹਨ ।

ਪ੍ਰ:—ਕਬੀਰ ਜੀਓ ! ਦਸੋ, ਅਜਿਹੇ ਸੰਤਾਂ ਨਾਲ ਸਾਰੇ ਹੀ ਲੋਕ ਕਿਉਂ ਨਹੀਂ ਮਿਲਾਪ ਕਰਦੇ ?

8. ਉ:—(ਹੇ ਭਾਈ ! ਚਾਹੁੰਦੇ ਤਾਂ ਬਹੁਤ ਲੋਕ ਹਨ ਪਰ) ਪ੍ਰਭੂ ਜਿਨ੍ਹਾਂ ਉਤੇ ਮਿਹਰ ਕਰਦਾ ਹੈ, ਉਨ੍ਹਾਂ ਨੂੰ (ਹੀ) ਐਸੇ ਸੰਤ ਜਨਾਂ ਦੀ ਸੰਗਤ ਵਿਚ ਮਿਲਾਂਦਾ ਹੈ ।੩।

ਪ੍ਰ:—ਕਬੀਰ ਜੀਓ ! ਇਹ ਦਸੋ, ਤੁਹਾਡਾ ਆਪਣਾ ਕੀ ਨਿਸਚ ਹੈ ?

9. ਉ:—ਹੇ ਭਾਈਓ ! (ਮੇਰਾ ਤਾਂ ਇਹੋ ਹੀ ਯਕੀਨ ਹੈ ਕਿ) ਮਾਂ ਪਿਉ, ਵਹੁਟੀ, ਪੁਤਰ, ਧਨ ਇਨ੍ਹਾਂ ਵਿਚੋਂ ਕੋਈ ਭੀ ਅੰਤ ਵੇਲੇ ਨਾਲ ਨਹੀਂ ਤੁਰਦਾ ।

ਪ੍ਰ:—ਕਬੀਰ ਜੀ ! ਦਸੋ, ਆਖਰ ਸਾਥੀ ਕੌਣ ਬਣਦਾ ਹੈ ?

10. ਉ:—ਕਬੀਰ ਜੀ ਆਖਦਾ ਹੈ ਕਿ, ਐ ਪਿਆਰੇ ! ਇਕ ਪ੍ਰਭੂ ਹੀ ਸਾਥੀ ਬਣਦਾ ਹੈ, ਇਸ ਲਈ ਪ੍ਰਭੂ ਦਾ ਨਾਮ ਹੀ ਸਿਮਰ (ਕਿਉਂਕਿ) (ਸਿਮਰਨ ਤੋਂ ਬਿਨਾਂ) ਜੀਵਨ ਵਿਅਰਥ ਜਾ ਰਿਹਾ ਹੈ ।੪।੧।

ਭਾਵਾਰਥ :—ਧਨ, ਦੌਲਤ, ਸੰਪਦਾ, ਸੰਬੰਧੀਆਂ ਦਾ ਮਾਨ ਕਰਨਾ ਕੂੜਾ ਹੈ, ਕਿਉਂਕਿ ਇਹ ਚੀਜ਼ਾਂ ਥੋੜਾ ਚਿਰ ਹੀ ਰਹਿਣ ਵਾਲੀਆਂ ਹਨ, ਨਾਲ ਨਿਭਣ ਵਾਲੀ ਵਡਿਆਈ ਕੇਵਲ ਨਾਮ ਦੀ ਹੀ ਹੈ ।

1. **ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥**
2. **ਤੇਰੇ ਸੰਤਨ ਕੀ ਹਉ ਚੇਰੀ ॥੧॥ਰਹਾਉ॥**
3. **ਹਸਤੋ ਜਾਇ ਸੁ ਰੋਵਤੁ ਆਵੈ**
   ਰੋਵਤੁ ਜਾਇ ਸੁ ਹਸੈ ॥
4. **ਬਸਤੋ ਹੋਇ ਹੋਇ ਸੁੋ ਊਜਰੁ**
   ਊਜਰੁ ਹੋਇ ਸੁ ਬਸੈ ॥੧॥
5. **ਜਲ ਤੇ ਥਲ ਕਰਿ ਥਲ ਤੇ ਕੂਆ**
   ਕੂਪ ਤੇ ਮੇਰੁ ਕਰਾਵੈ ॥

6. **ਧਰਤੀ ਤੇ ਆਕਾਸਿ ਚਢਾਵੈ**
ਚਢੇ ਅਕਾਸਿ ਗਿਰਾਵੈ ॥੨॥
7. **ਭੇਖਾਰੀ ਤੇ ਰਾਜੁ ਕਰਾਵੈ**
ਰਾਜਾ ਤੇ ਭੇਖਾਰੀ ॥
8. **ਖਲ ਮੂਰਖ ਤੇ ਪੰਡਿਤੁ ਕਰਿਬੋ**
ਪੰਡਿਤ ਤੇ ਮੁਗਧਾਰੀ ॥੩॥
9. **ਨਾਰੀ ਤੇ ਜੋ ਪੁਰਖੁ ਕਰਾਵੈ**
ਪੁਰਖਨ ਤੇ ਜੋ ਨਾਰੀ ॥
10. **ਕਹੁ ਕਬੀਰ ਸਾਧੂ ਕੋ ਪ੍ਰੀਤਮੁ**
ਤਿਸੁ ਮੂਰਤਿ ਬਲਿਹਾਰੀ ॥੪॥੨॥

ਪਦ ਅਰਥ :—ਰਾਜਾਸ੍ਰਮ—ਰਾਜ-ਆਸ਼ਰਮ। [ਰਾਜ—ਵਡਾ, ਉਚਾ। ਆਸ਼ਰਮ -ਅਸਥਾਨ, ਮਹੱਲ, ਟਿਕਾਣਾ] ਹੇ ਉਚੇ ਅਸਥਾਨ ਵਾਲੇ ਪ੍ਰਭੂ । ਮਿਤਿ—ਅੰਦਾਜ਼ਾ, ਮਾਪ, ਅੰਤ। ਹਉ—ਮੈਂ। ਚੇਰੀ—ਦਾਸੀ।੧।ਰਹਾਉ।

ਹਸਤੋ-ਹੱਸਦਾ। ਬਸਤੋ—ਵੱਸਦਾ। ਊਜਰੁ—ਉਜਾੜ। ਸੁ—ਉਹ ਥਾਂ। ਬਸੈ- ਵੱਸ ਪੈਂਦਾ ਹੈ।੧।

ਕੂਆ—ਖੂਹ। ਕੂਪ—ਖੂਹ। ਮੇਰੁ—ਪਰਬਤ।੨।

ਭੇਖਾਰੀ—ਮੰਗਤਾ। ਰਾਜੁ—ਹਕੂਮਤ,ਬਾਦਸ਼ਾਹੀ। ਖਲ—ਕੰਢ, ਮੂੜ੍ਹ। ਕਰਿਬੋ—ਕਰ ਦੇਂਦਾ ਹੈ (ਕਰ ਦੇਵੇਗਾ)। ਮੁਗਧਾਰੀ-ਮੂਰਖ।੩।

ਕਰਾਵੈ-ਪੈਦਾ ਕਰਾਉਂਦਾ ਹੈ। ਪੁਰਖਨ ਤੇ—ਮਨੁੱਖਾਂ ਤੋਂ।੪।

ਅਰਥ –

ਪ੍ਰ:—ਕਬੀਰ ਜੀਓ! ਜਦੋਂ ਤੁਸੀਂ ਕਦੀ ਉਸ ਪ੍ਰਭੂ ਜੀ ਤੋਂ ਕੁਝ ਮੰਗਦੇ ਹੋ ਤਾਂ ਆਪ ਜੀ ਦੀ ਸਧਰ ਕੀ ਹੋਇਆ ਕਰਦੀ ਹੈ, ਤਾਂਘ ਕੀ ਹੁੰਦੀ ਹੈ?

1. **ਉ:**—ਹੇ ਪਿਆਰੇ! ਮੇਰੇ ਅੰਦਰੋਂ ਤਾਂ ਕੇਵਲ ਇਹੋ ਹੀ ਆਵਾਜ਼ ਨਿਕਲਦੀ ਹੈ ਕਿ, ਹੇ ਉਚੇ ਮਹਿਲਾਂ ਵਾਲੇ (ਪ੍ਰਭੂ) ਮੈਥੋਂ ਤੇਰੀ ਕੁਦਰਤ ਦਾ ਅੰਤ ਨਹੀਂ ਪੈ ਸਕਦਾ (ਤੇਰੇ ਸੰਤ ਹੀ ਤੇਰੇ ਗੁਣਾਂ ਦਾ ਜ਼ਿਕਰ ਕਰਦੇ ਹਨ)।
2. ਹੇ ਪ੍ਰਭੂ! ਮੈਂ ਤੇਰੇ ਸੰਤਾਂ ਦੀ ਹੀ ਦਾਸੀ ਬਣੀ ਰਹਾਂ (ਇਹੋ ਹੀ ਮੇਰੀ ਤਾਂਘ ਹੈ)।੧।ਰਹਾਉ।

ਪ੍ਰ:-ਕਬੀਰ ਜੀਓ! ਜੇ ਤੁਸੀਂ ਕੋਈ ਉਸ ਕਰਤਾਰ ਦੀ ਅਸ-ਚਰਜ ਖੇਡ ਤਕਦੇ ਹੋ ਤਾਂ ਉਚਾਰਨ ਕਰੋ।

3. **ਉ:**—ਹੇ ਭਾਈਓ! ਉਸ ਨਿਰੰਕਾਰ ਦੀ ਇਕ ਨਹੀਂ ਸਗੋਂ ਅਨੇਕਾਂ ਹੀ ਖੇਡਾਂ ਤਕਣ ਵਿਚ ਆਉਂਦੀਆਂ ਹਨ, ਵੇਖੋ ਜਿਵੇਂ, ਜੋ ਹੱਸਦਾ ਜਾਂਦਾ ਹੈ ਉਹ ਰੋਂਦਾ (ਵਾਪਸ) ਆਉਂਦਾ ਹੈ, ਜੋ ਰੋਂਦਾ ਜਾਂਦਾ ਹੈ, ਉਹ ਹਸਦਾ ਮੁੜਦਾ ਹੈ।
4. ਹੇ ਪਿਆਰੇ! ਜੋ ਕਦੇ ਵੱਸਦਾ (ਨਗਰ) ਹੁੰਦਾ ਹੈ, ਉਹ ਉਜੜ ਜਾਂਦਾ ਹੈ ਤੇ ਉਜੜਿਆ ਹੋਇਆ ਥਾਂ ਵੱਸ ਪੈਂਦਾ ਹੈ।੧।
5. ਹੇ ਭਾਈ! (ਵੇਖੋ ਇਥੇ ਹੀ ਬਸ ਨਹੀਂ ਉਸ ਪ੍ਰਮੇਸ਼ਰ ਜੀ ਦੀ ਖੇਡ ਅਸਚਰਜ ਹੈ) ਪਾਣੀ (ਨਾਲ ਭਰੇ ਥਾਵਾਂ ਤੋਂ) ਉਹ ਬਰੇਤਾ ਕਰ ਦੇਂਦਾ ਹੈ, ਬਰੇਤੇ ਤੋਂ ਖੂਹ ਬਣਾ ਦੇਂਦਾ ਹੈ ਅਤੇ ਖੂਹ ਦੇ (ਥਾਂ ਤੋਂ) ਪਹਾੜ ਕਰ ਦੇਂਦਾ ਹੈ।
6. ਐ ਪਿਆਰੇ! ਉਹ ਜ਼ਮੀਨ ਉਤੇ ਪਏ ਨੂੰ ਅਸਮਾਨ ਉਤੇ ਚਾੜ੍ਹ ਦੇਂਦਾ ਹੈ ਅਤੇ ਅਸਮਾਨ ਉਤੇ ਚੜ੍ਹੇ ਨੂੰ ਹੇਠਾਂ ਡੇਗ ਦੇਂਦਾ ਹੈ।੨।
7. ਹੇ ਭਾਈ! ਉਹ ਮੰਗਤੇ (ਨੂੰ ਰਾਜਾ ਬਣਾ ਕੇ ਉਸ) ਤੋਂ ਰਾਜ ਕਰਾਂਦਾ ਹੈ ਤੇ ਰਾਜੇ ਤੋਂ ਮੰਗਤਾ ਬਣਾ ਦੇਂਦਾ ਹੈ।
8. ਮਹਾਂ ਮੂਰਖ ਤੋਂ ਵਿਦਵਾਨ ਬਣਾ ਦੇਂਦਾ ਹੈ ਅਤੇ ਪੰਡਤ ਤੋਂ ਮੂਰਖ ਕਰ ਦੇਂਦਾ ਹੈ।੩।
9. ਹੇ ਭਾਈ! (ਜੋ ਪ੍ਰਭੂ) ਜ਼ਨਾਨੀ ਤੋਂ ਮਰਦ ਪੈਦਾ ਕਰਦਾ ਹੈ, ਮਰਦਾਂ (ਦੀ ਬਿੰਦ) ਤੋਂ ਜੋ ਜ਼ਨਾਨੀਆਂ ਪੈਦਾ ਕਰਦਾ ਹੈ।
10. ਕਥਨ ਕਰਦੇ ਹਨ ਕਬੀਰ ਜੀਓ ਕਿ ਐ ਪਿਆਰੇ! ਮੈਂ ਉਸ ਸੋਹਣੇ ਸਰੂਪ ਤੋਂ ਸਦਕੇ ਹਾਂ, ਉਹ ਸੰਤ ਜਨਾਂ ਦਾ ਪਿਆਰਾ ਹੈ।੪।੨।

ਭਾਵਾਰਥ :-ਇਸ ਸ਼ਬਦ ਵਿਚ ਹਰੀ ਦੀ ਅਮਿਤ ਵਡਿਆਈ ਦੱਸਦੇ ਹਨ, ਦੁਨੀਆਂ ਵਿਚ ਕਦੇ ਸੁਖ ਹੈ ਕਦੇ ਦੁਖ। ਨਾ ਸੁਖ ਵਿਚ ਅਹੰਕਾਰ ਕਰੇ ਨਾ ਦੁਖ ਵਿਚ ਥਲੇ ਲਹਿ ਜਾਏ, ਸੁਖ ਦੁਖ ਦਾ ਚਕਰ ਇਹ ਪ੍ਰਭੂ ਦੇ ਹਥ ਵਿਚ ਹੈ।

ਸਾਰੰਗ ਬਾਣੀ ਨਾਮਦੇਉ ਜੀ ਕੀ

ੴ ਸਤਿਗੁਰ ਪ੍ਰਸਾਦਿ ॥

1. **ਕਾਏਂ ਰੇ ਮਨ ਬਿਖਿਆ ਬਨ ਜਾਇ ॥**
2. **ਭੂਲੌ ਰੇ ਠਗਮੂਰੀ ਖਾਇ ॥੧॥ਰਹਾਉ॥**
3. **ਜੈਸੇ ਮੀਨੁ ਪਾਨੀ ਮਹਿ ਰਹੈ ॥**
4. **ਕਾਲ ਜਾਲ ਕੀ ਸੁਧਿ ਨਹੀ ਲਹੈ ॥**
5. **ਜਿਹਬਾ ਸੁਆਦੀ ਲੀਲਿਤ ਲੋਹ ॥**
6. **ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥**
7. **ਜਿਉ ਮਧੁ ਮਾਖੀ ਸੰਚੈ ਅਪਾਰ ॥**
8. **ਮਧੁ ਲੀਨੋ ਮੁਖਿ ਦੀਨੀ ਛਾਰੁ ॥**
9. **ਗਊ ਬਾਛ ਕਉ ਸੰਚੈ ਖੀਰੁ ॥**
10. **ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥**
11. **ਮਾਇਆ ਕਾਰਨਿ ਸ੍ਰਮੁ ਅਤਿ ਕਰੈ॥**
12. **ਸੋ ਮਾਇਆ ਲੈ ਗਾਡੈ ਧਰੈ ॥**

13. **ਅਤਿ ਸੰਚੈ ਸਮਝੈ ਨਹੀ ਮੂੜ੍ਹ ॥**
14. **ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥**
15. **ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥**
16. **ਸਾਧ ਸੰਗਤਿ ਕਬਹੂ ਨਹੀ ਕਰੈ ॥**
17. **ਕਹਤ ਨਾਮਦੇਉ ਤਾ ਚੀ ਆਣਿ ॥**
18. **ਨਿਰਭੈ ਹੋਇ ਭਜੀਐ ਭਗਵਾਨ ॥੪॥੧॥**

ਪਦ ਅਰਥ :–ਰੇ–ਹੇ । ਕਾਂਇ–ਕਿਉਂ । ਬਿਖਿਆ–ਮਾਇਆ । ਬਨ–ਜੰਗਲ । ਭੂਲੌ–ਭੁਲੇਖੇ ਵਿਚ ਪਿਆ ਹੋਇਆ। ਠਗਮੂਰੀ–ਠਗ ਬੂਟੀ, ਧਤੂਰਾ ।੧।ਰਹਾਉ।

ਮੀਨੁ–ਮਛੀ । ਕਾਲ ਜਾਲ ਕੀ–ਮੌਤ ਰੂਪ ਜਾਲ ਦੀ । ਸੁਧਿ–ਸੂਝ । ਲੀਲਿਤ–ਨਿਗਲਦੀ ਹੈ । ਲੋਹ–ਲੋਹੇ ਦੀ ਕੁੰਡੀ । ਕਨਿਕ–ਸੋਨਾ । ਕਾਮਨੀ–ਇਸਤਰੀ ।੧।

ਮਧੁ–ਸ਼ਹਿਦ । ਸੰਚੈ–ਇਕਠਾ ਕਰਦੀ ਹੈ । ਮੁਖਿ–ਮੂੰਹ ਵਿਚ । ਛਾਰੁ–ਸੁਆਹ । ਬਾਛ ਕਉ–ਵਛੇ ਲਈ । ਖੀਰੁ–ਦੁਧ । ਦੁਹਿ ਲੇਇ–ਚੋ ਲੈਂਦਾ ਹੈ । ਅਹੀਰੁ–ਗੁਜਰ ।੨।

ਸ੍ਰਮੁ–ਮਿਹਨਤ । ਗਾਡੈ–(ਧਰਤੀ ਵਿਚ) ਦੱਬ ਦੇਂਦਾ ਹੈ । ਮੂੜ–ਮੂਰਖ । ਧੂੜਿ–ਮਿਟੀ ।੩।

ਜਰੈ–ਸੜਦਾ ਹੈ । ਤਾ ਚੀ–ਉਸ (ਪ੍ਰਭੂ) ਦੀ । ਆਣਿ–ਓਟ, ਆਸਰਾ ।੪।

ਅਰਥ :–

ਪ੍ਰ:–ਭਗਤ ਜੀਓ ! ਮੇਰਾ ਮਨ ਹਰ ਵਕਤ ਮਾਇਆ ਦੇ ਮੋਹ ਜਾਲ ਵਿਚ ਹੀ ਫਸਿਆ ਰਹਿੰਦਾ ਹੈ, ਦਸੋ ਕਿਵੇਂ ਸਮਝਾਵਾਂ ?

1. **ਉ**:–ਹੇ ਭਾਈ ! ਤੂੰ ਇਸ ਨੂੰ ਮਨ ਪਿਆਰ ਨਾਲ ਇਉਂ ਹੀ ਸਮਝਾਉਂਦਾ ਰਹੁ ਕਿ, ਹੇ (ਮੇਰੇ) ਮਨ ! ਤੂੰ ਮਾਇਆ ਜੰਗਲ ਵਿਚ ਕਿਉਂ ਜਾ ਫਸਿਆ ਹੈਂ ?
2. ਤੂੰ ਤਾਂ ਭੁਲੇਖੇ ਵਿਚ ਪੈ ਕੇ ਠਗ ਬੂਟੀ (ਜੋ ਧਨ ਲੁਟਣ ਲਈ ਡਾਕੂ ਲੋਕ ਰਾਹੀਆਂ ਨੂੰ ਖਵਾ ਕੇ ਬੇਹੋਸ਼ ਕਰ ਲੈਂਦੇ ਹਨ) ਖਾਈ ਜਾ ਰਿਹਾ ਹੈਂ ।੧।ਰਹਾਉ।
3. ਹੇ ਮਨਾ ! (ਤੇਰੀ ਭੀ ਦਸ਼ਾ ਇਹੋ ਜਿਹੀ ਹੋ ਰਹੀ ਹੈ) ਜਿਵੇਂ ਮਛੀ ਪਾਣੀ ਵਿਚ (ਬੇਫਿਕਰ ਹੋ ਕੇ) ਰਹਿੰਦੀ ਹੈ ।
4. ਮੌਤ ਜਾਲ ਦੀ ਸੋਝੀ ਨਹੀਂ ਲੈਂਦੀ (ਭਾਵ ਇਹ ਨਹੀਂ ਸਮਝਦੀ ਕਿ ਇਹ ਜਾਲ ਮੇਰੀ ਮੌਤ ਦਾ ਕਾਰਨ ਬਣੇਗਾ) ।
5. ਜੀਭ ਦੇ ਸੁਆਦ ਪਿਛੇ ਲੋਹੇ ਦੀ ਕੁੰਡੀ ਨਿਗਲ ਲੈ ਦੀ ਹੈ (ਤੇ ਪਕੜੀ ਜਾਂਦੀ ਹੈ) ।
6. ਤਿਵੇਂ ਹੀ, (ਹੇ ਭਾਈ !) ਤੂੰ ਸੋਨੇ ਤੇ ਇਸਤਰੀ ਦੇ ਮੋਹ ਵਿਚ ਬਝਾ ਪਿਆ ਹੈਂ (ਤੇ ਆਪਣੀ ਆਤਮਕ ਮੌਤ ਸਹੇੜ ਰਿਹਾ ਹੈਂ) ।੧।
7. ਹੇ ਮਨਾ ! (ਹੋਰ ਸੁਣ) ਜਿਵੇਂ ਮਖੀ ਬਹੁਤ ਸ਼ਹਿਦ ਇਕਠਾ ਕਰਦੀ ਹੈ ।
8. ਪਰ ਮਨੁੱਖ (ਆ ਕੇ) ਸ਼ਹਿਦ ਲੈ ਲੈਂਦਾ ਹੈ ਤੇ ਉਸ ਮਖੀ ਦੇ ਮੂੰਹ ਵਿਚ ਸੁਆਹ ਪਾਂਦਾ ਹੈ (ਭਾਵ ਉਸ ਮਖੀ ਨੂੰ ਕੁਝ ਭੀ ਨਹੀਂ ਦੇਂਦਾ) ।
9. ਹੇ ਮਨਾ ! ਵੇਖ, ਜਿਵੇਂ ਗਊ ਆਪਣੇ ਵਛੇ ਲਈ ਦੁਧ (ਥਣਾਂ ਵਿਚ) ਇਕਠਾ ਕਰਦੀ ਹੈ ।
10. ਪਰ ਗੁੱਜਰ ਗਲਾਵਾਂ ਪਾ ਕੇ ਦੁਧ ਚੋ ਲੈਂਦਾ ਹੈ ।੨।
11. ਤਿਵੇਂ ਹੀ ਮੂਰਖ ਮਨੁੱਖ ਮਾਇਆ ਦੀ ਖਾਤਰ ਬੜੀ ਮਿਹਨਤ ਕਰਦਾ ਹੈ ।
12. ਉਸ ਨੂੰ ਕਮਾ ਕੇ ਧਰਤੀ ਵਿਚ ਨਪ ਰਖਦਾ ਹੈ ।
13. ਮੂਰਖ ਬੜੀ ਮਾਇਆ ਇਕਠੀ ਕਰੀ ਜਾਂਦਾ ਹੈ, ਪਰ ਸਮਝਦਾ ਨਹੀਂ ।
14. ਕਿ ਧਨ ਜ਼ਮੀਨ ਵਿਚ ਹੀ ਦਬਿਆ ਪਿਆ ਰਹਿੰਦਾ ਹੈ ਤੇ (ਮੌਤ ਆਇਆਂ) ਸਰੀਰ ਮਿਟੀ ਹੋ ਜਾਂਦਾ ਹੈ ।੩।
15. ਹੇ ਭਾਈਓ ! (ਮੂਰਖ ਮਨੁੱਖ) ਕਾਮ ਕ੍ਰੋਧ ਅਤੇ ਤ੍ਰਿਸ਼ਨਾ ਵਿਚ ਬਹੁਤ ਖਿਝਦਾ ਹੈ ।
16. ਕਦੇ ਭੀ ਸਾਧ ਸੰਗਤ ਵਿਚ ਨਹੀਂ ਬੈਠਦਾ ।

ਪ੍ਰ:–ਭਗਤ ਜੀ ! ਦਸੋ, ਆਖਰ ਮੈਨੂੰ ਕੀ ਕਰਨਾ ਚਾਹੀਦਾ ਹੈ ?

17. **ਉ**:–ਕਥਨ ਕਰਦੇ ਹਨ ਨਾਮਦੇਵ ਜੀ ਕਿ, ਹੇ ਭਾਈ ! (ਤੂੰ ਉਸੇ) (ਪ੍ਰਭੂ) ਦੀ ਓਟ (ਲੈ) (ਜੋ ਸਦਾ ਤੇਰੇ ਨਾਲ ਨਿਭਣ ਵਾਲਾ ਹੈ) ।
18. ਹੇ ਭਾਈ ! ਨਿਡਰ ਹੋ ਕੇ ਭਗਵਾਨ ਦਾ ਸਿਮਰਨ ਕਰਨਾ ਚਾਹੀਦਾ ਹੈ ।੪।੧।

ਭਾਵਾਰਥ :–ਮਾਇਆ ਦਾ ਸਾਥ ਕੱਚਾ ਹੈ । ਇਸ ਦੇ ਮੋਹ ਵਿਚ ਜੀਵਨ ਵਿਅਰਥ ਜਾਂਦਾ ਹੈ, ਮਾਇਆ ਮੋਹ ਦਾ ਠਗਿਆ ਮਨੁੱਖ ਮਛੀ, ਮਖਿਆਰੀ, ਗਊ ਵਾਂਗ ਆਪਣੇ ਆਪ ਨੂੰ ਬੰਨ੍ਹ ਲੈ ਦਾ ਤੇ, ਇਸ ਲਈ ਸਾਧ ਸੰਗਤ ਦੇ ਆਸਰੇ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ।

1. **ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥**
2. **ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ਰਹਾਉ॥**
3. **ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥**
4. **ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥**
5. **ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥**
6. **ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥**

ਪਦ ਅਰਥ :– ਬਦਹੁ–ਲਾਂਦੇ, ਮਿਥਦੇ । ਕੀ ਨ–

ਕਿਉਂ ਨਹੀਂ। ਹੋਡ-ਸ਼ਰਤ। ਮੋ ਸਿਉ—ਮੇਰੇ ਨਾਲ। ਖੇਡੁ—ਜਗਤ ਰੂਪ ਖੇਡ। ਤੋ ਸਿਉ—ਤੇਰੇ ਨਾਲ। ਖੇਲੁ... ਸਿਉ—ਇਹ ਜਗਤ ਖੇਡ ਸਾਡੀ ਤੇਰੇ ਨਾਲ (ਸਾਂਝੀ) ਪਈ ਹੋਈ ਹੈ, ਇਹ ਤੇਰੀ ਸਾਡੀ ਸਾਂਝੀ ਖੇਡ ਹੈ ।੧।ਰਹਾਉ।

ਦੇਉ—ਦੇਵਤਾ। ਆਪਨ—ਤੂੰ ਆਪ ਹੀ। ਤਰੰਗ—ਲਹਿਰਾਂ। ਦੂਜਾ-ਵਖੋ ਵਖਰਾ ।੧।

ਤੂਰਾ—ਵਾਜਾ। ਊਰਾ—ਘਟ ।੨।

ਅਰਥ :—

ਪ੍ਰ:—ਭਗਤ ਨਾਮਦੇਵ ਜੀ ਦਾ ਮਾਨਸਕ ਨਿਸਚਾ ਵੇਖਣ ਲਈ ਰਬ ਵਲੋਂ ਇਉਂ ਅਕਾਸ਼ਵਾਨੀ ਹੋਈ ਕਿ, ਹੇ ਨਾਮਦੇਵ! ਮੈਂ ਠਾਕਰ ਹਾਂ, ਤੂੰ ਸੇਵਕ ਹੈਂ, ਭਾਵ ਮੈਂ ਵਡਾ ਹਾਂ ਤੂੰ ਛੋਟਾ ਹੈਂ।

1. **ਉ:**—ਤਾਂ ਭਗਤ ਜੀ ਲਾਡ ਨਾਲ ਇਉਂ ਕਹਿੰਦੇ ਹਨ ਕਿ, ਹੇ ਮਾਧੋ! ਤੂੰ ਮੇਰੇ ਨਾਲ ਸ਼ਰਤ ਲਾ ਕੇ ਵੇਖ ਲੈ (ਭਾਵ, ਮੇਰੇ ਨਾਲ ਵੀਚਾਰ ਕਰ ਕੇ ਵੇਖ ਲੈ।
2. (ਇਹ ਗੱਲ ਸੱਚੀ ਹੈ ਕਿ) ਇਹ ਜਗਤ ਖੇਡ ਤੇਰੀ ਤੇ ਸਾਡੀ ਜੀਵਾਂ ਦੀ ਸਾਂਝੀ ਖੇਡ ਹੈ (ਕਿਉਂਕਿ) ਮਾਲਕ ਤੋਂ ਸੇਵਕ ਤੇ ਸੇਵਕ ਤੋਂ ਮਾਲਕ (ਦੀ ਪੀੜ੍ਹੀ) ਚਲਦੀ ਹੈ, (ਭਾਵ, ਜੇ ਮਾਲਕ ਹੋਵੇ ਤਾਂ ਹੀ ਉਸ ਦਾ ਕੋਈ ਸੇਵਕ ਬਣ ਸਕਦਾ ਹੈ, ਤੇ ਜੇ ਸੇਵਕ ਹੋਵੇ ਤਾਂ ਹੀ ਉਸ ਦਾ ਕੋਈ ਮਾਲਕ ਅਖਵਾ ਸਕੇਗਾ) ਸੋ, ਮਾਲਕ ਪ੍ਰਭੂ ਅਤੇ ਸੇਵਕ ਦੀ ਹਸਤੀ ਸਾਂਝੀ ਹੈ। (ਅਰਥਾਤ, ਤੁਸੀਂ ਮੇਰੇ ਨਾਲੋਂ ਵਖਰੇ ਨਹੀਂ ਹੋ)। ੧।ਰਹਾਉ।
3. ਹੇ ਮਾਧੋ! (ਮੇਰਾ ਤਾਂ ਇਹੋ ਹੀ ਨਿਸਚਾ ਹੈ ਕਿ) ਤੂੰ ਆਪ ਹੀ ਦੇਵਤਾ ਹੈਂ, ਆਪ ਹੀ ਮੰਦਰ ਹੈਂ, ਤੂੰ ਆਪ ਹੀ (ਜੀਵਾਂ ਨੂੰ ਆਪਣੀ) ਪੂਜਾ ਵਿਚ ਲਗਾਉਂਦਾ ਹੈਂ।

ਪ੍ਰ:—ਭਗਤ ਜੀਓ! ਕੋਈ ਉਦਾਹਰਣ ਦਿਓ।

4. **ਉ:**—ਹੇ ਮਾਧੋ! ਵੇਖ, ਪਾਣੀ ਤੋਂ ਲਹਿਰਾਂ (ਉਠਦੀਆਂ ਹਨ) ਲਹਿਰਾਂ (ਦੇ ਮਿਲਣ) ਤੋਂ ਪਾਣੀ (ਦੀ ਹਸਤੀ) ਹੈ, ਇਹ ਸਿਰਫ ਆਖਣ ਨੂੰ ਤੇ ਸੁਣਨ ਨੂੰ ਹੀ ਵਖੋ ਵਖ ਹਨ (ਭਾਵ, ਇਹ ਸਿਰਫ ਇਕ ਕਹਿਣ ਮਾਤਰ ਹੀ ਗੱਲ ਹੈ ਕਿ ਇਹ ਪਾਣੀ ਹੈ ਤੇ ਇਹ ਲਹਿਰਾਂ ਹਨ)।੧।
5. ਹੇ ਮਾਧੋ! ਤੂੰ ਆਪ ਹੀ ਗਾਂਦਾ ਹੈਂ, ਤੂੰ ਆਪ ਹੀ ਨਚਦਾ ਹੈਂ, ਤੂੰ ਆਪ ਹੀ ਵਾਜਾ ਵਜਾਉਂਦਾ ਹੈਂ।
6. ਨਾਮਦੇਵ ਆਖਦਾ ਹੈ, ਹੇ ਮਾਧੋ! ਤੂੰ ਮੇਰਾ ਮਾਲਕ ਹੈਂ, (ਇਹ ਠੀਕ ਹੈ ਕਿ ਮੈਂ) ਤੇਰਾ ਦਾਸ (ਤੈਥੋਂ ਬਹੁਤ) ਛੋਟਾ ਹਾਂ ਅਤੇ ਤੂੰ ਮੁਕੰਮਲ ਹੈਂ (ਪਰ ਜੇ ਦਾਸ ਨਾ ਹੋਵੇ ਤਾਂ ਤੂੰ ਮਾਲਕ ਕਿਵੇਂ ਅਖਵਾਏਂ ? ਸੋ ਮੈਨੂੰ ਆਪਣਾ ਸੇਵਕ ਬਣਾਈ ਰੱਖ) ।੨।੨।

ਭਾਵਾਰਥ :—ਜੀਵਾਤਮਾ ਅਤੇ ਪ੍ਰਮਾਤਮਾ ਦਾ ਅਸਲਾ ਇਕੋ ਹੀ ਹੈ, ਵਿਤ ਦਾ ਫਰਕ ਹੈ, ਭਾਵ ਹੈ ਕਿ ਤੁਸੀਂ ਮੇਰੇ ਨਾਲੋਂ ਵਖਰੇ ਨਹੀਂ। ਮੇਰਾ ਤੁਹਾਡੇ ਨਾਲ ਖੇਲ ਮਿਥਿਆ ਗਿਆ ਹੈ, ਅਸੀਂ ਦੋਵੇਂ ਇਕੋ ਖੇਡ ਦੇ ਖਿਡਾਰੀ ਹਾਂ।

1. ਦਾਸ ਅਨਿੰਨ ਮੇਰੋ ਨਿਜ ਰੂਪ ॥
2. ਦਰਸਨ ਨਿਮਖ ਤਾਪ ਤ੍ਰਈ ਮੋਚਨ
ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ਰਹਾਉ॥
3. ਮੇਰੀ ਬਾਂਧੀ ਭਗਤੁ ਛਡਾਵੈ
ਬਾਂਧੈ ਭਗਤੁ ਨ ਛੂਟੈ ਮੋਹਿ ॥
4. ਏਕ ਸਮੈ ਮੋਕਉ ਗਹਿ ਬਾਂਧੈ
ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥
5. ਮੈ ਗੁਨ ਬੰਧ ਸਗਲ ਕੀ ਜੀਵਨਿ
ਮੇਰੀ ਜੀਵਨਿ ਮੇਰੇ ਦਾਸ ॥
6. ਨਾਮਦੇਵ ਜਾ ਕੇ ਜੀਅ ਐਸੀ
ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

ਪਦ ਅਰਥ :—ਅਨਿੰਨ—ਜਿਸ ਦਾ ਪ੍ਰੇਮ ਕਿਸੇ ਹੋਰ ਨਾਲ ਨਾ ਹੋਵੇ। ਨਿਜ—ਆਪਣਾ। ਨਿਮਖ—ਅੱਖ ਫਰਕਣ ਜਿਤਨੇ ਸਮੇਂ ਲਈ। ਤਾਪ ਤ੍ਰਈ—ਤਿੰਨੇ ਹੀ ਤਾਪ (ਆਧਿ, ਬਿਆਧਿ, ਉਪਾਧਿ)। ਮੋਚਨ—ਨਾਸ ਕਰਨ ਵਾਲਾ। ਪਰਸਤ—(ਚਰਨ) ਛੋਹਿਆਂ। ਗ੍ਰਿਹ ਕੂਪ—ਘਰ (ਦੇ ਜੰਜਾਲ) ਰੂਪ ਖੂਹ। ੧।ਰਹਾਉ।

ਮੋਹਿ—ਮੇਰੇ ਪਾਸੋਂ, ਮੈਥੋਂ। ਗਹਿ—ਫੜ ਕੇ। ਬਾਧੈ—ਬੰਨ੍ਹ ਲਏ। ਤਉ—ਤਦੋਂ। ਫੁਨਿ-ਮੁੜ, ਫਿਰ। ਮੋ ਪੈ—ਮੈਥੋਂ। ਜਬਾਬੁ—ਉਜਰ, ਨਾਂਹ-ਨੁਕਰ ।੧।

ਗੁਨ ਬੰਧ—(ਭਗਤ ਦੇ) ਗੁਣਾਂ ਦਾ ਬਝਾ ਹੋਇਆ। ਜੀਵਨਿ—ਜ਼ਿੰਦਗੀ। ਜਾ ਕੇ ਜੀਅ—ਜਿਸ ਦੇ ਚਿਤ ਵਿਚ (ਪ੍ਰੀਤ ਦੇ ਭੇਤ ਦੀ ਇਹ ਸੋਚ) ਤਾ ਕੈ—ਉਸ ਦੇ ਹਿਰਦੇ ਵਿਚ ਪ੍ਰਗਾਸ—ਚਾਨਣ ।੨।

ਅਰਥ :—

ਪ੍ਰ:—ਭਗਤ ਜੀਓ! ਕੀ ਉਸ ਰਬ ਵਲੋਂ ਆਪਣੇ ਦਾਸਾਂ ਬਾਰੇ ਭੀ ਕੋਈ ਨਿਸਚਤ ਵਾਕ ਹਨ ?

1. **ਉ:**—ਹੇ ਪਿਆਰੇ! (ਉਸ ਪ੍ਰਮੇਸ਼ਰ ਵਲੋਂ ਇਹ ਸੰਕੇਤ ਹੈ ਕਿ) ਜੋ (ਮੇਰਾ) ਦਾਸ ਮੈਥੋਂ ਬਿਨਾਂ ਕਿਸੇ ਹੋਰ ਨਾਲ ਪਿਆਰ ਨਹੀਂ ਕਰਦਾ, ਉਹ ਮੇਰਾ ਆਪਣਾ ਸਰੂਪ ਹੈ।
2. ਉਸ ਦਾ ਇਕ ਪਲ ਦਾ ਦਰਸ਼ਨ ਤਿੰਨੇ ਹੀ ਤਾਪ ਦੂਰ ਕਰ ਦੇਂਦਾ ਹੈ, ਉਸ (ਦੇ ਚਰਨਾਂ) ਦੀ ਛੋਹ ਗ੍ਰਿਹਸਤ ਦੇ ਜੰਜਾਲ ਰੂਪ ਖੂਹ ਵਿਚੋਂ ਕੱਢ ਲੈਂਦੀ ਹੈ ।੧।ਰਹਾਉ।
3. ਰਬ ਕਹਿੰਦਾ ਹੈ ਕਿ ਮੇਰੀ ਬਧੀ ਨੂੰ ਭਗਤ ਛੁਡਾ ਸਕਦਾ ਹੈ, ਭਾਵ (ਮੋਹ ਦੀ) ਬਧੀ ਹੋਈ ਮੇਰੀ ਗੰਢ ਨੂੰ ਮੇਰਾ ਭਗਤ

ਖੋਲ੍ਹ ਸਕਦਾ ਹੈ ਪਰ ਜਦੋਂ ਮੇਰਾ ਭਗਤ (ਮੇਰੇ ਨਾਲ ਪ੍ਰੇਮ ਦੀ ਗੰਢ) ਬੰਨ੍ਹਦਾ ਹੈ ਤਾਂ ਉਹ ਮੈਥੋਂ ਖੁਲ੍ਹ ਨਹੀਂ ਸਕਦੀ।

4. ਜੇ ਮੇਰਾ ਭਗਤ ਇਕ ਵਾਰੀ ਮੈਨੂੰ ਫੜ ਕੇ ਬੰਨ੍ਹ ਲਏ ਤਾਂ ਮੈਂ ਅਗੋਂ ਕੋਈ ਉਜ਼ਰ ਨਹੀਂ ਕਰ ਸਕਦਾ।੧।
5. ਰਬ ਤਾਂ ਕਹਿੰਦਾ ਹੈ ਕਿ ਹੇ ਭਾਈਓ! ਮੈਂ (ਆਪਣੇ ਭਗਤ ਦੇ) ਗੁਣਾਂ ਦਾ ਬਝਾ ਹੋਇਆ ਹਾਂ (ਉਂਝ ਮੈਂ ਸਾਰੇ ਜਗਤ ਦੇ) ਜੀਆਂ ਦੀ ਜ਼ਿੰਦਗੀ (ਦਾ ਆਸਰਾ) ਹਾਂ, ਪਰ ਮੇਰੇ ਭਗਤ ਮੇਰੀ ਜ਼ਿੰਦਗੀ (ਦਾ ਆਸਰਾ) ਹਨ।
6. ਹੇ ਨਾਮਦੇਵ, ਜਿਸ ਦੇ ਮਨ ਵਿਚ ਇਹ ਉਚੀ ਸੋਚ ਫੁਰ ਪਈ ਹੈ ਉਸ ਦੇ ਅੰਦਰ ਮੇਰੇ ਪਿਆਰ ਦਾ ਪ੍ਰਕਾਸ਼ ਭੀ ਉਤਨਾ ਹੀ ਵਡਾ (ਭਾਵ ਬਹੁਤ ਵਧੀਕ) ਹੋ ਜਾਂਦਾ ਹੈ।੨।੩।

ਭਾਵਾਰਥ :–ਹਰੀ ਪ੍ਰਮੇਸ਼ਰ ਦੇ ਮੂੰਹੋਂ ਭਗਤੀ ਦੀ ਵਡਿਆਈ ਦੱਸਦੇ ਹਨ ਕਿ ਹਰੀ ਆਪ ਭਗਤਾਂ ਦੇ ਪ੍ਰੇਮ ਦੇ ਵਸ ਹੁੰਦਾ ਹੈ, ਪ੍ਰੀਤ ਦਾ ਪ੍ਰਭਾਵ, ਪ੍ਰੀਤ ਦੀ ਬਰਕਤ ਨਾਲ, ਭਗਤ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਪ੍ਰਭੂ ਆਪਣੇ ਭਗਤਾਂ ਦੀ ਪ੍ਰੀਤ ਵਿਚ ਬਝ ਜਾਂਦਾ ਹੈ।

"ਭਗਤਿ ਬਸਿ ਕੇਸਵ"

ਸਾਰੰਗ॥

ੴ ਸਤਿਗੁਰ ਪ੍ਰਸਾਦਿ ॥

1. ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
2. ਅਨਪਾਵਨੀ ਭਗਤਿ ਨਹੀ ਉਪਜੀ
   ਭੂਖੈ ਦਾਨੁ ਨ ਦੀਨਾ ॥੧॥ਰਹਾਉ॥
3. ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ
   ਲੋਭੁ ਨ ਛੂਟਿਓ ਦੇਵਾ ॥
4. ਪਰ ਨਿੰਦਾ ਮੁਖ ਤੇ ਨਹੀ ਛੂਟੀ
   ਨਿਫਲ ਭਈ ਸਭ ਸੇਵਾ ॥੧॥
5. ਬਾਟ ਪਾਰਿ ਘਰੁ ਮੂਸਿ ਬਿਰਾਨੋ
   ਪੇਟੁ ਭਰੈ ਅਪ੍ਰਾਧੀ ॥
6. ਜਿਹਿ ਪਰਲੋਕ ਜਾਇ ਅਪਕੀਰਤਿ
   ਸੋਈ ਅਬਿਦਿਆ ਸਾਧੀ ॥੨॥
7. ਹਿੰਸਾ ਤਉ ਮਨ ਤੇ ਨਹੀ ਛੂਟੀ
   ਜੀਅ ਦਇਆ ਨਹੀ ਪਾਲੀ ॥
8. ਪਰਮਾਨੰਦ ਸਾਧ ਸੰਗਤਿ ਮਿਲਿ
   ਕਥਾ ਪੁਨੀਤ ਨ ਚਾਲੀ ॥੩॥੧॥

ਪਦ ਅਰਥ :–ਨਰ–ਹੇ ਮਨੁੱਖ। ਤੈ ਕਿਆ ਕੀਨਾ–ਤੂੰ ਕੀ ਕੀਤਾ, ਤੂੰ ਕੀ ਖਟਿਆ। ਸੁਨਿ–ਸੁਣ ਕੇ। ਪਾਵਨੀ–ਨਾਸਵੰਤ। ਅਨਪਾਵਨੀ–ਨਾ-ਨਾਸਵੰਤ, ਸਦਾ ਕਾਇਮ ਰਹਿਣ ਵਾਲੀ। ਉਪਜੀ–ਪੈਦਾ ਹੋਈ।੧।ਰਹਾਉ।

ਛੂਟਿਓ–ਮੁਕਿਆ। ਦੇਵ–ਹੇ ਦੇਵ। ਨਿਫਲ–ਵਿਅਰਥ, ਨਿਸਫਲ।੧।

ਬਾਟ–ਰਸਤਾ। ਬਾਟ ਪਾਰਿ–ਰਾਹ ਮਾਰ ਕੇ, ਡਾਕੇ ਮਾਰ ਕੇ। ਮੂਸਿ–ਠਗ ਕੇ। ਬਿਰਾਨੋ–ਬਿਗਾਨਾ। ਜਿਹ–ਜਿਸ ਕੰਮ ਨਾਲ। ਅਪਕੀਰਤਿ–[ਅਪ-ਕੀਰਤਿ] ਬਦਨਾਮੀ। ਅਬਿਦਿਆ–ਅ-ਵਿਦਿਆ, ਅਗਿਆਨਤਾ, ਮੂਰਖਤਾ।੨।

ਹਿੰਸਾ–ਨਿਰਦਇਤਾ। ਜੀਅ–ਜੀਵਾਂ ਨਾਲ। ਦਇਆ–ਪਿਆਰ। ਪੁਨੀਤ–ਪਵਿਤਰ।੩।

ਉਥਾਨਕਾ :-ਇਕ ਅਜਿਹਾ ਸਰੋਤਾ ਹੈ, ਜੋ ਹਮੇਸ਼ਾਂ ਹੀ ਪੁਰਾਣਾਂ ਦੀ ਕਥਾ ਸੁਣਦਾ ਰਹਿੰਦਾ ਹੈ, ਪਰ ਉਹ ਨਾ ਹੀ ਕਦੀ ਪ੍ਰਭੂ ਦੀ ਭਗਤੀ ਕਰਦਾ ਹੈ ਅਤੇ ਨਾ ਹੀ ਕਦੇ ਕ੍ਰਿਤ ਕਮਾਈ ਵਿਚੋਂ ਕਿਸੇ ਲੋੜਵੰਦ ਭੁਖੇ ਨੂੰ ਦਾਨ ਹੀ ਦੇਣ ਦਾ ਉਪਕਾਰੀ ਹੈ ਤਾਂ ਭਗਤ ਪਰਮਾਨੰਦ ਜੀ ਇਸ ਦੀ ਅਜਿਹੀ ਬਨਾਵਟੀ ਕ੍ਰਿਤ ਨੂੰ ਤਕਦੇ ਹੋਏ ਸੰਬੋਧਨ ਕਰਦੇ ਹਨ।

ਅਰਥ:-

1. ਹੇ ਭਾਈ! ਪੁਰਾਣ ਆਦਿਕ ਧਰਮ ਪੁਸਤਕਾਂ ਸੁਣ ਕੇ ਖਟਿਆ ਤਾਂ ਕੁਝ ਨਹੀਂ। (ਭਾਵ ਤੈਨੂੰ ਕੋਈ ਭੀ ਲਾਭ ਨਹੀਂ ਹੋਇਆ)।

ਪ੍ਰ:–ਭਗਤ ਜੀ! ਦਸੋ ਮੈਨੂੰ ਕਰਨਾ ਕੀ ਚਾਹੀਦਾ ਸੀ?

2. ਉ:-ਹੇ ਸਜਨਾ! (ਪੁਰਾਣ ਆਦਿਕ ਧਰਮ ਪੁਸਤਕਾਂ ਸੁਣ ਕੇ ਤੂੰ ਭਗਤੀ ਕਰਨੀ ਸੀ, ਕਿਸੇ ਭੁਖੇ ਗਰੀਬ ਨੂੰ ਦਾਨ ਦੇਣਾ ਚਾਹੀਦਾ ਸੀ, ਪਰ) ਤੇਰੇ ਅੰਦਰ ਨਾ ਤਾਂ ਪ੍ਰਭੂ ਦੀ ਅਟਲ ਭਗਤੀ ਪੈਦਾ ਹੋਈ, ਤੇ ਨਾ ਹੀ ਤੂੰ (ਕੁਝ ਦੇ ਕੇ) ਕਿਸੇ ਲੋੜਵੰਦ ਦੀ ਸੇਵਾ ਹੀ ਕੀਤੀ ਹੈ।੧।ਰਹਾਉ।
3. ਹੇ ਭਾਈ! (ਧਰਮ ਪੁਸਤਕਾਂ ਸੁਣ ਕੇ ਭੀ) ਨਾ (ਤੇਰੇ ਅੰਦਰੋਂ ਕਾਮ ਦਾ (ਫੁਰਨਾ) ਗਿਆ, ਨਾ ਕ੍ਰੋਧ ਗਿਆ, ਨਾ ਹੀ ਲੋਭ ਮੁਕਾ।
4. ਅਤੇ ਨਾ ਹੀ ਮੂੰਹੋਂ ਪਰਾਈ ਨਿੰਦਿਆ (ਕਰਨ ਦੀ ਆਦਤ) ਹੀ ਗਈ, (ਇਸ ਲਈ, ਹੇ ਪਿਆਰੇ! ਪੁਰਾਣ ਆਦਿਕ ਪੜ੍ਹਨ ਦੀ) ਸਾਰੀ ਮਿਹਨਤ ਐਵੇਂ ਹੀ ਗਈ।੧।
5. (ਪੁਰਾਣ ਆਦਿਕ ਸੁਣ ਕੇ ਭੀ) ਪਾਪੀ ਮਨੁੱਖ ਡਾਕੇ ਮਾਰ ਮਾਰ ਕੇ ਪਰਾਏ ਘਰ ਲੁਟ ਲੁਟ ਕੇ ਹੀ ਆਪਣਾ ਢਿਡ ਭਰਦਾ ਰਿਹਾ।
6. ਤੇ (ਸਾਰੀ ਉਮਰ) ਉਹੀ ਮੂਰਖਤਾ ਕਰਦਾ ਰਿਹਾ ਜਿਸ ਨਾਲ ਅਗਲੇ ਜਹਾਨ ਵਿਚ ਭੀ ਬਦਨਾਮੀ (ਦਾ ਟਿਕਾ) ਹੀ ਮਿਲੇ।੨।
7. ਹੇ ਭੋਲਿਆ! (ਧਰਮ ਪੁਸਤਕਾਂ ਸੁਣ ਕੇ ਭੀ) ਤੇਰੇ ਮਨ ਵਿਚੋਂ ਨਿਰਦਇਤਾ ਨਾ ਗਈ, ਤੂੰ ਲੋਕਾਂ ਨਾਲ ਪਿਆਰ ਦਾ ਸਲੂਕ ਨਾ ਕੀਤਾ।

8. ਪਰਮਾਨੰਦ ਜੀ ਕਥਨ ਕਰਦੇ ਹਨ ਕਿ, ਐ ਕਮਲਿਆ ! (ਤੂੰ) ਸਤਿਸੰਗ ਵਿਚ ਬੈਠ ਕੇ ਕਦੇ ਪ੍ਰਭੂ ਦੀਆਂ ਪਵਿਤਰ (ਕਰਨ ਵਾਲੀਆਂ) ਗੱਲਾਂ ਨਾ ਚਲਾਈਆਂ (ਭਾਵ ਤੈਨੂੰ ਸਤਿਸੰਗ ਕਰਨ ਦਾ ਸ਼ੌਂਕ ਨਾ ਪਿਆ) ।੩।੧।

ਭਾਵਾਰਥ :–ਪੁਰਾਣ ਆਦਿ ਦੀਆਂ ਕਥਾ ਕਹਾਣੀਆਂ ਸੁਣਨ ਨਾਲ ਧਾਰਮਕ ਜ਼ਿੰਦਗੀ ਨਹੀਂ ਬਣਦੀ, ਜਦ ਤਕ ਕਿ ਦ੍ਰਿੜ੍ਹ ਵਿਸ਼ਵਾਸ ਵਾਲੀ ਭਗਤੀ ਨਾ ਕਰੀਏ ਅਤੇ ਪਾਪਾਂ ਵਾਲੀ ਰਹਿਣੀ ਛਡ ਕੇ ਦਇਆ ਵਾਲੀ ਰਹਿਤ ਬਹਿਤ ਨਾ ਬਣਾ ਲਈਏ, ਪਰ ਇਹ ਰਹਿਣੀ ਸਾਧ ਸੰਗਤ ਦੁਆਰਾ ਹਰੀ ਦਾ ਜਸ ਉਚਾਰਦੇ ਰਹਿਣ ਨਾਲ ਬਣਦੀ ਹੈ ।

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥

ਪਦ ਅਰਥ :–ਮਨ-ਹੇ ਮਨ । ਕੋ-ਦਾ । ਸੰਗੁ–ਸਾਥ । ਹਰਿ ਬਿਮੁਖਨ ਕੋ ਸੰਗੁ-ਉਨ੍ਹਾਂ ਦਾ ਸਾਥ ਜੋ ਪ੍ਰਮਾਤਮਾ ਵਲੋਂ ਬੇਮੁਖ ਹਨ ।

ਅਰਥ :–

ਹੇ (ਮੇਰੇ) ਮਨ ! ਉਨ੍ਹਾਂ ਬੰਦਿਆਂ ਦਾ ਸਾਥ ਛੱਡ ਦੇ, ਜੋ ਪ੍ਰਮਾਤਮਾ ਵਲੋਂ ਬੇਮੁਖ ਹਨ ।

ਪ੍ਰ:–ਕਿਉਂ ਜੀ, ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਵਿਚ ਜਿਸ ਭਗਤ ਦੀ ਭੀ ਬਾਣੀ ਦਰਜ ਹੋਈ ਹੈ, ਉਸ ਦਾ ਨਾਮ ਉਸ ਦੀ ਬਾਣੀ ਲਿਖਣ ਤੋਂ ਪਹਿਲੋਂ ਲਿਖ ਦਿਤਾ ਗਿਆ ਹੈ, ਪਰ ਇਹ ਕਿਸੇ ਸ਼ਬਦ ਦੀ ਇਕੋ ਹੀ ਤੁਕ ਹੈ, ਇਸ ਦੇ ਅਰੰਭ ਵਿਚ ਇਸ ਦੇ ਉਚਾਰਨ ਵਾਲੇ ਭਗਤ ਦਾ ਨਾਮ ਭੀ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਾਰਾ ਸ਼ਬਦ ਹੀ ਅੰਕਤ ਕੀਤਾ ਗਿਆ ਹੈ, ਜਿਸ ਦੇ ਰਾਹੀਂ ਉਸ ਦਾ ਪਤਾ ਲਗ ਸਕੇ ?

ਉ:–ਅਸਲ ਵਿਚ ਇਸ ਦਾ ਉਤਰ ਅਗਲੇ ਸ਼ਬਦ ਦੇ ਅਰੰਭ ਵਿਚ ਲਿਖੇ ਹੋਏ ਸਿਰਲੇਖ ਤੋਂ ਸਮਝ ਸਕੀਦਾ ਹੈ । ਇਕ ਇਹ ਤੁਕ (ਛਾਡਿ ਮਨ ਹਰਿ ਬਿਮੁਖਨ ਕੋ ਸੰਗੁ) ਸੂਰਦਾਸ ਜੀ ਦੀ ਹੈ । ਪਰ ਜਦੋਂ ਅਸੀਂ ਅਗਲਾ ਸਿਰਲੇਖ ਜ਼ਰਾ ਗਹੁ ਨਾਲ ਪੜ੍ਹਦੇ ਹਾਂ, ਤਾਂ ਉਹ ਇਉਂ ਹੈ :–

'ਸਾਰੰਗ ਮਹਲਾ ੫ ਸੂਰਦਾਸ'

ਹੁਣ ਵੀਚਾਰ ਕਰਨ ਜੋਗ ਇਹ ਗੱਲ ਹੈ ਕਿ, ਜੇ ਅਗਲਾ ਸ਼ਬਦ ਭਗਤ ਸੂਰਦਾਸ ਜੀ ਦਾ ਹੁੰਦਾ, ਤਾਂ ਇਥੇ 'ਮਹਲਾ ੫' ਇਸ ਸਿਰਲੇਖ ਦੇ ਨਾਲ ਨਾ ਹੁੰਦਾ । ਸੋ ਇਥੇ ਇਹ 'ਮਹਲਾ ੫' ਦੱਸਦਾ ਹੈ ਕਿ ਇਹ ਅਗਲਾ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਹੀ ਉਚਾਰਨ ਕੀਤਾ ਹੋਇਆ ਹੈ ।

ਪ੍ਰ:-ਕਿਉਂ ਜੀ, ਇਸ ਸ਼ਬਦ ਦੇ ਉਚਾਰਨ ਕਰਨ ਦੀ ਇਥੇ ਲੋੜ ਕਿਉਂ ਪਈ ਸੀ ?

ਉ:–ਐ ਪਿਆਰੇ ! ਇਥੇ ਉਪਰ ਦਿੱਤੀ ਹੋਈ ਇਕੋ ਹੀ ਤੁਕ ਦੀ ਵਿਆਖਿਆ ਕਰਨ ਤੋਂ ਭਾਵ ਹੈ ਕਿ ਹਰੀ ਤੋਂ ਬੇਮੁਖਾਂ ਦਾ ਸੰਗ ਕਿਵੇਂ ਛਡਣਾ ਹੈ ।

ਸੋ ਇਸ ਸਿਰਲੇਖ ਵਿਚ ਸੂਰਦਾਸ ਜੀ ਨੂੰ ਸੰਬੋਧਨ ਕਰ ਕੇ ਗੁਰੂ ਅਰਜਨ ਦੇਵ ਜੀ ਅਗਲਾ ਸ਼ਬਦ ਉਚਾਰ ਕੇ ਫੁਰਮਾਨ ਕਰਦੇ ਹਨ ਕਿ, ਹੇ ਸੂਰਦਾਸ ਜੀ ! ਇਸ ਤਰ੍ਹਾਂ ਸੁਤੇ ਹੀ ਹਰੀ ਤੋਂ ਬੇਮੁਖ ਨਾਲੋਂ ਸਾਥ ਛੁਟ ਜਾਂਦਾ ਹੈ, ਕਿਸੇ ਤੋਂ ਨਫਰਤ ਕਰਨ ਦੀ ਲੋੜ ਨਹੀਂ ਪੈਂਦੀ ।

ਨੋਟ :–'ਛਾਡਿ ਮਨ ਹਰਿ ਬਿਮੁਖਨ ਕੋ ਸੰਗੁ'

ਇਹ ਸ਼ਬਦ ਭਾਈ ਬੰਨੋ ਦੀ ਬੀੜ ਵਿਚ ਸਾਰੇ ਦਾ ਸਾਰਾ ਦਿੱਤਾ ਹੈ, ਪਰ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਪਹਿਲੀ ਤੁਕ ਹੀ ਦਿਤੀ ਹੈ, ਬਾਕੀਆਂ ਵਿਚ ਬੇਮੁਖ ਨੂੰ ਸੱਪ, ਹਾਥੀ, ਕਾਂ, ਗਧੇ, ਪੱਥਰ, ਕਾਲੀ ਕਮਲੀ ਨਾਲ ਤਸ਼ਬੀਹ ਦੇ ਕੇ ਸਦਾ ਲਈ ਅਮੋੜ ਤੇ ਅਭਿੱਗ ਸਾਬਤ ਕੀਤਾ ਹੋਇਆ ਹੈ ਤੇ ਸੁਧਾਰ ਦੀ ਕੋਈ ਆਸ ਨਹੀਂ ਦੱਸੀ ਹੋਈ, ਇਸ ਲਈ ਗੁਰੂ ਜੀ ਨੇ ਸੂਚਨਾ ਮਾਤਰ ਇਕ ਤੁਕ ਦੇ ਕੇ ਬਾਕੀ ਦੀਆਂ ਤੁਕਾਂ ਛਡ ਦਿੱਤੀਆਂ ਮਲੂਮ ਹੁੰਦੀਆਂ ਹਨ ।

ਸੂਰਦਾਸ :–(ਇਹ ਉਹ ਮਸ਼ਹੂਰ ਨੇਤ੍ਰ-ਹੀਨ ਸੂਰਦਾਸ ਨਹੀਂ, ਜੋ ਵੈਸ਼ਨਵਾਂ ਦਾ ਮਹਾਤਮਾ ਭਗਤ ਹੋਇਆ ਹੈ), ਇਹ ਭਗਤ ਮਦਨ ਮੋਹਨ ਨਾਮ ਦਾ ਬ੍ਰਾਹਮਣ ਹੋਇਆ ਹੈ ਜੋ ਸੰਮਤ ੧੫੮੬ ਵਿਚ ਪੈਦਾ ਹੋਇਆ । ਇਹ ਸੰਸਕ੍ਰਿਤ, ਹਿੰਦੀ, ਫਾਰਸੀ ਦਾ ਪੂਰਨ ਵਿਦਵਾਨ ਅਤੇ ਅਕਬਰ ਦੇ ਵੇਲੇ ਅਵਧ ਦੇ ਇਲਾਕੇ ਸੰਦੀਲਾ ਦਾ ਹਾਕਮ ਸੀ,ਪਰ ਪਿਛੋਂ ਵੈਰਾਗਵਾਨ ਹੋਕੇ ਤਿਆਗੀ ਹੋ ਗਿਆ । ਇਸ ਦੀ ਸਮਾਧ ਕਾਸ਼ੀ ਵਿਚ ਹੈ ।

ਸਾਰੰਗ ਮਹਲਾ ੫ ਸੂਰਦਾਸ

ੴ ਸਤਿਗੁਰ ਪ੍ਰਸਾਦਿ ॥

1. **ਹਰਿ ਕੇ ਸੰਗ ਬਸੇ ਹਰਿ ਲੋਕ ॥**
2. **ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ਰਹਾਉ॥**
3. **ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥**
4. **ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥**
5. **ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥**
6. **ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥**

ਨੋਟ :–ਲਫਜ਼ 'ਮਹਲਾ ੫' ਤੋਂ ਜ਼ਾਹਰ ਹੁੰਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਹੈ। ਲਫਜ਼

'ਸੂਰਦਾਸ' ਦੱਸਦਾ ਹੈ ਕਿ ਸਤਿਗੁਰੂ ਜੀ ਨੇ ਸੂਰਦਾਸ ਜੀ ਦੀ ਉਚਾਰੀ ਪਿਛਲੀ ਤੁਕ ਦੇ ਸੰਬੰਧ ਵਿਚ ਇਹ ਸ਼ਬਦ ਉਚਾਰਿਆ ਹੈ ।

ਪਦ ਅਰਥ :– ਹਰਿ ਲੋਕ–ਪ੍ਰਮਾਤਮਾ ਦੀ ਬੰਦਗੀ ਕਰਨ ਵਾਲੇ ਬੰਦੇ । ਅਰਪਿ–ਭੇਟਾ ਕਰ ਕੇ,ਵਾਰ ਕੇ । ਸਰਬਸੁ–ਸ੍ਰ-ਧਨ, ਸਭ ਕੁਝ, ਆਪਣਾ ਸਭ ਕੁਝ । ਸਹਜ–ਅਡੋਲਤਾ । ਧੁਨਿ–ਸੁਰ । ਝੋਕ–ਹੁਲਾਰਾ, ਝੂਟਾ ।੧।ਰਹਾਉ।

ਨਿਰਬਿਖਈ–ਵਿਸ਼ਿਆਂ ਤੋਂ ਰਹਿਤ । ਥੋਕ–ਪਦਾਰਥ । ਆਨ–ਹੋਰ । ਕਾਜੁ–ਗਰਜ਼ । ਬਦਨ–ਮੂੰਹ । ਅਲੋਕ–ਵੇਖ ਕੇ ।੧।

ਸਿਆਮ–ਸਾਂਵਲੇ ਰੰਗ ਵਾਲਾ । ਤਜਿ–ਛੱਡ ਕੇ । ਕੁਸਟੀ ਤਨਿ–ਕੋਹੜੀ ਦੇ ਸਰੀਰ ਉਤੇ । ਪ੍ਰਭਿ–ਪ੍ਰਭੂ ਨੇ । ਹਥਿ–(ਆਪਣੇ) ਹੱਥ ਵਿਚ । ਇਹੁ–ਇਹ ਲੋਕ, ਇਸ ਲੋਕ ਵਿਚ ਸੁਖ ।੨।

ਅਰਥ:–

ਪ੍ਰ:–ਕਿਉਂ ਜੀ, ਸਾਈਂ ਜੀ ਦੇ ਬੰਦਿਆਂ ਦਾ ਬੇਮੁਖਾਂ ਦੇ ਖੋਟੇ ਸੰਗ ਤੋਂ ਛੁਟਕਾਰਾ ਕਿਵੇਂ ਹੋ ਜਾਂਦਾ ਹੈ ?

1. ਉ:–(ਹੇ ਸੂਰਦਾਸ !) ਅਸਲ ਵਿਚ ਤਾਂ ਪ੍ਰਮਾਤਮਾ ਦੀ ਬੰਦਗੀ ਕਰਨ ਵਾਲੇ ਬੰਦੇ (ਸਦਾ) ਪ੍ਰਮਾਤਮਾ ਦੇ ਨਾਲ ਵੱਸਦੇ ਹਨ, ਇਸ ਤਰ੍ਹਾਂ ਸਹਿਜ ਸੁਭਾਇ ਬੇਮੁਖਾਂ ਨਾਲੋਂ ਉਨ੍ਹਾਂ ਦਾ ਸਾਥ ਛੁਟ ਜਾਂਦਾ ਹੈ ।
2. ਉਹ ਆਪਣਾ ਤਨ ਮਨ, ਆਪਣਾ ਸਭ ਕੁਝ (ਇਸੇ ਪਿਆਰ ਤੋਂ) ਸਦਕੇ ਕਰ ਦੇਂਦੇ ਹਨ, ਉਨ੍ਹਾਂ ਨੂੰ ਅਨੰਦ ਦੇ ਹੁਲਾਰੇ ਆਉਂਦੇ ਹਨ, ਸਹਿਜ ਅਵਸਥਾ ਦੀ ਤਾਰ (ਉਨ੍ਹਾਂ ਦੇ ਅਦਰ ਬਝ ਜਾਂਦੀ ਹੈ) ।੧।ਰਹਾਉ।

ਪ੍ਰ:–ਸ੍ਰੀ ਜੀਓ ! ਉਨ੍ਹਾਂ ਦੀ ਹੋਰ ਕੀ ਪਛਾਣ ਹੈ ?

3. ਉ:–ਹੇ ਪਿਆਰੇ ! (ਭਗਤੀ ਕਰਨ ਵਾਲੇ ਬੰਦੇ) ਪ੍ਰਭੂ ਦਾ ਦੀਦਾਰ ਕਰ ਕੇ ਵਿਸ਼ੇ ਵਿਕਾਰਾਂ ਤੋਂ ਬਚ ਜਾਂਦੇ ਹਨ, ਉਨ੍ਹਾਂ ਨੂੰ ਸਾਰੇ ਹੀ ਪਦਾਰਥ ਮਿਲ ਜਾਂਦੇ ਹਨ (ਭਾਵ ਉਨ੍ਹਾਂ ਦੀਆਂ ਵਾਸ਼ਨਾਂ ਮੁਕ ਜਾਂਦੀਆਂ ਹਨ) ।

ਪ੍ਰ:–ਸ੍ਰੀ ਜੀਓ ! ਉਨ੍ਹਾਂ ਦੇ ਅੰਦਰ ਕੋਈ ਤਾਂ ਇਛਾ ਹੁੰਦੀ ਹੋਵੇਗੀ ?

4. ਉ:–ਹੇ ਭਾਈ ਪ੍ਰਭੂ ਦੇ ਸੋਹਣੇ ਮੁਖ ਦਾ ਦੀਦਾਰ ਕਰ ਕੇ ਉਨ੍ਹਾਂ ਨੂੰ ਦੁਨੀਆਂ ਦੀ ਕਿਸੇ ਹੋਰ ਸ਼ੈ ਦੀ ਕੋਈ ਗਰਜ਼ ਨਹੀਂ ਰਹਿ ਜਾਂਦੀ ।੧।
5. ਹੇ ਪਿਆਰੇ ! ਜੋ ਮਨੁੱਖ ਸੋਹਣੇ ਸਾਂਵਲੇ ਸਜਨ (ਪ੍ਰਭੂ) ਨੂੰ ਵਿਸਾਰ ਕੇ ਹੋਰ ਹੋਰ ਪਦਾਰਥਾਂ ਦੀ ਲਾਲਸਾ ਕਰਦੇ ਹਨ, ਉਹ ਉਸ ਜੋਕ ਵਾਂਗ ਹਨ, ਜੋ ਕਿਸੇ ਕੋਹੜੀ ਦੇ ਸਰੀਰ ਤੇ (ਲਗ ਕੇ ਗੰਦ ਹੀ ਚੂਸਦੀ ਹੈ) ।
6. ਪਰ, ਹੇ ਸੂਰਦਾਸ ! ਜਿਨ੍ਹਾਂ ਦਾ ਮਨ ਪ੍ਰਭੂ ਨੇ ਆਪ ਆਪਣੇ ਹੱਥ ਵਿਚ ਲੈ ਲਿਆ ਹੈ ਉਨ੍ਹਾਂ ਨੂੰ ਉਸ ਨੇ ਇਹ ਲੋਕ ਤੇ ਪ੍ਰਲੋਕ ਦੋਵੇਂ ਬਖਸ਼ੇ ਹਨ (ਭਾਵ, ਉਹ ਲੋਕ ਪ੍ਰਲੋਕ ਦੋਹੀਂ ਥਾਈਂ ਅਨੰਦ ਵਿਚ ਰਹਿੰਦੇ ਹਨ) ।੨।੧।੮।

ਨੋਟ :–ਭਾਵੇਂ ਭਗਤ ਸੂਰਦਾਸ ਜੀ ਦੀ ਇਕੋ ਹੀ ਤੁਕ ਦਰਜ ਕੀਤੀ ਹੈ, ਪਰ ਗਿਣਤੀ ਵਿਚ ਉਸ ਨੂੰ ਸਾਰੇ ਸ਼ਬਦ ਵਾਂਗ ਗਿਣਿਆ ਗਿਆ ਹੈ, ਤਾਹੀਏਂ ਹੁਣ ਤਕ ਦੀ ਗਿਣਤੀ ੮ ਬਣਦੀ ਹੈ ।

ਭਾਵਾਰਥ :–ਬੇਮੁਖਾਂ ਦੀ ਸੰਗਤ ਛਡ ਕੇ ਹਰੀ ਦੀ ਸੰਗਤ ਕਰਨੀ ਚਾਹੀਦੀ ਹੈ ਅਤੇ ਤਨ ਮਨ ਉਸ ਸੁੰਦਰ ਹਰੀ ਦੇ ਹਵਾਲੇ ਕਰ ਕੇ ਸਭ ਸੁੱਖ ਉਸੇ ਦੇ ਦਰਸ਼ਨਾਂ ਵਿਚੋਂ ਢੂੰਡਣਾ ਚਾਹੀਦਾ ਹੈ ।

ਨੋਟ :–ਇਕੱਲੀ ਤੁਕ ਦੇ ਪਿਛੋਂ ਫਿਰ ਮੂਲ ਮੰਤ੍ਰ ਦਾ ਦਰਜ ਹੋਣਾ ਭੀ ਦੱਸਦਾ ਹੈ ਕਿ ਅਗਾਹਾਂ ਸ਼ਬਦ ਦਾ ਕਰਤਾ ਬਦਲ ਗਿਆ ਹੈ ।

ਸਭ ਤੋਂ ਅਖੀਰਲੇ ਸ਼ਬਦ ਨੂੰ ਭੀ ਵੇਖੋ । ਅਖੀਰਲੇ ਅੰਕ ਹਨ–।੨।੧।੪। ਇਨ੍ਹਾਂ ਦਾ ਭਾਵ ਇਉਂ ਹੈ :

ਸ਼ਬਦ ਦੇ ਦੋ ਬੰਦ ਹਨ । ਗਿਣਤੀ ਵਿਚ ਇਹ ਕਬੀਰ ਜੀ ਦਾ ਇਕਲਾ ਸ਼ਬਦ ਹੈ ਤੇ ਸਾਰੇ ਸ਼ਬਦਾਂ ਦਾ ਜੋੜ ੯ ਹੈ ।

ਵੇਰਵਾ ਇਸ ਪ੍ਰਕਾਰ ਬਣਿਆ :–

ਕਬੀਰ ਜੀ	੨
ਨਾਮਦੇਵ ਜੀ	੩
ਪਰਮਾਨੰਦ ਜੀ	੧
ਸੂਰਦਾਸ ਜੀ	੧ (ਇਕੱਲੀ ਤੁਕ)
ਗੁਰੂ ਅਰਜਨ ਦੇਵ ਜੀ	੧
ਕਬੀਰ ਜੀ	੧
ਕੁਲ ਜੋੜ	੯

ਸਾਰੰਗ ਕਬੀਰ ਜੀਉ

ੴ ਸਤਿਗੁਰ ਪ੍ਰਸਾਦਿ ॥

1. **ਹਰਿ ਬਿਨੁ ਕਉਨੁ ਸਹਾਈ ਮਨ ਕਾ ॥**
2. **ਮਾਤ ਪਿਤਾ ਭਾਈ ਸੁਤ ਬਨਿਤਾ**
   ਹਿਤੁ ਲਾਗੋ ਸਭ ਫਨ ਕਾ ॥੧॥ਰਹਾਉ॥
3. **ਆਗੇ ਕਉ ਕਿਛੁ ਤੁਲਹਾ ਬਾਂਧਹੁ**
   ਕਿਆ ਭਰਵਾਸਾ ਧਨ ਕਾ ॥
4. **ਕਹਾ ਬਿਸਾਸਾ ਇਸ ਭਾਂਡੇ ਕਾ**
   ਇਤਨਕੁ ਲਾਗੈ ਠਨਕਾ ॥੧॥

5. ਸਗਲ ਧਰਮ ਪੁੰਨ ਫਲ ਪਾਵਹੁ
ਧੂਰਿ ਬਾਂਛਹੁ ਸਭ ਜਨ ਕਾ ॥

6. ਕਹੈ ਕਬੀਰੁ ਸੁਨਹੁ ਰੇ ਸੰਤਹੁ
ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥

ਪਦ ਅਰਥ :— ਸੁਤ—ਪੁਤਰ । ਬਨਿਤਾ—ਵਹੁਟੀ । ਹਿਤੁ—ਮੋਹ । ਫਨ—ਛਲ ।੧।ਰਹਾਉ।

ਆਗੇ ਕਉ—ਅਗਲੇ ਆਉਣ ਵਾਲੇ ਜੀਵਨ ਲਈ। ਤੁਲਹਾ—ਬੇੜਾ । ਬਿਗਾਸਾ—ਇਤਬਾਰ । ਭਾਡਾ—ਸਰੀਰ । ਠਨਕਾ—ਠੇਡਾ, ਠੋਕਰ ।੧।

ਜਨ—ਸੇਵਕ, ਭਗਤ । ਸਭ ਜਨ ਸਤ ਸੰਗੀ । ਪੰਖੇਰੂ—ਪੰਛੀ ।੨।

ਅਰਥ:—

ਪ੍ਰ:—ਕਬੀਰ ਜੀਓ ! ਦੱਸੋ ਆਖਰ ਇਸ ਮਨ ਦੀ ਸਹਾਇਤਾ ਕਰਨ ਵਾਲਾ ਕੌਣ ਹੋ ਸਕਦਾ ਹੈ ?

1. **ਉ:**—ਹੇ ਭਾਈਓ ! (ਸੱਚ ਤਾਂ ਇਹੋ ਹੀ ਹੈ ਕਿ) ਪ੍ਰਮੇਸ਼ਰ ਤੋਂ ਬਿਨਾਂ ਕੋਈ ਹੋਰ ਇਸ ਮਨ ਦੀ ਸਹਾਇਤਾ ਕਰਨ ਵਾਲਾ ਨਹੀਂ ਹੋ ਸਕਦਾ ।

2. ਹੇ ਪਿਆਰੇ ! ਵੇਖੋ, ਮਾਂ, ਪਿਓ, ਭਰਾ, ਪੁਤਰ, ਵਹੁਟੀ—ਇਹ ਸਭਨਾਂ ਨਾਲ ਜੋ ਮੋਹ ਪਾਇਆ ਹੈ (ਭਾਵ, ਇਹ ਮੋਹ ਅਜਿਹੇ ਪਦਾਰਥਾਂ ਨਾਲ ਹੈ, ਜੋ ਛਲ ਹੀ ਹਨ, ਸਦਾ ਨਾਲ ਨਿਭਣ ਵਾਲੇ ਨਹੀਂ ਹਨ) ।੧।ਰਹਾਉ।

3. ਐ ਪਿਆਰੇ ! ਇਸ ਧਨ ਦਾ (ਜੋ ਤੂੰ ਖਟਿਆ ਕਮਾਇਆ ਹੈ) ਕੋਈ ਇਤਬਾਰ ਨਹੀਂ (ਕਿ ਕਦੋਂ ਨਾਸ ਹੋ ਜਾਏ, ਸੋ) ਅਗਾਹਾਂ ਵਾਸਤੇ ਕੋਈ ਹੋਰ (ਭਾਵ, ਨਾਮ ਧਨ ਦਾ) ਬੇੜਾ ਬੰਨੋ ।

ਪ੍ਰ:—ਕਬੀਰ ਜੀਓ ! ਜੇ ਧਨ ਨਾਲ ਨਹੀਂ ਜਾ ਸਕਦਾ ਤਾਂ ਸਾਡੇ ਨਾਲ ਜੰਮਿਆ ਸਰੀਰ ਤਾਂ ਅੰਤ ਨੂੰ ਸਾਥ ਦੇਵੇਗਾ ਕਿ ਨਹੀਂ ?

4. **ਉ:**—ਹੇ ਪਿਆਰੇ ! (ਧਨ ਤਾਂ ਕਿਤੇ ਰਿਹਾ) ਇਸ ਸਰੀਰ ਦਾ ਭੀ ਕੋਈ ਵਿਸਾਹ ਨਹੀਂ, ਇਸ ਨੂੰ ਰਤਾ ਕੁ ਜਿਤਨੀ ਠੋਕਰ ਲਗੇ (ਤਾਂ ਢਹਿ ਢੇਰੀ ਹੋ ਜਾਂਦਾ ਹੈ) ।੧।

ਪ੍ਰ:—ਕਬੀਰ ਜੀਓ ! ਦਸੋ ਆਖਰ ਅਸੀਂ ਮੰਗ ਕੀ ਮੰਗੀਏ ?

5. **ਉ:**—ਹੇ ਸੰਤ ਜਨੋਂ ! (ਜਦ ਮੰਗੋ) ਗੁਰਮੁਖਾਂ (ਦੇ ਚਰਨਾਂ) ਦੀ ਧੂੜ ਹੀ ਮੰਗੋ (ਇਸੇ ਵਿਚੋਂ) ਸਾਰੇ ਧਰਮਾਂ ਤੇ ਪੁੰਨਾਂ ਦੇ ਫਲ ਮਿਲਣਗੇ ।

6. ਕਬੀਰ ਜੀ ਆਖਦਾ ਹੈ—ਹੇ ਸੰਤ ਜਨੋਂ ! ਸੁਣੋ, ਇਹ ਮਨ ਇਉਂ ਹੈ ਜਿਵੇਂ ਜੰਗਲ ਦਾ ਕੋਈ ਉਡਾਰੂ ਪੰਛੀ (ਹੋਇਆ ਕਰਦਾ ਹੈ) (ਇਸ ਲਈ ਇਸ ਨੂੰ ਟਿਕਾਣ ਲਈ ਗੁਰਮੁਖਾਂ ਦੀ ਸੰਗਤ ਵਿਚ ਲਿਆਓ ।੧।੨।੯।

ਭਾਵਾਰਥ :—ਦੁਨੀਆਂ ਦੇ ਸਾਥੀਆਂ ਦਾ ਸਾਥ ਨਹੀਂ ਨਿਭਦਾ । ਸਰੀਰ ਭੀ ਇਥੇ ਹੀ ਰਹਿ ਜਾਂਦਾ ਹੈ, ਉਡਦੇ ਮਨ ਨੂੰ ਸਦੀਵੀ ਸਹਾਰਾ ਨਹੀਂ ਦੇ ਸਕਦੇ । ਇਸ ਮਨ ਨੂੰ ਹਰੀ ਹੀ ਪੂਰੀ ਤਸੱਲੀ ਦੇ ਸਕਦਾ ਹੈ ਉਸੇ ਨੂੰ ਸਾਧ ਸੰਗਤ ਦੀ ਚਰਨ-ਧੂੜ ਵਿਚੋਂ ਲਭੋ । ਸਾਧ ਸੰਗ ਵਿਚ ਮਿਲ ਕੇ ਪ੍ਰਭੂ ਦਾ ਭਜਨ ਕਰੋ, ਇਕ ਇਹੋ ਹੀ ਸਦਾ ਸਹਾਇਤਾ ਕਰਨ ਵਾਲਾ ਹੈ ।

(ਰਾਗੁ ਸਾਰਗ ਸਮਾਪਤ)